ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

# ਸ੍ਰੀ ਗੁਰਪ੍ਰਤਾਪ

# ਸੂਰਜ ਗ੍ਰੰਥ

## ਸਟੀਕ

ਭਾਗ ਛੇਵਾਂ

ਡਾ. ਅਜੀਤ ਸਿੰਘ ਔਲਖ

੧ੴ ਸਤਿਗੁਰ ਪ੍ਰਸਾਦਿ ॥

ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

## ਸਟੀਕ

ਜਿਲਦ ਛੇਵੀਂ

(ਗੁਰ-ਇਤਿਹਾਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ)
ਭਾਗ ਦੂਜਾ

ਡਾ: ਅਜੀਤ ਸਿੰਘ ਔਲਖ

ਪ੍ਰਕਾਸ਼ਕ
ਭਾ. ਚਤਰ ਸਿੰਘ ਜੀਵਨ ਸਿੰਘ
ਅੰਮ੍ਰਿਤਸਰ

© ਪ੍ਰਕਾਸ਼ਕ

Sri Gur Partap Suraj Granth (Vol. 6th)

Life of Sri Guru Hargobind Sahib Ji (Part 2nd.)

Translated by Dr. Ajit Singh Aulakh.

ISBN 81-7601-691-8

ਪਹਿਲੀ ਐਡੀਸ਼ਨ ਜੂਨ 2005

ਬਾਬਤ ਨਾਨਕਸ਼ਾਹੀ ਸੰਮਤ 537, (16 ਜੂਨ 2 ਹਾੜ, ਸ਼ਹੀਦੀ ਜੋੜ ਮੇਲਾ ਸ੍ਰੀ ਗੁਰੂ ਅਰਜਨ ਦੇਵ ਜੀ)

ਭੇਟਾ : 600-00

ਪ੍ਰਕਾਸ਼ਕ

ਭਾ. ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)

ਫ਼ੋਨ / ਫ਼ੈਕਸ : 91-183-2542346, 2547974, 2557973

E.mail : csjs@vsnl.com, csjsexports@vsnl.com

Website : www.csjs.com

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫ਼ੋਨ : 2705003, 5095774

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਜਿਲਦ ਛੇਵੀਂ

## ਤਤਕਰਾ

### ਸ੍ਰੀ ਗੁਰ-ਇਤਿਹਾਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ (ਭਾਗ ਦੂਜਾ)


| ਪ੍ਰਸੰਗ | ਅਧਿਆਇ | ਪੰਨਾ |
|---|---|---|
| **ਛੇਵੀਂ ਰਾਸ** | | |
| ਜੱਟੂ, ਮੁਹੰਮਦ ਖਾਨ ਦੀ ਹੱਤਿਆ | ੩੨ | ੧੧ |
| ਵੈਰਮਖਾਨ, ਮਥੁਰਾ ਬੱਧ | ੩੩ | ੧੮ |
| ਬਲਵੰਡ ਖਾਂ ਅਤੇ ਕਲਿਆਣੇ ਦੀ ਹੱਤਿਆ | ੩੪ | ੨੫ |
| ਅਲੀ ਬਖਸ਼, ਨਾਨੋ ਤੇ ਇਮਾਮ ਬਖਸ਼ ਕਤਲ | ੩੫ | ੩੧ |
| ਕਰਮ ਚੰਦ ਫੜਕੇ ਛੱਡਿਆ | ੩੬ | ੩੯ |
| ਨਬੀਬਖਸ਼, ਪਰਸਰਾਮ ਤੇ ਸ਼ਕਰੂ ਦੀ ਹੱਤਿਆ | ੩੭ | ੪੯ |
| ਕਰੀਮ ਬਖਸ਼ ਹੱਲੇ ਲਈ ਤਿਆਰ ਹੋਇਆ | ੩੮ | ੫੫ |
| ਕਰੀਮ ਬਖਸ਼ ਦੀ ਹੱਤਿਆ | ੩੯ | ੬੧ |
| ਅਬਦੁਲਖਾਂ ਦੀ ਚੜ੍ਹਾਈ | ੪੦ | ੬੮ |
| ਅਬਦੁਲਖਾਂ ਵੱਲੋਂ ਹੱਲਾ | ੪੧ | ੭੪ |
| ਸੂਬੇ ਤੇ ਖੱਤ੍ਰੀਆਂ ਦਾ ਗੁਰੂ ਜੀ ਨੂੰ ਵੰਗਾਰਨਾ | ੪੨ | ੮੦ |
| ਅਬਦੁਲਖਾਂ ਆਦਿ ਮਾਰੇ ਗਏ। ਜੰਗ ਫ਼ਤਹਿ | ੪੩ | ੮੬ |
| ਲੋਥਾਂ ਦੀ ਸੰਭਾਲ | ੪੪ | ੯੨ |
| ਭਾਈ ਸੁਭਾਗਾ ਪੰਜ ਘੋੜੇ ਭੇਟ ਲਿਆਇਆ | ੪੫ | ੯੮ |
| ਸੁਧ ਜਪੁਜੀ ਪਾਠ | ੪੬ | ੧੦੫ |
| ਨਗਰ ਦਾ ਨਾਮ 'ਸ੍ਰੀ ਹਰਿ ਗੋਬਿੰਦ ਪੁਰ' ਧਰਿਆ | ੪੭ | ੧੧੧ |
| ਖ੍ਵਾਜਾ ਤੇ ਜਾਨੀ ਸੱਯਦ, ਨੰਦ ਲਾਲ 'ਸੋਹਣਾ' | ੪੮ | ੧੧੮ |
| ਬਾਬਾ ਬੁੱਢਾ ਜੀ ਤੋਂ ਆਦਿ ਸਤਿਗੁਰਾਂ ਦੀ ਮਹਿਮਾ ਸੁਣੀ | ੪੯ | ੧੨੬ |
| ਕਾਸ਼ੀ ਸੰਗਤ, ਬਾਜ਼ ਬਟੇਰ | ੫੦ | ੧੩੨ |
| ਭਾਈ ਗੜ੍ਹੀਆ, ਮੀਆਂ ਦੌਲਾ | ੫੧ | ੧੩੮ |
| ਪੰਡਿਤ ਨਿਤਾਨੰਦ ਦੀ ਕਥਾ | ੫੨ | ੧੪੫ |
| ਬਾਬਾ ਬੁੱਢਾ ਜੀ ਪ੍ਰਲੋਕ ਗਮਨ | ੫੩ | ੧੫੧ |
| ਮਾਈ ਦੇਸਾਂ ਜੱਟੀ ਨੂੰ ਸੱਤ ਪੁੱਤ ਬਖਸ਼ੇ | ੫੪ | ੧੫੮ |

| ਪ੍ਰਸੰਗ | ਅਧਿਆਇ | ਪੰਨਾ |
|---|---|---|
| ਗਊ ਦੇ ਅਲੰਕਾਰ ਵਿਚ ਧਰਤੀ | ੫੫ | ੧੬੫ |
| ਸ੍ਰੀ ਅੰਮ੍ਰਿਤਸਰ ਆਉਣਾ | ੫੬ | ੧੭੧ |
| ਧੀਰਮਲ ਜਨਮ, ਬਾਬਾ ਅਟੱਲ ਰਾਇ ਖੇਡ | ੫੭ | ੧੭੭ |
| ਸ੍ਰੀ ਅਟੱਲ ਰਾਇ ਜੀ ਨੇ ਮੋਹਨ ਜਿਵਾਇਆ | ੫੮ | ੧੮੩ |
| ਸ਼ੋਕ ਨਵਿਰਤੀ | ੫੯ | ੧੯੦ |


## ਸੱਤਵੀਂ ਰਾਸ


| | | |
|---|---|---|
| ਮੰਗਲਾਚਰਣ, ਸੂਰਜ ਮੱਲ ਦੀ ਸਗਾਈ | ੧ | ੧੯੭ |
| ਭਾਈ ਗੁਰਦਾਸ ਨੇ ਘੋੜੇ ਖ਼੍ਰੀਦਣੇ | ੨ | ੨੦੪ |
| ਭਾਈ ਗੁਰਦਾਸ ਜੀ ਕਾਂਸ਼ੀ ਵਿਚ | ੩ | ੨੧੧ |
| ਕਾਂਸ਼ੀ ਵਿਚ ਪੰਡਤਾਂ ਨਾਲ ਚਰਚਾ | ੪ | ੨੧੯ |
| ਭਾਈ ਗੁਰਦਾਸ ਕਾਂਸ਼ੀ ਤੋਂ ਅੰਮ੍ਰਿਤਸਰ ਆਏ | ੫ | ੨੩੧ |
| ਸ੍ਰੀ ਸੂਰਜ ਮੱਲ ਜੀ ਦਾ ਵਿਆਹ | ੬ | ੨੩੮ |
| ਸ੍ਰੀ ਤੇਗ ਬਹਾਦਰ ਜੀ ਦੀ ਸਗਾਈ | ੭ | ੨੪੪ |
| ਵਾਪਸ ਆਏ, ਸੂਬਾ ਜਲੰਧਰ ਦੀ ਜਾਇਦਾਦ ਜਬਤ | ੮ | ੨੫੧ |
| ਸਿਰੀ ਚੰਦ ਜੀ ਦਰਸ਼ਨ, ਬੁੱਢਣਸ਼ਾਹ | ੯ | ੨੫੮ |
| ਵਡਾਲੀ ਵਿਖੇ ਇਕ ਸੂਰ ਦਾ ਉਧਾਰ | ੧੦ | ੨੬੬ |
| ਬਾਸਰਕੇ ਤੇ ਬੀੜ ਦਰਸ਼ਨ | ੧੧ | ੨੭੩ |
| ਸ੍ਰੀ ਤਰਨ ਤਾਰਨ ਸਾਹਿਬ ਦਰਸ਼ਨ | ੧੨ | ੨੭੯ |
| ਚੋਲ੍ਹਾ ਸਾਹਿਬ ਦਰਸ਼ਨ | ੧੩ | ੨੮੫ |
| ਭਾਈ ਹੇਮਾ ਜੀ, ਭਾਈ ਗੁਰਦਾਸ ਜੀ ਪ੍ਰਲੋਕ ਗਮਨ | ੧੪ | ੨੯੨ |
| ਮ੍ਰਿਤਕ ਗੁਰਮਰਯਾਦਾ, ਭਾਈ ਜੱਲ੍ਹਣ | ੧੫ | ੨੯੯ |
| ਸ੍ਰੀ ਹਰਿਰਾਇ ਜਨਮ, ਮਾਲਵੇ ਵਲ ਜਾਣਾ | ੧੬ | ੩੦੫ |
| ਡਰੋਲੀ ਸਾਈਂ ਦਾਸ ਦੇ ਘਰ | ੧੭ | ੩੧੨ |
| ਵੱਡੇ ਘਰ, ਭਾਈ ਸਾਦਾ ਸਾਧੂ | ੧੮ | ੩੧੮ |
| ਭਾਈ ਸਾਧੂ ਤੇ ਭਾਈ ਰੂਪਾ | ੧੯ | ੩੨੬ |
| ਭਾਈ ਸਾਧੂ ਤੇ ਭਾਈ ਰੂਪਾ | ੨੦ | ੩੩੩ |
| ਮਾਤਾ ਦਮੋਦਰੀ ਜੀ ਪਰਲੋਕ ਗਮਨ | ੨੧ | ੩੩੯ |
| ਰਾਮੋ, ਸਾਈਂਦਾਸ ਆਦਿ ਪਰਲੋਕ ਗਮਨ | ੨੨ | ੩੪੬ |

| ਪ੍ਰਸੰਗ | ਅਧਿਆਇ | ਪੰਨਾ |
|---|---|---|
| ਡਰੋਲੀਓਂ ਭਾਈ ਰੂਪੇ ਪੁੱਜੇ | ੨੩ | ੩੫੩ |
| ਰਾਇ ਜੋਧ | ੨੪ | ੩੫੮ |
| ਮਸੰਦ ਬਖਤ ਮਲ, ਤਾਰਾ ਚੰਦ | ੨੫ | ੩੬੪ |
| ਦਰਿਆਈ ਘੋੜੇ | ੨੬ | ੩੭੦ |
| ਭਾਈ ਬਿਧੀ ਚੰਦ ਘਾਹੀ ਦੇ ਰੂਪ ਵਿਚ | ੨੭ | ੩੭੭ |
| ਕਸੇਰੇ ਨੂੰ ਸ਼ਾਹ ਜਹਾਨ ਵਲੋਂ ਇਨਾਮ | ੨੮ | ੩੮੩ |
| ਕਸੇਰੇ ਨੇ ਹੋਰ ਭੇਤ ਲੈਣੇ | ੨੯ | ੩੮੯ |
| ਸਾਥੀਆਂ ਨੂੰ ਦਾਅਵਤ | ੩੦ | ੩੯੬ |
| ਪਹਿਲਾ ਘੋੜਾ ਦਿਲਬਾਗ | ੩੧ | ੪੦੨ |
| ਘੋੜਾ ਦਿਲਬਾਗ | ੩੨ | ੪੦੯ |
| ਦੂਸਰਾ ਘੋੜਾ ਗੁਲਬਾਗ | ੩੩ | ੪੧੬ |
| ਭਾਈ ਬਿਧੀਚੰਦ ਰਮਲੀ ਦੇ ਭੇਸ | ੩੪ | ੪੨੨ |
| ਭਾਈ ਬਿਧੀ ਚੰਦ ਦੀ ਦਰਬਾਰ ਵਿਚ ਪਹੁੰਚ | ੩੫ | ੪੨੮ |
| ਦੂਸਰਾ ਘੋੜਾ ਲੈ ਕੇ ਜਾਣਾ | ੩੬ | ੪੩੪ |
| ਗੁਰੂ ਜੀ ਦੇ ਹਜ਼ੂਰ | ੩੭ | ੪੪੨ |
| ਯੁੱਧ ਦੀਆਂ ਤਿਆਰੀਆਂ | ੩੮ | ੪੫੦ |
| ਕਾਂਗੜ ਪਿੰਡ ਤੋਂ ਕੂਚ | ੩੯ | ੪੫੬ |
| ਬਾਦਸ਼ਾਹ ਵਲੋਂ ਜੰਗ ਦੀਆਂ ਤਿਆਰੀਆਂ | ੪੦ | ੪੬੩ |
| ਲਲਾਬੇਗ ਦੀ ਚੜ੍ਹਾਈ | ੪੧ | ੪੬੯ |
| ਸ਼ਾਹੀ ਫੌਜ ਮਾਲਵੇ ਪੁੱਜੀ | ੪੨ | ੪੭੬ |
| ਹਸਨ ਖਾਂ ਦੂਤ | ੪੩ | ੪੮੨ |
| ਜੰਗ ਸ਼ੁਰੂ | ੪੪ | ੪੮੮ |
| ਯੁੱਧ-ਵਰਣਨ | ੪੫ | ੪੯੬ |
| ਯੁੱਧ ਜਾਰੀ | ੪੬ | ੫੦੪ |
| ਦਿਨ ਚੜ੍ਹੇ ਦਾ ਯੁੱਧ | ੪੭ | ੫੧੧ |
| ਦਿਨ ਦਾ ਯੁੱਧ ਜਾਰੀ | ੪੮ | ੫੧੮ |
| ਕਾਬਲ ਬੇਗ ਬੱਧ | ੪੯ | ੫੨੫ |
| ਕੰਬਰ ਬੇਗ ਬੱਧ | ੫੦ | ੫੩੩ |
| ਕਾਸਮ ਬੇਗ ਬੱਧ | ੫੧ | ੫੩੯ |

| ਪ੍ਰਸੰਗ | ਅਧਿਆਇ | ਪੰਨਾ |
|---|---|---|
| ਭਾਈ ਜੇਠਾ, ਸ਼ਮਸ ਬੇਗ ਬੱਧ | ੫੨ | ੫੪੪ |
| ਲਲਾ ਬੇਗ ਬੱਧ | ੫੩ | ੫੫੦ |
| ਸਤਿਗੁਰੂ ਜੀ ਦੀ ਵਿਜੈ | ੫੪ | ੫੫੭ |
| ਹਸਨ ਖਾਂ ਕਾਬਲ ਦਾ ਸੂਬਾ ਬਣਿਆ | ੫੫ | ੫੬੫ |
| ਨਿਸ਼ਾਣੇ ਵਾਲਾ ਕਾਲੂ ਨਾਥ | ੫੬ | ੫੭੨ |
| ਕਾਂਗੜ ਪੁਰ ਪ੍ਰਵੇਸ਼ | ੫੭ | ੫੮੧ |
| ਕਾਂਗੜ ਪੁਰ ਡੇਰਾ | ੫੮ | ੫੮੯ |
| ਫਰੂਹੀ ਕਿਸਾਨ | ੫੯ | ੫੯੬ |
| ਸ੍ਰੀ ਕਰਤਾਰ ਪੁਰ ਆਏ | ੬੦ | ੬੦੩ |
| ਕਰਤਾਰ ਪੁਰ ਦਰਬਾਰ | ੬੧ | ੬੧੧ |


## ਅੱਠਵੀਂ ਰਾਸ


| | | |
|---|---|---|
| ਮੰਗਲਾਚਰਨ, ਬਿਧੀ ਚੰਦ ਦੀ ਆਦਿ ਕਥਾ | ੧ | ੬੧੯ |
| ਬਿਧੀ ਚੰਦ ਦੀ ਕਥਾ ਉਸਦੇ ਆਪਣੀ ਜ਼ੁਬਾਨੀ | ੨ | ੬੨੭ |
| ਬਿਧੀ ਚੰਦ ਬੇਗਮਾਂ ਦੇ ਗਹਿਣੇ ਲਿਆਇਆ | ੩ | ੬੩੫ |
| ਬਿਧੀਚੰਦ ਤੇ ਬਾਲੂ ਹਸਨਾ | ੪ | ੬੪੨ |
| ਸ੍ਰੀ ਤੇਗ ਬਹਾਦਰ ਜੀ ਦੇ ਵਿਆਹ ਦੀ ਤਿਆਰੀ | ੫ | ੬੪੮ |
| ਸ੍ਰੀ ਤੇਗ ਬਹਾਦਰ ਵਿਆਹ | ੬ | ੬੫੬ |
| ਸਿੱਖਾਂ ਦੇ ਉਪਹਾਰ | ੭ | ੬੬੨ |
| ਪੈਂਦੇ ਨੂੰ ਬਖਸ਼ਿਸ਼ਾਂ | ੮ | ੬੬੯ |
| ਪੈਂਦੇ ਖਾਂ ਦੇ ਜਵਾਈ ਨੇ ਬਾਜ ਫੜਨਾ | ੯ | ੬੭੫ |
| ਪੈਂਦਾ ਗੁਰੂ ਜੀ ਦੇ ਹਜ਼ੂਰ | ੧੦ | ੬੮੩ |
| ਪੈਂਦੇ ਖਾਨ ਦੀ ਬੇਮੁਖਤਾ | ੧੧ | ੬੯੧ |
| ਕੁਤਬ ਖਾਂ ਨਾਲ ਸਲਾਹ | ੧੨ | ੬੯੮ |
| ਫਰਿਆਦ ਪੁਚਾਈ | ੧੩ | ੭੦੭ |
| ਕਾਲੇ ਖਾਂ ਨੇ ਬੀੜਾ ਚੁੱਕਿਆ | ੧੪ | ੭੧੩ |
| ਲਸ਼ਕਰ ਦੀ ਚੜ੍ਹਾਈ | ੧੫ | ੭੧੯ |
| ਗੁਰੂ ਹਰਿਗੋਬਿੰਦ ਜੀ ਮਹਿਮਾ | ੧੬ | ੭੨੫ |
| ਖੋਜਾ ਅਨਵਰ ਦੂਤ | ੧੭ | ੭੩੩ |

| ਪ੍ਰਸੰਗ | ਅਧਿਆਇ | ਪੰਨਾ |
|---|---|---|
| ਖੋਜੇ ਅਨਵਰ ਨੂੰ ਮਾਰ ਪਈ | ੧੮ | ੭੩੯ |
| ਲਸ਼ਕਰ ਚੜ੍ਹ ਆਇਆ | ੧੯ | ੭੪੫ |
| ਜੰਗ ਦਾ ਆਰੰਭ | ੨੦ | ੭੫੧ |
| ਰਾਤ ਦਾ ਜੰਗ | ੨੧ | ੭੫੬ |
| ਦਿਨ ਦਾ ਜੰਗ | ੨੨ | ੭੬੨ |
| ਖੋਜਾ ਅਨਵਰ ਬੱਧ | ੨੩ | ੭੬੮ |
| ਜੰਗ ਜਾਰੀ | ੨੪ | ੭੭੪ |
| ਜੰਗ-ਜਾਰੀ | ੨੫ | ੭੮੦ |
| ਭਾਈ ਲੱਖੂ ਬੱਧ | ੨੬ | ੭੮੫ |
| ਪੈਂਦਖਾਨ ਦਾ ਅੰਤ ਤੇ ਉਧਾਰ | ੨੭ | ੭੯੧ |
| ਅਸਮਾਨ ਖਾਨ ਬੱਧ | ੨੮ | ੭੯੮ |
| ਮਿਹਰਾ ਤੇ ਕੁਤਬ ਖਾਂ ਬੱਧ | ੨੯ | ੮੦੪ |
| ਕਾਲੇ ਖਾਂ ਨਾਲ ਜੰਗ | ੩੦ | ੮੧੦ |
| ਕਾਲੇ ਖਾਂ ਬੱਧ | ੩੧ | ੮੧੭ |
| ਵਿਜੈ, ਕੀਰਤ ਪੁਰ ਵੱਲ ਤਿਆਰੀ | ੩੨ | ੮੨੩ |
| ਕੀਰਤ ਪੁਰ ਪਹੁੰਚੇ, ਬੁੱਢਣ ਸ਼ਾਹ | ੩੩ | ੮੨੯ |
| ਬਾਦਸ਼ਾਹ ਨੂੰ ਹਾਰ ਦੀ ਖ਼ਬਰ | ੩੪ | ੮੩੫ |
| ਦੇਉ ਨਗਰ, ਸੁੰਦਰ ਸ਼ਾਹ ਪਾਸ ਬਿਧੀਚੰਦ | ੩੫ | ੮੪੧ |
| ਸ੍ਰੀ ਗੁਰਦਿੱਤਾ ਜੀ ਨੇ ਮੋਈ ਗਊ ਜਿਵਾਈ | ੩੬ | ੮੪੮ |
| ਸ੍ਰੀ ਬਾਬਾ ਗੁਰਦਿੱਤਾ ਜੀ ਦਾ ਸਮਾਉਣਾ | ੩੭ | ੮੫੩ |
| ਬਾਬਾ ਗੁਰਦਿੱਤਾ ਜੀ ਪ੍ਰਲੋਕ ਗਮਨ | ੩੮ | ੮੫੯ |
| ਧੀਰ ਮੱਲ ਕਠੋਰਤਾ | ੩੯ | ੮੬੪ |
| ਰਾਇ ਜੋਧ ਆਦਿ ਸਿੱਖਾਂ ਦਾ ਆਉਣਾ | ੪੦ | ੮੭੦ |
| ਸ੍ਰੀ ਹਰਿਰਾਇ ਜੀ ਦੀ ਦਸਤਾਰ ਬੰਦੀ | ੪੧ | ੮੭੬ |
| ਕੀਰਤ ਪੁਰ ਦੀਵਾਲੀ ਦਾ ਮੇਲਾ | ੪੨ | ੮੮੧ |
| ਸ੍ਰੀ ਤੇਗ ਬਹਾਦਰ ਜੀ ਦੀ ਗੰਭੀਰਤਾ | ੪੩ | ੮੮੬ |
| ਬਿਧੀ ਚੰਦ, ਸੁੰਦਰਸ਼ਾਹ ਪ੍ਰਲੋਕ | ੪੪ | ੮੯੧ |
| ਸ੍ਰੀ ਹਰਿਰਾਇ ਜੀ ਦੇ ਜਾਮੇ ਨਾਲ ਛੁੱਲ ਟੁੱਟਾ | ੪੫ | ੮੯੭ |

| ਪ੍ਰਸੰਗ | ਅਧਿਆਇ | ਪੰਨਾ |
|---|---|---|
| ਮਾਤਾ ਨਾਨਕੀ ਜੀ ਤੇ ਮਾਤਾ ਮਰਵਾਹੀ ਜੀ | ੪੬ | ੯੦੩ |
| ਸ੍ਰੀ ਆਨੰਦ ਜੀ ਦੇ ਦਰਸ਼ਨ | ੪੭ | ੯੦੮ |
| ਬਾਬਕ ਰਬਾਬੀ ਪ੍ਰਲੋਕ ਗਮਨ | ੪੮ | ੯੧੫ |
| ਜਾਤੀ ਮਲਕ ਪ੍ਰਤਿ ਉਪਦੇਸ਼ | ੪੯ | ੯੨੦ |
| ਸਿੱਖ ਸੰਗਤ ਆਈ | ੫੦ | ੯੨੬ |
| ਧੀਰਮੱਲ ਦਾ ਅਭਿਮਾਨ | ੫੧ | ੯੩੨ |
| ਹੋਲੀ ਖੇਡਣਾ | ੫੨ | ੯੩੮ |
| ਸ੍ਰੀ ਹਰਿਰਾਇ ਜੀ ਨੂੰ ਗੁਰਿਆਈ | ੫੩ | ੯੪੩ |
| ਸ੍ਰੀ ਸੂਰਜ ਮਲ ਤੇ ਮਾਤਾ ਮਰਵਾਹੀ ਜੀ | ੫੪ | ੯੪੮ |
| ਮਾਤਾ ਨਾਨਕੀ ਜੀ ਦੀ ਬੇਨਤੀ | ੫੫ | ੯੫੪ |
| ਸ੍ਰੀ ਹਰਿਰਾਇ ਜੀ ਨੂੰ ਵਰ | ੫੬ | ੯੬੦ |
| ਸ੍ਰੀ ਗੁਰ ਹਰਿਗੋਵਿੰਦ ਸੱਚ ਖੰਡ ਗਮਨ | ੫੭ | ੯੬੭ |
| ਸੱਚ ਖੰਡ ਪ੍ਰਵੇਸ਼ | ੫੮ | ੯੭੩ |
| ਸਤਿਗੁਰੂ ਜੀ ਦੇ ਸਰੀਰ ਦਾ ਸਸਕਾਰ | ੫੯ | ੯੭੮ |


*ਸ੍ਰੀ ਗੁਰ-ਇਤਿਹਾਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ (ਭਾਗ ਦੂਜਾ) ਸਮਾਪਤ ਹੋਇਆ॥*

***ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀ ਜਿਲਦ ਛੇਵੀਂ ਸਮਾਪਤ ਹੋਈ॥***

○○○

ੴ ਸਤਿਗੁਰ ਪ੍ਰਸਾਦਿ॥

# ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਜਿਲਦ ਛੇਵੀਂ

ਸ੍ਰੀ ਗੁਰ-ਇਤਿਹਾਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

(ਭਾਗ ਦੂਜਾ)

ਛੇਵੀਂ ਰਾਸ

## ਅਧਿਆਇ ਬੱਤੀਵਾਂ

ਜੱਟੂ, ਮੁਹੰਮਦ ਖਾਨ ਦੀ ਹੱਤਿਆ

ਦੋਹਰਾ-ਸ੍ਰੀ ਗੁਰ ਹਰਿਗੋਵਿੰਦ ਜੀ ਮਹਾਂ ਧੀਰ ਬਲਬੀਰ।
ਭਏ ਅਰੂਢਨਿ ਤੁਰੰਗ ਪਰ ਲਸ਼ਕਰ ਪਿਖਯੋ ਅਭੀਰ॥ ੧॥

ਸ੍ਰੀ ਗੁਰੂ ਹਰਿਗੋਬਿੰਦ ਜੀ ਮਹਾਨ ਧੀਰਜਵਾਨ ਸੂਰਬੀਰ ਹਨ, ਘੋੜੇ ਉਤੇ ਚੜ੍ਹ ਗਏ ਤੇ ਆਪਣੇ ਸਾਰੇ ਦਲੇਰ ਯੋਧਿਆਂ ਨੂੰ ਵੇਖਿਆ॥੧॥

ਚੌਪਈ- ਟੋਲ ਅਸ਼ਟ ਜਿਨ ਬੰਧਨ ਕਰੇ। ਕੁਛ ਬਾਵੈਂ ਕੁਛ ਦਾਏਂ ਧਰੇ।
ਆਗੈ ਅਰੁ ਪਾਛੈ ਨਿਜ ਕੀਨਿ। ਆਪ ਬੀਚ ਆਵਤਿ ਬਲ ਪੀਨ॥੨॥

ਜਿਹੜੇ ਅੱਠ ਟੋਲੇ ਬਣਾਏ ਸਨ, ਉਨ੍ਹਾਂ ਵਿਚੋਂ ਕੁਝ ਨੂੰ ਖੱਬੇ ਤੇ ਕੁਝ ਨੂੰ ਸੱਜੇ ਕਰ ਲਿਆ। ਕੁਝ ਅੱਗੇ ਤੇ ਕੁਝ ਪਿੱਛੇ ਕਰ ਲਏ। ਬਲਵਾਨ ਗੁਰੂ ਜੀ ਆਪ ਵਿਚਕਾਰ ਹੋ ਗਏ॥੨॥

ਤਿਮ ਟੋਲਨਿ ਕੇ ਆਗੇ ਟੋਲਿ। ਕਰੇ ਆਪਨੇ ਸਤਿਗੁਰੁ ਬੋਲਿ।
'ਡੇਰਾ ਤਜੀਅਹਿ ਕਰਹੁ ਪਿਛਾਰੀ। ਸ਼ਲਖ ਪ੍ਰਹਾਰਹੁ ਹੋਹੁ ਅਗਾਰੀ॥੩॥

ਇਸ ਤਰ੍ਹਾਂ ਟੋਲਿਆਂ ਨੂੰ ਬਣਾਕੇ ਤੇ ਅੱਗੇ ਕਰਕੇ ਸਤਿਗੁਰੂ ਜੀ ਨੇ ਆਪਣੇ ਬਚਨ ਕਹੇ, "ਡੇਰਾ ਛੱਡੋ ਤੇ ਹੁਣ ਮੇਰੇ ਪਿੱਛੇ ਆਵੋ ਤੇ ਅੱਗੇ ਹੋ ਕੇ ਸਾਰੀਆਂ ਬੰਦੂਕਾਂ ਇਕੋ ਵਾਰ ਚਲਾ ਕੇ ਗੋਲੀਆਂ ਦੀ ਇਕੱਠੀ ਵਾਛੜ ਛੱਡੋ"॥੩॥

ਨਿਜ ਨਿਜ ਟੋਲਿ ਬਿਖੈ ਥਿਰਿ ਰਹੀਯਹਿ। ਵਧਿ ਬਹੁ ਆਗੈ ਹਤਨਿ ਨ ਕਹੀਯਹਿ'।
ਸੈਨਾਂਪਤਿ ਸਭਿ ਕੋ ਸਮੁਝਾਏ। ਆਗੈ ਚਲੇ ਸੂਰ ਉਮਡਾਏ॥ ੪॥

ਆਪਣੇ-ਆਪਣੇ ਟੋਲੇ ਵਿਚ ਸਥਿਰ ਰਹੋ, ਬਹੁਤ ਅੱਗੇ ਵੱਧ ਕੇ ਮਾਰਨ ਨਾ ਜਾਵੋ।" ਸਾਰੇ ਸੈਨਾਪਤੀਆਂ ਨੂੰ ਸਮਝਾਇਆ ਤੇ ਸਾਰੇ ਸੂਰਮੇ ਉਮੱਡ ਕੇ ਅੱਗੇ ਚਲ ਪਏ॥੪॥

ਸ੍ਰੀ ਗੁਰੁ ਸਭਿ ਕੇ ਬੀਚਿ ਬਿਰਾਜੈਂ। ਮਨਹੁ ਸੁਰਨਿ ਮਹਿਂ ਸੁਰਪਤਿ ਛਾਜੈ।
ਕੈ ਜਾਦਵ ਮਹਿਂ ਹਰਿਗੋਵਿੰਦ। ਤਿਮ ਸਿੱਖਨਿ ਮਹਿਂ ਹਰਿ ਗੋਵਿੰਦ॥ ੫॥

ਗੁਰੂ ਜੀ ਸਾਰਿਆਂ ਦੇ ਵਿਚ ਬਿਰਾਜ ਰਹੇ ਸਨ, ਮਾਨੋਂ ਦੇਵਤਿਆਂ ਵਿਚ ਇੰਦਰ ਜੀ ਸੱਜ ਰਹੇ ਸਨ। ਜਾਂ ਯਾਦਵਾਂ ਵਿਚ ਸ੍ਰੀ ਕ੍ਰਿਸ਼ਨ ਸ਼ੋਭ ਰਹੇ ਸਨ, ਉਸ ਤਰ੍ਹਾਂ ਗੁਰੂ ਹਰਿਗੋਬਿੰਦ ਜੀ ਸਿੱਖਾਂ ਵਿਚ ਸੁਹਾ ਰਹੇ ਸਨ॥੫॥

ਧਨੁਖ ਕਠੋਰ ਹਾਥ ਮਹਿਂ ਧਾਰਾ। ਕੋ ਨਹਿਂ ਐਂਚ ਸਕਹਿ ਬਲਿ ਭਾਰਾ।
ਤੀਛਨ ਭੀਛਨ ਈਛਨ ਦੇਖਿ। ਖਪਰੇ ਤਰਕਸ਼ ਭਰਜੇ ਅਸ਼ੇਖ॥ ੬॥

ਭਾਰੀ ਅਤੇ ਸਖਤ ਧਨੁੱਖ ਨੂੰ ਉਨ੍ਹਾਂ ਹੱਥ ਵਿਚ ਧਾਰਨ ਕੀਤਾ ਸੀ ਕੋਈ ਵੀ ਉਸਨੂੰ ਭਾਰੀ ਬਲ ਨਾਲ ਖਿੱਚ ਨਹੀਂ ਸੀ ਸਕਦਾ, ਤਿੱਖੇ ਤੇ ਭਿਆਨਕ ਖਪਰੇ ਤੀਰ ਅੱਖਾਂ ਨਾਲ ਵੇਖ-ਵੇਖ ਕੇ ਸਾਰਾ ਭੱਥਾ ਭਰ ਲਿਆ॥੬॥

ਅਪਰ ਨਿਖੰਗ ਸੰਗ ਉਚਵਾਏ। ਜਬਿ ਚਹੀਅਹਿ ਲੇਂ ਤੁਰਤ ਚਲਾਏ।
ਸ੍ਰੀ ਕਰਤਾਰਪੁਰੈ ਕਰਿਵਾਏ। ਸਿੱਖਜਾ ਕੋ ਦੈ ਦੈ ਘਰਿਵਾਏ॥ ੭॥

ਹੋਰ ਭੱਥੇ ਵੀ ਨਾਲ ਚੁਕਵਾ ਲਏ, ਜਦ ਚਾਹੀਦੇ ਹੋਣਗੇ ਤੁਰਤ ਲੈ ਕੇ ਚਲਾ ਲੈਣਗੇ। ਸ੍ਰੀ ਕਰਤਾਰਪੁਰ ਵਿਖੇ ਉਹ ਤਿਆਰ ਕਰਵਾਏ ਸਨ ਤੇ ਸਿਖਿਆ ਦੇ-ਦੇ ਕੇ ਘੜਵਾਏ ਸਨ॥੭॥

ਸਿਪਰ ਬਿਸਾਲ ਧਰੀ ਭੁਜਮੂਲ। ਸਵਾ ਪਾਂਚ ਸਿਰ ਕੇ ਜਿਸ ਫੂਲ।
ਖੜਗ ਖੇਤ ਕਰ ਬਾਮੇ ਧਰਨੀ। ਪਦ ਸੋਂ ਫਾਂਦਨਿ ਰਿਪੁ ਤੇ ਜਰਨੀ॥ ੮॥

ਮੋਢੇ ਉੱਤੇ ਵਿਸ਼ਾਲ ਢਾਲ ਧਰੀ ਸੀ, ਜਿਸ ਦਾ ਫੂਲ ਹੀ ਸਵਾ ਪੰਜ ਸੇਰ ਦਾ ਸੀ। ਤਲਵਾਰ ਦਾ ਯੁੱਧ ਕਰਨ ਸਮੇਂ ਜਿਹੜੀ ਖੱਬੇ ਹੱਥ ਵਿਚ ਧਾਰਨ ਕਰੀਦੀ ਹੈ ਤੇ ਪੈਰਾਂ ਨਾਲ ਉਛਲ ਕੇ ਜਿਸ ਉੱਤੇ ਵੈਰੀ ਦਾ ਵਾਰ ਸਹਾਰੀਦਾ ਹੈ॥੮॥

ਚੰਦ੍ਰਹਾਸ ਚੌਰਾ ਖਰ ਧਾਰਾ। ਦੀਰਘ ਹੁਤੋ ਦਿਪਤਿ ਗੁਰ ਧਾਰਾ।
ਏਕ ਹਾਥ ਮਹਿਂ ਬਾਗ ਉਠਾਏ। ਦੁਸ਼ਮਨ ਦਲ ਦਿਸ਼ਿ ਦ੍ਰਿਸ਼ਟਿ ਚਲਾਏ॥੯॥

ਚੌੜੀ ਤਿੱਖੀ ਧਾਰ ਵਾਲੇ ਖੰਡੇ ਧਾਰਨ ਕੀਤੇ ਸਨ, ਜਿਹੜਾ ਖੰਡਾ ਸਭ ਤੋਂ ਵੱਡਾ ਅਤੇ ਬਹੁਤ ਚਮਕ ਰਿਹਾ ਸੀ ਉਹ ਗੁਰੂ ਜੀ ਧਾਰਨ ਕੀਤਾ ਸੀ। ਇਕ ਹੱਥ ਵਿਚ ਘੋੜੇ ਦੀ ਵਾਗ ਫੜੀ ਸੀ ਤੇ ਜਿਸ ਪਾਸੇ ਦੁਸ਼ਮਣ ਦਾ ਦਲ ਸੀ ਉਸ ਪਾਸੇ ਚਲ ਪਏ॥੯॥

ਜੱਟੂ ਗਯੋ ਸੈਨ ਲੈ ਸੰਗਿ। ਤੁਪਕ ਪ੍ਰਹਾਰਤਿ ਛੇਰਜੋ ਜੰਗ।
ਠਹਾ ਠਹੀ ਬੰਦੂਕਨਿ ਹੋਈ। ਫੇਰਤਿ ਹਯ ਬਡ ਜੋਧਾ ਜੋਈ॥ ੧੦॥

ਸੈਨਾਪਤੀ ਜੱਟੂ ਆਪਣੀ ਸੈਨਾ ਨੂੰ ਨਾਲ ਲੈ ਕੇ ਗਿਆ, ਗੋਲੀਆਂ ਚਲਾ ਕੇ ਉਸ ਜੰਗ ਦਾ ਆਰੰਭ ਕੀਤਾ। ਬੰਦੂਕਾਂ ਦੀ ਠਾ-ਠਾ ਹੋਈ, ਜਿਹੜੇ ਵੱਡੇ ਯੋਧੇ ਸਨ ਉਹ ਘੋੜੇ ਫੇਰ ਰਹੇ ਸਨ॥੧੦॥

ਨਿਕਸਿ ਗੋਲ ਤੇ ਲਰਤਿ ਅਗਾਰੀ। ਤੁਰੰਗ ਧਵਾਇ ਤੁਫੰਗ ਪ੍ਰਹਾਰੀ।
ਜੱਟੂ ਕਰਜੋ ਨੇਰ ਜਿਸ ਕਾਲਾ। ਲਾਗਤਿ ਗੁਲਕਾਂ ਰਿਦੇ ਕਰਾਲਾ॥ ੧੧॥

ਉਹ ਜਥੇ ਵਿਚੋਂ ਨਿਕਲ ਕੇ ਅੱਗੇ ਹੋ ਕੇ ਲੜਨ ਲੱਗੇ, ਘੋੜਿਆਂ ਨੂੰ ਭਜਾ ਕੇ ਬੰਦੂਕਾਂ ਦੇ ਵਾਰ ਕਰਦੇ ਸਨ। ਜੱਟੂ ਜਿਸ ਵੇਲੇ ਨੇੜੇ ਹੋਇਆ ਤਾਂ ਵਿਕਰਾਲ ਗੋਲੀਆਂ ਵੈਰੀ ਦੇ ਹਿਰਦੇ ਵਿਚ ਲੱਗਣ ਲਗੀਆਂ॥੧੧॥

ਪਾਧੜੀ ਛੰਦ-ਬਹੁ ਵਧਜੋ ਅਧਿਕ ਜੱਟੂ ਸੁ ਬੀਰ। ਤਿਹ ਦੇਖਿ ਮੁਹੰਮਦ ਖਾਨ ਧੀਰ।
ਲੇ ਸੰਗ ਸਹੰਸ੍ਰ ਅੱਗ੍ਰ ਚਾਲਿ। ਤਜਾਗੰਤਿ ਤੁਪਕ ਨਾਦਤਿ ਕਰਾਲ॥੧੨॥

ਸ੍ਰੇਸ਼ਟ ਸੂਰਬੀਰ ਜੱਟੂ ਬਹੁਤ ਅੱਗੇ ਵੱਧ ਗਿਆ, ਉਸ ਨੂੰ ਵੇਖ ਕੇ ਮੁਹੰਮਦ ਖਾਂ ਸੈਂਕੜੇ ਸੂਰਮੇ ਨਾਲ ਲੈ ਕੇ ਚਲ ਪਿਆ। ਉਹ ਬੰਦੂਕਾਂ 'ਚੋਂ ਗੋਲੀਆਂ ਛੱਡਦੇ ਸਨ ਤੇ ਵਿਕਰਾਲ ਆਵਾਜ਼ ਪੈਦਾ ਹੁੰਦੀ ਸੀ॥੧੨॥

ਲਗਿ ਗਿਰਤਿ ਸੁਭਟ ਘਾਇਲ ਘੁਮੰਤਿ। ਕਰਿ ਮਾਰ ਮਾਰ ਊਪਰ ਪਰੰਤਿ।
ਕੁਛ ਢਰਜੋ ਭਾਨੁ ਤਬਿ ਦਜੋਸ ਮੱਧ। ਭਿਰ ਪਰੇ ਸੂਰ ਚਹਿੰ ਜੀਤ ਜੁੱਧ॥੧੩॥

ਗੋਲੀਆਂ ਲੱਗਣ ਤੇ ਸੂਰਮੇ ਘਾਇਲ ਹੋ ਕੇ ਡਿੱਗ ਕੇ ਘੁੰਮਦੇ ਸਨ ਤੇ ਮਾਰ-ਮਾਰ ਕਰਦੇ ਲਾਸ਼ਾਂ ਦੇ ਉਪਰ ਪੈ ਜਾਂਦੇ ਸਨ। ਪਹਿਰ ਦੇ ਪਿੱਛੋਂ ਸੂਰਜ ਕੁਝ ਢਲ ਗਿਆ। ਫਿਰ ਸੂਰਮੇ ਭਿੜ ਪਏ, ਜਿਹੜੇ ਯੁੱਧ ਜਿੱਤਣਾ ਚਾਹੁੰਦੇ ਸਨ॥੧੩॥

ਤੜਕੰਤਿ ਦੀਹ ਛੁਟਕੰਤਿ ਜ੍ਵਾਲ। ਕਸਿਯੰਤਿ ਬਹੁਰ ਬਾਰੂਦ ਡਾਲਿ।
ਛਣਕੰਤਿ ਲਗਤਿ ਗਜ ਫੇਰਿ ਫੇਰਿ। ਗੁਲਕਾਂਨਿ ਠੋਕਿ ਰਿਪੁ ਹੇਰਿ ਹੇਰਿ॥੧੪॥

ਬੰਦੂਕਾਂ ਕੜਕਦੀਆਂ ਸਨ ਜਵਾਲਾ ਰੂਪੀ ਅਗਨੀ ਨਿਕਲਦੀ ਸੀ, ਬਾਅਦ ਵਿਚ ਹੋਰ ਬਾਰੂਦ ਭਰ ਕੇ ਕੱਸਦੇ ਗਜ ਫੇਰ ਫੇਰ ਛਣਕਾਉਂਦੇ ਸਨ। ਫਿਰ ਗੋਲੀਆਂ ਠੋਕ ਕੇ ਵੈਰੀਆਂ ਨੂੰ ਵੇਖ ਵੇਖ॥੧੪॥

ਧਰਿਯੰਤਿ ਸ਼ਿਸਤ ਤੋੜਾ ਸੁ ਜੋਰਿ। ਧੁਖਿਯੰਤਿ ਪਲੀਤਾ ਠੌਰਿ ਠੌਰਿ।
ਬਹੁ ਸ਼ਬਦ ਤੜਾ ਭੜ ਹੋਨਿ ਲਾਗਿ। ਛੁਟਿ ਗੁਲਕਾਂ ਜ੍ਵਾਲਾ ਜਾਗਿ ਜਾਗਿ॥੧੫॥

ਤੋੜਾ ਜੋੜ ਕੇ ਨਿਸ਼ਾਨਾ ਬੰਨ੍ਹਦੇ ਸਨ ਤੇ ਥਾਂ-ਥਾਂ ਪਲੀਤੇ ਧੁੱਖਦੇ ਸਨ। ਤੜ ਤੜ ਦਾ ਬੜੀ ਉੱਚੀ ਖੜਾਕ ਹੋਣ ਲੱਗਾ, ਤੇ ਅੱਗ ਬਲ੍ਹ ਬਲ੍ਹ ਕੇ ਗੋਲੀਆਂ ਨਿਕਲ ਰਹੀਆਂ ਸਨ॥੧੫॥

ਬਡਿ ਉਠਜੋ ਧੂਮ ਲਿਯ ਗਗਨ ਛਾਇ। ਰਜ ਚਢੀ ਉਰਧ, ਰਵਿ ਨਹਿਂ ਦਿਖਾਇ।
ਭਟ ਭਿਰੇ ਭੇਰਿ ਲਲਕਾਰ ਬੋਲਿ। ਇਤ ਉਤ ਧਵਾਇ ਪਰਿ ਗਿਰਤਿ ਡੋਲਿ॥੧੬॥

ਬਹੁਤ ਧੂੰਆਂ ਉਠਿਆ ਤੇ ਅਸਮਾਨ ਵਿਚ ਛਾ ਗਿਆ, ਬਹੁਤ ਮਿੱਟੀ ਉਪਰ ਨੂੰ ਉਠੀ ਤੇ ਸੂਰਜ ਵਿਖਾਈ ਨਹੀਂ ਸੀ ਦੇ ਰਿਹਾ। ਲਲਕਾਰੇ ਮਾਰਦੇ ਸੂਰਮੇ ਆਪਸ ਵਿਚ ਭਿੜ ਪਏ। ਘੋੜਿਆਂ ਨੂੰ ਏਧਰ ਓਧਰ ਭਜਾ ਕੇ ਫਿਰ ਡਾਵਾਂ ਡੋਲ ਹੋ ਕੇ ਡਿੱਗ ਪੈਂਦੇ ਸਨ॥੧੬॥

ਮਿਲਿ ਗਏ ਸੂਰ ਇਮ ਆਪ ਮਾਂਹਿ। ਦ੍ਵੈ ਨਦੀ ਬਹਤਿ ਇਕ ਥਾਨ ਜਾਂਹਿ।
ਤੁਰਕਾਨ ਸੈਨ ਉਮਡੀ ਬਿਸਾਲ। ਗੁਲਕਾਂਨ ਮਾਰਿ ਗੇਰੇ ਉਤਾਲ॥੧੭॥

ਸੂਰਮੇ ਆਪਸ ਵਿਚ ਇਸ ਤਰ੍ਹਾਂ ਮਿਲ ਗਏ, ਜਿਵੇਂ ਦੋ ਵਹਿੰਦੀਆਂ ਨਦੀਆਂ ਇਕ ਸਥਾਨ ਤੇ ਇਕੱਠੀਆਂ ਹੋ ਜਾਣ। ਤੁਰਕਾਂ ਦੀ ਸੈਨਾ ਵਿਸ਼ਾਲ ਉੱਮਡ ਕੇ ਆਈ, ਗੋਲੀਆਂ ਮਾਰ-ਮਾਰ ਬਹੁਤ ਛੇਤੀ ਗੇਰ ਲਏ॥੧੭॥

ਜੱਟੂ ਪ੍ਰਚੰਡ ਕੋ ਘੇਰਿ ਲੀਨਿ। ਤੁਰੰਗਨਿ ਧਵਾਇ ਆਗੇ ਸੁ ਕੀਨਿ।
ਵਧਿ ਗਏ ਬਹੁਤ ਕਰਿ ਮਾਰਿ ਮਾਰਿ। ਹੁਇ ਨਿਕਟਿ ਜਾਇ ਤੁਪਕਨਿ ਪ੍ਰਹਾਰ॥੧੮॥

ਉਨ੍ਹਾਂ ਸ਼ਕਤੀਸ਼ਾਲੀ ਜੱਟੂ ਨੂੰ ਘੇਰ ਲਿਆ, ਘੋੜੇ ਭਜਾ ਕੇ ਅੱਗੇ ਹੋ ਗਏ, ਮਾਰ-ਮਾਰ ਕਰਦੇ ਬਹੁਤ ਅੱਗੇ ਵੱਧ ਗਏ, ਜਦ ਨੇੜ ਹੋਏ ਤਾਂ ਇਕੱਠਾ ਗੋਲੀਆਂ ਦਾ ਵਾਰ ਕੀਤਾ ਗਿਆ॥੧੮॥

ਤਬਿ ਕਹਜੋ ਮੁਹੰਮਦਖਾਨ ਦੇਖਿ। 'ਇਨ ਲੇਹੁ ਪ੍ਰਿਥਕ ਕਰਿ ਜੇ ਅਸ਼ੇਖ।
ਭਟ ਅੱਗ੍ਰ ਰੋਕ ਬਹੁ ਸਾਵਧਾਨ। ਇਕ ਬਾਰ ਪਰਹੁ ਸਭਿ ਕਰਹੁ ਹਾਨਿ'॥੧੯॥

ਤਦ ਮੁਹੰਮਦ ਖਾਨ ਨੇ ਵੇਖ ਕੇ ਕਿਹਾ, "ਇਸ ਨੂੰ ਸਭ ਤੋਂ ਪਹਿਲਾਂ ਲੈਣ ਵਾਸਤੇ ਪੂਰਨ ਯਤਨ ਕਰੋ। ਅਗਲੇ ਸੂਰਮਿਆਂ ਨੂੰ ਸਾਵਧਾਨੀ ਨਾਲ ਰੋਕੋ, ਇਕ ਵਾਰ ਇਨ੍ਹਾਂ ਨੂੰ ਟੁੱਟ ਕੇ ਪੈ ਜਾਵੋ ਤੇ ਇਨ੍ਹਾਂ ਨੂੰ ਖਤਮ ਕਰ ਦੇਵੋ"॥੧੯॥

ਸੁਨਿ ਸੈਨਪਤੀ ਕੇ ਬਾਕ ਬੀਰ। ਫਿਰਿ ਗਏ ਅੱਗ੍ਰ ਲਿਯ ਘੇਰ ਧੀਰ।
ਜੱਟੂ ਨ ਤ੍ਰਾਸ ਚਿਤ ਤਨਕ ਕੀਨਿ। ਲਲਕਾਰ ਸੁਭਟ ਗਨ ਧੀਰ ਦੀਨਿ॥੨੦॥

ਸੂਰਮਿਆਂ ਨੇ ਜਦ ਆਪਣੇ ਸੈਨਾਪਤੀ ਦੇ ਬਚਨ ਸੁਣੇ ਤਾਂ ਅੱਗੇ ਵਧ ਧੀਰਜਵਾਨ ਜੱਟੂ ਨੂੰ ਘੇਰ ਲਿਆ। ਪਰ ਜੱਟੂ ਆਪਣੇ ਦਿਲ ਵਿਚ ਜ਼ਰਾ ਵੀ ਡਰ ਨਾ ਮੰਨਿਆ ਤੇ ਲਲਕਾਰਾ ਮਾਰ ਕੇ ਆਪਣੇ ਸੂਰਮਿਆਂ ਨੂੰ ਧੀਰਜ ਦਿੱਤਾ॥੨੦॥

ਇਕ ਬਾਰ ਮਾਰਿ ਗੁਲਕਾਂ ਗਿਰਾਇ। ਭਟ ਪਰੇ ਉਥਲ ਲਗਿ ਮਰਤਿ ਘਾਇ।
ਕਿਸਹੂੰਨਿ ਸੀਸ ਫੂਟਯੋ ਮਰੰਤਿ। ਕਿਸ ਕੇਰਿ ਬਦਨ ਗੁਲਕਾ ਫੁਟੰਤਿ॥੨੧॥

ਵੈਰੀ ਨੂੰ ਇਕੋ ਵਾਰ ਗੋਲੀਆਂ ਮਾਰ ਕੇ ਡੇਗ ਲਿਆ ਸੂਰਮੇ ਏਧਰ ਓਧਰ ਡਿੱਗ ਪਏ ਤੇ ਜ਼ਖਮੀ ਹੋ... ਦਾ ਸਿਰ ਪਾਟ ਗਿਆ ਤੇ ਉਹ ਮਰ ਗਿਆ, ਕਿਸੇ ਦਾ ਮੂੰਹ ਗੋਲੀਆਂ ਲੱਗਣ ਨਾਲ ਫੱਟ ਗਿਆ॥੨੧॥

ਕਿਸ ਰਿਦਾ ਬਿਦੀਰਨਿ ਪਰਤਿ ਭੂਮ। ਕਿਸਿ ਉਦਰ ਲਗੀ ਘਾਇਲ ਸੁ
ਕਿਸ ਬਾਂਹ ਟੂਟਿ,ਕਿਸ ਟਾਂਗ ਟੂਟਿ। ਬਹੁ ਤੁਪਕ ਛੋਰਿ ਦਲ ਅਧਿਕ ਜੁਟਿ॥੨

ਕਿਸੇ ਦਾ ਹਿਰਦਾ ਵਿੰਨ੍ਹਿਆ ਗਿਆ ਤੇ ਉਹ ਧਰਤੀ ਤੇ ਡਿੱਗ ਪਿਆ ਕਿਸੇ ਦੇ ਢਿੱਡ ਨੂੰ ਗੋਲੀ ਵੱਜੀ ਤੇ ਉਹ ਜ਼ਖਮੀ ਹੋ ਕੇ ਘੁੰਮਣ-ਘੇਰੀਆਂ ਖਾਣ ਲੱਗਾ। ਕਿਸੇ ਦੀ ਬਾਂਹ ਟੁੱਟ ਗਈ ਤੇ ਕਿਸੇ ਦੀ ਲੱਤ ਟੁੱਟ ਗਈ। ਬਹੁਤ ਬੰਦੂਕਾਂ ਇਕੱਠੀਆਂ ਚਲਾ ਕੇ ਤੁਰਕੀ ਦਲ ਨੂੰ ਬਹੁਤ ਮਾਰਿਆ॥੨੨॥

ਬਹੁ ਗਿਰੇ ਸਿੱਖਜ ਤੁਰਕਾਂਨ ਸੰਗਿ। ਕਿਤ ਮਰੇ ਪਰੇ ਦੀਰਘ ਤੁਰੰਗ।
ਕਿਤਹੂੰ ਭਜੰਤਿ ਛੂਛੇ ਪਲਾਂਣ। ਕਿਤ ਘਾਇ ਸਹਤ ਦਰੜੇ ਕਿਕਾਂਣ॥੨੩॥

ਬਹੁਤ ਸਿੱਖ ਵੀ ਤੁਰਕਾਂ ਦੇ ਨਾਲ ਡਿੱਗ ਪਏ, ਕਿਤੇ ਬਹੁਤ ਘੋੜੇ ਮਰੇ ਪਏ ਸਨ। ਕਿਤੇ ਘੋੜੇ ਖਾਲੀ ਕਾ... ਭੱਜੇ ਫਿਰਦੇ ਸਨ। ਕਿਤੇ ਘੋੜਿਆਂ ਨੇ ਲੰਮੇ ਪਏ ਜ਼ਖਮੀਆਂ ਨੂੰ ਦਰੜ ਦਿੱਤਾ ਸੀ॥੨੩॥

ਜੱਟੂ ਸੁ ਘਿਰੀਤ ਬਡ ਕੀਨ ਜੁੱਧ। ਗਨ ਤੁਰਕ ਮਾਰਿ ਮਾਰਤਿ ਸੁ ਕ੍ਰੁੱਧ।
ਪਿਖਿ ਜਥੇਦਾਰ ਕੱਲਜਾਨ ਨਾਮ। ਸੋ ਭਯੋ ਅੱਗ੍ਰ ਬਡਿ ਜੰਗ ਧਾਮ॥੨੪॥

ਸੈਨਾਪਤੀ ਜੱਟੂ ਨੇ ਬੜਾ ਭਿਆਨਕ ਯੁੱਧ ਕੀਤਾ, ਉਸ ਨੇ ਗੁੱਸੇ ਵਿਚ ਆ ਕੇ ਬਹੁਤ ਤੁਰਕਾਂ ਨੂੰ ਮਾਰਿਆ। ਕਲਿਆਣ ਨਾਮੀ ਜਥੇਦਾਰ ਨੂੰ ਵੇਖ ਕੇ, ਜਿਹੜਾ ਜੰਗ ਦੇ ਮੈਦਾਨ ਵਿਚ ਬਹੁਤ ਅੱਗੇ ਵੱਧ ਆਇਆ ਸੀ॥੨੪॥

ਤੁਪਕੰ ਤੜਾਕ ਬਹੁ ਛੋਰਿ ਛੋਰਿ। ਹਤਿ ਕਰੇ ਤੁਰਕ ਤਨ ਫੋਰਿ ਫੋਰਿ।
ਜੋ ਹੁਤੇ ਅੱਗ੍ਰ ਕੁਛ ਮਾਰਿ ਦੀਨਿ। ਕੁਛ ਚਲੇ ਭਾਜਿ ਉਰ ਤ੍ਰਾਸ ਲੀਨਿ॥੨੫॥

ਬੰਦੂਕਾ ਤੜਾਕ-ਤੜਾਕ ਛੱਡ ਕੇ ਜਿਸ ਨੇ ਬਹੁਤ ਤੁਰਕਾਂ ਨੂੰ ਸਰੀਰ ਪਾੜ-ਪਾੜ ਕੇ ਮਾਰਿਆ ਸੀ। ਜਿਹੜੇ ਵੀ ਵੈਰ ਅੱਗੇ ਸਨ, ਉਨ੍ਹਾਂ ਵਿਚੋਂ ਕੁਝ ਨੂੰ ਮਾਰ ਦਿੱਤਾ, ਤੇ ਕਈ ਦਿਲ ਵਿਚ ਬਹੁਤ ਡਰ ਧਾਰ ਕੇ ਭੱਜ ਚਲੇ॥੨੫॥

ਕਰਿ ਹਲਾਹੂਲ ਰੋਕੇ ਪ੍ਰਚੰਡ। ਫਿਰ ਹਟੈਂ ਬੀਰ ਫੇਰੰਤਿ ਤੁੰਡ।
ਤੁਰਕਾਨ ਸੈਨ ਸਭਿ ਮੋਰਿ ਦੀਨਿ। ਰਿਸਿ ਪਰੇ ਸੁਭਟ ਰਣ ਅਧਿਕ ਕੀਨਿ॥੨੬॥

ਵੱਡਾ ਰੌਲਾ ਪਾ ਕੇ ਸ਼ਕਤੀਸ਼ਾਲੀ ਸੂਰਮਿਆਂ ਨੂੰ ਰੋਕਿਆ, ਜਦ ਉਨ੍ਹਾਂ ਦੇ ਮੂੰਹ ਤੋੜ ਦਿੰਦੇ ਸਨ ਤਾਂ ਉਹ ਫਿਰ ਪਿੱਛੇ ਹਟ ਜਾਂਦੇ ਸਨ। ਸਾਰੀ ਤੁਰਕੀ ਸੈਨਾ ਨੂੰ ਮੋੜ ਦਿੱਤਾ, ਗੁਰੂ ਜੀ ਦੇ ਸੂਰਮਿਆਂ ਨੇ ਗੁੱਸੇ ਵਿਚ ਭਰ ਕੇ ਬੜਾ ਭਿਆਨਕ ਯੁੱਧ ਕੀਤਾ॥ ੨੬॥

ਸੈਯਾ- ਬੈਰਮ ਖਾਂ ਮਨ ਕੋਪ ਭਯੋ, 'ਲਘੁ ਬਾਹਿਨੀ ਤੇ ਕਿਮ ਤ੍ਰਾਸ ਕੋ ਧਾਰੇ?।
ਜੰਗ ਨਿਸੰਗ ਕਰੋ ਹਟਿ ਕੈ ਇਕ ਬਾਰ ਤੁਫੰਗਨਿ ਛੋਰਹੁ ਸਾਰੇ'।

ਦੌਰ ਪਰੇ ਗੁਰੂ ਸੈਨ ਕੇ ਊਪਰ ਯੌਂ ਗੁਲਕਾਂ ਬਰਖੀ ਤਿਸ ਬਾਰੇ।
ਚੇਤ ਮੈਂ ਬਾਰਦ ਘੋਰ ਕੈ ਧਾਇਹੁ ਬੇਗ ਕਰੇ ਕਰਕਾ ਗਨ ਡਾਰੇ॥ ੨੭॥

ਬੈਰਮ ਖਾਂ ਬੜੇ ਗੁੱਸੇ ਨਾਲ ਭਰ ਗਿਆ, ਕਹਿਣ ਲੱਗਾ, "ਥੋੜ੍ਹੀ ਫੌਜ ਪਾਸੋਂ ਕਿਵੇਂ ਡਰ ਧਾਰਨ ਕੀਤਾ ਹੈ? ਸ਼ੰਕਾ ਰਹਿਤ ਹੋ ਕੇ ਜੰਗ ਕਰੋ ਤੇ ਪਿਛਾਂਹ ਹੱਟ ਕੇ ਸਾਰੇ ਇਕੋ ਵਾਰ ਬੰਦੂਕਾਂ ਛੱਡੋ।" ਦੌੜ ਕੇ ਗੁਰੂ ਦੀ ਸੈਨਾ ਦੇ ਉਪਰ ਟੁੱਟ ਕੇ ਪੈ ਗਏ। ਉਸ ਸਮੇਂ ਇਸ ਤਰ੍ਹਾਂ ਗੋਲੀਆਂ ਦੀ ਵਰਸ਼ਾ ਹੋਈ, ਮਾਨੋਂ ਚੇਤ ਮਹੀਨੇ ਘਨਘੋਰ ਬਦਲ ਗਰਜ ਕੇ ਧਾ ਕੇ ਆਏ ਹੋਣ ਤੇ ਉਨ੍ਹਾਂ ਆ ਕੇ ਬਹੁਤ ਗੜਿਆਂ ਦੀ ਵਰਸ਼ਾ ਕੀਤੀ ਹੋਵੇ॥੨੭॥

ਬੈਰਮ ਖਾਨ ਪਰਜੋ ਜਬਿ ਆਇਕੈ ਸ੍ਰੀ ਗੁਰੁ ਕੇ ਭਟ ਕ੍ਰੋਧਤਿ ਭਾਰੇ।
ਨੇਰ ਕਰਜੋ ਗਹਿ ਤੋਮਰ ਤੀਰਨਿ ਮਾਰਤਿ ਬੋਲਨਿ ਕੇ ਲਲਕਾਰੇ।
ਜੇ ਤੁਰਕਾਨਿ ਕੀ ਸੈਨ ਵਧੀ ਬਧ ਕੀਨਿ ਸਭੀ ਹਯ ਤੇ ਧਰ ਡਾਰੇ।
ਯੌਂ ਉਥਲੇ ਰਣਬੀਰ ਗਿਰੇ ਜਿਮ ਗਾਜ ਤੇ ਦੀਹ ਸਮੂਹ ਮੁਨਾਰੇ॥ ੨੮॥

ਜਦ ਬੈਰਮ ਖਾਂ ਆ ਕੇ ਪਿਆ ਤਾਂ ਗੁਰੂ ਜੀ ਦੇ ਸੂਰਮੇ ਬੜੇ ਕ੍ਰੋਧ ਨਾਲ ਭਰ ਗਏ ਤੇ ਨੇੜੇ ਹੋ ਕੇ ਉਹ ਨੇਜੇ, ਬਰਛੀਆਂ ਅਤੇ ਤੀਰ ਚਲਾਉਂਦੇ ਹੋਏ, ਬੋਲਕੇ ਲਲਕਾਰੇ ਮਾਰਦੇ ਸਨ। ਜਿਹੜੀ ਤੁਰਕਾਂ ਦੀ ਫੌਜ ਅੱਗੇ ਵਧੀ, ਸਭ ਨੂੰ ਕਤਲ ਕਰ ਦਿੱਤਾ ਤੇ ਘੋੜਿਆਂ ਤੋਂ ਥੱਲੇ ਧਰਤੀ ਤੇ ਸੁੱਟ ਲਏ। ਇਸ ਤਰ੍ਹਾਂ ਉਲਟੇ ਹੋ ਕੇ ਯੋਧੇ ਡਿੱਗੇ ਮਾਨੋਂ ਬਿਜਲੀ ਨਾਲ ਵੱਡੀਆਂ-ਵੱਡੀਆਂ ਇਮਾਰਤਾਂ ਦੇ ਮੁਨਾਰੇ ਡਿੱਗ ਪਏ ਹੋਣ॥੨੮॥

ਟੂਟਿ ਕੈ ਜੂਟਿ ਤੁਫੰਗਨਿ ਛੂਟਤਿ ਫੇਰ ਅਰੇ ਕਰਵਾਰ ਨਿਕਾਰੇ।
ਬਿੰਦ ਮਨੋ ਚਪਲਾ ਚਮਕੈਂ ਲਿਪ ਸ੍ਰੋਣਤ ਸੋਂ ਰੰਗ ਲਾਲ ਉਘਾਰੇ।
ਮੋਢਨਿ ਤੇ ਕਟਿ ਬਾਹੁਨਿ ਕੋ ਤਜਿ ਬਾਹਨਿ ਭੂਮਿ ਪਰੇਤਿ ਜੁਝਾਰੇ।
ਗ੍ਰੀਵ ਕਟੀ ਕਿਸ, ਜਾਂਘ ਕਟੀ ਕਿਸ, ਛਾਤੀ ਫਟੀ ਗਿਰ 'ਹਾਇ' ਉਚਾਰੇਂ॥੨੯॥

ਘੋੜਿਆਂ ਤੋਂ ਹੇਠਾਂ ਡਿੱਗ ਪੈਣ ਕਰਕੇ ਵੈਰੀ ਦੇ ਜੋਰ ਟੁੱਟ ਗਏ ਤੇ ਬੰਦੂਕਾਂ ਹੱਥਾਂ ਵਿਚੋਂ ਡਿੱਗ ਪਈਆਂ, ਫਿਰ ਤਲਵਾਰਾਂ ਧੂਹ ਕੇ ਅੜ ਖਲੋਤੇ। ਜਦ ਤਲਵਾਰਾਂ ਬਿਜਲੀਆਂ ਵਾਂਗ ਚਮਕਦੀਆਂ ਸਨ ਤਾਂ ਇੰਞ ਲੱਗਦਾ ਸੀ ਮਾਨੋਂ ਲਹੂ ਨਾਲ ਲਿਬੜ ਕੇ ਲਾਲ ਰੰਗ ਉਘੜ ਆਇਆ ਸੀ। ਮੋਢਿਆਂ ਤੋਂ ਬਾਹਾਂ ਕੱਟੀਆਂ ਵਾਲੇ ਸੂਰਮੇ ਆਪਣੀਆਂ ਅਸਵਾਰੀਆਂ ਨੂੰ ਛੱਡ ਕੇ ਧਰਤੀ ਦੇ ਲੇਟੇ ਹੋਏ ਸਨ। ਕਿਸੇ ਦੀ ਧੌਣ ਕੱਟੀ ਸੀ, ਕਿਸੇ ਦੀ ਲੱਤ ਕਟੀ ਸੀ, ਕਿਸੇ ਦੀ ਛਾਤੀ ਫਟੀ ਹੋਈ ਸੀ ਤੇ ਡਿੱਗ ਕੇ 'ਹਾਏ-ਹਾਏ' ਉਚਾਰਣ ਕਰ ਰਹੇ ਸੀ॥ ੨੯॥

ਲੋਥ ਪੈ ਲੋਥ ਗਈ ਗਿਰ ਕੈ ਬਹੁ ਸ੍ਰੋਣਤ ਕੇ ਛੁਟਿ ਚਾਲ ਪਨਾਰੇ।
ਬੋਲਤਿ ਘਾਵ ਭਕਾਭਕ, ਬ੍ਰਿੰਦ ਗਿਰੇ ਹੁਇ ਘਾਇਲ, ਜਾਤਿ ਪੁਕਾਰੇ।
ਹਾਥਨਿ ਮੈਂ ਤਰਵਾਰ ਗਹੀ ਨਿਕਸੇਤਨ ਪ੍ਰਾਨ, ਪੈ ਨਾਹਨਿ ਡਾਰੇ।
ਬਾਯਸ, ਗੀਧ, ਗੁਮਾਯ ਮਹਾਂ, ਬਡਿ ਕੰਕ ਅਘਾਤਿ ਹੈਂ ਮਾਸ ਅਹਾਰੇ॥ ੩੦॥

ਲੋਥ ਉਤੇ ਲੋਥ ਡਿੱਗ ਕੇ ਬਹੁਤ ਖੂਨ ਦੇ ਪਰਨਾਲੇ ਚਲ ਰਹੇ ਸਨ। ਕਈਆਂ ਦੇ ਜ਼ਖਮ ਭਕ-ਭਕ ਕਰ ਰਹੇ ਸਨ, ਕਈ ਗਿਰੇ ਹੋਏ ਜ਼ਖਮੀ ਪੁਕਾਰ ਕਰ ਰਹੇ ਸਨ। ਕਈਆਂ ਦੇ ਹੱਥਾਂ ਵਿਚ ਤਲਵਾਰ ਫੜਿਆਂ ਹੀ ਪ੍ਰਾਣ ਨਿਕਲ ਗਏ ਸਨ, ਪਰ ਹੱਥ ਵਿਚੋਂ ਤਲਵਾਰ ਨਹੀਂ ਸੁੱਟੀ ਸੀ। ਕਾਂ, ਇੱਲਾਂ, ਗਿੱਦੜ ਤੇ ਚਿੱਟੀਆਂ ਚੀਲਾਂ ਮਾਸ ਦਾ ਆਹਾਰ ਕਰਕੇ ਤ੍ਰਿਪਤ ਹੋ ਰਹੀਆਂ ਸਨ॥੩੦॥

ਦੋਹਰਾ- ਇਤ ਗੁਰੂ ਕੋ ਬਡਿ ਸੂਰਮਾ ਜੱਟੂ ਅਰਜੋ ਹੰਕਾਰ।
ਖਾਂਨ ਮੁਹੰਮਦ ਤੁਰਕ ਕੋ ਦੋਨਹੁਂ ਭਿਰੇ ਜੁਝਾਰ॥ ੩੧॥

ਏਧਰ ਗੁਰੂ ਜੀ ਦਾ ਵੱਡਾ ਸੂਰਮਾ ਹੰਕਾਰ ਕਰਕੇ ਅੜ ਗਿਆ, ਮੁਹੰਮਦ ਖਾਨ ਤੁਰਕ ਤੇ ਜੱਟੂ ਸੂਰਮਾ ਦੋਵੇਂ ਆਪਸ ਵਿਚ ਭਿੜ ਪਏ॥੩੧॥

ਨਰਾਜ ਛੰਦ- ਤਬੈ ਸੁ ਕੋਪ ਸਿੱਖ ਹ੍ਵੈ ਕਰੇ ਕ੍ਰਿਪਾਨ ਨੰਗਿਯਾਂ।
ਪ੍ਰਹਾਰ ਬਾਰ ਬਾਰ ਹੀ ਸੁਰੰਗ ਰੰਗ ਚੰਗਿਯਾਂ।
ਕੜਾਕੜੀ ਮਚਾਇਕੈ ਨਚਾਇ ਕਾਲ ਜੀਹ ਸੀ।
ਉਭਾਰ ਮਾਰਿ ਮਾਰਿ ਕੈ ਪੁਕਾਰ ਗਾਜ ਸੀਹ ਸੀ॥ ੩੨॥

ਤਦ ਸਿੱਖਾਂ ਨੇ ਗੁੱਸੇ ਵਿਚ ਆ ਕੇ ਆਪਣੀਆਂ ਕਿਰਪਾਨਾਂ ਨੰਗੀਆਂ ਕਰ ਲਈਆਂ, ਬਾਰ ਬਾਰ ਵਾਰ ਕਰਕੇ ਸੂਰਮਿਆਂ ਨੇ ਰਣਭੂਮੀਂ ਨੂੰ ਸੁਰਖ ਰੰਗ ਵਿਚ ਰੰਗ ਦਿੱਤਾ। ਕੜਾਕੜੀ ਮਚਾ ਕੇ ਸੂਰਮੇ ਕਾਲ ਦੀ ਜੀਭ ਵਰਗੀ ਤਲਵਾਰ ਨੂੰ ਚਿਟਾ ਦਿੱਤੇ। ਤਲਵਾਰ ਨੂੰ ਉਭਾਰ ਕੇ ਮਾਰੋ ਮਾਰ ਦੀ ਪੁਕਾਰ ਇਸ ਤਰ੍ਹਾਂ ਕਰਦੇ ਹਨ ਮਾਨੋਂ ਸ਼ੇਰ ਗੱਜਦਾ ਹੈ॥੩੨॥

ਸਧੀਰ ਬੀਰ ਬੀਰ ਕੈ ਸਰੀਰ ਕਾਟਿ ਡਾਰਿਤੇ।
ਅਭੀਰ ਪੀਰ ਨਾ ਗਿਨੈ ਸਮੂਹ ਸ਼ੱਤ੍ਰ ਮਾਰਤੇ।
ਘਮੰਡ ਜੰਗਕੋ ਪਰਜੋ ਪ੍ਰਚੰਡ ਸੂਰਮਾਨਿ ਤੇ।
ਗਿਰੰਤਿ ਖੰਡ ਖੰਡ ਹ੍ਵੈ, ਨ ਪੰਡ ਤੁੰਡ ਠਾਨਿਤੇ॥ ੩੩॥

ਸ੍ਰੇਸ਼ਟ ਧੀਰਜਵਾਨ ਸੂਰਮੇ ਵੈਰੀ ਸੂਰਬੀਰਾਂ ਦੇ ਸਰੀਰ ਕੱਟ ਦਿੰਦੇ ਸਨ, ਸੂਰਮੇ ਪੀੜਾਂ ਨੂੰ ਨਹੀਂ ਸੀ ਵਿਚਾਰਦੇ, ਸਭ ਸ਼ਸਤਰ ਮਾਰਦੇ ਸਨ, ਪ੍ਰਚੰਡ ਸੂਰਮਿਆਂ ਨੂੰ ਪ੍ਰਚੰਡ ਜੰਗ ਦਾ ਘਮਸਾਣ ਪਿਆ ਹੈ। ਖੰਡ ਖੰਡ ਹੋ ਕੇ ਡਿੱਗ ਪੈਂਦੇ ਹਨ ਤੇ ਪੀਲਾ ਮੂੰਹ ਨਹੀਂ ਕਰਦੇ॥੩੩॥

ਪਾਧੜੀ ਛੰਦ- ਤਬਿ ਅਰਜੋ ਮੁਹੰਮਦਖਾਨ ਆਨਿ। ਜੱਟੂ ਸੁ ਬੀਰ ਜਹਿਂ ਜੁੱਧ ਠਾਨਿ।
ਬਰਖੰਤਿ ਬਹੁਤ ਗੁਲਕਾਂ ਲਗੰਤਿ। ਪਟ ਭਰੇ ਸ਼੍ਰੋਣ ਸੂਰਾ ਪਰੰਤਿ॥੩੪॥

ਤਦ ਮੁਹੰਮਦ ਖਾਨ ਆ ਕੇ ਅੜ ਗਿਆ, ਸ੍ਰੇਸ਼ਟ ਯੋਧੇ ਜੱਟੂ ਨਾਲ ਉਸ ਯੁੱਧ ਕਰਨਾ ਧਾਰਨ ਕੀਤਾ। ਵਰਸਦੀਆਂ ਹੋਈਆਂ ਬਹੁਤ ਗੋਲੀਆਂ ਲੱਗ ਰਹੀਆਂ ਸਨ, ਸੂਰਮਿਆਂ ਦੇ ਕਪੜੇ ਲਹੂ ਨਾਲ ਭਰੇ ਹੋਏ ਸਨ॥੩੪॥

ਰਿਸਿ ਭਰਜੋ ਮੁਹੰਮਦਖਾਨਿ ਭਾਖਿ। 'ਨਹਿਂ ਭਾਗਿ, ਖਰੋ ਰਹੁ ਜੀਤ ਕਾਂਖਿ !।
ਮਮ ਹਾਥ ਕੇਰ ਇਕ ਤੀਰ ਦੇਖਿ। ਨਹਿਂ ਜਿਯਤਿ ਜਾਨਿ ਦੈ ਹੋਂ ਵਿਸ਼ੇਖ'॥੩੫॥

ਮੁਹੰਮਦ ਖਾਨ ਨੇ ਗੁੱਸੇ ਵਿਚ ਆ ਕੇ ਕਿਹਾ, "ਹੇ ਜਿੱਤ ਦੀ ਅਭਿਲਾਸ਼ਾ ਰੱਖਣ ਵਾਲਿਆ, ਭੱਜ ਨਹੀ, ਖੜ੍ਹੇ ਹੋ ਜਾ। ਮੇਰੇ ਹੱਥ ਵਿਚ ਫੜੇ ਇਕ ਤੀਰ ਨੂੰ ਵੇਖੋ, ਮੈਂ ਤੈਨੂੰ ਜੀਉਂਦਾ ਨਹੀਂ ਜਾਣ ਦੇਵਾਂਗਾ"॥੩੫॥

ਸੁਨਿ ਜਟੂ ਬਾਕ ਤਿਸ ਨਹਿਂ ਸਹਾਰ। ਲਲਕਾਰ ਪਰਜੋ ਇਕ ਬਿਰ ਪੁਕਾਰ।
ਕਰਿ ਤਯਾਰ ਤੁਪਕ ਤਿਹ ਤਾਕ ਲੱਛ। ਗੁਲਕਾਂ ਚਲੀ ਨਿਜ ਦੇਹਿ ਰੱਛ॥੩੬॥

ਇਹ ਸੁਣ ਕੇ ਜਟੂ ਨੇ ਉਸਦਾ ਤਾਅਨਾ ਨਾ ਸਹਾਰਿਆ ਤੇ ਇਕ ਵਾਰ ਲਲਕਾਰ ਕੇ ਪੈ ਗਿਆ। ਉਸ ਬੰਦੂਕ ਨੂੰ ਤਿਆਰ ਕੀਤਾ ਤੇ ਅੱਖ ਨਾਲ ਉਸ ਵੱਲ ਵੇਖ ਕੇ ਆਪਣੇ ਦੇਹ ਦਾ ਬਚਾ ਕਰਨ ਵਾਸਤੇ ਗੋਲੀ ਚਲਾ ਦਿੱਤੀ॥੩੬॥

ਤਤਕਾਲ ਤੁਰੰਗਮ ਮਾਰਿ ਲੀਨਿ। ਸਰ ਚਾਂਪ ਤੇ ਸੁ ਚਲਿਬੇ ਨ ਦੀਨਿ।
ਧਰ ਖਰੋ ਭਯੋ ਨਿਜ ਕੋ ਸੰਭਾਰਿ। ਧਨੁ ਖੈਂਚਿ ਬਾਨ ਭਰਿ ਕਰਿ ਪ੍ਰਹਾਰ ॥ ੩੭ ॥

ਤੁਰਤ ਬੰਦੂਕ ਨੇ ਉਸ ਦੇ ਘੋੜੇ ਨੂੰ ਮਾਰ ਦਿੱਤਾ, ਉਸ ਦੀ ਕਮਾਨ ਵਿਚੋਂ ਤੀਰ ਚਲਣ ਹੀ ਨਾ ਦਿੱਤਾ। ਮੁਹੰਮਦ ਖਾਨ ਨੇ ਧਰਤੀ ਤੇ ਖੜੇ ਹੋ ਕੇ ਆਪਣੇ ਆਪ ਨੂੰ ਸੰਭਾਲਿਆ ਤੇ ਧਨੁੱਖ ਵਿਚ ਤੀਰ ਧਰ ਕੇ ਵਾਰ ਕੀਤਾ॥੩੭॥

ਛੁਟਿ ਗਯੋ ਸਰਪ ਸਮ ਜਾਇ ਲਾਗ। ਜੱਟੂ ਭੁਜਾਨ ਕੇ ਬੀਚਿ ਖਾਗ।
ਬਿਧ ਗਯੋ ਪਾਰਿ, ਗੁਰੂ ਰਾਖਿ ਲੀਨਿ। ਪੁਨ ਅਪਰ ਤੀਰ ਮਾਰਜੋ ਪ੍ਰਬੀਨ ॥ ੩੮ ॥

ਤੀਰ ਨਿਕਲ ਗਿਆ ਤੇ ਜੱਟੂ ਨੂੰ ਜਾ ਕੇ ਸੱਪ ਵਾਂਗ ਲੱਗਾ ਤੇ ਜੱਟੂ ਦੀਆਂ ਬਾਹਾਂ ਦੇ ਵਿਚ ਜਾ ਕੇ ਚੁੱਭ ਗਿਆ। ਜੱਟੂ ਨੂੰ ਵਿੰਨ੍ਹ ਕੇ ਪਾਰ ਹੋ ਗਿਆ, ਗੁਰੂ ਜੀ ਨੇ ਰੱਖ ਲਿਆ, ਫਿਰ ਇਕ ਹੋਰ ਤੀਰ ਮਾਰਿਆ॥੩੮॥

ਤਿਹ ਸੰਗ ਤੁਰੰਗਮ ਦੀਨਿ ਗੇਰਿ। ਜੱਟੂ ਸੁ ਤਜਾਰਿ ਭਾ ਠਾਂਢਿ ਫੇਰ।
ਕਰਿ ਤੁਪਕ ਤਜਾਰ ਤਾਕੀ ਸੁ ਬੀਰ। ਧਨੁ ਖੈਂਚਿ ਮੁਹੰਮਦ ਤਾਕ ਤੀਰ ॥ ੩੯ ॥

ਉਸ ਤੀਰ ਨੇ ਘੋੜੇ ਨੂੰ ਡੇਗ ਦਿੱਤਾ, ਜੱਟੂ ਜਿਹੜਾ ਤਿਆਰ ਸੀ ਉਠ ਕੇ ਖੜਾ ਹੋ ਗਿਆ। ਉਸ ਬੰਦੂਕ ਤਿਆਰ ਕਰਕੇ ਯੋਧੇ ਵੱਲ ਤਕਿਆ, ਮੁਹੰਮਦ ਧਨੁੱਖ ਵਿਚ ਤੀਰ ਧਰ ਕੇ ਚਲਾਉਣ ਲੱਗਾ ਸੀ॥੩੯॥

ਛੁਟਿ ਪਰੇ ਦੁਹਨਿ ਤੇ ਏਕ ਬਾਰ। ਇਤਿ ਗੁਲਕਾਂ ਉਤ ਤੇ ਸਰ ਪ੍ਰਹਾਰ।
ਦੋਨਹੁ ਸੁ ਬੀਰ ਕੇ ਵਾਰ ਦੋਇ। ਲਗਿ ਦੁਹਨਿ ਅੰਗਿ ਉਰ ਬਿਧਤਿ ਸੋਇ ॥੪੦ ॥

ਦੋਹਾਂ ਦੇ ਵਾਰ ਇਕੋ ਸਮੇਂ ਨਿਕਲ ਗਏ, ਇਕ ਪਾਸੇ ਗੋਲੀ ਦਾ ਵਾਰ ਹੋਇਆ ਤੇ ਦੂਸਰੇ ਪਾਸੇ ਤੀਰ ਦਾ ਵਾਰ ਸੀ। ਦੋਹਾਂ ਸੂਰਬੀਰਾਂ ਦੇ ਦੋਵੇਂ ਵਾਰ ਦੋਹਾਂ ਨੂੰ ਲੱਗੇ ਤੇ ਉਨ੍ਹਾਂ ਦਾ ਕਲੇਜਾ ਵਿੰਨ੍ਹ ਕੇ ਲੈ ਗਏ॥੪੦॥

ਜੱਟੂ ਕਿ ਰਿਦੇ ਲਗਿ ਤੀਰ ਪਾਰਿ। ਗਿਰ ਪਰਜੋ ਭੂਮਿ ਘੈ ਕੈ ਭਵਾਰਿ।
ਉਤ ਲਗੀ ਜਾਇ ਗੁਲਕਾਂ ਪ੍ਰਚੰਡ। ਫਟਿ ਗਯੋ ਤੁੰਡ ਭਟ ਪਿਖਤਿ ਝੁੰਡ ॥ ੪੧ ॥

ਜੱਟੂ ਦੇ ਹਿਰਦੇ ਵਿਚ ਲੱਗ ਕੇ ਤੀਰ ਪਾਰ ਹੋ ਗਿਆ ਤੇ ਉਹ ਭੁਆਂਟਣੀ ਖਾ ਕੇ ਧਰਤੀ ਤੇ ਡਿੱਗ ਪਿਆ। ਉਧਰ ਸ਼ਕਤੀਸ਼ਾਲੀ ਗੋਲੀ ਮੁਹੰਮਦ ਦੇ ਜਾ ਕੇ ਵੱਜੀ। ਮੁਹੰਮਦ ਖਾਨ ਦਾ ਮੂੰਹ ਫਟ ਗਿਆ, ਖੜੇ ਹੋਏ ਬਹੁਤ ਸੂਰਮੇ ਵੇਖ ਰਹੇ ਸਨ॥੪੧॥

ਦੋਨਹੁੰ ਸੁ ਬੀਰ ਜੂਝੇ ਜੁਝਾਰ। ਦਲ ਦੁਹਨਿ ਦਿਸ਼ਨਿ ਤੇ ਭਟ ਨਿਹਾਰਿ।
ਅਰਿਰਾਇ ਪਰੇ ਊਪਰ ਸੁ ਧਾਇ। ਇਕ ਬਾਰ ਖੈਂਚਿ ਕਰਵਾਰ, ਘਾਇ ॥ ੪੨ ॥

ਦੋਵੇਂ ਸ੍ਰੇਸ਼ਟ ਸੂਰਬੀਰ ਸੂਰਮੇ ਬੜੀ ਬਹਾਦਰੀ ਨਾਲ ਲੜੇ। ਦੋਵਾਂ ਪਾਸਿਆਂ ਦੇ ਸੂਰਮੇ ਉਨ੍ਹਾਂ ਨੂੰ ਵੇਖ ਰਹੇ ਸਨ। ਉਹ ਭੱਜ ਕੇ ਇਕ ਦੂਸਰੇ ਨੂੰ ਧਾ ਕੇ ਪੈ ਗਏ, ਇਕ ਵਾਰ ਤਲਵਾਰਾਂ ਖਿੱਚ ਕੇ ਬਹੁਤ ਜ਼ਖਮੀ ਕੀਤੇ॥੪੨॥

ਲਰਿ ਮਰਤਿ ਤੁਰਤਿ ਨਹਿਂ ਅਟਕ ਹੋਤਿ। ਤਰਵਾਰ ਕਿ ਤੋਮਰ ਗਹਿ ਉਦੋਤਿ।
ਵਾਰਨਿ ਪ੍ਰਹਾਰ ਨਹਿਂ ਦੇਰਿ ਲਾਇ। ਰਿਸ ਭਰੇ ਅਰੇ ਹੀ ਕਟਤਿ ਥਾਇਂ ॥ ੪੩ ॥

ਇਕ ਦੂਸਰੇ ਨਾਲ ਲੜ ਕੇ ਮਰ ਜਾਂਦੇ ਸਨ ਤੇ ਅਟਕਦੇ ਨਹੀਂ ਸੀ, ਤਲਵਾਰ ਜਾਂ ਨੇਜ਼ੇ ਨੂੰ ਫੜ ਕੇ ਉਸ ਦਾ ਵਾਰ ਕਰਦੇ ਸਨ। ਬੜੀ ਫੁਰਤੀ ਨਾਲ ਵਾਰ ਕਰਦੇ ਸਨ ਤੇ ਦੇਰ ਨਹੀਂ ਸੀ ਲਾਉਂਦੇ, ਬੜੇ ਕ੍ਰੋਧ ਭਰੇ ਇਕ ਦੂਸਰੇ ਨਾਲ ਲੜਦੇ ਸਨ ਤੇ ਕੱਟ ਕੇ ਥਾਂ ਹੀ ਮਰ ਜਾਂਦੇ ਸਨ॥੪੩॥

ਦਲ ਮਰਜੋ ਕਿਤਿਕ ਲੋਥਨ ਬਿਥਾਰਿ। ਪਰਿ ਰਹੇ ਬੀਰ ਬੰਕੇ ਜੁਝਾਰ।
ਇਕ ਬਾਰਿ ਮਾਰਿ ਸਿੱਖਨਿ ਸੁ ਕੀਨਿ। ਨਹਿਂ ਤੁਰਕ ਅਰੇ ਬਡ ਤ੍ਰਾਸ ਲੀਨਿ ॥੪੪ ॥

ਬਹੁਤ ਦਲ ਮਰਿਆ ਗਿਆ ਤੇ ਬਹੁਤ ਲੋਥਾਂ ਖਿਲਰ ਗਈਆਂ, ਸੂਰਬੀਰ ਬੰਕੇ ਜੁਝਾਰ ਮੈਦਾਨਿ-ਜੰਗ ਵਿਚ ਪਏ ਸਨ। ਇਕ ਵਾਰ ਸਿੱਖਾਂ ਨੇ ਐਸੀ ਮਾਰ ਮਾਰਿਆ ਕਿ ਤੁਰਕ ਅੱਗੇ ਅੜੇ ਨਹੀਂ ਤੇ ਉਹ ਬਹੁਤ ਡਰ ਗਏ॥੪੪॥

ਗੁਰੁ ਬੀਰ ਏਕ, ਦਸ ਸ਼ੱਤ੍ਰੂ ਸੰਗਿ। ਠਹਿਰੈਂ ਨ ਅੱਗ੍ਰ ਭਾ ਭੀਮ ਜੰਗ।
ਬਹੁ ਕਰੀ ਮਾਰ ਕੱਲਯਾਨ ਬੀਰ। ਤੋਮਰ ਤੁਫੰਗ ਤਰਵਾਰ ਤੀਰ॥ ੪੫ ॥

ਗੁਰੂ ਜੀ ਦੇ ਇਕ ਸੂਰਮੇ ਦੇ ਨਾਲ ਤੁਰਕਾਂ ਦੇ ਦਸ ਸੂਰਮੇ ਮਰੇ ਸਨ। ਅੱਗੇ ਠਹਿਰਦੇ ਨਹੀਂ ਸਨ, ਏਡਾ ਮਹਾਨ ਜੰਗ ਹੋਇਆ। ਗੁਰੂ ਜੀ ਦੇ ਸੂਰਮਿਆਂ ਨੇ ਨੇਜ਼ੇ, ਬੰਦੂਕਾਂ, ਤਲਵਾਰਾਂ ਅਤੇ ਤੀਰਾਂ ਦੀ ਬਹੁਤ ਮਾਰ ਪਾਈ॥੪੫॥

*ਛੇਵੀਂ ਰਾਸ ਦਾ ਬੱਤੀਵਾਂ ਅਧਿਆਇ ਸਮਾਪਤ ਹੋਇਆ॥੩੨॥*

# ਅਧਿਆਇ ਤੇਤੀਵਾਂ

### ਬੈਰਮਖਾਨ, ਮਥੁਰਾ ਬੱਧ

ਦੋਹਰਾ-ਤੁਰਕ ਤ੍ਰਾਸ ਧਰਿ ਜਬਿ ਭਜੇ ਦੇਖੇ ਅਬਦੁਲਖਾਨ।
ਬਡੋ ਕ੍ਰੋਧ ਕਰਿ ਤਪ ਗਯੋ ਬੋਲਯੋ ਦੁਸ਼ਟ ਮਹਾਨ॥੧॥

ਅਬਦੁਲ ਖਾਨ ਨੇ ਜਦ ਡਰੇ ਹੋਏ ਤੁਰਕਾਂ ਨੂੰ ਭੱਜਦੇ ਵੇਖਿਆ ਤਾਂ ਵੱਡੇ ਕ੍ਰੋਧ ਵਿਚ ਆ ਕੇ ਮਹਾਨ ਦੁਸ਼ਟ ਬੋਲਿਆ॥੧॥

*ਸ੍ਵੈਯਾ-* ਬੈਰਮਖਾਨ ਕੋ ਤੀਰ ਬੁਲਾਇ ਕੈ ਕੋਪ ਕੋ ਧਾਰਿ ਕਹਯੋ ਸਮੁਦਾਈ।
'ਕਯੋਂ ਨ ਥਿਰੋ? ਸੰਗ੍ਰਾਮ ਪਰਯੋ ਅਬਿ ਭਾਜਿ ਕੈ ਜਾਹੁਗੇ ਕੋਨ ਸੇ ਥਾਈਂ?।
ਕਯਾ ਤੁਮ ਲਾਜ ਪੈ ਗਾਜ ਪਰੀ, ਬਹੁ ਬੋਲਤਿ ਥੇ ਮਿਲਿ ਕੈ ਅਗੁਵਾਈ।
ਕੌਨ ਅਰੈ ਹਮ ਸੰਗਿ ਮਹਾਂ ਭਟ, ਥੋਰੇ ਈ ਸਿੱਖਨਿ ਦੀਨੋ ਪਲਾਈ॥੨॥

ਬੈਰਮ ਖਾਂ ਨੂੰ ਆਪਣੇ ਪਾਸ ਬੁਲਾ ਕੇ, ਅਬਦੁਲ ਖਾਂ ਬੜਾ ਕ੍ਰੋਧ ਧਾਰ ਸੈਨਿਕ ਦਲ ਨੂੰ ਸੰਬੋਧਨ ਹੋ ਕੇ ਬੋਲਿਆ, "ਤੁਸੀਂ ਖੜਦੇ ਕਿਉਂ ਨਹੀਂ ਹੋ? ਹੁਣ ਭਾਰੀ ਸੰਗ੍ਰਾਮ ਪਿਆ ਹੈ, ਤੁਸੀਂ ਹੁਣ ਭੱਜ ਕੇ ਕਿੱਥੇ ਜਾਵੋਗੇ? ਕੀ ਤੇਰੀ ਲਾਜ ਤੇ ਬਿਜਲੀ ਪੈ ਗਈ ਹੈ ਪਹਿਲਾਂ ਤਾਂ ਮਿਲ ਕੇ ਬਹੁਤ ਬੋਲਦੇ ਸੀ। ਸਾਡੇ ਸਾਹਮਣੇ ਕਿਹੜਾ ਵੱਡਾ ਸੂਰਮਾ ਅੜ ਸਕਦਾ ਹੈ, ਥੋੜ੍ਹੇ ਹੀ ਸਿੱਖਾਂ ਨੇ ਤੁਹਾਨੂੰ ਭੱਜਾ ਦਿੱਤਾ ਹੈ॥੨॥

ਤੂਰਨ ਤੂੰ ਰਨ ਕੋ ਕਰਿ ਜਾਹੁ ਸਭੈ ਭਟ ਰੋਕਹੁ ਦੈ ਲਲਕਾਰਾ'।
ਬੈਰਮਖਾਨ ਸੁਨੇ ਬਚ ਬਾਨ ਸੋ, ਕ੍ਰੋਧ ਭਯੋ ਨਹਿੰ ਜਾਇ ਸਹਾਰਾ।
ਲੈ ਦਲ ਕੋ ਉਮਡਯੋ ਇਕ ਵਾਰ ਹੀ, ਪੀਸਤਿ ਦਾਂਤਨਿ ਕੋ ਬਲ ਧਾਰਾ।
ਆਇ ਪਰਯੋ ਗਨ ਸਿੱਖਨਿ ਪੈ ਥਿਰ ਹੋਤਿ ਭਏ ਬਡ ਬੀਰ ਜੁਝਾਰਾ॥੩॥

ਤੁਸੀਂ ਤੁਰਤ ਹੀ ਰਣ ਖੇਤਰ ਵਿਚ ਜਾਵੋ ਤੇ ਲਲਕਾਰਾ ਮਾਰ ਕੇ ਸਾਰੇ ਸੂਰਮਿਆਂ ਨੂੰ ਰੋਕੋ। ਬੈਰਮ ਖਾਂ ਨੇ ਤੀਰ ਵਾਂਗ ਤਿੱਖੇ ਬਚਨ ਸੁਣੇ ਤਾਂ ਬੜੇ ਕ੍ਰੋਧ ਵਿਚ ਆ ਗਿਆ, ਜਿਹੜਾ ਸਹਾਰਿਆ ਨਹੀਂ ਸੀ ਜਾਂਦਾ। ਆਪਣੇ ਦਲ ਨੂੰ ਲੈ ਕੇ ਇਕ ਵਾਰ ਹੀ ਉੱਮਡ ਪਿਆ ਅਤੇ ਬਲ ਧਾਰ ਕੇ ਦੰਦਾਂ ਨੂੰ ਪੀਹਣ ਲੱਗਾ ਤੇ ਫਿਰ ਤੁਰਤ ਸਿੱਖਾਂ ਤੇ ਆ ਪਿਆ ਜਿਥੇ ਵੱਡੇ ਬੀਰ ਸੂਰਮੇ ਖੜੇ ਹੋਏ ਸਨ॥ ੩ ॥

ਮਾਰ ਤੁਫੰਗਨਿ ਮਾਚੀ ਘਨੀ, ਨ ਅਰੇ ਸਿਖ, ਬੈਰਮਖਾਨ ਭਜਾਏ।
ਤੋਮਰ ਤੀਰਨਿ ਸੋਂ ਗੁਲਕਾਨਿ ਕਰੀ ਬਰਖਾ ਇਕਸਾਰ ਧਵਾਏ।
ਦੋਨਹੁਂ ਕੀ ਦਿਸ਼ਿ ਤੇ ਮਰਿ ਕੈ ਭਟ ਹੂਰ ਬਿਮਾਨ ਚਢੇ ਮੁਦ ਪਾਏ।
ਦੇਹਿ ਤਜੀ ਸਭਿ ਪਾਪਨਿ ਕੇ ਜੁਤਿ ਪੁੰਨ ਸਰੀਰ ਕੋ ਧਾਰਿ ਸਿਧਾਏ॥ ੪॥

ਬੰਦੂਕਾਂ ਦੀ ਵੱਡੀ ਮਾਰ ਮੱਚ ਗਈ, ਸਿੱਖ ਅੜੇ ਨਹੀਂ, ਬੈਰਮ ਖਾਂ ਨੇ ਭੱਜਾ ਦਿੱਤੇ। ਨੇਜ਼ਿਆਂ, ਤੀਰਾਂ ਅਤੇ ਗੋਲੀਆਂ ਦੀ ਇਕਸਾਰ ਵਰਖਾ ਕੀਤੀ। ਦੋਵਾਂ ਪਾਸਿਆਂ ਦੇ ਸੂਰਮੇ ਮਰ ਕੇ ਬੜੇ ਪ੍ਰਸੰਨ ਹੋ ਕੇ ਹੂਰਾਂ ਦੇ ਵਿਮਾਣਾਂ ਤੇ ਚੜ੍ਹ ਜਾਂਦੇ ਸਨ, ਸਭ ਪਾਪਾਂ ਸਮੇਤ ਦੇਹੀ ਛੱਡ ਜਾਂਦੇ ਸਨ ਤੇ ਨਵਾਂ ਸਰੀਰ ਧਾਰ ਕੇ ਚਲੇ ਜਾਂਦੇ ਸਨ॥੪॥

ਸ੍ਰੀ ਹਰਿਗੋਵਿੰਦ ਬੀਰ ਬਹਾਦੁਰ ਆਦਰ ਤੇ ਮਥੁਰਾ ਢਿਗ ਹੇਰਾ।
'ਜਾਹੁ ਬਲੀ ! ਇਹ ਖਾਂਨ ਜੁ ਆਵਤਿ ਮਾਰਤਿ ਹੈ ਉਰ ਕ੍ਰੋਧ ਘਨੇਰਾ।
ਰੋਕਹੁ ਅੱਗ੍ਰ, ਹਤੋ ਕਰਿ ਜੰਗ, ਕਹਾਵਤਿ ਹੈ ਇਹ ਬੀਰ ਬਡੇਰਾ।
ਮਾਰੇ ਘਨੇ ਭਟ, ਨਾ ਅਟਕਯੋ ਕਿਤ, ਕਾਟਤਿ ਹਾਥ ਗਹੀ ਸ਼ਮਸ਼ੇਰਾ'॥ ੫॥

ਸ੍ਰੀ ਹਰਿਗੋਬਿੰਦ ਜੀ ਬੀਰ ਬਹਾਦਰ ਨੇ ਬੜੇ ਆਦਰ ਨਾਲ ਮਥੁਰਾ ਵੱਲ ਵੇਖਿਆ ਤੇ ਕਿਹਾ, "ਹੇ ਸੂਰਬੀਰ ਜਾਵੋ, ਇਹ ਖਾਨ ਜਿਹੜਾ ਬੜਾ ਕ੍ਰੋਧ ਕਰਕੇ ਮਾਰਦਾ ਆ ਰਿਹਾ ਹੈ, ਇਸ ਨੂੰ ਅੱਗੇ ਹੋ ਕੇ ਰੋਕੋ, ਲੜਾਈ ਕਰਕੇ ਇਸ ਨੂੰ ਮਾਰ ਦੇਵੋ, ਇਹ ਆਪਣੇ ਆਪ ਨੂੰ ਵੱਡਾ ਸੂਰਮਾ ਸਮਝਦਾ ਹੈ, ਬਹੁਤ ਸੂਰਮੇ ਇਸ ਨੇ ਮਾਰੇ ਹਨ, ਕੋਈ ਵੀ ਸਾਹਮਣੇ ਅਟਕਿਆ ਨਹੀਂ ਹੈ ਤੇ ਹੱਥ ਵਿਚ ਤਲਵਾਰ ਫੜ ਕੇ ਕੱਟੀ ਜਾਂਦਾ ਹੈ"॥ ੫॥

ਸਾਦਰ ਸ੍ਰੀ ਗੁਰ ਤੇ ਸੁਨਿ ਕੈ ਮਥੁਰਾ ਮਨ ਆਨੰਦ ਕੋ ਉਪਜਾਏ।
'ਆਪ ਸਹਾਇ ਕਰੋ ਪ੍ਰਭੁ ਪੂਰਨ ਮਾਰਤਿ ਹੌਂ ਇਸ ਕੋ ਉਥਲਾਏ।
ਕਜਾ ਇਹ ਗੀਦੀ ਗਵਾਰ ਅਹੈ ਗਨ ਕਾਲ ਕੇ ਪ੍ਰੇਰੇ ਚਲੇ ਇਤ ਆਏ।
ਰਾਵਰ ਕੇ ਬਲ ਦੀਹ ਪ੍ਰਤਾਪ ਤੇ ਸ਼ਾਹਜਹਾਂ ਕੋ ਗਹੈਂ ਹਮ ਜਾਏ'॥ ੬॥

ਆਦਰਪੂਰਬਕ ਸ੍ਰੀ ਗੁਰੂ ਜੀ ਤੋਂ ਸੁਣ ਕੇ ਮਥੁਰਾ ਦਾ ਮਨ ਆਨੰਦ ਨਾਲ ਭਰ ਗਿਆ ਤੇ ਕਹਿਣ ਲੱਗਾ, "ਪ੍ਰਭੂ ਜੀ ਤੁਸੀਂ ਸਹਾਇਤਾ ਕਰੋ ਤਾਂ ਹੁਣੇ ਇਸ ਨੂੰ ਉਲਟਾ ਕੇ ਮਾਰਦਾ ਹਾਂ। ਇਹ ਕਾਇਰ ਗਵਾਰ ਕੀ ਹੈ, ਇਹ ਤਾਂ ਕਾਲ ਦੇ ਪ੍ਰੇਰੇ ਹੋਏ ਏਥੇ ਚਲ ਕੇ ਆਏ ਹਨ। ਆਪ ਜੀ ਦੇ ਬਲ ਦੇ ਪ੍ਰਤਾਪ ਨਾਲ ਅਸੀਂ ਸ਼ਾਹ ਜਹਾਨ ਨੂੰ ਜਾ ਕੇ ਫੜ ਸਕਦੇ ਹਾਂ"॥ ੬॥

ਯੌਂ ਕਹਿ ਕੈ ਗੁਰੁ ਆਇਸੁ ਲੇ, ਕਰਿ ਬੰਦਨ ਕੋ, ਹਯ ਤੇਜ ਕਰਯੋ।
ਚਾਰ ਸੈ ਸੂਰ ਚਲੇ ਜਿਹ ਸੰਗ ਸੁ ਮਾਰਿ ਹੀ ਮਾਰ ਕੋ ਸ਼ੋਰ ਪਰਯੋ।
ਦੀਹ ਦਮਾਮਨਿ ਚੋਬ ਲਗੇ ਸੁਨਿ ਬੀਰਨਿ ਕੈ ਉਰ ਮੋਦ ਭਰਯੋ।
ਤੇਜ਼ ਤੁਰੰਗ ਸੰਭਾਰਿ ਤੁਫੰਗਨਿ ਜੰਗ ਰਚਯੋ ਉਤਸਾਹੁ ਧਰਯੋ॥ ੭॥

ਇਸ ਤਰ੍ਹਾਂ ਕਹਿ ਕੇ ਗੁਰੂ ਜੀ ਤੋਂ ਆਗਿਆ ਲੈ ਕੇ ਅਤੇ ਉਨ੍ਹਾਂ ਨੂੰ ਬੰਦਨਾ ਕਰਕੇ ਆਪਣੇ ਘੋੜੇ ਨੂੰ ਤੇਜ਼ ਕੀਤਾ ਤੇ ਜਿਹੜੇ ਚਾਰ ਸੌ ਸੂਰਮੇ ਨਾਲ ਸਨ ਉਨ੍ਹਾਂ ਨੇ 'ਮਾਰ ਲਵੋ ਮਾਰ ਲਵੋ' ਦਾ ਸ਼ੋਰ ਮਚਾ ਦਿੱਤਾ। ਜਦ ਦਮਾਮੇ 'ਤੇ ਡੱਗੇ ਲੱਗੇ ਤਾਂ ਸੁਣ ਕੇ ਸੂਰਬੀਰਾਂ ਦੇ ਮਨ ਖੁਸ਼ੀ ਨਾਲ ਭਰ ਗਏ। ਤੇਜ਼ ਘੋੜੇ ਨੂੰ ਲੈ ਕੇ ਬੰਦੂਕਾਂ ਸੰਭਾਲ ਕੇ ਬੜਾ ਉਤਸ਼ਾਹ ਧਾਰ ਕੇ ਜੰਗ ਦੀ ਰਚਨਾ ਕੀਤੀ॥ ੭॥

ਬੈਰਮਖਾਨ ਹੁਤੇ ਜਿਸ ਥਾਂਨ ਕਰੈ ਭਟ ਹਾਨ, ਗਯੋ ਤਹਿਂ ਧਾਏ।
ਯੌਂ ਲਲਕਾਰਿ ਪਰਯੋ ਤੁਰਕਾਨ ਮੈਂ, ਸ਼ੇਰ ਪਰੈ ਮ੍ਰਿਗ ਬ੍ਰਿੰਦ ਮੈਂ ਜਾਏ।
ਮਾਰਿ ਕਰੀ ਬਰਖਾ ਗੁਲਕਾਨਿ ਕੀ ਜਯੋਂ ਘਨ ਊਨਵ ਕੈ ਬਰਖਾਏ।
ਸੂਰ ਦੜਾਦੜ ਭੂਮਿ ਪਰੈਂ ਬਨ ਮੈਂ ਤਰੁ ਖਾਤੀ ਜਯੋਂ ਕਾਟ ਗਿਰਾਏ॥ ੮॥

ਜਿਥੇ ਬੈਰਮ ਖਾਂ ਸੂਰਮਿਆਂ ਨੂੰ ਮਾਰ ਰਿਹਾ ਸੀ, ਘੋੜਾ ਭੱਜਾ ਕੇ ਓਥੇ ਪਹੁੰਚ ਗਿਆ, ਇਸ ਤਰ੍ਹਾਂ ਲਲਕਾਰ ਕੇ ਤੁਰਕਾਂ ਤੇ ਚੜ੍ਹ ਗਿਆ ਜਿਵੇਂ ਸ਼ੇਰ ਹਿਰਨਾਂ ਦੀ ਡਾਰ ਨੂੰ ਜਾ ਪੈਂਦਾ ਹੈ, ਫਿਰ ਗੋਲੀਆਂ ਦੀ ਅਜਿਹੀ ਵਰਖਾ ਕੀਤੀ ਜਿਵੇਂ ਬਦਲ ਨੀਂਵਾਂ ਹੋ ਕੇ ਵਰਖਾ ਕਰਦਾ ਹੈ। ਸੂਰਮੇ ਧੜਾਧੜ ਧਰਤੀ ਤੇ ਡਿੱਗ ਰਹੇ ਸਨ ਜਿਵੇਂ ਤਰਖਾਣ ਜੰਗਲ ਵਿਚ ਬ੍ਰਿਛਾਂ ਨੂੰ ਵੱਢ-ਵੱਢ ਸੁਟਦਾ ਹੈ॥ ੮॥

ਲੋਹ ਮਚਯੋ ਦੁਹੂੰ ਓਰਨਿ ਤੇ ਜਨੁ ਓਰਨਿ ਤੇ ਕ੍ਰਿਸ਼ਿ ਪਾਕ ਗਿਰੀ।
'ਹਾਇ' ਉਚਾਰਤਿ ਘਾਇਲ ਆਰਤ, ਬੀਰ ਬੰਗਾਰਤਿ ਧੀਰ ਧਰੀ।
ਆਪਸ ਮੈਂ ਉਰਝੇ ਇਕ ਬਾਰ ਹੀ ਮਾਰਿ ਕ੍ਰਿਪਾਨਨਿ ਦੀਹ ਕਰੀ।
ਸ਼੍ਰੋਣਤਿ ਭੂਮਿ ਰੰਗੀਨ ਭਈ ਗਨ ਲੋਥਨਿ ਪੈ ਗਨ ਲੋਥ ਪਰੀ॥ ੯॥

ਦੋਹਾਂ ਪਾਸਿਆਂ ਤੋਂ ਐਸਾ ਲੋਹਾ ਮਚਿਆ ਮਾਨੋਂ ਗੜ੍ਹਿਆਂ ਨੇ ਪੱਕੀ ਖੇਤੀ ਨੂੰ ਡੇਗ ਦਿੱਤਾ ਹੋਵੇ। ਜ਼ਖ਼ਮੀ ਆਤਰ ਹੋ ਕੇ 'ਹਾਇ ਹਾਇ' ਪੁਕਾਰਦੇ ਸਨ ਅਤੇ ਸੂਰਮੇ ਧੀਰਜ ਧਾਰ ਕੇ ਵੰਗਾਰਦੇ ਸਨ। ਇਕ ਵਾਰ ਹੀ ਆਪਸ ਵਿਚ ਉਲਝ ਗਏ ਅਤੇ ਕਿਰਪਾਨਾਂ ਦੀ ਵੱਡੀ ਮਾਰ ਪਈ। ਲਹੂ ਨਾਲ ਧਰਤੀ ਲਾਲ ਰੰਗ ਦੀ ਹੋ ਗਈ, ਲੋਥਾਂ ਦੇ ਢੇਰਾਂ ਉਤੇ ਲੋਥਾਂ ਚੜ੍ਹ ਗਈਆਂ॥ ੯॥

ਬੀਰ ਟਿਕੇ ਨ ਕਟੇ ਰਨ ਖੇਤ ਮੈਂ, ਓਜ ਤੇ ਨਾਂਹਿ ਮਿਟੇ ਲਰਿ ਕੈ।
ਹੋਤਿ ਭਏ ਪਟ ਲਾਲ ਸਮੂਹਨਿ ਚਾਚਰ ਖੇਲਤਿ ਜਯੋਂ ਫਿਰਿਕੈ।
ਕਾਸ਼ਟ ਪ੍ਰਿਸ਼ਟਨਿ ਕੋ ਬਡ ਨਾਦ ਭਯੋ ਤਿਸ ਕਾਲ ਰਹੇ ਅਰਿਕੈ।
ਕੋ ਨ ਮਿਟਯੋ ਦੁਹੂੰ ਓਰਨਿ ਤੇ ਚਪਿ ਆਪਸ ਬੀਚਿ ਗਿਰੇ ਮਰਿਕੈ॥ ੧੦॥

ਸੂਰਬੀਰ ਟਿਕੇ ਰਹੇ, ਰਣਖੇਤ ਵਿਚ ਨਾ ਕੱਟੇ ਗਏ ਤੇ ਲੜਾਈ ਕਰਕੇ ਉਹ ਸ਼ਕਤੀਹੀਣ ਵੀ ਨਾ ਹੋਏ। ਸਾਰੇ ਸੂਰਮਿਆਂ ਦੇ ਮੂੰਹ ਲਾਲ ਹੋਏ ਸਨ ਜਿਵੇਂ ਉਹ ਫਿਰਕੇ ਹੋਲੀ ਖੇਡ ਰਹੇ ਸਨ। ਬੰਦੂਕਾਂ ਦੇ ਚਲਣ ਦਾ ਬਹੁਤ ਖੜਾਕ ਪੈਦਾ ਹੋਇਆ ਤੇ ਉਸ ਸਮੇਂ ਅੜ ਕੇ ਖੜੇ ਰਹੇ। ਦੋਵਾਂ ਪਾਸਿਆਂ ਤੋਂ ਕੋਈ ਵੀ ਪਿੱਛੇ ਨਾ ਹਟਿਆ, ਦੋਵੇਂ ਖਿੱਝ ਕੇ ਆਪਸ ਵਿਚ ਲੜ ਕੇ ਮਰ ਕੇ ਡਿੱਗ ਪਏ॥ ੧੦॥

ਮਾਰ ਮਚੀ, ਕਹਿਂ 'ਮਾਰਿ ਹੀ ਮਾਰਿ' ਸੁ ਮਾਰ ਕਰੇ ਹਥਿਯਾਰਨਿ ਸੰਗਾ।
ਭੀਮ ਭਯੋ ਰਣ ਖੇਤ ਮਹਾਂ ਪਿਖਿ ਕਾਇਰ ਕੇ ਉਰ ਹੋਤਿ ਅਤੰਗਾ।
ਸੂਰਨਿ ਕੇ ਮੁਖ ਲਾਲੀ ਚਢੀ ਰਿਪੁ ਮਾਰਤਿ ਹੈਂ ਬਿਚ ਜੰਗ ਨਿਸੰਗਾ।
ਸੀਸ ਕਟੇ ਗਨ, ਬਾਹੁ ਕਟੇ ਗਨ, ਬਾਹ ਕਟੇ ਗਿਰ ਗੇ ਬਿਨ ਅੰਗਾ॥ ੧੧॥

ਐਸੀ ਮਾਰ ਮਚੀ, ਕਹਿੰਦੇ ਸਨ 'ਮਾਰ ਲਵੋ ਮਾਰ ਲਵੋ' ਤੇ ਹਥਿਆਰਾਂ ਨਾਲ ਮਾਰ ਰਹੇ ਸਨ। ਬਹੁਤ ਭਾਰੀ ਯੁਧ ਹੋਇਆ ਜਿਸ ਨੂੰ ਵੇਖ ਕੇ ਕਾਇਰਾਂ ਦੇ ਦਿਲ ਡ਼ਹਿਲ ਜਾਂਦੇ ਸਨ। ਸੂਰਮਿਆਂ ਦੇ ਮੁਖਾਂ ਤੇ ਲਾਲੀ ਚੜ੍ਹੀ ਸੀ ਤੇ ਉਹ ਜੰਗ ਵਿਚ ਨਿਸ਼ੰਗ ਹੋ ਕੇ ਵੈਰੀਆਂ ਨੂੰ ਮਾਰਦੇ ਸਨ। ਕਈਆਂ ਦੇ ਸੀਸ ਕਟੇ ਸਨ, ਕਈਆਂ ਦੀਆਂ ਬਾਹਾਂ ਕੱਟੀਆਂ ਸਨ ਅਤੇ ਘੋੜੇ ਵੀ ਕੱਟ ਕੇ ਅੰਗ ਰਹਿਤ ਹੋ ਕੇ ਡਿੱਗ ਪਏ ਸਨ॥ ੧੧॥

ਰੋਕੀ ਅਗਾਰੀ ਜਬੈ ਮਥਰਾ ਤਬਿ ਬੈਰਮਖਾਨ ਤੁਫੰਗ ਚਲਾਏ।
'ਮਾਰਹੁ ਰੇ ਕਿਮ ਠਾਂਢਿ ਰਹੇ, ਭਟ ਥੋਰੇ ਅਹੈਂ ਕਿਸ ਨੇ ਅਟਕਾਏ?'।
ਲੇ ਕਰਿ ਸੰਗ ਸਹੱਸ੍ਰ ਸੂਰਮੇ ਆਇ ਪਰਜੋ ਹਥਿਆਰ ਉਠਾਏ।
ਮਾਰਿ ਤੁਫੰਗਨਿ ਐਸੀ ਕਰੀ ਦਿਸ਼ਿ ਦੋਇਨ ਕੇ ਹਯ ਤੇ ਉਥਲਾਏ ॥ ੧੨ ॥

ਜਦ ਮਥਰੇ ਨੇ ਅਗਲਾ ਪਾਸਾ ਰੋਕ ਲਿਆ ਤਾਂ ਬੈਰਮ ਖਾਂ ਨੇ ਬੰਦੂਕ ਚਲਾਈ। ਅਤੇ ਕਿਹਾ, ''ਮਾਰਾਂਗਾ, ਕਿਵੇਂ ਖੜੇ ਹੋਏ ਹੋ, ਇਹ ਥੋੜ੍ਹੇ ਜਿਹੇ ਸੂਰਮੇ ਕਿਸ ਨੇ ਅਟਕਾਏ ਹਨ? ਆਪਣੇ ਨਾਲ ਹਜ਼ਾਰਾਂ ਸੂਰਮੇ ਲੈ ਕੇ ਹਥਿਆਰ ਚੁੱਕ ਕੇ ਆ ਪਿਆ। ਬੰਦੂਕਾਂ ਦੀ ਮਾਰ ਐਸੀ ਕੀਤੀ ਕਿ ਦੋਵਾਂ ਪਾਸਿਆਂ ਦੇ ਘੋੜੇ ਉਲਟਾ ਦਿੱਤੇ॥ ੧੨॥

ਕੇਤਿਨ ਕੇਰਿ ਤੁਰੰਗ ਹਤੇ ਰਣਿ, ਕੇਤਿਕ ਬੀਰ ਮਰੇ ਹਯ ਛੋਰੇ।
ਕੇਤਿਨਿ ਕੀ ਭੁਜ ਕਾਟਿ ਦਈ ਅਰਿ ਕੇਤਿਨਿ ਕੇ ਗੁਲਕਾਂ ਉਰ ਫੋਰੇ।
ਕੇਤਿਨਿ ਕੀ ਕਟਿ ਗ੍ਰੀਵ ਗਈ ਸੁ ਕਬੰਧ ਉਠੇ ਪਿਖਿ ਦਾਰੁਨ ਦੋਰੇ।
ਕੇਤਿਨਿ ਕੀ ਕਟਿ ਜੰਘ ਗਈ ਲੰਗਰੇ ਸੁ ਖਰੇ ਮੁਖ ਸ਼ੱਤ੍ਰੁਨਿ ਓਰੇ॥ ੧੩ ॥

ਕਈਆਂ ਨੂੰ ਤਾਂ ਰਣਖੇਤਰ ਵਿਚ ਬੰਦੂਕ ਨਾਲ ਮਾਰ ਦਿੱਤਾ, ਕਈ ਸੂਰਮੇ ਘੋੜੇ ਛੱਡ ਕੇ ਮਰ ਗਏ, ਕਿਸੇ ਸੂਰਮੇ ਦੀ ਬਾਂਹ ਕੱਟ ਦਿੱਤੀ ਤੇ ਕਈਆਂ ਦੇ ਹਿਰਦੇ ਗੋਲੀਆਂ ਨੇ ਵਿੰਨ੍ਹ ਦਿੱਤੇ। ਕਈਆਂ ਦੀਆਂ ਧੌਣਾਂ ਕੱਟੀਆਂ ਗਈਆਂ ਤੇ ਉਨ੍ਹਾਂ ਦੇ ਧੜ ਉਠ ਕੇ ਭਿਆਨਕ ਰੂਪ ਵਿਚ ਦੌੜ ਪਏ। ਕਈਆਂ ਦੀਆਂ ਲੱਤਾਂ ਕੱਟੀਆਂ ਗਈਆਂ, ਲੰਙੇ ਹੋ ਕੇ ਉਹ ਵੈਰੀਆਂ ਵਲ ਮੂੰਹ ਕਰਕੇ ਖੜੇ ਹੋ ਗਏ॥ ੧੩॥

ਰੋਸ ਭਰਜੋ ਮਥੁਰਾ [illegible] ਫੇਰਤਿ ਮਾਰਿ ਤੁਫੰਗਨਿ ਸ਼ੱਤ੍ਰ ਹਟਾਵੈ।
ਦੁੰਦਭਿ ਦੀਹ ਬਜੈਂ ਦੁਹੁੰ ਓਰਨਿ ਤੀਰਨਿ ਤੋਮਰ ਤਾਕ ਚਲਾਵੈਂ।
'ਮਾਰਹੁ ਮਾਰਿ' ਪੁਕਾਰਤਿ ਹੈਂ ਮੁਖ ਸ਼੍ਰੋਣ ਭਰੇ ਅਸਿ ਕੋ ਚਮਕਾਵੈਂ।
ਟੂਟ ਪਰੇ ਭਟ ਜੂਟ ਗਏ, ਅਟਕੇ ਨ ਮਿਟੈਂ, ਲਟਕੈ ਝਟਕਾਵੈਂ॥ ੧੪ ॥

ਮਥੁਰਾ ਵਿਚ ਬੜਾ ਰੋਸ ਭਰ ਗਿਆ ਤੇ ਉਹ ਘੋੜਾ ਫੇਰ ਕੇ ਬੰਦੂਕਾਂ ਚਲਾ ਕੇ ਵੈਰੀ ਨੂੰ ਹਟਾਉਂਦਾ ਸੀ। ਦੋਹਾਂ ਪਾਸਿਆਂ ਤੋਂ ਨਗਾਰੇ ਵੱਜ ਰਹੇ ਸਨ ਤੇ ਤੀਰ ਤੇ ਨੇਜ਼ੇ ਨਿਸ਼ਾਨੇ ਲਾ ਕੇ ਮਾਰਦੇ ਸਨ। ਆਪਣੇ ਮੁਖ ਤੋਂ 'ਮਾਰੋ ਮਾਰੋ' ਪੁਕਾਰਦੇ ਸਨ ਤੇ ਲਹੂ ਦੀਆਂ ਭਰੀਆਂ ਤਲਵਾਰਾਂ ਨੂੰ ਚਮਕਾਉਂਦੇ ਸਨ। ਇਕ ਦੂਸਰੇ ਦੇ ਉਤੇ ਟੁੱਟ ਕੇ ਪੈ ਕੇ ਸੂਰਮੇ ਜੁੱਟ ਪਏ, ਆਪੋ ਵਿਚ ਅੜੇ ਹੋਏ ਪਿੱਛੇ ਨਹੀਂ ਹੁੰਦੇ, ਆਪ ਨਾਸ਼ ਹੁੰਦੇ ਸਨ ਤੇ ਵੈਰੀ ਨੂੰ ਝਟਕਾ ਦਿੰਦੇ ਸਨ॥ ੧੪ ॥

ਯੌਂ ਜਬਿ ਮਾਰਿ ਮਚੀ ਦੁਹੂੰ ਓਰ ਤੇ, ਬੀਰ ਗਿਰੇ ਮਰਿਕੈ ਸਮੁਦਾਈ।
ਬੈਰਮਖਾਨ ਅਰਜੋ ਤਬਿ ਆਪ ਹੀ ਬੀਰ ਕਿਤੇਕ ਹੈਂ ਸੰਗ ਸਹਾਈ।
ਖੈਂਚਿ ਲਈ ਕਰਵਾਰਨਿ ਮਜਾਨ ਤੇ ਮਾਰਤਿ ਬੇਗ ਅਰੈ ਅਗੁਵਾਈ।
ਆਵਤਿ ਗੇਰਤਿ ਸੂਰਨਿ ਕੋ, ਠਹਿਰੈ ਨਹਿਂ ਕੋ, ਅਸ ਮਾਰ ਮਚਾਈ॥ ੧੫ ॥

ਇਸ ਤਰ੍ਹਾਂ ਜਦ ਦੋਹਾਂ ਪਾਸਿਆਂ ਤੋਂ ਮਾਰ ਮਚੀ ਤਾਂ ਬਹੁਤ ਸੂਰਮੇ ਡਿੱਗ ਕੇ ਮਰ ਗਏ। ਤਦ ਬੈਰਮ ਖਾਂ ਆਪ ਹੀ ਅੜਿਆ, ਕਈ ਹੋਰ ਸੂਰਬੀਰ ਵੀ ਨਾਲ ਸਹਾਇਕ ਸਨ। ਦੋਵਾਂ ਪਾਸਿਆਂ ਨੇ ਤਲਵਾਰਾਂ ਮਿਆਨਾਂ ਵਿਚੋਂ ਖਿੱਚ ਲਈਆਂ, ਬੜੀ ਛੇਤੀ-ਛੇਤੀ ਵਾਰ ਕਰਦੇ ਸਨ, ਜਿਹੜਾ ਅੱਗੋਂ ਅੜਦਾ ਸੀ ਉਸ ਨੂੰ ਆਉਂਦੇ ਨੂੰ ਡੇਗ ਲੈਂਦੇ ਸਨ, ਕੋਈ ਵੀ ਠਹਿਰਦਾ ਨਹੀਂ ਸੀ, ਐਸੀ ਮਾਰ ਮਚਾਈ॥ ੧੫ ॥

ਹੰਸਕ ਛੰਦ-ਬੈਰਮਖਾਨਾ। ਕੀਨਿ ਮਦਾਨਾ। ਖੈਂਚਿ ਕ੍ਰਿਪਾਨਾ। ਬੀਰਨਿ ਹਾਨਾ ॥੧੬॥

ਬੈਰਮਖਾਨ, ਮੈਦਾਨ ਵਿਚ ਆ ਗਿਆ, ਕਿਰਪਾਨ ਖਿੱਚੀ ਤੇ ਸੂਰਮਿਆਂ ਨੂੰ ਮਾਰਿਆ॥ ੧੬॥

ਕੋ ਨ ਅਰੰਤਾ। ਮਾਰਿ ਗਿਰੰਤਾ। ਰੋਰ ਮਚੰਤਾ। ਜੋ ਬਲਿਵੰਤਾ॥ ੧੭॥

ਕੋਈ ਵੀ ਅੱਗੇ ਅੜਦਾ ਨਹੀਂ, ਮਾਰ ਕੇ ਡੇਗ ਲੈਂਦਾ ਹੈ, ਰੌਲਾ ਮੱਚਦਾ ਹੈ, ਜਿਹੜਾ ਬੜਾ ਸੂਰਬੀਰ ਹੈ॥ ੧੭॥

ਘੋਰ ਨਚਾਵੈ। ਵਾਰ ਚਲਾਵੈ। ਘਾਇਨਿ ਘਾਵੈ। ਹੈ ਉਥਲਾਵੈ॥ ੧੮॥

ਘੋੜਾ ਨਚਾਉਂਦਾ ਹੈ, ਵਾਰ ਚਲਾਉਂਦਾ ਹੈ, ਜ਼ਖ਼ਮਾਂ ਤੇ ਜ਼ਖ਼ਮ ਲਾਉਂਦਾ ਹੈ, ਘੋੜਿਆਂ ਨੂੰ ਉਲਟਾਉਂਦਾ ਹੈ॥ ੧੮॥

ਜਾਨਤਿ ਬਿੱਦਯਾ। ਸ੍ਰੀ ਅਸਿ ਛਿੱਦਯਾ। ਨਾ ਅਟਕੰਤਾ। ਸਿੱਖਨਿ ਹੰਤਾ ॥੧੯॥

ਸ਼ਸਤਰ ਵਿਦਿਆ ਜਾਣਦਾ ਹੈ, ਤਲਵਾਰ ਨਾਲ ਕੱਟਣ ਦੀ ਵਿਦਿਆ ਜਾਣਦਾ ਹੈ। ਅਟਕਦਾ ਨਹੀਂ, ਸਿੱਖਾਂ ਨੂੰ ਮਾਰਦਾ ਹੈ॥੧੯॥

ਸੂਰ ਜੁ ਔਰੇ। ਆਵਤਿ ਦੌਰੇ। ਤੋਮਰ ਤੀਰੰ। ਬੇਧਿ ਸਰੀਰੰ॥ ੨੦॥

ਜਿਹੜੇ ਹੋਰ ਸੂਰਬੀਰ ਹਨ, ਉਹ ਦੌੜੇ ਆਉਂਦੇ ਹਨ, ਨੇਜ਼ਿਆਂ ਅਤੇ ਤੀਰਾਂ ਨਾਲ ਸਰੀਰਾਂ ਨੂੰ ਵਿੰਨ੍ਹਦੇ ਹਨ॥ ੨੦॥

ਸਿੱਖਨਿ ਹੇਰਾ। ਬੀਰ ਬਡੇਰਾ। ਮਾਰਤਿ ਖੱਗੰ। ਧਾਵਤਿ ਅੱਗੰ॥ ੨੧॥

ਸਿੱਖਾਂ ਨੇ ਜਦ ਵੇਖਿਆ, ਵੱਡਾ ਸੂਰਮਾ ਹੈ, ਤੀਰ ਮਾਰਦਾ ਹੈ, ਅੱਗੇ ਨੂੰ ਵਧ ਰਿਹਾ ਹੈ॥ ੨੧॥

ਦੀਹ ਹੰਕਾਰੀ। ਆਇ ਅਗਾਰੀ। ਸੈਨ ਸੰਘਾਰੀ। ਹੈ ਬਲਿ ਭਾਰੀ॥ ੨੨॥

ਬੜੇ ਹੰਕਾਰ ਵਾਲਾ ਹੈ, ਅੱਗੇ ਆ ਕੇ, ਸੈਨਾ ਨੂੰ ਮਾਰਿਆ ਹੈ, ਬਹੁਤ ਭਾਰੀ ਬਲ ਹੈ॥ ੨੨॥

ਹਰਿ ਬੋਲਮਨਾ ਛੰਦ- ਪਿਖਿ ਕੈ ਮਥੁਰਾ। ਰਣ ਭਾ ਸੁਥਰਾ। ਭਟ ਕਾਟਿ ਗਿਰੇ। ਗਨ ਦੇਹਿ ਪਰੇ ॥੨੩॥

ਮਥੁਰਾ ਇਹ ਵੇਖਕੇ ਕਿ ਰਣਖੇਤਰ ਬਹੁਤ ਚੰਗਾ ਹੈ, ਸੂਰਮੇ ਕੱਟ ਕੇ ਡਿੱਗੇ ਪਏ ਹਨ, ਬਹੁਤ ਲੋਥਾਂ ਪਈਆਂ ਹਨ॥ ੨੩॥

ਜਹਿੰ ਖਾਨ ਖਰੋ। ਤਹਿੰ ਆਨਿ ਅਰੋ। ਭਟ ਬ੍ਰਿੰਦ ਲਿਏ। ਤਹਿੰ ਠਾਂਢ ਕਿਏ ॥੨੪॥

ਜਿਥੇ ਖਾਨ ਖਲੋਤਾ ਸੀ, ਉਥੇ ਆ ਕੇ ਅੜ ਗਿਆ, ਨਾਲ ਬਹੁਤ ਸੂਰਮੇ ਲਏ ਤੇ ਉਥੇ ਖੜੇ ਕਰ ਦਿੱਤੇ॥ ੨੪॥

ਅਗਨੀ ਉਗਲਾ। ਗੁਲਕਾਨਿ ਡਲਾ। ਕਸਿ ਛੋਰਿ ਦਈ। ਬਹੁ ਮਾਰਿ ਕਈ ॥੨੫॥

ਬੰਦੂਕਾਂ ਵਿਚ ਗੋਲੀਆਂ ਪਾਈਆਂ, ਕੱਸ ਕੇ ਛੱਡ ਦਿੱਤੀਆਂ, ਬਹੁਤ ਮਾਰ ਕੀਤੀ॥ ੨੫॥

ਭਟ ਭੂਮਿ ਗਿਰੇ। ਹਯ ਛੂਛ ਫਿਰੇ। ਤੁਰਕਾਨਿ ਹਨੇ। ਤਜਿ ਪ੍ਰਾਨ ਘਨੇ ॥੨੬॥

ਸੂਰਮੇ ਧਰਤੀ ਤੇ ਡਿੱਗ ਪਏ, ਘੋੜੇ ਖਾਲੀ ਫਿਰ ਰਹੇ ਸਨ, ਤੁਰਕਾਂ ਨੂੰ ਮਾਰਿਆ, ਪ੍ਰਾਣ ਛੱਡ ਤੇ ਚਲੇ ਗਏ॥ ੨੬॥

ਦਿਸਿ ਦ੍ਵੈ ਰਿਸ ਕੈ। ਤੁਪਕਾਂ ਕਸਿ ਕੈ। ਸਮੁਦਾਇ ਛਟੈਂ। ਮੁਖ ਸੂਰ ਜੁਟੈਂ ॥੨੭॥

ਦੋਵੇਂ ਪਾਸੇ ਗੁੱਸੇ ਵਿਚ ਆ ਕੇ, ਬੰਦੂਕਾਂ ਕੱਸ ਕੇ, ਇਕੱਠੀਆਂ ਚਲਾਈਆਂ, ਸੂਰਮੇ ਆਪਸ ਵਿਚ ਜੁਟੇ ਸਨ॥ ੨੭॥

ਨਹਿੰ ਪਾਛਿ ਹਟੇ। ਤਿਸ ਥਾਨ ਲਿਟੇ। ਸਿਰ ਫਟਿ ਗਏ। ਗੁਲਕਾਨਿ ਹਏ ॥੨੮॥

ਪਿੱਛੇ ਨਾ ਹਟੇ, ਉਸੇ ਥਾਂ ਹੀ ਲੰਮੇ ਪੈ ਗਏ, ਗੋਲੀਆਂ ਲੱਗਣ ਨਾਲ ਸਿਰ ਫੱਟ ਗਏ॥੨੮॥

ਸ੍ਵੈਯਾ-ਸ਼ੀਘ੍ਰ ਚਲਾਇ ਕੁਦਾਇ ਤੁਰੰਗ ਕੋ ਰੋਸ ਭਰਯੋ ਮਥੁਰਾ ਮਨ ਮੈਂ।
ਬੈਰਮਖਾਨ ਕੇ ਨੇਰ ਢੁਕਯੋ ਪਿਖਿ ਆਵਤਿ ਦੀਹ ਵਧਯੋ ਰਨ ਮੈਂ।
ਉਚਿ ਪੁਕਾਰ ਕਹਯੋ ਲਲਕਾਰ 'ਹਨੇ ਭਟ ਤੈਂ ਪ੍ਰਵਿਸ਼ਯੋ ਗਨ ਮੈਂ।
ਸੂਰ ਮਿਲਯੋ ਨਹਿੰ ਕੋ ਅਬਿ ਲੌ,ਥਿਰਤਾ ਕਰਿ ਬੀਰ ! ਅਯੋਧਨ ਮੈਂ ॥੨੯॥

ਮਥੁਰਾ ਨੇ ਛੇਤੀ ਹੀ ਘੋੜੇ ਨੂੰ ਭਜਾਇਆ ਤੇ ਕੁਦਵਾਇਆ ਤੇ ਉਸ ਦੇ ਮਨ ਵਿਚ ਬੜਾ ਰੋਸ ਭਰ ਗਿਆ। ਬੈਰਮ ਖਾਂ ਨੂੰ ਨੇੜੇ ਆਇਆ ਵੇਖ ਕੇ ਰਣਖੇਤਰ ਵਿਚ ਬੜਾ ਰੋਸ ਵਧਿਆ। ਉੱਚੀ ਪੁਕਾਰ ਕੇ ਲਲਕਾਰ ਕੇ ਕਿਹਾ, "ਤੂੰ ਰਣਖੇਤਰ ਵਿਚ ਆ ਕੇ ਬਹੁਤ ਸੂਰਮਿਆਂ ਨੂੰ ਮਾਰਿਆ ਹੈ, ਹੁਣ ਤਕ ਤੈਨੂੰ ਕੋਈ ਸੂਰਮਾ ਮਿਲਿਆ ਨਹੀਂ ਹੈ, ਜਿਹੜਾ ਸੂਰਮਾ ਰਣਖੇਤਰ ਵਿਚ ਸਥਿਰਤਾ ਧਾਰਨ ਕਰ ਸਕਦਾ॥ ੨੯॥

ਸਾਮੁਹੇ ਮੋਹਿ ਖਰੋ ਅਬਿ ਹੋਹੁ, ਟਰੋ ਨਹਿੰ, ਤੋਹਿ ਦਿਖਾਵਹੁੰ ਹਾਥਾ'।
ਯੌਂ ਸੁਨਿ ਬੈਰਮਖਾਨ ਹਸਜੋ 'ਤੁਮ ਜਾਨਤਿ ਕਜਾ ਹਥਿਆਰਨਿ ਗਾਥਾ ?।
ਮੈਂ ਜਬਿ ਲੌ ਨ ਕੁਪਜੋ ਤੁਮ ਪੈ ਤਬਿ ਲੌ ਤੁਰਕਾਨਿ ਹਨਹੁ ਬਲਿ ਸਾਥਾ।
ਦੇਖਹੁ ਮਾਰਤਿ ਹੌਂ ਸਭਿ ਕੋ ਕਰਿ ਹੌਂ ਬਹੁ ਰੁੰਡ ਕਟੌਂ ਗਨ ਮਾਥਾ'॥ ੩੦॥

ਹੁਣ ਮੇਰੇ ਸਾਹਮਣੇ ਆ ਕੇ ਖੜਾ ਹੋ, ਟਾਲੇ ਨਹੀਂ, ਤੈਨੂੰ ਮੈਂ ਆਪਣੇ ਹੱਥ ਵਿਖਾਵਾਂਗਾ' ਇਹ ਸੁਣ ਕੇ ਬੈਰਮ ਖਾਨ ਹੱਸ ਕੇ ਕਹਿਣ ਲੱਗਾ, "ਕੀ ਤੂੰ ਜਾਣਦਾ ਹੈਂ ਕਿ ਹਥਿਆਰਾਂ ਦੀ ਕੀ ਕਹਾਣੀ ਹੈ ? ਜਦ ਤਕ ਮੈਂ ਰੋਹ ਵਿਚ ਆ ਕੇ ਤੇਰੇ ਤੇ ਵਾਰ ਨਹੀਂ ਕਰਦਾ ਤਦ ਤਕ ਤੂੰ ਆਪਣੀ ਤਾਕਤ ਨਾਲ ਤੁਰਕਾਂ ਨੂੰ ਮਾਰਿਆ ਹੈ। ਹੁਣ ਵੇਖੋ, ਮੈਂ ਸਾਰਿਆਂ ਨੂੰ ਹੀ ਮਾਰਦਾ ਹਾਂ ਤੇ ਤੁਹਾਡੇ ਧੜਾਂ ਤੋਂ ਸਿਰਾਂ ਨੂੰ ਕੱਟਦਾ ਹਾਂ'॥ ੩੦॥

ਬੋਲਤਿ ਬੈਰਮਖਾਨ 'ਖਰੋ', ਤਬਿ ਜੋਰਿ ਤੁਫੰਗ ਕੋ ਘੋਰ ਪ੍ਰਹਾਰੀ।
ਯੌਂ ਕੜਕੀ ਜਨੁ ਗਾਜ ਪਰੀ, ਲਖਿ ਖਾਨਿ ਤੁਰੰਗ ਕੁਦਾਇ ਅਗਾਰੀ।
ਆਪ ਗਯੋ ਬਚਿ ਬਾਹਨਿ ਕੇ ਲਗਿ ਟੂਟ ਗਈ ਤਿਹ ਟਾਂਗ ਪਿਛਾਰੀ।
ਤੂਰਨ ਹੀ ਅਵਿਨੀ ਗਿਰ ਗਾ, ਪਦ ਤੀਨ ਤੇ ਨਾਂਹਿਨਿ ਚਾਲਿ ਅਗਾਰੀ॥ ੩੧॥

ਬੈਰਮ ਖਾਨ ਨੂੰ ਕਿਹਾ 'ਖੜੇ ਹੋ ਜਾ' ਤਦ ਮਥਰਾ ਨੇ ਬੰਦੂਕ ਦਾ ਤੋੜਾ ਜੋੜ ਕੇ ਬੰਦੂਕ ਦਾ ਵਾਰ ਕੀਤਾ। ਬੰਦੂਕ ਇਸ ਤਰ੍ਹਾਂ ਕੜਕੀ ਮਾਨੋਂ ਬੱਦਲ ਗਜਿਆ ਹੋਵੇ। ਬੈਰਮ ਖਾਨ ਨੇ ਮਥਰੇ ਨੂੰ ਵੇਖ ਲਿਆ ਤੇ ਘੋੜਾ ਅੱਗੇ ਨੂੰ ਕੁਦਾ ਲਿਆ। ਬੈਰਮ ਖਾਨ ਆਪ ਤਾਂ ਬਚ ਗਿਆ, ਪਰ ਗੋਲੀ ਘੋੜੇ ਨੂੰ ਜਾ ਕੇ ਲੱਗੀ ਤੇ ਉਸ ਦੀ ਪਿਛਲੀ ਲੱਤ ਟੁੱਟ ਗਈ। ਤੁਰਤ ਧਰਤੀ ਤੇ ਡਿੱਗ ਪਿਆ, ਤਿੰਨ ਪੈਰ ਵੀ ਅੱਗੇ ਨਾ ਚੱਲ ਸਕਿਆ॥ ੩੧॥

ਬੈਰਮਖਾਨ ਖਰੋ ਧਰਨੀ ਪਰ ਢਾਲ ਕ੍ਰਿਪਾਨ ਕੋ ਹਾਥ ਸੰਭਾਰੇ।
ਹ੍ਵੈ ਹੁਸ਼ਿਆਰ ਪ੍ਰਹਾਰਨਿ ਲਾਗਿ ਕਟੈ ਗਨ ਅੰਗ ਧਰਾ ਪਰ ਡਾਰੇ।
ਘੋਰਨਿ ਕੈ ਅਰੁ ਸੂਰਨਿ ਕੈ ਅਸਿ ਮਾਰਤਿ, ਆਪ ਬਚਾਵਨਿ ਧਾਰੇ।
ਕੇਤੇ ਗਿਰੇ ਭਟ ਨਾਂਹਿ ਸੰਭਾਰਤਿ ਕੇਤਿਕ ਆਇ ਪਰੈਂ ਲਲਕਾਰੇ॥ ੩੨॥

ਬੈਰਮ ਖਾਂ ਧਰਤੀ ਤੇ ਖੜਾ ਸੀ ਤੇ ਢਾਲ, ਕਿਰਪਾਨ ਨੂੰ ਹੱਥ ਵਿਚ ਸੰਭਾਲਿਆ ਹੋਇਆ ਸੀ। ਹੁਸ਼ਿਆਰ ਹੋ ਕੇ ਵਾਰ ਕਰਨ ਲੱਗਾ ਤੇ ਕਈਆਂ ਦੇ ਅੰਗ ਕੱਟ ਕੇ ਧਰਤੀ ਤੇ ਸੁੱਟ ਦਿੱਤੇ। ਘੋੜਿਆਂ ਅਤੇ ਸੂਰਮਿਆਂ ਨੂੰ ਮਾਰਦਾ ਸੀ ਤੇ ਆਪਣਾ ਬਚਾ ਕਰਦਾ ਸੀ। ਕਈ ਸੂਰਮੇ ਡਿੱਗ ਪਏ ਤੇ ਆਪਣੇ ਆਪ ਨੂੰ ਨਾ ਸੰਭਾਲ ਸਕੇ, ਕਈ ਲਲਕਾਰੇ ਮਾਰ ਕੇ ਆ ਕੇ ਪੈਂਦੇ ਸਨ॥ ੩੨॥

ਸ੍ਰੀ ਗੁਰੂ ਕੇ ਭਟ ਮਾਰਨਿ ਕੇ ਹਿਤ ਬੈਰਮਖਾਨ ਕੋ ਘੇਰਿ ਲਯੋ।
ਖਾਇ ਪ੍ਰਹਾਰ ਨਹੀਂ ਕਿਸਿ ਤੇ, ਕਰਿ ਬ੍ਰਿੰਦ ਉਪਾਇ ਨ ਘਾਇ ਘਯੋ।
ਚੰਚਲਤਾ ਧਰਿ ਨਾਚਤਿ ਹੈ ਜਨੁ ਢਾਲ ਤੇ ਵਾਰ ਕੋ ਰੋਕ ਦਿਯੋ।,
ਤੇਗ ਤੇ ਮਾਰਤਿ ਆਪਿ ਬਚਾਇ ਕੈ ਸੂਰ ਹਿਰਾਨ ਭਏ ਨ ਹਯੋ॥ ੩੩॥

ਗੁਰੂ ਜੀ ਦੇ ਸੂਰਮਿਆਂ ਨੇ ਬੈਰਮ ਖਾਂ ਨੂੰ ਮਾਰਨ ਵਾਸਤੇ ਘੇਰਾ ਪਾ ਲਿਆ, ਪਰ ਉਹ ਕਿਸੇ ਦੇ ਵਾਰ ਨੂੰ ਵੀ ਲੱਗਣ ਨਹੀਂ ਸੀ ਦਿੰਦਾ, ਸਾਰੇ ਹੀ ਯਤਨ ਕਰ ਰਹੇ, ਪਰ ਉਸ ਨੇ ਜ਼ਖਮ ਨਾ ਖਾਧਾ। ਬੜਾ ਚੰਚਲ ਹੋ ਕੇ ਨੱਠਦਾ ਸੀ ਤੇ ਸਾਰਿਆਂ ਦੇ ਵਾਰਾਂ ਨੂੰ ਢਾਲ ਤੇ ਰੋਕ ਲੈਂਦਾ ਸੀ। ਆਪਣੇ ਆਪ ਨੂੰ ਬਚਾ ਕੇ ਤਲਵਾਰ ਚਲਾਉਂਦਾ ਸੀ, ਸਾਰੇ ਸੂਰਮੇ ਹੈਰਾਨ ਸਨ ਕਿ ਇਹ ਮਾਰਿਆ ਨਹੀਂ ਗਿਆ॥ ੩੩॥

ਯੌਂ ਪਿਖਿ ਕੈ ਮਥੁਰਾ ਰਿਸਿ ਕੈ ਹਯ ਤੇ ਉਤਰਜੋ ਤਤਕਾਲ ਤਹਾਂ।
ਦਾਵ ਤਕਜੋ, ਕਰਵਾਰ ਨ ਖਾਇ, ਇਤੈ ਉਤ ਧਾਇ ਬਚਾਇ ਮਹਾਂ।
ਤੂਰਨਤਾ ਧਰਿ ਕੈ ਤਬਿ ਔਚਕ ਜੋਰ ਕਰਜੋ ਹਤਿ ਵਾਰ ਜਹਾਂ।
ਦੋਨ ਭੁਜਾਨ ਕੇ ਬੀਚ ਗਹਜੋ, ਛੁਟਿ ਜਾਨ ਚਹਜੋ, ਛੁਟਿਬੋ ਨ ਲਹਾ॥ ੩੪॥

ਇਹ ਵੇਖ ਕੇ ਮਥਰਾ ਗੁੱਸੇ ਵਿਚ ਆ ਕੇ ਤੁਰਤ ਓਥੇ ਘੋੜੇ ਤੋਂ ਉਤਰਿਆ। ਦਾਅ ਤਕਿਆ ਕਿ ਤਲਵਾਰ ਦਾ ਵਾਰ ਨਾ ਲੱਗੇ, ਏਧਰ ਓਧਰ ਭੱਜ ਕੇ ਆਪਣੇ ਆਪ ਨੂੰ ਬਚਾਇਆ। ਫਿਰ ਛੇਤੀ ਨਾਲ ਅਚਨਚੇਤ ਹੀ ਜਿਥੇ ਬੈਰਮ ਖਾਂ ਜ਼ੋਰ ਨਾਲ ਵਾਰ ਮਾਰ ਰਿਹਾ ਸੀ, ਦੋਹਾਂ ਬਾਹਾਂ ਦੇ ਵਿਚੋਂ ਜਾ ਫੜਿਆ। ਬੈਰਮ ਖਾਨ ਨੇ ਛੁੱਟਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਛੁੱਡਵਾ ਨਾ ਸਕਿਆ॥ ੩੪॥

ਬਾਹਿਨ ਕੇ ਬਲ ਕੋ ਕਰਿਕੈ ਉਲਟਾਇ ਕੈ ਬੈਰਮਖਾਂਨ ਗਿਰਾਯੋ।
ਛੀਨ ਕ੍ਰਿਪਾਨ ਹਨੀ ਤਿਸ ਗ੍ਰੀਵ ਕਟਯੋ ਧਰ ਤੇ ਸਿਰ ਦੂਰ ਬਗਾਯੋ।
ਦੇਖਤਿ ਹੀ ਮਥੁਰਾ ਬਲ ਕੋ ਗੁਰੂ ਕੇ ਦਲ ਦੀਰਘ ਹੀ ਹਰਖਾਯੋ।
ਖਾਨ ਕੀ ਸੈਨ ਰਿਸੀ ਅਤਿਸ਼ੈ ਜਿਨ ਕੋ ਸਿਰਦਾਰ ਧਰਾ ਉਥਲਾਯੋ॥ ੩੫॥

ਬਾਹਾਂ ਨਾਲ ਜ਼ੋਰ ਲਾ ਕੇ ਬੈਰਮ ਖਾਨ ਨੂੰ ਉਲਟਾ ਕੇ ਡੇਗ ਦਿੱਤਾ। ਉਸ ਦੀ ਕਿਰਪਾਨ ਖੋਹ ਕੇ ਉਸ ਤੇ ਵਾਰ ਕੀਤਾ ਤੇ ਧੌਣ ਕੱਟ ਕੇ ਧੜ ਅਤੇ ਸਿਰ ਨੂੰ ਦੂਰ ਸੁੱਟ ਦਿੱਤਾ। ਮਥਰੇ ਦੀ ਏਨੀ ਮਹਾਨ ਸ਼ਕਤੀ ਨੂੰ ਵੇਖ ਕੇ ਗੁਰੂ ਜੀ ਦੇ ਦਲ ਦੇ ਸੈਨਿਕ ਬਹੁਤ ਪ੍ਰਸੰਨ ਹੋਏ। ਖਾਨ ਦੇ ਸੈਨਿਕ ਬਹੁਤ ਗੁੱਸੇ ਵਿਚ ਆ ਗਏ, ਜਿਨ੍ਹਾਂ ਦੇ ਸਰਦਾਰ ਨੂੰ ਕੱਟ ਕੇ ਧਰਤੀ ਤੇ ਸੁੱਟ ਦਿੱਤਾ ਸੀ॥ ੩੫॥

ਆਨਿ ਪਰੇ ਮਥਰਾ ਸਿਰ ਊਪਰ ਤੋਮਰ ਤੀਰ ਹਨੈ ਤਰਵਾਰੈਂ।
ਘੇਰਿ ਲਿਯੋ ਬਡ ਬੀਰ ਬਹਾਦੁਰ ਰਾਤਿ ਕੋ ਚੰਦ ਜਥਾ ਪਰਵਾਰੈਂ।
ਹ੍ਵੈ ਪੁਰਜ਼ੇ ਪੁਰਜ਼ੇ ਗਿਰ ਗਾ ਤਬਿ ਆਪਿ ਮਰਜੋ ਬਹੁ ਸ਼ੱਤ੍ਰਨਿ ਮਾਰੇ।
ਦੇਖਿ ਗੁਰੂ ਬਿਕਸੇ ਪੁਰਸ਼ਾਰਥ, 'ਧੰਨ' ਸਭੈ ਸਿੱਖ ਤਾਂਹਿ ਉਚਾਰੈਂ॥ ੩੬॥

ਉਹ ਸਾਰੇ ਆ ਕੇ ਮਥਰਾ ਦੇ ਸਿਰ ਉਪਰ ਆ ਪਏ ਤੇ ਨੇਜ਼ੇ, ਤੀਰ ਅਤੇ ਤਲਵਾਰਾਂ ਚਲਾਉਣ ਲੱਗੇ। ਵੱਡੇ ਬੀਰ ਬਹਾਦਰ ਨੂੰ ਉਨ੍ਹਾਂ ਇਸ ਤਰ੍ਹਾਂ ਘੇਰਾ ਪਾ ਲਿਆ ਜਿਸ ਤਰ੍ਹਾਂ ਰਾਤ ਨੂੰ ਚੰਦ ਨੂੰ ਤਾਰੇ ਘੇਰ ਲੈਂਦੇ ਹਨ। ਫਿਰ ਪੁਰਜ਼ੇ ਪੁਰਜ਼ੇ ਹੋ ਕੇ ਡਿੱਗ ਪਿਆ, ਬਹੁਤ ਵੈਰੀ ਮਾਰ ਕੇ ਆਪ ਵੀ ਮਰ ਗਿਆ। ਗੁਰੂ ਜੀ ਉਸ ਦਾ ਬਲ ਵੇਖ ਕੇ ਬਹੁਤ ਪ੍ਰਸੰਨ ਹੋਏ, "ਮਥਰਾ ਧੰਨ ਹੈ" ਸਾਰੇ ਸਿੱਖਾਂ ਨੇ ਉਚਾਰਣ ਕੀਤਾ॥ ੩੬॥

ਆਪਸ ਮੈਂ ਮਿਲਿ ਸੈਨ ਗਈ ਤਜਿ ਹਾਕ ਤੁਰੰਗਨਿ ਕੋ ਲਲਕਾਰੇ।
ਤੋਮਰ ਕੀ ਬਡ ਮਾਰ ਮਚੀ, ਤਲਵਾਰ ਨਚੀ, ਚਲਿ ਲੋਹੂ ਪਨਾਰੇ।
ਫੇਰਿ ਕਟਾਰਨਿ ਜੁਟਿ ਗਏ ਜਨੁ ਹੇਰੁ ਬਰੰਗਨਿ ਪ੍ਰਾਨ ਦੇ ਵਾਰੇ।
ਮਾਰਿ ਮਰੇ ਧਰ ਬੀਚ ਪਰੇ, ਧਰ ਸੀਸ ਕਟੇ ਨ ਹਟੇ ਪਿਛਵਾਰੇ॥ ੩੭॥

ਸੈਨਾ ਆਪਸ ਵਿਚ ਮਿਲ ਗਈ ਤੇ ਹੱਥਾਂ ਵਿਚੋਂ ਬੰਦੂਕਾਂ ਛੱਡ ਲਲਕਾਰੇ ਮਾਰੇ। ਫਿਰ ਨੇਜ਼ਿਆਂ ਦਾ ਵੱਡਾ ਯੁੱਧ ਮਚਿਆ ਤੇ ਤਲਵਾਰ ਇਸ ਤਰ੍ਹਾਂ ਨੱਚੀ ਕਿ ਲਹੂ ਦੇ ਪਰਨਾਲੇ ਚਲ ਪਏ। ਫਿਰ ਕਟਾਰਾਂ ਲੈ ਕੇ ਜੁੱਟ ਪਏ, ਮਾਨੋਂ ਹੂਰਾਂ ਨੂੰ ਵੇਖ ਕੇ ਜਾਨਾਂ ਵਾਰ ਰਹੇ ਸਨ। ਮਾਰ ਕੇ ਅਤੇ ਮਰ ਕੇ ਧਰਤੀ ਤੇ ਪਏ ਸਨ, ਧੜ ਨਾਲੋਂ ਸੀਸ ਕੱਟੇ ਗਏ ਸਨ, ਪਰ ਪਿੱਛੇ ਨਹੀਂ ਸੀ ਹਟੇ॥ ੩੭॥

ਦੋਹਰਾ- **ਇਮ ਮਾਚਯੋ ਘਮਸਾਨ ਤਬਿ ਮਰੇ ਹਜ਼ਾਰਹੁਂ ਬੀਰ।**
**ਪਿਖਿ ਭਾਜੇ ਕਾਇਰ ਤਬੈ, ਸੂਰ ਰਹੇ ਧਰਿ ਧੀਰ॥ ੩੮॥**

ਇਸ ਤਰ੍ਹਾਂ ਘਮਸਾਣ ਦਾ ਯੁੱਧ ਹੋਇਆ ਤੇ ਹਜ਼ਾਰਾਂ ਸੂਰਮੇ ਮਾਰੇ ਗਏ, ਕਾਇਰ ਵੇਖ ਕੇ ਭੱਜ ਗਏ ਤੇ ਸੂਰਮੇ ਧੀਰਜ ਧਾਰ ਕੇ ਓਥੇ ਹੀ ਰਹੇ॥ ੩੮॥

*ਛੇਵੀਂ ਰਾਸ ਦਾ ਤੇਤੀਵਾਂ ਅਧਿਆਇ ਸਮਾਪਤ ਹੋਇਆ॥ ੩੩॥*

## ਅਧਿਆਇ ਚੌਂਤੀਵਾਂ

### ਬਲਵੰਡ ਖਾਂ ਅਤੇ ਕਲਿਆਣੇ ਦੀ ਹੱਤਿਆ

ਦੋਹਰਾ- **ਬਜੇ ਜੁਝਾਊ ਦੁਹ ਦਿਸ਼ਿਨਿ ਉਮਡਿ ਚਲੀ ਬਡ ਸੈਨ।**
**ਕੱਲਜਾਣਾ ਤਬਿ ਕੋਪ ਕੈ ਤੁਰਕਨਿ ਕੋ ਪਿਖਿ ਨੈਨ॥ ੧॥**

ਦੋਹੀਂ ਪਾਸੀਂ ਮਾਰੂ ਵਾਜੇ ਵੱਜੇ ਤੇ ਸੈਨਾ ਉੱਮਡ ਕੇ ਚਲ ਪਈ, ਕਲਿਆਣਾ ਫਿਰ ਤੁਰਕਾਂ ਨੂੰ ਵੇਖ ਕੇ ਬੜੇ ਗੁੱਸੇ ਵਿਚ ਆ ਗਿਆ॥ ੧॥

ਭੁਯੰਗ ਛੰਦ- **ਜਹਾਂ ਭੇੜ ਗਾੜ੍ਹੋ, ਕਰਾਚੋਲ ਚਾਲੈਂ। ਪਰਯੋ ਧਾਇ ਸੂਰਾ ਅਨੀ ਬ੍ਰਿੰਦ ਹਾਲੈਂ।**
**ਤੁਫੰਗਾਨਿ ਮੈਂ ਦੋਇ ਡਾਲੰਤਿ ਗੋਰੀ। ਕਰਯੋ ਚੋਇ ਢੂਕੇ ਇਕੰਬਾਰ ਛੋਰੀ॥੨॥**

ਜਿਥੇ ਵੱਡਾ ਸੰਘਣਾ ਭੇੜ ਹੋ ਰਿਹਾ ਸੀ ਤੇ ਤਲਵਾਰਾਂ ਚੱਲ ਰਹੀਆਂ ਸਨ, ਓਥੇ ਸੂਰਮਾ ਭੱਜ ਕੇ ਜਾ ਪਿਆ ਤੇ ਸਾਰੀ ਫੌਜ ਹਿੱਲ ਗਈ। ਬੰਦੂਕਾਂ ਵਿਚ ਦੋਵੇਂ ਪਾਸੇ ਗੋਲੀਆਂ ਭਰ ਰਹੇ ਸਨ, ਤੇ ਸਾਰੀਆਂ ਬੰਦੂਕਾਂ ਇਕ ਵਾਰ ਹੀ ਚਲਾ ਦਿੱਤੀਆਂ॥ ੨॥

**ਪਲੀਤੇ ਧੁਖੇ ਬ੍ਰਿੰਦ ਜ੍ਵਾਲਾ ਉਗਾਲੀ। ਉਠੈ ਨਾਦ ਊਚੇ ਦੁਊ ਓਰ ਚਾਲੀ।**
**ਬਹੀ ਸ਼ੂਂਕ ਗਰੀ ਸੜਾਕੇ ਲਗੰਤੀ। ਕਿਸੂ ਤੁੰਡ ਕੈ ਮੁੰਡ ਖੰਡੇ ਧਸੰਤੀ॥ ੩॥**

ਸਮੂਹ ਬੰਦੂਕਾਂ ਦੇ ਪਲੀਤੇ ਧੁਖੇ ਤੇ ਉਨ੍ਹਾਂ ਵਿਚੋਂ ਜਵਾਲਾਮੁਖੀ ਅਗਨੀ ਨਿਕਲੀ, ਦੋਵਾਂ ਪਾਸਿਆਂ ਤੋਂ ਇਕੱਠੀਆਂ ਗੋਲੀਆਂ ਚਲਣ ਨਾਲ ਬਹੁਤ ਉੱਚੀ ਆਵਾਜ਼ ਪੈਦਾ ਹੋਈ, ਗੋਲੀਆਂ ਦੀ ਵਾਛੜ ਜਦ ਅੱਗੇ ਜਾ ਕੇ ਲਗਦੀ ਸੀ ਤਾਂ ਕਿਸੇ ਦਾ ਮੁਖ ਜਾਂ ਸਿਰ ਤੋੜਦੀ ਹੋਈ ਧਸ ਜਾਂਦੀ ਸੀ॥ ੩॥

**ਕਸੈਂ ਫੇਰ ਬਾਰੂਦ ਡਾਲੈਂ ਸ਼ਿਤਾਬੀ। ਲਗੈਂ ਸੂਰ ਘੂਮੈਂ ਗਿਰੈਂ ਜਯੋਂ ਸ਼ਰਾਬੀ।**
**ਛਣੰਕਾਰ ਹਵੈ ਗਜੈਂ ਕੇਰ ਠੋਕੇ। ਕੜਾਕਾੜ ਛੋਰੈਂ ਸਭੈ ਸ਼ੱਤ੍ਰੂ ਰੋਕੇ॥ ੪॥**

ਫਿਰ ਤੁਰਤ ਦੁਬਾਰਾ ਕੱਸ ਕੇ ਬਾਰੂਦ ਭਰਦੇ ਸਨ, ਤੇ ਗੋਲੀਆਂ ਲੱਗਣ ਨਾਲ ਸੂਰਮੇ ਭੁਆਟਣੀਆਂ ਖਾ ਕੇ ਇੰਝ ਡਿੱਗਦੇ

ਸਨ, ਜਿਵੇਂ ਸ਼ਰਾਬੀ ਹੋਣ। ਬੰਦੂਕਾਂ ਵਿਚ ਗਜਾਂ ਦੇ ਠੋਕਣ ਨਾਲ ਬੜੀ ਛਣਕਾਰ ਹੁੰਦੀ ਸੀ, ਕਾੜ-ਕਾੜ ਛੱਡ ਕੇ, ਵੈਰੀ ਨੂੰ ਰੋਕਦੇ ਸਨ॥ ੪॥

ਜਹਾਂ ਖਾਨ ਕੇ ਚੁੰਗ ਬਾਂਧੇ ਲਰੰਤੇ। ਕਰੀ ਮਾਰ ਭਾਰੀ ਗਿਰੰਤੇ ਮਰੰਤੇ।
ਪਰੇ ਜਾਇ ਜੋਧਾ ਗੁਰੂ ਸਿੱਖ ਬੰਕੇ। ਕਰੈਂ ਸ਼ੀਘ੍ਰਤਾ ਭੂਰ ਨਾਂਹੀ ਅਤੰਕੇ॥ ੫॥

ਜਿਥੇ ਪਠਾਣ ਟੋਲੀਆਂ ਬੰਨ੍ਹ ਕੇ ਲੜਦੇ ਸਨ, ਉਥੇ ਭਾਰੀ ਮਾਰ ਕੀਤੀ, ਕਈ ਡਿੱਗ ਕੇ ਮਰ ਜਾਂਦੇ ਸਨ। ਗੁਰੂ ਜੀ ਦੇ ਬਾਂਕੇ ਜੋਧੇ ਸਿੱਖ ਟੁੱਟ ਕੇ ਪੈ ਗਏ, ਬਹੁਤ ਸ਼ੀਘਰਤਾ ਕਰਦੇ ਸਨ ਤੇ ਰਤਾ ਭਰ ਵੀ ਡਰਦੇ ਨਹੀਂ ਸਨ॥ ੫॥

ਧਰੈਂ ਸੂਰਤਾ ਸ੍ਰੀ ਗੁਰੂ ਕੋ ਦਿਖਾਵੈਂ। ਬੰਗਾਰੈਂ ਮਲੇਛਾਨਿ ਸੋਹੈਂ ਚਲਾਵੈਂ।
ਗਿਰੇ ਬੀਰ ਬੰਕੇ ਕਰੇ ਮੂਛ ਬੰਕੀ। ਪ੍ਰਹਾਰੈਂ ਕਿਤੇ ਕੋਇ ਭਾਜੇ ਸਸ਼ੰਕੀ॥ ੬॥

ਬਹਾਦਰੀ ਧਾਰਨ ਕਰਕੇ ਗੁਰੂ ਜੀ ਨੂੰ ਵਿਖਾਉਂਦੇ ਸਨ, ਮਲੇਛਾਂ ਨੂੰ ਵੰਗਾਰਦੇ ਸਨ ਤੇ ਹਥਿਆਰ ਚਲਾਉਂਦੇ ਬੜੇ ਸ਼ੋਭਦੇ ਸਨ। ਮੁੱਛਾਂ ਨੂੰ ਤਾਅ ਦੇਣ ਵਾਲੇ ਬਾਂਕੇ ਵੀਰ ਡਿੱਗੇ ਪਏ ਸਨ, ਕਿਤੇ ਕੋਈ ਵਾਰ ਕਰਦਾ ਸੀ ਕੋਈ ਡਰਿਆ ਹੋਇਆ ਭੱਜ ਰਿਹਾ ਸੀ॥ ੬॥

ਪਰੀ ਲੋਥ ਪੈ ਲੋਥ ਪੋਥਾਨਿ ਹੋਈ। ਤੁਫੰਗੈਂ ਗਿਰੰਤੀ ਸੰਭਾਰੰਤਿ ਕੋਈ।
ਉਤੈ ਖਾਨ ਢੂਕੇ ਇਤੈ ਸਿੱਖ ਗਾਜੇ। ਭਏ ਸੰਮੁਖੈ ਸੂਰ ਪੀਛੈ ਨ ਭਾਜੇ॥ ੭॥

ਲੋਥ ਤੇ ਲੋਥ ਢੇਰੀ ਹੋਈ ਪਈ ਸੀ, ਕੋਈ ਬੰਦੂਕਾਂ ਨਾਲ ਡੇਗਿਆਂ ਨੂੰ ਸੰਭਾਲ ਰਿਹਾ ਸੀ। ਓਧਰੋਂ ਪਠਾਣ ਆਏ ਏਧਰੋਂ ਸਿੱਖ ਗੱਜੇ ਸਨਮੁਖ ਹੋਏ ਸੂਰਮੇ ਫਿਰ ਪਿੱਛੇ ਨਹੀਂ ਸੀ ਭੱਜਦੇ॥੭॥

ਦੋਹਰਾ-ਮਾਰ ਮਚੀ ਦੂਹੂੰ ਓਰ ਤੇ ਭਟ ਕੱਲਯਾਨਾ ਧਾਇ।
ਪਰਜੋ ਬੀਚ ਤੁਰਕਾਨਿ ਕੇ 'ਮਾਰਿ ਮਾਰਿ' ਮੁਖ ਗਾਇ॥ ੮॥

ਦੋਹਾਂ ਪਾਸਿਆਂ ਤੋਂ ਬੜੀ ਮਾਰ ਮੱਚੀ ਤੇ ਸੂਰਬੀਰ ਕਲਿਆਣਾ ਧਾ ਕੇ ਪੈ ਗਿਆ, 'ਮਾਰ ਮਾਰ' ਪੁਕਾਰਦਾ ਉਹ ਤੁਰਕਾਂ ਦੇ ਵਿਚ ਜਾ ਪਿਆ॥ ੮॥

ਪਾਧੜੀ ਛੰਦ-ਪਿਖਿ ਅਬਦੁਲ ਖਾਂ 'ਰਣ ਭਾ ਬਿਸਾਲ। ਗੁਰੂ ਬੀਰ ਆਨਿ ਪ੍ਰਵਿਸ਼ੰਤਿ ਜਾਲ।
ਕਟਿ ਗਈ ਬਾਹਨੀ ਬਹੁਤ ਖੇਤਿ। ਗਨ ਖਾਨ ਅੱਗ੍ਰ ਦਿਢ ਨਹਿਂ ਸੁਚੇਤ॥੯॥

ਅਬਦੁਲ ਖਾਂ ਨੇ ਵੇਖਿਆ, "ਬਹੁਤ ਵੱਡਾ ਯੁੱਧ ਮਚਿਆ ਹੈ, ਗੁਰੂ ਦੇ ਸੂਰਮੇ ਉਸ ਦੀ ਸੈਨਾ ਦੇ ਵਿਚ ਦਾਖਲ ਹੋ ਗਏ ਹਨ, ਬਹੁਤ ਫੌਜ ਰਣਖੇਤਰ ਵਿਚ ਕੱਟ ਕੇ ਮਰ ਗਈ ਹੈ। ਸਮੂਹ ਖਾਨ ਅੱਗੇ ਦ੍ਰਿੜ੍ਹ ਅਤੇ ਸੁਚੇਤ ਨਹੀਂ ਹਨ॥ ੯॥

ਉਤਸਾਹ ਹੀਨ ਨਹਿਂ ਲਰਤਿ ਧਾਇ'। ਤਬਿ ਕ੍ਰੋਧ ਧਾਰਿ ਬੋਲਜੋ ਸੁਨਾਇ।
ਬਲਵੰਡ ਖਾਨ ਕੋ ਢਿਗ ਬੁਲਾਇ। 'ਤੁਮ ਹੁਤੇ ਬੀਰ ਤੋਮਰ ਭ੍ਰਮਾਇ॥੧੦॥

ਉਤਸ਼ਾਹਹੀਣ ਹੋ ਕੇ ਅੱਗੇ ਧਾਵਾ ਬੋਲ ਕੇ ਨਹੀਂ ਲੜਦੇ ਹਨ।" ਤਦ ਉਹ ਕ੍ਰੋਧ ਧਾਰ ਕੇ ਸੁਣਾ ਕੇ ਬੋਲਿਆ ਅਤੇ ਬਲਵੰਡ ਖਾਨ ਨੂੰ ਆਪਣੇ ਪਾਸ ਬੁਲਾਇਆ, "ਤੂੰ ਨੇਜ਼ੇ ਬਾਜ਼ੀ ਦਾ ਵੱਡਾ ਸੂਰਮਾ ਹੈਂ॥ ੧੦॥

ਤਨ ਦੇਤਿ ਕਜੋਂ ਨ ਅਬਿ ਲਰਨ ਹੇਤੁ। ਗੁਰ ਸਿੱਖਨਿ ਰੋਕਜੋ ਜੰਗ ਖੇਤ।
ਜੇ ਹਰਿਗੁਵਿੰਦ ਕੋ ਲਿਹੁ ਨ ਮਾਰਿ। ਨਹਿਂ ਪਕਰਹੁ ਆਪਿ ਜਿ ਹੋ ਜਿ ਹਾਰਿ॥੧੧॥

ਹੁਣ ਲੜਨ ਵਾਸਤੇ ਆਪਣਾ ਸਰੀਰ ਕਿਉਂ ਨਹੀਂ ਦਿੰਦਾ ਹੈਂ, ਗੁਰੂ ਜੀ ਦੇ ਸਿੱਖਾਂ ਨੇ ਜੰਗ ਨੂੰ ਰਣਖੇਤਰ ਵਿਚ ਰੋਕਿਆ ਹੋਇਆ ਹੈ। ਜੇ ਸ੍ਰੀ ਹਰਿਗੋਬਿੰਦ ਨੂੰ ਤੁਸੀਂ ਮਾਰ ਜਾਂ ਫੜ ਨਹੀਂ ਲੈਂਦੇ ਤਾਂ ਸਾਡੀ ਹਾਰ ਹੋ ਜਾਵੇਗੀ॥ ੧੧॥

ਤੁਮ ਕਹੋ ਕਹਾਂ ਬੈਠਨਿ ਸਥਾਨ। ਨਹਿੰ ਬੀਚ ਸੁ ਬੋਲਨਿ ਦੇਹਿੰ ਖਾਨ।
ਗੁਰ ਅਲਪ ਸੈਨ ਤੇ ਅਰਹਿ ਜੰਗ। ਪੁਨ ਲਰਹੁ ਕਹਾਂ ਨਿਜ ਅਧਿਕ ਸੰਗ ? ॥੧੨ ॥

ਤੁਸੀਂ ਦੱਸੋ ਕਿਥੇ ਬੈਠਣ ਦਾ ਸਥਾਨ ਹੈ ਤੇ ਖਾਨ ਆਪਣੇ ਵਿਚ ਬੋਲਣ ਨਹੀਂ ਦੇਣਗੇ, ਗੁਰੂ ਜੀ ਦੇ ਸਿੱਖ ਥੋੜ੍ਹੀ ਗਿਣਤੀ ਵਿਚ ਹੋਣ ਤੇ ਵੀ ਜੰਗ ਵਿਚ ਅੜੇ ਹੋਏ ਹਨ, ਤੁਸੀਂ ਫਿਰ ਆਪ ਤੋਂ ਬਹੁਤਿਆਂ ਨਾਲ ਕਿਵੇਂ ਲੜਾਈ ਲੜੋਗੇ ? ॥ ੧੨ ॥

ਇਹ ਜਥੇਦਾਰ ਆਵਤਿ ਅਗਾਇ। ਸੁਰਖਾ ਤੁਰੰਗ ਚੰਚਲ ਕੁਦਾਇ।
ਇਸ ਹਤਹੁ ਅੱਗ੍ਰ ਹ੍ਵੈ ਕੈ ਰਿਸਾਇ। ਪੁਨ ਗੁਰੂ ਬਾਹਨੀ ਦਿਹੁ ਪਲਾਇ ॥੧੩ ॥

ਇਹ ਉਨ੍ਹਾਂ ਦਾ ਇਕ ਜਥੇਦਾਰ ਅੱਗੇ ਆ ਗਿਆ ਹੈ, ਚੰਚਲ ਲਾਲ ਘੋੜੇ ਨੂੰ ਕੁਦਾ ਰਿਹਾ ਹੈ, ਇਸ ਨੂੰ ਗੁੱਸੇ ਵਿਚ ਆ ਕੇ ਮਾਰੋ ਤੇ ਫਿਰ ਗੁਰੂ ਦੀ ਫੌਜ ਨੂੰ ਭਜਾ ਦੇਵੋ ॥੧੩ ॥

ਅਟਕੈ ਨ ਕੋਇ ਹੱਲਾ ਸੁ ਘਾਲਿ। ਭਟ ਅਲੀ ਬਖਸ਼ ਤਿਸ ਲੇਹੁ ਨਾਲਿ'।
ਬਲਵੰਡ ਖਾਨ ਪਰਚੰਡ ਬੀਰ। ਸੁਨਿ ਕੈ ਸ ਕ੍ਰੋਧ ਬਚ ਅਤਿ ਅਭੀਰ ॥ ੧੪ ॥

ਕੋਈ ਅੱਗੇ ਅਟਕੇ ਨਾ, ਇਸ ਤਰ੍ਹਾਂ ਜ਼ੋਰ ਨਾਲ ਹੱਲਾ ਕਰੋ, ਅਲੀ ਬਖਸ਼ ਸੂਰਮੇ ਨੂੰ ਲੈ ਲਵੋ।'' ਬਲਵੰਡ ਖਾਨ ਬੜਾ ਸ਼ਕਤੀਸ਼ਾਲੀ ਸੂਰਬੀਰ ਸੀ। ਇਹ ਸੁਣ ਕੇ ਉਸ ਨੇ ਬੜੀ ਬੀਰਤਾ ਵਾਲੇ ਸ਼ਬਦ ਕਹੇ ॥ ੧੪ ॥

ਘੋਰਾ ਕੁਦਾਇ ਤੋਮਰ ਸੰਭਾਰਿ। ਢਿਗ ਅਲੀਬਖਸ਼ ਲੀਨੋ ਹਕਾਰਿ।
ਹੁਇ ਸਮੁਖ ਚਲ੍ਯੋ ਗੁਰ ਕੇ ਰਿਸਾਇ। ਭਟ ਦ੍ਵੈ ਹਜ਼ਾਰ ਜਿਨ ਸੰਗ ਧਾਇ ॥੧੫ ॥

ਘੋੜੇ ਨੂੰ ਕੁਦਾ ਕੇ ਨੇਜ਼ੇ ਨੂੰ ਸੰਭਾਲਿਆ ਤੇ ਅਲੀ ਬਖਸ਼ ਨੂੰ ਆਪਣੇ ਪਾਸ ਬੁਲਾ ਲਿਆ। ਸਨਮੁਖ ਹੋ ਕੇ ਬੜੇ ਗੁੱਸੇ ਵਿਚ ਆ ਕੇ ਗੁਰੂ ਜੀ ਵੱਲ ਚੱਲ ਪਿਆ, ਦੋ ਹਜ਼ਾਰ ਸੂਰਮੇ ਉਸ ਦੇ ਨਾਲ ਚਲ ਪਏ ॥ ੧੫ ॥

ਇਮ ਭਏ ਅੱਗ੍ਰ ਗੁਰ ਸਮੁਖ ਦੌਰਿ। ਕਰਿ ਹਲਾਹੂਲ ਸੰਗ੍ਰਾਮ ਠੌਰ।
ਤਬਿ ਪਿਖ੍ਯੋ ਕਲਜਾਨੇ ਕ੍ਰੋਧ ਧਾਰਿ। ਤਿਹ ਸਮੁਖ ਹੋਇ ਊਚੇ ਪੁਕਾਰਿ ॥੧੬ ॥

ਇਸ ਤਰ੍ਹਾਂ ਦੌੜ ਕੇ ਗੁਰੂ ਜੀ ਦੇ ਅੱਗੇ ਹੋ ਗਏ ਤੇ ਬੜਾ ਭਿਆਨਕ ਜੰਗ ਛੇੜ ਦਿੱਤਾ। ਫਿਰ ਕਲਿਆਣੇ ਨੇ ਬੜਾ ਕ੍ਰੋਧ ਧਾਰ ਕੇ ਵੇਖਿਆ, ਉਸ ਦੇ ਸਾਹਮਣੇ ਹੋ ਕੇ ਬੜੀ ਉੱਚੀ ਆਵਾਜ਼ ਵਿਚ ਬੋਲਿਆ ॥ ੧੬ ॥

'ਮੈ ਖਰੋ ਤੋਹਿ ਕੋ ਹਤਨਿਹਾਰ। ਕਿਮ ਜਾਤਿ ਅੱਗ੍ਰ ਕੋ ਹਮਹੁ ਟਾਰਿ।
ਬਿਨ ਮਰੇ ਕਿ ਮਾਰੇ ਜੰਗ ਮਾਂਹਿ। ਇਤ ਉਤਹਿ ਜਾਤਿ ਇਹ ਉਚਿਤ ਨਾਂਹਿ' ॥੧੭ ॥

ਕਲਿਆਣੇ ਨੇ ਕਿਹਾ, 'ਮੈਂ ਤੈਨੂੰ ਮਾਰਨ ਵਾਸਤੇ ਖੜਾ ਹਾਂ, ਮੈਨੂੰ ਟਾਲ ਕੇ ਅੱਗੇ ਕਿਥੇ ਚਲਿਆਂ ਹੈਂ, ਜੰਗ ਵਿਚ ਮਰਨ ਅਤੇ ਮਾਰਨ ਤੋਂ ਬਗੈਰ ਏਧਰ ਓਧਰ ਜਾਣਾ ਉਚਿਤ ਨਹੀਂ ਹੈ' ॥ ੧੭ ॥

ਇਮ ਕਹਿ ਸੰਭਾਰਿ ਤੁਪਕੰ ਪ੍ਰਹਾਰ। ਬਲਵੰਡ ਮੁਰਜੋ ਸੁਨਿ ਕ੍ਰੋਧ ਧਾਰਿ।
'ਕਜੋਂ ਚਹਿਤਿ ਨ ਜੀਵਨ ?, ਪ੍ਰਾਨ ਦੇਤਿ'। ਕਹਿ ਭਯੋ ਸਮੁਖ, ਦੋਨਹੁ ਸੁਚੇਤ ॥੧੮ ॥

ਇਸ ਤਰ੍ਹਾਂ ਕਹਿ ਕੇ ਬੰਦੂਕ ਸੰਭਾਲ ਕੇ ਬਲਵੰਡ ਖਾਨ ਤੇ ਵਾਰ ਕੀਤਾ। ਬਲਵੰਡ ਖਾਂ ਕ੍ਰੋਧ ਵਿਚ ਆ ਕੇ ਵਾਪਸ ਮੁੜਿਆ ਤੇ ਬੋਲਿਆ, ''ਆਪਣਾ ਜੀਵਨ ਕਿਉਂ ਨਹੀ ਚਾਹੁੰਦਾ ? ਪ੍ਰਾਣ ਦੇ ਰਿਹਾ ਹੈਂ'' ਇਹ ਕਹਿ ਕੇ ਕਲਿਆਣ ਦੇ ਸਨਮੁਖ ਹੋ ਗਿਆ ਤੇ ਦੋਵੇਂ ਸੁਚੇਤ ਹੋ ਗਏ ॥ ੧੮ ॥

*ਕਬਿੱਤ-* ਪਰਜੋ ਰੌਰ ਦੌਰਿ ਕਰਿ ਠੌਰਠੌਰ ਕੁਪੇ ਬੀਰ, ਦੋ ਦੋ ਗੋਰੀ ਠੋਕਿ ਤਜਾਰ ਤੁਪਕ ਸੰਭਾਰਿ ਕੈ।
ਪਰੇ ਅਰਿਰਾਇ, ਧਾਇ ਮਿਲੇ ਸਮੁਦਾਇ ਜਾਇ, ਹਯਨਿ ਕੁਦਾਇ ਕੈ ਪਲਾਇ ਅਰਿ ਮਾਰਿ ਕੈ।

ਜ੍ਵਾਲਾ ਉਗਲਾਣੀ ਤੇ ਪਠਾਣੀ ਸੈਣ ਹਾਣੀ ਗਣ, ਮਾਂਗਿ ਮਾਂਗਿ ਪਾਣੀ ਪ੍ਰਾਣ ਛੋਰੇ ਤਨ ਡਾਰਕੈ।
ਆਯੁਧ ਪ੍ਰਹਾਰਕੈ ਸੁਭਟਨਿ ਬੰਗਾਰ ਕੈ ਮਰੇ ਹੈਂ ਅਰਿ ਮਾਰਿ ਕੈ, ਗਿਰੇ ਹੈਂ ਖਾਨ ਹਾਰਿ ਕੈ ॥੧੯॥

ਰੋਲਾ ਪੈ ਗਿਆ, ਦੌੜ ਕੇ ਥਾਂ-ਥਾਂ ਸੂਰਮੇ ਗੁੱਸੇ ਵਿਚ ਆ ਗਏ, ਦੋ-ਦੋ ਗੋਲੀਆਂ ਠੋਕ ਕੇ ਉਨ੍ਹਾਂ ਬੰਦੂਕਾਂ ਤਿਆਰ ਕਰਕੇ ਸੰਭਾਲ ਲਈਆਂ। ਸ਼ੋਰ ਮਚਾਉਂਦੇ ਪੈ ਗਏ, ਧਾ ਕੇ ਸਮੂਹ ਨੂੰ ਜਾ ਮਿਲੇ ਤੇ ਘੋੜੇ ਕੁਦਾ ਕੇ ਵੈਰੀ ਨੂੰ ਮਾਰਨ ਵਾਸਤੇ ਚਲ ਪਏ। ਬੰਦੂਕਾਂ ਵਿਚੋਂ ਜਵਾਲਾਮੁਖੀ ਅਗਨੀ ਨਿਕਲੀ, ਤੇ ਪਠਾਣੀ ਸੈਨਾ ਨੂੰ ਮਾਰਿਆ, ਜਿਨ੍ਹਾਂ ਪਾਣੀ ਮੰਗ-ਮੰਗ ਕੇ ਧਰਤੀ ਤੇ ਡਿੱਗ ਕੇ ਆਪਣੇ ਪ੍ਰਾਣ ਛੱਡ ਦਿੱਤੇ। ਹਥਿਆਰਾਂ ਦਾ ਵਾਰ ਕਰਕੇ, ਸੂਰਮੇ ਵੰਗਾਰ ਕੇ ਵੈਰੀ ਨੂੰ ਮਾਰ ਕੇ ਮਰੇ ਹਨ ਤੇ ਖਾਨ ਹਾਰ ਕੇ ਡਿੱਗ ਪਏ ਹਨ॥ ੧੯॥

ਖਾਨ ਬਲਵੰਡ ਬਲਿਵੰਡ ਭੁਜਦੰਡਨਿ ਤੇ ਤੋਮਰ ਪ੍ਰਚੰਡ ਕੋ ਭ੍ਰਮਾਇ ਬਾਰਿ ਬਾਰਿ ਤੇ।
ਘੋਰਨਿ ਕੋ ਮੋਰਨਿ ਮਨਿੰਦ ਸੋ ਨਚਾਇ ਕਰਿ ਮਾਰੈ ਸਿੱਖ ਓਰ, ਉਰ ਫੋਰਿ ਫੋਰਿ ਡਾਰਿਤੇ।
ਬਾਹੁਨਿ ਕੋ ਬਲ ਕਰਿ ਬਾਹਨੀ ਹਿਲਾਇ ਦਈ, ਬਾਹਨਿ ਕੋ ਪ੍ਰੇਰਿ ਬਾਹੁ ਘਾਉ, ਬਹੁ ਮਾਰਿ ਤੇ।
ਊਚੇ ਸੋ ਪੁਕਾਰਤੇ, ਬੰਗਾਰਤੇ, ਨ ਹਾਰਤੇ ਹੈਂ, ਖਰੇ ਲਲਕਾਰਤੇ ਤੁਫੰਗਨਿ ਪ੍ਰਹਾਰ ਤੇ ॥੨੦॥

ਬਲਵੰਡ ਖਾਂ ਬਲ ਵਾਲੀਆਂ ਭੁਜਾਂ ਨਾਲ ਭਾਰੀ ਨੇਜ਼ੇ ਨੂੰ ਬਾਰ-ਬਾਰ ਭਵਾਉਂਦਾ ਸੀ। ਘੋੜੇ ਨੂੰ ਮੋਰ ਵਾਂਗ ਨਚਾ ਕੇ ਸਿੱਖਾਂ ਵਲ ਮਾਰੇ ਤੇ ਸਿੱਖ ਪਾੜ-ਪਾੜ ਕੇ ਸੁੱਟ ਦਿੱਤੇ। ਬਾਹਾਂ ਦਾ ਬਲ ਕਰਕੇ ਵੈਰੀ ਦੀ ਫੌਜ ਹਿਲਾ ਦਿੱਤੀ। ਫਿਰ ਘੋੜੇ ਪ੍ਰੇਰ ਕੇ ਸ਼ਸਤਰ ਚਲਾ ਕੇ ਬਹੁਤਿਆਂ ਨੂੰ ਜ਼ਖ਼ਮੀ ਕੀਤਾ ਤੇ ਕਈ ਮਾਰ ਹੀ ਦਿੱਤੇ। ਉੱਚੀ-ਉੱਚੀ ਪੁਕਾਰਦੇ ਸਨ, ਵੰਗਾਰਦੇ ਸਨ, ਹਾਰਦੇ ਨਹੀਂ ਸਨ, ਖੜੇ ਹੋ ਕੇ ਲਲਕਾਰਦੇ ਸਨ ਤੇ ਬੰਦੂਕਾਂ ਦੇ ਵਾਰ ਕਰਦੇ ਸਨ॥ ੨੦॥

ਜਬੈ ਬਲਵੰਡ ਰਨ ਮੰਡਿ ਕੈ ਘਮੰਡ ਕਰ੍ਯੋ ਭਏ ਖੰਡ ਖੰਡ ਚਲੀ ਚੰਡ ਜੋ ਕ੍ਰਿਪਾਨ ਤੇ।
ਸਿੱਖਨਿ ਸਮੇਤ ਹ੍ਵੈ ਕਲਜਾਨੇ ਨੇ ਬਿਲੋਕ੍ਯੋ ਤਬਿ ਬਾਜੀ ਕੋ ਤ੍ਰਿਪਾਇ ਭਯੋ ਆਗੇ ਕੋਪ ਠਾਨਿ ਤੇ।
ਗੋਰੀ ਦੋਇ ਡਾਰਿਕੈ ਤੁਫੰਗ ਨਿਜ ਤ੍ਯਾਰ ਕਰਿ ਮੇਲਿ ਕੈ ਪਲੀਤਾ ਕੋ ਉਭਾਰੀ ਧਰਿ ਪਾਨ ਤੇ।
ਲਗੀ ਜਾਇ ਜ੍ਵਾਨ ਤੇ ਸੁ ਪ੍ਰਾਨ ਕਰਿ ਹਾਨਿ ਤੇ ਗਿਰਾਯੋ ਹੈ ਕਿਕਾਨਤੇ ਨ ਉਠ੍ਯੋ ਤਿਸ ਥਾਨ ਤੇ ॥੨੧॥

ਜਦ ਬਲਵੰਡ ਖਾਨ ਨੇ ਰਣ ਨੂੰ ਘੇਰ ਕੇ ਘੁਮੰਡ ਕੀਤਾ ਤਾਂ ਤਿੱਖੀ ਤਲਵਾਰ ਦੇ ਚਲਣ ਨਾਲ ਵੈਰੀ ਖੰਡ-ਖੰਡ ਹੋ ਗਏ। ਸਿੱਖਾਂ ਸਮੇਤ ਫਿਰ ਕਲਿਆਣੇ ਨੇ ਵੇਖਿਆ ਤੇ ਘੋੜੇ ਨੂੰ ਟਪਾ ਕੇ ਬੜੇ ਗੁੱਸੇ ਵਿਚ ਆ ਕੇ ਅੱਗੇ ਵਧਿਆ। ਕਲਿਆਣੇ ਨੇ ਦੋ ਗੋਲੀਆਂ ਭਰ ਕੇ ਆਪਣੀ ਬੰਦੂਕ ਤਿਆਰ ਕਰਕੇ ਤੇ ਪਲੀਤਾ ਮੇਲ ਕੇ ਹੱਥ ਤੇ ਰੱਖ ਕੇ ਉਸ ਨੂੰ ਉੱਚਾ ਕੀਤਾ, ਗੋਲੀ ਚਲੀ ਤੇ ਉਹ ਬਲਵੰਡ ਖਾਨ ਦੇ ਜਾ ਕੇ ਲੱਗੀ, ਪ੍ਰਾਣ ਕੱਢ ਕੇ ਉਸ ਨੂੰ ਘੋੜੇ ਤੋਂ ਡੇਗ ਦਿੱਤਾ ਤੇ ਉਹ ਫਿਰ ਉਸ ਥਾਂ ਤੋਂ ਨਾ ਉਠਿਆ॥ ੨੧॥

ਨੇਜ਼ਾ ਨਹਿਂ ਤਜਾਗ੍ਯੋ, ਅਨੁਰਾਗ੍ਯੋ ਜੰਗ, ਭੰਗ ਭਯੋ ਦੇਖਿ ਕੈ ਬਖਸ਼ਅਲੀ ਬਿਸਮਿਓ ਬਿਚਾਰਿ ਕੈ।
ਬੀਰਨਿ ਸੋਂ ਕਹ੍ਯੋ 'ਬਲਵੰਡਖਾਨ ਗਿਰ੍ਯੋ ਮਰ੍ਯੋ, ਹੂਜੀਏ ਅਗਾਰੀ ਨਤੁ ਧਾਵੈਂ ਰਿਪੁ ਮਾਰਿ ਕੈ।
ਰੋਕੋ ਆਗਾ ਜਾਇ ਬ੍ਰਿੰਦ ਤੁਪਕ ਚਲਾਇ ਧਾਇ, ਬਡੇ ਭਟ ਘਾਇ, ਖਾਇ ਮਾਰੈ ਤਨ ਡਾਰਿ ਕੈ।
ਆਯੁਧ ਸੰਭਾਰਿ ਕੈ ਬਿਸਾਲ ਧੀਰ ਧਾਰਿ ਕੇ ਅਰੀਜੈ ਅਰਿ ਮਾਰਿ ਕੈ, ਸੁ ਹੋਸ਼ ਕੋ ਸੰਭਾਰਿ ਕੈ' ॥੨੨॥

ਨੇਜ਼ਾ ਨਾ ਛਡਿਆ, ਜਿਹੜਾ ਜੰਗ ਲੜਨ ਦਾ ਪ੍ਰੇਮ ਜਾਗਿਆ ਸੀ, ਅਲੀ ਬਖਸ਼ ਉਹ ਪ੍ਰੇਮ ਨਾਸ਼ ਹੋ ਗਿਆ ਤੇ ਵਿਚਾਰ ਕੇ ਬੜਾ ਹੈਰਾਨ ਹੋਇਆ। ਸੂਰਮਿਆਂ ਨੂੰ ਕਿਹਾ, "ਬਲਵੰਡ ਖਾਂ ਡਿੱਗ ਕੇ ਮਰ ਗਿਆ ਹੈ, ਅੱਗੇ ਹੋ ਜਾਵੋ ਨਹੀਂ ਤੇ ਦੁਸ਼ਮਣ ਧਾਵਾ ਕਰਕੇ ਮਾਰ ਦੇਵੇਗਾ। ਅੱਗੇ ਜਾ ਕੇ ਰੋਕੋ, ਤੇ ਇਕੱਠੀਆਂ ਬੰਦੂਕਾਂ ਚਲਾਵੋ, ਵੱਡੇ-ਵੱਡੇ ਸੂਰਮੇ ਜ਼ਖ਼ਮੀ ਹੋ ਕੇ ਮਾਰੇ ਗਏ ਹਨ। ਵਿਸ਼ਾਲ ਸ਼ਸਤਰ ਸੰਭਾਲ ਕੇ ਧੀਰਜ ਧਾਰ ਕੇ ਵੈਰੀ ਮਾਰ ਕੇ ਤੇ ਹੋਸ਼ ਸੰਭਾਲ ਕੇ ਅੜੋ" ॥ ੨੨॥

ਰਸਾਵਲ ਛੰਦ- ਕਹੈ ਯੋਂ ਪੁਕਾਰੀ। ਪਯਾਨੇ ਅਗਾਰੀ। ਤੁਫੰਗੈਂ ਸੰਭਾਰੀ। ਬਰੂਦੈ ਸੁ ਡਾਰੀ ॥੨੩॥

ਇਸ ਤਰ੍ਹਾਂ ਪੁਕਾਰ ਕੇ ਕਹਿੰਦੇ ਸਨ, ਅੱਗੇ ਚਲੇ ਗਏ, ਬੰਦੂਕਾਂ ਸੰਭਾਲੀਆਂ ਤੇ ਵਿਚ ਬਰੂਦ ਪਾਇਆ॥ ੨੩॥

ਗਜੈ ਠੋਕਿ ਗੋਰੀ। ਕਰੀ ਸ਼ੱਤ੍ਰੂ ਓਰੀ। ਪਲੀਤੇ ਮਿਲਾਏ। ਸੁ ਤੋੜੇ ਧੁਖਾਏ ॥੨੪॥

ਗਜਾਂ ਨਾਲ ਗੋਲੀਆਂ ਠੋਕੀਆਂ, ਵੈਰੀ ਵਲ ਕੀਤੀਆਂ, ਪਲੀਤੇ ਮਿਲਾਏ ਤੇ ਤੋੜੇ ਧੁਖਾਏ॥ ੨੪॥

ਸਮੂਹੇ ਅਰਾਤੀ। ਤਕੈਂ ਤਾਂਹਿ ਛਾਤੀ। ਛੁਟੀ ਸੂੰਕ ਜਾਤੀ। ਲਗੀ ਬੇਗ ਤਾਤੀ ॥੨੫॥

ਸਮੂਹ ਵੈਰੀਆਂ ਦੀਆਂ ਛਾਤੀਆਂ ਵੱਲ ਨਿਸ਼ਾਨਾ ਤਕਿਆ, ਗੋਲੀਆਂ ਸ਼ੂ ਕਰਕੇ ਨਿਕਲ ਗਈਆਂ, ਬੜੀ ਛੇਤੀ ਗਰਮ-ਗਰਮ ਹੀ ਜਾ ਲੱਗੀਆਂ॥ ੨੫॥

ਬਡੇ ਸ਼ੱਤ੍ਰੂ ਘਾਤੀ। ਤੁਰੰਗੈਂ ਪਪਾਤੀ। ਭਰੇ ਸ਼੍ਰੋਣ ਝੂਲੇ। ਪਲਾਸੰ ਪ੍ਰਫੂਲੇ ॥ ੨੬॥

ਬਹੁਤ ਵੈਰੀ ਮਾਰੇ, ਘੋੜੇ ਡਿੱਗਦੇ ਸਨ, ਲਹੂ ਨਾਲ ਭਿੱਜੇ ਇਸ ਤਰ੍ਹਾਂ ਝੂਲਦੇ ਸਨ, ਮਾਨੋਂ ਢਿਫਰੇ ਦੇ ਫੁੱਲ ਹੋਣ।

ਅਲੀਬਖਸ਼ ਧਾਯੋ। ਤੁਰੰਗੈ ਨਚਾਯੋ। ਕਲਜਾਨੈ ਸੁ ਹੇਰਾ। ਕਹਜੋ ਤਾਂਹਿ ਬੇਰਾ ॥੨੭॥

ਅਲੀ ਬਖਸ਼ ਨੇ ਧਾਵਾ ਕੀਤਾ, ਘੋੜਾ ਨਚਾਇਆ, ਕਲਿਆਣੇ ਨੂੰ ਵੇਖਿਆ ਤੇ ਉਸ ਸਮੇਂ ਕਿਹਾ॥ ੨੭॥

'ਹਤਜੋ ਖ਼ਾਨ ਆਗੇ। ਅਬੈ ਜੇ ਨ ਭਾਗੇ। ਪਠੌਂ ਤਾਂਹਿ ਸੰਗਾ'। ਸੰਭਾਰੀ ਤੁਫੰਗਾ ॥੨੮॥

ਪਹਿਲਾਂ ਤੁਸੀਂ ਬਲਵੰਡ ਖਾਨ ਨੂੰ ਮਾਰਿਆ ਹੈ, ਹੁਣ ਜੇ ਨਹੀ ਭਜੇਂਗਾ ਤਾਂ ਤੈਨੂੰ ਵੀ ਉਸ ਦੇ ਪਾਸ ਹੀ ਭੇਜ ਦੇਵਾਂਗਾ' ਬੰਦੂਕ ਨੂੰ ਸੰਭਾਲਿਆ॥ ੨੮॥

ਕਬੈ ਬਾਮ ਪਾਸੇ। ਤੁਰੰਗੈਂ ਨਿਕਾਸੇ। ਕਬੈ ਹਾਥ ਦਾਂਏ। ਚਲਾਕੀ ਦਿਖਾਏ ॥੨੯॥

ਕਦੀ ਖੱਬੇ ਪਾਸੇ ਘੋੜੇ ਨੂੰ ਕੱਢਦਾ ਸੀ, ਕਦੀ ਸੱਜੇ ਪਾਸੇ ਕਰਕੇ ਚਲਾਕੀ ਵਿਖਾਉਂਦਾ ਸੀ॥ ੨੯॥

ਚੁਕੈ ਨਾਂਹਿ ਗੋਰੀ। ਜਿਸੇ ਤਾਕਿ ਛੋਰੀ। ਹਤਜੋ ਸੋ ਨਿਸੰਸੈ। ਬਡੇ ਬੀਰ ਧ੍ਵੰਸੈ ॥੩੦॥

ਗੋਲੀ ਖਾਲੀ ਨਹੀਂ ਸੀ ਜਾਂਦੀ, ਜਿਸ ਨੂੰ ਵੀ ਨਿਸ਼ਾਨਾ ਲਾ ਕੇ ਮਾਰਦਾ ਸੀ। ਵੱਡੇ-ਵੱਡੇ ਸੂਰਮੇ ਨਿਸ਼ੰਕ ਹੋ ਕੇ ਨਾਸ਼ ਕੀਤੇ॥ ੩੦॥

ਕਲਜਾਨਾ ਜੁ ਧਾਯੋ। ਅਗਾਊ ਸੁ ਆਯੋ। ਅਲੀ ਬਖ਼ਸ਼ ਧਾਰੀ। ਤੁਫੰਗੀ ਤਯਾਰੀ ॥੩੧॥

ਕਲਿਆਣੇ ਨੇ ਧਾਵਾ ਕੀਤਾ, ਅੱਗੇ ਆਇਆ, ਅਲੀ ਬਖਸ਼ ਨੇ ਆਪਣੀ ਬੰਦੂਕ ਤਿਆਰ ਕੀਤੀ॥ ੩੧॥

ਤਕਜੋ ਅੱਗ੍ਰ ਆਵਾ। ਸੁ ਤੋਰਾ ਝੁਕਾਵਾ। ਸ਼ਿਤਾਬੀ ਪਲੀਤਾ। ਉਠਜੋ ਨਾਦ ਕੀਤਾ ॥੩੨॥

ਜਦ ਕਲਿਆਣੇ ਨੂੰ ਅੱਗੇ ਆਉਂਦਾ ਵੇਖਿਆ, ਬੰਦੂਕ ਨੂੰ ਹੇਠਾਂ ਝੁਕਾਇਆ, ਛੇਤੀ ਨਾਲ ਪਲੀਤਾ ਮਿਲਾਇਆ, ਗੋਲੀ ਚਲਾਈ ਜਿਸ ਨਾਲ ਬੜੀ ਉੱਚੀ ਆਵਾਜ਼ ਪੈਦਾ ਹੋਈ॥ ੩੨॥

ਛਟੀ ਆਇ ਗੋਰੀ। ਰਿਦਾ ਦੀਨਿ ਫੋਰੀ। ਗਿਰਜੋ ਝੂਮ ਐਸੇ। ਕਟਜੋ ਰੁਖ ਜੈਸੇ ॥੩੩॥

ਕਲਿਆਣੇ ਦੇ ਗੋਲੀ ਆ ਕੇ ਵੱਜੀ, ਉਸ ਦਾ ਹਿਰਦਾ ਪਾੜ ਦਿੱਤਾ, ਉਹ ਝੂਮ ਕੇ ਇਸ ਤਰ੍ਹਾਂ ਡਿਗਿਆ, ਜਿਸ ਤਰ੍ਹਾਂ ਕਟਿਆ ਹੋਇਆ ਬ੍ਰਿੱਛ ਡਿੱਗਦਾ ਹੈ॥ ੩੩॥

ਮਰਜੋ ਜੇ ਕਲਜਾਨਾ। ਭਏ ਮੋਦ ਖਾਨਾ। ਹਲਾਹਾਲ ਕੀਨੇ। ਚੜੀ ਚੌਂਪ ਚੀਨੇ ॥੩੪॥

ਜਦ ਕਲਿਆਣਾ ਮਰ ਗਿਆ, ਖਾਨ ਬੜੇ ਪ੍ਰਸੰਨ ਹੋਏ, ਬਹੁਤ ਰੌਲਾ ਮਚਾਇਆ, ਉਤਸ਼ਾਹ ਚੜ੍ਹਿਆ ਦਿੱਸਦਾ ਸੀ॥ ੩੪॥

ਅਗਾਊ ਪਯਾਨੇ। ਭਏ ਸਾਵਧਾਨੇ। ਰਣੰ ਰੰਗ ਰਾਚੇ। ਮਹਾਂ ਰੋਸ ਮਾਚੇ ॥ ੩੫॥

ਅੱਗੇ ਚਲੇ ਗਏ, ਸਾਵਧਾਨ ਹੋ ਗਏ, ਯੁੱਧਖੇਤਰ ਦੇ ਰੰਗ ਵਿਚ ਰੰਗੇ ਗਏ, ਮਹਾਨ ਗੁੱਸਾ ਧਾਰਨ ਕੀਤਾ॥ ੩੫॥

ਕ੍ਰਿਪਾਨੈਂ ਨਿਕਾਰੀ। ਪਰੇ ਏਕ ਬਾਰੀ। ਤਛਾਮੁੱਛ ਕਾਟੇ। ਕਿਤੇ ਸਿੱਖ ਡਾਟੇ ॥੩੬॥

ਕਿਰਪਾਨਾਂ ਕੱਢੀਆਂ, ਇਕ ਵਾਰੀ ਟੁੱਟ ਕੇ ਪੈ ਗਏ, ਕੱਟ-ਕੱਟ ਸੁੱਟ ਦਿੱਤੇ, ਕਿਤੇ ਸਿੱਖਾਂ ਨੂੰ ਡੱਕਿਆ॥ ੩੬॥

ਕਿਤੇ ਮਾਰ ਨੇਜ਼ੇ। ਪਰੋਏ ਕਰੇਜੇ। ਕਿਤੇ ਮੁਸ਼ਟ ਜੁੱਧੰ। ਕਰੈਂ ਸੂਰ ਕ੍ਰੁੱਧੰ ॥ ੩੭॥

ਕਿਤੇ ਨੇਜ਼ੇ ਮਾਰ ਕੇ, ਉਨ੍ਹਾਂ ਦੇ ਕਲੇਜੇ ਪਰੋ ਲਏ। ਕਿਤੇ ਮੁਕੀਆਂ ਨਾਲ ਹੀ ਯੁੱਧ ਹੋਇਆ, ਸੂਰਮੇ ਬੜੇ ਕ੍ਰੋਧ ਵਿਚ ਆ ਕੇ ਲੜੇ॥ ੩੭॥

ਕਰਾਚੋਲ ਭਾਰੇ। ਸੁ ਖੰਡੇ ਦੁਧਾਰੇ। ਤਜੀ ਢਾਲ ਆਗੇ। ਭਿਰੇ ਸ਼ੰਕ ਤਜਾਗੇ ॥੩੮॥

ਤਲਵਾਰਾਂ ਬਹੁਤ ਭਾਰੀਆਂ ਸਨ, ਸ੍ਰੇਸ਼ਟ ਦੁਧਾਰੀ ਖੰਡੇ ਸਨ, ਢਾਲ ਨੂੰ ਅੱਗੇ ਕਰਕੇ ਖੰਡੇ ਤੇ ਤਲਵਾਰ ਨੂੰ ਚਲਾਉਂਦੇ ਸਨ, ਸਭ ਸ਼ੰਕੇ ਤਿਆਗ ਆਪਸ ਵਿਚ ਭਿੜੇ॥ ੩੮॥

ਇਤੇ ਸਿੱਖ ਕੂਕੈਂ। ਉਤੇ ਖਾਂਨ ਢੂਕੈਂ। ਸਿਪਾਹੀ ਕਰਾਰੇ। ਨਹੀਂ ਕੋਇ ਹਾਰੇ ॥੩੯॥

ਏਧਰ ਸਿੱਖ ਕੂਕਦੇ ਸਨ, ਓਧਰ ਖਾਨ ਢੂਕਦੇ ਸਨ। ਕਰਾਰੀ ਲੜਾਈ ਮਚਾਉਣ ਵਾਲੇ ਸਿਪਾਹੀ ਸਨ ਤੇ ਉਨ੍ਹਾਂ ਵਿਚੋਂ ਕੋਈ ਵੀ ਹਾਰਦਾ ਨਹੀਂ ਸੀ॥ ੩੯॥

ਕਟੇ ਅੱਗ੍ਰ ਹ੍ਵੈ ਕੈ। ਹਤੈਂ ਕੋਪ ਕੈ ਕੈ। ਬਡੇ ਸ਼੍ਰੋਣ ਚਾਲਾ। ਸੁ ਲੋਥੈਂ ਕਰਾਲਾ ॥੪੦॥

ਅੱਗੇ ਹੋ ਕੇ ਕੱਟਦੇ ਸਨ, ਬੜੇ ਰੋਹ ਵਿਚ ਆ ਕੇ ਮਾਰਦੇ ਸਨ, ਬਹੁਤ ਖ਼ੂਨ ਵੱਗਦਾ ਸੀ, ਵਿਕਰਾਲ ਲੋਥਾਂ ਪਈਆਂ ਸਨ॥੪੦॥

ਪਰੀ ਖੇਤ ਮਾਂਹੀ। ਬਿਹੰਗੇ ਸੁ ਖਾਂਹੀ। ਫਿਰੈਂ ਸਜਾਲ ਮਾਤੇ। ਭਟੰ ਮਾਸ ਖਾਤੇ ॥੪੧॥

ਰਣਖੇਤਰ ਦੇ ਵਿਚ ਹੀ ਪਈਆਂ ਸਨ, ਸ਼ਿਕਾਰੀ ਪੰਛੀ ਖਾਂਦੇ ਸਨ, ਮਸਤ ਗਿੱਦੜ ਫਿਰ ਰਹੇ ਸਨ ਤੇ ਸੂਰਮਿਆਂ ਦਾ ਮਾਸ ਖਾ ਰਹੇ ਸਨ॥ ੪੧॥

ਗਨੈਂ ਕੰਕ ਆਏ। ਥਿਰੇ ਜੰਗ ਥਾਏਂ। ਬਡੀ ਗ੍ਰਿੱਝ ਬੋਲੈਂ। ਭਈ ਬ੍ਰਿੰਦ ਡੋਲੈਂ ॥੪੨॥

ਬਹੁਤ ਇਲਾਂ ਆਈਆਂ, ਰਣਖੇਤਰ ਵਿਚ ਆ ਕੇ ਬੈਠ ਗਈਆਂ, ਵੱਡੀਆਂ-ਵੱਡੀਆਂ ਗਿਰਝਾਂ ਬੋਲਦੀਆਂ ਸਨ, ਬਹੁਤ ਇਕੱਠੀਆਂ ਹੋ ਕੇ ਘੁੰਮਦੀਆਂ ਸਨ॥ ੪੨॥

ਦੋਹਰਾ- ਫਿਰੈਂ ਜੋਗਨੀ ਭੀਖਨਾਂ ਕਰਤੀ ਸ਼੍ਰੋਣਤ ਪਾਨਿ।
ਭੂਤ ਪ੍ਰੇਤ ਨਾਚਤਿ ਹਸਤਿ ਉਠਿ ਉਠਿ ਪਰਤਿ ਮਸਾਨ ॥੪੩॥

ਜੋਗਨੀਆਂ ਤੁਰੀਆਂ ਫਿਰਦੀਆਂ ਸਨ ਤੇ ਲਹੂ ਪੀ ਰਹੀਆਂ ਸਨ। ਭੂਤ, ਪ੍ਰੇਤ ਨੱਚਦੇ ਅਤੇ ਹੱਸਦੇ ਤੇ ਮਸਾਣ ਵੀ ਉਠ ਪਏ ਸਨ॥ ੪੩॥

ਕਤਲ ਭਏ ਸਿਖ ਗਨ ਜਬੈ ਓਰੜ ਪਰੇ ਪਠਾਨ।
ਲਸ਼ਕਰ ਦੀਰਘ ਜਿਨਹੁ ਕੋ ਕਰਹਿਂ ਕਹਾਂ ਤਕ ਹਾਨ॥ ੪੪॥

ਬਹੁਤ ਸਿੱਖ ਕਤਲ ਹੋਏ, ਜਦ ਪਠਾਣ ਉਨ੍ਹਾਂ ਤੇ ਟੁੱਟ ਕੇ ਪੈ ਗਏ, ਜਿਨ੍ਹਾਂ ਦਾ ਲਸ਼ਕਰ ਬਹੁਤ ਵੱਡਾ ਸੀ, ਉਨ੍ਹਾਂ ਨੂੰ ਕਿਥੋਂ ਨਾਸ਼ ਕਰਦੇ॥ ੪੪॥

ਸਿੱਖਨਿ ਕੋ ਅਰੁ ਖਾਨ ਕੋ ਪਰਜੋ ਜੰਗ ਬਿਕਰਾਲ।
ਦੋਨਹੁਂ ਮਰਿ ਕਰਿ ਗਿਰਤਿ ਹੈਂ ਲੋਥ ਲੋਥ ਪਰ ਜਾਲ॥ ੪੫॥

ਸਿੱਖਾਂ ਅਤੇ ਪਠਾਣਾਂ ਦਾ ਵਿਕਰਾਲ ਯੁੱਧ ਹੋਇਆ, ਦੋਵੇਂ ਮਰ-ਮਰ ਕੇ ਡਿੱਗਦੇ ਸਨ, ਲੋਥ ਉਤੇ ਲੋਥ ਚੜ੍ਹ ਗਈ ਸੀ॥ ੪੫॥

ਕੇਤਿਕ ਸਿਰ ਨਾਂਗੇ ਪਰੇ, ਜੰਬੁਕ ਖੈਂਚਤਿ ਮਾਸ।
ਦ੍ਰਿਗ ਉਘਰੇ ਜਨੁ ਜਿਯਤਿ ਹੈਂ, ਨਿਕਸੇ ਪ੍ਰਾਨ ਤਹਾਂਸੁ॥ ੪੬॥

ਕਈ ਸਿਰ ਨੰਗੇ ਪਏ ਸਨ ਤੇ ਗਿੱਦੜ ਮਾਸ ਖਿੱਚ ਰਹੇ ਸਨ, ਉਨ੍ਹਾਂ ਦੀਆਂ ਅੱਖਾਂ ਖੁਲ੍ਹੀਆਂ ਹੀ ਸਨ, ਮਾਨੋਂ ਜੀਉਂਦੇ ਸਨ, ਓਥੇ ਹੀ ਉਨ੍ਹਾਂ ਵਿਚੋਂ ਪ੍ਰਾਣ ਨਿਕਲ ਗਏ ਸਨ॥ ੪੬॥

ਤੋਮਰ ਤਰਵਾਰਨਿ ਤਬਰ ਤੇਗੇ ਤੀਰ ਤੁਫੰਗ।
ਅੰਗ ਭੰਗ ਬਿਚ ਜੰਗ ਕੇ ਸ੍ਰੋਣ ਲਾਲ ਤਨ ਰੰਗ॥ ੪੭॥

ਨੇਜ਼ੇ, ਤਲਵਾਰਾਂ, ਵੱਡੇ ਸਵਾ ਜੰਗ, ਤੇਗੇ, ਤੀਰ, ਬੰਦੂਕਾਂ ਜੰਗ ਵਿਚ ਅੰਗਾਂ ਨੂੰ ਕੱਟ ਰਹੇ ਸਨ ਤੇ ਤਿਨ੍ਹਾਂ ਦਾ ਰੰਗ ਲਾਲ ਹੋਇਆ ਸੀ॥ ੪੭॥

ਮਰੇ ਹਜ਼ਾਰੋਂ ਹਯ ਬਲੀ ਛੂਛੇ ਕੋ ਬਿਚਰੰਤਿ।
ਕੋ ਘਾਯਲ ਹ੍ਵੈ ਕਰਿ ਖਰੇ ਘੂਮਤਿ ਨਹੀਂ ਚਲੰਤਿ॥ ੪੮॥

ਹਜ਼ਾਰਾਂ ਬਲਵਾਨ ਘੋੜੇ ਮਰੇ ਸਨ ਤੇ ਸੁਰਮਿਆਂ ਤੋਂ ਖਾਲੀ ਫਿਰ ਰਹੇ ਸਨ, ਕਈ ਜ਼ਖ਼ਮੀ ਹੋ ਕੇ ਖੜੇ ਸਨ ਤੇ ਉਨ੍ਹਾਂ ਪਾਸੋਂ ਚਲਿਆ ਨਹੀਂ ਸੀ ਜਾਂਦਾ॥ ੪੮॥

*ਛੇਵੀਂ ਰਾਸ ਦਾ ਚੌਤੀਵਾਂ ਅਧਿਆਇ ਸਮਾਪਤ ਹੋਇਆ॥ ੩੪॥*

# ਅਧਿਆਇ ਪੈਂਤੀਵਾਂ

*ਅਲੀ ਬਖਸ਼, ਨਾਨੋ ਤੇ ਇਮਾਮ ਬਖਸ਼ ਕਤਲ*

ਦੋਹਰਾ-ਅਲਪ ਸਿੱਖ ਆਗੈ ਰਹੇ ਘੇਰੇ ਆਨਿ ਪਠਾਨ।
ਸ੍ਰੀ ਹਰਿਗੋਵਿੰਦ ਦੇਖਿ ਕੈ ਕੋਪੇ ਰਿਦੇ ਮਹਾਨ॥ ੧॥

ਅੱਗੇ ਥੋੜ੍ਹੇ ਸਿੱਖ ਰਹਿ ਗਏ, ਜਿਨ੍ਹਾਂ ਨੂੰ ਪਠਾਣਾਂ ਨੇ ਆ ਕੇ ਘੇਰ ਲਿਆ, ਸ੍ਰੀ ਹਰਿਗੋਬਿੰਦ ਜੀ ਇਹ ਵੇਖ ਕੇ ਦਿਲ ਵਿਚ ਬਹੁਤ ਗੁੱਸੇ ਵਿਚ ਆਏ॥ ੧॥

ਸੈਯਾ ਛੰਦ-ਅਲੀ ਬਖਸ਼ ਸਭਿ ਲਸ਼ਕਰ ਆਗੇ ਹਤਹਿ ਤਫੰਗ ਭਯੋ ਹੰਕਾਰ।
ਸੈਨ ਸਕਲ ਤੁਰਕਾਨੀ ਉਮਡੀ ਬਹੁ ਧੌਂਸਨਿ ਕੀ ਉਠਿ ਧੁੰਕਾਰ।
ਹਾਥਨਿ ਗਹੇ ਪਤਾਕਾ ਆਵਤਿ ਫਰਰੇ ਛੋਰਿ ਦਿਏ ਤਿਸ ਬਾਰਿ।
ਭਈ ਜੀਤਿ ਮਨਿ ਜਾਨਤਿ ਮੂਰਖ ਤੁਰੰਗ ਧਵਾਇ ਪਰੇ ਇਕਸਾਰ॥ ੨॥

ਅਲੀ ਬਖਸ਼ ਸਾਰੀ ਸੈਨਾ ਦੇ ਅੱਗੇ ਲੱਗ ਕੇ ਬੜੇ ਹੰਕਾਰ ਨਾਲ ਬੰਦੂਕ ਚਲਾ ਕੇ ਸਿੱਖਾਂ ਨੂੰ ਮਾਰ ਰਿਹਾ ਸੀ। ਸਾਰੀ ਤੁਰਕੀ ਸੈਨਾ ਉੱਮਡ ਕੇ ਆ ਗਈ ਤੇ ਬਹੁਤ ਧੌਂਸਿਆਂ ਦੀ ਧੁੰਕਾਰ ਉੱਠੀ। ਹੱਥ ਵਿਚ ਝੰਡੇ ਫੜੀ ਆਉਂਦੇ ਸਨ ਤੇ ਝੰਡੇ ਦੇ ਫਰੇ ਖੁਲ੍ਹੇ ਛੱਡੇ ਸਨ, ਮਨ ਵਿਚ ਇਹ ਜਾਣਦੇ ਸਨ ਕਿ ਸਾਡੀ ਜਿੱਤ ਹੋ ਗਈ ਹੈ ਤੇ ਮੂਰਖ ਇਕਸਾਰ ਘੋੜੇ ਭਜਾਈ ਫਿਰਦੇ ਸਨ॥ ੨॥

ਸ੍ਰੀ ਗੁਰ ਚਾਂਪ ਕਠੋਰ ਸੰਭਾਰਾ ਬਾਨ ਪਨਚ ਕੇ ਬਿਚ ਬਗਰਾਇ।
ਐਂਚਿ ਕਾਨ ਲਗਿ ਖਪਰਾ ਛੋਰਯੋ ਗਯੋ ਬੀਰ ਬੇਧਤਿ ਅਗਵਾਇ।
ਇਕ ਦੁਇ ਤੀਨ ਚਾਰ ਲਗਿ ਪੰਚਹੁਂ ਜੋ ਸਨਮੁਖ ਤਿਸ ਭੇਦਤਿ ਜਾਇ।
ਅਬਦੁਲ ਖਾਨ ਖਰੋ ਜਹਿਂ ਪਾਛੇ ਤਹਿਂ ਲੌ ਪਹੁੰਚਯੋ ਖ੍ਰਿੰਦਨ ਘਾਇ॥ ੩॥

ਗੁਰੂ ਜੀ ਨੇ ਆਪਣੇ ਭਾਰੀ ਤੇ ਸਖ਼ਤ ਧਨੁਖ ਨੂੰ ਸੰਭਾਲਿਆ, ਤੇ ਉਸ ਵਿਚ ਤੀਰਾਂ ਨੂੰ ਜੋੜਿਆ ਤੇ ਕੰਨਾਂ ਤਕ ਖਿੱਚ ਕੇ ਤੀਰ ਨੂੰ ਛੱਡਿਆ ਜਿਹੜਾ ਸੂਰਮਿਆਂ ਨੂੰ ਵਿੰਨ੍ਹਦਾ ਅੱਗੇ ਚਲੇ ਗਿਆ। ਇਕ, ਦੋ, ਤਿੰਨ, ਚਾਰ ਨੂੰ ਲੰਘ ਕੇ ਪੰਜਵੇਂ ਨੂੰ ਸਾਹਮਣੇ ਜਾ ਕੇ ਵਿੰਨ੍ਹ ਦਿੱਤਾ। ਜਿਥੇ ਪਿੱਛੇ ਅਬਦੁਲ ਖਾਂ ਖੜਾ ਸੀ, ਕਈ ਸੂਰਮਿਆਂ ਨੂੰ ਵਿੰਨ੍ਹ ਕੇ ਉਥੇ ਤਕ ਜਾ ਪਹੁੰਚਿਆ॥ ੩॥

ਇਮ ਕਰਿ ਕੋਪ ਪ੍ਰਹਾਰੇ ਸਰ ਖਰ, ਗਿਰੇ ਸੈਂਕਰੇ ਮੁਗ਼ਲ ਪਠਾਨ।
'ਕੋ ਮਾਰਤਿ ਇਹੁ ਦਿਖੀਯਤਿ ਨਾਂਹਿਨ ਹਮਰੇ ਬੀਰ ਕੀਨਿ ਗਨ ਹਾਨ'।
ਠਟਕ ਗਏ ਭਟ ਅਟਕ ਰਹੇ ਤਹਿਂ, ਨਹਿਂ ਆਗੇ ਪੁਨ ਕੀਨਿ ਪਯਾਨ।
ਤਬਿ ਨਾਨੋ ਕੀ ਦਿਸ਼ਾ ਦੇਖਿ ਕਰਿ ਦਯਾ ਦ੍ਰਿਸ਼ਟਿ ਤੇ ਹੁਕਮ ਬਖਾਨਿ॥ ੪॥

ਇਸ ਤਰ੍ਹਾਂ ਗੁੱਸੇ ਵਿਚ ਤੀਰਾਂ ਦੇ ਵਾਰ ਕੀਤੇ ਕਿ ਸੈਂਕੜੇ ਮੁਗ਼ਲ ਪਠਾਣ ਡਿੱਗ ਪਏ। "ਕੌਣ ਮਾਰਦਾ ਹੈ, ਇਹ ਦਿੱਸਦਾ ਨਹੀਂ ਹੈ, ਸਾਡੇ ਬਹੁਤ ਸੂਰਮਿਆਂ ਨੂੰ ਮਾਰ ਦਿੱਤਾ ਹੈ।" ਸੂਰਮੇ ਠਿਠੰਬਰ ਗਏ, ਉਥੇ ਹੀ ਅਟਕੇ ਰਹੇ, ਫਿਰ ਹੋਰ ਅੱਗੇ ਨਾ ਵਧੇ। ਫਿਰ ਭਾਈ ਨਾਨੋ ਵਲ ਦਇਆ ਦਰਿਸ਼ਟੀ ਨਾਲ ਵੇਖ ਕੇ ਉਸ ਨੂੰ ਫੁਰਮਾਇਆ॥ ੪॥

'ਅਲੀ ਬਖਸ਼! ਇਹ ਆਗੇ ਆਵਤਿ ਤੋਹਿ ਹਾਥ ਤੇ ਅਬ ਮ੍ਰਿਤੁ ਹੋਇ।
ਤੁਪਕ ਅਚੂਕ ਚਲਾਵਤਿ, ਚੌਕਸ ਬਚਹੁ ਆਪ, ਇਸ ਲੇਹੁ ਪਰੋਇ।'
ਸੁਨਿ ਸਤਿਗੁਰੁ ਤੇ ਨਾਨੋ ਤਿਹ ਛਿਨ ਧਨੁਖ ਸੰਭਾਰਯੋ ਨਿਸ਼ਠੁਰ ਜੋਇ।
ਘੋਰਾ ਪ੍ਰੇਰਤਿ ਹੇਰਤਿ ਰਿਪੁ ਕੋ ਆਗੈ ਗਯੋ ਬੀਰ ਬਡ ਸੋਇ॥ ੫॥

"ਇਹ ਅਲੀ ਬਖਸ਼ ਅਗੇ ਆ ਰਿਹਾ ਹੈ, ਇਸ ਦੀ ਤੇਰੇ ਹੱਥੋਂ ਮੌਤ ਹੋਵੇਗੀ। ਇਹ ਬੰਦੂਕ ਅਚੂਕ ਨਿਸ਼ਾਨੇ ਤੇ ਮਾਰਦਾ ਹੈ, ਆਪ ਇਸ ਪਾਸੋਂ ਚੌਕਸ ਹੋ ਕੇ ਬਚੋ, ਤੇ ਇਸ ਨੂੰ ਤੀਰ ਵਿਚ ਪਰੋ ਲਵੋ।" ਸਤਿਗੁਰੂ ਜੀ ਪਾਸੋਂ ਇਹ ਸੁਣ ਕੇ ਨਾਨੋ ਨੇ ਓਸੇ ਵੇਲੇ ਸਖ਼ਤ ਧਨੁੱਖ ਨੂੰ ਸੰਭਾਲ ਕੇ ਫੜ ਲਿਆ, ਘੋੜੇ ਨੂੰ ਤੋਰ ਕੇ, ਵੈਰੀ ਵਲ ਵੇਖ ਕੇ ਵੱਡਾ ਸੂਰਮਾ ਅਗੇ ਗਿਆ॥੫॥

ਬੀਰਨਿ ਪਰ ਤੀਰਨਿ ਕੀ ਬਰਖਾ ਘਨ ਸਮਸਰ ਕਰਤਾ ਇਕ ਬਾਰਿ।
ਸੰਗ ਤੀਨ ਸੈ ਸਿੱਖ ਸਮੁਖ ਭੇ ਛੁਟੀ ਤੁਫੰਗਨਿ ਸ਼ਲਖ ਉਦਾਰਿ।
ਕਰਿ ਹੱਲਾ ਬਡਿ ਮੇਲ ਕੁਲਾਹਲ ਸ਼ਬਦ ਤੜਾ ਭੜ ਉਠਿ ਕੜਕਾਰ।
ਵਧੇ ਪਠਾਂਨ ਦੜਾਦੜ ਗੇਰੇ ਧਰ ਊਪਰ ਮਰਿ ਪਰੇ ਜੁਝਾਰ॥ ੬॥

ਸੂਰਮਿਆਂ ਤੇ ਤੀਰਾਂ ਦੀ ਬੱਦਲ ਵਾਂਗ ਇਕ ਸਾਰ ਵਰਖਾ ਕਰਦਾ ਸੀ। ਤਿੰਨ ਸੌ ਸਿੱਖ ਨਾਲ ਸਨ, ਬੰਦੂਕਾਂ ਇਕੱਠੀਆਂ ਚਲੀਆਂ ਤੇ ਗੋਲੀਆਂ ਦੀ ਵੱਡੀ ਵਾਛੜ ਹੋਈ। ਗੋਲੀਆਂ ਦੀ ਕੜਕਾਰ ਦੀ ਤੜਾ-ਤੜ ਭਿਆਨਕ ਉੱਚੀ ਆਵਾਜ਼ ਉੱਠੀ। ਵਧ ਰਹੇ ਪਠਾਣ ਮਾਰ-ਮਾਰ ਕੇ ਦੜਾ-ਦੜ ਡੇਗੇ ਤੇ ਸੂਰਮੇ ਮਰ ਕੇ ਧਰਤੀ ਤੇ ਲੇਟ ਗਏ॥ ੬॥

ਅਲੀ ਬਖਸ਼ ਕੋ ਤਕਿ ਕਰਿ ਨਾਨੋ ਤੀਖਨ ਭੀਖਨ ਬਾਨ ਨਿਕਾਰ।
ਜਿਸਤੇ ਜੀਵਤਿ ਰਹਹਿ ਨ ਸ਼ੱਤ੍ਰੂ ਬਾਗ ਉਠਾਇ ਦੁਰਾਇ ਅਗਾਰ।

ਸਨਮੁਖ ਹ੍ਵੈ ਕਰਿ ਐਂਚਿ ਕਾਨ ਲਗਿ ਅਲੀ ਬਖਸ਼ ਪਿਖਿ ਤੁਪਕ ਸੰਭਾਰ।
ਤਯਾਰ ਕਰਨਿ ਲਾਗਯੋ ਤਬਿ ਤੂਰਨ ਤੋਰਾ ਜਰਯੋ ਪਲੀਤੇ ਧਾਰਿ॥ ੭॥

ਅਲੀ ਬਖਸ਼ ਨੂੰ ਵੇਖ ਕੇ ਨਾਨੋ ਨੇ ਤਿੱਖੇ ਭਿਆਨਕ ਤੀਰ ਕੱਢੇ, ਜਿਨ੍ਹਾਂ ਦੇ ਲੱਗਣ ਨਾਲ ਵੈਰੀ ਜੀਉਂਦਾ ਨਹੀਂ ਸੀ ਰਹਿ ਸਕਦਾ। ਫਿਰ ਘੋੜੇ ਦੀ ਵਾਗ ਚੁਕ ਕੇ ਤੇ ਭਜਾ ਕੇ ਅਲੀ ਬਖਸ਼ ਦੇ ਅੱਗੇ ਕਰ ਦਿੱਤਾ। ਉਸ ਦੇ ਅੱਗੇ ਜਾ ਕੇ ਕਮਾਨ ਨੂੰ ਕੰਨਾਂ ਤਕ ਖਿੱਚਿਆ, ਅਲੀ ਬਖਸ਼ ਨੇ ਵੇਖ ਕੇ ਬੰਦੂਕ ਸੰਭਾਲੀ ਤੇ ਤੁਰਤ ਤੋੜੇ ਨੂੰ ਤਿਆਰ ਕਰਨ ਲੱਗਾ ਤੇ ਪਲੀਤਾ ਬਲਿਆ॥ ੭॥

ਤਯਾਰਿ ਕਰਤਿ ਹੀ ਰਹਯੋ ਮੰਦ ਮਤਿ ਇਤਨੇ ਮਹਿਂ ਨਾਨੋ ਬਲਵਾਨ।
ਤਕਯੋ ਤੁੰਡ ਦਰ ਖਪਰਾ ਛੋਰਯੋ, ਗਯੋ ਸਰਪ ਕੇ ਹੋਹਿ ਸਮਾਨ।
ਧਰੀ ਸ਼ਿਸਤ ਬੰਦੂਕ ਰਹੀ ਕਰ ਬਰਮੀ ਜਿਮ ਪ੍ਰਵਿਸ਼ਯ ਮੁਖ ਬਾਨ।
ਗਿਰਯੋ ਤੁਰੰਗ ਤੇ ਖਾਇ ਭਵਾਰੀ ਔਂਧੋ ਪਰਯੋ ਜੰਗ ਕੇ ਥਾਨ॥ ੮॥

ਮੂਰਖ ਬੰਦੂਕ ਤਿਆਰ ਕਰਦਾ ਹੀ ਰਹਿ ਗਿਆ, ਏਨੇ ਵਿਚ ਬਲਵਾਨ ਨਾਨੋ ਨੇ ਵੈਰੀ ਦਾ ਮੂੰਹ ਰੂਪੀ ਦਰਵਾਜ਼ਾ ਤੱਕ ਤੀਰ ਮਾਰਿਆ ਜਿਹੜਾ ਸੱਪ ਵਾਂਗ ਛੂਕਦਾ ਚਲੇ ਗਿਆ। ਅਲੀ ਬਖਸ਼ ਵਲੋਂ ਬੰਦੂਕ ਦਾ ਬੱਧਾ ਨਿਸ਼ਾਨਾ ਵਿਚ ਹੀ ਰਹਿ ਗਿਆ ਤੇ ਉਸ ਦੇ ਵਰਮੀ ਰੂਪੀ ਮੂੰਹ ਵਿਚ ਤੀਰ ਧੱਸ ਗਿਆ। ਭੁਆਂਟਣੀ ਖਾ ਕੇ ਘੋੜੇ ਤੋਂ ਡਿੱਗ ਪਿਆ ਤੇ ਜੰਗ ਦੇ ਮੈਦਾਨ ਵਿਚ ਮੂਧੇ ਮੂੰਹ ਪੈ ਗਿਆ॥ ੮॥

ਅਲੀ ਬਖਸ਼ ਕੋ ਮਾਰਿ ਲੀਨਿ ਜਬਿ ਸਭਿ ਅਵਿਲੋਕਤਿ ਜਿਯਤਿ ਪਠਾਨ।
ਧਰਯੋ ਤ੍ਰਾਸ, ਕੁਛ ਪਾਛੇ ਹਟਿਗੇ, ਸਿੱਖ ਓਰੜੇ ਬਡਿ ਬਲਵਾਨ।
ਐਂਚਿ ਕ੍ਰਿਪਾਨੈਂ ਲਈ ਮਹਾਨੈਂ ਸ਼ੱਤ੍ਰਨਿ ਹਾਨੈ ਬਡ ਰਣ ਠਾਨਿ।
ਹਲੀ ਸੈਨ ਕੋ ਜਬਹਿ ਬਿਲੋਕਾ ਚਹਿ ਰੋਕਾ ਤਬਿ ਅਬਦੁਲ ਖਾਨ॥ ੯॥

ਜਦ ਨਾਨੋ ਨੇ ਅਲੀ ਬਖਸ਼ ਨੂੰ ਮਾਰ ਲਿਆ ਤਾਂ ਸਾਰੇ ਜੀਉਂਦੇ ਪਠਾਣਾਂ ਵੇਖਿਆ। ਵੇਖ ਕੇ ਉਹ ਬਹੁਤ ਡਰ ਗਏ ਤੇ ਕੁਝ ਪਿੱਛੇ ਹੱਟ ਗਏ। ਇਹ ਵੇਖ ਕੇ ਵੱਡੇ ਬਲਵਾਨ ਸਿੱਖ ਛਾਲਾਂ ਮਾਰ ਕੇ ਪੈ ਗਏ, ਉਨ੍ਹਾਂ ਨੇ ਕਿਰਪਾਨਾਂ ਕੱਢ ਲਈਆਂ ਤੇ ਮੈਦਾਨੇ-ਜੰਗ ਵਿਚ ਵੈਰੀ ਦੇ ਆਹੂ ਲਾਹ ਸੁਟੇ ਜਦ ਭੱਜਦੀ ਫੌਜ ਨੂੰ ਅਬਦੁਲ ਖਾਨ ਨੇ ਵੇਖਿਆ ਤਾਂ ਉਹ ਉਸ ਨੂੰ ਰੋਕਣਾ ਚਾਹੁੰਦਾ ਸੀ॥ ੯॥

ਹੁਤੋ ਇਮਾਮ ਬਖਸ਼ ਤਬਿ ਨੇਰੇ ਕਹਯੋ ਕ੍ਰੋਧ ਤੇ 'ਕਹਾਂ ਪਿਖੰਤਿ?।
ਗੁਰ ਤੇ ਤੁਰਕ ਤ੍ਰਾਸ ਉਰ ਧਰਿ ਕਰਿ ਧਾਵਤਿ ਆਵਤਿ ਆਯੁਧਵੰਤਿ।
ਲੇ ਨਿਜ ਲਸ਼ਕਰ ਸਨਮੁਖ ਹ੍ਵੈ ਕਰਿ ਮਾਰਹੁ ਸਿੱਖਨਿ ਕੋ ਬਲਵੰਤ।
ਭਾਗੇ ਕਹਾਂ ਜਾਹੁਗੇ ਮੂਰਖ! ਮੋਰਹੁ ਸਕਲ ਧੀਰ ਧਰਿਯੰਤਿ' ॥੧੦॥

ਉਸ ਵੇਲੇ ਇਮਾਮ ਬਖਸ਼ ਉਸ ਦੇ ਨੇੜੇ ਸੀ, ਉਸ ਨੂੰ ਬੜੇ ਕ੍ਰੋਧ ਨਾਲ ਕਿਹਾ, "ਕੀ ਵੇਖਦਾ ਹੈਂ? ਗੁਰੂ ਜੀ ਤੋਂ ਡਰਦੇ ਤੁਰਕ ਮੈਦਾਨਿ-ਜੰਗ ਤੋਂ ਭੱਜੇ ਆ ਰਹੇ ਹਨ। ਆਪਣਾ ਲਸ਼ਕਰ ਲੈ ਕੇ ਸਾਹਮਣੇ ਹੋ ਕੇ ਬਲ ਧਾਰ ਕੇ ਸਿੱਖਾਂ ਨੂੰ ਮਾਰੋ। ਹੇ ਮੂਰਖ! ਭੱਜ ਕੇ ਕਿਥੇ ਜਾਵੇਂਗੇ, ਧੀਰਜ ਦੇ ਕੇ ਸਭ ਨੂੰ ਮੋੜ ਦੇਵੋ' ॥ ੧੦॥

ਸੁਨਤਿ ਇਮਾਮ ਬਖਸ਼ ਤਬਿ ਧਾਯਹੁ ਲੇ ਕਰਿ ਸੰਗਿ ਸਊਰ ਹਜ਼ਾਰ।
ਜਹਾਂ ਲਰਤਿ ਨਾਨੋ ਭਟ ਮਾਰਤਿ ਤੀਰ ਤੁਫੰਗ ਚਲਤਿ ਹਥਿਆਰਿ।
ਤਹਾਂ ਆਨਿ ਜੁਟਯੋ, ਬਹੁ ਛੂਟੈਂ ਗੋਰੀ, ਫੋਰਹਿਂ ਰਿਦੈ ਜੁਝਾਰ।
ਗਿਰ ਗਿਰ ਪਰਹਿਂ ਪਵੰਗਮ ਤੇ ਭਟ ਅੰਗ ਭੰਗ ਕੇ ਕਰਹਿਂ ਪੁਕਾਰਿ॥ ੧੧॥

ਇਹ ਸੁਣ ਕੇ ਇਮਾਮ ਬਖਸ਼ ਹਜ਼ਾਰ ਘੋੜ-ਸਵਾਰ ਲੈ ਕੇ ਅੱਗੇ ਵੱਧ ਕੇ ਓਥੇ ਪਹੁੰਚ ਗਿਆ ਜਿਥੇ ਨਾਨੋ ਲੜ ਰਿਹਾ ਸੀ ਤੇ ਤੀਰ, ਬੰਦੂਕ ਆਦਿ ਹਥਿਆਰ ਚਲਾ ਕੇ ਸੂਰਮਿਆਂ ਨੂੰ ਮਾਰ ਰਿਹਾ ਸੀ। ਓਥੇ ਆ ਕੇ ਜੁਟ ਪਿਆ ਤੇ ਬਹੁਤ ਗੋਲੀਆਂ ਚਲਾ ਕੇ ਸੂਰਮਿਆਂ ਦੇ ਹਿਰਦੇ ਪਾਰ ਕਿੱਤੇ। ਘੋੜਿਆਂ ਤੋਂ ਡਿੱਗ-ਡਿੱਗ ਥੱਲੇ ਪੈਂਦੇ ਸਨ, ਤੇ ਅੰਗ ਟੁੱਟ ਜਾਣ ਤੇ ਚੀਕਾਂ ਮਾਰਦੇ ਸਨ॥ ੧੧॥

ਭਿਰੇ ਸਿੱਖ ਗੁਰੁ ਕੇ ਸੰਗ ਤੁਰਕਨਿ ਮੁਰੇ ਨ ਪੀਛੇ ਇਕ ਪਗ ਥਾਨ।
ਚਮਕਹਿਂ ਖੜਗ ਸ੍ਰੋਣ ਸੋਂ ਲਿਪਟੇ, ਕਟਹਿਂ ਅੰਗ ਭਟ ਘਾਇ ਮਹਾਨ।
ਹਤਹਿਂ ਸੀਸ ਪਰ ਮੁਖ ਲਗਿ ਚੀਰਹਿਂ ਕੇਤਿਕ ਕੇ ਮੁਖ ਬਜਹਿਂ ਕ੍ਰਿਪਾਨ।
ਕਰਨ, ਨਾਸਿਕਾ ਛਿਦੇ ਕਿਤਿਕ ਕੇ ਕੇਚਿਤ ਕਰੇ ਬਿਲੋਚਨ ਹਾਨ॥ ੧੨॥

ਗੁਰੂ ਜੀ ਦੇ ਸਿੱਖ ਤੁਰਕਾਂ ਨਾਲ ਪੂਰੀ ਸਮਰੱਥਾ ਨਾਲ ਭਿੜੇ ਤੇ ਇਕ ਪੈਰ ਵੀ ਪਿੱਛੇ ਨਾ ਹਟੇ, ਲਹੂ ਨਾਲ ਲਿਬੜੀਆਂ ਤਲਵਾਰਾਂ ਚਮਕਦੀਆਂ ਸਨ, ਸੂਰਮਿਆਂ ਦੇ ਅੰਗਾਂ ਨੂੰ ਕੱਟਦੀਆਂ ਸਨ ਤੇ ਬੁਰੀ ਤਰ੍ਹਾਂ ਜ਼ਖ਼ਮੀ ਕਰਦੀਆਂ ਸਨ। ਕਈਆਂ ਨੂੰ ਸਿਰ ਤੋਂ ਮੂੰਹ ਤਕ ਚੀਰ ਦਿੰਦੇ ਸਨ ਤੇ ਕਈਆਂ ਦੇ ਮੂੰਹ ਉੱਤੇ ਕਿਰਪਾਨ ਵੱਜਦੀ ਸੀ। ਕਈਆਂ ਦੇ ਨੱਕ ਤੇ ਕੰਨ ਚੀਰ ਦਿੰਦੇ ਸਨ ਤੇ ਕਈਆਂ ਦੀਆਂ ਅੱਖਾਂ ਹੀ ਕੱਢ ਦਿੰਦੇ ਸਨ॥ ੧੨॥

ਮੋਢੇ ਲਗਹਿ ਬੀਚ ਤੇ ਚੀਰਤਿ, ਸ਼ਸਤ੍ਰ ਗਹੇ ਹਾਥਨਿ ਕਟਿ ਜਾਤਿ।
ਕੇਤਿਕ ਕੰਠ ਕਟਤਿ, ਸਿਰ ਉਤਰਤਿ, ਧਰ ਗਿਰ ਪਰਤਿ, ਕਿਤਿਕ ਤਰਫਾਤਿ।
ਕਟ ਤੇ ਕਟਤਿ, ਨ ਮਿਟਤਿ ਅਟਕ ਭਟ, ਮਾਰਤਿ ਖਰੇ ਖੜਗ ਸਹਿਗਾਤ।
ਸ਼੍ਰੋਣਤ ਬਹਤਿ ਅਨੇਕਨਿ ਕੇ ਤਨ ਘਾਉ ਭਕਾ ਭਕ ਬੋਲਤਿ ਘਾਤਿ॥ ੧੩॥

ਕਈਆਂ ਦੇ ਮੋਢਿਆਂ ਤੇ ਤਲਵਾਰ ਮਾਰ ਕੇ ਅੱਧ ਤੋਂ ਚੀਰ ਦਿੰਦੇ ਸਨ, ਕਈਆਂ ਦੇ ਹਥਿਆਰ ਫੜੇ ਹੱਥ ਹੀ ਵੱਢੇ ਜਾਂਦੇ ਸਨ। ਕਈਆਂ ਦੇ ਗਲ ਵੱਢੇ ਜਾਂਦੇ ਸਨ, ਸਿਰ ਲੱਥ ਜਾਂਦੇ ਸਨ ਤੇ ਧੜ ਡਿੱਗ ਪੈਂਦਾ ਸੀ, ਕਈ ਜ਼ਖ਼ਮੀ ਹੋ ਕੇ ਤੜਫਦੇ ਸਨ। ਕਈ ਕਮਰ ਤੋਂ ਕੱਟੇ ਜਾਂਦੇ ਸਨ, ਸੂਰਮੇ ਨਾ ਹਟਦੇ ਹਨ, ਨਾ ਅਟਕਦੇ ਹਨ। ਖੜੇ ਹੋ ਕੇ ਤਲਵਾਰ ਮਾਰਦੇ ਹਨ ਤੇ ਤਲਵਾਰ ਆਪਣੇ ਸਰੀਰ ਤੇ ਵੀ ਸਹਿੰਦੇ ਹਨ, ਅਨੇਕਾਂ ਸੂਰਮਿਆਂ ਦੇ ਜ਼ਖ਼ਮਾਂ ਵਿਚੋਂ ਖ਼ੂਨ ਵਹਿ ਰਿਹਾ ਸੀ-ਤੇ ਕੱਟੇ ਹੋਏ ਜ਼ਖ਼ਮ ਵਿਚੋਂ ਭਕ-ਭਕ ਦੀ ਆਵਾਜ਼ ਨਿਕਲਦੀ ਸੀ॥ ੧੩॥

ਸਮੁਖ ਇਮਾਮ ਬਖਸ਼ ਤਬਿ ਹੋਯਸਿ ਹਯ ਚਰਿਬੇ ਬਿੱਦਯਾ ਬਡ ਜਾਨਿ।
ਅਧਿਕ ਫੰਦਾਵਤਿ ਇਤ ਉਤ ਫੇਰਤਿ ਕਬਹਿ ਤੁਫੰਗ ਹਤਹਿ ਢਿਗ ਆਨਿ।
ਕਬਿ ਨੇਜ਼ਾ ਗਹਿ ਮਾਰਤਿ ਧਾਵਤਿ ਕਬਹੁਂ ਸੁਭਟ ਕੇ ਘਾਇ ਕ੍ਰਿਪਾਨ।
ਨਾਨੋ ਸੰਗ ਅਰਯੋ ਤਬਿ ਹ੍ਵੈ ਢਿਗ ਦੋਨਹੁ ਗਹੇ ਖੜਗ ਖਰ ਪਾਨ॥ ੧੪॥

ਫਿਰ ਇਮਾਮ ਬਖਸ਼ ਸਾਹਮਣੇ ਹੋਇਆ ਜਿਹੜਾ ਘੋੜ ਸਵਾਰੀ ਵਿਚ ਬੜਾ ਨਿਪੁੰਨ ਹੈ। ਉਸ ਨੇ ਘੋੜੇ ਨੂੰ ਏਧਰ ਓਧਰ ਫੇਰ ਕੇ ਬਹੁਤ ਕੁਦਾਇਆ, ਕਈ ਵਾਰ ਨੇੜੇ ਆ ਕੇ ਬੰਦੂਕ ਚਲਾ ਕੇ ਮਾਰਦਾ ਸੀ। ਕਦੀ ਨੇਜ਼ਾ ਫੜ ਕੇ ਧਾਵਾ ਕਰਕੇ ਮਾਰਦਾ ਸੀ ਤੇ ਕਦੇ ਤਲਵਾਰ ਲੈ ਕੇ ਸੂਰਮਿਆਂ ਨੂੰ ਜ਼ਖ਼ਮੀ ਕਰਦਾ ਸੀ। ਫਿਰ ਨਾਨੋ ਦੇ ਪਾਸ ਆ ਕੇ ਉਸ ਨਾਲ ਭਿੜ ਪਿਆ ਦੋਹਾਂ ਨੇ ਤਿੱਖੀਆਂ ਤਲਵਾਰਾਂ ਫੜ ਲਈਆਂ॥ ੧੪॥

ਫੇਰਿ ਤੁਰੰਗਮ ਦਾਵ ਬਿਲੋਕਹਿਂ ਦੋਨਹੁਂ ਚਮਕਾਵਤਿ ਸ਼ਮਸ਼ੇਰ।
ਘੋਰਨਿ ਫੇਰਨਿ ਕੀ ਬਹੁ ਬਿੱਦਯਾ ਕਰਤਿ ਆਪ ਮਹਿਂ ਢੂਕੇ ਨੇਰ।
ਜਬਿ ਨਾਨੋ ਨੇ ਖੜਗ ਪ੍ਰਹਾਰਯੋ ਰੋਕਯੋ ਨਿਜ ਕਰਿ ਖੜਗ ਅਗੇਰ।
ਦੁਤਿਯ ਵਾਰ ਪੁਨ ਕੀਨਸਿ ਤੂਰਨ ਬਾਮ ਹਾਥ ਕਾਟਯੋ ਬਿਨ ਦੇਰਿ॥ ੧੫॥

ਦੋਵੇਂ ਘੋੜੇ ਫੇਰ ਕੇ ਦਾਅ ਵੇਖਦੇ ਸਨ, ਦੋਵੇਂ ਆਪਣੀਆਂ ਤਲਵਾਰਾਂ ਨੂੰ ਚਮਕਾਉਂਦੇ ਸਨ। ਘੋੜੇ ਫੇਰਨ ਦੀ ਬਹੁਤ ਚੁਸਤੀ ਕਰ ਰਹੇ ਸਨ, ਫਿਰ ਆਪਸ ਵਿਚ ਨੇੜੇ ਢੁੱਕ ਗਏ ਜਦ ਨਾਨੋ ਨੇ ਤਲਵਾਰ ਦਾ ਵਾਰ ਕੀਤਾ ਤਾਂ ਇਮਾਮ ਬਖਸ਼ ਨੇ ਉਸ ਦੇ ਵਾਰ ਨੂੰ ਆਪਣੀ ਤਲਵਾਰ ਤੇ ਰੋਕ ਲਿਆ। ਨਾਨੋ ਨੇ ਦੂਸਰਾ ਵਾਰ ਬੜੀ ਫੁਰਤੀ ਨਾਲ ਕੀਤਾ ਤੇ ਬਿਨੇ ਦੇਰ ਬਗੈਰ ਉਸ ਦਾ ਖੱਬਾ ਹੱਥ ਕੱਟ ਦਿੱਤਾ॥ ੧੫॥

ਕੁਪਯੋ ਇਮਾਮ ਬਖਸ਼ ਕਰ ਕਟਿ ਗਾ, ਬਲ ਤੇ ਮਾਰਯੋ ਖੜਗ ਉਠਾਇ।
ਲਗਿ ਸਿਕੰਧ ਛਾਤੀ ਲਗਿ ਚੀਰਯੋ ਗਿਰਯੋ ਤੁਰੰਗ ਪਰ ਤੇ ਉਥਲਾਇ।
ਸਾਦਰ ਦੇਵਬਧੂਨਿ ਉਠਾਯਹੁ ਨਾਨੋ ਲੀਨਿ ਬਿਮਾਨ ਚਢਾਇ।
ਸਿੱਖ ਬਿਲੋਕਿ ਓਰੜੇ ਸਨਮੁਖ ਤੋਮਰ ਤੀਰ ਤੁਫੰਗ ਚਲਾਇ॥ ੧੬॥

ਜਦ ਹੱਥ ਕੱਟ ਗਿਆ ਤਾਂ ਇਮਾਮ ਬਖਸ਼ ਬਹੁਤ ਕ੍ਰੋਧ ਵਿਚ ਆ ਗਿਆ ਤੇ ਉਸ ਨੇ ਬੜੀ ਸ਼ਕਤੀ ਨਾਲ ਨਾਨੋ ਤੇ ਤਲਵਾਰ ਮਾਰੀ, ਜਿਹੜੀ ਮੋਢੇ ਤੇ ਵੱਜ ਕੇ ਉਸ ਨੂੰ ਛਾਤੀ ਤਕ ਚੀਰ ਗਈ, ਉਲਟਾ ਹੋ ਕੇ ਘੋੜੇ ਤੋਂ ਥੱਲੇ ਡਿੱਗ ਪਿਆ। ਅਪਛਰਾਵਾਂ ਨੇ ਬੜੇ ਪ੍ਰੇਮ ਨਾਲ ਚੁਕਿਆ ਤੇ ਬਿਬਾਣ ਵਿਚ ਚੜ੍ਹਾ ਲਿਆ। ਸਿੱਖ ਛਾਲਾਂ ਮਾਰਦੇ ਅੱਗੇ ਹੋ ਗਏ ਤੇ ਉਨ੍ਹਾਂ ਨੇਜ਼ੇ, ਤੀਰ ਅਤੇ ਬੰਦੂਕਾਂ ਚਲਾਈਆਂ॥ ੧੬॥

ਇਕ ਕਰ ਕਟਯੋ ਏਕ ਕਰ ਮਾਂਹੀ ਖੜਗ ਗਹੇ ਮਾਰਤਿ ਬਿਚਲਾਇ।
ਤੁਰਕ ਹਜ਼ਾਰਹੁਂ 'ਮਾਰਿ ਮਾਰਿ' ਕਹਿ ਆਇ ਪਰੇ ਸਿੱਖਨਿ ਪਰ ਧਾਇ।
ਪਰਯੋ ਰੌਰ ਤਬਿ, ਉਠਯੋ ਸ਼ੋਰ ਬਡ, ਦੁਹਰੀ ਚੋਬ ਦਮਾਮੇ ਵਾਇ।
ਤੁਪਕ, ਤਮਾਚੇ, ਤੋਮਰ, ਤੀਰਨਿ, ਤਰਵਾਰਨਿ, ਤਬਰਨਿ ਤਰ ਘਾਇ॥ ੧੭॥

ਇਕ ਬਾਂਹ ਵੱਢੀ ਗਈ ਸੀ, ਇਕ ਬਾਂਹ ਵਿਚ ਤਲਵਾਰ ਫੜ ਕੇ ਮਾਰ-ਮਾਰ ਕੇ ਵਿਚਰ ਰਿਹਾ ਸੀ। ਹਜ਼ਾਰਾਂ ਤੁਰਕ 'ਮਾਰੋ ਮਾਰ' ਕਹਿੰਦੇ ਆ ਗਏ ਤੇ ਸਿੱਖਾਂ ਤੇ ਧਾ ਕੇ ਪੈ ਗਏ। ਫਿਰ ਬਹੁਤ ਰੌਲਾ ਮਚਿਆ, ਬਹੁਤ ਸ਼ੋਰ ਉਠਿਆ ਤੇ ਦਮਾਮੇ ਤੇ ਦੂਹਰਾ ਡੱਗਾ ਲੱਗਾ। ਬੰਦੂਕ, ਤਮਾਚੇ, ਨੇਜ਼ੇ, ਤੀਰ, ਤਲਵਾਰਾਂ ਤੇ ਕੁਹਾੜਿਆਂ ਨਾਲ ਬਹੁਤ ਮਾਰਦੇ ਸਨ॥ ੧੭॥

ਭਾਗੇ ਸਿੱਖ ਕਿਤਿਕ ਹਟਿ ਪਾਛੇ ਕੇਚਿਤ ਪਹੁੰਚੇ ਗੁਰੁ ਢਿਗ ਦੌਰਿ।
'ਮਹਾਰਾਜ! ਨਾਨੋ ਰਣ ਮਾਰਯੋ ਤੁਮਰੋ ਸਰਦਾਰ ਨ ਤਿਸ ਠੌਰਿ।
ਪਰਯੋ ਜੋਰ ਉਤ ਸਿੱਖਨਿ ਊਪਰਿ ਭੇਜਹੁ ਜਥੇਦਾਰ ਕੋ ਔਰਿ।
ਦੇਖਹੁ ਕਰਹੁ ਬਿਲੋਚਨ ਉਤ ਕੋ ਵਧੇ ਤੁਰਕ ਮੇਲਯੋ ਬਡ ਰੌਰ'॥ ੧੮॥

ਕਈ ਸਿੱਖ ਭੱਜ ਕੇ ਪਿੱਛੇ ਹੱਟ ਗਏ, ਕਈ ਦੌੜ ਕੇ ਗੁਰੂ ਜੀ ਪਾਸ ਚਲੇ ਗਏ ਤੇ ਕਹਿਣ ਲੱਗੇ, "ਮਹਾਰਾਜ! ਨਾਨੋ ਰਣਖੇਤਰ ਵਿਚ ਮਾਰਿਆ ਗਿਆ ਹੈ, ਓਥੇ ਤੁਹਾਡਾ ਹੁਣ ਕੋਈ ਸਰਦਾਰ ਵੀ ਨਹੀਂ ਹੈ। ਸਿੱਖਾਂ ਉਤੇ ਜ਼ੋਰ ਪੈ ਗਿਆ ਹੈ, ਹੁਣ ਕੋਈ ਹੋਰ ਜਥੇਦਾਰ ਓਥੇ ਭੇਜੋ। ਨੈਣ ਉਚੇ ਕਰ ਕੇ ਵੇਖੋ, ਤੁਰਕ ਅੱਗੇ ਵਧ ਰਹੇ ਹਨ ਤੇ ਬੜਾ ਰੌਲਾ ਮਚਿਆ ਹੈ॥ ੧੮॥

ਸੁਨਿ ਸ੍ਰੀ ਹਰਿਗੋਵਿੰਦ ਨਿਹਾਰਯੋ ਕਰਯੋ ਪਿਰਾਗੇ ਸੰਗ ਬਖਾਨ।
'ਤੂਰਨ ਤੂੰ ਰਨ ਕੋ ਤਹਿਂ ਪਹੁੰਚਹੁ ਜਹਾਂ ਲਰਾਈ ਜ਼ੋਰ ਮਹਾਨ'।
ਜਗਨਾ ਕਿਸ਼ਨਾ ਸੁਭਟ ਅਮੋਲਕ ਪਿਖਿ ਠਾਂਢੇ ਇਨ ਪਠਯੋ ਸੁਜਾਨ।
ਔਰ ਸੂਰ ਸਭਿ ਦੌਰ ਠੌਰ ਤਿਸ ਜਾਇ ਲਰੇ ਮੇਲਯੋ ਘਮਸਾਨ॥ ੧੯॥

ਇਹ ਸੁਣ ਕੇ ਸ੍ਰੀ ਹਰਿਗੋਬਿੰਦ ਨੇ ਵੇਖਿਆ ਤੇ ਪਿਰਾਗੇ ਨੂੰ ਕਹਿਣ ਲੱਗੇ "ਤੁਸੀਂ ਤੁਰਤ ਰਣਖੇਤਰ ਵਿਚ, ਜਿਥੇ ਬੜੇ ਜ਼ੋਰ ਦੀ ਲੜਾਈ ਚਲ ਰਹੀ ਹੈ, ਪਹੁੰਚੋ।" ਜਗਨਾ ਕਿਸ਼ਨਾ ਵੀ ਜਿਹੜੇ ਅਮੋਲਕ ਸੂਰਬੀਰ ਸਨ, ਓਥੇ ਖੜੇ ਵੇਖ ਕੇ ਉਨ੍ਹਾਂ ਨੂੰ ਵੀ ਭੇਜਿਆ। ਹੋਰ ਸਾਰੇ ਸੂਰਬੀਰ ਦੌੜ ਕੇ ਓਥੇ ਪਹੁੰਚ ਗਏ, ਤੇ ਘਮਸਾਣ ਦਾ ਯੁੱਧ ਕੀਤਾ॥ ੧੯॥

ਚਲੀ ਤੁਫੰਗ ਤਮਾਚੇ ਤੂਰਨ, ਤੋਮਰ ਤੀਰਨਿ ਕੇਰ ਪ੍ਰਹਾਰ।
ਹਟਤਿ ਨ ਪੀਛੈ, ਥਿਰੇ ਖਾਨ ਤਹਿਂ, ਪਰੇ ਸੁ ਜੋਧਾ ਕਟੇ ਸੁ ਮਾਰਿ।
ਪਰਜੋ ਸੰਗ੍ਰਾਮ ਘੋਰ ਤਿਸ ਛਿਨ ਮਹਿਂ ਚਹੁਂਦਿਸ਼ਿ ਚਮਕਤਿ ਗਨ ਤਲਵਾਰ।
ਫਿਰਤਿ ਇਮਾਮ ਬਖ਼ਸ਼ ਇਕ ਕਰ ਕਟਿ, ਜਗਨੇ ਮਾਰਿ ਦੀਨਿ ਬਲ ਧਾਰਿ॥੨੦॥

ਬੰਦੂਕਾਂ ਅਤੇ ਤਮਾਚੇ ਤੁਰਤ ਚਲ ਪਏ ਤੇ ਨੇਜ਼ਿਆਂ ਅਤੇ ਤੀਰਾਂ ਦੇ ਵਾਰ ਹੋਏ। ਪਿੱਛੇ ਹੱਟਦੇ ਨਹੀਂ ਸਨ ਤੇ ਖਾਨ ਓਥੇ ਹੀ ਖੜ੍ਹੇ ਸਨ, ਜੇ ਕੋਈ ਯੋਧਾ ਆ ਕੇ ਹਮਲਾ ਕਰਦਾ ਸੀ ਤਾਂ ਉਸ ਨੂੰ ਕੱਟ ਕੇ ਮਾਰ ਦਿੰਦੇ ਸਨ। ਉਸ ਵੇਲੇ ਘੋਰ ਸੰਗਰਾਮ ਮਚਿਆ, ਚਾਰੇ ਪਾਸੇ ਬਹੁਤ ਤਲਵਾਰਾਂ ਚਮਕ ਰਹੀਆਂ ਸਨ। ਇਮਾਮ ਬਖ਼ਸ਼ ਇਕ ਕੱਟੀ ਹੋਈ ਬਾਂਹ ਲੈ ਕੇ ਫਿਰ ਰਿਹਾ ਸੀ, ਜਗਨੇ ਨੇ ਬਲ ਧਾਰ ਕੇ ਉਸ ਨੂੰ ਮਾਰ ਦਿੱਤਾ॥ ੨੦॥

ਜਿਸ ਥਲ ਮਹਿਂ ਗੁਰੁ ਭਟ ਦ੍ਰਿਢ ਹ੍ਵੈ ਕਰਿ ਲਰਤਿ ਰਹੇ ਸੋ ਲਿਯੋ ਛੁਟਾਇ।
ਗਾਡ ਪਤਾਕਾ ਤਹਿਂ ਥੇ ਗਾਢੇ ਨਹਿਂ ਪਾਛੇ ਪੁਨ ਪਾਂਇ ਹਟਾਇ।
ਸੋ ਥਲ ਚਹਿਤਿ ਛੁਟਾਵਨਿ ਕੋ ਪੁਨ ਲੇ ਕਰਿ ਸੰਗ ਸੁਭਟ ਸਮੁਦਾਇ।
ਪਰਜੋ ਪਿਰਾਗਾ ਊਪਰ ਤਿਨ ਕੇ ਕਰਵਾਰਨਿ ਕੀ ਮਾਰ ਮਚਾਇ॥ ੨੧॥

ਜਿਸ ਸਥਾਨ ਵਿਖੇ ਗੁਰੂ ਜੀ ਦੇ ਸੂਰਬੀਰ ਦ੍ਰਿੜ੍ਹ ਹੋ ਕੇ ਲੜਦੇ ਰਹੇ, ਉਸ ਸਥਾਨ ਨੂੰ ਛੁੜਵਾ ਲਿਆ। ਝੰਡਾ ਗੱਡ ਕੇ ਓਥੇ ਜੰਮ ਗਏ ਤੇ ਫਿਰ ਇਕ ਪੈਰ ਵੀ ਪਿੱਛੇ ਨਾ ਹਟੇ। ਉਹ ਥਾਂ ਛੁੜਵਾਉਣਾ ਚਾਹੁੰਦੇ ਸੀ, ਭਾਈ ਪਿਰਾਗਾ ਆਪਣੇ ਨਾਲ ਬਹੁਤ ਸੂਰਬੀਰ ਲੈ ਕੇ ਉਨ੍ਹਾਂ ਉਤੇ ਟੁੱਟ ਕੇ ਪੈ ਗਿਆ ਤੇ ਤਲਵਾਰਾਂ ਦੀ ਮਾਰ ਮੱਚਾ ਦਿੱਤੀ॥ ੨੧॥

ਗਿਰੇ ਪਠਾਨ ਮੁਗਲ ਹ੍ਵੈ ਪੁਰਜੇ ਨਹਿਂ ਛੋਰਤਿ ਨਿਜ ਪਾਇ ਜਮਾਇ।
ਗੁਰੁ ਭਟ ਭਨੈਂ 'ਸੁ ਥਾਨ ਛੁਰਾਵਹੁ ਪਰਜੋ ਜ਼ੋਰ ਰਣ ਕੋ ਤਿਸ ਥਾਇਂ'।
ਬਿਧੀ ਚੰਦ ਗੁਰ ਸਾਥ ਬਖਾਨੀ 'ਮੋ ਪ੍ਰਤਿ ਹੁਕਮ ਦੇਹੁ ਫੁਰਮਾਇ।
ਤਹਿਂ ਸੰਗਾਮ ਭਯਾਨਕ ਮਾਚਜੋ ਪਹੁਚੌਂ ਸ਼ੀਘ੍ਰ ਸੁ ਬਨੌਂ ਸਹਾਇ'॥ ੨੨॥

ਮੁਗ਼ਲ, ਪਠਾਣ ਪੁਰਜਾ ਹੋ-ਹੋ ਕੇ ਡਿੱਗੇ, ਪਰ ਆਪਣਾ ਜਮਾਇਆ ਹੋਇਆ ਪੈਰ ਪਿਛੇ ਨਹੀਂ ਸੀ ਕਰਦੇ। ਗੁਰੂ ਜੀ ਦੇ ਸੂਰਬੀਰ ਕਹਿੰਦੇ ਸਨ, "ਉਹ ਸਥਾਨ ਛੁੜਵਾਹੋ, ਉਸ ਥਾਂ ਲੜਾਈ ਦਾ ਬਹੁਤ ਜ਼ੋਰ ਪਿਆ ਹੈ।" ਭਾਈ ਬਿਧੀ ਚੰਦ ਗੁਰੂ ਜੀ ਨੂੰ ਕਹਿਣ ਲੱਗਾ, "ਮੇਰੇ ਬਾਰੇ ਵੀ ਹੁਕਮ ਫੁਰਮਾਓ, ਓਥੇ ਬਹੁਤ ਭਿਆਨਕ ਸੰਗਰਾਮ ਮਚਿਆ ਹੈ, ਮੈਂ ਛੇਤੀ ਓਥੇ ਪਹੁੰਚ ਕੇ ਉਨ੍ਹਾਂ ਦੀ ਸਹਾਇਤਾ ਕਰਾਂ"॥ ੨੨॥

ਸੁਨਿ ਸਤਿਗੁਰੂ ਨੇ ਆਇਸੁ ਭਾਖੀ ਤਿਹਂ ਸਥਾਨ ਪਰ ਜੁਟਿਗੇ ਬੀਰ।
'ਜਾਹੁ ਛੁਟਾਇ ਤਾਂਹਿ ਹਟਿ ਆਵਹੁ, ਠਹਿਰਹੁ ਨਹਿਂ ਚਿਰ ਕਾਲ, ਸਧੀਰ !'।
ਸੁਨਤਿ ਤੁਰੰਗਮ ਗਯੋ ਧਵਾਵਤਿ ਸੰਗ ਲਿਏ ਜੋਧਾ ਗਨ ਭੀਰ।
ਮਾਰਿ ਮਾਰਿ ਕਰਿ ਜਾਇ ਪਰੇ ਤਬਿ ਹਤੇ ਹਜ਼ਾਰਹੁਂ ਗਿਰੇ ਸਰੀਰ॥ ੨੩॥

ਇਹ ਸੁਣ ਕੇ ਗੁਰੂ ਜੀ ਨੇ ਉਸ ਸਥਾਨ ਵਿਖੇ ਜਾਣ ਦੀ ਆਗਿਆ ਦੇ ਦਿੱਤੀ, ਜਿਸ ਸਥਾਨ ਵਿਖੇ ਸੂਰਬੀਰ ਆਪਸ ਵਿਚ ਭਿੜ ਰਹੇ ਸਨ। ਗੁਰੂ ਜੀ ਨੇ ਕਿਹਾ, "ਜਾਓ ਉਹ ਸਥਾਨ ਛੁਡਵਾ ਦੇਵੇ ਤੇ ਫਿਰ ਤੁਰਤ ਵਾਪਸ ਆ ਜਾਵੇ, ਉਸ ਸਥਾਨ ਵਿਚ ਜ਼ਿਆਦਾ ਦੇਰ ਨਾ ਠਹਿਰੇ।" ਇਹ ਸੁਣ ਕੇ ਭਾਈ ਬਿਧੀ ਚੰਦ ਆਪਣੇ ਬਹੁਤ ਯੋਧਿਆਂ ਨੂੰ ਨਾਲ ਲੈ ਕੇ ਚਲਾ ਗਿਆ। 'ਮਾਰੋ ਮਾਰ' ਕਰਦੇ ਜਾ ਪਏ ਤੇ ਉਨ੍ਹਾਂ ਨੇ ਹਜ਼ਾਰਾਂ ਸਰੀਰਾਂ ਨੂੰ ਮਾਰ ਕੇ ਧਰਤੀ ਉਤੇ ਡੇਗ ਦਿੱਤਾ॥ ੨੩॥

ਖੜਗ ਪ੍ਰਹਾਰਤਿ ਸੁਭਗ ਬਡੇਰੇ ਦੁਹਿੰ ਦਿਸ਼ਿ ਤੇ ਮਾਚ੍ਯੋ ਘਮਸਾਨ।
ਭਈ ਲੋਥ ਪੋਥਨਿ ਅਨਗਨ ਤਹਿਂ ਮਾਰਿ ਮਰੇ ਗਿਰਿ ਗੇ ਤਿਸ ਥਾਨ।
ਬਿਧੀਚੰਦ ਪਹੁੰਚ੍ਯੋ ਤਿਸ ਥਲ ਥਿਰ ਪਤਾਕਾ ਲੀਨਿ ਸੁਜਾਨਿ।
ਕਿਤਿਕ ਕਟੇ ਅਰ ਕਿਤਿਕ ਪਲਾਏ ਨਿਜ ਥਲ ਪਰ ਸਿਖ ਭੇ ਸਵਧਾਨ॥੨੪॥

ਸ੍ਰੇਸ਼ਟ ਸੂਰਮੇ ਤਲਵਾਰਾਂ ਚਲਾ ਰਹੇ ਸਨ ਤੇ ਚੌਵੀ ਪਾਸੀਂ ਵੱਡਾ ਘਮਸਾਣ ਮਚਿਆ ਹੋਇਆ ਸੀ। ਓਥੇ ਅਣਗਿਣਤ ਲੋਥਾਂ ਤੇ ਲੋਥਾਂ ਚੜ੍ਹੀਆਂ ਹੋਈਆਂ ਸਨ, ਦੂਸਰੇ ਨੂੰ ਮਾਰ ਕੇ ਆਪ ਮਰ ਕੇ ਉਸ ਥਾਂ ਡਿੱਗ ਪਏ ਸਨ। ਭਾਈ ਬਿਧੀ ਚੰਦ ਉਸ ਸਥਾਨ ਤੇ ਪਹੁੰਚਿਆ ਤੇ ਜਾ ਕੇ ਝੰਡਾ ਗੱਡ ਲਿਆ। ਕਿੰਨੇ ਮਾਰੇ ਤੇ ਕਿੰਨੇ ਭਜਾਏ ਤੇ ਆਪਣੇ ਸਥਾਨ ਉਤੇ ਸਿੱਖ ਸਾਵਧਾਨ ਹੋ ਗਏ॥ ੨੪॥

ਗਏ ਦੌਰ ਕਰਿ, ਪਿਖਹਿਂ ਨ ਪਾਛੇ, ਜਹਾਂ ਬਿਲੋਕਤਿ ਅਬਦੁਲਖਾਨ।
'ਕਤਲ ਪਠਾਨ ਘਨ ਤਹਿਂ ਗਿਰਿ ਗੇ, ਭਾਗੀ ਚਮੂੰ ਤ੍ਰਾਸ ਕੋ ਠਾਨਿ।
ਲੀਨੀ ਛੀਨਿ ਪਤਾਕਾ ਤੁਮਰੀ ਭਯੋ ਬਿਸਾਲ ਤਬਹਿ ਘਮਸਾਨ।
ਅਰਯੋ ਨ ਕੋਈ, ਖਰਯੋ ਨ ਹੋਵਾ, ਪਰਯੋ ਮਹਾਂ ਰਣ, ਥਿਰਯੋ ਨ ਥਾਨ॥ ੨੫॥

ਪਠਾਣ ਦੌੜ ਕੇ ਚਲੇ ਗਏ, ਪਿਛੇ ਮੁੜ ਕੇ ਨਹੀਂ ਵੇਖਦੇ ਸਨ ਤੇ ਓਥੇ ਪਹੁੰਚ ਗਏ ਜਿਥੇ ਅਬਦੁਲ ਖਾਨ ਵੇਖ ਰਿਹਾ ਸੀ। ਉਸ ਨੂੰ ਜਾ ਕੇ ਉਨ੍ਹਾਂ ਕਿਹਾ, "ਬਹੁਤ ਪਠਾਣ ਕਤਲ ਹੋ ਕੇ ਉਥੇ ਡਿੱਗ ਪਏ ਹਨ, ਸਾਰੀ ਸੈਨਾ ਡਰ ਕੇ ਭੱਜ ਉਠੀ ਹੈ। ਤੁਹਾਡਾ ਝੰਡਾ ਖੋਹ ਲਿਆ ਹੈ ਤਦ ਤੋਂ ਵਿਸ਼ਾਲ ਘਮਸਾਣ ਮਚਿਆ ਹੈ। ਕੋਈ ਵੀ ਅੜਿਆ ਨਹੀਂ ਹੈ ਤੇ ਖੜਾ ਨਹੀਂ ਹੋਇਆ ਹੈ। ਵੱਡਾ ਯੁੱਧ ਮਚਿਆ ਹੈ ਤੇ ਕੋਈ ਵੀ ਉਸ ਥਾਂ ਖੜਾ ਨਹੀਂ ਹੋਇਆ ਹੈ॥ ੨੫॥

ਕਟੇ ਤਹਾਂ ਹੀ ਹਟੇ ਨ ਥੋਰੇ, ਜਹਿਂ ਤੇ ਭਾਜੇ ਸਿਖ ਪੁਨ ਆਇ।
ਜੋਰ ਪਾਇ ਕਰਿ ਛੀਨ ਲੀਨਿ ਸੋ, ਆਗੇ ਆਵਤਿ ਮਾਰਿ ਮਚਾਇ'।
ਅਬਦੁਲਖਾਨ ਕਾਨ ਇਮ ਸੁਨਿ ਕਰਿ ਭਯੋ ਹਿਰਾਨ ਮਨਹਿ ਪਛੁਤਾਇ।
ਔਚਕ ਜੰਗ ਪਾਇ ਗਰ ਅਪਨੇ ਸੁਭਟ ਸੰਗ ਕੇ ਸਭਿ ਮਰਿਵਾਇ॥ ੨੬॥

ਓਥੇ ਹੀ ਕੱਟੇ ਗਏ ਹਨ ਤੇ ਥੋੜ੍ਹਾ ਵੀ ਪਿਛਾਂਹ ਨਹੀਂ ਹਟੇ ਹਨ, ਜਿਥੋਂ ਭੱਜੇ ਹਨ ਸਿੱਖ ਫਿਰ ਆ ਗਏ ਹਨ, ਉਨ੍ਹਾਂ ਜ਼ੋਰ ਪਾ ਕੇ ਝੰਡਾ ਖੋਹ ਲਿਆ ਹੈ ਤੇ ਅੱਗੋਂ ਆ ਕੇ ਸਭ ਨੂੰ ਮਾਰ ਮੁਕਾਇਆ ਹੈ।" ਅਬਦੁਲ ਖਾਨ ਇਸ ਤਰ੍ਹਾਂ ਕੰਨਾਂ ਨਾਲ ਸੁਣ ਕੇ ਬਹੁਤ ਹੈਰਾਨ ਹੋਇਆ ਤੇ ਮਨ ਵਿਚ ਬਹੁਤ ਪਛੁਤਾਇਆ ਕਿ ਮੈਂ ਅਚਾਨਕ ਜੰਗ ਆਪਣੇ ਗਲ ਪਵਾ ਕੇ ਆਪਣੇ ਸਾਰੇ ਸੂਰਬੀਰ ਯੋਧੇ ਮਰਵਾ ਲਏ ਹਨ॥ ੨੬॥

ਕਰਮਚੰਦ ਅਰੁ ਰਤਨਚੰਦ ਜੁਗ ਦੋਨਹੁਂ ਕੋ ਰਿਸ ਕਹਿ ਬੁਲਿਵਾਇ।
ਬੂਝਨਿ ਕਰੇ 'ਕਹਾਂ ਤੁਮ ਹੇਰਤਿ? ਪ੍ਰੇਰਤਿ ਚਮੂੰ ਅਧਿਕ ਮਰਿਵਾਇ?।
ਕਹਤਿ ਹੁਤੇ ਤੁਮ, ਗੁਰੁ ਢਿਗ ਜੋਧਾ ਨਹਿਂ ਕੋ, ਰੰਕ ਸਿੱਖ ਸਮੁਦਾਇ।
ਆਟੇ ਮਹਿਂ ਜਿਮ ਲਵਨ ਬਤਾਵਤਿ,ਅਬਿ ਕਜਾ ਭਯੋ ਦਿਯੋ ਸਭਿ ਘਾਇ?॥੨੭॥

ਗੁੱਸੇ ਵਿਚ ਆ ਕੇ ਕਰਮ ਚੰਦ ਅਤੇ ਰਤਨ ਚੰਦ ਦੋਵਾਂ ਨੂੰ ਬੁਲਵਾਇਆ ਪੁੱਛਣ ਲੱਗਾ, "ਤੁਸੀਂ ਕੀ ਵੇਖਦੇ ਹੋ? ਮੈਨੂੰ ਚੁਕਣਾ ਦੇ ਕੇ ਬਹੁਤ ਫੌਜ ਮਰਵਾਈ ਹੈ, ਤੁਸੀਂ ਕਹਿੰਦੇ ਸੀ, ਗੁਰੂ ਜੀ ਪਾਸ ਕੋਈ ਜੋਧਾ ਨਹੀਂ ਹੈ, ਗ਼ਰੀਬ ਸਿੱਖ ਸੇਵਕਾਂ ਦਾ ਇਕੱਠ ਹੈ। ਉਨ੍ਹਾਂ ਦੀ ਫੌਜ ਨੂੰ ਸਾਡੀ ਫੌਜ ਦੇ ਬਰਾਬਰ ਆਟੇ ਵਿਚ ਲੂਣ ਦੱਸਦੇ ਸੀ, ਹੁਣ ਕੀ ਹੋਇਆ ਹੈ, ਉਨ੍ਹਾਂ ਸਾਡੀ ਸਾਰੀ ਫੌਜ ਹੀ ਮਾਰ ਦਿੱਤੀ ਹੈ? ॥ ੨੭॥

ਪੰਚ ਹਜ਼ਾਰ ਚਮੂੰ ਕੇ ਸੰਗੈ ਪੰਚ ਚਮੂੰਪਤਿ ਦਿਏ ਸੰਘਾਰ।
ਬਚੇ ਸੁ ਭਾਜੇ ਆਵਤਿ ਇਤਿ ਕੋ ਆਗੇ ਭਈ ਗ਼ਜ਼ਬ ਕੀ ਮਾਰ।
ਨਬੀ ਬਖਸ਼ ਨੰਦਨ ਬਡ ਮੇਰੋ ਤਿਸ ਕੇ ਸਾਥ ਸੁ ਦੋਇ ਹਜ਼ਾਰਿ।
ਔਰ ਹਜ਼ਾਰ ਦੋਇ ਸੰਗ ਲੀਜਹਿ ਗਮਨਹੁ ਆਗੈ ਜਹਿਂ ਬਡ ਰਾਰ॥ ੨੮॥

ਪੰਜ ਹਜ਼ਾਰ ਫੌਜ ਦੇ ਨਾਲ ਪੰਜ ਸੈਨਾਪਤੀ ਮਾਰ ਦਿੱਤੇ ਹਨ ਜਿਹੜੇ ਬਚੇ ਹਨ, ਉਹ ਵਾਪਿਸ ਭੱਜੇ ਆ ਰਹੇ ਹਨ ਅੱਗੇ ਏਨੀਂ ਗਜ਼ਬ ਦੀ ਮਾਰ ਪਈ ਹੈ। ਨਬੀ ਬਖਸ਼ ਮੇਰਾ ਵੱਡਾ ਪੁੱਤਰ ਹੈ, ਉਸ ਨਾਲ ਦੋ ਹਜ਼ਾਰ ਘੋੜ-ਸਵਾਰ ਫੌਜ ਹੈ ਅਤੇ ਹਜ਼ਾਰ ਤੁਸੀਂ ਦੋਵੇਂ ਲੈ ਕੇ ਓਥੇ ਜਾਵੋ ਜਿਥੇ ਬਹੁਤ ਜੰਗ ਮਚਿਆ ਹੋਇਆ ਹੈ॥ ੨੮॥

ਮੈਂ ਆਯੋ, ਤੁਮ ਤੇ ਕੁਛ ਪਾਛੇ, ਜਹਿਂ ਲਗਿ ਗੁਰੂ ਤਹਾਂ ਲਗਿ ਜਾਇ।
ਗਹਹੁ ਕਿ ਮਾਰਹੁ ਬੇਗ ਸਿਧਾਰਹੁ', ਬੋਲਜੋ ਰਤਨ ਚੰਦ ਬਿਸਮਾਇ।
'ਨਹੀਂ ਸੈਨ ਕੁਛ, ਤੁਮ ਭੀ ਜਾਨਹੁ, ਕੌਨ ਲਰਜੋ ਏਤੋ ਅਗੁਵਾਇ?।
ਅਬਿ ਹਮ ਜੈ ਹੈਂ, ਪਿਖਹੁ, ਲਰੈ ਹੈਂ, ਕਿਮ ਅਟਕਹਿਂ? ਸਭਿ ਜਾਹਿਂ ਪਲਾਇ॥੨੯॥

ਤੁਹਾਡੇ ਤੋਂ ਕੁਝ ਦੇਰ ਬਾਅਦ ਮੈਨੂੰ ਆਇਆ ਜਾਣੋ, ਜਿਥੇ ਗੁਰੂ ਜੀ ਹਨ ਓਥੇ ਤਕ ਜਾਵੋ, ਉਨ੍ਹਾਂ ਨੂੰ ਫੜੋ ਜਾਂ ਮਾਰੋ, ਛੇਤੀ ਨਾਲ ਜਾਵੋ।" ਇਹ ਸੁਣ ਕੇ ਰਤਨ ਚੰਦ ਹੈਰਾਨ ਹੋ ਕੇ ਬੋਲਿਆ। "ਕੁਝ ਵੀ ਸੈਨਾ ਨਹੀਂ ਹੈ, ਤੁਸੀਂ ਵੀ ਜਾਣਦੇ ਹੋ, ਕੌਣ ਅੱਗੇ ਹੋ ਕੇ ਲੜਿਆ ਹੈ। ਹੁਣ ਅਸੀਂ ਜਾਂਦੇ ਹਾਂ, ਵੇਖੋ ਕਿਸ ਤਰ੍ਹਾਂ ਲੜਦੇ ਹਾਂ, ਕਿਵੇਂ ਅਟਕਾਂਗੇ? ਸਭ ਨੂੰ ਭਜਾ ਦੇਵਾਂਗੇ'॥ ੨੯॥

ਦੋਹਰਾ-ਨਬੀ ਬਖਸ਼ ਪਿਤ ਸੋਂ ਕਹਜੋ 'ਕਜੋਂ ਚਿੰਤਾ ਚਿਤ ਦੀਨਿ?।
ਜਬਿ ਲੋ ਮੈਂ ਪਹੁੰਚਜੋ ਨਹੀਂ ਤਬਿ ਲੋ ਸੰਘਰ ਕੀਨਿ॥ ੩੦॥

ਨਬੀ ਬਖਸ਼ ਨੇ ਆਪਣੇ ਪਿਤਾ ਨੂੰ ਕਿਹਾ, "ਕਿਉਂ ਚਿੱਤ ਵਿਚ ਚਿੰਤਾ ਕਰਦੇ ਹੋ? ਜਦ ਤਕ ਮੈਂ ਪਹੁੰਚਦਾ ਨਹੀਂ, ਤਦ ਤਕ ਹੀ ਗੁਰੂ ਯੁੱਧ ਕਰ ਸਕੇਗਾ॥ ੩੦॥

ਦੇਖਹੁ ਕੈਸੇ ਮੈਂ ਹਤੌਂ, ਕੌਨ ਲਰੈਗੋ ਆਨਿ।
ਅਨਿਕ ਜਾਤਿ ਕੇ ਰੰਕ ਨਰ ਇਕਠੇ ਕਰਿ ਦਲ ਠਾਨਿ॥ ੩੧॥

ਵੇਖਣਾ ਮੈਂ ਕਿਸ ਤਰ੍ਹਾਂ ਮਾਰਦਾ ਹਾਂ, ਕੌਣ ਮੇਰੇ ਨਾਲ ਆ ਕੇ ਲੜੇਗਾ। ਅਨੇਕ ਜਾਤੀਆਂ ਦੇ ਗ਼ਰੀਬ ਲੋਕ ਇਕੱਠੇ ਕਰਕੇ ਫੌਜ ਬਣਾਈ ਹੈ॥ ੩੧॥

ਹੰਸਕ ਛੰਦ-ਮੈਂ ਗਹਿ ਲੈ ਹੌਂ। ਨਾ ਅਟਕੈ ਹੌਂ। ਕੌਨ ਅਰੈ ਗੋ। ਜੰਗ ਪਰੈ ਗੋ॥ ੩੨॥

ਮੈਂ ਫੜ ਲਵਾਂਗਾ, ਕਿਸੇ ਨੂੰ ਅਟਕਣ ਨਹੀਂ ਦੇਵਾਂਗਾ, ਮੇਰੇ ਅੱਗੇ ਕਿਹੜਾ ਅੜੇਗਾ, ਜੰਗ ਹੋਵੇਗੀ॥ ੩੨॥

ਆਵਹੁ ਪਾਛੇ। ਆਯੁਧ ਕਾਛੇ। ਕੋਇ ਨ ਝਾਲੈ। ਜੇ ਭਜਿ ਚਾਲੈਂ॥੩੩॥

ਸ਼ਸਤਰ ਸਜਾ ਕੇ ਪਿੱਛੇ ਆਵੋ, ਕੋਈ ਨਹੀਂ ਝੱਲ ਸਕੇਗਾ, ਸਭ ਭੱਜ ਜਾਣਗੇ॥ ੩੩॥

ਤੇ ਤੁਮ ਰੋਕੋ। ਠਾਢਿ ਬਿਲੋਕੋ। ਛੋਰਿ ਤੁਫੰਗੈਂ। ਘੇਰਿ ਨਿਸੰਗੈਂ॥ ੩੪॥

ਇਸ ਕਰਕੇ ਤੁਹਾਨੂੰ ਰੁਕਣ ਲਈ ਕਹਿੰਦਾ ਹਾਂ, ਤੁਸੀ ਖੜੇ ਹੋ ਕੇ ਮੇਰਾ ਯੁੱਧ ਵੇਖੋ। ਬੰਦੂਕਾਂ ਚਲਾ ਕੇ ਕਿਸੇ ਸ਼ੰਕੇ ਤੋਂ ਬਗੈਰ ਘੇਰ ਲਵਾਂਗਾ॥ ੩੪॥

ਕਾਜ ਸੁਧਾਰੇ। ਧਾਮ ਪਧਾਰੇ। ਲਾਜ ਰਖੀਜੈ। ਕੀਰਤਿ ਲੀਜੈ'॥ ੩੫॥

ਇਹ ਕਾਰਜ ਸੁਧਾਰ ਲਵੇ ਤੇ ਫਿਰ ਘਰ ਨੂੰ ਚਲੇ ਜਾਵੇ, ਲਾਜ ਰਖ ਕੇ ਕੀਰਤੀ ਪ੍ਰਾਪਤ ਕਰੋ'॥ ੩੫॥

ਯੌਂ ਕਹਿ ਚਾਲਾ। ਕੋਪ ਬਿਸਾਲਾ। ਲੈ ਕਰਵਾਲਾ। ਸੁੰਦਰ ਢਾਲਾ॥ ੩੬॥

ਇਸ ਤਰ੍ਹਾਂ ਕਹਿ ਕੇ ਨਬੀ ਬਖਸ ਚਲ ਪਿਆ। ਬੜੇ ਗੁੱਸੇ ਵਿਚ ਆ ਕੇ ਤਲਵਾਰ ਅਤੇ ਸੁੰਦਰ ਢਾਲ ਫੜੀ॥ ੩੬॥

ਫੁੰਬਲਿਆਲਾ। ਤੋਮਰ ਭਾਲਾ। ਰੂਪ ਕਰਾਲਾ। ਲੋਚਨ ਲਾਲਾ॥ ੩੭॥

ਫੁੰਬਲਾਂ ਵਾਲਾ ਨੇਜ਼ਾ ਅਤੇ ਭਾਲਾ ਲਿਆ, ਵਿਕਰਾਲ ਰੂਪ ਸੀ ਤੇ ਲਾਲ ਅੱਖਾਂ ਸੀ॥ ੩੭॥

ਪ੍ਰੇਰਿ ਤੁਰੰਗਾ। ਚੰਚਲ ਅੰਗਾ। ਅੱਗ੍ਰ ਕੁਦਾਵਾ। ਜਨੌਂ ਨਟ ਜਾਵਾ॥ ੩੮॥

ਘੋੜੇ ਨੂੰ ਭਜਾਇਆ ਜਿਸ ਦੇ ਚੰਚਲ ਅੰਗ ਸਨ। ਅੱਗੇ ਜਾ ਕੇ ਕੁਦਾਇਆ ਜਿਵੇਂ ਨਟ ਬਾਜ਼ੀਆਂ ਪਾਉਂਦਾ ਜਾਂਦਾ ਹੋਵੇ॥ ੩੮॥

ਦੋਹਰਾ- ਅਪਰ ਚਮੂੰ ਚਾਲੀ ਤਬਹਿ ਜਿਮ ਜਲ ਕੇਰ ਪ੍ਰਵਾਹ।
ਰਤਨਚੰਦ ਭਾ ਏਕ ਦਿਸ਼ਿ ਧਾਏ ਕਰਤਿ ਉਮਾਹ॥ ੩੯॥

ਬਾਕੀ ਫੌਜ ਫਿਰ ਇਸ ਤਰ੍ਹਾਂ ਚਲੀ ਜਿਵੇਂ ਜਲ ਦਾ ਪ੍ਰਵਾਹ ਵਹਿੰਦਾ ਹੋਵੇ। ਰਤਨ ਚੰਦ ਵੀ ਬੜੇ ਉਤਸ਼ਾਹ ਨਾਲ ਇਕ ਪਾਸੇ ਨੂੰ ਅੱਗੇ ਵਧਿਆ॥ ੩੯॥

ਕਰਮਚੰਦ ਦੂਸਰ ਦਿਸ਼ਾ ਧੀਰ ਦੇਤਿ ਬਡਿ ਬੀਰ।
ਗਹਿ ਲੈ ਹੈਂ ਅਬਿ ਗੁਰੂ ਕੋ ਪਹਿਲੇ ਹੱਲੇ ਚੀਰਿ'॥ ੪੦॥

ਕਰਮਚੰਦ ਦੂਸਰੇ ਪਾਸੇ ਨੂੰ ਸੂਰਮਿਆਂ ਨੂੰ ਧੀਰਜ ਦਿੰਦਾ ਹੋਇਆ ਜਾ ਰਿਹਾ ਸੀ। ਹੁਣ ਗੁਰੂ ਨੂੰ ਪਹਿਲੇ ਹੱਲੇ ਵਿਚ ਹੀ ਸਿੱਖਾਂ ਦੀ ਫੌਜ ਨੂੰ ਚੀਰ ਕੇ ਫੜ ਲਵਾਂਗੇ'॥ ੪੦॥

*ਛੇਵੀਂ ਰਾਸ ਦਾ ਪੈਂਤੀਵਾਂ ਅਧਿਆਇ ਸਮਾਪਤ ਹੋਇਆ॥ ੩੫॥*

## ਅਧਿਆਇ ਛੱਤੀਵਾਂ

*ਕਰਮ ਚੰਦ ਫੜਕੇ ਛੱਡਿਆ*

ਦੋਹਰਾ- ਦੁੰਦਭਿ ਬਜੇ ਅਨੇਕ ਹੀ ਦਸ ਸਹੱਸ੍ਰ ਬਡ ਸੈਨ।
ਉਮਡੀ ਆਵਤਿ ਜੰਗ ਕੋ ਬਿਧੀਚੰਦ ਪਿਖਿ ਨੈਨ॥ ੧॥

ਅਨੇਕਾਂ ਨਗਾਰੇ ਵੱਜ ਉਠੇ, ਜਦ ਦਸ ਹਜ਼ਾਰ ਵੱਡੀ ਸੈਨਾ ਜੰਗ ਲੜਨ ਵਾਸਤੇ ਉਮਡੀ ਆਉਂਦੀ ਬਿਧੀ ਚੰਦ ਨੇ ਆਪਣੀਆਂ ਅੱਖਾਂ ਨਾਲ ਵੇਖੀ॥ ੧॥

*ਨਿਸ਼ਾਨੀ ਛੰਦ-* ਪਿਖ੍ਯੋ ਪਿਰਾਗਾ ਨਿਕਟ ਨਿਜ ਤਿਸ ਕੋ ਸਮੁਝਾਯੋ।
'ਕਰਹੁ ਸ਼ੀਘ੍ਰਤਾ ਜਾਹੁ ਅਬਿ ਗੁਰ ਕੇ ਢਿਗ ਧਾਯੋ।
ਆਗੈ ਆਵਤਿ ਬਾਹਨੀ ਸਭਿ ਜ਼ੋਰ ਲਗਾਏ।
ਪਾਛੈ ਅਬਦੁਲ ਖਾਨ ਹੈ ਫਰਰੇ ਛੁਟਵਾਏ॥ ੨॥

ਜਦ ਬਿਧੀ ਚੰਦ ਨੇ ਆਪਣੇ ਨੇੜੇ ਭਾਈ ਪਿਰਾਗੇ ਨੂੰ ਵੇਖਿਆ ਤਾਂ ਬਿਧੀ ਚੰਦ ਨੇ ਉਸ ਨੂੰ ਸਮਝਾਇਆ, "ਹੁਣ ਛੇਤੀ ਕਰੋ ਤੇ ਗੁਰੂ ਜੀ ਦੇ ਪਾਸ ਭੱਜ ਕੇ ਜਾਉ। ਅੱਗੇ ਬਹੁਤ ਵੱਡੀ ਫੌਜ ਬੜੇ ਜ਼ੋਰ ਨਾਲ ਆ ਰਹੀ ਹੈ, ਪਿਛੇ ਅਬਦੁਲ ਖਾਂ ਝੰਡਾ ਝੁਲਾਉਂਦਾ ਆ ਰਿਹਾ ਹੈ॥ ੨॥

ਜੰਗ ਅੰਤ ਕੋ ਚਹਤਿ ਹੈ ਪ੍ਰੇਰੇ ਸਭਿ ਕਾਲਾ।
ਧੂਰ ਉਡ੍ਯੋ ਪੂਰ੍ਯੋ ਗਗਨ, ਜਨੁ ਘਟਾ ਬਿਸਾਲਾ।
ਸੁਧਿ ਦੀਜੈ ਸਤਿਗੁਰੂ ਕੋ ਮਾਚਹਿ ਘਮਸਾਨਾ।
ਜਥੋਂ ਰਜਾਇ ਹੁਇ ਰਾਵਰੀ ਮਾਰਹਿਂ ਤੁਰਕਾਨਾ'॥ ੩॥

ਸਾਰੇ ਮੌਤ ਦੇ ਪ੍ਰੇਰੇ ਜੰਗ ਦਾ ਅੰਤ ਕਰਨਾ ਚਾਹੁੰਦੇ ਹਨ, ਅਕਾਸ਼ ਤਕ ਧੂੜ ਉੱਡ ਰਹੀ ਹੈ ਮਾਨੋਂ ਵੱਡੀ ਘਟਾ ਚੜ੍ਹ ਕੇ ਆ ਗਈ ਹੈ। ਸਤਿਗੁਰੂ ਜੀ ਨੂੰ ਜਾ ਕੇ ਖਬਰ ਦੇਵੇ, ਵੱਡਾ ਘਮਸਾਣ ਮਚੇਗਾ, ਜਿਵੇਂ ਗੁਰੂ ਜੀ ਦੀ ਰਜ਼ਾ ਹੋਵੇ ਤਿਵੇਂ ਤੁਰਕਾਂ ਨੂੰ ਮਾਰਾਂਗੇ'॥ ੩॥

ਸੁਨਤਿ ਪਿਰਾਗਾ ਤਬਿ ਗਯੋ ਲੈ ਦਸਕ ਸਊਰਾ।
ਜਿਸ ਥਲ ਮਹਿਂ ਸ਼੍ਰੀ ਸਤਿਗੁਰੂ ਹਰਿਗੋਬਿੰਦ ਸੂਰਾ।
ਹਾਥ ਬੰਦਿ ਬੰਦਨ ਕਰੀ ਸਭਿ ਦਸ਼ਾ ਸੁਨਾਈ।
'ਅਬਦੁਲਖਾਂ ਅਬਿ ਆਪ ਹੀ ਆਯਹੁ ਅਗੁਵਾਈ॥ ੪॥

ਇਹ ਸੁਣ ਕੇ ਪਿਰਾਗਾ ਦਸ ਸਵਾਰ ਲੈ ਕੇ ਓਧਰ ਗਿਆ ਜਿਸ ਥਾਂ ਸਤਿਗੁਰੂ ਹਰਿਗੋਬਿੰਦ ਜੀ ਬਿਰਾਜਮਾਨ ਸਨ। ਓਥੇ ਜਾ ਕੇ ਪਿਰਾਗੇ ਨੇ ਹੱਥ ਬੰਨ੍ਹ ਕੇ ਬੰਦਨਾ ਕੀਤੀ ਤੇ ਸਾਰੀ ਵਾਰਤਾ ਸੁਣਾਈ, "ਅਬਦੁਲ ਖਾਂ ਹੁਣ ਆਪ ਹੀ ਚੜ੍ਹ ਕੇ ਆ ਗਿਆ ਹੈ॥ ੪॥

ਚਢੀ ਫੌਜ ਸਮ ਘਟਾ ਕੇ ਆਵਤਿ ਉਮਡਾਈ।
ਤਜਾਗਹੁ ਤੀਰ ਸਮੀਰ ਸਮ ਜਿਸ ਤੇ ਮਿਟਿ ਜਾਈ'।
ਸੁਨਿ ਕਰਿ ਸ਼੍ਰੀ ਗੁਰੁ ਨੀਰ ਸੋਂ ਕਰ ਚਰਨ ਪਖਾਰੇ।
ਕਰ੍ਯੋ ਸੁਚੇਤਾ ਸਕਲ ਬਿਧਿ ਮੁਛ ਸ਼ਮਸ ਸੁਧਾਰੇ॥ ੫॥

ਫੌਜ ਬੱਦਲ ਵਾਂਗ ਚੜ੍ਹ ਕੇ ਆ ਗਈ ਹੈ, ਉਸ ਉਤੇ ਹਵਾ ਵਾਂਗ ਤੀਰ ਛਡੋ ਤਾਂਕਿ ਬੱਦਲ ਉੱਡ ਜਾਣ।" ਇਹ ਸੁਣ ਕੇ ਗੁਰੂ ਜੀ ਨੇ ਪਾਣੀ ਨਾਲ ਹੱਥ ਪੈਰ ਧੋਤੇ ਤੇ ਪੂਰੀ ਤਰ੍ਹਾਂ ਸੁਚੇਤ ਹੋ ਕੇ ਦਾੜ੍ਹੇ ਅਤੇ ਮੁੱਛਾਂ ਨੂੰ ਸਵਾਰਿਆ॥ ੫॥

ਪਹਿਰੇ ਬਸਤ੍ਰ ਨਵੀਨ ਸਭਿ ਕਲਗੀ ਬਡ ਸ਼ੋਭੇ।
ਜਿਗਾ ਬਧੀ ਹੀਰੇ ਬਡੇ ਜਿਨ ਪਿਖਿ ਮਨ ਲੋਭੇ।
ਚੰਦ੍ਰਹਾਸ ਚੋਰਾ ਰੁਚਿਰ ਲੇਕਰਿ ਗਰ ਪਾਯੋ।
ਤਰਕਸ਼ ਜਰ੍ਯੋ ਜਵਾਹਰਨਿ ਜ਼ਾਹਰ ਦਮਕਾਯੋ॥ ੬॥

ਸਾਰੇ ਨਵੇਂ ਕਪੜੇ ਪਹਿਣੇ ਤੇ ਕਲਗੀ ਬੜੀ ਸ਼ੋਭਾ ਪਾ ਰਹੀ ਸੀ। ਹੀਰਿਆਂ ਜੜਤ ਜਿਗ੍ਹਾ ਬੰਨ੍ਹੀ ਜਿਸ ਨੂੰ ਵੇਖ ਕੇ ਮਨ ਲਲਚਾ ਜਾਂਦਾ ਸੀ। ਰੁਚੀ ਅਨੁਸਾਰ ਚੌੜੀ ਤਲਵਾਰ ਲੈ ਕੇ ਗਲ ਵਿਚ ਪਾਈ। ਹੀਰੇ ਜਵਾਹਰਾਤ ਨਾਲ ਜੜਿਆ ਧਨੁੱਖ ਲਿਆ ਜਿਹੜਾ ਬੜਾ ਦਮਕਾਂ ਮਾਰਦਾ ਸੀ॥ ੬॥

ਤੀਛਨ ਭੀਛਨ ਤੀਰ ਗਨ ਈਛਨ ਤੇ ਹੇਰੇ।
ਖਪਰੇ ਸਰਪ ਸਮਾਨ ਜੇ ਭਰਿ ਲੀਨਿ ਘਨੇਰੇ।
ਗਰ ਮੈਂ ਪਾਇ ਨਿਖੰਗ ਅਸ ਪੁਨ ਸਿਪਰ ਸੰਭਾਰੀ।
ਸ਼ੋਭਤਿ ਪਾਇ ਸਿਕੰਧ ਧਰਿ ਬਧਿ ਲੀਨ ਪਿਛਾਰੀ॥ ੭॥

ਤਿੱਖੇ ਭਿਆਨਕ ਤੀਰ ਨੇਤਰਾਂ ਨਾਲ ਵੇਖੇ ਤੇ ਸੱਪ ਵਰਗੇ ਜਿਹੜੇ ਖਪਰੇ ਸਨ ਉਨ੍ਹਾਂ ਨੇ ਆਪਣੇ ਭੱਥੇ ਭਰ ਲਏ। ਗਲ ਵਿਚ ਐਸਾ ਭੱਥਾ ਪਾ ਕੇ ਫਿਰ ਢਾਲ ਨੂੰ ਸੰਭਾਲਿਆ ਤੇ ਮੋਢੇ ਤੇ ਰੱਖਕੇ ਉਸ ਨੂੰ ਪਿੱਛੇ ਬੰਨ੍ਹ ਲਿਆ॥ ੭॥

ਫੱਟੀ ਦ੍ਵੈ ਚੌਰੀ ਅਧਿਕ ਦਿੜ੍ਹ ਮੁਸ਼ਟ ਬਿਸਾਲਾ।
ਚਾਮੀਕਰ ਤੇ ਲਿਪਤਿ ਸਭਿ, ਦੀਪਤਿ ਦੁਤਿ ਜਾਲਾ।
ਗਾਢੇ ਜੁਗ ਗੋਸ਼ੇ ਬਡੇ ਪੈ ਬਹੁ ਲਪਟਾਏ।
ਕਾਰੀਗਰ ਰਾਖੇ ਨਿਕਟਿ ਕਹਿ ਕਰਿ ਕਰਿਵਾਏ॥ ੮॥

ਧਨੁੱਖ ਦੀਆਂ ਦੋ ਫੱਟੀਆਂ ਬਹੁਤ ਚੌੜੀਆਂ ਹਨ ਤੇ ਮੁੱਠ ਜਿਸ ਦੀ ਬਹੁਤ ਪੱਕੀ ਹੈ, ਸਾਰੀ ਸੋਨੇ ਨਾਲ ਮੜ੍ਹੀ ਹੋਈ ਹੈ ਤੇ ਉਹ ਬਹੁਤ ਸੁੰਦਰ ਚਮਕਦੀ ਹੈ। ਧਨੁੱਖ ਦੇ ਸਿਰੇ ਉਪਰ ਬਹੁਤ ਤੰਦੀ ਲਪੇਟੀ ਹੋਈ ਹੈ। ਜਿਹੜੇ ਕਾਰੀਗਰ ਪਾਸ ਰੱਖੇ ਹਨ, ਉਨ੍ਹਾਂ ਪਾਸੋਂ ਕਹਿ ਕੇ ਬਣਵਾਏ ਹਨ॥ ੮॥

ਦੀਰਘ ਘੋਰ ਕਠੋਰ ਬਡ ਜਿਸ ਖਿਚੈ ਨ ਕੋਈ।
ਗਿਨਤੀ ਟੰਕਨਿ ਕੀ ਨ ਕੁਛ, ਦਿੜ੍ਹ ਜੇਹ ਸੰਜੋਈ।
ਜਗਤ ਬਿਖੈ ਦੂਜਾ ਨ ਕੋ ਐਂਚਹਿ ਬਲ ਲਾਏ।
ਲਿਯੋ ਸਰਾਸਨ ਹਾਥ ਅਸ ਗੁਨ ਜਾਂਹਿ ਸੁਨਾਏ॥ ੯॥

ਧਨੁੱਖ ਬਹੁਤ ਸਖ਼ਤ ਹੈ ਜਿਸ ਨੂੰ ਹੋਰ ਕੋਈ ਖਿੱਚ ਨਹੀਂ ਸਕਦਾ। ਚਿਲ੍ਹਾ ਬਹੁਤ ਪੱਕਾ ਜੋੜਿਆ ਹੈ, ਟਾਂਕਿਆਂ ਦੀ ਕੋਈ ਗਿਣਤੀ ਨਹੀਂ ਹੈ। ਦੁਨੀਆਂ ਵਿਚ ਕੋਈ ਹੋਰ ਤਾਕਤ ਲਾ ਕੇ ਇਸ ਚਿਲ੍ਹੇ ਨੂੰ ਨਹੀਂ ਖਿੱਚ ਸਕਦਾ, ਐਸਾ ਧਨੁੱਖ ਹੱਥ ਵਿਚ ਫੜ ਲਿਆ ਜਿਸ ਦੇ ਇਹ ਮੈਂ ਸਾਰੇ ਗੁਣ ਸੁਣਾਏ ਹਨ॥ ੯॥

ਸਰ ਮੋਟੇ, ਪਰ ਕੰਕ ਕੇ ਖਪਰੇ ਬਹੁ ਤੀਖੇ।
ਜਿਸ ਤੇ ਛੁਟਿ ਕਰਿ ਬੇਗ ਤੇ ਬਡ ਸਰਪ ਸਰੀਖੇ।
ਬੇਧਤਿ ਹੈਂ ਗਨ ਅਰਿਨਿ ਕੇ ਪ੍ਰਾਨਨਿ ਕਰਿ ਹਾਨਾ।
ਗਹਿ ਕਰਿ ਸ੍ਰੀ ਸਤਿਗੁਰੁ ਬਲੀ ਹੋਏ ਸਵਧਾਨਾ॥ ੧੦॥

ਤੀਰ ਬਹੁਤ ਮੋਟੇ ਸਨ ਪਰ ਕੰਕ ਦੇ ਖਪਰੇ ਬਹੁਤ ਤਿੱਖੇ ਸਨ, ਜਿਸ ਤੇ ਵੀ ਚਲ ਕੇ ਜਾਂਦੇ ਸਨ ਤੇ ਵੱਡੇ ਸੱਪਾਂ ਵਾਂਗ ਸ਼ੂਕਦੇ ਜਾਂਦੇ ਸਨ। ਕਈ ਵੈਰੀਆਂ ਨੂੰ ਵਿੰਨ੍ਹ ਕੇ ਉਨ੍ਹਾਂ ਦੇ ਪ੍ਰਾਣ ਨਾਸ਼ ਕਰ ਦਿੰਦੇ ਸਨ। ਉਸ ਧਨੁੱਖ ਨੂੰ ਫੜ ਕੇ ਬਲੀ ਸਤਿਗੁਰੂ ਜੀ ਸਾਵਧਾਨ ਹੋ ਗਏ॥੧੦॥

ਖੰਜਰ ਜਮਧਰ, ਕਮਰ ਸੋਂ ਪੁਨ ਧਰਜੋ ਤਮਾਚਾ।
'ਆਨਹੁ ਬਲੀ ਤੁਰੰਗ ਮਮ' ਬੋਲਜੋ ਗੁਰੁ ਸਾਚਾ।
ਸੁਨਤਿ ਹੁਕਮ ਕਰਿ ਸ਼ੀਘ੍ਰਤਾ ਆਨਜੋ ਸ਼ਿੰਗਾਰਾ।
ਜਾਹਰ ਜਰਤਿ ਜਵਾਹਰਨਿ ਜਿਹ ਜ਼ੀਨ ਸੁਧਾਰਾ॥ ੧੧॥

ਖੰਜਰ, ਕਟਾਰ ਤੇ ਫਿਰ ਤਮਾਚਾ ਕਮਰ ਤੇ ਧਾਰਨ ਕੀਤਾ। ਫਿਰ ਗੁਰੂ ਜੀ ਬੋਲੇ, "ਮੇਰੇ ਪਾਸ ਬਲਵਾਨ ਘੋੜਾ ਲਿਆਵੋ", ਗੁਰੂ ਜੀ ਦਾ ਹੁਕਮ ਸੁਣ ਕੇ ਸੇਵਕਾਂ ਨੇ ਘੋੜੇ ਨੂੰ ਚੰਗੀ ਤਰ੍ਹਾਂ ਸ਼ਿੰਗਾਰ ਕੇ ਗੁਰੂ ਜੀ ਪਾਸ ਲਿਆਂਦਾ। ਜਿਸ ਦੀ ਕਾਠੀ ਹੀਰੇ ਜਵਾਹਰਾਤ ਨਾਲ ਸਵਾਰ ਕੇ ਜੜੀ ਹੋਈ ਸੀ॥੧੧॥

ਲਾਂਗੁਲ ਫੇਰਤਿ ਆਵਤੋ ਊਚੋ ਕਰਿ ਗਾਟਾ।
ਫੁਰਕਤਿ, ਪਗ ਕੋ ਧਰਤਿ ਹੈ ਧਰਨੀ ਕਹੁ ਕਾਟਾ।
ਬਰਣ ਕੁਮੈਤ, ਸੁਵਰਣ ਕੇ ਭੂਖਨ ਚਮਕੰਤੇ।
ਗਜ ਗਾਹਨਿ ਜੁਤਿ ਸ਼ੋਭਤੋ ਕਵਿਕਾ ਚਰਬੰਤੇ॥ ੧੨॥

ਘੋੜਾ ਗਰਦਨ ਉੱਚੀ ਕਰ ਕੇ ਪੂਛ ਫੇਰਦਾ ਆਇਆ, ਫੁੰਕਾਰੇ ਮਾਰਦਾ ਸੀ ਤੇ ਧਰਤੀ ਨੂੰ ਕੱਟਦਾ ਹੋਇਆ ਆਪਣਾ ਪੈਰ ਧਰਦਾ ਸੀ। ਘੋੜੇ ਦਾ ਕਾਲਾ ਰੰਗ ਹੈ ਸੋਨੇ ਦੇ ਗਹਿਣੇ ਚਮਕਦੇ ਹਨ। ਗਜ ਗਾਹਾਂ ਨਾਲ ਸ਼ੋਭਦੇ ਹਨ ਜਦ ਘੋੜਾ ਲਗਾਮ ਚੱਬਦਾ ਹੈ॥ ੧੨॥

ਮਨਹੁਂ ਕਰਭ ਬਲਿ ਪੁਸ਼ਟ ਹੈ ਦੁਸ਼ਟਨਿ ਦਰਡੰਤਾ।
ਛਾਤੀ ਆਯੁਤ ਚਪਲ ਬਹੁ ਮਨ ਕਹਜੋ ਕਰੰਤਾ।
ਪੂਰਬ ਕੇ ਬਡ ਭਾਗ ਤੇ ਸਤਿਗੁਰੁ ਤਰ ਆਯੋ।
ਵਾਹਿਗੁਰੂ ਕਹਿ ਕਰਿ ਉਠੇ ਘੋਰਾ ਦਰਸਾਯੋ॥ ੧੩॥

ਏਨੀ ਬਲੀ ਅਤੇ ਮੋਟਾ ਹੈ, ਮਾਨੋਂ ਹਾਥੀ ਦਾ ਬੱਚਾ ਦੁਸ਼ਟਾਂ ਨੂੰ ਦਲਣ ਵਾਸਤੇ ਆਇਆ ਹੈ। ਛਾਤੀ ਬੜੀ ਚੋੜੀ ਹੈ, ਬੜਾ ਚੁਸਤ ਤੇ ਚੰਚਲ ਹੈ, ਜਿਵੇਂ ਕਹਿੰਦੇ ਹਨ ਕਰਦਾ ਹੈ। ਪਿਛਲੇ ਜਨਮ ਦੇ ਵੱਡੇ ਭਾਗਾਂ ਕਰਕੇ ਸਤਿਗੁਰੂ ਦੀ ਸਵਾਰੀ ਵਾਸਤੇ ਆਇਆ ਹੈ। ਗੁਰੂ ਜੀ ਵਾਹਿਗੁਰੂ ਕਹਿ ਕੇ ਉਠੇ ਤੇ ਘੋੜਾ ਵੇਖਿਆ॥੧੩॥

ਪਗ ਰਕਾਬ ਦੇ ਕਰਿ ਤਬੈ ਗਹਿ ਗ੍ਰੀਵ ਸੁ ਕੇਸਾ।
ਆਸਨ ਆਏ ਵਾਗ ਗਹਿ ਬਲਿਵੰਡ ਬਿਸ਼ੇਸ਼ਾ।
ਦੀਹ ਦਮਾਮਨਿ ਚੋਬ ਲਗਿ ਉਠਿ ਨਾਦ ਬਿਸਾਲੇ।
ਸੱਜੀ ਸਭਿ ਚਢੇ ਗਨ ਸ਼ਸਤ੍ਰ ਸੰਭਾਲੇ॥ ੧੪॥

ਗੁਰੂ ਜੀ ਨੇ ਘੋੜੇ ਦੀ ਗਰਦਨ ਦੇ ਵਾਲ ਫੜ ਕੇ ਰਕਾਬ ਵਿਚ ਪੈਰ ਰਖਿਆ ਤੇ ਘੋੜੇ ਦੀ ਕਾਠੀ ਤੇ ਸਵਾਰ ਹੋ ਗਏ ਤੇ ਬਲਵਾਨ ਘੋੜੇ ਦੀ ਵਾਗ ਫੜ ਲਈ। ਦਮਾਮੇ ਤੇ ਫਿਰ ਡੱਗਾ ਲੱਗਾ ਤੇ ਬਹੁਤ ਉੱਚੀ ਆਵਾਜ਼ ਪੈਦਾ ਹੋਈ, ਬਾਕੀ ਸਾਰੇ ਸੂਰਮੇ ਵੀ ਸ਼ਸਤਰ ਸੰਭਾਲ ਕੇ ਆਪਣਿਆ ਘੋੜਿਆਂ ਤੇ ਚੜ੍ਹ ਗਏ॥੧੪॥

ਸਮੁਖ ਭਏ ਸ਼ੱਤ੍ਰਨਿ ਕੇ ਕਰਿ ਚਹਿਸਿ ਬਿਨਾਸਾ।
ਕੁਛਕ ਚਲੇ ਦੇਖਤਿ ਭਏ ਬਡ ਜੰਗ ਤਮਾਸ਼ਾ।
ਨਮਸਕਾਰਨੀ ਗਨ ਚਲੈਂ, ਬਹੁ ਸ਼ਬਦ ਉਠੰਤੇ।
ਮਨਹੁਂ ਮ੍ਰਿਦੰਗਨਿ ਬਜਤਿ ਬਹੁ ਉਤਸਾਹ ਕਰੰਤੇ॥ ੧੫॥

ਸਾਹਮਣੇ ਖੜੇ ਵੈਰੀਆਂ ਦਾ ਉਹ ਵਿਨਾਸ਼ ਕਰ ਦੇਣਾ ਚਾਹੁੰਦੇ ਸਨ, ਕੁਝ ਜੰਗ ਦਾ ਵੱਡਾ ਤਮਾਸ਼ਾ ਵੇਖਣ ਚਲ ਪਏ, ਜਦ ਬਹੁਤ ਬੰਦੂਕਾਂ ਇਕੱਠੀਆਂ ਚਲਦੀਆਂ ਸਨ ਤਾਂ ਬਹੁਤ ਉੱਚੀ ਆਵਾਜ਼ ਪੈਦਾ ਹੁੰਦੀ ਸੀ, ਮਾਨੋਂ ਬਹੁਤ ਨਗਾਰੇ ਵੱਜਣ ਨਾਲ ਵੱਡਾ ਉਤਸ਼ਾਹ ਜਾਗਿਆ ਸੀ॥੧੫॥

ਮਾਰਿ ਮਾਰਿ ਮੁਖ ਕਰਤਿ ਹੈਂ ਜਨੁ ਗਾਵਤਿ ਗੀਤਾ।
ਗੁਲਕਾਂ ਬ੍ਰਿੰਦ ਸੜਾਕ ਲਗਿ ਇਹ ਤਾਲ ਪੁਰੀਤਾ।
ਰੰਗ ਅਖਾਰਾ ਜੰਗ ਕੋ ਗੁਰੁ ਮਹਿਦ ਨਿਹਾਰਾ।
ਬੀਚ ਪ੍ਰਵੇਸ਼ਨਿ ਹੋਨਿ ਕੋ ਤਤਕਾਲ ਬਿਚਾਰਾ॥ ੧੬॥

ਮਾਰ-ਮਾਰ ਕੇ ਮੂੰਹ ਐਸੇ ਕਰ ਦਿੰਦੇ ਸਨ, ਮਾਨੋਂ ਗੀਤ ਗਾਉਂਦੇ ਹੋਣ। ਸੜਾਕ ਕਰਦੀਆਂ ਗੋਲੀਆਂ ਇਸ ਤਰ੍ਹਾਂ ਲਗਦੀਆਂ ਸਨ ਮਾਨੋਂ ਤਾਲ ਪੂਰਿਆ ਜਾ ਰਿਹਾ ਸੀ। ਗੁਰੂ ਜੀ ਨੇ ਜੰਗ ਦੇ ਵੱਡੇ ਅਖਾੜੇ ਨੂੰ ਵੇਖਿਆ ਤੇ ਉਸ ਅਖਾੜੇ ਵਿਚ ਪ੍ਰਵੇਸ਼ ਕਰਨ ਬਾਰੇ ਤੁਰਤ ਵਿਚਾਰ ਕੀਤੀ॥੧੬॥

ਪਰਸਰਾਮ ਸ਼ਕਤੂ ਸੁਭਟ ਦੋਨਹੁੰ ਤਬਿ ਆਏ।
ਹਾਥ ਜੋਰਿ ਆਗੇ ਖਰੇ ਇਮ ਬਾਕ ਸੁਨਾਏ।
'ਮਹਾਂਰਾਜ! ਅਵਿਲੋਕੀਏ ਸੰਗ੍ਰਾਮ ਤਮਾਸ਼ਾ।
ਆਪ ਰਹਹੁ ਠਾਂਢੇ ਪ੍ਰਭੁ ਨਿਜ ਦਲ ਕੇ ਪਾਸਾ॥ ੧੭॥

ਫਿਰ ਪਰਸਰਾਮ ਅਤੇ ਸ਼ਕਤੂ ਦੋ ਸੂਰਬੀਰ ਉਨ੍ਹਾਂ ਪਾਸ ਆਏ, ਹੱਥ ਜੋੜ ਕੇ ਗੁਰੂ ਜੀ ਦੇ ਅੱਗੇ ਖਲੋ ਕੇ ਉਨ੍ਹਾਂ ਇਹ ਬਚਨ ਕੀਤੇ, "ਮਹਾਰਾਜ! ਤੁਸੀਂ ਸੰਗਰਾਮ ਤਮਾਸ਼ਾ ਵੇਖੋ, ਆਪ ਆਪਣੇ ਦਲ ਦੇ ਪਾਸ ਖੜੇ ਰਹੋ॥੧੭॥

ਦਾਸਨ ਪ੍ਰਤਿ ਆਇਸੁ ਕਰਹੁ ਤੁਰਕਨਿ ਕੋ ਮਾਰੈਂ।
ਰਾਵਰਿ ਬਾਕ ਪ੍ਰਤਾਪ ਤੇ ਬਲ ਧਰਿ ਸੰਘਾਰੈਂ।
ਅਰਹਿਂ ਅਗਾਰੀ ਅਰਿ ਕਹਾਂ ਏ ਅਲਪ ਬਿਚਾਰੇ।
ਲਵਪੁਰਿ ਦਿੱਲੀ ਆਗਰੇ ਲੁਟਿ ਕਰਹਿਂ ਉਜਾਰੇ'॥ ੧੮॥

ਸੇਵਕਾਂ ਨੂੰ ਆਗਿਆ ਕਰੋ ਕਿ ਤੁਰਕਾਂ ਨੂੰ ਮਾਰੀਏ, ਆਪ ਜੀ ਦੇ ਬਚਨਾਂ ਦੇ ਪ੍ਰਤਾਪ ਨਾਲ ਬਲ ਧਾਰ ਕੇ ਇਨ੍ਹਾਂ ਨੂੰ ਕਤਲ ਕਰੀਏ ਇਹ ਕਮਜ਼ੋਰ ਵੈਰੀ ਵਿਚਾਰੇ ਸਾਡੇ ਅੱਗੇ ਕੀ ਅੜਨਗੇ, ਲਾਹੌਰ, ਦਿੱਲੀ ਅਤੇ ਆਗਰੇ ਨੂੰ ਲੁੱਟ ਕੇ ਉਜਾੜ ਦੇਵਾਂਗੇ"॥

ਪਿਖਿ ਦੁਨਹਨਿ ਉਤਸਾਹ ਕੋ ਗੁਰ ਹੁਕਮ ਬਖਾਨਾ।
'ਪਿਖਹੁ ਜ਼ੋਰ ਜਹਿਂ ਜੰਗ ਕੋ, ਪਾਵਹੁ ਘਮਸਾਨਾ।
ਸਨੈਂ ਸਨੈਂ ਹਮ ਆਇ ਹੈਂ ਜਹਿਂ ਅਬਦੁਲਖਾਨਾ।
ਆਜ ਨਿਦਾਨ ਸੁ ਕਰਹਿੰਗੇ ਗਨ ਤੁਰਕਨਿ ਹਾਨਾ'॥ ੧੯॥

ਦੋਵਾਂ ਦਾ ਉਤਸ਼ਾਹ ਵੇਖ ਕੇ ਗੁਰੂ ਜੀ ਨੇ ਹੁਕਮ ਕੀਤਾ, 'ਜਿਥੇ ਵੀ ਜ਼ੋਰ ਸ਼ੋਰ ਨਾਲ ਜੰਗ ਹੁੰਦੀ ਵੇਖੋ, ਉਥੇ ਘਮਸਾਣ ਪਾ ਦੇਵੋ, ਹੌਲੀ-ਹੌਲੀ ਅਸੀਂ ਉਥੇ ਆਉਂਦੇ ਹਾਂ ਜਿਥੇ ਅਬਦੁਲ ਖਾਨ ਹੈ, ਅੱਜ ਸਮੂਹ ਤੁਰਕਾਂ ਨੂੰ ਮਾਰ ਕੇ ਜੰਗ ਦਾ ਅੰਤ ਕਰਾਂਗੇ'॥੧੯॥

ਸੁਨਿ ਹਰਖੇ ਗੁਰ ਹੁਕਮ ਕੋ ਤਾਜ਼ੀ ਤਿਰਪਾਏ।
ਸ਼ਸਤ੍ਰ ਉਘਾਰੇ ਹਾਥ ਮੈਂ ਧੌਂਸੇ ਬਜਿਵਾਏ।
ਲੇ ਕਰਿ ਕਿਤਿਕ ਅਨੀਕਨੀ ਤੁਰਕਨਿ ਪਰ ਧਾਏ।
ਜਥਾ ਮ੍ਰਿਗਨਿ ਗਨ ਹੇਰਿ ਕਰਿ ਕੇਹਰਿ ਇਹ ਧਾਏ॥ ੨੦॥

ਗੁਰੂ ਜੀ ਦਾ ਹੁਕਮ ਸੁਣ ਕੇ ਉਹ ਬਹੁਤ ਪ੍ਰਸੰਨ ਹੋਏ ਤੇ ਉਨ੍ਹਾਂ ਨੇ ਘੋੜੇ ਟਪਾਏ। ਹੱਥਾਂ ਵਿਚ ਸ਼ਸਤਰ ਫੜ ਕੇ ਨਗਾਰੇ ਵਜਵਾਏ। ਕਾਫੀ ਸੈਨਾ ਲੈ ਕੇ ਤੁਰਕਾਂ ਤੇ ਇਸ ਤਰ੍ਹਾਂ ਹਮਲਾ ਕਰ ਦਿੱਤਾ ਮਾਨੋਂ ਹਿਰਨਾਂ ਦੇ ਝੁੰਡ ਨੂੰ ਵੇਖ ਕੇ ਵਿਚ ਸ਼ੇਰ ਘੁਸ ਗਏ ਹੋਣ॥ ੨੦॥

ਪਰੇ ਜਾਇ ਤੁਪਕਨਿ ਚਲੀ ਐਸੀ ਇਕ ਬਾਰੇ।
ਨਬੀ ਬਖਸ਼ ਕੇ ਸਹਿਤ ਹੀ ਆਏ ਕੁੜਿਆਰੇ।
ਹੇਲਾ ਘਾਲਿ ਬਿਸਾਲ ਕੋ ਦੋਨਹੁਂ ਦਲ ਜੁਟੇ।
ਬਾਜ਼, ਕੁਹੀ, ਜੁਰਰੇ ਮਨੋ ਪਿਖਿ ਆਮਿਖ ਟੂਟੇ॥ ੨੧॥

ਜਦ ਜਾ ਕੇ ਪੈ ਗਏ ਤਾਂ ਇਕ ਵਾਰ ਬਹੁਤ ਬੰਦੂਕਾਂ ਚਲੀਆਂ, ਝੂਠੇ ਤੁਰਕ ਨਬੀ ਬਖਸ ਦੇ ਨਾਲ ਆਏ ਸਨ। ਬਹੁਤ ਵੱਡੀ ਘਾਲਣਾ ਘਾਲ ਕੇ ਦੋਵੇਂ ਦਲ ਆਪਸ ਵਿਚ ਇਸ ਤਰ੍ਹਾਂ ਜੁੱਟ ਪਏ, ਮਾਨੋਂ ਬਾਜ਼, ਕੁਹੀਆਂ ਅਤੇ ਜਰਰੇ ਆਦਿ ਸ਼ਿਕਾਰੀ ਪੰਛੀ ਮਾਸ ਵੇਖ ਕੇ ਟੁੱਟ ਕੇ ਪੈ ਗਏ ਹੋਣ॥੨੧॥

ਪ੍ਰਥਮ ਤੁਫੰਗੈਂ ਮਾਰਿ ਕਰਿ ਗਨ ਤੀਰ ਪ੍ਰਹਾਰੇ।
ਪੁਨ ਤੋਮਰ ਤਰਵਾਰ ਪਰ ਸ਼ਸ਼ਤ੍ਰਨ ਕਰ ਡਾਰੇ।
ਜਮਧਰ ਲੈ ਪਹੁੰਚੇ ਸੁਭਟ ਮਾਰਤਿ ਅਰੁ ਖਾਤੇ।
ਮੁਸ਼ਟ ਜੁੱਧ ਕੋ ਭਿਰਿ ਪਰੇ ਸੰਘਰ ਰਸ ਰਾਤੇ॥ ੨੨॥

ਪਹਿਲਾਂ ਬੰਦੂਕਾਂ ਚਲਾ ਕੇ ਫਿਰ ਤੀਰਾਂ ਨਾਲ ਵਾਰ ਕੀਤੇ, ਫਿਰ ਨੇਜ਼ਿਆਂ ਅਤੇ ਤਲਵਾਰਾਂ ਰੂਪੀ ਸ਼ਸਤਰਾਂ ਨੂੰ ਹੱਥ ਪਾਏ। ਸੂਰਮੇ ਬਰਛੀਆਂ ਲੈ ਕੇ ਪਹੁੰਚ ਗਏ ਤੇ ਬਰਛੀਆਂ ਮਾਰਦੇ ਤੇ ਖਾਂਦੇ ਸਨ। ਫਿਰ ਸੰਘਰਸ਼ ਦੇ ਰੰਗ ਵਿਚ ਰੱਤੇ ਹੋਏ ਸੂਰਮੇ ਘਸੁੰਨ, ਮੁਕਿਆਂ ਦੇ ਯੁੱਧ ਵਿਚ ਜੁੱਟ ਪਏ॥੨੨॥

ਨਹਿਂ ਪੀਛੇ ਕੋ ਪਗ ਧਰਤਿ ਨਿਜ ਲਾਜ ਨਿਬਾਹੀ।
ਮਾਰਿ ਮਾਰਿ ਮਰਿ ਮਰਿ ਗਿਰੇ ਕਟਿ ਆਪਸ ਮਾਂਹੀ।
ਤੁਰਕਨਿ ਪਰ ਲੋਹਾ ਉਲਟ ਇਮ ਪਰਜੋ ਬਡੇਰਾ।
ਜਿਯਤਿ ਦਿਖਤਿ ਕੈ ਮਰਿ ਗਏ ਗਨ ਦਲ ਇਕ ਬੇਰਾ॥ ੨੩॥

ਪਿੱਛੇ ਨੂੰ ਪੈਰ ਨਹੀਂ ਸੀ ਧਰਦੇ, ਸੂਰਮਿਆਂ ਨੇ ਨਿਜੀ ਲਾਜ ਨਿਭਾਹੀ ਤੇ ਆਪਸ ਵਿਚ ਕੱਟ ਕੇ ਮਾਰ-ਮਾਰ ਤੇ ਮਰ-ਮਰ ਕੇ ਡਿੱਗ ਪਏ। ਤੁਰਕਾਂ ਉਤੇ ਲੋਹਾ ਇਸ ਤਰ੍ਹਾਂ ਉਲਟਾ ਪਿਆ ਕਿ ਇਕ ਸਮੇਂ ਸਾਰਾ ਦਲ ਜੀਉਂਦਾ ਵੀ ਮਰਿਆ ਹੋਇਆ ਦਿੱਸਦਾ ਸੀ॥੨੩॥

ਹੋਤਿ ਬੁਦਬੁਦੇ ਬਿੰਦ ਜਿਮ ਬਹੁ ਬਾਯੁ ਬਿਨਾਸੈ।
ਤਿਮ ਮਰਿਗੇ ਰਿਪੁ ਸ਼ੀਘ੍ਰ ਹੀ ਕੋ ਭਾਗਤਿ ਤ੍ਰਾਸੈ।

ਕੋਪਜੋ ਬਿਧੀਆ ਤਬਿ ਫਿਰਜੋ ਬਿਚ ਜੰਗ ਨਿਸੰਗੇ।
ਤਾਨਤਾਨ ਕਰਿ ਕਾਨ ਲਗਿ ਗਨ ਹਤਹਿ ਖਤੰਗੈਂ॥ ੨੪॥

ਜਿਵੇਂ ਪਾਣੀ ਦੇ ਬੁਲਬੁਲੇ ਹੋਣ ਤੇ ਬਹੁਤ ਹਵਾ ਚਲਣ ਨਾਲ ਵਿਨਾਸ਼ ਹੋ ਗਏ ਹੋਣ, ਇਸ ਤਰ੍ਹਾਂ ਸਾਰੇ ਦੁਸ਼ਮਣ ਮਰ ਗਏ ਤੇ ਕਈ ਡਰ ਕੇ ਭੱਜ ਗਏ। ਬਿਧੀ ਚੰਦ ਫਿਰ ਗੁੱਸੇ ਵਿਚ ਆ ਕੇ ਜੰਗ ਦੇ ਮੈਦਾਨ ਵਿਚ ਨਿਸ਼ੰਗ ਹੋ ਕੇ ਫਿਰਿਆ, ਫਿਰ ਉਸ ਧਨੁੱਖ ਨੂੰ ਕੰਨ ਤਕ ਖਿੱਚ-ਖਿੱਚ ਕੇ ਤੀਰ ਚਲਾ-ਚਲਾ ਕੇ ਵੈਰੀ ਨੂੰ ਮਾਰਿਆ॥੨੪॥

ਦ੍ਵੈ ਦ੍ਵੈ ਬਾਨ ਸੰਚਾਰਿਕੈ ਦ੍ਵੈ ਦ੍ਵੈ ਤਨੁ ਪਾਰੇ।
ਅਨਗਨ ਤੁਰਕਨਿ ਕੋ ਹਨੇ ਨਹਿਂ ਹੋਤਿ ਸੰਭਾਰੇ।
ਚੰਚਲ ਬਲੀ ਤੁਰੰਗ ਕੋ ਨਹਿਂ ਕਹੂੰ ਟਿਕਾਏ।
ਜਹਿਂ ਦੇਖੈ ਰਿਪੁ ਵਧਤਿ ਹੈਂ, ਤਹਿਂ ਦੇ ਉਥਲਾਏ॥ ੨੫॥

ਦੋ-ਦੋ ਤੀਰ ਚਿੱਲ੍ਹੇ ਵਿਚ ਚੜ੍ਹਾ ਕੇ ਦੋ-ਦੋ ਸਰੀਰ ਪਾੜ ਦਿੱਤੇ ਅਣਗਿਣਤ ਤੁਰਕਾਂ ਨੂੰ ਮਾਰਿਆ, ਉਹ ਆਪਣੇ ਆਪ ਨੂੰ ਸੰਭਾਲ ਨਹੀਂ ਸੀ ਰਹੇ। ਉਹ ਚੰਚਲ ਅਤੇ ਸ਼ਕਤੀਸ਼ਾਲੀ ਘੋੜੇ ਨੂੰ ਕਿਤੇ ਖੜਾ ਨਹੀਂ ਸੀ ਕਰਦਾ, ਜਿਥੇ ਵੀ ਵੈਰੀ ਨੂੰ ਅੱਗੇ ਵਧਦਾ ਵੇਖਦਾ ਸੀ, ਉਥੇ ਹੀ ਜਾ ਕੇ ਉਲਟਾ ਦਿੰਦਾ ਸੀ॥੨੫॥

ਤੁਰਕ ਬ੍ਰਿੰਦ ਮੈਂ ਬਰਿ ਗਯੋ ਹਨਿ ਮੁਗਲ ਪਠਾਨਾ।
ਮਾਰਿ ਮਾਰਿ ਘਮਸਾਨ ਕਰਿ ਬਲਿਵਾਨ ਮਹਾਨਾ।
ਜਿਤ ਦਿਸ਼ਿ ਕੋ ਬਿਚਰਤਿ ਬਲੀ ਹੁਇ ਜਾਤਿ ਮਦਾਨਾ।
ਸ਼ੱਤ੍ਰ ਹੇਰਿ ਮਾਰਜੋ ਚਹਿਤ ਕਰਿ ਦਾਵ ਸੁ ਨਾਨਾ॥ ੨੬॥

ਤੁਰਕਾਂ ਦੇ ਸਮੂਹ ਵਿਚ ਵੜ ਗਿਆ ਤੇ ਬਹੁਤ ਮੁਗਲ ਤੇ ਪਠਾਣਾਂ ਨੂੰ ਮਾਰਿਆ। ਮਹਾਨ ਬਲਵਾਨ ਬਿਧੀ ਚੰਦ ਨੇ ਤੁਰਕਾਂ ਨੂੰ ਮਾਰ-ਮਾਰ ਕੇ ਘਮਸਾਣ ਦਾ ਯੁੱਧ ਕੀਤਾ। ਸੂਰਬੀਰ ਜਿਸ ਪਾਸੇ ਵੀ ਵਿਚਰਦਾ ਹੈ, ਸਫਾਇਆ ਹੁੰਦਾ ਜਾਂਦਾ ਹੈ। ਵੈਰੀ ਨੂੰ ਵੇਖ ਕੇ ਕਈ ਪ੍ਰਕਾਰ ਦੇ ਦਾਅ ਲਾ ਕੇ ਮਾਰਨਾ ਚਾਹੁੰਦਾ ਹੈ॥੨੬॥

ਕਿਸ ਕੋ ਜਤਨ ਨ ਚਲਤਿ ਹੈ ਆਪ ਸ ਮਰਿ ਜੈ ਹੈਂ।
ਗਰਜ ਬੰਗਾਰਤਿ ਹਨਤਿ, ਜਿਮ ਕੇਹਰਿ ਨਿਰਭੈ ਹੈ।
ਐਂਚਿ ਚਾਂਪ ਕੋ ਸਰ ਤਜੈ ਤਕਿ ਤਕਿ ਰਿਪੁ ਛਾਤੀ।
ਲਗਤਿ ਪਾਰ ਹੀ ਪਰਤਿ ਹੈਂ, ਹਯ ਤਰੈ ਪਪਾਤੀ॥ ੨੭॥

ਕਿਸੇ ਦਾ ਵੀ ਉਸ ਨੂੰ ਮਾਰਨ ਦਾ ਯਤਨ ਨਹੀਂ ਚਲਦਾ, ਉਲਟਾ ਆਪ ਹੀ ਮਾਰਿਆ ਜਾਂਦਾ ਹੈ। ਗਰਜ ਕੇ ਵੰਗਾਰ ਕੇ ਮਾਰ ਦਿੰਦਾ ਹੈ ਜਿਵੇਂ ਨਿਰਭੈਅ ਸ਼ੇਰ ਹੋਵੇ। ਵੈਰੀ ਦੀ ਛਾਤੀ ਵੇਖ ਕੇ ਸਾਰੇ ਜ਼ੋਰ ਨਾਲ ਤੀਰ ਖਿੱਚ ਕੇ ਮਾਰਦਾ ਹੈ, ਤੀਰ ਲਗਦਿਆਂ ਹੀ ਵੈਰੀ ਮਰ ਜਾਂਦਾ ਹੈ ਤੇ ਘੋੜੇ ਤੋਂ ਡਿੱਗ ਪੈਂਦਾ ਹੈ॥੨੭॥

ਇਤਨੇ ਮੈਂ ਚੰਦੂ ਤਨੁਜ ਚਲਿ ਸਨਮੁਖ ਆਵਾ।
ਪਰੀ ਲੋਥ ਪਰ ਲੋਥ ਜਹਿਂ ਸ਼ੋਣਤਿ ਬਿਥਰਾਵਾ।
ਕਰਤਿ ਚੋਂਪ ਆਗੇ ਅਰਜੋ ਮੂਰਖ ਮਤਿ ਹੀਨਾ।
ਬਿਧੀਏ ਕੀਨਿ ਚਿਨਾਰਿ ਕੋ ਬਡ ਆਨੰਦ ਲੀਨਾ॥ ੨੮॥

ਏਨੇ ਵਿਚ ਚੰਦੂ ਦਾ ਪੁੱਤਰ ਚੱਲ ਕੇ ਸਾਹਮਣੇ ਆਇਆ, ਜਿਥੇ ਲੋਥ ਉਤੇ ਲੋਥ ਚੜ੍ਹੀ ਸੀ ਤੇ ਲਹੂ ਖਿਲਰਿਆ ਸੀ। ਮੂਰਖ ਮਤ ਹੀਣ ਬੜੇ ਹੁਲਾਸ ਨਾਲ ਅਗੇ ਵੱਧ ਕੇ ਅੜ ਗਿਆ ਤੇ ਬਿਧੀ ਚੰਦ ਨੂੰ ਪਹਿਚਾਣ ਕੇ ਬੜਾ ਪ੍ਰਸੰਨ ਹੋਇਆ ॥੨੮॥

ਕਹਤਿ ਭਯੋ 'ਮਮ ਪਿਤ ਹਤਯੋ ਤੈਂ ਗੁਰੁ ਕੇ ਆਗੇ।
ਕਰਤਿ ਪ੍ਰਤੀਖਨ ਮੈਂ ਰਹਯੋ ਸੋ ਅਬਿ ਫਲ ਲਾਗੇ।
ਜਿਮ ਚਾਹਤਿ ਸੋ ਬਿਧਿ ਬਨੀ ਰਣ ਮਹਿਂ ਤੁਝ ਹੇਰੇ।
ਪਿਤ ਪਲਟਾ ਇਹ ਕਰਜ਼ ਸਿਰ ਉਤਰਹਿ ਅਬਿ ਮੇਰੇ॥ ੨੯॥

ਕਹਿਣ ਲੱਗਾ, "ਗੁਰੂ ਜੀ ਦੇ ਸਾਹਮਣੇ ਤੂੰ ਮੇਰੇ ਪਿਤਾ ਜੀ ਨੂੰ ਮਾਰਿਆ ਹੈ ਮੈਂ ਬਹੁਤ ਦੇਰ ਦਾ ਇੰਤਜ਼ਾਰ ਕਰਦਾ ਰਿਹਾ ਹਾਂ, ਹੁਣ ਮੇਰੇ ਇੰਤਜ਼ਾਰ ਨੂੰ ਫਲ ਲਗਿਆ ਹੈ, ਜਿਵੇਂ ਚਾਹੁੰਦਾ ਸੀ, ਉਸ ਤਰ੍ਹਾਂ ਹੀ ਵਿਧੀ ਬਣ ਗਈ ਹੈ, ਤੈਨੂੰ ਮੈਂ ਜੰਗ ਦੇ ਮੈਦਾਨ ਵਿਚ ਵੇਖਿਆ ਹੈ, ਪਿਤਾ ਜੀ ਦੀ ਮੌਤ ਦਾ ਬਦਲਾ ਲੈਣਾ ਮੇਰੇ ਸਿਰ ਚੜ੍ਹਿਆ ਸੀ, ਉਹ ਹੁਣ ਮੈਂ ਉਤਾਰਾਂਗਾ॥੨੯॥

ਪੂਰਬ ਤੁਮ ਕੋ ਮਾਰਿ ਕੈ ਰਣ ਖੇਤ ਮਝਾਰੇ।
ਹਰਿਗੁਵਿੰਦ ਕੋ ਪੁਨ ਗਹੋਂ ਜੋਧਾ ਬਰਿਆਰੇ'।
ਸੁਨਤਿ ਹਸਯੋ ਬਿਧੀਆ ਅਧਿਕ ਉੱਤਰ ਕੋ ਦੀਨਾ।
'ਚਹਿਤ ਉਤਾਰਯੋ ਪਿਤ ਕਰਜ਼ ਤੂੰ ਮਹਾਂ ਪ੍ਰਬੀਨਾ॥ ੩੦॥

ਪਹਿਲਾਂ ਤੈਨੂੰ ਰਣਖੇਤਰ ਵਿਚ ਮਾਰ ਕੇ ਫਿਰ ਸ੍ਰੀ ਹਰਿਗੋਬਿੰਦ ਨੂੰ ਫੜਾਂਗਾ ਜਿਹੜਾ ਬਲਵਾਨ ਯੋਧਾ ਹੈ।" ਇਹ ਸੁਣ ਕੇ ਬਿਧੀ ਚੰਦ ਬਹੁਤ ਹੱਸਿਆ ਤੇ ਉੱਤਰ ਦਿੱਤਾ, "ਆਪਣੇ ਪਿਤਾ ਜੀ ਦੇ ਕਰਜ਼ ਨੂੰ ਤੂੰ ਉਤਾਰਨਾ ਚਾਹੁੰਦਾ ਹੈਂ, ਤੂੰ ਮਹਾਨ ਚਤੁਰ ਹੈਂ॥੩੦॥

ਅਬਿ ਤੁਝ ਕੋ ਮਾਰਹਿਂ ਤੁਰਤ ਰਿਣ ਕੌਨ ਉਤਾਰੇ?।
ਇਹ ਸੰਸਾ ਸਭਿ ਕਰਤਿ ਹੈਂ ਕਿਮ ਨਿਰਣੈਂ ਧਾਰੇਂ?'।
ਕਰਮ ਚੰਦ ਇਮ ਸੁਨਤਿ ਹੀ ਤਕ ਤੀਰ ਪ੍ਰਹਾਰਾ।
ਤਨਿ ਬਿਧੀਏ ਕੇਤਿਕ ਚੁਭਯੋ, ਗਹਿ ਖੈਂਚ ਨਿਕਾਰਾ॥ ੩੧॥

ਪਰ ਹੁਣ ਜੇ ਤੈਨੂੰ ਤੁਰਤ ਮਾਰਾਂਗੇ ਤਾਂ ਤੇਰਾ ਕਰਜ਼ ਕੌਣ ਉਤਾਰੇਗਾ? ਸਾਰੇ ਇਹ ਸ਼ੰਕਾ ਕਰਦੇ ਹਨ, ਅਸੀਂ ਕਿਵੇਂ ਨਿਰਣਾ ਕਰੀਏ?" ਕਰਮ ਚੰਦ ਨੇ ਇਹ ਸੁਣਦਿਆਂ ਹੀ ਤੀਰ ਦਾ ਵਾਰ ਕੀਤਾ। ਉਹ ਥੋੜ੍ਹਾ ਜਿਹਾ ਬਿਧੀ ਚੰਦ ਦੇ ਸਰੀਰ ਵਿਚ ਚੁਭਿਆ ਜਿਸ ਨੂੰ ਉਸ ਖਿੱਚ ਕੇ ਬਾਹਰ ਕੱਢ ਦਿੱਤਾ॥੩੧॥

ਪੁਨ ਤੂਰਨ ਹੀ ਤੀਰ ਖਰ ਤਕ ਔਰ ਚਲਾਯੋ।
ਹਯ ਕੁਦਾਇ ਬਿਧੀਏ ਤਬੈ ਨਿਜ ਗਾਤਿ ਬਚਾਯੋ।
ਆਪ ਚਾਂਪ ਗਹਿ ਦਿਢ ਤੁਰਤ ਤਾਨਯੋ ਧਰਿ ਬਾਨਾ।
ਸਨਮੁਖ ਹ੍ਵੈ ਛੋਰਾ ਤਬਹਿ ਤਕ ਸ਼ੱਤ੍ਰੂ ਨਿਸ਼ਾਨਾ॥ ੩੨॥

ਪਰ ਤੁਰਤ ਹੀ ਮੂਰਖ ਨੇ ਵੇਖ ਕੇ ਇਕ ਹੋਰ ਤੀਰ ਚਲਾਇਆ, ਪਰ ਬਿਧੀ ਚੰਦ ਨੇ ਘੋੜੇ ਨੂੰ ਟਪਾ ਕੇ ਆਪਣਾ ਦਾਅ ਬਚਾ ਲਿਆ। ਫਿਰ ਆਪ ਧਨੁੱਖ ਫੜ ਕੇ ਇਕ ਤੀਰ ਧਰ ਕੇ ਤਾਣਿਆ ਤੇ ਸਾਹਮਣੇ ਹੋ ਕੇ ਵੈਰੀ ਵਲ ਨਿਸ਼ਾਨਾ ਲਾ ਕੇ ਤੀਰ ਛੱਡਿਆ॥੩੨॥

ਲਗ੍ਯੋ ਬਾਜ ਕੇ ਭਾਲ ਮਹਿਂ ਗਾ ਪਾਛਲ ਪਾਰਾ।
ਝੜ ਅਵਿਨੀ ਪਰ ਗਿਰ ਪਰ੍ਯੋ ਜਨੁ ਗਾਜ ਸੰਘਾਰਾ।
ਪਹੁੰਚ੍ਯੋ ਬਿਧੀਆ ਨਿਕਟਿ ਚਲਿ ਨਹਿਂ ਖੜਗ ਪ੍ਰਹਾਰਾ।
ਦਬੀ ਟਾਂਗ ਹਯ ਕੇਤ ਰੇ ਤਰ ਉਤਰ ਨਿਕਾਰਾ॥ ੩੩॥

ਉਹ ਤੀਰ ਘੋੜੇ ਦੇ ਮੱਥੇ ਵਿਚ ਲੱਗ ਕੇ ਪਾਰ ਹੋ ਗਿਆ, ਕਰਮ ਚੰਦ ਝਟ ਧਰਤੀ ਤੇ ਇਸ ਤਰ੍ਹਾਂ ਡਿੱਗ ਪਿਆ ਜਿਵੇਂ ਹਾਥੀ ਨੂੰ ਮਾਰਿਆ ਹੋਵੇ। ਬਿਧੀ ਚੰਦ ਚਲ ਕੇ ਉਸ ਦੇ ਕੋਲ ਗਿਆ ਪਰ ਤਲਵਾਰ ਦਾ ਵਾਰ ਨਾ ਕੀਤਾ। ਉਸ ਦੀ ਇਕ ਲੱਤ ਘੋੜੇ ਦੇ ਥੱਲੇ ਦੱਬ ਗਈ ਜਿਸ ਨੂੰ ਬਿਧੀ ਚੰਦ ਨੇ ਘੋੜੇ ਤੋਂ ਉਤਰ ਕੇ ਕਢਿਆ॥੩੩॥

ਗਹਿ ਲੀਨਸਿ ਕਰਿ ਸ਼ੀਘ੍ਰਤਾ ਪਾਛੇ ਕੋ ਚਾਲਾ।
ਅਪਰ ਸਿੱਖ ਅਰੁ ਤੁਰਕ ਤਹਿਂ ਰਣ ਮਚ੍ਯੋ ਕਰਾਲਾ।
ਪਰੇ ਬਹੁਤ ਅਰਿਰਾਇਕੈ ਤਿਹ ਚਹਿਤ ਛੁਟਾਯੋ।
ਗੁਰੁ ਦਲ ਤੇ ਸ਼ਲਖੈਂ ਚਲੀ ਸਭਿ ਕੋ ਅਟਕਾਯੋ॥ ੩੪॥

ਬਿਧੀ ਚੰਦ ਨੇ ਝੱਟ ਉਸ ਨੂੰ ਫੜ ਲਿਆ ਤੇ ਲੈ ਕੇ ਪਿੱਛੇ ਨੂੰ ਚਲ ਪਿਆ, ਹੋਰ ਸਿੱਖਾਂ ਅਤੇ ਤੁਰਕਾਂ ਦਾ ਘਮਸਾਣ ਦਾ ਜੰਗ ਮੱਚ ਗਿਆ। ਤੁਰਕ ਅੜ੍ਹਾ ਕੇ ਬਿਧੀ ਚੰਦ ਨੂੰ ਪੈ ਗਏ, ਉਹ ਕਰਮ ਚੰਦ ਨੂੰ ਛਡਵਾਉਣਾ ਚਾਹੁੰਦੇ ਸਨ ਗੁਰੂ ਦੀ ਫੌਜ ਵਲੋਂ ਗੋਲੀਆਂ ਚਲ ਰਹੀਆਂ ਸਨ, ਜਿਨ੍ਹਾਂ ਨੂੰ ਬਿਧੀ ਚੰਦ ਨੇ ਬੰਦ ਕਰਵਾਇਆ॥੩੪॥

ਕਰੇ ਸ਼ੀਘ੍ਰਤਾ ਬਲ ਸਹਤ ਗਹਿ ਆਨ੍ਯੋ ਬੈਰੀ।
ਸ੍ਰੀ ਗੁਰੁ ਹਰਿਗੋਵਿੰਦ ਜਹਿਂ ਪਾਯਹ ਤਿਨ ਪੈਰੀ।
ਨੀਚ ਗ੍ਰੀਵ ਕੋ ਕਰਿ ਰਹ੍ਯੋ ਨਹਿਂ ਸਨਮੁਖ ਜੋਵਾ।
ਬਿਧੀਆ ਬੋਲ੍ਯੋ 'ਪ੍ਰਭੂ ਜੀ! ਰਿਣ ਬਡ ਸਿਰ ਹੋਵਾ॥ ੩੫॥

ਬੜੀ ਫੁਰਤੀ ਅਤੇ ਤਾਕਤ ਨਾਲ ਉਹ ਵੈਰੀ ਨੂੰ ਫੜ ਕੇ ਲੈ ਆਇਆ ਜਿਥੇ ਗੁਰੂ ਹਰਿਗੋਬਿੰਦ ਜੀ ਖੜੇ ਸਨ, ਉਥੇ ਆ ਕੇ ਉਨ੍ਹਾਂ ਦੇ ਪੈਰਾਂ ਤੇ ਸੁੱਟ ਦਿੱਤਾ। ਨੀਚ ਨੇ ਮੂੰਹ ਨੀਵਾਂ ਕੀਤਾ ਹੋਇਆ ਸੀ ਤੇ ਗੁਰੂ ਜੀ ਦੇ ਸਾਹਮਣੇ ਨਾ ਹੋਇਆ। ਬਿਧੀ ਚੰਦ ਬੋਲਿਆ, "ਪ੍ਰਭੂ ਜੀ! ਵੱਡਾ ਕਰਜ਼ ਸਿਰ ਤੇ ਚੜ੍ਹਿਆ ਹੈ॥੩੫॥

ਪਲਟਾ ਪਿਤ ਲੈਬੇ ਅਯੋ ਰਿਣ ਉਤਰ੍ਯੋ ਨਾਂਹੀ।
ਬੰਧਹੁ ਮਸ਼ਕੈਂ ਪਾਗ ਸੋਂ ਪਗ ਸ਼ਿੰਖਲ ਪਾਹੀ'।
ਗੁਰੁ ਕ੍ਰਿਪਾਲ ਹਸਿ ਕਰਿ ਕਹ੍ਯੋ 'ਕ੍ਯਾ ਇਸ ਤੇ ਲੈਬੋ?।
ਛੋਰਿ ਦੇਹੁ ਕੁੜਿਆਰ ਕੋ ਪੁਨ ਕਰਹਿ ਨ ਐਬੋ॥ ੩੬॥

ਆਪਣੇ ਪਿਤਾ ਦਾ ਬਦਲਾ ਲੈਣ ਆਇਆ ਸੀ, ਪਰ ਕਰਜ਼ ਉਤਰਿਆ ਨਹੀਂ ਹੈ। ਪਗ ਨਾਲ ਇਸ ਦੀਆਂ ਮੁਸ਼ਕਾਂ ਬੰਨ੍ਹਦੇ ਹਾਂ ਤੇ ਪੈਰਾਂ ਵਿਚ ਸੰਗਲ ਪਾਉਂਦੇ ਹਾਂ।" ਗੁਰੂ ਜੀ ਨੇ ਹੱਸ ਕੇ ਕਿਹਾ, "ਇਸ ਪਾਸੋਂ ਕੀ ਲੈਣਾ ਹੈ? ਮੂਰਖ ਨੂੰ ਛੱਡ ਦੇਵੋ ਫਿਰ ਕਦੀ ਅਜਿਹਾ ਐਬ ਨਾ ਕਰੇ॥੩੬॥

ਜਥਾ ਦੁਸ਼ਟ ਪਿਤ, ਸੁਤ ਤਥਾ, ਤੁਰਕਨਿ ਕੇ ਚੇਰੇ।
ਕੁਛਕ ਜੁਤ ਸਿਰ ਮੈਂ ਹਤਹ ਸਿਮਰਹਿ ਗੁਨ ਤੇਰੇ'।

ਹੁਕਮ ਮਾਨਿ ਤਜਾਗਜੋ ਤਥੈ ਪਨਹੀ ਕਛ ਮਾਰੇ।
ਨਹੀਂ ਬੋਲ ਮੁਖ ਆਵਤੋ ਭਾਗਜੋ ਛੁਟਿਹਾਰੇ॥ ੩੭॥

ਜੈਸਾ ਦੁਸ਼ਟ ਪਿਤਾ ਸੀ, ਉਹੋ ਜਿਹਾ ਪੁੱਤਰ ਹੈ, ਤੁਰਕਾਂ ਦੇ ਚਾਟੜੇ ਹਨ ਕੁਝ ਛਿੱਤਰ ਸਿਰ ਵਿਚ ਮਾਰੋ ਤਾਂ ਤੇਰੇ ਗੁਣ ਗਾਉਣ ਲੱਗ ਜਾਣਗੇ", ਗੁਰੂ ਜੀ ਦਾ ਹੁਕਮ ਮੰਨ ਕੇ ਬਿਧੀ ਚੰਦ ਉਸ ਨੂੰ ਛੱਡ ਦਿੱਤਾ ਤੇ ਸਿਰ ਵਿਚ ਕੁਝ ਛਿੱਤਰ ਮਾਰੇ, ਕੁਝ ਬੋਲ ਨਾ ਸਕਿਆ ਤੇ ਛੱਡਣ ਤੇ ਭੱਜ ਗਿਆ॥੩੭॥

ਜਾਇ ਮਿਲਜੋ ਤੁਰਕਨਿ ਬਿਖੈ ਜਹਿੰ ਅਬਦਲ ਖਾਨਾ।
ਧਰਕਤਿ ਉਰ ਬਡ ਸ੍ਵਾਸ ਲੇ ਅਸ ਬਾਕ ਬਖਾਨਾ।
'ਗਹਜੋ ਮੋਹਿ ਲੇ ਕਰਿ ਗਏ ਗੁਰੁ ਜਹਾਂ ਖਰੋ ਹੈ।
ਛਲ ਬਲ ਕੋ ਧਰਿ ਸ਼ੀਘ੍ਰਤਾ ਮੈਂ ਛੁਟਨਿ ਕਰੋ ਹੈ॥ ੩੮॥

ਤੁਰਕਾਂ ਨੂੰ ਉਥੇ ਜਾ ਕੇ ਮਿਲਿਆ ਜਿਥੇ ਅਬਦੁਲ ਖਾਨ ਖੜਾ ਸੀ, ਧੜਕਦੇ ਦਿਲ ਅਤੇ ਵੱਡੇ-ਵੱਡੇ ਸਾਹ ਲੈ ਕੇ ਇਸ ਤਰ੍ਹਾਂ ਬੋਲਿਆ। "ਮੈਨੂੰ ਫੜ ਲਿਆ ਤੇ ਉਥੇ ਲੈ ਕੇ ਗਏ ਜਿਥੇ ਗੁਰੂ ਜੀ ਖੜੇ ਹਨ। ਛਲ ਵਲ ਕਰਕੇ ਮੈਂ ਛੇਤੀ ਹੀ ਛੁਟਕਾਰਾ ਪਾ ਲਿਆ ਹੈ॥੩੮॥"

ਸਿੱਖਨ ਕੋ ਮਾਰਤਿ ਅਯੋ, ਸਭਿ ਭੇਦ ਨਿਹਾਰਾ।
ਰਹਜੋ ਅਲਪ ਦਲ ਗੁਰੂ ਕੋ ਸਮੁਦਾਇ ਸੰਘਾਰਾ।
ਆਪ ਅਗਾਰੀ ਹੋਇ ਕੈ ਹੇਲਾ ਅਬਿ ਘਾਲੇ।
ਹਰਿਗੁਵਿੰਦ ਕੋ ਲੇਹਿੰ ਗਹਿ, ਨਿਜ ਓਜ ਸੰਭਾਲੇ'॥ ੩੯॥

ਸਿੱਖਾਂ ਨੂੰ ਮਾਰਦਾ ਆਇਆ ਹਾਂ ਤੇ ਸਾਰਾ ਭੇਦ ਵੇਖਿਆ ਹੈ, ਸਿੱਖਾਂ ਦੀ ਫੌਜ ਬਹੁਤ ਥੋੜ੍ਹੀ ਰਹਿ ਗਈ, ਬਹੁਤੀ ਫੌਜ ਮਾਰੀ ਗਈ ਹੈ ਹੁਣ ਆਪ ਅੱਗੇ ਹੋ ਕੇ ਵੱਡਾ ਹੱਲਾ ਕਰੋ ਤੇ ਆਪਣੀ ਸ਼ਕਤੀ ਨੂੰ ਸੰਭਾਲ ਕੇ ਗੁਰੂ ਹਰਿਗੋਬਿੰਦ ਨੂੰ ਫੜ ਲਵੋ॥੩੯॥

ਇਮ ਕਹਿ ਅਬਦੁਲਖਾਂਨ ਕੋ ਕੁਛ ਅੱਗੂ ਚਲਾਯੋ।
ਅਪਰ ਤੁਰੰਗ ਜੁ ਸੰਗ ਥੋ ਤਿਸ ਪਰ ਚਢਿ ਧਾਯੋ।
ਇਮ ਬਿਧੀਏ ਕੀ ਗਾਥ ਇਤਿ ਘਾਲਜੋ ਘਮਸਾਨਾ।
ਪਰਸਰਾਮ ਸ਼ਕਤੂ ਉਤੇ ਦੋਨਹੁ ਰਣ ਥਾਨਾ॥ ੪੦॥

ਇਸ ਤਰ੍ਹਾਂ ਕਹਿ ਕੇ ਅਬਦੁਲ ਖਾਨ ਨੂੰ ਕੁਝ ਅੱਗੇ ਭੇਜਿਆ, ਹੋਰ ਘੋੜੇ ਜਿਹੜੇ ਨਾਲ ਸਨ, ਉਨ੍ਹਾਂ ਤੇ ਚੜ੍ਹ ਕੇ ਅੱਗੇ ਵਧਿਆ ਇਸ ਤਰ੍ਹਾਂ ਬਿਧੀ ਚੰਦ ਦੀ ਕਹਾਣੀ ਸੀ, ਬੜੇ ਘਮਸਾਣ ਦਾ ਜੰਗ ਕੀਤਾ। ਉਧਰ ਪਰਸਰਾਮ ਤੇ ਸ਼ਕਤੂ ਦੋਵੇਂ ਰਣਖੇਤਰ ਵਿਚ ਸਨ॥੪੦॥

*ਛੇਵੀਂ ਰਾਸ ਦਾ ਛੱਤੀਵਾਂ ਅਧਿਆਇ ਸਮਾਪਤ ਹੋਇਆ॥ ੩੬॥*

❖❖❖

# ਅਧਿਆਇ ਸੈਂਤੀਵਾਂ

## ਨਬੀਬਖਸ਼, ਪਰਸਰਾਮ ਤੇ ਸ਼ਕਤੂ ਦੀ ਹੱਤਿਆ

*ਦੋਹਰਾ-* **ਨਬੀਬਖਸ਼ ਲਸ਼ਕਰ ਮਹਾਂ ਲੇਕਰਿ ਆਯੋ ਸੰਗ।**
**ਤੋਮਰ ਤਰਵਾਰਨਿ ਤਬਰ ਗਹੇ ਤੁਫੰਗ ਖਤੰਗ॥ ੧॥**

ਨਬੀ ਬਖਸ਼ ਆਪਣੇ ਨਾਲ ਬਹੁਤ ਵੱਡਾ ਲਸ਼ਕਰ ਲੈ ਕੇ ਆਇਆ ਉਸ ਲਸ਼ਕਰ ਨੇ ਨੇਜ਼ੇ, ਤਲਵਾਰਾਂ, ਬਰਛੀਆਂ, ਬੰਦੂਕਾਂ ਅਤੇ ਧਨੁੱਖ ਫੜੇ ਹੋਏ ਸਨ॥੧॥

*ਪਾਧੜੀ ਛੰਦ-* **ਭਰਿਯੰਤਿ ਤੁਪਕ ਬਾਰੂਦ ਸੰਗ। ਛਨਕੰਤਿ ਗਜਨਿ ਧਾਏ ਤੁਰੰਗ।**
**ਠੁਕਿਯੰਤਿ ਗੁਲਕ ਤੋੜਾ ਸੰਭਾਰਿ। ਧੁਖਿਯੰਤਿ ਪਲੀਤਾ ਬਾਰਿ ਬਾਰਿ॥੨॥**

ਬੰਦੂਕਾਂ ਬਾਰੂਦ ਨਾਲ ਭਰੀਆਂ ਹੋਈਆਂ ਸਨ, ਭੱਜਦੇ ਹੋਏ ਘੋੜੇ ਗਜਾਂ ਨੂੰ ਛਣਕਾਉਂਦੇ ਹਨ, ਤੋੜੇ ਸੰਭਾਲ ਕੇ ਗੋਲੀਆਂ ਪਾਉਂਦੇ ਹਨ ਤੇ ਬਾਰ-ਬਾਰ ਪਲੀਤਾ ਧੁਖਾਉਂਦੇ ਹਨ॥੨॥

**ਕੜਕੰਤਿ ਨਾਦ ਜ੍ਵਾਲਾ ਉਗਾਲ। ਛੁਟਕੰਤਿ ਬ੍ਰਿੰਦ ਘਾਇਲ ਉਤਾਲ।**
**ਇਤ ਉਤ ਤੁਰੰਗ ਸੂਰੇ ਧਵਾਇ। ਜੋ ਵਧਤਿ ਅੱਗ੍ਰ ਤਿਸ ਦੇਂ ਗਿਰਾਇ॥੩॥**

ਬੰਦੂਕਾਂ ਕੜਕਦੀਆਂ ਸਨ ਤੇ ਜਵਾਲਾ ਉਗਲਦੀਆਂ ਸਨ, ਬਹੁਤ ਗੋਲੀਆਂ ਨਿਕਲਦੀਆਂ ਸਨ ਤੇ ਫੌਜ ਨੂੰ ਜ਼ਖਮੀ ਕਰਦੀਆਂ ਸਨ। ਸੂਰਮੇ ਏਧਰ ਓਧਰ ਘੋੜਿਆਂ ਨੂੰ ਭਜਾਉਂਦੇ ਸਨ॥੩॥

**ਗਿਰਯੰਤਿ ਸੁ ਭਟ ਹਯ,ਆਇ ਧਾਇ। ਮਿਲਿ ਗਏ ਆਪ ਮਹਿਂ ਕਰਤਿ ਘਾਇ।**
**ਮੁਖ ਮਾਰਿ ਮਾਰਿ ਜੋਧਾ ਰਟੰਤਿ। ਬਾਹੈਂ ਕ੍ਰਿਪਾਨ ਅੰਗਨਿ ਕਟੰਤਿ॥ ੪॥**

ਯੋਧੇ ਘੋੜਿਆਂ ਤੋਂ ਡਿੱਗਦੇ, ਜਿਹੜੇ ਧਾ ਕੇ ਆਉਂਦੇ ਸਨ, ਆਪ ਵੀ ਉਨ੍ਹਾਂ ਨਾਲ ਮਿਲ ਗਏ, ਜਿਹੜੇ ਘਾਇਲ ਕਰਦੇ ਸਨ। ਯੋਧੇ ਮੂੰਹ ਨਾਲ 'ਮਾਰ ਮਾਰ' ਪੁਕਾਰਦੇ ਸਨ। ਕਿਰਪਾਨਾਂ ਵਾਹੁੰਦੇ ਹਨ ਤੇ ਅੰਗ ਕੱਟਦੇ ਹਨ॥੪॥

**ਤਬਿ ਪਰਸਰਾਮ ਸ਼ਕਤ ਬਿਸਾਲ। ਗਹਿ ਦੁਹਨਿ ਚਾਂਪ ਸਰ ਕੋ ਨਿਕਾਲਿ।**
**ਪ੍ਰੇਰੇ ਤੁਰੰਗ ਬਡ ਬੇਗ ਸੰਗ। ਗਨ ਸੂਰ ਸਹਤ ਪਕਰੇ ਤੁਫੰਗ॥ ੫॥**

ਤਦ ਪਰਸਰਾਮ ਅਤੇ ਸ਼ਕਤੂ ਜਿਹੜੇ ਵੱਡੇ ਮਹਾਂਬਲੀ ਸਨ, ਧਨੁੱਖ ਹੱਥ ਵਿਚ ਫੜ ਕੇ ਤੀਰ ਛੱਡਦੇ ਸਨ। ਉਨ੍ਹਾਂ ਨੇ ਆਪਣੇ ਘੋੜਿਆਂ ਨੂੰ ਭਜਾਇਆ, ਉਨ੍ਹਾਂ ਦੇ ਹੋਰ ਸੂਰਬੀਰ ਵੀ ਬੰਦੂਕਾਂ ਲੈ ਕੇ ਗਏ॥੫॥

**ਜਹਿਂ ਨਬੀ ਬਖ਼ਸ਼ ਬਡ ਬੰਧਿ ਟੋਲਿ। ਤਿਤ ਕੋ ਪਹੂੰਚਿ ਕਰਿ ਸਾਥਿ ਗੋਲ।**
**ਨਿਕਸੰਤਿ ਬੀਰ ਘੋਰਾ ਧਵਾਇ। ਛੁਟਕੰਤਿ ਤੁਪਕ ਰਿਪੁ ਨੇਰ ਜਾਇ॥੬॥**

ਜਿਥੇ ਨਬੀ ਬਖਸ਼ ਵੱਡੀ ਟੋਲੀ ਬਣਾ ਕੇ ਲੜ ਰਿਹਾ ਸੀ, ਉਥੇ ਪਹੁੰਚ ਗਏ ਤੇ ਉਨ੍ਹਾਂ ਦੇ ਨਾਲ ਟੋਲਾ ਬਣਾ ਕੇ ਯੁੱਧ ਕੀਤਾ। ਸੂਰਮੇ ਫਿਰ ਘੋੜਾ ਭੱਜਾ ਕੇ ਨਿਕਲਦੇ ਸਨ ਤੇ ਵੈਰੀ ਦੇ ਪਾਸ ਜਾ ਕੇ ਬੰਦੂਕ ਚਲਾਉਂਦੇ ਸਨ॥੬॥

**ਬਜਿਯੰਤਿ ਪਟਹ ਭੇਰੀ ਬਿਲੰਦ। ਢਮਕੰਤਿ ਢੋਲ ਨਾਦਤਿ ਅਮੰਦ।**
**ਫਰਰੇ ਖੁਲਾਇ ਚਮਕੇ ਨਿਸ਼ਾਨ। ਕਰਿ ਅੱਗ੍ਰ ਰੋਪ ਗਾਢੇ ਸਥਾਨ॥ ੭॥**

ਨਗਾਰੇ ਤੇ ਭੇਰੀਆਂ ਬਹੁਤ ਉੱਚੀ ਆਵਾਜ਼ ਵਿਚ ਵੱਜ ਰਹੀਆਂ ਸਨ, ਢੋਲ ਵੀ ਭਾਰੀ ਆਵਾਜ਼ ਵਿਚ ਖੜਕ ਰਹੇ ਸਨ। ਝੰਡਿਆਂ ਦੇ ਖੁਲ੍ਹੇ ਫਰਰੇ ਚਮਕ ਰਹੇ ਸਨ। ਅਗਲੇ ਪਾਸੇ ਰੋਕ ਕੇ ਗੱਡੇ ਸਨ॥੭॥

ਸ਼ਲਖੈਂ ਤੁਫੰਗ ਛੁਟੀ ਬਿਸਾਲ। ਮੁਖ ਸੀਸ ਫੋਰਿ ਗੇਰਤਿ ਉਤਾਲ।
ਨਿਕਸੰਤਿ ਮੀਝ ਬਿਥਰੰਤਿ ਪਾਸ। ਕਰਿ ਸੇਤ ਜੁ ਮੇਚਕ ਕੇਸ ਪਾਸ॥ ੮ ॥

ਬੰਦੂਕਾਂ ਬਹੁਤ ਗੋਲੀਆਂ ਛੱਡ ਰਹੀਆਂ ਸਨ, ਮੂੰਹ ਤੇ ਸਿਰ ਨੂੰ ਪਾੜ ਕੇ ਵੈਰੀ ਨੂੰ ਥੱਲੇ ਸੁੱਟ ਲੈਂਦੀਆਂ ਸਨ, ਮਿੱਝ ਨਿਕਲ ਕੇ ਪਾਸ ਖਿਲਰ ਜਾਂਦੀ ਸੀ ਜੋ ਕਾਲੇ ਕੇਸਾਂ ਦੀ ਗੰਢ ਨੂੰ ਚਿੱਟਿਆਂ ਕਰ ਦਿੰਦੀ ਸੀ॥੮॥

ਮੁਖ ਲਗਹਿ ਦੰਤ ਕੋ ਤੋਰਿ ਦੇਤਿ। ਕਿਹ ਆਂਖ ਫੂਟਿ ਥਿਰ ਜੰਗ ਖੇਤਿ।
ਮਿਲਿ ਗਏ ਸੂਰ ਪਰ ਘੋਰ ਸ਼ੋਰਿ। ਕਰਤੇ ਪੁਕਾਰ ਰਿਪੁ ਤੋਰਿ ਫੋਰਿ॥ ੯ ॥

ਗੋਲੀ ਮੂੰਹ ਨੂੰ ਲੱਗ ਕੇ ਦੰਦਾਂ ਨੂੰ ਤੋੜ ਦਿੰਦੀ ਸੀ, ਕਈਆਂ ਦੀਆਂ ਅੱਖਾਂ ਨਿਕਲ ਕੇ ਰਣਖੇਤਰ ਵਿਚ ਡਿੱਗ ਪੈਂਦੀਆਂ ਸਨ। ਜਦ ਸੂਰਮੇ ਆਪਸ ਵਿਚ ਮਿਲੇ ਤਾਂ ਬਹੁਤ ਉੱਚੀ ਸ਼ੋਰ ਹੋਇਆ, ਦੁਸ਼ਮਣ ਭੱਜ ਟੁੱਟ ਕੇ ਪੁਕਾਰ ਕਰਦੇ ਸਨ॥੯॥

ਕੋ ਸ੍ਰਮਤਿ ਭਏ ਖੜਗਨਿ ਪ੍ਰਹਾਰਿ। ਕੋ ਕਰਤਿ ਤ੍ਰਾਸ ਕੋ ਹ੍ਵੈ ਸੁਮਾਰਿ।
ਕਿਤਿ ਗਿਰੇ ਮ੍ਰਿਤਕ ਹ੍ਵੈ ਕੈ ਕਿਕਾਣ। ਤਰਫੰਤਿ ਕਿਤੇ ਨਹਿੰ ਨਿਕਸਿ ਪ੍ਰਾਣ॥੧੦॥

ਕਈ ਤਲਵਾਰਾਂ ਦੇ ਵਾਰ ਕਰ-ਕਰ ਥੱਕ ਗਏ ਸਨ, ਕਈ ਮਾਰ ਪੈਂਦੀ ਵੇਖ ਕੇ ਡਰ ਰਹੇ ਸਨ। ਕਈ ਮਰ ਕੇ ਘੋੜਿਆਂ ਤੋਂ ਡਿੱਗੇ ਪਏ ਸਨ, ਕਈ ਤੜਫਦੇ ਸਨ ਤੇ ਉਨ੍ਹਾਂ ਦੇ ਪ੍ਰਾਣ ਨਹੀਂ ਸੀ ਨਿਕਲਦੇ॥੧੦॥

ਬਲਵੰਤ ਬੀਰ ਕਰਿ ਰੁੰਡ ਮੁੰਡ। ਪਰਚੰਡ ਜੁੱਧ ਗਿਰਿ ਖੰਡ ਖੰਡ।
ਖਿਚਿਯੰਤਿ ਪਕਰਿ ਆਂਤ੍ਰੈ ਗੁਮਾਯ। ਬਡ ਆਇ ਜੋਗਣੀ ਧਾਯ ਧਾਯ॥ ੧੧ ॥

ਕਈ ਵੱਡੇ ਸ਼ਕਤੀਸ਼ਾਲੀ ਸੂਰਬੀਰ ਸਿਰ ਧੜ ਤੋਂ ਵੱਖ ਹੋ ਕੇ ਪਰਚੰਡ ਯੁੱਧ ਲੜ ਕੇ ਟੁਕੜੇ-ਟੁਕੜੇ ਹੋ ਕੇ ਡਿੱਗ ਪਏ ਸਨ। ਗਿਦੜ ਉਨ੍ਹਾਂ ਦੀਆਂ ਆਂਦਰਾਂ ਫੜ ਕੇ ਖਿੱਚਦੇ ਸਨ ਤੇ ਬਹੁਤ ਜੋਗਨੀਆਂ ਦੌੜ-ਦੌੜ ਕੇ ਆਈਆਂ॥੧੧॥

ਭਰਿਯੰਤਿ ਖਪਰ ਸ਼੍ਰੋਣੰਤਿ ਪਾਨ। ਸਿਰ ਖਿੰਡੇ ਬਾਰ ਕਰਿ ਨਾਚ ਗਾਨ।
ਬਹੁ ਭੂਤ ਪ੍ਰੇਤਿ ਬੋਲੈਂ ਬਕਾਰ। ਕਰਿ ਲਹੂ ਪਾਨ ਲੇਤੇ ਡਕਾਰ॥ ੧੨ ॥

ਜੋਗਨੀਆਂ ਲਹੂ ਦੇ ਖੱਪਰ ਭਰ-ਭਰ ਪੀਂਦੀਆਂ ਸਨ, ਉਨ੍ਹਾਂ ਦੇ ਵਾਲ ਖਿਲਰੇ ਹੋਏ ਸਨ ਤੇ ਨੱਚ ਕੇ ਗਾਉਂਦੀਆਂ ਸਨ। ਬਹੁਤ ਭੂਤ ਪ੍ਰੇਤ ਫਜ਼ੂਲ ਬੋਲ ਰਹੇ ਸਨ ਤੇ ਲਹੂ ਪੀ-ਪੀ ਡਕਾਰ ਮਾਰ ਰਹੇ ਸਨ॥੧੨॥

ਗਨ ਕੰਕ ਨਾਦ ਚਾਵਡਿ ਚਿੰਕਾਰ। ਬਡ ਭੀਮ ਕਾਕ ਕਾਂ ਕਾਂ ਪੁਕਾਰ।
ਹਯ ਤਰੈ ਗਏ ਦਬਿ ਸੂਰ, ਸੋਇ। ਹਾਂਕਰਤਿ ਅਪਰ 'ਕਰਿ ਰੱਛ ਜੋਇ' ॥੧੩॥

ਚਿਟੀਆਂ ਤੇ ਭੂਰੀਆਂ ਇੱਲਾਂ ਬਹੁਤ ਉੱਚੀ-ਉੱਚੀ ਚੀਖ ਰਹੀਆਂ ਹਨ, ਵੱਡੇ ਮੋਟੇ ਕਾਂ, ਕਾਂ-ਕਾਂ ਕਰ ਰਹੇ ਸਨ। ਜਿਹੜੇ ਬੜੇ ਸੂਰਬੀਰ ਸਨ ਉਹ ਘੋੜਿਆਂ ਦੇ ਥੱਲੇ ਦਬ ਗਏ ਸਨ। ਉਹ ਦੂਸਰਿਆਂ ਨੂੰ ਆਵਾਜ਼ਾਂ ਮਾਰਦੇ ਹਨ, "ਸਾਨੂੰ ਬਚਾ ਲਵੋ"॥੧੩॥

ਮੁਰ ਆਪ ਮੋਰਤੇ ਮਰਤਿ ਘੋਰ। ਭਾ ਤੁਮਲ ਜੁੱਧ ਬਡ ਮਾਚਿ ਸ਼ੋਰ।
ਜਹਿਂ ਨਬੀਬਖਸ਼ ਤਹਿਂ ਅੱਗ੍ਰ ਸੂਰ। ਬਹੁ ਲਰੇ ਮਰੇ ਗਿਰਿ ਪਰਤਿ ਧੂਰ॥੧੪॥

ਉਹ ਮੁੜ ਕੇ ਮਰੇ ਹੋਏ ਘੋੜਿਆਂ ਨੂੰ ਪਰੇ ਕਰਦੇ ਹੋਏ ਆਪ ਮਾਰੇ ਜਾਂਦੇ ਸਨ। ਘੋਰ ਲੜਾਈ ਹੋਈ ਤੇ ਵੱਡਾ ਸ਼ੋਰ ਮੱਚ ਗਿਆ। ਜਿਥੇ ਨਬੀ ਬਖ਼ਸ਼ ਸੀ, ਉਸ ਦੇ ਅੱਗੇ ਜੋ ਸੂਰਬੀਰ ਸਨ ਉਹ ਬਹੁਤ ਲੜੇ ਤੇ ਮਰ ਕੇ ਧੂੜ ਵਿਚ ਡਿੱਗ ਪਏ॥੧੪॥

ਤਬਿ ਪਰਸਰਾਮ ਸ਼ਕਤੂ ਮਹਾਂਨ। ਭਟ ਦੁਊ ਚਾਂਪ ਕੋ ਤਾਨਿ ਤਾਨਿ।
ਸਰ ਸਰਪ ਸੁ ਸਮਸਰ ਮਾਰਿ ਮਾਰਿ। ਚਲਿ ਜਾਤਿ ਸਮੁਖ ਤਾਂਕੇ ਜੁਝਾਰ॥੧੫॥

ਤਦ ਪਰਸਰਾਮ ਤੇ ਮਹਾਨ ਸ਼ਕਤੂ, ਦੋਵੇਂ ਸੂਰਮੇ ਧਨੁੱਖ ਨੂੰ ਤਾਣ-ਤਾਣ ਕੇ ਸੱਪ ਵਰਗੇ ਤੀਰ ਛੱਡ-ਛੱਡ ਕੇ ਚਲ ਕੇ ਉਨ੍ਹਾਂ ਸੂਰਮਿਆਂ ਦੇ ਸਾਹਮਣੇ ਪਹੁੰਚ ਗਏ॥੧੫॥

ਇਮ ਮਚੀ ਲੋਹ ਕੀ ਮਾਰਿ ਭੂਰ। ਬਹਿ ਚਲਜੋ ਸ਼੍ਰੋਣ ਗਈ ਲੋਥ ਪੂਰ।
ਤਬਿ ਤੁਰਕ ਤ੍ਰਾਸ ਕੋ ਧਾਰਿ ਭਾਗਿ। ਨਹਿਂ ਜਮੇ ਪਾਂਇ, ਬਡ ਸ਼ਸਤ੍ਰ ਲਾਗਿ॥੧੬॥

ਏਡੀ ਵੱਡੀ ਲੋਹੇ ਦੀ ਮਾਰ ਮੱਚੀ ਕਿ ਖੂਨ ਬਹਿ ਤੁਰਿਆ ਤੇ ਲੋਥਾਂ ਦੇ ਪੂਰ ਲੱਗ ਗਏ। ਤਦ ਤੁਰਕ ਡਰ ਧਾਰਨ ਕਰਕੇ ਭੱਜ ਉਠੇ, ਉਨ੍ਹਾਂ ਦੇ ਪੈਰ ਨਹੀਂ ਸੀ ਟਿਕਦੇ, ਭਾਰੀ ਸ਼ਸਤਰ ਵੱਜਦੇ ਸਨ॥੧੬॥

ਗੁਰ ਬੀਰ ਏਕ, ਦਸ ਤੁਰਕ ਸੰਗ। ਕਰਿ ਕਰਿ ਪ੍ਰਹਾਰ ਮਰਿ ਮਾਰਿ ਜੰਗ।
ਤਬਿ ਨਬੀਬਖਸ਼ ਪਿਖਿ ਭਾ ਹਿਰਾਨ। ਇਹ ਭਯੋ ਕਹਾਂ ਨਹਿਂ ਜਾਇ ਜਾਨ॥੧੭॥

ਗੁਰੂ ਜੀ ਦਾ ਇਕ ਸੂਰਮਾ ਦਸ ਤੁਰਕਾਂ ਨਾਲ ਲੜਦਾ ਸੀ, ਵਾਰ ਕਰ-ਕਰ ਤੇ ਸ਼ਸਤਰ ਮਾਰ-ਮਾਰ ਕੇ ਜੰਗ ਕਰਦੇ ਸਨ। ਤਦ ਨਬੀਬਖਸ਼ ਵੇਖ ਕੇ ਬਹੁਤ ਹੈਰਾਨ ਹੋਇਆ, ਇਹ ਕੀ ਹੋਇਆ ਹੈ ਕੁਝ ਜਾਣਿਆ ਨਹੀਂ ਜਾਂਦਾ॥੧੭॥

ਮਰਿ ਗਈ ਸੈਨ, ਸਿਖ ਅਲਪ ਪਾਸ। ਠਹਿਰੈਂ ਨ ਅੱਗ੍ਰ ਬਡ ਪਾਇ ਤ੍ਰਾਸ।
ਪਰਿ ਗਯੋ ਲੋਹੁ ਪੁਠੋ ਕਰਾਲ। ਜਹਿਂ ਕਹਾਂ ਸੂਰ ਮਰਿ ਤੁਰੰਗ ਜਾਲ॥੧੮॥

ਥੋੜ੍ਹੀ ਗਿਣਤੀ ਦੇ ਸਿੱਖਾਂ ਪਾਸੋਂ ਸਾਰੀ ਸੈਨਾ ਮਰ ਗਈ ਹੈ, ਅੱਗੇ ਠਹਿਰਦੇ ਨਹੀਂ ਹਨ, ਬਹੁਤ ਡਰੇ ਹੋਏ ਹਨ। ਸਾਡੇ ਉਤੇ ਵਿਕਰਾਲ ਲੋਹਾ ਪੁੱਠਾ ਪੈ ਗਿਆ ਹੈ, ਜਿਥੇ ਕਿਥੇ ਸੂਰਮੇ ਤੇ ਘੋੜੇ ਮਰੇ ਪਏ ਹਨ॥੧੮॥

ਨਿਜ ਹਯ ਧਵਾਇ ਰੋਕੰਤਿ ਬੀਰ। 'ਸਭਿ ਹਟੇ, ਥਿਰੋ, ਕਿਮ ਤਜਤਿ ਧੀਰ?।
ਤੁਮ ਬਡ ਗ਼ਰੂਰ ਸੋਂ ਕਹਤਿ ਨੀਤਿ। ਰਣ ਬਿਖੈ ਸਦਾ ਹਮ ਲੇਤਿ ਜੀਤਿ॥੧੯॥

ਨਬੀਬਖਸ਼ ਨੇ ਆਪਣੇ ਘੋੜਿਆਂ ਨੂੰ ਭਜਾ ਕੇ ਯੋਧਿਆਂ ਨੂੰ ਰੋਕਿਆ ਤੇ ਕਿਹਾ, "ਸਾਰੇ ਪਿੱਛੇ ਹਟੇ, ਸਥਿਰ ਰਹੋ, ਕਿਵੇਂ ਧੀਰਜ ਛੱਡ ਦਿੱਤਾ ਹੈ? ਤੁਸੀਂ ਵੱਡੇ ਗਰੂਰ ਨਾਲ ਸਦਾ ਕਹਿੰਦੇ ਰਹਿੰਦੇ ਹੋ ਕਿ ਰਣਖੇਤਰ ਵਿਚ ਅਸੀਂ ਸਦਾ ਜਿੱਤ ਪ੍ਰਾਪਤ ਕਰਦੇ ਹਾਂ॥੧੯॥

ਅਬਿ ਅਲਪ ਸਿੱਖ ਨਹਿਂ ਇਲਮ ਜਾਨਿ। ਨਹਿਂ ਸ਼ਸਤ੍ਰ ਬੰਧਨੇ ਮਹਿਂ ਸੁਜਾਨਿ।
ਤਿਨ ਪਾਸ ਤੇ ਸੁ ਤੁਮ ਤ੍ਰਾਸ ਧਾਰਿ। ਕਿਨ ਤੇ ਭਜੇ? ਜਿਨ ਕਹਿਂ ਗਵਾਰ?॥੨੦॥

ਹੁਣ ਥੋੜ੍ਹੇ ਜਿਹੇ ਸਿੱਖ ਜਿਹੜੇ ਸ਼ਸਤਰ ਵਿਦਿਆ ਜਾਣਦੇ ਨਹੀਂ ਤੇ ਨਾ ਹੀ ਉਨ੍ਹਾਂ ਨੂੰ ਸ਼ਸਤਰ ਬੰਨ੍ਹਣੇ ਹੀ ਆਉਂਦੇ ਹਨ। ਉਨ੍ਹਾਂ ਪਾਸੋਂ ਤੁਸੀਂ ਡਰ ਧਾਰਨ ਕਰਕੇ ਭੱਜ ਚਲੇ ਹੋ। ਕਿਨ੍ਹਾਂ ਤੋਂ ਡਰ ਕੇ ਭੱਜੇ ਹੋ ਜਿਨ੍ਹਾਂ ਨੂੰ ਗਵਾਰ ਕਹਿੰਦੇ ਹਨ?॥੨੦॥

ਪੁਨ ਜਿਯਤਿ ਸਭਾ ਮਹਿਂ ਕਹਹੁ ਕਾਹਿ?। ਹਮ ਬਚੇ ਭਾਜਿ ਤਹਿਂ ਲਰਿਯ ਨਾਂਹਿ'।
ਇਮ ਕਹਿ ਰਿਸਾਇ ਨਿਜ ਸੈਨ ਮੋਰਿ। ਬਿਚ ਥਿਰਜੋ ਆਪ ਕਰਿ ਜ਼ੋਰ ਸ਼ੋਰ॥੨੧॥

ਫਿਰ ਜੀਉਂਦੇ ਸਭਾ ਵਿਚ ਕੀ ਕਹੋਗੇ? ਅਸੀਂ ਭੱਜ ਕੇ ਬਚੇ ਹਾਂ, ਉਥੇ ਲੜੇ ਨਹੀਂ" ਇਸ ਤਰ੍ਹਾਂ ਗੁੱਸੇ ਨਾਲ ਕਹਿ ਕੇ ਆਪਣੀ ਸੈਨਾ ਨੂੰ ਮੋੜਿਆ ਤੇ ਜ਼ੋਰ ਸ਼ੋਰ ਕਰਕੇ ਆਪ ਸੈਨਾ ਦੇ ਵਿਚ ਖੜਾ ਹੋ ਗਿਆ॥੨੧॥

ਪਿਖਿ ਨਬੀਬਖਸ਼ ਕੋ ਪਰਸ ਰਾਮ। ਬਡ ਤੁਰੰਗ ਧਵਾਇ ਐਂਚਤਿ ਲਗਾਮ।
ਤਨ ਬਿਖੈ ਬਿਭੂਖਨ ਜਟਤਿ ਹੀਰ। ਬਹੁ ਚਮਕਤਿ ਚਾਮੀਕਰ ਸਰੀਰ॥੨੨॥

ਪਰਸਰਾਮ ਨੇ ਜਦ ਨਬੀਬਖਸ਼ ਨੂੰ ਵੇਖਿਆ ਤੇ ਲਗਾਮ ਖਿੱਚ ਕੇ ਆਪਣੇ ਬਲਵਾਨ ਘੋੜੇ ਨੂੰ ਭਜਾਇਆ। ਨਬੀਬਖਸ਼ ਨੇ ਸਰੀਰ ਤੇ ਹੀਰਿਆਂ ਜੜੇ ਗਹਿਣੇ ਪਾਏ ਹੋਏ ਸਨ, ਸਰੀਰ ਉਤੇ ਸੋਨਾ ਬਹੁਤ ਚਮਕ ਰਿਹਾ ਸੀ॥੨੨॥

ਸਿਰ ਬਧਯੋ ਸੁ ਚੀਰਾ ਛੋਰਦਾਰ। ਬਡ ਮੋਲ ਕੇ ਸੁ ਪਟ ਸੁਭਤਿ ਚਾਰੁ।
ਕਟਿ ਸੰਗ ਬੰਧਿ ਖੜਗੈਂ ਨਿਖੰਗ। ਕਰ ਮੈਂ ਕਮਾਨ ਬਿਚਰਤਿ ਨਿਸੰਗ॥ ੨੩॥

ਸਿਰ ਉਤੇ ਪਲਿਆਂ ਵਾਲੀ ਪੱਗੜੀ ਬੰਨ੍ਹੀ ਹੋਈ ਸੀ, ਵੱਡਾ ਕੀਮਤੀ ਸੁੰਦਰ ਰੇਸ਼ਮ ਬੜਾ ਸ਼ੋਭ ਰਿਹਾ ਸੀ, ਲੱਕ ਨਾਲ ਤਲਵਾਰ ਅਤੇ ਢਾਲ ਬੱਧੀ ਹੋਈ ਸੀ ਤੇ ਹੱਥ ਵਿਚ ਧਨੁੱਖ ਫੜ ਕੇ ਨਿਰਭੈਅ ਹੋ ਕੇ ਫਿਰ ਰਿਹਾ ਸੀ॥੨੩॥

ਬਹੁ ਚਪਲ ਚਲਾਕੀ ਚਾਰੁ ਅੰਗ। ਬਡ ਮੋਲਿ ਬਲੀ ਸੁੰਦਰ ਤੁਰੰਗ।
ਜਿਹ ਜ਼ੀਨ ਜਰਾਊ ਬਹੁ ਸੁਹਾਇ। ਰਣ ਬਿਖੈ ਚੌਂਪ ਸੋਂ ਸਮੁਖ ਆਇ॥ ੨੪॥

ਬੜਾ ਚੁਸਤ ਤੇ ਚਾਲਾਕ ਤੇ ਸਰੀਰ ਦੇ ਅੰਗ ਬੜੇ ਸੁੰਦਰ ਸਨ ਤੇ ਹੇਠਾਂ ਬੜਾ ਕੀਮਤੀ ਸੁੰਦਰ ਘੋੜਾ ਸੀ ਜਿਸ ਦੀ ਜੜਾਊ ਕਾਠੀ ਬਹੁਤ ਸੁੰਦਰ ਲੱਗ ਰਹੀ ਸੀ। ਰਣ ਵਿਚ ਬੜੇ ਸ਼ੌਕ ਨਾਲ ਸਾਹਮਣੇ ਆਇਆ॥੨੪॥

ਪਿਖਿ ਪਰਸਰਾਮ ਚਾਹਤਿ ਪ੍ਰਹਾਰ। ਤਬਿ ਤਜੇ ਤੀਰ ਤੀਖੇ ਅਗਾਰ।
ਸ਼ਕਤੂ ਬੁਲਾਇ ਅਪਨੈ ਸਮੀਪ। ਕਹਿ 'ਇਸਹਿ ਹਤਹੁ, ਹੈ ਬਡ ਮਹੀਪ' ॥੨੫॥

ਪਰਸਰਾਮ ਵੇਖ ਕੇ ਵਾਰ ਕਰਨਾ ਚਾਹੁੰਦਾ ਸੀ, ਫਿਰ ਤਿੱਖੇ ਤੀਰ ਅੱਗੇ ਛੱਡੇ। ਉਸ ਸ਼ਕਤੂ ਨੂੰ ਆਪਣੇ ਪਾਸ ਬੁਲਾ ਲਿਆ ਤੇ ਕਿਹਾ, 'ਇਸ ਨੂੰ ਮਾਰੋ ਇਹੋ ਹੀ ਵੱਡਾ ਰਾਜਾ ਹੈ' ॥੨੫॥

ਪਿਖਿ ਅਨੰਦ ਪਾਇ ਦੋਨਹੁ ਸੁ ਬੀਰ। ਇਤ ਉਤ ਧਵਾਇ ਹਯ ਤਜਿਤ ਤੀਰ।
ਗਨ ਸੁਭਟ ਸੰਗ ਲਲਕਾਰ ਲੀਨਿ। ਹੇਲਾ ਸੁ ਘਾਲਿ ਬਡ ਸ਼ੋਰ ਕੀਨਿ॥ ੨੬॥

ਨਬੀਬਖਸ਼ ਨੂੰ ਵੇਖ ਕੇ ਦੋਵਾਂ ਸੂਰਮਿਆਂ ਨੇ ਬੜਾ ਆਨੰਦ ਪਾਇਆ ਏਧਰ ਓਧਰ ਘੋੜੇ ਭਜਾ ਕੇ ਤੀਰ ਛੱਡਦੇ ਸਨ, ਕੁਝ ਹੋਰ ਸੂਰਬੀਰ ਨਾਲ ਲਲਕਾਰ ਲਏ, ਵੱਡਾ ਘਮਸਾਣ ਦਾ ਯੁੱਧ ਹੋਇਆ ਤੇ ਬੜਾ ਸ਼ੋਰ ਮਚਿਆ॥੨੬॥

ਗੁਲਕਾਂਨਿ ਕੇਰਿ ਬਰਖਾ ਬਿਸਾਲ। ਦੂਹੁ ਦਿਸ਼ਅਨਿ ਤੇ ਬਹੁ ਭੀ ਕਰਾਲ।
ਤਬਿ ਨਬੀਬਖਸ਼ ਬਾਂਕੋ ਸੁ ਬੀਰ। ਬਹੁ ਅਤਰ ਸੰਗ ਜਿਸ ਕੇ ਸੁ ਚੀਰ॥ ੨੭॥

ਗੋਲੀਆਂ ਦੀ ਵਿਸ਼ਾਲ ਵਰਖਾ ਕਰ ਦਿੱਤੀ, ਦੋਹਾਂ ਪਾਸਿਆਂ ਤੋਂ ਵਿਕਰਾਲ ਲੜਾਈ ਹੋਈ। ਤਦ ਨਬੀਬਖਸ਼ ਜਿਹੜਾ ਬਾਂਕਾ ਸੂਰਬੀਰ ਸੀ ਤੇ ਜਿਸ ਦੇ ਕਪੜਿਆਂ ਨੂੰ ਬੜਾ ਸੁਗੰਧਤ ਅਤਰ ਲੱਗਾ ਹੋਇਆ ਸੀ॥੨੭॥

ਕਰ ਗਹਿ ਕਮਾਨ ਲੈ ਬਾਨ, ਰੋਪਿ। ਮਾਰੇ ਸਬੇਗ ਚਿਤ ਚੌਂਪਿ ਕੋਪ।
ਲਲਕਾਰ ਸਭਿਨਿ ਤੇ ਅੱਗ੍ਰ ਧਾਇ। ਦਲ ਕੋ ਹਟਾਇ ਨਿਜ ਸੰਗ ਲਜਾਇ॥੨੮॥

ਹੱਥ ਵਿਚ ਧਨੁੱਖ ਅਤੇ ਤੀਰ ਲੈ ਕੇ ਕ੍ਰੋਧ ਧਾਰ ਕੇ ਤੀਰ ਛੱਡੇ। ਲਲਕਾਰ ਕੇ ਘੋੜਾ ਭਜਾ ਕੇ ਸਭ ਦੇ ਅੱਗੇ ਹੋ ਗਿਆ, ਫੌਜ ਨੂੰ ਪਿੱਛਾਂਹ ਹਟਾ ਕੇ ਆਪਣੇ ਨਾਲ ਲਿਆਇਆ॥੨੮॥

ਸ਼ਸਤਰ ਸੰਭਾਰਿ ਤੋਮਰ ਤੁਫੰਗ। ਚਲਿਯੰਤਿ ਖੜਗ ਕਟਿਯੰਤਿ ਅੰਗ।
ਦਰੜੰਤਿ ਸੂਰ, ਢਰੜੰਤਿ ਢਾਲ। ਚਰੜੰਤਿ ਚਾਂਪ ਅਰੜੰਤਿ ਜਾਲ॥ ੨੯॥

ਉਸ ਨੇਜ਼ਾ ਬੰਦੂਕ ਆਦਿ ਆਪਣੇ ਸ਼ਸਤਰ ਸੰਭਾਲੇ, ਤਲਵਾਰ ਚਲਦੀ ਸੀ ਜਿਹੜੀ ਅੰਗਾਂ ਨੂੰ ਕੱਟਦੀ ਜਾਂਦੀ ਸੀ। ਸੂਰਮੇ ਦਰੜੇ ਜਾਂਦੇ ਸਨ ਜਿਨ੍ਹਾਂ ਦੀਆਂ ਢਾਲਾਂ ਡਿੱਗ ਪੈਂਦੀਆਂ ਸਨ। ਧਨੁੱਖ ਚਿੜਕਦੇ ਸਨ, ਜਿਨ੍ਹਾਂ ਨੂੰ ਤੀਰ ਲੱਗਦੇ ਸਨ, ਉਹ ਸਾਰੇ ਅਰੜਾਉਂਦੇ ਸਨ॥੨੯॥

ਖਰੜੰਤਿ ਖੋਲ ਸਰੜੰਤਿ ਸੇਲ। ਤੜਕੰਤਿ ਤੀਰ, ਭਰੜੈਂ ਭਗੇਲਿ।
ਰੜਕੰਤਿ ਘਾਵ ਬਰੜੰਤਿ ਬੀਰ। ਥਿਰਕੰਤਿ ਥਕਤਿ, ਥਰਕੰਤਿ ਭੀਰੁ॥ ੩੦॥

ਲੋਹੇ ਦੇ ਟੋਪਾਂ ਤੇ ਭਾਲੇ ਵੱਜਣ ਦਾ ਖੜਾਕ ਹੁੰਦਾ ਹੈ। ਤੀਰ ਤੜਾਕੇ ਮਾਰਦੇ ਹਨ ਤੇ ਡਰਪੋਕ ਡਰਦੇ ਹਨ। ਜ਼ਖਮ ਦੁਖਦੇ ਹਨ, ਸੂਰਬੀਰ ਕੁਰਲਾਉਂਦੇ ਹਨ। ਥੱਕ ਕੇ ਥਿੜਕਦੇ ਹਨ ਤੇ ਕਾਇਰ ਕੰਬਦੇ ਹਨ॥੩੦॥

ਕਹਿਰੰਤਿ ਕੂਕ ਹਹਿਰੰਤਿ ਜਾਤਿ। ਅਹਿਰੰਤਿ ਕੋਇ ਕਟਿਯੰਤਿ ਗਾਤਿ।
ਤਬਿ ਨਬੀਬਖਸ਼ ਕੇ ਬਾਨ ਸੰਗ। ਸਿਖ ਗਿਰੇ ਕਿਤਿਕ ਹੁਇ ਅੰਗ ਭੰਗ॥ ੩੧॥

ਕਹਿਰ ਦੀਆਂ ਕੂਕਾਂ ਮਾਰਦੇ ਹਨ, ਡਰ ਨਾਲ ਕੰਬੀ ਜਾਂਦੇ ਹਨ। ਜੇ ਕੋਈ ਅੜਦਾ ਹੈ, ਉਸ ਦਾ ਸਰੀਰ ਕਟਿਆ ਜਾਂਦਾ ਹੈ। ਫਿਰ ਨਬੀਬਖਸ਼ ਦਾ ਤੀਰ ਲੱਗਣ ਨਾਲ ਕਈ ਸਿੱਖ ਅੰਗ ਕੱਟੇ ਜਾਣ ਕਰਕੇ ਡਿੱਗ ਪਏ॥੩੧॥

ਪਿਖਿ ਪਰਸਰਾਮ ਉਰ ਕੋਪ ਠਾਨਿ। ਇਕ ਹਨਯੋ ਬਾਨੁ ਧਨੁ ਅਧਿਕ ਤਾਨ।
ਲਗਿ ਗਾ ਤੁਰੰਗ ਕੇ ਤੰਗ ਥਾਨ। ਬਿਧਿ ਭਯੋ ਪਾਰਿ ਗਿਰਿ ਤਬਿ ਮਹਾਨ॥੩੨॥

ਪਰਸਰਾਮ ਨੇ ਇਹ ਵੇਖ ਕੇ ਹਿਰਦੇ ਵਿਚ ਗੁੱਸਾ ਧਾਰ ਕੇ, ਧਨੁੱਖ ਬਹੁਤ ਖਿੱਚ ਕੇ ਇਕ ਤੀਰ ਮਾਰਿਆ, ਉਹ ਤੀਰ ਜਾ ਕੇ ਘੋੜੇ ਦੇ ਤੰਗ ਨੂੰ ਲੱਗਾ ਤੇ ਘੋੜੇ ਨੂੰ ਵਿੰਨ੍ਹ ਕੇ ਪਾਰ ਹੋਇਆ ਤੇ ਮਹਾਨ ਘੋੜਾ ਸਵਾਰ ਸਮੇਤ ਡਿੱਗ ਪਿਆ॥੩੨॥

ਤਬਿ ਨਬੀਬਖਸ਼ ਸੰਭਾਰਿ ਆਪ। ਦਿਯ ਪਾਇ ਰੋਪ, ਕਰ ਧਾਰਿ ਚਾਂਪ।
ਸਰ ਪਰਸਰਾਮ ਕੇ ਮਾਰਿ ਅੰਗ। ਖਰ ਪਰੇ ਪਾਰਿ ਗਿਰ ਤਜਿ ਤੁਰੰਗ॥ ੩੩॥

ਤਦ ਨਬੀਬਖਸ਼ ਨੇ ਆਪਣੇ ਆਪ ਨੂੰ ਸੰਭਾਲਿਆ। ਫਿਰ ਧਨੁੱਖ ਨੂੰ ਆਪਣੇ ਹੱਥ ਵਿਚ ਫੜ ਕੇ ਤੇ ਬੜੇ ਗੁੱਸੇ ਵਿਚ ਆ ਕੇ ਇਕ ਤੀਰ ਪਰਸਰਾਮ ਦੇ ਅੰਗ ਨੂੰ ਮਾਰਿਆ। ਤੀਰ ਪਰਸਰਾਮ ਦੇ ਲੱਗ ਕੇ ਪਾਰ ਹੋ ਗਿਆ ਤੇ ਪਰਸਰਾਮ ਘੋੜੇ ਤੋਂ ਡਿੱਗ ਪਿਆ॥੩੩॥

ਤਿਹ ਭਈ ਮੂਰਛਾ ਧਨੁਖ ਗੇਰਿ। ਬਹੁ ਸਿੱਖ ਆਇ ਰੱਛਯੋ ਸੁ ਘੇਰਿ।
ਗਹਿ ਖੜਗਹਿ ਸ਼ਕਤੂ ਦ੍ਰਿਢ ਬਿਸਾਲ। ਤਿਸ ਕੀ ਸਹਾਇ ਮਹਿਂ ਗਹਿ ਸੁ ਢਾਲ॥੩੪॥

ਉਹ ਉਸ ਵੇਲੇ ਬੇਹੋਸ਼ ਹੋ ਗਿਆ ਤੇ ਧਨੁੱਖ ਡਿੱਗ ਪਿਆ, ਫਿਰ ਬਹੁਤ ਸਿੱਖ ਆਏ ਤੇ ਉਸ ਦਾ ਘੇਰਾ ਪਾ ਕੇ ਉਸ ਦੀ ਰੱਖਿਆ ਕੀਤੀ। ਫਿਰ ਸ਼ਕਤੂ ਤਲਵਾਰ ਅਤੇ ਢਾਲ ਫੜ ਕੇ ਵੱਡੀ ਦ੍ਰਿੜ੍ਹਤਾ ਨਾਲ ਉਸ ਦੀ ਸਹਾਇਤਾ ਵਾਸਤੇ ਖੜਾ ਹੋ ਗਿਆ॥੩੪॥

ਰੁਪ ਰਹਯੋ ਸੂਰ ਆਗੇ ਖਰੋਇ। ਉਤ ਪਰੇ ਤੁਰਕ ਗਨ ਕੀਨਿ ਢੋਇ।
ਹੇਲਾ ਸੁ ਘਾਲਿ ਜੁਟਿ ਗੇ ਸੁਭੱਟ। ਤਨ ਕਾਟਿ ਕਾਟਿ ਕੇਤਿਕ ਦਬੱਟ॥ ੩੫॥

ਸੂਰਮਾ ਅੱਗੇ ਹੋ ਕੇ ਖੜਾ ਰਿਹਾ, ਉਧਰ ਤੁਰਕਾਂ ਦਾ ਸਮੂਹ ਵੀ ਅੱਗੇ ਵਧਿਆ। ਸੂਰਮੇ ਵੱਡੀ ਘਮਸਾਣ ਦੀ ਜੰਗ ਵਿਚ ਜੁੱਟ ਗਏ, ਕਈਆਂ ਦੇ ਸਰੀਰ ਕੱਟ-ਕੱਟ ਕੇ ਮਾਰ ਦਿੱਤੇ॥੩੫॥

ਤਬਿ ਪਰਯੋ ਜੋਰ ਰਣ ਕੋ ਮਹਾਨ। ਨਹਿਂ ਤਊ ਸਿੱਖ ਤਜਿ ਦੀਨਿ ਥਾਨ।
ਜੋ ਨੇਰ ਆਇ ਤਿਸ ਕਰਤਿ ਘਾਵ। ਤਿਹ ਤੁਪਕ ਤੀਰ ਤੋਮਰ ਚਲਾਵ॥ ੩੬॥

ਫਿਰ ਜੰਗ ਨੇ ਮਹਾਨ ਜ਼ੋਰ ਫੜਿਆ, ਪਰ ਉਸ ਸ਼ਕਤੂ ਨਾਮੀ ਸਿੱਖ ਨੇ ਆਪਣਾ ਸਥਾਨ ਨਾ ਛੱਡਿਆ। ਜਿਹੜਾ ਵੀ ਦੁਸ਼ਮਣ ਨੇੜੇ ਆਉਂਦਾ ਸੀ ਉਸ ਨੂੰ ਹੀ ਮਾਰ ਦਿੰਦਾ ਸੀ। ਉਥੇ ਉਹ ਤੀਰ, ਨੇਜ਼ੇ ਅਤੇ ਬੰਦੂਕ ਚਲਾਉਂਦਾ ਸੀ॥੩੬॥

ਭਟ ਪਰਸਰਾਮ ਕੇ ਨਿਕਟਿ ਠਾਂਢ। ਬਹੁ ਭਈ ਖੜਗ ਸੌਂ ਕਾਟ ਬਾਢ।
ਘਟਿਕਾ ਮਝਾਰ ਕਰਿ ਮਾਰਿ ਮਾਰਿ। ਗਿਰ ਪਰੇ ਸੂਰ ਸੈਂਕਰ ਹਜ਼ਾਰ॥ ੩੭॥

ਸੂਰਬੀਰ ਪਰਸਰਾਮ ਦੇ ਲਾਗੇ ਖੜਾ ਸੀ ਤੇ ਤਲਵਾਰ ਨਾਲ ਬਹੁਤ ਕੱਟ ਵੱਢ ਹੋਈ। ਇਕ ਘੜੀ ਵਿਚ ਮਾਰ-ਮਾਰ ਕੇ ਸੈਂਕੜੇ ਹਜ਼ਾਰਾਂ ਜੋਧੇ ਡਿੱਗ ਪਏ॥੩੭॥

ਗਨ ਤੁਰਕ ਓਰੜੇ ਨੇਰ ਪਾਇ। ਕਰਿ ਸ਼ੋਰ ਘੋਰ ਚਾਹਸਿ ਭਜਾਇ।
ਤਬਿ ਖੜਗ ਹਤਹਿ ਸ਼ਕਤੂ ਕਰਾਲ। ਰਿਪੁ ਕੋ ਪ੍ਰਹਾਰ ਕਰਿ ਓਟ ਢਾਲ॥੩੮॥

ਜਦ ਬਹੁਤ ਤੁਰਕ ਨੇੜੇ ਆਏ ਵੇਖੇ ਤਾਂ ਘੋਰ ਸ਼ੋਰ ਕਰਕੇ ਉਨ੍ਹਾਂ ਨੂੰ ਭਜਾਉਣਾ ਚਾਹੁੰਦਾ ਸੀ। ਤਦ ਵਿਕਰਾਲ ਸ਼ਕਤੂ ਨੇ ਤਲਵਾਰ ਚਲਾ ਕੇ ਤੇ ਢਾਲ ਦੀ ਓਟ ਲੈ ਕੇ ਵੈਰੀ ਤੇ ਵਾਰ ਕੀਤੇ॥੩੮॥

ਰਣ ਥੰਭ ਮਨਹੁ ਗਾਢੋ ਖਰੋਇ। ਬਹੁ ਸਿੱਖ ਸਹਾਇਕ ਸੰਗ ਜੋਇ।
ਗਨ ਤੁਰਕ ਮਾਰਿ ਅੰਬਾਰ ਲਾਇ। ਜਿਮ ਦੀਪ ਪਤੰਗਨਿ ਪਰਤਿ ਆਇ॥੩੯॥

ਰਣਖੇਤਰ ਵਿਚ ਮਾਨੋਂ ਗਡਿਆ ਹੋਇਆ ਥੰਭਾ ਖਲੋਤਾ ਸੀ, ਬਹੁਤ ਸਿੱਖ ਜਿਹੜੇ ਉਸ ਦੇ ਸਹਾਇਕ ਸਨ, ਉਨ੍ਹਾਂ ਨੇ ਬਹੁਤ ਤੁਰਕ ਮਾਰ ਕੇ ਇਸ ਤਰ੍ਹਾਂ ਅੰਬਾਰ ਲਾ ਦਿੱਤੇ ਮਾਨੋਂ ਦੀਵੇ ਦੇ ਪਾਸ ਪਤੰਗੇ ਪਰਤ ਕੇ ਆਏ ਹੋਣ॥੩੯॥

ਤਬਿ ਪਰਸਰਾਮ ਸੁਧਿ ਪਾਇ ਅੰਗ। ਹੁਇ ਸਾਵਧਾਨ ਅਵਿਲੋਕ ਜੰਗ।
ਉਠਿ ਠਾਂਢਿ ਹੋਇ ਸ਼ਸਤ੍ਰਨਿ ਸੰਭਾਲਿ। ਪਿਖਿ ਨਬੀ ਬਖਸ਼ ਕੋ ਰਿਸਿ ਬਿਸਾਲ॥੪੦॥

ਤਦ ਪਰਸਰਾਮ ਨੇ ਆਪਣੇ ਅੰਗਾਂ ਦੀ ਸੋਝੀ ਪਾਈ ਤੇ ਸਾਵਧਾਨ ਹੋ ਕੇ ਉਸ ਮੈਦਾਨਿ-ਜੰਗ ਨੂੰ ਵੇਖਿਆ। ਉਠ ਕੇ ਖੜਾ ਹੋਇਆ ਤੇ ਸ਼ਸਤਰਾਂ ਨੂੰ ਸੰਭਾਲਿਆ। ਸਾਹਮਣੇ ਨਬੀਬਖਸ਼ ਨੂੰ ਵੇਖ ਕੇ ਉਹ ਬਹੁਤ ਗੁੱਸੇ ਵਿਚ ਆਇਆ॥੪੦॥

ਜਹਿਂ ਖਰੋ ਜਾਇ ਭਟ ਭੇਰਿ ਕੀਨ। ਖੜਗਨਿ ਪ੍ਰਹਾਰਿ ਬਹੁ ਦਾਵ ਲੀਨਿ।
ਸੂਰੇ ਸਮੂਹ ਚਮਕੀ ਕ੍ਰਿਪਾਨ। ਸ਼ਕਤ ਸਮੇਤਿ ਗਨ ਸਿੱਖ ਆਨਿ॥ ੪੧॥

ਜਿਥੇ ਖੜੇ ਹੋ ਕੇ ਸੂਰਮੇ ਆਪਸ ਵਿਚ ਭੇੜ ਕਰਦੇ ਸਨ ਤਲਵਾਰਾਂ ਚਲਾ ਕੇ ਬਹੁਤ ਦਾਅ-ਪੇਚ ਲਾਉਂਦੇ ਸਨ। ਸਾਰੇ ਸੂਰਮਿਆਂ ਦੀਆਂ ਤਲਵਾਰਾਂ ਚਮਕੀਆਂ ਸਨ, ਉਥੇ ਸ਼ਕਤੀਸ਼ਾਲੀ ਬਹੁਤ ਸਿੱਖ ਆਏ॥੪੧॥

ਬਹੁ ਚਲੇ ਖੜਗ ਕਰਿ ਕਰਿ ਪ੍ਰਹਾਰ। ਸਿਰ ਨਬੀਬਖਸ਼ ਕੋ ਕਾਟਿ ਡਾਰਿ।
ਬਿਚ ਜੁੱਧ ਗਿਰੇ ਕਟਿ ਕਟਿ ਮਹਾਨ। ਤਨ ਛੁਟੇ ਪ੍ਰਾਨ ਨਹਿਂ ਛੁਟਿ ਕ੍ਰਿਪਾਨ॥੪੨॥

ਉਥੇ ਵਾਰ ਕਰ-ਕਰ ਬਹੁਤ ਤਲਵਾਰਾਂ ਚਲੀਆਂ ਤੇ ਨਬੀਬਖਸ਼ ਦੇ ਸਿਰ ਨੂੰ ਕੱਟ ਦਿੱਤਾ। ਯੁੱਧ ਵਿਚ ਮਹਾਨ ਸੂਰਮੇ ਕੱਟ ਕੱਟ ਡਿੱਗ ਪਏ ਉਨ੍ਹਾਂ ਦੇ ਤਨ ਪ੍ਰਾਣ ਛੱਡ ਗਏ ਪਰ ਉਨ੍ਹਾਂ ਆਪਣੇ ਹੱਥ ਵਿਚੋਂ ਤਲਵਾਰ ਨਾ ਛੱਡੀ॥੪੨॥

ਰਣ ਪਰੀ ਲੋਥ ਆਂਖਨ ਉਘਾਰ। ਬਹੁ ਪਰੇ ਅਰਿਨਿ ਸੋਂ ਅਰਿ ਜੁਝਾਰ।
ਗਨ ਤੁਰਕ ਬਿਲੋਕਜੋ ਭਾ ਨਿਕੰਦ। ਰਣ ਅਬਦੁਲ ਖਾਂ ਨੰਦਨ ਬਿਲੰਦ॥੪੩॥

ਰਣਖੇਤਰ ਵਿਚ ਲੋਥਾਂ ਖੁਲ੍ਹੀਆਂ ਅੱਖਾਂ ਸਹਿਤ ਪਈਆਂ ਸਨ। ਬਹੁਤ ਸੂਰਮੇ ਇਕ ਦੂਸਰੇ ਨਾਲ ਭਿੜਦੇ ਹੋਏ ਅੜ ਗਏ। ਫਿਰ ਤੁਰਕਾਂ ਦੇ ਸਮੂਹ ਨੇ ਵੇਖਿਆ ਕਿ ਅਬਦੁਲ ਖਾਂ ਦਾ ਪੁੱਤਰ ਨਬੀਬਖਸ਼ ਰਣਖੇਤਰ ਵਿਚ ਮਰਿਆ ਪਿਆ ਹੈ॥੪੩॥

ਜਹਿਂ ਪਰਸਰਾਮ ਸ਼ਕਤੂ ਜੁਝਾਰ। ਕਟਿ ਗਏ ਦੋਨ ਬਹੁ ਰਿਪੁਨਿ ਮਾਰਿ।
ਲਰਿ ਤ੍ਰਿਪਤਿ ਹੋਇ ਦੀਨੇ ਸੁ ਪ੍ਰਾਨ। ਜੇ ਜਿਯੰਤਿ ਹਟੇ ਬਹੁ ਸ਼੍ਰਮਨਿ ਮਾਨਿ॥੪੪॥

ਜਿਥੇ ਪਰਸਰਾਮ ਅਤੇ ਸ਼ਕਰੂ ਨਾਮੀਂ ਸੂਰਮੇ ਸਨ. ਉਹ ਦੋਵੇਂ ਬਹੁਤ ਵੈਰੀਆਂ ਨੂੰ ਮਾਰ ਕੇ ਮਰ ਗਏ। ਲੜ ਕੇ ਤ੍ਰਿਪਤ ਹੋ ਗਏ ਤੇ ਪ੍ਰਾਣ ਦੇ ਦਿੱਤੇ। ਜੋ ਜੀਉਂਦੇ ਸਨ ਉਹ ਬਹੁਤ ਥੱਕ ਜਾਣ ਕਾਰਨ ਪਿੱਛੇ ਹੱਟ ਗਏ॥੪੪॥

ਦੋਹਰਾ-ਦੁਹੂੰ ਦਿਸ਼ਨਿ ਤੇ ਥਕਿ ਗਏ ਮਿਟੇ ਜੰਗ ਤੇ ਸੂਰਿ।
ਲੋਥਨਿ ਪਰਿ ਲੋਥੈਂ ਪਰੀ ਕਰਦਮ ਸ਼੍ਰੋਣਿਤ ਧੂਰਿ॥ ੪੫॥

ਦੋਹਾਂ ਪਾਸਿਆਂ ਦੇ ਸੂਰਮੇ ਬਹੁਤ ਥਕ ਗਏ ਤੇ ਜੰਗ ਕਰਨੀ ਉਨ੍ਹਾਂ ਛੱਡ ਦਿੱਤੀ। ਲੋਥਾਂ ਉਤੇ ਲੋਥਾਂ ਪਈਆਂ ਸਨ ਤੇ ਲਹੂ ਅਤੇ ਧੂੜ ਦਾ ਗਾਰਾ ਬਣਿਆ ਸੀ॥੪੫॥

*ਛੇਵੀਂ ਰਾਸ ਦਾ ਸੈਂਤੀਵਾਂ ਅਧਿਆਇ ਸਮਾਪਤ ਹੋਇਆ॥੩੭॥*

## *ਅਧਿਆਇ ਅਠੱਤੀਵਾਂ*

### *ਕਰੀਮ ਬਖਸ਼ ਹੱਲੇ ਲਈ ਤਿਆਰ ਹੋਇਆ*

ਦੋਹਰਾ-ਦੌਰਿ ਗਏ ਦ੍ਵੈ ਦਾਸ ਤਬਿ ਜਹਿਂ ਥਿਰ ਅਬਦੁਲਖਾਨ।
'ਦੇਖਹੁ ਕਹਾਂ ਨਬਾਬ ਜੀ! ਬਿਗਰਜੋ ਕਾਜ ਮਹਾਨ॥ ੧॥

ਦੋ ਸੇਵਕ ਭੱਜ ਕੇ ਉਥੇ ਗਏ ਜਿਥੇ ਅਬਦੁਲ ਖਾਨ ਠਹਿਰਿਆ ਸੀ ਕਹਿਣ ਲੱਗੇ, "ਨਵਾਬ ਜੀ ਕਿਧਰ ਵੇਖਦੇ ਹੋ, ਮਹਾਨ ਕਾਰਜ ਵਿਗੜ ਗਿਆ"॥੧॥

ਤੋਟਕ ਛੰਦ-ਤੁਵ ਨੰਦਨ ਚੰਦ ਮਨਿੰਦ ਹੁਤੋ। ਰਿਪੁ ਬ੍ਰਿੰਦਨਿ ਕੰਦਤਿ ਸੋ ਪਿ ਹਤੋ।
ਘਮਸਾਨ ਘਨੋ ਕਰਿ ਜੰਗ ਮਹੀ। ਪਿਛਵਾਇ ਹਟਜੋ ਇਕ ਪੈਰ ਨਹੀਂ॥੨॥

ਤੁਹਾਡਾ ਚੰਦ ਵਰਗਾ ਪੁੱਤਰ ਸੀ, ਉਹ ਵੀ ਵੈਰੀਆਂ ਨੂੰ ਮਾਰਦਾ ਹੋਇਆ ਆਪ ਵੀ ਮਾਰਿਆ ਗਿਆ ਹੈ, ਬੜੇ ਘਮਸਾਣ ਦਾ ਉਸ ਜੰਗ ਕੀਤਾ ਤੇ ਇਕ ਪੈਰ ਵੀ ਪਿੱਛੇ ਨਹੀਂ ਹਟਿਆ॥੨॥

ਅਰਜੇ ਸਰ ਤੇ ਬਰਜੇ ਤਰਜੇ। ਕਟਿ ਆਪਿ ਗਿਰਜੋ ਪੁਰਜੇ ਪੁਰਜੇ।
ਬਹੁ ਬੀਰ ਮਰੇ ਤਿਹ ਸੰਗ ਤਹਾਂ। ਗਨ ਲੋਥ ਪਰੀ ਬਹਿ ਸ਼੍ਰੋਣ ਮਹਾਂ॥੩॥

ਉਸ ਨੇ ਤੀਰਾਂ ਨਾਲ ਬਹੁਤ ਵੈਰੀਆਂ ਨੂੰ ਵਿੰਨ੍ਹਿਆ, ਬਹੁਤ ਵੈਰੀਆਂ ਨੂੰ ਰੋਕ ਕੇ ਤਾੜਨਾ ਕੀਤੀ ਤੇ ਫਿਰ ਆਪ ਵੀ ਕੱਟ ਕੇ ਪੁਰਜੇ ਪੁਰਜੇ ਹੋ ਗਿਆ। ਉਸ ਦੇ ਨਾਲ ਉਥੇ ਬਹੁਤ ਸੂਰਬੀਰ ਮਾਰੇ ਗਏ ਹਨ ਤੇ ਬਹੁਤ ਲੋਥਾਂ ਦਾ ਢੇਰ ਲੱਗਾ ਹੋਇਆ ਅਤੇ ਮਹਾਂ ਖੂਨ ਵਹਿ ਗਿਆ ਹੈ॥੩॥

ਸੁਨਿ ਸ੍ਰੋਨ ਨਬਾਬ ਸ਼ਿਤਾਬ ਤਬੈ। ਸਮ ਬਾਂਨ ਲਗੇ ਤਿਸ ਬੈਨ ਸਬੈ।
ਰੁਦਨੰਤਿ ਬਡੋ ਬਿਰਲਾਪ ਕਰੈ। 'ਤ੍ਰਿਪਤਜੋ ਨਹਿਂ ਦੇਖਿ, ਲਖਜੋ ਨ ਮਰੈ॥੪॥

ਨਵਾਬ ਨੇ ਜਦ ਇਸ ਬਾਰੇ ਆਪਣੇ ਕੰਨਾਂ ਨਾਲ ਸੁਣਿਆ ਤਾਂ ਸੇਵਕ ਦੇ ਸ਼ਬਦ ਉਸ ਨੂੰ ਤੀਰ ਵਾਂਗ ਲੱਗੇ, ਰੋ ਕੇ ਬਹੁਤ ਵਿਰਲਾਪ ਕਰਨ ਲੱਗਾ, "ਹੇ ਮੇਰੇ ਪੁੱਤਰ! ਮੈਂ ਤਾਂ ਤੈਨੂੰ ਵੇਖ ਕੇ ਰਜਿਆ ਵੀ ਨਹੀਂ ਸੀ, ਮੈਨੂੰ ਨਹੀਂ ਸੀ ਪਤਾ ਕਿ ਤੂੰ ਅਜ ਹੀ ਮਰ ਜਾਵੇਂਗਾ॥੪॥

ਗਮਨਜੋਂ ਕਿਸ ਥਾਨਹਿ ਪ੍ਰਾਨ ਤਜੇ। ਮੁਝ ਛੋਰਿ ਗਯੋਂ ਰਣ ਤੇ ਨ ਭਜੇ।
ਕਿਮ ਜਾਇ ਲਰਯੋ ? ਨਹਿਂ ਪਾਛਿ ਰਹਯੋਂ। ਤੁਝ ਜਾਤਿ ਬਡੋ ਸਮੁਝਾਇ ਕਹਯੋਂ ॥੫॥

ਕਿਸ ਥਾਂ ਜਾ ਕੇ ਤੂੰ ਪ੍ਰਾਣ ਛੱਡੇ ਹਨ, ਮੈਨੂੰ ਛੱਡ ਕੇ ਚਲੇ ਗਿਆ ਹੈਂ ਪਰ ਮੈਦਾਨਿ-ਜੰਗ ਤੋਂ ਨਹੀਂ ਭੱਜਿਆ, ਕਿਸ ਤਰ੍ਹਾਂ ਜਾਂ ਕੇ ਲੜਿਆ ਹੈਂ ? ਪਿਛੇ ਨਹੀਂ ਰਿਹਾ ਹੈਂ, ਜਾਣ ਲੱਗੇ ਨੂੰ ਮੈਂ ਤੈਨੂੰ ਬਹੁਤ ਸਮਝਾ ਕੇ ਕਿਹਾ ਸੀ" ॥੫॥

ਲਘੁ ਨੰਦਨ ਆਇ ਗਯੋ ਸੁਨਿ ਕੈ। ਸਮੁਝਾਇ ਪਿਤਾ ਕਹੁ, ਯੋਂ ਭਨਿਕੈ।
'ਬਿਰਲਾਪਤਿ ਆਪ, ਨਿਲਾਯਕ ਤੈਂ। ਸਭਿ ਲੋਕ ਨਿਹਾਰਤਿ ਨਾਯਕ ਤੈਂ ॥੬॥

ਇਸ ਬਾਰੇ ਸੁਣ ਕੇ ਛੋਟਾ ਪੁੱਤਰ ਆ ਗਿਆ, ਆਪਣੇ ਪਿਤਾ ਨੂੰ ਸਮਝਾਉਣ ਵਾਸਤੇ ਉਹ ਇਸ ਤਰ੍ਹਾਂ ਬੋਲਿਆ, "ਤੁਸੀਂ ਵਿਰਲਾਪ ਕਰਦੇ ਹੋ, ਇਹ ਤੁਹਾਡੇ ਵਾਸਤੇ ਯੋਗ ਨਹੀਂ, ਸਾਰੇ ਲੋਕ ਤੁਹਾਨੂੰ ਸਾਰੀ ਫੌਜ ਦਾ ਸਵਾਮੀ ਮੰਨਦੇ ਹਨ ॥੬॥

ਅਬਿ ਧੀਰ ਧਰੋ, ਨਹਿਂ ਜੋਗ ਤੁਮੈਂ। ਨਹਿਂ ਰੋਦਨਿ ਕੋ ਇਹ ਜਾਨਿ ਸਮੈਂ।
ਜਬਿ ਲੌ ਗੁਰ ਕੋ ਗਹਿ ਲੇਹੁਂ ਨਹੀਂ। ਰਣ ਬੀਚ ਕਿਧੌਂ ਹਤਿ ਦੇਹੁਂ ਤਹੀਂ ॥੭॥

ਹੁਣ ਧੀਰਜ ਧਾਰਨ ਕਰੋ, ਰੋਣਾ ਤੁਹਾਡੇ ਯੋਗ ਨਹੀਂ ਅਤੇ ਨਾ ਹੀ ਇਹ ਰੋਣ ਦਾ ਸਮਾਂ ਜਾਣੋ, ਜਦ ਤਕ ਮੈਂ ਗੁਰੂ ਜੀ ਨੂੰ ਫੜ ਨਹੀਂ ਲੈਂਦਾ ਜਾਂ ਉਨ੍ਹਾਂ ਨੂੰ ਰਣਖੇਤਰ ਵਿਚ ਮਾਰ ਨਹੀਂ ਲੈਂਦਾ ॥੭॥

ਤਬਿ ਲੌ ਨ ਹਟੌਂ, ਬਡ ਜੰਗ ਕਰੌਂ। ਅਬਿ ਆਇਸੁ ਮੋਹਿ ਭਲੇ ਉਚਰੋ।
ਗਹਿ ਲ੍ਯਾਇਂ ਗੁਰੂ ਤਬਿ ਬਾਤ ਰਹੈ। ਨਤੁ ਸ਼ਾਹੁਜਹਾਂ ਧਿਧਿਕਾਰ ਕਹੈ' ॥੮॥

ਤਦ ਤਕ ਪਿੱਛੇ ਨਹੀਂ ਹਟਾਂਗਾ, ਵੱਡੀ ਜੰਗ ਕਰਾਂਗਾ, ਹੁਣ ਰਣਖੇਤਰ ਵਿਚ ਜਾਣ ਦੀ ਆਗਿਆ ਦੇਵੋ, ਜਦ ਗੁਰੂ ਜੀ ਨੂੰ ਫੜ ਲਿਆਵਾਂਗਾ ਤਾਂ ਸਾਡੀ ਲਾਜ ਰਹੇਗੀ, ਨਹੀਂ ਤਾਂ ਸ਼ਾਹ ਜਹਾਨ ਸਾਨੂੰ ਧਿਰਕਾਰੇਗਾ ॥੮॥

ਲਘੁ ਨੰਦਨ ਤੇ ਸੁਨਿ ਬਾਕ ਤਬੈ। ਧਰਿ ਧੀਰਜ ਕੋ ਤਜਿ ਸ਼ੋਕ ਸਬੈ।
ਉਮਡਯੋ ਰਣ ਕੋ ਦਲ ਸੰਗ ਲਿਯੋ। ਹਥਿਆਰ ਸੰਭਾਰਿ ਅਗਾਰਿ ਭਯੋ ॥ ੯॥

ਛੋਟੇ ਪੁੱਤਰ ਪਾਸੋਂ ਅਜਿਹੀਆਂ ਗੱਲਾਂ ਸੁਣ ਕੇ ਅਬਦੁਲ ਖਾਨ ਨੇ ਧੀਰਜ ਧਾਰਨ ਕੀਤਾ ਤੇ ਰੋਣਾ ਧੋਣਾ ਛੱਡ ਦਿੱਤਾ ਤੇ ਬੜੇ ਉਤਸ਼ਾਹ ਨਾਲ ਆਪਣੀ ਫੌਜ ਨੂੰ ਨਾਲ ਲੈ ਕੇ ਰਣਖੇਤਰ ਵੱਲ ਚਲ ਪਿਆ ਤੇ ਹਥਿਆਰ ਸੰਭਾਲ ਕੇ ਸਭ ਦੇ ਅੱਗੇ ਲੱਗ ਗਿਆ ॥੯॥

ਗਨ ਦੁੰਦਭਿ ਪੈ ਦੁਇ ਚੋਬ ਪਰੀ। ਬਡ ਨਾਦ ਵਧਯੋ ਕਿਲਕਾਰ ਕਰੀ।
ਤੁਰਕਾਨ ਲਖਯੋ ਸਭਿ ਅੰਤਿ ਭਯੋ। ਬਿਸਮਾਇ ਰਹੇ ਰਣ ਹੇਰਿ ਲਯੋ ॥੧੦॥

ਨਗਾਰੇ ਤੇ ਦੋਹਰੇ ਡੱਗੇ ਵਜਵਾਏ, ਜਿਸ ਨਾਲ ਬੜੀ ਉੱਚੀ ਆਵਾਜ਼ ਗੂੰਜੀ, ਜਿਸ ਨੂੰ ਸੁਣ ਕੇ ਤੁਰਕਾਂ ਸਮਝਿਆ ਸਭ ਅੰਤ ਹੋ ਗਿਆ ਹੈ ਤੇ ਰਣਖੇਤਰ ਨੂੰ ਵੇਖ ਕੇ ਬੜੇ ਹੈਰਾਨ ਹੋਏ ॥੧੦॥

ਦੋਹਰਾ- ਲਘੁ ਸੁਤ ਅਬਦੁਲ ਖਾਨ ਕੋ ਭ੍ਰਾਤਾ ਮਰਯੋ ਬਿਸਾਲ।
ਅਧਿਕ ਕ੍ਰੋਧ ਜਿਸ ਕੇ ਭਯੋ ਪਿਖਿ ਪਿਤ ਰੋਦਤਿ ਹਾਲ ॥ ੧੧॥

ਅਬਦੁਲ ਖਾਨ ਦੇ ਛੋਟੇ ਪੁੱਤਰ ਦਾ ਵੱਡਾ ਭਰਾ ਮਰ ਗਿਆ ਇਸ ਕਰਕੇ ਛੋਟੇ ਭਰਾ ਨੇ ਬਹੁਤ ਕ੍ਰੋਧ ਕੀਤਾ ਜਦ ਉਸ ਆਪਣੇ ਪਿਤਾ ਨੂੰ ਰੋਂਦਿਆਂ ਵੇਖਿਆ ॥੧੧॥

ਮਸੁ ਭੀਜਤਿ ਬਾਂਕੋ ਬਡੋ ਆਯੁਧ ਵਿੱਦਯਾ ਜਾਨਿ।
ਕੰਚਨ ਜਰੇ ਜਵਾਹਰਨਿ ਜਬਰ ਜ਼ੇਬ ਜਿਨ ਠਾਨਿ ॥ ੧੨॥

ਨਵਾਬ ਦਾ ਛੋਟਾ ਪੁੱਤਰ ਮੁੱਛ ਫੁਟ ਬੜਾ ਸੁੰਦਰ ਬਾਂਕਾ ਜਵਾਨ ਹੈ, ਜਿਹੜਾ ਸ਼ਸਤਰ ਵਿਦਿਆ ਜਾਣਦਾ ਹੈ। ਉਸ ਹੀਰੇ ਜਵਾਹਰਾਤ ਨਾਲ ਜੜੇ ਸੋਨੇ ਦੇ ਗਹਿਣੇ ਧਾਰਨ ਕੀਤੇ ਹੋਏ ਹਨ॥੧੨॥

ਚੌਪਈ- ਨਾਮ ਕਰੀਮ ਬਖਸ਼ ਬਲਵੰਤਾ। ਅਭਿਮਾਨੀ ਨਹਿਂ ਕਿਸੇ ਗਿਨੰਤਾ।
ਅਧਿਕ ਮੋਲ ਕੋ ਤਰੇ ਤੁਰੰਗ। ਚੰਚਲ ਕਰਤਿ ਚਲਾਕੀ ਅੰਗ॥੧੩॥

ਉਸ ਦਾ ਨਾਂ ਕਰੀਮ ਬਖਸ਼ ਹੈ ਤੇ ਉਹ ਬੜਾ ਬਲਵਾਨ ਹੈ, ਏਨਾ ਅਭਿਮਾਨੀ ਹੈ ਕਿ ਕਿਸੇ ਨੂੰ ਆਪਣੇ ਬਰਾਬਰ ਨਹੀਂ ਗਿਣਦਾ। ਉਸ ਦੀ ਸਵਾਰੀ ਵਾਸਤੇ ਬਹੁਤ ਕੀਮਤੀ ਘੋੜਾ ਹੈ, ਜਿਸ ਦੇ ਅੰਗ ਬੜੇ ਚੰਚਲ ਅਤੇ ਚਾਲਾਕ ਹਨ॥੧੩॥

ਸਹਤ ਸੰਮਲੇ ਸਿਰ ਪਰ ਚੀਰਾ। ਤੁਰਰਾ ਧਰਜੋ ਅਪਰ ਸ਼ੁਭ ਚੀਰਾ।
ਤੀਖਨ ਬਰਛੀ ਗਹਿ ਕਰਿ ਹਾਥ। ਬੂਝਤਿ ਭਾ ਨਿਜ ਸਾਥੀ ਸਾਥ॥੧੪॥

ਸਿਰ ਤੇ ਸ਼ਮਲੇ ਵਾਲੀ ਪੱਗ ਬੰਨ੍ਹੀ ਹੈ ਤੇ ਪੱਗ ਦੇ ਉਤੇ ਤੁਰਲਾ ਰਖਿਆ ਹੈ। ਤ੍ਰਿਖੀ ਬਰਛੀ ਨੂੰ ਹੱਥ ਵਿਚ ਫੜ ਕੇ ਆਪਣੇ ਸਾਥੀਆਂ ਪਾਸੋਂ ਪੁੱਛਦਾ ਹੈ॥੧੪॥

'ਭ੍ਰਾਤਾ ਨਬੀਬਖਸ਼ ਕਿਸ ਥਾਨ ?। ਹਨਜੋ ਗਵਾਰਨਿ ਕਰਹੁ ਬਖਾਨ ?।
ਤਿਸ ਕੀ ਲੋਥ ਦਿਖਾਵਹੁ ਮੋਹੀ। ਹਰਿਗੁਵਿੰਦ ਅਬਿ ਤਿਸ ਮਗ ਹੋਹੀ'॥੧੫॥

"ਮੇਰੇ ਭਰਾ ਨਬੀਬਖਸ਼ ਨੂੰ ਗਵਾਰਾਂ ਨੇ ਕਿਸ ਥਾਂ ਮਾਰਿਆ ਹੈ, ਇਹ ਮੈਨੂੰ ਦੱਸੋ ? ਉਸ ਦੀ ਮੈਨੂੰ ਲੋਥ ਵਿਖਾਵੋ, ਗੁਰੂ ਹਰਿਗੋਬਿੰਦ ਹੁਣ ਉਸੇ ਰਸਤੇ ਜਾਣਗੇ"॥੧੫॥

ਸੁਨਿ ਸੁਭਟਨਿ ਸਭਿ ਬਾਤ ਬਤਾਈ। 'ਪਿਖਹੁ ਜਹਾਂ ਥਿਤਿ ਸਿਖ ਸਮੁਦਾਈ।
ਗਾਢੇ ਖਰੇ ਤਫੰਗ ਸੰਭਾਰੇ। ਤਿਸ ਤੇ ਪਰੇ ਪਿਖਹੁ ਭਟ ਭਾਰੇ॥ ੧੬॥

ਇਹ ਸੁਣ ਕੇ ਜਵਾਨਾਂ ਨੇ ਸਾਰੀ ਗੱਲ ਦੱਸੀ, "ਜਿਥੇ ਸਿੱਖਾਂ ਦੀ ਸੈਨਾ ਇਕੱਠੀ ਹੋਈ ਵੇਖਦੇ ਹੋ, ਉਥੇ ਉਹ ਬੰਦੂਕਾਂ ਸੰਭਾਲ ਕੇ ਖੜੇ ਹਨ, ਉਸ ਤੋਂ ਪਰੇ ਜਿਹੜੇ ਭਾਰੀ ਸੂਰਮੇ ਵੇਖਦੇ ਹੋ॥੧੬॥

ਤਿਨ ਤੇ ਦਾਹਿਨ ਓਰ ਨਿਹਾਰੋ। ਆਪ ਗੁਰੂ ਠਾਂਢੇ ਬਲ ਭਾਰੋ।
ਨਬੀ ਬਖਸ਼ ਕੋ ਜਬਿ ਹੂੰ ਮਾਰਾ। ਤੁਰਕ ਪਲਾਇ ਪਰੇ ਬਲ ਹਾਰਾ॥੧੭॥

ਉਨ੍ਹਾਂ ਦੇ ਸੱਜੇ ਪਾਸੇ ਵੇਖੋ, ਉਥੇ ਭਾਰੀ ਬਲਵਾਨ ਗੁਰੂ ਜੀ ਆਪ ਖੜੇ ਹਨ। ਜਦ ਨਬੀਬਖਸ਼ ਨੂੰ ਮਾਰਿਆ ਗਿਆ ਤਾਂ ਤੁਰਕ ਬਲਹੀਣ ਹੋ ਕੇ ਭੱਜ ਉਠੇ ਸਨ॥੧੭॥

ਰੋਕਜੋ ਥਾਨ ਆਨਿ ਰਿਪੁ ਬ੍ਰਿੰਦ। ਅਬਿ ਠਾਂਢੇ ਕਰਿ ਗੋਲ ਬਿਲੰਦ'।
ਸੁਨਤਿ ਕਰੀਮ ਬਖਸ਼ ਸਭਿ ਗਾਥਾ। ਲਾਲ ਬਿਲੋਚਨ ਮੁਖ ਰਿਸ ਸਾਥਾ॥੧੮॥

ਬਹੁਤ ਵੈਰੀਆਂ ਨੇ ਆ ਕੇ ਉਹ ਥਾਂ ਰੋਕ ਲਿਆ ਹੈ, ਹੁਣ ਭਾਰੀ ਘੇਰਾ ਘੱਤ ਕੇ ਖੜੇ ਹਨ। ਕਰੀਮ ਬਖਸ਼ ਇਹ ਗਾਥਾ ਸੁਣਕੇ ਬੜੇ ਗੁੱਸੇ ਵਿਚ ਆ ਗਿਆ ਤੇ ਉਸ ਦੀਆਂ ਅੱਖਾਂ ਤੇ ਮੂੰਹ ਲਾਲ ਹੋ ਗਿਆ॥੧੮॥

ਨਬੀ ਬਖਸ਼ ਜਹਿਂ ਲਰਿ ਗਿਰ ਮਰਜੋ। ਬਲੀ ਸੁਭਟ ਲੇ ਚਲਿਬੋ ਕਰਜੋ।
ਕਹਜੋ ਸਭਿਨਿ ਸੋਂ ਊਚਿ ਪੁਕਾਰ। 'ਅਹੋ ਨੁਵਾਲੇ ਪਜਾਲੇ ਯਾਰਿ ! ॥੧੯॥

ਜਿਥੇ ਨਬੀਬਖਸ਼ ਲੜ ਕੇ ਡਿੱਗ ਕੇ ਮਰ ਗਿਆ ਸੀ, ਬਹੁਤ ਸ਼ਕਤੀਸ਼ਾਲੀ ਸੂਰਬੀਰ ਨਾਲ ਲੈ ਕੇ ਓਧਰ ਚਲ ਪਿਆ। ਸਾਰਿਆਂ ਨੂੰ ਉੱਚੀ ਪੁਕਾਰ ਕੇ ਕਿਹਾ, "ਹੇ ਇਕੱਠੇ ਖਾਣ ਪੀਣ ਵਾਲਿਓ !॥੧੯॥

ਹਰਿਗੁਵਿੰਦ ਲੌ ਪਹੁੰਚਹਿ ਜੋਇ। ਜੀਵਨ ਕੀ ਜਿਸ ਚਾਹਿ ਨ ਹੋਇ।
ਸੁਤ ਬਨਿਤਾ ਜੋ ਸਿਮਰਹਿ ਨਾਂਹੀ। ਸੋ ਮਮ ਸੰਗ ਚਲਹੁ ਰਣ ਮਾਂਹੀ ॥੨੦॥

ਗੁਰੂ ਹਰਿਗੋਬਿੰਦ ਤੱਕ ਕੇਵਲ ਉਹੀ ਪਹੁੰਚੇਗਾ, ਜਿਸ ਨੂੰ ਜੀਵਨ ਦੀ ਚਾਹਤ ਨਹੀਂ ਹੋਵੇਗੀ, ਜਿਹੜਾ ਆਪਣੀ ਪਤਨੀ ਤੇ ਪੁੱਤਰ ਨੂੰ ਯਾਦ ਨਹੀਂ ਕਰਦਾ, ਐਸੇ ਵਿਅਕਤੀ ਮੇਰੇ ਨਾਲ ਰਣਖੇਤਰ ਵਿਚ ਚਲੇ॥੨੦॥

ਜਿਸ ਕੇ ਰਿਦੇ ਤ੍ਰਾਸ ਹੈ ਭਾਰਾ। ਨਿਜ ਕੁਟੰਬ ਸੰਗ ਰਾਖਹਿ ਪਜਾਰਾ।
ਸੋ ਹਟਿ ਜਾਹੁ ਸੰਗ ਨਹਿਂ ਆਵਹੁ। ਪਿਤ ਸਮੀਪਿ ਠਹਿਰਹੁ ਤਹਿਂ ਜਾਵਹੁ ॥੨੧॥

ਜਿਸ ਦੇ ਹਿਰਦੇ ਵਿਚ ਭਾਰੀ ਡਰ ਹੈ, ਜਿਹੜਾ ਆਪਣੇ ਪਰਿਵਾਰ ਨਾਲ ਪਿਆਰ ਕਰਦਾ ਹੈ, ਉਹ ਪਿੱਛੇ ਹੋ ਜਾਵੇ, ਮੇਰੇ ਨਾਲ ਨਾ ਆਵੇ, ਉਹ ਜਾ ਕੇ ਮੇਰੇ ਪਿਤਾ ਜੀ ਦੇ ਪਾਸ ਠਹਿਰੇ" ॥੨੧॥

ਸੁਨਿ ਕੈ ਕਾਇਰ ਇਤ ਉਤਿ ਹੋਏ। ਜਾਨਜੋ ਆਜ ਮਰਣ ਸਭਿ ਕੋਏ।
ਇਨਿ ਅਖਿਲਨਿ ਕੀ ਕਰਹਿ ਕੁਠਾਰੀ। ਨਹਿਂ ਗੁਰੁ ਛੋਰਹਿ ਜੋਧਾ ਭਾਰੀ ॥੨੨॥

ਇਹ ਸੁਣ ਕੇ ਕਾਇਰ ਏਧਰ ਓਧਰ ਹੋ ਗਏ, ਉਨ੍ਹਾਂ ਜਾਣਿਆ ਕਿ ਅਜ ਸਭ ਨੇ ਮਰ ਜਾਣਾ ਹੈ, ਗੁਰੂ ਹਰਿਗੋਬਿੰਦ ਇਨ੍ਹਾਂ ਸਾਰਿਆਂ ਨੂੰ ਮਾਰ ਦੇਣਗੇ, ਉਹ ਕਿਸੇ ਵੱਡੇ ਤੋਂ ਵੱਡੇ ਸੂਰਮੇ ਨੂੰ ਵੀ ਨਹੀਂ ਛੱਡਣਗੇ ॥੨੨॥

ਨਾਹਕ ਧਾਰਿ ਗਰਬ ਚਢਿ ਆਏ। 'ਹਮ ਪਕਰਹਿਂ ਗੁਰੁ ਕੋ ਅਬਿ ਜਾਏ'।
ਸਪਤ ਸਹੰਸ੍ਰ ਅੱਗ੍ਰ ਜਿਨ ਮਾਰਾ। ਬਚੇ ਸੁ ਭਾਜੇ ਤੁਰਕ ਹਜ਼ਾਰਾ ॥ ੨੩॥

ਫਜ਼ੂਲ ਵਿਚ ਹੰਕਾਰ ਕਰਕੇ ਚੜ੍ਹ ਕੇ ਆ ਗਏ, 'ਹੁਣੇ ਅਸੀਂ ਜਾ ਕੇ ਉਸ ਗੁਰੂ ਜੀ ਨੂੰ ਫੜ ਲਵਾਂਗੇ, ਜਿਸ ਨੇ ਸਤ ਹਜ਼ਾਰ ਸੈਨਾ ਪਹਿਲਾਂ ਮਾਰ ਦਿੱਤੀ ਹੈ, ਜਿਹੜੇ ਬਚੇ ਸਨ, ਉਹ ਹਜ਼ਾਰਾਂ ਤੁਰਕ ਭੱਜ ਗਏ ਸਨ ॥੨੩॥

ਸੋ ਇਨ ਕੇ ਕਰ ਮਹਿਂ ਕਿਮ ਆਵੈ। ਕਰਾਮਾਤਿ ਸਾਹਿਬ ਦਰਸਾਵੈ।
ਸ਼੍ਰੀ ਨਾਨਕ ਸਭਿ ਪੀਰਨਿ ਪੀਰ। ਤਿਨ ਗਾਦੀ ਪਰ ਇਹ ਬਡ ਬੀਰ ॥ ੨੪॥

ਫਿਰ ਉਹ ਇਨ੍ਹਾਂ ਦੇ ਹੱਥ ਵਿਚ ਕਿਵੇਂ ਆਉਣਗੇ, ਜਿਨ੍ਹਾਂ ਦੀ ਕਰਾਮਾਤ ਸਪੱਸ਼ਟ ਦਿਖਾਈ ਦੇ ਰਹੀ ਹੈ। ਗੁਰੂ ਨਾਨਕ ਜੀ ਪੀਰਾਂ ਦੇ ਪੀਰ ਹੋਏ ਹਨ, ਉਨ੍ਹਾਂ ਦੀ ਗੱਦੀ ਉਤੇ ਇਹ ਵੱਡੇ ਸੂਰਬੀਰ ਬੈਠੇ ਹਨ ॥੨੪॥

ਗਹਜੋ ਨ ਜਾਇ ਨ ਮਾਰਜੋ ਜਾਇ। ਹਨਿਹ ਤੁਰਕ ਸੈਨਾ ਸਮੁਦਾਇ।
ਇਮ ਜਿਨ ਜਾਨਾ ਤਿਨ ਡਰ ਮਾਨਾ। ਸੋ ਟਰਿ ਗਏ ਦਾਵ ਕਰਿ ਨਾਨਾ ॥੨੫॥

ਨਾ ਉਹ ਫੜੇ ਜਾ ਸਕਦੇ ਹਨ ਨਾ ਮਾਰੇ ਜਾ ਸਕਦੇ ਹਨ, ਉਹ ਤੁਰਕਾਂ ਦੀ ਸਾਰੀ ਸੈਨਾ ਨੂੰ ਮਾਰ ਦੇਣਗੇ। ਜਿਸ ਨੇ ਵੀ ਇਸ ਤਰ੍ਹਾਂ ਜਾਣਿਆ ਉਸ ਡਰ ਮੰਨਿਆ, ਉਹ ਕਈ ਪ੍ਰਕਾਰ ਦੇ ਬਹਾਣੇ ਲਾ ਕੇ ਟਾਲ ਗਏ ॥੨੫॥

ਨਿਤਰੇ ਬੀਰ ਮਰਨ ਡਰੁ ਜਾਂਹਿ ਨ। ਸੁਤ ਬਨਿਤਾ ਕੋ ਸਿਮਰਤਿ ਨਾਂਹਿ ਨ।
ਬਾਂਧਜੋ ਥੂੰਗ ਪ੍ਰਿਥਕ ਜਬਿ ਹੋਵਾ। ਅਬਦੁਲ ਖਾਨ ਦੂਰ ਤੇ ਜੋਵਾ ॥ ੨੬॥

ਉਹੀ ਸੂਰਬੀਰ ਨਿਤਰਦੇ ਹਨ ਜਿਨ੍ਹਾਂ ਨੂੰ ਮਰਨ ਦਾ ਡਰ ਨਾ ਹੋਵੇ ਜਿਹੜਾ ਆਪਣੇ ਪੁੱਤਰ ਅਤੇ ਪਤਨੀ ਨੂੰ ਯਾਦ ਨਹੀਂ ਕਰਦਾ ਹੈ। ਕਰੀਮ ਬਖਸ਼ ਨੇ ਜਿਹੜਾ ਪਹਿਲਾ ਟੋਲਾ ਬਣਾਇਆ ਸੀ, ਉਸ ਨੂੰ ਅਬਦੁਲ ਖਾਨ ਨੇ ਦੂਰ ਤੋਂ ਵੇਖਿਆ ॥੨੬॥

ਬੂਝਜੋ ਸੁਭਟ ਸੁਨਾਵਹਿ ਨਾਨਾ। 'ਜਾਤਿ ਕਰੀਮ ਬਖਸ਼ ਬਲਿਵਾਨਾ।
ਕਹੈ ਕਿ ਗੁਰੁ ਲਗਿ ਪਹੁੰਚਹੁ ਜਾਈ। ਲੀਏ ਬੀਨ ਜੋਧਾ ਸਮੁਦਾਈ' ॥ ੨੭॥

ਅਬਦੁਲ ਖਾਂ ਨੇ ਇਕ ਸੂਰਮੇ ਨੂੰ ਪੁਛਿਆ, ਤੇ ਉਸ ਨੇ ਇਹ ਸੁਣਾਇਆ "ਬਲਵਾਨ ਕਰੀਮ ਬਖਸ਼ ਚਲਿਆ ਹੈ ਕਹਿੰਦਾ ਹੈ ਕਿ ਚੋਣਵੇਂ ਯੋਧਿਆਂ ਨੂੰ ਨਾਲ ਲੈ ਕੇ ਗੁਰੂ ਜੀ ਤਕ ਪਹੁੰਚਾਂਗਾ" ॥੨੭॥

ਬਡੋ ਪੁੱਤ੍ਰ ਕੋ ਸਿਮਰਤਿ ਕਹਯੋ। 'ਇਨ ਕਯੋਂ ਮਰਨਿ ਆਪਨੋ ਚਹਯੋ?।
ਜਾਹੁ ਸ਼ਿਤਾਬੀ ਕਰਹੁ ਹਟਾਵਨਿ'। ਆਯੋ ਇਕ ਕਰਿ ਤੁਰੰਗ ਦਰਾਵਨਿ ॥੨੮॥

ਉਸ ਨੇ ਵੱਡੇ ਪੁੱਤਰ ਨੂੰ ਯਾਦ ਕਰਕੇ ਕਿਹਾ, "ਇਹ ਕਿਉਂ ਮਰਨਾ ਚਾਹੁੰਦਾ ਹੈ? ਜਲਦੀ ਜਾ ਕੇ ਇਸ ਨੂੰ ਹਟਾਵੋ।" ਇਕ ਵਿਅਕਤੀ ਘੋੜਾ ਦੋੜਾਉਂਦਾ ਹੋਇਆ ਆਇਆ॥੨੮॥

'ਬਰਜਤਿ ਹੈ ਨਬਾਬ ਤੁਝ ਖਰੋ। ਠਹਿਰਹੁ, ਇਹਾਂ ਜੰਗ ਕੋ ਕਰੋ।
ਕਹਾਂ ਕਸੁਤੇ ਜਾਹੁ ਮਰਨ ਕੋ। ਰਿਪੁ ਠਾਂਢੇ ਬਹੁ ਪਾਨ ਹਰਨ ਕੋ' ॥ ੨੯ ॥

ਕਹਿਣ ਲੱਗਾ, "ਤੁਹਾਨੂੰ ਨਵਾਬ ਮਨ੍ਹਾ ਕਰਦਾ ਹੈ ਕਿ ਏਥੇ ਠਹਿਰੋ ਤੇ ਏਥੇ ਹੀ ਜੰਗ ਕਰੋ, ਕਿਥੇ ਉਲਟਾ ਮਰਨ ਚਲਿਆ ਹੈਂ, ਬਹੁਤ ਦੁਸ਼ਮਣ ਤੈਨੂੰ ਮਾਰਨ ਵਾਸਤੇ ਉਥੇ ਖੜੇ ਹਨ" ॥੨੯॥

ਸੁਨਿ ਕਰਿ ਪਿਤ ਕੋ ਕਹਯੋ ਨ ਮਾਨਯੋ। 'ਮੈਂ ਮਾਰੋਂ ਜਿਨ ਭ੍ਰਾਤਾ ਹਾਨਯੋ'।
ਇਤਿ ਸ੍ਰੀ ਹਰਿਗੋਵਿੰਦ ਸਭਿ ਜਾਨੀ। ਹੇਲਾ ਤਯਾਰ ਕੀਨਿ ਅਭਿਮਾਨੀ ॥੩੦॥

ਸੁਣ ਕੇ ਆਪਣੇ ਪਿਤਾ ਦਾ ਕਿਹਾ ਨਾ ਮੰਨਿਆ ਕਹਿਣ ਲੱਗਾ, "ਮੈਂ ਉਸ ਨੂੰ ਮਾਰਾਂਗਾ ਜਿਸ ਮੇਰੇ ਭਰਾ ਨੂੰ ਮਾਰਿਆ ਹੈ।" ਏਧਰ ਸ੍ਰੀ ਹਰਿਗੋਬਿੰਦ ਜੀ ਨੇ ਵੀ ਸਭ ਕੁਝ ਜਾਣ ਲਿਆ ਕਿ ਘੁਮੰਡੀ ਨੇ ਹੱਲਾ ਤਿਆਰ ਕੀਤਾ ਹੈ॥੩੦॥

ਬਿਧੀ ਚੰਦ ਕੋ ਹੁਕਮ ਬਖਾਨਾ। 'ਇਹ ਸਨਮੁਖ ਜੋ ਟੋਲ ਮਹਾਨਾ।
ਸੁਤ ਨਵਾਬ ਕੋ ਲਘ ਅਭਿਮਾਨੀ। ਭ੍ਰਾਤਾ ਮਰੇ ਬ੍ਰਿਥਾ ਬਹੁ ਮਾਨੀ ॥ ੩੧ ॥

ਗੁਰੂ ਜੀ ਨੇ ਬਿਧੀ ਚੰਦ ਨੂੰ ਹੁਕਮ ਸੁਣਾਇਆ, "ਇਹ ਸਾਹਮਣੇ ਜਿਹੜਾ ਵੱਡਾ ਟੋਲਾ ਦਿਖਾਈ ਦੇ ਰਿਹਾ ਹੈ, ਨਵਾਬ ਦਾ ਛੋਟਾ ਪੁੱਤਰ ਬੜਾ ਅਭਿਮਾਨੀ ਹੈ, ਆਪਣੇ ਭਰਾ ਦੇ ਮਰਨ ਦੀ ਉਸ ਬਹੁਤ ਪੀੜ ਮੰਨੀ ਹੈ॥੩੧॥

ਹੇਲਾ ਘਾਲਨਿ ਕੋ ਅਬਿ ਚਾਹਤਿ। ਬੀਨ ਸੂਰਮੇ ਆਇ ਉਮਾਹਤਿ।
ਲਿਹੁ ਆਗਾ ਅਬਿ ਠਾਂਢੇ ਹੋਇ। ਤਜਹੁ ਤੀਰ ਗਨ ਬੀਚ ਪਰੋਇ ॥ ੩੨ ॥

ਉਹ ਹੁਣ ਹਮਲਾ ਕਰਨਾ ਚਾਹੁੰਦਾ ਹੈ, ਚੁਣੇ ਹੋਏ ਸੂਰਮੇ ਬੜੇ ਉਤਸ਼ਾਹ ਨਾਲ ਆ ਰਹੇ ਹਨ, ਹੁਣ ਅੱਗੇ ਖੜੇ ਹੋ ਕੇ ਰੋਕ ਲਵੋ ਤੇ ਤੀਰ ਛੱਡ-ਛੱਡ ਵਿਚ ਪਰੋ ਲਵੋ॥੩੨॥

ਸਾਵਧਾਨ ਹ੍ਵੈ ਆਪ ਬਚਾਵਹੁ। ਲਿਹੁ ਦਲ ਸੰਗ ਅੱਗ੍ਰ ਕੋ ਧਾਵਹੁ'।
ਬਿਧੀ ਚੰਦ ਹਰਖਯੋ ਸੁਨਿ ਸਾਦਰ। ਗਰਜਤਿ ਬੋਲਯੋ ਬੀਰ ਬਹਾਦੁਰ ॥ ੩੩ ॥

ਸਾਵਧਾਨ ਹੋ ਕੇ ਆਪਣਾ ਬਚਾਅ ਕਰੋ, ਆਪਣੀ ਸੈਨਾ ਲੈ ਕੇ ਅੱਗੇ ਵੱਲ ਧਾਵੋ।" ਬਿਧੀ ਚੰਦ ਗੁਰੂ ਜੀ ਦੀ ਆਗਿਆ ਸੁਣ ਕੇ ਬੜਾ ਪ੍ਰਸੰਨ ਹੋਇਆ ਤੇ ਬੀਰ ਬਹਾਦੁਰ ਗੱਜ ਕੇ ਬੋਲਿਆ॥੩੩॥

'ਮਹਾਂਰਾਜ! ਕਹਾ ਗੀਦੀ ਏਹੂ। ਹਤਹਿਂ ਸਗ੍ਯਾਲ ਸਮ, ਆਵਨਿ ਦੇਹੂ'।
ਇਮ ਕਹਿ ਬਡ ਧੌਂਸਾ ਬਜਵਾਯੋ। ਬਜੀ ਬੰਬ ਘਨ ਜਨੁ ਗਰਜਾਯੋ ॥ ੩੪ ॥

"ਮਹਾਰਾਜ! ਇਹ ਕਾਇਰ ਕੀ ਹੈ, ਇਸ ਨੂੰ ਆਉਣ ਦੇਵੋ, ਗਿੱਦੜ ਵਾਂਗ ਮਾਰ ਦੇਵਾਂਗੇ"। ਇਸ ਤਰ੍ਹਾਂ ਕਹਿ ਕੇ ਵੱਡਾ ਧੌਂਸਾ ਵਜਾਇਆ, ਨਗਾਰਾ ਏਨੇ ਜ਼ੋਰ ਨਾਲ ਵੱਜਿਆ ਮਾਨੋਂ ਬਦਲ ਗੱਜਿਆ ਹੋਵੇ॥੩੪॥

ਪਾਇ ਹੁਕਮ ਗੁਰੁ ਕੋ ਤਬਿ ਚਾਲਾ। ਲੇਕਰਿ ਸੰਗੈ ਸੁਭਟ ਬਿਸਾਲਾ।
ਤੁਰਕਨਿ ਜਾਇ ਸੁ ਕੀਨਿ ਬਖਾਨ। ਜਹਾਂ ਥਿਰਯੋ ਹੈ ਅਬਦੁਲਖਾਨ॥ ੩੫॥

ਗੁਰੂ ਜੀ ਦਾ ਹੁਕਮ ਪਾ ਕੇ ਚਲ ਪਿਆ, ਆਪਣੇ ਨਾਲ ਉਸ ਬਹੁਤ ਸੂਰਮੇ ਲੈ ਲਏ। ਤੁਰਕਾਂ ਨੇ ਫਿਰ ਉਸ ਸਥਾਨ ਤੇ ਜਾ ਕੇ ਕਿਹਾ ਜਿਥੇ ਅਬਦੁਲ ਖਾਨ ਠਹਿਰਿਆ ਹੋਇਆ ਸੀ॥੩੫॥

'ਨਹੀਂ ਕਰੀਮ ਬਖਸ਼ ਨੇ ਮਾਨਾ। ਕਹੈ ਪਹੁੰਚਿਹੋਂ ਗੁਰੁ ਜਿਸ ਥਾਨਾ'।
ਸੁਨਿ ਕੈ ਸਿਰ ਧੁਨਿ ਕੈ ਪਛੁਤਾਵਾ। 'ਗਯੋ ਬੰਸ ਜਗ ਤੇ, ਅਬਿ ਪਾਵਾ॥ ੩੬॥

"ਕਰੀਮ ਬਖਸ਼ ਨਹੀਂ ਮੰਨਿਆ ਹੈ ਕਹਿੰਦਾ ਹੈ, ਮੈਂ ਉਥੇ ਪਹੁੰਚਾਂਗਾ ਜਿਸ ਸਥਾਨ ਵਿਖੇ ਗੁਰੂ ਜੀ ਖੜੇ ਹਨ।" ਇਹ ਸੁਣ ਕੇ ਅਬਦੁਲ ਖਾਨ ਸਿਰ ਹਿਲਾ ਕੇ ਪਛੁਤਾਇਆ, "ਇਹ ਮੈਂ ਹੁਣ ਸਮਝ ਲਿਆ ਹੈ ਕਿ ਮੇਰੇ ਬੰਸ ਦਾ ਨਾਮ-ਨਿਸ਼ਾਨ ਹੀ ਜੱਗ ਤੋਂ ਮਿਟ ਗਿਆ ਹੈ॥੩੬॥

ਔਚਿਕ ਖੱਤ੍ਰੀ ਆਨਿ ਚਢਾਏ। ਆਪ ਮਰਯੋ ਹਮ ਕੋ ਮਰਿਵਾਏ'।
ਰਤਨ ਚੰਦ ਅਰੁ ਕਰਮ ਚੰਦ ਦੁਇ। ਤਿਨ ਕੀ ਦਿਸ਼ਾ ਦੇਖਿ ਕੈ ਰਿਸ ਹੁਇ॥੩੭॥

ਅਚਾਨਕ ਖੱਤਰੀਆਂ ਨੇ ਲਿਆ ਕੇ ਚੜ੍ਹਾਈ ਕਰਵਾ ਦਿੱਤੀ ਹੈ ਆਪ ਤਾਂ ਮਰੇ ਹੀ ਸਨ, ਸਾਨੂੰ ਵੀ ਮਰਵਾ ਦਿੱਤਾ ਹੈ।" ਰਤਨ ਚੰਦ ਤੇ ਕਰਮ ਚੰਦ ਦੋਵਾਂ ਵਲ ਵੇਖ ਕੇ ਬਹੁਤ ਗੁੱਸੇ ਵਿਚ ਆਇਆ॥੩੭॥

ਕਹਯੋ ਤਰਜ ਕੈ ਤਿਨ ਕੇ ਸੰਗਿ। 'ਇਹਾ ਖਰੇ ਕਯੋਂ ਭਏ ਨਿਸੰਗ?।
ਨਬੀਬਖਸ਼ ਕੋ ਜਿਸ ਥਲ ਮਾਰਾ। ਤਹਾਂ ਕਰੀਮ ਬਖਸ਼ ਪਗ ਧਾਰਾ॥ ੩੮॥

ਉਨ੍ਹਾਂ ਨੂੰ ਖਿੱਝ ਕੇ ਕਹਿਣ ਲੱਗਾ, "ਏਥੇ ਨਿਸਚਿੰਤ ਹੋ ਕੇ ਕਿਉਂ ਖੜੇ ਹੋ, ਨਬੀਬਖਸ਼ ਨੂੰ ਜਿਸ ਸਥਾਨ ਤੇ ਮਾਰਿਆ ਹੈ, ਉਸ ਸਥਾਨ ਤੇ ਕਰੀਮ ਬਖਸ਼ ਨੇ ਪੈਰ ਧਰਿਆ ਹੈ॥੩੮॥

ਮਿਲਹੁ ਜਾਇ ਅਬਿ ਤਿਸ ਕੇ ਸੰਗਿ। ਰੱਛਹੁ ਮਮ ਸੁਤ ਕੋ ਬਿਚ ਜੰਗ।
ਜਹਾਂ ਕਰੀਮ ਬਖਸ਼ ਚਲਿ ਜਾਇ। ਤਿਸ ਕੋ ਸਾਥ ਛੋਰਿ ਨਹਿਂ ਆਇ॥ ੩੯॥

ਹੁਣ ਜਾ ਕੇ ਉਸ ਦੇ ਨਾਲ ਮਿਲੋ ਤੇ ਜੰਗ ਦੇ ਵਿਚ ਮੇਰੇ ਪੁੱਤਰ ਦੀ ਰੱਖਿਆ ਕਰੋ। ਜਿਥੇ ਵੀ ਕਰੀਮ ਬਖਸ਼ ਜਾਵੇ, ਉਸ ਦੇ ਨਾਲ ਰਹੋ ਤੇ ਉਸਦਾ ਸਾਥ ਛੱਡ ਕੇ ਨਾ ਆਵੋ॥੩੯॥

ਮੈਂ ਇਤ ਘਾਲੋਂ ਜੋਰ ਘਨੇਰਾ। ਹੋਇ ਅੰਤ ਰਣ ਕੋ ਇਸ ਬੇਰਾ।
ਗਹਹੁ ਕਿ ਮਾਰੋ ਗੁਰ ਕੋ ਜਾਈ। ਨਬੀਬਖਸ਼ ਕੋ ਪਲਟੋ ਪਾਈ'॥ ੪੦॥

ਮੈਂ ਏਧਰ ਬਹੁਤ ਜ਼ੋਰ ਲਾਵਾਂਗਾ ਤਾਂਕਿ ਇਸ ਵਾਰ ਯੁੱਧ ਦਾ ਅੰਤ ਹੋ ਜਾਵੇ, ਜਾ ਕੇ ਗੁਰੂ ਜੀ ਨੂੰ ਫੜੋ ਜਾਂ ਮਾਰੋ ਤੇ ਨਬੀਬਖਸ਼ ਦਾ ਬਦਲਾ ਲਵੋ'॥੪੦॥

ਰਿਸਿ ਕੋ ਬਚ ਨਬਾਬ ਕੋ ਸੁਨਯੋ। ਗੁਨਯੋ ਸਸ਼ੋਕ ਪੁੱਤ੍ਰ ਜਿਸ ਹਨਯੋ।
ਦੋਨਹੁੰ ਖੱਤ੍ਰੀ ਤੂਸ਼ਨਿ ਧਰਿ ਕੈ। ਪ੍ਰੇਰੇ ਹਯ ਤੂਰਨਤਾ ਕਰਿ ਕੈ॥ ੪੧॥

ਦੋਹਾਂ ਖੱਤਰੀਆਂ ਨੇ ਜਦ ਨਵਾਬ ਦੇ ਗੁੱਸੇ ਭਰੇ ਬੋਲ ਸੁਣੇ, ਤਾਂ ਇਹ ਜਾਣਿਆ ਉਹ ਬੜਾ ਸ਼ੋਕਵਾਨ ਹੈ ਜਿਸ ਦਾ ਪੁੱਤਰ ਰਣਖੇਤਰ ਵਿਚ ਮਾਰਿਆ ਗਿਆ ਹੈ। ਦੋਹਾਂ ਖੱਤਰੀਆਂ ਨੇ ਚੁੱਪ ਧਾਰ ਛੱਡੀ ਤੇ ਤੁਰਤ ਆਪਣੇ ਘੋੜਿਆਂ ਨੂੰ ਭਜਾ ਲਿਆ॥੪੧॥

ਕੁਛਕ ਸੁਭਟ ਲੇ ਸੰਗ ਸਿਧਾਰੇ। ਮਿਲੇ ਕਰੀਮ ਬਖਸ਼ ਬਨਿ ਪਜਾਰੇ।
ਬਾਦਤ ਬਾਜਨਿ ਲਗੇ ਜੁਝਾਊ। ਗਮਨੇ ਅੱਗ੍ਰ ਟੋਲ ਸਮੁਦਾਊ॥ ੪੨॥

ਕੁਝ ਸੂਰਮੇ ਨਾਲ ਲੈ ਕੇ ਚਲੇ ਗਏ ਤੇ ਬਹੁਤ ਪਿਆਰੇ ਬਣ ਕੇ ਕਰੀਮ ਬਖਸ਼ ਨੂੰ ਮਿਲੇ। ਵਾਜੇ ਵਜਦਿਆਂ ਸੂਰਮੇ ਜਾ ਰਹੇ ਸਨ, ਸਾਰੇ ਟੋਲਾ ਬਣਾ ਕੇ ਅੱਗੇ ਚਲੇ ਗਏ॥੪੨॥

ਜਬੈ ਤੁਰਕ ਧੌਂਸੇ ਧੁੰਕਾਰੇ। ਹਯ ਕੁਦਾਇ ਫੇਰੇ ਅਗਵਾਰੇ।
ਬਿਧੀ ਚੰਦ ਤਿਹ ਸਨਮੁਖ ਹੋਵਾ। ਸ਼ਸਤ੍ਰ ਸੰਭਾਰਤਿ ਆਗੇ ਜੋਵਾ॥ ੪੩ ॥

ਜਦ ਤੁਰਕਾਂ ਦੇ ਧੌਂਸਿਆਂ ਦੀ ਧੁੰਕਾਰ ਗੂੰਜੀ ਤਾਂ ਉਨ੍ਹਾਂ ਘੋੜੇ ਨਚਾ ਕੇ ਅੱਗੇ ਫੇਰੇ। ਫਿਰ ਬਿਧੀ ਚੰਦ ਉਨ੍ਹਾਂ ਦੇ ਅੱਗੇ ਹੋਇਆ ਤੇ ਸ਼ਸਤਰ ਸੰਭਾਲ ਕੇ ਅੱਗੇ ਵੇਖਿਆ॥੪੩॥

ਛੂਟਨਿ ਲਗੀ ਤੁਫੰਗੈ ਬ੍ਰਿੰਦ। ਤੜਭੜ ਉਠਯੋ ਸ਼ਬਦ ਬਿਲੰਦ।
ਤੁਮਲ ਜੁੱਧ ਤਬਿ ਮਚਯੋ ਘਨੇਰਾ। ਦੁਹਿ ਦਿਸ਼ਿ ਹੇਲਾ ਕੀਨਿ ਬਡੇਰਾ॥ ੪੪ ॥

ਬਹੁਤ ਬੰਦੂਕਾਂ ਫਿਰ ਚਲਣ ਲੱਗੀਆਂ, ਤੜ-ਤੜ ਦੀ ਆਵਾਜ਼ ਬਹੁਤ ਉੱਚੀ ਉੱਠੀ। ਫਿਰ ਘਮਸਾਣ ਦਾ ਯੁੱਧ ਮੱਚ ਉਠਿਆ, ਦੋਹਾਂ ਪਾਸਿਆਂ ਨੇ ਵੱਡਾ ਹਮਲਾ ਕੀਤਾ॥੪੪॥

*ਛੇਵੀਂ ਰਾਸ ਦਾ ਅਠੱਤੀਵਾਂ ਅਧਿਆਇ ਸਮਾਪਤ ਹੋਇਆ॥੩੮॥*

## ਅਧਿਆਇ ਉਣਤਾਲੀਵਾਂ

*ਕਰੀਮ ਬਖਸ਼ ਦੀ ਹੱਤਿਆ*

ਦੋਹਰਾ-ਲਘੁ ਸੁਤ ਤਬਹਿ ਨਬਾਬ ਕੋ ਕਰਿ ਸ਼ਿਤਾਬ ਉਮਡੰਤਿ।
ਜਯੋਂ ਜਯੋਂ ਆਗੇ ਹੋਤਿ ਹੈ ਤਯੋਂ ਤਯੋਂ ਜੰਗ ਮਚੰਤਿ॥ ੧ ॥

ਨਵਾਬ ਦਾ ਛੋਟਾ ਪੁੱਤਰ ਬਹੁਤ ਛੇਤੀ ਉੱਮਡ ਕੇ ਆ ਗਿਆ। ਜਿਵੇਂ-ਜਿਵੇਂ ਉਹ ਅੱਗੇ ਹੁੰਦਾ ਸੀ, ਤਿਵੇਂ-ਤਿਵੇਂ ਜੰਗ ਮਚਦੀ ਸੀ॥੧॥

*ਪਾਧੜੀ ਛੰਦ*-ਕਰਿ ਹਲਾਹੂਲ ਬਹੁ ਜ਼ੋਰ ਸ਼ੋਰ। ਬਡ ਪਰਯੋ ਰੌਰ ਚਹੁੰ ਓਰ ਘੋਰ।
ਭਰਮੰਤਿ ਗ੍ਰਿੱਧ ਮੁਖ ਮਾਸ ਧਾਰਿ। ਗਨ ਭਏ ਕਾਕ ਕੂਕਤਿ ਪੁਕਾਰਿ ॥੨ ॥

ਬੜੇ ਜ਼ੋਰ ਸ਼ੋਰ ਨਾਲ ਹੱਲਾ ਕੀਤਾ ਤੇ ਚਾਰੇ ਪਾਸੇ ਘੋਰ ਰੌਲਾ ਪੈ ਗਿਆ। ਗਿੱਰਝਾਂ ਮੂੰਹ ਵਿਚ ਮਾਸ ਧਾਰ ਕੇ ਘੁੰਮਦੀਆਂ ਸਨ ਤੇ ਬਹੁਤ ਕਾਂ ਕੂਕ ਪੁਕਾਰ ਕਰਦੇ ਸਨ॥੨॥

ਖੱਪਰ ਭਰੰਤਿ ਬਹੁ ਸ਼੍ਰੋਣ ਸੰਗ। ਕਰਿ ਪਾਨ ਜੋਗਨੀ ਨਾਚਿ ਐਂਗਿ।
ਸਿਰ ਖਿੰਡ ਝੰਡ ਝੁੰਡਨ ਪ੍ਰਚੰਡ। ਹੜ ਹੜ ਹਸੰਤਿ ਬਡ ਭੀਮ ਤੁੰਡ ॥੩ ॥

ਜੋਗਨੀਆਂ ਖੂਨ ਦੇ ਖੱਪਰ ਭਰ ਰਹੀਆਂ ਸਨ ਤੇ ਖੂਨ ਪੀ ਕੇ ਫਿਰ ਨਾਚ ਕਰਦੀਆਂ ਸਨ। ਇਨ੍ਹਾਂ ਸਾਰੀਆਂ ਜੋਗਨੀਆਂ ਦੇ ਸਿਰ ਉਤੇ ਭਿਆਨਕ ਵਾਲ ਖਿੰਡੇ ਹੋਏ ਸਨ। ਹੜ-ਹੜ ਕਰਕੇ ਹਸਦੀਆਂ ਸਨ ਤੇ ਇਨ੍ਹਾਂ ਦੇ ਵੱਡੇ ਭਿਆਨਕ ਮੂੰਹ ਸਨ॥੩॥

ਆਮਿਖ ਭਖੰਤਿ ਗਹਿ ਰੁੰਡ ਮੁੰਡ। ਗਨ ਦੰਤ ਸੰਗ ਕਰਿ ਖੰਡ ਖੰਡ।
ਲੇ ਹਯਨਿ ਪੂਛ ਸਿਰ ਪਰ ਧਰੰਤਿ। ਨਰ ਮੁੰਡ ਮਾਲ ਲਾਂਬੀ ਕਰੰਤਿ ॥੪ ॥

ਮਨੁੱਖਾਂ ਦੇ ਧੜ ਤੇ ਸਿਰ ਵਢ ਕੇ ਮਾਸ ਖਾਂਦੀਆਂ ਸਨ ਤੇ ਆਪਣੇ ਵੱਡੇ-ਵੱਡੇ ਦੰਦਾਂ ਨਾਲ ਲੋਥਾਂ ਨੂੰ ਖੰਡ-ਖੰਡ ਕਰ ਦਿੰਦੀਆਂ ਸਨ। ਘੋੜਿਆਂ ਦੀਆਂ ਪੂਛਾਂ ਲੈ ਲੈ ਸਿਰ ਤੇ ਧਰਦੀਆਂ ਸਨ ਤੇ ਮਨੁੱਖਾਂ ਦੇ ਸਿਰਾਂ ਦੀ ਮਾਲਾ ਨੂੰ ਲੰਮੀਆਂ ਕਰਦੀਆਂ ਸਨ ॥੪॥

ਭਟਹੂੰਨਿ ਹਾਥ ਕੈ ਪਾਇ ਕਾਟ। ਧਰਿ ਕੈ ਸਿਕੰਧ ਪਿਖਿ ਆਨਿ ਡਾਟ।
ਹਯ ਚਰਨ ਆਗਲੇ ਕਿਨ ਉਖਾਰ। ਬਿਚਰੰਤਿ ਬ੍ਰਿੰਦ ਹਾਥਨਿ ਉਭਾਰ ॥ ੫ ॥

ਸੂਰਮਿਆਂ ਦੇ ਹੱਥ ਪੈਰ ਕੱਟੇ ਹੋਏ ਲੈ ਕੇ ਮੋਢਿਆਂ ਤੇ ਰਖ ਕੇ ਹੋਰਨਾਂ ਨੂੰ ਡਾਂਟਦੀਆਂ ਸਨ। ਕਈ ਘੋੜਿਆਂ ਦੇ ਅਗਲੇ ਪੈਰ ਉਖਾੜ ਕੇ ਤੇ ਹੱਥਾਂ ਤੇ ਧਰ ਕੇ ਉੱਚਾ ਚੁੱਕ ਕੇ ਫਿਰਦੀਆਂ ਸਨ ॥੫॥

ਕਿਨਹੂੰ ਸੁ ਆਂਤ੍ਰੈ ਗ੍ਰੀਵ ਡਾਰਿ। ਗਨ ਭੂਤ ਪ੍ਰੇਤ ਪਾਵਤਿ ਧਮਾਰ।
ਬਹੁ ਖਾਹਿੰ ਮਾਸ, ਕਰਿ ਸ਼੍ਰੋਣ ਪਾਨ। ਤਬਿ ਬਰਨ ਅਰੁਨ ਲਿਪਤੇ ਮਹਾਂਨ ॥ ੬ ॥

ਕਈਆਂ ਨੇ ਮਨੁੱਖਾਂ ਦੀਆਂ ਆਂਦਰਾਂ ਗੱਲਾਂ ਵਿਚ ਪਾਈਆਂ ਸਨ, ਕਈ ਭੂਤ ਪ੍ਰੇਤ ਧਮਾਲਾਂ ਪਾ ਰਹੇ ਸਨ। ਬਹੁਤ ਮਾਸ ਖਾਂਦੇ ਸੀ ਤੇ ਲਹੂ ਪੀਂਦੇ ਸਨ, ਤਦ ਉਹ ਲਾਲ ਰੰਗ ਨਾਲ ਬਹੁਤ ਲਿਬੜੀਆਂ ਹੋਈਆਂ ਸਨ ॥੬॥

ਰਣੁ ਖੇਤ ਦੀਖਿ ਭੀਖਨਿ ਬਿਲੰਦ। ਗਨ ਤੁਰਕਨਿ ਕੇ ਹੁਇ ਓਜ ਮੰਦ।
ਸ਼ਲਖੈਂ ਪ੍ਰਚੰਡ ਛੂਟੈਂ ਤੁਫੰਗ। ਪੁਨ ਕਰਤਿ ਸ਼ੀਘ੍ਰਤਾ ਫਿਰਤਿ ਜੰਗ ॥ ੭ ॥

ਬੜੇ ਵਿਕਰਾਲ ਤੇ ਭਿਆਨਕ ਰਣਖੇਤਰ ਨੂੰ ਵੇਖ ਕੇ ਤੁਰਕਾਂ ਦੀਆਂ ਸ਼ਕਤੀਆਂ ਮੱਠੀਆਂ ਪੈ ਗਈਆਂ। ਬੰਦੂਕਾਂ ਪ੍ਰਚੰਡ ਗੋਲੀਆਂ ਛੱਡ ਰਹੀਆਂ ਸਨ, ਸ਼ੀਘਰਤਾ ਕਰਕੇ ਜੰਗ ਵਿਚ ਫਿਰਦੇ ਸਨ ॥੭॥

ਕਿਨਹੂੰ ਬਰੂਦ ਬਿਚ ਤੁਪਕ ਡਾਲਿ। ਬਹੁ ਠੋਕਿ ਠੋਕਿ ਗਜ ਕੋ ਨਿਕਾਲਿ।
ਗੁਲਕਾਨਿ ਡਾਲਿ ਆਛੇ ਟਿਕਾਇ। ਪੁਨ ਭਰਤਿ, ਪਲੀਤਾ ਕੋਂ ਮਿਲਾਇ ॥ ੮ ॥

ਕਈ ਬੰਦੂਕ ਵਿਚ ਬਰੂਦ ਭਰਦੇ ਸਨ, ਫਿਰ ਬਹੁਤ ਠੋਕ-ਠੋਕ ਕੇ ਗਜਾਂ ਨੂੰ ਕੱਢਦੇ ਸਨ। ਗੋਲੀਆਂ ਭਰ ਕੇ ਚੰਗੀ ਤਰ੍ਹਾਂ ਟਿਕਾ ਲੈਂਦੇ ਸਨ ਤੇ ਫਿਰ ਪਲੀਤੇ ਭਰ ਕੇ ਮਿਲਾਉਂਦੇ ਸਨ ॥੮॥

ਤੋਰਾ ਉਭਾਰਿ ਤੋਤੇ ਜੜੰਤਿ। ਧਰਿ ਸ਼ਿਸਤ ਤਾਕ ਕਰ ਤੇ ਦਬੰਤਿ।
ਬਹੁ ਕਰਤਿ ਸ਼ੀਘ੍ਰ ਇਹ ਸਕਲ ਕਾਰ। ਛੂਟੈਂ ਤੁਫੰਗ ਰਣ ਬੇਸ਼ੁਮਾਰ ॥ ੯ ॥

ਤੋੜਾ ਉਭਾਰ ਕੇ ਬੰਦੂਕ ਦੇ ਘੋੜੇ ਵਿਚ ਜੜਦੇ ਸਨ, ਫਿਰ ਨਿਸ਼ਾਨਾ ਤਕ ਕੇ ਘੋੜੇ ਨੂੰ ਦੱਬ ਦਿੰਦੇ ਸਨ। ਕਈ ਇਹ ਸਾਰੀ ਕਾਰਵਾਈ ਬਹੁਤ ਛੇਤੀ ਕਰਦੇ ਸਨ, ਰਣਖੇਤਰ ਵਿਚ ਬੇਸ਼ੁਮਾਰ ਬੰਦੂਕਾਂ ਚਲ ਰਹੀਆਂ ਸਨ ॥੯॥

ਇਮਿ ਮਰਤਿ ਮਾਰਤੇ ਨੇਰ ਕੀਨਿ। ਤੀਰਨ ਪ੍ਰਹਾਰਿ ਕਰਿ ਘਾਇ ਦੀਨਿ।
ਚਰੜੰਤਿ ਚਾਂਪ, ਛੁਟਕੰਤਿ ਬਾਨ। ਭਟ ਕੋ ਨਿਖੰਗ ਤੇ ਕਾਢਿ ਤਾਨ ॥ ੧੦ ॥

ਇਸ ਤਰ੍ਹਾਂ ਮਰਦਿਆਂ ਮਾਰਦਿਆਂ ਨੇੜੇ ਹੋ ਗਏ ਤੇ ਤੀਰਾਂ ਦਾ ਵਾਰ ਕਰਕੇ ਜ਼ਖਮੀ ਕਰ ਦਿੱਤੇ। ਚਿੱਲੇ ਨੂੰ ਚੜਾਉਂਦੇ ਸਨ ਤੇ ਬਾਨ ਛੱਡਦੇ ਸਨ ਕਈ ਸੂਰਮੇ ਭੱਥੇ ਵਿਚ ਤੀਰ ਕੱਢਕੇ ਤਾਣਦੇ ਸਨ ॥੧੦॥

ਜੇਹਨਿ ਅਰੋਪਿ ਤਕਿ ਸ਼ੱਤ੍ਰ ਗਾਤਿ। ਬਲ ਤੇ ਛੁਟੰਤਿ ਕਰਿ ਦੇਤਿ ਘਾਤਿ।
ਬਹੁ ਤੁਮਲ ਜੁੱਧ ਮਾਚਯੋ ਕਰਾਲ। ਮਿਲਿ ਗਏ ਪਰੀ ਬਹੁ ਹਾਲ ਚਾਲਿ ॥੧੧ ॥

ਤੀਰ ਨੂੰ ਚਿੱਲੇ ਵਿਚ ਚੜ੍ਹਾ ਕੇ ਸ਼ਤਰੂ ਵੱਲ ਤਕਦੇ ਸਨ ਤੇ ਫਿਰ ਸਾਰਾ ਜ਼ੋਰ ਲਾ ਕੇ ਤੀਰ ਛੱਡ ਕੇ ਵੈਰੀ ਨੂੰ ਮਾਰ ਦਿੰਦੇ ਸਨ। ਬੜਾ ਵਿਕਰਾਲ ਘਮਸਾਣ ਦਾ ਯੁੱਧ ਹੋਇਆ। ਫਿਰ ਆਪਸ ਵਿਚ ਮਿਲ ਗਏ ਤੇ ਬੜੀ ਹਲਚਲ ਮੱਚ ਗਈ ॥੧੧॥

ਤੋਮਰ ਭ੍ਰਮਾਇ ਮਾਰੰਤਿ ਵੇਰਿ। ਤਨ ਲਗੈਂ ਸ਼ੱਤ੍ਰ ਦੇਂ ਭੂਮਿ ਗੇਰਿ।
ਬਹੁਰੋ ਨਿਕਾਸਿ ਤਕ ਔਰਿ ਮਾਰਿ। ਤਰਵਾਰਿ ਝਾਰ ਦੇਂ ਕਾਟ ਡਾਰਿ॥੧੨॥

ਫਿਰ ਨੇਜ਼ੇ ਭੌਂਵਾ ਕੇ ਮਾਰਨ ਲੱਗੇ, ਜਿਸ ਵੀ ਸ਼ਤਰੂ ਦੇ ਨੇਜ਼ਾ ਵੱਜਦਾ ਸੀ ਉਹ ਧਰਤੀ ਤੇ ਡਿੱਗ ਪੈਂਦਾ ਸੀ। ਨੇਜ਼ੇ ਨੂੰ ਫਿਰ ਬਾਹਰ ਕੱਢ ਕੇ ਕਿਸੇ ਹੋਰ ਨੂੰ ਤਕ ਕੇ ਮਾਰਦੇ ਸਨ। ਤਲਵਾਰ ਮਾਰ ਕੇ ਅੰਗ ਕੱਟ ਦਿੰਦੇ ਸਨ॥੧੨॥

ਬਰਛੀਨਿ ਤੀਛਨਾ ਓਜ ਸੰਗਿ। ਮਾਰੈਂ ਧਸਾਇ ਰਿਪੁ ਫੋਰ ਅੰਗਿ।
ਖਰ ਸੇਲ ਮੇਲ ਭੀ ਰੇਲਿ ਪੇਲਿ। ਛਿਨ ਬਿਖੈ ਛੈਲ ਗਿਰ ਪਰਤਿ ਝੇਲਿ॥੧੩॥

ਤਿੱਖੀਆਂ ਬਰਛੀਆਂ ਨੂੰ ਬੜੇ ਜ਼ੋਰ ਨਾਲ ਮਾਰਦੇ ਸਨ, ਬਰਛੀ ਮਾਰ ਕੇ ਧਸਾ ਦਿੰਦੇ ਸਨ ਤੇ ਵੈਰੀ ਦੇ ਅੰਗ ਪਾੜ ਦਿੰਦੇ ਸਨ। ਤਿੱਖੇ ਨੇਜ਼ਿਆਂ ਦੀ ਵੀ ਭਰਮਾਰ ਸੀ, ਛਿਨ ਵਿਚ ਛੈਲ-ਛਬੀਲੇ ਸੂਰਮੇ ਧੱਕਾ ਖਾ ਕੇ ਡਿੱਗ ਪੈਂਦੇ ਸਨ॥੧੩॥

ਲਗਿ ਸ਼ਸਤ੍ਰ ਚੋਟ ਹੁਇ ਲੋਟ ਪੋਟ। ਕੋ ਧਰਤਿ ਢਾਲ ਲੇ ਸਮੁਖ ਓਟ।
ਜਮਧਰ ਨਿਕਾਰਿ ਕਿਨ ਉਦਰ ਮਾਰਿ। ਤਰਵਾਰ ਚਲਤਿ ਰਣ ਬਾਰ ਬਾਰ॥੧੪॥

ਸ਼ਸਤਰਾਂ ਦੀ ਸੱਟ ਲੱਗਣ ਨਾਲ ਲੋਟ ਪੋਟ ਹੋ ਜਾਂਦੇ ਸਨ, ਕਈ ਢਾਲਾਂ ਸਾਹਮਣੇ ਕਰਕੇ ਓਟ ਲੈਂਦੇ ਸਨ। ਕਈਆਂ ਬਰਛੀਆਂ ਫੜ ਕੇ ਢਿੱਡ ਵਿਚ ਮਾਰਦੇ ਸਨ ਤੇ ਤਲਵਾਰ ਰਣਖੇਤਰ ਵਿਚ ਬਾਰ-ਬਾਰ ਚਲਦੀ ਸੀ॥੧੪॥

ਲੋਹੂ ਸ਼ਨਾਨ ਤੇ ਲਾਲ ਜਾਲ। ਥਹਿਰੰਤਿ ਹਾਥ ਮਹਿਂ ਚਾਲਿ ਚਾਲਿ।
ਕੇਤਿਕ ਪ੍ਰਹਾਰਤੇ ਖੜਗ ਟੂਟਿ। ਰਹਿ ਮੁਸ਼ਟ ਹਾਥ ਮਿਲਿ, ਮੁਸ਼ਟ ਕੂਟਿ॥੧੫॥

ਲਹੂ ਦਾ ਇਸ਼ਨਾਨ ਕਰਕੇ ਸਭ ਲਾਲ ਹੋ ਗਏ ਸਨ, ਤਲਵਾਰ ਚਲ-ਚਲ ਕੇ ਹੱਥ ਵਿਚ ਥਿੜਕਦੀ ਹੈ, ਕਈਆਂ ਦੀ ਤਲਵਾਰ ਵਾਰ ਕਰਨ ਸਮੇਂ ਟੁੱਟ ਜਾਂਦੀ ਸੀ ਤੇ ਹੱਥ ਤਲਵਾਰ ਦੇ ਕਬਜ਼ੇ ਨਾਲ ਚੰਬੜੇ ਰਹੇ; ਫਿਰ ਕਬਜ਼ੇ ਨਾਲ ਹੀ ਇਕ ਦੂਸਰੇ ਨੂੰ ਕੁੱਟਦੇ ਹਨ॥੧੫॥

ਜਿਯਥੇ ਨਿਰਾਸ ਹੁਇ ਲਰਤਿ ਬੀਰ। ਭਾਗੇ ਭਗੈਲ ਭੈ ਭੂਰ ਭੀਰ।
ਨੰਦਨ ਨਬਾਬ ਕੇ ਨੇਰ ਕੀਨਿ। ਜਿਨ ਸਾਥ ਬੀਰ ਲੇ ਬੀਨ ਬੀਨ॥ ੧੬॥

ਜਿਹੜੇ ਸੂਰਮੇ ਨਿਰਾਸ ਹੋ ਕੇ ਲੜੇ ਉਹ ਕਾਇਰ ਮੈਦਾਨਿ ਜੰਗ ਵਿਚੋਂ ਭੱਜ ਗਏ। ਨਵਾਬ ਦਾ ਪੁੱਤਰ ਫਿਰ ਨੇੜੇ ਆ ਗਿਆ, ਉਸ ਦੇ ਨਾਲ ਚੋਣਵੇਂ ਸੂਰਬੀਰ ਸਨ॥੧੬॥

ਊਚੇ ਪੁਕਾਰ ਸਭਿ ਸੋਂ ਕਹੰਤਿ। 'ਮਿਲਿ ਜਾਹੁ ਹੇਲ ਕਰਿ ਸ਼ੱਤ੍ਰ ਹੰਤਿ।
ਇਹ ਸਿੱਖ ਅਲਪ ਤੁਮਰੇ ਅਗਾਰਿ। ਕਰਿ ਕਤਲ ਸਭਿਨਿ ਦਿਹੁ ਮਾਰਿ ਡਾਰਿ॥੧੭॥

ਉਹ ਉੱਚੀ ਪੁਕਾਰ ਕੇ ਸਭ ਨੂੰ ਕਹਿਣ ਲੱਗਾ, 'ਸਾਰੇ ਇਕੱਠੇ ਮਿਲ ਕੇ ਹੱਲਾ ਕਰੋ ਤੇ ਵੈਰੀ ਨੂੰ ਮਾਰ ਦੇਵੋ, ਤੁਹਾਡੇ ਅੱਗੇ ਇਹ ਸਿੱਖ ਬਹੁਤ ਥੋੜ੍ਹੇ ਹਨ, ਸਾਰਿਆਂ ਨੂੰ ਕਤਲ ਕਰ ਕੇ ਮਾਰ ਦੇਵੋ॥੧੭॥

ਗੁਰੁ ਹਰਿਗੁਵਿੰਦ ਕੋ ਘੇਰਿ ਲੇਹੁ। ਮਿਲਿ ਕੈ ਸਮੂਹ ਨਹਿਂ ਜਾਨਿ ਦੇਹੁ।
ਰਣ ਕਰਤਿ ਜਿਯਤਿ ਕੋ ਗਹਹੁ ਧਾਇ। ਨਤੁ ਦੇਹੁ ਮਾਰਿ, ਨਹਿਂ ਭਾਜ ਜਾਇ॥੧੮॥

ਗੁਰੂ ਹਰਿਗੋਬਿੰਦ ਨੂੰ ਘੇਰ ਲਵੋ, ਸਾਰੇ ਮਿਲ ਕੇ ਇਸ ਨੂੰ ਜਾਣ ਨਾ ਦੇਵੋ। ਯੁੱਧ ਲੜਦੇ ਨੂੰ ਜੀਉਂਦਾ ਹੀ ਫੜ ਲਵੋ, ਨਹੀਂ ਤਾਂ ਮਾਰ ਹੀ ਦੇਵੋ ਕਿਤੇ ਭੱਜ ਨਾ ਜਾਵੇ॥੧੮॥

ਰਣ ਫਤੇ ਹੋਇ ਤੁਮਰੀ ਬਿਸਾਲ। ਪੁਨ ਦਰਬ ਜਗੀਰਨਿ ਲੇਹੁ ਜਾਲ।
ਘਰ ਕਰਹੁ ਖੁਸ਼ੀ ਪੀਵਹੁ ਸ਼ਰਾਬ। ਮਿਲਿ ਸਭਿਨਿ ਬੀਚ ਭੱਖਹੁ ਕਬਾਬ॥੧੯॥

ਰਣ ਵਿਚ ਤੁਹਾਡੀ ਵਿਸ਼ਾਲ ਫਤਹਿ ਹੋਵੇ ਫਿਰ ਧਨ ਤੇ ਜਗੀਰਾਂ ਪ੍ਰਾਪਤ ਕਰੋ। ਘਰ ਵਿਚ ਜਾ ਕੇ ਖੁਸ਼ੀਆਂ ਮਨਾਵੋ ਤੇ ਸ਼ਰਾਬ ਪੀਵੋ ਤੇ ਸਾਰੇ ਮਿਲ ਕੇ ਕਬਾਬ ਖਾਓ॥੧੯॥

ਬਹੁ ਸਿਫਤਿ ਹੋਇ ਸਭਿ ਕੀ ਜਹਾਨ। ਜਹਿਂ ਜਾਹੁ ਤਹਾਂ ਦੈਂ ਅਧਿਕ ਮਾਨ।
ਇਮ ਕਹਤਿ ਦਿਲਾਸਾ ਅਧਿਕ ਕੀਨਿ। ਲੇ ਸਭਿਨਿ ਸੰਗ ਆਯੋ ਪ੍ਰਬੀਨ॥੨੦॥

ਸਾਰੇ ਜਹਾਨ ਵਿਚ ਤੁਹਾਡੀ ਬਹੁਤ ਸ਼ਲਾਘਾ ਹੋਵੇਗੀ, ਜਿਥੇ ਵੀ ਜਾਵੋਗੇ ਉਥੇ ਬਹੁਤ ਮਾਨ ਪ੍ਰਾਪਤ ਹੋਵੇਗਾ।" ਇਸ ਤਰ੍ਹਾਂ ਕਹਿ ਕੇ ਬਹੁਤ ਦਿਲਾਸਾ ਦਿੱਤਾ, ਸਾਰਿਆਂ ਨੂੰ ਨਾਲ ਲੈ ਕੇ ਆਇਆ॥੨੦॥

ਜਬਿ ਵਧਯੋ ਅੱਗ੍ਰ ਘੋਰਾ ਕੁਦਾਇ। ਤਬਿ ਬਿਧੀਚੰਦ ਸਤਿਗੁਰ ਮਨਾਇ।
ਕਰ ਧਨੁਖ ਧਾਰਿ ਤੀਰਨਿ ਪ੍ਰਹਾਰ। ਜੋ ਵਧਹਿ ਅੱਗ੍ਰ ਤਿਸ ਦੇਤਿ ਮਾਰਿ॥੨੧॥

ਜਦ ਘੋੜਾ ਟਪਾ ਕੇ ਅੱਗੇ ਵਧਿਆ ਤਦ ਬਿਧੀ ਚੰਦ ਨੇ ਸਤਿਗੁਰੂ ਜੀ ਨੂੰ ਧਿਆਇਆ। ਧਨੁੱਖ ਧਾਰ ਕੇ ਤੀਰ ਦੇ ਵਾਰ ਕੀਤੇ। ਜਿਹੜਾ ਵੀ ਅੱਗੇ ਵੱਧਦਾ ਸੀ, ਉਸ ਨੂੰ ਮਾਰ ਹੀ ਦਿੰਦਾ ਸੀ॥੨੧॥

ਅਪਨੋ ਤੁਰੰਗ ਤਹਿਂ ਫੇਰਿ ਫੇਰਿ। ਰਣ ਤੁਰਕ ਖਪਾਵਤਿ ਬੇਰਿ ਬੇਰਿ।
ਤਬਿ ਕ੍ਰੀਮਬਖਸ਼ ਬਰਛੀ ਸੰਭਾਰਿ। ਨਿਜ ਹਯ ਨਚਾਇ ਹਨਿ ਬਾਰਿ ਬਾਰਿ॥੨੨॥

ਆਪਣੇ ਘੋੜੇ ਨੂੰ ਉਸ ਥਾਂ ਫੇਰ ਫੇਰ, ਰਣ ਵਿਚ ਤੁਰਕਾਂ ਨੂੰ ਵਾਰੀ-ਵਾਰੀ ਮਾਰੀ ਜਾਂਦਾ ਸੀ। ਫਿਰ ਕਰੀਮ ਬਖਸ਼ ਨੇ ਬਰਛੀ ਸੰਭਾਲੀ ਤੇ ਆਪਣਾ ਘੋੜਾ ਨਚਾ ਕੇ ਬਾਰ-ਬਾਰ ਵਾਰ ਕੀਤੇ॥੨੨॥

ਜਿਸ ਕੇ ਸਹਾਇ ਖੱਤ੍ਰੀ ਸੁ ਦੁੰਦ। ਇਕ ਰਤਨਚੰਦ ਅਰੁ ਕਰਮਚੰਦ।
ਬਹੁ ਸੁਭਟ ਸੰਗ ਕਰਿ ਮਾਰਿ ਮਾਰਿ। ਹਤਿ ਕੈ ਹਥਯਾਰ ਦੇਂ ਅਵਿਨਿ ਡਾਰਿ॥੨੩॥

ਜਿਸ ਦੇ ਦੋ ਖੱਤਰੀ ਸਹਾਇਕ ਸਨ, ਇਕ ਦਾ ਨਾਂ ਰਤਨ ਚੰਦ ਸੀ ਤੇ ਦੂਸਰਾ ਕਰਮ ਚੰਦ ਸੀ। ਬਹੁਤ ਸੂਰਮੇ ਨਾਲ ਲੈ ਕੇ ਮਾਰੋ ਮਾਰ ਕਰ ਰਹੇ ਸਨ, ਹਥਿਆਰਾਂ ਨਾਲ ਕੱਟ ਕੇ ਧਰਤੀ ਤੇ ਸੁੱਟ ਦਿੰਦੇ ਸਨ॥੨੩॥

ਭੁਜੰਗ ਛੰਦ- ਘਨੇ ਸਿੱਖ ਆਏ ਪਰੇ ਦੌਰ ਐਸੇ। ਪਿਖੇ ਮਾਸ ਕੋ ਬਾਜ ਧਾਵੰਤਿ ਜੈਸੇ।
ਧਕਾ ਧੱਕ ਧੀਰੰ ਹਥਾ ਵੱਥ ਹੋਏ। ਕਰਾਚੋਲ ਬਾਹੈਂ ਉਟੈਂ ਢਾਲ ਕੋਏ॥੨੪॥

ਫਿਰ ਬਹੁਤ ਸਿੱਖ ਇਸ ਤਰ੍ਹਾਂ ਦੌੜ ਕੇ ਪੈ ਗਏ, ਜਿਵੇਂ ਮਾਸ ਨੂੰ ਵੇਖ ਕੇ ਬਾਜ਼ ਝਪਟਾ ਮਾਰਦਾ ਹੈ। ਧੀਰਜ ਵਾਲੇ ਸੂਰਮਿਆਂ ਨੂੰ ਧੱਕਮ-ਧੱਕਾ ਕੀਤਾ ਤੇ ਹੱਥੋਂ ਹੱਥ ਦੀ ਲੜਾਈ ਛਿੜ ਪਈ। ਤਲਵਾਰਾਂ ਚਲਾਉਂਦੇ ਸਨ, ਕਈ ਢਾਲ ਦਾ ਆਸਰਾ ਲੈ ਕੇ ਤਲਵਾਰ ਵਾਹੁੰਦੇ ਸਨ॥੨੪॥

ਤੁਟੈਂ ਤੀਖ ਤੇਗੇ ਲਗੈਂ ਲੋਹ ਊਪੈ। ਕਿਤੇ ਅੰਗ ਕਾਟੇ ਗਿਰੈਂ ਸੂਰ ਭੂ ਪੈ।
ਮਹਾਂ ਲੋਥ ਪੋਥਾਨਿ ਹੋਈ ਕਰਾਲਾ। ਬਹਯੋ ਸ੍ਰੋਣ ਜਾਤੋ ਧਰਾ ਰੰਗ ਲਾਲਾ॥੨੫॥

ਲੋਹੇ ਦੇ ਉਤੇ ਲੱਗਣ ਨਾਲ ਤਿੱਖੇ ਤੇਗੇ ਟੁੱਟ ਰਹੇ ਸਨ, ਕਿਤੇ ਅੰਗ ਕੱਟ ਕੇ ਸੂਰਮੇ ਧਰਤੀ ਤੇ ਡਿੱਗੇ ਪਏ ਸਨ। ਵਿਕਰਾਲ ਲੋਥ ਪੋਥ ਪਈ ਹੋਈ ਸੀ। ਖੂਨ ਬਹਿ ਰਿਹਾ ਸੀ ਤੇ ਸਾਰੀ ਧਰਤੀ ਲਾਲ ਹੋ ਗਈ ਸੀ॥੨੫॥

ਕਰਯੋ ਖਾਨ ਹੇਲਾ ਗੁਰੂ ਸੂਰ ਹਾਲੇ। ਪਰੇ ਸ਼ੱਤ੍ਰ ਬ੍ਰਿੰਦੰ ਕਹਾਂ ਤੀਕ ਝਾਲੈਂ।
ਛੁਟਾਈ ਛਿਤੰ ਕੋ ਤਹਾਂ ਤੀਕ ਆਏ। ਨਬਾਬੰ ਤਨੂਜੰ ਪਰਯੋ ਜੌਨ ਥਾਏਂ॥੨੬॥

ਫਿਰ ਖਾਨ ਨੇ ਹਮਲਾ ਕੀਤਾ ਤਾਂ ਗੁਰੂ ਜੀ ਦੇ ਸੂਰਮੇ ਹਿੱਲ ਗਏ, ਬਹੁਤ ਵੈਰੀ ਇਕੱਠੇ ਹੋ ਕੇ ਪੈ ਗਏ, ਕਿਥੋਂ ਤਕ ਝੱਲਦੇ। ਜਿਥੋਂ ਤਕ ਧਰਤੀ ਛੁਡਵਾਈ ਸੀ, ਉਥੋਂ ਤੱਕ ਆ ਗਏ, ਜਿਸ ਥਾਂ ਨਵਾਬ ਦਾ ਵੱਡਾ ਪੁੱਤਰ ਕਟਿਆ ਪਿਆ ਸੀ॥੨੬॥

ਪਿਖ੍ਯੋ ਭ੍ਰਾਤ ਜੇਠਾ ਕਟੇ ਅੰਗ ਡਾਲਾ। ਪਰ੍ਯੋ ਧੂਰ ਮੈਂ ਤੁੰਡ ਮੁੰਡੈ ਕਰਾਲਾ।
ਗਿਰ੍ਯੋ ਨੈਨ ਤੇ ਨੀਰ ਰੋਦੰਤਿ ਹੇਰੇ। ਪੁਨੰ ਜੁੱਧ ਕੋ ਕੋਪ ਕੀਨੋ ਘਨੇਰੇ॥ ੨੭॥

ਕਰੀਮ ਬਖਸ਼ ਨੇ ਉੱਥੇ ਆ ਕੇ ਆਪਣੇ ਵੱਡੇ ਭਰਾ ਨੂੰ ਵੇਖਿਆ ਜਿਹੜਾ ਕੱਟੇ ਹੋਏ ਅੰਗਾਂ ਨਾਲ ਪਿਆ ਸੀ, ਉਸ ਦੀ ਲੋਥ ਧੂੜ ਵਿਚ ਲਿਬੜੀ ਸੀ ਤੇ ਤੁੰਡ ਮੁੰਡ ਹੋਇਆ ਵਿਕਰਾਲ ਦਿਖਾਈ ਦੇ ਰਿਹਾ ਸੀ। ਕਰੀਮ ਬਖਸ਼ ਦੀਆਂ ਅੱਖਾਂ ਵਿਚ ਜਲ ਵਹਿ ਤੁਰਿਆ ਤੇ ਉਸ ਰੋ ਕੇ ਭਰਾ ਨੂੰ ਵੇਖਿਆ, ਫਿਰ ਗੁੱਸੇ ਵਿਚ ਆ ਕੇ ਘੋਰ ਜੁੱਧ ਕੀਤਾ॥੨੭॥

ਦਬਾਏ ਅਗਾਰੀ, ਪ੍ਰਹਾਰੇ, ਭਜਾਏ। ਨਹੀਂ ਪਾਇ ਜਾਮੇ ਘਨੇ ਸ਼ੱਤ੍ਰੂ ਆਏ।
ਮਰੇ ਸੈਂਕਰੇ ਸੂਰ ਖੇਤੰ ਮਝਾਰਾ। ਨਬਾਬੰ ਤਨੂਜੰ ਕਰ੍ਯੋ ਜੰਗ ਭਾਰਾ॥ ੨੮॥

ਅੱਗੋ ਦਬਾਏ, ਵਾਰ ਕੀਤੇ ਤੇ ਭਜਾਏ, ਕਿਸੇ ਦਾ ਪੈਰ ਨਹੀਂ ਸੀ ਜੰਮਦਾ ਬਹੁਤ ਵੈਰੀ ਅੱਗੋ ਆਏ। ਰਣਖੇਤਰ ਵਿਚ ਸੈਂਕੜੇ ਸੂਰਮੇ ਮਾਰੇ ਗਏ, ਨਵਾਬ ਦੇ ਪੁੱਤਰ ਨੇ ਭਾਰੀ ਜੁੱਧ ਕੀਤਾ॥੨੮॥

ਰਿਦੇ ਸ਼ੋਕ ਤੇ ਕੋਪ ਜਾਗ੍ਯੋ ਬਡੇਰੇ। ਭਜੇ ਸਿੱਖ ਥੋਰੇ ਬਿਧੀਚੰਦ ਹੇਰੇ।
ਤਬੈ ਚਾਪ ਤੇ ਤੀਰ ਤੀਖੇ ਪ੍ਰਹਾਰੇ। ਲਗੇ ਸ਼ੱਤ੍ਰੂ ਕੇ ਅੰਗ ਪਾਰੈ ਪਧਾਰੇ॥ ੨੯॥

ਹਿਰਦੇ ਵਿਚ ਸ਼ੋਕਸਾਰ ਹੋਣ ਕਰਕੇ ਭਾਰੀ ਕ੍ਰੋਧ ਜਾਗਿਆ, ਕੁਝ ਭੱਜ ਰਹੇ ਸਿੱਖਾਂ ਨੂੰ ਬਿਧੀ ਚੰਦ ਨੇ ਵੇਖਿਆ। ਫਿਰ ਉਸ ਕਮਾਨ ਤੋਂ ਤਿੱਖੇ ਤੀਰ ਚਲਾਏ, ਉਹ ਵੈਰੀਆਂ ਦੇ ਅੰਗਾਂ ਨੂੰ ਲੱਗੇ ਤੇ ਉਹ ਪਾਰ ਪੈ ਗਏ॥੨੯॥

ਲਿਯੋ ਰੋਕ ਆਗਾ ਜਥਾ ਦੇ ਕਪਾਟੇ। ਕਰੇ ਸਿੱਖ ਪੀਛੇ ਬਡੇ ਖਾਨ ਡਾਟੇ।
ਉਥੱਲੇ, ਪਥੱਲੇ, ਲਥੇਰੇ, ਪਥੇਰੇ। ਪਰੀ ਧੂਮ ਭਾਰੀ ਪੁਕਾਰੈਂ ਘਨੇਰੇ॥ ੩੦॥

ਅੱਗੇ ਵਧਦਿਆਂ ਨੂੰ ਰੋਕ ਲਿਆ ਮਾਨੋਂ ਕਿਵਾੜ ਬੰਦ ਕਰ ਦਿੱਤੇ ਹੋਣ, ਸਿੱਖਾਂ ਨੂੰ ਪਿੱਛੇ ਕਰਕੇ ਵੱਡੇ ਖਾਨਾਂ ਨੂੰ ਡਾਂਟਿਆ, ਵੈਰੀ ਨੂੰ ਉਥੱਲ ਪੁੱਥਲ ਕਰਕੇ ਹਿਲਾ ਦਿੱਤਾ, ਭਾਰੀ ਧੁੰਮ ਪਈ ਬਹੁਤ ਉੱਚੀ-ਉੱਚੀ ਪੁਕਾਰ ਰਹੇ ਸਨ॥੩੦॥

ਲਏ ਰੋਕ ਸਾਰੇ ਇਸੀ ਰੀਤਿ ਜਾਨੋ। ਹੜ੍ਹੰ ਨੀਰ ਕੋ ਸੈਲ ਜੈਸੇ ਮਹਾਨੋ।
ਜਥਾ ਜੰਗ ਥੰਭਾ ਬਿਧੀਚੰਦ ਹੋਵਾ। ਕਰੀਮੂ ਬਡੋ ਜ਼ੋਰ ਦੈ ਕੈ ਸੁ ਜੋਵਾ॥ ੩੧॥

ਇਸ ਰੀਤੀ ਨਾਲ ਸਾਰੇ ਰੋਕ ਲਏ ਜਿਵੇਂ ਮਹਾਨ ਪਾਣੀ ਦੇ ਹੜ ਨੂੰ ਰੋਕ ਲਿਆ ਹੋਵੇ, ਮਾਨੋਂ ਬਿਧੀ ਚੰਦ ਜੰਗ ਦੇ ਮੈਦਾਨ ਵਿਚ ਥੰਮੇ ਵਾਂਗ ਗਡਿਆ ਗਿਆ ਸੀ, ਕਰੀਮ ਨੇ ਬੜਾ ਜ਼ੋਰ ਲਾਉਂਦਾ ਉਸ ਵੇਖਿਆ ਤਾਂ ਕਿਹਾ॥੩੧॥

'ਖਰੋ ਹੋਹੁ ਗੀਦੀ ਕਹਾਂ ਜਾਤਿ ਆਗੇ?। ਲਰੋ ਸੰਗ ਮੇਰੇ ਚਹੈਂ ਪ੍ਰਾਣ ਤਜਾਗੇ'।
ਸੁਨੀ ਬਾਤ ਕਾਨੰ ਕਰੀਮੂ ਰਿਸਾਯੋ। ਗਹ੍ਯੋ ਸੇਲ ਤੀਖੇ ਤੁਰੰਗੈਂ ਧਵਾਯੋ॥ ੩੨॥

"ਖੜੇ ਹੋ ਕਾਇਰ ਅੱਗੇ ਕਿਥੇ ਜਾਂਦਾ ਹੈਂ, ਮੇਰੇ ਨਾਲ ਲੜੋ ਜੇ ਪ੍ਰਾਣ ਤਿਆਗਣੇ ਚਾਹੁੰਦਾ ਹੈਂ।" ਕਰੀਮ ਇਹ ਗੱਲ ਸੁਣ ਕੇ ਬੜੇ ਗੁੱਸੇ ਵਿਚ ਆਇਆ, ਉਸ ਤਿੱਖੇ ਨੇਜ਼ੇ ਨੂੰ ਫੜਿਆ ਤੇ ਘੋੜੇ ਨੂੰ ਫੇਰਿਆ॥੩੨॥

ਬਿਧੀਚੰਦ ਕੇ ਨੇਰ ਢੂਕ੍ਯੋ ਸੁ ਆਈ। ਪ੍ਰਹਾਰ੍ਯੋ ਤਬੈ ਸਾਮੁਹੇ ਓਜ ਲਾਈ।
ਲਗ੍ਯੋ ਜ਼ੀਨ ਬੀਚੰ ਖੁਗੀਨੰ ਪਰੋਯੋ। ਗੁਰੂ ਜੀ ਬਚਾਯੋ, ਸਹਾਈ ਸੁ ਹੋਯੋ॥ ੩੩॥

ਬਿਧੀ ਚੰਦ ਦੇ ਨੇੜੇ ਆ ਗਿਆ ਤੇ ਬੜੇ ਜ਼ੋਰ ਨਾਲ ਸਾਹਮਣੇ ਆ ਕੇ ਵਾਰ ਕੀਤਾ ਜਿਹੜਾ ਕਾਠੀ ਦੇ ਵਿਚ ਆ ਕੇ ਲੱਗਾ। ਗੁਰੂ ਜੀ ਨੇ ਸਹਾਈ ਹੋ ਕੇ ਬਚਾਇਆ॥੩੩॥

ਨਿਕਾਸ੍ਯੋ ਦੁਧਾਰਾ ਸੁ ਖੰਡਾ ਪ੍ਰਚੰਡੰ। ਕਟ੍ਯੋ ਸੇਲ ਗੇਰ੍ਯੋ ਭਏ ਦੋਇ ਖੰਡੰ।
ਕਹ੍ਯੋ 'ਜਾਹੁ ਨਾਂਹੀ ਮਮੰ ਵਾਰ ਦੀਜੈ। ਨਹੀਂ ਜਾਨਿ ਦੈ ਹੋਂ ਥਿਰੋ ਜੰਗ ਕੀਜੈ॥ ੩੪॥

ਫਿਰ ਬਿਧੀ ਚੰਦ ਨੇ ਪ੍ਰਚੰਡ ਦੁਧਾਰੇ ਖੰਡੇ ਨੂੰ ਕਢਿਆ ਤੇ ਨੇਜ਼ੇ ਨੂੰ ਕੱਟ ਦਿੱਤਾ, ਤੇ ਉਸ ਦੇ ਦੋ ਟੋਟੇ ਹੋ ਗਏ ਤੇ ਫਿਰ ਕਿਹਾ, 'ਹੁਣ ਭੱਜ ਨਹੀਂ ਮੈਨੂੰ ਵੀ ਵਾਰ ਦੇਵੇ, ਮੈਂ ਜਾਣ ਨਹੀਂ ਦੇਵਾਂਗਾ, ਖੜੇ ਹੋ ਕੇ ਜੰਗ ਕਰੋ॥੩੪॥

ਗਜੈ ਗਾਹ ਬੰਧ ਪੁਨੰ ਭਾਗ ਜਾਨੋ। ਨਹੀਂ ਬਾਤਿ ਆਛੀ ਕਰੀ ਲਾਜ ਹਾਨੋ।
ਕਰੀਮੂ ਰਿਸਜੋ ਮੋਰਿ ਘੋਰਾ ਸੁ ਆਯੋ। ਮਨੋ ਪੂਛ ਤੇ ਨਾਗ ਕਾਹੂੰ ਦਬਾਯੋ॥੩੫॥

ਗਾਨਾ ਬੰਨ੍ਹ ਕੇ ਆਇਆ ਹੈਂ, ਫਿਰ ਵੀ ਭੱਜ ਚਲਿਆ ਹੈਂ, ਇਹ ਗੱਲ ਤੂੰ ਚੰਗੀ ਨਹੀਂ ਕੀਤੀ, ਤੇ ਲਾਜ ਨਹੀਂ ਰੱਖੀ ਹੈ' ਕਰੀਮ ਗੁੱਸੇ ਵਿਚ ਆ ਕੇ ਘੋੜਾ ਮੋੜ ਕੇ ਲਿਆਇਆ, ਮਾਨੋਂ ਨਾਗ ਦੀ ਕਿਸੇ ਪੂਛ ਦਬਾਈ ਹੋਵੇ॥੩੫॥

ਲਯੋ ਖੈਂਚ ਤੇਗ਼ਾ ਹਤੋਂ ਚੀਤ ਚਾਹਜੋ। ਇਤੇ ਮੈਂ ਬਿਧੀਚੰਦ ਨੇ ਵਾਰ ਬਾਹਜੋ।
ਕਰੀ ਢਾਲ ਆਗੈ ਬਚਜੋ ਅੰਗ ਸਾਰੇ। ਕਰੀਮੂ ਰਿਸਜੋ ਫੇਰਕੈ ਵਾਰ ਝਾਰੇ॥੩੬॥

ਉਸ ਨੇ ਤੇਗ਼ਾ ਖਿੱਚ ਲਿਆ, ਮੈਂ ਮਾਰਾਂਗਾ ਚਿੱਤ ਵਿਚ ਚਾਹਿਆ, ਏਨੇ ਵਿਚ ਬਿਧੀ ਚੰਦ ਨੇ ਆਪਣਾ ਵਾਰ ਕੀਤਾ, ਕਰੀਮ ਨੇ ਢਾਲ ਅੱਗੇ ਕਰ ਲਈ ਸਾਰੇ ਅੰਗਾਂ ਸਮੇਤ ਬਚ ਗਿਆ। ਕਰੀਮ ਗੁੱਸੇ ਵਿਚ ਆਇਆ ਤੇ ਘੋੜਾ ਫੇਰ ਕੇ ਫਿਰ ਵਾਰ ਕੀਤਾ॥੩੬॥

ਬਿਧੀਚੰਦ ਨੇ ਤੇਗ ਪੈ ਤੇਗ ਲੀਨੀ। ਕ੍ਰੁਪਜੋ ਲਾਲ ਨੈਨੰ ਪੁਨੰ ਘਾਤਿ ਚੀਨੀ।
ਤੁਰੰਗੋ ਤ੍ਰਪਾਯੋ ਤਬੈ ਦੰਤ ਪੀਸੰ। ਪ੍ਰਹਾਰਜੋ ਸ ਜ਼ੋਰੰ, ਕਟਜੋ ਸ਼ੱਤ੍ਰ ਸੀਸੰ॥੩੭॥

ਬਿਧੀ ਚੰਦ ਨੇ ਤੇਗ ਦੇ ਤੇਗ ਲੈ ਲਈ, ਗੁੱਸੇ ਵਿਚ ਆ ਕੇ ਉਸ ਦੇ ਨੈਣ ਲਾਲ ਹੋ ਗਏ ਤੇ ਫਿਰ ਦਾਅ ਵੇਖਿਆ। ਦੰਦ ਪੀਹ ਕੇ ਫਿਰ ਘੋੜੇ ਨੂੰ ਟਪਾਇਆ, ਫਿਰ ਸਾਰੇ ਜ਼ੋਰ ਨਾਲ ਵਾਰ ਕੀਤਾ ਤੇ ਵੈਰੀ ਦਾ ਸਿਰ ਕੱਟ ਕੇ ਸੁੱਟ ਦਿੱਤਾ॥੩੭॥

ਕਰੀਮੂ ਗਿਰਜੋ ਭੂਮਿ ਝੂਮਜੋ ਜੁਝਾਰਾ। ਬਿਧੀਚੰਦ ਗਾਜਾ ਮਨੋ ਸ਼ੇਰ ਭਾਰਾ।
ਹਟੇ ਖਾਨ ਪੀਛੇ ਜਬੈ ਮ੍ਰਿਤੁ ਦੇਖਾ। ਨਹੀਂ ਧੀਰ ਬਾਂਧੀ ਸੁ ਤ੍ਰਾਸੇ ਵਿਸ਼ੇਖਾ॥੩੮॥

ਜਦ ਕਰੀਮੂ ਜ਼ਮੀਨ ਤੇ ਡਿਗਾ ਤਾਂ ਸੂਰਬੀਰ ਝੂਮ ਉਠਿਆ, ਫਿਰ ਬਿਧੀ ਚੰਦ ਇਸ ਤਰ੍ਹਾਂ ਗਜਿਆ ਜਿਵੇਂ ਭਾਰੀ ਸ਼ੇਰ ਹੋਵੇ। ਜਦ ਕਰੀਮੂ ਨੂੰ ਮਰਦੇ ਵੇਖਿਆ ਤਾਂ ਖਾਨ ਪਿੱਛੇ ਹਟ ਗਏ ਉਨ੍ਹਾਂ ਫਿਰ ਧੀਰਜ ਨਾ ਧਾਰਨ ਕੀਤਾ, ਬਹੁਤ ਡਰ ਗਏ॥੩੮॥

ਤਬੈ ਦੋਇ ਖੱਤ੍ਰੀ ਦੁਖੀ ਹੋਇ ਹਾਲੇ। ਹਟੇ ਪਾਂਇ ਪਾਛੈ ਨਹੀਂ ਅੱਗ੍ਰ ਘਾਲੇ।
ਉਭੈ ਪੁੱਤ੍ਰ ਸੂਬੇ ਇਨੋਂ ਮਾਰਿ ਦੀਨੇ। ਬਚੈ ਕੌਨ ਆਗੇ ਭਏ ਦੀਨ ਹੀਨੇ॥੩੯॥

ਤਦ ਦੋਵੇਂ ਖੱਤਰੀ ਦੁਖੀ ਹੋ ਕੇ ਹਿੱਲ ਗਏ, ਉਹ ਪਿੱਛੇ ਹਟ ਗਏ ਤੇ ਅੱਗੇ ਨਾ ਵਧੇ। ਇਸ ਤਾਂ ਸੂਬੇ ਦੇ ਪੁੱਤਰ ਨੂੰ ਹੀ ਮਾਰ ਦਿੱਤਾ ਹੈ, ਇਸ ਦੇ ਅੱਗੇ ਹੋ ਕੇ ਕੌਣ ਬਚ ਸਕਦਾ ਹੈ, ਦੋਵੇਂ ਬੜੇ ਦੀਨ ਹੋ ਗਏ॥੩੯॥

ਦੋਹਰਾ-ਰਨ ਕੇ ਸਨਮੁਖ ਹੋਤਿ ਨਹਿਂ ਮਹਾਂ ਤ੍ਰਾਸ ਕੋ ਪਾਇ।
ਉਤ ਨਬਾਬ ਤੇ ਡਰਤਿ ਹੈਂ ਤਿਸ ਕੇ ਨਿਕਟਿ ਨ ਜਾਇਂ॥੪੦॥

ਰਣਖੇਤਰ ਦੇ ਸਾਹਮਣੇ ਨਹੀਂ ਸੀ ਹੁੰਦੇ, ਬਹੁਤ ਡਰ ਗਏ ਸਨ ਨਵਾਬ ਤੋਂ ਡਰਦੇ ਸਨ, ਇਸ ਕਰਕੇ ਉਸ ਦੇ ਪਾਸ ਵੀ ਨਹੀਂ ਜਾ ਸਕਦੇ ਸਨ॥੪੦॥

ਬੁਰੀ ਭਈ ਚਿਤ ਚਿਤਵਤੇ, ਟਰੇ ਅਪਰ ਹੀ ਥਾਨ।
ਚਮੂੰ ਪਲਾਈ ਸਕਲ ਹੀ ਹਤਿ ਸੁਤ ਅਬਦੁਲ ਖਾਨ॥੪੧॥

ਸਾਡੇ ਨਾਲ ਬਹੁਤ ਬੁਰੀ ਹੋਈ ਹੈ, ਦੋਵੇਂ ਚਿੱਤ ਵਿਚ ਸੋਚਦੇ ਸਨ, ਕਿਸੇ ਹੋਰ ਹੀ ਥਾਂ ਚਲੇ ਗਏ, ਅਬਦੁਲ ਖਾਂ ਦੇ ਪੁੱਤਰ ਦੇ ਕਤਲ ਹੋਣ ਤੋਂ ਬਾਅਦ ਸਾਰੀ ਫੌਜ ਭੱਜ ਗਈ॥੪੧॥

ਚੌਪਈ- ਨਬੀ ਬਖਸ਼ ਕੋ ਪੂਰਬਿ ਮਾਰਜੋ। ਪੁਨਹੁ ਕਰੀਮ ਬਖਸ਼ ਹਨਿ ਡਾਰਜੋ।
ਭਾਗੀ ਤੁਰਕ ਬਾਹਨੀ ਸਾਰੀ। ਬਿਧੀਚੰਦ ਤਬਿ ਪਰਜੋ ਪਿਛਾਰੀ॥੪੨॥

ਪਹਿਲਾਂ ਨਬੀਬਖਸ਼ ਨੂੰ ਮਾਰਿਆ, ਫਿਰ ਕਰੀਮ ਬਖਸ਼ ਨੂੰ ਮਾਰ ਸੁਟਿਆ। ਸਾਰੀ ਤੁਰਕ ਸੈਨਾ ਭੱਜ ਗਈ, ਬਿਧੀ ਚੰਦ ਫਿਰ ਉਨ੍ਹਾਂ ਦੇ ਪਿੱਛੇ ਪੈ ਗਿਆ॥੪੨॥

ਕਟਹਿਂ ਖੜਗ ਸੋਂ ਹਾ ਹਾ ਕਰਿਹੀਂ। ਕਿਤਿਕ ਦੋਰਤੇ ਗਿਰ ਗਿਰ ਪਰਿਹੀਂ।
ਚਮਕੀ ਘਨੀ ਕ੍ਰਿਪਾਨੈਂ ਨੰਗੀ। ਥਹਿਰਤਿ ਹਾਥਨਿ ਸ਼੍ਰੋਣਤਿ ਰੰਗੀ॥ ੪੩॥

ਤਲਵਾਰਾਂ ਨਾਲ ਜਦ ਕੱਟਦੇ ਸਨ ਤਾਂ ਹਾ-ਹਾ ਕਰਦੇ ਸਨ, ਕਈ ਭੱਜਦੇ ਹੀ ਡਿੱਗ-ਡਿੱਗ ਪੈਂਦੇ ਸਨ, ਨੰਗੀਆਂ ਤਲਵਾਰਾਂ ਬਹੁਤ ਚਮਕੀਆਂ, ਲਹੂ ਰੰਗੀਆਂ ਤਲਵਾਰਾਂ ਹੱਥਾਂ ਵਿਚ ਲਹਿਰਾਉਂਦੇ ਸਨ॥੪੩॥

ਬਿਧੀਚੰਦ ਸੰਗ ਸਿੱਖ ਘਨੇਰੇ। ਜਗਨਾ ਮੋਲਕ ਹਯ ਬਡ ਪ੍ਰੇਰੇ।
ਜਮੇ ਹਾਥ ਕਬਜ਼ਿਨ ਕੇ ਸੰਗ। ਲਿਪਟਜੋ ਲਹੂ ਲਾਲ ਸਰਬੰਗ॥ ੪੪॥

ਬਿਧੀ ਚੰਦ ਨਾਲ ਬਹੁਤ ..ਖ ਸਨ, ਜਗਨੇ ਅਤੇ ਮੋਲਕ ਨੇ ਆਪਣੇ ਘੋੜਿਆਂ ਨੂੰ ਛੇੜਿਆ, ਹੱਥ ਤਲਵਾਰਾਂ ਦੀਆਂ ਮੁਠਾਂ ਨਾਲ ਜਮੇ ਹੋਏ ਸਨ ਸਾਰੀਆਂ ਲਹੂ ਨਾਲ ਭਿੱਜੀਆਂ ਲਾਲ ਹੋਈਆਂ ਸਨ॥੪੪॥

ਭਾਜੇ ਖਾਨ ਤ੍ਰਾਸ ਬਹੁ ਧਾਰਾ। ਤਬਿ ਨਬਾਬ ਲਗਿ ਪਰੀ ਪੁਕਾਰਾ।
'ਕਜਾ ਦੇਖਤਿ ਹੋ ਥਿਰੇ ਤਮਾਸ਼ਾ। ਪੁੱਤ੍ਰ ਦੂਸਰੋ ਭਯੋ ਬਿਨਾਸ਼ਾ॥ ੪੫॥

ਖਾਨ ਬਹੁਤ ਡਰ ਧਾਰ ਕੇ ਭੱਜ ਗਏ। ਤਦ ਨਵਾਬ ਪਾਸ ਜਾ ਕੇ ਕਿਸੇ ਨੇ ਪੁਕਾਰ ਕੀਤੀ, "ਏਥੇ ਖੜੇ ਕੀ ਤਮਾਸ਼ਾ ਵੇਖ ਰਹੇ ਹੋ, ਤੁਹਾਡਾ ਦੂਸਰਾ ਪੁੱਤਰ ਵੀ ਮਾਰਿਆ ਗਿਆ ਹੈ॥੪੫॥

ਆਗੇ ਵਧਿ ਏਕੋ ਲਰਿ ਮਰਜੋ। ਸਕਲ ਭਜਾਏ .ਕੋਇ ਨ ਅਰਜੋ।
ਇਕ ਗੁਰ ਕੇ ਦਲ ਤੇ ਭਟ ਆਯੋ। ਦੁਹਨਿ ਖੜਗ ਕੋ ਜੰਗ ਮਚਾਯੋ॥ ੪੬॥

ਅੱਗੇ ਵਧ ਕੇ ਇਕੱਲਾ ਲੜ ਮਰਿਆ ਹੈ, ਸਭ ਵੈਰੀਆਂ ਨੂੰ ਭਜਾ ਦਿੱਤਾ ਤੇ ਕੋਈ ਵੀ ਉਸ ਅੱਗੇ ਅੜਿਆ ਨਹੀਂ। ਫਿਰ ਗੁਰੂ ਜੀ ਦੇ ਦਲ ਤੋਂ ਇਕ ਸੂਰਬੀਰ ਆਇਆ, ਦੋਹਾਂ ਨੇ ਆਪਸ ਵਿਚ ਤਲਵਾਰ ਯੁੱਧ ਕੀਤਾ॥੪੬॥

ਤਿਸ ਨੇ ਸੀਸ ਕਾਟ ਕਰਿ ਗੇਰਾ। ਲਸ਼ਕਰ ਪਿਖਿ ਭਾਜਜੋ ਤਬਿ ਤੇਰਾ।
ਸੁਨਤਿ ਨਬਾਬ ਸ਼ੋਕ ਧਰਿ ਭਾਰੀ। ਬਹਜੋ ਬਿਲੋਚਨ ਤੇ ਬਹੁ ਬਾਰੀ॥ ੪੭॥

ਉਸ ਨੇ ਤੁਹਾਡੇ ਪੁੱਤਰ ਦਾ ਸੀਸ ਕੱਟ ਕੇ ਡੇਗ ਦਿੱਤਾ, ਤੁਹਾਡਾ ਲਸ਼ਕਰ ਇਹ ਵੇਖ ਕੇ ਭੱਜ ਉਠਿਆ।" ਇਹ ਸੁਣ ਕੇ ਨਵਾਬ ਬਹੁਤ ਦੁਖੀ ਹੋਇਆ, ਅੱਖਾਂ ਵਿਚੋਂ ਬਹੁਤ ਪਾਣੀ ਵਗਿਆ॥੪੭॥

*ਛੇਵੀਂ ਰਾਸ ਦਾ ਉਣਤਾਲੀਵਾਂ ਅਧਿਆਇ ਸਮਾਪਤ ਹੋਇਆ॥੩੯॥*

# ਅਧਿਆਇ ਚਾਲੀਵਾਂ

## ਅਬਦੁਲਖਾਂ ਦੀ ਚੜ੍ਹਾਈ

ਦੋਹਰਾ- ਪੁੱਤ੍ਰ ਮਰੇ ਤੇ ਸ਼ੋਕ ਭਾ ਰੁਦਤਿ ਨਬਾਬ ਬਿਸਾਲ।
ਤਿਸ ਛਿਨ ਕੋ ਪਛੁਤਾਵਤੇ ਜਬਿ ਚਢਿ ਆਇ ਉਤਾਲ॥ ੧ ॥

ਅਬਦੁਲ ਖਾਂ ਪੁੱਤਰ ਮਰਨ ਤੇ ਬਹੁਤ ਦੁੱਖੀ ਹੋਇਆ ਤੇ ਬਹੁਤ ਰੋਂਦਾ ਸੀ, ਉਸ ਛਿਣ ਤੇ ਪਛੁਤਾਉਂਦਾ ਸੀ ਜਦ ਝਟ ਹੀ ਚੜ੍ਹਾਈ ਕਰਕੇ ਆ ਗਿਆ॥੧॥

ਚੌਪਈ- ਇਮ ਦੇਖਜੋ ਜਬਿ ਅਬਦੁਲਖਾਨ। ਲੋਕ ਲਰਨਿ ਤੇ ਹਟੇ ਮਹਾਨ।
ਆਪ ਆਪਿ ਕੋ ਥਿਰੇ ਪਿਛੇਰੇ। ਕੋ ਕੋ ਚਲਹਿ ਤੁਪਕ ਤਿਸ ਬੇਰੇ॥ ੨ ॥

ਜਦ ਅਬਦੁਲ ਖਾਨ ਨੇ ਵੇਖਿਆ ਕਿ ਉਸ ਦੀ ਸੈਨਾ ਲੜਨ ਤੋਂ ਹਟ ਗਈ ਹੈ ਤੇ ਪਿੱਛੇ ਹੋ ਹੋ ਖਲੋ ਗਏ ਹਨ, ਉਸ ਸਮੇਂ ਕੋਈ-ਕੋਈ ਬੰਦੂਕ ਚਲਦੀ ਸੀ॥੨॥

ਜੰਗ ਉਝਾਰ ਸਮਾਨ ਬਿਲੋਕਾ। ਪਿਖਿ ਨਬਾਬ ਕੋ ਸਭਿ ਕੋ ਸ਼ੋਕਾ।
ਦੋਨਹੁਂ ਖਤ੍ਰੀ ਢਿਗ ਚਲਿ ਆਏ। ਜਿਨਹੁਂ ਲਰਨਿ ਕੋ ਸਰਬ ਚਢਾਏ॥ ੩ ॥

ਜੰਗ ਨੂੰ ਉਜਾੜ ਸਮਾਨ ਵੇਖਿਆ, ਨਵਾਬ ਨੂੰ ਵੇਖ ਕੇ ਸਭ ਨੂੰ ਦੁੱਖ ਉਪਜਦਾ ਸੀ, ਕਿਉਂਕਿ ਨਵਾਬ ਦੇ ਦੋਵੇਂ ਪੁੱਤਰ ਮਾਰੇ ਗਏ ਸਨ। ਫਿਰ ਦੋਵੇਂ ਖੱਤਰੀ ਚਲ ਕੇ ਉਸ ਪਾਸ ਆਏ ਜਿਨ੍ਹਾਂ ਨੇ ਲੜਾਈ ਵਾਸਤੇ ਸਾਰੀ ਚੜ੍ਹਾਈ ਕਰਵਾਈ ਸੀ॥੩॥

ਕਰਹਿਂ ਤ੍ਰਾਸ ਥਿਰ ਦੂਰਿ ਰਹੇ ਹੈਂ। ਮਰੇ ਬਹੁਤ ਲਘੁ ਜਿਯਤਿ ਲਹੇ ਹੈਂ।
ਕਿਤਿਕ ਬਾਰਿ ਲੌ ਰੁਦਤਿ ਖਿਰਜੋ ਹੈ। ਬਹੁਰ ਨਬਾਬ ਬਿਚਾਰ ਕਰਜੋ ਹੈ॥ ੪ ॥

ਡਰਦੇ ਹੋਏ ਦੂਰ ਹੀ ਖੜੇ ਰਹੇ ਹਨ, ਵੱਡੀ ਗਿਣਤੀ ਵਿਚ ਮਰ ਗਏ ਹਨ, ਥੋੜ੍ਹੇ ਹੀ ਜੀਉਂਦੇ ਬਚੇ ਹਨ, ਕਾਫ਼ੀ ਦੇਰ ਤਕ ਨਵਾਬ ਰੋਂਦਾ ਹੋਇਆ ਖੜਾ ਰਿਹਾ, ਫਿਰ ਉਸ ਨੇ ਵਿਚਾਰ ਕੀਤੀ॥੪॥

'ਸਭਿ ਲਸ਼ਕਰ ਕੋ ਅਹੋਂ ਅਧਾਰਾ। ਬਿਦਤਹਿ ਬਾਤ 'ਗੁਰੂ ਤੇ ਹਾਰਾ'।
ਸ਼ਾਹੁ ਜਹਾਂ ਸੁਨਿ ਦੇਹਿ ਨਿਕਾਰਾ। ਕਹਾਂ ਰਹੋਂ ਮੈਂ ਖਾਇ ਅਹਾਰਾ॥ ੫ ॥

"ਸਾਰੀ ਫੌਜ ਦਾ ਮੈਂ ਆਸਰਾ ਹਾਂ, ਇਹ ਗੱਲ ਪ੍ਰਗਟ ਹੋ ਜਾਵੇਗੀ ਕਿ ਮੈਂ ਗੁਰੂ ਤੋਂ ਹਾਰ ਗਿਆ ਹਾਂ, ਸ਼ਾਹ ਜਹਾਨ ਇਹ ਸੁਣ ਕੇ ਮੈਨੂੰ ਨੌਕਰੀ ਤੋਂ ਕੱਢ ਦੇਵੇਗਾ, ਫਿਰ ਮੈਂ ਕਿੱਥੇ ਰਹਿ ਕੇ ਗੁਜ਼ਾਰਾ ਕਰਾਂਗਾ॥੫॥

ਪੁੱਤ੍ਰ ਗਏ ਮਰਿ ਬੀਰ ਬਿਸਾਲੇ। ਧਿਕ ਜੀਵਨ ਮੇਰੋ ਇਸ ਕਾਲੇ।
ਹਰਿਗੁਵਿੰਦ ਕੋ ਗਹੋਂ ਕਿ ਮਾਰੋਂ। ਤੋ ਜੀਵਨਿ ਕੋ ਨੀਕ ਨਿਹਾਰੋਂ॥ ੬ ॥

ਮੇਰੇ ਵੱਡੇ ਸੂਰਬੀਰ ਪੁੱਤਰ ਮਾਰੇ ਗਏ ਹਨ, ਇਸ ਸਮੇਂ ਮੇਰੇ ਜੀਵਨ ਨੂੰ ਧਿਰਕਾਰ ਹੈ। ਸ੍ਰੀ ਹਰਿਗੋਬਿੰਦ ਨੂੰ ਫੜਾਂਗਾ ਜਾਂ ਮਾਰਾਂਗਾ, ਫਿਰ ਹੀ ਮੈਂ ਆਪਣੇ ਜੀਵਨ ਨੂੰ ਚੰਗਾ ਸਮਝਾਂਗਾ॥੬॥

ਨਤੁ ਜਹਿਂ ਪੁੱਤ੍ਰ ਗਏ ਮਰਿ ਆਗੇ। ਜਾਉਂ ਆਪ ਮੈਂ ਤਿਨ ਸੰਗ ਲਾਗੇ।
ਲਰਿਬੇ ਹਟੋਂ ਨਹੀਂ ਮੁਝ ਨੀਕੀ। ਬਾਤ ਸ਼ਾਹੁ ਦਿਸ਼ਿ ਤੇ ਹੁਇ ਫੀਕੀ॥ ੭ ॥

ਨਹੀਂ ਤਾਂ ਜਿੱਥੇ ਮੇਰੇ ਪੁੱਤਰ ਮਰ ਕੇ ਗਏ ਹਨ, ਮੈਂ ਵੀ ਉਨ੍ਹਾਂ ਦੇ ਨਾਲ ਲੱਗ ਕੇ ਚਲਾ ਜਾਵਾਂਗਾ। ਲੜਨ ਤੋਂ ਹੱਟ ਰਹਿਣਾ ਮੇਰੇ ਵਾਸਤੇ ਚੰਗਾ ਨਹੀਂ, ਫਿਰ ਬਾਦਸ਼ਾਹ ਵਾਲੇ ਪਾਸਿਓਂ ਗੱਲ ਮਾੜੀ ਹੋ ਜਾਵੇਗੀ॥੭॥

ਜਗ ਮਹਿਂ ਨਿੰਦਾ ਬਿਥਰੈ ਮੇਰੀ। ਅਸ ਜਿਯ ਤੇ ਆਛੀ ਮ੍ਰਿਤੁ ਹੇਰੀ।
ਇਮ ਚਿਤਵਤਿ ਪੌਂਛਯੋ ਦ੍ਰਿਗ ਬਾਰੀ। ਅਵਿਲੋਕਤਿ ਭਾ ਜੰਗ ਉਜਾਰੀ॥ ੮॥

ਜਗ ਵਿਚ ਮੇਰੀ ਨਿੰਦਿਆ ਫੈਲ ਜਾਵੇਗੀ, ਐਸੇ ਜੀਉਣ ਨਾਲੋਂ ਮੌਤ ਵੇਖਣੀ ਚੰਗੀ ਹੈ। ਇਸ ਤਰ੍ਹਾਂ ਸੋਚ ਕੇ ਆਪਣੇ ਅੱਥਰੂ ਪੂੰਝ ਲਏ ਤੇ ਜੰਗ ਦੇ ਉਜਾੜੇ ਵਲ ਵੇਖਿਆ॥੮॥

ਘਟਿਕਾ ਏਕ ਰਹਯੋ ਦਿਨ ਆਈ। ਬਿਨਾ ਲਰੇ ਜੇ ਨਿਸ ਪਰ ਜਾਈ।
ਬਹੁਰ ਕਹਾਂ ਜਾਨੈਂ ਕਜਾ ਹੋਇ। ਲਰਿਬੇ ਸਮਾਂ ਨ ਪ੍ਰਾਪਤਿ ਕੋਇ॥ ੯॥

ਇਕ ਘੜੀ ਦਿਨ ਰਹਿੰਦਾ ਹੈ, ਜੇ ਲੜਨ ਤੋਂ ਬਗੈਰ ਰਾਤ ਪੈ ਗਈ ਫਿਰ ਕੌਣ ਜਾਣਦਾ ਕੀ ਹੋਵੇ, ਕੀ ਪਤਾ ਫਿਰ ਲੜਨ ਦਾ ਸਮਾਂ ਹੀ ਪ੍ਰਾਪਤ ਨਾ ਹੋਵੇ॥੯॥

ਸੈਨਾਪਤਿ ਜੁਤਿ ਸੁਤ ਮਰਿ ਗਏ। ਮਮ ਆਗੇ ਪ੍ਰਾਨਨਿ ਕੋ ਦਏ।
ਜਿਨ ਕੇ ਬਿਨਾ ਲਰਨਿ ਤੇ ਸੈਨਾਂ। ਹਟਿ ਕਰਿ ਥਿਰੀ ਅੱਗ੍ਰ ਕੋ ਹੈ ਨਾ॥੧੦॥

ਸੈਨਾਪਤੀ ਸਮੇਤ ਪੁੱਤਰ ਮਰ ਗਏ ਹਨ, ਮੇਰੇ ਸਾਹਮਣੇ ਉਨ੍ਹਾਂ ਪ੍ਰਾਣ ਦੇ ਦਿੱਤੇ ਹਨ, ਜਿਨ੍ਹਾਂ ਤੋਂ ਬਗੈਰ ਸੈਨਾ ਲੜਨ ਤੋਂ ਹੱਟ ਕੇ ਖਲੋ ਗਈ ਹੈ ਤੇ ਅੱਗੇ ਕੋਈ ਨਹੀਂ ਗਿਆ ਹੈ॥੧੦॥

ਇਕ ਮੈਂ ਰਹਯੋ ਮਰੌਂ ਕੈ ਮਾਰੋਂ। ਦ੍ਵੈ ਬਿਨ ਜੀਵਨ ਨਹੀਂ ਬਿਚਾਰੋਂ।
ਦੋਨਹੁਂ ਖਤ੍ਰੀ ਜੀਵਤਿ ਜਾਨੇ। ਰਿਸ ਕੈ ਨਿਕਟਿ ਹਕਾਰਨਿ ਠਾਨੇ॥ ੧੧॥

ਇਕ ਮੈਂ ਰਿਹਾ ਹਾਂ ਮਰਾਂਗਾ ਜਾਂ ਮਾਰਾਂਗਾ, ਦੋਹਾਂ ਤੋਂ ਬਿਨਾ ਜੀਵਨ ਨਹੀਂ ਵਿਚਾਰਾਂਗਾ।" ਜਦ ਨਵਾਬ ਨੇ ਇਹ ਜਾਣਿਆ ਕਿ ਦੋਵੇਂ ਖੱਤਰੀ ਜੀਉਂਦੇ ਹਨ ਤਾਂ ਗੁੱਸੇ ਵਿਚ ਆ ਕੇ ਉਨ੍ਹਾਂ ਨੂੰ ਪਾਸ ਬੁਲਾਇਆ॥੧੧॥

'ਸਦਾ ਹੈਫ ਸਦ ਤੁਮਰੇ ਤਾਈਂ। ਨਹੀਂ ਭਏ ਗੁਰੁ ਸਨਮੁਖ ਜਾਈ।
ਹੁਤੇ ਪੰਚ ਸੂਰੇ ਸਰਦਾਰ। ਦੋਇ ਪੁੱਤ੍ਰ ਰਣ ਲੀਨੇ ਮਾਰਿ॥ ੧੨॥

ਨਵਾਬ ਨੇ ਕਿਹਾ, "ਤੁਹਾਡੇ ਤੇ ਸੌ ਵਾਰ ਲਾਹਨਤ ਹੈ, ਗੁਰੂ ਤੇ ਸਾਹਮਣੇ ਨਹੀਂ ਹੋਏ ਹੋ। ਮੇਰੇ ਪੰਜ ਸੂਰਬੀਰ ਸਰਦਾਰ ਅਤੇ ਦੋ ਪੁੱਤਰ ਰਣਖੇਤਰ ਵਿਚ ਮਾਰੇ ਗਏ ਹਨ॥੧੨॥

ਤੁਮ ਗੀਦੀ ਇਤ ਉਤ ਹੁਇ ਜਾਤੇ। ਨਹੀਂ ਸ਼ਸਤ੍ਰ ਮਾਰਤਿ ਅਰੁ ਖਾਤੇ।
ਬੀਚ ਕਚਹਿਰੀ ਬਾਤ ਬਨਾਵਹੁ। ਰਾਰ ਛੇਰ ਕਰਿ ਬੀਰ ਹਨਾਵਹੁ॥ ੧੩॥

ਤੁਸੀਂ ਕਾਇਰ ਏਧਰ ਓਧਰ ਹੋ ਜਾਂਦੇ ਹੋ, ਨਾ ਸ਼ਸਤਰ ਮਾਰਦੇ ਹੋ ਅਤੇ ਨਾ ਸ਼ਸਤਰ ਖਾਂਦੇ ਹੋ। ਕਚਹਿਰੀ ਵਿਚ ਗੱਲਾਂ ਬਣਾਉਂਦੇ ਸੀ, ਝਗੜਾ ਛੇੜ ਕੇ ਸੂਰਬੀਰ ਮਰਵਾਉਂਦੇ ਹੋ॥੧੩॥

ਅਬਿ ਮੁਝ ਸੰਗ ਅਗਾਰੀ ਚਾਲਹੁ। ਜਯੋਂ ਬੋਲਤਿ ਤਯੋਂ ਸ਼ਸਤ੍ਰ ਸੰਭਾਲਹੁ।
ਭਏ ਕੂਰ ਨਹਿਂ ਬੋਲੇ ਬੈਨ। ਨਹੀਂ ਨਬਾਬ ਦਿਸ਼ਾ ਕਰਿ ਨੈਨ॥ ੧੪॥

ਹੁਣ ਮੇਰੇ ਨਾਲ ਅੱਗੇ ਚਲੋ, ਜਿਵੇਂ ਮੈਂ ਬੋਲਦਾ ਹਾਂ ਉਸ ਤਰ੍ਹਾਂ ਸ਼ਸਤਰ ਸੰਭਾਲੋ।" ਝੂਠੇ ਪਏ ਸਨ ਇਸ ਕਰਕੇ ਕੁਝ ਬੋਲੇ ਨਹੀਂ ਤੇ ਨਵਾਬ ਵਾਲੇ ਪਾਸੇ ਆਪਣੀਆਂ ਅੱਖਾਂ ਵੀ ਨਾ ਕੀਤੀਆਂ॥੧੪॥

ਅਬਦੁਲ ਖਾਂ ਤਬਿ ਹੁਕਮ ਬਖਾਨਾ। ਬਜੇ ਦਮਾਮੇ ਨਾਦ ਮਹਾਨਾ।
ਆਗੇ ਭਏ ਪਤਾਕਾ ਵਾਰੇ। ਉਮਡੇ ਬੀਰ ਕ੍ਰੋਧ ਕਰਿ ਭਾਰੇ॥ ੧੫॥

ਅਬਦੁਲ ਖਾਂ ਨੇ ਫਿਰ ਫੌਜ ਨੂੰ ਹਮਲਾ ਕਰਨ ਦਾ ਹੁਕਮ ਕੀਤਾ। ਦਮਾਮੇ ਵਜ ਪਏ ਤੇ ਬੜੀ ਉੱਚੀ ਆਵਾਜ਼ ਉੱਠੀ। ਝੰਡਿਆਂ ਵਾਲੇ ਅੱਗੇ ਹੋ ਗਏ ਤੇ ਸੂਰਮੇ ਵੱਡਾ ਕ੍ਰੋਧ ਧਾਰ ਕੇ ਚਲ ਪਏ॥੧੫॥

ਚਲਜੋ ਨਬਾਬ ਆਪ ਧਰਿ ਕ੍ਰੋਧਾ। ਲੀਨੇ ਸਕਲ ਸਕੇਲ ਸੁ ਜੋਧਾ।
ਜਹਿਂ ਰਣ ਖੇਤ ਗੁਰੂ ਭਟ ਠਾਂਢੇ। ਰੋਪੇ ਪਾਇ ਸ਼ਸਤ੍ਰ ਗਹਿ ਗਾਢੇ॥ ੧੬॥

ਨਵਾਬ ਆਪ ਵੱਡਾ ਕ੍ਰੋਧ ਧਾਰ ਕੇ ਚਲ ਪਿਆ ਤੇ ਸਾਰੇ ਯੋਧਿਆਂ ਨੂੰ ਇਕੱਠੇ ਕਰਕੇ ਆਪਣੇ ਨਾਲ ਲੈ ਲਿਆ। ਜਿਥੇ ਰਣਖੇਤਰ ਵਿਚ ਗੁਰੂ ਜੀ ਦੇ ਸੂਰਮੇ ਬੜੇ ਕ੍ਰੋਧ ਵਿਚ ਭਰੇ ਸ਼ਸਤਰ ਫੜ ਕੇ ਖੜੇ ਸਨ॥੧੬॥

ਮਰੇ ਤੁਰਕ ਲਾਗੇ ਅੰਬਾਰਾ। ਹਯ ਪਰ ਹਯ ਮਰਿ ਗਿਰੇ ਉਦਾਰਾ।
ਸ੍ਵਾਨ ਸ੍ਰਿੰਗਾਲ ਮਾਸ ਕੋ ਖਾਤੇ। ਭੂਤ ਪ੍ਰੇਤ ਡਾਕਨਿ ਡਕਰਾਤੇ॥ ੧੭॥

ਉਥੇ ਬਹੁਤ ਮਰੇ ਸਨ, ਜਿਨ੍ਹਾਂ ਦੀਆਂ ਲਾਸ਼ਾਂ ਦੇ ਅੰਬਾਰ ਲੱਗੇ ਸਨ ਘੋੜਿਆਂ ਉਤੇ ਘੋੜੇ ਮਰ ਕੇ ਵੱਡੀ ਗਿਣਤੀ ਵਿਚ ਡਿੱਗੇ ਹੋਏ ਸਨ। ਕੁੱਤੇ ਅਤੇ ਗਿੱਦੜ ਮਾਸ ਖਾ ਰਹੇ ਸਨ ਤੇ ਭੂਤ ਪ੍ਰੇਤ ਅਤੇ ਜੋਗਨੀਆਂ ਲਹੂ ਪੀ ਪੀ ਡਕਾਰ ਮਾਰ ਰਹੇ ਸਨ॥੧੭॥

ਭਯੋ ਰੁਦ੍ਰ ਵਿਰਿਬੇ ਕੋ ਸਮੋ। ਗਣ ਅਨੇਕ ਸੰਗ ਭੇ ਕਰਿ ਨਮੋ।
ਰਣ ਬਚਿੱਤ੍ਰ ਕੋ ਹਰਖਜੋ ਹੇਰਤਿ। ਗ੍ਰਿੱਝ, ਪਿਸ਼ਾਚ, ਕਾਕ ਗਨ ਟੇਰਤਿ॥ ੧੮॥

ਸ਼ਿਵ ਜੀ ਦੇ ਫਿਰਨ ਦਾ ਸਮਾਂ ਭਾਵ ਸ਼ਾਮ ਦਾ ਸਮਾਂ ਹੋ ਗਿਆ ਸੀ ਤੇ ਅਨੇਕਾਂ ਗਣ ਨਮਸ਼ਕਾਰ ਕਰਕੇ ਉਨ੍ਹਾਂ ਦੇ ਨਾਲ ਹੋ ਗਏ। ਵਚਿਤਰ ਰਣਖੇਤਰ ਨੂੰ ਵੇਖ ਕੇ ਬਹੁਤ ਪ੍ਰਸੰਨ ਹੋ ਗਿਆ। ਗਿੱਰਝਾਂ, ਪਿਸ਼ਾਚ, ਕਾਂ ਇਕੱਠੇ ਹੋ ਕੇ ਫਿਰ ਰਹੇ ਸਨ॥੧੮॥

ਬਹੁ ਰਣ ਕੀਨ ਲਥੇਰ ਪਥੇਰਾ। ਬਿਧੀ ਚੰਦ ਸਿਖ ਬੀਰ ਬਡੇਰਾ।
ਪਿਖਿ ਤੁਰਕਨਿ ਕੋ ਗੁਰ ਢਿਗ ਗਯੋ। ਸਗਰੋ ਭੇਤ ਸੁਨਾਵਤਿ ਭਯੋ॥ ੧੯॥

ਰਣਖੇਤਰ ਲਹੂ ਮਾਸ ਨਾਲ ਲੱਥ ਪੱਥ ਹੋਇਆ ਸੀ, ਬਿਧੀ ਚੰਦ ਸਿੱਖਾਂ ਵਿਚ ਵੱਡਾ ਸੂਰਮਾ ਸੀ। ਉਹ ਤੁਰਕਾਂ ਨੂੰ ਵੇਖ ਕੇ ਗੁਰੂ ਜੀ ਪਾਸ ਗਿਆ ਅਤੇ ਸਾਰਾ ਭੇਤ ਸੁਣਾਇਆ॥੧੯॥

'ਮਹਾਂਰਾਜ! ਹੇਰਹੁ ਰਿਪੁ ਆਏ। ਰਹੇ ਇਤਿਕ, ਭੇ ਮ੍ਰਿਤੁ ਸਮੁਦਾਏ।
ਅਬਿ ਕੇ ਮਚਹਿ ਜੰਗ ਬਡ ਭਾਰੀ। ਜਿਯਤਿ ਬਾਹਨੀ ਉਮਡੀ ਸਾਰੀ॥ ੨੦॥

''ਮਹਾਰਾਜ! ਵੇਖੋ, ਦੁਸ਼ਮਣ ਦੀ ਜਿਹੜੀ ਹੁਣ ਤਕ ਸੈਨਾ ਬਚੀ ਹੈ, ਉਹ ਚੜ੍ਹ ਕੇ ਆ ਗਈ ਹੈ, ਬਾਕੀ ਤਾਂ ਸਾਰੇ ਮਰ ਗਏ ਸਨ। ਹੁਣ ਵੱਡਾ ਭਾਰੀ ਜੰਗ ਮਚੇਗਾ, ਜਿਹੜੀ ਸੈਨਾ ਜੀਊਂਦੀ ਬਚੀ ਹੈ ਉਹ ਸਾਰੀ ਉੱਮਡ ਕੇ ਆ ਗਈ ਹੈ॥੨੦॥

ਇਨ ਕੇ ਅੰਤ ਭਏ ਰਣ ਅੰਤ। ਹੋਵਹਿਗੋ ਅਬਿ, ਗੁਰੁ ਭਗਵੰਤ!'
ਸ਼੍ਰੀ ਹਰਿਗੋਵਿੰਦ ਸੁਨਤਿ ਉਚਾਰੇ। 'ਹੁਤੇ ਪੰਚ ਸਰਦਾਰ ਸੁ ਮਾਰੇ॥ ੨੧॥

ਇਨ੍ਹਾਂ ਦਾ ਅੰਤ ਹੋ ਜਾਣ ਤੇ ਜੰਗ ਦਾ ਵੀ ਅੰਤ ਹੋ ਜਾਵੇਗਾ ਹੁਣ ਕੇਵਲ ਗੁਰੂ ਭਗਵੰਤ ਹੀ ਹੋਵੇਗਾ।'' ਇਹ ਸੁਣ ਕੇ ਸ੍ਰੀ ਹਰਿਗੋਬਿੰਦ ਸਾਹਿਬ ਨੇ ਕਿਹਾ, ''ਜਿਹੜੇ ਇਸ ਦੇ ਪੰਜ ਸਰਦਾਰ ਸਨ, ਉਹ ਤਾਂ ਮਾਰੇ ਗਏ ਹਨ॥੨੧॥

ਦ੍ਵੈ ਨਬਾਬ ਕੇ ਸੁਤਿ ਹਤਿ ਹੋਏ। ਮੁਖਿ ਭਟ ਰਹਜੋ ਨਹੀਂ ਅਬਿ ਕੋਏ।
ਆਪੇ ਆਯਹੁ ਅਬਦੁਲ ਖਾਨ। ਰਣ ਕੀ ਚਾਹਤਿ ਬਿਜੈ ਮਹਾਨ॥ ੨੨॥

ਦੋ ਨਵਾਬ ਦੇ ਪੁੱਤਰ ਮਾਰੇ ਗਏ ਹਨ, ਹੁਣ ਤਾਂ ਕੋਈ ਵੀ ਮੁਖੀ ਸੂਰਬੀਰ ਨਹੀਂ ਬਚਿਆ ਹੈ, ਅਬਦੁਲ ਖਾਨ ਹੁਣ ਆਪ ਆਇਆ ਹੈ ਰਣਖੇਤਰ ਵਿਚ ਮਹਾਨ ਵਿਜੇ ਪ੍ਰਾਪਤ ਕਰਨਾ ਚਾਹੁੰਦਾ ਹੈ॥੨੨॥

ਅਪਰ ਤੁਰਕ ਸਭਿ ਸਿੱਖਨਿ ਮਾਰੇ। ਰਹੇ ਸ਼ੇਸ਼ ਸੋ ਆਏ ਸਾਰੇ।
ਅਬਹਿ ਸੰਗ ਇਸ ਜੰਗ ਹਮਾਰਾ। ਦੇਖਹੁ ਸਗਰੇ ਬਲ ਜਿਮ ਭਾਰਾ॥ ੨੩॥

ਹੋਰ ਸਾਰੇ ਤੁਰਕਾਂ ਨੂੰ ਸਿੱਖਾਂ ਨੇ ਮਾਰ ਦਿੱਤਾ ਹੈ, ਜਿਹੜੇ ਬਚੇ ਹਨ, ਉਹ ਸਾਰੇ ਆ ਗਏ ਹਨ, ਹੁਣ ਇਸ ਦੇ ਨਾਲ ਸਾਡਾ ਜੰਗ ਹੈ, ਸਾਰੇ ਵੇਖੋ ਜਿਵੇਂ ਇਸ ਵਿਚ ਭਾਰੀ ਬਲ ਹੈ॥੨੩॥

ਕਰੌਂ ਨਿਦਾਨ ਤੁਰਕ ਗਨ ਕੇਰਾ। ਨਹੀਂ ਪ੍ਰਤਾਪ ਲਖਤਿ ਇਹ ਮੇਰਾ।
ਪ੍ਰਾਨ ਦੇਨਿ ਕੋ ਚਾਹਤਿ ਮਾਨੀ। ਸਨੇ ਸਨੇ ਸਭਿ ਹੋਵੈਂ ਹਾਨੀ॥ ੨੪॥

ਸਾਰੇ ਤੁਰਕਾਂ ਦਾ ਖਾਤਮਾ ਕਰ ਦੇਵਾਂਗਾ, ਇਹ ਮੇਰੇ ਪ੍ਰਤਾਪ ਨੂੰ ਨਹੀਂ ਜਾਣਦਾ, ਅਭਿਮਾਣੀ ਆਪਣੇ ਪ੍ਰਾਣ ਦੇਣਾ ਚਾਹੁੰਦਾ ਹੈ, ਹੋਲੀ-ਹੋਲੀ ਸਾਰਿਆਂ ਦਾ ਨਾਸ਼ ਹੋ ਜਾਵੇਗਾ॥੨੪॥

ਕਰਹਿਂ ਰਾਜ ਸਿਖ ਸੇਵਕ ਮੇਰੇ। ਦਿਏ ਸਕਾਮ ਪ੍ਰਾਨ ਇਸ ਬੇਰੇ।
ਨਿਸ਼ਕਾਮੀ ਕੈਵਲ ਕੋ ਪਾਵੈਂ। ਸਹਿਕਾਮੀ ਸਿਖ ਰਾਜ ਕਮਾਵੈਂ॥ ੨੫॥

ਫਿਰ ਮੇਰੇ ਸਿੱਖ ਸੇਵਕ ਰਾਜ ਕਰਨਗੇ, ਇਸ ਸਮੇਂ ਕਾਮਨਾ ਸਹਿਤ ਪ੍ਰਾਣ ਦੇ ਦੇਣਗੇ, ਨਿਸ਼ਕਾਮੀ ਬ੍ਰਹਮ ਵਿਚ ਅਭੇਦ ਹੋ ਜਾਣਗੇ ਭਾਵ ਪਰਮਗਤੀ ਪ੍ਰਾਪਤ ਕਰਨਗੇ ਤੇ ਸਹਿਕਾਮੀ ਸਿੱਖ ਰਾਜ ਕਮਾਉਣਗੇ॥੨੫॥

ਹਿੰਦੂ ਧਰਮ ਕੋ ਰਾਖਹਿਂ ਜਗ ਮੈਂ। ਚਲਹਿਂ ਚਲਾਵਹਿਂ ਸਿੱਖੀ ਮਗ ਮੈਂ।
ਪੁਨ ਮ੍ਰਿਤੁ ਹੋਹਿ ਮੋਹਿ ਮਿਲਿ ਆਏ। ਸ਼ੁਭ ਗਤਿ ਕੋ ਪ੍ਰਾਪਤਿ ਹੁਇ ਜਾਏਂ ॥੨੬॥

ਹਿੰਦੂ ਧਰਮ ਨੂੰ ਜੱਗ ਵਿਚ ਰਖਾਂਗੇ, ਸਿੱਖ ਮਾਰਗ ਤੇ ਚਲਾਂਗਾ ਤੇ ਸਾਰਿਆਂ ਨੂੰ ਚਲਾਵਾਂਗੇ, ਫਿਰ ਮਰਨ ਦੇ ਬਾਅਦ ਮੈਨੂੰ ਆ ਕੇ ਮਿਲ ਪੈਣਗੇ ਤੇ ਸ਼ੁਭ ਗਤੀ ਨੂੰ ਪ੍ਰਾਪਤ ਹੋ ਜਾਣਗੇ''॥੨੬॥

ਇਮ ਕਹਿ ਗੁਰੂ ਕੋ ਬਜਜੋ ਨਗਾਰਾ। ਸਾਵਧਾਨ ਭੇ ਸਿੱਖ ਜੁਝਾਰਾ।
ਦੋਇ ਪਹਿਰ ਲਗਿ ਮਾਚਜੋ ਜੰਗ। ਭਏ ਸ੍ਰਮਿਤ ਲਰਤੇ ਰਿਪੁ ਸੰਗ॥ ੨੭॥

ਇਸ ਤਰ੍ਹਾਂ ਕਹਿ ਕੇ ਗੁਰੂ ਦਾ ਨਗਾਰਾ ਵੱਜਿਆ, ਸਾਰੇ ਸੂਰਬੀਰ ਸਿੱਖ ਸਾਵਧਾਨ ਹੋ ਗਏ। ਦੋ ਪਹਿਰ ਤਕ ਜੰਗ ਹੁੰਦਾ ਰਿਹਾ ਸੀ ਇਸ ਕਰਕੇ ਲੜਾਈ ਕਰਦੇ-ਕਰਦੇ ਸਿੱਖ ਬਹੁਤ ਥੱਕ ਗਏ ਸਨ॥੨੭॥

ਸ੍ਰੀ ਹਰਿਗੋਵਿੰਦ ਚਲੇ ਅਗਾਰੀ। ਚਹਤਿ ਕਰਜੋ ਪੁਰਸ਼ਾਰਥ ਭਾਰੀ।
ਹਨਜੋ ਚਹੈਂ ਤਬਿ ਅਬਦੁਲਖਾਨ। ਦੁਹ ਦਿਸ਼ਿ ਕੇ ਛੁਟਿ ਰਹੇ ਨਿਸ਼ਾਨ॥੨੮॥

ਸ੍ਰੀ ਹਰਿਗੋਬਿੰਦ ਜੀ ਸਾਰਿਆਂ ਦੇ ਅੱਗੇ ਲੱਗ ਕੇ ਚਲ ਪਏ, ਉਹ ਮਹਾਨ ਸਾਕਾ ਕਰਨਾ ਚਾਹੁੰਦੇ ਸਨ। ਤਦ ਉਹ ਅਬਦੁਲਖਾਨ ਨੂੰ ਮਾਰਨਾ ਚਾਹੁੰਦੇ ਸਨ, ਦੋਵਾਂ ਪਾਸਿਆਂ ਦੇ ਝੰਡੇ ਝੂਲ ਰਹੇ ਸਨ॥੨੮॥

ਬਾਜਨ ਲਗੇ ਜੁਝਾਊ ਬਾਜੇ। ਭਯੋ ਨੇਰ ਪੁਨ ਜੋਧਾ ਗਾਜੇ।
ਛੂਟਨਿ ਲਗੀ ਤੁਫੰਗੈਂ ਫੇਰਿ। ਫੇਰਤਿ ਫੇਰ ਫੇਰ ਹਯ ਛੇਰਿ॥ ੨੯॥

ਫਿਰ ਵੱਡੇ-ਵੱਡੇ ਵਾਜੇ ਵੱਜਣ ਲੱਗੇ, ਜਦ ਨੇੜੇ ਹੋ ਗਏ ਤਾਂ ਜੋਧੇ ਗਜਣ ਲੱਗੇ। ਫਿਰ ਬੰਦੂਕਾਂ ਚਲਣ ਲੱਗੀਆਂ, ਘੋੜਿਆਂ ਨੂੰ ਛੇੜ-ਛੇੜ ਕੇ ਬਾਰ-ਬਾਰ ਫੇਰਦੇ ਸਨ॥੨੯॥

ਨਿਕਸਿ ਗੋਲ ਤੇ ਤੁਪਕ ਪ੍ਰਹਾਰੈਂ। ਦੂਸਰ ਆਇ ਬਿਲੋਕਿ ਬੰਗਾਰੈਂ।
ਸਿੱਖ ਜਾਇ ਤੁਰਕਨ ਕੋ ਗੇਰਹਿਂ। ਤੁਰਕ ਆਇ ਹਤਿ ਆਗੇ ਘੇਰਹਿਂ॥ ੩੦॥

ਬੰਦੂਕ ਵਿਚੋਂ ਗੋਲੀਆਂ ਕੱਢ ਕੇ ਵਾਰ ਕਰਦੇ ਸਨ, ਦੂਸਰੇ ਨੂੰ ਆਉਂਦਾ ਵੇਖ ਕੇ ਵੰਗਾਰਦੇ ਸਨ। ਸਿੱਖ ਜਾ ਕੇ ਤੁਰਕਾਂ ਨੂੰ ਡੇਗਦੇ ਸਨ, ਜੇ ਤੁਰਕ ਆਉਂਦਾ ਸੀ ਤਾਂ ਮਾਰ ਕੇ ਅੱਗੋਂ ਘੇਰ ਲੈਂਦੇ ਸਨ॥੩੦॥

ਸ੍ਰੀ ਸਤਿਗੁਰੁ ਕਰ ਚਾਂਪ ਕਰਾਲਾ। ਚੁਟਕੀ ਫੇਰਹਿਂ ਬਾਨ ਬਿਸਾਲਾ।
ਕੀਨਸਿ ਤੇਜ਼ ਤਰੰਗਮ ਭਾਰਾ। ਇਤ ਉਤ ਸਨਮੁਖ ਬਲੀ ਉਦਾਰਾ॥ ੩੧॥

ਸ੍ਰੀ ਸਤਿਗੁਰੂ ਜੀ ਨੇ ਵਿਕਰਾਲ ਧਨੁੱਖ ਲੈ ਕੇ, ਚੁਟਕੀ ਫੇਰ ਕੇ ਵੱਡੇ ਤੀਰ ਨੂੰ ਕਮਾਨ ਵਿਚ ਧਰਿਆ ਫਿਰ ਵੱਡੇ ਭਾਰੀ ਬਲਵਾਨ ਘੋੜੇ ਨੂੰ ਲਗਾਮ ਖਿਚ ਕੇ ਤੇਜ਼ ਕੀਤਾ, ਏਧਰ ਓਧਰ ਅਤੇ ਸਾਹਮਣੇ ਵਲ ਭੱਜਦਾ ਸੀ॥੩੧॥

ਦੇਖਤਿ ਹੈਂ ਸ਼ੱਤ੍ਰਨਿ ਦਲ ਬ੍ਰਿੰਦੰ। ਜਹਾਂ ਨਬਾਬ ਸਸ਼ੋਕ ਬਿਲੰਦੰ।
ਪ੍ਰੇਰੇ ਕਾਲ ਅਗਾਰੀ ਖਰੇ। ਸਤਿਗੁਰੁ ਤੀਰ ਪ੍ਰਹਾਰਨਿ ਕਰੇ॥ ੩੨॥

ਉਨ੍ਹਾਂ ਨੇ ਵੈਰੀ ਦੇ ਵੱਡੇ ਦਲ ਨੂੰ ਵੇਖਿਆ। ਜਿਥੇ ਨਵਾਬ ਵੱਡੇ ਸੋਕ ਸਹਿਤ ਕਾਲ ਦਾ ਪ੍ਰੇਰਿਆ ਅੱਗੇ ਖੜਾ ਸੀ, ਸਤਿਗੁਰੂ ਜੀ ਨੇ ਉਸ ਵੱਲ ਤੀਰ ਚਲਾਏ॥੩੨॥

ਤੀਛਨ ਭੀਛਨ ਈਛਨਿ ਹੇਰੇ। ਚਲੇ ਸਰਪ ਸਮ ਸ਼ੂਕ ਬਡੇਰੇ।
ਸ਼ੱਤ੍ਰਨਿ ਕੇ ਸਰੀਰ ਇਮ ਬਰੈਂ। ਬਰਮੀ ਮਹਿਂ ਪ੍ਰਵੇਸ਼ ਜਿਮ ਕਰੈਂ॥ ੩੩॥

ਤਿੱਖੇ ਵਿਕਰਾਲ ਤੀਰ ਉਨ੍ਹਾਂ ਨੇਤ੍ਰਾਂ ਨਾਲ ਵੇਖੇ, ਉਹ ਸੱਪ ਵਾਂਗ ਸੂਕਦੇ ਹੋਏ ਗਏ ਤੇ ਵੈਰੀਆਂ ਦੇ ਸਰੀਰ ਵਿਚ ਇਸ ਤਰ੍ਹਾਂ ਧਸ ਗਏ ਜਿਵੇਂ ਸੱਪ ਵਰਮੀ ਵਿਚ ਦਾਖਲ ਹੋ ਜਾਂਦੇ ਹਨ॥੩੩॥

ਇਕ ਤਨ ਫੋਰਿ ਪਾਰ ਹੁਇ ਜਾਇਂ। ਪੁਨ ਦੂਸਰ ਕੇ ਪਾਰ ਸਿਧਾਇਂ।
ਜੋਧਾ ਕੈ ਤੁਰੰਗ ਹੁਇ ਕੋਇ। ਬੇਧਤਿ ਜਾਤਿ ਸਰਬ ਸਰ ਸੋਇ॥ ੩੪॥

ਇਕ ਸਰੀਰ ਨੂੰ ਪਾੜ ਕੇ ਪਾਰ ਹੋ ਜਾਂਦੇ ਸਨ, ਫਿਰ ਦੂਸਰੇ ਨੂੰ ਪਾਰ ਕਰ ਜਾਂਦੇ ਸਨ, ਯੋਧਾ ਹੋਵੇ ਤੇ ਭਾਵੇਂ ਉਸ ਦਾ ਘੋੜਾ ਹੋਵੇ ਸਾਰੇ ਤੀਰ ਵਿੰਨ੍ਹਦੇ ਜਾਂਦੇ ਸਨ॥੩੪॥

ਧਰ ਪਰ ਪਰਹਿਂ ਦੜਾ ਦੜ ਜੋਧੇ। ਦੇਖਤਿ ਮਹਾਂ ਤੁਰਕ ਗਨ ਕ੍ਰੋਧੇ।
'ਬੇਧਹਿਂ ਦੂਰ ਖਰੇ ਹੀ ਤੀਰ। ਮਾਰਿ ਮਾਰਿ ਕਜੋਂ ਮਰਹੁ ਨ ਬੀਰ'॥ ੩੫॥

ਯੋਧੇ ਦੜਾ ਦੜ ਧਰਤੀ ਤੇ ਡਿੱਗ ਪੈਂਦੇ ਸਨ, ਇਹ ਵੇਖ ਕੇ ਤੁਰਕ ਬਹੁਤ ਕ੍ਰੋਧ ਵਿਚ ਆ ਗਏ। "ਤੀਰ ਦੂਰ ਖੜਿਆਂ ਹੀ ਵਿੰਨ੍ਹੀ ਜਾਂਦੇ ਸਨ, ਤੀਰ ਵੱਜ-ਵੱਜ ਕੇ ਫਿਰ ਸੂਰਬੀਰ ਕਿਉਂ ਨਾ ਮਰਨ"॥੩੫॥

ਇਮ ਕਹਿ ਵਧੇ ਤੁਰਕ ਗਨ ਆਗੇ। ਧਰ ਜ੍ਵਾਲਾਬਮਣੀ ਰਿਸ ਜਾਗੇ।
ਕੜਾਕੜੀ ਇਕ ਬਾਰ ਚਲਾਈ। ਗੁਰੁ ਦਲ ਪਰ ਗੁਲਕਾਂ ਬਰਖਾਈ॥ ੩੬॥

ਇਸ ਤਰ੍ਹਾਂ ਕਹਿ ਕੇ ਤੁਰਕਾਂ ਦਾ ਇਕ ਟੋਲਾ ਅੱਗੇ ਵਧਿਆ। ਬੰਦੂਕਾਂ ਮੋਢਿਆਂ ਤੇ ਧਰ ਕੇ ਗੁੱਸੇ ਵਿਚ ਆਏ। ਕੜਾ ਕੜ ਕਰਦੀਆਂ ਸਾਰੀਆਂ ਬੰਦੂਕਾਂ ਇਕੱਠੀਆਂ ਚਲਾਈਆਂ ਤੇ ਗੁਰੂ ਜੀ ਦੇ ਦਲ ਉਤੇ ਗੋਲੀਆਂ ਦੀ ਵਰਖਾ ਕੀਤੀ॥੩੬॥

ਜਬਹਿ ਲਗੀ ਸਿੱਖਨਿ ਤਨ ਗੋਰੀ। ਰਿਸ ਜਾਗੀ ਗਮਨੇ ਰਿਪੁ ਓਰੀ।
ਛੋਰਿ ਤੁਫੰਗਨਿ ਘਾਲਜੇ ਜ਼ੋਰ। ਪੁਨ ਬਾਰੂਦ ਪਾਇ ਕਰਿ ਔਰ॥ ੩੭॥

ਜਦ ਸਿੱਖਾਂ ਦੇ ਸਰੀਰਾਂ ਨੂੰ ਗੋਲੀਆਂ ਵੱਜੀਆਂ ਤਾਂ ਉਨ੍ਹਾਂ ਵਿਚ ਰੋਸ ਜਾਗਿਆ ਤੇ ਉਹ ਦੁਸ਼ਮਣ ਵੱਲ ਵਧੇ। ਬੰਦੂਕਾਂ ਚਲਾਉਣ ਤੇ ਜ਼ੋਰ ਪਾਇਆ, ਫਿਰ ਬਾਰੂਦ ਭਰ ਹੋਰ ਤਿਆਰ ਕੀਤੀਆਂ॥੩੭॥

ਗਜ ਸੋਂ ਠੋਕਤਿ ਪਾਇ ਦੁਗੋਰੀ। ਕਰਤਿ ਸ਼ੀਘ੍ਰਤਾ ਰਿਪੁ ਦਿਸ਼ਿ ਛੋਰੀ।
ਦੁਹਿਦਿਸ਼ਿ ਮਾਚਜੋ ਰਣ ਘਮਸਾਨਾ। ਭਯੋ ਤੁਮਲ ਬਡ ਰੋਰ ਉਠਾਨਾ॥ ੩੮॥

ਦੋ ਗੋਲੀਆਂ ਪਾ ਕੇ ਫਿਰ ਗਜ ਨਾਲ ਠੋਕਦੇ ਸਨ ਤੇ ਸ਼ੀਘਰਤਾ ਨਾਲ ਦੁਸ਼ਮਣ ਉਤੇ ਛੱਡ ਦਿੰਦੇ ਸਨ। ਦੋਵੇਂ ਪਾਸੀਂ ਘਮਸਾਣ ਦਾ ਯੁੱਧ ਮੱਚ ਗਿਆ। ਭਿਆਨਕ ਯੁੱਧ ਹੋਇਆ ਤੇ ਵੱਡਾ ਰੌਲਾ ਉਠਿਆ॥੩੮॥

ਚਾਂਪ ਕਠੋਰਨਿ ਤੇ ਸਰ ਚਾਲੇ। ਬੇਧਤਿ ਜੋਧਨਿ ਦੇਹਿ ਕਰਾਲੇ।
ਹਯਨਿ ਕੁਦਾਵਤਿ ਤੋਮਰ ਮਾਰਤਿ। ਬੇਧਤਿ ਸ਼ੱਤ੍ਰੂ ਭੂਮ ਪਰ ਡਾਰਤਿ॥ ੩੯॥

ਭਾਰੀ ਤੇ ਕਠੋਰ ਕਮਾਨ ਤੋਂ ਤੀਰ ਚਲਦੇ ਸਨ ਤੇ ਉਹ ਯੋਧਿਆਂ ਦੇ ਸਰੀਰਾਂ ਨੂੰ ਪਾੜ ਦਿੰਦੇ ਸਨ। ਘੋੜਿਆਂ ਨੂੰ ਕੁਦਾ ਕੇ ਨੇਜ਼ੇ ਮਾਰਦੇ ਸਨ ਤੇ ਵੈਰੀ ਨੂੰ ਵਿੰਨ੍ਹ ਕੇ ਧਰਤੀ ਤੇ ਸੁੱਟ ਦਿੰਦੇ ਸਨ॥੩੯॥

ਤੀਛਨ ਬਰਛੀ ਛਿੱਪ੍ਰ ਛੁਟੰਤੀ। ਤਨ ਫੋਰਨਿ ਕਰਿ ਪਾਰ ਪਰੰਤੀ।
ਬਿਧੇ ਬੂਰ ਤਤਛਿਨ ਧਰ ਡਾਰੇ। ਸੀਖ ਵਿੰਨ੍ਹ ਜਨੁ ਵੜੇ ਉਤਾਰੇ॥ ੪੦॥

ਤਿੱਖੀਆਂ ਬਰਛੀਆਂ ਤੁਰਤ ਚਲਦੀਆਂ ਸਨ ਤੇ ਸਰੀਰ ਨੂੰ ਪਾੜ ਕੇ ਅੰਦਰ ਧੱਸ ਜਾਂਦੀਆਂ ਸਨ। ਵਿੰਨ੍ਹੇ ਹੋਏ ਸੂਰਮੇ ਧਰਤੀ ਤੇ ਡਿੱਗ ਪੈਂਦੇ ਸਨ ਜਿਵੇਂ ਸੀਖ ਨੇ ਵਿੰਨ੍ਹ ਕੇ ਵੜੇ ਉਤਾਰੇ ਹੋਣ॥੪੦॥

ਪੁਨ ਗਹਿ ਗਹਿ ਨੰਗੀ ਸ਼ਮਸ਼ੇਰ। ਸੂਰਾ ਭਿਰੇ ਓਜ ਸਮਸ਼ੇਰ।
ਬਹੈਂ ਪਰਸਪਰ ਕਾਟਤਿ ਅੰਗ। ਸ਼੍ਰੋਣਤਿ ਗਿਰਤਿ ਲਾਲ ਛਿਤਰੰਗ॥ ੪੧॥

ਫਿਰ ਨੰਗੀਆਂ ਤਲਵਾਰਾਂ ਫੜ-ਫੜ ਸ਼ਕਤੀਸ਼ਾਲੀ ਸੂਰਮੇ ਆਪਸ ਵਿਚ ਭਿੜ ਪਏ। ਆਪਸ ਵਿਚ ਤਲਵਾਰਾਂ ਵਾਹ ਕੇ ਸਰੀਰ ਦੇ ਅੰਗਾਂ ਨੂੰ ਕੱਟਦੇ ਸਨ ਤੇ ਧਰਤੀ ਤੇ ਲਾਲ ਰੰਗ ਦਾ ਖੂਨ ਡਿਗਦਾ ਸੀ॥੪੧॥

ਕਿਨਹੂੰ ਨਿਕਾਰੀ ਜਮਧਰ ਧਾਰੀ। ਨਿਕਟਿ ਢੁਕੇ ਸ਼ੱਤ੍ਰਨਿ ਤਨ ਮਾਰੀ।
ਹਿਹਨਾਵਤਿ ਬਹੁ ਫਿਰਹਿਂ ਤੁਰੰਗ। ਛੂਛ ਜ਼ੀਨ, ਕੇ ਘਾਇਲ ਅੰਗ॥ ੪੨॥

ਜਿਸ ਕਿਸੇ ਨੇ ਕਟਾਰ ਧਾਰਨ ਕੀਤੀ ਸੀ, ਉਹ ਕੱਢ ਲਈ ਤੇ ਵੈਰੀ ਦੇ ਪਾਸ ਜਾ ਕੇ ਉਸ ਦੇ ਸਰੀਰ ਨੂੰ ਮਾਰੀ। ਬਹੁਤ ਘੋੜੇ ਹਿਣਕਦੇ ਫਿਰਦੇ ਸਨ, ਉਨ੍ਹਾਂ ਦੀਆਂ ਕਾਠੀਆਂ ਖਾਲੀ ਸਨ ਤੇ ਅੰਗ ਜ਼ਖਮੀ ਹੋਏ ਸਨ॥੪੨॥

ਦੁਇ ਦਲ ਮਿਲਿ ਗੇ ਮਾਰ ਸੁ ਮਾਚੀ। ਕਰਦਮ ਸ਼੍ਰੋਣ ਮਾਸ ਛਿਤ ਰਾਚੀ।
ਗਿਰੇ ਛਿਨਕ ਮਹਿਂ ਸੁਭਟ ਹਜ਼ਾਰੋਂ। ਹਥਿਯਾਰਨਿ ਕੇ ਭਏ ਪ੍ਰਹਾਰੋਂ॥ ੪੩॥

ਦੋਵੇਂ ਦਲ ਆਪਸ ਵਿਚ ਇਕੱਠੇ ਹੋ ਗਏ ਤੇ ਬਹੁਤ ਮਾਰ ਧਾੜ ਮੱਚੀ, ਮਾਸ ਤੇ ਲਹੂ ਦਾ ਧਰਤੀ ਤੇ ਚਿੱਕੜ ਹੋ ਗਿਆ ਹਜ਼ਾਰਾਂ ਸੂਰਮੇ ਛਿਣ ਭਰ ਵਿਚ ਡਿੱਗ ਪਏ, ਹਥਿਆਰਾਂ ਦੇ ਵਾਰ ਲੱਗੇ ਸਨ॥੪੩॥

*ਛੇਵੀਂ ਰਾਸ ਦਾ ਚਾਲੀਵਾਂ ਅਧਿਆਇ ਸਮਾਪਤ ਹੋਇਆ॥੪੦॥*

# ਅਧਿਆਇ ਇੱਕਤਾਲੀਵਾਂ

## ਅਬਦੁਲਖਾਂ ਵੱਲੋਂ ਹੱਲਾ

ਦੋਹਰਾ-ਬਜੇ ਜੁਝਾਊ ਬਹੁਤ ਹੀ ਜੁਟੇ ਸੁਭਟ ਸੁ ਕਟੱਕ।
ਕਟਿ ਕਾਟ ਝਟ ਪਟ ਬਿਕਟ ਜੇ ਸਟਪਟ ਕ੍ਵੈ ਨ ਅਟੱਕ॥ ੧॥

ਬਹੁਤ ਮਾਰੂ ਵਾਜੇ ਵੱਜੇ, ਸੈਨਾ ਦੇ ਸੂਰਮੇ ਆਪਸ ਵਿਚ ਜੁਟੇ ਹੋਏ ਸਨ। ਜਿਹੜੇ ਬਹਾਦੁਰ ਸੂਰਮੇ ਸਨ ਉਹ ਵੀ ਘਬਰਾ ਗਏ ਜਦੋਂ ਝੱਟ ਪੱਟ ਕਟਾ ਵੱਢ ਹੋਣ ਲੱਗ ਗਈ ਤੇ ਕੋਈ ਵੀ ਨਾ ਅਟਕਿਆ॥੧॥

ਰਸਾਵਲ ਛੰਦ-ਚਲੇ ਤੀਰ ਗੋਰੀ। ਮਨੋ ਖੇਲਿ ਹੋਰੀ। ਸਟਾ ਸੱਟ ਸੇਲੇ। ਮਨੋ ਮੂਠ ਮੇਲੇ॥੨॥

ਤੀਰ ਤੇ ਗੋਲੀਆਂ ਇਸ ਤਰ੍ਹਾਂ ਚਲੀਆਂ ਮਾਨੋਂ ਹੋਲੀ ਖੇਡ ਰਹੇ ਹੋਣ, ਨੇਜੇ ਇਸ ਤਰ੍ਹਾਂ ਛੋਟੀ-ਛੋਟੀ ਸੁੱਟਦੇ ਹਨ, ਮਾਨੋਂ ਗੁਲਾਲ ਦੀਆਂ ਮੁੱਠਾਂ ਭਰ-ਭਰ ਪਾਉਂਦੇ ਹੋਣ॥੨॥

ਸਮੂਹੈਂ ਤੁਫੰਗਾ। ਕਰੇ ਘਾਉ ਅੰਗਾ। ਲਗੀ ਪੀਚਕਾਰੀ। ਖਿਰਜੋ ਰੰਗ ਭਾਰੀ॥੩॥

ਗੋਲੀਆਂ ਦੇ ਸਮੂਹ, ਅੰਗਾਂ ਨੂੰ ਜ਼ਖਮੀ ਕਰ ਰਹੇ ਹਨ, ਮਾਨੋਂ ਪਿਚਕਾਰੀਆਂ ਚਲ ਰਹੀਆਂ ਹਨ ਤੇ ਭਾਰੀ ਰੰਗ ਖਿਲਰਿਆ ਹੈ॥੩॥

ਪਤੰਗੀ ਸੁ ਰੰਗਾ। ਚਲਜੇ ਸ਼੍ਰੋਣ ਅੰਗਾ। ਸੁ ਢਾਲੇ ਉਛਾਲੇ। ਡਫੈਂ ਜਨੋਂ ਬਿਸਾਲੇ॥੪॥

ਮਾਨੋਂ ਪਤੰਗੀ ਲਕੜੀ ਦਾ ਸੋਹਣਾ ਲਾਲ ਰੰਗ ਸੀ, ਇਸ ਤਰ੍ਹਾਂ ਜ਼ਖਮਾਂ ਵਿਚ ਲਹੂ ਚਲ ਪਿਆ। ਸ੍ਰੇਸ਼ਟ ਢਾਲਾਂ ਨੂੰ ਇਸ ਤਰ੍ਹਾਂ ਉਛਾਲਦੇ ਹਨ ਮਨੋਂ ਵੱਡੀਆਂ ਡਫਾਂ ਹੋਣ॥੪॥

*ਨੋਟ : ਪਤੰਗ ਵਰਮ ਦੀ ਲਕੜੀ ਨੂੰ ਕਹਿੰਦੇ ਹਨ ਜਿਸ ਵਿਚੋਂ ਬੜਾ ਸੋਹਣਾ ਲਾਲ ਰੰਗ ਨਿਕਲਦਾ ਹੈ।*

ਸੁ 'ਮਾਰੰ' ਅਲਾਵੈਂ। ਮਨੋ ਗੀਤ ਗਾਵੈਂ। ਪਰੈਂ ਧਾਇ ਧਾਈ। ਕ੍ਰਿਪਾਨੈਂ ਚਲਾਈ॥੫॥

'ਮਾਰੋ ਮਾਰੋ' ਪੁਕਾਰਦੇ ਹਨ, ਮਾਨੋਂ ਗੀਤ ਗਾਉਂਦੇ ਹਨ; ਕਿਰਪਾਨਾਂ ਚਲਾ ਕੇ ਧਾ ਧਾ ਕੇ ਇਕ ਦੂਸਰੇ ਨੂੰ ਪੈਂਦੇ ਹਨ॥੫॥

ਕਟੈਂ ਅੰਗ ਗੇਰੈਂ। ਸੁ ਲੋਥੈਂ ਘਨੇਰੈਂ। ਨਬਾਬੈਂ ਦਿਖਾਵੈਂ। ਬਡੇ ਓਜ ਲਾਵੈਂ॥੬॥

ਅੰਗਾਂ ਨੂੰ ਕੱਟ ਰਹੇ ਹਨ, ਬਹੁਤ ਲੋਥਾਂ ਪਈਆਂ ਹਨ, ਨਵਾਬ ਨੂੰ ਵਿਖਾਉਣ ਵਾਸਤੇ ਵੱਡਾ ਜ਼ੋਰ ਲਾਉਂਦੇ ਹਨ॥੬॥

ਨਹੀਂ ਪਾਇ ਪਾਛੇ। ਭਿਰੇ ਸੂਰ ਆਛੇ। ਇਤੈ ਸਿੱਖ ਦੌਰੇ। ਮਚਜੋ ਭੀਮ ਰੌਰੇ॥੭॥

ਪਿੱਛੇ ਪੈਰ ਨਹੀਂ ਧਰਦੇ, ਸੂਰਮੇ ਚੰਗੀ ਤਰ੍ਹਾਂ ਭਿੜੇ ਹਨ, ਏਧਰੋਂ ਸਿੱਖ ਦੌੜ ਕੇ ਪੈ ਗਏ, ਵੱਡਾ ਰੌਲਾ ਮੱਚ ਗਿਆ॥੭॥

ਪਰੈਂ ਹੂਹ ਦੈ ਕੈ। ਕ੍ਰਿਪਾਨੈਂ ਚਲੈ ਕੈ। ਕਿਤੇ ਢਾਲ ਓਡੈਂ। ਕਿਤੇ ਹਾਥ ਛੋਡੈਂ॥੮॥

ਯੁੱਧ ਨਾਦ ਵਜਾ ਕੇ ਪੈਂਦੇ ਹਨ, ਕਿਰਪਾਨਾਂ ਚਲਾਉਂਦੇ ਹਨ, ਕਿਤੇ ਢਾਲ ਦੀ ਓਟ ਲੈਂਦੇ ਹਨ, ਕਿਤੇ ਹੱਥ ਵਿਚੋਂ ਛੱਡ ਦਿੰਦੇ ਹਨ॥੮॥

ਸੁ ਬੰਕੇ ਸਿਪਾਹੀ। ਮਰੇ ਜੰਗ ਮਾਂਹੀ। ਬਿਧੀ ਚੰਦ ਰੋਸਾ। ਬਡੀ ਜੰਗ ਹੋਸਾ॥੯॥

ਸ੍ਰੇਸ਼ਟ ਬਾਂਕੇ ਸਿਪਾਹੀ, ਜੰਗ ਵਿਚ ਮਾਰੇ ਗਏ। ਬਿਧੀ ਚੰਦ ਰੋਹ ਵਿਚ ਆਇਆ, ਜਿਸਨੂੰ ਜੰਗ ਵਿਦਿਆ ਦਾ ਚੰਗਾ ਗਿਆਨ ਹੈ॥੯॥

ਸੁ ਆਪੰ ਬਚਾਵੈ। ਘਨੇ ਸ਼ੱਤ੍ਰ ਘਾਵੈ। ਤਜੈ ਤੀਰ ਤੀਖੇ। ਜੁ ਸਰਪੰ ਸਰੀਖੇ॥੧੦॥

ਉਹ ਆਪਣੇ ਆਪ ਨੂੰ ਬਚਾਉਂਦਾ ਹੈ ਤੇ ਬਹੁਤ ਵੈਰੀਆਂ ਨੂੰ ਮਾਰਦਾ ਹੈ ਤਿੱਖੇ ਤੀਰ ਛੱਡਦਾ ਹੈ, ਜਿਹੜੇ ਸੱਪ ਵਾਂਗ ਸ਼ੂਕਦੇ ਜਾਂਦੇ ਹਨ॥੧੦॥

ਭਟੰ ਪ੍ਰਾਨ ਹਾਨੇ। ਗਿਰੇ ਜੰਗ ਥਾਨੇ। ਮੁਖੰ ਭਾਰ ਕੇਈ। ਸੁ ਔਧੇ ਪਰੇਈ॥੧੧॥

ਸੂਰਮੇ ਪ੍ਰਾਣ ਰਹਿਤ ਹੋ ਕੇ ਜੰਗ ਵਾਲੇ ਸਥਾਨ ਤੇ ਡਿੱਗ ਪਏ, ਕਈ ਮੂੰਹ ਭਾਰ ਡਿੱਗੇ ਤੇ ਕਈ ਸਿੱਧੇ ਹੋ ਕੇ ਡਿੱਗੇ॥੧੧॥

ਜਹਾਂ ਘਾਵ ਹੋਹੂ। ਭਕਾਭੱਕ ਲੋਹੂ। ਕਹੂੰ ਕੰਪ ਧਾਰੇ। ਭਯੇ ਤ੍ਰਾਸ ਭਾਰੇ॥੧੨॥

ਜਿਥੇ ਵੀ ਜ਼ਖਮ ਹੁੰਦਾ ਸੀ, ਭਕਾਭੱਕ ਲਹੂ ਵਗਦਾ ਸੀ, ਕਈ ਭਾਰੀ ਡਰ ਮੰਨ ਕੇ ਕੰਬਦੇ ਸਨ॥੧੨॥

ਕਹੂੰ ਕੋਪ ਠਾਨੇ। ਗਹਜੇ ਖੱਗ ਪਾਨੇ। ਝਟਾਝੱਟ ਬਾਹੈਂ। ਕਰੈਂ ਓਜ ਬਾਹੈਂ॥੧੩॥

ਕਿਤੇ ਗੁੱਸੇ ਵਿਚ ਆ ਕੇ ਤਲਵਾਰ ਹੱਥ ਵਿਚ ਫੜਦੇ ਸਨ, ਝਟਾਝੱਟ ਤਲਵਾਰ ਵਾਹੁੰਦੇ ਸਨ ਅਤੇ ਬਾਹਾਂ ਨਾਲ ਜ਼ੋਰ ਲਾਉਂਦੇ ਸਨ॥੧੩॥

ਤਛਾ ਮੁੱਛ ਹੋਏ। ਬਡੀ ਨੀਂਦ ਸੋਏ। ਕਟੀ ਜੰਘ ਕਾਹੂੰ। ਖਰੇ ਜੰਗ ਮਾਹੂੰ॥੧੪॥

ਕਈ ਉਲਟੇ ਪਏ, ਸਦਾ ਦੀ ਨੀਂਦ ਸੋ ਗਏ ਸਨ। ਕਿਸੇ ਦੀ ਲੱਤ ਕੱਟੀ ਗਈ ਸੀ ਤੇ ਉਹ ਜੰਗ ਵਿਚ ਖੜਾ ਸੀ॥੧੪॥

ਕਟੇ ਕਾਹੁੰ ਪਾਸੇ। ਸੁ ਆਂਤ੍ਰੈਂ ਨਿਕਾਸੇ। ਰਿਦਾ ਕਾਹੁੰ ਛੇਦਾ। ਪਰੇ ਪਾਇ ਖੇਦਾ॥੧੫॥

ਕਈਆਂ ਦੇ ਪਾਸੇ ਕੱਟੇ ਗਏ ਸਨ ਤੇ ਉਨ੍ਹਾਂ ਦੀਆਂ ਆਂਦਰਾਂ ਬਾਹਰ ਆ ਗਈਆਂ ਸਨ। ਕਿਸੇ ਦਾ ਹਿਰਦਾ ਵਿੰਨ੍ਹਿਆ ਗਿਆ ਸੀ ਤੇ ਦੁੱਖ ਪਾ ਕੇ ਪਏ ਸਨ॥੧੫॥

ਕਿਸੂ ਹਾਥ ਕਾਟਾ। ਦਯੋ ਤ੍ਰਾਸ ਡਾਟਾ। ਦੁਧਾਰੇ ਜੁ ਖੰਡੇ। ਸੁ ਤੀਖੇ ਪ੍ਰਚੰਡੇ॥੧੬॥

ਕਿਸੇ ਦਾ ਹੱਥ ਕੱਟਿਆ ਸੀ ਤੇ ਡਾਂਟ ਕੇ ਡਰਾਇਆ ਸੀ। ਜੋ ਦੋਧਾਰੀ ਖੰਡੇ ਹਨ ਉਹ ਪ੍ਰਚੰਡ ਤਿੱਖੇ ਹਨ॥੧੬॥

ਬਡੇ ਬਾਢਵਾਰੇ। ਪੁਲਾਦੀ ਕਰਾਰੇ। ਲਗੈਂ ਗ੍ਰੀਵ ਜਾਹੂੰ। ਗਿਰੈ ਸੀਸ ਤਾਹੂੰ॥੧੭॥

ਵੱਡੇ ਵੱਢਣਹਾਰੇ ਹਨ, ਫੋਲਾਦ ਦੇ ਬਣੇ ਹਨ, ਜਿਸ ਦੇ ਵੀ ਗਲ ਨੂੰ ਲੱਗਦੇ ਹਨ, ਉਸੇ ਵੇਲੇ ਧੌਣ ਲੱਥ ਕੇ ਡਿੱਗ ਪੈਂਦੀ ਹੈ॥੧੭॥

ਭਏ ਰੁੰਡ ਮੁੰਡੰ। ਪਰੇ ਖੰਡ ਖੰਡੰ। ਕਟੇ ਕਾਹੁੰ ਤੁੰਡੰ। ਲਿਟੇ ਸੂਰ ਝੁੰਡੰ॥੧੮॥

ਸਰੀਰ ਧੜ ਵੱਖ ਹੋ ਕੇ ਰੁੰਡ ਮੁੰਡ ਹੋ ਜਾਂਦੇ ਹਨ ਤੇ ਥੱਲੇ ਡਿੱਗ ਕੇ ਖੰਡ-ਖੰਡ ਹੋ ਜਾਂਦੇ ਹਨ। ਕਈਆਂ ਦੇ ਮੂੰਹ ਕੱਟੇ ਹਨ ਤੇ ਸੂਰਮੇ ਟੋਲਿਆਂ ਦੇ ਰੂਪ ਵਿਚ ਲੇਟੇ ਹਨ॥੧੮॥

ਪ੍ਰਚੰਡੇ ਘੁਮੰਡੇ। ਕਟੇ ਬਾਹੁ ਦੰਡੇ। ਸਰੋਹੀ, ਹਲੱਬੀ। ਸੁ ਤੇਗੇ ਜੁਨੱਬੀ॥੧੯॥

ਭਾਰੀ ਹੰਕਾਰੀ ਸੂਰਮਿਆਂ ਦੇ ਬਾਹੂਦੰਡ ਕੱਟੇ ਗਏ ਸਨ। ਸਰੋਹੀ, ਹਲੱਬ ਅਤੇ ਜੁਨੱਬੀ ਦੇਸ਼ ਦੀਆਂ ਸ੍ਰੇਸ਼ਟ ਤਲਵਾਰਾਂ ਹਨ॥੧੯॥

ਕੜਾਕਾੜ ਝਾੜੈਂ। ਬਨੈ ਭੀਮ ਤਾੜੈਂ। ਬਡੇ ਸਿੱਖ ਕ੍ਰੋਧੇ। ਮਹਾਂ ਜੰਗ ਜੋਧੇ॥੨੦॥

ਇਹ ਤਲਵਾਰਾਂ ਕੜਾਕਾੜ ਝਾੜਦੀਆਂ ਹਨ ਤੇ ਭਿਆਨਕ ਬਣ ਕੇ ਤਾੜਨਾ ਕਰਦੀਆਂ ਹਨ। ਸਿੱਖ ਬੜੇ ਕ੍ਰੋਧ ਵਿਚ ਆਏ, ਜੰਗ ਦੇ ਮਹਾਨ ਯੋਧੇ ਹਨ॥੨੦॥

ਮਲੇਛਾਨ ਹੱਲਾ। ਦਿਵੰ ਹੋਇ ਝੱਲਾ। ਘਨੀ ਮਾਰਿ ਮਾਚੀ। ਲਹੂ ਧੂਲਿ ਰਾਚੀ॥੨੧॥

ਮਲੇਛਾਂ ਦੇ ਹੱਲੇ ਨੂੰ ਬੜੇ ਦ੍ਰਿੜ੍ਹ ਹੋ ਕੇ ਝੱਲਿਆ, ਬੜੀ ਮਾਰੋ ਮਾਰ ਮੱਚ ਗਈ ਤੇ ਲਹੂ ਤੇ ਧੂੜ ਦਾ ਚਿੱਕੜ ਬਣ ਗਿਆ॥੨੧॥

ਦੋਹਰਾ- ਇਕ ਇਕ ਸਿੱਖ ਗੁਰੁ ਸੁਭਟ ਜੇ ਦਸ ਦਸ ਤੁਰਕ ਸੰਘਾਰਿ।
ਕੋ ਸ਼ਹੀਦ ਕੋ ਜਿਯਤਿ ਭਾ ਸਤਿਗੁਰੁ ਕੋ ਬਲ ਧਾਰਿ॥ ੨੨॥

ਗੁਰੂ ਜੀ ਦਾ ਇਕ-ਇਕ ਸੂਰਮਾ ਸਤਿਗੁਰੂ ਜੀ ਦਾ ਬਲ ਧਾਰ ਕੇ ਦਸਾਂ ਦਸਾਂ ਤੁਰਕਾਂ ਨੂੰ ਮਾਰ ਕੇ ਸ਼ਹੀਦ ਹੋਇਆ ਜਾਂ ਜੀਵਤ ਰਿਹਾ॥੨੨॥

ਰਸਾਵਲ ਛੰਦ- ਗੁਰੂ ਕੋਪ ਹੋਏ। ਪਿਖੇ ਸ਼ੱਤ੍ਰ ਢੋਏ। ਮਲੇਛੰ ਸਮੂਹਾ। ਪਰੇ ਦੀਨਿ ਹੂਹਾ॥੨੩॥

ਗੁਰੂ ਜੀ ਨੇ ਜਦ ਸ਼ੱਤਰੂ ਨੂੰ ਆਉਂਦੇ ਵੇਖਿਆ ਤਾਂ ਉਹ ਬਹੁਤ ਰੋਹ ਵਿਚ ਆ ਗਏ, ਸਮੂਹ ਮਲੇਛ ਹਲਾ ਕਰਕੇ ਆ ਪਏ॥ ੨੩॥

ਕਰੇ ਲਾਲ ਨੈਨਾ। ਲਿਯੋ ਬਾਨ ਪੈਨਾ। ਨਿਖੰਗੈਂ ਨਿਕਾਸਾ। ਮੁਖੀ ਤੇ ਪ੍ਰਕਾਸ਼ਾ॥੨੪॥

ਗੁਰੂ ਜੀ ਨੇ ਨੈਣ ਲਾਲ ਕਰ ਲਏ, ਫਿਰ ਵੱਡੇ ਖੰਭਾਂ ਵਾਲਾ ਤੀਰ ਲਿਆ ਤੇ ਧਨੁੱਖ ਦੀ ਤੰਦੀ ਵਿਚ ਜੋੜਿਆ। ਕਮਾਨ ਨਾਲ ਚਲਾਇਆ ਤੇ ਫੌਜਾਂ ਦੇ ਮੁੱਖੀ ਵੱਲ ਭੇਜਿਆ॥੨੪॥

ਹੁਤੋ ਮੋਟਿ ਕਾਨਾ। ਸੁ ਪੰਖੇ ਮਹਾਨਾ। ਗੁਨੰ ਚਾਂਪ ਜੋਰਾ। ਕਠੋਰੈਂ ਜੁ ਚੋਰਾ॥੨੫॥

ਕਾਨਾ ਬਹੁਤ ਮੋਟਾ ਸੀ ਤੇ ਉਸ ਨੂੰ ਵੱਡੇ ਖੰਭ ਲੱਗੇ ਹੋਏ ਸਨ, ਉਸ ਬਾਨ ਨੂੰ ਧਨੁੱਖ ਦੀ ਤੰਦੀ ਵਿਚ ਜੋੜਿਆ ਜੋ ਕਰੜਾ ਅਤੇ ਚੋੜਾ ਸੀ॥੨੫॥

ਕਰਯੋ ਤਾਨ ਤਾਨਾ। ਲਗਯੋ ਪਾਨ ਕਾਨਾ। ਤਕਯੋ ਗੋਲ ਮਾਰਾ। ਚਲਯੋ ਬੇਗ ਪਾਰਾ॥੨੬॥

ਕਮਾਨ ਨੂੰ ਬੜੇ ਬਲ ਨਾਲ ਤਾਣਿਆ ਕਿ ਹੱਥ ਕੰਨ ਨੂੰ ਜਾ ਲੱਗਾ, ਟੋਲੇ ਨੂੰ ਤੱਕ ਕੇ ਮਾਰਿਆ, ਝੱਟ ਵੈਰੀਆਂ ਵਿਚੋਂ ਪਾਰ ਹੋ ਗਿਆ॥੨੬॥

ਲਗਯੋ ਸੂੰਕ ਕੈਸੇ। ਬਰਯੋ ਨਾਗ ਜੈਸੇ। ਗਯੋ ਫੋਰਿ ਛਾਤੀ। ਧਰਾ ਪੈ ਪਪਾਤੀ॥੨੭॥

ਤੀਰ ਇਸ ਤਰ੍ਹਾਂ ਸ਼ੂਕ ਕੇ ਲੱਗਾ ਜਿਵੇਂ ਨਾਗ ਵਰਮੀ ਵਿਚ ਵੜ ਗਿਆ ਹੋਵੇ। ਵੈਰੀ ਨੂੰ ਮਾਰ ਕੇ ਧਰਤੀ ਤੇ ਸੁੱਟ ਦਿੱਤਾ॥੨੭॥

ਦੁਤੀ ਜਾਇ ਭੇਦਾ। ਤਿਸੈ ਅੰਗ ਛੇਦਾ। ਪਰਯੋ ਭੂਮਿ ਜਾਈ। ਤ੍ਰਿਤੀ ਫੇਰਿ ਘਾਈ॥੨੮॥

ਇਕ ਨੂੰ ਮਾਰ ਕੇ, ਉਹੀ ਤੀਰ ਦੂਸਰੇ ਦੇ ਅੰਗਾਂ ਨੂੰ ਵਿੰਨ੍ਹ ਗਿਆ, ਉਹ ਵੀ ਧਰਤੀ ਤੇ ਡਿੱਗ ਪਿਆ। ਫਿਰ ਤੀਜੇ ਨੂੰ ਵੀ ਉਸੇ ਤੀਰ ਨੇ ਮਾਰ ਦਿੱਤਾ॥੨੮॥

ਭਟੰ ਚੌਥ ਲਾਗੇ। ਤਬੈ ਪ੍ਰਾਨ ਤਯਾਗੇ। ਪੁਨੰ ਪੰਚ ਬੀਧਾ। ਗਡਯੋ ਜਾਇ ਸੀਧਾ॥੨੯॥

ਉਹੀ ਤੀਰ ਫਿਰ ਚੌਥੇ ਨੂੰ ਜਾ ਲੱਗਾ ਤੇ ਉਹ ਵੀ ਲਗਦਿਆਂ ਪ੍ਰਾਣ ਤਿਆਗ ਗਿਆ। ਫਿਰ ਉਸ ਤੀਰ ਨੇ ਪੰਜਵੇਂ ਨੂੰ ਵਿੰਨ੍ਹ ਦਿੱਤਾ, ਸਿੱਧਾ ਉਸ ਵਿਚ ਜਾ ਕੇ ਗੱਡਿਆ ਗਿਆ॥੨੯॥

ਧਰਯੋ ਤੀਰ ਦੂਵਾ। ਮਹਾਂ ਕੋਪ ਹੂਵਾ। ਤਜਯੋ ਬੇਗ ਸੰਗਾ। ਘਨੇ ਸ਼ੱਤ੍ਰ ਭੰਗਾ॥੩੦॥

ਫਿਰ ਗੁਰੂ ਜੀ ਨੇ ਦੂਸਰਾ ਤੀਰ ਰਖਿਆ ਤੇ ਮਹਾਨ ਕ੍ਰੋਧ ਵਿਚ ਆ ਕੇ ਬੜੀ ਛੇਤੀ ਚਲਾ ਦਿੱਤਾ ਤੇ ਉਸ ਨੇ ਵੀ ਪਹਿਲਾਂ ਵਾਂਗ ਕਈ ਵੈਰੀਆਂ ਨੂੰ ਮਾਰ ਦਿੱਤਾ॥੩੦॥

ਇਸੀ ਰੀਤਿ ਫੇਰੇ। ਪ੍ਰਹਾਰੈਂ ਘਨੇਰੇ। ਗਿਰੇ ਖਾਨ ਮਾਨੀ। ਦਿਏ ਪ੍ਰਾਨ ਹਾਨੀ॥੩੧॥

ਫਿਰ ਏਸੇ ਰੀਤ ਅਨੁਸਾਰ ਬਹੁਤ ਵੈਰੀਆਂ ਨੂੰ ਮਾਰਿਆ। ਹੰਕਾਰੀ ਪਠਾਣ ਡਿੱਗ ਪਏ ਤੇ ਪ੍ਰਾਣ ਤੱਜ ਗਏ॥੩੧॥

ਲਗੈਂ ਬਾਨ ਜਾਏ। ਘਨੇ ਸ਼ੱਤ੍ਰ ਘਾਏ। ਭਰੇ ਜੋ ਨਿਖੰਗੈਂ। ਚਲਾਏ ਖਤੰਗੈਂ ॥੩੨॥

ਗੁਰੂ ਜੀ ਦੇ ਤੀਰ ਜਾ ਕੇ ਲੱਗਦੇ ਸਨ ਤੇ ਕਈ ਸ਼ਤਰੂ ਮਾਰੇ ਜਾਂਦੇ ਸਨ। ਜਿਹੜੇ ਭੱਥੇ ਤੀਰਾਂ ਨਾਲ ਭਰੇ ਹੋਏ ਸਨ, ਉਨ੍ਹਾਂ ਵਿਚੋਂ ਕੱਢ-ਕੱਢ ਕੇ ਤੀਰ ਚਲਾਏ॥੩੨॥

ਇਕੈਂ ਦੋਇ ਤੀਨੋ। ਕਰੈਂ ਪ੍ਰਾਨ ਹੀਨੋ। ਬਡੇ ਬੇਗ ਵਾਰੇ। ਲਗੈਂ ਫੋਰਿ ਪਾਰੇ ॥੩੩॥

ਇਕ, ਦੋ ਤਿੰਨਾਂ ਦੇ ਪ੍ਰਾਣ ਕੱਢ ਦਿੰਦੇ ਸਨ, ਬੜੀ ਤੇਜ਼ੀ ਨਾਲ ਚਲਾਏ ਤੇ ਉਹ ਵੈਰੀ ਨੂੰ ਪਾੜ ਕੇ ਬਾਹਰ ਨਿਕਲ ਜਾਂਦੇ ਸਨ॥੩੩॥

ਧਵਾਵੈਂ ਤੁਰੰਗਾ। ਪ੍ਰਹਾਰੈਂ ਖਤੰਗਾ। ਚਲਾਵੈਂ ਤੁਫੰਗਾ। ਭਟੰ ਅੰਗ ਭੰਗਾ॥ ੩੪॥

ਘੋੜੇ ਨੂੰ ਭਜਾਉਂਦੇ ਸਨ ਤੇ ਤੀਰ ਮਾਰਦੇ ਸਨ, ਬੰਦੂਕਾਂ ਵੀ ਚਲਾਉਂਦੇ ਸਨ ਤੇ ਭੱਟਾਂ ਦੇ ਅੰਗਾਂ ਨੂੰ ਨਾਸ਼ ਕਰਦੇ ਸਨ॥੩੪॥

ਬਡੇ ਘਾਵ ਸੰਗਾ। ਲਹੂ ਲਾਲ ਰੰਗਾ। ਬਨੈਂ ਬੇਸ ਚੰਗਾ। ਮਚਜੇ ਭੀਮ ਚੰਗਾ॥੩੫॥

ਵੱਡੇ ਜ਼ਖਮਾਂ ਨਾਲ, ਸੂਰਮਿਆਂ ਦੇ ਰੰਗ ਲਾਲ ਹੋ ਗਏ ਸਨ ਤੇ ਉਨ੍ਹਾਂ ਦਾ ਭੇਸ ਚੰਗਾ ਬਣ ਜਾਂਦਾ ਸੀ। ਵੱਡਾ ਯੁੱਧ ਮੱਚ ਗਿਆ॥੩੫॥

ਦੋਹਰਾ-ਕਹਿੰ ਲਗਿ ਬਰਨੋ ਜੁੱਧ ਕੋ ਭਯੋ ਮਹਾਂ ਘਮਸਾਨ।
ਪ੍ਰਥਮ ਤੁਫੰਗਨਿ ਤੇ ਮਰੇ ਤੁਰਕਨਿ ਕੇ ਅਵਸਾਨ॥ ੩੬॥

ਕਿਥੋਂ ਤਕ ਯੁੱਧ ਦਾ ਵਰਣਨ ਕਰਾਂ, ਵੱਡੇ ਘਮਸਾਣ ਦਾ ਜੰਗ ਹੋਇਆ, ਪਹਿਲਾਂ ਹੀ ਗੋਲੀਆਂ ਨਾਲ ਤੁਰਕਾਂ ਦੇ ਹੌਸਲੇ ਢਿੱਲੇ ਪੈ ਗਏ ਸਨ॥੩੬॥

*ਪਾਧੜੀ ਛੰਦ*-ਗੁਲਕਾਨਿ ਮਾਰਿ ਮਾਰਿ ਕਰਿ ਪ੍ਰਾਨ ਹਾਨਿ। ਰਣ ਖੇਤ ਬਿਖੈ ਸੁਪਤੇ ਮਹਾਂਨ।
ਪੁਨ ਬਾਨ ਸੰਗ ਭਾ ਭੀਮ ਜੰਗ। ਤਬਿ ਭਏ ਤੁਰਕ ਗਨ ਪ੍ਰਾਨ ਭੰਗਿ ॥੩੭॥

ਪਹਿਲਾਂ ਗੋਲੀਆਂ ਮਾਰ-ਮਾਰ ਕੇ ਪ੍ਰਾਣ-ਰਹਿਤ ਕਰ ਦਿੱਤੇ ਸਨ, ਮਹਾਨ ਸੂਰਮੇ ਰਣ-ਖੇਤਰ ਵਿਚ ਮਰ ਕੇ ਸੁੱਤੇ ਪਏ ਸਨ। ਫਿਰ ਤੀਰਾਂ ਦੀ ਵੱਡੀ ਜੰਗ ਹੋਈ, ਤਦ ਵੀ ਬਹੁਤ ਤੁਰਕਾਂ ਦੇ ਪ੍ਰਾਣ ਜਾਂਦੇ ਰਹੇ॥੩੭॥

ਖਰ ਸੇਲ ਸਕਤਿ ਤੋਮਰ ਪ੍ਰਹਾਰਿ। ਇਨ ਸਾਥ ਘਨੇ ਰਣ ਤੁਰਕ ਮਾਰਿ।
ਪੁਨ ਚਲੇ ਖੜਗ ਇਕ ਬਾਰਿ ਬ੍ਰਿੰਦ। ਕਟਿ ਗਏ ਬਹੁਤ ਛਿੰਨ ਮੈਂ ਨਿਕੰਦਿ ॥੩੮॥

ਤੀਰ, ਭਾਲੇ ਅਤੇ ਨੇਜ਼ਿਆਂ ਦਾ ਵਾਰ ਕਰਦੇ ਸਨ, ਇਨ੍ਹਾਂ ਨਾਲ ਵੀ ਬਹੁਤ ਤੁਰਕਾਂ ਨੂੰ ਰਣਖੇਤਰ ਵਿਚ ਮਾਰਿਆ। ਫਿਰ ਇਕ ਵਾਰ ਹੀ ਬਹੁਤ ਤਲਵਾਰਾਂ ਚਲ ਪਈਆਂ, ਛਿਣ ਭਰ ਵਿਚ ਹੀ ਬਹੁਤ ਵੈਰੀਆਂ ਨੂੰ ਕੱਟ ਦਿੱਤਾ॥੩੮॥

ਰਣ ਖੇਤ ਦੂਰਿ ਲਗ ਭਾ ਮਹਾਨ। ਜਹਿਂ ਕਰਹਿਂ ਜੋਗਨੀ ਸ਼੍ਰੋਨ ਪਾਨ।
ਖੱਪਰ ਭਰੰਤਿ ਬਹੁ ਬਾਰਿ ਬਾਰਿ। ਹ੍ਵੈ ਤ੍ਰਿਪਤਿ ਬਹੁਤਿ ਲੇਤੀ ਡਕਾਰ ॥੩੯॥

ਮਹਾਨ ਰਣਖੇਤਰ ਬਹੁਤ ਦੂਰ ਤਕ ਫੈਲਿਆ ਹੋਇਆ ਸੀ, ਜਿਥੇ ਕਿਥੇ ਜੋਗਨੀਆਂ ਲਹੂ ਪੀ ਰਹੀਆਂ ਸਨ। ਉਹ ਬਾਰ-ਬਾਰ ਆਪਣੇ ਖਪਰ ਲਹੂ ਨਾਲ ਭਰ ਰਹੀਆਂ ਸਨ, ਫਿਰ ਰੱਜ ਕੇ ਬਹੁਤ ਡਕਾਰ ਮਾਰਦੀਆਂ ਸਨ॥੩੯॥

ਬਹੁ ਗ੍ਰਿੱਧ ਕੰਕ ਬਾਇਸ ਪੁਕਾਰ। ਮਨ ਭਾਇ ਖਾਇ ਆਮਿਖ ਅਹਾਰ।
ਗਨ ਮਿਲੇ ਆਨਿ ਨਿਰਭੈ ਗੁਮਾਯ। ਲਖਿ ਸੰਝ ਬੋਲਤੇ ਧੁਨਿ ਉਚਾਯ॥੪੦॥

ਬਹੁਤ ਗਿੱਰਝਾਂ, ਕਾਂ ਅਤੇ ਇੱਲਾਂ ਉੱਚੀ-ਉੱਚੀ ਬੋਲ ਰਹੇ ਸਨ, ਉਹ ਮਨ-ਭਾਉਂਦਾ ਮਾਸ ਦਾ ਆਹਾਰ ਕਰ ਰਹੇ ਸਨ, ਕਈ ਨਿਰਭੈਅ ਗਿੱਦੜੀਆਂ ਵੀ ਉਨ੍ਹਾਂ ਨੂੰ ਆ ਮਿਲੀਆਂ। ਲੱਖਾਂ ਦੀ ਗਿਣਤੀ ਵਿਚ ਉੱਚੀ ਧੁਨੀ ਵਿਚ ਬੋਲਦੇ ਸਨ ॥੪੦॥

ਬਹੁ ਭੂਤ ਪ੍ਰੇਤ ਨਾਚੰਤਿ ਗਾਇ। ਹੜ ਹੜ ਹਸੰਤਿ ਮਨ ਭਾਯ ਪਾਯ।
ਡਾਕਨਿ ਪਿਸ਼ਾਚ ਬਹੁ ਰੁਧਿਰ ਰਾਚਿ। ਬਹੁ ਮਾਸ ਖਾਤਿ ਰੁਚਿ ਮਾਚਿ ਮਾਚਿ ॥੪੧॥

ਬਹੁਤ ਭੂਤ ਪ੍ਰੇਤ ਨੱਚਕੇ ਗਾਉਂਦੇ ਸਨ, ਮਨ ਵਿਚ ਬੜਾ ਪ੍ਰੇਮ ਧਾਰ ਕੇ ਉਹ ਹਿੜ-ਹਿੜ ਕਰਕੇ ਹੱਸਦੇ ਸਨ। ਡਾਇਣਾਂ ਤੇ ਜਿੰਨ ਭੂਤ ਬਹੁਤ ਖੂਨ ਇਕੱਠਾ ਕਰਕੇ ਤੇ ਬਹੁਤ ਪ੍ਰਸੰਨ ਹੋ ਕੇ ਮਾਸ ਖਾ ਰਹੇ ਸਨ, ਤੇ ਖੂਨ ਪੀ ਰਹੇ ਸਨ ॥੪੧॥

ਬਿਥਰੇ ਸੁ ਪਰੇ ਬਹੁ ਰੁੰਡ ਮੁੰਡ। ਇਕ ਗਿਰੇ ਸੂਰ ਤਨ ਖੰਡ ਖੰਡ।
ਗਨ ਤੁਪਕ, ਧਨੁਖ, ਤੋਮਰ, ਕ੍ਰਿਪਾਨ। ਬਹੁ ਪਰੇ ਖੇਤ ਮਹਿਂ ਮੂਲ ਮਹਾਨ ॥੪੨॥

ਧੜ ਅਤੇ ਸਿਰ ਰੁੰਡ-ਮੁੰਡ ਹੋਏ ਖਿਲਰੇ ਪਏ ਸਨ, ਕਈਆਂ ਸੂਰਮਿਆਂ ਦੇ ਸਰੀਰ ਪੁਰਜ਼ਾ-ਪੁਰਜ਼ਾ ਹੋਏ ਪਏ ਸਨ। ਬੰਦੂਕਾਂ, ਧਨੁੱਖ, ਨੇਜ਼ੇ, ਕ੍ਰਿਪਾਨਾਂ, ਜਿਹੜੇ ਬੜੇ ਕੀਮਤੀ ਸ਼ਸਤਰ ਸਨ, ਉਹ ਰਣਖੇਤਰ ਵਿਚ ਪਏ ਸਨ ॥੪੨॥

ਮਰਿ ਗਏ ਬੀਰ ਜੇ ਧਰਨਿਹਾਰ। ਕੁਛ ਰਹੇ ਆਨਿ ਥੋਰੇ ਜੁਝਾਰ।
ਹਯ ਮਰੇ ਪਰੇ ਜਹਿਂ ਕਹਿਂ ਬਿਲੰਦ। ਕੋ ਤਰਫਿ ਤਰਫਿ ਹੋਵਤਿ ਨਿਕੰਦ ॥੪੩॥

ਜਿਹੜੇ ਇਨ੍ਹਾਂ ਸ਼ਸਤਰਾਂ ਨੂੰ ਧਾਰਨ ਕਰਨ ਵਾਲੇ ਸਨ, ਉਹ ਸੂਰਮੇ ਮਾਰੇ ਗਏ ਸਨ, ਕੁਝ ਥੋੜੇ ਸੂਰਮੇ ਰਹਿ ਗਏ ਸਨ। ਜਿਥੇ ਕਿਥੇ ਵੱਡੇ-ਵੱਡੇ ਘੋੜੇ ਮਰੇ ਪਏ ਸਨ। ਕਈ ਤੜਫ ਤੜਫ ਕੇ ਹੀ ਵਿਨਾਸ਼ ਹੋ ਜਾਂਦੇ ਸਨ ॥੪੩॥

ਜਿਨ ਜ਼ੀਨ ਰਜਤ ਅਰ ਹੇਮ ਕੇਰਿ। ਕੋ ਬਿਚਰਤਿ ਛੂਛੇ ਹੇਰਿ ਹੇਰਿ
ਭਟ ਪਰੇ ਕਿਤਿਕ ਘਾਇਲ ਮਹਾਨ। ਦਰੜੰਤਿ ਸਭਿਨਿ ਦੇ ਪ੍ਰਾਨ ਹਾਨ ॥੪੪॥

ਜਿਨ੍ਹਾਂ ਦੀਆਂ ਕਾਠੀਆਂ ਸੋਨੇ ਅਤੇ ਚਾਂਦੀਆਂ ਦੀ ਬਣੀਆਂ ਸਨ, ਉਹ ਘੋੜੇ ਸਵਾਰਾਂ ਤੋਂ ਖਾਲੀ ਫਿਰ ਰਹੇ ਸਨ। ਕਈ ਵੱਡੇ-ਵੱਡੇ ਸੂਰਮੇ ਜ਼ਖਮੀ ਹੋਏ ਪਏ ਸਨ, ਘੋੜਿਆਂ ਅਤੇ ਸੂਰਮਿਆਂ ਦੇ ਪੈਰਾਂ ਹੇਠ ਆ ਕੇ ਉਹ ਵੀ ਦਰੜ ਕੇ ਅੰਤ ਮਰ ਜਾਂਦੇ ਸਨ ॥੪੪॥

ਕਿਸ ਕੀ ਸੰਭਾਰ ਨਹਿਂ ਕੋਇ ਲੇਤਿ। ਬਹੁ ਮਰੇ ਅਲਪ ਰਹਿਗੇ ਸੁ ਖੇਤ।
ਤਿਸ ਕਾਲ ਮਾਰਿ ਭੀ ਕੁਛਕ ਐਸ। ਮਰਿ ਗਏ ਤੁਰਕ ਲਖਿਯਤਿ ਨ ਕੈਸ ॥੪੫॥

ਕਿਸੇ ਜ਼ਖਮੀ ਨੂੰ ਵੀ ਕੋਈ ਸੰਭਾਲਦਾ ਨਹੀਂ ਸੀ, ਬਹੁਤ ਮਰ ਗਏ ਸਨ ਤੇ ਹੁਣ ਰਣਖੇਤਰ ਵਿਚ ਬਹੁਤ ਥੋੜ੍ਹੇ ਰਹਿ ਗਏ ਸਨ। ਉਸ ਸਮੇਂ ਕੁਝ ਐਸੀ ਮਾਰ ਪਈ, ਬਹੁਤ ਤੁਰਕ ਮਾਰੇ ਗਏ, ਉਨ੍ਹਾਂ ਦੀ ਸਮਝ ਵਿਚ ਨਾ ਆਇਆ ਕਿ ਇਹ ਕੀ ਹੋ ਗਿਆ ਹੈ ॥੪੫॥

ਕੁਛ ਰਹੇ ਸ਼ੇਸ਼ ਤਜਿ ਜਿਯਨਿ ਆਸਿ। ਕਾਯਰ ਭਜੰਤਿ ਧਰਿ ਅਧਿਕ ਤ੍ਰਾਸ।
ਪਿਖਿ ਅਬਦੁਲ ਖਾਂ ਬਿਸਮਯੋ ਵਿਸ਼ੇਸ਼। 'ਕਿਮ ਮਰੀ ਸੈਨ ਰਹਿ ਅਲਪ ਸ਼ੇਸ਼' ॥੪੬॥

ਜਿਹੜੇ ਕੁਝ ਬਾਕੀ ਬਚੇ ਸਨ, ਉਨ੍ਹਾਂ ਵੀ ਜੀਉਣ ਦੀ ਆਸ ਛੱਡ ਦਿੱਤੀ ਤੇ ਕਾਇਰ ਬਹੁਤ ਡਰ ਮੰਨ ਕੇ ਉਹ ਭੱਜ ਉਠੇ। ਅਬਦੁਲ ਖਾਂ ਇਹ ਵੇਖ ਕੇ ਬਹੁਤ ਹੈਰਾਨ ਹੋਇਆ, ''ਕਿਵੇਂ ਸਾਰੀ ਸੈਨਾ ਮਰ ਗਈ ਹੈ, ਹੁਣ ਬਹੁਤ ਥੋੜ੍ਹੀ ਬਾਕੀ ਰਹਿ ਗਈ ਹੈ'' ॥੪੬॥

ਰਣ ਬਿਖੈ ਜੀਤ ਅਰੁ ਜਿਯਨਿ ਆਸ। ਹੁਇਗੋ ਨਿਰਾਸ ਪਿਖਿ ਸਕਲ ਨਾਸ਼।
'ਅਬਿ ਮਰੋਂ ਜੰਗ ਕੇ ਸਮੁਖ ਹੋਇ। ਕੈ ਹਤੋਂ ਗੁਰੂ ਨਿਜ ਦ੍ਰਿਸ਼ਟਿ ਜੋਇ ॥ ੪੭ ॥

ਰਣਖੇਤਰ ਵਿਚ ਜਿੱਤ ਅਤੇ ਜੀਵਨ ਦੀ ਆਸ ਬਾਰੇ ਸਭ ਕੁਝ ਵਿਨਾਸ਼ ਹੋਇਆ ਵੇਖ ਕੇ ਨਿਰਾਸ਼ ਹੋ ਗਿਆ। 'ਹੁਣ ਮੈਂ ਜੰਗ ਦੇ ਸਾਹਮਣੇ ਹੋ ਕੇ ਮਰਾਂਗਾ। ਹੁਣ ਗੁਰੂ ਜੀ ਨੂੰ ਆਪਣੇ ਅੱਖਾਂ ਦੇ ਸਾਹਮਣੇ ਵੇਖ ਕੇ ਮਾਰਾਂਗਾ ॥੪੭॥

ਨਹਿਂ ਥਿਰੋਂ ਦੂਰ ਅਬਿ ਲੇਉਂ ਦੇਖਿ। ਕਿਮ ਹਤਹਿ ਸ਼ਸਤ੍ਰ ਗੁਰ ਭਾ ਵਿਸ਼ੇਖ।
ਤਿਹ ਸੰਗ ਜੁਟੋਂ ਮੈਂ ਆਪ ਜਾਇ। ਮੋ ਲਰੇ ਬਿਨਾ ਨਹਿਂ ਕੋ ਉਪਾਇ ॥ ੪੮ ॥

ਹੁਣ ਮੈਂ ਦੂਰ ਨਹੀਂ ਖੜਾਂਗਾ, ਗੁਰੂ ਜੀ ਨੂੰ ਵੇਖਾਂਗਾ ਕਿ ਕਿਵੇਂ ਉਹ ਵੱਡਾ ਬਲੀ ਹੋ ਗਿਆ ਹੈ ਤੇ ਕਿਵੇਂ ਸ਼ਸਤਰ ਮਾਰਦਾ ਹੈ। ਉਸ ਦੇ ਨਾਲ ਮੈਂ ਆਪ ਜਾ ਕੇ ਭਿੜਾਂਗਾ, ਮੇਰੇ ਲੜਨ ਤੋਂ ਬਗੈਰ ਹੋਰ ਕੋਈ ਉਪਾਅ ਵੀ ਨਹੀਂ ਹੈ ॥੪੮॥

ਗੁਰ ਹਾਥ ਸਾਥ ਮਰਿਹੋਂ ਲਰੰਤਿ। ਕੈ ਲੇਉਂ ਮਾਰਿ ਰਣ ਹੋਇ ਅੰਤ।
ਇਸ ਬਿਧਿ ਬਿਚਾਰ ਮਨ ਕਸ਼ਟ ਪਾਇ। ਹਿਤ ਮਰਣ ਚਲਜੋ ਸੂਬਾ ਅਗਾਇ ॥੪੯ ॥

ਉਨ੍ਹਾਂ ਨਾਲ ਲੜਦਾ ਜਾਂ ਮੈਂ ਗੁਰੂ ਜੀ ਦੇ ਹੱਥੋਂ ਮਾਰਿਆ ਜਾਵਾਂਗਾ ਜਾਂ ਮੈਂ ਉਨ੍ਹਾਂ ਨੂੰ ਮਾਰ ਲਵਾਂਗਾ ਤੇ ਲੜਾਈ ਖਤਮ ਹੋ ਜਾਵੇਗੀ' ਇਸ ਤਰ੍ਹਾਂ ਸੋਚ ਕੇ ਮਨ ਵਿਚ ਬਹੁਤ ਦੁੱਖੀ ਹੋਇਆ, ਮਰਨ ਵਾਸਤੇ ਸੂਬਾ ਅੱਗੇ ਚਲ ਪਿਆ ॥੪੯॥

ਜੁਗ ਸੰਗ ਲੀਨਿ ਖੱਤ੍ਰੀ ਬਿਲੰਦ। ਇਕ ਕਰਮਚੰਦ ਅਰੁ ਰਤਨਚੰਦ।
ਕਰਿ ਬਾਮ ਦਾਹਿਨੇ ਚੁਹਨਿ ਬੀਰ। ਗੁਰੁ ਸਮੁਖ ਚਲਜੋ ਹ੍ਵੈ ਕੈ ਅਭੀਰ ॥ ੫੦ ॥

ਆਪਣੇ ਨਾਲ ਦੋਹਾਂ ਵੱਡੇ ਖੱਤਰੀਆਂ ਨੂੰ ਲੈ ਲਿਆ, ਉਨ੍ਹਾਂ ਵਿਚ ਇਕ ਦਾ ਨਾਂ ਕਰਮ ਚੰਦ ਸੀ ਤੇ ਦੂਸਰਾ ਰਤਨ ਚੰਦ ਸੀ। ਦੋਹਾਂ ਸੂਰਮਿਆਂ ਨੂੰ ਆਪਣੇ ਖੱਬੇ ਸੱਜੇ ਕਰਕੇ, ਦਲੇਰ ਹੋ ਕੇ ਗੁਰੂ ਜੀ ਵਲ ਚਲ ਪਿਆ ॥੫੦॥

ਬਿਧੀ ਆਦਿ ਸਿੱਖ ਜੇ ਲਰਤਿ ਔਰ। ਤਜਿ ਸੁਭਟ ਤੁਰਕ ਤਿਨ ਸੰਗ ਠੌਰਿ।
ਤਹਿਂ ਤੇ ਸੁ ਟਰਜੋ ਗੁਰ ਜਾਂਹਿ ਥਾਨ। ਪਹੁੰਚਜੋ ਨਬਾਬ ਤਹਿਂ ਤੁਰਤ ਆਨਿ ॥੫੧ ॥

ਬਿਧੀ ਚੰਦ ਆਦਿ ਜਿਹੜੇ ਹੋਰ ਸਿੱਖ ਲੜ ਰਹੇ ਸਨ, ਕੁਝ ਤੁਰਕ ਸੂਰਮਿਆਂ ਨੂੰ ਉਨ੍ਹਾਂ ਦੇ ਪਾਸ ਛੱਡ ਕੇ ਉਧਰ ਚਲ ਪਏ ਜਿਸ ਸਥਾਨ ਵਿਖੇ ਗੁਰੂ ਜੀ ਖੜੇ ਸਨ, ਨਵਾਬ ਤੁਰਤ ਹੀ ਉਥੇ ਆ ਪਹੁੰਚਿਆ ॥੫੧॥

ਬਹੁ ਰਿਦੇ ਧਾਰਿ ਗੁਰੁ ਪਿਖਨਿ ਚਾਹਿ। ਮਰਿ ਰਹੌਂ ਕਿ ਮਾਰੌਂ ਜੰਗ ਮਾਂਹਿ।
ਨਿਜ ਬਲ ਦਿਖਾਇ, ਤਿਹ ਦੇਖਿ ਲੇਉਂ। ਕਰਿ ਹੌਂ ਨਿਬੇਰ ਗੁਰ ਮਾਰਿ ਦੇਉਂ ॥੫੨ ॥

ਬਹੁਤ ਚਾਹਤ ਧਾਰ ਕੇ ਗੁਰੂ ਜੀ ਨੂੰ ਵੇਖਣਾ ਚਾਹੁੰਦਾ ਸੀ, ਤੇ ਸੋਚਦਾ ਸੀ, "ਮਰ ਜਾਵਾਂਗਾ ਜਾਂ ਜੰਗ ਵਿਚ ਗੁਰੂ ਨੂੰ ਮਾਰ ਲਵਾਂਗਾ, ਆਪਣਾ ਬਲ ਵਿਖਾ ਕੇ ਉਸਨੂੰ ਵੇਖ ਲਵਾਂਗਾ ਤੇ ਗੁਰੂ ਨੂੰ ਮਾਰ ਕੇ ਲੜਾਈ ਦਾ ਨਬੇੜਾ ਕਰ ਦੇਵਾਂਗਾ" ॥੫੨॥

ਦੋਹਰਾ ॥ ਇਸ ਬਿਧਿ ਠਟਿ ਕਰਿ ਆਇਗੋ ਜਹਿਂ ਥਿਤ ਗੁਰ ਭਗਵਾਨ।
ਪਿਖਿਨਿ ਪਰਸਪਰ ਹੋਤਿ ਭਾ ਲਰਿਬੇ ਚੌਂਪ ਮਹਾਨ ॥ ੫੩ ॥

ਇਸ ਵਿਧੀ ਅਨੁਸਾਰ ਡੱਟ ਕੇ ਉਥੇ ਆ ਗਿਆ, ਜਿਥੇ ਗੁਰੂ ਭਗਵਾਨ ਜੀ ਖੜੇ ਸਨ। ਆਪਸ ਵਿਚ ਇਕ ਦੂਸਰੇ ਨੂੰ ਵੇਖ ਰਹੇ ਸਨ ਤੇ ਲੜਨ ਦਾ ਮਹਾਨ ਸ਼ੌਕ ਸੀ ॥੫੩॥

*ਛੇਵੀਂ ਰਾਸ ਦਾ ਇਕਤਾਲੀਵਾਂ ਅਧਿਆਇ ਸਮਾਪਤ ਹੋਇਆ ॥੪੧॥*

# ਅਧਿਆਇ ਬਤਾਲੀਵਾਂ

## ਸੂਬੇ ਤੇ ਖੱਤ੍ਰੀਆਂ ਦਾ ਗੁਰੂ ਜੀ ਨੂੰ ਵੰਗਾਰਨਾ

ਦੋਹਰਾ- ਸਨਮੁਖ ਭਯੋ ਨਬਾਬ ਜਬਿ ਬਹੁ ਸੈਨਾ ਮਰਿਵਾਇ।
ਦ੍ਰਿਸ਼ਟਿ ਪਰਸਪਰ ਪ੍ਰੇਰਿ ਤਬਿ ਪਿਖੇ ਰੂਪ ਦ੍ਰਿਗ ਲਾਇ॥ ੧॥

ਜਦ ਨਵਾਬ ਬਹੁਤ ਸੈਨਾ ਮਰਵਾ ਕੇ ਗੁਰੂ ਜੀ ਦੇ ਸਨਮੁਖ ਹੋਇਆ, ਆਪਸ ਵਿਚ ਵੇਖ ਕੇ ਤਦ ਗੁਰੂ ਜੀ ਦੇ ਸਰੂਪ ਨੂੰ ਨੈਣ ਟਿਕਾ ਕੇ ਚੰਗੀ ਤਰ੍ਹਾਂ ਵੇਖਿਆ॥੧॥

ਚੌਪਈ- ਕਰ ਧਨੁ, ਕਟ ਇਖਧੀ ਸ਼ਮਸ਼ੇਰ। ਸਿਪਰ ਸਹਤ ਸ੍ਰੀ ਗੁਰ ਸਮ ਸ਼ੇਰ।
ਬਡੇ ਪ੍ਰਤਾਪਵੰਤਿ ਪਿਖਿ ਕਰਿ ਕੈ। ਹਤਨਿ ਹੇਤ ਗਨ ਜਤਨ ਸਿਮਰਿਕੈ॥੨॥

ਉਸ ਨੇ ਵੇਖਿਆ ਕਿ ਗੁਰੂ ਜੀ ਦੇ ਹੱਥ ਵਿਚ ਧਨੁੱਖ ਸੀ, ਲੱਕ ਵਿਚ ਤੀਰਾਂ ਦਾ ਭੱਥਾ ਬੰਨ੍ਹਿਆਂ ਸੀ ਤੇ ਗਲ ਵਿਚ ਤਲਵਾਰ ਪਹਿਣੀ ਹੋਈ ਸੀ, ਢਾਲ ਸਹਿਤ ਗੁਰੂ ਜੀ ਸ਼ੇਰ ਸਮਾਨ ਸਨ। ਵੱਡੇ ਪ੍ਰਤਾਪ ਵਾਲੇ ਵੇਖ ਕੇ ਮਾਰਨ ਵਾਸਤੇ ਬਹੁਤ ਯਤਨ ਅਤੇ ਦਾਅ ਯਾਦ ਕੀਤੇ॥੨॥

ਤੁਰੰਗ ਨਚਾਵਤਿ ਜੁਤਿ ਗਜਗਾਹਨਿ। ਸਿੱਖਨਿ ਕੋ ਚਾਹਤਿ ਅਵਿਗਾਹਨਿ।
ਚਾਂਪ ਹਾਥ ਮਹਿਂ ਤੀਰ ਨਿਕਾਰਤਿ। ਐਂਚਿ ਕਾਨ ਲਗਿ ਬਲ ਕਰਿ ਮਾਰਤਿ॥੩॥

ਉਸ ਨੇ ਘੋੜੇ ਨੂੰ ਨਚਾਇਆ, ਜਿਸ ਘੋੜੇ ਦੇ ਕੰਨਾਂ ਤੋਂ ਲੈ ਕੇ ਕਾਠੀ ਤਕ ਦੋਵੀਂ ਪਾਸੀ ਲੋਹੇ ਦੇ ਲਟਕਣ ਲਟਕ ਰਹੇ ਸਨ। ਸਿੱਖਾਂ ਨੂੰ ਲੰਘ ਕੇ ਸਤਿਗੁਰੂ ਜੀ ਪਾਸ ਜਾਣਾ ਚਾਹੁੰਦਾ ਸੀ। ਹੱਥ ਵਿਚ ਧਨੁੱਖ ਫੜਿਆ ਸੀ ਤੇ ਉਸ ਭੱਥੇ ਵਿਚ ਇਕ ਤੀਰ ਕਢਿਆ ਤੇ ਕੰਨਾਂ ਤਕ ਖਿੱਚ ਕੇ ਬੜੇ ਜ਼ੋਰ ਨਾਲ ਚਲਾਇਆ॥੩॥

ਕੰਚਨਿ ਕੇਰ ਬਿਭੂਖਨ ਅੰਗ। ਜਬਰ ਜਵਾਹਰਿ ਜਰਤੀ ਸੰਗ।
ਬਲੀ ਚਪਲ ਬਡ ਮੋਲ ਤੁਰੰਗ। ਠਹਿਰਤਿ ਨਹਿਂ ਥਰਕਤਿ ਬਿਚ ਜੰਗ॥੪॥

ਨਵਾਬ ਨੇ ਸਰੀਰ ਤੇ ਸੋਨੇ ਦੇ ਗਹਿਣੇ ਪਾਏ ਹੋਏ ਸਨ, ਜਿਹੜੇ ਹੀਰੇ ਜਵਾਹਰਾਤ ਨਾਲ ਜੜੇ ਸਨ, ਘੋੜਾ ਬੜਾ ਬਲਵਾਨ, ਚੰਚਲ ਅਤੇ ਬੜਾ ਕੀਮਤੀ ਹੈ, ਉਹ ਜੰਗ ਵਿਚ ਠਹਿਰਦਾ ਨਹੀਂ ਤੇ ਥਰਕਦਾ ਰਹਿੰਦਾ ਹੈ ਭਾਵ ਦਾਅ ਘਾਅ ਤੋਂ ਬਚਣ ਲਈ ਏਧਰ ਉਧਰ ਹੁੰਦਾ ਰਹਿੰਦਾ ਹੈ॥੪॥

ਤਿਮ ਦੋਨਹੁਂ ਖੱਤ੍ਰੀ ਚਲਿ ਆਏ। ਗੁਰੂ ਕੋ ਹੇਰਿ ਰਿਦੇ ਤਪਤਾਏ।
ਤਿਨਹੁਂ ਬਿਲੋਕਤਿ ਸਤਿਗੁਰ ਬੋਲੇ। 'ਅਬਹਿ ਕਾਲ, ਪਲਟਾ ਪਿਤ ਕੋ ਲੇ॥੫॥

ਉਸ ਤਰ੍ਹਾਂ ਹੀ ਦੋਵੇਂ ਖੱਤਰੀ ਚਲ ਕੇ ਆ ਗਏ, ਗੁਰੂ ਜੀ ਨੂੰ ਵੇਖ ਦਿਲ ਵਿਚ ਬਹੁਤ ਦੁਖੀ ਹੋਏ, ਤਿੰਨਾਂ ਨੂੰ ਵੇਖ ਕੇ ਸਤਿਗੁਰੂ ਜੀ ਬੋਲੇ, 'ਹੁਣ ਸਮਾਂ ਹੈ ਆਪਣੇ ਪਿਤਾ ਦਾ ਬਦਲਾ ਲੈ ਲਵੋ॥੫॥

ਕਿਮ ਕਾਇਰ ਬਨਿ ਸਮੁਖ ਨ ਆਵਹੁ ?। ਰਚਿ ਉਪਾਧਿ ਬਡਿ ਤੁਰਕ ਹਨਾਵਹੁ।
ਬੈਠਿ ਕਚਹਿਰੀ ਬਾਤਿ ਬਨੈ ਹੈਂ। ਪਿਤ ਪਲਟਾ ਗੁਰੁ ਤੇ ਹਮ ਲੈਹੈਂ॥੬॥

ਕਿਵੇਂ ਕਾਇਰ ਬਣ ਕੇ ਸਾਹਮਣੇ ਨਹੀਂ ਆਉਂਦੇ ਹੋ ? ਝਗੜਾ ਰਚ ਕੇ ਬਹੁਤ ਤੁਰਕ ਮਰਵਾਉਂਦੇ ਹੋ, ਕਚਹਿਰੀ ਵਿਚ ਬੈਠ ਕੇ ਗੱਲ ਬਣਾਉਂਦੇ ਹੋ ਕਿ ਅਸੀਂ ਗੁਰੂ ਜੀ ਪਾਸੋਂ ਆਪਣੇ ਪਿਤਾ ਦਾ ਬਦਲਾ ਲਵਾਂਗੇ॥੬॥

ਤੁਮ ਕਹਿਬੇ ਕਹੁ ਮਹਿਦ ਧਿਕਾਰੂ। ਨਹਿਂ ਢਿਗ ਹੋਵਤਿ ਜੰਗ ਮਝਾਰੂ।
ਸੁਨਿ ਕਰਿ ਜਰੇ, ਜਰੇ ਨਹਿਂ ਬੈਨ। ਰਿਸ ਤੇ ਕਰੇ ਲਾਲ ਜੁਗ ਨੈਨ॥ ੭॥

ਤੁਹਾਡੇ ਕਹਿਣ ਉਤੇ ਵੱਡਾ ਧਿਕਾਰ ਹੈ ? ਜੰਗ ਦੇ ਮੈਦਾਨ ਦੇ ਨੇੜੇ ਵੀ ਨਹੀਂ ਆਉਂਦੇ ਹੋ।" ਇਹ ਸੁਣ ਸੜ ਬਲ ਗਏ ਤੇ ਗੁਰੂ ਜੀ ਦੇ ਬੋਲ ਜਰੇ ਨਾ ਗਏ ਗੁੱਸੇ ਵਿਚ ਆ ਕੇ ਅੱਖਾਂ ਲਾਲ ਕਰ ਲਈਆਂ॥੭॥

ਦੋਨਹੁਂ ਖੱਤ੍ਰੀ ਸਹਤ ਨਬਾਬ। ਚੰਚਲ ਕਰੇ ਤੁਰੰਗ ਸ਼ਤਾਬ।
ਢੁਕੇ ਨਿਕਟਿ ਗੁਰੁ ਚਾਹਸਿ ਮਾਰਾ। ਚਾਂਪਨ ਮਹਿਂ ਕਰਿ ਬਾਨ ਸੰਚਾਰਾ॥ ੮॥

ਨਵਾਬ ਸਹਿਤ ਦੋਵਾਂ ਖੱਤਰੀਆਂ ਨੇ ਆਪਣੇ ਘੋੜੇ ਤੁਰਤ ਚੰਚਲ ਕਰ ਲਏ। ਗੁਰੂ ਜੀ ਦੇ ਨੇੜੇ ਜਾ ਕੇ ਉਸ ਨੂੰ ਮਾਰਨਾ ਚਾਹੁੰਦੇ ਸਨ ਧਨੁੱਖ ਵਿਚ ਮੇਲ ਕੇ ਤੀਰ ਚਲਾਇਆ॥੮॥

ਐਂਚਿ ਐਂਚਿ ਤੀਨਹੁਂ ਬਲ ਪੀਨ। ਸਤਿਗੁਰ ਸਨਮੁਖ ਛੋਰਨਿ ਕੀਨਿ।
ਸ੍ਰੀ ਹਰਿਗੋਬਿੰਦ ਹਯ ਚਪਲਾਵੈਂ। ਇਤ ਉਤ ਫੇਰਤਿ ਅੰਗ ਬਚਾਵੈਂ॥ ੯॥

ਤਿੰਨਾਂ ਨੇ ਬੜੇ ਜ਼ੋਰ ਨਾਲ ਆਪਣੇ-ਆਪਣੇ ਧਨੁੱਖਾਂ ਨੂੰ ਖਿਚਿਆ ਤੇ ਤੀਰਾਂ ਨੂੰ ਸਤਿਗੁਰ ਵਲ ਮਾਰਿਆ। ਸ੍ਰੀ ਸਤਿਗੁਰੂ ਜੀ ਨੇ ਘੋੜੇ ਨੂੰ ਕੁਦਵਾਇਆ ਤੇ ਏਧਰ ਓਧਰ ਫੇਰ ਕੇ ਆਪਣੇ ਸਰੀਰ ਨੂੰ ਬਚਾਉਂਦੇ ਸਨ॥੯॥

ਅਪਨੋ ਧਨੁਖ ਕਠੋਰ ਸੰਭਾਰਾ। ਖਰ ਖਪਰਾ ਧਰਿ ਗੁਨ ਸੰਚਾਰਾ।
ਤਾਨ ਕਾਨ ਲਗਿ ਮਾਰਸਿ ਬਾਨਾ। ਗਯੋ ਬੇਗ ਜੁਤਿ ਸਰਪ ਸਮਾਨਾ॥ ੧੦॥

ਫਿਰ ਆਪਣੇ ਭਾਰੀ ਧਨੁੱਖ ਬਾਣ ਨੂੰ ਸੰਭਾਲਿਆ, ਭੱਥੇ ਵਿਚ ਤੀਰ ਫੜ ਕੇ ਚਿੱਲ੍ਹੇ ਵਿਚ ਜੋੜਿਆ ਤੇ ਕੰਨਾਂ ਤੱਕ ਚਿੱਲ੍ਹਾ ਖਿੱਚ ਕੇ ਤੀਰ ਮਾਰਿਆ, ਤੀਰ ਤੁਰਤ ਸੱਪ ਵਾਂਗ ਸ਼ੂਕਦਾ ਚਲੇ ਗਿਆ॥੧੦॥

ਰਤਨਚੰਦ ਕੋ ਤਾਕਿ ਚਲਾਵਾ। ਸੋ ਹਲਿ ਗਯੋ ਤੁਰੰਗ ਕੋ ਘਾਵਾ।
ਉਛਰਤਿ ਕੀ ਛਾਤੀ ਬਿਧਿ ਗਇਊ। ਪਾਛਲ ਦਿਸ਼ਾ ਪਾਰ ਸਰ ਭਇਊ॥੧੧॥

ਰਤਨ ਚੰਦ ਨੂੰ ਤੱਕ ਕੇ ਚਲਾਇਆ ਗਿਆ ਸੀ, ਉਹ ਹਿੱਲ ਗਿਆ ਤੇ ਤੀਰ ਨੇ ਘੋੜੇ ਨੂੰ ਜ਼ਖਮੀ ਕਰ ਦਿੱਤਾ। ਤੀਰ ਘੋੜੇ ਦੀ ਛਾਤੀ ਵਿੰਨ੍ਹ ਕੇ ਪਿਛਲੇ ਪਾਸਿਓਂ ਜਾ ਨਿਕਲਿਆ॥੧੧॥

ਗਿਰਜੋ ਉਥਲ ਅਸੁ ਹੇਰਤਿ ਖਰੇ। ਖਾਨ ਬਾਨ ਕੀ ਸਿਫਤੀ ਕਰੇ।
'ਮੋ ਸਰ ਕੀ ਏਤੀ ਨਹਿਂ ਮਾਰਿ। ਪਰਜੋ ਪਾਰ ਹਯ ਕੋ ਧਰਿ ਡਾਰਿ'॥ ੧੨॥

ਉਲਟ ਕੇ ਡਿੱਗ ਪਿਆ ਤੇ ਖੜੇ ਹੋ ਕੇ ਵੇਖਣ ਲੱਗਾ। ਅਬਦੁਲ ਖਾਂ ਗੁਰੂ ਜੀ ਦੇ ਚਲਾਏ ਬਾਣ ਦੀ ਸਿਫਤ ਕਰਨ ਲੱਗਾ ਕਿ ਮੇਰੇ ਤੀਰ ਦੀ ਵੀ ਏਨੀ ਮਾਰ ਨਹੀਂ ਹੈ, ਘੋੜੇ ਨੂੰ ਪਾਰ ਕਰਕੇ ਧਰਤੀ ਤੇ ਸੁੱਟ ਦਿੱਤਾ ਹੈ॥੧੨॥

ਰਤਨਚੰਦ ਗਿਰ ਪਰਜੋ ਸੰਭਾਰਾ। ਕਰਮਚੰਦ ਤਬਿ ਭਯੋ ਅਗਾਰਾ।
ਹਤਜੋ ਤੀਰ ਗੁਰੁ ਕੇ ਹਯ ਲਾਗਾ। ਘਾਵ ਗ੍ਰੀਵ ਮਹਿਂ ਗਿਰਜੋ ਨ ਆਗਾ॥੧੩॥

ਰਤਨ ਚੰਦ ਜਿਹੜਾ ਘੋੜੇ ਤੋਂ ਡਿੱਗ ਪਿਆ ਸੀ, ਉਸ ਨੇ ਆਪਣੇ ਆਪ ਨੂੰ ਸੰਭਾਲਿਆ, ਫਿਰ ਕਰਮ ਚੰਦ ਅੱਗੇ ਆ ਗਿਆ, ਉਸ ਨੇ ਤੀਰ ਮਾਰਿਆ ਜਿਹੜਾ ਗੁਰੂ ਜੀ ਦੇ ਘੋੜੇ ਨੂੰ ਲੱਗਾ। ਘੋੜੇ ਦੀ ਗਿੱਚੀ ਦੇ ਅੱਗੇ ਜ਼ਖਮ ਤਾਂ ਹੋ ਗਿਆ, ਪਰ ਘੋੜਾ ਡਿੱਗਾ ਨਹੀਂ॥੧੩॥

ਐਚਿ ਗੁਰੂ ਨੇ ਤੀਰ ਨਿਕਾਰਾ। ਹਯ ਛੋਰਯੋ ਜਿਸ ਮਹਿਂ ਬਲ ਭਾਰਾ।
ਪ੍ਰਥਮ ਸਮਾਨ ਉਠਯੋ ਕਰਿ ਛਾਲ। ਜਾਤਿ ਗ੍ਰੀਵ ਤੇ ਰੁਧਰ ਬਿਸਾਲ॥ ੧੪॥

ਗੁਰੂ ਜੀ ਨੇ ਖਿੱਚ ਕੇ ਤੀਰ ਕੱਢ ਦਿੱਤਾ ਤੇ ਭਾਰੀ ਬਲਵਾਨ ਘੋੜੇ ਨੂੰ ਛੋੜਿਆ। ਪਹਿਲਾਂ ਵਾਂਗ ਹੀ ਛਾਲ ਮਾਰ ਕੇ ਉਠਿਆ। ਘੋੜੇ ਦੀ ਗਿੱਚੀ ਵਿਚੋਂ ਬਹੁਤ ਖ਼ੂਨ ਨਿਕਲਿਆ॥੧੪॥

ਸਤਿਗੁਰ ਕੇ ਰਿਸਿ ਉਪਜੀ ਮਹਾਂ। ਨਿਜ ਵਾਹਨ ਕੇ ਸ਼ੋਣਤ ਲਹਾ।
ਧਨੁਖ ਸਿਕੰਧ ਧਰਯੋ ਤਿਸ ਕਾਲਾ। ਐਂਚਯੋ ਤੂਰਨ ਖੜਗ ਕਰਾਲਾ॥ ੧੫॥

ਸਤਿਗੁਰੂ ਜੀ ਬਹੁਤ ਗੁੱਸੇ ਵਿਚ ਆਏ, ਆਪਣੇ ਘੋੜੇ ਨੂੰ ਲਹੂ ਲੁਹਾਨ ਵੇਖਿਆ। ਧਨੁੱਖ ਤੇ ਭਥੇ ਨੂੰ ਉਸ ਵੇਲੇ ਰੱਖ ਦਿੱਤਾ ਤੇ ਤੁਰਤ ਵਿਕਰਾਲ ਤਲਵਾਰ ਖਿੱਚ ਲਈ॥੧੫॥

ਦੜਬੜਾਇ ਘੋਰਾ ਤਬਿ ਛੋਰਾ। ਕਰਮਚੰਦ ਕੋ ਤਤਛਿਨ ਘੇਰਾ।
ਦਾਰੁਨ ਗੁਰੂ ਸਰੂਪ ਜਬਿ ਹੇਰਾ। ਜੀਵਨ ਤੇ ਨਿਰਾਸ ਤਿਸ ਬੇਰਾ॥ ੧੬॥

ਜ਼ਖਮੀ ਘੋੜੇ ਨੂੰ ਫਿਰ ਛੋੜਿਆ ਤੇ ਕਰਮ ਚੰਦ ਨੂੰ ਤੁਰਤ ਘੇਰ ਲਿਆ ਜਦ ਉਸ ਨੇ ਗੁਰੂ ਜੀ ਦੇ ਵਿਕਰਾਲ ਰੂਪ ਨੂੰ ਵੇਖਿਆ, ਤਾਂ ਉਸ ਸਮੇਂ ਉਹ ਜੀਵਨ ਤੋਂ ਨਿਰਾਸ਼ ਹੋ ਗਿਆ॥੧੬॥

ਪ੍ਰੇਰਿ ਤੁਰੰਗ ਸਿਪਰ ਗਹਿ ਹਾਥ। ਖੈਂਚਯੋ ਖੜਗ ਕੋਪ ਕੇ ਸਾਥ।
ਗੁਰੂ ਨੇ ਫਿਰ ਚੌਗਿਰਦ ਦਬਾਯੋ। ਜਾਨਯੋ ਤਬੈ ਕਾਲ ਨਿਯਰਾਯੋ॥ ੧੭॥

ਘੋੜੇ ਨੂੰ ਫੇਰ ਕੇ ਢਾਲ ਨੂੰ ਹੱਥ ਵਿਚ ਫੜ ਕੇ ਤੇ ਤਲਵਾਰ ਨੂੰ ਬੜੇ ਜ਼ੋਰ ਨਾਲ ਖਿਚਿਆ। ਗੁਰੂ ਜੀ ਨੇ ਫਿਰ ਚੌਗਿਰਦੇ ਨੂੰ ਦਬਾਇਆ, ਉਸ ਨੇ ਫਿਰ ਜਾਣ ਲਿਆ ਕਿ ਕਾਲ ਨੇੜੇ ਆਇਆ ਹੈ॥੧੭॥

ਰਤਨਚੰਦ ਅਰੁ ਬਲੀ ਨਬਾਬ। ਕੀਨਸਿ ਤਿਨ ਤੇ ਪ੍ਰਿਥਕ ਸ਼ਿਤਾਬ।
ਬਲਿ ਕਰਿ ਗੁਰ ਨੇ ਖੜਗ ਪ੍ਰਹਾਰਾ। ਕਰੀ ਸਿਪਰ ਆਗੈ ਤਿਸ ਬਾਰਾ॥੧੮॥

ਰਤਨ ਚੰਦ ਤੇ ਬਲੀ ਨਵਾਬ ਤੋਂ ਛੇਤੀ ਨਾਲ ਉਸ ਨੂੰ ਵੱਖ ਕਰ ਲਿਆ, ਸ਼ਕਤੀ ਲਾ ਕੇ ਗੁਰੂ ਜੀ ਤਲਵਾਰ ਦਾ ਵਾਰ ਕੀਤਾ, ਉਸ ਸਮੇਂ ਕਰਮ ਚੰਦ ਨੇ ਅੱਗੇ ਢਾਲ ਕਰ ਦਿੱਤੀ॥੧੮॥

ਜਬਹਿ ਵਾਰ ਤੇ ਅੰਗ ਬਚਾਵਾ। ਤਬਿ ਤੁਰੰਗ ਸਿਰ ਕਾਟਿ ਗਿਰਾਵਾ।
ਗਿਰ ਕਰਿ ਕਰਮ ਚੰਦ ਹੁਇ ਖਰਯੋ। ਰਤਨਚੰਦ ਢਿਗ ਆਵਨਿ ਕਰਯੋ॥੧੯॥

ਜਦ ਕਰਮ ਚੰਦ ਨੇ ਵਾਰ ਤੋਂ ਅੰਗ ਬਚਾਇਆ ਤਾਂ ਘੋੜੇ ਦਾ ਸਿਰ ਕੱਟ ਕੇ ਥੱਲੇ ਸੁੱਟ ਦਿੱਤਾ। ਡਿੱਗ ਕੇ ਕਰਮ ਚੰਦ ਖੜਾ ਹੋ ਗਿਆ ਤੇ ਰਤਨ ਚੰਦ ਦੇ ਪਾਸ ਆ ਗਿਆ॥੧੯॥

ਦੋਨਹੁ ਬਿਨ ਹਯ ਤੇ ਹੁਇ ਖਰੇ। ਪਿਖਿ ਨਬਾਬ ਆਯਹੁ ਰਿਸਿ ਧਰੇ।
ਤੀਨਹੁਂ ਤੀਰ ਚਲਾਵਤਿ ਆਗੇ। ਗੁਰੂ ਤੁਰੰਗ ਕੈ ਬਹੁਤੇ ਲਾਗੇ॥ ੨੦॥

ਦੋਵੇਂ ਘੋੜੇ ਤੋਂ ਬਗੈਰ ਹੋ ਕੇ ਖੜੇ ਸਨ, ਇਹ ਵੇਖ ਕੇ ਨਵਾਬ ਕ੍ਰੋਧ ਧਾਰ ਕੇ ਆਇਆ। ਤਿੰਨੇ ਅੱਗੇ ਤੀਰ ਚਲਾਉਂਦੇ ਸਨ, ਗੁਰੂ ਜੀ ਦੇ ਘੋੜੇ ਨੂੰ ਬਹੁਤ ਤੀਰ ਲੱਗੇ॥੨੦॥

ਅੰਗ ਅੰਗ ਬੀਧਯੋ ਜਿਸ ਕੇਰਾ। ਰਿਸਿ ਧਰਿ ਗੁਰੂ ਨਬਾਬ ਕੋ ਹੇਰਾ।
ਖਰ ਖਪਰਾ ਧਨੁ ਐਂਚ ਚਲਾਯੋ। ਗਯੋ ਬੇਗ ਤੇ ਜਨੁ ਅਹਿ ਧਾਯੋ॥ ੨੧॥

ਜਦ ਘੋੜੇ ਦਾ ਅੰਗ-ਅੰਗ ਵਿੰਨ੍ਹਿਆ ਗਿਆ, ਤਾਂ ਗੁੱਸਾ ਧਰ ਕੇ ਗੁਰੂ ਜੀ ਨੇ ਨਵਾਬ ਨੂੰ ਵੇਖਿਆ ਤੇ ਧਨੁੱਖ ਖਿੱਚ ਕੇ ਤੀਰ ਚਲਾਇਆ ਬੜਾ ਤੇਜ ਚਲਿਆ ਤੇ ਜਾਂਦਾ ਹੀ ਧੱਸ ਗਿਆ॥੨੧॥

ਬਿਚਰਤਿ ਸੂਬੇ ਕੋ ਹਯ ਭਾਰਾ। ਲਗ੍ਯੋ ਜਾਇ ਤਿਹ ਭਾਲ ਮਝਾਰਾ।
ਦੜ ਅਵਿਨੀ ਪਰ ਗਿਰ੍ਯੋ ਤੁਰੰਗ। ਖਰੋ ਨਬਾਬ ਸੰਭਾਰ੍ਯੋ ਅੰਗ॥ ੨੨॥

ਸੂਬੇ ਦਾ ਵੱਡਾ ਭਾਰੀ ਘੋੜਾ ਏਧਰ ਓਧਰ ਵਿਚਰ ਰਿਹਾ ਸੀ, ਤੀਰ ਘੋੜੇ ਦੇ ਮੱਥੇ ਵਿਚ ਜਾ ਕੇ ਲਗਿਆ। ਘੋੜਾ ਦੜੈ ਕਰਕੇ ਧਰਤੀ ਤੇ ਡਿੱਗ ਪਿਆ, ਨਵਾਬ ਨੇ ਖੜੇ ਹੋ ਕੇ ਆਪਣੇ ਅੰਗ ਸੰਭਾਲੇ॥੨੨॥

ਤਬਿ ਤੀਨਹੁਂ ਕੇ ਰਿਸਿ ਬਹੁ ਛਾਈ। ਚਹਤਿ ਗੁਰੂ ਕੋ ਹਯ ਦੇਂ ਘਾਈ।
ਜੋਰਿ ਜੋਰਿ ਤੀਨਹੁਂ ਸਰ ਮਾਰੇ। ਬੀਧੇ ਅੰਗ ਤੁਰੰਗਮ ਸਾਰੇ॥ ੨੩॥

ਤਦ ਤਿੰਨੇ ਬਹੁਤ ਗੁੱਸੇ ਨਾਲ ਭਰ ਗਏ, ਚਾਹੁੰਦੇ ਸਨ ਕਿ ਗੁਰੂ ਜੀ ਦੇ ਘੋੜੇ ਨੂੰ ਮਾਰ ਦੇਈਏ। ਜੋੜ-ਜੋੜ ਕੇ ਤਿੰਨਾਂ ਨੇ ਤੀਰ ਮਾਰੇ ਗੁਰੂ ਜੀ ਦੇ ਘੋੜੇ ਦੇ ਸਾਰੇ ਅੰਗ ਵਿੰਨ੍ਹੇ ਗਏ॥੨੩॥

ਤਬਿ ਤੀਨਹੁਂ ਤੇ ਛੂਟਿ ਕਰਿ ਤੀਰ। ਲਗੇ ਭਾਲ ਹਯ ਕੇ ਬਢਿ ਪੀਰ।
ਗਿਰਿ ਧਰਨੀ ਪਰ ਸੁਰਗ ਸਿਧਾਰਾ। ਗੁਰੁ ਤਰ ਰਹ੍ਯੋ ਭਾਗ ਜਿਸ ਭਾਰਾ॥੨੪॥

ਤਦ ਤਿੰਨਾਂ ਦੇ ਤੀਰ ਛੁੱਟ ਕੇ ਘੋੜੇ ਦੇ ਮੱਥੇ ਵਿਚ ਲੱਗੇ ਤੇ ਘੋੜੇ ਨੂੰ ਬਹੁਤ ਪੀੜ ਹੋਈ। ਘੋੜਾ ਧਰਤੀ ਤੇ ਡਿੱਗ ਕੇ ਸਵਰਗਾਂ ਨੂੰ ਚਲਾ ਗਿਆ, ਵੱਡੇ ਭਾਗਾਂ ਵਾਲਾ ਗੁਰੂ ਜੀ ਦੇ ਪਾਸ ਰਿਹਾ॥੨੪॥

ਸ੍ਰੀ ਹਰਿਗੋਵਿੰਦ ਬਡਿ ਬਲ ਜੋਧਾ। ਪਦ ਕੇ ਭਾਰ ਖਰੇ ਉਰ ਕ੍ਰੋਧਾ।
ਮਨੋ ਦਾਹਬੇ ਜਗਤ ਅਸ਼ੇਖ। ਬਨ੍ਯੋ ਰੁੱਦ੍ਰ ਕੋ ਰੁੱਦ੍ਰਹਿ ਬੇਖ॥ ੨੫॥

ਸ੍ਰੀ ਹਰਿਗੋਬਿੰਦ ਜੀ ਵੱਡੇ ਬਲਵਾਨ ਜੋਧਾ ਹਨ, ਬੜਾ ਕ੍ਰੋਧ ਧਾਰ ਕੇ ਪੈਰਾਂ ਦੇ ਭਾਰ ਖੜੇ ਸਨ। ਮਾਨੋਂ ਸਾਰੇ ਜਗਤ ਨੂੰ ਸਾੜਨ ਲਈ ਰੁਦਰ ਦਾ ਭਿਆਨਕ ਰੂਪ ਬਣ ਗਿਆ ਹੈ॥੨੫॥

ਬਿਧੀਚੰਦ ਆਦਿਕ ਭਟ ਭਾਰੇ। ਲਰਤਿ ਤੁਰਕ ਕੁਛ ਅੰਤਰ ਧਾਰੇ।
ਲਖ੍ਯੋ ਨ, ਗੁਰੁ ਕੋ ਹਯ ਮਰਿ ਗਯੋ। ਰੁਕੇ ਤਿਸੀ ਦਿਸ਼ਿ ਰਣ ਬਹੁ ਕਿਯੋ॥੨੬॥

ਬਿਧੀ ਚੰਦ ਆਦਿ ਸਾਰੇ ਸੂਰਮੇ, ਕੁਝ ਫਰਕ ਤੇ ਤੁਰਕਾਂ ਨਾਲ ਲੜ ਰਹੇ ਸਨ ਉਨ੍ਹਾਂ ਨੇ ਇਹ ਨਾ ਵੇਖਿਆ ਕਿ ਗੁਰੂ ਜੀ ਦਾ ਘੋੜਾ ਮਾਰਿਆ ਗਿਆ ਹੈ। ਉਸੇ ਪਾਸ ਹੀ ਉਨ੍ਹਾਂ ਬਹੁਤ ਜੁੱਧ ਕੀਤਾ॥੨੬॥

ਕੁਛਕ ਤਿਮਰ ਜਗ ਪਸਰਨਿ ਲਾਗ੍ਯੋ। ਅਥ੍ਯੋ ਸੂਰ, ਸੂਰਨਿ ਰਿਸਿ ਜਾਗ੍ਯੋ।
ਉਤ ਨਵਾਬ ਜੁਤਿ ਚਾਹਤਿ ਸਾਰੇ। ਨਿਸ ਤੇ ਪ੍ਰਥਮ ਲੇਹਿਂ ਗੁਰੁ ਮਾਰੇ॥੨੭॥

ਜਗ ਵਿਚ ਕੁਝ ਹਨੇਰਾ ਫੈਲਣ ਲੱਗਾ, ਸੂਰਜ ਛੁੱਪ ਗਿਆ ਤਾਂ ਸੂਰਮਿਆਂ ਵਿਚ ਰੋਸ ਜਾਗਿਆ। ਓਧਰ ਨਵਾਬ ਸਮੇਤ ਸਾਰੇ ਚਾਹੁੰਦੇ ਸਨ, ਰਾਤ ਪੈਣ ਤੋਂ ਪਹਿਲਾਂ ਗੁਰੂ ਜੀ ਨੂੰ ਮਾਰ ਲਈਏ॥੨੭॥

ਇਤ ਸਤਿਗੁਰੁ ਉਰ ਇਹ ਅਭਿਲਾਸ਼ਾ। ਪ੍ਰਥਮ ਤਿਮਰ ਤੇ ਰਿਪੁਨਿ ਬਿਨਾਸ਼ਾ।
ਹਤਿ ਕੈ ਸ਼ੱਤ੍ਰੂ ਚਿੰਤ ਕੋ ਖੋਇ। ਰੈਨ ਬਿਖੈ ਸੁਖ ਸੋਂ ਪੁਨ ਸੋਇ॥ ੨੮॥

ਏਧਰ ਸਤਿਗੁਰੂ ਦੇ ਦਿਲ ਵਿਚ ਇਹ ਅਭਿਲਾਸ਼ਾ ਸੀ, 'ਰਾਤ ਪੈਣ ਤੋਂ ਪਹਿਲਾਂ ਦੁਸ਼ਮਣ ਨੂੰ ਮਾਰ ਦੇਈਏ। ਦੁਸ਼ਮਣ ਨੂੰ ਮਾਰ ਕੇ ਚਿੰਤਾ ਨੂੰ ਗਵਾਈਏ ਤੇ ਰਾਤ ਨੂੰ ਸੁੱਖ ਦੇ ਨਾਲ ਸੌਂਈਏ'॥੨੮॥

ਦੁਨਹਨਿ ਕੀ ਸੈਨਾਂ ਉਤਿ ਲਰੈ। ਸ਼ਸਤ੍ਰ ਪ੍ਰਹਾਰਤਿ ਮਾਰਤਿ ਮਰੈਂ।
ਇਤ ਸੈਨਾ ਕੇ ਮੁਖਿ ਸਿਰਦਾਰ। ਮਾਚਜੋ ਜੰਗ ਮਹਾਂ ਬਿਕਰਾਰ॥ ੨੯॥

ਓਧਰ ਦੋਵਾਂ ਦੀ ਸੈਨਾ ਲੜਦੀ ਸੀ, ਸ਼ਸਤਰ ਚਲਾਉਂਦੇ ਸਨ ਤੇ ਮਾਰਦੇ ਤੇ ਮਰਦੇ ਸਨ। ਏਧਰ ਸੈਨਾ ਦੇ ਮੁੱਖ ਸਰਦਾਰਾਂ ਵਿਚ ਮਹਾਨ ਜੰਗ ਮਚਿਆ ਹੋਇਆ ਸੀ॥੨੯॥

ਤਬਿ ਤੀਨਹੁਂ ਨੇ ਰਿਦੇ ਬਿਚਾਰੇ। ਮਿਲਿ ਆਪਸ ਮਹਿਂ ਬਾਕ ਉਚਾਰੇ।
'ਕਰਨੀ ਬਿਲਮ ਨ ਆਛੀ ਹਮੈਂ। ਗੁਰੁ ਇਕ, ਹਮ ਤੀਨਹੁਂ ਇਹ ਸਮੈਂ॥ ੩੦॥

ਤਦ ਤਿੰਨਾਂ ਨੇ ਹਿਰਦੇ ਵਿਚ ਵਿਚਾਰਿਆ ਅਤੇ ਆਪਸ ਵਿਚ ਮਿਲਕੇ ਬੋਲੇ, "ਦੇਰ ਕਰਨੀ ਹੁਣ ਸਾਡੇ ਵਾਸਤੇ ਚੰਗੀ ਨਹੀਂ, ਗੁਰੂ ਜੀ ਇਕ ਹਨ ਤੇ ਅਸੀਂ ਇਸ ਸਮੇਂ ਤਿੰਨ ਹਾਂ॥੩੦॥

ਕਰਹੁ ਨੇਰ ਕੇ ਖੜਗ ਪ੍ਰਹਾਰਹੁ। ਗੁਰ ਕੇ ਅੰਗ ਤੁਰਤ ਕਟਿ ਡਾਰਹੁ।
ਨਾਂਹਿਤ ਘੇਰ ਗਹਹੁ ਗੁਰੁ ਜੀਵਤਿ। ਤਬਿ ਮੁਰਾਦ ਪੂਰਨਿ ਤੁਮ ਥੀਵਤਿ' ॥੩੧॥

ਨੇੜੇ ਹੋ ਕੇ ਤਲਵਾਰ ਦਾ ਵਾਰ ਕਰੋ ਤੇ ਗੁਰੂ ਦੇ ਅੰਗ ਤੁਰਤ ਕੱਟ ਦੇਵੋ ਨਹੀਂ ਤਾਂ ਘੇਰ ਕੇ ਗੁਰੂ ਨੂੰ ਜੀਉਂਦੇ ਨੂੰ ਫੜ ਲਵੋ, ਤਦ ਤੁਹਾਡੀ ਅਸਲ ਮੁਰਾਦ ਪੂਰੀ ਹੋਵੇਗੀ॥੩੧॥

ਰਤਨ ਚੰਦ ਤੇ ਸੁਨਿ ਇਮ ਕਾਨ। ਗਮਨਜੋਂ ਸੂਬਾ ਬਨਿ ਸਵਧਾਨ।
ਦੋਨਹੁਂ ਖੱਤ੍ਰੀ ਲੇ ਨਿਜ ਸਾਥ। ਭਏ ਅੱਗ੍ਰ ਗਹਿ ਢਾਲਨਿ ਹਾਥ॥ ੩੨॥

ਰਤਨ ਚੰਦ ਪਾਸੋਂ ਇਸ ਤਰ੍ਹਾਂ ਸੁਣ ਕੇ, ਸੂਬਾ ਬੜਾ ਸਾਵਧਾਨ ਹੋ ਕੇ ਅੱਗੇ ਗਿਆ। ਦੋਵਾਂ ਖੱਤਰੀਆਂ ਨੂੰ ਆਪਣੇ ਨਾਲ ਲੈ ਕੇ, ਢਾਲਾਂ ਹੱਥ ਵਿਚ ਫੜ ਕੇ ਅੱਗੇ ਵੱਧੇ॥੩੨॥

ਨਿਕਟਿ ਆਨਿ ਗੁਰੁ ਕੋ ਬੰਗਾਰਜੋ। 'ਤੈਂ ਬਹੁ ਲਸ਼ਕਰ ਤੁਰਕਨਿ ਮਾਰਜੋ।
ਪ੍ਰਥਮ ਛਿਨਾਇ ਬਾਜ ਕੋ ਆਨਾ। ਨਹੀਂ ਸ਼ਾਹੁ ਤੇ ਡਰ ਉਰ ਮਾਨਾ॥ ੩੩॥

ਪਾਸ ਆ ਕੇ ਗੁਰੂ ਜੀ ਨੂੰ ਵੰਗਾਰਿਆ, "ਤੁਸੀਂ ਤੁਰਕਾਂ ਦੀ ਬਹੁਤ ਫੌਜ ਨੂੰ ਮਾਰਿਆ ਹੈ, ਪਹਿਲਾਂ ਬਾਦਸ਼ਾਹ ਦਾ ਬਾਜ਼ ਚੁਰਾ ਕੇ ਲਿਆਏ ਹੋ ਤੇ ਬਾਦਸ਼ਾਹ ਦਾ ਡਰ ਦਿਲ ਵਿਚ ਨਹੀਂ ਮੰਨਿਆ ਹੈ॥੩੩॥

ਅਬਿ ਭੀ ਨਿਰਭੈ ਕਾਰਜ ਕੀਨਾ। ਕਰਜੋ ਜੁੱਧ ਕੁਛ ਬਲ ਨਹਿਂ ਚੀਨਾ।
ਘਨੇ ਸੁਭਟ ਕੇ ਪ੍ਰਾਨ ਖਿਦਾਰੇ। ਅਬਿ ਆਯੋ ਹੈਂ ਅੱਗ੍ਰ ਹਮਾਰੇ॥ ੩੪॥

ਹੁਣ ਵੀ ਨਿਰਭੈ ਹੋ ਕੇ ਕਾਰਜ ਕੀਤਾ ਹੈ, ਯੁੱਧ ਕੀਤਾ ਹੈ, ਪਰ ਸਾਡਾ ਬਲ ਨਹੀਂ ਜਾਣਿਆ ਹੈ, ਬਹੁਤ ਸੂਰਬੀਰ ਮਾਰ ਦਿੱਤੇ ਹਨ, ਹੁਣ ਤੂੰ ਸਾਡੇ ਅੱਗੇ ਆਇਆ ਹੈਂ॥੩੪॥

ਲੇ ਸਭਿ ਕੋ ਪਲਟਾ ਤੁਵ ਮਾਰਿ। ਤਬਿ ਸੁਪਤਹਿਂਗੇ ਲਾਤ ਪਸਾਰਿ'।
ਸੁਨਿ ਕਰਿ ਬੋਲੇ ਸਤਿਗੁਰੁ ਸਾਚੇ। 'ਅਰੇ ਮੂਢ ਕਜਾ ਕਹਿਂ ਮਤਿ ਕਾਚੇ? ॥੩੫॥

ਤੁਹਾਨੂੰ ਮਾਰ ਕੇ ਸਾਰਿਆਂ ਦਾ ਬਦਲਾ ਲਵਾਂਗਾ, ਫਿਰ ਲੱਤਾਂ ਪਸਾਰ ਕੇ ਸੌਂ ਜਾਵਾਂਗੇ।" ਇਹ ਸੁਣ ਕੇ ਸੱਚੇ ਸਤਿਗੁਰੂ ਜੀ ਬੋਲੇ, "ਹੇ ਮੂਰਖ ਕੱਚੀ ਮਤ ਵਾਲਿਓ ! ਕੀ ਕਹਿੰਦੇ ਹੋ ? ॥੩੫॥

ਪ੍ਰਥਮ ਮਰੇ ਤਿਨ ਪਲਟਾ ਲੇਤਿ। ਅਬਿ ਤੂੰ ਮਰਿ ਜੈਹੈਂ ਰਣ ਖੇਤਿ।
ਕੋ ਪਲਟਾ ਲੈ ਹੈ ਪੁਨ ਤੇਰੇ ?। ਦ੍ਵੈ ਸੁਤ ਸੋਂ ਮਰਿਵਾਇ ਅਗੇਰੇ॥ ੩੬॥

ਪਹਿਲਿਆਂ ਮਰਿਆਂ ਦਾ ਤੂੰ ਬਦਲਾ ਲੈਣਾ ਚਾਹੁੰਦਾ ਹੈਂ। ਪਰ ਹੁਣ ਜਦ ਤੂੰ ਮਰ ਜਾਵੇਂਗਾ ਤਾਂ ਤੇਰਾ ਬਦਲਾ ਕੌਣ ਲਵੇਗਾ ? ਜਿਹੜੇ ਤੇਰੇ ਦੋ ਪੁੱਤਰ ਸੀ, ਉਹ ਤੂੰ ਪਹਿਲਾਂ ਮਰਵਾ ਲਏ ਹਨ॥੩੬॥

ਜਿਸ ਮਗ ਮਹਿਂ ਅਗਲੇ ਚਲਿ ਗਏ। ਸੋ ਨਹਿਂ ਬੰਦ ਭਯੋ, ਪ੍ਰਗਟਏ।
ਤੁਰਕਨਿ ਜਰ੍ਹਾਂ ਉਖੇਰਨਹਾਰ। ਮੁਝ ਕੋ ਜਾਨੋਂ ਬਲੀ ਉਦਾਰ॥ ੩੭॥

ਜਿਸ ਰਾਹ ਅਗਲੇ ਚਲ ਕੇ ਗਏ ਹਨ, ਉਹ ਰਾਹ ਬੰਦ ਨਹੀਂ ਹੋਇਆ, ਪ੍ਰਗਟ ਹੈ ਕਿ ਖੁਲ੍ਹਾ ਪਿਆ ਹੈ। ਤੂੰ ਤੁਰਕਾਂ ਦੀ ਜੜ੍ਹਾਂ ਉਖੇੜਨ ਵਾਲਾ ਹੈਂ, ਮੈਨੂੰ ਮਹਾਨ ਸ਼ਕਤੀਸ਼ਾਲੀ ਜਾਣੋ॥੩੭॥

ਤੁਮ ਤੀਨੋਂ, ਮੈਂ ਏਕਲ ਖਰੋ। ਲਰੋ ਮਰੋ ਕੁਛ ਤ੍ਰਾਸ ਨ ਕਰੋ।
ਅਬਿ ਇਹ ਜੁੱਧ ਮੂਲ ਉਪਜਾਯੋ। ਸਨੇ ਸਨੇ ਜਗ ਮੈਂ ਵਧਿ ਜਾਯੋ॥ ੩੮॥

ਤੁਸੀਂ ਤਿੰਨ ਹੋ ਮੈਂ ਇਕੱਲਾ ਖੜ੍ਹਾ ਹਾਂ, ਲੜੋ, ਮਰੋ, ਕਿਸੇ ਪ੍ਰਕਾਰ ਵੀ ਡਰੋ ਨਹੀਂ। ਇਹ ਆਰੰਭਕ ਯੁੱਧ ਹੈ, ਹੋਰ ਯੁੱਧ ਅੱਗੋਂ ਵੱਧ ਤੋਂ ਵੱਧ ਹੋਣੇ ਹਨ, ਹੌਲੀ-ਹੌਲੀ ਸਾਰੇ ਜਗ ਵਿਚ ਫੈਲ ਜਾਣੇ ਹਨ॥੩੮॥

ਹਮਰੇ ਸਿੱਖ ਸਦਾ ਬਲ ਸੰਗ। ਤੁਰਕਨਿ ਸਾਥ ਕਰਹਿਂ ਬਡ ਜੰਗ।
ਛੀਨਹਿਂ ਰਾਜ ਤੇਜ ਹਮ ਸਾਰੇ। ਕਹਾਂ ਬਾਜ ਕੀ ਬਾਤ ਉਚਾਰੇ॥ ੩੯॥

ਸਾਡੇ ਸਿੱਖ ਸਦਾ ਤਾਕਤ ਦੇ ਨਾਲ, ਤੁਰਕਾਂ ਦੇ ਨਾਲ ਵੱਡਾ ਜੰਗ ਕਰਨਗੇ। ਅਸੀਂ ਸਾਰੇ ਰਾਜ ਅਤੇ ਤੇਜ ਖੋਹ ਲਵਾਂਗੇ, ਤੂੰ ਬਾਜ਼ ਦੀ ਕੀ ਗੱਲ ਕਰਦਾ ਹੈਂ" ॥੩੯॥

ਅਬਦੁਲ ਖਾਨ ਦਿਖਾਵਨਿ ਹੇਤੁ। ਕਰਮ ਚੰਦ ਹੁਇ ਸਨਮੁਖ ਖੇਤ।
ਢਾਲ ਖੜਗ ਦੋਨਹੁਂ ਕਰ ਧਾਰੇ। ਫਾਂਧਿ ਚਰਨ ਸੋਂ ਗੁਰੁ ਲਲਕਾਰੇ॥ ੪੦॥

ਅਬਦੁਲ ਖਾਨ ਨੂੰ ਦਿਖਾਉਣ ਵਾਸਤੇ ਕਰਮ ਚੰਦ ਰਣਖੇਤਰ ਵਿਚ ਸਾਹਮਣੇ ਹੋ ਕੇ ਖਲੋ ਗਿਆ ਢਾਲ ਅਤੇ ਤਲਵਾਰ ਦੋਹਾਂ ਹੱਥਾਂ ਵਿਚ ਫੜੇ ਹੋਏ ਸਨ ਤੇ ਪੈਰ ਅਗੇ ਵਧਾ ਕੇ ਗੁਰੂ ਜੀ ਨੂੰ ਲਲਕਾਰਿਆ॥੪੦॥

'ਬਨਿ ਸੁਚੇਤ ਅਬਿ ਮੈਂ ਤੁਜ ਮਾਰੋਂ। ਪਿਤ ਹਤਿ ਕੋ ਰਿਣ ਸਕਲ ਉਤਾਰੋਂ।
ਚੰਦੂ ਕੋ ਸੁਤ ਮੋਕਹੁ ਜਾਨ। ਪਿਤ ਪਲਟੇ ਹਿਤ ਤੁਮ ਕਿਯ ਹਾਨਿ॥ ੪੧॥

"ਸੁਚੇਤ ਬਣੋ ਹੁਣ ਮੈਂ ਤੈਨੂੰ ਮਾਰਾਂਗਾ, ਪਿਤਾ ਦੀ ਹਤਿਆ ਦਾ ਸਾਰਾ ਕਰਜ਼ ਉਤਾਰਾਂਗਾ। ਮੈਨੂੰ ਚੰਦੂ ਦਾ ਪੋਤਰ ਜਾਣੋ ਆਪਣੇ ਪਿਤਾ ਦਾ ਬਦਲਾ ਲੈਣ ਵਾਸਤੇ ਤੁਹਾਨੂੰ ਮਾਰਾਂਗਾ॥੪੧॥

ਤੈਸੀ ਬਨੀ ਬਾਤ ਮੁਹਿ ਆਇ। ਐਸੋ ਸਮੋਂ ਨਹੀਂ ਕਬਿ ਪਾਇ।
ਕਰਤਿ ਪ੍ਰਤੀਖਨਿ ਪ੍ਰਾਪਤਿ ਹੋਵਾ। ਇਮ ਕਹਿ ਉਛਰਤਿ ਕੋ ਗੁਰ ਜੋਵਾ॥੪੨॥

ਉਹੋ ਜਿਹੀ ਗੱਲ ਹੁਣ ਮੇਰੇ ਨਾਲ ਬਣੀ ਹੈ, ਐਸਾ ਸਮਾਂ ਕਦੀ ਨਹੀਂ ਪਾਇਆ ਹੈ, ਬਹੁਤ ਇੰਤਜ਼ਾਰ ਤੋਂ ਬਾਅਦ ਇਹ ਪ੍ਰਾਪਤ ਹੋਇਆ ਹੈ।" ਇਹ ਕਹਿ ਕੇ ਉਛਲ ਕੇ ਗੁਰੂ ਜੀ ਵੱਲ ਵੇਖਿਆ॥੪੨॥

*ਛੇਵੀਂ ਰਾਸ ਦਾ ਬਤਾਲੀਵਾਂ ਅਧਿਆਇ ਸਮਾਪਤ ਹੋਇਆ॥੪੨॥*

# ਅਧਿਆਇ ਤਰਤਾਲੀਵਾਂ

*ਅਬਦੁਲਖਾਂ ਆਦਿ ਮਾਰੇ ਗਏ। ਜੰਗ ਫ਼ਤਹਿ*

ਦੋਹਰਾ- ਜਬਹਿ ਚੰਦੁ ਨੰਦਨ ਭਯੋ ਗੁਰ ਕੇ ਸਨਮੁਖ ਆਇ।
ਰਤਨ ਚੰਦ ਸੂਬਾ ਦੂਊ ਆਏ ਤਿਸ ਪਿਛਵਾਇ॥ ੧॥

ਜਦ ਚੰਦੂ ਦਾ ਪੁੱਤਰ ਗੁਰੂ ਜੀ ਦੇ ਸਾਹਮਣੇ ਆਇਆ ਤੇ ਰਤਨ ਚੰਦ ਤੇ ਨਵਾਬ ਦੋਵੇਂ ਉਸ ਦੇ ਪਿੱਛੇ ਆਏ॥੧॥

ਚੌਪਈ- ਖੜਗ ਉਭਾਰਿ ਗੁਰੂ ਪਰ ਆਯੋ। ਕਰਿ ਬਾਹੁਨ ਬਲ ਤਬਹਿ ਚਲਾਯੋ।
ਸਿਰ ਪਰ ਆਵਤਿ ਵਾਰ ਨਿਹਾਰਾ। ਸਤਿਗੁਰ ਢਾਲਾ ਤੁਰਤ ਸੰਭਾਰਾ॥੨॥

ਤਲਵਾਰ ਉੱਚੀ ਚੁੱਕ ਕੇ ਗੁਰੂ ਜੀ ਵਲ ਆਇਆ, ਬਾਹਾਂ ਦਾ ਬਲ ਕਰਕੇ ਤਲਵਾਰ ਨੂੰ ਚਲਾ ਦਿੱਤਾ, ਜਦ ਗੁਰੂ ਨੇ ਵਾਰ ਨੂੰ ਸਿਰ ਤੇ ਆਉਂਦਾ ਵੇਖਿਆ ਤੇ ਸਤਿਗੁਰੂ ਜੀ ਨੇ ਤੁਰਤ ਢਾਲ ਸੰਭਾਲੀ॥੨॥

ਲਿਯੋ ਵਾਰ ਤਿਹ ਰੋਕਜੋ ਆਗਾ। ਫੂਲਨਿ ਲਾਗਿ ਚਿਣਗ ਗਨ ਜਾਗਾ।
ਪੁਨ ਸਤਿਗੁਰੁ ਕੁਛ ਫਾਂਦਨ ਕਰਿ ਕੈ। ਬਾਮ ਹਾਥ ਤੇ ਬਲ ਸੰਭਰਿ ਕੈ॥੩॥

ਵਾਰ ਨੂੰ ਲੈ ਕੇ ਢਾਲ ਤੇ ਰੋਕਿਆ, ਤਲਵਾਰ ਵੱਜਣ ਨਾਲ ਢਾਲ ਦੇ ਫੁਲ ਵਿਚ ਅੱਗ ਦੀਆਂ ਚਿਣਗਾਂ ਨਿਕਲੀਆਂ। ਫਿਰ ਗੁਰੂ ਜੀ ਕੁਝ ਉਛਲ ਕੇ ਤੇ ਖੱਬੇ ਹੱਥ ਨਾਲ ਬਲ ਸੰਭਾਲ ਕੇ॥੩॥

ਦੂਸਰ ਵਾਰ ਪ੍ਰਹਾਰਤਿ ਜਾਨਾ। ਹਤੀ ਬਦਨ ਪਰ ਸਿਪਰ ਮਹਾਨਾ।
ਗਿਰਜੋ ਧਰਾ ਪਰ ਮੂਰਛਾ ਪਾਈ। ਕੋ ਸਹਿ ਸਕਹਿ, ਥਿਰਹਿ, ਅਗੁਵਾਈ॥੪॥

ਜਦ ਗੁਰੂ ਜੀ ਨੇ ਵੇਖਿਆ ਕਿ ਦੂਸਰਾ ਵਾਰ ਕਰਨ ਵਾਲਾ ਹੈ ਤਾਂ ਉਨ੍ਹਾਂ ਮੂੰਹ ਉਤੇ ਵੱਡੀ ਭਾਰੀ ਢਾਲ ਨੂੰ ਮਾਰਿਆ। ਧਰਤੀ ਉਤੇ ਡਿੱਗ ਕੇ ਬੇਹੋਸ਼ ਹੋ ਗਿਆ, ਕੌਣ ਸਹਿ ਸਕਦਾ ਹੈ, ਜਿਹੜਾ ਗੁਰੂ ਜੀ ਦੇ ਅੱਗੇ ਖੜਾ ਹੋਵੇ॥੪॥

ਰਤਨ ਚੰਦ ਦਿਢ ਦੂਜੀ ਓਰ। ਖੜਗ ਉਭਾਰਿ ਆਇ ਕਰਿ ਜੋਰ।
ਨਟ ਜਿਮ ਫਾਂਦਤਿ ਆਨਿ ਚਲਾਯੋ। ਗੁਰੁ ਟਰਿ ਬਾਏਂ ਵਾਰ ਬਚਾਯੋ॥੫॥

ਦੂਜੇ ਪਾਸੇ ਰਤਨ ਚੰਦ ਦ੍ਰਿੜ੍ਹ ਖੜਾ ਸੀ, ਉਹ ਵੀ ਤਲਵਾਰ ਨੂੰ ਉੱਚੀ ਕਰਕੇ ਬੜੇ ਜ਼ੋਰ ਨਾਲ ਆਇਆ, ਨਟ ਜਿਵੇਂ ਟਪਦਾ ਆਉਂਦਾ ਹੈ, ਗੁਰੂ ਜੀ ਤੇ ਆ ਕੇ ਵਾਰ ਕੀਤਾ, ਗੁਰੂ ਜੀ ਨੇ ਖੱਬੇ ਪਾਸੇ ਹੋ ਕੇ ਵਾਰ ਬਚਾਇਆ॥੫॥

ਊਪਰ ਕੋ ਉਛਰਤਿ ਪੁਨ ਆਵਾ। ਦੁਤਿਯ ਵਾਰ ਕੋ ਚਹਤਿ ਚਲਾਵਾ।
ਤਾਵਤ ਸ਼ੀਘ੍ਰ ਧਾਰ ਗੁਰ ਸਾਢਾ। ਕਾਢ ਕਮਰ ਤੇ ਹਤਿਸਿ ਤਮਾਚਾ॥੬॥

ਫਿਰ ਉਪਰ ਵੱਲ ਉਛਲਦਾ ਆਇਆ, ਦੂਸਰਾ ਵਾਰ ਚਲਾਉਣਾ ਚਾਹੁੰਦਾ ਸੀ, ਉਸੇ ਵੇਲੇ ਗੁਰੂ ਜੀ ਨੇ ਸ਼ੀਘਰਤਾ ਧਾਰਨ ਕਰਕੇ ਕਮਰ ਵਿਚੋਂ ਪਸਤੌਲ ਕੱਢ ਕੇ ਮਾਰਿਆ॥੬॥

ਕਿਸੁ ਵਿਲਾਇਤ ਤੇ ਸਿਖ ਲਜਾਯੋ। ਬਚਹਿ ਨ ਕਜੋਂ ਹੂੰ ਜਿਹ ਨਰ ਖਾਯੋ।
ਰਤਨ ਚੰਦ ਕੇ ਲਾਗਸਿ ਛਾਤੀ। ਉਛਰਤਿ ਉਚੋ ਅਵਨਿ ਪਪਾਤੀ॥੭॥

ਇਹ ਪਸਤੌਲ ਵਲਾਇਤ ਵਿਚੋਂ ਕੋਈ ਸਿੱਖ ਉਨ੍ਹਾਂ ਵਾਸਤੇ ਲਿਆਇਆ ਸੀ, ਉਹ ਮਨੁੱਖ ਫਿਰ ਕਿਵੇਂ ਬਚੇਗਾ ਜਿਹੜਾ ਪਸਤੌਲ ਦੀ ਗੋਲੀ ਖਾਵੇਗਾ। ਗੋਲੀ ਰਤਨ ਚੰਦ ਦੀ ਛਾਤੀ ਵਿਚ ਲੱਗੀ, ਉੱਚਾ ਉਛਲਦਾ ਧਰਤੀ ਤੇ ਡਿੱਗ ਪਿਆ ॥੭॥

ਉਗਲਤਿ ਸ੍ਰੋਣਤ ਬਦਨ ਪਸਾਰੇ। ਪ੍ਰਾਣ ਗਏ, ਨਹਿਂ ਹਾਇ ਉਚਾਰੇ।
ਅਬਦੁਲਖਾਨ ਵਿਲੋਕਤਿ ਕ੍ਰੋਧਾ। ਜਾਨਜੋ ਰਿਦੇ ਗੁਰੂ ਬਡਿ ਜੋਧਾ॥ ੮॥

ਮੂੰਹ ਪਸਾਰ ਕੇ ਲੰਮਾ ਪਿਆ ਸੀ ਤੇ ਜ਼ਖਮ ਵਿਚੋਂ ਖੂਨ ਨਿਕਲ ਰਿਹਾ ਸੀ ਉਸ ਦੇ ਪ੍ਰਾਣ ਚਲੇ ਗਏ ਤੇ ਹਾਇ ਵੀ ਨਾ ਉਚਾਰ ਸਕਿਆ। ਅਬਦੁਲਖਾਨ ਇਹ ਵੇਖ ਕੇ ਬੜੇ ਕ੍ਰੋਧ ਵਿਚ ਆ ਗਿਆ, ਹਿਰਦੇ ਵਿਚ ਇਹ ਜਾਣਿਆ ਕਿ ਗੁਰੂ ਜੀ ਬਹੁਤ ਵੱਡੇ ਜੋਧੇ ਹਨ॥੮॥

ਫਾਂਦਤਿ ਲਲਕਾਰਤਿ ਮੁਖ ਬੋਲਾ। 'ਖਰੇ ਰਹੋ, ਨਹਿਂ ਕੀਜਹਿ ਓਲਾ'।
ਕਹੇ ਤਾਂਹਿ ਕੇ ਸਿਪਰ ਜਿ ਹਾਥ। ਪਾਇ ਸਿਕੰਧ ਸ਼ੀਘ੍ਰਤਾ ਸਾਥ॥ ੯॥

ਟਪਦਾ ਤੇ ਲਲਕਾਰਦਾ ਬੋਲਿਆ, ''ਖੜੇ ਰਹੋ, ਹੁਣ ਕੋਈ ਓਟ ਨਾ ਕਰ ਲੈਣੀ'' ਉਸ ਦੇ ਕਹਿਣ ਉਤੇ ਜਿਹੜੀ ਹੱਥ ਵਿਚ ਢਾਲ ਫੜੀ ਸੀ, ਉਸ ਨੂੰ ਛੇਤੀ ਨਾਲ ਮੋਢੇ ਨਾਲ ਪਾ ਲਿਆ॥੯॥

ਨਾਂਗੋ ਖੜਗ ਗਹੇ ਗੁਰੁ ਫਿਰੈਂ। ਇਤ ਉਤ ਦਾਵ ਤਾਕਬੋ ਕਰੈਂ।
ਪੁਨ ਗੋ ਮੂਤ੍ਰਾਕਾਰ ਫਿਰੰਤੇ, ਸਮੁਖ ਪਰਾ ਮੁਖ ਕਬਿ ਬਿਚਰੰਤੇ॥ ੧੦॥

ਗੁਰੂ ਜੀ ਨੰਗੀ ਤਲਵਾਰ ਲੈ ਕੇ ਫਿਰ ਰਹੇ ਸਨ, ਏਧਰ ਓਧਰ ਦਾਅ ਤਕਣ ਵਾਸਤੇ ਫਿਰ ਰਹੇ ਹਨ, ਫਿਰ ਬਲਦ ਮੂਤਣੀ ਵਾਂਗ ਖੱਬੇ ਸੱਜੇ ਫਿਰਦੇ ਸਨ, ਕਦੀ ਸਾਹਮਣੇ ਕਦੇ ਪੂਰਾ ਟੇਢਾ ਮੂੰਹ ਕਰਕੇ ਵਿਚਰਦੇ ਸਨ॥੧੦॥

ਪਟੇਬਾਜ਼ ਬਿੱਦਜਾ ਅੱਭਜਾਸ। ਅਬਦੁਲਖਾਂ ਬਹੁ ਕਰਤਿ ਉਪਾਸ।
ਜਿਮ ਗੁਰੁ ਕਰਤਿ ਖਾਨ ਤਿਮ ਕਰੈ। ਖਾਨ ਕਰਤਿ ਜਿਮ ਗੁਰੁ ਤਿਮ ਫਿਰੈਂ॥੧੧॥

ਅਬਦੁਲ ਖਾਂ ਆਪਣੀ ਪਹਿਲੀ ਉਮਰੇ ਪਟੇਬਾਜ਼ੀ ਵਿਦਿਆ ਦਾ ਅਭਿਆਸ ਅਤੇ ਤੀਰ-ਅੰਦਾਜ਼ੀ ਦਾ ਅਭਿਆਸ ਬਹੁਤ ਕਰਦਾ ਰਿਹਾ ਸੀ। ਜਿਵੇਂ ਗੁਰੂ ਜੀ ਕਰਦੇ ਸਨ, ਉਹ ਵੀ ਉਸ ਤਰ੍ਹਾਂ ਕਰਦਾ ਸੀ, ਤੇ ਖਾਨ ਜਿਵੇਂ ਕਰਦਾ ਸੀ, ਗੁਰੂ ਜੀ ਵੀ ਉਸ ਤਰ੍ਹਾਂ ਕਰਦੇ ਸਨ॥੧੧॥

ਦੁਊ ਚਹਤਿ ਹੈਂ ਵਾਰ ਚਲਾਯੋ। ਜੈ ਹੋਵਨਿ ਦੋਨਹੁ ਮਨ ਭਾਯੋ।
ਸੈਨਾਂ ਦੋਨਹੁਂ ਕੇ ਮੁਖਿ ਅਹੈਂ। ਦੋਨਹੁਂ ਦਾਵ ਖੜਗ ਨਿਰਬਹੈਂ॥ ੧੨॥

ਦੋਵੇਂ ਵਾਰ ਚਲਾਉਣਾ ਚਾਹੁੰਦੇ ਸਨ, ਸਾਡੀ ਜਿੱਤ ਹੋਵੇ ਦੋਹਾਂ ਦੇ ਮਨ ਨੂੰ ਚੰਗੀ ਲੱਗਦੀ ਸੀ, ਦੋਵੇਂ ਆਪਣੀਆਂ ਸੈਨਾਵਾਂ ਦੇ ਮੁੱਖੀ ਸਨ, ਦੋਵੇਂ ਤਲਵਾਰ ਚਲਾਉਣ ਦੇ ਦਾਅ-ਪੇਚ ਨੂੰ ਜਾਣਦੇ ਸਨ॥੧੨॥

ਓਟ ਸਿਪਰ ਕੀ ਦੋਨਹੁਂ ਤਜਾਗੀ। ਦੋਨਹੁਂ ਬੀਰ ਬੀਰ ਰਸ ਪਾਗੀ।
ਦੋਨਹੁਂ ਸ਼ਸਤ੍ਰਨਿ ਬਿੱਦਜਾ ਕਰਤਾ। ਲਰਨ ਹਟਨਿ ਕੇ ਦੋਨਹੁਂ ਭਰਤਾ॥੧੩॥

ਢਾਲ ਦੀ ਓਟ ਦੋਵਾਂ ਨੇ ਛੱਡ ਦਿੱਤੀ ਸੀ, ਦੋਵੇਂ ਸੂਰਬੀਰ ਬੀਰ ਰਸ ਵਿਚ ਭਿੱਜੇ ਹੋਏ ਸਨ। ਦੋਵੇਂ ਸ਼ਸਤਰ ਵਿਦਿਆ ਜਾਣਦੇ ਸਨ ਤੇ ਦੋਵੇਂ ਲੜਨ ਤੇ ਪਿਛਾਂਹ ਹੱਟਣ ਵਿਚ ਪ੍ਰਬੀਨ ਸਨ॥੧੩॥

ਦੋਨਹੁਂ ਬੰਕੇ ਬੀਰ ਜੁਝਾਰੇ। ਦੋਨਹੁਂ ਅਰੇ ਮਰਨਿ ਕੈ ਮਾਰੇ।
ਦੋਨਹੁਂ ਕੇ ਬਹੁ ਭਾ ਉਤਸਾਹੂ। ਦੋਨਹੁਂ ਅਰੁਣ ਬਰਣ ਰਨ ਮਾਂਹੂ॥ ੧੪॥

ਦੋਵੇਂ ਬਾਂਕੇ ਜੁਝਾਰੂ ਸੂਰਬੀਰ ਹਨ, ਦੋਵੇਂ ਅੜੇ ਹੋਏ ਹਨ ਕਿ ਮਰਾਂਗੇ ਜਾਂ ਮਾਰਾਂਗੇ। ਦੋਵੇਂ ਵੱਡੇ ਉਤਸ਼ਾਹ ਵਿਚ ਭਰੇ ਹੋਏ ਹਨ ਦੋਵੇਂ ਰਣਖੇਤਰ ਵਿਚ ਸੁਰਖ ਰੰਗ ਦੇ ਹਨ॥੧੪॥

ਦੋਨਹੁੰ ਕਰਹਿਂ ਵਾਰ ਕੋ ਨਾਨਾ। ਦੋਨਹੁੰ ਧਰਹਿਂ ਆਵਨੋ ਜਾਨਾ।
ਗੁਰ ਕੋ ਰਣ ਲਖਿ ਸੁਰ ਸਮੁਦਾਏ। ਉਤਲਾਵਤਿ ਅਵਿਲੋਕਨਿ ਆਏ॥ ੧੫॥

ਦੋਵੇਂ ਕਈ ਪ੍ਰਕਾਰ ਦੇ ਵਾਰ ਕਰਦੇ ਹਨ, ਦੋਵੇਂ ਹਟਣਾ ਤੇ ਵਧਣਾ ਜਾਣਦੇ ਹਨ। ਗੁਰੂ ਜੀ ਨੂੰ ਰਣਖੇਤਰ ਵਿਚ ਵੇਖ ਕੇ ਸਾਰੇ ਦੇਵਤੇ ਬੜੇ ਉਤਾਵਲੇ ਹੋ ਕੇ ਵੇਖਣ ਆਏ॥੧੫॥

ਥਿਰੇ ਗਗਨ ਮਹਿਂ ਹੇਰਤਿ ਜੁੱਧਾ। ਦੋਨਹੁੰ ਬੀਰ ਭਰੇ ਉਰ ਕ੍ਰੁੱਧਾ।
ਕਬਹੁੰ ਖਾਨ ਗੁਰੁ ਊਪਰ ਆਵੈ। ਕਬਹੁੰ ਖਾਨ ਪਰ ਸ੍ਰੀ ਗੁਰੁ ਜਾਵੈ॥ ੧੬॥

ਅਕਾਸ਼ ਵਿਚ ਖਲੋ ਕੇ ਜੁੱਧ ਵੇਖ ਰਹੇ ਸਨ, ਦੋਵੇਂ ਸੂਰਬੀਰ ਦਿਲ ਵਿਚ ਕ੍ਰੋਧ ਨਾਲ ਭਰੇ ਹੋਏ ਸਨ, ਕਦੀ ਖਾਂ ਗੁਰੂ ਜੀ ਦੇ ਉਪਰ ਆ ਜਾਂਦਾ ਸੀ ਤੇ ਕਦੀ ਖਾਨ ਉਤੇ ਗੁਰੂ ਜੀ ਆ ਜਾਂਦੇ ਸਨ॥੧੬॥

ਕਬਿ ਬਾਵੇਂ ਨਿਕਸਹਿਂ ਕਬਿ ਦਾਏਂ। ਬਿਚਰਤਿ ਉਛਰਤਿ ਖੜਗ ਉਠਾਏ।
ਅਬਦੁਲ ਖਾਂ ਤਬਿ ਵਾਰ ਪ੍ਰਹਾਰਾ। ਖੜਗ ਅੱਗ੍ਰ ਕਰਿ ਗੁਰੂ ਸਹਾਰਾ॥ ੧੭॥

ਕਦੀ ਖੱਬੇ ਪਾਸੇ ਨਿਕਲਦੇ ਸਨ ਕਦੀ ਸਜੇ ਪਾਸੇ ਹੋ ਜਾਂਦੇ ਸਨ, ਵਿਚਰਦੇ ਤੇ ਉਛਲਦੇ ਤਲਵਾਰਾਂ ਚੁੱਕਦੇ ਸਨ। ਅਬਦੁਲ ਖਾਂ ਨੇ ਵਾਰ ਕੀਤਾ, ਗੁਰੂ ਜੀ ਨੇ ਤਲਵਾਰ ਅੱਗੇ ਕਰਕੇ ਵਾਰ ਸਹਾਰ ਲਿਆ॥੧੭॥

ਬਹੁਰ ਹਟਜੋ ਲਖਿ ਛੂਛੇ ਵਾਰਿ। ਸਤਿਗੁਰੁ ਫਾਂਦਤਿ ਹਾਥ ਉਭਾਰਿ।
ਊਚੇ ਬੋਲਿ ਕਰਜੋ ਰਿਪੁ ਡਾਟਨਿ। ਤਕਜੋ ਤਰੇ ਕੋ ਜੰਘਨ ਕਾਟਨਿ॥ ੧੮॥

ਫਿਰ ਵਾਰ ਖਾਲੀ ਜਾਂਦਾ ਵੇਖ ਕੇ ਪਿੱਛੇ ਹਟ ਗਿਆ, ਸਤਿਗੁਰੂ ਜੀ ਫਿਰ ਹੱਥ ਉੱਚਾ ਕਰਕੇ ਉਛਲੇ ਤੇ ਦੁਸ਼ਮਣ ਨੂੰ ਡਾਂਟਣ ਵਾਸਤੇ ਬੋਲ ਉੱਚੇ ਕੀਤੇ, ਖਾਨ ਨੇ ਹੇਠਾਂ ਵੱਲ ਵੇਖਿਆ ਜਿਵੇਂ ਲੱਤਾਂ ਨੂੰ ਕੱਟਣ ਲੱਗੇ ਸਨ॥੧੮॥

ਜਾਨਜੋ ਖਾਨ ਸੁ ਤਰੇ ਪ੍ਰਹਾਰਹਿਂ। ਵਾਰ ਬਚਾਵਨਿ ਹਿਤ ਸੰਭਾਰਹਿ।
ਤਰੇ ਜੰਘ ਦਿਸ਼ਿ ਜਬਿ ਬਿਰਮਾਯੋ। ਕਰਿ ਬਲ ਕੋ ਗੁਰੁ ਖੜਗ ਚਲਾਯੋ॥ ੧੯॥

ਖਾਨ ਨੇ ਇਹ ਸਮਝਿਆ ਕਿ ਥੱਲੇ ਵਾਰ ਕਰਨ ਲੱਗੇ ਹਨ, ਵਾਰ ਬਚਾਉਣ ਵਾਸਤੇ ਉਸ ਆਪਣੇ ਆਪ ਨੂੰ ਸੰਭਾਲਿਆ, ਹੇਠਾਂ ਲੱਤਾਂ ਵਾਲੇ ਪਾਸੇ ਦੇ ਬਚਾਅ ਵਿਚ ਜਦ ਨਵਾਬ ਰੁਝ ਗਿਆ ਤਾਂ ਗੁਰੂ ਜੀ ਨੇ ਸਾਰਾ ਜ਼ੋਰ ਲਾ ਕੇ ਤਲਵਾਰ ਚਲਾਈ॥੧੯॥

ਤਰੇ ਬਚਾਵਤਿ ਮੂਰਖ ਰਹਜੋ। ਚੰਦ੍ਰਹਾਸ ਗ੍ਰੀਵਾ ਪਰ ਬਹਜੋ।
ਤਤਛਿਨ ਧਰ ਤੇ ਸੀਸ ਉਤਾਰਾ। ਬਹੀ ਸਾਫ ਬਹੁ ਤੀਖਨ ਧਾਰਾ॥ ੨੦॥

ਮੂਰਖ ਹੇਠਲਾ ਪਾਸਾ ਹੀ ਬਚਾਉਂਦਾ ਰਿਹਾ, ਤਲਵਾਰ ਧੌਣ ਤੇ ਜਾ ਕੇ ਪਈ, ਤੁਰਤ ਧੜ ਨਾਲੋਂ ਸੀਸ ਲੱਥ ਗਿਆ, ਸਾਫ ਵੱਢ ਕੇ ਲੈ ਗਈ ਕਿਉਂਕਿ ਤਲਵਾਰ ਦੀ ਧਾਰ ਬੜੀ ਤੇਜ਼ ਸੀ॥੨੦॥

ਚਕ ਪਰ ਬਾਸਨ ਕਰਿ ਜਿਮ ਤਯਾਰੂ। ਤੂਰਨ ਲੇਤਿ ਕੁਲਾਲ ਉਤਾਰੂ।
ਗਨ ਸਾਬਨ ਮਹਿਂ ਅਯ ਕੀ ਤਾਰੇ। ਜਿਮ ਪ੍ਰਹਾਰ ਕਰਿ ਕੁਛਕ ਉਤਾਰੇ॥੨੧॥

ਘੁਮਿਆਰ ਜਿਵੇਂ ਚੱਕ ਤੇ ਭਾਂਡਾ ਤਿਆਰ ਕਰਕੇ ਤੁਰਤ ਧਾਗੇ ਨਾਲ ਕੱਟ ਕੇ ਉਤਾਰ ਲੈਂਦਾ ਹੈ ਜਾਂ ਜਿਵੇਂ ਸਾਬਨ ਦੀ ਚਾਕੀ ਵਿਚ ਲੋਹੇ ਦੀ ਤਾਰ ਫੇਰ ਕੇ ਕੁਝ ਹਿੱਸਾ ਕੱਟ ਲਈਦਾ ਹੈ॥੨੧॥

ਸਾਖਾ ਮਨੋ ਪਾਕ ਫਲ ਰਹਜੋ। ਗਿਰਜੋ ਸਬੇਗ ਬਾਯੁ ਕੇ ਬਹਜੋ।
ਤਿਮ ਸਿਰ ਗਿਰਿਗਾ ਅਬਦੁਲ ਖਾਨ। ਲੋਚਨ ਪਸਰੇ ਰਹੇ ਮਹਾਨ॥ ੨੨॥

ਬ੍ਰਿਛ ਦੀ ਡਾਹਣੀ ਨਾਲ ਜਿਵੇਂ ਪੱਕਾ ਫਲ ਲੱਗਾ ਹੋਵੇ ਤੇ ਹਵਾ ਦੇ ਤੇਜ਼ ਵੱਗਣ ਨਾਲ ਤੁਰਤ ਡਿੱਗ ਪਿਆ ਹੋਵੇ, ਉਸ ਤਰ੍ਹਾਂ ਨਵਾਬ ਅਬਦੁਲ ਖਾਂ ਦਾ ਸਿਰ ਡਿੱਗ ਪਿਆ, ਵੱਡੀਆਂ-ਵੱਡੀਆਂ ਅੱਖਾਂ ਖੁਲ੍ਹੀਆਂ ਹੀ ਰਹਿ ਗਈਆਂ॥੨੨॥

ਮਨਹੁੰ ਗਾਜ ਨੇ ਮੰਡਪ ਡਾਰਾ। ਕੈ ਭੁਚਾਲ ਤੇ ਗਿਰਜੋ ਮਨਾਰਾ।
ਸ਼੍ਰੀ ਹਰਿਗੋਵਿੰਦ ਸ਼ੱਤ੍ਰ ਬਿਲੋਕਾ। ਪਰਜੋ ਪ੍ਰਿਥੀ ਪਰ ਪ੍ਰਾਨਨਿ ਫੋਕਾ॥ ੨੩॥

ਮਾਨੋਂ ਬਿਜਲੀ ਨੇ ਕੜਕ ਕੇ ਗੁੰਬਦ ਡੇਗਿਆ ਹੋਵੇ ਜਾਂ ਭੁਚਾਲ ਦੇ ਆਉਣ ਨਾਲ ਮੁਨਾਰਾ ਡਿੱਗ ਪਿਆ ਹੋਵੇ। ਜਦ ਸ੍ਰੀ ਹਰਿਗੋਬਿੰਦ ਜੀ ਨੇ ਵੈਰੀ ਨੂੰ ਵੇਖਿਆ, ਤਾਂ ਉਹ ਧਰਤੀ ਉਤੇ ਪ੍ਰਾਣ ਰਹਿਤ ਪਿਆ ਸੀ॥੨੩॥

ਭਾ ਪ੍ਰਿਬ੍ਰਿਤ ਤਮ ਤੋਮ ਕਰਾਲਾ। ਮ੍ਰਿਤਕ ਖਾਨ ਢਿਗ ਗੁਰੁ ਤਿਸ ਕਾਲਾ।
'ਪਰਜੋ ਦੁਸ਼ਟ ਹਮ ਪਰ ਚਢਿ ਆਯੋ। ਤੁਰਕ ਮੂਢ ਮਤਿ ਚਿਤ ਗਰਬਾਯੋ॥੨੪॥

ਬੜਾ ਭਿਆਨਕ ਤੇ ਡੂੰਘਾ ਹਨੇਰਾ ਹੋ ਗਿਆ, ਮਰੇ ਹੋਏ ਪਠਾਣ ਦੇ ਪਾਸ ਉਸ ਵੇਲੇ ਇਕੱਲੇ ਗੁਰੂ ਜੀ ਖੜੇ ਸਨ। ਗੁਰੂ ਜੀ ਬੋਲੇ, 'ਹੁਣ ਦੁਸ਼ਟ ਮਰਿਆ ਪਿਆ ਹੈ, ਜਿਹੜਾ ਸਾਡੇ ਤੇ ਚੜ੍ਹ ਆਇਆ ਸੀ, ਮੂਰਖ ਮੱਤ ਤੁਰਕ ਨੇ ਮਨ ਵਿਚ ਬੜਾ ਹੰਕਾਰ ਧਾਰਨ ਕੀਤਾ ਸੀ॥੨੪॥

ਜੈ ਸਤਿਗੁਰ ਕੀ ਸਦਾ ਅਨੰਦ'। ਕਹਜੋ ਜਬਹਿ ਸ੍ਰੀ ਹਰਿ ਗੋਵਿੰਦ।
ਕਰਮਚੰਦ ਕੋ ਸੁਧਿ ਤਬਿ ਆਈ। ਜਬਿ ਗੁਰੁ ਗਿਰਾ ਸ਼੍ਰਵਨ ਸੁਨਿ ਪਾਈ॥੨੫॥

ਸਦਾ ਅਨੰਦਮਈ ਰਹਿਣ ਵਾਲੇ ਸਤਿਗੁਰੂ ਜੀ ਦੀ ਜੈ ਹੋਈ ਹੈ।" ਜਦ ਗੁਰੂ ਜੀ ਨੇ ਇਹ ਕਿਹਾ ਤਾਂ ਕਰਮ ਚੰਦ ਜਿਹੜਾ ਬੇਹੋਸ਼ ਪਿਆ ਸੀ, ਹੋਸ਼ ਵਿਚ ਆ ਗਿਆ, ਜਦ ਗੁਰੂ ਜੀ ਦੀ ਆਵਾਜ਼ ਆਪਣੇ ਕੰਨਾਂ ਨਾਲ ਸੁਣੀ॥੨੫॥

ਚਿਤਵਤਿ ਮ੍ਰਿਤੁ ਨਬਾਬ ਕੀ ਕਹੀਯਤਿ। ਰਤਨ ਚੰਦ ਕੀ ਸੁਧਿ ਨਹਿੰ ਲਹੀਯਤਿ।
ਮੈਂ ਢਿਗ ਪਰਜੋ,ਆਇੰ ਸਿਖ ਇਸਕੇ। ਹੇਰਤਿ ਹਤਹਿੰ ਸ਼ੱਤ੍ਰ ਲਖਿ, ਰਿਸਕੇ॥੨੬॥

ਉਸ ਸੋਚਿਆ, "ਇਹ ਨਵਾਬ ਦੀ ਮ੍ਰਿਤੂ ਬਾਰੇ ਕਹਿੰਦੇ ਹਨ, ਰਤਨ ਚੰਦ ਦਾ ਕੋਈ ਪਤਾ ਨਹੀਂ ਹੈ ਤੇ ਮੈਂ ਨਵਾਬ ਦੇ ਕੋਲ ਪਿਆ ਹਾਂ, ਏਥੇ ਗੁਰੂ ਜੀ ਦੇ ਹੁਣ ਸਿੱਖ ਆਉਣਗੇ, ਮੈਨੂੰ ਵੇਖ ਕੇ ਦੁਸ਼ਮਣ ਸਮਝਕੇ ਗੁੱਸੇ ਵਿਚ ਆ ਕੇ ਮਾਰ ਦੇਣਗੇ॥੨੬॥

ਅਬਿ ਇਹ ਏਕਲ ਹੈ ਮਮ ਤੀਰ। ਲਰਤਿ ਰਹਜੋ ਬਹੁ ਸ਼੍ਰਮਤਿ ਸਰੀਰ।
ਉਠਿ ਮੈਂ ਹਤੋ ਮਹਾਂ ਜਸ ਪਾਊਂ। ਸ਼ਾਹ ਸਮੀਪ ਸੁ ਜਾਇ ਸੁਨਾਊਂ॥ ੨੭॥

ਹੁਣ ਇਹ ਇਕੱਲੇ ਹੀ ਮੇਰੇ ਪਾਸ ਹਨ, ਲੜਦੇ ਰਹੇ ਹਨ, ਇਸ ਕਰਕੇ ਇਨ੍ਹਾਂ ਦਾ ਸਰੀਰ ਬਹੁਤ ਥਕਿਆ ਹੋਵੇਗਾ। ਜੇ ਮੈਂ ਉਠ ਕੇ ਇਨ੍ਹਾਂ ਨੂੰ ਮਾਰ ਦੇਵਾਂ ਤਾਂ ਬਹੁਤ ਜਸ ਪਾਵਾਂਗਾ ਤੇ ਬਾਦਸ਼ਾਹ ਦੇ ਪਾਸ ਜਾ ਕੇ ਸੁਣਾਵਾਂਗਾ॥੨੭॥

ਇਮ ਬਿਚਾਰਿ ਕਰਿ ਉਠਿ ਲਲਕਾਰਾ। 'ਠਾਂਢੋ ਰਹੁ ! ਨਬਾਬ ਤੈਂ ਮਾਰਾ।
ਨਿਜ ਕਰਤੂਤਨਿ ਕੋ ਫਲ ਲੀਜੈ। ਜਮ ਸਥਾਨ ਕੋ ਦੇਖਨਿ ਕੀਜੈ'॥ ੨੮॥

ਇਸ ਤਰ੍ਹਾਂ ਵਿਚਾਰ ਕੇ ਉਠ ਕੇ ਲਲਕਾਰਿਆ, "ਖੜੇ ਰਹੋ ! ਤੁਸੀਂ ਨਵਾਬ ਨੂੰ ਮਾਰਿਆ ਹੈ। ਆਪਣੀ ਨਿਜੀ ਕੀਤੀ ਦਾ ਫਲ ਪਾਵੋ ਤੇ ਜਾਕੇ ਜਮ ਸਥਾਨ ਨੂੰ ਵੇਖੋ॥੨੮॥

ਨੰਦਨ ਚੰਦੂ ਸ੍ਵਾਹੀ ਕੇਰਾ। ਮਹਾਂ ਕ੍ਰੋਧ ਤੇ ਸ੍ਰੀ ਗੁਰੁ ਹੇਰਾ।
'ਅਬਿ ਲੋ ਜੀਵਤਿ ਹੈਂ ਰਣ ਮਾਂਹੀ ?। ਨਿਜ ਸੰਗਨਿ ਸੰਗ ਗਮਨਜੋ ? ਨਾਂਹੀ ?॥੨੯॥

ਚੰਦੂ ਦੇ ਪੁੱਤਰ ਨੂੰ ਗੁਰੂ ਜੀ ਨੇ ਬੜੇ ਕ੍ਰੋਧ ਨਾਲ ਵੇਖਿਆ ਅਤੇ ਕਿਹਾ, "ਰਣਖੇਤਰ ਵਿਚ ਤੂੰ ਹੁਣ ਤਕ ਜੀਉਂਦਾ ਹੈਂ ਆਪਣੇ ਸਾਥੀਆਂ ਪਾਸ ਹੁਣ ਤਕ ਗਿਆ ਕਿਉਂ ਨਹੀਂ ?॥੨੯॥

ਤੋਹਿ ਉਡੀਕਤਿ ਹੋਹਿਂ ਅਗਾਰੀ। ਕਿਮ ਬਿਲੰਬ ਤਿਨ ਪੀਛੈ ਧਾਰੀ?।
ਨਿਕਟਿ ਆਉ ਤਿਨ ਸਾਥ ਮਿਲਾਵੈਂ। ਬਹੁਰ ਇਕਾਕੀ ਜਮ ਪੁਰਿ ਜਾਵੈਂ ॥੩੦॥

ਉਹ ਤੈਨੂੰ ਅੱਗੇ ਉਡੀਕਦੇ ਹੋਣਗੇ, ਉਨ੍ਹਾਂ ਦੇ ਪਿਛੋਂ ਏਨੀ ਦੇਰ ਕਿਉਂ ਲਾਈ ਹੈ ? ਮੇਰੇ ਪਾਸ ਆਵੋ, ਤੇਰੇ ਸਾਥੀਆਂ ਦੇ ਨਾਲ ਮਿਲਾਈਏ, ਬਾਅਦ ਵਿਚ ਇਕੱਲਾ ਹੀ ਜਮਾਂ ਦੀ ਨਗਰੀ ਵਿਚ ਜਾਵੇਂਗਾ" ॥੩੦॥

ਇਮ ਕਹਿਤੇ ਗੁਰੁ ਊਪਰ ਆਯੋ। ਨਾਂਗੋ ਚੰਦ੍ਰਹਾਸ ਚਮਕਾਯੋ।
ਜਿਮ ਦੀਪਕ ਪਰ ਜਾਇ ਪਤੰਗ। ਕਰਹਿ ਬਿਨਾਸ਼ਨ ਅਪਨੇ ਅੰਗ॥ ੩੧॥

ਇਹ ਕਹਿ ਕੇ ਗੁਰੂ ਜੀ ਉਸ ਦੇ ਉਪਰ ਆਏ, ਨੰਗੀ ਤਲਵਾਰ ਨੂੰ ਚਮਕਾਇਆ, ਜਿਵੇਂ ਦੀਵੇ ਪਾਸ ਪਤੰਗਾ ਜਾਂਦਾ ਹੈ ਤੇ ਦੀਵੇ ਨੂੰ ਮਿਲਕੇ ਆਪਣੇ-ਆਪਣੇ ਅੰਗਾਂ ਨੂੰ ਵਿਨਾਸ਼ ਕਰਵਾ ਲੈਂਦਾ ਹੈ॥੩੧॥

ਮੂਰਖ ਜਾਇ ਨੇਰ ਤਬਿ ਠਾਨਾ। ਸਤਿਗੁਰੁ ਬੋਲੇ 'ਬਨ ਸਵਧਾਨਾ।
ਕਰਿ ਲਿਹੁ ਵਾਰ ਪ੍ਰਥਮ ਬਲ ਧਰਿਕੈ। ਨਤੁ ਪਛੁਤੈ ਹੈਂ ਪੀਛੈ ਮਰਿਕੈ' ॥ ੩੨॥

ਮੂਰਖ ਫਿਰ ਗੁਰੂ ਜੀ ਦੇ ਪਾਸ ਚਲਾ ਗਿਆ, ਤਦ ਸਤਿਗੁਰੂ ਜੀ ਨੇ ਕਿਹਾ, "ਸਾਵਧਾਨ ਹੋ ਜਾ, ਬਲ ਧਾਰ ਕੇ ਪਹਿਲਾਂ ਵਾਰ ਕਰ ਲੈ, ਨਹੀਂ ਪਿਛੋਂ ਮਰ ਕੇ ਪਛਤਾਵੇਂਗਾ" ॥੩੨॥

ਸੁਨਤਿ ਵਾਰ ਕੀਨਸਿ ਤਬਿ ਆਇ। ਸਿਰ ਕੇ ਕਿਧੌਂ ਸਿਕੰਧ ਤਕਾਇ।
ਖੜਗ ਚਲਾਯਹੁ ਗੁਰੂ ਅਵਿਲੋਕਾ। ਅਪਨ ਖੜਗ ਪਰ ਤਿਸ ਕੋ ਰੋਕਾ॥ ੩੩॥

ਇਹ ਸੁਣ ਕੇ ਕਰਮ ਚੰਦ ਨੇ ਆ ਕੇ ਸਿਰ ਜਾਂ ਮੋਢੇ ਨੂੰ ਤਕ ਕੇ ਵਾਰ ਕੀਤਾ, ਗੁਰੂ ਜੀ ਤਲਵਾਰ ਚਲਾਉਂਦੇ ਨੂੰ ਵੇਖਿਆ ਤੇ ਉਸ ਦੇ ਵਾਰ ਨੂੰ ਆਪਣੀ ਤਲਵਾਰ ਤੇ ਰੋਕਿਆ॥੩੩॥

ਰਿਸਤੇ ਬਲ ਤੇ ਤਿਨਹਿ ਪ੍ਰਹਾਰਾ। ਬਜਜੇ ਖੜਗ ਪਰ ਖੜਗ ਕਰਾਰਾ।
ਦੋਨਹੁਂ ਟੂਟ ਧਰਾ ਪਰ ਪਰੇ। ਦੋਨਹੁਂ ਮੁਸ਼ਟ ਰਹੇ ਕਰ ਧਰੇ॥ ੩੪॥

ਉਸ ਨੇ ਬੜੇ ਜ਼ੋਰ ਨਾਲ ਗੁੱਸੇ ਵਿਚ ਆ ਕੇ ਤਲਵਾਰ ਦਾ ਵਾਰ ਕੀਤਾ ਤੇ ਤਲਵਾਰ ਉੱਤੇ ਤਲਵਾਰ ਬੜੇ ਜ਼ੋਰ ਨਾਲ ਵੱਜੀ। ਦੋਵੇਂ ਤਲਵਾਰਾਂ ਟੁੱਟ ਕੇ ਧਰਤੀ ਉੱਤੇ ਡਿੱਗ ਪਈਆਂ ਤੇ ਦੋਹਾਂ ਤਲਵਾਰਾਂ ਦੀਆਂ ਮੁੱਠਾਂ ਹੱਥਾਂ ਵਿਚ ਰਹਿ ਗਈਆਂ॥੩੪॥

ਪਿਖਿ ਸ਼੍ਰੀ ਹਰਿਗੋਵਿੰਦ ਬਿਚਾਰੇ। ਅਬਿ ਜਮਧਰ ਸੌਂ ਜੇ ਇਸ ਮਾਰੇਂ।
ਸ਼ਸਤ੍ਰ ਮੌਤ ਤੇ ਦੁਸ਼ਟਿ ਮਰੈ ਹੈ। ਯਾਂਤੇ ਹਾਥਨ ਸਾਥ ਹਤੈਂ ਹੈਂ॥ ੩੫॥

ਇਹ ਵੇਖ ਕੇ ਸ੍ਰੀ ਹਰਿਗੋਬਿੰਦ ਨੇ ਵਿਚਾਰ ਕੀਤੀ, ਜੇ ਇਸ ਨੂੰ ਕਟਾਰ ਨਾਲ ਮਾਰਦੇ ਹਾਂ ਤਾਂ ਮੌਤ ਦੇ ਸ਼ਸਤਰ ਨਾਲ ਦੁਸ਼ਟ ਮਰਦਾ ਹੈ, ਇਸ ਲਈ ਇਸ ਨੂੰ ਹੱਥਾਂ ਨਾਲ ਹੀ ਮਾਰਦੇ ਹਾਂ॥੩੫॥

ਇਹ ਭੀ ਖਰਯੋ ਨਿਰਾਯੁਧ ਰਹਜੇ। ਹਤਨਿ ਸ਼ਸਤ੍ਰ ਨਹਿਂ ਆਛੋ ਲਹਜੇ।
ਬਲ ਕਰਿ ਗਹੀ ਬਾਂਹੁ ਗੁਰੁ ਤਬੈ। ਜਤਨ ਛੁਟਨਿ ਹਿਤ ਠਾਨਤਿ ਸਬੈ॥ ੩੬॥

ਇਹ ਵੀ ਬੇਹਥਿਆਰਾ ਖੜਾ ਹੈ, ਇਸ ਨੂੰ ਹਥਿਆਰਾਂ ਨਾਲ ਮਾਰਨਾ ਚੰਗਾ ਨਹੀਂ। ਫਿਰ ਗੁਰੂ ਜੀ ਨੇ ਸ਼ਕਤੀ ਨਾਲ ਉਸ ਦੀ ਬਾਂਹ ਫੜ ਲਈ, ਉਹ ਛੁਡਵਾਉਣ ਦੇ ਬਹੁਤ ਜਤਨ ਕਰਦਾ ਰਿਹਾ॥੩੬॥

ਜਿਮ ਗਜ ਸੁੰਡ ਬਿਖੈ ਗਹਿਵਾਵੈ। ਬਹੁਰ ਅੰਗ ਨਿਜ ਸਸਾ ਛੁਡਾਵੈ।
ਜੋਰ ਮਰੋਰ ਤੋਰ ਕਰਿ ਰਹਜੇ। ਮੋਚਨਿ ਹਾਥ ਨ ਕਜੋਂ ਹੂੰ ਲਹਜੋ॥ ੩੭॥

ਜਿਵੇਂ ਹਾਥੀ ਆਪਣੀ ਸੁੰਡ ਨਾਲ ਖਰਗੋਸ਼ ਨੂੰ ਫੜ ਲਵੇ ਤੇ ਬਾਅਦ ਵਿਚ ਖਰਗੋਸ਼ ਆਪਣੇ ਅੰਗਾਂ ਨੂੰ ਛੁਡਵਾਉਣਾ ਚਾਹੇ। ਬੜੇ ਜ਼ੋਰ ਨਾਲ ਹੱਥ ਮਰੋੜਦਾ ਤੋੜਦਾ ਰਿਹਾ, ਪਰ ਗੁਰੂ ਜੀ ਦੇ ਹੱਥਾਂ ਤੋਂ ਆਪਣੇ ਆਪ ਨੂੰ ਕਿਵੇਂ ਵੀ ਨਾ ਛੁਡਵਾ ਸਕਿਆ॥੩੭॥

ਦੁਤਿਯ ਹਾਥ ਤੇ ਓਜ ਦਿਖਾਵਤਿ। ਸ਼ੇਰ ਅੰਕ ਜਯੋਂ ਮ੍ਰਿਗ ਉਤਲਾਵਤਿ।
ਤਬਿ ਸਤਿਗੁਰੁ ਗਹਿ ਕੈ ਕਰ ਦਾਏਂ। ਅਲਪ ਭਾਰ ਲਖਿ ਲੀਨਿ ਉਠਾਏ॥੩੮॥

ਦੋਵਾਂ ਹੱਥਾਂ ਨਾਲ ਜ਼ੋਰ ਵਿਖਾਉਂਦਾ ਸੀ, ਸ਼ੇਰ ਦੇ ਜੱਫੇ ਵਿਚ ਜਿਵੇਂ ਹਿਰਨ ਕਾਹਲਾ ਪੈਂਦਾ ਹੈ। ਫਿਰ ਸਤਿਗੁਰ ਜੀ ਨੇ ਫੜ ਕੇ ਸੱਜੇ ਪਾਸੇ ਕਰ ਲਿਆ ਤੇ ਥੋੜ੍ਹਾ ਭਾਰ ਵੇਖ ਕੇ ਉਸ ਨੂੰ ਉਪਰ ਚੁੱਕ ਲਿਆ॥੩੮॥

ਕਰਯੋ ਭ੍ਰਮਾਵਨਿ ਕੇਤਿਕ ਫੇਰੇ। ਛਿਤ ਪਛਾਰ ਕਰਿ ਦੀਨਸਿ ਗੇਰੇ।
ਫੂਟਿ ਗਯੋ ਸਿਰ, ਚੂਰਨ ਅੰਗ। ਤਨ ਕੀ ਸੰਧਿ ਛੁਟੀ ਸਰਬੰਗ॥ ੩੯॥

ਬਾਹਾਂ ਤੇ ਚੁੱਕ ਕੇ ਉਸ ਨੂੰ ਕਈ ਵਾਰ ਭੁਆਂਟਣੀਆਂ ਦਿੱਤੀਆਂ ਤੇ ਭੰਵਾ ਕੇ ਧਰਤੀ ਦੇ ਉਤੇ ਸੁੱਟ ਦਿੱਤਾ। ਡਿਗਦਿਆਂ ਸਾਰ ਉਸ ਦਾ ਸਿਰ ਪਾਟ ਗਿਆ ਤੇ ਸਾਰੇ ਅੰਗ ਚੂਰ-ਚੂਰ ਹੋ ਗਏ ਤੇ ਸਰੀਰ ਦੇ ਸਾਰੇ ਅੰਗਾਂ ਦੇ ਜੋੜ ਖੁਲ੍ਹ ਗਏ॥੩੯॥

ਇਮ ਬਿਨਾਸ ਗਨ ਸ਼ੱਤ੍ਰ ਕਰਿਕੈ। ਪੁਨ ਚਹੁੰਦਿਸ਼ਿ ਮਹਿਂ ਭਲੇ ਨਿਹਰਿਕੈ।
ਰਹਯੋ ਨ ਕੋਈ ਲਰਿਬੇ ਜੋਗ। ਹੁਤੇ ਜਿਯਤਿ ਕੁਛ, ਭਾਗੇ ਲੋਗ॥ ੪੦॥

ਇਸ ਤਰ੍ਹਾਂ ਬਹੁਤ ਵੱਡੀ ਗਿਣਤੀ ਵਿਚ ਆਏ ਵੈਰੀ ਮਾਰ ਕੇ ਚਾਰੇ ਪਾਸੇ ਚੰਗੀ ਤਰ੍ਹਾਂ ਵੇਖਿਆ। ਕੋਈ ਵੀ ਲੜਨ ਜੋਗਾ ਨਾ ਰਿਹਾ, ਜਿਹੜੇ ਕੁਝ ਜੀਉਂਦੇ ਬਚੇ ਸਨ, ਉਹ ਲੋਕ ਭੱਜ ਗਏ॥੪੦॥

ਭਯੋ ਅੰਧੇਰਾ ਦ੍ਰਿਸ਼ਟਿਨ ਪਰੈ। ਜਹਿਂ ਕਹਿਂ ਤੁਰਕ ਤ੍ਰਾਸ ਕੋ ਧਰੈਂ।
ਸੂਬਾ ਮਰਯੋ ਜਾਨਿ ਸਭਿ ਲੀਨੋ। ਜਿਯਤਿ ਸ਼ੇਖ ਭਾਗੇ ਡਰ ਚੀਨੋ॥ ੪੧॥

ਬਹੁਤ ਹਨੇਰਾ ਹੋ ਗਿਆ, ਕੁਝ ਵੀ ਵਿਖਾਈ ਨਹੀਂ ਸੀ ਦਿੰਦਾ ਜਿਥੇ ਕਿਥੇ ਵੀ ਤੁਰਕ ਸਨ, ਉਹ ਬਹੁਤ ਡਰ ਗਏ। ਸਾਰਿਆਂ ਨੂੰ ਪਤਾ ਲੱਗ ਗਿਆ ਕਿ ਸੂਬਾ ਮਰ ਗਿਆ ਹੈ, ਜਿਹੜੇ ਜੀਉਂਦੇ ਬਚੇ ਸਨ, ਉਹ ਡਰ ਕੇ ਭੱਜ ਗਏ॥੪੧॥

ਸਨੈ ਸਨੈ ਕਾਇਰ ਜਬਿ ਭਾਗੇ। ਬਿਧੀਆ ਦੇਖਤਿ ਨਹਿਂ ਰਿਪੁ ਆਗੇ।
ਗੁਰੁ ਸੁਧਿ ਹਿਤ ਪਾਛੇ ਕਹੁ ਮੁਰਯੋ। ਸਨੈ ਸਨੈ ਆਵਤਿ ਹੈ ਤੁਰਯੋ॥ ੪੨॥

ਹੌਲੀ-ਹੌਲੀ ਜਦ ਸਾਰੇ ਕਾਇਰ ਭੱਜ ਗਏ ਅਤੇ ਜਦ ਬਿਧੀ ਚੰਦ ਨੇ ਵੇਖਿਆ ਕਿ ਅੱਗੇ ਕੋਈ ਦੁਸ਼ਮਣ ਨਹੀਂ ਹੈ ਤੇ ਗੁਰੂ ਜੀ ਦੀ ਖਬਰ ਲੈਣ ਵਾਸਤੇ ਪਿੱਛੇ ਨੂੰ ਮੁੜਿਆ, ਹੌਲੀ-ਹੌਲੀ ਤੁਰ ਕੇ ਆਇਆ॥੪੨॥

ਇਤ ਸਤਿਗੁਰੁ ਸ਼੍ਰਮ ਕੋ ਕੁਛ ਠਾਨਿ। ਬੈਠਿ ਗਏ ਤਿਸ ਹੀ ਰਣ ਥਾਨ।
ਤੀਨਹੁਂ ਮਰੇ ਨਿਕਟਿ ਹੀ ਪਰੇ। ਤਿਨ ਕੇ ਬੀਚ ਸਤਿਗੁਰੂ ਥਿਰੇ॥ ੪੩॥

ਏਧਰ ਸਤਿਗੁਰੂ ਜੀ ਥਕਾਵਟ ਮਹਿਸੂਸ ਕਰਕੇ ਰਣਖੇਤਰ ਵਿਚ ਹੀ ਉਸ ਥਾਂ ਬੈਠ ਗਏ, ਤਿੰਨੇ ਮਰੇ ਉਨ੍ਹਾਂ ਦੇ ਪਾਸ ਪਏ ਸਨ, ਉਨ੍ਹਾਂ ਦੇ ਵਿਚ ਸਤਿਗੁਰੂ ਜੀ ਬੈਠੇ ਸਨ॥੪੩॥

ਅਵਿਨਿ ਗਗਨ ਮਹਿਂ ਤਮ ਬਿਸਤਾਰਾ। ਨਹੀਂ ਨਿਕਟਿ ਹੀ ਪਰਹਿ ਨਿਹਾਰਾ।
ਚਲਤਿ ਤੁਫੰਗ ਸਕਲ ਹਟਿ ਰਹੀ। ਤੁਰਕ ਤ੍ਰਾਸ ਕਰਿ ਬੋਲਤਿ ਨਹੀਂ॥ ੪੪॥

ਧਰਤੀ ਅਤੇ ਆਕਾਸ਼ ਤੇ ਹਨੇਰਾ ਫੈਲ ਗਿਆ, ਪਾਸ ਪਈ ਚੀਜ਼ ਵੀ ਨਹੀਂ ਦਿੱਸਦੀ ਸੀ। ਬੰਦੂਕਾਂ ਚਲਣੀਆਂ ਬੰਦ ਹੋ ਗਈਆਂ ਸਨ, ਤੁਰਕ ਡਰਦੇ ਮਾਰੇ ਬੋਲਦੇ ਨਹੀਂ ਸਨ॥੪੪॥

ਹਟੇ ਸਕਲ ਨਿਜ ਨਿਜ ਪਸਚਾਤ। ਰੌਰਾ ਮਚਤਿ, ਭਯੋ ਸਭਿ ਸ਼ਾਂਤਿ।
ਜਾਨਜੋ ਪਰੈ ਨਹੀਂ ਕਿਤ ਕੋਇ। ਦੂਰਿ ਦੂਰਿ ਲੋ ਹਟਿ ਥਿਰ ਹੋਇ॥ ੪੫॥

ਸਾਰੇ ਆਪੋ ਆਪਣੇ ਪਿੱਛੇ ਵੱਲ ਹਟ ਗਏ, ਜਿਥੇ ਬੜਾ ਰੌਲਾ ਮਚਦਾ ਸੀ, ਉਥੇ ਸਭ ਸ਼ਾਂਤੀ ਹੋ ਗਈ। ਕਿਤੇ ਵੀ ਕਿਸੇ ਦਾ ਪਤਾ ਨਹੀਂ ਸੀ ਲੱਗਦਾ, ਦੂਰ-ਦੂਰ ਤਕ ਹਟ ਕੇ ਬੈਠ ਗਏ॥੪੫॥

*ਛੇਵੀਂ ਰਾਸ ਦਾ ਤਰਤਾਲੀਵਾਂ ਅਧਿਆਇ ਸਮਾਪਤ ਹੋਇਆ॥੪੩॥*

# *ਅਧਿਆਇ ਚੁਤਾਲੀਵਾਂ*

*ਲੋਥਾਂ ਦੀ ਸੰਭਾਲ*

*ਦੋਹਰਾ-* ਬਿਧੀਚੰਦ ਤੇ ਪਰੇ ਸਿਖ ਫਤੇ ਗੁਰੂ ਕੀ ਜਾਨਿ।
ਤਿਮਰ ਬਿਖੈ ਕਰਿ ਹੇਲ ਕੋ ਮੇਲਿ ਦਿਯੋ ਘਮਸਾਨ॥ ੧॥

ਬਿਧੀ ਚੰਦ ਤੇ ਬਿਧੀ ਚੰਦ ਤੋਂ ਪਰੇ ਖਲੋਤੇ ਸਿੱਖਾਂ ਨੇ ਗੁਰੂ ਜੀ ਦੀ ਫ਼ਤਹਿ ਹੋਈ ਜਾਣਕੇ, ਰਾਤ ਦੇ ਹਨੇਰੇ ਵਿਚ ਹੀ ਹੱਲਾ ਕਰਕੇ ਘਮਸਾਣ ਮਚਾ ਦਿੱਤਾ॥੧॥

*ਚੌਪਈ-* ਇਕ ਦਿਸ਼ਿ ਤੇ ਜਜੋਂ ਬਾਢਨਿ ਲਾਗੇ। ਤਮ ਮਹਿਂ ਤੁਰਕ ਤ੍ਰਾਸ ਕਰਿ ਭਾਗੇ।
ਜਿਨ ਕੇ ਰਣ ਮਹਿਂ ਤੁਰੰਗ ਮਰੇ ਹੈਂ। ਇਤ ਉਤ ਬਿਥਰੇ ਜਾਇ ਦੁਰੇ ਹੈਂ॥੨॥

ਇਕ ਪਾਸੇ ਤੋਂ ਜਿਉਂ ਵੱਢਣ ਲੱਗੇ ਤਾਂ ਹਨੇਰੇ ਵਿਚ ਤੁਰਕ ਡਰ ਕੇ ਭੱਜ ਉਠੇ, ਜਿਨ੍ਹਾਂ ਦੇ ਖੇਤਰ ਵਿਚ ਘੋੜੇ ਮਰੇ ਪਏ ਸਨ, ਉਹ ਏਧਰ ਓਧਰ ਖਿਲਰ ਕੇ ਲੁੱਕ ਗਏ॥੨॥

ਅਰਤਿ ਜਾਤਿ ਕੋ ਭਾਗਤਿ ਜਾਤਿ। ਪੀਛੇ ਸਿੱਖ ਖੜਗ ਕਰਿ ਘਾਤਿ।
ਜਾਤਿ ਪਿਛਾਰੀ ਕਾਟਤਿ ਜਬੈ। ਗੁਰੂ ਦੁਹਾਈ ਬੋਲੇ ਤਬੈ॥ ੩॥

ਕੋਈ ਅੜ ਜਾਂਦਾ ਸੀ, ਕੋਈ ਭੱਜ ਜਾਂਦਾ ਸੀ, ਸਿੱਖ ਪਿੱਛਾ ਕਰਕੇ ਮਾਰ ਦਿੰਦੇ ਸਨ। ਜਦ ਪਿੱਛੇ ਕੱਟਦੇ ਵੱਢਦੇ ਜਾ ਰਹੇ ਸਨ ਤਾਂ ਗੁਰੂ ਜੀ ਫਿਰ ਬਹੁਤ ਉੱਚੀ ਆਵਾਜ਼ ਵਿਚ ਹੱਟਣ ਵਾਸਤੇ ਬੋਲੇ॥੩॥

ਸੁਨਤਿ ਸਿੱਖ ਪੀਛੇ ਹਟਿ ਆਏ। ਨਹਿਂ ਮਾਰਨਿ ਹਿਤ ਹਾਥ ਉਠਾਏ।
ਜਹਿਂ ਸਤਿਗੁਰੁ ਡੇਰੋ ਨਿਜ ਡਾਰਾ। ਤਜੇ ਦਾਸ ਤਹਿਂ ਰਾਖਿ ਸੁਧਾਰਾ॥੪॥

ਇਹ ਸੁਣ ਕੇ ਸਿੱਖ ਹੱਟ ਕੇ ਪਿੱਛੇ ਆ ਗਏ, ਫਿਰ ਤੁਰਕਾਂ ਨੂੰ ਮਾਰਨ ਵਾਸਤੇ ਹੱਥ ਨਾ ਚੁੱਕੇ। ਜਿਥੇ ਸਤਿਗੁਰੂ ਜੀ ਨੇ ਆਪਣਾ ਡੇਰਾ ਕੀਤਾ ਸੀ, ਉਥੇ ਕੁਝ ਸੇਵਕਾਂ ਨੂੰ ਰਾਖੀ ਵਾਸਤੇ ਛਡਿਆ ਸੀ॥੪॥

ਤਿਨਹੁਂ ਬਿਚਾਰ ਕੀਨਿ ਮਨ ਮਾਂਹੀ। 'ਤਿਮਰ ਭਯੋ ਗੁਰੁ ਆਗਮ ਨਾਂਹੀ'।
ਸੰਧਜਾ ਪਰੀ ਜਾਨਿ ਤਿਸ ਕਾਲਾ। ਦ੍ਵੈ ਮਸ਼ਾਲਚੀ ਜਾਰਿ ਮਸਾਲਾਂ॥ ੫॥

ਉਨ੍ਹਾਂ ਸੇਵਕਾਂ ਨੇ ਮਨ ਵਿਚ ਵਿਚਾਰ ਕੀਤੀ, "ਹਨੇਰਾ ਹੋ ਗਿਆ ਹੈ ਗੁਰੂ ਜੀ ਆਏ ਨਹੀਂ ਹਨ।" ਉਸ ਸਮੇਂ ਰਾਤ ਪਈ ਜਾਣ ਕੇ ਦੋ ਮਸ਼ਾਲਚੀ ਮਸ਼ਾਲਾਂ ਬਾਲ ਕੇ ਲੈਕੇ ਆਏ॥੫॥

ਤੂਰਣ ਹੀ ਰਣ ਕੀ ਦਿਸ਼ ਆਏ। ਖੋਜਨਿ ਲਗੇ ਨਹੀਂ ਗੁਰੁ ਪਾਏ।
ਬਿਧੀਚੰਦ ਜੁਗ ਦੇਖਿ ਮਸਾਲ। ਹਯ ਧਵਾਇ ਆਯਸਿ ਤਤਕਾਲ॥ ੬॥

ਤੁਰਤ ਰਣਖੇਤਰ ਵਾਲੇ ਪਾਸੇ ਆਏ, ਲੱਭਣ ਲੱਗੇ, ਪਰ ਗੁਰੂ ਜੀ ਕਿਤੇ ਵੀ ਨਾ ਮਿਲੇ। ਬਿਧੀ ਚੰਦ ਨੇ ਜਦ ਦੋ ਮਸ਼ਾਲਾਂ ਵੇਖੀਆਂ ਤਾਂ ਘੋੜਾ ਭਜਾ ਕੇ ਤੁਰਤ ਉਨ੍ਹਾਂ ਦੇ ਕੋਲ ਆ ਗਿਆ॥੬॥

ਗੁਰੁ ਸੁਧਿ ਬੂਝਤਿ ਆਪਸ ਮਾਂਹੀ। ਸਕਲ ਕਹਤਿ 'ਦੇਖੇ ਹਮ ਨਾਂਹੀ'।
ਚਿੰਤਾ ਅਧਿਕ ਸਭਿਨਿ ਕੇ ਹੋਈ। ਖੋਜਨ ਲਗੇ ਖੇਤ ਸਭਿ ਕੋਈ॥ ੭॥

ਆਪਸ ਵਿਚ ਗੁਰੂ ਜੀ ਬਾਰੇ ਪੁੱਛਣ ਲੱਗੇ, ਸਾਰਿਆਂ ਨੇ ਕਿਹਾ, "ਅਸੀਂ ਨਹੀਂ ਵੇਖੇ ਹਨ।" ਸਾਰਿਆਂ ਨੂੰ ਹੀ ਬਹੁਤ ਚਿੰਤਾ ਹੋਈ, ਸਾਰੇ ਰਣਖੇਤਰ ਵਿਚ ਵੇਖਣ ਲੱਗੇ॥੭॥

ਇਤ ਉਤ ਮਹਿਂ ਬਿਚਰਤਿ ਅਸੁਵਾਰ। 'ਕਹਾਂ ਗੁਰੂ ਜੀ' ਕਰਤਿ ਪੁਕਾਰ।
ਸਭਿ ਕੈ ਮਨ ਸੰਦੇਹ ਵਧੇਰਾ। ਗੁਰੂ ਨਹੀਂ ਹੇਰੇ ਇਸ ਬੇਰਾ॥ ੮॥

ਘੋੜ ਅਸਵਾਰ ਏਧਰ ਓਧਰ ਫਿਰ ਰਹੇ ਸਨ, "ਗੁਰੂ ਜੀ ਕਿਥੇ ਹਨ" ਉੱਚੀ ਉੱਚੀ ਕਹਿ ਰਹੇ ਸਨ, ਸਾਰਿਆਂ ਦੇ ਮਨ ਵਿਚ ਵੱਡਾ ਸੰਦੇਹ ਸੀ, ਇਸ ਸਮੇਂ ਗੁਰੂ ਜੀ ਨਹੀਂ ਵੇਖੇ ਹਨ ॥੮॥

ਖੋਜਤਿ ਪਰੀ ਲੋਥ ਸਮੁਦਾਏ। ਪਸਰਜੋ ਸ਼੍ਰੋਣਤਿ ਪਗ ਫਿਸਲਾਏ।
ਦਾਰੁਣ ਜੰਗ ਭੂਮਕਾ ਭਾਰੀ। ਮਰੇ ਪਰੇ ਭਟ ਹਯਨਿ ਹਜ਼ਾਰੀ॥ ੯॥

ਜਿਥੇ ਬਹੁਤ ਲਾਸ਼ਾਂ ਪਈਆਂ ਸਨ, ਉਥੇ ਖੋਜ ਰਹੇ ਸਨ, ਖੂਨ ਖਿਲਰਿਆ ਸੀ, ਜਿਸ ਕਰਕੇ ਪੈਰ ਤਿਲਕਦੇ ਸਨ, ਉਸ ਅਸਥਾਨ ਵਿਖੇ ਭਿਆਨਕ ਜੰਗ ਹੋਇਆ, ਉਥੇ ਹਜ਼ਾਰਾਂ ਹੀ ਸੂਰਮੇ ਅਤੇ ਘੋੜੇ ਮਰੇ ਪਏ ਸਨ॥੯॥

ਰਲੇ ਮਲੇ ਸਿਖ ਤੁਰਕ ਘਨੇਰੇ। ਇਤ ਉਤ ਬਿਚਰਤਿ ਭੇ ਸਭਿ ਹੇਰੇ।
ਕਰਹਿਂ ਮਸਾਲਨਿ ਕੇਰ ਪ੍ਰਕਾਸ਼। ਇਸ ਬਿਧਿ ਗਏ ਗੁਰੂ ਕੇ ਪਾਸ॥ ੧੦॥

ਬਹੁਤ ਸਿੱਖ ਅਤੇ ਤੁਰਕ ਰਲੇ ਮਿਲੇ ਪਏ ਸਨ, ਏਧਰ ਓਧਰ ਫਿਰ ਕੇ ਸਭ ਨੂੰ ਵੇਖਿਆ। ਮਸ਼ਾਲਾਂ ਨਾਲ ਰੋਸ਼ਨੀ ਕਰ ਰਹੇ ਸਨ, ਇਸ ਵਿਧੀ ਅਨੁਸਾਰ ਉਹ ਗੁਰੂ ਜੀ ਪਾਸ ਪਹੁੰਚ ਗਏ॥੧੦॥

ਅਬੁਦੁਲਖਾਨ ਮਾਰਿ ਢਿਗ ਥਿਰੇ। ਨਿਕਟਿ ਅਪਰ ਮਾਰੇ ਬਹੁ ਪਰੇ।
ਸੰਘਰ ਘਾਇ ਘਨੇ ਲਗਿ ਘੋਰੇ। ਸੋ ਭੀ ਮਰਜੋ ਖੇਤ ਰਣ ਘੋਰੇ॥ ੧੧॥

ਅਬਦੁਲ ਖਾਨ ਨੂੰ ਮਾਰ ਕੇ ਪਾਸ ਬੈਠੇ ਸਨ, ਨੇੜੇ ਹੋਰ ਦੂਸਰੇ ਮਾਰੇ ਪਏ ਸਨ। ਯੁੱਧ ਵਿਚ ਗੁਰੂ ਜੀ ਦੇ ਘੋੜੇ ਨੂੰ ਬਹੁਤ ਜ਼ਖਮ ਲੱਗੇ ਸਨ, ਉਹ ਘੋੜਾ ਵੀ ਭਿਆਨਕ ਯੁੱਧ ਭੂਮੀ ਵਿਚ ਮਰਿਆ ਪਿਆ ਸੀ॥੧੧॥

ਥਿਰ ਇਕਾਕੀ ਬੀਰ ਬਿਸਾਲਾ। ਕਰੇ ਬਿਲੋਕਨਿ ਗੁਰੁ ਜਿਸ ਕਾਲਾ।
ਭਏ ਪ੍ਰਫੁੱਲਜਤ ਪਾਇਨ ਪਰੇ। ਹੇਰਿ ਹੇਰਿ ਸਭਿ ਧੀਰਜ ਧਰੇ॥ ੧੨॥

ਜਿਸ ਸਮੇਂ ਵੱਡੇ ਸੂਰਬੀਰ ਗੁਰੂ ਜੀ ਨੂੰ ਬੈਠੇ ਵੇਖਿਆ ਤਾਂ ਬਿਧੀ ਚੰਦ ਤੇ ਉਸ ਦੇ ਸਾਥੀ ਬਹੁਤ ਪ੍ਰਸੰਨ ਹੋ ਕੇ ਗੁਰੂ ਜੀ ਦੇ ਚਰਨਾਂ ਤੇ ਢਹਿ ਪਏ, ਵੇਖ-ਵੇਖ ਕੇ ਸਾਰਿਆਂ ਨੇ ਧੀਰਜ ਧਾਰਨ ਕੀਤਾ॥੧੨॥

ਬ੍ਰਿਧੀਚੰਦ ਕਰ ਜੋਰਿ ਬਖਾਨਾ। 'ਕਿਮ ਥਿਰ ਰਹੇ, ਪ੍ਰਭੂ ! ਰਣ ਠਾਨਾ?।
ਦਾਸ ਨ ਪਾਸ, ਇਕਾਕੀ ਅਹੋ। ਕਹੋ ਪ੍ਰਭੂ ਅਬਿ ਕਜਾ ਚਿਤ ਚਹੋ?' ॥੧੩॥

ਭਾਈ ਬਿਧੀ ਚੰਦ ਨੇ ਹੱਥ ਜੋੜ ਕੇ ਕਿਹਾ, "ਹੇ ਪ੍ਰਭੂ ਜੀ! ਯੁੱਧ ਕਰਕੇ ਕਿਵੇਂ ਬੈਠ ਰਹੇ ਹੋ, ਕੋਈ ਸੇਵਕ ਵੀ ਪਾਸ ਨਹੀਂ ਹੈ, ਇਕੱਲੇ ਬੈਠੇ ਹੋ, ਹੇ ਪ੍ਰਭੂ ਜੀ ਦੱਸੋ ਹੁਣ ਚਿੱਤ ਵਿਚ ਕੀ ਚਾਹੁੰਦੇ ਹੋ?"॥੧੩॥

ਸੁਨਿ ਸ੍ਰੀ ਹਰਿਗੋਵਿੰਦ ਉਚਾਰਾ। 'ਜੋ ਚਿਤ ਚਹੈਂ ਕਰਨਿ ਹਮ ਕਾਰਾ।
ਸੋ ਭੁਨਸਾਰ ਭਏ ਤੇ ਹੋਇ। ਅਬਿ ਡੇਰੇ ਗਮਨਹੁ ਸਭਿ ਕੋਇ॥ ੧੪॥

ਇਹ ਸੁਣ ਕੇ ਸ੍ਰੀ ਹਰਿਗੋਬਿੰਦ ਜੀ ਨੇ ਬਚਨ ਕੀਤੇ, "ਜਿਹੜਾ ਕੰਮ ਅਸੀਂ ਆਪਣੇ ਚਿੱਤ ਵਿਚ ਕਰਨਾ ਚਾਹੁੰਦੇ ਹਾਂ, ਉਹ ਕੰਮ ਦਿਨ ਚੜ੍ਹਨ ਤੇ ਹੀ ਹੋਵੇਗਾ, ਹੁਣ ਸਾਰੇ ਆਪਣੇ ਡੇਰੇ ਚਲੋ॥੧੪॥

ਕੋ ਸਿਖ ਘਾਇਲ ਹੋ ਰਣ ਬਿਸੈ। ਕਰਹੁ ਸੰਭਾਰਨਿ ਆਨਹੁਂ ਤਿਸੈ'।
ਅਸ ਕਹਿ ਸਤਿਗੁਰ ਨੇ ਹਯ ਲੀਨਿ। ਭਏ ਅਰੂਢਨਿ ਪਯਾਨੋ ਕੀਨਿ॥ ੧੫॥

ਕਈ ਸਿੱਖ ਰਣ ਵਿਚ ਜ਼ਖਮੀ ਹੋਣਗੇ, ਉਨ੍ਹਾਂ ਨੂੰ ਆ ਕੇ ਸੰਭਾਲੋ!" ਇਸ ਤਰ੍ਹਾਂ ਕਹਿ ਕੇ ਸਤਿਗੁਰੂ ਜੀ ਨੇ ਹੋਰ ਘੋੜਾ ਲਿਆ ਤੇ ਉਸ ਉਤੇ ਸਵਾਰ ਹੋ ਕੇ ਚਲ ਪਏ॥੧੫॥

ਨਿਜ ਡੇਰੇ ਕਹੁ ਚਲਿ ਕਰਿ ਆਏ। ਬਿਧੀਏ ਘਾਇਲ ਸਿਖ ਉਠਵਾਏ।
ਸਭਿ ਰਣ ਖੇਤ ਖੋਜਿ ਕਰਿ ਆਛੇ। ਸਨੈ ਸਨੈ ਆਵਤਿ ਭਾ ਪਾਛੇ॥ ੧੬॥

ਆਪਣੇ ਡੇਰੇ ਨੂੰ ਚਲ ਕੇ ਆ ਗਏ, ਬਿਧੀ ਚੰਦ ਨੇ ਸਾਰੇ ਰਣਖੇਤਰ ਵਿਚ ਚੰਗੀ ਤਰ੍ਹਾਂ ਖੋਜ ਭਾਲ ਕਰਕੇ ਜ਼ਖਮੀ ਸਿੱਖਾਂ ਨੂੰ ਉਠਵਾਇਆ, ਹੌਲੀ-ਹੌਲੀ ਉਹ ਪਿੱਛੇ ਆ ਰਹੇ ਸਨ॥੧੬॥

ਆਇ ਸਿਵਰ ਮਹਿਂ ਅਨੰਦ ਵਧਾਏ। ਦੁੰਦਭਿ ਫਤੇ ਕੇਰ ਬਜਵਾਏ।
ਸਭਿ ਕੀ ਕਰੀ ਸੰਭਾਰਨਿ ਡੇਰੇ। ਖਾਨ ਪਾਨ ਕੋ ਦੀਨਿ ਘਨੇਰੇ॥ ੧੭॥

ਤੰਬੂਆਂ ਵਿਚ ਆ ਕੇ ਸਾਰੇ ਬਹੁਤ ਪ੍ਰਸੰਨ ਹੋਏ ਤੇ ਫਤਹਿ ਦੇ ਨਗਾਰੇ ਵਜਾਏ ਗਏ। ਡੇਰੇ ਵਿਚ ਸਭ ਦੀ ਸੰਭਾਲ ਕੀਤੀ ਗਈ, ਸਾਰਿਆਂ ਨੂੰ ਖਾਣ ਪੀਣ ਨੂੰ ਬਹੁਤ ਕੁਝ ਦਿੱਤਾ॥੧੭॥

ਭਏ ਨਚਿੰਤ ਸ਼ੱਤ੍ਰਗਨ ਮਾਰੇ। ਸੁਪਤਿ ਜਥਾ ਸੁਖ ਭੇ ਤਬਿ ਸਾਰੇ।
ਪਾਛਲਿ ਨਿਸਾ ਉਠੇ ਗੁਨ ਖਾਨੀ। ਨਿਤ ਕੀ ਸੌਚ ਸਕਲ ਤਬਿ ਠਾਨੀ॥੧੮॥

ਬਹੁਤ ਵੱਡੀ ਗਿਣਤੀ ਵਿਚ ਵੈਰੀ ਨੂੰ ਮਾਰ ਕੇ ਨਿਸ਼ਚਿੰਤ ਹੋ ਗਏ ਤੇ ਸਾਰੇ ਆਰਾਮ ਨਾਲ ਸੌਂ ਗਏ। ਗੁਰੂ ਜੀ ਪਹਿਰ ਰਾਤ ਰਹਿੰਦਿਆਂ ਉਠ ਪਏ ਤੇ ਨਿਤ ਦੀ ਕ੍ਰਿਆ ਸੌਚ ਇਸ਼ਨਾਨ ਆਦਿ ਕੀਤਾ॥੧੮॥

ਕਰਿ ਮੱਜਨ, ਸੁਖ ਧਯਾਨ ਲਗਾਯੋ। ਪ੍ਰਾਚੀ ਦਿਸ਼ਿ ਪ੍ਰਕਾਸ਼ ਹੁਇ ਆਯੋ।
ਸਭਿਨਿ ਸ਼ਨਾਨ ਕੀਨਿ ਜਿਸ ਕਾਲ। ਭਏ ਅਰੂਢਨਿ ਗੁਰੂ ਕ੍ਰਿਪਾਲ॥ ੧੯॥

ਇਸ਼ਨਾਨ ਕਰਕੇ ਸੁਖ-ਸਰੂਪ ਵਿਚ ਧਿਆਨ ਲਾਇਆ, ਫਿਰ ਪੂਰਬ ਵਾਲੇ ਪਾਸੇ ਪ੍ਰਕਾਸ਼ ਹੋ ਗਿਆ, ਉਸ ਸਮੇਂ ਸਾਰਿਆਂ ਨੇ ਇਸ਼ਨਾਨ ਕੀਤਾ ਫਿਰ ਗੁਰੂ ਜੀ ਘੋੜੇ ਤੇ ਅਸਵਾਰ ਹੋ ਗਏ॥੧੯॥

ਬਿਧੀ ਚੰਦ ਕੋ ਲੇ ਕਰਿ ਸੰਗ। ਦੇਖੀ ਜਾਇ ਭੂਮਿਕਾ ਜੰਗ।
ਤੁਰਕ ਸਹੱਸ੍ਰ ਚਤੁਰਦਸ ਮਰੇ। ਕੇਤਿਕ ਸਿੱਖ ਬੀਚ ਤਿਨ ਪਰੇ॥ ੨੦॥

ਬਿਧੀ ਚੰਦ ਨੂੰ ਨਾਲ ਲੈ ਕੇ ਰਣਭੂਮੀ ਨੂੰ ਜਾ ਕੇ ਵੇਖਿਆ। ਚੌਦ੍ਹਾਂ ਹਜ਼ਾਰ ਤੁਰਕ ਮਰੇ ਪਏ ਸਨ, ਕਈ ਸਿੱਖ ਉਨ੍ਹਾਂ ਵਿਚ ਪਏ ਸਨ॥੨੦॥

ਕਹਿ ਸਤਿਗੁਰੁ ਨੇ ਗਰਤ ਖਨਾਵਾ। ਅਬਦੁਲ ਖਾਨ ਉਠਾਇ ਪੁਵਾਵਾ।
ਪੁਨ ਤਿਸ ਕੇ ਸੁਤ ਖੋਜਿ ਉਠਾਏ। ਤਿਸੀ ਗਰਤ ਮਹਿਂ ਆਨਿ ਸੁ ਪਾਏ॥੨੧॥

ਫਿਰ ਗੁਰੂ ਜੀ ਨੇ ਕਹਿ ਕੇ ਇਕ ਖੱਡਾ ਪੁਟਵਾਇਆ, ਉਸ ਵਿਚ ਸੂਬਾ ਅਬਦੁਲ ਖਾਂ ਨੂੰ ਚੁੱਕ ਕੇ ਪਾਇਆ, ਫਿਰ ਉਸ ਦੇ ਪੁੱਤਰ ਲੱਭ ਕੇ ਚੁੱਕ ਕੇ ਲਿਆਂਦੇ, ਉਨ੍ਹਾਂ ਨੂੰ ਵੀ ਉਸੇ ਖੱਡੇ ਦੇ ਵਿਚ ਪਾ ਦਿੱਤਾ॥੨੧॥

ਪੁਨ ਪੰਚਹੁਂ ਸਰਦਾਰ ਅਨਾਏ। ਪਾਇ ਗਰਤ ਮਹਿਂ ਸਭਿ ਦਫਨਾਏ।
ਊਪਰ ਰਚਜੇ ਦਮਦਮਾ ਤੁੰਗ। ਤਿਸ ਪਰ ਬੈਠੇ ਗੁਰੂ ਅਰਿ ਭੰਗ॥ ੨੨॥

ਫਿਰ ਪੰਜੇ ਸਰਦਾਰ ਲਿਆਂਦੇ, ਉਨ੍ਹਾਂ ਨੂੰ ਵੀ ਖੱਡੇ ਵਿਚ ਪਾ ਕੇ ਦਫਨਾ ਦਿੱਤਾ। ਉਨ੍ਹਾਂ ਦੇ ਉਪਰ ਉੱਚਾ ਥੜ੍ਹਾ ਬਣਾ ਦਿੱਤਾ। ਉਸ ਥੜ੍ਹੇ ਉੱਤੇ ਵੈਰੀ ਦਾ ਨਾਸ ਕਰਨ ਵਾਲੇ ਗੁਰੂ ਜੀ ਬੈਠ ਗਏ॥੨੨॥

ਬਿਧੀ ਚੰਦ ਸੋਂ ਕਹਿ ਮੁਸਕਾਵਤਿ। 'ਜਿਸ ਬਿੱਦਜਾ ਕੌ ਸਦਾ ਕਮਾਵਤਿ।
ਸੋ ਅਬਿ ਆਈ ਕਾਮ ਹਮਾਰੇ। ਅਰੇ ਰਿਪੁਨਿ ਗਨ ਕੌ ਰਣ ਮਾਰੇ॥ ੨੩॥

ਗੁਰੂ ਜੀ ਨੇ ਮੁਸਕਰਾ ਕੇ ਬਿਧੀ ਚੰਦ ਨੂੰ ਕਿਹਾ, "ਜਿਸ ਵਿਦਿਆ ਦਾ ਸਦਾ ਅਭਿਆਸ ਕਰਦੇ ਸੀ, ਉਹ ਵਿਦਿਆ ਹੁਣ ਸਾਡੇ ਕੰਮ ਆਈ ਹੈ, ਜਿਹੜੇ ਵੀ ਵੈਰੀ ਅੜੇ ਹਨ, ਉਨ੍ਹਾਂ ਨੂੰ ਰਣਖੇਤਰ ਵਿਚ ਮਾਰ ਦਿੱਤਾ ਹੈ॥੨੩॥

ਅਬਦੁਲ ਖਾਨ ਅਰਜੋ ਬਹੁ ਲਰਜੋ। ਖੜਗ ਜੰਗ ਕੌ ਕਰਿ ਕਰਿ ਮਰਜੋ।
ਘਨੇ ਘਾਇ ਘਾਲੇ ਅਰੁ ਖਾਏ। ਦੋਨਹੁਂ ਖੱਤ੍ਰੀ ਮਾਰਿ ਗਿਰਾਏ॥ ੨੪॥

ਅਬਦੁਲ ਖਾਨ ਅੜ ਕੇ ਬਹੁਤ ਲੜਿਆ ਹੈ, ਤਲਵਾਰ ਦੀ ਲੜਾਈ ਕਰ-ਕਰ ਮਰਿਆ ਹੈ। ਘਾਲਣਾ ਕਰਕੇ ਵੱਡੀ ਗਿਣਤੀ ਵਿਚ ਵੈਰੀ ਕਤਲ ਕੀਤੇ ਅਤੇ ਖਪਾਏ। ਦੋਵੇਂ ਖੱਤਰੀ ਵੀ ਮਾਰ ਮੁਕਾਏ॥੨੪॥

ਪਿਤ ਪਲਟਾ ਚਾਹਤਿ ਨਿਤ ਰਹੇ। ਅਬਿ ਸਭਿ ਹੀ ਪੂਰੇ ਕਰਿ ਦਹੇ।
ਸੰਘਰ ਘੋਰ ਘਨੋ ਘਮਸਾਨ। ਤੁਰਕ ਹਜ਼ਾਰਨਿ ਕੋ ਅਵਸਾਨ॥ ੨੫॥

ਉਹ ਸਦਾ ਆਪਣੇ ਪਿਤਾ ਦਾ ਬਦਲਾ ਲੈਣਾ ਚਾਹੁੰਦੇ ਰਹੇ, ਹੁਣ ਸਾਰੇ ਬਦਲੇ ਪੂਰੇ ਕਰਕੇ ਮਾਰ ਦਿੱਤੇ ਹਨ, ਵੱਡਾ ਭਿਆਨਕ ਘਮਸਾਣ ਹੋਇਆ, ਹਜ਼ਾਰਾਂ ਤੁਰਕਾਂ ਦਾ ਅੰਤ ਹੋਇਆ'॥੨੫॥

ਸੁਨਿ ਸਾਦਰ ਬਿਧੀਏ ਤਬਿ ਕਹਜੋ। 'ਜਿਨਹੁਂ ਪ੍ਰਤਾਪ ਨ ਰਾਵਰਿ ਲਹਜੋ।
ਸੋ ਮਤਿਮੰਦ ਹਾਨ ਹੀ ਪਾਵੈਂ। ਤੁਮ ਤੇ ਕਵਨਿ ਜੀਵਤੇ ਜਾਵੈ॥ ੨੬॥

ਇਹ ਸੁਣ ਕੇ ਬਿਧੀ ਚੰਦ ਨੇ ਬੜੇ ਅਦਬ ਨਾਲ ਕਿਹਾ, "ਜਿਨ੍ਹਾਂ ਨੇ ਆਪ ਜੀ ਦਾ ਪ੍ਰਤਾਪ ਨਹੀਂ ਜਾਣਿਆ ਹੈ, ਉਹ ਮਾੜੀ ਬੁੱਧੀ ਵਾਲੇ ਮੌਤ ਹੀ ਪਾਉਣਗੇ, ਤੁਹਾਨੂੰ ਕਿਸ ਤਰ੍ਹਾਂ ਜਿੱਤਿਆ ਜਾਵੇ॥੨੬॥

ਤੀਨ ਲੋਕ ਮੈਂ ਬਲੀ ਨ ਕੋਈ। ਅਰਹਿ ਆਪ ਕੇ ਸਨਮੁਖ ਹੋਈ।
ਤੁਰਕ ਬਾਪੁਰੇ ਕਹਾਂ ਅਗਾਰੀ। ਸਮਤਾ ਚਹਤਿ ਮਰੇ ਰਣ ਹਾਰੀ'॥ ੨੭॥

ਤੁਹਾਡੇ ਵਰਗਾ ਤਿੰਨਾਂ ਲੋਕਾਂ ਵਿਚ ਕੋਈ ਬਲੀ ਨਹੀਂ ਹੈ, ਕੌਣ ਹੈ ਜਿਹੜਾ ਤੁਹਾਡੇ ਸਾਹਮਣੇ ਹੋ ਕੇ ਅੜ ਜਾਵੇ। ਤੁਰਕ ਵਿਚਾਰੇ ਤੁਹਾਡੇ ਅੱਗੇ ਕੀ ਹਨ, ਬਰਾਬਰੀ ਚਾਹੁੰਦੇ ਹਨ ਤੇ ਰਣਖੇਤਰ ਵਿਚ ਹਾਰ ਕੇ ਮਰ ਜਾਂਦੇ ਹਨ'॥੨੭॥

ਪੁਨ ਸਤਿਗੁਰੁ ਨੇ ਹੁਕਮ ਬਖਾਨਾ। 'ਨਰ ਇਕਠੇ ਕੀਜਹਿ ਇਸ ਥਾਨਾ।
ਜੇਤਿਕ ਅਹੈਂ ਗ੍ਰਾਮ ਕੇ ਆਨਹੁ। ਸਕਲ ਮਿਹਨਤੀ ਸਾਥ ਬਖਾਨਹੁ॥ ੨੮॥

ਫਿਰ ਸਤਿਗੁਰੂ ਜੀ ਨੇ ਹੁਕਮ ਕੀਤਾ, "ਮਨੁੱਖਾਂ ਨੂੰ ਇਸ ਥਾਂ ਇਕੱਠੇ ਕਰੋ, ਪਿੰਡ ਵਿਚ ਜਿੰਨੇ ਵੀ ਮਨੁੱਖ ਹਨ, ਸਭ ਨੂੰ ਲਿਆਵੋ ਤੇ ਸਾਰੇ ਮਜ਼ਦੂਰਾਂ ਨੂੰ ਕਹੋ॥੨੮॥

ਸੈਨਾ ਕੇ ਨਰ ਇਕਠੇ ਹੋਇ। ਕਰਹੁ ਕਾਰ ਮਿਲਿ ਕੈ ਸਭਿ ਕੋਇ।
ਪਰੇ ਮ੍ਰਿਤਕ ਜੇਤਿਕ ਦਰਸਾਹੀਂ। ਡਾਰਹੁ ਸਕਲ ਬਿਪਾਸਾ ਮਾਂਹੀ॥ ੨੯॥

ਸੈਨਾ ਦੇ ਨਰ ਇਕੱਠੇ ਹੋਏ ਹਨ, ਸਾਰੇ ਮਿਲ ਕੇ ਇਹ ਕਾਰ ਕਰੋ ਜਿੰਨੇ ਵੀ ਮੁਰਦਾ ਨਰ ਦਿਖਾਈ ਦਿੰਦੇ ਹਨ, ਉਨ੍ਹਾਂ ਸਾਰਿਆਂ ਨੂੰ ਬਿਆਸਾ ਨਦੀ ਵਿਚ ਸੁਟ ਦੇਵੋ॥੨੯॥

ਪ੍ਰਥਮ ਆਪਨੇ ਸਿੱਖ ਉਠਾਵਹੁ। ਹਮਹਿ ਨਾਮ ਤਿਨ ਕੇਰ ਸੁਨਾਵਹੁ।
ਬੀਚ ਬਿਪਾਸਾ ਦੇਹੁ ਪ੍ਰਵਾਹਾ। ਹਮ ਬੈਠਹਿਂ ਚਲਿ ਕਰਿ ਤਟ ਪਾਹਾ॥ ੩੦॥

ਪਹਿਲਾਂ ਆਪਣੇ ਸਿੱਖਾਂ ਨੂੰ ਉਠਾਵੋ, ਸਾਨੂੰ ਉਨ੍ਹਾਂ ਦੇ ਨਾਂ ਸੁਣਾਵੋ, ਫਿਰ ਬਿਆਸ ਦੇ ਪ੍ਰਵਾਹ ਵਿਚ ਪਾ ਦੇਵੋ, ਅਸੀਂ ਚਲ ਕੇ ਬਿਆਸ ਦਰਿਆ ਦੇ ਕੰਢੇ ਤੇ ਬੈਠਦੇ ਹਾਂ'॥੩੦॥

ਇਮ ਕਹਿ ਸ੍ਰੀ ਹਰਿਗੋਵਿੰਦ ਚੰਦ। ਉਠਿ ਕਰਿ ਚਲੇ ਸੰਗ ਸਿਖ ਬ੍ਰਿੰਦ।
ਦੇ ਕਰਿ ਹੁਕਮ ਆਇ ਤਿਸ ਕਾਲਾ। ਥਿਰੇ ਬਿਪਾਸਾ ਪਾਸ ਕ੍ਰਿਪਾਲਾ॥ ੩੧॥

ਇਸ ਤਰ੍ਹਾਂ ਕਹਿ ਕੇ ਸ੍ਰੀ ਹਰਿਗੋਬਿੰਦ ਜੀ, ਉਠ ਕੇ ਸਿੱਖ ਸਮੂਹ ਨੂੰ ਨਾਲ ਲੈ ਕੇ ਚਲ ਪਏ। ਉਨ੍ਹਾਂ ਨੂੰ ਹੁਕਮ ਦੇ ਕੇ ਆਏ ਸਨ ਫਿਰ ਗੁਰੂ ਜੀ ਬਿਆਸਾ ਨਦੀ ਦੇ ਪਾਸ ਜਾ ਕੇ ਬੈਠ ਗਏ॥੩੧॥

ਬਿਜਨਾ ਚਮਰ ਹੋਇ ਫਿਰ ਫੇਰੇ। ਬੈਠੇ ਪੂਰ ਬਿਪਾਸਾ ਹੇਰੇ।
ਬੀਨ ਬੀਨ ਸਿੱਖਨਿ ਕੇ ਦੇਹਿ। ਆਨਹਿਂ, ਨਾਮ ਸੁਨਾਇ ਸੁ ਦੇਹਿਂ॥ ੩੨॥

ਗੁਰੂ ਜੀ ਨੂੰ ਪੱਖਾ ਝਲਿਆ ਜਾ ਰਿਹਾ ਸੀ ਤੇ ਚੌਰ ਫੇਰਿਆ ਜਾ ਰਿਹਾ ਸੀ, ਗੁਰੂ ਜੀ ਬੈਠੇ ਬਿਆਸਾ ਦਾ ਜਲ ਪ੍ਰਵਾਹ ਵੇਖ ਰਹੇ ਸਨ। ਚੁਣ-ਚੁਣ ਸਿੱਖਾਂ ਨੂੰ ਵਰ ਦਿੰਦੇ ਸਨ, ਲਿਆ ਕੇ ਜਿਸ ਦਾ ਨਾਂ ਸੁਣਾਉਂਦੇ ਸਨ॥੩੨॥

ਪੁਨ ਸਰਿਤਾ ਮਹਿਂ ਕਰਹਿਂ ਪ੍ਰਵਾਹੂ। ਬਹੇ ਅਧਿਕ ਹੀ ਜਲ ਕੇ ਮਾਂਹੂ।
ਸਿੱਖਨਿ ਕੋ ਪ੍ਰਵਾਹ ਕਰਿ ਸਾਰੇ। ਬੈਠੇ ਸ੍ਰੀ ਗੁਰੁ ਪਿਖਹਿਂ ਕਿਨਾਰੇ॥ ੩੩॥

ਫਿਰ ਉਸ ਨੂੰ ਨਦੀ ਦੇ ਵਿਚ ਪ੍ਰਵਾਹ ਕਰ ਦਿੰਦੇ ਸਨ ਤੇ ਉਹ ਜਲ ਦੇ ਵਿਚ ਬਹਿ ਜਾਂਦੇ ਸਨ। ਸਾਰੇ ਸਿੱਖਾਂ ਦਾ ਪ੍ਰਵਾਹ ਕਰਕੇ ਗੁਰੂ ਜੀ ਦਰਿਆ ਦੇ ਕਿਨਾਰੇ ਬੈਠ ਕੇ ਵੇਖਦੇ ਸਨ॥੩੩॥

ਸਹਿਕਾਮੀ ਨਿਸ਼ਕਾਮੀ ਜਾਨੇ। ਭੋਗ ਮੋਖ ਬਖਸ਼ੀ ਤਿਸ ਥਾਨੇ।
ਸਹਿਕਾਮੀ ਕੋ ਪ੍ਰਿਥਵੀ ਰਾਜ। ਬਖ਼ਸ਼ਜੋ ਸੰਗ ਹੀ ਸਕਲ ਸਮਾਜ॥ ੩੪॥

ਗੁਰੂ ਜੀ ਸਹਿਕਾਮੀ ਅਤੇ ਨਿਸ਼ਕਾਮੀ ਦੀ ਪਹਿਚਾਣ ਕਰਦੇ ਸਨ ਤੇ ਉਸ ਸਥਾਨ ਤੇ ਭੋਗ ਤੇ ਮੁਕਤੀ ਬਖਸ਼ ਰਹੇ ਸਨ। ਸਹਿਕਾਮੀ ਨੂੰ ਪ੍ਰਿਥਵੀ ਦਾ ਰਾਜ ਬਖਸ਼ਦੇ ਸਨ ਤੇ ਨਾਲ ਹੀ ਸਾਰਾ ਸਾਜ਼ੋ-ਸਾਮਾਨ ਵੀ ਬਖਸ਼ ਦਿੰਦੇ ਸਨ॥੩੪॥

ਨਿਸ਼ਕਾਮੀ ਕੇ ਬੰਧ ਨਿਵਾਰੇ। ਦਈ ਮੁਕਤਿ ਜਾਨੇ ਅਤਿ ਪਯਾਰੇ।
ਸਕਲ ਸਿਖ ਜਬਿ ਦਿਏ ਬਹਾਏ। ਪੁਨ ਤੁਰਕਨਿ ਕੀ ਲੋਥਨਿ ਲਜਾਏ॥ ੩੫॥

ਨਿਸ਼ਕਾਮੀ ਦੇ ਬੰਧਨ ਕੱਟ ਦਿੰਦੇ ਸਨ, ਮੁਕਤੀ ਬਖਸ਼ਦੇ ਸੀ ਤੇ ਉਸ ਨੂੰ ਆਪਣਾ ਅਤਿ ਪਿਆਰਾ ਜਾਣਦੇ ਸੀ। ਜਦ ਸਾਰੇ ਸਿੱਖ ਬਹਾ ਦਿੱਤੇ ਤਾਂ ਫਿਰ ਤੁਰਕਾਂ ਦੀਆਂ ਲਾਸ਼ਾਂ ਲਿਆਏ॥੩੫॥

ਹੁਤੇ ਸਹੰਸ੍ਰ ਪੰਚ ਦਸ ਜੇਈ। ਬਚੇ ਹਜ਼ਾਰ ਪਲਾਇ ਸੁ ਤੇਈ।
ਅਪਰ ਮਰੇ ਸਭਿ ਲੇਲੇ ਆਵੈਂ। ਬਹੁਰ ਟਾਂਗ ਕੋ ਗਹੈਂ ਬਗਾਵੈਂ॥ ੩੬॥

ਜਿਹੜਾ ਪੰਦਰਾਂ ਹਜ਼ਾਰ ਤੁਰਕ ਚੜ੍ਹਾਈ ਕਰਕੇ ਆਏ ਸਨ, ਉਨ੍ਹਾਂ ਵਿਚੋਂ ਹਜ਼ਾਰ ਦੇ ਕਰੀਬ ਬਚੇ ਸਨ, ਜਿਹੜੇ ਭੱਜ ਗਏ ਸਨ। ਹੋਰ ਸਾਰੇ ਜਿਹੜੇ ਮਰੇ ਸਨ, ਉਨ੍ਹਾਂ ਨੂੰ ਲੈ-ਲੈ ਕੇ ਆ ਰਹੇ ਸਨ ਤੇ ਫਿਰ ਲੱਤ ਤੋਂ ਫੜ ਕੇ ਦਰਿਆ ਵਿਚ ਵਗਾਹ ਮਾਰਦੇ ਸਨ॥੩੬॥

ਜਲ ਕੇ ਜੰਤੁ ਹਜ਼ਾਰਹੁਂ ਆਏ। ਆਮਿਖ ਕਾਟਿ ਕਾਟਿ ਸ਼ਵ ਖਾਏ।
ਬ੍ਰਿੰਦ ਮਨੁਜ ਲਾਗੇ ਤਹਿਂ ਲਜਾਵਨਿ। ਤੂਰਨਿ ਕਰਹਿਂ ਨਦੀ ਮਹਿਂ ਪਾਵਨਿ॥੩੭॥

ਜਲ ਦੇ ਹਜ਼ਾਰਾਂ ਜਲ ਜੀਵ ਆਏ, ਉਹ ਮਾਸ ਕੱਟ ਕੱਟ ਕੇ ਲੋਥਾਂ ਨੂੰ ਖਾਂਦੇ ਸਨ। ਬਹੁਤ ਮਨੁੱਖ ਉਨ੍ਹਾਂ ਨੂੰ ਲਿਆਉਣ ਲੱਗੇ, ਨਦੀ ਵਿਚ ਪਾਉਣ ਵਿਚ ਉਹ ਬਹੁਤ ਛੇਤੀ ਕਰਦੇ ਸਨ॥੩੭॥

ਸਕਲ ਖੇਤ ਰਣ ਕੇ ਜੇ ਮਰੇ। ਨਰ ਗਨ ਆਨਿ ਆਨਿ ਬਲ ਕਰੇ।
ਕੋਊ ਸਜਾਲ ਕੇ ਹੈਂ ਅਧਿ ਖਾਏ। ਅੰਗ ਭੰਗ ਕਰਵਾਰਨਿ ਘਾਏ॥ ੩੮॥

ਸਾਰੇ ਹੀ ਜਿਹੜੇ ਰਣਖੇਤਰ ਵਿਚ ਮਰੇ ਸਨ। ਮਨੁੱਖਾਂ ਦੇ ਸਮੂਹ ਉਨ੍ਹਾਂ ਨੂੰ ਬੜਾ ਬਲ ਧਾਰ ਕੇ ਲਿਆ-ਲਿਆ ਕੇ ਦਰਿਆ ਵਿਚ ਸੁਟਦੇ ਸਨ। ਕਿਸੇ ਲਾਸ਼ ਨੂੰ ਗਿੱਦੜਾਂ ਨੇ ਹੀ ਅੱਧਾ ਖਾ ਲਿਆ ਸੀ, ਕਈ ਪੁਰਜ਼ੇ ਪੁਰਜ਼ੇ ਕਰਕੇ ਕੱਟ ਕੇ ਮਾਰੇ ਸਨ॥੩੮॥

ਧਰਿ ਧਰਿ ਸਭਿ ਕੋ ਬੀਚ ਬਗਾਵੈਂ। ਉਛਰਹਿ ਨੀਰ ਲੀਨਿ ਹੁਇ ਜਾਵੈਂ।
ਸਭਿ ਉਚਵਾਇ ਨਦੀ ਗਿਰਵਾਏ। ਸਕਲ ਸਥਾਨ ਭਲੋ ਕਰਿਵਾਏ॥ ੩੯॥

ਸਾਰਿਆਂ ਨੂੰ ਧਰ ਧਰ ਕੇ ਨਦੀ ਵਿਚ ਵਗਾਹ ਮਾਰਦੇ ਸਨ, ਪਾਣੀ ਉਛਾਲ ਕੇ ਦਰਿਆ ਵਿਚ ਲੀਨ ਹੋ ਜਾਂਦੇ ਸੀ। ਸਾਰਿਆਂ ਨੂੰ ਉਠਾ ਕੇ ਨਦੀ ਵਿਚ ਸੁੱਟ ਦਿੱਤਾ ਤੇ ਸਾਰੇ ਸਥਾਨ ਨੂੰ ਚੰਗਾ ਬਣਾ ਲਿਆ॥੩੯॥

*ਨੋਟ : ਜੇ ਮੁਰਦਿਆਂ ਨੂੰ ਪਏ ਰਹਿਣ ਦਿੰਦੇ ਤਾਂ ਬਿਮਾਰੀ ਪੈਣ ਦਾ ਡਰ ਸੀ, ਇਸ ਲਈ ਸਭ ਮੁਰਦਿਆਂ ਨੂੰ ਜਲ ਪ੍ਰਵਾਹ ਕਰਕੇ ਉਹ ਸਥਾਨ ਸੁਰੱਖਿਅਤ ਬਣਾ ਲਿਆ।*

ਉਠੇ ਗੁਰੂ ਪੁਨ ਗਮਨੇ ਡੇਰੇ। ਸੰਗ ਸਿੱਖ ਪਰਮੁਦਿਤਿ ਘਨੇਰੇ।
ਰਣ ਕੀ ਬਾਤ ਅਨੇਕ ਕਰੰਤੇ। ਕਹਤਿ ਸੁਨਾਵੈਂ ਗੁਰੁ ਭਗਵੰਤੇ॥ ੪੦॥

ਫਿਰ ਗੁਰੂ ਜੀ ਉਠ ਕੇ ਆਪਣੇ ਡੇਰੇ ਚਲੇ ਗਏ, ਉਨ੍ਹਾਂ ਦੇ ਨਾਲ ਜਿਹੜੇ ਸਿੱਖ ਸਨ, ਉਹ ਬਹੁਤ ਅਨੰਦ ਪ੍ਰਸੰਨ ਸਨ। ਰਣਖੇਤਰ ਦੀਆਂ ਅਨੇਕਾਂ ਗੱਲਾਂ ਕਰਦੇ ਸਨ ਤੇ ਕਹਿ ਕੇ ਗੁਰੂ ਜੀ ਨੂੰ ਸੁਣਾਉਂਦੇ ਸਨ॥੪੦॥

'ਬਡੀ ਮਾਰ ਤੁਰਕਨਿ ਕੋ ਹੋਈ। ਬਿਦਤਹਿ ਜਗਤ ਲਖਹਿਂ ਸਭਿ ਕੋਈ।
ਸ਼ਾਹੁ ਜਹਾਂ ਭੀ ਜਾਨਹਿਂ ਨੀਕੇ। ਲਗੇ ਹਾਥ ਗੁਰੁ ਸਿੱਖਨਿ ਹੀਕੇ' ॥ ੪੧॥

'ਤੁਰਕਾਂ ਨੂੰ ਵੱਡੀ ਮਾਰ ਪਈ ਹੈ, ਜਗਤ ਵਿਚ ਪ੍ਰਗਟ ਹੋਵੇਗੀ ਤਾਂ ਸਾਰੇ ਜਾਣਨਗੇ। ਸ਼ਾਹ ਜਹਾਨ ਵੀ ਚੰਗੀ ਤਰ੍ਹਾਂ ਜਾਣੇਗਾ, ਗੁਰੂ ਜੀ ਦੇ ਸਿੱਖਾਂ ਦੇ ਹੀ ਹੱਥ ਲੱਗੇ ਹਨ' ॥੪੧॥

ਆਨਿ ਆਪਨੇ ਸਿਵਰ ਬਿਰਾਜੇ। ਜਿਨ ਕੇ ਨਾਮ ਜਪੇ ਜਮ ਭਾਜੇ।
ਦੇਸ਼ ਦੁਆਬੇ ਮਾਝੇ ਸਾਰੇ। ਸਤਿਗੁਰ ਕੋ ਜਸ ਕਰਤਿ ਉਚਾਰੇ॥ ੪੨॥

ਫਿਰ ਗੁਰੂ ਜੀ ਆ ਕੇ ਆਪਣੇ ਤੰਬੂਆਂ ਵਿਚ ਬਿਰਾਜ ਗਏ, ਜਿਨ੍ਹਾਂ ਦਾ ਨਾਂ ਲੈਣ ਨਾਲ ਹੀ ਜਮ ਭੱਜ ਜਾਂਦੇ ਹਨ। ਦੁਆਬੇ ਅਤੇ ਮਾਝੇ ਦੇ ਸਾਰੇ ਦੇਸ਼ ਸਤਿਗੁਰੂ ਜੀ ਦਾ ਜੱਸ ਉਚਾਰਣ ਕਰਦੇ ਸਨ॥੪੨॥

ਜਹਿਂ ਕਹਿਂ ਫੈਲਯੋ ਜੁੱਧ ਬ੍ਰਿਤਾਂਤ। 'ਭਯੋ ਮਹਿਦ ਤੁਰਕਨਿ ਕੋ ਘਾਤ।
ਆਯੁਧ ਧਰਿਬੇ ਗੁਰੁ ਸਫਲਾਏ। ਅਨ ਗਨ ਦੋਖੀ ਦੁਸ਼ਟ ਖਪਾਏ॥ ੪੩॥

ਜਿਥੇ ਕਿਥੇ ਯੁੱਧ ਦਾ ਬ੍ਰਿਤਾਂਤ ਫੈਲ ਗਿਆ, "ਤੁਰਕਾਂ ਦਾ ਵੱਡਾ ਘਾਣ ਹੋਇਆ ਹੈ। ਸ਼ਸਤਰ ਧਾਰਨ ਕਰਕੇ ਗੁਰੂ ਜੀ ਨੇ ਜਿੱਤ ਪ੍ਰਾਪਤ ਕੀਤੀ ਹੈ। ਅਣਗਿਣਤ ਦੁਸ਼ਟ ਦੋਖੀ ਮਾਰ ਦਿੱਤੇ ਹਨ॥੪੩॥

ਪ੍ਰਥਮ ਹੁਤੀ ਗੁਰੁ ਘਰ ਮਹਿਂ ਪੀਰੀ। ਲਖੀ ਪਰਤਿ, ਲੈ ਹੈਂ ਅਬਿ ਮੀਰੀ।
ਪਤਿਸ਼ਾਹਿਤ ਕੋ ਗਰਦ ਮਿਲਾਵੈਂ। ਨਿਜ ਸਿੱਖਨਿ ਤੇ ਰਾਜ ਕਰਾਵੈਂ॥ ੪੪॥

ਪਹਿਲਾਂ ਗੁਰੂ ਘਰ ਵਿਚ ਕੇਵਲ ਪੀਰੀ ਹੁੰਦੀ ਸੀ, ਹੁਣ ਦਿਖਾਈ ਪੈਂਦੀ ਹੈ ਕਿ ਹੁਣ ਮੀਰੀ (ਬਾਦਸ਼ਾਹੀ) ਵੀ ਲੈ ਲੈਣਗੇ। ਬਾਦਸ਼ਾਹਾਂ ਨੂੰ ਮਿਟੀ ਵਿਚ ਮਿਲਾ ਦੇਣਗੇ ਤੇ ਆਪਣੇ ਸਿੱਖਾਂ ਪਾਸੋਂ ਰਾਜ ਕਰਵਾਉਣਗੇ॥੪੪॥

ਇਮ ਜੇ ਕਰਿ ਨਿਤ ਰਖਹਿਂ ਲਰਾਈ। ਸਭਿ ਤੁਰਕਾਨੇ ਦੇਹਿਂ ਖਪਾਈ।
ਸੱਜਨ ਸੁਨਿ ਸੁਨਿ ਅਨੰਦ ਧਰੰਤੇ। ਦੁਰਜਨ ਜਰਹਿਂ, ਨ ਰਿਦੇ ਜਰੰਤੇ॥ ੪੫॥

ਜੇ ਇਸ ਤਰ੍ਹਾਂ ਨਿਤ ਲੜਾਈ ਰੱਖਣਗੇ ਤਾਂ ਸਾਰੇ ਤੁਰਕਾਂ ਨੂੰ ਮਲੀਆਮੇਟ ਕਰ ਦੇਣਗੇ।" ਸੱਜਣ ਲੋਕ ਸੁਣ-ਸੁਣ ਕੇ ਅਨੰਦ ਧਾਰਨ ਕਰਦੇ ਸਨ। ਦੁਰਜਨ ਸੜਦੇ ਸੀ ਤੇ ਹਿਰਦੇ ਵਿਚ ਸਹਾਰ ਨਹੀਂ ਸੀ ਸਕਦੇ॥੪੫॥

ਪੂਰਬ, ਦੱਛਨ, ਪੱਛਮ, ਉੱਤਰ। ਫੈਲਜੋ ਜਹਿਂ ਕਹਿਂ ਸੁਜਸ ਪਵਿੱਤਰ।
'ਧੰਨ ਧੰਨ ਸ੍ਰੀ ਸਤਿਗੁਰੁ ਪੂਰਨ। ਜੋਧਾ, ਮਹਦ ਬਲੀ, ਅਰਿ ਚੂਰਨ'॥ ੪੬॥

ਪੂਰਬ, ਦੱਖਣ, ਪੱਛਮ ਅਤੇ ਉਤਰ ਵਿਚ ਗੁਰੂ ਜੀ ਦਾ ਪਵਿੱਤਰ ਸ੍ਰੇਸ਼ਟ ਜੱਸ ਫੈਲ ਗਿਆ। ਕਹਿੰਦੇ ਸਨ, "ਪੂਰਨ ਸਤਿਗੁਰੂ ਜੀ ਧੰਨ ਹਨ, ਵੱਡੇ ਬਲਵਾਨ ਯੋਧੇ ਹਨ ਤੇ ਵੈਰੀਆਂ ਦਾ ਚੂਰਨ ਬਣਾ ਦਿੰਦੇ ਹਨ"॥੪੬॥

*ਛੇਵੀਂ ਰਾਸ ਦਾ ਚੁਤਾਲੀਵਾ ਅਧਿਆਇ ਸਮਾਪਤ ਹੋਇਆ॥੪੪॥*

## ਅਧਿਆਇ ਪੰਜਤਾਲੀਵਾਂ

*ਭਾਈ ਸੁਭਾਗਾ ਪੰਜ ਘੋੜੇ ਭੇਟ ਲਿਆਇਆ*

ਦੋਹਰਾ- ਸੁਨਹੁ ਸਿੰਘ ਸਿਖ ਗਨ ਸਕਲ ਸਤਿਗੁਰ ਕਥਾ ਰਸਾਲ।
ਭਯੋ ਯੁੱਧ ਇਸ ਭਾਂਤਿ ਇਹ ਬਰਨਜੋ ਸੁਜਸ ਕ੍ਰਿਪਾਲ॥ ੧॥

ਹੇ ਸਮੂਹ ਸਿੰਘੋ ਅਤੇ ਸਾਰੇ ਸਿੱਖੋ! ਸਤਿਗੁਰੂ ਜੀ ਦੀ ਰਸੀਲੀ ਕਥਾ ਸੁਣੋ। ਯੁੱਧ ਇਸ ਪ੍ਰਕਾਰ ਹੋਇਆ, ਕ੍ਰਿਪਾਲੂ ਸਤਿਗੁਰੂ ਜੀ ਦਾ ਇਹ ਸ੍ਰੇਸ਼ਟ ਜੱਸ ਵਰਣਨ ਕੀਤਾ ਹੈ॥੧॥

ਚੌਪਈ- ਬੈਠਜੋ ਸ੍ਰੀ ਹਰਿ ਗੋਵਿੰਦ ਜੋਧਾ। ਮਨਹੁਂ ਰੂਪ ਇਹ ਧਰਜੋ ਪ੍ਰਬੋਧਾ।
ਹੁਕਮ ਮਸੰਦਨਿ ਸੰਗ ਬਖਾਨਾ। 'ਕਰੋ ਕੋਟ ਚੌਗਿਰਦ ਮਹਾਨਾ॥ ੨॥

ਯੋਧੇ ਸ੍ਰੀ ਗੁਰੂ ਹਰਿਗੋਬਿੰਦ ਜੀ ਬੈਠੇ ਸਨ, ਮਾਨੋਂ ਗਿਆਨ ਨੇ ਇਹ ਰੂਪ ਧਾਰਨ ਕੀਤਾ ਹੈ। ਉਨ੍ਹਾਂ ਮਸੰਦਾਂ ਨੂੰ ਹੁਕਮ ਕੀਤਾ, "ਇਸ ਦੇ ਚਾਰ-ਚੁਫੇਰੇ ਵੱਡਾ ਕਿਲ੍ਹਾ ਬਣਾਓ॥੨॥

ਬਸਹਿ ਨਗਰ ਸੁੰਦਰ ਜਿਸ ਬੀਚਿ। ਪਰਹਿਂ ਮਹਲ ਗਨ ਊਚ ਰੁ ਨੀਚਿ।
ਰਾਖਹੁ ਪੰਚ ਪੌਰ ਪੁਰਿ ਕੇਰੇ। ਕਾਰੀਗਰਨਿ ਲਗਾਇ ਘਨੇਰੇ॥ ੩॥

ਜਿਸ ਦੇ ਵਿਚ ਇਕ ਸੁੰਦਰ ਨਗਰ ਵਸੇ, ਇਸ ਵਿਚ ਬਹੁਤ ਵੱਡੇ ਛੋਟੇ ਮਹਿਲਾਂ ਦੀ ਉਸਾਰੀ ਹੋਵੇ। ਨਗਰ ਦੇ ਪੰਜ ਦਰਵਾਜ਼ੇ ਰਖੇ ਤੇ ਬਹੁਤ ਕਾਰੀਗਰ ਇਸ ਕੰਮ ਵਾਸਤੇ ਲਾਓ॥੩॥

ਕਰਹੁ ਸ਼ੀਘ੍ਰਤਾ ਲੇਹੁ ਬਨਾਇ। ਦਿਹੁ ਧਨ ਮਿਹਨਤਿ ਬ੍ਰਿੰਦ ਲਗਾਇ'।
ਸੁਨਤਿ ਮਸੰਦਨਿ ਕੀਨਸਿ ਤੈਸੇ। ਸ੍ਰੀ ਮੁਖ ਤੇ ਫਰਮਾਯਹੁ ਜੈਸੇ॥ ੪॥

ਸ਼ੀਘਰਤਾ ਕਰਕੇ ਇਸ ਨੂੰ ਬਣਾ ਲਵੋ ਤੇ ਧਨ ਦੇ ਕੇ ਬਹੁਤ ਮਜ਼ਦੂਰ ਲਗਾਓ।'' ਮਸੰਦਾਂ ਨੇ ਇਹ ਸੁਣਕੇ ਉਸ ਤਰ੍ਹਾਂ ਹੀ ਕੀਤਾ, ਜਿਸ ਤਰ੍ਹਾਂ ਗੁਰੂ ਜੀ ਨੇ ਮੁੱਖ ਤੋਂ ਫ਼ੁਰਮਾਇਆ ਸੀ॥੪॥

ਦਿਯੋ ਦਰਬ ਸਭਿ ਕੋ ਮਨ ਭਾਏ। ਬ੍ਰਿੰਦ ਪਚਾਵੇ ਕਹਿ ਚਢਿਵਾਏ।
ਪਾਕੀ ਈਂਟਨਿ ਤਜਾਰੀ ਕਰੈਂ। ਆਇਂ ਮਿਹਨਤੀ ਜਿਹ ਸੁਨਿ ਪਰੈਂ॥ ੫॥

ਸਾਰਿਆਂ ਨੂੰ ਮਨ-ਭਾਉਂਦਾ ਧਨ ਦਿੱਤਾ ਤੇ ਬਹੁਤ ਆਵੇ ਕਹਿ ਕੇ ਚੜ੍ਹਵਾਏ। ਆਵੇ ਪੱਕੀਆਂ ਇੱਟਾਂ ਤਿਆਰ ਕਰਦੇ ਸਨ ਤੇ ਮਜ਼ਦੂਰ ਜਦ ਸੁਣਦੇ ਸਨ ਤੇ ਦਿਹਾੜੀ ਕਰਨ ਵਾਸਤੇ ਆ ਜਾਂਦੇ ਸਨ॥੫॥

ਕਾਰੀਗਰ ਸਮੂਹ ਮੰਗਵਾਏ। ਦੇ ਦੇ ਦਰਬ ਸੁ ਸਰਬ ਲਗਾਏ।
ਚਿਨਿਬੇ ਲਗੇ ਸ਼ੀਘ੍ਰਤਾ ਧਾਰੀ। ਪਾਕੀ ਈਂਟ ਕਰੀ ਬਹੁ ਤਜਾਰੀ॥ ੬॥

ਕਾਰੀਗਰਾਂ ਦਾ ਇਕ ਸਮੂਹ ਮੰਗਵਾਇਆ, ਧਨ ਦੇ ਕੇ ਉਨ੍ਹਾਂ ਸਭ ਨੂੰ ਲਾ ਦਿੱਤਾ। ਬੜੀ ਸ਼ੀਘਰਤਾ ਧਾਰ ਕੇ ਉਹ ਚਿਣਵਾਈ ਕਰਨ ਲੱਗੇ ਤੇ ਬਹੁਤ ਪੱਕੀਆਂ ਇੱਟਾਂ ਤਿਆਰ ਕੀਤੀਆਂ॥੬॥

ਹਰਖਤਿ ਹੋਇ ਕਾਰ ਕੋ ਕਰਿ ਹੀਂ। ਧਨ ਗਨ ਲੀਨ ਭਾਉ ਪੁਨ ਧਰਿਹੀਂ।
ਅੰਦਰ ਮੰਦਿਰ ਲਗੇ ਉਸਾਰਨਿ। ਗ਼ਨੀ ਗਰੀਬ ਬਾਸਿਬੇ ਕਾਰਨ॥ ੭॥

ਬੜੇ ਪ੍ਰਸੰਨ ਹੋ ਕੇ ਕਾਰ ਕਰਦੇ ਸਨ, ਬਹੁਤ ਧਨ ਲੈ ਕੇ ਫਿਰ ਪ੍ਰੇਮ ਧਾਰਨ ਕਰਦੇ ਸਨ ਤੇ ਕਿਲ੍ਹੇ ਦੇ ਅੰਦਰ ਘਰਾਂ ਦੀ ਉਸਾਰੀ ਕਰਨ ਲੱਗੇ, ਅਮੀਰ ਗਰੀਬ ਦੇ ਵੱਸਣ ਵਾਸਤੇ ਤਿਆਰ ਕਰਨ ਲੱਗੇ॥੭॥

ਬਹੁ ਰਉਣਕ ਤਬਿ ਹੋਵਤਿ ਭਈ। ਮਿਲੇ ਲੋਕ ਲਖਿ ਨਗਰੀ ਨਈ।
ਤਬਿ ਸਤਿਗੁਰ ਨੇ ਰਿਦੇ ਬਿਚਾਰਾ। ਘਰ ਘੇਰੜ ਕੋ ਜਹਾਂ ਨਿਹਾਰਾ॥ ੮॥

ਤਦ ਬਹੁਤ ਰੌਣਕ ਹੋ ਗਈ, ਨਵੀਂ ਨਗਰੀ ਨੂੰ ਵੇਖ ਕੇ ਬਹੁਤ ਲੋਕ ਆ ਮਿਲੇ। ਤਦ ਸਤਿਗੁਰੂ ਜੀ ਨੇ ਹਿਰਦੇ ਵਿਚ ਵਿਚਾਰਿਆ ਜਿਥੇ ਘੇਰੜ ਦੇ ਘਰ ਨੂੰ ਵੇਖਿਆ॥੮॥

ਚਹਤਿ ਉਖਾਰਜੋ ਰਿਪੁ ਕੋ ਮੂਲ। ਗਰਬਤਿ ਜੋ ਹੋਯਸਿ ਪ੍ਰਤਿਕੂਲ।
'ਨੀਵ ਨ ਉਖਰਹਿ ਜੇ ਇਸ ਕੇਰੀ। ਤਊ ਮਾਲਿਕੀ ਕਰਿ ਹੈ ਫੇਰੀ॥ ੯॥

ਉਹ ਦੁਸ਼ਮਣ ਦੇ ਮੂਲ ਨੂੰ ਹੀ ਪੁੱਟ ਦੇਣਾ ਚਾਹੁੰਦੇ ਸਨ, ਜਿਹੜਾ ਵੱਡਾ ਹੰਕਾਰ ਧਾਰਨ ਕਰਕੇ ਗੁਰੂ ਜੀ ਦੇ ਉਲਟ ਹੋਇਆ ਸੀ। ਗੁਰੂ ਜੀ ਨੇ ਸੋਚਿਆ, ''ਜੇ ਇਸ ਦੀ ਨੀਂਹ ਨਹੀਂ ਪੁਟਾਂਗੇ ਤਾਂ ਇਹ ਫਿਰ ਆ ਕੇ ਮਾਲਕੀ ਜਤਾਏਗਾ॥੯॥

ਪੁਰ ਮਹਿਂ ਅਵਿਨੀ ਅਪਨੀ ਜਾਨਿ। ਘੇਰੜ ਕੇਰਿ ਸੰਬੰਧੀ ਆਨਿ।
ਤੁਰਕਨਿ ਕੀ ਸਹਾਇਕੋ ਪਾਇ। ਬਹੁਰ ਲੇਹਿੰਗੇ ਸੋ ਅਪਨਾਇ'॥੧੦॥

ਨਗਰ ਦੀ ਧਰਤੀ ਆਪਣੀ ਜਾਣ ਕੇ, ਘੇਰੜ ਦੇ ਸੰਬੰਧੀ ਆਉਣਗੇ ਤੇ ਤੁਰਕਾਂ ਦੀ ਸਹਾਇਤਾ ਲੈ ਕੇ ਫਿਰ ਇਸ ਨੂੰ ਲੈ ਕੇ ਅਪਨਾ ਲੈਣਗੇ''॥੧੦॥

ਇਮ ਲਖਿ ਕਰਿ ਗੁਰੁ ਹੁਕਮ ਬਖਾਨਾ। 'ਘਰ ਘੇਰੜ ਕੋ ਹੈ ਜਿਸ ਥਾਨਾ।
ਦੂਰ ਕਰਹੁ ਤਿਸ ਕੀ ਬੁਨਿਆਦ। ਨੀਵ ਉਖੇਰਹੁ ਹੋਇ ਨ ਬਾਦ॥ ੧੧॥

ਇਸ ਤਰ੍ਹਾਂ ਸਮਝ ਕੇ ਗੁਰੂ ਜੀ ਨੇ ਹੁਕਮ ਕੀਤਾ, ''ਜਿਸ ਥਾਂ ਘੇਰੜ ਦਾ ਘਰ ਹੈ, ਉਸ ਨੂੰ ਢਾਹ ਕੇ ਉਸ ਦਾ ਖੁਰਾ ਖੋਜ ਮਿਟਾ ਦੇਵੋ, ਨੀਂਹ ਉਖੇੜ ਦੇਵੋ ਤਾਂਕਿ ਬਾਅਦ ਵਿਚ ਝਗੜਾ ਨਾ ਹੋਵੇ॥੧੧॥

ਕਰਿਬੇ ਉਚਿਤ ਹੁਤੀ ਧ੍ਰਮਸਾਲਾ। ਤੁਰਕਨਿ ਕੋ ਬਲ ਹੁਇ ਜਿਸ ਕਾਲਾ।
ਕਰਹਿਂ ਬਾਦ ਮਤਿਮੰਦ ਢਹਾਵਹਿਂ। ਘਰ ਘੇਰੜ ਕੋ ਬਹੁਰ ਬਨਾਵਹਿਂ॥੧੨॥

ਉਸ ਸਥਾਨ ਤੇ ਧਰਮਸਾਲਾ ਬਣਾਉਣੀ ਉਚਿਤ ਹੈ, ਪਰ ਜਿਸ ਸਮੇਂ ਤੁਰਕਾਂ ਦਾ ਜ਼ੋਰ ਚਲੇਗਾ, ਮੰਦੀ ਮਤ ਵਾਲੇ ਝਗੜਾ ਕਰਕੇ ਧਰਮਸ਼ਾਲਾ ਨੂੰ ਢਾਹ ਦੇਣਗੇ ਤੇ ਘੇਰੜ ਦੇ ਘਰ ਨੂੰ ਫਿਰ ਬਣਾ ਦੇਣਗੇ॥੧੨॥

ਹਮ ਨੇ ਕਰੀ ਬਾਦ ਬੁਨਿਯਾਦ। ਹ੍ਵੈ ਨ ਬਿਬਾਦ ਤਿ ਜਯੋਂ ਅਹਿਲਾਦਿ।
ਯਾਤੇ ਇਹਾਂ ਮਸੀਤ ਬਨਾਵਹੁ। ਸੁੰਦਰ ਦਰ ਤਿਮ ਹੀ ਰਖਵਾਵਹੁ॥ ੧੩॥

ਸਾਡੇ ਨਾਲ ਬਾਅਦ ਝਗੜਾ ਨਾ ਹੋਵੇ ਐਸੀ ਬੁਨਿਆਦ ਰਖਣੀ ਹੈ, ਜਿਵੇਂ ਝਗੜਾ ਨਾ ਹੋਵੇ ਤੇ ਸੁਖ ਰਹੇ, ਇਸ ਕਰਕੇ ਇਥੇ ਮਸੀਤ ਬਣਾਵੋ, ਸੁੰਦਰ ਦਰਵਾਜ਼ੇ ਉਸ ਤਰ੍ਹਾਂ ਹੀ ਰਖਵਾਵੋ॥੧੩॥

ਧਰਹਿਂ ਪ੍ਰੀਤਿ ਗਨ ਤੁਰਕ ਮਸੀਤ। ਕਬਿ ਨਹਿਂ ਕਰਿ ਹੈਂ ਪੁਨ ਬਿਪਰੀਤਿ।
ਸੁਨਤਿ ਮਸੰਦਨਿ ਤਥਾ ਬਨਾਈ। ਅਬਿ ਲੌ ਬਿਦਤਿ ਅਹੈ ਤਿਸ ਥਾਈਂ॥੧੪॥

ਬਹੁਤ ਤੁਰਕ ਮਸੀਤ ਨਾਲ ਪਿਆਰ ਧਾਰਨ ਕਰਨਗੇ, ਬਾਅਦ ਵਿਚ ਫਿਰ ਕਦੇ ਵੀ ਉਲਟ ਨਹੀਂ ਹੋਣਗੇ।'' ਇਹ ਸੁਣ ਕੇ ਉਹੋ ਜੇਹੀ ਮਸੀਤ ਬਣਾ ਦਿੱਤੀ ਜੈਸੀ ਗੁਰੂ ਜੀ ਨੇ ਕਹੀ ਸੀ, ਹੁਣ ਤਕ ਉਹ ਮਸੀਤ, ਉਸ ਥਾਂ ਪ੍ਰਗਟ ਹੈ॥੧੪॥

ਸਤਿਗੁਰ ਤਹਾਂ ਬਿਰਾਜਤਿ ਰਹੇ। ਰੁਤਿ ਬਰਖਾ ਕੇ ਆਨੰਦ ਲਹੇ।
ਬਿਦਤੇ ਜਲਧਰ ਗਗਨ ਮਝਾਰੀ। ਜਯੋਂ ਤਨ ਧਰਹਿਂ ਸੰਤ ਉਪਕਾਰੀ॥੧੫॥

ਸਤਿਗੁਰੂ ਓਥੇ ਹੀ ਬਿਰਾਜੇ ਰਹੇ, ਬਰਖਾ ਰੁੱਤ ਦਾ ਆਨੰਦ ਲੈਂਦੇ ਰਹੇ। ਅਕਾਸ਼ ਵਿਚ ਬਦਲ ਪ੍ਰਗਟ ਰਹਿੰਦੇ ਸਨ, ਜਿਵੇਂ ਉਪਕਾਰੀ ਸੰਤ ਤਨ ਧਾਰਨ ਕਰਦੇ ਹਨ॥੧੫॥

ਕੱਲਰ, ਖੇਤ, ਸਕਲ ਥਲ ਬਰਖੈਂ। ਦੇਖਿ ਦੇਖਿ ਕਰਿ ਜਨ ਗਨ ਹਰਖੈਂ।
ਜਿਮ ਗੁਰੁ ਗਿਰਾ ਸੁਨਹਿ ਸਭਿ ਕੋਈ। ਪ੍ਰੇਮ ਬੀਜ ਕਹੂੰ ਉਤਪਤਿ ਹੋਈ॥੧੬॥

ਕਲਰ, ਖੇਤ ਸਾਰੇ ਥਾਵਾਂ ਤੇ ਵਰਖਾ ਕਰਦੇ ਸਨ, ਉਨ੍ਹਾਂ ਨੂੰ ਵੇਖ-ਵੇਖ ਸਮੂਹ ਮਨੁੱਖ ਪ੍ਰਸੰਨ ਹੁੰਦੇ ਸਨ, ਜਿਵੇਂ ਗੁਰੂ ਜੀ ਦੇ ਬਚਨ ਸਾਰੇ ਸੁਣਦੇ ਹਨ ਕਿਤੇ ਪ੍ਰੇਮ ਬੀਜ ਉਤਪਨ ਹੁੰਦਾ ਸੀ॥੧੬॥

ਮਧੁਰ ਮਧੁਰ ਧੁਨਿ ਸੁਨਿ ਸੁਨਿ ਮੋਰ। ਠੋਰ ਠੌਰ ਬੋਲਤਿ ਕਰਿ ਸ਼ੋਰ।
ਜਥਾ ਕੀਰਤਨ ਸੁਨਿ ਜੱਗਜਾਸੀ। ਬਸਹਿ ਰਿਦੇ ਪੁਨ ਗਾਇ ਪ੍ਰਕਾਸ਼ੀ॥੧੭॥

ਬਦਲਾਂ ਦੇ ਗੱਜਣ ਦੀ ਮਿੱਠੀ ਧੁਨੀ ਸੁਣ ਕੇ ਥਾਂ-ਥਾਂ ਮੋਰ ਸ਼ੋਰ ਮਚਾ ਕੇ ਬੋਲਦੇ ਸਨ। ਜਿਵੇਂ ਕੀਰਤਨ ਸੁਣ ਕੇ ਗਿਆਨ ਜਗਿਆਸੀ ਦੇ ਹਿਰਦੇ ਵਿਚ ਵੱਸਦਾ ਹੈ ਤੇ ਫਿਰ ਗਾਇਣ ਪ੍ਰਕਾਸ਼ਦਾ ਹੈ॥੧੭॥

ਦਾਦਰ ਟੇਰਤਿ ਹੈਂ ਚਹੁੰ ਓਰ। ਜਿਮ ਸਿਖ ਪਢਹਿਂ ਗਿਰਾ ਗੁਰ ਜੋਰ।
ਬਹੁ ਜਲ ਪਾਇ ਮੁਦਤਿ ਭੇ ਮੀਨ। ਜਥਾ ਸਿੱਖ ਗੁਰੁ ਪ੍ਰੇਮ ਪ੍ਰਬੀਨ॥ ੧੮॥

ਚਾਰੇ ਪਾਸੇ ਡੱਡੂ ਇੰਝ ਟਰ-ਟਰ ਕਰਦੇ ਹਨ, ਜਿਵੇਂ ਸਿੱਖ ਗੁਰੂ ਜੀ ਨਾਲ ਜੁੜ ਕੇ ਬਾਣੀ ਪੜ੍ਹਦੇ ਹਨ। ਬਹੁਤ ਜਲ ਪਾ ਕੇ ਮੱਛੀਆਂ ਬਹੁਤ ਪ੍ਰਸੰਨ ਹੋ ਰਹੀਆਂ ਹਨ, ਜਿਵੇਂ ਸਿੱਖ ਗੁਰੂ ਜੀ ਦਾ ਪ੍ਰੇਮ ਪਾ ਕੇ ਅਨੰਦਿਤ ਹੋ ਰਹੇ ਹਨ॥੧੮॥

ਜਰਜੋ ਜਵਾਸਾ, ਜਰਜੋ ਨ ਜਲ ਕੌ। ਸੁਨਿ ਨਿੰਦਕ ਜਸੁ ਗੁਰੂ ਬਿਮਲ ਕੌ।
ਹਰਿਆਵਲਿ ਸਗਰੇ ਜਗ ਹੋਈ। ਗੁਰੁ ਸਿੱਖੀ ਜਿਮ ਸਭਿ ਥਲ ਜੋਈ॥ ੧੯ ॥

ਪਾਣੀ ਨੂੰ ਨਾ ਸਹਾਰ ਕੇ ਜਵਾਹਾਂ ਘਾਹ ਸੜ ਗਿਆ, ਜਿਵੇਂ ਨਿੰਦਕ ਗੁਰੂ ਜੀ ਦੇ ਨਿਰਮਲ ਜੱਸ ਨੂੰ ਸੁਣ ਕੇ ਸੜ ਜਾਂਦਾ ਹੈ। ਸਾਰੇ ਜਗਤ ਵਿਚ ਹਰਿਆਵਲ ਹੋ ਗਈ, ਜਿਵੇਂ ਗੁਰਸਿੱਖੀ ਸਭ ਥਾਂ ਫੈਲੀ ਹੋਈ ਹੈ॥੧੯॥

ਸਰਿਤਾ ਕੋ ਪ੍ਰਵਾਹ ਬਹੁ ਬਾਢਾ। ਜੁਗ ਕੰਠਨਿ ਤੇ ਜਲ ਕਹੁ ਕਾਢਾ।
ਜਿਮ ਭਗਤਨਿ ਕੈ ਪ੍ਰੇਮ ਪ੍ਰਵਾਹੂ। ਰਸ ਕੋ ਲੈਬੇ ਵਧਹਿ ਉਮਾਹੂ॥ ੨੦ ॥

ਨਦੀ ਦਾ ਪ੍ਰਵਾਹ ਬਹੁਤ ਵਧਿਆ ਹੈ, ਦੋਹਾਂ ਕੰਢਿਆਂ ਤੇ ਜਲ ਬਾਹਰ ਨਿਕਲ ਰਿਹਾ ਹੈ, ਜਿਵੇਂ ਭਗਤਾਂ ਦੇ ਪ੍ਰੇਮ ਪ੍ਰਵਾਹ ਉਛਾਲੇ ਮਾਰ ਰਿਹਾ ਹੋਵੇ ਅਤੇ ਅੰਮ੍ਰਿਤ ਰਸ ਨੂੰ ਲੈ ਕੇ ਬਹੁਤ ਉਮਾਹ ਵਧਿਆ ਹੋਵੇ॥੨੦॥

ਪਾਵਸ ਪਾਇ ਬੀਜ ਬਹੁ ਉਪਜੈਂ। ਜਿਮ ਸਿੱਖੀ ਤੇ ਗੁਨ ਗਨ ਨਿਪਜੈਂ।
ਸਤਿਗੁਰੁ ਸਲਿਤਾ ਕੇ ਤਟਿ ਜਾਇ। ਬੈਠਿ ਬਿਲੋਕਹਿਂ ਜਲ ਸਮੁਦਾਇ॥ ੨੧ ॥

ਬਰਸਾਤ ਪੈਣ ਨਾਲ ਬੀਜ ਬਹੁਤ ਉੱਗਦੇ ਹਨ, ਜਿਵੇਂ ਸਿੱਖੀ ਤੋਂ ਬਹੁਤ ਗੁਣ ਪ੍ਰਗਟ ਹੁੰਦੇ ਹਨ। ਸਤਿਗੁਰੂ ਜੀ ਨਦੀ ਦੇ ਕੰਢੇ ਤੇ ਜਾਂਦੇ ਹਨ ਤੇ ਜਾ ਕੇ ਜਲ ਦੇ ਸਮੂਹ ਨੂੰ ਵੇਖਦੇ ਹਨ॥੨੧॥

ਬਡੇ ਬੇਗ ਤੇ ਬਗਹਿ ਪ੍ਰਵਾਹੂ। ਕਾਸ਼ਟ ਬਹੇ ਜਾਇਂ ਗਨ ਮਾਂਹੂ।
ਨੀਰ ਨਵੀਨ ਮਲੀਨ ਸੁ ਪੀਨ। ਤਰੁ ਜੁਤਿ ਤਟ ਕੋ ਢਾਹਨਿ ਕੀਨਿ॥ ੨੨ ॥

ਜਲ ਦਾ ਪ੍ਰਵਾਹ ਬੜਾ ਤੇਜ ਵਗ ਰਿਹਾ ਹੈ, ਪਾਣੀ ਦੇ ਵਿਚ ਬਹੁਤ ਲਕੜੀਆਂ ਖਹਿੰਦੀਆਂ ਜਾ ਰਹੀਆਂ ਹਨ, ਪਾਣੀ ਬਹੁਤ ਮੈਲਾ ਅਤੇ ਗਾੜ੍ਹਾ ਹੈ, ਦਰਖਤਾ ਸਮੇਤ ਕਿਨਾਰੇ ਨੂੰ ਢਾਈ ਜਾ ਰਿਹਾ ਹੈ॥੨੨॥

ਸਹਤ ਅਨੇਕ ਬਿਕਾਰ ਅਸ਼ੇਖੂ। ਹਤਹਿ ਗ੍ਯਾਨ ਜਿਮ ਰਾਗ ਰੁ ਦ੍ਵੈਖੂ।
ਕਬਿ ਕਬਿ ਲਾਗਹਿ ਤਹਾਂ ਦਿਵਾਨ। ਕਰਹਿਂ ਰਬਾਬੀ ਸ਼ਬਦ ਸੁ ਗਾਨਿ॥੨੩ ॥

ਜਿਵੇਂ ਅਨੇਕ ਵਿਕਾਰਾਂ ਸਹਿਤ, ਗਿਆਨ ਪ੍ਰੇਮ ਅਤੇ ਦ੍ਵੈਖ ਨੂੰ ਮਾਰ ਦਿੰਦਾ ਹੈ। ਕਦੀ-ਕਦੀ ਉਥੇ ਦੀਵਾਨ ਲਾਉਂਦੇ ਹਨ ਤੇ ਰਬਾਬੀ ਸ਼ਬਦਾਂ ਦਾ ਗਾਇਣ ਕਰਦੇ ਹਨ॥੨੩॥

ਦੇ ਦੇ ਲੋਕ ਮਿਲਹਿਂ ਉਪਹਾਰਾ। ਜਾਨਹਿਂ ਗੁਰੂ ਪ੍ਰਤਾਪ ਉਦਾਰਾ।
ਗ੍ਰਾਮ ਗ੍ਰਾਮ ਘਰ ਘਰ ਤਿਸ ਦੇਸ਼। ਵਧਜੈ ਨਿਤਾਪ੍ਰਤਿ ਤੇਜ ਵਿਸ਼ੇਸ਼॥ ੨੪ ॥

ਲੋਕ ਉਪਹਾਰ ਦੇ-ਦੇ ਕੇ ਮਿਲਦੇ ਹਨ ਤੇ ਗੁਰੂ ਜੀ ਦਾ ਵੱਡਾ ਪ੍ਰਤਾਪ ਜਾਣਦੇ ਹਨ। ਉਸ ਦੇਸ਼ ਵਿਚ ਘਰ-ਘਰ ਪਿੰਡ ਪਿੰਡ ਗੁਰੂ ਜੀ ਦਾ ਤੇਜ ਨਿਤਾਪ੍ਰਤੀ ਵਧਦਾ ਜਾਂਦਾ ਹੈ॥੨੪॥

ਬਹੁਤ ਘਾਵ ਬਿਧੀਏ ਕੇ ਘੋਰੇ। ਮ੍ਰਿਤਕ ਭਯੋ ਸੋ ਭੀ ਤਿਸ ਠੌਰੇ।
ਅਪਰ ਸੁਭਟ ਕੇ ਮਰੇ ਤੁਰੰਗ। ਕੇਤਿਕ ਜੋਧਾ ਘਾਇਲ ਅੰਗ॥ ੨੫ ॥

ਬਿਧੀ ਚੰਦ ਦੇ ਘੋੜੇ ਨੂੰ ਬਹੁਤ ਜ਼ਖਮ ਲੱਗੇ ਸਨ ਤੇ ਉਹ ਰਣਖੇਤਰ ਵਿਚ ਹੀ ਮਾਰਿਆ ਗਿਆ ਸੀ। ਕੁਝ ਹੋਰ ਸੂਰਬੀਰਾਂ ਦੇ ਘੋੜੇ ਵੀ ਮਾਰੇ ਗਏ ਸਨ, ਕਈ ਜੋਧਿਆਂ ਦੇ ਅੰਗ ਜ਼ਖਮੀ ਹੋ ਗਏ ਸਨ॥੨੫॥

ਸਭਿ ਕੀ ਖਾਨ ਪਾਨ ਸੁਧਿ ਸਾਰੀ। ਲੇਤਿ ਸਦਾ ਗੁਰੁ ਕਰੁਨਾ ਧਾਰੀ।
ਲਗੇ ਖਰੀਦਨਿ ਹਯ ਬਡਿ ਮੋਲ। ਧਾਇਂ ਅਧਿਕ, ਬਲ ਜੁਤਿ ਅਰੁ ਲੋਲ ॥੨੬ ॥

ਸਾਰਿਆਂ ਦੇ ਖਾਣ ਪੀਣ ਦੀ ਖਬਰ-ਸਾਰ ਗੁਰੂ ਜੀ ਕਿਰਪਾ ਧਾਰ ਕੇ ਲੈਂਦੇ ਹਨ। ਉਹ ਵੱਡੀ ਕੀਮਤ ਦੇ ਘੋੜੇ ਖਰੀਦਣ ਲੱਗੇ ਜਿਹੜੇ ਤੇਜ਼ ਦੌੜਨ ਵਾਲੇ, ਬੜੇ ਬਲੀ, ਚੰਚਲ ਤੇ ਵੱਡੀ ਡੀਲ-ਡੌਲ ਵਾਲੇ ਹਨ॥੨੬॥

ਦੇਤਿ ਭਏ ਸਿੱਖਨ ਕੇ ਤਰੈ। ਲੈ ਲੈ ਸੁਭਟ ਸਰਾਹਤਿ ਚਰੈਂ।
ਬਹੁ ਕੀਮਤਿ ਕੋ ਹਯ ਨਹਿਂ ਪਾਵੈਂ। ਜਿਸ ਪਰ ਗੁਰੂ ਚਢੈਂ ਹਰਖਾਵੈਂ ॥ ੨੭ ॥

ਉਹ ਸਿੱਖਾਂ ਨੂੰ ਸਵਾਰੀ ਵਾਸਤੇ ਲੈ ਕੇ ਦਿੰਦੇ ਹਨ, ਸੂਰਮੇ ਘੋੜੇ ਲੈ ਕੇ ਸਵਾਰ ਹੋ ਕੇ ਬੜੀ ਸ਼ਲਾਘਾ ਕਰਦੇ ਹਨ। ਪਰ ਬਹੁਤੀ ਵੱਡੀ ਕੀਮਤ ਵਾਲੇ ਘੋੜੇ ਨਹੀਂ ਸੀ ਮਿਲ ਰਹੇ, ਜਿਸ ਉਤੇ ਗੁਰੂ ਜੀ ਆਪ ਸਵਾਰ ਹੋ ਕੇ ਪ੍ਰਸੰਨ ਹੋਣ॥੨੭॥

ਬਡੇ ਚਲਾਕ ਬਲੀ ਤਨ ਹੋਇ। ਸਤਿਗੁਰੁ ਭਾਰ ਉਚਾਵਹਿ ਸੋਇ।
ਇਕ ਤੌ ਬਲ ਜੁਤਿ ਡੀਲ ਬਿਸਾਲਾ। ਦੁਤਿਯ ਅਰੂਢਨਿ ਤੇਜ ਕ੍ਰਿਪਾਲਾ ॥੨੮ ॥

ਜਿਹੜਾ ਘੋੜਾ ਚਾਲਾਕ ਅਤੇ ਸ਼ਕਤੀਸ਼ਾਲੀ ਸਰੀਰ ਵਾਲਾ ਹੋਵੇ ਸਤਿਗੁਰੂ ਜੀ ਦੇ ਭਾਰ ਨੂੰ ਚੁੱਕ ਸਕੇ। ਇਕ ਤਾਂ ਸਤਿਗੁਰੂ ਜੀ ਦਾ ਵੱਡਾ ਡੀਲ-ਡੌਲ ਹੈ, ਦੂਸਰੇ ਕ੍ਰਿਪਾਲੂ ਗੁਰੂ ਜੀ ਤੇਜ਼ ਘੋੜੇ ਤੇ ਹੀ ਸਵਾਰ ਹੁੰਦੇ ਹਨ॥੨੮॥

ਨਹਿਂ ਪਸੰਦ ਮਹਿਂ ਕੋ ਹਯ ਆਵੈ। ਗੁਰੁ ਅਸਵਾਰੀ ਜੋ ਨਿਬਹਾਵੈ।
ਸਿਮਰਤਿ ਹੈਂ ਨਿਤ ਪ੍ਰਥਮ ਤੁਰੰਗ। ਗੁਨ ਗਨ ਸਰਬ ਹੁਤੇ ਜਿਸ ਅੰਗ ॥ ੨੯ ॥

ਕੋਈ ਵੀ ਘੋੜਾ ਉਨ੍ਹਾਂ ਦੇ ਪਸੰਦ ਨਹੀਂ ਸੀ ਆਉਂਦਾ, ਜੋ ਗੁਰੂ ਜੀ ਦੀ ਸਵਾਰੀ ਦੇ ਲਾਇਕ ਹੋਵੇ। ਆਪਣੇ ਪਹਿਲੇ ਘੋੜੇ ਨੂੰ ਨਿਤ ਯਾਦ ਕਰਦੇ ਹਨ, ਜਿਸ ਦੇ ਸਾਰੇ ਅੰਗ ਬਹੁਤ ਗੁਣਾਂ ਨਾਲ ਭਰਪੂਰ ਸਨ॥੨੯॥

'ਲਵਪੁਰਿ ਤੇ ਬਹੁ ਕਰੇ ਉਪਾਯ। ਤਬਿ ਕੇ ਹਮ ਲਯਾਏ ਹਰਖਾਯ।
ਚਿਰੰਕਾਲ ਦੀਨਸਿ ਅਸਵਾਰੀ। ਲਗੇ ਘਾਵ ਗਨ ਮ੍ਰਿਤੁ ਕੋ ਧਾਰੀ' ॥ ੩੦ ॥

"ਉਸ ਘੋੜੇ ਨੂੰ ਅਸੀਂ ਲਾਹੌਰ ਤੋਂ ਬਹੁਤ ਉਪਾਅ ਕਰਕੇ ਲਿਆ ਕੇ ਪ੍ਰਸੰਨ ਹੋਏ ਸੀ। ਲੰਮੇ ਸਮੇਂ ਤੱਕ ਉਸ ਅਸਵਾਰੀ ਦਿੱਤੀ ਬਹੁਤ ਜ਼ਖਮ ਲੱਗਣ ਨਾਲ ਮਰ ਗਿਆ ਹੈ" ॥੩੦॥

ਸਭਿ ਮਹਿਂ ਕਹਿ ਕਹਿ ਬਾਕ ਸੁਨਾਵੈਂ। 'ਬਲੀ ਤੁਰੰਗ ਕਹੂੰ ਜੇ ਪਾਵੈਂ।
ਮੁਖ ਮਾਂਗਜੇ ਧਨ ਦੇਵਨਿ ਕਰੈਂ। ਅਪਰ ਖੁਸ਼ੀ ਹਮ ਤਿਸ ਪਰ ਧਰੈਂ ॥ ੩੧ ॥

ਗੁਰੂ ਜੀ ਸਾਰਿਆਂ ਵਿਚ ਕਹਿ ਕੇ ਬਚਨ ਸੁਣਾਉਂਦੇ ਸਨ, "ਬਲਵਾਨ ਘੋੜਾ ਕਿਥੇ ਹੈ ਜਿਹੜਾ ਪਾਈਏ, ਅਸੀਂ ਮੂੰਹ ਮੰਗਿਆ ਧਨ ਦੇਵਾਂਗੇ, ਹੋਰ ਖੁਸ਼ੀਆਂ ਵੀ ਅਸੀਂ ਉਸ ਉਤੇ ਧਾਰਨ ਕਰਾਂਗੇ॥੩੧॥

ਨਿਕਟਿ ਨ ਪੱਯਤਿ ਹੈ ਇਸ ਦੇਸ਼। ਕਹਾਂ ਬਤਾਵਹਿ ਕੋ ਅਸ ਬੇਸ'।
ਅਪਰ ਸੁਭਟਿ ਸਿਖ ਰਹਨਿ ਜੁ ਐ ਹੈਂ। ਤਿਨ ਕੋ ਸਤਿਗੁਰੁ ਰਾਖਤਿ ਜੈ ਹੈਂ ॥੩੨ ॥

ਇਸ ਦੇਸ਼ ਵਿਚ ਨੇੜੇ ਤੇੜੇ ਐਸਾ ਕੋਈ ਘੋੜਾ ਨਹੀਂ ਹੈ, ਐਸੇ ਸਰੂਪ ਵਾਲੇ ਘੋੜੇ ਦਾ ਕੋਈ ਕਿਧਰੋਂ ਪਤਾ ਹੀ ਦੇਵੇ। ਹੋਰ ਸੂਰਬੀਰ ਸਿੱਖ ਜਿਹੜੇ ਰਹਿਣ ਵਾਸਤੇ ਆਉਂਦੇ ਹਨ, ਸਤਿਗੁਰੂ ਜੀ ਉਨ੍ਹਾਂ ਨੂੰ ਵੀ ਰੱਖੀ ਜਾਂਦੇ ਹਨ॥੩੨॥

ਇਮ ਹੀ ਕਿਤਿਕ ਕਾਲ ਜਬਿ ਬੀਤਾ। ਹਯ ਕੋ ਚਾਹਤਿ ਚੀਤ ਸੁ ਨੀਤਾ।
ਪਸ਼ਚਮ ਦਿਸ਼ਿ ਸੰਗਤਿ ਸਮੁਦਾਈ। ਗੁਰ ਦਰਸ਼ਨ ਹਿਤ ਭੀ ਇਕ ਠਾਈ ॥੩੩ ॥

ਇਸ ਤਰ੍ਹਾਂ ਹੀ ਜਦ ਕਾਫ਼ੀ ਸਮਾਂ ਬੀਤਿਆ, ਸ਼ਕਤੀਸ਼ਾਲੀ ਘੋੜੇ ਨੂੰ ਪਾਉਣ ਵਾਸਤੇ ਗੁਰੂ ਜੀ ਨਿਤ ਚਾਹੁੰਦੇ ਰਹਿੰਦੇ ਸਨ। ਪੱਛਮ ਦੇਸ਼ ਦੀ ਬਹੁਤ ਸੰਗਤ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਚਲਣ ਲਈ ਇਕ ਥਾਂ ਇਕੱਠੀ ਹੋਈ॥੩੩॥

ਤਿਸ ਸੰਗਤਿ ਮਹਿਂ ਸਿੱਖ ਸਭਾਗਾ। ਧਨੀ ਬਡੋ ਅਰੁ ਨਾਮ ਸਭਾਗਾ।
ਗੁਰੂ ਕੀ ਕਾਰ ਸਕੇਲਨਿ ਕਰਿਕੈ। ਹਯ ਲੀਨੇ ਗੁਰੂ ਖੁਸ਼ੀ ਬਿਚਰਿਕੈ॥ ੩੪॥

ਉਸ ਸੰਗਤ ਵਿਚ ਇਕ ਵੱਡੇ ਭਾਗ ਵਾਲਾ ਸਿੱਖ ਸੀ ਜਿਹੜਾ ਬੜਾ ਅਮੀਰ ਸੀ ਤੇ ਉਸ ਦਾ ਨਾਂ ਸਭਾਗਾ ਸੀ। ਉਸ ਨੇ ਗੁਰੂ ਜੀ ਦੀ ਕਾਰ ਭੇਟ ਇਕੱਠੀ ਕਰਕੇ ਗੁਰੂ ਜੀ ਦੀ ਖ਼ੁਸ਼ੀ ਵਿਚਾਰ ਕੇ ਘੋੜੇ ਖਰੀਦੇ॥੩੪॥

ਲਾਖ ਲਾਖ ਕੀ ਕੀਮਤ ਭਾਰੇ। ਪੰਚ ਤੁਰੰਗ ਲਿਯੇ ਬਲ ਭਾਰੇ।
ਲੋਕ ਹਜ਼ਾਰਹੁਂ ਸੰਗਤਿ ਜਾਨਿ। ਮਿਲ ਤਿਨ ਮਹਿਂ ਤਬਿ ਕੀਨਿ ਪਯਾਨ॥ ੩੫॥

ਲੱਖ-ਲੱਖ ਰੁਪਏ ਦੀ ਕੀਮਤ ਵਾਲੇ ਬੜੇ ਭਾਰੇ ਤੇ ਬਲਵਾਨ ਪੰਜ ਘੋੜੇ ਖਰੀਦੇ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਨੇ ਜਾਣਾ ਸੀ ਉਸ ਸੰਗਤ ਨਾਲ ਮਿਲ ਕੇ ਉਹ ਵੀ ਚਲ ਪਿਆ॥੩੫॥

ਬਹੁ ਬਿਧਿ ਤੇ ਕਰਿ ਕਰਿ ਚਤੁਰਾਈ। ਤੁਰਕਨਿ ਤੇ ਨਿਤ ਲੇਤਿ ਛਪਾਈ।
ਸੇਵਾ ਕਰਤਿ ਅਨਿਕ ਪਰਕਾਰ। ਆਇ ਪਹੂਚੇ ਗੁਰ ਦਰਬਾਰ॥ ੩੬॥

ਬਹੁਤ ਵਿਧੀਆਂ ਨਾਲ ਚਤੁਰਾਈ ਕਰ-ਕਰ ਤੁਰਕਾਂ ਪਾਸੋਂ ਨਿਤ ਛੁਪਾ ਲੈਂਦਾ ਸੀ। ਅਨੇਕ ਪ੍ਰਕਾਰ ਸੇਵਾ ਕਰਦਾ ਸੀ ਤੇ ਅਖੀਰ ਗੁਰੂ ਜੀ ਦੇ ਦਰਬਾਰ ਵਿਚ ਪਹੁੰਚ ਗਿਆ॥੩੬॥

ਨਿਸਾ ਭਈ ਲਖਿ, ਦਰਸੇ ਨਾਂਹੀ। ਡੇਰਾ ਕਰਤਿ ਭਏ ਪੁਰਿ ਮਾਂਹੀ।
ਭਈ ਪ੍ਰਭਾਤਿ ਲਗਜੋ ਦੀਵਾਨ। ਦਈ ਮੇਵੜੇ ਤਬਿ ਸੁਧਿ ਆਨਿ॥ ੩੭॥

ਰਾਤ ਪਈ ਵੇਖ ਕੇ ਦਰਸ਼ਨ ਨਾ ਹੋਏ, ਸੰਗਤ ਨੇ ਨਗਰ ਦੇ ਵਿਚ ਹੀ ਡੇਰਾ ਕਰ ਲਿਆ। ਸਵੇਰ ਹੋਈ ਤਾਂ ਦੀਵਾਨ ਲਗਿਆ ਤੇ ਅਰਦਾਸੀਏ ਨੇ ਆ ਕੇ ਖ਼ਬਰ ਦਿੱਤੀ॥੩੭॥

'ਅਬਿ ਦਰਸ਼ਨ ਕੋ ਸਮੇ ਜਨੀਜੈ। ਸ੍ਰੀ ਸਤਿਗੁਰ ਤੇ ਖੁਸ਼ੀ ਸੁ ਲੀਜੈ'।
ਲੈ ਲੈ ਸੰਗਤਿ ਸਭਿ ਉਪਹਾਰ। ਭੂਖਨ ਬਸਤ੍ਰ ਅਨੇਕ ਪ੍ਰਕਾਰ॥ ੩੮॥

"ਹੁਣ ਦਰਸ਼ਨਾਂ ਦਾ ਸਮਾਂ ਜਾਣੋ, ਸ੍ਰੀ ਸਤਿਗੁਰੂ ਜੀ ਪਾਸੋਂ ਖ਼ੁਸ਼ੀਆਂ ਪ੍ਰਾਪਤ ਕਰੋ।" ਸਾਰੀ ਸੰਗਤ ਉਪਹਾਰ ਲੈ ਲੈ ਕੇ ਜਿਨ੍ਹਾਂ ਵਿਚ ਅਨੇਕ ਪ੍ਰਕਾਰ ਦੇ ਬਸਤਰ ਅਤੇ ਗਹਿਣੇ ਸ਼ਾਮਲ ਸਨ, ਆਈ॥੩੮॥

ਸ਼ਸਤ੍ਰ ਤੁਰੰਗ ਦਰਬ ਸਮੁਦਾਈ। ਧਰਿ ਧਰਿ ਭਾਉ ਰਿਦੈ ਅਧਿਕਾਈ।
ਜਾਇ ਗੁਰੂ ਕੋ ਦਰਸ਼ਨ ਕੀਨਿ। ਬੈਠੇ ਤਖ਼ਤ ਸੁਭਤਿ ਬਲ ਪੀਨ॥ ੩੯॥

ਇਸ ਤੋਂ ਉਪਰੰਤ ਵੱਡੀ ਗਿਣਤੀ ਵਿਚ ਸ਼ਸਤਰ, ਘੋੜੇ ਅਤੇ ਧਨ ਹੈ, ਹਿਰਦੇ ਵਿਚ ਬੜਾ ਪ੍ਰੇਮ ਧਾਰ ਕੇ ਗੁਰੂ ਜੀ ਦੇ ਅੱਗੇ ਧਰ-ਧਰ ਕੇ ਦਰਸ਼ਨ ਕਰਦੇ ਹਨ। ਸ਼ਕਤੀਸ਼ਾਲੀ ਗੁਰੂ ਜੀ ਤਖ਼ਤ ਤੇ ਬੈਠੇ ਸ਼ੋਭ ਰਹੇ ਹਨ॥੩੯॥

ਬਾਰਿ ਬਾਰਿ ਸਿਰ ਚਾਮਰ ਢੁਰੈ। ਢਿਗ ਅਰਦਾਸ ਮੇਵਰੋ ਕਰੈ।
ਆਗੈ ਸਕਲ ਉਪਾਇਨ ਧਰਿ ਧਰਿ। ਬਾਰਿ ਬਾਰਿ ਪਦ ਬੰਦਨ ਕਰਿ ਕਰਿ॥੪੦॥

ਗੁਰੂ ਜੀ ਦੇ ਸਿਰ ਤੇ ਬਾਰ-ਬਾਰ ਚੋਰ ਫਿਰ ਰਿਹਾ ਹੈ, ਪਾਸ ਖੜਾ ਮੇਵੜਾ ਅਰਦਾਸ ਕਰੀ ਜਾਂਦਾ ਹੈ। ਗੁਰੂ ਜੀ ਦੇ ਅੱਗੇ ਸਾਰੇ ਉਪਹਾਰ ਧਰ-ਧਰ ਤੇ ਬਾਰ-ਬਾਰ ਬੰਦਨਾ ਕਰਦਾ ਹੈ॥੪੦॥

ਸੰਗਤਿ ਮਹਾਂ ਮੋਦ ਮਨ ਪਾਯੋ। ਜਗ ਗੁਰ ਪਾਵਨਿ ਕੋ ਦਰਸਾਯੋ।
ਸ੍ਰੀ ਹਰਿਗੋਵਿੰਦ ਸ਼ਸਤ੍ਰ ਨਿਹਾਰੇ। ਪੁਨ ਘੋਰੇ ਆਏ ਬਲਿ ਭਾਰੇ॥ ੪੧॥

ਸੰਗਤ ਨੇ ਆਪਣੇ ਮਨ ਵਿਚ ਮਹਾਂ ਆਨੰਦ ਪਾਇਆ, ਜਗਤ ਗੁਰੂ ਜੀ ਦੇ ਉਨ੍ਹਾਂ ਪਵਿੱਤਰ ਦਰਸ਼ਨ ਪਾਏ। ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਸ਼ਸਤਰਾਂ ਨੂੰ ਵੇਖਿਆ, ਫਿਰ ਭਾਰੀ ਸ਼ਕਤੀਸ਼ਾਲੀ ਘੋੜਿਆਂ ਦੇ ਪਾਸ ਆਏ॥੪੧॥

ਰੂਪ ਰੰਗ ਤਿਨ ਕੋ ਸਭਿ ਹੇਰੇ। ਸੁੰਦਰ ਆਕ੍ਰਿਤ ਬਲੀ ਬਡੇਰੇ।
ਖੁਸ਼ੀ ਅਧਿਕ ਹੀ ਸਿਖ ਪਰ ਕੀਨਿ। ਜਨਮ ਮਰਨ ਬੰਧਨ ਕਟਿ ਦੀਨ॥੪੨॥

ਉਨ੍ਹਾਂ ਸਾਰਿਆਂ ਘੋੜਿਆਂ ਦੇ ਰੂਪ ਰੰਗ ਨੂੰ ਵੇਖਿਆ, ਸੁੰਦਰ ਸਰੀਰ ਵਾਲੇ ਵੱਡੇ ਬਲਵਾਨ ਸਨ। ਗੁਰੂ ਜੀ ਨੇ ਉਸ ਸਿੱਖ ਤੇ ਬਹੁਤ ਖੁਸ਼ੀ ਕੀਤੀ, ਉਸ ਦੇ ਜਨਮ ਮਰਨ ਦੇ ਬੰਧਨਾਂ ਨੂੰ ਕੱਟ ਦਿੱਤਾ॥੪੨॥

ਅਪਰ ਸਿੱਖ ਸੰਗਤ ਗਨ ਸਾਰੇ। ਜਸ ਇੱਛਾ ਧਰਿ ਗੁਰੂ ਨਿਹਾਰੇ।
ਸਭਿ ਕੀ ਤਬਿ ਪੂਰਨ ਕਰਿ ਦਈ। ਅਧਿਕ ਪ੍ਰੀਤਿ ਆਗੇ ਉਪਜਈ॥ ੪੩॥

ਹੋਰ ਸਿੱਖ ਸੰਗਤ ਦੇ ਜਿੰਨੇ ਵੀ ਪ੍ਰਾਣੀ ਆਏ ਸਨ, ਜਿਹੜੀ ਵੀ ਇੱਛਾ ਧਾਰ ਕੇ ਉਨ੍ਹਾਂ ਗੁਰੂ ਜੀ ਨੂੰ ਵੇਖਿਆ ਸੀ, ਸਾਰਿਆਂ ਦੀ ਮਨੋਕਾਮਨਾ ਪੂਰੀ ਕਰ ਦਿੱਤੀ ਤੇ ਅੱਗੇ ਵਾਸਤੇ ਬਹੁਤ ਪ੍ਰੀਤ ਉਤਪੰਨ ਕਰ ਦਿੱਤੀ॥੪੩॥

ਸੁੰਦਰ ਬਦਨ ਚੰਦ ਮਾਨਿੰਦ। ਮੁਦਤਿ ਦੇਖਿ ਸ੍ਰੀ ਹਰਿ ਗੋਵਿੰਦ।
ਹਰਖੇ ਮਨ ਬਾਂਛਤਿ ਕੋ ਪਾਇ। ਨਰ ਤਨ ਅਪਨੇ ਕੋ ਸਫਲਾਇ॥ ੪੪॥

ਚੰਦ ਵਰਗੇ ਸੁੰਦਰ ਮੁੱਖ ਵਾਲੇ ਸ੍ਰੀ ਹਰਿਗੋਬਿੰਦ ਜੀ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ। ਮੂੰਹ ਮੰਗੀਆਂ ਮੁਰਾਦਾਂ ਪਾ ਕੇ ਬਹੁਤ ਖੁਸ਼ ਹੋਏ, ਉਨ੍ਹਾਂ ਨੇ ਆਪਣੇ ਮਨੁੱਖਾ ਜਨਮ ਨੂੰ ਸਫਲ ਕਰ ਲਿਆ॥੪੪॥

ਕੇਤਿਕ ਦਿਨ ਦਰਸ਼ਨ ਕੋ ਕਰਿਕੈ। ਸੰਗਤਿ ਗਮਨੀ ਮੁਦ ਉਰ ਧਰਿਕੈ।
ਅਨਿਕ ਪ੍ਰਕਾਰ ਗੁਰੂ ਜਸ ਕਹਿਤੇ। ਦਿਨ ਮਹਿਂ ਚਲਤਿ, ਨਿਸਾ ਮਹਿਂ ਰਹਿਤੇ॥੪੫॥

ਕਈ ਦਿਨ ਦਰਸ਼ਨ ਕਰਕੇ ਸੰਗਤ ਹਿਰਦੇ ਵਿਚ ਅਨੰਦ ਧਾਰ ਕੇ ਚਲੀ ਗਈ। ਅਨੇਕ ਪ੍ਰਕਾਰ ਗੁਰੂ ਜੀ ਦਾ ਜੱਸ ਕਹਿੰਦੇ ਸਨ, ਦਿਨ ਸਮੇਂ ਚਲਦੇ ਸਨ, ਤੇ ਰਾਤ ਨੂੰ ਠਹਿਰ ਕੇ ਆਰਾਮ ਕਰਦੇ ਸਨ॥੪੫॥

'ਤੁਰਕ ਬਿਨਾਸ਼ਕ ਗੁਰੁ ਅਵਤਾਰੀ। ਚਹੁਂ ਦਿਸ਼ਿ ਕੀ ਸੰਗਤਿ ਸੁਖਕਾਰੀ'।
ਇੱਤਜਾਦਿਕ ਕੀਰਤਿ ਕੋ ਭਾਖਤਿ। ਸੁਨਹਿ ਅਪਰ ਸੋ ਦਰਸ਼ਨ ਕਾਂਖਤਿ॥੪੬॥

ਕਹਿੰਦੇ ਸਨ, "ਤੁਰਕਾਂ ਦਾ ਨਾਸ਼ ਕਰਨ ਵਾਲੇ ਗੁਰੂ ਅਵਤਾਰ ਚਾਰੇ ਪਾਸਿਆਂ ਦੀ ਸੰਗਤ ਦੇ ਸੁਖ ਦਾਤੇ ਹਨ" ਇਤਿਆਦਿ ਸਿਫਤਾਂ ਕਰਦੇ ਸਨ, ਜਿਹੜੇ ਦੂਸਰੇ ਸੁਣਦੇ ਸਨ, ਉਨ੍ਹਾਂ ਦੇ ਮਨ ਵਿਚ ਦਰਸ਼ਨਾਂ ਦੀ ਰੀਝ ਪੈਦਾ ਹੁੰਦੀ ਸੀ॥੪੬॥

ਛੇਵੀਂ ਰਾਸ ਦਾ ਪੰਜਤਾਲੀਵਾਂ ਅਧਿਆਇ ਸਮਾਪਤ ਹੋਇਆ॥੪੫॥

# ਅਧਿਆਇ ਛਤਾਲੀਵਾਂ

## ਸ਼ੁਧ ਜਪੁਜੀ ਪਾਠ

ਦੋਹਰਾ-ਸ੍ਰੀ ਗੁਰੁ ਹਰਿ ਗੋਬਿੰਦ ਜੀ ਪ੍ਰਭੁ ਜੋਧਾ ਬਲਵਾਨ।
ਸ਼ੌਕ ਬਿਲੰਦ ਤੁਰੰਗ ਕੋ ਚਢਹਿਂ ਪ੍ਰੀਤਿ ਕੋ ਠਾਨਿ॥ ੧॥

ਸ੍ਰੀ ਗੁਰੂ ਹਰਿਗੋਬਿੰਦ ਜੀ ਪ੍ਰਭੂ ਬਲਵਾਨ ਯੋਧੇ ਹਨ, ਉਨ੍ਹਾਂ ਨੂੰ ਵੱਡੇ ਬਲਵਾਨ ਘੋੜੇ ਤੇ ਪ੍ਰੀਤ ਨਾਲ ਚੜ੍ਹਨ ਦਾ ਸ਼ੌਕ ਹੈ॥੧॥

ਚੌਪਈ- ਪੰਚ ਪਵੰਗਮ ਲਗੇ ਤਬੇਲੇ। ਸੇਵਕ ਲਾਗੇ ਕਰਨਿ ਸੁਹੇਲੇ।
ਪੁਨ ਸਤਿ ਗੁਰੁ ਇਕ ਇਕ ਫਿਰਵਾਯੋ। ਫਾਂਧਨਿ ਚੰਚਲ ਬੇਗ ਧਵਾਯੋ ॥੨ ॥

ਪੰਜੇ ਘੋੜੇ ਤਬੇਲੇ ਵਿਚ ਬੰਨ੍ਹ ਦਿੱਤੇ, ਸੇਵਕ ਉਨ੍ਹਾਂ ਘੋੜਿਆਂ ਦੀ ਸੇਵਾ ਕਰਨ ਲੱਗੇ। ਫਿਰ ਗੁਰੂ ਜੀ ਨੇ ਇਕ-ਇਕ ਘੋੜੇ ਤੇ ਚੜ੍ਹ ਕੇ ਉਸ ਨੂੰ ਫੇਰਿਆ, ਉਨ੍ਹਾਂ ਨੂੰ ਕੁਦਵਾਇਆ ਅਤੇ ਬਹੁਤ ਤੇਜ਼ ਭਜਾਇਆ॥੨॥

ਤਿਨ ਪੰਚਹੁਂ ਮੈਂ ਏਕ ਭਲੇਰੋ। ਚੰਚਲ ਬਲ ਮੈਂ ਬੇਗ ਬਡੇਰੋ।
ਸ੍ਰੀ ਹਰਿ ਗੋਵਿੰਦ ਆਪ ਚਰ੍ਹਨਿ ਕੋ। ਰਖਵਾਯਹੁ ਕਹਿ,ਸੁਸ਼ਟ ਬਰਨ ਕੋ ॥੩ ॥

ਉਨ੍ਹਾਂ ਪੰਜਾਂ ਵਿਚ ਇਕ ਵਧੀਆ ਸੀ, ਉਹ ਬੜਾ ਚੰਚਲ, ਸ਼ਕਤੀਸ਼ਾਲੀ ਅਤੇ ਬੜਾ ਤੇਜ਼ ਸੀ। ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਕਹਿ ਕੇ ਉਸ ਸ੍ਰੇਸ਼ਟ ਰੰਗ ਵਾਲੇ ਘੋੜੇ ਨੂੰ ਆਪਣੇ ਚੜ੍ਹਨ ਵਾਸਤੇ ਰੱਖ ਲਿਆ॥੩॥

ਜ਼ੀਨ ਜਰਾਊ ਜਰੇ ਜਵਾਹਰਿ। ਜਬਰ ਜ਼ੇਬ ਜਗਮਗ ਜਿਸ ਜ਼ਾਹਰ।
ਸੁੰਦਰ ਕੋਰਦਾਰ ਬਰ ਹੀਰੇ। ਜੋਗ ਥਾਨ ਕੇ ਜਾਨਤਿ ਚੀਰੇ॥ ੪॥

ਕਾਠੀ ਨੂੰ ਜੜਾਊ ਹੀਰੇ ਜਵਾਹਰਾਤ ਜੜੇ ਸਨ ਜਿਨ੍ਹਾਂ ਦੀ ਚਮਕ ਜਗਮਗ ਕਰਕੇ ਪ੍ਰਗਟ ਹੋ ਰਹੀ ਸੀ ਤੇ ਸੋਹਣੇ ਸ੍ਰੇਸ਼ਟ ਹੀਰੇ ਜਿਸ-ਜਿਸ ਥਾਂ ਤੇ ਜੜੇ ਸਨ, ਉਸੇ-ਉਸੇ ਥਾਂ ਦੇ ਮੁਤਾਬਿਕ ਜਾਣਕੇ ਚੀਰੇ ਹੋਏ ਸਨ॥੪॥

ਅਪਰ ਅਜਾਇਬ ਜੁਕਤਿ ਬਨਜੋ ਹੈ। ਸੁ ਵਰਨ ਸ਼ੋਭਤਿ ਸ੍ਵਰਨ ਸਨਜੋ ਹੈ।
ਐਸੋ ਤੁਰੰਗ ਸੁਗਮ ਨਹਿਂ ਆਵੈ। ਜੋ ਸਤਿਗੁਰ ਕੇ ਮਨ ਮਹਿਂ ਭਾਵੈ ॥੫ ॥

ਹੋਰ ਵੀ ਅਜੀਬ ਯੁਕਤੀ ਨਾਲ ਬਣਾਇਆ ਹੈ, ਸੋਨੇ ਸਮੇਤ ਸ੍ਰੇਸ਼ਟ ਰੰਗ ਸ਼ੋਭਦਾ ਹੈ, ਐਸਾ ਘੋੜਾ ਆਸਾਨੀ ਨਾਲ ਨਹੀਂ ਮਿਲਦਾ ਹੈ, ਜਿਹੜਾ ਸਤਿਗੁਰੂ ਜੀ ਦੇ ਮਨ ਨੂੰ ਭਾਅ ਜਾਵੇ॥੫॥

ਕਰਜੋ ਹੁਕਮ 'ਆਨਹੁ ਕਰਿ ਤਯਾਰ'। ਦਾਸਨ ਤਤਛਿਨ ਮਾਂਹਿ ਸ਼ਿੰਗਾਰ।
ਰੇਸ਼ਮ ਡੋਰ ਗਹੇ ਕਰ ਆਨਜੋ। ਧੰਨਭਾਗ ਜੁਤਿ ਸਭਿ ਨੇ ਜਾਨਜੋ ॥ ੬ ॥

ਗੁਰੂ ਜੀ ਨੇ ਹੁਕਮ ਕੀਤਾ, "ਇਸ ਘੋੜੇ ਨੂੰ ਤਿਆਰ ਕਰਕੇ ਲਿਆਵੋ" ਸੇਵਕਾਂ ਨੇ ਤੁਰਤ ਹੀ ਉਸ ਘੋੜੇ ਨੂੰ ਸ਼ਿੰਗਾਰ ਦਿੱਤਾ। ਰੇਸ਼ਮ ਦੇ ਰੱਸੇ ਨਾਲ ਬੰਨ੍ਹ ਕੇ ਲੈ ਆਏ, ਸਾਰਿਆਂ ਨੇ ਆਪਣੇ ਆਪ ਨੂੰ ਧੰਨ ਭਾਗ ਸਹਿਤ ਜਾਣਿਆ॥੬॥

ਤਨ ਕੋ ਬਰਨ ਦਿਪਤਿ ਇਸ ਭਾਂਤੀ। ਮਨਹੁਂ ਤਾਫਤਾ ਸੁੰਦਰ ਕਾਂਤੀ।
ਜੁਗਮ ਸ਼੍ਰੋਨ ਲਘੁ ਸੁੰਦਰ ਖਰੇ। ਆਯੁਤ ਛਾਤੀ ਲੋਚਨ ਖਰੇ॥ ੭॥

ਘੋੜੇ ਦੇ ਸਰੀਰ ਦਾ ਰੰਗ ਇਸ ਪ੍ਰਕਾਰ ਚਮਕਦਾ ਹੈ ਮਾਨੋਂ ਸੋਹਣੀ ਦਮਕ ਦਾ ਪਸ਼ਮੀਨੇ ਦਾ ਕਪੜਾ ਹੈ ਜੋ ਨਰਮ ਹੋਣ ਕਰਕੇ ਲੁਸ-ਲੁਸ ਕਰਦਾ ਹੈ ਤੇ ਚਮਕਦਾ ਹੈ, ਦੋਵੇਂ ਕੰਨ ਛੋਟੇ ਹਨ, ਪਰ ਖੜੇ ਕੀਤੇ ਸੁੰਦਰ ਲੱਗਦੇ ਹਨ। ਚੌੜੀ ਛਾਤੀ ਹੈ ਤੇ ਅੱਖਾਂ ਸੁੰਦਰ ਹਨ॥ ੭॥

ਅਲਪ ਗਾਮਚੀ, ਸੁੰਮ ਬਡੇਰੇ। ਬੰਕੀ ਗ੍ਰੀਵ ਚਲਹਿ ਜਿਸ ਬੇਰੇ।
ਸਿਮਰਿ ਗੁਰੂ ਸ੍ਰੀ ਨਾਨਕ ਆਦਿ। ਚਢੇ ਸ਼ਸਤ੍ਰ ਧਾਰੀ ਅਹਿਲਾਦ॥ ੮॥

ਸੁੰਮ ਤੋਂ ਉਪਰਲਾ ਤੇ ਗਿੱਟੇ ਤੋ ਹੇਠਲਾ ਭਾਗ ਛੋਟਾ ਹੈ ਤੇ ਸੁੰਮ ਵੱਡੇ ਹਨ, ਜਿਸ ਵੇਲੇ ਚਲਦਾ ਹੈ ਤਾਂ ਧੌਣ ਬੜੀ ਬਾਂਕੀ ਲੱਗਦੀ ਹੈ। ਸ੍ਰੀ ਗੁਰੂ ਹਰਿਗੋਬਿੰਦ ਜੀ ਸ੍ਰੀ ਗੁਰੂ ਨਾਨਕ ਦੇਵ ਆਦਿ ਗੁਰੂ ਸਾਹਿਬਾਨ ਨੂੰ ਯਾਦ ਕਰਕੇ ਵੱਡੇ ਸ਼ਸਤਰ ਧਾਰਨ ਕਰਕੇ ਘੋੜੇ ਤੇ ਚੜ੍ਹ ਪਏ॥੮॥

ਸੁੰਦਰ ਚਾਲ ਪਾਇ ਕਰਿ ਫੇਰਾ। ਰੋਕਤਿ ਚਾਹਤਿ ਬੇਗ ਬਡੇਰਾ।
ਬਹੁਰੋ ਲਾਰਾ ਛੋਰਨਿ ਕੀਨਿ। ਕਰਤਿ ਓਜ ਗੁਰੁ ਧੀਰਜ ਦੀਨਿ॥ ੯॥

ਸੁੰਦਰ ਚਾਲੇ ਪਾ ਕੇ ਫੇਰਿਆ, ਰੋਕਣਾ ਚਾਹੁੰਦੇ ਹਨ, ਬਹੁਤ ਤੇਜ ਹੈ ਛੇੜ ਕੇ ਫਿਰ ਦੁੜਕੀ ਚਾਲੇ ਪਾ ਲਿਆ। ਬਹੁਤ ਸ਼ਕਤੀ ਲਾਉਂਦਾ ਹੈ, ਗੁਰੂ ਜੀ ਧੀਰਜ ਦਿੰਦੇ ਹਨ॥੯॥

ਛੋਟੀ ਚਾਲ ਉਛਾਲਨਿ ਕਰੇ। ਗਿਨ ਗਿਨ ਚਰਨ ਮਨਹੁੰ ਧਰਿ ਧਰੇ।
ਬਹੁਰ ਧਵਾਇ ਬੇਗ ਕੋ ਹੇਰਾ। ਭਾਖਤਿ ਕਵਿ ਤਿਹ ਸੁਜਸ ਬਡੇਰਾ॥ ੧੦॥

ਛੋਟੀ ਚਾਲੇ ਉਛਲਦਾ ਹੈ, ਮਾਨੋਂ ਧਰਤੀ ਤੇ ਗਿਣ ਗਿਣ ਕੇ ਪੈਰ ਧਰਦਾ ਹੈ। ਫਿਰ ਉਸਨੂੰ ਭਜਾ ਕੇ ਉਸ ਦੀ ਤੇਜ਼ੀ ਨੂੰ ਵੇਖਿਆ, ਕਵੀ ਉਸਦਾ ਵੱਡਾ ਸ੍ਰੇਸ਼ਟ ਜੱਸ ਬਿਆਨ ਕਰਦਾ ਹੈ॥ ੧੦॥

ਜਨੁ ਬਾਜੀ ਮੇਲੀ ਬਡ ਬਾਜੀ। ਨਟ ਬਾਜੀ ਜਿਸ ਦੇਖਤਿ ਲਾਜੀ।
ਪੌਨ ਗੌਨ ਕੋ ਕੀਨਿ ਪਿਛੇਰੇ। ਬਪੁਰੇ ਮ੍ਰਿੱਗ ਕਹਾਂ ਸਮ ਦੌਰੈਂ॥ ੧੧॥

ਘੋੜੇ ਨੇ ਮਾਨੋਂ ਬਾਜ਼ੀ ਪਾਈ ਹੈ, ਜਿਸ ਨੂੰ ਵੇਖ ਕੇ ਨਟ ਦੀ ਬਾਜ਼ੀ ਵੀ ਲਜਿਤ ਹੁੰਦੀ ਹੈ। ਹਵਾ ਦੇ ਵੇਗ ਨੂੰ ਵੀ ਪਿੱਛੇ ਛੱਡ ਦਿੱਤਾ, ਵਿਚਾਰੇ ਹਿਰਨ ਕੀ ਹਨ, ਜਿਹੜੇ ਉਸ ਬਰਾਬਰ ਦੌੜ ਸਕਣ॥੧੧॥

ਮਨ ਕੇ ਸਾਥ ਸਖਾਪਨ ਧਾਰੈ। ਜਨੁ ਚਪਲਾ ਕੋ ਚਪਲ ਸਿਖਾਰੈ।
ਨਯਨ ਨਾਗਰੀ ਤੇ ਹੁਇ ਆਗਰ। ਕਿਧੌਂ ਜੂਪ ਕੋ ਦਾਵ ਉਜਾਗਰ॥ ੧੨॥

ਮਨ ਦੇ ਨਾਲ ਸਖਾਪਣ ਧਾਰਨ ਕਰਦਾ ਹੈ, ਮਾਨੋਂ ਬਿਜਲੀ ਨੂੰ ਵੀ ਚੰਚਲਤਾਈ ਸਿਖਾਉਂਦਾ ਹੈ। ਨੈਣ ਇਸਤਰੀ ਦੇ ਨੈਣਾਂ ਤੋਂ ਵੀ ਵਧ ਕੇ ਸੁੰਦਰ ਹਨ, ਮਾਨੋਂ ਜੂਏ ਦਾ ਦਾਅ ਪ੍ਰਗਟ ਹੋ ਰਿਹਾ ਹੈ॥੧੨॥

ਛਾਤੀ ਛੁਵੈਂ ਛਾਲ ਪਗ ਦੌਨ। ਛਿਤ ਲਗਿ ਪਾਛਿਲ ਪਾਇ ਸੁ ਔਨ।
ਥਰਕਤਿ ਮਨਹੁਂ ਥਾਰ ਮਹਿਂ ਮੋਤੀ। ਜਨੁ ਜਲ ਮਛਲੀ ਇਤਉਤ ਹੋਤੀ॥੧੩॥

ਛਾਲ ਮਾਰਨ ਸਮੇਂ ਦੋਵੇਂ ਅਗਲੇ ਪੈਰ ਛਾਤੀ ਨੂੰ ਛੂੰਹਦੇ ਹਨ। ਪਿਛਲੇ ਪੈਰ ਕੇਵਲ ਛੂਹਣ ਮਾਤਰ ਹੀ ਧਰਤੀ ਨੂੰ ਲੱਗਦੇ ਆਉਂਦੇ ਹਨ। ਜਿਵੇਂ ਥਾਲ ਵਿਚ ਮੋਤੀ ਥਰਕਦੇ ਹਨ, ਜਿਵੇਂ ਜਲ ਵਿਚ ਮੱਛੀ ਏਧਰ ਓਧਰ ਹੁੰਦੀ ਹੈ॥੧੩॥

ਸਭਿ ਬਿਧਿ ਪਿਖਿ ਸ੍ਰੀ ਹਰਿ ਗੋਵਿੰਦ। ਚਢਿ ਕਰਿ ਭਏ ਅਨੰਦ ਬਿਲੰਦ।
ਕਰਿ ਪਸੰਦ ਇਕ ਰਾਖਯੋ ਆਪ। ਜਿਹ ਆਰੂਢਿ ਪਾਪੀ ਨਰ ਖਾਪਿ॥ ੧੪॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਸਭ ਵਿਧੀਆਂ ਨਾਲ ਵੇਖ ਕੇ, ਘੋੜੇ ਤੇ ਚੜ੍ਹ ਕੇ ਬਹੁਤ ਅਨੰਦ ਪ੍ਰਸੰਨ ਹੋਏ। ਪਸੰਦ ਕਰਕੇ ਇਕ ਘੋੜਾ ਆਪਣੇ ਪਾਸ ਰੱਖਿਆ, ਜਿਸ ਦੇ ਸਵਾਰੀ ਕਰਨ ਨਾਲ ਪਾਪੀ ਮਨੁੱਖਾਂ ਦਾ ਪਾਪ ਨਾਸ਼ ਹੋ ਜਾਂਦਾ ਹੈ॥੧੪॥

ਅਪਰ ਪਿਖਜੋ ਸੁੰਦਰ ਬਲ ਪੀਨ। ਬਿਧੀ ਚੰਦ ਕੋ ਬਾਜੀ ਦੀਨਿ।
ਹੁਇ ਅਰੂਢ ਤਿਨ ਫੇਰਿ ਦਿਖਾਯੋ। ਮਨਹੁਂ ਪੌਨ ਕੋ ਪੂਤ ਸੁਹਾਯੋ॥ ੧੫॥

ਹੋਰ ਜਿਹੜਾ ਸੁੰਦਰ ਅਤੇ ਸ਼ਕਤੀਸ਼ਾਲੀ ਘੋੜਾ ਵੇਖਿਆ, ਉਸ ਘੋੜੇ ਨੂੰ ਬਿਧੀ ਚੰਦ ਨੂੰ ਦੇ ਦਿੱਤਾ, ਬਿਧੀ ਚੰਦ ਨੇ ਉਸ ਤੇ ਸਵਾਰ ਹੋ ਕੇ ਵਿਖਾਇਆ, ਉਹ ਏਨਾ ਤੇਜ਼ ਸੀ, ਮਾਨੋਂ ਪਵਨ ਦਾ ਪੁੱਤਰ ਸ਼ੋਭਾ ਪਾ ਰਿਹਾ ਹੋਵੇ॥੧੫॥

ਲੇ ਕਰਿ ਭਯੋ ਅਨੰਦਤਿ ਭਾਈ। ਸ੍ਰੀ ਗੁਰੁ ਪਾਇਨ ਸੀਸ ਝੁਕਾਈ।
ਪੁਨ ਤ੍ਰਿਤੀਆ ਘੋਰਾ ਮੰਗਵਾਇ। ਊਪਰ ਸੁੰਦਰ ਜ਼ੀਨ ਸੁਹਾਇ॥ ੧੬॥

ਭਾਈ ਬਿਧੀ ਚੰਦ ਉਹ ਘੋੜਾ ਲੈ ਕੇ ਬਹੁਤ ਅਨੰਦਿਤ ਹੋ ਗਿਆ ਤੇ ਗੁਰੂ ਜੀ ਦੇ ਪੈਰਾਂ ਤੇ ਉਸ ਸਿਰ ਝੁਕਾਇਆ। ਫਿਰ ਤੀਸਰਾ ਘੋੜਾ ਮੰਗਵਾਇਆ, ਜਿਸ ਉੱਤੇ ਸੁੰਦਰ ਕਾਠੀ ਸ਼ੋਭ ਰਹੀ ਸੀ॥੧੬॥

ਸ੍ਰੀ ਗੁਰੁਦਿੱਤੇ ਹੇਤੁ ਪੁਚਾਯੋ। ਲੇ ਕਰਿ ਸੇਵਕ ਤਤਛਿਨ ਆਯੋ।
ਗੋਇੰਦਵਾਲ ਪਹੂਚਯੋ ਜਾਇ। ਦੇ ਕਰਿ ਗਰੁ ਸੁਧਿ ਸਕਲ ਸੁਨਾਇ॥ ੧੭॥

ਉਸ ਨੂੰ ਸ੍ਰੀ ਗੁਰਦਿੱਤੇ ਵਾਸਤੇ ਪਹੁੰਚਾ ਦਿੱਤਾ, ਸੇਵਕ ਤੁਰਤ ਲੈ ਕੇ ਗਿਆ ਤੇ ਗੋਇੰਦਵਾਲ ਪਹੁੰਚ ਗਿਆ, ਘੋੜਾ ਦੇ ਕੇ ਉਸ ਗੁਰੂ ਜੀ ਬਾਰੇ ਸਾਰੀ ਖ਼ਬਰ ਸੁਣਾਈ॥੧੭॥

ਚੌਥੇ ਤੁਰੰਗ ਹਜ਼ੂਰ ਹਕਾਰਾ। ਜ਼ੀਨ ਬਿਭੂਖਨ ਜੁਕਤਿ ਸ਼ਿੰਗਾਰਾ।
ਪੈਂਦੇਖਾਨ ਸਮੀਪ ਪਠਾਯੋ। ਸੋ ਲੈ ਕਰਿ ਉਰ ਮਹਿਂ ਹਰਖਾਯੋ॥ ੧੮॥

ਗੁਰੂ ਜੀ ਨੇ ਫਿਰ ਚੌਥੇ ਘੋੜੇ ਨੂੰ ਲਿਆਉਣ ਵਾਸਤੇ ਕਿਹਾ। ਉਸ ਦੀ ਕਾਠੀ ਸੁੰਦਰ ਗਹਿਣਿਆਂ ਨਾਲ ਸ਼ਿੰਗਾਰੀ ਹੋਈ ਸੀ ਉਸ ਨੂੰ ਪੈਂਦੇ ਖ਼ਾਂ ਦੇ ਪਾਸ ਭੇਜਿਆ, ਉਹ ਘੋੜੇ ਨੂੰ ਪ੍ਰਾਪਤ ਕਰਕੇ ਬਹੁਤ ਪ੍ਰਸੰਨ ਹੋਇਆ॥੧੮॥

ਏਕ ਤੁਰੰਗ ਸ਼ੇਖ ਰਹਿ ਗਯੋ। ਖਾਸ ਤਬੇਲੇ ਮਹਿਂ ਰਖਿ ਲਯੋ।
ਇਕ ਦਿਨ ਬੈਠਿ ਦਿਵਾਨ ਮਝਾਰਾ। ਸੁਭਟ ਸਿੱਖ ਤਹਿਂ ਸੁਭਤਿ ਹਜ਼ਾਰਾ॥੧੯॥

ਇਕ ਘੋੜਾ ਫਿਰ ਬਾਕੀ ਰਹਿ ਗਿਆ, ਉਸ ਨੂੰ ਵਿਸ਼ੇਸ਼ ਤੌਰ ਤੇ ਤਬੇਲੇ ਵਿਚ ਰੱਖ ਲਿਆ। ਇਕ ਦਿਨ ਗੁਰੂ ਜੀ ਦੀਵਾਨ ਦੇ ਵਿਚ ਬੈਠੇ ਹੋਏ ਸਨ, ਹਜ਼ਾਰਾਂ ਸਿੱਖ ਸੂਰਬੀਰ ਉਥੇ ਸ਼ੋਭ ਰਹੇ ਸਨ॥੧੯॥

ਸਭਿਨਿ ਸੁਨਾਇ ਮੁਕੰਦ ਬਖਾਨੀ। 'ਕੋ ਸਿਖ ਸੁੱਧ ਪਠਹਿ ਗੁਰੁ ਬਾਨੀ।
ਜਥਾ ਜੋਗ ਮਾਤ੍ਰਾ ਅਰੁ ਬਰਣ। ਪਠਹਿ ਸੰਭਾਰਿ ਸੁਨਾਵਹਿ ਕਰਣ॥ ੨੦॥

ਸਾਰਿਆਂ ਨੂੰ ਸੁਣਾ ਕੇ ਗੁਰੂ ਜੀ ਨੇ ਫ਼ਰਮਾਇਆ, "ਕਿਹੜਾ ਸਿੱਖ ਸ਼ੁਧ ਗੁਰਬਾਣੀ ਪੜ੍ਹਦਾ ਹੈ, ਯਥਾ ਯੋਗ ਮਾਤਰਾਂ, ਲਗਾਂ ਤੇ ਅੱਖਰਾਂ ਨੂੰ, ਮਨ ਨੂੰ ਸੰਭਾਲ ਕੇ ਪੜ੍ਹ ਕੇ ਸੁਣਾਏ"॥੨੦॥

ਸੁਨਿ ਗਨ ਸਿੱਖ ਹਾਥ ਕੋ ਜੋਰਿ। ਕਹੈਂ 'ਗੁਰੂ ਹਮ ਤੁਮਰੇ ਜ਼ੋਰ।
ਨਿਤ ਹੀ ਪਾਠ ਕਰਹਿਂ ਗੁਰ ਬਾਨੀ। ਕੰਠ ਹਮਾਰੇ ਅਹੈ ਮਹਾਨੀ॥ ੨੧॥

ਇਹ ਸੁਣ ਕਈ ਸਿੱਖ ਹੱਥ ਜੋੜ ਕੇ ਕਹਿਣ ਲੱਗੇ, "ਅਸੀਂ ਤੁਹਾਡੀ ਸ਼ਕਤੀ ਨਾਲ ਪੜ੍ਹ ਸਕਦੇ ਹਾਂ, ਨਿਤ ਹੀ ਗੁਰਬਾਣੀ ਦਾ ਪਾਠ ਕਰਦੇ ਹਾਂ ਇਹ ਮਹਾਨ ਬਾਣੀ ਸਾਨੂੰ ਕੰਠ ਹੋਈ ਹੈ॥੨੧॥

ਛੇਮ ਹੇਤੁ, ਹਮ ਨੇਮ ਸਮੇਤਾ। ਰਟਹਿਂ ਪ੍ਰੇਮ ਤੇ, ਕਟਹਿਂ ਕੁਹੇਤਾ।
ਸੁਨਿ ਪੁਨ ਗੁਰੂ ਭਨਯੋ 'ਹੈ ਨੀਕੀ। ਗੁਰੁਬਾਨੀ ਸੰਗਿ ਪ੍ਰੀਤੀ ਹੀ ਕੀ॥ ੨੨॥

ਮੁਕਤੀ ਵਾਸਤੇ, ਅਸੀਂ ਨੇਮ ਨਾਲ ਪੜ੍ਹਦੇ ਹਾਂ, ਪ੍ਰੇਮ ਨਾਲ ਬਾਣੀ ਜ਼ਬਾਨੀ ਯਾਦ ਕਰਦੇ ਹਾਂ, ਜਿਹੜੀ ਮੁਕਤੀ ਦੇ ਪ੍ਰਤਿਬੰਧਕ ਸਮਾਨਾਂ ਨੂੰ ਕੱਟਦੀ ਹੈ।" ਫਿਰ ਗੁਰੂ ਜੀ ਨੇ ਕਿਹਾ, "ਚੰਗੀ ਗੱਲ ਹੈ, ਗੁਰਬਾਣੀ ਨਾਲ ਬੜੀ ਪ੍ਰੀਤ ਕਰਨੀ ਚਾਹੀਦੀ ਹੈ॥੨੨॥

ਤਊ ਸਿੱਖ ਜੋ ਹੁਇ ਬੁਧਿਵੰਤਾ। ਕਰਤਿ ਪ੍ਰੇਮ ਲਖਿ ਸ਼ੁੱਧ ਪਠੰਤਾ।
ਸੋ ਅਬਿ ਸਨਮੁਖ ਥਿਰਹਿ ਹਮਾਰੇ। ਜਪੁਜੀ ਪਾਠ ਕਰਹਿ ਨਿਰਧਾਰੇ॥ ੨੩॥

ਫਿਰ ਵੀ ਜਿਹੜੇ ਬੁਧੀਵਾਨ ਸਿੱਖ ਹੋਏ ਹਨ ਉਹ ਪ੍ਰੇਮ ਕਰਦੇ ਹਨ ਤੇ ਵੇਖ ਕੇ ਸ਼ੁੱਧ ਪਾਠ ਕਰਦੇ ਹਨ। ਉਹ ਸਿੱਖ ਹੁਣ ਸਾਡੇ ਸਾਹਮਣੇ ਖੜਾ ਹੋਵੇ ਤੇ ਜਪੁਜੀ ਸਾਹਿਬ ਦਾ ਪਾਠ ਕਰੇ॥੨੩॥

ਸ਼ੁੱਧ ਸੁਨਾਇ ਰਿਝਾਵਹਿ ਮੋਹੀ। ਮਨ ਬਾਂਛਤਿ ਫਲ ਪ੍ਰਾਪਤਿ ਹੋਹੀ।
ਨਹਿਂ ਅਦੇਯ ਵਸਤੂ ਪੁਨ ਕੋਨ। ਜਿਮ ਜਾਚਹਿ ਹਮ ਦੈ ਹੈਂ ਤੋਨ॥ ੨੪॥

ਜਿਹੜਾ ਸ਼ੁਧ ਪਾਠ ਸੁਣਾ ਕੇ ਸਾਨੂੰ ਪ੍ਰਸੰਨ ਕਰੇਗਾ, ਉਹ ਮਨ-ਚਾਹਤ ਫਲ ਪ੍ਰਾਪਤ ਕਰੇਗਾ, ਫਿਰ ਨਾ ਦੇਣ ਵਾਲੀ ਕੋਈ ਵੀ ਵਸਤੂ ਨਹੀਂ ਰਹੇਗੀ ਜੋ ਵੀ ਮੰਗੇਗਾ, ਅਸੀਂ ਉਸ ਨੂੰ ਦੇਵਾਂਗੇ"॥੨੪॥

ਇਸ ਬਿਧਿ ਪੁਨ ਜਬਿ ਸਤਿਗੁਰ ਕਹਜੋ। ਸਭਿਨਿ ਬਿਚਾਰਿ ਗੁਰੂ ਰੁਖ ਲਹਜੋ।
ਇਕ ਸਿਖ ਗੁਰੁਮੁਖ ਨਾਮ ਗੁਪਾਲਾ। ਹਾਥ ਜੋਰਿ ਕਹਿ 'ਸੁਨਹੁ ਕ੍ਰਿਪਾਲਾ !॥੨੫॥

ਇਸ ਤਰ੍ਹਾਂ ਸਤਿਗੁਰੂ ਜੀ ਨੇ ਜਦ ਫਿਰ ਕਿਹਾ, ਤਾਂ ਸਾਰਿਆ ਨੇ ਵਿਚਾਰ ਕੇ ਗੁਰੂ ਜੀ ਦੇ ਆਸ਼ੇ ਨੂੰ ਸਮਝਿਆ। ਇਕ ਸਿੱਖ ਬੜਾ ਗੁਰਮੁਖ ਸੀ ਤੇ ਉਸ ਦਾ ਨਾਂ ਗੁਪਾਲਾ ਸੀ, ਉਸ ਨੇ ਹੱਥ ਜੋੜ ਕੇ ਕਿਹਾ, "ਹੇ ਕ੍ਰਿਪਾਲੂ ਗੁਰੂ ਜੀ ! ਸੁਣੋ॥੨੫॥

ਜੋ ਸੇਵਕ ਪ੍ਰਤਿ ਆਇਸੁ ਕਰੀਜਹਿ। ਅਪਨਿ ਕ੍ਰਿਪਾ ਬਲ ਮੋ ਪਰ ਧਰੀਜਹਿ।
ਕਰੋਂ ਸੁਨਾਵਨਿ ਮੈਂ ਥਿਰ ਹੋਇ। ਸ਼ੁੱਧ ਪਾਠ ਜਿਮ ਜਪੁ ਕੋ ਜੋਇ॥ ੨੬॥

ਸੇਵਕ ਪ੍ਰਤਿ ਹੁਣ ਆਪਣੀ ਆਗਿਆ ਕਰੋ ਤੇ ਆਪਣੀ ਕਿਰਪਾ ਦਾ ਬਲ ਮੇਰੇ ਸਿਰ ਤੇ ਧਰੋ, ਮੈਂ ਬੈਠ ਕੇ ਸੁਣਾਵਾਂਗਾ, ਜਿਵੇਂ ਜਪੁਜੀ ਸਾਹਿਬ ਦਾ ਸ਼ੁਧ ਪਾਠ ਵੇਖਦੇ ਹਾਂ"॥੨੬॥

ਸੁਨਤਿ ਗਰੀਬ ਨਿਵਾਜ ਬਖਾਨਾ। 'ਆਛੀ ਬਾਤਿ, ਥਿਰਹੁ ਇਸ ਥਾਨਾ'।
ਨਿਜ ਸਨਮੁਖ ਆਸਨ ਡਸਿਵਾਵਾ। ਕਰਿ ਆਇਸੁ ਤਿਸ ਪਰ ਬੈਠਾਵਾ॥੨੭॥

ਇਹ ਸੁਣਕੇ ਗਰੀਬ ਨਿਵਾਜ ਗੁਰੂ ਜੀ ਨੇ ਕਿਹਾ, "ਚੰਗੀ ਗੱਲ ਹੈ ਇਸ ਥਾਂ ਬੈਠ ਜਾਵੋ।" ਆਪਣੇ ਸਾਹਮਣੇ ਸ੍ਰੀ ਗੁਪਾਲ ਵਾਸਤੇ ਆਸਣ ਡੁਹਾਇਆ ਤੇ ਉਸ ਨੂੰ ਆਗਿਆ ਦੇ ਕੇ ਉਸ ਉਤੇ ਬੈਠਾਇਆ॥੨੭॥

'ਕਰਹੁ ਸੁਨਾਵਨਿ ਸੁਧ ਜਪੁ ਮੋਹੀ। ਜਾਚਹਿਂ ਕਹੈਂ ਜੁ, ਦੇਵੋਂ ਤੋਹੀ'।
ਬੈਠਜੋ ਸਨਮੁਖ ਲਗਜੋ ਉਚਾਰਨਿ। ਸਿਮਰਜੋ ਸ੍ਰੀ ਨਾਨਕ ਸੁਖ ਕਾਰਨਿ॥੨੮॥

ਤੇ ਕਿਹਾ, "ਮੈਨੂੰ ਸ਼ੁਧ ਪਾਠ ਸੁਣਾਵੋ, ਜੋ ਮੰਗੋਗੇ ਉਹੀ ਤੈਨੂੰ ਦੇਵਾਂਗਾ।" ਗੁਪਾਲ ਗੁਰੂ ਜੀ ਦੇ ਸਾਹਮਣੇ ਬੈਠ ਕੇ ਪਾਠ ਸੁਣਾਉਣ ਲੱਗਾ। ਸ੍ਰੀ ਗੁਰੂ ਨਾਨਕ ਦੇਵ ਜੀ ਸੁਖਾਂ ਦੇ ਕਾਰਨ ਨੂੰ ਉਸ ਯਾਦ ਕੀਤਾ॥੨੮॥

ਪੂਰਬ ਕਹਿ 'ਇਕਿ ਓਅੰਕਾਰਾ'। 'ਸਤਿਨਾਮ' ਕੋ ਬਹੁਰ ਉਚਾਰਾ।
ਸ੍ਰੀ ਹਰਿਗੋਵਿੰਦ ਸੁਨਿ ਕਰ ਜੋਰਿ। ਨਮਸਕਾਰ ਕੀਨੀ ਸਿਖ ਓਰਿ॥ ੨੯॥

ਪਹਿਲਾਂ ਇਕ ਓਅੰਕਾਰਾ ਕਹਿ ਕੇ ਫਿਰ 'ਸਤਿਨਾਮ' ਦਾ ਉਚਾਰਣ ਕੀਤਾ, ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਇਹ ਸੁਣ ਕੇ ਹੱਥ ਜੋੜ ਕੇ ਸਿੱਖ ਵਲ ਨਮਸਕਾਰ ਕੀਤੀ॥੨੯॥

ਪਠਜੋ ਮੰਗਲਾਚਰਨ ਬਹੋਰੀ। ਬਰਨਨਿ ਕੀਨਸਿ ਜੋ ਖਟ ਪੌਰੀ।
'ਜੇ ਜੁਗ ਚਾਰੇ' ਜੁਤਿ ਅਨੁਰਾਗ। ਪਠੀ, ਕਹਜੋ ਜਿਸ ਮਹਿਂ ਬੈਰਾਗ॥ ੩੦॥

ਫਿਰ ਮੰਗਲਾਚਰਨ ਪੜ੍ਹਿਆ, ਫਿਰ ਜਿਹੜੀਆਂ ਛੇ ਪੌੜੀਆਂ ਹਨ ਪੜ੍ਹੀਆਂ। 'ਜੇ ਜੁਗ ਚਾਰੇ' ਵਾਲੀ ਪੌੜੀ, ਬੜੇ ਪਿਆਰ ਨਾਲ ਪੜ੍ਹੀ ਤੇ ਉਹ ਪੌੜੀ ਵੀ ਪੜ੍ਹੀ ਜਿਸ ਵਿਚ ਵੈਰਾਗ ਹੈ॥੩੦॥

ਬਹੁਰ ਚਤੁਰ ਪਠਿ 'ਸ੍ਰਵਣ' ਮਹਾਤਮ। ਕਰਿਬੇ ਸ੍ਰਵਣ ਬ੍ਰਹਮ ਅਨੰਦਾਤਮ।
ਬਹੁਰ 'ਮਨਨ' ਕੀ ਪਵਰੀ ਚਾਰ। ਕਰੀ ਸੁਨਾਵਨਿ ਸ਼ੁੱਧ ਉਚਾਰਿ॥ ੩੧॥

ਫਿਰ ਚਾਰ ਪੌੜੀਆਂ 'ਸੁਣਨ' ਦੇ ਮਹਾਤਮ ਦੀਆਂ ਪੜ੍ਹੀਆਂ ਤੇ ਬ੍ਰਹਮ ਬਾਰੇ ਸੁਣ ਕੇ ਮਨ ਨੂੰ ਅਨੰਦਿਤ ਕੀਤਾ। ਫਿਰ ਮੰਨਣ ਦੀਆਂ ਚਾਰ ਪੌੜੀਆਂ ਪੜ੍ਹੀਆਂ, ਉਨ੍ਹਾਂ ਨੂੰ ਸ਼ੁਧ ਉਚਾਰਣ ਕਰਕੇ ਸੁਣਾਇਆ॥੩੧॥

ਪੁਨਹ ਪਠਤਿ ਭਾ 'ਪੰਚ ਪ੍ਰਵਾਨ'। ਨਿੱਧਜਾਸਨ ਜਹਿਂ ਕੀਨਿ ਬਖਾਨ।
'ਤੂ ਸਦਾ ਸਲਾਮਤਿ ਨਿਰੰਕਾਰ'। ਸਖਜਾਤਕਾਰ ਪਰ ਤੁਕ ਇਹ ਚਾਰ॥ ੩੨॥

ਫਿਰ 'ਪੰਚ ਪ੍ਰਵਾਨ' ਦੀ ਪੌੜੀ ਪੜ੍ਹੀ, ਜਿਸ ਵਿਚ ਨਿੱਧਆਸਣ ਹੈ ਉਸ ਦਾ ਵਖਿਆਣ ਕੀਤਾ। ਤੂੰ ਸਦਾ ਸਲਾਮਤ ਨਿਰੰਕਾਰ ਇਹ ਚਾਰ ਤੁਕਾਂ ਸਖਯਾਤਕਾਰ ਉਤੇ ਹਨ॥੩੨॥

ਪਠੀ ਅਸੰਖਨ ਪਵਰੀ ਫੇਰ। ਸ਼ਕਤਿ ਸ਼ਾਂਤਕੀ ਪ੍ਰਥਮ ਸੁ ਹੇਰਿ।
ਬਹੁਰ ਤਾਮਸੀ ਸ਼ਕਤਿ ਬਖਾਨੀ। ਜਿਨ ਕੋ ਅੰਤ ਨ ਕਿਨਹੂੰ ਜਾਨੀ॥ ੩੩॥

ਫੇਰ ਅਸੰਖਾਂ ਵਾਲੀ ਪੌੜੀ ਪੜ੍ਹੀ। ਸ਼ਕਤੀ, ਸ਼ਾਂਤਕੀ ਪਹਿਲਾਂ ਵੇਖਕੇ ਫਿਰ ਤਾਮਸੀ ਸਕਤਿ ਕਹੀ, ਜਿਨ੍ਹਾਂ ਦਾ ਅੰਤ ਕਿਸੇ ਨਹੀਂ ਜਾਣਿਆ ਹੈ॥੩੩॥

ਚਾਰ ਪ੍ਰਕਾਰਨਿ ਬ੍ਰਹਮ ਜੁ ਗ੍ਯਾਨ। ਸਕਲ ਸੁਨਾਵਨ ਕੀਨਿ ਬਖਾਨ।
ਪੁਨ ਬਿਅੰਤਤਾ ਕਹੀ ਬ੍ਰਹਮ ਕੀ। ਜੀਵ ਈਸ਼ ਇਕਤਾ ਕਰਿ ਸਮ ਕੀ॥ ੩੪॥

ਚਾਰ ਪ੍ਰਕਾਰ ਦਾ ਜੋ ਬ੍ਰਹਮਗਿਆਨ ਹੈ, ਸਾਰਾ ਹੀ ਸੁਣਾ ਕੇ ਬਿਆਨ ਕੀਤਾ। ਫਿਰ ਬ੍ਰਹਮ ਦੀ ਬਿਅੰਤਤਾ ਬਾਰੇ ਕਿਹਾ ਤੇ ਜੀਵ ਈਸ਼ ਦੀ ਸਮਤਾ ਕਰ-ਕਰ ਕੇ ਏਕਤਾ ਕਹੀ॥੩੪॥

ਸਨੈ ਸਨੈ ਸਭਿ ਕੀਨਿ ਸੰਭਾਰ। ਮਾਤ੍ਰਾ ਬਰਣ ਭਲੇ ਨਿਰਧਾਰਿ।
ਸੁਨਿ ਸਤਿਗੁਰੁ ਤਬਿ ਰਿਦੇ ਬਿਚਾਰੀ। ਜਪੁ ਕੇ ਸਮ ਕ੍ਯਾ ਵਸਤੁ ਉਦਾਰੀ॥੩੫॥

ਹੌਲੀ-ਹੌਲੀ ਸਾਰੀ ਸੰਭਾਲ ਕੀਤੀ, ਮਾਤਰਾਂ ਲਗਾਂ ਅਤੇ ਅੱਖਰਾਂ ਦਾ ਭਲਾ ਨਿਰਧਾਰ ਕੀਤਾ। ਇਹ ਸੁਣ ਕੇ ਸਤਿਗੁਰੂ ਜੀ ਨੇ ਹਿਰਦੇ ਵਿਚ ਵਿਚਾਰ ਕੀਤੀ, ਜਪੁਜੀ ਸਾਹਿਬ ਦੇ ਬਰਾਬਰ ਹੋਰ ਕਿਹੜੀ ਉੱਤਮ ਵਸਤੂ ਹੈ॥੩੫॥

ਜੋ ਇਸ ਕੋ ਅਬਿ ਦੈਬੋ ਕਰੈਂ। ਕੋਇ ਨ ਸਮਤਾ ਕਜੋਂ ਹੂੰ ਧਰੈ।
ਜੋ ਸਗਰੇ ਜਗ ਕੀ ਗੁਰਿਆਈ। ਇਹ ਦੈਹੈਂ, ਨਿਸ਼ਚੈ ਠਹਿਰਾਈ॥ ੩੬॥

ਜਿਹੜੀ ਉੱਤਮ ਵਸਤੂ ਇਸ ਨੂੰ ਦੇਈਏ, ਕੋਈ ਵੀ ਇਸ ਦੀ ਬਰਾਬਰੀ ਨਹੀਂ ਧਾਰਨ ਕਰ ਸਕਦਾ ਹੈ, ਜਿਹੜੀ ਸਾਰੇ ਜਗਤ ਦੀ ਗੁਰਿਆਈ ਹੈ, ਮੈਂ ਉਹ ਇਸ ਨੂੰ ਦੇਵਾਂਗਾ, ਦਿਲ ਵਿਚ ਇਹ ਨਿਸ਼ਚਾ ਪੱਕਾ ਕੀਤਾ॥੩੬॥

'ਨਾਨਕ ਨਦਰੀ ਨਦਰਿ ਨਿਹਾਲ'। ਇਹ ਤੁਕ ਪਠੀ ਪ੍ਰੀਤਿ ਕੇ ਨਾਲ।
ਤਬਿ ਸਤਿਗੁਰ ਮਨ ਮੋਦ ਉਪਾਯੋ। ਜਾਨੂੰ ਉਠਿਬੇ ਹੇਤ ਉਠਾਯੋ॥ ੩੭॥

'ਨਾਨਕ ਨਦਰੀ ਨਦਰਿ ਨਿਹਾਲ' ਇਹ ਤੁਕ ਬੜੀ ਪ੍ਰੀਤ ਨਾਲ ਪੜ੍ਹੀ। ਤਦ ਸਤਿਗੁਰੂ ਜੀ ਮਨ ਵਿਚ ਬਹੁਤ ਪ੍ਰਸੰਨ ਹੋਏ, ਆਪਣਾ ਗੋਡਾ ਉੱਠਣ ਵਾਸਤੇ ਉਠਾਇਆ॥੩੭॥

ਤਿਲਕਿ ਦੇਨਿ ਕੋ ਚਾਹਯੋ ਰਿਦੈ। ਸਿਖ ਨੇ ਕਰਯੋ ਮਨੋਰਥ ਤਬੈ।
ਰਹਯੋ ਪੰਚਮੋਂ ਹਯ ਬਡ ਮੋਲ। ਸੋ ਮੈਂ ਲੇਉਂ ਗੁਰੂ ਤੇ ਬੋਲ॥ ੩੮॥

ਹਿਰਦੇ ਵਿਚ ਤਿਲਕ ਦੇਣਾ ਚਾਹਿਆ, ਸਿੱਖ ਨੇ ਫਿਰ ਆਪਣੇ ਦਿਲ ਵਿਚ ਮਨੋਰਥ ਧਾਰਨ ਕੀਤਾ, "ਪੰਜਵਾਂ ਵੱਡੇ ਮੁਲ ਵਾਲਾ ਘੋੜਾ ਰਹਿ ਗਿਆ ਹੈ, ਉਹ ਮੈਂ ਗੁਰੂ ਜੀ ਨੂੰ ਕਹਿ ਕੇ ਲੈ ਲਵਾਂਗਾ॥੩੮॥

ਜ਼ੀਨ ਸਮੇਤ ਪਾਇ ਕਰਿ ਸੋਊ। ਚਢੌਂ ਤਿਸੀ ਪਰ ਮਨ ਮੁਦ ਹੋਊ।
ਅਸ ਅਸ੍ਵ ਪਰ ਹੋਵਨਿ ਅਸੁਵਾਰ। ਪਾਇ ਪ੍ਰਿਥੀ ਪਰ ਸੁਰਗ ਬਹਾਰ॥ ੩੯॥

ਕਾਠੀ ਸਮੇਤ ਘੋੜਾ ਲੈ ਕੇ ਉਸ ਤੇ ਸਵਾਰੀ ਕਰ ਕੇ ਮਨ ਵਿਚ ਬਹੁਤ ਪ੍ਰਸੰਨ ਹੋਵਾਂਗਾ। ਐਸੇ ਘੋੜੇ ਤੇ ਅਸਵਾਰ ਹੋਣਾ ਧਰਤੀ ਉੱਤੇ ਸੁਰਗਾਂ ਦਾ ਅਨੰਦ ਪਾਉਣਾ ਹੈ॥੩੯॥

ਜਿਸਕੋ ਦੇਖਿ ਸਿਹਾਵਤਿ ਨੈਨ। ਸੋ ਮੋਕਹੁ ਗੁਰੁ ਕਰਿ ਹੈਂ ਦੈਨਿ।
'ਮੁਖ ਮਾਂਗਜੋ ਦੈ ਹੈਂ' ਕਹਿ ਲੀਨਿ। ਏਵ ਮਨੋਰਥ ਕੋ ਮਨ ਕੀਨਿ॥ ੪੦॥

ਜਿਸਨੂੰ ਵੇਖ ਕੇ ਨੈਣ ਲਲਚਾਉਂਦੇ ਹਨ, ਠਰਦੇ ਹਨ ਅਤੇ ਪ੍ਰਸੰਨ ਹੁੰਦੇ ਹਨ, ਉਹ ਘੋੜਾ ਗੁਰੂ ਜੀ ਮੈਨੂੰ ਦੇਣ ਕਿਉਂਕਿ ਗੁਰੂ ਜੀ ਨੇ ਪਹਿਲਾਂ ਕਿਹਾ ਹੈ, ਮੂੰਹ ਮੰਗੀ ਵਸਤੂ ਦੇਣਗੇ।" ਇਸ ਤਰ੍ਹਾਂ ਦਾ ਮਨੋਰਥ ਮਨ ਵਿਚ ਕੀਤਾ॥੪੦॥

ਜਬਹਿ ਪਿਖਜੋ ਗੁਰੁ ਚਰਨ ਉਠਾਯੋ। ਪ੍ਰਭੁ ਮਾਯਾ ਨੈ ਤਬਿ ਬਿਚਲਾਯੋ।
ਸਮਝਜੋ ਰਿਦੇ ਗੁਰੂ ਅਬਿ ਚਲੈਂ। ਸੁਨਹਿਂ ਸਲੋਕ ਨ ਸਭਿ ਫਲ ਫਲੇ॥ ੪੧॥

ਜਦ ਉਸ ਵੇਖਿਆ ਕਿ ਗੁਰੂ ਜੀ ਨੇ ਆਪਣੇ ਚਰਨ ਉਠਾਏ ਹਨ ਪ੍ਰਭੂ ਦੀ ਮਾਇਆ ਨੇ ਤਦ ਉਸ ਦੇ ਮਨ ਨੂੰ ਵਿਗਾੜ ਦਿੱਤਾ, ਉਹ ਦਿਲ ਵਿਚ ਸਮਝਿਆ, "ਗੁਰੂ ਜੀ ਹੁਣ ਉੱਠ ਕੇ ਚਲੇ ਹਨ, ਸਲੋਕ ਨੂੰ ਉਨ੍ਹਾਂ ਨੇ ਹੁਣ ਸੁਣਨਾ ਨਹੀਂ ਤੇ ਮੇਰੀ ਸਾਰੀ ਮਿਹਨਤ ਦਾ ਫਲ ਫਲਣਾ ਨਹੀਂ, ਭਾਵ ਮੈਨੂੰ ਹੁਣ ਘੋੜਾ ਮਿਲਣਾ ਨਹੀਂ ?"

ਬਿਫਲ ਮਨੋਰਥ ਹੋਵਤਿ ਦੀਖਾ। 'ਰਹਜੋ ਛੂਛ ਮੈਂ ਪ੍ਰਥਮ ਸਰੀਖਾ'।
ਲਖਿ ਉਰ ਕੀ ਗੁਰੁ ਅੰਤਰਜਾਮੀ। ਬੋਲੇ 'ਕਹਾਂ ਕੀਨ ਤੈਂ ਕਾਮੀ ?॥ ੪੨॥

ਜਦ ਮਨੋਰਥ ਅਸਫਲ ਹੁੰਦਾ ਵੇਖਿਆ ਤਾਂ ਉਸ ਸੋਚਿਆ, "ਮੈਂ ਤਾਂ ਪਹਿਲਾਂ ਵਾਂਗ ਖਾਲੀ ਦਾ ਖਾਲੀ ਰਹਿ ਗਿਆ ਹਾਂ।" ਅੰਤਰਜਾਮੀ ਗੁਰੂ ਜੀ ਨੇ ਉਸ ਦੇ ਹਿਰਦੇ ਦੀ ਗੱਲ ਜਾਣ ਲਈ, ਉਨ੍ਹਾਂ ਬਚਨ ਕੀਤੇ, "ਤੂੰ ਇਹ ਕੈਸੀ ਕਾਮਨਾ ਕੀਤੀ ਹੈ ? ॥੪੨॥

ਬਿਨਾ ਮਨੋਰਥ ਜਪੁਜੀ ਸਾਰੋ। ਪੂਰਬ ਸਮ ਜੇ ਸਕਲ ਉਚਾਰੋ।
ਸ੍ਰੀ ਨਾਨਕ ਗਾਦੀ ਬਡਿਆਈ। ਸਗਰੇ ਜਗ ਕੀ ਬਰ ਗੁਰਿਆਈ॥ ੪੩॥

ਤੂੰ ਸੁਾਰਥ ਰਹਿਤ ਰਹਿ ਕੇ ਸਾਰੇ ਜਪੁਜੀ ਸਾਹਿਬ ਦਾ ਪਾਠ ਕੀਤਾ ਹੈ, ਪਹਿਲਾਂ ਵਾਂਗ ਜੇ ਸਾਰਾ ਉਚਾਰਣ ਕਰਦੇ ਤਾਂ ਤੈਨੂੰ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੀ ਵਡਿਆਈ ਮਿਲਣੀ ਸੀ, ਜਿਹੜੀ ਸਾਰੇ ਜਗਤ ਦੀ ਸ੍ਰੇਸ਼ਟ ਗੁਰਿਆਈ ਹੈ॥੪੩॥

ਸੋ ਹਮ ਦੈਨਿ ਉਠਤਿ ਇਸ ਸਮੇਂ। ਜਿਸ ਕੇ ਅੱਗ੍ਰ ਤ੍ਰਿਲੋਕੀ ਨਮੇ।
ਕਹਾਂ ਕਰਹਿਂ, ਬਸ ਤੋਹਿ ਨ ਕੋਈ। ਜਹਾਂ ਉਚਿਤ ਹੁਇ ਪਹੁੰਚੇ ਸੋਈ॥ ੪੪॥

ਉਹ ਅਸੀਂ ਉਸ ਸਮੇਂ ਦੇਣ ਵਾਸਤੇ ਉਠਣ ਲੱਗੇ ਸੀ, ਜਿਸ ਗੁਰਗੱਦੀ ਅੱਗੇ ਤਿੰਨ ਲੋਕ ਨਮੋ ਕਰਦੇ ਹਨ। ਕੀ ਕਰੀਏ ਤੇਰੇ ਵੀ ਵੱਸ ਵਿਚ ਨਹੀਂ ਹੈ, ਜਿਥੇ ਉਚਿਤ ਹੁੰਦਾ ਹੈ, ਉਥੇ ਹੀ ਮਨੁੱਖ ਪਹੁੰਚਦਾ ਹੈ॥੪੪॥

ਅਬਿ ਭੀ ਧੰਨ ਜਨਮ ਤੁਵ ਭਯੋ।ਜਨਮ ਮਰਨ ਦੁਖ ਸਭਿ ਮਿਟਿ ਗਯੋ।
ਕਰਜੋ ਮਨੋਰਥ ਜੋ ਅਬਿ ਜੈਸੇ। ਸੋ ਲੀਜਹੁ ਨਹਿਂ ਬਿਲਮਹੁਂ ਜੈਸੇ' ॥ ੪੫॥

ਹੁਣ ਵੀ ਤੁਹਾਡਾ ਜਨਮ ਧੰਨ ਹੋ ਗਿਆ ਹੈ, ਤੇਰੇ ਜਨਮ ਮਰਨ ਦੇ ਸਾਰੇ ਦੁੱਖ ਮਿਟ ਗਏ ਹਨ, ਹੁਣ ਤੂੰ ਜੋ ਵੀ ਮਨੋਰਥ ਧਾਰਨ ਕੀਤਾ ਹੈ, ਉਸ ਨੂੰ ਪ੍ਰਾਪਤ ਕਰੋ ਤੇ ਇਸ ਵਿਚ ਦੇਰ ਨਾ ਕਰੋ' ॥੪੫॥

ਕਹਿ ਕਰਿ ਸੋ ਘੋਰਾ ਮੰਗਵਾਯੋ। ਸੁੰਦਰ ਜਿਸ ਪਰ ਜ਼ੀਨ ਸੁਹਾਯੋ।
ਸਵਾ ਲਾਖ ਕੀ ਕੀਮਤ ਜਾਂਹੀ। ਹੁਇ ਪ੍ਰਸੰਨ ਬਖ਼ਸ਼ਤਿ ਭੇ ਤਾਂਹੀ॥ ੪੬॥

ਇਹ ਕਹਿ ਕੇ ਗੁਰੂ ਜੀ ਨੇ ਉਹ ਘੋੜਾ ਮੰਗਵਾਇਆ, ਜਿਸ ਉੱਤੇ ਸੁੰਦਰ ਕਾਠੀ ਸੱਜ ਰਹੀ ਸੀ, ਜਿਸ ਦੀ ਸਵਾ ਲੱਖ ਰੁਪਏ ਕੀਮਤ ਸੀ ਉਸ ਨੂੰ ਉਹ ਘੋੜਾ ਬਖਸ਼ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ॥੪੬॥

ਬਸਤ੍ਰ ਬਿਭੂਖਨ ਧਨ ਕੁਛ ਔਰ। ਦੇਤਿ ਭਏ ਸੋਢੀ ਸਿਰਮੌਰ।
ਲਏ ਗੁਪਾਲੇ ਅਨੰਦ ਉਪਾਯੋ। ਸ੍ਰੀ ਗੁਰੁ ਤੇ ਸੁਨਿ ਕਰਿ ਪਛੁਤਾਯੋ॥ ੪੭॥

ਗੁਰੂ ਜੀ ਨੇ ਬਸਤਰ, ਗਹਿਣੇ, ਅਤੇ ਧਨ ਹੋਰ ਵੀ ਦਿੱਤਾ। ਭਾਈ ਗੁਪਾਲ ਪ੍ਰਾਪਤ ਕਰਕੇ ਬਹੁਤ ਖੁਸ਼ ਹੋਇਆ ਤੇ ਸ੍ਰੀ ਗੁਰੂ ਜੀ ਦੇ ਪਹਿਲੇ ਬਚਨ ਸੁਣ ਕੇ ਪਛੁਤਾਇਆ॥੪੭॥

ਮਾਤ੍ਰਾ ਬਰਣ ਸੰਭਾਰਹਿਂ ਸਾਰੇ। ਸ੍ਰੀ ਗੁਰੁ ਬਾਨੀ ਸਿੱਖ ਉਚਾਰੇਂ।
ਮਹਾਂ ਮਹਾਤਮ ਕਰਿ ਦਿਖਰਾਯੋ। 'ਨਹਿਂ ਤ੍ਰਿਲੋਕ ਮੈਂ ਸਮ ਕੁਛ ਪਾਯੋ' ॥੪੮॥

ਲਗਾਂ ਮਾਤ੍ਰਾਂ ਅਤੇ ਅੱਖਰਾਂ ਨੂੰ ਚੰਗੀ ਤਰ੍ਹਾਂ ਸੰਭਾਲ ਕੇ ਗੁਰੂ ਜੀ ਦੀ ਬਾਣੀ ਦਾ ਸਿੱਖ ਉਚਾਰਣ ਕਰਿਆ ਕਰਨ, ਇਹ ਮਹਾਂ ਮਹਾਤਮ ਗੁਰੂ ਜੀ ਨੇ ਕਰਕੇ ਵਿਖਾਇਆ, "ਤਿੰਨਾਂ ਲੋਕਾਂ ਇਸ ਦੇ ਬਰਾਬਰ ਹੋਰ ਕੁਝ ਨਹੀਂ ਪਾਇਆ ਹੈ" ॥੪੮॥

ਇਮ ਸਤਿਗੁਰੂ ਬਹੁ ਕਰੇ ਬਿਲਾਸਾ। ਘਨੇ ਸੁਭਟ ਰਾਖਹਿਂ ਨਿਜ ਪਾਸਾ।
ਤੁਰੰਗ ਬਿਕਨਿ ਆਵੈਂ ਸੋ ਲੇਤਿ। ਸੈਨਾਂ ਮਹਿਂ ਬਰਤਾਇ ਸੁ ਦੇਤਿ॥ ੪੯॥

ਇਸ ਤਰ੍ਹਾਂ ਸਤਿਗੁਰੂ ਜੀ ਬਹੁਤ ਵਿਲਾਸ ਕਰਦੇ ਸਨ ਤੇ ਵੱਡੀ ਗਿਣਤੀ ਵਿਚ ਸੂਰਬੀਰਾਂ ਨੂੰ ਆਪਣੇ ਪਾਸ ਰੱਖਦੇ ਸਨ। ਜਿਹੜੀਆਂ ਵੀ ਬੰਦੂਕਾਂ ਵਿਕਣ ਆਉਂਦੀਆਂ ਸਨ, ਉਹ ਖਰੀਦ ਲੈਂਦੇ ਸਨ ਤੇ ਉਨ੍ਹਾਂ ਨੂੰ ਆਪਣੀ ਸੈਨਾਂ ਵਿਚ ਵੰਡ ਦਿੰਦੇ ਸਨ॥੪੯॥

*ਛੇਵੀਂ ਰਾਸ ਦਾ ਛਤਾਲੀਵਾਂ ਅਧਿਆਇ ਸਮਾਪਤ ਹੋਇਆ॥੪੬॥*

## ਅਧਿਆਇ ਸੰਤਾਲੀਵਾਂ

*ਨਗਰ ਦਾ ਨਾਮ 'ਸ੍ਰੀ ਹਰਿ ਗੋਬਿੰਦ ਪੁਰ' ਧਰਿਆ*

ਦੋਹਰਾ- ਹਯ ਅਕੋਰ ਗਨ ਦੇਯ ਕਰਿ ਸੰਗਤਿ ਗਈ ਬਿਸਾਲ।
ਜਾਇ ਸ਼ਨਾਨੇ ਸੁਧਾਸਰ ਦੇਖਤਿ ਭਏ ਨਿਹਾਲ॥ ੧॥

ਘੋੜੇ ਅਤੇ ਹੋਰ ਭੇਟਾਵਾਂ ਦੇ ਕੇ ਵਿਸ਼ਾਲ ਸੰਗਤ ਚਲੇ ਗਈ। ਅੰਮ੍ਰਿਤਸਰ ਪਹੁੰਚ ਕੇ ਉਨ੍ਹਾਂ ਇਸ਼ਨਾਨ ਕੀਤਾ ਤੇ ਹਰਿਮੰਦਰ ਸਾਹਿਬ ਨੂੰ ਵੇਖ ਕੇ ਨਿਹਾਲ ਹੋ ਗਏ॥੧॥

ਚੌਪਈ- ਤੀਰਥ ਤਰਨ ਤਾਰਨ ਪੁਨ ਗਏ। ਤਹਾਂ ਸ਼ਨਾਨ ਕਰਤਿ ਸਭਿ ਭਏ।
ਤਹਿਂ ਸੰਗਤਿ ਨੇ ਰਿਦੇ ਬਿਚਾਰਾ। 'ਬ੍ਰਿਧ ਸਾਹਿਬ ਗੁਰੁ ਸਿੱਖ ਉਦਾਰਾ ॥੨॥

ਫਿਰ ਸੰਗਤਾਂ ਤਰਨ ਤਾਰਨ ਦੇ ਤੀਰਥ ਤੇ ਗਈਆਂ, ਉਥੇ ਜਾ ਕੇ ਸਭ ਨੇ ਇਸ਼ਨਾਨ ਕੀਤਾ, ਉਥੇ ਜਾ ਕੇ ਸੰਗਤ ਨੇ ਹਿਰਦੇ ਵਿਚ ਵਿਚਾਰ ਕੀਤੀ, "ਬਾਬਾ ਬੁੱਢਾ ਜੀ ਉੱਤਮ ਗੁਰਸਿੱਖ ਹਨ॥੨॥

ਜਿਸ ਕੋ ਬਚਨ ਪਾਇ ਗੁਰੂ ਜਨਮੇ। ਸ੍ਰੀ ਹਰਿਗੋਵਿੰਦ ਬਿਦਤਿ ਸਭਿਨਿ ਮੈਂ।
ਇਹਾਂ ਨਿਕਟਿ ਤਿਸ ਦਰਸ਼ਨ ਕਰੋ। ਜਾਨਹੁ ਤਿਸੈ ਗੁਰੂ ਸਮਸਰੋ॥ ੩॥

ਜਿਨ੍ਹਾਂ ਦੇ ਬਚਨ ਪਾ ਕੇ ਗੁਰੂ ਜੀ ਨੇ ਜਨਮ ਲਿਆ ਸੀ, ਉਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸਭ ਵਿਚ ਪ੍ਰਗਟ ਹਨ। ਉਹ ਵੀ ਏਥੇ ਨੇੜੇ ਰਹਿੰਦੇ ਹਨ, ਉਨ੍ਹਾਂ ਦੇ ਵੀ ਦਰਸ਼ਨ ਕਰੋ, ਉਨ੍ਹਾਂ ਨੂੰ ਵੀ ਗੁਰੂ ਜੀ ਦੇ ਬਰਾਬਰ ਹੀ ਜਾਣੋ'॥੩॥

ਇਮ ਮਸਲਤ ਕਰਿ ਸੰਗਤਿ ਗਈ। ਬੀੜ ਗੁਰੂ ਕੇ ਜਹਿਂ ਸੁਧਿ ਲਈ।
ਆਗੈ ਬ੍ਰਿਧ ਭਾਈ ਗੁਰਦਾਸਿ। ਦੋਨਹੁਂ ਬੈਠੇ ਗ੍ਯਾਨ ਪ੍ਰਕਾਸ਼॥ ੪॥

ਇਸ ਤਰ੍ਹਾਂ ਸਲਾਹ ਕਰਕੇ ਸੰਗਤ ਚਲੀ ਗਈ, ਜਿਥੇ ਉਨ੍ਹਾਂ ਨੂੰ ਗੁਰੂ ਜੀ ਦੀ ਬੀੜ ਦਾ ਪਤਾ ਲੱਗਾ। ਉਥੇ ਜਾ ਕੇ ਉਨ੍ਹਾਂ ਵੇਖਿਆ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਦੋਵੇਂ ਬੈਠੇ ਗਿਆਨ ਦਾ ਪ੍ਰਕਾਸ਼ ਕਰ ਰਹੇ ਹਨ॥੪॥

ਸਭਿਨਿ ਉਪਾਇਨ ਧਰਿ ਧਰਿ ਬੰਦੇ। ਦਰਸ਼ਨ ਲੇ, ਕਰਿ ਰਿਦੇ ਅਨੰਦੇ।
ਦਈ ਪ੍ਰਦਛਨਾ ਸਨਮੁਖ ਬੈਸੇ। ਤਬਿ ਭਾਈ ਬੂਝੇ ਸਭਿ ਐਸੇ॥ ੫॥

ਸਾਰਿਆਂ ਨੇ ਉਪਹਾਰ ਧਰ-ਧਰ ਕੇ ਬੰਦਨਾ ਕੀਤੀ ਅਤੇ ਦਰਸ਼ਨ ਕਰਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਏ, ਫਿਰ ਪਰਿਕਰਮਾ ਕਰਕੇ ਸਾਹਮਣੇ ਬੈਠ ਗਏ। ਤਦ ਭਾਈ ਗੁਰਦਾਸ ਜੀ ਨੇ ਸਭ ਨੂੰ ਇਸ ਤਰ੍ਹਾਂ ਪੁਛਿਆ॥੫॥

'ਕਹਿਂ ਤੇ ਆਏ? ਕਹਾਂ ਪਯਾਨੇ?' ਸੁਨਿ ਸੰਗਤਿ ਸ਼ੁਭ ਵਾਕ ਬਖਾਨੇ।
'ਤੀਰ ਬਿਪਾਸਾ ਗ੍ਰਾਮ ਰੁਹੇਲਾ। ਸ੍ਰੀ ਹਰਿ ਗੋਬਿੰਦ ਗੁਰੂ ਸੁਹੇਲਾ॥ ੬॥

"ਕਿਥੋਂ ਆਏ ਹੋ ਤੇ ਕਿਥੇ ਚਲੇ ਹੋ?" ਇਹ ਸੁਣ ਕੇ ਸੰਗਤ ਨੇ ਸ਼ੁਭ ਬਚਨ ਕੀਤੇ, "ਦਰਿਆ ਬਿਆਸ ਦੇ ਕੰਢੇ ਇਕ ਰੁਹੇਲਾ ਨਾਂ ਦਾ ਪਿੰਡ ਹੈ, ਉਥੇ ਸਾਰਿਆਂ ਦੇ ਸੁਹੇਲੇ ਗੁਰੂ ਹਰਿਗੋਬਿੰਦ ਜੀ ਬਿਰਾਜਮਾਨ ਹਨ॥੬॥

ਤਿਹ ਠਾਂ ਮਚਯੋ ਅਧਿਕ ਸੰਗ੍ਰਾਮੂ। ਤੁਰਕ ਹਜ਼ਾਰੋਂ ਗੇ ਜਮ ਧਾਮੂ।
ਤਿਨ ਦਰਸ਼ਨ ਕਰਿ ਇਤਿ ਦਿਸ਼ਿ ਆਏ। ਰਾਵਰ ਕੇ ਦਰਸ਼ਨ ਅਬਿ ਪਾਏ॥੭॥

ਉਥੇ ਬਹੁਤ ਵੱਡਾ ਜੰਗ ਹੋਇਆ ਹੈ, ਹਜ਼ਾਰਾਂ ਤੁਰਕ ਮਾਰੇ ਗਏ ਹਨ। ਉਨ੍ਹਾਂ ਦੇ ਦਰਸ਼ਨ ਕਰਕੇ ਇਸ ਪਾਸੇ ਆਏ ਹਾਂ, ਹੁਣ ਆਪ ਜੀ ਦੇ ਦਰਸ਼ਨ ਕੀਤੇ ਹਨ'॥੭॥

ਸਰਬ ਪ੍ਰਸੰਗ ਸੁਨਜੋ ਹਰਖਾਏ। ਸੰਗਤਿ ਕੋ ਬਰ ਕੇ ਤ੍ਰਿਪਤਾਏ।
ਪੁਨ ਸੰਗਤਿ ਨਿਜ ਥਾਨ ਪਯਾਨੀ। ਬ੍ਰਿਧ ਨੇ ਬਹੁਰੋ ਗਿਰਾ ਬਖਾਨੀ॥ ੮॥

ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਸਾਰਾ ਪ੍ਰਸੰਗ ਸੁਣ ਕੇ ਬਹੁਤ ਪ੍ਰਸੰਨ ਹੋਏ ਤੇ ਸੰਗਤ ਨੂੰ ਵਰ ਦੇ ਕੇ ਤ੍ਰਿਪਤ ਕੀਤਾ। ਫਿਰ ਸੰਗਤ ਆਪਣੇ ਸਥਾਨ ਤੇ ਚਲੀ ਗਈ, ਬਾਬਾ ਬੁੱਢਾ ਜੀ ਨੇ ਫਿਰ ਬਚਨ ਕੀਤਾ॥੮॥

'ਸੁਨਿ ਗੁਰਦਾਸ! ਬਿਤੀ ਬਹੁ ਬੇਰੇ। ਸ੍ਰੀ ਹਰਿ ਗੋਵਿੰਦ ਦਰਸ਼ਨ ਹੇਰੇ।
ਕਰਜੋ ਸੁਧਾਸਰ ਰਣ ਰਿਪੁ ਮਾਰੇ। ਤਹਾਂ ਜਾਇ ਪੁਨ ਅਧਿਕ ਸੰਘਾਰੇ॥ ੯॥

"ਹੇ ਭਾਈ ਗੁਰਦਾਸ! ਸੁਣੋ, ਸ੍ਰੀ ਹਰਿਗੋਬਿੰਦ ਜੀ ਦੇ ਦਰਸ਼ਨ ਕੀਤਿਆਂ ਨੂੰ ਬਹੁਤ ਸਮਾਂ ਬੀਤ ਗਿਆ ਹੈ। ਅੰਮ੍ਰਿਤਸਰ ਵਿਚ ਵੀ ਯੁੱਧ ਕਰਕੇ ਬਹੁਤ ਵੈਰੀ ਮਾਰੇ ਸਨ, ਫਿਰ ਉਥੇ ਜਾ ਕੇ ਹੋਰ ਜ਼ਿਆਦਾ ਮਾਰੇ ਹਨ॥੯॥

ਅਬਿ ਦਰਸ਼ਨ ਕਰਨੋ ਬਨਿ ਆਵੈ। ਮਿਲਿ ਕਰਿ ਸੁਧਿ ਸਗਰੀ ਕੋ ਪਾਵੈਂ।
ਸੁਨਿ ਗੁਰਦਾਸ ਰਿਦੇ ਬਹੁ ਭਾਈ। ਪੰਥ ਚਲੇ ਸਭਿ ਬਿਲਮ ਬਿਹਾਈ॥ ੧੦॥

ਹੁਣ ਉਨ੍ਹਾਂ ਦੇ ਦਰਸ਼ਨ ਕਰਨੇ ਬਣਦੇ ਹਨ, ਉਨ੍ਹਾਂ ਨੂੰ ਮਿਲ ਕੇ ਸਾਰੀ ਸੂਚਨਾ ਪ੍ਰਾਪਤ ਕਰੀਏ।" ਜਦ ਭਾਈ ਗੁਰਦਾਸ ਨੇ ਇਹ ਸੁਣਿਆ ਤਾਂ ਇਹ ਗੱਲ ਉਨ੍ਹਾਂ ਦੇ ਹਿਰਦੇ ਨੂੰ ਬਹੁਤ ਚੰਗੀ ਲੱਗੀ, ਕਿਸੇ ਦੇਰ ਤੋਂ ਬਗੈਰ ਰਾਹੋ ਰਾਹ ਉਸ ਪਾਸੇ ਵਲ ਚਲ ਪਏ॥੧੦॥

ਪ੍ਰਿਥਮ ਸੁਧਾਸਰ ਆਨਿ ਸ਼ਨਾਨੇ। ਸ੍ਰੀ ਹਰਿਮੰਦਰ ਦਰਸ਼ਨ ਠਾਨੈ।
ਤੀਨ ਸਿੱਖ ਤਹਿਂ ਅਪਰ ਮਿਲੇ ਹੈਂ। ਸੁਨਿ ਸੁਧਿ ਗੁਰੁ ਕੇ ਦਰਸ ਚਲੇ ਹੈਂ॥੧੧॥

ਪਹਿਲਾਂ ਅੰਮ੍ਰਿਤਸਰ ਪਹੁੰਚ ਕੇ ਇਸ਼ਨਾਨ ਕੀਤਾ ਅਤੇ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ। ਉਥੇ ਤਿੰਨ ਸਿੱਖ ਹੋਰ ਮਿਲ ਪਏ, ਉਹਵੀ ਗੁਰੂ ਜੀ ਬਾਰੇ ਖਬਰ ਸੁਣ ਕੇ ਦਰਸ਼ਨਾਂ ਵਾਸਤੇ ਚਲ ਪਏ॥੧੧॥

ਜੋਧ, ਅਜਿੱਤਾ, ਤੀਸਰ ਜੀਵਾ। ਪੰਚਹੁਂ ਚਲੇ ਪ੍ਰੇਮ ਕੀ ਸੀਵਾ।
ਤੀਰ ਬਿਪਾਸਾ ਕੇ ਚਲਿ ਆਏ। ਸਤਿਗੁਰੁ ਜੁਸੁ ਘਰ ਘਰ ਸੁਨਿ ਪਾਏ॥੧੨॥

ਇਹ ਤਿੰਨ ਸਿੱਖ ਸਨ, ਜੋਧ, ਅਜਿੱਤਾ ਅਤੇ ਜੀਵਾ, ਪੰਜੇ ਸਿੱਖ ਬੜਾ ਪ੍ਰੇਮ ਧਾਰ ਕੇ ਚਲ ਪਏ। ਦਰਿਆ ਬਿਆਸਾ ਦੇ ਕੰਢੇ ਚਲ ਕੇ ਆ ਗਏ, ਸਤਿਗੁਰੂ ਜੀ ਦਾ ਜੱਸ ਉਹਨਾਂ ਘਰ-ਘਰ ਵਿਚ ਸੁਣਿਆ॥੧੨॥

'ਮੁਗ਼ਲ ਮਾਰ ਗੁਰੁ ਭਯੋ ਬਡੇਰਾ। ਰਣ ਘਾਲਜੋ ਘਮਸਾਨ ਘਨੇਰਾ'।
ਗ੍ਰਾਮ ਗ੍ਰਾਮ ਮੈਂ ਕਹਹਿਂ ਸੁਨਾਵੈਂ। ਸੁਨਿ ਸੁਨਿ ਸਿੱਖ ਮੋਦ ਉਪਜਾਵੈਂ॥੧੩॥

ਕਹਿੰਦੇ ਸਨ, "ਮੁਗਲਾਂ ਨੂੰ ਮਾਰ ਕੇ ਗੁਰੂ ਬਹੁਤ ਵੱਡੇ ਹੋ ਗਏ ਹਨ, ਰਣਖੇਤਰ ਵਿਚ ਉਨ੍ਹਾਂ ਘਮਸਾਣ ਦਾ ਜੰਗ ਕੀਤਾ ਹੈ।" ਪਿੰਡ-ਪਿੰਡ ਵਿਚ ਕਹਿ-ਕਹਿ ਸੁਣਾਉਂਦੇ ਸਨ ਤੇ ਸਿੱਖ ਸੁਣ-ਸੁਣ ਕੇ ਬਹੁਤ ਪ੍ਰਸੰਨ ਹੁੰਦੇ ਸਨ॥੧੩॥

ਆਗੈ ਸਤਿਗੁਰ ਕਥਾ ਸੁਨੀਜੈ। ਜਿਸ ਤੇ ਸਕਲ ਕਾਮਨਾ ਲੀਜੈ।
ਸੁੰਦਰ ਸਗਰੋ ਕੋਟ ਚਿਨਾਵਾ। ਨਗਰ ਬਸਾਵਨਿ ਮਨ-ਲਲਚਾਵਾ॥੧੪॥

ਸਤਿਗੁਰੂ ਜੀ ਦੀ ਅਗਲੀ ਕਥਾ ਸੁਣੋ, ਜਿਸ ਤੋਂ ਸਭ ਕਾਮਨਾਵਾਂ ਪ੍ਰਾਪਤ ਕਰੋ, ਸੁੰਦਰ ਕਿਲ੍ਹੇ ਦੀ ਚਿਣਵਾਈ ਕੀਤੀ, ਨਗਰ ਵਸਾਉਣ ਨੂੰ ਮਨ ਲਲਚਾਇਆ॥੧੪॥

ਤਬਿ ਬਿਸੁਕਰਮਾ ਨਰ ਤਨ ਧਰਿ ਕੈ। ਗੁਰੁ ਕਾਰਜ ਕੋ ਚਿਤਵਨ ਕਰਿ ਕੈ।
ਹਾਥ ਜੋਰਿ ਕਰਿ ਦਰਸ਼ਨ ਲੀਨਾ। ਪਦ ਅਰਬਿੰਦਨ ਬੰਦਨ ਕੀਨਾ॥੧੫॥

ਤਦ ਵਿਸ਼ਕਰਮਾ ਮਨੁੱਖ ਦਾ ਤਨ ਧਾਰ ਕੇ ਗੁਰੂ ਕਾਰਜ ਨੂੰ ਚਿੱਤ ਵਿਚ ਵਿਚਾਰ ਕੇ ਆਇਆ ਹੈ ਹੱਥ ਜੋੜ ਕੇ ਗੁਰੂ ਜੀ ਦੇ ਦਰਸ਼ਨ ਕਰਕੇ ਚਰਨ-ਕੰਵਲਾਂ ਤੇ ਬੰਦਨਾ ਕੀਤੀ॥੧੫॥

'ਮੇਧਾਵੀ' ਨਿਜ ਨਾਮ ਧਰਾਯੋ। ਗੁਰੁ ਸਨਮੁਖ ਹੁਇ ਬਾਕ ਅਲਾਯੋ।
'ਅਪਨਿ ਸਫਲਤਾ ਕਰਿਬੇ ਕਾਰਨਿ। ਆਯੋ ਤੁਮ ਹਿਤ ਨਗਰ ਉਸਾਰਨਿ॥੧੬॥

'ਮੇਧਾਵੀ' ਆਪਣਾ ਨਾਂ ਰਖਾਇਆ ਤੇ ਗੁਰੂ ਦੇ ਸਾਹਮਣੇ ਹੋ ਕੇ ਬੋਲਿਆ, "ਆਪਣਾ ਜਨਮ ਸਫਲ ਕਰਨ ਕਾਰਨ ਤੁਹਾਡੇ ਵਾਸਤੇ ਮੈਂ ਨਗਰ ਦੀ ਉਸਾਰੀ ਕਰਨ ਵਾਸਤੇ ਆਇਆ ਹਾਂ॥੧੬॥

ਇਸ ਵਿੱਦਯਾ ਮਹਿਂ ਮਹਾਂ ਪ੍ਰਬੀਨਾ। ਆਇਸੁ ਦੀਜਹਿ ਰਚੌਂ ਨਵੀਨਾ'।
ਤਬਿ ਸਤਿਗੁਰ ਸਗਰੀ ਬਿਧਿ ਜਾਨਿ। ਕਹਯੋ ਭਲੇ ਨਿਜ ਕਰੁਨਾ ਠਾਨਿ॥੧੭॥

ਇਸ ਵਿਦਿਆ ਵਿਚ ਮੈਂ ਮਹਾਨ ਪ੍ਰਬੀਨ ਹਾਂ, ਆਗਿਆ ਦੇਵੋ ਨਵੇਂ ਸ਼ਹਿਰ ਦੀ ਰਚਨਾ ਕਰਾਂ।" ਤਦ ਸਤਿਗੁਰੂ ਜੀ ਨੇ ਸਾਰੀ ਵਿਧੀ ਜਾਣ ਕੇ ਨਿਜੀ ਕਿਰਪਾ ਧਾਰ ਭਲਾ ਕਿਹਾ॥੧੭॥

'ਸਭਿ ਕਾਰੀਗਰ ਮੈਂ ਮੁਖਿ ਹੋਵਹੁ। ਰਚਹੁ ਨਗਰ ਨੀਕੀ ਬਿਧਿ ਜੋਵਹੁ।
ਸਭਿ ਕੋ ਨਿਜ ਕਰ ਦੇਹੁ ਮਜੂਰੀ। ਤੂਰਨ ਕਰਹੁ ਸੰਪੂਰਨ ਰੂਰੀ' ॥ ੧੮ ॥

ਸਾਰੇ ਕਾਰੀਗਰਾਂ ਦੇ ਮੁਖੀ ਬਣੋ ਤੇ ਚੰਗੀ ਵਿਧੀ ਅਨੁਸਾਰ ਸਾਰੇ ਸ਼ਹਿਰ ਦੀ ਰਚਨਾ ਕਰੋ। ਸਾਰਿਆਂ ਨੂੰ ਆਪਣੇ ਹੱਥਾਂ ਨਾਲ ਮਜ਼ਦੂਰੀ ਦੇਵੋ ਤੇ ਤੁਰਤ ਸੁੰਦਰ ਸ਼ਹਿਰ ਸੰਪੂਰਨ ਕਰੋ' ॥੧੮॥

ਆਇਸੁ ਪਾਇ ਕਰੀ ਸਭਿ ਕਾਰ। ਰਚਜੋ ਨਗਰ ਬੀਥੀ ਰੁ ਬਜਾਰ।
ਆਦਿ ਮਸੀਤ ਸਦਨ ਤਬਿ ਸਾਰੇ। ਕਰਿਵਾਵਨਿ ਲਾਗਸਿ ਤਬਿ ਤਜਾਰੇ ॥੧੯॥

ਗੁਰੂ ਜੀ ਦੀ ਆਗਿਆ ਪਾ ਕੇ ਸਭ ਕਾਰ ਕੀਤੀ ਤੇ ਗਲੀਆਂ ਅਤੇ ਬਜ਼ਾਰ ਬਣਾ ਕੇ ਨਗਰ ਦੀ ਰਚਨਾ ਕੀਤੀ। ਮਸੀਤ ਆਦਿ ਸਾਰੇ ਘਰ ਤਿਆਰ ਕਰਵਾਉਣ ਲੱਗਾ॥੧੯॥

ਬੈਠੇ ਸਤਿਗੁਰੁ ਲਾਇ ਦਿਵਾਨ। ਗਾਵਤਿ ਸ਼ਬਦ ਰਬਾਬੀ ਗਜਾਨ।
ਆਇ ਸਿੱਖ ਨੇ ਤਬਹਿ ਸੁਨਾਯੋ। 'ਬ੍ਰਿਧ ਸਾਹਿਬ ਗੁਰਦਾਸਹਿ ਆਯੋ' ॥ ੨੦ ॥

ਸਤਿਗੁਰੂ ਜੀ ਦੀਵਾਨ ਲਾ ਕੇ ਬੈਠੇ ਸਨ ਤੇ ਰਬਾਬੀ ਸ਼ਬਦਾਂ ਦਾ ਗਾਇਣ ਕਰ ਰਹੇ ਸਨ। ਤਦ ਇਕ ਸਿੱਖ ਨੇ ਆ ਕੇ ਸੁਣਾਇਆ, "ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਆਏ ਹਨ" ॥੨੦॥

ਸੁਨਤਿ ਮੁਦਤਿ ਸ੍ਰੀ ਹਰਿਗੋਵਿੰਦ। ਨਿਕਟਿ ਹਕਾਰਜੋ ਬਿਧੀਆ ਚੰਦ।
'ਲੇ ਕਰਿ ਬ੍ਰਿੰਦ ਸਿਖ ਚਲਿ ਜਾਵਹੁ। ਸਾਦਰ ਬੰਦਨ ਕਰਿ ਇਤ ਲਜਾਵਹੁ' ॥੨੧ ॥

ਇਹ ਸੁਣ ਕੇ ਗੁਰੂ ਹਰਿਗੋਬਿੰਦ ਜੀ ਬਹੁਤ ਪ੍ਰਸੰਨ ਹੋਏ ਤੇ ਭਾਈ ਬਿਧੀ ਚੰਦ ਨੂੰ ਆਪਣੇ ਪਾਸ ਬੁਲਾਇਆ ਅਤੇ ਕਿਹਾ, "ਕੁਝ ਸਿੱਖਾਂ ਨੂੰ ਆਪਣੇ ਨਾਲ ਲੈ ਕੇ ਜਾਵੋ ਤੇ ਬੜੇ ਅਦਬ ਨਾਲ ਬੰਦਨਾ ਕਰਕੇ ਏਧਰ ਲਿਆਵੋ" ॥੨੧॥

ਸੁਨਿ ਬਿਧੀਆ ਸਿੱਖ ਗਨ ਲੇ ਗਯੋ। ਜਾਇ ਬ੍ਰਿੱਧ ਕੋ ਦਰਸਤਿ ਭਯੋ।
ਨਮੋ ਕਰੀ ਸਭਿ ਨੇ ਸਨਮਾਨ। ਆਏ ਗੁਰੁ ਢਿਗ ਕਰਿ ਅਗਵਾਨ ॥ ੨੨ ॥

ਇਹ ਸੁਣ ਕੇ ਬਿਧੀ ਚੰਦ ਬਹੁਤ ਸਿੱਖਾਂ ਨੂੰ ਲੈ ਕੇ ਗਿਆ ਅਤੇ ਜਾ ਕੇ ਬਾਬਾ ਬੁੱਢਾ ਜੀ ਦੇ ਦਰਸ਼ਨ ਕੀਤੇ। ਸਾਰਿਆਂ ਨੇ ਨਮਸਕਾਰ ਕਰਕੇ ਸਨਮਾਨ ਕੀਤਾ ਤੇ ਬਾਬਾ ਜੀ ਦੀ ਅਗਵਾਈ ਕਰਕੇ ਗੁਰੂ ਜੀ ਦੇ ਪਾਸ ਆਏ॥੨੨॥

ਦੇਖਿ ਦੂਰ ਤੇ ਹਰਿਗੋਵਿੰਦ। ਉਠੇ ਤੁਰਤ ਹੀ ਜੁਤਿ ਸਿਖ ਬ੍ਰਿੰਦ।
ਦਰਸ਼ਨ ਕਰਤਿ ਅਨੰਦ ਬਿਲੰਦੇ। ਪਦ ਬੰਦਤਿ ਦੁਹਦਿਸ਼ਿ ਕਰ ਬੰਦੇ ॥੨੩ ॥

ਗੁਰੂ ਹਰਿਗੋਬਿੰਦ ਸਾਹਿਬ ਨੇ ਦੂਰ ਤੋਂ ਵੇਖ ਕੇ ਸਮੂਹ ਸਿੱਖਾਂ ਸਹਿਤ ਤੁਰਤ ਉੱਠ ਖਲੋਤੇ ਤੇ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਏ। ਦੋਹਾਂ ਪਾਸਿਆਂ ਨੇ (ਗੁਰੂ ਜੀ ਅਤੇ ਬਾਬਾ ਬੁੱਢਾ ਜੀ) ਹੱਥ ਜੋੜ ਕੇ ਇਕ ਦੂਸਰੇ ਨੂੰ ਚਰਨ ਬੰਦਨਾ ਕੀਤੀ॥੨੩॥

ਬੁੱਢੇ ਚਰਨ ਗੁਰੂ ਕੇ ਗਹੇ। ਗੁਰੁ ਬ੍ਰਿਧ ਪਦ ਪਰ ਕਰ ਧਰਿ ਰਹੇ।
'ਸ੍ਰੀ ਨਾਨਕ ਸਮ ਜਾਨਹਿਂ ਤੁਮ ਕੋ। ਲਖਹੁ ਆਪਨੇ ਸੇਵਕ ਹਮ ਕੌ' ॥ ੨੪ ॥

ਬਾਬਾ ਬੁੱਢਾ ਜੀ ਨੇ ਗੁਰੂ ਜੀ ਦੇ ਚਰਨ ਫੜ ਲਏ ਤੇ ਗੁਰੂ ਜੀ ਬਾਬਾ ਬੁੱਢਾ ਜੀ ਦੇ ਚਰਨਾਂ ਤੇ ਹੱਥ ਧਰਦੇ ਰਹੇ ਅਤੇ ਬਚਨ ਕੀਤੇ, 'ਮੈਂ ਤੁਹਾਨੂੰ ਗੁਰੂ ਨਾਨਕ ਦੇਵ ਜੀ ਦੇ ਸਮਾਨ ਜਾਣਦਾ ਹਾਂ ਸਾਨੂੰ ਆਪਣੇ ਸੇਵਕ ਸਮਝੋ' ॥੨੪॥

ਤਿਮ ਗੁਰਦਾਸ ਸੰਗ ਗੁਰ ਮਿਲੇ। ਕੁਸ਼ਲ ਪ੍ਰਸ਼ਨ ਕਰਿ ਹਿਤ ਸੋਂ ਭਲੇ।
ਤੀਨਹੁਂ ਸਿੱਖਨਿ ਗੁਰੁ ਪਦ ਬੰਦੇ। ਖੁਸ਼ੀ ਕਰੀ ਸਭਿ ਬੈਠਿ ਅਨੰਦੇ ॥ ੨੫ ॥

ਉਸ ਤਰ੍ਹਾਂ ਹੀ ਗੁਰੂ ਜੀ ਭਾਈ ਗੁਰਦਾਸ ਨੂੰ ਮਿਲੇ ਤੇ ਪ੍ਰੇਮ ਨਾਲ ਇਕ ਦੂਸਰੇ ਦੀ ਸੁੱਖ ਸਾਂਦ ਪੁੱਛੀ। ਤਿੰਨਾਂ ਸਿੱਖਾਂ ਨੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ, ਖੁਸ਼ੀ ਕਰਕੇ ਸਾਰੇ ਅਨੰਦ ਨਾਲ ਬੈਠ ਗਏ॥੨੫॥

ਸ੍ਰੀ ਗੁਰੂ ਬ੍ਰਿਧ ਕੋ ਗਹਿ ਕਰਿ ਹਾਥ। ਇਕ ਆਸਨ ਬੈਠੇ ਲੇ ਸਾਥ।
ਮਨੋ ਦੇਵ ਗੁਰੁ ਬਿਸ਼ਨੁ ਮਿਲੇ ਹੈਂ। ਉੱਗ੍ਰਸੈਨ ਜਿਮ ਕ੍ਰਿਸ਼ਨ ਰਲੇ ਹੈਂ॥੨੬॥

ਗੁਰੂ ਜੀ ਨੇ ਬਾਬਾ ਬੁੱਢਾ ਜੀ ਦਾ ਹੱਥ ਫੜ ਕੇ ਇਕੱਠੇ ਇਕ ਆਸਣ ਤੇ ਬੈਠ ਗਏ ਮਾਨੋਂ ਗੁਰੂ ਬ੍ਰਹਸਪਤਿ ਵਿਸ਼ਨੂੰ ਨੂੰ ਮਿਲੇ ਹਨ। ਜਿਵੇਂ ਕ੍ਰਿਸ਼ਨ ਦਾ ਨਾਨਾ ਉਗ੍ਰਸੈਨ ਕ੍ਰਿਸ਼ਨ ਪਾਸ ਆਇਆ ਹੋਵੇ॥੨੬॥

ਬਚਨ ਬਿਲਾਸ ਮੁਦਤਿ ਹੁਇ ਕਰੇ। 'ਰਣ ਮਹਿਂ ਤੁਰਕ ਬ੍ਰਿੰਦ ਹੀ ਮਰੇ'।
ਬੈਠੇ ਜਬਹਿ ਤਿਮਰ ਹੁਇ ਆਯੋ। ਘਰ ਨਵੀਨ ਜੋ ਗੁਰੁ ਬਨਵਾਯੋ॥੨੭॥

ਬਹੁਤ ਪ੍ਰਸੰਨ ਹੋ ਕੇ ਦੋਵਾਂ ਨੇ ਬਚਨ ਬਿਲਾਸ ਕੀਤੇ, "ਰਣਖੇਤਰ ਵਿਚ ਬਹੁਤੇ ਤੁਰਕ ਮਰੇ ਹਨ।" ਬੈਠਿਆਂ ਬੈਠਿਆਂ ਜਦ ਹਨ੍ਹੇਰਾ ਹੋ ਗਿਆ, ਜੋ ਗੁਰੂ ਜੀ ਨੇ ਨਵਾਂ ਘਰ ਬਣਵਾਇਆ ਸੀ॥੨੭॥

ਤਿਸ ਮਹਿਂ ਡੇਰਾ ਬ੍ਰਿੱਧ ਉਤਾਰਾ। ਸਾਦਰ ਜੁਤਿ ਗੁਰੁਦਾਸ ਉਦਾਰਾ।
ਦਾਸਨਿ ਪ੍ਰਤਿ ਆਇਸੁ ਫੁਰਮਾਈ। 'ਸੇਵਾ ਕਰਹੁ ਸਕਲ ਮਨ ਭਾਈ'॥੨੮॥

ਉਸ ਵਿਚ ਬਾਬਾ ਬੁੱਢਾ ਜੀ ਦਾ ਭਾਈ ਗੁਰਦਾਸ ਸਹਿਤ ਬੜੇ ਆਦਰ ਨਾਲ ਡੇਰਾ ਕਰਵਾ ਦਿੱਤਾ। ਫਿਰ ਸਾਰੇ ਸੇਵਕਾਂ ਨੂੰ ਆਦੇਸ਼ ਕੀਤਾ, "ਮਨ ਭਾਉਂਦੀ ਹਰ ਪ੍ਰਕਾਰ ਦੀ ਸੇਵਾ ਕਰੋ।"

ਸੁੰਦਰ ਪਲੰਘ ਪਠੇ ਤਤਕਾਲਾ। ਖਾਨ ਪਾਨ ਹਿਤ ਅਸਨ ਰਸਾਲਾ।
ਹਾਥ ਜੋਰਿ ਸੇਵਕ ਭੇ ਠਾਂਢੇ। ਜਿਮ ਜਿਮ ਕਹਜੋ ਕਰਜੋ ਹਿਤ ਗਾਢੇ॥੨੯॥

ਤੁਰਤ ਸੁੰਦਰ ਪਲੰਘ ਭੇਜ ਦਿੱਤੇ, ਖਾਣ ਪੀਣ ਵਾਸਤੇ ਸਵਾਦੀ ਭੋਜਨ ਭੇਜਿਆ। ਹੱਥ ਜੋੜ ਕੇ ਸੇਵਕ ਖੜੇ ਹੋ ਗਏ ਜਿਵੇਂ-ਜਿਵੇਂ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਨੇ ਕਿਹਾ, ਤਿਵੇਂ-ਤਿਵੇਂ ਪ੍ਰੇਮ ਧਾਰ ਕੇ ਕਾਰਜ ਕੀਤਾ॥੨੯॥

ਸਾਦਰ ਸਭਿ ਸੇਵਾ ਕਰਿਵਾਈ। ਸੁਪਤਿ ਜਥਾ ਸੁਖ ਨਿਸਾ ਬਿਤਾਈ।
ਪ੍ਰਾਤਿ ਭਏ ਸਲਿਤਾ ਕੇ ਤੀਰ। ਜਾਇ ਸ਼ਨਾਨੇ ਸੋਚ ਸਰੀਰ॥ ੩੦॥

ਆਦਰ ਨਾਲ ਸਭ ਸੇਵਾ ਕਰਵਾਈ ਤੇ ਆਰਾਮ ਨਾਲ ਸੌਂ ਕੇ ਰਾਤ ਬਤੀਤ ਕੀਤੀ। ਸਵੇਰ ਹੋਣ ਤੇ ਨਦੀ ਦੇ ਕਿਨਾਰੇ ਚਲੇ ਗਏ ਤੇ ਉਥੇ ਜਾ ਕੇ ਇਸ਼ਨਾਨ ਕੀਤਾ॥੩੦॥

ਜਪੁ ਆਦਿਕ ਨਿਤ ਨੇਮ ਜੁ ਬਾਨੀ। ਪਢਿ ਕਰਿ ਨਦੀ ਕੂਲ ਮਨ ਭਾਨੀ।
ਆਏ ਬਹੁਰ ਗੁਰੂ ਗੁਨ ਗਾਵਤਿ। ਅਦਭੁਤਿ ਲੀਲਾ ਜਗ ਦਿਖਰਾਵਤਿ॥੩੧॥

ਜਪੁਜੀ ਆਦਿ ਜੋ ਨਿਤਨੇਮ ਦੀਆਂ ਬਾਣੀਆਂ ਹਨ, ਉਨ੍ਹਾਂ ਨੂੰ ਮਨ ਨੂੰ ਭਾਉਣ ਵਾਲੇ ਨਦੀ ਦੇ ਕੰਢੇ ਪੜ੍ਹ ਕੇ ਫਿਰ ਗੁਰੂ ਜੀ ਦੇ ਗੁਣ ਗਾਉਂਦੇ ਆ ਗਏ, ਜਗ ਅਦਭੁਤ ਲੀਲ੍ਹਾ ਵਿਖਾਉਂਦਾ ਹੈ॥੩੧॥

ਸਨੇ ਸਨੇ ਚਲਿ ਆਏ ਤਹਾਂ। ਲਗਯੋ ਦਿਵਾਨ ਬਿਰਾਜਤਿ ਜਹਾਂ।
ਗਹਿ ਕਰ ਕੋ ਗੁਰੁ ਨਿਕਟਿ ਬਿਠਾਏ। ਸ਼ਬਦ ਬਿਲਾਵਲ ਆਦਿ ਜਿ ਗਾਏ॥੩੨॥

ਹੌਲੀ-ਹੌਲੀ ਚਲ ਕੇ ਉਥੇ ਆ ਗਏ, ਜਿਥੇ ਦੀਵਾਨ ਲੱਗਾ ਸੀ ਤੇ ਗੁਰੂ ਜੀ ਬਿਰਾਜ ਰਹੇ ਸਨ। ਗੁਰੂ ਜੀ ਨੇ ਬਾਬਾ ਬੁੱਢਾ ਜੀ ਦਾ ਹੱਥ ਫੜ ਕੇ ਪਾਸ ਬਿਠਾ ਲਿਆ। ਬਿਲਾਵਲ ਆਦਿ ਰਾਗਾਂ ਵਿਚ ਸ਼ਬਦ ਗਾਏ ਜਾ ਰਹੇ ਸਨ॥੩੨॥

ਸੁਨਹਿਂ ਰਬਾਬੀ ਤੇ ਆਨੰਦਹਿਂ। ਆਇ ਅਨਿਕ ਨਰ ਗੁਰੁ ਪਗ ਬੰਦਹਿਂ।
ਕਿਤਿਕ ਸਮਾਂ ਜਬਿ ਬੈਠਿ ਬਿਤਾਵਾ। ਮੇਧਾਵੀ ਕਾਰੀਗਰ ਆਵਾ॥ ੩੩॥

ਰਬਾਬੀਆਂ ਪਾਸੋਂ ਸੁਣਕੇ ਬੜਾ ਅਨੰਦ ਧਾਰਨ ਕਰਦੇ ਸਨ, ਅਨੇਕਾਂ ਮਨੁੱਖ ਆ-ਆ ਕੇ ਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕਰਦੇ ਸਨ। ਕਾਫੀ ਸਮਾਂ ਜਦ ਬੈਠ ਕੇ ਬਤੀਤ ਕੀਤਾ ਤੇ ਮੇਧਾਵੀ ਨਾਮੀ ਕਾਰੀਗਰ ਆਇਆ॥੩੩॥

ਹਾਥ ਜੋਰਿ ਕਰਿ ਬਾਕ ਉਚਾਰਾ। 'ਮਹਾਰਾਜ! ਬਹੁ ਕਾਰ ਸੁਧਾਰਾ।
ਫਿਰਹੁ ਨਗਰ ਅਵਿਲੋਕਨਿ ਕੀਜੈ। ਸਿੱਖਨਿ ਕੀ ਸੇਵਾ ਸਫਲੀਜੈ' ॥ ੩੪ ॥

ਹੱਥ ਜੋੜ ਕੇ ਉਹ ਬੋਲਿਆ, "ਮਹਾਰਾਜ! ਬਹੁਤ ਕਾਰਜ ਸੁਧਾਰ ਦਿੱਤਾ ਹੈ, ਨਗਰ ਵਿਚ ਫਿਰ ਕੇ ਵੇਖ ਲਵੋ ਤੇ ਸਿੱਖਾਂ ਦੀ ਸੇਵਾ ਸਫਲ ਕਰੋ" ॥੩੪॥

ਬ੍ਰਿਧ ਗੁਰੁਦਾਸ ਲਿਏ ਨਿਜ ਸਾਥ। ਗਮਨੇ ਅਪਰ ਸੰਗ ਸਭਿ ਨਾਥ।
ਪੁਰਿ ਪ੍ਰਵੇਸ਼ ਹੁਇ ਹੇਰਨਿ ਲਾਗੇ। ਸਤਿਗੁਰੁ ਜਾਤਿ ਬਤਾਵਤਿ ਆਗੇ ॥ ੩੫ ॥

ਗੁਰੂ ਜੀ ਨੇ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਨੂੰ ਨਾਲ ਲਿਆ ਤੇ ਹੋਰ ਵੀ ਸਾਰੇ ਗੁਰੂ ਜੀ ਨਾਲ ਚਲ ਪਏ। ਨਗਰ ਵਿਚ ਦਾਖਲ ਹੋ ਕੇ ਵੇਖਣ ਲੱਗੇ, ਅੱਗੇ-ਅੱਗੇ ਚਲ ਕੇ ਸਤਿਗੁਰੂ ਜੀ ਦੱਸਦੇ ਜਾਂਦੇ ਸਨ॥੩੫

ਲਘੁ ਦੀਰਘ ਬੀਥੀ ਜਿ ਬਨਾਈ। ਮੇਧਾਵੀ ਤਬਿ ਸਰਬ ਦਿਖਾਈ।
ਮੰਦਰ ਜਿਸ ਬਿਧਿ ਕੇ ਸ਼ੁਭ ਕੀਨਿ। ਸਨੈ ਸਨੈ ਗਮਨੇ ਸਭਿ ਚੀਨ ॥ ੩੬ ॥

ਛੋਟੀਆਂ ਵੱਡੀਆਂ ਜਿਹੜੀਆਂ ਗਲੀਆਂ ਬਣਾਈਆਂ ਸਨ, ਮੇਧਾਵੀ ਨੇ ਉਹ ਸਾਰੀਆਂ ਗਲੀਆਂ ਵਿਖਾਈਆਂ। ਜਿਸ ਤਰ੍ਹਾਂ ਦੇ ਸਭ ਘਰ ਬਣਾਏ ਗਏ ਸਨ, ਹੌਲੀ-ਹੌਲੀ ਸਾਰੇ ਵੇਖ ਕੇ ਅੱਗੇ ਗਏ॥੩੬॥

ਸਕਲ ਬੀਥਿਕਾ ਮਹਿਂ ਫਿਰਿ ਆਏ। ਖਰੇ ਮਸੀਤ ਭਈ ਜਿਸ ਥਾਏਂ।
ਤਬਿ ਗੁਰੁਦਾਸ ਪੂਛਿਬੋ ਕਰਯੋ। 'ਇਹ ਤੌ ਅਦਭੁਤ ਕਰਮ ਨਿਹਰਯੋ ॥ ੩੭ ॥

ਸਾਰੀਆਂ ਗਲੀਆਂ ਵਿਚ ਫਿਰ ਕੇ ਆ ਗਏ ਤੇ ਉਥੇ ਆ ਕੇ ਖਲੋ ਗਏ ਜਿਸ ਥਾਂ ਮਸੀਤ ਖੜੀ ਹੋਈ ਸੀ। ਤਦ ਭਾਈ ਗੁਰਦਾਸ ਜੀ ਨੇ ਪੁਛਿਆ, "ਇਹ ਤਾਂ ਅਦਭੁਤ ਕਾਰਜ ਵੇਖਿਆ ਹੈ॥੩੭॥

ਰਾਵਰ ਨੇ ਮਸੀਤ ਚਿਨਵਾਈ। ਇਹ ਕਹਾ ਕਾਰਨ ਦੇਹੁ ਬੁਝਾਈ?'।
ਤਬਿ ਘੇਰੜ ਕੋ ਸਕਲ ਪ੍ਰਸੰਗ। ਕਰਯੋ ਸੁਨਾਵਨਿ ਸੋ ਸਰਬੰਗ ॥ ੩੮ ॥

ਆਪ ਜੀ ਨੇ ਮਸੀਤ ਬਣਵਾਈ ਹੈ, ਇਸ ਦਾ ਕੀ ਕਾਰਨ ਹੈ, ਸਾਨੂੰ ਇਸ ਬਾਰੇ ਸਮਝਾਓ?" ਤਦ ਗੁਰੂ ਜੀ ਨੇ ਘੇਰੜ ਦਾ ਸਾਰਾ ਪ੍ਰਸੰਗ ਜਿਵੇਂ ਹੋਇਆ ਬੀਤਿਆ ਸੀ, ਸੁਣਾਇਆ॥੩੮॥

ਬ੍ਰਿਧ ਆਦਿਕ ਹਰਖੇ ਸਭਿ ਸੁਨਿ ਕਰਿ। ਬਹੁ ਚਾਤੁਰਤਾ ਗੁਰੁ ਕੀ ਉਰ ਧਰਿ।
ਕਾਰਣ ਰਣ ਕੋ ਇਸ ਤੇ ਭਯੋ। ਜਿਸ ਤੇ ਬ੍ਰਿੰਦ ਤੁਰਕ ਰਿਪੁ ਛਯੋ ॥ ੩੯ ॥

ਬਾਬਾ ਬੁੱਢਾ ਜੀ ਆਦਿ ਸਾਰੇ ਸੁਣ ਕੇ ਬਹੁਤ ਪ੍ਰਸੰਨ ਹੋਏ, ਗੁਰੂ ਜੀ ਦੀ ਵੱਡੀ ਚਤੁਰਾਈ ਹਿਰਦੇ ਵਿਚ ਧਾਰਨ ਕੀਤੀ। ਯੁੱਧ ਦਾ ਕਾਰਨ ਇਸ ਘੇਰੜ ਤੋਂ ਆਰੰਭ ਹੋਇਆ, ਜਿਸ ਕਾਰਨ ਬਹੁਤ ਤੁਰਕ ਵੈਰੀ ਮਾਰੇ ਗਏ॥੩੯॥

ਸਕਲ ਨਗਰ ਕੋ ਫਿਰੇ ਨਿਹਾਰਾ। ਬਹੁ ਜਸੁ ਤਬਿ ਗੁਰੁਦਾਸ ਉਚਾਰਾ।
ਬ੍ਰਿਧ ਆਦਿਕ ਪੁਰਿ ਅਧਿਕ ਸਰਾਹਾ। 'ਰਚਯੋ ਰੁਚਿਰ ਸ਼ੁਭ ਸਲਿਤਾ ਪਾਹਾ ॥੪੦॥

ਫਿਰ ਸਾਰੇ ਨਗਰ ਨੂੰ ਫਿਰ ਕੇ ਵੇਖਿਆ, ਭਾਈ ਗੁਰਦਾਸ ਨੇ ਫਿਰ ਬਹੁਤ ਜੱਸ ਉਚਾਰਣ ਕੀਤਾ, ਬਾਬਾ ਬੁੱਢਾ ਜੀ ਆਦਿ ਨੇ ਨਗਰ ਦੀ ਬਹੁਤ ਸ਼ਲਾਘਾ ਕੀਤੀ, "ਨਦੀ ਦੇ ਪਾਸ ਬਹੁਤ ਸੁੰਦਰ ਨਗਰ ਦੀ ਰਚਨਾ ਕੀਤੀ ਹੈ॥੪੦॥

ਊਚੇ ਥਲ ਬਡ ਸੈਲ ਹੁਵੰਤੀ। ਬਸਹਿ ਪ੍ਰਜਾ ਬਹੁ ਮੋਦ ਭਵੰਤੀ'।
ਕਰਤਿ ਸਰਾਹਨਿ ਕੋ ਚਲਿ ਆਏ। ਬੈਠੇ ਸਤਿਗੁਰੁ ਹਰਖ ਉਪਾਏ ॥ ੪੧ ॥

ਉੱਚੇ ਥਲ ਉਤੇ ਵੱਡੀ ਸੈਰ ਹੁੰਦੀ ਹੈ, ਬੜੀ ਅਨੰਦਿਤ ਹੋ ਕੇ ਪਰਜਾ ਵਸੇਗੀ।" ਸ਼ਲਾਘਾ ਕਰਦੇ ਚਲ ਕੇ ਆ ਗਏ ਤੇ ਬੜੇ ਪ੍ਰਸੰਨ ਹੋ ਕੇ ਸਤਿਗੁਰੂ ਜੀ ਪਾਸ ਬੈਠ ਗਏ॥੪੧॥

ਬਿਧੀ ਚੰਦ ਬੋਲਜੋ ਤਿਸ ਕਾਲਾ। 'ਇਹ ਗੁਰੁ ਪੁਰਿ ਨਿਤ ਬਸਹਿ ਬਿਸਾਲਾ।
ਅਬਿ ਲੌ ਨਾਮ ਨਹੀਂ ਕੁਛ ਧਰਜੋ। ਪ੍ਰਥਮ ਨਾਮ ਕੋ ਨਾਸ਼ਨ ਕਰਜੋ' ॥ ੪੨ ॥

ਉਸ ਸਮੇਂ ਬਿਧੀ ਚੰਦ ਬੋਲਿਆ, "ਇਹ ਗੁਰੂ ਜੀ ਦੀ ਨਗਰੀ ਸਦਾ ਵਿਸ਼ਾਲ ਵਸੇਗੀ। ਹੁਣ ਤਕ ਇਸ ਦਾ ਕੋਈ ਨਾਂ ਨਹੀਂ ਰਖਿਆ ਹੈ, ਇਸ ਦੇ ਪਹਿਲੇ ਨਾਂ ਨੂੰ ਹੁਣ ਖਤਮ ਕਰ ਦਿੱਤਾ ਹੈ" ॥੪੨॥

ਬਾਤ ਸਮੈਂ ਸਿਰ ਭਾਖਨਿ ਕਰੀ। ਗੁਰੂ ਖੁਸ਼ੀ ਬਹੁ ਤਿਸਿ ਪਰ ਧਰੀ।
ਮੁਸ਼ਕਾਵਤਿ ਮੁਖ ਬਾਕ ਬਖਾਨਾ। 'ਬ੍ਰਿਧ ਸਾਹਿਬ ਜੀ ਬਡੇ ਸੁਜਾਨਾ ॥ ੪੩ ॥

ਬਿਧੀ ਚੰਦ ਨੇ ਮੌਕੇ ਤੇ ਗੱਲ ਕੀਤੀ, ਗੁਰੂ ਜੀ ਨੇ ਉਸ ਉਤੇ ਬਹੁਤ ਖੁਸ਼ੀ ਧਾਰਨ ਕੀਤੀ। ਉਨ੍ਹਾਂ ਨੇ ਮੁਸਕਰਾ ਕੇ ਬਚਨ ਕੀਤਾ, "ਬਾਬਾ ਬੁੱਢਾ ਜੀ ਬੜੇ ਚਤੁਰ ਹਨ॥੪੩॥

ਪੁਰਿ ਕੋ ਨਾਮ ਧਰਹਿੰਗੇ ਏਹੀ। ਜਗ ਮਹਿਂ ਬਿਥਰਹਿ ਸਦਾ ਰਹੇਹੀ'।
ਸੁਨਿ ਬ੍ਰਿਧ ਨੇ ਸਭਿ ਬਿਖੈ ਸੁਨਾਯੋ। 'ਸ੍ਰੀ ਅੰਮ੍ਰਿਤਸਰ ਪ੍ਰਥਮ ਬਸਾਯੋ ॥ ੪੪ ॥

ਨਗਰ ਦਾ ਨਾਮ ਇਹ ਧਰਨਗੇ, ਜਿਹੜਾ ਜੱਗ ਵਿਚ ਬੜਾ ਫੈਲੇਗਾ ਤੇ ਸਦਾ ਰਹੇਗਾ।" ਬਾਬਾ ਬੁੱਢਾ ਜੀ ਨੇ ਸੁਣ ਕੇ ਸਭ ਨੂੰ ਸੁਣਾਇਆ। "ਸ੍ਰੀ ਅੰਮ੍ਰਿਤਸਰ ਸਭ ਤੋਂ ਪਹਿਲਾਂ ਵਸਾਇਆ॥੪੪॥

ਰਾਵਰ ਕੇਰ ਪਿਤਾਮਾ ਜੋਈ। ਜਿਸ ਕੋ ਜਸੁ ਗਾਵਤਿ ਸਭਿ ਕੋਈ।
ਸ੍ਰੀ ਅਰਜਨ ਤੁਮ ਪਿਤਾ ਸੁਜਾਨਾ। ਤਿਨਹੁ ਨਾਮ ਪਰ ਨਾਮ ਬਖਾਨਾ ॥ ੪੫ ॥

ਆਪ ਜੀ ਦੇ ਜਿਹੜੇ ਪਿਤਾਮਾ ਹੋਏ ਹਨ, ਜਿਨ੍ਹਾਂ ਦਾ ਜੱਸ ਹਰ ਕੋਈ ਗਾਉਂਦਾ ਹੈ, ਸ੍ਰੀ ਗੁਰੂ ਅਰਜਨ ਦੇਵ ਜੀ ਤੁਹਾਡੇ ਸ੍ਰੇਸ਼ਟ ਪਿਤਾ ਜੀ ਹਨ। ਤੁਹਾਡੇ ਪਿਤਾਮਾ ਦੇ ਨਾਂ ਉਤੇ ਨਗਰ ਦਾ ਨਾਂ ਰਖਿਆ॥੪੫॥

ਰਾਮਦਾਸ ਪੁਰਿ ਨਾਮ ਧਰਜੋ ਹੈ। ਗੁਰੂ ਗ੍ਰੰਥ ਮਹਿਂ ਲਿਖਨ ਕਰਜੋ ਹੈ।
ਬਿਦਤਿ ਜਗਤ ਮਹਿਂ ਜਾਨਹਿਂ ਸਾਰੇ। ਕਰਜੋ ਆਪ ਨੇ ਤਿਸੀ ਪ੍ਰਕਾਰੇ ॥ ੪੬ ॥

ਰਾਮਦਾਸ ਪੁਰ ਨਾਂ ਰਖਿਆ ਹੈ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਹੈ। ਜਗਤ ਵਿਚ ਪ੍ਰਗਟ ਹੈ ਤੇ ਸਾਰੇ ਜਾਣਦੇ ਹਨ। ਤੁਸੀਂ ਵੀ ਉਸੇ ਪ੍ਰਕਾਰ ਨਗਰ ਤਿਆਰ ਕੀਤਾ ਹੈ॥੪੬॥

ਤਿਸੀ ਰੀਤਿ ਹੀ ਹੁਇ ਅਭਿਰਾਮੂ। 'ਸ੍ਰੀ ਹਰਿਗੋਵਿੰਦ ਪੁਰਿ' ਸੁਭ ਨਾਮੂ।
ਸ੍ਰੀ ਨਾਨਕ ਰਚਿ ਪੁਰਿ ਕਰਤਾਰਾ। ਬਿਬ ਗੁਰੁ ਕਰੀ ਖਡੂਰ ਉਦਾਰਾ ॥ ੪੭ ॥

ਉਸੇ ਰੀਤੀ ਅਨੁਸਾਰ ਇਸ ਨਗਰ ਦਾ ਸੁੰਦਰ ਨਾ 'ਸ੍ਰੀ ਹਰਿਗੋਬਿੰਦਪੁਰ' ਸੁਭ ਨਾਮ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਨਗਰ ਦੀ ਰਚਨਾ ਕੀਤੀ, ਦੂਸਰੇ ਗੁਰੂ ਸਾਹਿਬ ਨੇ ਖਡੂਰ ਉੱਤਮ ਨਗਰ ਵਸਾਇਆ॥੪੭॥

ਗੋਇੰਦਵਾਲ ਬਸਾਯਹੁ ਤੀਜੇ। ਰਾਮਦਾਸ ਪੁਰਿ ਚਤੁਰਥ ਥੀਜੇ।
ਸ੍ਰੀ ਕਰਤਾਰਪੁਰਾ ਵਿਚ ਦ੍ਵਾਬੇ। ਸ੍ਰੀ ਗੁਰੁ ਅਰਜਨ ਕੀਨਿ ਅਜਾਬੇ ॥ ੪੮ ॥

ਤੀਸਰੇ ਗੁਰੂ ਜੀ ਨੇ ਗੋਇੰਦਵਾਲ ਵਸਾਇਆ ਤੇ ਚੌਥੇ ਗੁਰੂ ਜੀ ਨੇ ਰਾਮਦਾਸਪੁਰ ਦੀ ਰਚਨਾ ਕੀਤੀ। ਦੁਆਬੇ ਵਿਚ ਸ੍ਰੀ ਕਰਤਾਰਪੁਰ ਦਾ ਅਨੋਖਾ ਨਗਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਬਾਦ ਕੀਤਾ॥੪੮॥

ਸ੍ਰੀ ਹਰਿ ਗੋਵਿੰਦ ਪੁਰਿ ਤੁਮ ਕੀਨੇ। ਮੈਂ ਨਿਜ ਮਨ ਮਹਿਂ ਇਸ ਬਿਧਿ ਚੀਨੇ'।
ਸੁਨਿ ਗੁਰੁ ਆਦਿ ਸਭਾ ਜੇ ਸਾਰੀ। ਬ੍ਰਿਧ ਕੋ 'ਧੰਨਹਿ ਧੰਨਾ' ਉਚਾਰੀ ॥ ੪੯ ॥

ਸ੍ਰੀ ਹਰਿਗੋਬਿੰਦਪੁਰ ਹੁਣ ਤੁਸੀਂ ਵਸਾ ਦਿੱਤਾ ਹੈ, ਮੈਂ ਆਪਣੇ ਮਨ ਵਿਚ ਇਸ ਪ੍ਰਕਾਰ ਸਮਝਿਆ ਹੈ। ਇਹ ਸੁਣ ਕੇ ਗੁਰੂ ਜੀ ਤੇ ਹੋਰ ਜਿਹੜੇ ਸਭਾ ਵਿਚ ਬੈਠੇ ਸਨ, ਸਾਰਿਆਂ ਨੇ ਬਾਬਾ ਬੁੱਢਾ ਜੀ ਨੂੰ 'ਧੰਨ ਧੰਨ' ਕਿਹਾ॥੪੯॥

ਸਭਿ ਮਹਿਂ ਪ੍ਰਗਟ ਨਾਮ ਤਬਿ ਹੋਵਾ। ਸਗਰੇ ਅਨੰਦ ਧਾਰਿ ਕਰਿ ਜੋਵਾ।
ਇਮ ਸਤਿਗੁਰੁ ਪੁਰਿ ਨਾਮ ਧਰਾਯੋ। ਅਬਿ ਲੌ ਸਗਰੇ ਜਗ ਪ੍ਰਗਟਾਯੋ॥ ੫੦॥

ਸਾਰਿਆਂ ਵਿਚ ਫਿਰ ਨਗਰ ਦਾ ਨਾਂ ਪ੍ਰਗਟ ਹੋ ਗਿਆ, ਸਾਰਿਆਂ ਅਨੰਦ ਧਾਰ ਕੇ ਵੇਖਿਆ। ਇਸ ਤਰ੍ਹਾਂ ਸਤਿਗੁਰੂ ਜੀ ਨੇ ਨਗਰ ਦਾ ਨਾਮ ਧਰਾਇਆ, ਹੁਣ ਤਕ ਸਾਰੇ ਜੱਗ ਵਿਚ ਇਹ ਨਾਮ ਪ੍ਰਗਟ ਹੈ॥੫੦॥

ਖਾਸ ਮਹਿਲ ਗੁਰੂ ਕੇ ਬਰ ਚਿਨੇ। ਬ੍ਰਿੰਦ ਖਚੇ ਨਗ ਕੰਚਨ ਸਨੇ।
ਰੁਚਿਰ ਰੀਤਿ ਕੇ ਦਰ ਰਖਵਾਏ। ਜਿਸ ਕੋ ਦੇਖਤਿ ਦੇਵ ਲੁਭਾਏ॥ ੫੧॥

ਗੁਰੂ ਜੀ ਦੇ ਮਹਿਲਾਂ ਦੀ ਸ੍ਰੇਸ਼ਟ ਚਿਣਾਈ ਕੀਤੀ ਗਈ, ਬਹੁਤ ਸੋਨੇ ਦੇ ਨਗ ਖਚੇ ਗਏ। ਸੁੰਦਰ ਰੀਤੀ ਅਨੁਸਾਰ ਦਰਵਾਜ਼ੇ ਰਖਵਾਏ ਗਏ, ਜਿਨ੍ਹਾਂ ਨੂੰ ਵੇਖ ਕੇ ਦੇਵਤੇ ਵੀ ਲਲਚਾ ਜਾਂਦੇ ਹਨ॥੫੧॥

ਇਮ ਕੇਤਿਕ ਦਿਨ ਕਰੇ ਗੁਜ਼ਾਰਨਿ। ਸਿੱਖ ਅਨੇਕੈਂ ਕਰਤਿ ਉਧਾਰਨਿ।
ਜਹਿਂ ਕਹਿਂ ਜਗ ਮਹਿਂ ਜਸੁ ਬਹੁ ਫੈਲਾ। ਜਿਸ ਆਗੈ ਨਿਸਪਤਿ ਲਗਿ ਮੈਲਾ॥੫੨॥

ਇਸ ਤਰ੍ਹਾਂ ਉਥੇ ਕਾਫੀ ਦਿਨ ਗੁਜ਼ਾਰੇ, ਅਨੇਕਾਂ ਸਿੱਖਾਂ ਦਾ ਉਧਾਰ ਕੀਤਾ। ਜਿਥੇ ਕਿਥੇ ਜਗ ਵਿਚ ਬਹੁਤ ਜੱਸ ਫੈਲਿਆ, ਜਿਸ ਦੇ ਸਾਹਮਣੇ ਚੰਦ ਵੀ ਮੈਲਾ ਲੱਗਦਾ ਸੀ॥੫੨॥

*ਛੇਵੀਂ ਰਾਸ ਦਾ ਸੰਤਾਲੀਵਾਂ ਅਧਿਆਇ ਸਮਾਪਤ ਹੋਇਆ॥੪੭॥*

## ਅਧਿਆਇ ਅੱਠਤਾਲੀਵਾਂ

*ਖ਼੍ਵਾਜਾ ਤੇ ਜਾਨੀ ਸੱਯਦ, ਨੰਦ ਲਾਲ 'ਸੋਹਣਾ'*

ਦੋਹਰਾ- ਸ੍ਰੀ ਗੁਰੁ ਹਰਿਗੋਵਿੰਦ ਜੀ ਬੀਰ ਧੀਰ ਗੰਭੀਰ।
ਦਾਸਨ ਕਰਹਿਂ ਨਿਹਾਲ ਗਨ ਜੋ ਸੇਵਤਿ ਹੁਇ ਤੀਰ॥ ੧॥

ਸ੍ਰੀ ਗੁਰੂ ਹਰਿਗੋਬਿੰਦ ਜੀ ਵੱਡੇ ਸੂਰਬੀਰ ਅਤੇ ਗੰਭੀਰ ਧੀਰਜਵਾਨ ਹਨ, ਜਿਹੜੇ ਸੇਵਕ ਪਾਸ ਰਹਿ ਕੇ ਸੇਵਾ ਕਰਦੇ ਸਨ ਉਨ੍ਹਾਂ ਨੂੰ ਨਿਹਾਲ ਕਰਦੇ ਸਨ॥੧॥

ਚੌਪਈ- ਇਕ ਕਸ਼ਮੀਰੀ ਖ਼੍ਵਾਜਾ ਨਾਮ। ਪੂਰਬ ਭਾਗ ਜਗੇ ਅਭਿਰਾਮ।
ਨਿਤ ਸਤਿਗੁਰ ਕੀ ਸੇਵਾ ਗਹੀ। ਸਾਵਧਾਨ ਸਦ ਆਲਸ ਨਹੀਂ॥੨॥

ਇਕ ਕਸ਼ਮੀਰੀ ਸੀ ਜਿਸ ਦਾ ਖ਼੍ਵਾਜਾ ਨਾਂ ਸੀ, ਉਸ ਦੇ ਪਿਛਲੇ ਜਨਮ ਦੇ ਉੱਤਮ ਭਾਗ ਜਾਗ ਪਏ, ਨਿਤ ਸਤਿਗੁਰੂ ਜੀ ਦੀ ਸੇਵਾ ਕਰਦਾ ਸੀ, ਸਦਾ ਚੁਸਤ ਫੁਰਤ ਰਹਿੰਦਾ ਸੀ, ਕਦੇ ਵੀ ਆਲਸ ਨਹੀਂ ਸੀ ਕਰਦਾ॥੨॥

ਸ੍ਰੀ ਹਰਿਗੋਵਿੰਦ ਕੇਰਿ ਤੁਰੰਗ। ਮਲਹਿ ਸੁਧਾਰਹਿ ਸਗਰੇ ਅੰਗ।
ਜਬਿ ਅਰੂਢ ਕਰਿ ਪੰਥ ਪਧਾਰਹਿਂ। ਆਗੈ ਅਸੁ ਕੇ ਸਦਾ ਸਿਧਾਰਹਿ॥੩॥

ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਜਿਹੜਾ ਘੋੜਾ ਸੀ, ਉਸ ਦੇ ਸਾਰੇ ਅੰਗ ਸੁਧਾਰ ਕੇ ਮਲਦਾ ਸੀ। ਜਦ ਗੁਰੂ ਜੀ ਘੋੜੇ ਤੇ ਚੜ੍ਹ ਕੇ ਰਾਹੇ ਪੈਂਦੇ ਸਨ ਤਾਂ ਘੋੜੇ ਦੇ ਸਦਾ ਅੱਗੇ-ਅੱਗੇ ਜਾਂਦਾ ਸੀ॥੩॥

ਇਕ ਸਰੂਪ ਸੋਂ ਚਿਤ ਬਿਰਮਾਯੋ। ਕਹਨਿ ਸੁਨਨਿ ਕਿਹ ਸੰਗ ਨ ਭਾਯੋ।
ਰਹੇ ਇਕਾਂਕੀ ਮੇਲਿ ਨ ਠਾਨਿ। ਗੁਰੁ ਸੇਵਾ ਮਹਿਂ ਰਹਿ ਸਵਧਾਨ॥ ੪॥

ਇਕ ਗੁਰੂ ਜੀ ਦੇ ਸਰੂਪ ਨਾਲ ਚਿੱਤ ਲਾਇਆ ਸੀ, ਹੋਰ ਕਿਸੇ ਨਾਲ ਕਹਿਣਾ ਸੁਣਨਾ ਚੰਗਾ ਨਹੀਂ ਸੀ ਲੱਗਦਾ। ਇਕੱਲਾ ਰਹਿੰਦਾ ਸੀ ਤੇ ਕਿਸੇ ਨਾਲ ਮਿਲਦਾ ਜੁਲਦਾ ਨਹੀਂ ਸੀ ਤੇ ਸਦਾ ਗੁਰੂ ਜੀ ਦੀ ਸੇਵਾ ਵਿਚ ਸਾਵਧਾਨ ਰਹਿੰਦਾ ਸੀ॥੪॥

ਕ੍ਰਿਪਾ ਦ੍ਰਿਸ਼ਟਿ ਇਕ ਦਿਨ ਪਿਖਿ ਧਾਰੀ। ਦੌਰਜੋ ਗਮਨਤਿ ਤੁਰੰਗ ਅਗਾਰੀ।
ਸ੍ਵੇਦ ਅੰਗ ਤੇ ਚਲਹਿ ਬਿਸਾਲਾ। ਤਨ ਕੋ ਸ੍ਰਮ ਨ ਪਿਖਹਿ ਤਿਸ ਕਾਲਾ॥ ੫॥

ਗੁਰੂ ਜੀ ਨੇ ਇਕ ਦਿਨ ਵੇਖ ਕੇ ਕ੍ਰਿਪਾ ਦ੍ਰਿਸ਼ਟੀ ਧਾਰਨ ਕੀਤੀ, ਉਹ ਗੁਰੂ ਜੀ ਦੇ ਘੋੜੇ ਅੱਗੇ ਦੌੜਿਆ ਜਾ ਰਿਹਾ ਸੀ, ਸਰੀਰ ਵਿਚ ਬਹੁਤ ਮੁੜ੍ਹਕਾ ਬਹਿ ਰਿਹਾ ਸੀ, ਉਸ ਸਮੇਂ ਸਰੀਰ ਨੂੰ ਕਿਸੇ ਪ੍ਰਕਾਰ ਦੀ ਥਕਾਨ ਨੂੰ ਵੀ ਨਹੀਂ ਵੇਖਦਾ ਸੀ॥੫॥

ਇਕ ਸੇਵਾ ਕੇ ਤਤਪਰ ਹੋਵਾ। ਸੁਖ ਦੁਖ ਆਦਿ ਦ੍ਵੰਦ ਸਮ ਜੋਵਾ।
ਉਤਰਿ ਗੁਰੂ ਨੇ ਨਿਕਟਿ ਹਕਾਰਾ। 'ਕਹੁ ਕਜਾ ਇੱਛਾ ਰਿਦੇ ਮਝਾਰਾ ?' ॥ ੬॥

ਇਕ ਸੇਵਾ ਵਾਸਤੇ ਹੀ ਤਤਪਰ ਸੀ, ਸੁਖ ਦੁਖ ਆਦਿ ਦ੍ਵੰਦਾ ਇਕ ਸਮਾਨ ਜਾਣਦਾ ਸੀ। ਗੁਰੂ ਜੀ ਨੇ ਘੋੜੇ ਤੋਂ ਉਤਰ ਕੇ ਪਾਸ ਬੁਲਾਇਆ, "ਦੱਸੋ ਤੁਹਾਡੇ ਹਿਰਦੇ ਵਿਚ ਕੀ ਇੱਛਾ ਹੈ ?"॥੬॥

ਸੁਨਿ ਕਰਿ ਹਾਥ ਜੋਰਿ ਬਚ ਭਾਖਾ। 'ਇਕ ਰਾਵਰਿ ਦਰਸ਼ਨ ਅਭਿਲਾਖਾ।
ਅਪਰ ਚਾਹਿ ਨਹਿਂ ਮੇਰੇ ਕੋਈ। ਸਦਾ ਸਮੀਪੀ ਤੁਮਰੇ ਹੋਈ॥ ੭॥

ਇਹ ਸੁਣ ਕੇ ਹੱਥ ਜੋੜ ਕੇ ਬੋਲਿਆ, "ਕੇਵਲ ਆਪ ਜੀ ਦੇ ਦਰਸ਼ਨਾਂ ਦੀ ਅਭਿਲਾਸ਼ਾ ਹੈ। ਹੋਰ ਮੈਨੂੰ ਕੋਈ ਚਾਹ ਨਹੀਂ ਹੈ, ਇਹੋ ਚਾਹੁੰਦਾ ਹਾਂ ਕਿ ਸਦਾ ਤੁਹਾਡੇ ਨੇੜੇ ਰਹਾਂ॥੭॥

ਸੇਵਾ ਕਰਤਿ ਰਹੌਂ ਨਿਸ਼ਕਾਮਾ। ਪਿਖੌਂ ਬਦਨ ਰਾਵਰਿ ਸੁਖ ਧਾਮਾ'।
ਸੁਨਤਿ ਪ੍ਰਸੀਦੇ ਕ੍ਰਿਪਾ ਨਿਧਾਨਾ। 'ਭਯੋ ਨਿਹਾਲ' ਸੁ ਬਾਕ ਬਖਾਨਾ॥ ੮॥

ਸਦਾ ਨਿਸ਼ਕਾਮ ਸੇਵਾ ਕਰਦਾ ਰਹਾਂ, ਆਪ ਜੀ ਦੇ ਸੁਖਾਂ ਦਾ ਘਰ ਮੁਖੜੇ ਨੂੰ ਵੇਖਦਾ ਰਹਾਂ।" ਕ੍ਰਿਪਾ ਨਿਧਾਨ ਗੁਰੂ ਜੀ ਸੁਣ ਕੇ ਪਸੀਜ ਗਏ ਤੇ ਬਚਨ ਕੀਤਾ, "ਮੈਂ ਆਪ ਤੇ ਨਿਹਾਲ ਹੋ ਗਿਆ ਹਾਂ"॥੮॥

ਤਿਸ ਦਿਨ ਤੇ ਪ੍ਰਸੰਨ ਮਨ ਰਹੈ। ਕਿਹ ਸੋਂ ਕੈਸੇ ਕਬਹੁਂ ਨ ਕਹੈ।
ਇਕ ਸੱਯਦ ਜਾਨੀ ਜਿਸ ਨਾਮੂ। ਬੇਖ ਫਕੀਰ ਭਯੋ ਤਜਿ ਧਾਮੂ॥ ੯॥

ਉਸ ਦਿਨ ਤੋਂ ਮਨ ਪ੍ਰਸੰਨ ਰਹਿੰਦਾ ਸੀ, ਕਿਸੇ ਨੂੰ ਵੀ ਕਿਸੇ ਤਰ੍ਹਾਂ ਕੁਝ ਨਹੀਂ ਸੀ ਕਹਿੰਦਾ, ਇਕ ਸੱਯਦ ਸੀ ਜਿਸ ਦਾ ਨਾਮ ਜਾਨੀ ਸੀ ਉਸ ਆਪਣਾ ਘਰ ਬਾਰ ਛੱਡ ਕੇ ਫਕੀਰੀ ਭੇਸ ਧਾਰਨ ਕਰ ਲਿਆ ਸੀ॥੯॥

ਖੋਜਹਿ ਮਗ ਜਿਮ ਹੁਇ ਕੱਲਜਾਨ। ਨਿਸ ਦਿਨ ਚਹਤਿ ਫਿਰਜੋ ਬਹੁ ਥਾਨ।
ਹਿੰਦੂ ਤੁਰਕ ਬਹੁ ਬਿਧਿ ਸੋਂ ਖੋਜੇ। ਪੰਚ ਨਿਵਾਜ ਕਰਹਿ ਸਭਿ ਰੋਜੇ॥ ੧੦॥

ਮਾਰਗ ਲੱਭਦਾ ਸੀ ਜਿਸ ਨਾਲ ਕਲਿਆਣ ਹੋ ਜਾਵੇ, ਰਾਤ ਦਿਨ ਇਹੀ ਚਾਹੁੰਦਾ ਸੀ ਤੇ ਬਹੁਤ ਥਾਵਾਂ ਤੇ ਫਿਰਿਆ। ਹਿੰਦੂਆਂ ਅਤੇ ਤੁਰਕਾਂ ਦੀ ਬਹੁਤ ਵਿਧੀਆਂ ਅਨੁਸਾਰ ਖੋਜ ਕੀਤੀ ਤੇ ਹਰ ਰੋਜ਼ ਪੰਜੇ ਨਿਮਾਜ਼ਾਂ ਪੜ੍ਹਦਾ ਸੀ॥੧੦॥

ਝੂਰਦ ਕਰਤਿ, ਖੋਜਤਿ ਬਹੁ ਥਾਈਂ। ਕਛੂ ਨ ਮੌਲਾ ਕੀ ਸੁਧਿ ਪਾਈ।
ਕਿਤੇ ਫਕੀਰ ਤੁਰਕ ਕੀ ਸੇਵਾ। ਹਿੰਦੂ ਸਾਧਨਿ ਤੇ ਚਹਿ ਭੇਵਾ॥ ੧੧॥

ਤਪ ਕਰਦਾ, ਬਹੁਤ ਥਾਈਂ ਲਭਦਾ ਫਿਰਦਾ ਸੀ, ਪਰ ਕਿਸੇ ਪਾਸੋਂ ਵੀ ਮੌਲਾ ਦੀ ਸੋਝੀ ਨਾ ਪਾਈ। ਕਿਤੇ ਤੁਰਕ ਫਕੀਰ ਦੀ ਸੇਵਾ ਕਰਦਾ ਸੀ, ਕਿਤੇ ਹਿੰਦੂ ਸਾਧ ਤੋਂ ਪ੍ਰਭੂ ਦਾ ਭੇਦ ਪਾਉਣਾ ਚਾਹੁੰਦਾ ਸੀ॥੧੧॥

ਕਹੂੰ ਨ ਹੋਈ ਪੂਰਨ ਆਸ਼ਾ। ਖੋਜਤਿ ਫਿਰਤਿ ਮਨੋ ਮ੍ਰਿਗ ਪਯਾਸਾ।
ਪੂਰਨ ਸੰਤ ਮਿਲਜੋ ਨਹਿਂ ਕੋਈ। ਪ੍ਰਭੁ ਕੋ ਪੰਥੁ ਦਿਖਾਵਹਿ ਜੋਈ॥ ੧੨॥

ਕਿਤੇ ਵੀ ਉਸ ਦੀ ਆਸ ਪੂਰੀ ਨਾ ਹੋਈ, ਪਿਆਸੇ ਹਿਰਨ ਵਾਂਗ ਜਿਵੇਂ ਪਾਣੀ ਲਭਦਾ ਫਿਰਦਾ ਸੀ। ਕਿਤੇ ਵੀ ਕੋਈ ਪੂਰਨ ਸੰਤ ਨਾ ਮਿਲਿਆ, ਜਿਹੜਾ ਪ੍ਰਭੂ ਦਾ ਮਾਰਗ ਵਿਖਾਵੇ॥੧੨॥

ਅਤਿ ਬਯਾਕੁਲ ਚਿਤ ਬਹੁ ਦੁਖ ਪਾਵਾ। ਕਿਸ ਕਰੁਨਾ ਕਰਿ ਤਾਂਹਿ ਬਤਾਵਾ।
'ਸ਼੍ਰੀ ਨਾਨਕ ਕੀ ਗਾਦੀ ਮਹਾਂ। ਸਿੱਖੀ ਪਸਰੀ ਜਗ ਜਹਿਂ ਕਹਾਂ॥ ੧੩॥

ਅਤੀ ਵਿਆਕੁਲ ਹੋ ਕੇ ਚਿੱਤ ਵਿਚ ਬਹੁਤ ਦੁਖ ਪਾਇਆ। ਕਿਸੇ ਨੇ ਤਰਸ ਕਰਕੇ ਉਸ ਨੂੰ ਦਸਿਆ, "ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਮਹਾਨ ਹੈ, ਜਗਤ ਵਿਚ ਜਿਥੇ ਕਿਥੇ ਸਿੱਖੀ ਦਾ ਪਸਾਰ ਹੋਇਆ ਹੈ॥੧੩॥

ਤਿਨ ਕੇ ਸੇਵਕ ਸਭਿ ਕਿਛੁ ਪਾਯੋ। ਪ੍ਰਭੁ ਮਿਲਿਬੇ ਕੋ ਪੰਥ ਬਤਾਯੋ।
ਸਿੱਧਾਂ ਜਿਨਹੁਂ ਅਗਾਰੀ ਖਰੀ। ਅੰਗੀਕਾਰ ਨ ਤਿਨ ਜਨ ਕਰੀ॥ ੧੪॥

ਉਨ੍ਹਾਂ ਦੇ ਸੇਵਕਾਂ ਨੇ ਸਭ ਕੁਝ ਪਾ ਲਿਆ ਹੈ, ਪ੍ਰਭੂ ਨੂੰ ਮਿਲਣ ਦਾ ਉਹ ਮਾਰਗ ਵੀ ਦੱਸਦੇ ਹਨ, ਸਿੱਧਾਂ ਨੇ ਜੋ ਪਿਛਲੇ ਸਮਿਆਂ ਵਿਚ ਕੀਤਾ ਹੈ, ਉਸ ਨੂੰ ਇਨ੍ਹਾਂ ਦੇ ਸੇਵਕਾਂ ਨੇ ਵੀ ਅੰਗੀਕਾਰ ਨਹੀਂ ਕੀਤਾ ਹੈ॥੧੪॥

ਅਬਿ ਸ਼੍ਰੀ ਹਰਿ ਗੋਵਿੰਦ ਬਡ ਜੋਧਾ। ਬਧਜੋ ਸ਼ਾਹੁ ਘਰ ਸੰਗ ਬਿਰੋਧਾ।
ਸੋ ਅੰਤਰਜਾਮੀ ਗੁਰ ਪੂਰਾ। ਮਿਲਿ ਸੇਵਹਿ ਪ੍ਰਾਪਤਿ ਮਗ ਰੂਰਾ॥ ੧੫॥

ਹੁਣ ਸ੍ਰੀ ਹਰਿਗੋਬਿੰਦ ਜੀ ਵੱਡੇ ਯੋਧੇ ਹਨ, ਬਾਦਸ਼ਾਹ ਦੇ ਘਰ ਨਾਲ ਉਨ੍ਹਾਂ ਦਾ ਵਿਰੋਧ ਵੱਧ ਗਿਆ ਹੈ। ਉਹ ਅੰਤਰਜਾਮੀ ਪੂਰਨ ਗੁਰੂ ਹਨ ਜਿਹੜੇ ਉਨ੍ਹਾਂ ਨੂੰ ਮਿਲ ਕੇ ਸੇਵਾ ਕਰਦੇ ਹਨ, ਉਨ੍ਹਾਂ ਨੂੰ ਸ੍ਰੇਸ਼ਟ ਮਾਰਗ ਪ੍ਰਾਪਤ ਹੋ ਜਾਂਦਾ ਹੈ॥੧੫॥

ਮਹਾਂ ਕ੍ਰਿਪਾਲ ਮਨਿੰਦ ਖੁਦਾਇ। ਜਿਮ ਚਾਹਤਿ ਤਿਮ ਲੇਤਿ ਬਨਾਇ।
ਦਾਸ ਨਿਹਾਲ ਕਰਹਿ ਤਤਕਾਲੂ। ਸ਼ਰਧਾ ਪ੍ਰੇਮ ਬਿਲੋਕਿ ਬਿਸਾਲੂ॥ ੧੬॥

ਉਹ ਖ਼ੁਦਾ ਵਾਂਗ ਮਹਾਂ ਕਿਰਪਾਲੂ ਹਨ, ਜਿਵੇਂ ਚਾਹੁੰਦੇ ਹਨ, ਉਸ ਤਰ੍ਹਾਂ ਬਣਾ ਲੈਂਦੇ ਹਨ, ਆਪਣੇ ਦਾਸਾਂ ਨੂੰ ਤੁਰਤ ਨਿਹਾਲ ਕਰਦੇ ਹਨ, ਜਦ ਵਿਸ਼ਾਲ ਸ਼ਰਧਾ ਅਤੇ ਪ੍ਰੇਮ ਵੇਖਦੇ ਹਨ॥੧੬॥

ਸੁਨਿ ਜਸੁ ਕੋ ਮਨ ਮਹਿਂ ਹਰਖਾਯੋ। ਖੋਜਤਿ ਪਾਰਸ ਮਨਹੁਂ ਬਤਾਯੋ।
ਚਲਿ ਆਯਹੁ ਉਤਲਾਵਤਿ ਸੋਊ। ਚਿਤ ਮਹਿਂ ਚਿਤਵਤਿ 'ਕਿਸ ਬਿਧਿ ਜੋਊਂ'॥੧੭॥

ਸੋਜਦ ਜਾਨੀ ਇਹ ਸੁਣ ਕੇ ਮਨ ਵਿਚ ਬਹੁਤ ਪ੍ਰਸੰਨ ਹੋਇਆ, ਮਾਨੋਂ ਕਿਸੇ ਖੋਜ ਰਹੇ ਨੂੰ ਪਾਰਸ ਦੀ ਦੱਸ ਪਾਈ ਹੋਵੇ। ਬੜਾ ਉਤਾਵਲਾ ਹੋ ਕੇ ਚਲ ਕੇ ਆ ਗਿਆ, ਚਿੱਤ ਵਿਚ ਸੋਚਦਾ ਹੈ, "ਕਿਵੇਂ ਦਰਸ਼ਨ ਕਰਾਂ"॥੧੭॥

ਸੰਕਤਿ ਆਇ ਸੁ ਖ੍ਵਾਜੇ ਮਿਲਜੋ। ਜੋ ਗੁਰੁ ਪ੍ਰੇਮ ਬਿਖੈ ਢੁਲਿ ਰਲਜੋ।
ਸਗਰੀ ਅਪਨੀ ਬ੍ਰਿਥਾ ਸੁਨਾਈ। 'ਮੈਂ ਖੋਜਤਿ ਨੇ ਬੈਸ ਬਿਤਾਈ॥ ੧੮॥

ਸੰਕੋ ਸਹਿਤ ਹੋ ਕੇ ਖ਼੍ਵਾਜੇ ਨੂੰ ਆ ਕੇ ਮਿਲਿਆ, ਜਿਹੜਾ ਗੁਰੂ ਜੀ ਦੇ ਪ੍ਰੇਮ ਵਿਚ ਪਸੀਜ ਕੇ ਇਕਮਿਕ ਹੋ ਰਿਹਾ ਸੀ। ਉਸ ਨੂੰ ਆਪਣੀ ਸਾਰੀ ਕਹਾਣੀ ਸੁਣਾਈ, 'ਮੈਂ ਲਭਦੇ ਨੇ ਹੀ ਆਪਣੀ ਸਾਰੀ ਉਮਰ ਬਤੀਤ ਕਰ ਲਈ ਹੈ॥੧੮॥

ਤੂੰ ਮਮ ਮੇਲੀ ਤੁਰਕ ਸਰੀਰ। ਗੁਰੁ ਕੋ ਭੇਦ ਬਤਾਵਹੁ, ਬੀਰ !।
ਕਿਮ ਪ੍ਰਸੰਨ ਹੁਇ ਕਰੁਨਾ ਧਾਰੈਂ। ਮੋਹਿ ਦੀਨ ਕੋ ਪੰਥ ਦਿਖਾਰੈਂ॥ ੧੯॥

ਤੂੰ ਮੇਰਾ ਮੇਲੀ ਤੁਰਕ ਸਰੀਰ ਹੈਂ, ਹੇ ਵੀਰ ! ਮੈਨੂੰ ਗੁਰੂ ਜੀ ਦਾ ਭੇਦ ਦੱਸੋ। ਕਿਵੇਂ ਪ੍ਰਸੰਨ ਹੋ ਕੇ ਕ੍ਰਿਪਾ ਧਾਰਦੇ ਹਨ, ਮੈਨੂੰ ਗਰੀਬ ਨੂੰ ਖ਼ੁਦਾ ਦਾ ਮਾਰਗ ਵਿਖਾਉਣ॥੧੯॥

ਤਬਿ ਖ੍ਵਾਜੇ ਨੇ ਸਭਿ ਬਿਧਿ ਕਹੀ। 'ਇਨ ਸਮ ਅਪਰ ਨਹੀਂ ਮਹਿ ਮਹੀ।
ਗੁਰੁ ਸਮਰਥ ਸਭਿ ਅੰਤਰਜਾਮੀ। ਪ੍ਰੇਮ ਪਿਖਹਿਂ ਦਾਸਨਿ ਕੋ ਸ੍ਵਾਮੀ॥ ੨੦॥

ਤਦ ਖ਼੍ਵਾਜੇ ਨੇ ਸਾਰੀ ਵਿਧੀ ਦੱਸੀ, "ਇਨ੍ਹਾਂ ਵਰਗਾ ਧਰਤੀ ਤੇ ਹੋਰ ਕੋਈ ਨਹੀਂ, ਗੁਰੂ ਜੀ ਸਭ ਤਰ੍ਹਾਂ ਸਮਰੱਥ ਤੇ ਅੰਤਰਜਾਮੀ ਹਨ, ਉਹ ਆਪਣੇ ਸੇਵਕਾਂ ਦਾ ਪ੍ਰੇਮ ਵੇਖਦੇ ਹਨ॥੨੦॥

ਕਰਹਿਂ ਉਧਾਰਨਿ ਬਿਲਮ ਨ ਲਾਵੈਂ। ਜਿਸ ਦਿਨ ਕਰੁਨਾਰਸ ਢਲਿ ਆਵੈਂ।
ਸ਼੍ਰੀ ਸਤਿਗੁਰੁ ਕੇ ਦ੍ਵਾਰੇ ਬਹੋ। ਕਿਸ ਤੇ ਸੁਨਹੁਂ ਨ ਕਿਹ ਸੋਂ ਕਹੋ॥ ੨੧॥

ਉਧਾਰ ਕਰਨ ਲੱਗੇ ਉਹ ਕੋਈ ਦੇਰ ਨਹੀਂ ਲਾਉਂਦੇ ਹਨ, ਜਿਸ ਦਿਨ ਵੀ ਕਿਰਪਾ ਦੇ ਰਸ ਵਿਚ ਢਲ ਆਉਂਦੇ ਹਨ। ਸ੍ਰੀ ਸਤਿਗੁਰੂ ਜੀ ਦੇ ਦਵਾਰੇ ਤੇ ਬੈਠੋ, ਕਿਸੇ ਤੋਂ ਕੁਝ ਵੀ ਨਾ ਸੁਣੋ, ਜੋ ਵੀ ਕੋਈ ਕਹੇ॥੨੧॥

ਰਿਦੇ ਅਰਾਧਹੁ ਤੂਸ਼ਨਿ ਠਾਨੋ। ਨਿਜ ਪ੍ਰਸੰਗ ਕਿਹ ਸੋਂ ਨ ਬਖਾਨੋ।
ਜਬਿ ਜਾਨਹਿਂ ਤੇਰੇ ਅਹਿਵਾਲ। ਕਸਹਿਂ ਕਸੌਟੀ, ਰਹੋ ਸੰਭਾਲ॥ ੨੨॥

ਚੁਪ ਧਾਰ ਕੇ ਹਿਰਦੇ ਵਿਚ ਅਰਾਧਣਾ ਕਰੋ, ਆਪਣੇ ਦਿਲ ਦਾ ਪ੍ਰਸੰਗ ਕਿਸੇ ਨੂੰ ਵੀ ਨਾ ਦੱਸੋ, ਜਦ ਉਹ ਤੇਰਾ ਹਾਲ ਜਾਣ ਲੈਣਗੇ ਤਾਂ ਕਸੌਟੀ ਲਾ ਕੇ ਤੇਰੀ ਪਰਖ ਕਰਨਗੇ, ਇਸ ਕਰਕੇ ਆਪਣੇ ਆਪ ਨੂੰ ਸੰਭਾਲ ਕੇ ਰੱਖੋ॥੨੨॥

ਦਏ ਤਾਉ ਤੇ ਉਤਰਹਿਂ ਪੂਰਾ। ਕ੍ਰਿਪਾ ਕਰਹਿਂ ਹੁਇ ਤਵ ਉਰ ਰੂਰਾ।
ਜਿਮ ਕੰਚਨ ਕੋ ਆਗਾਂ ਦੇਤਾ। ਖੋਟ ਨਿਕਾਰਿ ਸੁੱਧ ਕਰਿ ਲੇਤਾ॥ ੨੩॥

ਜਦ ਕਸੌਟੀ ਤੇ ਲਾਉਣ ਲਈ ਸੇਕ ਦੇਣਗੇ ਤੇ ਜੇ ਤੂੰ ਪੂਰਾ ਉਤਰੇਂਗਾ ਤਾਂ ਉਹ ਕਿਰਪਾ ਕਰਨਗੇ ਤੇ ਤੇਰਾ ਹਿਰਦਾ ਸੁੰਦਰ ਬਣ ਜਾਵੇਗਾ ਜਿਵੇਂ ਸੁਨਿਆਰਾ ਸੋਨੇ ਨੂੰ ਪਰਖਣ ਲਈ ਅੱਗ ਦਾ ਤਾਅ ਦਿੰਦਾ ਹੈ ਤੇ ਖੋਟ ਕੱਢ ਕੇ ਸੋਨੇ ਨੂੰ ਸ਼ੁੱਧ ਕਰ ਲੈਂਦਾ ਹੈ॥੨੩॥

ਭਲੀ ਪ੍ਰਕਾਰ ਲੇਹਿਂ ਜਬਿ ਸੋਧੇ। ਤਬਿ ਖੁਦਾਇ ਮਗ ਤੋਹਿ ਪ੍ਰਬੋਧੇਂ।
ਸਫਲਹਿ ਕਹਨਿ ਇਨਹੁ ਤਤਕਾਲੁ। ਸੁਨਹਿਂ ਪੀਰ ਜੀ ! ਹੋਹਿਂ ਨਿਹਾਲੁ ॥੨੪॥

ਉਸ ਤਰ੍ਹਾਂ ਜਦ ਤੈਨੂੰ ਭਲੀ ਪ੍ਰਕਾਰ ਸੋਧ ਲੈਣਗੇ ਤਾਂ ਖ਼ੁਦਾ ਦੇ ਮਾਰਗ ਦਾ ਗਿਆਨ ਬਖ਼ਸ਼ ਦੇਣਗੇ। ਇਨ੍ਹਾਂ ਦਾ ਕਿਹਾ ਤੁਰਤ ਪੂਰਾ ਹੁੰਦਾ ਹੈ, ਜਦ ਪੀਰ ਜੀ ਸੁਣਨਗੇ ਤਾਂ ਨਿਹਾਲ ਹੋ ਜਾਣਗੇ॥੨੪॥

ਸੁਨਿ ਜਾਨੀ ਸੱਯਦ ਅਸ ਗਾਥਾ। ਮਨ ਕਰਿ ਤਹੀਂ ਨਿਵਾਇਸਿ ਮਾਥਾ।
ਭਯੋ ਸਥਿਰ ਗੁਰਦ੍ਵਾਰ ਅਗਾਰੀ। ਭੂਖ ਪਿਪਾਸਾ ਸਹਿ ਦੁਖ ਭਾਰੀ॥ ੨੫॥

ਜਾਨੀ ਸੱਯਦ ਨੇ ਅਜਿਹੀ ਗਾਥਾ ਸੁਣ ਕੇ ਮਨ ਕਰਕੇ ਉਥੇ ਹੀ ਮੱਥਾ ਨਿਵਾ ਦਿੱਤਾ। ਗੁਰੂ ਜੀ ਦੇ ਦਵਾਰੇ ਅੱਗੇ ਬੈਠ ਗਿਆ ਤੇ ਭੁੱਖਾ ਪਿਆਸਾ ਬਹੁਤ ਦੁਖ ਸਹਿੰਦਾ ਸੀ॥੨੫॥

ਸ੍ਰੀ ਗੁਰੂ ਕੋ ਹੇਰਹਿ ਜਿਹ ਸਮੇ। ਮਹਾਂ ਦੀਨ ਹੁਇ ਧਾਰਤਿ ਨਮੋ।
ਅਪਰ ਕਛੂ ਕਿਮ ਸੁਨਹਿ ਨ ਕਹੈ। ਆਤਪ ਛਾਂਵ ਦਿਵਸ ਨਿਸ ਸਹੈ॥੨੬॥

ਸ੍ਰੀ ਗੁਰੂ ਜੀ ਨੂੰ ਜਿਸ ਸਮੇਂ ਵੇਖਿਆ ਤਾਂ ਮਹਾਂ ਦੀਨ ਹੋ ਕੇ ਨਮਸਕਾਰ ਕੀਤੀ। ਹੋਰ ਕੁਝ ਨਾ ਸੁਣਦਾ ਸੀ ਤੇ ਨਾ ਹੀ ਕਹਿੰਦਾ ਸੀ ਤੇ ਧੁੱਪ ਛਾਂ ਦਿਨ ਰਾਤ ਸਹਿੰਦਾ ਸੀ॥੨੬॥

ਨੀਚ ਗ੍ਰੀਵ ਬੈਠਜੋ ਇਕ ਥਾਨ। ਮਨ ਮਹਿਂ ਰਾਖਹਿ ਸਤਿਗੁਰੁ ਧਯਾਨ।
ਕਿਤਿਕ ਦਿਵਸ ਮਹਿਂ ਕਹਜੋ ਗੁਸਾਈਂ। 'ਇਹ ਕੋ ਬੈਠਜੋ ? ਬੂਝਹੁ ਜਾਈ ॥੨੭॥

ਨੀਵਾਂ ਮੂੰਹ ਕਰਕੇ ਇਕ ਥਾਂ ਬੈਠਿਆ ਸੀ ਤੇ ਮਨ ਵਿਚ ਸਤਿਗੁਰੂ ਜੀ ਦਾ ਧਿਆਨ ਰਖਦਾ ਸੀ। ਕਈਆਂ ਦਿਨਾਂ ਬਾਅਦ ਮਾਲਕ ਗੁਰੂ ਜੀ ਨੇ ਕਿਹਾ, ''ਇਹ ਕੌਣ ਬੈਠਿਆ ਹੈ ? ਇਸ ਨੂੰ ਜਾ ਕੇ ਪੁਛੋ''॥੨੭॥

ਪਠਜੋ ਸਿੱਖ, ਇਮ ਪੂਛ ਪਠਾਯਹੁ। 'ਕੌਨ ਅਰਥ ਧੂੰਆ ਭੁਮ ਪਾਯਹੁ ?।
ਬਸਤ੍ਰ ਦਰਬ ਤੇ ਆਦਿਕ ਆਨ। ਸੋ ਮੁਖ ਤੇ ਪ੍ਰਾਰਥਨਾ ਠਾਨਿ॥ ੨੮॥

ਇਕ ਸਿੱਖ ਨੂੰ ਭੇਜਿਆ ਤੇ ਇਸਤਰ੍ਹਾਂ ਪੁਛਿਆ, ''ਕਿਸ ਮਤਲਬ ਲਈ ਧੂੰਆਂ ਪਾ ਬੈਠਾ ਹੈਂ, ਭਾਵ ਦ੍ਰਿੜ੍ਹ ਹੋ ਕੇ ਬੈਠਾ ਹੈਂ ? ਬਸਤਰ, ਧਨ ਤੇ ਹੋਰ ਕਿਸੇ ਚੀਜ਼ ਦੀ ਜੇ ਲੋੜ ਹੈ ਤਾਂ ਉਹ ਮੂੰਹ ਨਾਲ ਕਹਿ ਕੇ ਮੰਗ ਲਵੇ॥੨੮॥

ਕਹਿ ਗੁਰੁ ਘਰ ਤੇ ਲੀਜਹਿ ਪਾਇ। ਕਰਿ ਕਾਰਜ ਕੋ ਸਦਨ ਸਿਧਾਇ।
ਗਯੋ ਸਿੱਖ ਨੇ ਸਰਬ ਸੁਨਾਈ। 'ਨਿਜ ਅਭਿਲਾਖਾ ਦੇਹੁ ਜਨਾਈ॥ ੨੯॥

ਗੁਰੂ ਘਰ ਨੂੰ ਕਹਿ ਕੇ ਲੈ ਲਵੇ ਤੇ ਆਪਣਾ ਕਾਰਜ ਕਰਕੇ ਆਪਣੇ ਘਰ ਨੂੰ ਜਾਵੇ।'' ਸਿੱਖ ਉਸ ਪਾਸ ਗਿਆ ਤੇ ਸਾਰੀ ਗੱਲ ਉਸ ਨੂੰ ਸੁਣਾਈ। ''ਜਿਹੜੀ ਤੁਹਾਡੀ ਅਭਿਲਾਸ਼ਾ ਹੈ ਉਹ ਦੱਸੋ॥੨੯॥

ਸਤਿਗੁਰੁ ਕੈ ਪਰਵਾਹ ਨ ਕੋਈ। ਤੋਹਿ ਭਾਗ ਮਹਿਂ ਪ੍ਰਾਪਤਿ ਸੋਈ।
ਸੁਨੀ ਸਿੱਖ ਤੇ ਸੱਯਦ ਜਾਨੀ। ਹੋਇ ਨੰਮ੍ਰਿ ਕਰ ਜੋਰਿ ਬਖਾਨੀ॥ ੩੦॥

ਸਤਿਗੁਰੂ ਜੀ ਨੂੰ ਕਿਸੇ ਗੱਲ ਦੀ ਪ੍ਰਵਾਹ ਨਹੀਂ ਹੈ, ਜੋ ਤੇਰੇ ਭਾਗ ਵਿਚ ਹੈ ਤੈਨੂੰ ਪ੍ਰਾਪਤ ਹੋਵੇਗਾ।'' ਜਦ ਸਯਦ ਜਾਨੀ ਨੇ ਸਿੱਖ ਪਾਸੋਂ ਇਹ ਗੱਲ ਸੁਣੀ ਤਾਂ ਸਨਿਮਰ ਹੋ ਕੇ ਹੱਥ ਜੋੜ ਕੇ ਕਿਹਾ॥੩੦॥

'ਨੱਸ੍ਵਰ ਅਹੈਂ ਪਦਾਰਥ ਸਾਰੇ। ਤਿਨ ਕੋ ਲੋਭ ਨ ਰਿਦੇ ਹਮਾਰੇ।
ਮੈਂ ਤਾਲਿਬ ਮੌਲਾ ਕੋ ਏਕ। ਦੇਹਿਂ ਕ੍ਰਿਪਾ ਕਰਿ ਜਲਧਿ ਬਿਬੇਕ'॥ ੩੧॥

''ਸਾਰੇ ਪਦਾਰਥ ਨਾਸ਼ ਹੋਣ ਵਾਲੇ ਹਨ, ਉਨ੍ਹਾਂ ਬਾਰੇ ਮੇਰੇ ਹਿਰਦੇ ਵਿਚ ਕੋਈ ਲੋਭ ਨਹੀਂ ਹੈ, ਮੈਂ ਕੇਵਲ ਇਕ ਮੌਲਾ ਦਾ ਜਗਿਆਸੂ ਹਾਂ, ਹੇ ਗਿਆਨ ਦੇ ਸਾਗਰ ! ਮੈਨੂੰ ਮੌਲਾ ਨਾਲ ਮਿਲਾ ਦੇਵੋ''॥੩੧॥

ਸਿੱਖਨਿ ਸੁਨਿ ਕੈ ਜਾਇ ਸੁਨਾਈ। ਕਰੀ ਮੌਨ ਤਬਿ ਗੁਰੁ ਗੋਸਾਈਂ।
ਕਿਤਿਕ ਕਾਲ ਮਹਿਂ ਆਗਜਾ ਦੀਨਿ। 'ਕਰਹੁ ਓਟ ਇਸ ਦਿਸ਼ਿ ਤੇ ਚੀਨ॥ ੩੨॥

ਸਿੱਖਾਂ ਨੇ ਸੁਣ ਕੇ ਗੁਰੂ ਜੀ ਨੂੰ ਜਾ ਸੁਣਾਇਆ, ਗੁਰੂ ਜੀ ਇਹ ਸੁਣ ਕੇ ਚੁਪ ਰਹੇ। ਕੁਝ ਸਮੇਂ ਬਾਅਦ ਆਗਿਆ ਕੀਤੀ, ''ਇਸ ਦੇ ਪਾਸੇ ਵੱਲ ਵੇਖ ਕੇ ਪਰਦਾ ਕਰ ਦੇਵੋ॥੩੨॥

ਭੀਤ ਉਚੇਰੀ ਦਿਹੁ ਚਿਨਵਾਈ। ਆਵਤਿ ਜਾਤਿ ਨਹੀਂ ਦਰਸਾਈ।
ਤਬਿ ਸੁਨਿ ਸਿੱਖਨਿ ਤੈਸੇ ਕੀਨਸਿ। ਤਿਸ ਕੇ ਅੱਗ੍ਰ ਚਿਨਾਇ ਸੁ ਦੀਨਸਿ॥ ੩੩॥

ਉੱਚੀ ਦੀਵਾਰ ਦੀ ਚਿਣਵਾਈ ਕਰ ਦੇਵੋ ਕੋਈ ਆਉਂਦਾ ਜਾਂਦਾ ਦਿਖਾਈ ਨਾ ਦੇਵੇ।" ਇਹ ਸੁਣ ਕੇ ਸਿੱਖਾਂ ਨੇ ਉਸ ਤਰ੍ਹਾਂ ਹੀ ਕੀਤਾ, ਉਸ ਦੇ ਅੱਗੇ ਦੀਵਾਰ ਚਿਣ ਦਿੱਤੀ॥੩੩॥

ਜਾਨੀ ਬੈਠਿ ਰਹਜੋ ਗਹਿ ਸੇਵਾ। ਦਰਸ ਨਹੀਂ ਹ੍ਵੈ ਤਬਿ ਗੁਰੁਦੇਵਾ।
ਨਿਸ ਦਿਨ ਨਾਮ ਗੁਰੂ ਕੋ ਜਪੈ। ਆਤਪ, ਛੁਧਾ ਆਦਿ ਤੇ ਤਪੈ॥ ੩੪॥

ਸੱਯਦ ਜਾਨੀ ਸੇਵਾ ਫੜ ਕੇ ਬੈਠਾ ਰਿਹਾ, ਉਸ ਵੇਲੇ ਗੁਰੂ ਜੀ ਦੇ ਦਰਸ਼ਨ ਨਹੀਂ ਸੀ ਹੁੰਦੇ। ਦਿਨ ਰਾਤ ਗੁਰੂ ਜੀ ਦਾ ਨਾਮ ਜਪਦਾ ਸੀ, ਧੁੱਪ ਤੇ ਭੁੱਖ ਆਦਿ ਨਾਲ ਤਪਦਾ ਸੀ॥੩੪॥

ਮਨ ਮਹਿਂ ਪ੍ਰੇਮ ਬ੍ਰਿਧਾਇ ਬਿਸਾਲਾ। ਧਰਹਿ ਧਜਾਨ ਇਸਥਿਰ ਸਭਿ ਕਾਲਾ।
ਗੁਰੁ ਕੋ ਸੇਵਕ ਖ੍ਵਾਜਾ ਜੋਈ। ਕੁਛ ਸੁਧਿ ਖਾਨ ਪਾਨ ਲੇ ਸੋਈ॥ ੩੫॥

ਮਨ ਵਿਚ ਬਹੁਤ ਪ੍ਰੇਮ ਵਧਾਇਆ, ਹਰ ਸਮੇਂ ਇਕ ਟਕ ਧਿਆਨ ਧਾਰੀ ਰਖਦਾ ਸੀ। ਗੁਰੂ ਜੀ ਦਾ ਜਿਹੜਾ ਖ੍ਵਾਜਾ ਨਾਮੀ ਸਿੱਖ ਸੀ ਉਹ ਕੁਝ ਖਾਣ ਪੀਣ ਦੀ ਖਬਰ ਲੈਂਦਾ ਸੀ॥੩੫॥

ਜਾਨੀ ਕੋ ਇਕ ਜਾਨਾ ਬਿਨਾ। ਕਛੂ ਨ ਸਹਾਵਤਿ ਉਰ ਇਕ ਛਿਨਾ।
ਭਯੋ ਪ੍ਰੇਮ ਤੇ ਚਿਤ ਮਸਤਾਨਾ। ਦਿਨ ਪ੍ਰਤਿ ਬ੍ਰਧਤੋ ਜਾਤਿ ਮਹਾਨਾ॥ ੩੬॥

ਜਾਨੀ ਨੂੰ ਇਕ ਪਿਆਰੇ ਬਗੈਰ ਇਕ ਛਿਣ ਭਰ ਲਈ ਵੀ ਕੁਝ ਵੀ ਚੰਗਾ ਨਹੀਂ ਸੀ ਲੱਗਦਾ। ਪ੍ਰੇਮ ਨਾਲ ਚਿੱਤ ਮਸਤਾਨਾ ਹੋ ਗਿਆ ਜਿਹੜਾ ਪ੍ਰਤੀ ਦਿਨ ਮਹਾਨ ਵਧਦਾ ਜਾਂਦਾ ਸੀ॥੩੬॥

ਗੁਰੁ ਪਜਾਰੇ ਕੀ ਲਾਗੀ ਲਗਨ। ਸਕਲ ਕਾਲ ਮਹਿਂ ਪ੍ਰੀਤਿ ਨਿਮਗਨ।
ਦਰਸ਼ਨ ਬਿਨਾ ਦਰਸ ਕਰਿ ਨੀਤ। ਬਿਨਾਂ ਸੁਨਾਇ ਸੁ ਸੁਨਤੋ ਚੀਤ॥ ੩੭॥

ਗੁਰੂ ਪਿਆਰੇ ਦੀ ਲਗਨ ਲੱਗੀ ਸੀ, ਹਰ ਸਮੇਂ ਪ੍ਰੀਤ ਵਿਚ ਹੀ ਮਸਤ ਰਹਿੰਦਾ ਸੀ। ਦਰਸ਼ਨ ਕਰਨ ਤੋਂ ਬਗੈਰ ਹੀ ਨਿਤ ਦਰਸ਼ਨ ਹੁੰਦੇ ਸਨ ਬਿਨਾਂ ਸੁਣਾਉਣ ਤੋਂ ਹੀ ਚਿੱਤ ਵਿਚ ਸੁਣਦਾ ਸੀ॥੩੭॥

ਬਿਨ ਅਹਾਰ ਤੇ ਤ੍ਰਿਪਤਜੋ ਰਹੇ। ਮਨ ਮਹਿਂ ਮਸਤ ਮੋਨ ਸੁਖ ਲਹੇ।
ਇਸ ਪ੍ਰਕਾਰ ਬੀਤਜੋ ਚਿਰ ਕਾਲ। ਸ਼੍ਰੀ ਸਤਿਗੁਰ ਨਹਿਂ ਕਰੀ ਸੰਭਾਲ॥ ੩੮॥

ਭੋਜਨ ਤੋਂ ਬਗੈਰ ਹੀ ਤ੍ਰਿਪਤ ਰਹਿੰਦਾ ਸੀ, ਮਨ ਵਿਚ ਮਸਤ ਹੋ ਕੇ ਮੋਨ ਧਾਰ ਕੇ ਸੁੱਖ ਪਾਉਂਦਾ ਸੀ। ਇਸ ਪ੍ਰਕਾਰ ਕਾਫੀ ਸਮਾਂ ਬੀਤ ਗਿਆ। ਸਤਿਗੁਰੂ ਜੀ ਨੇ ਉਸਦੀ ਕੋਈ ਸੰਭਾਲ ਨਾ ਕੀਤੀ॥੩੮॥

ਤਿਸ ਉਰ ਪ੍ਰੀਤਿ ਘਟੀ ਨਹਿਂ ਕਜੋਂ ਹੂੰ। ਦਿਨ ਪ੍ਰਤਿ ਵਧਤਿ ਜਾਤਿ ਸੁਖ ਤਜੋਂ ਹੂੰ।
ਦਰਸ਼ਨ ਕੀ ਅਭਿਲਾਖ ਬਿਸਾਲਾ। ਕਰਹਿਂ ਕ੍ਰਿਪਾ ਸਤਿਗੁਰੁ ਕਿਸ ਕਾਲਾ ? ॥੩੯॥

ਉਸਦੇ ਹਿਰਦੇ ਦੀ ਪ੍ਰੀਤ ਕਿਵੇਂ ਵੀ ਨਾ ਘਟੀ, ਉਹ ਦਿਨ ਰਾਤ ਵਧਦੀ ਜਾਂਦੀ ਸੀ ਤੇ ਉਸ ਤੋਂ ਸੁਖ ਪ੍ਰਾਪਤ ਹੁੰਦਾ ਸੀ। ਦਿਲ ਵਿਚ ਦਰਸ਼ਨਾਂ ਦੀ ਵਿਸ਼ਾਲ ਅਭਿਲਾਸ਼ਾ ਸੀ, ਸੋਚਦਾ ਸੀ, "ਸਤਿਗੁਰੂ ਜੀ ਕਿਸ ਸਮੇਂ ਕਿਰਪਾ ਕਰਨਗੇ ? ॥੩੯॥

ਇਕ ਦਿਨ ਬੈਠੇ ਸਭਾ ਮਝਾਰਾ। ਤਬਿ ਸਿੱਖਨਿ ਕਰ ਜੋਰਿ ਉਚਾਰਾ।
'ਬਡ ਸੇਵਾ ਮਹਿਂ ਸੱਯਦ ਜਾਨੀ। ਗੁਰ ਦਰਸ਼ਨ ਮਨ ਪ੍ਰੀਤੀ ਠਾਨੀ' ॥ ੪੦॥

ਇਕ ਦਿਨ ਸਤਿਗੁਰੂ ਜੀ ਸਭਾ ਵਿਚ ਬੈਠੇ ਸਨ, ਤਦ ਸਿੱਖਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਸੱਯਦ ਜਾਨੀ ਵੱਡੀ ਸੇਵਾ ਵਿਚ ਲਗਿਆ ਹੋਇਆ ਹੈ, ਮਨ ਵਿਚ ਗੁਰੂ ਜੀ ਦੇ ਦਰਸ਼ਨਾਂ ਨਾਲ ਪ੍ਰੀਤ ਲਾਈ ਹੈ॥੪੦॥

ਸਹਜ ਸੁਭਾਇਕ ਸੁਨਿ ਗੁਰ ਕਹ੍ਯੋ। 'ਜੇ ਕਰਿ ਦ੍ਰਿਢ ਹਠ ਐਸੇ ਗਹ੍ਯੋ।
ਤੋ ਅਬਿ ਜਾਇ ਡੂਬਹੁ ਦਰਿਆਉ'। ਹਮ ਢਿਗ ਤੇ ਤਿਹ ਦੇਹੁ ਸੁਨਾਉ ॥੪੧॥

ਸਹਿਜ ਸੁਭਾਅ ਗੁਰੂ ਜੀ ਨੇ ਸੁਣ ਕੇ ਕਿਹਾ, "ਜੇ ਦ੍ਰਿੜ੍ਹ ਹੱਠ ਇਸ ਤਰ੍ਹਾਂ ਫੜਿਆ ਹੈ ਤਾਂ ਹੁਣ ਜਾ ਕੇ ਦਰਿਆ ਵਿਚ ਡੁੱਬ ਜਾਵੇ ਸਾਡੇ ਵਲੋਂ ਉਸ ਨੂੰ ਇਸ ਤਰ੍ਹਾਂ ਸੁਣਾ ਦੇਵੋ" ॥੪੧॥

ਇਕ ਸਿੱਖ ਨੇ ਤਿਹ ਜਾਇ ਸੁਨਾਵਾ। 'ਹੁਕਮ ਗੁਰੂ ਨੇ ਇਮ ਫੁਰਮਾਵਾ।
ਜਾਨੀ ਸੁਨਿ ਹਰਖ੍ਯੋ ਅਸ ਬਚ ਕੋ। 'ਕਹਿਓ ਅਹੈ ਮੋਹਿ ਪ੍ਰਤਿ ਸਚੁ ਕੋ' ॥੪੨॥

ਇਕ ਸਿੱਖ ਨੇ ਉਸ ਨੂੰ ਜਾ ਕੇ ਸੁਣਾਇਆ, "ਗੁਰੂ ਜੀ ਨੇ ਇਸ ਤਰ੍ਹਾਂ ਹੁਕਮ ਫੁਰਮਾਇਆ ਹੈ" ਸਜਦ ਜਾਨੀ ਗੁਰੂ ਜੀ ਦੇ ਇਹ ਬਚਨ ਸੁਣ ਕੇ ਬਹੁਤ ਪ੍ਰਸੰਨ ਹੋਇਆ, ਕਹਿਣ ਲੱਗਾ, "ਮੇਰੇ ਬਾਰੇ ਅਜਿਹੇ ਸੱਚ ਨੂੰ ਕਿਹਾ ਹੈ" ॥੪੨॥

ਦੌਰ੍ਯੋ ਜਾਇ ਨਦੀ ਮਹਿਂ ਪਰ੍ਯੋ। ਤੂਰਨ ਸਿਖ ਗੁਰੁ ਪਠਵਨਿ ਕਰ੍ਯੋ।
ਡੂਬਤਿ ਜਾਨੀ ਵਹਿਰ ਨਿਕਾਸਾ। ਆਨਿ ਬਿਠਾਇ ਦੀਨਿ ਥਲ ਤਾਸਾ ॥੪੩॥

ਦੌੜ ਕੇ ਜਾ ਕੇ ਨਦੀ ਵਿਚ ਪੈ ਗਿਆ, ਤੁਰਤ ਗੁਰੂ ਜੀ ਨੇ ਕੁਝ ਸਿੱਖਾਂ ਨੂੰ ਪਿਛੇ ਭੇਜਿਆ, ਉਨ੍ਹਾਂ ਡੁੱਬਦੇ ਜਾਨੀ ਨੂੰ ਬਾਹਰ ਕਢਿਆ ਤੇ ਲਿਆ ਕੇ ਧਰਤੀ ਤੇ ਬਿਠਾ ਦਿੱਤਾ ॥੪੩॥

ਬਹੁਰ ਸਿੱਖਜ ਬਹੁ ਕਰਹਿਂ ਸਪਾਰਸ਼। 'ਤੁਮਰੀ ਆਗ੍ਯਾ ਮਹਿਂ ਬਿਨ ਆਰਸ।
ਉਠੈ ਨਹੀਂ ਤਿਸ ਥਲ ਮਹਿਂ ਜੈ ਹੈ। ਨਾਤੁਰ ਰਾਵਰਿ ਦਰਸ਼ਨ ਪੈ ਹੈ' ॥੪੪॥

ਬਾਅਦ ਵਿਚ ਸਿੱਖ ਬਹੁਤ ਸਿਫਾਰਸ਼ਾਂ ਕਰਦੇ ਸਨ, "ਉਹ ਬਿਨਾਂ ਆਲਸ ਤੁਹਾਡੀ ਆਗਿਆ ਵਿਚ ਹੈ, ਉਠਦਾ ਨਹੀਂ, ਉਸ ਥਲ ਵਿਖੇ ਹੀ ਜਾਂਦਾ ਹੈ, ਜਦ ਤਕ ਤੁਹਾਡੇ ਦਰਸ਼ਨ ਨਹੀਂ ਕਰੇਗਾ" ॥੪੪॥

ਕਸ੍ਯੋ ਕਸੌਟੀ ਸ੍ਰੀ ਗੁਰੁ ਦੇਖਾ। ਜਾਨੀ ਜਾਨਾ ਪ੍ਰੇਮ ਵਿਸ਼ੇਖਾ।
ਪੁਨ ਕਹਿ ਪਠ੍ਯੋ 'ਰਿੱਧ ਸਿੱਧ ਲੇਹੂ। ਜਿਮ ਚਾਹਹੁ ਤਿਮ ਕਿਸ ਕਰਿ ਦੇਹੂ' ॥੪੫॥

ਜਦ ਗੁਰੂ ਜੀ ਨੇ ਕਸੌਟੀ ਕੱਸ ਕੇ ਵੇਖਿਆ ਤਾਂ ਜਾਨੀ ਵਿਚ ਬਹੁਤ ਪ੍ਰੇਮ ਜਾਣਿਆ, ਫਿਰ ਕਹਿ ਕੇ ਭੇਜਿਆ, "ਰਿਧੀਆਂ ਸਿਧੀਆਂ ਲੈ ਲਵੇ ਜਿਨ੍ਹਾਂ ਨਾਲ ਜੋ ਜਿਸ ਨੂੰ ਚਾਹੇਂ ਸੋ ਕਰ ਦੇਵੇਂਗਾ ॥੪੫॥

ਕਹਿ ਜਾਨੀ 'ਇਕ ਜਾਨਾਂ ਬਿਨਾਂ। ਅਪਰ ਨ ਜਾਨੋਂ ਕੁਛ ਹੁਇ ਘਨਾ'।
ਜਬਿ ਇਨ ਕੋ ਭੀ ਤਜਾਗ ਬਖਾਨਾ। ਦਰਸ਼ਨ ਲਾਗੀ ਪ੍ਰੀਤਿ ਮਹਾਨਾ ॥੪੬॥

ਜਾਨੀ ਨੇ ਕਿਹਾ, "ਇਕ ਪਿਆਰੇ ਬਿਨਾਂ, ਹੋਰ ਨਹੀਂ ਜਾਣਦਾ ਹਾਂ ਬੇਸ਼ਕ ਕਿੰਨਾ ਵੀ ਵੱਡਾ ਹੋਵੇ।" ਜਦ ਇਸ ਨੂੰ ਤਿਆਗ ਦੇਣ ਵਾਸਤੇ ਕਿਹਾ, ਦਰਸ਼ਨ ਕਰਨ ਦੀ ਮਹਾਨ ਪ੍ਰੀਤ ਲੱਗੀ ਹੈ ॥੪੬॥

ਤਬਿ ਜਾਨੀ ਕੋ ਨਿਕਟਿ ਬੁਲਾਇਵ। ਦੇ ਦਰਸ਼ਨ ਪ੍ਰਭੁ ਪੰਥ ਬਤਾਇਵ।
ਸੁਨਤਿ ਸਮਾਯਹੁ ਪਰਮਾਨੰਦ। ਪਰ੍ਯੋ ਚਰਨ ਪਰ ਕਰ ਜੁਗ ਬੰਦਿ ॥੪੭॥

ਤਦ ਗੁਰੂ ਜੀ ਨੇ ਜਾਨੀ ਨੂੰ ਆਪਣੇ ਪਾਸ ਬੁਲਾਇਆ ਤੇ ਦਰਸ਼ਨ ਦੇ ਕੇ ਪ੍ਰਭੂ ਦਾ ਮਾਰਗ ਦੱਸਿਆ। ਸੁਣਦਿਆਂ ਹੀ ਪਰਮ ਅਨੰਦ ਵਿਚ ਸਮਾ ਗਿਆ ਤੇ ਦੋਵੇਂ ਹੱਥ ਜੋੜ ਕੇ ਚਰਨ ਕੰਵਲਾਂ ਤੇ ਪੈ ਗਿਆ ॥੪੭॥

ਤਬਿ ਅੰਤਰ ਗਤਿ ਲਗੀ ਸਮਾਧਿ। ਮਿਟ ਗਈ ਬ੍ਯਾਧ ਰੁ ਆਧਿ ਉਪਾਧਿ।
ਤਬਿ ਖ੍ਵਾਜਾ ਸਤਿਗੁਰੁ ਬੁਲਵਾਯੋ। ਦੋਨਹੁਂ ਪ੍ਰਤਿ ਅਸ ਹੁਕਮ ਅਲਾਯੋ ॥੪੮॥

ਤਦ ਅੰਤਰਗਤ ਸਮਾਧੀ ਲੱਗ ਗਈ, ਬਿਆਧ ਮਿਟ ਗਈ ਤੇ ਆਧਿ ਉਪਾਧੀ ਪਾ ਲਈ। ਤਦ ਸਤਿਗੁਰੂ ਜੀ ਨੇ ਖਵਾਜੇ ਨੂੰ ਬੁਲਵਾਇਆ ਤੇ ਦੋਵਾਂ ਨੂੰ ਇਹ ਹੁਕਮ ਸੁਣਾਇਆ ॥੪੮॥

'ਪੂਰੀ ਪਰੀ ਤੁਮਾਰੀ ਸੇਵਾ। ਕਰੇ ਪ੍ਰਸੰਨ ਭਲੇ ਗੁਰਦੇਵਾ।
ਅਬਿ ਕਿਸ ਥਲ ਹੁਇ ਰਹੋ ਇਕੰਤ। ਜਿਸ ਰਹਿਨੀ ਮਹਿਂ ਸੰਤ ਮਹੰਤ' ॥੪੯॥

''ਤੁਹਾਡੀ ਸੇਵਾ ਪੂਰੀ ਹੋਈ ਹੈ, ਤੁਸੀਂ ਗੁਰਦੇਵ ਨੂੰ ਭਲਾ ਪ੍ਰਸੰਨ ਕਰ ਲਿਆ ਹੈ। ਹੁਣ ਕਿਸੇ ਥਾਂ ਇਕਾਂਤ ਵਿਚ ਰਹੋ, ਜਿਸ ਰਹਿਣੀ ਵਿਚ ਸੰਤ ਮਹੰਤ ਰਹਿੰਦੇ ਹਨ'' ॥੪੯॥

ਮਾਨਜੋ ਬਾਕ 'ਕਰਹਿਂ ਹਮ ਐਸੇ'। ਰਹੇ ਕਿਤਿਕ ਦਿਨ ਪੂਰਬ ਜੈਸੇ।
ਟਹਿਲ ਕਰਹਿਂ ਨਿਜ ਹਾਥਨਿ ਸਾਥ। ਚਰਨ ਸਪਰਸਹਿਂ ਸ਼੍ਰੀ ਗੁਰੂ ਨਾਥ ॥੫੦॥

ਉਨ੍ਹਾਂ ਨੇ ਗੁਰੂ ਜੀ ਦੇ ਬਚਨ ਮੰਨੇ ਤੇ ਕਿਹਾ, ''ਅਸੀਂ ਇਸ ਤਰ੍ਹਾਂ ਹੀ ਕਰਾਂਗੇ'' ਕਈ ਦਿਨ ਉਸ ਤਰ੍ਹਾਂ ਹੀ ਰਹੇ ਜਿਵੇਂ ਪਹਿਲਾਂ ਰਹਿੰਦੇ ਸਨ। ਗੁਰੂ ਜੀ ਦੀ ਆਪਣੇ ਹੱਥਾਂ ਨਾਲ ਟਹਿਲ ਸੇਵਾ ਕਰਦੇ ਸਨ ਤੇ ਉਨ੍ਹਾਂ ਦੇ ਚਰਨੀਂ ਹੱਥ ਲਾਉਂਦੇ ਸਨ ॥੫੦॥

ਬੇਪਰਵਾਹ ਮਗਨ ਮਨ ਰਹੈਂ। ਗੁਰ ਸ਼ਰਧਾ ਕੋ ਉਰ ਨਿਰਬਹੈਂ।
ਮਨ ਸੰਕਲਪ ਸੁ ਜਬਾ ਉਠਾਇ। ਨੰਦ ਲਾਲ ਤਿਨ ਕੇ ਢਿਗ ਆਇ ॥੫੧॥

ਬੇਪਰਵਾਹ ਹੋ ਕੇ ਮਨ ਵਿਚ ਮਗਨ ਰਹਿੰਦੇ ਤੇ ਗੁਰੂ ਜੀ ਬਾਰੇ ਸ਼ਰਧਾ ਨੂੰ ਦਿਲ ਵਿਚ ਸਥਿਰ ਕਰਦੇ ਸਨ। ਜਿਵੇਂ ਹੀ ਮਨ ਵਿਚ ਇਹ ਸੰਕਲਪ ਬਣਾਇਆ ਕਿ ਕੋਈ ਹੋਰ ਗੁਰੂ ਜੀ ਦੀ ਸੇਵਾ ਵਿਚ ਛੱਡ ਕੇ ਤੁਰੀਏ, ਤਦੋਂ ਹੀ ਇਕ ਨੰਦ ਲਾਲ ਨਾਮੀਂ ਵਿਅਕਤੀ ਉਨ੍ਹਾਂ ਦੇ ਪਾਸ ਆ ਗਿਆ ॥੫੧॥

ਦੋਇਨ ਅਪਨਾ ਚੇਲਾ ਕੀਨਸਿ। ਪ੍ਰਭੁ ਕੋ ਪੰਥ ਤਾਂਹਿ ਕੋ ਦੀਨਸਿ।
ਕਰਿ ਉਪਦੇਸ਼ ਕਹਜੋ ਤਿਸ ਤਾਈਂ। 'ਸੇਵਾ ਕੀਜਹਿ ਗੁਰੁ ਗੋਸਾਈ' ॥੫੨॥

ਦੋਹਾਂ ਨੇ ਉਸ ਨੂੰ ਆਪਣਾ ਚੇਲਾ ਬਣਾ ਲਿਆ, ਤੇ ਪ੍ਰਭੂ ਦਾ ਮਾਰਗ ਉਸ ਨੂੰ ਦੇ ਦਿੱਤਾ। ਉਸ ਨੂੰ ਉਪਦੇਸ਼ ਕਰਕੇ ਕਿਹਾ, ''ਮਾਲਕ ਗੁਰੂ ਜੀ ਦੀ ਸੇਵਾ ਕਰੋ'' ॥੫੨॥

ਨਿਜ ਬਦਲੇ ਮਹਿਂ ਸੇਵਾ ਹੇਤੁ। ਛੋਰਜੋ ਸੋ ਸਤਿਗੁਰੂ ਨਿਕੇਤ।
ਨੰਦ ਲਾਲ ਕੈ ਪ੍ਰੇਮ ਬਿਸਾਲਾ। ਗੁਰੁ ਢਿਗ ਕਰਹਿ ਘਾਲਨਾ ਘਾਲਾ ॥੫੩॥

ਆਪਣੇ ਥਾਂ ਗੁਰੂ ਜੀ ਦੀ ਸੇਵਾ ਕਰਨ ਵਾਸਤੇ, ਉਸ ਨੂੰ ਸਤਿਗੁਰੂ ਜੀ ਦੇ ਘਰ ਛੱਡ ਦਿੱਤਾ। ਨੰਦ ਲਾਲ ਬਹੁਤ ਪ੍ਰੇਮ ਕਰਦਾ ਸੀ ਤੇ ਗੁਰੂ ਜੀ ਪਾਸ ਰਹਿ ਕੇ ਬਹੁਤ ਘਾਲਣਾ ਘਾਲਦਾ ਸੀ ॥੫੩॥

ਸੁੰਦਰ ਤਿਹ ਸਰੂਪ ਗੁਰੁ ਹੇਰਾ। ਜਿਸ ਕੈ ਮਨ ਅਨੁਰਾਗ ਘਨੇਰਾ।
ਹੋਇ ਪ੍ਰਸੰਨ 'ਸੋਹਿਣਾ' ਨਾਮ। ਤਿਸ ਕੋ ਭਾਖਤਿ ਭੇ ਸੁਖ ਧਾਮ ॥੫੪॥

ਜਦ ਗੁਰੂ ਜੀ ਨੇ ਉਸ ਦਾ ਸੁੰਦਰ ਸਰੂਪ ਵੇਖਿਆ, ਜਿਸ ਦੇ ਮਨ ਵਿਚ ਬਹੁਤ ਪਿਆਰ ਸੀ, ਤਾਂ ਪ੍ਰਸੰਨ ਹੋ ਕੇ ਸੁਖਾਂ ਦੇ ਘਰ ਭਾਵ ਗੁਰੂ ਜੀ ਉਸ ਨੂੰ 'ਸੋਹਿਣਾ' ਨਾਂ ਲੈ ਕੇ ਬੁਲਾਉਂਦੇ ਸਨ ॥੫੪॥

ਤਿਸ ਦਿਨ ਤੇ ਪ੍ਰਸਿੱਧ ਸਭਿ ਮਹੀਆ। ਨਾਮ ਸੋਹਿਣਾ ਜਿਸ ਕਿਸ ਕਹੀਆ।
ਸਤਿਗੁਰੁ ਕੋ ਸੇਵੈ ਨਿਸ਼ਕਾਮ। ਮਨ ਧਾਵਤਿ ਪਾਯਹੁ ਬਿਸਰਾਮ ॥੫੫॥

ਉਸ ਦਿਨ ਤੋਂ ਇਹ ਨਾਂ ਪ੍ਰਸਿਧ ਹੋ ਗਿਆ ਤੇ ਜਿਹੜਾ ਕਿਹੜਾ ਉਸ ਨੂੰ 'ਸੋਹਿਣਾ' ਨਾਂ ਲੈ ਕੇ ਹੀ ਬੁਲਾਉਂਦਾ ਸੀ। ਉਹ ਸਤਿਗੁਰੂ ਜੀ ਦੀ ਨਿਸ਼ਕਾਮ ਸੇਵਾ ਕਰਦਾ ਸੀ, ਜਿਹੜਾ ਮਨ ਏਧਰ ਓਧਰ ਭੱਜਾ ਫਿਰਦਾ ਸੀ, ਉਹ ਟਿਕ ਗਿਆ ॥੫੫॥

*ਛੇਵੀਂ ਰਾਸ ਦਾ ਅੱਠਤਾਲੀਵਾਂ ਅਧਿਆਇ ਸਮਾਪਤ ਹੋਇਆ ॥੪੮॥*

# ਅਧਿਆਇ ਉਣੰਜਵਾਂ

*ਬਾਬਾ ਬੁੱਢਾ ਜੀ ਤੋਂ ਆਦਿ ਸਤਿਗੁਰਾਂ ਦੀ ਮਹਿਮਾ ਸੁਣੀ*

*ਦੋਹਰਾ-* ਸ੍ਰੀ ਗੁਰੂ ਹਰਿ ਗੋਬਿੰਦ ਜੀ ਕਰਤਿ ਦਾਸ ਕੱਲਜਾਨ।
ਇਕ ਦਿਨ ਬੈਠੇ ਸਭਾ ਮਹਿਂ, ਉਡਗਨ ਚੰਦ ਸਮਾਨ॥ ੧॥

ਸ੍ਰੀ ਗੁਰੂ ਹਰਿਗੋਬਿੰਦ ਜੀ ਆਪਣੇ ਦਾਸਾਂ ਦਾ ਕਲਿਆਣ ਕਰ ਰਹੇ ਸਨ। ਇਕ ਦਿਨ ਸਭਾ ਵਿਚ ਇਸ ਤਰ੍ਹਾਂ ਬੈਠੇ ਸਨ ਜਿਵੇਂ ਤਾਰਿਆਂ ਵਿਚ ਚੰਦ ਬਿਰਾਜ ਰਿਹਾ ਹੋਵੇ॥੧॥

*ਚੌਪਈ-* ਦਰਸ਼ਨ ਕਰਹਿਂ ਸਿੱਖ ਸੁਖ ਪਾਵਹਿਂ। ਮਹਾਂ ਪ੍ਰੇਮ ਤੇ ਬਲਿ ਬਲਿ ਜਾਵਹਿਂ।
ਸ੍ਰੀ ਹਰਿ ਗੋਵਿੰਦ ਆਨੰਦ ਧਾਰਾ। ਸਾਹਿਬ ਬੁੱਢੇ ਸਮੁਖ ਨਿਹਾਰਾ॥ ੨॥

ਸਿੱਖ ਦਰਸ਼ਨ ਕਰਕੇ ਸੁੱਖ ਪਾਉਂਦੇ ਸਨ, ਮਹਾਂ ਪ੍ਰੇਮ ਕਰਕੇ ਬਲਿਹਾਰ ਜਾਂਦੇ ਸਨ। ਸ੍ਰੀ ਹਰਿਗੋਬਿੰਦ ਜੀ ਨੇ ਅਨੰਦ ਧਾਰ ਕੇ ਬਾਬਾ ਬੁੱਢਾ ਜੀ ਵੱਲ ਵੇਖਿਆ॥੨॥

ਸੁੰਦਰ ਬਾਕ ਬਿਲਾਸ ਬਖਾਨਾ। 'ਹੇ ਭਾਈ! ਤੁਮ ਬੈਸ ਮਹਾਨਾ।
ਸ੍ਰੀ ਨਾਨਕ ਕੀ ਕੀਨੀ ਸੇਵਾ। ਸੇਵੇ ਸ੍ਰੀ ਅੰਗਦ ਗੁਰਦੇਵਾ॥ ੩॥

ਸੁੰਦਰ ਬਚਨ ਬਿਲਾਸ ਕੀਤਾ, "ਹੇ ਬਾਬਾ ਬੁੱਢਾ ਜੀ! ਤੁਹਾਡੀ ਉਮਰ ਬਹੁਤ ਲੰਮੀ ਹੈ। ਤੁਸੀਂ ਗੁਰੂ ਨਾਨਕ ਦੇਵ ਜੀ ਦੀ ਸੇਵਾ ਕੀਤੀ ਹੈ, ਫਿਰ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਵਿਚ ਰਹੇ ਹੋ॥੩॥

ਤਿਨ ਕੀ ਜੁਗਤਿ ਅਪਰ ਸ਼ੁਭ ਕਰਨੀ। ਕਰੀ ਨਿਹਾਰਨਿ ਦੁਰਮਤਿ ਦਰਨੀ।
ਜਥਾ ਚਰਿੱਤ੍ਰ ਕੀਏ ਸ੍ਰੀ ਨਾਨਕ। ਬਾਕ ਅਮੋਲ ਮਨੋ ਮਨਿ ਮਾਨਕ॥੪॥

ਉਨ੍ਹਾਂ ਦੀ ਜੁਗਤੀ ਤੇ ਸ਼ੁਭ ਕਰਨੀ ਜਿਹੜੀ ਦੁਰਮਤ ਨਾਸ਼ ਕਰਨ ਵਾਲੀ ਸੀ, ਉਸ ਨੂੰ ਤੁਸੀਂ ਵੇਖਿਆ ਹੈ, ਜਿਵੇਂ ਗੁਰੂ ਨਾਨਕ ਦੇਵ ਜੀ ਦਾ ਚਰਿਤਰ ਸੀ, ਉਨ੍ਹਾਂ ਦੇ ਅਮੋਲਕ ਬਚਨ ਮਾਨੋਂ ਮਣੀਆਂ ਤੇ ਮਾਨਕ ਸਨ॥੪॥

ਭੁਕਤਿ ਮੁਕਤਿ ਸਭਿ ਹਾਜ਼ਰ ਜਿਨ ਕੇ। ਕਰੇ ਕਰਮ ਹੇਰੇ ਤੁਮ ਤਿਨ ਕੇ।
ਸ੍ਰੀ ਅੰਗਦ ਗੁਰ ਅਮਰ ਗੁਸਾਈਂ। ਸਭਿ ਲੀਲਾ ਜਿਮ ਕੀਨਿ ਸੁਹਾਈ॥੫॥

ਭੁਕਤੀ ਮੁਕਤੀ ਜਿਨ੍ਹਾਂ ਦੇ ਪਾਸ ਹਰ ਵੇਲੇ ਹਾਜ਼ਰ ਰਹਿੰਦੀ ਸੀ, ਉਨ੍ਹਾਂ ਦੇ ਕੀਤੇ ਕੰਮਾਂ ਨੂੰ ਤੁਸੀਂ ਆਪਣੀਆਂ ਅੱਖਾਂ ਨਾਲ ਵੇਖਿਆ ਹੈ। ਸ੍ਰੀ ਗੁਰੂ ਅੰਗਦ ਦੇਵ ਤੇ ਗੁਰੂ ਅਮਰਦਾਸ ਜੀ ਗੁਸਾਈਂ ਨੇ ਸਭ ਲੀਲ੍ਹਾ ਜਿਵੇਂ ਸੁਹਾਵਣੀ ਕਰ ਦਿੱਤੀ॥੫॥

ਸੁਖਦ ਕਰੀ ਜਸ ਤੀਨਹੁਂ ਕਰਨੀ। ਹਮਹਿਂ ਸੁਨਾਵਹੁ ਤਿਮ ਦੁਖ ਹਰਨੀ।
ਸੁਨੀ ਅਪਰ ਨੇ ਕਿਸ ਤੇ ਕਾਨ। ਤੁਮ ਬਿਦਮਾਨ ਬਿਲੋਕਨਿ ਠਾਨਿ॥੬॥

ਜਿਵੇਂ ਤਿੰਨਾਂ ਗੁਰੂ ਸਾਹਿਬਾਨ ਸੁਖੀ ਕੀਤਾ, ਸਾਨੂੰ ਉਹ ਦੁੱਖ ਦੂਰ ਕਰਨ ਵਾਲੀ ਕਥਾ ਸੁਣਾਵੋ। ਹੋਰ ਤਾਂ ਕਿਸੇ ਨੇ ਕਿਸੇ ਤੋਂ ਕੰਨੀ ਸੁਣੀ ਹੋਵੇਗੀ, ਪਰ ਤੁਸੀਂ ਤਾਂ ਉਹ ਪ੍ਰਤੱਖ ਵੇਖੀ ਹੈ॥੬॥

ਅਹੋ ਪੁਰਾਤਨ ਪਰਮ ਪ੍ਰਬੀਨਾ। ਗੁਰ ਸਿੱਖੀ ਸ਼ਰਧਾ ਮਨ ਭੀਨਾ'।
ਸ੍ਰੀ ਹਰਿ ਗੋਵਿੰਦ ਕੇ ਬਚ ਸੁਨੇ। ਮੁਸਕਾਵਤਿ ਬੁੱਢਾ ਬਚ ਭਨੇ॥ ੭॥

ਤੁਸੀਂ ਸਭ ਤੋਂ ਵੱਡੇ ਤੇ ਪਰਮ ਪ੍ਰਬੀਨ ਹੋ, ਗੁਰਸਿੱਖੀ ਦੀ ਸ਼ਰਧਾ ਵਿਚ ਤੁਹਾਡਾ ਮਨ ਭਿਜਿਆ ਹੋਇਆ ਹੈ।" ਜਦ ਬਾਬਾ ਬੁੱਢਾ ਜੀ ਨੇ ਸ੍ਰੀ ਹਰਿਗੋਬਿੰਦ ਜੀ ਦੇ ਬਚਨ ਸੁਣੇ ਤਾਂ ਉਨ੍ਹਾਂ ਨੇ ਮੁਸਕਰਾ ਕੇ ਬਚਨ ਕੀਤੇ॥੭॥

'ਅੰਤਰਜਾਮੀ ਤੁਮ ਸਭਿ ਜਾਨੋ। ਭੂਤ ਭਵਿੱਖਤ ਨਾਂਹਿ ਨ ਛਾਨੋ।
ਤੁਮ ਸੂਰਜ ਮੈਂ ਦੀਪ ਸਮਾਨੋ। ਕਹਾ ਮੈਂ ਕਰੌਂ ਪ੍ਰਕਾਸ਼ ਬਖਾਨੋ॥ ੮॥

"ਤੁਸੀਂ ਅੰਤਰਜਾਮੀ ਹੋ, ਸਭ ਕੁਝ ਜਾਣਦੇ ਹੋ, ਭੂਤ ਭਵਿੱਖ ਤੁਹਾਥੋਂ ਛੁਪਿਆ ਹੋਇਆ ਨਹੀਂ ਹੈ। ਤੁਸੀਂ ਸੂਰਜ ਹੋ ਮੈਂ ਇਕ ਦੀਪ ਸਮਾਨ ਹਾਂ, ਦੱਸੋ ਮੈਂ ਕੀ ਪ੍ਰਕਾਸ਼ ਕਰਾਂਗਾ॥੮॥

ਸਤਿਗੁਰੁ ਕੇ ਗੁਨ ਮਹਦ ਮਹਾਨੋ। ਮਮ ਮਤਿ ਲਘੁ ਕੈਸੇ ਤਿਸ ਜਾਨੋ।
ਕਿਮ ਸੁਕਤਾ ਤੇ ਸਿੰਧ ਉਲੀਚੋਂ। ਕਿਮ ਕਰਿ ਛਾਦੋਂ ਭਾਨੁ ਮਰੀਚੋ ॥ ੯॥

ਸਤਿਗੁਰੂ ਜੀ ਦੇ ਗੁਣ ਬਹੁਤ ਮਹਾਨ ਹਨ, ਮੈਂ ਛੋਟੀ ਮਤ ਵਾਲਾ ਉਨ੍ਹਾਂ ਨੂੰ ਕਿਵੇਂ ਜਾਣ ਸਕਦਾ ਹਾਂ। ਇਕ ਛੋਟੀ ਜਿਹੀ ਸਿੱਪੀ ਨਾਲ ਇਕ ਸਮੁੰਦਰ ਕਿਵੇਂ ਭਰਿਆ ਜਾਵੇਗਾ। ਕਿਵੇਂ ਮੈਂ ਸੂਰਜ ਦੀਆਂ ਕਿਰਨਾਂ ਨੂੰ ਢੱਕ ਲਵਾਂਗਾ' ॥੯॥

ਸੁਨਿ ਸਤਿਗੁਰ ਬੋਲੇ 'ਹਮ ਜਾਨੈਂ। ਜਿਮ ਤੁਮ ਭਾਖਹੁ ਤਥਾ ਪਛਾਨੈਂ।
ਸਭਿ ਕਿਛ ਹਮਰੇ ਗਜਾਤ ਜਦਾਪੀ। ਸੁਨਜੋ ਚਹੈਂ ਤੁਵ ਬਦਨ ਤਦਾਪੀ॥੧੦॥

ਇਹ ਸੁਣ ਕੇ ਸਤਿਗੁਰੂ ਜੀ ਬੋਲੇ, "ਅਸੀਂ ਜਾਣਦੇ ਹਾਂ, ਜਿਵੇਂ ਤੁਸੀਂ ਕਹਿੰਦੇ ਹੋ, ਉਸੇ ਤਰ੍ਹਾਂ ਅਸੀਂ ਪਛਾਣਦੇ ਹਾਂ। ਬੇਸ਼ਕ ਅਸੀਂ ਸਭ ਕੁਝ ਜਾਣਦੇ ਹਾਂ, ਫਿਰ ਵੀ ਤੁਹਾਡੇ ਮੁੱਖ ਤੋਂ ਸੁਣਨਾ ਚਾਹੁੰਦੇ ਹਾਂ॥੧੦॥

ਸਤਿਗੁਰ ਕੇ ਨਿਤ ਸਨਮੁਖ ਰਹਜੇ। ਕਰਨੀ ਜੁਗਤਿ ਸੁਭਾਵ ਸੁ ਲਹਜੇ।
ਯਾਂ ਤੇ ਸਭਿ ਹੂੰ ਬਰਨਨ ਕਰੀਐ। ਹਮਰੇ ਉਰ ਪ੍ਰਸੰਨਤਾ ਧਰੀਐ' ॥ ੧੧॥

ਤੁਸੀਂ ਸਤਿਗੁਰੂ ਜੀ ਦੇ ਸਦਾ ਸਾਹਮਣੇ ਰਹੇ ਹੋ, ਜੁਗਤੀ ਕਰਨ ਦਾ ਸੁਭਾਵ ਤੁਸੀਂ ਉਨ੍ਹਾਂ ਪਾਸੋਂ ਪਾਇਆ ਹੈ, ਇਸ ਲਈ ਹੁਣ ਸਭ ਕੁਝ ਵਰਣਨ ਕਰੋ ਤੇ ਸਾਡੇ ਹਿਰਦੇ ਵਿਚ ਪ੍ਰਸੰਨਤਾ ਲਿਆਓ' ॥੧੧॥

ਸੁਨਿ ਭਾਈ ਬ੍ਰਿਧ ਪਰਮ ਸਿਆਨਾ। ਲਗਜੋ ਬਿਚਾਰਨਿ ਕਰਿ ਕਰਿ ਧਜਾਨਾ।
'ਕੋ ਕੋ ਜੁਗਤਿ ਗੁਰੂ ਕੀ ਕਹੌਂ। ਮੈਂ ਅਜਾਨ ਗਤਿ ਸਭਿ ਕਿਮ ਲਹੌਂ' ॥ ੧੨॥

ਇਹ ਸੁਣ ਕੇ ਬਾਬਾ ਬੁੱਢਾ ਜੀ ਜਿਹੜੇ ਪਰਮ ਸਿਆਣੇ ਸਨ, ਧਿਆਨ ਕਰ-ਕਰ ਵਿਚਾਰਨ ਲੱਗੇ, 'ਗੁਰੂ ਜੀ ਦੀ ਕਿਹੜੀ-ਕਿਹੜੀ ਤਦਬੀਰ ਅਤੇ ਯੋਗਤਾ ਨੂੰ ਬਿਆਨ ਕਰਾਂ, ਮੈਂ ਅਨਜਾਣ ਹਾਂ ਕਿਵੇਂ ਸਾਰੀ ਗਤੀ ਪ੍ਰਾਪਤ ਕਰਾਂ' ॥੧੨॥

ਇਮ ਚਿਤਵਨ ਕਰਿ ਕਰਿ ਮਤਿ ਮਥਾ। ਰਿਦੇ ਪ੍ਰਕਾਸ਼ੀ ਅਦਭੁਤ ਕਥਾ।
ਸ੍ਰੀ ਹਰਿਗੋਵਿੰਦ ਦਿਸ਼ਾ ਨਿਹਾਰਾ। 'ਸੁਨਹ ਗੁਰੂ !' ਇਮ ਬਾਕ ਉਚਾਰਾ॥੧੩॥

ਇਸ ਤਰ੍ਹਾਂ ਚਿਤਵਨ ਕਰ ਕਰ ਕੇ ਬੁਧੀ ਵਿਚ ਵਿਚਾਰ ਕੀਤੀ ਤੇ ਹਿਰਦੇ ਵਿਚ ਅਦਭੁਤ ਕਥਾ ਪ੍ਰਕਾਸ਼ਮਾਨ ਹੋਈ। ਸ੍ਰੀ ਹਰਿਗੋਬਿੰਦ ਜੀ ਵੱਲ ਵੇਖਿਆ, "ਹੇ ਗੁਰੂ ਜੀ ! ਸੁਣੋ ", ਇਸ ਤਰ੍ਹਾਂ ਬਚਨ ਉਚਾਰਨ ਕੀਤਾ॥੧੩॥

'ਸ੍ਰੀ ਬਾਬਾ ਨਾਨਕ ਅਵਤਾਰ। ਸੁਤਹਿ ਪ੍ਰਕਾਸ਼ੀ ਕਰਨੀ ਸਾਰ।
ਜਨਮਤਿ ਹੀ ਅਜ਼ਮਤ ਬਿਦਤਾਈ। ਸਗਰੇ ਜਗ ਮਹਿਂ ਮਹਿਮਾ ਛਾਈ॥੧੪॥

"ਸ੍ਰੀ ਬਾਬਾ ਨਾਨਕ ਦੇਵ ਜੀ ਦਾ ਆਪਣੇ ਆਪ ਅਵਤਾਰ ਹੋਇਆ ਤੇ ਸਭ ਕਰਨ ਕਾਰਨ ਯੋਗ ਸਨ। ਉਨ੍ਹਾਂ ਦੇ ਅਵਤਾਰ ਧਾਰਨ ਕਰਦਿਆਂ ਹੀ ਕਰਾਮਾਤ ਪ੍ਰਗਟ ਹੋ ਗਈ ਤੇ ਸਾਰੇ ਜਗਤ ਵਿਚ ਉਨ੍ਹਾਂ ਦੀ ਮਹਿਮਾ ਛਾ ਗਈ॥੧੪॥

ਮਤਿਮੰਦਨਿ ਕੋ ਪੰਥ ਬਤਾਯੋ। ਸੰਤਨ ਕੋ ਉਪਦੇਸ਼ ਦ੍ਰਿੜਾਯੋ।
ਮੀਰ, ਪੀਰ ਤੁਰਕਨ ਕੇ ਸਾਰੇ। ਪਰੇ ਸ਼ਰਨ ਉਰ ਸ਼ਰਧਾ ਧਾਰੇ॥ ੧੫॥

ਮਾੜੀ ਮਤ ਵਾਲਿਆਂ ਨੂੰ ਉਨ੍ਹਾਂ ਸਹੀ ਰਾਹ ਦੱਸਿਆ ਤੇ ਸੰਤਾਂ ਨੂੰ ਉਪਦੇਸ਼ ਦ੍ਰਿੜਾਇਆ. ਤੁਰਕਾਂ ਦੇ ਸਾਰੇ ਮੀਰ ਪੀਰ ਸ਼ਰਧਾ ਧਾਰ ਕੇ ਉਨ੍ਹਾਂ ਦੀ ਸ਼ਰਨ ਵਿਚ ਪੈਂਦੇ ਸਨ॥੧੫॥

ਜੋਗੀ, ਸਿੱਧ, ਨਾਥ, ਬ੍ਰਹਮਚਾਰੀ। ਤਪੀ, ਦਿਗੰਬਰ, ਜੇ ਪਟਧਾਰੀ।
ਸੰਨਯਾਸੀ ਆਦਿਕ ਕੋ ਗਨੈ। ਸਾਧ ਬੇਖ ਬਡ ਲਘੁ ਜੇ ਘਨੇ॥ ੧੬॥

ਜੋਗੀ, ਸਿੱਧ, ਨਾਥ, ਬ੍ਰਹਮਚਾਰੀ, ਤਪੀ, ਨਾਂਗੇ ਜੈਨੀ, ਕਪੜੇ ਪਹਿਨਣ ਵਾਲੇ, ਸੰਨਿਆਸੀ ਆਦਿਕ, ਕੌਣ ਉਨ੍ਹਾਂ ਦੀ ਗਿਣਤੀ ਕਰੇ, ਸਾਧ ਭੇਸ ਸਾਰੇ ਵੱਡੇ ਛੋਟੇ ਜਿਹੜੇ ਬਹੁਤ ਸਨ॥੧੬॥

ਕਲਜੁਗ ਮਹਿਂ ਤਿਨ ਕੋ ਬਡ ਮਾਨੇ। ਗੁਰੂ ਸਕਲ ਜਗ ਨੇ ਕਰਿ ਜਾਨੇ।
ਤੀਨ ਲੋਕ ਮਹਿਂ ਬਧਯੋ ਪ੍ਰਤਾਪੇ। ਸੁਰ ਨਰ ਅਸੁਰ ਸਿੱਖ ਨਿਜ ਥਾਪੇ॥ ੧੭॥

ਕਲਜੁਗ ਵਿਚ ਉਨ੍ਹਾਂ ਦਾ ਵੱਡਾ ਮਾਣ ਸੀ, ਜਗਤ ਦੇ ਸਾਰੇ ਲੋਕ ਉਨ੍ਹਾਂ ਨੂੰ ਆਪਣਾ ਗੁਰੂ ਮੰਨਦੇ ਸਨ। ਉਨ੍ਹਾਂ ਦਾ ਤਿੰਨਾਂ ਲੋਕਾਂ ਵਿਚ ਪ੍ਰਤਾਪ ਵਧਿਆ। ਦੇਵਤੇ, ਮਨੁੱਖ, ਦੈਂਤ ਅਤੇ ਸਿੱਖਾਂ ਦੀ ਆਪ ਸਥਾਪਨਾ ਕੀਤੀ॥੧੭॥

ਅਧਿਕ ਦਰਬ ਸਤਿਨਾਮ ਬਟੋਰਾ। ਜਿਸਹਿ ਅਹੰ ਮਮ ਲਗੈ ਨ ਚੋਰਾ।
ਪ੍ਰੇਮ ਭਗਤਿ ਕੇ ਭਰੇ ਭੰਡਾਰੇ। ਭਰਿ ਸਤਿਨਾਮ ਖਜ਼ਾਨੇ ਸਾਰੇ॥ ੧੮॥

ਸਤਿਨਾਮ ਰੂਪ ਧਨ ਬਹੁਤ ਇਕੱਠਾ ਕੀਤਾ, ਜਿਸ ਨੂੰ ਹੰਕਾਰ, ਮਮਤਾ ਆਦਿ ਚੋਰ ਨਹੀਂ ਲੱਗਦੇ। ਪ੍ਰੇਮ ਭਗਤੀ ਦੇ ਭੰਡਾਰੇ ਭਰ ਲਏ ਤੇ ਸਤਿਨਾਮ ਦੇ ਸਾਰੇ ਖਜ਼ਾਨੇ ਭਰ ਲਏ॥੧੮॥

ਸ਼੍ਰੀ ਅੰਗਦ ਕੋ ਸੌਂਪਨਿ ਕਰੇ। ਨਿਖੁਟਹਿਂ ਜੇ ਨ, ਰਹੈਂ ਸਦ ਭਰੇ।
ਨਿਤ ਪ੍ਰਤਿ ਖਰਚੇ ਬ੍ਰਿਧਤਾ ਲਹੇ। ਦਾਰਿਦ ਜਨਮ ਮਰਨ ਕੋ ਦਹੇਂ॥ ੧੯॥

ਫਿਰ ਗੁਰਗੱਦੀ ਸ੍ਰੀ ਗੁਰੂ ਅੰਗਦ ਦੇਵ ਨੂੰ ਸੌਂਪ ਦਿੱਤੀ, ਖਜ਼ਾਨੇ ਮੁਕਦੇ ਨਹੀਂ, ਸਦਾ ਹੀ ਭਰੇ ਰਹਿੰਦੇ ਹਨ। ਨਿਤਾਪ੍ਰਤਿ ਖਰਚਣ ਨਾਲ ਹੋਰ ਵਧਦੇ ਹਨ, ਜਨਮ ਮਰਨ ਦੇ ਦਲਿਦਰ ਨੂੰ ਨਾਸ਼ ਕਰਦੇ ਹਨ॥੧੯॥

ਦੁਤੀਏ ਪਾਤਿਸ਼ਾਹ ਨੇ ਲੀਨਸਿ। ਰਾਖੇ ਗੁਹਜ ਬਿਦਤਿ ਨਹਿਂ ਕੀਨਸਿ।
ਕਿਸ ਕੋ ਹਿਤ ਕਰਿ ਨਹਿਂ ਦਿਖਰਾਏ। ਮੁਖ ਤੇ ਕਹਿ ਨਹਿਂ ਕਾਹੂੰ ਸੁਨਾਏ॥੨੦॥

ਦੂਸਰੇ ਪਾਤਸ਼ਾਹ ਨੇ ਵੀ ਵੱਡੀ ਕਰਾਮਾਤ ਪਾਈ, ਪਰ ਉਨ੍ਹਾਂ ਕਰਾਮਾਤ ਗੁਝੀ ਰੱਖੀ, ਪ੍ਰਗਟ ਨਾ ਕੀਤੀ। ਕਿਸੇ ਨੂੰ ਹਿਤ ਕਰਕੇ ਨਾ ਵਿਖਾਈ, ਮੂੰਖ ਤੋਂ ਕਹਿ ਕੇ ਕਿਸੇ ਨੂੰ ਨਾ ਸੁਣਾਈ॥੨੦॥

ਪਲ ਪਲ ਬਧਹਿ ਅਧਿਕ ਅਧਿਕਾਈ। ਅਤਿ ਅਪਾਰ ਗਤਿ ਲਖੀ ਨ ਜਾਈ।
ਭਾਉ ਦਿਖਾਇ ਪਰਮ ਅਵਧੂਤ। ਨਿਰਵਿਕਲਪ ਨਿਰਲੰਬ, ਸ ਪੂਤ॥ ੨੧॥

ਪਲ ਪਲ ਵਧਦੀ ਸੀ ਤੇ ਅਧਿਕ ਤੋਂ ਅਧਿਕ ਹੋ ਜਾਂਦੀ ਸੀ, ਅਤੀ ਅਪਾਰ ਗਤੀ, ਸਮਝੀ ਨਹੀਂ ਸੀ ਜਾਂਦੀ। ਪਰਮ ਸੰਨਿਆਸੀ ਪ੍ਰੇਮ ਭਾਵਨਾ ਵਿਖਾਉਂਦੇ ਸਨ, ਕਲਪਣਾ ਰਹਿਤ, ਆਸਰਾ ਰਹਿਤ ਅਤੇ ਪਵਿੱਤ੍ਰਤਾ ਸਹਿਤ ਸਨ॥੨੧॥

ਸਿੱਧਿ, ਸ਼ਕਤਿ ਨਹਿਂ ਬਿਦਤਨਿ ਪਾਵੈ। ਪਰਮਾਨੰਦ ਨਿਮਗਨ ਬਿਹਾਵੈ।
ਅੰਤਰ ਗਤੀ ਅਖੰਡ ਸਮਾਧਿ। ਇਕ ਰਸ ਪੁੰਨ ਨ ਪਾਪ ਬਯਾਧਿ॥ ੨੨॥

ਸਿੱਧ ਸ਼ਕਤੀ ਨੂੰ ਪ੍ਰਗਟ ਨਹੀਂ ਸੀ ਹੋਣ ਦਿੰਦੇ, ਪਰਮ ਅਨੰਦ ਵਿਚ ਲਿਵਲੀਨ ਹੋ ਕੇ ਜ਼ਿੰਦਗੀ ਬਤੀਤ ਕਰਦੇ ਸਨ, ਅੰਤਰਗਤ ਹੋ ਕੇ ਅਖੰਡ ਸਮਾਧੀ ਲਗਦੀ ਸੀ, ਪੁੰਨ, ਪਾਪ ਅਤੇ ਸੰਤਾਪ ਤੋਂ ਉਪਰ ਉੱਠ ਕੇ ਇਕ ਰਸ ਰਹਿੰਦੇ ਸਨ॥੨੨॥

ਅਜਰ ਜਰਨ ਗਤਿ ਅਸ ਦਿਖਰਾਈ। ਭੂਤ ਭਵਿੱਖ ਨ ਕਿਸ ਹੂੰ ਪਾਈ।
ਸਤਿਗੁਰ ਕੇ ਘਰ ਬਿਨਾ ਨ ਆਨ। ਸੁਨੀ ਨ ਹੇਰੀ ਕਿਤਹੁੰ ਜਹਾਨ॥੨੩॥

ਨਾ ਜਰੇ ਜਾਣ ਨੂੰ ਵੀ ਜਰਨ ਵਾਲੀ ਐਸੀ ਗਤੀ ਵਿਖਾਈ, ਜਿਹੜੀ ਨਾ ਕਿਸੇ ਨੇ ਭੂਤਕਾਲ ਵਿਚ ਪਾਈ ਤੇ ਨਾ ਹੀ ਕੋਈ ਭਵਿੱਖ ਵਿਚ ਅਜਿਹੀ ਗਤੀ ਵਿਖਾ ਸਕੇਗਾ। ਸਤਿਗੁਰੂ ਜੀ ਦੇ ਘਰ ਬਗੈਰ ਇਹ ਕਿਤੇ ਹੋਰ ਨਹੀਂ ਹੈ, ਜਹਾਨ ਵਿਚ ਹੋਰ ਕਿਤੇ ਸੁਣੀ ਜਾਂ,ਵੇਖੀ ਨਹੀਂ ਹੈ॥੨੩॥

ਅਮਰਦਾਸ ਸਤਿਗੁਰੂ ਪ੍ਰਬੀਨ। ਸਕਲ ਖਜ਼ਾਨੇ ਤਿਨਕੋ ਦੀਨਿ।
ਲੇ ਕਰਿ ਨਾਮ ਭਗਤਿ ਭੰਡਾਰ। ਜਿਨ ਗੁਨ ਅੰਤ ਨ ਪਾਰਾਵਾਰ॥੨੪॥

ਗੁਰੂ ਅਮਰਦਾਸ ਜੀ ਪ੍ਰਬੀਨ ਸਤਿਗੁਰੂ ਸਨ, ਸਾਰੇ ਖਜ਼ਾਨੇ ਉਨ੍ਹਾਂ ਨੂੰ ਦੇ ਦਿੱਤੇ। ਨਾਮ ਅਤੇ ਭਗਤੀ ਦੇ ਖ਼ਜ਼ਾਨੇ ਲੈ ਕੇ, ਜਿਸ ਗੁਰੂ ਜੀ ਦਾ ਕੋਈ ਅੰਤ ਅਤੇ ਪਾਰਾਵਾਰ ਨਾ ਰਿਹਾ॥੨੪॥

ਤਿਨਹੁੰ ਨਵੀਨ ਜੁਗਤਿ ਬਿਦਤਾਈ। ਆਏ ਸ਼ਰਨ ਜਿ ਨਰ ਸਮੁਦਾਈ।
ਬਖ਼ਸ਼ਜੋ ਸਭਿ ਕੋ ਨਾਮ ਖਜਾਨਾ। ਨੌਂ ਨਿਧਿ, ਰਿਧਿ, ਸਿਧਿ ਦੀਨਿ ਮਹਾਨਾ॥੨੫॥

ਉਨ੍ਹਾਂ ਨੇ ਨਵੀਂ ਜੁਗਤੀ ਪ੍ਰਗਟੀ ਕੀਤੀ, ਜਿਹੜੇ ਮਨੁੱਖਾਂ ਦਾ ਸਮੂਹ ਉਨ੍ਹਾਂ ਦੀ ਸ਼ਰਨ ਆਏ, ਉਨ੍ਹਾਂ ਸਭ ਨੂੰ ਨਾਮ ਦੇ ਖਜ਼ਾਨੇ ਬਖਸ਼ੇ। ਨੌਂ ਨਿਧੀਆਂ, ਤੇ ਮਹਾਨ ਰਿੱਧੀਆਂ ਸਿੱਧੀਆਂ ਦਿੱਤੀਆਂ॥੨੫॥

ਸੋ ਹਰਿ ਧਨ ਦੁਹੂੰ ਹਾਥ ਲੁਟਾਯੋ। ਜੋ ਸ਼ਰਨਾਗਤ ਸਭਿ ਨੇ ਪਾਯੋ।
ਚਹੁੰ ਦਿਸ਼ਿ ਬਿਦਿਸ਼ਿਨਿ ਮਹਿਂ ਪਸਰਾਯੋ। ਜਹਿਂ ਕਹਿਂ ਜਗ ਮਹਿਂ ਨਾਮ ਜਪਾਯੋ॥੨੬॥

ਉਨ੍ਹਾਂ ਨੇ ਹਰੀ ਧਨ ਦੋਵਾਂ ਹੱਥਾਂ ਨਾਲ ਲੁਟਾਇਆ, ਜਿਹੜਾ ਵੀ ਸ਼ਰਨ ਆਇਆ ਸਭ ਨੇ ਪਾਇਆ, ਚਾਰੇ ਪਾਸੇ ਦੇਸ਼ਾਂ ਬਿਦੇਸ਼ਾਂ ਵਿਚ ਫੈਲਾਇਆ, ਜਿਥੇ-ਕਿਥੇ ਜਗਤ ਵਿਚ ਨਾਮ ਜਪਾਇਆ॥੨੬॥

ਗੁਰ ਸਮ ਦਾਤਾ ਕਹੂੰ ਨ ਅਹੇ। ਬਡਭਾਗੀ ਸਭਿਹਿਨਿ ਤਬਿ ਲਹੇ।
ਜਿਨ ਸੇਵੇ ਹ੍ਵੈ ਕਰਿ ਨਿਹਕਾਮ। ਤਿਸ ਨੇ ਲਯੋ ਨਕਦ ਹਰਿਨਾਮ॥੨੭॥

ਗੁਰੂ ਜੀ ਵਰਗੇ ਦਾਤਾ ਹੋਰ ਕਿਤੇ ਨਹੀਂ ਸੀ, ਸਭ ਵੱਡੇ ਭਾਗਾਂ ਵਾਲਿਆਂ ਨੇ ਨਾਮ ਪ੍ਰਾਪਤ ਕੀਤਾ। ਜਿਸ ਨੇ ਨਿਹਕਾਮੀ ਹੋ ਕੇ ਸੇਵਾ ਕੀਤੀ ਉਸ ਨੇ ਹਰੀ ਦਾ ਨਾਮ ਨਕਦ ਪ੍ਰਾਪਤ ਕੀਤਾ॥੨੭॥

ਜਿਨ ਸਕਾਮ ਗੁਰ ਸੇਵਨਿ ਕੀਨਾ। ਰਿਧਿ ਸਿਧਿ ਸਹਤ ਨਾਮ ਪ੍ਰਭੁ ਦੀਨਾ।
ਇਕ ਕਰ ਭਯੋ 'ਭਗਤਿ' ਗੁਰ ਸੇਵਾ। ਦੁਤਿਯ ਹਾਥ 'ਕਰੁਨਾ' ਗੁਰਦੇਵਾ॥੨੮॥

ਜਿਸ ਨੇ ਕਾਮਨਾ ਸਹਿਤ ਸੇਵਾ ਕੀਤੀ, ਉਸ ਨੂੰ ਸਤਿਗੁਰੂ ਜੀ ਨੇ ਰਿੱਧੀਆਂ ਸਿੱਧੀਆਂ ਸਹਿਤ ਨਾਮ-ਦਾਨ ਦਿੱਤਾ। ਗੁਰੂ ਜੀ ਦਾ ਇਕ ਹੱਥ ਜਿਸ ਨੇ ਗੁਰੂ ਅੰਗਦ ਦੇਵ ਜੀ ਦੀ ਸੇਵਾ ਤੇ ਭਗਤੀ ਕੀਤੀ ਹੈ, ਉਹ ਹੱਥ ਗੁਰਸੇਵਾ ਤੇ ਭਗਤੀ ਰੂਪ ਹੋ ਗਿਆ ਹੈ, ਜਿਸ ਕਰਕੇ ਉਹ ਹੱਥ ਨਾਮ ਆਦਿ ਸੱਚੇ ਧਨਾਂ ਨਾਲ ਭਰਪੂਰ ਹੈ, ਦੂਸਰਾ ਹੱਥ ਗੁਰੂ ਜੀ ਦਾ ਆਪਣੇ ਕ੍ਰਿਪਾ ਦ੍ਰਿਸ਼ਟੀ ਵਾਲਾ ਸੁਭਾਅ ਹੋਣ ਕਰਕੇ ਬਖਸ਼ਿਸ਼ ਰੂਪ ਹੋ ਗਿਆ ਹੈ॥੨੮॥

ਇਨ ਦੁਊ ਹਾਥਨਿ ਨਾਮ ਖਜਾਨਾ। ਪ੍ਰਗਟ ਲੁਟਾਯਹੁ ਸਭਿ ਜਗ ਜਾਨਾ।
ਦਿਨ ਪ੍ਰਤਿ ਕਰਤਿ ਰਹੇ ਅਸ ਲੀਲਾ। ਬਖ਼ਸ਼ਤਿ ਬਖ਼ਸ਼ਿਸ਼ ਅਧਿਕ ਸੁਸ਼ੀਲਾ॥੨੯॥

ਇਨ੍ਹਾਂ ਦੋਵਾਂ ਹੱਥਾਂ ਨਾਲ ਨਾਮ ਦਾ ਖਜ਼ਾਨਾ ਪ੍ਰਗਟ ਰੂਪ ਵਿਚ ਲੁਟਾਇਆ, ਇਹ ਸਾਰਾ ਜੱਗ ਜਾਣਦਾ ਹੈ। ਪ੍ਰਤੀ ਦਿਨ ਐਸੀ ਲੀਲ੍ਹਾ ਕਰਦੇ ਰਹੇ। ਬੜੇ ਚੰਗੇ ਸੁਭਾਅ ਵਾਲੀ ਬਖਸ਼ਿਸ਼ ਬਖਸ਼ਦੇ ਸਨ॥੨੯॥

ਤਬਿ ਮੈਂ ਦੇਖੇ ਧਰਿ ਕਰਿ ਧਜਾਨਾ। ਕਿਸ ਪ੍ਰਕਾਰ ਹੈ ਨਾਮ ਖਜ਼ਾਨਾ।
ਰੰਚਕ ਹਰਿ ਧਨ ਘਟਜੋ ਨ ਕੋਈ। ਅਦਭੁਤ ਗਤਿ ਅਵਿਲੋਕੀ ਸੋਈ॥ ੩੦॥

ਤਦ ਮੈਂ ਧਿਆਨ ਧਾਰ ਕੇ ਵੇਖਿਆ ਕਿ ਨਾਮ ਦਾ ਖਜ਼ਾਨਾ ਕਿਸ ਪ੍ਰਕਾਰ ਦਾ ਹੈ। ਰਾਈ ਭਰ ਵੀ ਹਰੀ ਧਨ ਘਟਿਆ ਨਹੀਂ ਸੀ, ਮੈਂ ਉਨ੍ਹਾਂ ਦੀ ਅਦਭੁਤ ਗਤੀ ਵੇਖੀ॥੩੦॥

ਬਧਜੋ ਅਨੰਤ ਗੁਨਾ ਭੰਡਾਰਾ। ਜਿਸ ਨਿਸਤਾਰੇ ਲੋਕ ਹਜ਼ਾਰਾਂ।
ਪਿਖਿ ਚਰਿੱਤ੍ਰ ਮੈਂ ਬਹੁ ਬਿਸਮਾਯੋ। ਨਿਜ ਮਤਿ ਕਰਿ ਕੁਛ ਜਾਇ ਨ ਪਾਯੋ॥ ੩੧॥

ਨਾਮ ਦਾ ਭੰਡਾਰਾ ਅਨੰਤ ਗੁਣਾਂ ਹੋਰ ਵਧਿਆ, ਜਿਸ ਨੇ ਹਜ਼ਾਰਾਂ ਲੋਕਾਂ ਦਾ ਕਲਿਆਣ ਕੀਤਾ, ਮੈਂ ਇਹ ਚਰਿੱਤਰ ਵੇਖ ਕੇ ਬਹੁਤ ਹੈਰਾਨ ਹੋਇਆ, ਆਪਣੀ ਮੱਤ ਕਰ ਕੇ ਕੁਝ ਪਾਇਆ ਨਹੀਂ ਸੀ ਜਾਂਦਾ॥੩੧॥

ਤਬਿ ਮੈਂ ਤਿਨ ਕੇ ਹੋਇ ਅਗਾਰੀ। ਬਹੁਤ ਭਾਂਤਿ ਕੀ ਸਤੁਤਿ ਉਚਾਰੀ।
ਸ੍ਰੀ ਗੁਰੂ ਅਮਰਦਾਸ ਬੱਖਜਾਤਾ। ਧੰਨ ਧੰਨ ਸਭਿ ਤੇ ਬਡ ਦਾਤਾ॥ ੩੨॥

ਫਿਰ ਮੈਂ ਉਨ੍ਹਾਂ ਦੇ ਅੱਗੇ ਖੜੇ ਹੋ ਕੇ ਬਹੁਤ ਉਸਤਤੀ ਉਚਾਰਨ ਕੀਤੀ, ਸ੍ਰੀ ਗੁਰੂ ਅਮਰਦਾਸ ਜੀ ਸਾਰੇ ਪ੍ਰਗਟ ਹਨ, ਉਹ ਧੰਨ ਧੰਨ ਹਨ ਜਿਹੜੇ ਸਭ ਤੋਂ ਵੱਡੇ ਦਾਤਾ ਹਨ॥੩੨॥

ਸਮ ਪਾਰਸ ਕੀ ਪਰਸਤਿ ਰਹੇ। ਨਰ ਲੋਹਾ ਕੰਚਨਤਾ ਗਹੇ।
ਬਾਵਨ ਚੰਦਨ ਸਮ ਜਗ ਥਿਰੇ। ਨਰ ਤਰੁਵਰ ਸ੍ਰੀ ਖੰਡ ਸਭਿ ਕਰੇ॥ ੩੩॥

ਗੁਰੂ ਜੀ ਮਨੁੱਖਾਂ ਰੂਪੀ ਲੋਹੇ ਨੂੰ ਪਾਰਸ ਵਾਂਗ ਛੂੰਹਦੇ ਰਹੇ ਤੇ ਉਹ ਮਨੁੱਖ ਸੋਨਾ ਹੁੰਦੇ ਗਏ। ਉਹ ਜਗਤ ਵਿਚ ਬਾਵਨ ਚੰਦ ਦੇ ਬ੍ਰਿੱਛ ਵਾਂਗ ਸਥਿਰ ਸਨ, ਮਨੁੱਖਾਂ ਰੂਪੀ ਪੇੜ ਵੀ ਚੰਦਨ ਹੋ ਗਏ॥੩੩॥

*ਨੋਟ: ਬਾਵਨ ਚੰਦਨ, ਚੰਦਨ ਦਾ ਅਜਿਹਾ ਪੇੜ ਹੈ ਜਿਸ ਦੇ ਲਾਗਲੇ ਹੋਰ ਕਿਸਮ ਦੇ ਬ੍ਰਿਛਾਂ ਵਿਚੋਂ ਵੀ ਚੰਦਨ ਦੀ ਮਹਿਕ ਆਉਣ ਲੱਗਦੀ ਹੈ*

ਗੰਗਾ ਜਲ ਪਾਵਨ ਸਮ ਹੋਏ। ਆਇ ਅਪਾਵਨ ਭੀ ਮਿਲਿ ਕੋਏ।
ਇਕ ਸਮ ਸੋ ਸਗਰੇ ਕਰਿ ਦਏ। ਮੋਖ ਉਚਿਤ ਸੇਵਕ ਸਭਿ ਕਿਏ॥ ੩੪॥

ਗੰਗਾ ਜਲ ਬਹੁਤ ਪਵਿੱਤਰ ਅਤੇ ਮੈਲ ਰਹਿਤ ਮੰਨਿਆ ਜਾਂਦਾ ਹੈ ਪਰ ਜਦ ਉਸ ਵਿਚ ਮੈਲੇ ਕੁਚੈਲੇ ਨਦੀਆਂ ਨਾਲੇ ਆ ਕੇ ਮਿਲਦੇ ਹਨ ਤਾਂ ਉਹ ਵੀ ਗੰਗਾ ਹੀ ਕਹਾਉਂਦੇ ਹਨ, ਭਾਵ ਮੈਲਾ ਕੁਚੈਲਾ ਜਲ ਵੀ ਫਿਰ ਪਵਿੱਤਰ ਹੀ ਅਖਵਾਉਂਦਾ ਹੈ। ਉਸ ਤਰ੍ਹਾਂ ਸਾਰੇ ਇਕ ਸਮਾਨ ਕਰ ਦਿੱਤੇ, ਸਾਰੇ ਸੇਵਕ ਮੁਕਤੀ ਜੋਗ ਕਰ ਦਿੱਤੇ॥੩੪॥

ਜਿਮ ਸਮੁੰਦ੍ਰ ਮਹਿਂ ਜਲ ਚਲਿ ਆਯੋ। ਤਿਨ ਸਰੂਪ ਸੋ ਅਪਨਿ ਬਨਾਯੋ।
ਇਸ ਪ੍ਰਕਾਰ ਕੇ ਚਲਿਤ ਤੁਮਾਰੇ। ਅਨ ਗਨ ਅਪਨੇ ਦਾਸ ਉਧਾਰੇ॥ ੩੫॥

ਜਿਵੇਂ ਸਮੁੰਦਰ ਵਿਚ ਜਿਹੜਾ ਜਲ ਚਲ ਕੇ ਆਉਂਦਾ ਹੈ, ਉਹ ਸਮੁੰਦਰ ਹੀ ਹੋ ਜਾਂਦਾ ਹੈ, ਇਸ ਤਰ੍ਹਾਂ ਜਿਹੜਾ ਵੀ ਮਨੁੱਖ ਉਨ੍ਹਾਂ ਪਾਸ ਚਲ ਕੇ ਆਉਂਦਾ ਸੀ, ਉਸ ਨੂੰ ਆਪਣਾ ਰੂਪ ਹੀ ਬਣਾ ਲੈਂਦੇ ਸਨ ਇਸ ਪ੍ਰਕਾਰ ਤੁਹਾਡੇ ਚਰਿੱਤਰ ਹਨ, ਆਪਣੇ ਅਣਗਿਣਤ ਸੇਵਕਾਂ ਦਾ ਉਧਾਰ ਕੀਤਾ॥੩੫॥

ਕਹਤਿ ਬ੍ਰਿੱਧ 'ਮੈਂ ਐਸੇ ਦੇਖੇ। ਤੀਨ ਗੁਰਨਿ ਕੇ ਕਰਮ ਵਿਸ਼ੇਖੇ।
ਅਪਰ ਬਾਤ ਕਜਾ ਬਰਨਨ ਕਰੌਂ। ਸਭਿ ਕਹਿਬੇ ਕੀ ਸ਼ਕਤਿ ਨ ਧਰੌਂ॥ ੩੬॥

ਬਾਬਾ ਬੁੱਢਾ ਜੀ ਨੇ ਕਿਹਾ, "ਤਿੰਨਾਂ ਗੁਰੂ ਸਾਹਿਬਾਨ ਦੇ ਵਿਸ਼ੇਸ਼ ਕਾਰਜ ਮੈਂ ਇਸ ਤਰ੍ਹਾਂ ਵੇਖੇ। ਹੋਰ ਕਿਹੜੀ ਗੱਲ ਮੈਂ ਵਰਣਨ ਕਰਾਂ, ਸਾਰਾ ਕੁਝ ਕਹਿਣ ਦੀ ਸ਼ਕਤੀ ਨਹੀਂ ਰਖਦਾ ਹਾਂ॥੩੬॥

ਤੁਮ ਸੁਬੱਗ ਕੁਛ ਨਾਂਹਿਨ ਛਾਨੋ। ਜੋ ਜੋ ਕੀਨਿ ਆਪ ਹੀ ਜਾਨੋ।
ਸੁਨਿ ਬ੍ਰਿਧ ਤੇ ਸ੍ਰੀ ਹਰਿ ਗੋਵਿੰਦ। ਨਿਜ ਸਮਾਧਿ ਮਹਿਂ ਥਿਰੇ ਬਿਲੰਦ॥ ੩੭॥

ਤੁਸੀਂ ਸਮਰੱਥ ਹੋ ਤੁਹਾਡੇ ਪਾਸੋਂ ਕੁਝ ਵੀ ਲੁਕਿਆ ਨਹੀਂ ਹੈ, ਜੋ ਜੋ ਕੀਤਾ ਹੈ, ਆਪ ਹੀ ਜਾਣਦੇ ਹੋ।" ਗੁਰੂ ਹਰਿਗੋਬਿੰਦ ਸਾਹਿਬ ਜੀ, ਬਾਬਾ ਬੁੱਢਾ ਜੀ ਤੋਂ ਇਹ ਸੁਣ ਕੇ ਆਪਣੀ ਮਹਾਨ ਸਮਾਧੀ ਵਿਚ ਸਥਿਤ ਹੋ ਗਏ॥੩੭॥

ਅਚਲ ਸਰੀਰ ਸਕਲ ਹੁਇ ਗਯੋ। ਕੋ ਨ ਸਭਾ ਮਹਿਂ ਬੋਲਤਿ ਭਯੋ।
ਰਹੇ ਨਿਮਗਨ ਜਾਮ, ਪੁਨ ਜਾਗੇ। ਬਹੁਰ ਬ੍ਰਿੱਧ ਦਿਸ਼ਿ ਦੇਖਨਿ ਲਾਗੇ॥ ੩੮॥

ਸਾਰਾ ਸਰੀਰ ਅਚੱਲ ਹੋ ਗਿਆ, ਸਭਾ ਵਿਚ ਕੋਈ ਵੀ ਬੋਲਦਾ ਨਹੀਂ ਸੀ। ਇਕ ਪਹਿਰ ਤਕ ਲਿਵਲੀਨ ਰਹੇ, ਫਿਰ ਜਾਗ ਪਏ, ਫਿਰ ਬਾਬਾ ਬੁੱਢਾ ਜੀ ਵੱਲ ਵੇਖਣ ਲੱਗੇ॥੩੮॥

'ਵਾਹੁ ਵਾਹੁ' ਸ੍ਰੀ ਮੁਖਹੁਂ ਉਚਾਰਾ। 'ਹੇ ਭਾਈ ! ਤੁਮ ਸਿੱਖ ਉਦਾਰਾ।
ਸਭਿ ਸਤਿਗੁਰ ਕੇ ਨਿਤ ਬਹੁ ਪਜਾਰੇ। ਤੋ ਸਮ ਸਿੱਖੀ ਅਪਰ ਨ ਧਾਰੇ॥ ੩੯॥

'ਵਾਹ ਵਾਹ' ਗੁਰੂ ਜੀ ਨੇ ਆਪਣੇ ਮੁੱਖ ਤੋਂ ਉਚਾਰਨ ਕੀਤਾ, "ਹੇ ਬਾਬਾ ਬੁੱਢਾ ਜੀ, ਤੁਸੀਂ ਉੱਤਮ ਸਿੱਖ ਹੋ। ਸਾਰੇ ਸਤਿਗੁਰਾਂ ਦੇ ਤੁਸੀਂ ਬਹੁਤ ਪਿਆਰੇ ਰਹੇ ਹੋ, ਤੁਹਾਡੇ ਵਰਗੀ ਸਿੱਖੀ ਹੋਰ ਕਿਸੇ ਨਹੀਂ ਧਾਰਨ ਕੀਤੀ ਹੈ॥ ੩੯॥

ਅਦਭੁਤ ਕਥਾ ਸੁਨਾਵਨਿ ਕੀਨਿ। ਹਮਰੇ ਮਨ ਆਨੰਦ ਬਡ ਦੀਨਿ।
ਐਸੀ ਗਾਥਾ ਤੁਮ ਸਭਿ ਜਾਨੋ। ਸਤਿਗੁਰ ਘਰ ਕੇ ਭੇਦ ਪਛਾਨੋਂ॥ ੪੦॥

ਤੁਸੀਂ ਅਦਭੁਤ ਕਥਾ ਸੁਣਾਈ ਹੈ, ਸਾਡੇ ਮਨ ਨੂੰ ਇਸ ਬਹੁਤ ਅਨੰਦ ਦਿੱਤਾ ਹੈ। ਐਸੀ ਗਾਥਾ ਤੁਸੀਂ ਸਾਰੀ ਜਾਣਦੇ ਹੋ ਤੇ ਸਤਿਗੁਰੂ ਜੀ ਦੇ ਘਰ ਦਾ ਭੇਦ ਪਛਾਣਦੇ ਹੋ॥੪੦॥

ਯਾਂਹੀ ਤੇ ਹਮ ਬੂਝ ਸੁ ਲੀਨੋ। ਜਥਾ ਜੋਗ ਤੁਮ ਭਾਖਨਿ ਕੀਨੋ।
ਸੁਨਿ ਕਰਿ ਸਰਬ ਸਿੱਖ ਹਰਖਾਏ। 'ਧੰਨ ਧੰਨ' ਬ੍ਰਿਧ ਕੇ ਪ੍ਰਤਿ ਗਾਏ॥ ੪੧॥

ਏਸੇ ਕਰਕੇ ਅਸੀਂ ਪੁੱਛ ਲਿਆ ਹੈ, ਯਥਾ ਯੋਗ ਤੁਸੀਂ ਬਿਆਨ ਕੀਤਾ ਹੈ।" ਇਹ ਸੁਣ ਕੇ ਸਾਰੇ ਸਿੱਖ ਬਹੁਤ ਪ੍ਰਸੰਨ ਹੋਏ ਤੇ ਬਾਬਾ ਬੁੱਢਾ ਜੀ ਬਾਰੇ ਉਨ੍ਹਾਂ 'ਧੰਨ ਧੰਨ' ਕਿਹਾ॥੪੧॥

ਮਹਿਮਾ ਮਹਾਂ ਜਾਨਿ ਸਭਿ ਲੀਨਿ। ਸਿਰ ਨਿਵਾਇ ਕਰਿ ਬੰਦਨ ਕੀਨਿ।
ਇਸ ਪ੍ਰਕਾਰ ਗੁਰ ਕਰੇ ਬਿਲਾਸਾ। ਸੰਤ ਉਧਾਰਤਿ ਦੁਸ਼ਟ ਬਿਨਾਸਾ॥ ੪੨॥

ਸਾਰੀ ਮਹਾਨ ਮਹਿਮਾ ਜਾਣ ਲਈ ਤੇ ਸਿਰ ਨਿਵਾ ਕੇ ਬੰਦਨਾ ਕੀਤੀ। ਇਸ ਪ੍ਰਕਾਰ ਗੁਰੂ ਜੀ ਵਿਲਾਸ ਕਰਦੇ ਸਨ, ਉਹ ਸੰਤਾਂ ਦਾ ਉਧਾਰ ਕਰਦੇ ਸਨ ਤੇ ਦੁਸ਼ਟਾਂ ਦਾ ਨਾਸ਼ ਕਰਦੇ ਸਨ॥੪੨॥

ਬੀਰ, ਅਰਿੰਦਮ, ਧੀਰਜ ਧਾਰੀ। ਰਣ ਮਹਿਂ ਅਚਲ ਬਲੀ, ਭੁਜ ਭਾਰੀ।
ਮਹਾਂ ਧਨੁਖ ਨਿਸ਼ਠੁਰ ਧਰਿ ਹਾਥ। ਸਰਪ ਸਮਾਨ ਬਾਨ ਖਰ ਸਾਥ॥ ੪੩॥

ਬੜੇ ਸੂਰਬੀਰ, ਵੈਰੀ ਨਾਸ਼ਕ ਤੇ ਧੀਰਜਵਾਨ ਹਨ, ਰਣਖੇਤਰ ਵਿਚ ਅਚਲ ਬਲਵਾਨ ਅਤੇ ਭਾਰੀ ਬਾਹਾਂ ਵਾਲੇ ਹਨ ਤੇ ਵੱਡੇ ਸਖਤ ਧਨੁੱਖ ਨੂੰ ਆਪਣੇ ਹੱਥਾਂ ਵਿਚ ਖਿੱਚਦੇ ਹਨ, ਸੱਪ ਵਾਂਗ ਸ਼ੂਕਦੇ ਬਾਣ ਛੱਡਦੇ ਹਨ॥੪੩॥

ਹਤਹਿਂ ਸ਼ੱਤ੍ਰੂ ਗਨ ਅਰਹਿ ਨ ਕੋਈ। ਬਚੈ ਸੁ ਰਣ ਤਜਿ ਭਾਜਹਿ ਜੋਈ।
ਕਰਾਮਾਤ ਕੋ ਰਾਖਹਿਂ ਗੋਈ। ਕਰਹਿਂ ਕ੍ਰਿੱਤ ਨਰ ਅਨੁਹਰ ਹੋਈ॥ ੪੪ ॥

ਵੈਰੀਆਂ ਦੇ ਸਮੂਹ ਨੂੰ ਮਾਰ ਦਿੰਦੇ ਹਨ, ਤੇ ਕੋਈ ਵੀ ਉਨ੍ਹਾਂ ਅੱਗੇ ਨਹੀਂ ਅੜਦਾ, ਜਿਹੜੇ ਬਚ ਜਾਂਦੇ ਹਨ ਉਹ ਰਣਖੇਤਰ ਵਿਚੋਂ ਭੱਜ ਜਾਂਦੇ ਹਨ। ਕਰਾਮਾਤ ਨੂੰ ਗੁਪਤ ਹੀ ਰੱਖਦੇ ਹਨ ਤੇ ਹੋਰ ਮਨੁੱਖਾਂ ਸਮਾਨ ਕ੍ਰਿਤ ਕਰਦੇ ਹਨ॥੪੪॥

ਛੇਵੀਂ ਰਾਸ ਦਾ ਉਣੰਞਵਾਂ ਅਧਿਆਇ ਸਮਾਪਤ ਹੋਇਆ॥੪੯॥

# ਅਧਿਆਇ ਪੰਜਾਹਵਾਂ

*ਕਾਂਸ਼ੀ ਸੰਗਤ, ਬਾਜ਼ ਬਟੇਰ*

ਦੋਹਰਾ- ਰਹੇ ਕਿਤਿਕ ਦਿਨ ਗੁਰੂ ਢਿਗ ਬ੍ਰਿਧ ਸਾਹਿਬ ਬਡ ਧੀਰ।
ਬ੍ਰਿੱਧ ਅਵਸਥਾ ਪਰਮ ਭੀ ਨਿਰਬਲ ਭਯੋ ਸਰੀਰ॥ ੧ ॥

ਵੱਡੇ ਧੀਰਜਵਾਨ ਬਾਬਾ ਬੁੱਢਾ ਜੀ ਕਈ ਦਿਨ ਗੁਰੂ ਜੀ ਪਾਸ ਰਹੇ, ਬਹੁਤ ਬ੍ਰਿੱਧ ਅਵਸਥਾ ਹੋਣ ਕਰਕੇ ਸਰੀਰ ਨਿਰਬਲ ਹੋ ਗਿਆ ਸੀ॥੧॥

ਚੌਪਈ- ਚਹਯੋ ਚਲਨਿ ਚਿਤ ਅਪਨਿ ਸਥਾਨੀ। ਤਜਨਿ ਸਰੀਰ ਦਸ਼ਾ ਨਿਯਰਾਨੀ।
ਸ਼੍ਰੀ ਨਾਨਕ ਗੁਰ ਤੇ ਸਿਖ ਹੋਯੋ। ਖ਼ਸ਼ਟਮ ਹਰਿਗੋਵਿੰਦ ਗੁਰ ਜੋਯੋ॥ ੨ ॥

ਉਹ ਆਪਣੇ ਸਥਾਨ ਵਿਖੇ ਜਾਣਾ ਚਾਹੁੰਦੇ ਸਨ, ਸਰੀਰ ਛੱਡਣ ਦੀ ਦਸ਼ਾ ਬਹੁਤ ਨੇੜੇ ਆ ਗਈ ਸੀ। ਪਹਿਲੇ ਗੁਰੂ ਨਾਨਕ ਦੇਵ ਜੀ ਦੇ ਸਿੱਖ ਹੋਏ ਸਨ ਤੇ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਦੇ ਵੀ ਦਰਸ਼ਨ ਕੀਤੇ॥੨॥

ਖ਼ਸ਼ਟ ਗੁਰਨਿ ਕੇ ਚਲਿਤ ਨਿਹਾਰੇ। ਰਹਯੋ ਸਮੀਪੀ ਗਯਾਨ ਉਦਾਰੇ।
ਜਿਸ ਕੇ ਕਰ ਤੇ ਨਿਕਸਹਿ ਟੀਕਾ। ਸੋ ਗੁਰ ਬਨਹਿ ਸਭਿਨਿ ਸੇ ਟੀਕਾ॥ ੩ ॥

ਛੇਵੇਂ ਗੁਰੂ ਸਾਹਿਬ ਦੇ ਚਰਿੱਤਰ ਵੇਖੇ ਤੇ ਵੱਡੇ ਗਿਆਨਵਾਨ ਗੁਰੂ ਜੀ ਦੇ ਪਾਸ ਰਹੇ। ਉਨ੍ਹਾਂ ਦੇ ਹੱਥ ਨਾਲ ਜਿਸ ਨੂੰ ਵੀ ਤਿਲਕ ਲੱਗਦਾ ਸੀ ਉਹ ਸਾਰਿਆਂ ਦਾ ਸ਼ਿਰੋਮਣੀ ਗੁਰੂ ਬਣ ਜਾਂਦਾ ਸੀ॥੩॥

ਗੁਰ ਘਰ ਮਹਿਂ ਜਿਸ ਕੇ ਸਮ ਆਨ ਨ। ਫੁਰਹਿ ਬਾਕ ਜਿਮ ਨਿਕਸਹਿ ਆਨਨ।
ਇਕ ਦਿਨ ਬੈਠੇ ਬਿਨੈ ਬਖਾਨੀ। 'ਬਿਨਾਂ ਭਨੇ ਸਭਿ ਕੀ ਤੁਮ ਜਾਨੀ॥ ੪ ॥

ਗੁਰੂ ਘਰ ਵਿਚ ਜਿਸ ਵਰਗਾ ਕੋਈ ਹੋਰ ਨਹੀਂ ਸੀ, ਮੁੱਖ ਵਿਚੋਂ ਜਿਵੇਂ ਬਚਨ ਨਿਕਲਦਾ ਸੀ, ਉਸ ਤਰ੍ਹਾਂ ਹੀ ਪੂਰਾ ਹੋ ਜਾਂਦਾ ਸੀ। ਇਕ ਦਿਨ ਬੈਠ ਕੇ ਬੇਨਤੀ ਕੀਤੀ, "ਤੁਸੀਂ ਕੁਝ ਕਹਿਣ ਤੋਂ ਬਗੈਰ ਹੀ ਸਭ ਕੁਝ ਜਾਣਦੇ ਹੋ॥੪॥

ਅਬਿ ਮੈਂ ਗਮਨ ਚਹੌਂ ਨਿਜ ਨਗਰੀ। ਬੀਤ ਗਈ ਆਵਰਦਾ ਸਗਰੀ।
ਕ੍ਰਿਪਾ ਸਿੰਧੁ ! ਇਕ ਬਰ ਅਬਿ ਦੀਜੈ। ਮੋਹਿ ਮਨੋਰਥ ਕੋ ਸਫਲੀਜੈ' ॥੫ ॥

ਹੁਣ ਆਪਣੀ ਨਗਰੀ ਵਿਚ ਜਾਣਾ ਚਾਹੁੰਦਾ ਹਾਂ, ਸਾਰੀ ਉਮਰ ਹੁਣ ਪੂਰੀ ਹੋ ਗਈ ਹੈ, ਹੇ ਕਿਰਪਾ ਦੇ ਸਾਗਰ ! ਮੈਨੂੰ ਹੁਣ ਇਕ ਵਰ ਦੇਵੋ ਤੇ ਮੇਰੇ ਮਨੋਰਥ ਨੂੰ ਪੂਰਾ ਕਰੋ" ॥੫॥

ਸੁਨਿ ਸ੍ਰੀ ਹਰਿਗੋਬਿੰਦ ਬਖਾਨਾ। 'ਤੁਮ ਤੇ ਨਹਿਂ ਅਦੇਯ ਹਮ ਜਾਨਾ।
ਤਨ ਮਨ ਧਨ ਜੇਤਿਕ ਹੈ ਮੇਰੇ। ਕ੍ਰਿਪਾ ਆਪ ਕੀ ਤੇ ਨਿਤ ਹੇਰੇ॥ ੬॥

ਇਹ ਸੁਣ ਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਕਿਹਾ, "ਤੁਹਾਡੇ ਨਾਲੋਂ ਕੋਈ ਹੋਰ ਵੱਡਾ ਆਦਰਯੋਗ ਮੈਂ ਨਹੀਂ ਜਾਣਿਆ ਹੈ, ਤਨ, ਮਨ, ਧਨ ਜੋ ਵੀ ਮੇਰਾ ਹੈ, ਆਪ ਜੀ ਦੀ ਕਿਰਪਾ ਕਰਕੇ ਹੀ ਨਿਤ ਵੇਖਦਾ ਹਾਂ॥੬॥

ਮੋਕਹੁ ਸੇਵਕ ਅਪਨਿ ਪਛਾਨਹੁ। ਜਿਮ ਚਾਹਤਿ ਤਿਮ ਹੁਕਮ ਬਖਾਨਹੁ'।
ਸੁਨਤਿ ਬ੍ਰਿੱਧ ਨੇ ਕਿਯ ਬਡਿਆਈ। 'ਇਹੀ ਰੀਤਿ ਰਾਵਰਿ ਬਨਿ ਆਈ॥ ੭॥

ਮੈਨੂੰ ਆਪਣਾ ਸੇਵਕ ਪਛਾਣੋ, ਜਿਵੇਂ ਚਾਹੁੰਦੇ ਹੋ ਉਸ ਤਰ੍ਹਾਂ ਹੀ ਹੁਕਮ ਕਰੋ।" ਇਹ ਸੁਣ ਕੇ ਬਾਬਾ ਬੁੱਢਾ ਜੀ ਨੇ ਵਡਿਆਈ ਕੀਤੀ "ਆਪ ਜੀ ਦੀ ਇਹੀ ਰੀਤੀ ਬਣ ਆਉਂਦੀ ਹੈ॥੭॥

ਅਬਿ ਕੁਛ ਨਹੀਂ, ਸਨਾਤਨ ਅਹੈ। ਬੇਦ ਪੁਰਾਨ ਸੰਤ ਸਭਿ ਕਹੈਂ।
ਜਨ ਕੀ ਅਪਨੇ ਤੇ ਅਧਿਕਾਈ। ਕਰਤਿ ਕ੍ਰਿਪਾ ਕਰਿ, ਸਭਿ ਲਖਿ ਪਾਈ॥ ੮॥

ਹੁਣ ਇਸ ਵਿਚ ਕੋਈ ਨਵਾਂ ਨਹੀਂ ਹੈ, ਇਹ ਰੀਤ ਪੁਰਾਤਨ ਚਲੀ ਆ ਰਹੀ ਹੈ। ਵੇਦ ਪੁਰਾਨ ਸੰਤ ਸਭ ਕਹਿੰਦੇ ਹਨ, ਦਾਸ ਦੀ ਆਪਣੇ ਆਪ ਤੋਂ ਅਧਿਕਤਾ ਰੱਖਦੇ ਹੋ, ਜਿਹੜੀ ਕਿਰਪਾ ਕਰਕੇ ਕਰਦੇ ਹੋ, ਸਭ ਨੇ ਵੇਖ ਲਈ ਹੈ॥੮॥

ਅਪਨੋ ਪ੍ਰਨ ਰਣ ਮਹਿਂ ਕਰਿ ਕਾਚਾ। ਭੀਖਮ ਕੋ ਨਿਰਬਾਹਯੋ ਸਾਚਾ।
ਇੱਤਯਾਦਿਕ ਕੇਤਿਕ ਥਲ ਭਨੀਯਹਿ। ਅੰਤ ਨ ਪਾਇ ਸਕਹਿਂ ਜੇ ਗਨੀਅਹਿ॥੯॥

ਰਣਖੇਤਰ ਵਿਚ ਆਪਣਾ ਪ੍ਰੱਣ ਕਚਾ ਕਰਕੇ, ਫਿਰ ਭੀਸ਼ਮ ਪਿਤਾਮੇ ਦਾ ਵਾਕ ਸੱਚਾ ਨਿਭਾ ਦਿੱਤਾ। ਇਤਿਆਦਿ ਕਿਹੜੇ-ਕਿਹੜੇ ਥਲ ਦੀ ਗੱਲ ਕਰੀਏ, ਜੇ ਗਿਣਤੀ ਕਰਨ ਲਗੀਏ ਤਾਂ ਅੰਤ ਨਹੀਂ ਪਾ ਸਕਦੇ॥੯॥

*ਨੋਟ : ਕ੍ਰਿਸ਼ਨ ਜੀ ਦਾ ਪ੍ਰਣ ਸੀ ਕਿ ਯੁੱਧ ਵਿਚ ਸ਼ਸਤਰ ਨਹੀਂ ਫੜਾਂਗਾ, ਭੀਸ਼ਮ ਦਾ ਕਹਿਣਾ ਸੀ ਕਿ ਮੈਂ ਹਥਿਆਰ ਫੜਵਾਵਾਂਗਾ। ਯੁੱਧ ਵਿਚ ਅੰਤ ਅਰਜਨ ਦੀ ਰਖਵਾਲੀ ਵਾਸਤੇ ਕ੍ਰਿਸ਼ਨ ਜੀ ਨੇ ਇਕ ਪਹੀਆ ਚੁੱਕ ਕੇ ਮਾਰਿਆ ਸੀ। ਬਾਬਾ ਬੁੱਢਾ ਜੀ ਦੇ ਇਹ ਸ਼ਬਦ ਉਸ ਘਟਨਾ ਵਲ ਇਸ਼ਾਰਾ ਕਰਦੇ ਹਨ।*

ਮਨ ਮੇਰੇ ਮਹਿਂ ਬਸਹੁ ਗੁਸਾਈਂ। ਸਥਿਰ ਸੁਮੇਰ ਸਮਾਨ ਸਦਾਈ।
ਜਬਿ ਮੇਰੋ ਕਬਿ ਆਇ ਸੰਦੇਸਾ। ਸੁਨਹੁਂ ਗਰੀਬ ਨਿਵਾਜ ਅਸ਼ੇਸ਼ਾ॥ ੧੦॥

ਹੇ ਗੁਸਾਈਂ ਜੀ! ਮੇਰੇ ਮਨ ਵਿਚ ਵਸੋ, ਤੁਸੀਂ ਸਦਾ ਸੁਮੇਰ ਪਰਬਤ ਵਾਂਗ ਅਟੱਲ ਹੋ। ਜਦ ਵੀ ਮੇਰਾ ਕੋਈ ਸੁਨੇਹਾ ਆਵੇ ਤਾਂ ਹੇ ਗ਼ਰੀਬ ਨਿਵਾਜ਼! ਉਸ ਨੂੰ ਵਿਸ਼ੇਸ਼ ਤੌਰ ਤੇ ਸੁਣਨਾ॥੧੦॥

ਤਬਿ ਜਯੋਂ ਕਯੋਂ ਕਰਿ ਦਰਸ਼ਨ ਦੀਜੈ। ਇਹ ਬਿਨਤੀ ਮੇਰੀ ਸੁਨਿ ਲੀਜੈ'।
'ਇਮ ਹੀ ਹੋਇ' ਕਹਯੋ ਗੁਰ ਜਬੈ। ਦੁਹੁਂ ਦਿਸ਼ਿ ਪਦ ਬੰਦਨ ਕਰਿ ਤਬੈ॥੧੧॥

ਉਸ ਸਮੇਂ ਜਿਵੇਂ-ਕਿਵੇਂ ਦਰਸ਼ਨ ਦੇਵੋ, ਮੇਰੀ ਇਹ ਬੇਨਤੀ ਸੁਣ ਲਵੋ। "ਇਸ ਤਰ੍ਹਾਂ ਹੀ ਹੋਵੇਗਾ" ਗੁਰੂ ਜੀ ਨੇ ਕਿਹਾ। ਫਿਰ ਗੁਰੂ ਜੀ ਅਤੇ ਬਾਬਾ ਬੁੱਢਾ ਜੀ ਨੇ ਇਕ ਦੂਸਰੇ ਨੂੰ ਚਰਨ ਬੰਦਨਾ ਕੀਤੀ॥੧੧॥

ਜੋਧ, ਅਜਿੱਤਾ, ਜੀਵਾ ਤੀਨ। ਤਿਨਹੁਂ ਗੁਰੂ ਕੋ ਬੰਦਨ ਕੀਨਿ।
ਚਾਰੋਂ ਚਲੇ ਖੁਸ਼ੀ ਕੋ ਪਾਇ। ਸਿਮਰਤਿ ਸ੍ਰੀ ਨਾਨਕ ਸੁਖਦਾਇ॥ ੧੨॥

ਫਿਰ ਭਾਈ ਜੋਧ, ਅਜਿਤਾ ਅਤੇ ਜੀਵਾ ਤਿੰਨੇ ਆਏ ਤੇ ਉਨ੍ਹਾਂ ਨੇ ਆ ਕੇ ਗੁਰੂ ਜੀ ਨੂੰ ਬੰਦਨਾ ਕੀਤੀ। ਫਿਰ ਬਾਬਾ ਬੁੱਢਾ ਜੀ ਸਮੇਤ ਚਾਰੇ ਇਕੱਠੇ ਹੋ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਯਾਦ ਕਰਕੇ ਚਲ ਪਏ॥੧੨॥

ਲਖਿ ਕੈ ਰੁਖ ਗੁਰ ਕੋ ਗੁਰਦਾਸ। ਕਰਜੋ ਬਾਸ ਸੁਖਰਾਸਹਿ ਪਾਸ।
ਬ੍ਰਿਧ ਕੋ ਬਿਦਾ ਕਰਨਿ ਤਿਸ ਬੇਰੇ। ਚਲੇ ਗੁਰੂ ਸੰਗ ਸਿੱਖ ਘਨੇਰੇ॥ ੧੩ ॥

ਭਾਈ ਗੁਰਦਾਸ ਜੀ ਨੇ ਗੁਰੂ ਜੀ ਦਾ ਰੁਖ ਵੇਖ ਕੇ ਗੁਰੂ ਜੀ ਦੇ ਪਾਸ ਹੀ ਰਹਿ ਪਏ। ਬਾਬਾ ਬੁੱਢਾ ਜੀ ਨੂੰ ਵਿਦਾ ਕਰਨ ਵਾਸਤੇ ਉਸ ਸਮੇਂ ਬਹੁਤ ਸਿੱਖ ਗੁਰੂ ਜੀ ਦੇ ਨਾਲ ਚਲ ਪਏ॥੧੩॥

ਗਏ ਦੂਰ ਲਗਿ ਬ੍ਰਿਧ ਥਿਰ ਹੋਯੋ। ਸਤਿਗੁਰ ਪਾਇਨ ਆਵਤਿ ਜੋਯੋ।
ਕਰਤਿ ਪਰਸਪਰ ਬੰਦਨ ਭਲੇ। ਗੁਰ ਕੋ ਮੋਰਿ ਅਗਾਰੀ ਚਲੇ॥ ੧੪ ॥

ਕਾਫੀ ਦੂਰ ਜਾ ਕੇ ਬਾਬਾ ਬੁੱਢਾ ਜੀ ਖਲੋ ਗਏ, ਸਤਿਗੁਰੂ ਜੀ ਨੂੰ ਆਉਂਦੇ ਨੂੰ ਵੇਖਿਆ ਤਾਂ ਬਾਬਾ ਬੁੱਢਾ ਜੀ ਅਤੇ ਗੁਰੂ ਜੀ ਨੇ ਇਕ ਦੂਸਰੇ ਨੂੰ ਬੰਦਨਾ ਕੀਤੀ ਤੇ ਗੁਰੂ ਜੀ ਨੂੰ ਪਿੱਛੇ ਮੋੜ ਕੇ ਬਾਬਾ ਬੁੱਢਾ ਜੀ ਅੱਗੇ ਚਲ ਪਏ॥੧੪॥

ਦੋਹਰਾ- ਗ੍ਰਾਮ ਨਾਮ ਰਮਦਾਸ ਕੋ ਬ੍ਰਿਧ ਕੋ ਸਦਨ ਸਦਾਇ।
ਤਹਿਂ ਕੋ ਪਹੁੰਚੇ ਜਾਇ ਕਰਿ ਗੁਰ ਗੁਨ ਭਨਿ ਸਮੁਦਾਇ॥ ੧੫ ॥

ਬਾਬਾ ਬੁੱਢਾ ਜੀ ਦੇ ਪਿੰਡ ਦਾ ਨਾਂ ਰਮਦਾਸ ਹੈ, ਇਸ ਕਰਕੇ ਉਸ ਪਿੰਡ ਚਲ ਪਏ। ਉਥੇ ਪਹੁੰਚ ਕੇ ਸਾਰਿਆਂ ਨੂੰ ਗੁਰੂ ਜੀ ਦੇ ਗੁਣ ਕਹਿ ਕੇ ਸੁਣਾਏ॥੧੫॥

ਚੌਪਈ- ਸ੍ਰੀ ਹਰਿਗੋਬਿੰਦ ਸਭਿ ਸੁਖ ਸਾਜੈਂ। ਸ੍ਰੀ ਹਰਿਗੋਬਿੰਦ ਪੁਰੇ ਬਿਰਾਜੈਂ।
ਸੰਗਤਿ ਦੇਸ਼ ਬਿਦੇਸ਼ਨਿ ਆਵੈ।ਅਨਿਕ ਅਕੋਰਨ ਕੋ ਅਰਪਾਵੈ॥ ੧੬ ॥

ਸ੍ਰੀ ਗੁਰੂ ਹਰਿਗੋਬਿੰਦ ਜੀ ਸਭ ਪ੍ਰਕਾਰ ਦੇ ਸੁਖਾਂ ਦੀ ਸਿਰਜਣਾ ਕਰਦੇ ਹਨ। ਸ੍ਰੀ ਹਰਿਗੋਬਿੰਦ ਜੀ ਨਗਰ ਵਿਚ ਬਿਰਾਜਦੇ ਹਨ। ਦੇਸ਼ਾਂ ਵਿਦੇਸ਼ਾਂ ਵਿਚੋਂ ਸੰਗਤ ਆਉਂਦੀ ਹੈ, ਅਨੇਕਾਂ ਉਪਹਾਰ ਅਰਪਣ ਕਰਦੀ ਹੈ॥੧੬॥

ਮਨੋ ਕਾਮਨਾ ਪਾਇ ਸਿਧਾਰੈ। ਜਹਿਂ ਕਹਿਂ ਸਤਿਗੁਰ ਸੁਜਸ ਉਚਾਰੈ।
ਇਕ ਆਵਤਿ ਇਕ ਜਾਤਿ ਸਦਨ ਕੋ। ਪਿਖਿ ਗੁਰ ਸਾਰਦ ਚੰਦ ਬਦਨ ਕੋ॥੧੭॥

ਮਨੋਂ ਕਾਮਨਾ ਪਾ ਕੇ ਚਲੇ ਜਾਂਦੇ ਹਨ ਤੇ ਜਿਥੇ-ਕਿਥੇ ਗੁਰੂ ਜੀ ਦੇ ਸ੍ਰੇਸ਼ਟ ਜੱਸ ਦਾ ਉਚਾਰਨ ਕਰਦੇ ਹਨ। ਇਕ ਆਉਂਦਾ ਹੈ, ਇਕ ਘਰ ਨੂੰ ਜਾਂਦਾ ਹੈ, ਗੁਰੂ ਜੀ ਦੇ ਸਰਦ ਰੁੱਤ ਦੇ ਚੰਦਰਮਾ ਵਰਗੇ ਮੁਖੜੇ ਨੂੰ ਵੇਖਦੇ ਹਨ॥੧੭॥

ਇਕ ਦਿਨ ਚੜ੍ਹੇ ਅਖੇਰ ਕਰਨਿ ਕੋ। ਲੇਕਰਿ ਜੁਰਰੇ ਬਾਜ ਨਰਨਿ ਕੋ।
ਚੀਤੇ ਸ੍ਵਾਨ ਸੰਗ ਬਹੁ ਲੀਨਿ। ਕਾਨਨ ਮਹਿਂ ਬਡ ਬਿਚਰਨ ਕੀਨਿ॥ ੧੮ ॥

ਇਕ ਦਿਨ ਗੁਰੂ ਜੀ ਸ਼ਿਕਾਰ ਖੇਡਣ ਗਏ, ਆਪਣੇ ਨਾਲ ਉਹ ਜੁਰਰੇ, ਬਾਜ਼ ਅਤੇ ਮਨੁੱਖਾਂ ਨੂੰ ਲੈ ਕੇ ਗਏ। ਚੀਤੇ ਤੇ ਬਹੁਤ ਕੁੱਤੇ ਵੀ ਨਾਲ ਲੈ ਲਏ। ਵੱਡੇ ਸੰਘਣੇ ਜੰਗਲ ਵਿਚ ਫਿਰਨ ਲੱਗੇ॥੧੮॥

ਸੁਭਟ ਸੰਗ ਗਨ ਚੜੇ ਤੁਰੰਗ। ਹਤੇ ਬ੍ਰਿੰਦ ਹੀ ਛੋਰਿ ਤੁਫੰਗ।
ਮ੍ਰਿਗਨਿ ਬਿਹੰਗਨਿ ਸੂਕਰ ਘਨੇ। ਖੋਜਿ ਖੋਜਿ ਕਰਿ ਜਿਤ ਕਿਤ ਹਨੇ॥ ੧੯ ॥

ਬਹੁਤ ਸੂਰਬੀਰ ਨਾਲ ਘੋੜਿਆਂ ਤੇ ਚੜ੍ਹੇ ਸਨ, ਬੰਦੂਕਾਂ ਚਲਾ-ਚਲਾ ਬਹੁਤ ਜਾਨਵਰਾਂ ਨੂੰ ਮਾਰ ਰਹੇ ਸਨ। ਹਿਰਨ, ਪੰਛੀ ਅਤੇ ਸੂਰ, ਜਿਥੇ ਕਿਥੇ ਲੱਭ-ਲੱਭ ਕੇ ਮਾਰੇ॥੧੯॥

ਪੁਨ ਊਚੇ ਥਲ ਆਨਿ ਸੁਹਾਏ। ਨਾਮ ਦਮਦਮਾ ਜਹਾਂ ਸੁਹਾਏ।
ਕਾਂਸ਼ੀ ਤੇ ਚਲਿ ਸੰਗਤਿ ਆਈ। ਦਰਸ਼ਨ ਕਰਿਬੇ ਚਾਹ ਵਧਾਈ॥ ੨੦ ॥

ਫਿਰ ਉਚੇ ਥਾਂ ਆ ਕੇ ਸੁਹਾਏ, ਜਿਸ ਦਾ ਨਾਂ ਦਮਦਮਾ ਸਾਹਿਬ ਸ਼ੋਭਦਾ ਹੈ। ਕਾਂਸ਼ੀ ਤੋਂ ਚਲ ਕੇ ਸੰਗਤ ਆਈ, ਜਿਨ੍ਹਾਂ ਦਰਸ਼ਨ ਕਰਨ ਦੀ ਬਹੁਤ ਚਾਹਤ ਵਧਾਈ ਸੀ॥੨੦॥

**ਏਕ ਸਿੱਖ ਤਿਨ ਮਹਿਂ ਮਤਿਵੰਤਾ। ਦਰਸ਼ਨ ਕੋ ਤੁਰਨ ਲਲਚੰਤਾ।**
**ਸੰਗਤਿ ਛੋਰਿ ਬਿਪਾਸਾ ਪਾਸੀ। ਸੁਨਿ ਸੁਧਿ ਗਜੇ ਜਹਾਂ ਸੁਖਰਾਸੀ॥ ੨੧॥**

ਉਨ੍ਹਾਂ ਵਿਚ ਇਕ ਸਿੱਖ ਬੜਾ ਬੁਧੀਵਾਨ ਸੀ, ਦਰਸ਼ਨ ਕਰਨ ਵਾਸਤੇ ਉਹ ਤੁਰਤ ਲਲਚਾ ਗਿਆ। ਸੰਗਤ ਨੂੰ ਛੱਡ ਕੇ ਉਹ ਦਰਿਆ ਬਿਆਸ ਦੇ ਪਾਸ ਗੁਰੂ ਜੀ ਬਾਰੇ ਜਾਣ ਕੇ ਉਥੇ ਆ ਗਿਆ ਜਿਥੇ ਗੁਰੂ ਜੀ ਮੌਜੂਦ ਸਨ॥੨੧॥

**ਆਮਿਖ ਮਦ ਨਹਿਂ ਅੰਗੀਕਾਰੈ। ਧਰਹਿ ਸੁਮਤਿ ਪਰਲੋਕ ਸੁਧਾਰਹਿ।**
**ਸ਼ੀਘ੍ਰ ਪਹੁੰਚਜੋ ਧਰੀ ਉਪਾਯਨ। ਬੰਦਨ ਕੀਨਿ ਕਮਲ ਸੇ ਪਾਇਨ॥ ੨੨॥**

ਉਹ ਮਾਸ ਤੇ ਸ਼ਰਾਬ ਸੇਵਨ ਨਹੀਂ ਸੀ ਕਰਦਾ, ਸ੍ਰੇਸ਼ਟ ਮਤ ਧਾਰ ਕੇ ਆਪਣਾ ਪਰਲੋਕ ਸੁਧਾਰ ਰਿਹਾ ਸੀ। ਉਹ ਤੁਰਤ ਹੀ ਗੁਰੂ ਜੀ ਪਾਸ ਪਹੁੰਚ ਗਿਆ ਤੇ ਉਪਹਾਰ ਧਰ ਕੇ ਚਰਨ ਕੰਵਲਾਂ ਤੇ ਬੰਦਨਾ ਕੀਤੀ॥੨੨॥

**ਤਬਿ ਗੁਰ ਕੇ ਕਰ ਬਾਜ ਬਡੇਰਾ। ਦੁਤਿਯ ਹਾਥ ਸੋਂ ਗਹੇ ਬਟੇਰਾ।**
**ਆਮਿਖ ਤਹਾਂ ਖਵਾਵਨਿ ਕਰੇ। ਦੋਨਹੁ ਕਰ ਸ਼੍ਰੋਣਤ ਸੋਂ ਭਰੇ॥ ੨੩॥**

ਉਸ ਸਮੇਂ ਗੁਰੂ ਜੀ ਦੇ ਇਕ ਹੱਥ ਤੇ ਵੱਡਾ ਬਾਜ਼ ਬੈਠਾ ਸੀ ਤੇ ਦੂਸਰੇ ਹੱਥ ਵਿਚ ਉਨ੍ਹਾਂ ਬਟੇਰਾ ਫੜਿਆ ਹੋਇਆ ਸੀ। ਉਹ ਬਾਜ਼ ਨੂੰ ਬਟੇਰੇ ਦਾ ਮਾਸ ਖਵਾ ਰਹੇ ਸਨ, ਇਸ ਕਰਕੇ ਦੋਵੇਂ ਹੱਥ ਲਹੂ ਨਾਲ ਲਿਬੜੇ ਸਨ॥੨੩॥

**ਹੇਰਤਿ ਸਿਖ ਨੇ ਤਰਕ ਬਿਚਾਰੀ। ਗਾਦੀ ਸ੍ਰੀ ਨਾਨਕ ਕੀ ਭਾਰੀ।**
**ਦਯਾ ਬਿਹੀਨ ਕਰਤਿ ਇਹ ਕਾਜਾ। ਜਿਨ ਕੋ ਨਾਮ ਗਰੀਬ ਨਿਵਾਜਾ॥੨੪॥**

ਇਹ ਵੇਖ ਕੇ ਸਿੱਖ ਨੇ ਤਰਕ ਵਿਚਾਰਿਆ ਅਤੇ ਸੋਚਿਆ, "ਇਹ ਗੁਰੂ ਨਾਨਕ ਦੇਵ ਜੀ ਦੀ ਭਾਰੀ ਗੱਦੀ ਹੈ, ਇਹ ਤਾਂ ਦਇਆ ਰਹਿਤ ਕਾਰਜ ਕਰ ਰਹੇ ਹਨ, ਜਿਨ੍ਹਾਂ ਨੂੰ ਗਰੀਬ-ਨਿਵਾਜ਼ ਦੇ ਨਾਂ ਨਾਲ ਪੁਕਾਰਦੇ ਹਨ॥੨੪॥

**ਕਾਸ਼ੀ ਤਜਿ ਕਰਿ ਦੂਰ ਘਨੇਰੇ। ਆਏ ਇਹਾਂ ਰੀਤਿ ਅਸ ਹੇਰੇ'।**
**ਇਮ ਗਿਨਤੀ ਮਨ ਗਿਨਤਿ ਮਹਾਨੀ। ਸ੍ਰੀ ਗੁਰ ਹਰਿਗੋਵਿੰਦ ਸਭਿ ਜਾਨੀ॥੨੫॥**

ਕਾਸ਼ੀ ਛੱਡ ਕੇ ਬਹੁਤ ਦੂਰ ਆਏ ਹਾਂ ਤੇ ਏਥੇ ਆ ਕੇ ਐਸੀ ਹਾਲਤ ਵੇਖੀ ਹੈ।" ਇਸ ਤਰ੍ਹਾਂ ਮਨ ਵਿਚ ਮਹਾਨ ਗਿਣਤੀਆਂ ਗਿਣਦਾ ਸੀ, ਇਸ ਬਾਰੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਸਭ ਕੁਝ ਜਾਣ ਲਿਆ॥੨੫॥

**'ਕਜਾ ਚਿਤਵਤਿ ਚਿਤ ਮਹਿਂ ਬਹੁ ਤਰਕਾ। ਭੇਵ ਨ ਜਾਨ ਸਕਹਿ ਤੂੰ ਧੁਰਕਾ'।**
**ਸੁਨਤਿ ਸਿੱਖ ਗੁਰ ਤੇ ਬਿਸਮਾਯਹੁ। ਹੋਇ ਦੀਨ ਕਰਿ ਬਿਨੈ ਅਲਾਯਹੁ॥੨੬॥**

'ਚਿੱਤ ਵਿਚ ਜਿਹੜੇ ਬਹੁਤ ਤਰਕ ਸੋਚ ਰਿਹਾ ਹੈਂ, ਤੂੰ ਧੁਰ ਦਾ ਭੇਦ ਨਹੀਂ ਜਾਣ ਸਕਦਾ।" ਸਿੱਖ ਗੁਰੂ ਜੀ ਪਾਸੋਂ ਇਹ ਬਚਨ ਸੁਣ ਕੇ ਬਹੁਤ ਹੈਰਾਨ ਹੋਇਆ ਤੇ ਦੀਨ ਹੋ ਕੇ ਬੇਨਤੀ ਕੀਤੀ॥੨੬॥

**'ਕ੍ਰਿਪਾ ਨਿਧਾਨ! ਆਪ ਸਭਿ ਜਾਨਹੁ। ਘਟ ਘਟ ਕੋ ਬ੍ਰਿਤਾਂਤ ਨਹਿਂ ਛਾਨਹੁ।**
**ਮੈਂ ਕਜਾ ਕਹੋਂ ਨ ਸਮਰਥ ਕੋਈ। ਵਹਿਰ ਕ੍ਰਿਆ ਪਿਖਿ ਸ਼ੰਕਾ ਹੋਈ' ॥ ੨੭॥**

"ਹੇ ਕਿਰਪਾ ਨਿਧਾਨ! ਆਪ ਸਭ ਕੁਝ ਜਾਣਦੇ ਹੋ ਤੇ ਘਟ-ਘਟ ਦੇ ਬ੍ਰਿਤਾਂਤ ਪਛਾਣਦੇ ਹੋ। ਮੈਂ ਕੀ ਕਹਿ ਸਕਦਾ ਹਾਂ ਮੇਰੇ ਵਿਚ ਕੋਈ ਸਮਰੱਥਾ ਨਹੀਂ ਹੈ, ਬਾਹਰ ਦੀ ਕ੍ਰਿਆ ਵੇਖ ਕੇ ਮੈਨੂੰ ਸ਼ੰਕਾ ਹੋਈ ਸੀ"॥੨੭॥

ਤਬਿ ਸਤਿਗੁਰ ਤਿਨ ਖਗ ਕੀ ਗਾਥਾ। ਪ੍ਰਥਮ ਜਨਮ ਕੀ ਕਹਿ ਸਿਖ ਸਾਥਾ।
'ਹੁਤੋ ਬਟੇਰਾ ਕੇਵਟ ਸਰਿਤਾ। ਲੇਤਿ ਮਜੂਰੀ ਪਾਰ ਉਤਰਿਤਾ॥ ੨੮॥

ਤਦ ਗੁਰੂ ਜੀ ਨੇ ਉਸ ਪੰਛੀ ਦੀ ਕਥਾ ਸੁਣਾਈ, ਉਸ ਪੰਛੀ ਦੇ ਪਿਛਲੇ ਜਨਮ ਦੀ ਕਥਾ ਸਿੱਖ ਨੂੰ ਕਹੀ, ''ਇਹ ਬਟੇਰਾ ਨਦੀ ਵਿਚ ਮਲਾਹ ਦਾ ਕੰਮ ਕਰਦਾ ਸੀ, ਮਜ਼ਦੂਰੀ ਲੈ ਕੇ ਲੋਕਾਂ ਨੂੰ ਦਰਿਆ ਪਾਰ ਕਰਵਾਉਂਦਾ ਸੀ॥੨੮॥

ਚਤੁਰਥ ਸ੍ਰੀ ਸਤਿਗੁਰ ਕੇ ਤੀਰ। ਹੁਤੋ ਬਾਜ ਇਹ ਸਿੱਖ ਸਰੀਰ।
ਕਿਸ ਕਾਰਜ ਕੋ ਜਬਹਿ ਪਠਾਯੋ। ਚਲਿ ਮਾਰਗ ਇਸਕੇ ਢਿਗ ਆਯੋ॥ ੨੯॥

ਚੌਥੇ ਸਤਿਗੁਰੂ ਗੁਰੂ ਰਾਮਦਾਸ ਜੀ ਦੇ ਪਾਸ ਇਹ ਬਾਜ ਇਕ ਸਿੱਖ ਸਰੀਰ ਸੀ। ਜਦ ਗੁਰੂ ਜੀ ਨੇ ਇਸ ਨੂੰ ਕਿਸੇ ਕੰਮ ਭੇਜਿਆ ਤਾਂ ਰਸਤਾ ਚਲ ਕੇ ਉਹ ਇਸ ਮਲਾਹ ਦੇ ਪਾਸ ਆਇਆ॥੨੯॥

ਕਹਜੋ ਕਿ ਮੋ ਕੋ ਪਾਰ ਉਤਾਰ। ਗੁਰ ਕੇ ਕਾਜ ਕਰਨ ਬਿਨ ਬਾਰ।
ਚਢਿ ਬੈਠਜੋ ਤਰਨੀ ਪਰ ਜਬੈ। ਸਰਿਤਾ ਬੀਚ ਚਲੀ ਤਰ ਤਬੈ॥ ੩੦॥

ਸਿੱਖ ਨੇ ਮਲਾਹ ਨੂੰ ਕਿਹਾ, ''ਮੈਂ ਕਿਸੇ ਦੇਰੀ ਤੋਂ ਬਗੈਰ ਗੁਰੂ ਜੀ ਦਾ ਕੰਮ ਕਰਨਾ ਹੈ।'' ਜਦ ਉਹ ਸਿੱਖ ਬੇੜੀ ਵਿਚ ਚੜ੍ਹ ਕੇ ਬੈਠ ਗਿਆ ਤੇ ਜਦ ਬੇੜੀ ਦਰਿਆ ਦੇ ਵਿਚ ਚਲੀ ਗਈ॥੩੦॥

ਸਭਿ ਤੇ ਲਈ ਮਜੂਰੀ ਜਾਚਿ। ਸਿਖ ਕੇ ਪਾਸ ਸੁ ਪੈਸੇ ਪਾਂਚ।
ਸੋ ਸਭਿ ਦੇਇ ਰਹਜੋ ਨਹਿਂ ਲੀਨਿ। ਰਿਸ ਧਰਿ ਅਧਿਕ ਤਾੜਨਾ ਕੀਨਿ॥੩੧॥

ਉਸ ਸਾਰਿਆਂ ਦੇ ਪਾਸੋਂ ਮੰਗ ਕੇ ਮਜ਼ਦੂਰੀ ਲਈ, ਸਿੱਖ ਦੇ ਪਾਸ ਕੇਵਲ ਪੰਜ ਪੈਸੇ ਸਨ, ਉਹ ਸਾਰੇ ਪੈਸੇ ਦੇ ਰਿਹਾ, ਪਰ ਮਲਾਹ ਨੇ ਨਾ ਲਏ। ਗੁੱਸੇ ਵਿਚ ਆ ਕੇ ਬਹੁਤ ਝਿੜਕਿਆ॥੩੧॥

ਤੁਰਕ ਜੇਜੀਆ ਅਧਿਕ ਲਗਾਯਹੁ। ਇਨ ਤੇ ਚੌਗੁਨ ਦੇਹਿ ਤ ਜਾਯਹੁ।
ਸੁਨਿ ਸਿਖ, ਬਿਨਤੀ ਕਰਿ ਬਹੁ ਕਹਜੋ। ਅਬਿ ਮਮ ਪਾਸ ਨਹੀਂ ਕੁਛ ਰਹਜੋ॥੩੨॥

ਤੁਰਕਾਂ ਨੇ ਬਹੁਤ ਜਜੀਆ (ਟੈਕਸ) ਲਗਾਇਆ ਹੈ, ਇਸ ਨਾਲੋਂ ਚੋਗੁਣਾਂ ਦੇਵੇ ਤੇ ਜਾਵੇ। ਇਹ ਸੁਣ ਕੇ ਸਿੱਖ ਨੇ ਬਹੁਤ ਬੇਨਤੀ ਕਰਕੇ ਕਿਹਾ ਕਿ ਹੁਣ ਮੇਰੇ ਪਾਸ ਕੁਝ ਨਹੀਂ ਬਚਿਆ ਹੈ॥੩੨॥

ਕਾਰਜ ਗੁਰ ਕੇ ਉਲੰਘਨ ਪਾਰ। ਲੀਜੈ ਇਹ, ਨ ਕਰਹੁ ਤਕਰਾਰ।
ਕਹਿ ਬਹੁ ਰਹਜੋ ਨ ਮੂਰਖ ਮਾਨੀ। ਲੀਨਿ ਉਠਾਇ ਗਹਜੋ ਦਿਢ ਪਾਨੀ॥੩੩॥

ਮੈਂ ਗੁਰੂ ਜੀ ਦੇ ਕੰਮ ਵਾਸਤੇ ਪਾਰ ਜਾਣਾ ਹੈ, ਇਹ ਪੈਸੇ ਲੈ ਲਵੋ ਤੇ ਝਗੜਾ ਨਾ ਕਰੋ। ਸਿੱਖ ਬਹੁਤ ਕਹਿ ਰਿਹਾ ਤੇ ਮੂਰਖ ਨੇ ਕੋਈ ਗੱਲ ਨਾ ਮੰਨੀ ਤੇ ਕਰੜੇ ਹੱਥਾਂ ਨਾਲ ਉਸ ਸਿੱਖ ਨੂੰ ਫੜ ਲਿਆ॥੩੩॥

ਬਲ ਤੇ ਸਿਖ ਕੋ ਦੀਨਿ ਧਕੇਲਾ। ਹੁਇ ਨਿਰਦੈ ਸਲਿਤਾ ਮਹਿਂ ਮੇਲਾ।
ਸਹਤ ਕ੍ਰੋਧ ਸਿਖ ਚਾਹਤਿ ਐਸੇ। ਆਮਿਖ ਕਾਟ ਖਾਉਂ ਇਸ ਜੈਸੇ॥ ੩੪॥

ਤੇ ਸਾਰੇ ਜ਼ੋਰ ਨਾਲ ਸਿੱਖ ਨੂੰ ਧੱਕਾ ਦੇ ਦਿੱਤਾ ਤੇ ਨਿਰਦਈ ਹੋ ਕੇ ਨਦੀ ਵਿਚ ਸੁੱਟ ਦਿੱਤਾ। ਸਿੱਖ ਬੜੇ ਗੁੱਸੇ ਵਿਚ ਆ ਕੇ ਇਸ ਤਰ੍ਹਾਂ ਚਾਹੁੰਦਾ ਸੀ, ਕਿ ਇਕ ਵਾਰ ਇਸ ਤਰ੍ਹਾਂ ਤੇਰਾ ਮਾਸ ਵੱਢ ਵੱਢ ਕੇ ਖਾਵਾਂ॥੩੪॥

ਗੁਰ ਕੋ ਅਦਬ ਨ ਕਰੁਨਾ ਕੀਨਿ। ਇਮ ਚਿਤਵਤਿ ਪ੍ਰਾਨਨ ਤਜਿ ਦੀਨਿ।
ਸਿਖ ਨੇ ਦੇਹਿ ਬਾਜ ਕੋ ਪਾਯੋ। ਦੈਵ ਜੋਗ ਤੇ ਹਮ ਕਰ ਆਯੋ॥ ੩੫॥

ਉਸ ਨੇ ਨਾ ਗੁਰੂ ਜੀ ਦਾ ਆਦਰ ਰਖਿਆ ਤੇ ਨਾ ਹੀ ਉਸ ਉਤੇ ਦਇਆ ਕੀਤੀ।'' ਸਿੱਖ ਨੇ ਇਸ ਤਰ੍ਹਾਂ ਸੋਚਦੇ ਨੇ ਪ੍ਰਾਣ ਛੱਡ ਦਿੱਤੇ। ਸਿੱਖ ਦੀ ਆਤਮਾ ਨੇ ਬਾਜ਼ ਦਾ ਸਰੀਰ ਪਾਇਆ, ਕੁਦਰਤੀ ਉਹ ਬਾਜ਼ ਸਾਡੇ ਹੱਥ ਤੇ ਆ ਗਿਆ॥੩੫॥

ਮਰਿ ਕੇਵਟ ਇਹ ਭਯੋ ਬਟੇਰਾ। ਲੇ ਪਲਟਾ ਅਬਿ ਪੂਰਬ ਕੇਰਾ।
ਤਜਾਗ ਦੇਹਿਂਗੇ ਤਨ ਕੋ ਦੋਊ। ਜਨਮ ਧਰਨਿ ਅਨ ਕਾਜ ਨ ਕੋਊ' ॥ ੩੬ ॥

ਮਲਾਹ ਮਰ ਕੇ ਇਹ ਬਟੇਰਾ ਬਣ ਗਿਆ, ਇਹ ਹੁਣ ਪਿਛਲੇ ਜਨਮ ਦਾ ਬਦਲਾ ਲਵੇਗਾ। ਫਿਰ ਇਹ ਦੋਵੇਂ ਸਰੀਰ ਛੱਡ ਜਾਣਗੇ ਹੋਰ ਜਨਮ ਧਾਰਨ ਦੀ ਇਨ੍ਹਾਂ ਨੂੰ ਹੁਣ ਲੋੜ ਨਹੀਂ''॥੩੬॥

ਇਮ ਕਹਿਤੇ ਦੋਨਹੁਂ ਤਨ ਤਜਾਗਾ। ਨਭ ਪ੍ਰਕਾਸ਼ ਕੁਛ ਦੀਖਨਿ ਲਾਗਾ।
ਗੁਰ ਕਰ ਲਗੇ ਸੁ ਆਇ ਬਿਮਾਨ। ਗਏ ਸੁਰਗ ਕੋ ਬਹੁ ਸੁਖ ਠਾਨਿ ॥ ੩੭ ॥

ਇਸ ਤਰ੍ਹਾਂ ਕਹਿ ਕੇ ਦੋਵੇਂ ਸਰੀਰ ਛੱਡ ਗਏ, ਅਕਾਸ਼ ਵਿਚ ਕੁਝ ਪ੍ਰਕਾਸ਼ ਹੋਇਆ ਜਿਸ ਨੂੰ ਕਾਸ਼ੀ ਵਾਲਾ ਸਿੱਖ ਵੇਖਣ ਲੱਗਾ। ਗੁਰੂ ਦੇ ਹੱਥ ਲਾਗੇ ਦੋ ਵਿਮਾਣ ਆਏ ਤੇ ਦੋਵੇਂ ਬੜਾ ਸੁਖ ਪਾ ਕੇ ਸੁਰਗਾਂ ਨੂੰ ਚਲੇ ਗਏ॥੩੭॥

ਤਬਿ ਸਿਖ ਨੇ ਬੂਝੇ ਕਰ ਜੋਰਿ। 'ਕਸ ਪ੍ਰਕਾਸ਼ ਭਾ ਨਭ ਕੀ ਓਰ ?।
ਇਨ ਕੇ ਮਰਤਿ ਤੁਰਤ ਹੀ ਭਯੋ। ਪਲਕ ਫੁਰਨ ਮਹਿਂ ਹਟਿ ਸਭਿ ਗਯੋ' ॥ ੩੮ ॥

ਤਦ ਸਿੱਖ ਨੇ ਹੱਥ ਜੋੜ ਕੇ ਪੁਛਿਆ, ''ਅਕਾਸ਼ ਵਾਲੇ ਪਾਸੇ ਕੈਸਾ ਪ੍ਰਕਾਸ਼ ਹੋਇਆ ਹੈ, ਇਨ੍ਹਾਂ ਦੇ ਮਰਨ ਉਤੇ ਤੁਰਤ ਬਾਅਦ ਰੋਸ਼ਨੀ ਹੋਈ ਹੈ, ਤੇ ਪਲਕ ਝਮਕਣ ਵਿਚ ਹੱਟ ਗਿਆ ਹੈ''॥੩੮॥

ਸਤਿਗੁਰ ਕਹਜੋ 'ਸੁਰਗ ਇਹ ਗਏ। ਬਿਦਤਿ ਪ੍ਰਕਾਸ਼ ਬਿਮਾਨਨ ਕਿਏ'।
ਸੁਨਿ ਕਰ ਜੋਰਿ ਬੰਦਨਾ ਕਰਿ ਕੈ। ਗਯੋ ਸਿੱਖ ਸਭਿ ਚਲਿਤ ਨਿਹਰਿਕੈ ॥ ੩੯ ॥

ਸਤਿਗੁਰੂ ਜੀ ਨੇ ਕਿਹਾ, ''ਇਹ ਸੁਰਗਾਂ ਨੂੰ ਗਏ ਹਨ, ਜਿਹੜਾ ਪ੍ਰਕਾਸ਼ ਪ੍ਰਗਟ ਹੋਇਆ ਹੈ, ਉਹ ਵਿਮਾਨਾਂ ਨੇ ਕੀਤਾ ਹੈ।'' ਇਹ ਸੁਣ-ਸੁਣ ਹੱਥ ਜੋੜ ਕੇ ਬੰਦਨਾ ਕਰਕੇ, ਉਹ ਸਿੱਖ ਸਾਰਾ ਚਰਿੱਤਰ ਵੇਖ ਕੇ ਚਲਾ ਗਿਆ॥੩੯॥

ਸੰਗਤਿ ਸੰਗ ਮਿਲਜੋ ਤਬਿ ਜਾਇ। ਸਭਿ ਪ੍ਰਸੰਗ ਕੋ ਦਯੋ ਸੁਨਾਇ।
ਧਰਿ ਸ਼ਰਧਾ ਕੋ ਤਬਿ ਹਰਖਾਏ। ਸਗਰੇ ਸਿਖ ਦਰਸ਼ਨ ਕੋ ਆਏ ॥ ੪੦ ॥

ਤਦ ਜਾ ਕੇ ਸੰਗਤ ਨੂੰ ਮਿਲਿਆ ਤੇ ਸਾਰਾ ਪ੍ਰਸੰਗ ਉਨ੍ਹਾਂ ਨੂੰ ਜਾ ਕੇ ਸੁਣਾਇਆ। ਉਹ ਸ਼ਰਧਾ ਧਰ ਕੇ ਬਹੁਤ ਹੈਰਾਨ ਹੋਏ ਤੇ ਫਿਰ ਸਾਰੇ ਸਿੱਖ ਦਰਸ਼ਨਾਂ ਵਾਸਤੇ ਆਏ॥੪੦॥

ਇਤ ਸਤਿਗੁਰ ਅਪਨੇ ਥਲ ਆਏ। ਬੈਠੇ ਬਡੋ ਦਿਵਾਨ ਲਗਾਏ।
ਸ਼ਬਦ ਰਬਾਬੀ ਗਾਵਨਿ ਲਾਗੇ। ਸੁਨਹਿਂ ਸਿੱਖ ਗੁਰ ਪਗ ਅਨੁਰਾਗੇ ॥ ੪੧ ॥

ਇਸ ਤਰ੍ਹਾਂ ਸਤਿਗੁਰੂ ਜੀ ਆਪਣੇ ਸਥਾਨ ਤੇ ਆਏ ਤੇ ਵੱਡਾ ਦੀਵਾਨ ਲਾ ਕੇ ਬੈਠ ਗਏ। ਰਬਾਬੀ ਸ਼ਬਦ ਗਾਉਣ ਲੱਗੇ, ਗੁਰੂ ਜੀ ਦੇ ਚਰਨਾਂ ਨਾਲ ਪ੍ਰੇਮ ਕਰਨ ਵਾਲੇ ਸਿੱਖ, ਕੀਰਤਨ ਸੁਣ ਰਹੇ ਸਨ॥੪੧॥

ਜੋ ਜੋ ਸੰਗਤਿ ਲਜਾਇ ਅਕੋਰ। ਸੋ ਲੇ ਕਰਿ ਆਏ ਗੁਰ ਓਰ।
ਆਗੈ ਧਰਿ ਧਰਿ ਕਰਿ ਕਰਿ ਨਮੋ। ਪਿਖਿ ਪਿਖਿ ਦਰਸ਼ਨ ਮੁਦ ਤਿਹ ਸਮੋ ॥ ੪੨ ॥

ਸੰਗਤ ਜਿਹੜੇ-ਜਿਹੜੇ ਉਪਹਾਰ ਲੈ ਕੇ ਆਈ ਸੀ, ਉਹ ਲੈ ਕੇ ਗੁਰੂ ਜੀ ਪਾਸ ਆਈ ਤੇ ਗੁਰੂ ਜੀ ਦੇ ਅੱਗੇ ਧਰ-ਧਰ ਬੰਦਨਾ ਕਰਦੀ ਸੀ ਤੇ ਦਰਸ਼ਨ ਕਰ ਕਰ ਕੇ ਉਸ ਸਮੇਂ ਪ੍ਰਸੰਨ ਹੋ ਰਹੀ ਸੀ॥੪੨॥

ਸਤਿਗੁਰ ਦਯਾ ਦ੍ਰਿਸ਼ਟਿ ਸੋਂ ਹੇਰੈਂ। ਕੀਨਿ ਕਾਮਨਾ ਪੂਰ ਘਨੇਰੈਂ।
ਸਭਿ ਕੋ ਕੁਸ਼ਲ ਬੂਝ ਸਨਮਾਨੇ। ਬੈਠੇ ਅਤਿ ਅਨੰਦ ਕੋ ਠਾਨੇ॥ ੪੩॥

ਸਤਿਗੁਰੂ ਜੀ ਦਇਆ ਦ੍ਰਿਸ਼ਟੀ ਨਾਲ ਵੇਖਦੇ ਹਨ, ਜਿਹੜੀਆਂ ਕਾਮਨਾਵਾਂ ਕਰਦੇ ਹਨ, ਉਨ੍ਹਾਂ ਨੂੰ ਪੂਰੀਆਂ ਕਰਦੇ ਹਨ। ਸਾਰਿਆਂ ਨੂੰ ਸੁੱਖ ਸਾਂਦ ਪੁੱਛ ਕੇ ਸਨਮਾਨਦੇ ਹਨ, ਬੈਠ ਕੇ ਅਤਿ ਅਨੰਦ ਮਾਣਦੇ ਹਨ॥੪੩॥

ਜੋ ਜੋ ਤਿਸੀ ਦੇਸ਼ ਕੀ ਗਾਥਾ। ਬੂਝਨ ਕਰੀ ਕਹੀ ਗੁਰ ਸਾਥਾ।
ਸੰਧ੍ਯਾ ਲਗਿ ਬੈਠੇ ਤਿਸ ਥਾਨ। ਸੋਦਰ ਭੋਗ ਪਰ੍ਯੋ ਸੁਨਿ ਕਾਨ॥ ੪੪॥

ਜਿਹੜਾ ਜਿਹੜਾ ਕਿਸੇ ਦਾ ਦੇਸ਼ ਸੀ, ਉਸ ਦੀ ਗਾਥਾ ਪੁੱਛਦੇ ਹਨ, ਗੁਰੂ ਜੀ ਨੂੰ ਦੱਸਦੇ ਹਨ। ਸ਼ਾਮ ਤਕ ਉਸ ਅਸਥਾਨ ਤੇ ਬੈਠੇ ਰਹੇ, ਸੋਦਰ ਦੇ ਪਏ ਭੋਗ ਨੂੰ ਆਪਣੇ ਕੰਨਾਂ ਨਾਲ ਸੁਣਿਆ॥੪੪॥

ਗਏ ਗੁਰੂ ਨਿਜ ਮੰਦਿਰ ਫੇਰੇ। ਸੰਗਤਿ ਸਭਿ ਗਮਨੀ ਨਿਜ ਡੇਰੇ।
ਕੇਤਿਕ ਦ੍ਯੋਸ ਬਸੇ ਗੁਰ ਦਰਸ਼ੈ। ਬਾਕ ਸੁਨਹਿ ਸਭਿ ਹੀ ਉਰ ਹਰਸ਼ੈਂ॥ ੪੫॥

ਗੁਰੂ ਜੀ ਫਿਰ ਆਪਣੇ ਘਰ ਚਲੇ ਗਏ ਤੇ ਸਾਰੀ ਸੰਗਤ ਆਪਣੇ ਡੇਰੇ ਚਲੇ ਗਈ। ਕਈ ਦਿਨ ਉਥੇ ਰਹਿ ਕੇ ਗੁਰੂ ਜੀ ਦੇ ਦਰਸ਼ਨ ਕੀਤੇ, ਗੁਰੂ ਜੀ ਦੇ ਬਚਨ ਸੁਣ ਕੇ ਸਾਰੇ ਹੀ ਹਿਰਦੇ ਵਿਚ ਪ੍ਰਸੰਨ ਹੁੰਦੇ ਸਨ॥੪੫॥

ਬਹੁਰੋ ਬਿਦਾ ਹੋਇ ਕਰਿ ਗਏ। ਜਾਇ ਸੁਧਾਸਰ ਮੱਜਨ ਕਿਏ।
ਅਪਰ ਤੀਰਥਨਿ ਕੇ ਇਸ਼ਨਾਨੇ। ਮਨ ਭਾਵਤ ਕਰਿ ਸਦਨ ਪਯਾਨੇ॥ ੪੬॥

ਬਾਅਦ ਵਿਚ ਵਿਦਾ ਹੋ ਕੇ ਚਲੇ ਗਏ ਤੇ ਅੰਮ੍ਰਿਤਸਰ ਪਹੁੰਚ ਕੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕੀਤਾ। ਹੋਰ ਤੀਰਥਾਂ ਵਿਚ ਵੀ ਇਸ਼ਨਾਨ ਕੀਤਾ 'ਮਨ-ਭਾਉਂਦੇ' ਦਰਸ਼ਨ ਕਰਕੇ ਆਪਣੇ ਘਰਾਂ ਨੂੰ ਚਲੇ ਗਏ॥੪੬॥

ਇਮ ਸਤਿਗੁਰ ਤਹਿਂ ਕਰਤਿ ਬਿਲਾਸ। ਰਹੈਂ ਹਜ਼ਾਰੋਂ ਸੇਵਕ ਪਾਸ।
ਭੁਗਤਿ ਮੁਕਤਿ ਕੀ ਬਖਸ਼ਿਸ਼ ਹੋਤਿ। ਨਿਤ ਪ੍ਰਤਿ ਸਿੱਖੀ ਅਧਿਕ ਉਦੋਤਿ॥੪੭॥

ਇਸ ਤਰ੍ਹਾਂ ਸਤਿਗੁਰੂ ਜੀ ਉਥੇ ਵਿਲਾਸ ਕਰਦੇ ਸਨ ਤੇ ਹਜ਼ਾਰਾਂ ਸੇਵਕ ਉਨ੍ਹਾਂ ਦੇ ਪਾਸ ਰਹਿੰਦੇ ਸਨ, ਭਗਤੀ ਸ਼ਕਤੀ ਦੀ ਬਖਸ਼ਿਸ਼ ਹੁੰਦੀ ਸੀ। ਨਿਤਾਪ੍ਰਤੀ ਸਿੱਖੀ ਹੋਰ ਵਧਦੀ ਜਾਂਦੀ ਸੀ॥੪੭॥

*ਛੇਵੀਂ ਰਾਸ ਦਾ ਪੰਜਾਹਵਾਂ ਅਧਿਆਇ ਸਮਾਪਤ ਹੋਇਆ॥੫੦॥*

## ਅਧਿਆਇ ਇਕਵੰਞਵਾਂ

*ਭਾਈ ਗੜ੍ਹੀਆ, ਮੀਆਂ ਦੌਲਾ*

ਦੋਹਰਾ- ਸਿੱਖ ਹੁਤੋ ਗੜ੍ਹੀਆ ਮਹਾਂ ਰਹਿ ਹਜ਼ੂਰ ਲਹਿ ਗ੍ਯਾਨ।
ਚਰਨ ਕਮਲ ਸੇਵਤਿ ਸਦਾ ਕਰਿ ਕਰਿ ਪ੍ਰੇਮ ਮਹਾਨ॥ ੧॥

ਭਾਈ ਗੜ੍ਹੀਆ ਇਕ ਮਹਾਨ ਸਿੱਖ ਸੀ, ਉਹ ਗੁਰੂ ਜੀ ਦੀ ਹਜ਼ੂਰੀ ਵਿਚ ਰਹਿ ਕੇ ਗਿਆਨ ਪ੍ਰਾਪਤ ਕਰਦਾ ਸੀ। ਸਦਾ ਮਹਾਨ ਪ੍ਰੇਮ ਕਰਕੇ ਚਰਨ ਕੰਵਲਾਂ ਦੀ ਸੇਵਾ ਕਰਦਾ ਸੀ॥੧॥

ਚੌਪਈ-ਸ੍ਰੀ ਹਰਿਗੋਵਿੰਦ ਬਲੀ ਬਿਲੰਦ। ਸਿੱਖਜ ਚਕੋਰਨਿ ਕੋ ਨਿਤ ਚੰਦ।
ਗੜ੍ਹੀਏ ਪ੍ਰਤਿ ਆਗਜਾ ਫੁਰਮਾਈ। 'ਅਬਿ ਕਸ਼ਮੀਰ ਪੁਰੀ ਕਹੁ ਜਾਈ ॥੨ ॥

ਸ੍ਰੀ ਹਰਿਗੋਬਿੰਦ ਜੀ ਵੱਡੇ ਸੂਰਬੀਰ ਹਨ, ਸਿੱਖ ਰੂਪੀ ਚਕੋਰਾਂ ਵਾਸਤੇ ਉਹ ਸਦਾ ਚੰਦ ਵਾਂਗ ਹਨ। ਭਾਈ ਗੜ੍ਹੀਏ ਨੂੰ ਬੜੇ ਪ੍ਰੇਮ ਨਾਲ ਆਗਿਆ ਕੀਤੀ, "ਹੁਣ ਕਸ਼ਮੀਰ ਨਗਰੀ ਵਿਚ ਜਾਵੇ॥੨॥

ਤਹਿੰ ਕੀ ਕਾਰ ਸਕੇਲਿ ਬਿਸਾਲਾ। ਲੇ ਆਵਹੁ ਇਤ,ਰਹਿ ਕਿਤ ਕਾਲਾ।
ਸੁਨਿ ਗੜ੍ਹੀਏ ਕਰਿ ਰਿਦੇ ਅਨੰਦ। ਮਾਨੀ ਆਗਜਾ ਦ੍ਵੈ ਕਰ ਬੰਦਿ ॥੩ ॥

ਉਥੇ ਦੀ ਵਿਸ਼ਾਲ ਕਾਰ ਭੇਟ ਇਕੱਠੀ ਕਰੇ ਤੇ ਫਿਰ ਕੁਝ ਸਮਾਂ ਉਥੇ ਰਹਿ ਕੇ ਲੈ ਆਵੇ।" ਇਹ ਸੁਣ ਕੇ ਭਾਈ ਗੜ੍ਹੀਆ ਹਿਰਦੇ ਵਿਚ ਬਹੁਤ ਅਨੰਦਿਤ ਹੋਇਆ ਤੇ ਦੋਵੇਂ ਹੱਥ ਜੋੜ ਕੇ ਬੰਦਨਾ ਕਰਕੇ ਉਸ ਆਗਿਆ ਮੰਨ ਲਈ॥੩॥

ਬੰਦਨ ਕਰਿ ਕੈ ਪਦ ਅਰਬਿੰਦ। ਗਮਨਜੋ ਮਾਰਗ ਪ੍ਰੇਮ ਬਿਲੰਦ।
ਨਿਤ ਪ੍ਰਤਿ ਚਿਤ ਮੂਰਤਿ ਗੁਰ ਰਾਖੇ। ਰਸਨਾ ਸੱਤਜਨਾਮ ਕੋ ਭਾਖੇ ॥੪ ॥

ਫਿਰ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕਰਕੇ ਬੜਾ ਪ੍ਰੇਮ ਧਾਰ ਕੇ ਕਸ਼ਮੀਰ ਦੇ ਰਾਹ ਪੈ ਗਿਆ। ਸਦਾ ਹੀ ਪ੍ਰੀਤ ਧਾਰ ਕੇ ਗੁਰੂ ਜੀ ਦੀ ਮੂਰਤ ਆਪਣੇ ਚਿੱਤ ਵਿਚ ਰਖਦਾ ਸੀ ਤੇ ਮੁੱਖ ਨਾਲ ਸਤਨਾਮ ਕਹਿੰਦਾ ਸੀ॥੪॥

ਸਨੈ ਸਨੈ ਚਲਿ ਕੈ ਗੁਜਰਾਤ। ਪਹੁੰਚਤਿ ਭਯੋ ਹੁਤੋ ਬੱਖਜਾਤ।
ਬਸਹਿਂ ਗੁਰੂ ਕੇ ਸਿਖ ਸਮੁਦਾਇ। ਤਿਨਹੁਂ ਸੁਨੀ 'ਗੜ੍ਹੀਆ ਪੁਰਿ ਆਇ' ॥੫ ॥

ਹੌਲੀ-ਹੌਲੀ ਚਲ ਕੇ ਗੁਜਰਾਤ ਪਹੁੰਚ ਗਿਆ ਤੇ ਸਾਰੇ ਪਾਸੇ ਉਸ ਬਾਰੇ ਪਤਾ ਲੱਗ ਗਿਆ। ਉਥੇ ਗੁਰੂ ਜੀ ਦੇ ਬਹੁਤ ਸਿੱਖ ਰਹਿੰਦੇ ਸਨ, ਉਨ੍ਹਾਂ ਨੇ ਜਦ ਸੁਣਿਆ ਕਿ "ਭਾਈ ਗੜ੍ਹੀਆ ਨਗਰ ਵਿਚ ਆਇਆ ਹੈ" ॥੫॥

ਸਭਿ ਸੰਗਤਿ ਇਕਠੀ ਹੁਇ ਕਰਿਕੈ। ਹਿਤ ਸਨਮਾਨ ਭਾਉ ਬਹੁ ਧਰਿ ਕੈ।
ਮਿਲੇ ਜਾਇ ਕਰਿ ਨਿੰਮ੍ਰੀ ਹੋਏ। ਮਨਹੁਂ ਗੁਰੂ ਕੋ ਦਰਸ਼ਨ ਜੋਏ ॥੬ ॥

ਤਾਂ ਸਾਰੀ ਸੰਗਤ ਇਕੱਠੀ ਹੋ ਕੇ, ਤੇ ਉਸ ਵਾਸਤੇ ਬੜਾ ਸਨਮਾਨ ਪ੍ਰੇਮ ਭਾਉ ਧਾਰ ਕੇ ਬੜੀ ਸਨਿੰਮਰ ਹੋ ਕੇ ਜਾ ਮਿਲੀ: ਮਾਨੋ ਗੁਰੂ ਜੀ ਦੇ ਦਰਸ਼ਨ ਹੋਏ ਹੋਣ॥੬॥

ਅਪਨੇ ਗ੍ਰਿਹ ਮਹਿਂ ਆਨਿ ਉਤਾਰੇ। ਤਾਤੇ ਜਲ ਤੇ ਚਰਨ ਪਖਾਰੇ।
ਸੁੰਦਰ ਸਿਹਜਾ ਤਬੈ ਡਸਾਇ। ਅਧਿਕ ਭਾਉ ਕਰਿ ਦਿਏ ਬਿਠਾਇ ॥੭ ॥

ਭਾਈ ਗੜ੍ਹੀਆ ਨੂੰ ਆਪਣੇ ਘਰ ਵਿਚ ਉਤਾਰਾ ਕਰਵਾਇਆ ਤੇ ਗਰਮ ਪਾਣੀ ਨਾਲ ਉਸ ਦੇ ਚਰਨ ਧੋਤੇ ਤੇ ਸੁੰਦਰ ਪਲੰਘ ਡੁਹਾਇਆ। ਬਹੁਤ ਪ੍ਰੇਮ ਕਰਕੇ ਉਸ ਪਲੰਘ ਤੇ ਬਿਠਾ ਦਿੱਤਾ॥੭॥

ਸਭਿ ਸਿੱਖਨਿ ਚਰਨਾਂਮ੍ਰਿਤ ਲੀਨਾ। ਅਪਰ ਸੇਵ ਸਭਿ ਹੀ ਬਿਧਿ ਕੀਨਾ।
ਸ੍ਵਾਦਲ ਬਹੁ ਅਹਾਰ ਕਰਿਵਾਏ। ਬਿਨਤੀ ਕਰਿ ਆਛੇ ਤ੍ਰਿਪਤਾਏ ॥੮ ॥

ਸਾਰੇ ਸਿੱਖਾਂ ਨੇ ਚਰਨਾਂਮ੍ਰਿਤ ਲਈ ਤੇ ਸਭ ਵਿਧੀਆਂ ਨਾਲ ਹੋਰ ਸੇਵਾ ਵੀ ਕੀਤੀ। ਬਹੁਤ ਸਵਾਦੀ ਭੋਜਨ ਖਵਾਏ ਤੇ ਬੇਨਤੀ ਕਰਕੇ ਚੰਗੀ ਤਰ੍ਹਾਂ ਤ੍ਰਿਪਤ ਕੀਤਾ॥੮॥

ਇਕ ਮੀਆਂ ਦੌਲਾ ਤਿਸ ਥਾਨ। ਸਹਿਬ ਕੋ ਪ੍ਰੇਮੀ ਸੁ ਮਹਾਨ।
ਸੰਤ ਸੰਗ ਕੀ ਨਿਤ ਅਭਿਲਾਖਾ। ਮੌਲਾ ਕੇ ਦਰਸ਼ਨ ਕੀ ਕਾਂਖਾ ॥੯ ॥

ਇਕ ਮੀਆਂ ਦੌਲਾ ਨਾਮੀ ਵਿਅਕਤੀ ਉਥੇ ਰਹਿੰਦਾ ਸੀ, ਉਹ ਰੱਬ ਦਾ ਬਹੁਤ ਪ੍ਰੇਮੀ ਸੀ। ਸੰਤਾਂ ਦੇ ਸੰਗ ਦੀ ਨਿਤ ਅਭਿਲਾਸ਼ਾ ਰੱਖਦਾ ਸੀ ਤੇ ਮੌਲਾ ਦੇ ਦਰਸ਼ਨਾਂ ਦੀ ਵੱਡੀ ਚਾਹਤ ਸੀ॥੯॥

ਗੜ੍ਹੀਏ ਕੋ ਆਵਨਿ ਸੁਨਿ ਪਾਯੋ। ਪ੍ਰੇਮ ਧਾਰਿ ਬਹੁ ਮਿਲਿਬੇ ਆਯੋ।
ਜਿਸ ਮਹਿਂ ਮਹਾਂ ਸੰਤ ਕੇ ਲੱਛਨ। ਪਰਉਪਕਾਰੀ ਸਦਾ ਬਿਚੱਛਨ॥ ੧੦॥

ਜਦ ਉਸ ਨੂੰ ਗੜ੍ਹੀਏ ਦੇ ਆਉਣ ਦਾ ਪਤਾ ਲੱਗਾ, ਤਾਂ ਪ੍ਰੇਮ ਧਾਰ ਕੇ ਮਿਲਣ ਆਇਆ। ਜਿਸ ਵਿਚ ਮਹਾਨ ਸੰਤ ਦੇ ਲੱਛਣ ਸਨ, ਤੇ ਸਦਾ ਹੀ ਵਿਲੱਖਣ ਪਰਉਪਕਾਰੀ ਸੀ॥੧੦॥

ਦੇਖਯੋ ਜਾਇ ਨ ਦੁਖੀਆ ਕਬੈ। ਕਰਿ ਅਤਿ ਜਤਨ ਹਤੈ ਦੁਖ ਸਬੈ।
ਮਨ ਤੇ, ਤਨ ਤੇ, ਧਨ ਤੇ ਸਦਾ। ਦੁਖ ਕੋ ਹਰਹਿ ਦੁਖੀ ਪਿਖਿ ਜਦਾ॥ ੧੧॥

ਉਸ ਪਾਸੋਂ ਕੋਈ ਆਦਮੀ ਦੁਖੀ ਵੇਖਿਆ ਨਹੀਂ ਸੀ ਜਾਂਦਾ, ਬਹੁਤ ਯਤਨ ਕਰਕੇ ਸਾਰੇ ਦੁੱਖ ਦੂਰ ਕਰਦਾ ਸੀ। ਜਦ ਵੀ ਉਹ ਦੁਖੀ ਨੂੰ ਵੇਖਦਾ ਸੀ ਤਾਂ ਮਨ ਤਨ ਅਤੇ ਧਨ ਕਰਕੇ ਦੁੱਖ ਨੂੰ ਦੂਰ ਕਰਦਾ ਸੀ॥੧੧॥

ਰੰਕ ਬ੍ਰਿੰਦ ਕੋ ਜਬਿਹੂੰ ਲਹੈ। ਛੁਧਿਤ ਰੁ ਬਸਨ ਰਹਤਿ ਜੇ ਰਹੈ।
ਤਿਨ ਸਭਿ ਕੋ ਮਿਹਨਤੀ ਲਗਾਵੈ। ਢਹੇ ਕੂਪ ਕੈ ਪੁਲ ਬਨਵਾਵੈ॥ ੧੨॥

ਜਦ ਗਰੀਬਾਂ ਨੂੰ ਵੇਖਦਾ ਸੀ ਕਿ ਉਹ ਭੁੱਖੇ ਅਤੇ ਨੰਗੇ ਰਹਿ ਰਹੇ ਹਨ, ਉਨ੍ਹਾਂ ਸਭ ਨੂੰ ਮਜ਼ਦੂਰੀ ਤੇ ਲਾ ਲੈਂਦਾ ਸੀ ਤੇ ਢੱਠੇ ਹੋਏ ਖੂਹਾਂ ਦੇ ਪੁਲ ਬਣਵਾਉਂਦਾ ਸੀ॥੧੨॥

ਬਿਖਮ ਪੰਥ ਕੋ ਸਮ ਕਰਵਾਵੈ। ਮਾਰਗ ਪਰ ਤਰੁਵਰ ਲਗਵਾਵੈ।
ਜਬਹਿ ਮਜੂਰੀ ਬਹੁ ਚਢਿ ਜਾਇ। ਜਾਚਹਿਂ ਨਿਕਟਿ ਰੰਕ ਸਮੁਦਾਇ॥ ੧੩॥

ਟੁੱਟੇ-ਫੁੱਟੇ ਰਾਹਾਂ ਨੂੰ ਪੱਧਰੇ ਕਰਵਾਉਂਦਾ ਸੀ ਤੇ ਸੜਕਾਂ ਉਤੇ ਰੁੱਖ ਲਵਾਉਂਦਾ ਸੀ। ਜਦ ਮਜ਼ਦੂਰੀ ਬਹੁਤ ਚੜ੍ਹ ਜਾਂਦੀ ਸੀ ਤੇ ਬਹੁਤ ਗਰੀਬ ਇਕੱਠੇ ਹੋ ਕੇ ਧਨ ਮੰਗਦੇ ਸਨ॥੧੩॥

ਅਵਿਨੀ ਕੋ ਖਨਿਕੈ ਤਤਕਾਲਾ। ਦਰਬ ਨਿਕਾਸਹਿ ਤਹਾਂ ਬਿਸਾਲਾ।
ਜਥਾਜੋਗ ਸਭਿ ਹੀ ਕੋ ਦੈ ਕੈ। ਪ੍ਰਤਿਪਾਲਤਿ ਇਮ ਰੰਕ ਦਿਖੈਕੈ॥ ੧੪॥

ਤਾਂ ਤੁਰਤ ਧਰਤੀ ਨੂੰ ਪੁਟਵਾਉਂਦਾ ਸੀ ਤੇ ਉਸ ਵਿਚੋਂ ਬਹੁਤ ਧਨ ਕੱਢ ਲੈਂਦਾ ਸੀ। ਯਥਾ-ਯੋਗ ਸਾਰਿਆਂ ਨੂੰ ਦੇ ਕੇ, ਇਸ ਤਰ੍ਹਾਂ ਦੇ ਹੋਰ ਗਰੀਬ ਵੇਖ ਕੇ ਉਨ੍ਹਾਂ ਦੀ ਪ੍ਰਤਿਪਾਲਣਾ ਕਰਦਾ ਸੀ॥੧੪॥

ਹਿੰਦੂ ਤੁਰਕ ਕੋਇ ਦੁਖੁ ਮਾਂਹਿ। ਸਭਿ ਮੀਆਂ ਦੌਲੇ ਢਿਗ ਜਾਹਿਂ।
ਅਰਜ਼ ਗੁਜ਼ਾਰਹਿਂ ਹੋਇ ਹਜ਼ੂਰੀ। ਕਰਹਿ ਮੁਰਾਦ ਸਭਿਨਿ ਕੀ ਪੂਰੀ॥ ੧੫॥

ਹਿੰਦੂ ਤੁਰਕ ਜਿਹੜਾ ਵੀ ਦੁਖੀ ਹੁੰਦਾ ਸੀ ਸਾਰੇ ਹੀ ਮੀਆਂ ਦੌਲੇ ਦੇ ਪਾਸ ਜਾਂਦੇ ਸਨ। ਉਸ ਦੇ ਹਜ਼ੂਰ ਵਿਚ ਜਾ ਕੇ ਬੇਨਤੀ ਕਰਦੇ ਸਨ ਤੇ ਉਹ ਸਭ ਦੀ ਮੁਰਾਦ ਪੂਰੀ ਕਰਦਾ ਸੀ॥੧੫॥

ਸਹਿਜ ਸੁਭਾਇ ਹੁਤੋ ਇਮ ਰੀਤਿ। ਸੰਤ ਪ੍ਰੀਤ ਨਿਤ ਚੀਤ ਸੁ, ਮੀਤ!।
ਭਾਈ ਗੜ੍ਹੀਏ ਕੋ ਲਖਿ ਸੰਤ। ਆਯੋ ਮਿਲਨਿ ਹੇਤੁ ਹਿਤਵੰਤਿ॥ ੧੬॥

ਸਹਿਜ ਸੁਭਾਅ ਇਸ ਤਰ੍ਹਾਂ ਰੀਤ ਸੀ, ਹੇ ਮਿੱਤਰ! ਉਸਦੇ ਮਨ ਵਿਚ ਸੰਤਾਂ ਲਈ ਸਦਾ ਪ੍ਰੀਤ ਸੀ। ਭਾਈ ਗੜ੍ਹੀਏ ਨੂੰ ਸੰਤ ਸਮਝ ਕੇ ਬੜੇ ਪਿਆਰ ਸਹਿਤ ਮਿਲਣ ਵਾਸਤੇ ਆਇਆ॥੧੬॥

ਨਿਕਟਿ ਹੋਇ ਜਬਿ ਦਿਖੇ ਪਰਸਪਰ। ਕਰਿ ਬਹੁ ਭਾਉ ਸੁ ਰਹੇ ਹਰਖਿ ਭਰਿ।
ਖਰੇ ਹੋਇ ਭਰਿ ਅੰਕ ਮਿਲੇ ਹੈਂ। ਬੂਝਿ ਕੁਸ਼ਲ ਕੇ ਪ੍ਰੀਤਿ ਢੁਲੇ ਹੈਂ॥ ੧੭॥

ਨੇੜੇ ਹੋ ਕੇ ਜਦ ਦੋਵਾਂ ਨੇ ਇਕ ਦੂਸਰੇ ਨੂੰ ਵੇਖਿਆ ਤਾਂ ਬਹੁਤ ਪ੍ਰੇਮ ਕਰਕੇ ਪ੍ਰਸੰਨ ਹੋਏ। ਖੜੇ ਹੋ ਕੇ ਗਲੇ ਮਿਲੇ, ਇਕ ਦੂਸਰੇ ਨੂੰ ਸੁਖ-ਸਾਂਦ ਪੁੱਛ ਕੇ ਪ੍ਰੀਤ ਨਾਲ ਭਰ ਗਏ॥੧੭॥

ਪੁਨ ਸਤਿਗੁਰੂ ਮਹਾਤਮ ਕਹੈਂ। ਦੋਨੋ ਮਹਿਮਾ ਮਹਾਂ ਸੁ ਲਹੈਂ।
'ਲਾਖਹੁਂ ਸੇਵਕ ਕਰੇ ਨਿਹਾਲ। ਜਿਹ ਬਡ ਭਾਗ ਸੁ ਮਿਲਹਿ ਕ੍ਰਿਪਾਲ' ॥੧੮॥

ਫਿਰ ਸਤਿਗੁਰੂ ਜੀ ਦੇ ਮਹਾਤਮ ਬਾਰੇ ਕਿਹਾ, ਦੋਵਾਂ ਨੇ ਮਹਾਨ ਮਹਿਮਾ ਕੀਤੀ, "ਲੱਖਾਂ ਸੇਵਕਾਂ ਨੂੰ ਨਿਹਾਲ ਕਰਦੇ ਹਨ, ਵੱਡੇ ਭਾਗਾਂ ਵਾਲੇ ਕ੍ਰਿਪਾਲੂ ਗੁਰੂ ਜੀ ਨੂੰ ਮਿਲਦੇ ਹਨ" ॥੧੮॥

ਤਬਿ ਮੀਆਂ ਦੌਲਾ ਹਰਖਾਏ। ਸਹਤ ਬੇਨਤੀ ਬੈਨ ਅਲਾਏ।
'ਗੁਰ ਅਰਜਨ ਜੀ ਕੀਨਿ ਜੁ ਬਾਨੀ। ਸੁਨਨਿ ਸੁਖਮਨੀ ਚਾਹਿ ਮਹਾਨੀ॥੧੯॥

ਫਿਰ ਮੀਆਂ ਦੌਲਾ ਬਹੁਤ ਪ੍ਰਸੰਨ ਹੋਇਆ ਤੇ ਬੇਨਤੀ ਸਹਿਤ ਉਸ ਨੇ ਕਿਹਾ, "ਗੁਰੂ ਅਰਜਨ ਦੇਵ ਜੀ ਨੇ ਜੋ ਬਾਣੀ ਲਿਖੀ ਹੈ, ਮੈਂ ਉਸ ਵਿਚੋਂ ਸੁਖਮਨੀ ਸਾਹਿਬ ਦੀ ਮਹਾਨ ਬਾਣੀ ਸੁਣਨੀ ਚਾਹੁੰਦਾ ਹਾਂ॥੧੯॥

ਕ੍ਰਿਪਾ ਧਾਰਿ ਅਬਿ ਮੋਹਿ ਸੁਨਾਵੋ। ਕਹਿ ਗੁਰ ਬਾਕ ਰਿਦਾ ਹਰਖਾਵੋ।
ਜਿਸ ਕੇ ਬਿਖੈ ਸਿਫਤ ਬਹੁ ਮੌਲਾ। ਇਮ ਜਬਿ ਪ੍ਰੇਮ ਧਾਰਿ ਕਹਿ ਦੌਲਾ॥੨੦॥

ਕਿਰਪਾ ਧਾਰ ਕੇ ਹੁਣ ਮੈਨੂੰ ਸੁਣਾਵੋ ਤੇ ਗੁਰੂ ਜੀ ਦੇ ਬਚਨ ਕਹਿ ਕੇ ਮੇਰੇ ਹਿਰਦੇ ਨੂੰ ਪ੍ਰਸੰਨ ਕਰੋ, ਜਿਸ ਵਿਚ ਮੌਲਾ (ਪ੍ਰਭੂ) ਦੀ ਬਹੁਤ ਸਿਫਤ ਕੀਤੀ ਗਈ ਹੈ।" ਇਸ ਤਰ੍ਹਾਂ ਜਦ ਪ੍ਰੇਮ ਧਾਰ ਕੇ ਦੌਲਾ ਨੇ ਕਿਹਾ॥੨੦॥

ਸੁਨਿ ਗੜ੍ਹੀਆ ਤਬਿ ਲਗਯੋ ਸੁਨਾਵਨਿ। ਮੀਆਂ ਭਯੋ ਮਗਨ ਰਸ ਪਾਵਨ।
ਇਕ ਸ਼ਲੋਕ ਪੌਰੀ ਜੁਤਿ ਗਾਯੋ। ਪੁਨ ਰਹਾਉ ਕੋ ਪਾਠ ਸੁਨਾਯੋ॥ ੨੧॥

ਇਹ ਸੁਣ ਕੇ ਫਿਰ ਗੜ੍ਹੀਆ ਸੁਣਾਉਣ ਲੱਗਾ ਤੇ ਮੀਆਂ ਰਸ ਪਾਉਣ ਵਾਸਤੇ ਮਗਨ ਹੋ ਗਿਆ। ਇਕ ਸਲੋਕ ਪੌੜੀ ਸਹਿਤ ਗਾਇਆ, ਫਿਰ ਰਹਾਉ ਦਾ ਪਾਠ ਸੁਣਾਇਆ॥੨੧॥

'ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥ਭਗਤ ਜਨਾ ਕੈ ਮਨਿ ਬਿਸ੍ਰਾਮ' ॥ਰਹਾਉ॥
ਸੁਨਿ ਦੌਲਾ ਮਨ ਭਯੋ ਅਨੰਦ। ਲਗਯੋ ਬਿਚਾਰਨਿ ਅਰਥ ਬਿਲੰਦ॥ ੨੨॥

ਇਸ ਸੁਖਮਨੀ ਵਿਚ ਖੁਸ਼ੀ ਵਰਸਾਉਣ ਵਾਲਾ ਪ੍ਰਭੂ ਦਾ ਅੰਮ੍ਰਿਤ ਰੂਪੀ ਨਾਮ ਹੈ। ਪ੍ਰਭੂ ਦੇ ਭਗਤਾਂ ਦੇ ਅੰਦਰ ਸਦਾ ਅਮਨ ਚੈਨ ਰਹਿੰਦਾ ਹੈ॥ ਠਹਿਰਾਉ॥ ਇਹ ਸੁਣ ਕੇ ਦੌਲੇ ਦਾ ਮਨ ਅਨੰਦ ਨਾਲ ਭਰ ਗਿਆ ਤੇ ਉਹ ਉਸ ਦੇ ਮਹਾਨ ਅਰਥਾਂ ਨੂੰ ਵਿਚਾਰਨ ਲੱਗਾ॥੨੨॥

ਉਰ ਪ੍ਰਸੰਨ ਹੋਇ ਬਾਕ ਉਚਾਰਾ। 'ਹਾਸਲ ਭਾ ਮਖ਼ਸੂਦ ਹਮਾਰਾ।
ਇਹ ਗੁਰ ਬਾਕ ਰਿਦੈ ਲਖਿ ਲੀਨਿ। ਮੈਂ ਜਾਨੀ ਮਹਿਮਾ ਇਸ ਪੀਨ॥ ੨੩॥

ਦਿਲ ਵਿਚ ਬਹੁਤ ਪ੍ਰਸੰਨ ਹੋ ਕੇ ਬੋਲਿਆ, "ਮੈਨੂੰ ਪ੍ਰਯੋਜਨ ਮਿਲ ਗਿਆ ਹੈ। ਇਹ ਗੁਰਵਾਕ ਮੈਂ ਆਪਣੇ ਹਿਰਦੇ ਵਿਚ ਪਹਿਚਾਣ ਲਿਆ ਹੈ, ਮੈਂ ਇਸ ਦੀ ਭਾਰੀ ਮਹਿਮਾ ਜਾਣ ਲਈ ਹੈ॥੨੩॥

ਸੁਖ ਬਿਲੰਦ ਹੈ ਸ੍ਰੀ ਪ੍ਰਭੁ ਨਾਮੁ। ਬਿਨਾ ਸੰਤ ਨਹਿਂ ਪੂਰਨ ਕਾਮੁ।
ਇਸ ਤ ਖ਼ਾਤਰ ਜਮਾ ਹਮਾਰੀ। ਅਪਰ ਸੁਨਨਿ ਕੀ ਚਾਹਿ ਨਿਵਾਰੀ॥ ੨੪॥

ਪ੍ਰਭੂ ਦੇ ਨਾਮ ਵਿਚ ਵੱਡਾ ਸੁਖ ਹੈ, ਸੰਤ ਤੋਂ ਬਗੈਰ ਇਹ ਕੰਮ ਪੂਰਾ ਨਹੀਂ ਹੋ ਸਕਦਾ। ਇਸ ਨਾਲ ਹੀ ਮੇਰੀ ਤਸੱਲੀ ਹੋ ਗਈ ਹੈ, ਹੋਰ ਸੁਣਨ ਦੀ ਚਾਹਤ ਛੱਡ ਦਿੱਤੀ ਹੈ॥੨੪॥

ਗੁਰਬਾਨੀ ਸਮ ਅਪਰ ਨ ਬਾਨੀ। ਇਕ ਤੁਕ ਸੁਨੇ ਪਰਮ ਗਤਿ ਜਾਨੀ।
ਤੁਕ ਰਹਾਉ ਕੀ ਦੋਇਨ ਮਾਂਹਿ। ਜੋਗ ਭੋਗ ਸਭਿ ਪਾਯੇ ਜਾਹਿ॥ ੨੫॥

ਗੁਰਬਾਣੀ ਬਰਾਬਰ ਹੋਰ ਕੋਈ ਬਾਣੀ ਨਹੀਂ, ਇਕ ਤੁਕ ਸੁਣ ਕੇ ਪਰਮਗਤੀ ਜਾਣ ਲਈ ਹੈ। ਦੋਵਾਂ ਵਿਚ ਇਕ ਰਹਾਉ ਦੀ ਤੁਕ ਹੈ, ਜਿਸ ਨਾਲ ਜੋਗ ਭੋਗ ਸਭ ਪਾਇਆ ਜਾ ਸਕਦਾ ਹੈ''॥੨੫॥

ਸੁਨਿ ਕਰਿ ਗੜ੍ਹੀਆ ਭਯੋ ਪ੍ਰਸੰਨ। ਕਹ੍ਯੋ ਬਿਹਸਿ 'ਦੋਲਾ ! ਤੁਮ ਧੰਨ'।
ਇਮ ਚਰਚਾ ਕਰਿ ਹਰਖੇ ਦੋਊ। ਸਤਿਗੁਰ ਪ੍ਰੇਮ ਮਹਾਂ ਮਨ ਸੋਊ॥ ੨੬॥

ਇਹ ਸੁਣ ਕੇ ਗੜ੍ਹੀਆ ਬਹੁਤ ਪ੍ਰਸੰਨ ਹੋਇਆ ਤੇ ਮੁਸਕਰਾ ਕੇ ਕਿਹਾ, ''ਹੇ ਦੋਲੇ ! ਤੂੰ ਧੰਨ ਹੈਂ'' ਇਸ ਤਰ੍ਹਾਂ ਚਰਚਾ ਕਰਕੇ ਦੋਵੇਂ ਪ੍ਰਸੰਨ ਹੋਏ, ਮਨ ਵਿਚ ਸਤਿਗੁਰੂ ਦਾ ਮਹਾਨ ਪ੍ਰੇਮ ਸੀ॥੨੬॥

ਦਿਨ ਦੋਇਕ ਰਹਿ ਗੜ੍ਹੀਆ ਚਲ੍ਯੋ। ਤਬਹਿ ਆਨਿ ਪੁਨ ਦੋਲਾ ਮਿਲ੍ਯੋ।
ਸਭਿ ਸੋਂ ਬਿਦਾ ਹੋਇ ਚਲਿ ਪਰ੍ਯੋ। ਮੀਆਂ ਨੇ ਯਾ ਕੋ ਸੰਗ ਕਰ੍ਯੋ॥ ੨੭॥

ਦੋ ਦਿਨ ਰਹਿ ਕੇ ਗੜ੍ਹੀਆ ਚਲ ਪਿਆ, ਤਦ ਫਿਰ ਆ ਕੇ ਉਸ ਨੂੰ ਦੋਲਾ ਮਿਲਿਆ। ਗੜ੍ਹੀਆ ਸਭ ਤੋਂ ਵਿਦਾ ਲੈ ਕੇ ਚਲ ਪਿਆ, ਮੀਆਂ ਦੋਲੇ ਨੇ ਉਸ ਦਾ ਸੰਗ ਕੀਤਾ॥੨੭॥

ਨਗਰ ਵਹਿਰ ਪਹੁੰਚਾਵਨਿ ਗਯੋ। ਗੁਰ ਜਸੁ ਬੂਝਤਿ ਸੁਨਤੋ ਭਯੋ।
ਵਹਿਰ ਨਗਰ ਤੇ ਕੇਤਿਕ ਚਾਲਾ। ਦੇਖ੍ਯੋ ਸਿਕਤਾ, ਆਇ ਬਿਸਾਲਾ॥ ੨੮॥

ਉਹ ਨਗਰ ਦੇ ਬਾਹਰ ਤਕ ਪਹੁੰਚਾਉਣ ਗਿਆ, ਜਾਂਦਾ ਜਾਂਦਾ ਗੁਰੂ ਜੀ ਦਾ ਜੱਸ ਪੁਛਦਾ ਅਤੇ ਸੁਣਦਾ ਜਾਂਦਾ ਸੀ। ਨਗਰ ਦੇ ਬਾਹਰ ਕਾਫੀ ਦੂਰ ਤਕ ਚਲਦਾ ਰਿਹਾ, ਫਿਰ ਜਾ ਕੇ ਵੇਖਿਆ ਬਹੁਤ ਰੇਤ ਆ ਗਈ ਹੈ॥੨੮॥

ਟੂਟੀ ਪਨਹੀ ਗੜ੍ਹੀਏ ਚਰਨ। ਬਾਰੂ ਪਰਹਿ ਧਰਹਿ ਜਬਿ ਧਰਨਿ।
ਜਬਹਿ ਉਠਾਵਹਿ ਉਡਹਿ ਬਿਸਾਲੇ। ਜਾਨੁ ਲਗਿ ਜੰਘਨ ਕੇ ਨਾਲੇ॥ ੨੯॥

ਗੜ੍ਹੀਏ ਦੇ ਪੈਰਾਂ ਦੀ ਜੁੱਤੀ ਟੁੱਟੀ ਹੋਈ ਸੀ, ਰੇਤਾ ਜੁੱਤੀ ਵਿਚ ਪੈ ਜਾਂਦੀ ਹੈ ਜਦੋਂ ਪੈਰ ਧਰਤੀ ਤੇ ਧਰਦਾ ਹੈ। ਜਦ ਪੈਰ ਚੁੱਕਦਾ ਹੈ ਤਾਂ ਬਹੁਤ ਰੇਤ ਉਡਦੀ ਹੈ ਤੇ ਗੋਡੇ ਤੱਕ ਲੱਤਾਂ ਨੂੰ ਲੱਗ ਜਾਂਦੀ ਹੈ॥੨੯॥

ਦੇਖਤਿ ਦੋਲੇ ਮਨ ਠਹਿਰਾਈ। 'ਪਨਹੀ ਅਪਰ ਨ ਕਿਤਹੂੰ ਪਾਈ।
ਰਿਦੇ ਬਿਚਾਰਤਿ ਸੰਗ ਸੁ ਜਾਇ। ਬਿਨ ਧਨ ਤੇ ਇਹ ਅਸ ਦੁਖ ਪਾਇ॥ ੩੦॥

ਇਹ ਵੇਖਕੇ ਦੋਲੇ ਨੇ ਮਨ ਵਿਚ ਠਹਿਰਾਇਆ, ''ਹੋਰ ਜੁੱਤੀ ਕਿਸੇ ਥਾਂ ਤੋਂ ਵੀ ਨਹੀਂ ਪਾਈ ਹੈ'' ਇਸ ਤਰ੍ਹਾਂ ਹਿਰਦੇ ਵਿਚ ਵਿਚਾਰਦਾ ਨਾਲ ਜਾ ਰਿਹਾ ਸੀ, ''ਧਨ ਤੋਂ ਬਿਨਾਂ ਇਹ ਐਸਾ ਦੁੱਖ ਪਾਵੇਗਾ॥੩੦॥

ਕੋ ਨਿਧਿ ਸਿਧਿ ਗੜ੍ਹੀਏ ਕੋ ਦੇਵੋਂ। ਦੇ ਸੁਖ ਸੰਤ ਪੁੰਨ ਮੈਂ ਲੇਵੋਂ।
ਜੋ ਦੋਲੇ ਚਿਤ ਚਿਤਵਨ ਠਾਨੀ। ਸਭਿ ਗੜ੍ਹੀਏ ਤਤਛਿਨ ਪਹਿਚਾਨੀ॥ ੩੧॥

ਕੋਈ ਨਿਧ ਸਿਧ ਗੜ੍ਹੀਏ ਨੂੰ ਦਿੰਦਾ ਹਾਂ, ਸੰਤ ਨੂੰ ਸੁਖ ਦੇ ਕੇ ਫਿਰ ਪੁੰਨ ਲਵਾਂਗਾ।'' ਜੋ ਗੜ੍ਹੀਏ ਨੇ ਚਿੱਤ ਵਿਚ ਧਾਰਨ ਕੀਤਾ ਸੀ, ਗੜ੍ਹੀਏ ਨੇ ਸਭ ਕੁਝ ਤੁਰਤ ਜਾਣ ਲਿਆ॥੩੧॥

ਮੁਝ ਗੁਰ ਸਿਖ ਕੋ ਨਿਰਧਨ ਜਾਨਾ। ਸ਼ਕਤਿ ਹੀਨ ਮਨ ਮਹਿਂ ਪਹਿਚਾਨਾ।
ਅਪਨੀ ਕਲਾ ਕੁਛਕ ਦਿਖਰਾਵੋਂ। ਤਬਿ ਇਸ ਕੀ ਸਭਿ ਸ਼ੰਕ ਮਿਟਾਵੋਂ ॥ ੩੨ ॥

ਮੈਨੂੰ ਗੁਰਸਿੱਖ ਨੂੰ ਇਸ ਨਿਰਧਨ ਜਾਣਿਆ, ਆਪਣੇ ਮਨ ਵਿਚ ਮੈਨੂੰ ਸ਼ਕਤੀਹੀਣ ਪਹਿਚਾਣਿਆ ਹੈ, ਮੈਂ ਇਸ ਨੂੰ ਆਪਣੀ ਕੁਝ ਕਰਾਮਾਤ ਵਿਖਾਉਂਦਾ ਹਾਂ ਤਦ ਇਸ ਦੇ ਸਾਰੇ ਸ਼ੰਕੇ ਮਿਟ ਜਾਣਗੇ' ॥੩੨॥

ਤਬਿ ਠਾਂਢੋ ਹੁਇ ਦ੍ਰਿਸ਼ਟਿ ਨਿਹਾਰੀ। ਚਹੁੰਦਿਸ਼ਿ ਬਿਖੈ ਹੇਮ ਛਿਤ ਸਾਰੀ।
ਸਭਿ ਸਿਕਤਾ ਭੀ ਕੰਚਨ ਕਿਨਕੇ। ਬਡੇ ਰੋਰ ਸਮ ਦਿਪਹਿਂ ਰਤਨ ਕੇ ॥ ੩੩ ॥

ਤਦ ਖੜੇ ਹੋ ਕੇ ਦ੍ਰਿਸ਼ਟੀ ਲਾ ਕੇ ਵੇਖਿਆ, ਚਾਰੇ ਪਾਸੇ ਸੋਨੇ ਦੀ ਧਰਤੀ ਬਣ ਗਈ। ਸਾਰੀ ਰੇਤ ਵੀ ਸੋਨੇ ਦੇ ਕਿਣਕੇ ਬਣ ਗਏ ਤੇ ਵੱਡੇ ਰੋੜੇ ਰਤਨਾਂ ਵਾਂਗ ਚਮਕਦੇ ਸਨ ॥੩੩॥

ਦੌਲੇ ਪੀਰ ਹੇਰਿ ਕਰਿ ਸਿਧਿ ਕੋ। ਜਾਨਤਿ ਭਾ 'ਪੂਰਨ ਸਭਿ ਬਿਧਿ ਕੋ।
ਲਛਮੀ ਕੀ ਪ੍ਰਵਾਹ ਇਸ ਨਾਂਹੀ। ਸ਼ਾਹਨਸ਼ਾਹ, ਸ਼ਕਤਿ ਸਭਿ ਪਾਹੀ ॥ ੩੪ ॥

ਦੌਲਾ ਪੀਰ ਇਸ ਸਿਧੀ ਨੂੰ ਵੇਖ ਕੇ ਜਾਣ ਗਿਆ, ''ਇਹ ਸਭ ਵਿਧੀਆਂ ਨਾਲ ਪੂਰਾ ਹੈ, ਇਸ ਨੂੰ ਮਾਇਆ ਦੀ ਪ੍ਰਵਾਹ ਨਹੀਂ ਹੈ, ਇਹ ਬਾਦਸ਼ਾਹਾਂ ਦਾ ਬਾਦਸ਼ਾਹ ਹੈ ਤੇ ਸਭ ਪ੍ਰਕਾਰ ਦੀਆਂ ਸ਼ਕਤੀਆਂ ਇਸ ਪਾਈਆਂ ਹਨ ॥੩੪॥

ਅਜਰ ਜਰਨ ਉਰ ਧੀਰਜ ਧਾਰੀ। ਅਤਿ ਤਜਾਗੀ, ਨਾਂਹਿਨ ਹਿਤਕਾਰੀ'।
ਹਾਥ ਜੋਰਿ ਕਦਮਨਿ ਪਰ ਪਰਜੋ। ਰਹਿਨੀ ਦੇਖਿ ਸੁਜਸੁ ਬਹੁ ਕਰਜੋ ॥ ੩੫ ॥

ਨਾ ਜਰਨ ਵਾਲੇ ਨੂੰ ਵੀ ਜਰਨ ਵਾਲਾ ਹੈ, ਪਰ ਹਿਰਦੇ ਵਿਚ ਧੀਰਜ ਧਾਰਨ ਕੀਤਾ ਹੈ, ਇਹ ਅਤਿ ਤਿਆਗੀ ਹੈ ਤੇ ਮਾਇਆ ਦਾ ਹਿਤ ਕਰਨ ਵਾਲਾ ਨਹੀਂ ਹੈ'' ਹੱਥ ਜੋੜ ਕੇ ਪੈਰਾਂ ਤੇ ਪੈ ਗਿਆ, ਰਹਿਣੀ ਵੇਖ ਕੇ ਬਹੁਤ ਸ੍ਰੇਸ਼ਟ ਜੱਸ ਕੀਤਾ ॥੩੫॥

'ਧੰਨ ਤੁਮਹਿ ਗੁਰ ਧੰਨ ਤੁਮਾਰੋ। ਇਤੀ ਸ਼ਕਤਿ ਸਭਿ ਰਿਦੇ ਸਹਾਰੋ'।
ਗੜ੍ਹੀਏ ਕਹਜੋ 'ਨ ਗੁਰ ਘਰ ਕਮੀ। ਬਲ ਦੀਰਘ ਤੇ ਹੋਵਤਿ ਛਮੀ' ॥ ੩੬ ॥

ਫਿਰ ਕਹਿਣ ਲੱਗਾ, ''ਧੰਨ ਤੁਸੀਂ ਹੋ, ਧੰਨ ਤੁਹਾਡਾ ਗੁਰੂ ਹੈ, ਏਨੀ ਸ਼ਕਤੀ ਹੈ, ਫਿਰ ਵੀ ਹਿਰਦੇ ਵਿਚ ਸਹਾਰਦੇ ਹੋ।'' ਇਹ ਸੁਣ ਕੇ ਗੜ੍ਹੀਏ ਨੇ ਕਿਹਾ, ''ਗੁਰੂ ਘਰ ਵਿਚ ਕਿਸੇ ਚੀਜ਼ ਦੀ ਘਾਟ ਨਹੀਂ ਹੈ, ਭਾਰੀ ਸ਼ਕਤੀ ਦੇ ਹੁੰਦਿਆਂ ਵੀ ਸਹਿਨਸ਼ੀਲ ਹੁੰਦੇ ਹਨ'' ॥੩੬॥

ਇਮ ਕਹਿ ਦੌਲੇ ਤੇ ਹੁਇ ਬਿਦਾ। ਮਗ ਕਸ਼ਮੀਰ ਪਜਾਨਜੋ ਤਦਾ।
ਜਬਿ ਪਹੁੰਚਜੋ ਸੰਗਤਿ ਸਭਿ ਆਈ। ਕਰੇ ਭਾਉ ਕੋ ਸੀਸ ਨਿਵਾਈ ॥ ੩੭ ॥

ਇਸ ਤਰ੍ਹਾਂ ਕਹਿ ਕੇ ਦੌਲੇ ਤੋਂ ਵਿਦਾ ਹੋਇਆ ਤੇ ਕਸ਼ਮੀਰ ਦੇ ਰਸਤੇ ਪੈ ਗਿਆ। ਜਦ ਉਥੇ ਜਾ ਕੇ ਪਹੁੰਚਿਆ ਤਾਂ ਸਾਰੀ ਸੰਗਤ ਆ ਗਈ, ਬੜਾ ਪ੍ਰੇਮ ਕਰਕੇ ਸੀਸ ਨਿਵਾਉਂਦੇ ਸਨ ॥੩੭॥

ਪਦ ਰਜ ਸੋਂ ਮੁਖ ਪਰ ਕਰ ਫਿਰਜੋ। ਲਯੋ ਹੁਕਮ ਨਾਮਾ ਸਿਰ ਧਰਜੋ।
ਪਢਿ ਕਰਿ ਸਭਿ ਉਰ ਆਨੰਦ ਭਰਜੋ। ਗੁਰੂ ਪੁਰਬ ਸੰਗਤਿ ਨੇ ਕਰਜੋ ॥ ੩੮ ॥

ਗੜ੍ਹੀਏ ਦੇ ਪੈਰਾਂ ਦੀ ਧੂੜ ਲੈ ਮੂੰਹ ਤੇ ਹੱਥ ਫੇਰਿਆ ਤੇ ਹੁਕਮਨਾਮਾ ਲੈ ਕੇ ਸਿਰ ਤੇ ਧਾਰਨ ਕੀਤਾ। ਪੜ੍ਹ ਕੇ ਸਾਰਿਆਂ ਦੇ ਹਿਰਦੇ ਵਿਚ ਅਨੰਦ ਭਰ ਗਿਆ। ਸੰਗਤ ਨੇ ਗੁਰੂ ਜੀ ਦਾ ਪੁਰਬ ਮਨਾਇਆ ॥੩੮॥

ਕਰਿ ਇਕਠੀ ਗੁਰ ਕਾਰ ਤਗੀਦ। ਦੇ ਕੈ ਸਰਬ ਲਿਖਾਇ ਰਸੀਦ।
ਗੜ੍ਹੀਏ ਦਰਬ ਪਾਇ ਗੁਰ ਕੇਰੇ। ਨਾਨਾ ਭੋਜਨ ਕੀਨਿ ਘਨੇਰੇ॥ ੩੯॥

ਗੁਰੂ ਜੀ ਦੀ ਕਾਰ ਇਕੱਠੀ ਕਰਕੇ ਲਿਆਏ ਤੇ ਦੇ ਕੇ ਸਾਰਿਆਂ ਨੇ ਰਸੀਦ ਲਿਖਵਾ ਲਈ। ਗੜ੍ਹੀਏ ਨੇ ਗੁਰੂ ਦਾ ਧਨ ਪਾ ਕੇ ਨਾਨਾ ਪ੍ਰਕਾਰ ਦੇ ਭੋਜਨ ਤਿਆਰ ਕਰਵਾਏ॥੩੯॥

ਸਤਿਸੰਗਤਿ ਕੋ ਕਰਿ ਭੋਗਾਏ। ਦਿਯੋ ਰੰਕ ਜੋ ਮਾਂਗਨਿ ਆਏ।
ਕਰਯੋ ਖਰਚ ਜੇਤਿਕ ਗੁਰ ਦਰਬਾ। ਪੁਰਿ ਕਸ਼ਮੀਰ ਬਿਖੈ ਸੋ ਸਰਬਾ॥ ੪੦॥

ਸਤਿਸੰਗਤ ਇਕੱਠੀ ਕਰ ਸਭ ਨੂੰ ਭੋਜਨ ਛਕਾਇਆ ਤੇ ਗਰੀਬਾਂ ਨੂੰ ਵੀ ਦਿੱਤਾ ਜਿਹੜੇ ਵੀ ਮੰਗਣ ਆਏ। ਗੁਰੂ ਜੀ ਦਾ ਜਿੰਨਾ ਵੀ ਧਨ ਸੀ ਸਾਰਾ ਕਸ਼ਮੀਰ ਵਿਖੇ ਹੀ ਖਰਚ ਦਿੱਤਾ॥੪੦॥

ਹਟਿ ਆਯਹੁ ਗੁਰ ਦਰਸ਼ਨ ਕੀਨਾ। ਪਰਯੋ ਚਰਨ ਪਰ ਪ੍ਰੇਮ ਪ੍ਰਬੀਨਾ।
ਬੂਝਯੋ ਸਤਿਗੁਰ 'ਕਹੁ ਕਯਾ ਲਯਾਯਹੁ। ਕਯਾ ਸੰਗਤਿ ਨੇ ਤੁਵ ਅਰਪਾਯਹੁ ॥੪੧॥

ਵਾਪਸ ਆ ਕੇ ਗੁਰੂ ਜੀ ਦੇ ਦਰਸ਼ਨ ਕੀਤੇ ਤੇ ਬੜੇ ਪ੍ਰੇਮ ਨਾਲ ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ। ਸਤਿਗੁਰੂ ਜੀ ਨੇ ਪੁਛਿਆ, "ਦੱਸੋ ਕੀ ਲਿਆਏ ਹੋ, ਸੰਗਤ ਨੇ ਤੁਹਾਨੂੰ ਕੀ ਭੇਟਾ ਦਿੱਤੀ ਹੈ"॥੪੧॥

ਕਹਤਿ ਭਯੋ 'ਸੁਨਿ ਸ਼੍ਰੀ ਗੁਰ ਸ੍ਵਾਮੀ। ਸਭਿ ਜਾਨਤਿ ਤੁਵ ਅੰਤਰਜਾਮੀ।
ਗੁਰ ਪੂਜਾ ਜੋ ਸਿੱਖਨਿ ਦੀਨੀ। ਸੋ ਮੈਂ ਤੁਮ ਕੋ ਅਰਪਨ ਕੀਨੀ॥ ੪੨॥

ਕਹਿਣ ਲੱਗਾ, "ਹੇ ਗੁਰੂ ਸਵਾਮੀ ਜੀ! ਸੁਣੋ, ਤੁਸੀਂ ਅੰਤਰਜਾਮੀ ਸਭ ਕੁਝ ਜਾਣਦੇ ਹੋ। ਗੁਰੂ ਪੂਜਾ ਜੋ ਸਿੱਖਾਂ ਨੇ ਦਿੱਤੀ ਸੀ, ਉਹ ਮੈਂ ਤੁਹਾਨੂੰ ਅਰਪਣ ਕਰ ਦਿੱਤੀ ਹੈ॥੪੨॥

ਕਰਿ ਗੁਰਪੁਰਬ ਸਿੱਖ ਤ੍ਰਿਪਤਾਏ। ਤੁਮ ਸਭਿ ਘਟ ਭੋਗੀ ਸੁਖ ਪਾਏ'।
ਸੁਨਿ ਕਰਿ ਸਤਿਗੁਰ ਬਿਗਸਨ ਕੀਨਾ। 'ਭਲੀ ਕਰੀ ਤੈਂ, ਸਿੱਖ ਪ੍ਰਬੀਨਾ!' ॥੪੩॥

ਗੁਰਪੁਰਬ ਕਰਕੇ ਸਿੱਖਾਂ ਨੂੰ ਤ੍ਰਿਪਤ ਕੀਤਾ ਹੈ, ਤੁਸੀਂ ਸਾਰੀ ਆਪਣੇ ਹਿਰਦੇ ਵਿਚ ਭੋਗੀ ਹੈ ਤੇ ਸੁਖ ਪਾਇਆ ਹੈ।" ਇਹ ਸੁਣ ਕੇ ਸਤਿਗੁਰੂ ਜੀ ਹੱਸ ਪਏ ਤੇ ਬਚਨ ਕੀਤਾ, "ਤੂੰ ਭਲਾ ਕੀਤਾ, ਤੂੰ ਇਕ ਨਿਪੁੰਨ ਸਿੱਖ ਹੈਂ"॥੪੩॥

ਸਰਬ ਮਸੰਦ ਜਿ ਗੁਰ ਅਗੁਵਾਈ। ਸਭਿਹਿਨਿ ਸੋਂ ਕਹਿ ਕੈ ਸਮੁਝਾਈ।
'ਜੋ ਕਸ਼ਮੀਰ ਕਾਰ ਧਨ ਭਾਰੀ। ਹਮ ਗੜ੍ਹੀਏ ਤੇ ਲੀਨਿ ਸੰਭਾਰੀ' ॥ ੪੪॥

ਸਾਰੇ ਮਸੰਦ ਜਿਹੜੇ ਗੁਰੂ ਜੀ ਪਾਸ ਬੈਠੇ ਸਨ, ਸਾਰਿਆਂ ਨੂੰ ਕਹਿ ਕੇ ਗੁਰੂ ਜੀ ਨੇ ਸਮਝਾਇਆ, "ਜੋ ਕਸ਼ਮੀਰ ਤੋਂ ਕਾਰ ਭੇਟ ਅਤੇ ਭਾਰੀ ਗਿਣਤੀ ਵਿਚ ਧਨ ਆਇਆ ਹੈ, ਅਸੀਂ ਗੜ੍ਹੀਏ ਤੋਂ ਲੈ ਕੇ ਸੰਭਾਲ ਲਿਆ ਹੈ"॥੪੪॥

ਭਏ ਪ੍ਰਸੰਨ ਬਿਸਾਲ ਕ੍ਰਿਪਾਲਾ। ਅਸ ਆਇਸੁ ਦੀਨੀ ਤਿਸ ਕਾਲਾ।
'ਅਬਿ ਤੁਮ ਗ੍ਰਿਹ ਬੈਠਹੁ ਸੁਖ ਪਾਵਹੁ। ਸਿੱਖੀ ਜਗਤ ਬਿਖੈ ਬਿਦਤਾਵਹੁ॥੪੫॥

ਕਿਰਪਾਲੂ ਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਉਸ ਸਮੇਂ ਇਸ ਤਰ੍ਹਾਂ ਆਗਿਆ ਕੀਤੀ, "ਹੁਣ ਤੂੰ ਘਰ ਵਿਚ ਬੈਠ ਕੇ ਸੁਖ ਪਾਵੇਂ ਤੇ ਜਗਤ ਵਿਚ ਸਿੱਖੀ ਨੂੰ ਪ੍ਰਗਟ ਕਰੇਂ॥੪੫॥

ਪਰੀ ਥਾਇ ਸਭਿ ਘਾਲ ਤੁਮਾਰੀ। ਗ੍ਰਿਹ ਮਹਿਂ ਸਿਮਰਹੁ ਨਾਮ ਮੁਰਾਰੀ'।
ਗੁਰ ਤੇ ਬਿਦਾ ਹੋਇ ਗ੍ਰਿਹ ਆਇਵ। ਚਰਨ ਪ੍ਰੇਮ ਕਰਿ ਤੈਸੇ ਧਯਾਇਵ॥੪੬॥

ਤੇਰੀ ਸਾਰੀ ਘਾਲ ਕਮਾਈ ਪ੍ਰਵਾਨ ਹੋ ਗਈ ਹੈ ਤੇ ਘਰ ਵਿਚ ਬੈਠ ਕੇ ਪ੍ਰਭੂ ਦੇ ਨਾਮ ਦਾ ਸਿਮਰਨ ਕਰੋ।" ਭਾਈ ਗੜ੍ਹੀਆ ਫਿਰ ਗੁਰੂ ਜੀ ਪਾਸੋਂ ਵਿਦਾ ਲੈ ਕੇ ਆਪਣੇ ਘਰ ਆ ਗਿਆ ਤੇ ਗੁਰੂ ਜੀ ਦੇ ਚਰਨਾਂ ਨੂੰ ਪ੍ਰੇਮ ਕਰਕੇ ਪਹਿਲਾਂ ਵਾਂਗ ਹੀ ਧਿਆਉਂਦਾ ਸੀ॥੪੬॥

ਜੋ ਜਾਚਨ ਜਾਵਹਿ ਤਿਸ ਪਾਸੁ। ਦੇ ਤਤਕਾਲ ਨਿਕਾਸਿ ਅਵਾਸ।
ਜਬਿ ਖਰਚੀ ਤਿਸ ਤੇ ਥੁਰਿ ਜਾਇ। ਜਾਚਨਹਾਰ ਆਇਂ ਸਮੁਦਾਇ॥ ੪੭॥

ਜਿਹੜਾ ਉਸ ਪਾਸ ਕੁਝ ਮੰਗਣ ਜਾਂਦਾ ਸੀ, ਉਸ ਨੂੰ ਤੁਰਤ ਘਰ ਵਿਚੋਂ ਧਨ ਕੱਢ ਕੇ ਦੇ ਦਿੰਦਾ ਸੀ। ਜਦ ਧਨ ਉਸ ਪਾਸੋਂ ਘੱਟ ਜਾਂਦਾ ਸੀ, ਤੇ ਮੰਗਣ ਵਾਲੇ ਜ਼ਿਆਦਾ ਆ ਜਾਂਦੇ ਸਨ॥੪੭॥

ਤਬਿ ਇਹ ਬਾਤ ਪੁਕਾਰ ਕਹੰਤਾ। 'ਜੋ ਸੁਤ ਚਾਹੈ ਬਿਨ ਸੁਤਵੰਤਾ।
ਪੰਚ ਰਜਤਪਣ ਆਨਿ ਚਢਾਵਹਿ। ਸੋ ਤਤਕਾਲ ਪੁੱਤ੍ਰ ਕੋ ਪਾਵਹਿ'॥ ੪੮॥

ਤਾਂ ਸਾਰਿਆਂ ਨੂੰ ਸੁਣਾ ਕੇ ਇਹ ਕਹਿੰਦਾ ਸੀ, "ਜਿਹੜਾ ਨਿਪੁੱਤਾ, ਪੁੱਤਰ ਦੀ ਦਾਤ ਚਾਹੇ, ਉਹ ਪੰਜ ਰੁਪਏ ਆ ਕੇ ਚੜ੍ਹਾਵੇ, ਉਹ ਤੁਰਤ ਪੁੱਤਰ ਨੂੰ ਪਾਵੇਗਾ"॥੪੮॥

ਇਮ ਲੇ ਕਰਿ ਭੂਖੇ ਕਉ ਦੇਵਹਿ। ਸਿਮਰ ਨਾਮ ਸਤਿਗੁਰ ਕੋ ਸੇਵਹਿ।
ਸਦਾ ਰਹੈ ਮਨ ਤੇ ਉਪਕਾਰੀ। ਕਰੁਨਾ ਕਰਹਿ ਹੇਰਿ ਨਰ ਨਾਰੀ॥ ੪੯॥

ਇਸ ਤਰ੍ਹਾਂ ਧਨ ਲੈ ਕੇ ਭੁਖਿਆਂ ਨੂੰ ਦਿੰਦਾ ਸੀ ਤੇ ਨਾਮ ਦਾ ਸਿਮਰਨ ਕਰਕੇ ਸਤਿਗੁਰੂ ਜੀ ਨੂੰ ਪੂਜਦਾ ਸੀ। ਉਸ ਦਾ ਮਨ ਸਦਾ ਹੀ ਉਪਕਾਰੀ ਰਹਿੰਦਾ ਸੀ, ਇਸਤਰੀ ਪੁਰਸ਼ਾਂ ਨੂੰ ਵੇਖ ਕੇ ਕਿਰਪਾ ਕਰਦਾ ਸੀ॥੪੯॥

*ਛੇਵੀਂ ਰਾਸ ਦਾ ਇਕਵੰਜਵਾਂ ਅਧਿਆਇ ਸਮਾਪਤ ਹੋਇਆ॥੫੧॥*

## ਅਧਿਆਇ ਬਵੰਜਵਾਂ

*ਪੰਡਿਤ ਨਿਤਾਨੰਦ ਦੀ ਕਥਾ*

ਦੋਹਰਾ- ਇਕ ਦਿਨ ਸ੍ਰੀ ਸਤਿਗੁਰ ਕਹ੍ਯੋ 'ਕਥਾ ਸੁਨਹਿਂ ਅਬਿ ਕੋਇ'।
ਪਠ੍ਯੋ ਵਟਾਲੇ ਨਗਰ ਕੋ ਏਕ ਸਿੱਖ ਛਿਨ ਸੋਇ॥ ੧॥

ਇਕ ਦਿਨ ਸਤਿਗੁਰੂ ਜੀ ਨੇ ਕਿਹਾ, "ਹੁਣ ਕੋਈ ਕਥਾ ਸੁਣੀਏ" ਉਸੇ ਵੇਲੇ ਇਕ ਸਿੱਖ ਨੂੰ ਵਟਾਲੇ ਨਗਰ ਵੱਲ ਭੇਜਿਆ॥੧॥

ਚੌਪਈ- 'ਨਿਤਾਨੰਦ ਦਿਜ ਪੰਡਿਤ ਮਹਾਂ। ਆਨ ਹਕਾਰਿ, ਬਸਹਿ ਪੁਰਿ ਤਹਾਂ'।
ਸੁਨਤਿ ਸਿੱਖ ਤੂਰਨ ਚਲਿ ਗਯੋ। ਪੰਡਿਤ ਸੰਗ ਕਹਤਿ ਇਮ ਭਯੋ॥੨॥

ਉਸ ਸਿੱਖ ਨੂੰ ਕਿਹਾ, "ਵਟਾਲੇ ਨਗਰ ਵਿਚ ਨਿਤਾ ਨੰਦ ਨਾਮੀ ਇਕ ਮਹਾਨ ਪੰਡਿਤ ਰਹਿੰਦਾ ਹੈ, ਉਸ ਨੂੰ ਬੁਲਾ ਕੇ ਲਿਆਵੋ।" ਇਹ ਸੁਣ ਕੇ ਸਿੱਖ ਤੁਰਤ ਚਲਾ ਗਿਆ ਤੇ ਜਾ ਕੇ ਪੰਡਿਤ ਨੂੰ ਇਸ ਤਰ੍ਹਾਂ ਕਹਿਣ ਲੱਗਾ॥੨॥

'ਤੁਮ ਤੇ ਕਥਾ ਸੁਨੀ ਗੁਰ ਚਾਹੈਂ। ਪੁਸਤਕ ਲੇਹੁ ਚਲਹੁ ਤਿਨ ਪਾਹੈਂ।
ਸੁਨਿ ਮੁਦ ਧਰਿ ਦਿਜ ਹੋਯਹੁ ਤਯਾਰੀ। ਪਰਜੋ ਪੰਥ ਹੁਇ ਸਿੱਖ ਸੰਗਾਰੀ ॥ ੩ ॥

ਗੁਰੂ ਜੀ ਤੁਹਾਡੇ ਪਾਸੋਂ ਕਥਾ ਸੁਣਨੀ ਚਾਹੁੰਦੇ ਹਨ, ਆਪਣੀ ਪੁਸਤਕ ਲੈ ਕੇ ਉਨ੍ਹਾਂ ਦੇ ਪਾਸ ਜਾਵੋ।" ਇਹ ਸੁਣ ਕੇ ਬ੍ਰਾਹਮਣ ਬੜਾ ਪ੍ਰਸੰਨ ਹੋ ਕੇ ਤਿਆਰ ਹੋ ਗਿਆ, ਸਿੱਖ ਦੇ ਨਾਲ ਉਹ ਚਲ ਪਿਆ ॥੩॥

ਆਇ ਮਿਲਯੋ ਸਤਿਗੁਰ ਕੇ ਸੰਗ। ਸਨਮਾਨਯੋ ਬਹੁ ਲਖਿ ਦਿਜ ਅੰਗ।
ਅਗਲੇ ਦਿਵਸ ਕਥਾ ਕਰਿਵਾਈ। ਬਹੁ ਰਾਜਨਿ ਕੀ ਗਾਥ ਸੁਨਾਈ ॥ ੪ ॥

ਆ ਕੇ ਸਤਿਗੁਰੂ ਜੀ ਨੂੰ ਮਿਲਿਆ, ਗੁਰੂ ਜੀ ਨੇ ਬ੍ਰਾਹਮਣ ਨੂੰ ਵੇਖ ਕੇ ਉਸ ਦਾ ਬਹੁਤ ਸਨਮਾਨ ਕੀਤਾ। ਅਗਲੇ ਦਿਨ ਉਸ ਤੋਂ ਕਥਾ ਕਰਵਾਈ, ਉਸ ਨੇ ਬਹੁਤ ਰਾਜਿਆਂ ਦੀਆਂ ਕਹਾਣੀਆਂ ਸੁਣਾਈਆਂ ॥੪॥

ਲਗਹਿ ਦਿਵਾਨ ਆਨਿ ਕਰਿ ਭਾਰਾ। ਸੁਨਹਿਂ ਗੁਰੂ ਜੁਤਿ ਸਿੱਖ ਹਜ਼ਾਰਾ।
ਚਿਰ ਲੌ ਬੈਠਹਿਂ ਕਥਾ ਸੁਨੰਤੇ। ਅਨਿਕ ਪ੍ਰਸੰਗਨ ਕੋ ਬਰਨੰਤੇ॥ ੫ ॥

ਬਹੁਤ ਭਾਰੀ ਦੀਵਾਨ ਲੱਗਦਾ ਸੀ, ਗੁਰੂ ਸਹਿਤ ਹਜ਼ਾਰਾਂ ਸਿੱਖ ਕਥਾ ਸੁਣਦੇ ਸਨ। ਬਹੁਤ ਦੇਰ ਤਕ ਬੈਠੇ ਕਥਾ ਸੁਣਦੇ ਸੀ, ਉਹ ਅਨੇਕ ਪ੍ਰਸੰਗਾਂ ਨੂੰ ਵਰਣਨ ਕਰਦਾ ਸੀ॥੫॥

ਕੇਤਿਕ ਦਿਵਸ ਕਥਾ ਮਨ ਲਾਯੋ। ਇਕ ਪ੍ਰਸੰਗ ਤਬਿ ਐਸੋ ਆਯੋ।
'ਜਮ ਕੀ ਪੁਰੀ ਦੂਰ ਮਗ ਜਾਇ। ਏਕ ਬਰਖ ਮਹਿਂ ਨਰ ਪਹੁੰਚਾਇ' ॥ ੬ ॥

ਕਈ ਦਿਨ ਤਕ ਕਥਾ ਵਿਚ ਮਨ ਲਾਇਆ, ਇਕ ਦਿਨ ਫਿਰ ਐਸਾ ਪ੍ਰਸੰਗ ਆਇਆ। "ਜਮ ਦੀ ਪੁਰੀ ਦਾ ਪੈਂਡਾ ਬਹੁਤ ਦੂਰ ਹੈ, ਇਕ ਸਾਲ ਵਿਚ ਮਨੁੱਖ ਉਥੇ ਪਹੁੰਚ ਸਕਦਾ ਹੈ" ॥੬॥

ਇਹ ਸੁਨਿ ਸਿੱਖਨਿ ਮਨ ਮਹਿਂ ਧਰਜੋ। ਕਥਾ ਕਹਨਿ ਤ ਜਬਿ ਹਟਿ ਪਰਜੋ।
ਚਾਰ ਸਿੱਖ ਤਬਿ ਆਪਸ ਮਹੀਆ। ਤਿਸ ਪ੍ਰਸੰਗ ਪਰ ਐਸੇ ਕਹੀਆ॥ ੭ ॥

ਇਹ ਸੁਣ ਕੇ ਸਿੱਖਾਂ ਨੇ ਇਸ ਨੂੰ ਮਨ ਵਿਚ ਧਾਰਨ ਕੀਤਾ। ਜਦ ਪੰਡਿਤ ਕਥਾ ਕਹਿਣ ਤੋਂ ਹੱਟ ਗਿਆ ਤਦ ਚਾਰ ਸਿੱਖਾਂ ਨੇ ਆਪਸ ਵਿਚ, ਉਸ ਪ੍ਰਸੰਗ ਬਾਰੇ ਇਸ ਤਰ੍ਹਾਂ ਕਿਹਾ॥੭॥

ਸੁੰਦਰ ਨਾਮ ਸਿੱਖ ਤਬਿ ਲਹਯੋ। 'ਪੰਥ ਬਰਖ ਕੋ ਪੰਡਿਤ ਕਹਯੋ।
ਮੈਂ ਗੁਰ ਕਰੁਨਾ ਤੇ ਚਲਿ ਜੈ ਹੌਂ। ਚਾਰ ਪਹਿਰ ਕੇ ਬਿਖੈ ਸਿਧੈ ਹੌਂ' ॥ ੮ ॥

ਸੁੰਦਰ ਨਾਮੀਂ ਸਿੱਖ ਨੇ ਤਦ ਕਿਹਾ, "ਇਕ ਸਾਲ ਦਾ ਪੈਂਡਾ ਹੈ ਪੰਡਿਤ ਨੇ ਕਿਹਾ ਹੈ, ਪਰ ਮੈਂ ਗੁਰੂ ਜੀ ਦੀ ਕਿਰਪਾ ਨਾਲ ਉਥੇ ਚਾਰ ਪਹਿਰ ਵਿਚ ਚਲ ਕੇ ਪਹੁੰਚ ਜਾਵਾਂਗਾ" ॥੮॥

ਸੁਨਿ ਲਾਲਾ ਸਿਖ ਬੋਲਯੋ ਤਬੈ। 'ਗੁਰੂ ਦਯਾ ਤੇ ਉਲੰਘੋਂ ਸਬੈ।
ਦੋਇ ਪਹਿਰ ਕੋ ਮਾਰਗ ਮੇਰੋ। ਪਹੁਚੋਂ, ਅਪਰ ਬਿਲਮ ਨਹਿਂ ਹੇਰੋਂ' ॥ ੯ ॥

ਇਹ ਸੁਣ ਕੇ ਲਾਲਾ ਨਾਮੀਂ ਸਿੱਖ ਬੋਲਿਆ, "ਗੁਰੂ ਜੀ ਦੀ ਦਇਆ ਨਾਲ ਮੈਂ ਇਹ ਸਾਰਾ ਪੈਂਡਾ ਦੋ ਪਹਿਰ ਵਿਚ ਪੂਰਾ ਕਰਕੇ ਪਹੁੰਚ ਜਾਵਾਂਗਾ ਤੇ ਹੋਰ ਦੇਰ ਨਹੀਂ ਕਰਾਂਗਾ" ॥੯॥

ਪੁਨ ਮੱਯਾ ਸਿਖ ਬਾਕ ਬਖਾਨੇ। 'ਉਲੰਘੋਂ ਜਾਮ ਦਯਾ ਗੁਰ ਠਾਨੇ'।
ਬਹੁਰ ਨਿਹਾਲੇ ਬਾਕ ਉਚਾਰੇ। 'ਗੁਰ ਕਰੁਨਾ ਤੇ ਨਿਮਖ ਮਝਾਰੇ॥ ੧੦ ॥

ਫਿਰ ਮੱਝਾ ਨਾਮ ਸਿੱਖ ਨੇ ਕਿਹਾ, "ਗੁਰੂ ਜੀ ਦੀ ਕਿਰਪਾ ਨਾਲ ਮੈਂ ਇਕ ਪਹਿਰ ਵਿਚ ਪਹੁੰਚ ਜਾਵਾਂਗਾ।" ਫਿਰ ਨਿਹਾਲ ਨਾਮੀਂ ਸਿੱਖ ਨੇ ਉਚਾਰਨ ਕੀਤਾ, "ਗੁਰੂ ਜੀ ਦੀ ਕਿਰਪਾ ਨਾਲ ਮੈਂ ਇਕ ਪਲ ਵਿਚ ਪਹੁੰਚ ਜਾਵਾਂਗਾ॥੧੦॥

ਜਾਉਂ ਪ੍ਰਲੋਕ ਜੁ ਪੰਡਿਤ ਭਨਿਓ। ਇਮ ਆਪਸ ਮਹਿਂ ਕਹਿਓ ਸੁਨਿਓ।
ਇਨ ਰੀਤਨ ਕੇ ਕਹੇ ਵਾਕ ਜਬਿ। ਪੰਡਿਤ ਇਨ ਕੀ ਦਿਸ਼ਾ ਦੇਖਿ ਤਬਿ॥੧੧॥

ਉਸੇ ਪ੍ਰਲੋਕ ਜਾਵਾਂਗਾ ਜਿਸ ਬਾਰੇ ਪੰਡਿਤ ਨੇ ਕਿਹਾ ਹੈ।" ਇਸ ਤਰ੍ਹਾਂ ਸਿੱਖਾਂ ਨੇ ਆਪਸ ਵਿਚ ਕਿਹਾ ਤੇ ਸੁਣਿਆ। ਜਦ ਸਿੱਖਾਂ ਨੇ ਇਸ ਰੀਤੀ ਦੇ ਬਚਨ ਕਹੇ ਤਾਂ ਪੰਡਿਤ ਨੇ ਉਨ੍ਹਾਂ ਵਲ ਵੇਖਿਆ॥੧੧॥

ਬਿਸਮਜੋ ਮਨ ਮਹਿਂ ਗੁਰ ਸੰਗ ਬੂਝਾ। 'ਸਿਖਿ ਕਿਮ ਕਹਤਿ ? ਕਹਾਂ ਇਨ ਸੂਝਾ ?।
ਬੇਦ ਬਜਾਸ ਕੇ ਕਰੇ ਪੁਰਾਨਾ। ਤੁਮ ਹੀ ਜਾਨਹੁ ਕ੍ਰਿਪਾ ਨਿਧਾਨਾ॥ ੧੨॥

ਉਹ ਮਨ ਵਿਚ ਬੜਾ ਹੈਰਾਨ ਹੋਇਆ ਤੇ ਗੁਰੂ ਜੀ ਨੂੰ ਪੁਛਿਆ, "ਸਿੱਖ ਕਿਵੇਂ ਕਹਿੰਦੇ ਹਨ, ਇਨ੍ਹਾਂ ਨੂੰ ਕਿਵੇਂ ਗਿਆਨ ਹੋਇਆ ਹੈ ?। ਵੇਦ ਵਿਆਸ ਨੇ ਆਪਣੇ ਪੁਰਾਣ ਵਿਚ ਲਿਖਿਆ ਹੈ, ਹੇ ਕਿਰਪਾ ਨਿਧਾਨ ਸਤਿਗੁਰੂ ਜੀ ਤੁਸੀਂ ਹੀ ਇਸ ਬਾਰੇ ਜਾਣਦੇ ਹੋ॥੧੨॥

ਲਿਖਜੋ ਪੁਰਾਨ ਬਿਖੈ ਕੈ ਕੂਰ। ਕੈ ਸਿਖ ਬੋਲਤਿ ਕੂਰ ਹਜ਼ੂਰ।
ਚਾਰਿ ਜਾਮ ਕੈ ਨਿਮਖ ਮਝਾਰਾ। ਪੰਥ ਬਡੋ ਕਿਮ ਉਲੰਘਹਿਂ ਸਾਰਾ॥੧੩॥

ਜਿਹੜਾ ਪੁਰਾਣ ਵਿਚ ਲਿਖਿਆ ਹੈ ਕੀ ਉਹ ਝੂਠ ਹੈ? ਜਾਂ ਹਜ਼ੂਰ ! ਇਹ ਸਿੱਖ ਝੂਠ ਬੋਲਦੇ ਹਨ। ਚਾਰ ਪਹਿਰਾਂ ਜਾਂ ਪਲ ਵਿਚ ਏਡਾ ਲੰਮਾ ਪੈਂਡਾ ਕਿਵੇਂ ਪਾਰ ਕਰ ਲੈਣਗੇ"॥੧੩॥

ਤਬਿ ਸਤਿਗੁਰ ਗੁਰਦਾਸ ਨਿਹਾਰਾ। 'ਦਿਹੁ ਪੰਡਿਤ ਕੋ ਸੰਸੈ ਟਾਰਾ।
ਜਥਾ ਜੋਗ ਉੱਤਰ ਕੋ ਦੀਜੈ। ਦਿਜਬਰ ਕੋ ਸ਼ਾਂਤੀ ਉਰ ਕੀਜੈ'॥ ੧੪॥

ਤਦ ਸਤਿਗੁਰੂ ਜੀ ਨੇ ਭਾਈ ਗੁਰਦਾਸ ਵੱਲ ਵੇਖਿਆ ਤੇ ਕਿਹਾ, "ਪੰਡਿਤ ਦੇ ਸ਼ੰਕੇ ਨੂੰ ਨਵਿਰਤ ਕਰ ਦੇਵੋ, ਯਥਾ ਯੋਗ ਉੱਤਰ ਦੇਵੋ ਤੇ ਬ੍ਰਾਹਮਣ ਦੇ ਹਿਰਦੇ ਨੂੰ ਸ਼ਾਂਤ ਕਰੋ॥੧੪॥

ਗੁਰ ਰੁਖ਼ ਪਾਇ ਕਹਜੋ ਗੁਰਦਾਸ। 'ਸੁਨਹੁ ਬਿੱਪ੍ਰ ਸਚ ਕਹਿਂ ਤੁਮ ਪਾਸ।
ਕਹੇ ਬਜਾਸ ਕੇ ਸਕਲ ਪੁਰਾਨ। ਹੈਂ ਸਾਚੇ ਸਭਿ ਸੁਨਹਿ ਜਹਾਨ॥ ੧੫॥

ਗੁਰੂ ਜੀ ਦਾ ਇਸ਼ਾਰਾ ਸਮਝ ਕੇ ਭਾਈ ਗੁਰਦਾਸ ਨੇ ਕਿਹਾ, "ਹੇ ਪੰਡਿਤ ਜੀ ! ਸੁਣੋ, ਤੁਹਾਡੇ ਪਾਸ ਸੱਚੀ ਗੱਲ ਕਹਿੰਦੇ ਹਾਂ। ਵੇਦ ਵਿਆਸ ਦੇ ਕਹੇ ਸਾਰੇ ਪੁਰਾਣ ਸੱਚੇ ਹਨ ਅਤੇ ਸਾਰਾ ਜਹਾਨ ਇਨ੍ਹਾਂ ਨੂੰ ਸੁਣਦਾ ਹੈ॥੧੫॥

ਸਤਿਗੁਰ ਕੇ ਸਿਖ ਸੋ ਭੀ ਸਾਚੇ। ਸਦਾ ਉਪਾਸਨ ਗੁਰ ਕੀ ਰਾਚੇ।
ਕਰਮ ਕਾਂਡ ਮੈਂ ਜੋ ਜਗ ਜੀਵਾ। ਕਰਹਿਂ ਸੁਭਾਸੁਭ ਸਰਬ ਸਦੀਵਾ॥ ੧੬॥

ਜਿਹੜੇ ਸਤਿਗੁਰੂ ਜੀ ਦੇ ਸਿੱਖ ਹਨ, ਉਹ ਵੀ ਸੱਚੇ ਹਨ, ਉਹ ਸਦਾ ਗੁਰੂ ਜੀ ਦੀ ਉਪਾਸ਼ਨਾ ਕਰਦੇ ਹਨ। ਜਗਤ ਦੇ ਜੀਵ ਜੋ ਕਰਮ-ਕਾਂਡ ਵਿਚ ਲੱਗੇ ਹਨ ਉਹ ਸਾਰੇ ਸਦਾ ਸ਼ੁਭ ਅਸ਼ੁਭ ਵਿਚ ਲੱਗੇ ਰਹਿੰਦੇ ਹਨ॥੧੬॥

ਤਿਨ ਕੋ ਪੰਥ ਤਥਾ ਹੀ ਜਾਨਾ। ਪੁੰਨੀ ਕੇ ਅਸਵਾਰੀ ਨਾਨਾ।
ਤਊ ਬਰਖ ਦਿਨ ਮਹਿਂ ਤਹਿਂ ਜਾਇ। ਲੇਖਾ ਧਰਮ ਰਾਇ ਢਿਗ ਪਾਇ॥੧੭॥

ਉਨ੍ਹਾਂ ਨੇ ਉਹ ਪੈਂਡਾ ਉਸ ਤਰ੍ਹਾਂ ਹੀ ਜਾਣਿਆ ਹੈ, ਪਰ ਪੁੰਨ ਕਰਨ ਵਾਲੇ ਵਾਸਤੇ ਕਈ ਪ੍ਰਕਾਰ ਦੀਆਂ ਅਸਵਾਰੀਆਂ ਹਨ। ਇਸ ਕਰਕੇ ਇਕ ਸਾਲ ਦਾ ਪੈਂਡਾ ਇਕ ਦਿਨ ਵਿਚ ਤਹਿ ਹੋ ਜਾਂਦਾ ਹੈ ਤੇ ਧਰਮ ਰਾਜ ਪਾਸ ਜਾ ਕੇ ਲੇਖਾ ਪਾਉਂਦੇ ਹਨ॥੧੭॥

ਜੇ ਪਾਪੀ ਤਿਨ ਮਾਰਤਿ ਜਾਤੇ। ਦੁਖ ਕੋ ਪਾਇ ਸੁ ਪਾਇ ਪ੍ਰਜਾਤੇ।
ਸੋ ਭੀ ਜਾਹਿਂ ਬਰਖ ਦਿਨ ਮਾਂਹੀ। ਲਹੈਂ ਸਜ਼ਾਇਨਿ ਅੰਤਕ ਪਾਹੀ॥ ੧੮॥

ਜਿਹੜੇ ਪਾਪੀ ਹਨ, ਉਨ੍ਹਾਂ ਨੂੰ ਮਾਰਦੇ ਜਾਂਦੇ ਹਨ, ਦੁੱਖ ਨੂੰ ਪਾ ਕੇ ਉਹ ਪੈਰੀਂ ਤੁਰਦੇ ਹਨ, ਉਹ ਇਕ ਸਾਲ ਵਿਚ ਜਾ ਕੇ ਪਹੁੰਚਦੇ ਹਨ ਤੇ ਜਮਾਂ ਪਾਸੋਂ ਸਜ਼ਾਵਾਂ ਲੈਂਦੇ ਹਨ॥੧੮॥

ਤਿਨ ਕੋ ਜਾਨੈ ਭਨਹਿ ਪੁਰਾਨ। ਗੁਰ ਸਿੱਖਨਿ ਕੋ ਨਹਿਂਨ ਬਖਾਨ।
ਇਨ ਕੇ ਨਿਕਟਿ ਨਹੀਂ ਜਮ ਆਵੈ। ਰਹੈ ਦੂਰ ਦੀਰਘ ਡਰ ਪਾਵੈ॥ ੧੯॥

ਪੁਰਾਣ ਉਨ੍ਹਾਂ ਬਾਰੇ ਹੀ ਜਾਣਕੇ ਕਹਿੰਦਾ ਹੈ, ਉਹ ਗੁਰੂ ਦੇ ਸਿੱਖਾਂ ਬਾਰੇ ਵਖਿਆਣ ਨਹੀਂ ਕਰਦਾ ਹੈ। ਇਨ੍ਹਾਂ ਦੇ ਨੇੜੇ ਜਮ ਨਹੀਂ ਆਉਂਦਾ ਹੈ। ਦੂਰ ਰਹਿੰਦਾ ਹੈ ਤੇ ਬਹੁਤ ਡਰ ਮੰਨਦਾ ਹੈ॥੧੯॥

ਧਰਮਰਾਇ ਆਦਰ ਕਰਿ ਮਿਲੈ। ਸਾਧ ਸਾਧ ਸਭਿ ਕਹਿਂ ਜਬਿ ਚਲੈਂ।
ਸ੍ਰੀ ਨਾਨਕ ਕੀ ਸਿੱਖੀ ਮਹਾਂ। ਮਹਾਂ ਮਹਾਤਮ ਹੈ ਜਹਿਂ ਕਹਾਂ॥ ੨੦॥

ਇਨ੍ਹਾਂ ਨੂੰ ਧਰਮਰਾਇ ਬੜੇ ਆਦਰ ਨਾਲ ਮਿਲਦਾ ਹੈ, ਜਦ ਜਾਂਦੇ ਹਨ ਤਾਂ ਸਾਰੇ 'ਸ਼ਾਬਾਸ਼ ਸ਼ਾਬਾਸ਼' ਕਹਿੰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਮਹਾਨ ਹੈ, ਜਿਥੇ ਕਿਥੇ ਇਸ ਦਾ ਮਹਾਨ ਮਹਾਤਮ ਹੈ॥੨੦॥

ਜੇਤਿਕ ਬਲ ਜਿਸ ਮਹਿਂ ਹੁਇ ਆਵੈ। ਤੇਤਿਕ ਕਹੈ ਨ ਕੂਰ ਅਲਾਵੇ।
ਇਨ ਸਿੱਖਨ ਮਹਿਂ ਸ਼ਕਤੀ ਐਸੇ। ਦਈ ਗੁਰੂ ਕੀ ਭਾਖਤਿ ਜੈਸੇ॥ ੨੧॥

ਜਿੰਨੀ ਸ਼ਕਤੀ ਜਿਸ ਵਿਚ ਹੁੰਦੀ ਹੈ, ਉਹ ਓਨਾ ਹੀ ਕਹਿੰਦਾ ਹੈ, ਝੂਠ ਨਹੀਂ ਬੋਲਦਾ ਹੈ। ਇਨ੍ਹਾਂ ਸਿੱਖਾਂ ਵਿਚ ਐਸੀ ਸ਼ਕਤੀ ਹੈ, ਜਿਹੜੀ ਇਨ੍ਹਾਂ ਨੂੰ ਗੁਰੂ ਜੀ ਨੇ ਦਿੱਤੀ ਹੈ, ਜਿਵੇਂ ਇਹ ਕਹਿੰਦੇ ਹਨ॥੨੧॥

ਜੇ ਸ੍ਰੀ ਗੁਰ ਕਰੁਨਾ ਫਲ ਪੈ ਹੈਂ। ਨਿਮਖ ਨ ਲਾਗਹਿ ਤਹਿਂ ਪਹੁੰਚੈ ਹੈਂ।
ਸ਼੍ਰੀ ਗ੍ਰੰਥ ਮਹਿਂ ਬਹੁ ਥਲ ਕਹਜੋ। ਜਮ ਨਹਿਂ ਪਿਖਹਿ ਗੁਰੂ ਜਿਨ ਲਹਜੋ॥੨੨॥

ਜਿਨ੍ਹਾਂ ਉਤੇ ਗੁਰੂ ਜੀ ਦੀ ਕਿਰਪਾ ਹੈ, ਉਸ ਦੇ ਫਲਸਰੂਪ ਉਨ੍ਹਾਂ ਨੂੰ ਪਹੁੰਚਣ ਵਿਚ ਪਲ ਵੀ ਨਹੀਂ ਲੱਗਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਹੁਤ ਥਾਂ ਇਹ ਕਿਹਾ ਹੈ, ਜਿਨ੍ਹਾਂ ਉਤੇ ਗੁਰੂ ਦੀ ਕਿਰਪਾ ਹੁੰਦੀ ਹੈ, ਉਨ੍ਹਾਂ ਨੂੰ ਜਮ ਵੀ ਨਹੀਂ ਵੇਖ ਸਕਦਾ॥੨੨॥

ਯਾਂਤੇ ਗੁਰ ਮਹਿਮਾ ਬਹੁ ਭਾਰੀ। ਨਹੀਂ ਮਹਾਤਮ ਜਾਇ ਉਚਾਰੀ'।
ਸੁਨਿ ਪੰਡਿਤ ਚਿਤਵਤਿ ਚਿਤ ਮਾਂਹੀ। 'ਕਹਾਂ ਕਥਾ ਉਚਰੌਂ ਗੁਰ ਪਾਹੀ॥੨੩॥

ਇਸ ਕਰਕੇ ਗੁਰੂ ਮਹਿਮਾ ਬਹੁਤ ਭਾਰੀ ਹੈ, ਇਸ ਦੇ ਮਹਾਤਮ ਨੂੰ ਉਚਾਰਨ ਨਹੀਂ ਕੀਤਾ ਜਾ ਸਕਦਾ।" ਇਹ ਸੁਣ ਕੇ ਪੰਡਿਤ ਚਿੱਤ ਵਿਚ ਵਿਚਾਰਨ ਲੱਗਾ, "ਮੈਂ ਗੁਰੂ ਜੀ ਪਾਸ ਕਿਥੇ ਕਥਾ ਉਚਾਰਨ ਯੋਗ ਹਾਂ॥੨੩॥

ਭੂਤ ਭਵਿੱਖਤਿ ਕੇ ਇਹ ਗਜਾਤਾ। ਸਗਰੇ ਜਗਤ ਪੂਜ ਬੱਖਜਾਤਾ।
ਦੇਸ਼ ਬਿਦੇਸ਼ਨ ਸਿੱਖ ਕਰੋਰ। ਜੋ ਸਿਮਰਹਿਂ ਹਾਜ਼ਰ ਤਿਸ ਓਰ॥ ੨੪॥

ਇਹ ਭੂਤ ਅਤੇ ਭਵਿੱਖ ਦੇ ਗਿਆਤਾ ਹਨ, ਸਾਰੇ ਜਗਤ ਵਿਚ ਇਨ੍ਹਾਂ ਦੀ ਪੂਜਾ ਪ੍ਰਗਟ ਹੈ, ਦੇਸ਼ਾਂ ਵਿਦੇਸ਼ਾਂ ਵਿਚ ਇਨ੍ਹਾਂ ਦੇ ਕਰੋੜਾਂ ਸਿੱਖ ਹਨ, ਜਿਹੜਾ ਵੀ ਇਨ੍ਹਾਂ ਨੂੰ ਯਾਦ ਕਰਦਾ ਹੈ ਤੁਰਤ ਉਸ ਦੇ ਪਾਸ ਪਹੁੰਚ ਜਾਂਦੇ ਹਨ॥੨੪॥

ਕਾਰਜ ਪੂਰਹਿਂ ਹੋਹਿਂ ਸਹਾਇ। ਇਹ ਸਭਿ ਮਹਿਂ ਅਬਿ ਜਾਨੀ ਜਾਇ।
ਤਥਾ ਸਹਾਇਕ ਬਨਹਿਂ ਅਗਾਰੀ। ਜਾਨੀ ਪਰਹਿ ਭਲੇ ਨਿਰਧਾਰੀ॥ ੨੫॥

ਉਸ ਦਾ ਕਾਰਜ ਪੂਰਾ ਕਰਕੇ ਸਹਾਇਕ ਹੁੰਦੇ ਹਨ, ਇਹ ਸਾਰੇ ਹੁਣ ਚੰਗੀ ਤਰ੍ਹਾਂ ਜਾਣਦੇ ਹਨ। ਉਸ ਤਰ੍ਹਾਂ ਹੀ ਇਹ ਪਰਲੋਕ ਵਿਚ ਸਹਾਇਕ ਬਣਦੇ ਹਨ, ਨਿਰਧਾਰ ਕੇ ਇਹ ਗੱਲ ਭਲੀ ਪ੍ਰਕਾਰ ਸਮਝ ਆ ਜਾਂਦੀ ਹੈ॥੨੫॥

ਕਰਤਾ ਹਰਤਾ ਸਭਿ ਜਗ ਕੇਰਾ। ਗਹੌਂ ਸ਼ਰਨ ਕਾਟਹਿੰ ਦੁਖ ਮੇਰਾ।
ਇਮ ਬਿਚਾਰਿ ਕਰਿ ਪਾਇਨ ਪਰਜੋ। 'ਛਿਮਹੁ ਜਾਤਿ ਕੋ ਮਦ ਮੈਂ ਕਰਜੋ॥੨੬॥

ਇਹ ਸਾਰੇ ਜਗਤ ਨੂੰ ਬਨਾਉਣ ਵਾਲੇ ਅਤੇ ਨਾਸ਼ ਕਰਨ ਵਾਲੇ ਹਨ ਜੇ ਮੈਂ ਇਨ੍ਹਾਂ ਦੀ ਸ਼ਰਨ ਲਵਾਂਗਾ ਤਾਂ ਮੇਰਾ ਵੀ ਦੁੱਖ ਕੱਟਣਗੇ।" ਇਸ ਤਰ੍ਹਾਂ ਵਿਚਾਰ ਕੇ ਗੁਰੂ ਜੀ ਦੇ ਚਰਨਾਂ 'ਤੇ ਢਹਿ ਪਿਆ ਤੇ ਬੋਲਿਆ, "ਮੈਨੂੰ ਮੁਆਫ ਕਰੋ, ਮੈਂ ਜਾਤ ਦਾ ਹੰਕਾਰ ਕੀਤਾ ਹੈ॥੨੬॥

ਲਗਜੋ ਸੁਨਾਵਨਿ ਕਥਾ ਅਗਾਰੀ। ਸਰਬ ਕਲਾ ਸਮਰਥ ਗੁਨਕਾਰੀ।
ਮਹਿਮਾ ਜਾਨੀ ਨਹੀਂ ਤੁਮਾਰੀ। ਪਰਜੋ ਸ਼ਰਨ ਦਿਹੁ ਕੁਮਤਿ ਬਿਦਾਰੀ॥੨੭॥

ਅੱਗੇ ਕਥਾ ਸੁਣਾਉਣ ਲੱਗਾ। ਆਪ ਗੁਣਕਾਰੀ ਸਰਬ ਕਲਾ ਸਮਰੱਥ ਹੋ। ਮੈਂ ਤੁਹਾਡੀ ਮਹਿਮਾ ਨਹੀਂ ਜਾਣੀ ਹੈ, ਮੈਂ ਤੁਹਾਡੀ ਸ਼ਰਨ ਵਿਚ ਆ ਗਿਆ ਹਾਂ, ਮੇਰੀ ਭੈੜੀ ਮਤ ਨੂੰ ਦੂਰ ਕਰ ਦੇਵੋ ॥੨੭॥

ਨਹੀਂ ਜਾਤਿ ਕੋ ਅਬਿ ਕੁਛ ਮਾਨ। ਕਰਹੁ ਸਿੱਖ ਸਭਿ ਬੰਧਨ ਹਾਨਿ।
ਸੁਨਿ ਬਿਨਤੀ ਸਤਿਗੁਰ ਮੁਸਕਾਏ। ਦਿਜ ਕੇ ਜਾਗੇ ਭਾਗ ਸੁਹਾਏ॥੨੮॥

ਮੈਨੂੰ ਜਾਤ ਦਾ ਹੁਣ ਕੋਈ ਘੁਮੰਡ ਨਹੀਂ ਹੈ ਤੇ ਸਾਰੇ ਬੰਧਨ ਦੂਰ ਕਰਕੇ ਮੈਨੂੰ ਆਪਣਾ ਸਿੱਖ ਬਣਾਵੋ।" ਪੰਡਿਤ ਦੀ ਬੇਨਤੀ ਸੁਣ ਕੇ ਸਤਿਗੁਰੂ ਜੀ ਮੁਸਕਰਾਏ, ਬ੍ਰਾਹਮਣ ਦੇ ਚੰਗੇ ਭਾਗ ਜਾਗ ਪਏ॥੨੮॥

ਕਰਜੋ ਸਿੱਖ ਚਰਨਾਂਮ੍ਰਿਤ ਲੀਨਾ। ਭਯੋ ਮਾਨ ਤੇ ਬਿੱਪ੍ਰ ਬਿਹੀਨਾ।
ਕ੍ਰਿਪਾ ਦ੍ਰਿਸ਼ਟਿ ਗੁਰ ਐਸੀ ਕਰੀ। ਸਰਬ ਬਾਤ ਕੀ ਸੋਝੀ ਪਰੀ॥੨੯॥

ਆਪਣੇ ਚਰਨਾਂ ਦੀ ਪਾਹੁਲ ਪਿਲਾ ਕੇ ਉਸ ਨੂੰ ਸਿੱਖ ਬਣਾ ਲਿਆ, ਬ੍ਰਾਹਮਣ ਹੰਕਾਰ ਰਹਿਤ ਹੋ ਗਿਆ। ਗੁਰੂ ਜੀ ਨੇ ਐਸੀ ਕ੍ਰਿਪਾ ਦ੍ਰਿਸ਼ਟੀ ਕੀਤੀ ਕਿ ਸਾਰੀਆਂ ਗੱਲਾਂ ਦੀ ਸੋਝੀ ਹੋ ਗਈ॥੨੯॥

ਪੰਥ ਬਰਖ ਦਿਨ ਕੋ ਜੋ ਕਹਜੋ। ਨਿਮਖ ਮਾਤ੍ਰ ਕੋ ਦਿਜਬਰ ਲਹਜੋ।
ਭਯੋ ਅਨੰਦ ਬਿਲੰਦੈ ਦੀਖਾ। ਦੇਨਿ ਜੁ ਅਯੋ ਆਪ ਲੀ ਸੀਖਾ॥੩੦॥

ਜਿਹੜਾ ਬ੍ਰਾਹਮਣ ਨੇ ਇਕ ਸਾਲ ਦਾ ਪੈਂਡਾ ਦੱਸਿਆ ਸੀ, ਉਹ ਉਸ ਨੂੰ ਹੁਣ ਇਕ ਪਲ ਦਾ ਪੈਂਡਾ ਲੱਗਾ। ਇਹ ਵੇਖ ਕੇ ਬਹੁਤ ਅਨੰਦ ਨਾਲ ਭਰ ਗਿਆ, ਉਹ ਸਿਖਿਆ ਦੇਣ ਆਇਆ ਸੀ, ਪਰ ਉਸ ਨੇ ਆਪ ਹੀ ਸਿਖਿਆ ਲੈ ਲਈ॥੩੦॥

ਪੁਨ ਗੁਰ ਆਇਸੁ ਕਹਿ ਬਹੁ ਬਾਰੀ। ਸਭਿ ਪੁਰਾਨ ਕੀ ਕਥਾ ਉਚਾਰੀ।
ਸਿੱਖ ਸੁਭਟ ਸਭਿ ਸੁਨਹਿਂ ਬਿਚਾਰਹਿਂ। ਸਤਿਗੁਰ ਮਹਿਮਾਂ ਮਹਾਂ ਉਚਾਰਹਿਂ॥੩੧॥

ਫਿਰ ਗੁਰੂ ਜੀ ਬਹੁਤ ਵਾਰ ਆਗਿਆ ਕਹਿ ਕੇ ਸਾਰੀ ਪੁਰਾਣ ਦੀ ਕਥਾ ਉਚਾਰਨ ਕੀਤੀ। ਸਾਰੇ ਸਿੱਖ ਸੂਰਬੀਰ ਸੁਣਦੇ ਅਤੇ ਵੀਚਾਰਦੇ ਸਨ, ਸਤਿਗੁਰੂ ਜੀ ਦੀ ਮਹਾਨ ਮਹਿਮਾ ਦਾ ਉਚਾਰਨ ਕਰਦੇ ਸਨ॥੩੧॥

ਪਰਜੋ ਭੋਗ ਧਨ ਦੀਨਿ ਬਿਸਾਲਾ। ਹਲਤਿ ਪਲਤਿ ਦਿਜ ਕੀਨਿ ਨਿਹਾਲਾ।
ਪੁਨ ਸਭਿ ਸੰਗਤਿ ਦਰਬ ਚਢਾਯੋ। ਅਤਿ ਅਨੰਦ ਕੋ ਰਿਦੇ ਉਪਾਯੋ॥੩੨॥

ਜਦ ਕਥਾ ਦਾ ਭੋਗ ਪਿਆ ਤਾਂ ਗੁਰੂ ਜੀ ਨੇ ਬ੍ਰਾਹਮਣ ਨੂੰ ਬਹੁਤ ਧਨ ਦਿੱਤਾ। ਬ੍ਰਾਹਮਣ ਦਾ ਲੋਕ ਪਰਲੋਕ ਨਿਹਾਲ ਕਰ ਦਿੱਤਾ। ਫਿਰ ਸਾਰੀ ਸਿੱਖ ਸੰਗਤ ਨੇ ਧਨ ਚੜ੍ਹਾਇਆ, ਹਿਰਦੇ ਵਿਚ ਅਤਿ ਅਨੰਦ ਉਪਜਿਆ॥੩੨॥

ਰਹਨਿ ਲਗ੍ਯੋ ਸਤਿਗੁਰ ਕੇ ਪਾਸ। ਧਨ ਕੋ ਭੇਜ੍ਯੋ ਅਪਨਿ ਅਵਾਸ।
ਨਿਤ ਸ੍ਰੀ ਹਰਿਗੋਵਿੰਦ ਨਿਹਾਰੈ। ਚਲਿਤ ਅਨਿਕ ਅਸਚਰਜ ਬਿਚਾਰੈ॥ ੩੩ ॥

ਬ੍ਰਾਹਮਣ ਫਿਰ ਸਤਿਗੁਰੂ ਜੀ ਦੇ ਪਾਸ ਰਹਿਣ ਲੱਗਾ ਤੇ ਧਨ ਨੂੰ ਆਪਣੇ ਘਰ ਭੇਜ ਦਿੱਤਾ। ਸਦਾ ਸ੍ਰੀ ਹਰਿਗੋਬਿੰਦ ਜੀ ਦੇ ਦਰਸ਼ਨ ਕਰਦਾ ਸੀ ਤੇ ਚਲਦਾ ਅਨੇਕ ਅਸਚਰਜ ਵਿਚਾਰਦਾ ਸੀ॥੩੩॥

ਸੰਗਤਿ ਦੂਰ ਦੂਰ ਤੇ ਆਵੈ। ਮਨ ਬਾਂਛਤਿ ਸਗਲੇ ਬਰ ਪਾਵੈਂ।
ਅਨ ਗਨ ਧਨ ਨਿਤ ਆਇ ਉਪਾਇਨ। ਜਗ ਪੂਜਹਿ ਕਮਲਨ ਸੇ ਪਾਇਨ॥੩੪॥

ਦੂਰ-ਦੂਰ ਤੋਂ ਸੰਗਤ ਆਉਂਦੀ ਸੀ ਤੇ ਸਾਰੇ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਸਨ। ਅਣਗਿਣਤ ਧਨ ਅਤੇ ਭੇਟਾਵਾਂ ਆਉਂਦੀਆਂ ਸਨ ਤੇ ਜਗਤ ਦੇ ਲੋਕ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਪੂਜਦੇ ਸਨ॥੩੪॥

ਕਰਹਿਂ ਅਖੇਰ ਬ੍ਰਿੱਤ ਮਨ ਭਾਈ। ਬਿਚਰਹਿਂ ਕਾਨਨ ਮਹਿਂ ਸੁਖਦਾਈ।
ਨਿਤ ਹੀ ਨਵੇਂ ਬਿਲਾਸ ਹੁਵੰਤੇ। ਅਨਗਨ ਨਰਨ ਉਧਾਰ ਕਰੰਤੇ॥ ੩੫ ॥

ਮਨ ਭਾਉਂਦਾ ਸ਼ਿਕਾਰ ਖੇਡਦੇ ਸਨ ਤੇ ਸੁਖਦਾਈ ਗੁਰੂ ਜੀ ਜੰਗਲਾਂ ਵਿਚ ਵਿਚਰਦੇ ਰਹਿੰਦੇ ਸਨ। ਸਦਾ ਨਵੇਂ ਤੋਂ ਨਵੇਂ ਹਾਸ ਬਿਲਾਸ ਹੁੰਦੇ ਸਨ ਤੇ ਅਨੇਕਾਂ ਮਨੁੱਖਾਂ ਦਾ ਉਧਾਰ ਕਰਦੇ ਸਨ॥੩੫॥

ਸ਼ਸਤ੍ਰਨ ਬਿੱਦ੍ਯਾ ਕੋ ਅੱਭ੍ਯਾਸ। ਕਰਹਿਂ ਆਪ ਅਰੁ ਸੁਭਟ ਜਿ ਪਾਸ।
ਅਧਿਕ ਤੁਫੰਗਨ ਮਿਲਹਿਂ ਚਲਾਵਹਿਂ। ਹਤਹਿਂ ਨਿਸ਼ਾਨੋ ਤੁਰੰਗ ਧਵਾਵਹਿਂ॥੩੬॥

ਸ਼ਸਤਰ ਵਿਦਿਆ ਦਾ ਅਭਿਆਸ ਕਰਦੇ ਸਨ, ਆਪ ਵੀ ਕਰਦੇ ਸਨ ਤੇ ਜਿਹੜੇ ਪਾਸ ਸੂਰਮੇ ਰਹਿੰਦੇ ਸਨ, ਉਹ ਵੀ ਕਰਦੇ ਸਨ, ਮਿਲ ਕੇ ਬਹੁਤ ਬੰਦੂਕਾਂ ਚਲਾਉਂਦੇ ਸਨ ਤੇ ਘੋੜਿਆਂ ਨੂੰ ਭਜਾ ਕੇ ਨਿਸ਼ਾਨਿਆਂ ਨੂੰ ਵਿੰਨਦੇ ਸਨ॥੩੬॥

ਤੀਰਨਿ ਕੀ ਬਿੱਦ੍ਯਾ ਬਡ ਹੋਇ। ਕਰਹਿਂ ਪ੍ਰਹਾਰਨਿ ਧਾਰਤਿ ਜੋਇ।
ਰਣ ਪ੍ਰਸੰਗ ਨਿਤ ਸੁਨਹਿਂ ਸੁਨਾਵਹਿਂ। ਬਖਸ਼ਹਿਂ ਮੌਜ ਅਨੰਦ ਉਪਾਵਹਿਂ॥੩੭॥

ਤੀਰ ਅੰਦਾਜ਼ੀ ਦੀ ਵੱਡੀ ਸਿਖਲਾਈ ਦਿੰਦੇ ਸਨ, ਜੋ ਵੀ ਮਨ ਵਿਚ ਧਾਰਦੇ ਉਸ ਤੇ ਵਾਰ ਕਰਦੇ ਸਨ। ਰਣਖੇਤਰ ਦੇ ਪ੍ਰਸੰਗ ਨਿਤ ਸੁਣਦੇ ਅਤੇ ਸੁਣਾਉਂਦੇ ਸਨ। ਦੌਲਤ ਬਖਸ਼ ਕੇ ਅਨੰਦ ਉਪਜਾਉਂਦੇ ਸਨ॥੩੭॥

ਤੁਰਕਨ ਮਾਰਨਿ ਕੀ ਰਨ ਗਾਥਾ। ਕਰਹਿਂ ਆਪਨੇ ਸੁਭਟਨ ਸਾਥਾ।
'ਇਸ ਪ੍ਰਕਾਰ ਮਾਰੇ ਮਤਿ ਹੀਨੇ। ਆਏ ਬ੍ਰਿੰਦ ਰਾਜ ਮਦ ਕੀਨੇ'॥ ੩੮॥

ਤੁਰਕਾਂ ਨੂੰ ਰਣ ਵਿਚ ਮਾਰਨ ਦੀ ਗਾਥਾ ਆਪਣੇ ਸੂਰਮਿਆਂ ਦੇ ਨਾਲ ਕਰਦੇ ਸਨ, ਇਸ ਪ੍ਰਕਾਰ ਮਾੜੀ ਮੱਤ ਵਾਲਿਆਂ ਨੂੰ ਮਾਰਿਆ। ਬਹੁਤ ਰਾਜੇ ਹੰਕਾਰ ਕਰਕੇ ਆਏ ਸਨ॥੩੮॥

ਰਣ ਬ੍ਰਿਤਾਂਤ ਜੈਸਿਕ ਤਬਿ ਭਯੋ। ਸਗਰੇ ਜਗਤ ਬਿਖੈ ਪ੍ਰਗਟਯੋ।
ਸਭਿਹਿਨਿ ਕੋ ਭਾ ਇਸ ਬਿਧ ਬੋਧਾ। 'ਗੁਰ ਸਮਾਨ ਜਗ ਅਪਰ ਨ ਜੋਧਾ॥੩੯॥

ਰਣ ਦਾ ਬ੍ਰਿਤਾਂਤ ਜੇਹੋ ਜਿਹਾ ਉਸ ਸਮੇਂ ਹੋਇਆ ਸੀ, ਸਾਰੇ ਜਗਤ ਵਿਚ ਪ੍ਰਗਟ ਹੋ ਗਿਆ। ਸਾਰਿਆਂ ਨੂੰ ਇਸ ਵਿਧੀ ਅਨੁਸਾਰ ਗਿਆਨ ਦਿੱਤਾ, ''ਜਗ ਵਿਚ ਗੁਰੂ ਜੀ ਵਰਗਾ ਹੋਰ ਕੋਈ ਯੋਧਾ ਨਹੀਂ ਹੈ॥੩੯॥

ਅਤਿ ਦੀਰਘ ਪਰ ਸੈਨ ਨ ਗਿਨੈ। ਏਕਲ ਹੋਇ ਤ ਇਕ ਹੀ ਹਨੈ।
ਬਹੁ ਬੈਰਨਿ ਕੀ ਨਹੀਂ ਬਿਚਾਰ। ਜੁਟਹਿਂ ਜੰਗ ਸੇ ਲੀਨਸਿ ਮਾਰਿ॥ ੪੦॥

ਬਹੁਤ ਵੱਡੀ ਪਰਾਈ ਸੈਨਾ ਨੂੰ ਕੁਝ ਵੀ ਗਿਣਦੇ ਨਹੀਂ ਜੇ ਇਕ ਹੋਣ ਤਾਂ ਇਕ ਹੀ ਮਾਰਦੇ ਹਨ। ਬਹੁਤਿਆਂ ਵੈਰੀਆਂ ਦੀ ਵਿਚਾਰ ਨਹੀਂ ਕਰਦੇ ਜੇ ਲੜਾਈ ਵਿਚ ਜੁਟ ਪੈਣ ਤਾਂ ਸਾਰਿਆਂ ਨੂੰ ਮਾਰ ਲੈਂਦੇ ਹਨ॥੪੦॥

ਤੀਰਨਿ ਕੀ ਬਿੱਦਜਾ ਬਡ ਠਾਨੈਂ। ਬਹੁਤਨ ਕੇ ਬਿਚ ਪਾਰ ਸੁ ਹਾਨੈ।
ਜਿਨਕੋ ਧਨੁਖ ਕਠੋਰ ਬਿਸਾਲਾ। ਕੋ ਨਹਿੰ ਐਂਚ ਸਕਹਿ ਇਸ ਕਾਲਾ॥੪੧॥

ਤੀਰ ਅੰਦਾਜ਼ੀ ਦੀ ਵਿਦਿਆ ਵਿਚ ਨਿਪੁੰਨ ਹਨ, ਬਹੁਤਿਆਂ ਵਿਚੋਂ ਦੀ ਪਾਰ ਕਰਕੇ ਮਾਰ ਦਿੰਦੇ ਹਨ। ਉਨ੍ਹਾਂ ਦਾ ਧਨੁੱਖ ਬੜਾ ਭਾਰਾ ਅਤੇ ਸਖਤ ਹੈ, ਇਸ ਸਮੇਂ ਉਸ ਨੂੰ ਕੋਈ ਵੀ ਖਿੱਚ ਨਹੀਂ ਸਕਦਾ॥੪੧॥

ਜੋ ਸਨਮੁਖ ਭਾ ਤਤਛਿਨ ਮਾਰਜੋ। ਜੀਵਤਿ ਰਹਜੋ ਭਾਜਿ ਸੋ ਹਾਰਜੋ।
ਇੱਤਜਾਦਿਕ ਜਸੁ ਜਗ ਮਹਿੰ ਜ਼ਾਹਿਰ। ਕਹਤਿ ਮਿਲੈਂ ਨਰ ਘਰ ਕੈ ਬਾਹਰਿ॥੪੨॥

ਜਿਹੜਾ ਸਾਹਮਣੇ ਆਉਂਦਾ ਹੈ ਉਸ ਨੂੰ ਤੁਰਤ ਮਾਰ ਦਿੰਦੇ ਹਨ ਜਿਹੜੇ ਜੀਊਂਦੇ ਰਹਿ ਜਾਂਦੇ ਹਨ ਉਹ ਹਾਰ ਕੇ ਭੱਜ ਜਾਂਦੇ ਸਨ। ਇਤਿਆਦਿ ਜੱਸ ਜੱਗ ਵਿਚ ਪ੍ਰਗਟ ਹੈ। ਮਨੁੱਖ ਘਰ ਦੇ ਬਾਹਰ ਮਿਲਕੇ ਅਜਿਹਾ ਕਹਿੰਦੇ ਹਨ॥੪੨॥

*ਛੇਵੀਂ ਰਾਸ ਦਾ ਬਵੰਞਵਾ ਅਧਿਆਇ ਸਮਾਪਤ ਹੋਇਆ॥੫੨॥*

# ਅਧਿਆਇ ਤਰਵੰਞਵਾਂ

ਬਾਬਾ ਬੁੱਢਾ ਜੀ ਪ੍ਰਲੋਕ ਗਮਨ

ਦੋਹਰਾ- ਗ੍ਰਾਮ ਨਾਮ ਰਮਦਾਸ ਕੇ ਤਹਾਂ ਬ੍ਰਿੱਧ ਕੇ ਧਾਮ।
ਕਰੇ ਬਿਤਾਵਨ ਦਿਨ ਕਿਤਿਕ ਬ੍ਰਹਮਾਨੰਦ ਬਿੱਸ੍ਰਾਮ॥ ੧॥

ਰਮਦਾਸ ਨਾਂ ਦੇ ਪਿੰਡ ਵਿਚ ਬਾਬਾ ਬੁੱਢਾ ਜੀ ਦਾ ਘਰ ਸੀ। ਉਥੇ ਉਨ੍ਹਾਂ ਨੇ ਕਈ ਦਿਨ ਬ੍ਰਹਮ ਅਨੰਦ ਵਿਚ ਟਿੱਕ ਕੇ ਬਤੀਤ ਕੀਤੇ॥੧॥

ਚੌਪਈ- ਤਜਨਿ ਸਰੀਰ ਸਮਾ ਨਿਯਰਾਵਾ। ਸਕਲ ਭੇਵ ਬੁੱਢੇ ਲਖਿ ਪਾਵਾ।
ਰਿਦੇ ਮਨੋਰਥ ਐਸੇ ਕੀਨਿ। ਅੰਤ ਸਮੇ ਅਪਨੋ ਢਿਗ ਚੀਨਿ॥ ੨॥

ਜਦ ਸਰੀਰ ਛੱਡਣ ਦਾ ਸਮਾਂ ਨੇੜੇ ਆ ਗਿਆ ਤਾਂ ਬਾਬਾ ਬੁੱਢਾ ਜੀ ਨੇ ਸਾਰਾ ਭੇਦ ਜਾਣ ਲਿਆ। ਹਿਰਦੇ ਵਿਚ ਐਸਾ ਮਨੋਰਥ ਕੀਤਾ, ਜਦ ਅੰਤ ਸਮਾਂ ਆਪਣਾ ਨੇੜੇ ਆਇਆ ਵੇਖਿਆ॥੨॥

'ਸ੍ਰੀ ਹਰਿ ਗੋਵਿੰਦੁ ਹੋਵਹਿੰ ਤੀਰ। ਜਬਿ ਮੈਂ ਤਜਾਗਨਿ ਲਗੋਂ ਸਰੀਰ।
ਦੇਖਤਿ ਆਗੈ ਰੂਪ ਮੁਕੰਦਾ। ਜਿਸ ਕੋ ਚਾਹਤਿ ਮੁਨਿਜਨ ਬ੍ਰਿੰਦਾ॥ ੩॥

'ਸ੍ਰੀ ਹਰਿਗੋਬਿੰਦ ਜੀ ਹੁਣ ਮੇਰੇ ਪਾਸ ਹੋਣ, ਜਦ ਮੈਂ ਸਰੀਰ ਤਿਆਗਣ ਲੱਗਾਂ। ਮੁਕਤੀ ਦਾਤੇ ਗੁਰੂ ਜੀ ਦਾ ਸਰੂਪ ਆਪਣੇ ਅੱਗੇ ਵੇਖਦਾ ਹੋਵਾਂ ਜਿਸ ਨੂੰ ਜਗਤ ਦੇ ਸਾਰੇ ਮੁਨੀ ਅਤੇ ਮਨੁੱਖ ਚਾਹੁੰਦੇ ਹਨ॥੩॥

ਅਪਰ ਕਾਜ ਇਕ ਔਰ ਲਖਾਊਂ। ਨਿਜ ਸੁਤ ਕੋ ਅਬਿ ਕਰ ਪਕਰਾਊਂ।
ਉਚਿਤ ਅਹੈ ਮੋਕਹੁ ਇਹੁ ਕਰਨੀ॥ਹਮ ਸਗਰੇ ਸਤਿਗੁਰੁ ਕੀ ਸ਼ਰਨੀ॥੪॥

ਇਕ ਕੰਮ ਹੋਰ ਕਰਾਂਗਾ, ਆਪਣੇ ਪੁੱਤਰ ਦੀ ਉਨ੍ਹਾਂ ਨੂੰ ਬਾਹ ਫੜਾਵਾਂਗਾ। ਮੈਨੂੰ ਇਹ ਕਰਨਾ ਉਚਿਤ ਹੈ, ਅਸੀਂ ਸਾਰੇ ਹੀ ਸਤਿਗੁਰੂ ਦੀ ਸ਼ਰਨ ਵਿਚ ਹਾਂ॥੪॥

ਲੋਕ ਪ੍ਰਲੋਕ ਆਦਿ ਅਰੁ ਅੰਤ। ਹਮਰੋ ਨਹਿਂ ਕੋ ਬਿਨ ਭਗਵੰਤੁ'।
ਇਮ ਬਿਚਾਰਿ ਕਰਿ ਸਿੱਖ ਹਕਾਰਾ। ਭਾਉ ਸੁਮਤਿ ਜਿਸ ਬਹੁ ਉਰ ਧਾਰਾ॥੫॥

ਲੋਕ ਪ੍ਰਲੋਕ ਆਦਿ ਅਤੇ ਅੰਤ ਸਾਡਾ ਭਗਵੰਤ ਤੋਂ ਬਗੈਰ ਹੋਰ ਕੋਈ ਨਹੀਂ ਹੈ।" ਇਸ ਤਰ੍ਹਾਂ ਵਿਚਾਰ ਕੇ ਇਕ ਸਿੱਖ ਨੂੰ ਬੁਲਾਇਆ, ਪ੍ਰੇਮ ਅਤੇ ਸ੍ਰੇਸ਼ਟ ਮਤ ਜਿਸ ਨੇ ਬਹੁਤ ਧਾਰਨ ਕੀਤਾ ਸੀ॥੫॥

ਨਿਕਟਿ ਬਿਠਾਇ ਸਕਲ ਸਮੁਝਾਈ। 'ਗੁਰ ਢਿਗ ਗਮਨਹੁ ਬਿਮਲ ਬਿਹਾਈ।
ਮਮ ਦਿਸ਼ਿ ਤੇ ਇਹ ਬਿਨੈ ਸੁਨਾਵਹੁ। ਦਾਸ ਕਦੀਮੀ ਲਖਿ ਕਰਿ ਆਵਹੁ॥੬॥

ਪਾਸ ਬਿਠਾ ਕੇ ਸਭ ਕੁਝ ਸਮਝਾਇਆ, "ਕਿਸੇ ਦੇਰ ਤੋਂ ਬਗੈਰ ਗੁਰੂ ਜੀ ਪਾਸ ਜਾਉ, ਮੇਰੇ ਵਲੋਂ ਇਹ ਬੇਨਤੀ ਸੁਣਾਓ, ਪੁਰਾਣਾ ਦਾਸ ਸਮਝ ਕੇ ਆਵੋ॥੬॥

ਜਿਮ ਕੁਰਖੇਤ੍ਰ ਬਿਖੈ ਰਣ ਠਾਨੇ। ਕ੍ਰਿਸ਼ਨ ਹਸਤਨਾਪੁਰੀ ਪਯਾਨੇ।
ਸਭਿ ਪਾਂਡਵ ਕੋ ਲੇ ਕਰਿ ਸਾਥ। ਅਭਿਸੇਂਚਜੋ ਧਰਮਜ ਨਰਨਾਥ॥੭॥

ਜਿਵੇਂ ਕੁਰਕਸ਼ੇਤਰ ਦੇ ਰਣਖੇਤਰ ਵਿਚ ਯੁੱਧ ਕੀਤਾ ਸੀ, ਸ੍ਰੀ ਕ੍ਰਿਸ਼ਨ ਹਸਤਨਾਪੁਰ ਗਏ ਸਨ ਤੇ ਸਾਰੇ ਪਾਂਡਵਾਂ ਨੂੰ ਸਾਥ ਲੈ ਕੇ ਜਦ ਯੁਧਿਸ਼ਟਰ ਨੂੰ ਰਾਜ ਤਿਲਕ ਅਤੇ ਗੱਦੀ ਦਿੱਤੀ ਸੀ।

ਸਰ ਸਿਹਜਾ ਪਰ ਭੀਸ਼ਮ ਪਰਜੋ। ਧਰਮ ਨਿਬਾਹ ਆਪਨੋ ਕਰਜੋ।
ਅੰਤ ਸਮੇਂ ਅਪਨੋ ਤਿਨ ਜਾਨਾ। ਕ੍ਰਿਸ਼ਨ ਹਕਾਰੇ ਧਰਿ ਕਰਿ ਧਯਾਨਾ॥੮॥

ਭੀਸ਼ਮ ਤੀਰਾਂ ਦੀ ਸੇਜ ਉੱਤੇ ਲੇਟਿਆ ਸੀ, ਤੁਸੀਂ ਉਸ ਸਮੇਂ ਆਪਣਾ ਧਰਮ ਨਿਬਾਹਿਆ ਸੀ। ਜਦ ਭੀਸ਼ਮ ਨੇ ਆਪਣਾ ਅੰਤ ਸਮਾਂ ਜਾਣਿਆ ਤਾਂ ਸ੍ਰੀ ਕ੍ਰਿਸ਼ਨ ਦਾ ਧਿਆਨ ਧਾਰ ਕੇ ਉਸ ਨੂੰ ਆਪਣੇ ਪਾਸ ਬੁਲਾਇਆ॥੮॥

ਤਤਛਿਨ ਅਪਨੋ ਸਿਮਰਨ ਚੀਨਾ। ਸਭਿ ਕੁਛ ਤਜਿ ਪ੍ਰਸਥਾਨੋ ਕੀਨਾ।
ਅੰਤ ਸਮੇਂ ਮਹਿਂ ਦਰਸ਼ਨ ਦਯੋ। ਤੈਸੋ ਸਮੋਂ ਆਨਿ ਅਬਿ ਭਯੋ॥ ੯॥

ਸ੍ਰੀ ਕ੍ਰਿਸ਼ਨ ਨੇ ਤੁਰਤ ਆਪਣੇ ਆਪ ਨੂੰ ਯਾਦ ਕਰਨ ਬਾਰੇ ਜਾਣ ਲਿਆ ਤੇ ਭੀਸ਼ਮ ਦੇ ਅੰਤ ਸਮੇਂ ਉਸ ਨੂੰ ਦਰਸ਼ਨ ਦਿੱਤੇ, ਉਸ ਤਰ੍ਹਾਂ ਦਾ ਸਮਾਂ ਹੁਣ ਮੇਰੇ ਉੱਤੇ ਆ ਗਿਆ ਹੈ॥੯॥

ਕ੍ਰਿਪਾ ਕਰਹੁ ਆਵਹੁ ਹਿਤ ਧਾਰੇ। ਜਿਮ ਜਟਾਯੁ ਤਨ ਤਜਤਿ ਨਿਹਾਰੇ।
ਸੀਤਾ ਖੋਜਤਿ ਇਤ ਉਤ ਧਾਏ। ਨਿਜ ਜਨ ਜਾਨਿ ਤੁਰਤ ਹੀ ਆਏ॥੧੦॥

ਕ੍ਰਿਪਾ ਕਰੋ ਤੇ ਹੁਣ ਹਿਤ ਧਾਰ ਕੇ ਆਵੋ, ਜਿਵੇਂ ਜਟਾਯੂ ਨੂੰ ਜਦ ਸਰੀਰ ਛੱਡਣ ਲੱਗਾ ਵੇਖਿਆ, ਰਾਮ ਜੀ ਸੀਤਾ ਨੂੰ ਲਭਦੇ ਏਧਰ ਉਧਰ ਫਿਰ ਰਹੇ ਸਨ, ਪਰ ਜਟਾਯੂ ਨੂੰ ਆਪਣਾ ਸੇਵਕ ਜਾਣ ਕੇ ਤੁਰਤ ਹੀ ਆਏ ਸਨ॥੧੦॥

ਤਿਮ ਅਬਿ ਬਿਰਦ ਸੰਭਾਰਤਿ ਆਵਹੁ। ਅਘ ਹਾਨੀ ਨਿਜ ਦਰਸ ਦਿਖਾਵਹੁ'।
ਬ੍ਰਿਧ ਕੋ ਨਮੋ ਕਰਤਿ ਸਿਖ ਚਲਜੋ। ਤੂਰਨ ਆਇ ਗੁਰੂ ਸੰਗ ਮਿਲਜੋ॥੧੧॥

ਉਸ ਤਰ੍ਹਾਂ ਹੀ ਆਪਣਾ ਧਰਮ ਸੰਭਾਲ ਕੇ ਆਵੋ, ਪਾਪਾਂ ਨੂੰ ਨਾਸ਼ ਕਰਨ ਵਾਲੇ ਆਪਣੇ ਦਰਸ਼ਨ ਵਿਖਾਓ"। ਬਾਬਾ ਬੁੱਢਾ ਜੀ ਨੂੰ ਨਮਸਕਾਰ ਕਰਕੇ ਸਿੱਖ ਚਲ ਪਿਆ ਤੇ ਤੁਰਤ ਹੀ ਆ ਕੇ ਗੁਰੂ ਜੀ ਨੂੰ ਮਿਲ ਪਿਆ॥੧੧॥

ਨਮਸਕਾਰ ਕਰਿ ਬ੍ਰਿੱਧ ਸੰਦੇਸਾ। ਬੈਠਜੋ ਭਾਖਿ ਸੁਨਾਇ ਅਸ਼ੇਸ਼ਾ।
ਸੁਨਿ ਸਤਿਗੁਰ ਨਿਜ ਪ੍ਰਿਯ ਕੀ ਬਾਤ। ਤਯਾਰੀ ਕਰੀ ਸ਼ੀਘ੍ਰ ਸਭਿ ਭਾਂਤਿ॥੧੨॥

ਗੁਰੂ ਜੀ ਨੂੰ ਨਮਸਕਾਰ ਕਰਕੇ ਬਾਬਾ ਬੁੱਢਾ ਜੀ ਦਾ ਸੁਨੇਹਾ ਦਿੱਤਾ। ਸੁਨੇਹਾ ਸੁਣਾ ਕੇ ਫਿਰ ਬੈਠ ਗਿਆ। ਸਤਿਗੁਰੂ ਜੀ ਨੇ ਆਪਣੇ ਪਿਆਰੇ ਦੀ ਗੱਲ ਸੁਣ ਕੇ, ਤੁਰਤ ਹੀ ਹਰ ਪ੍ਰਕਾਰ ਤਿਆਰੀ ਕਰ ਲਈ॥੧੨॥

ਬਿਧੀਆ ਅਰੁ ਭਾਈ ਗੁਰਦਾਸ। 'ਬ੍ਰਿਧ ਤਨ ਅੰਤ' ਕਹਜੋ ਸਭਿ ਪਾਸ।
ਪੁਰਿ ਮਹਿਂ ਜਥੇਦਾਰ ਇਕ ਛੋਰਾ। ਕਿਤਿਕ ਸੈਨ ਦੇ ਕਰਿ ਤਿਸ ਠੋਰਾ॥੧੩॥

ਭਾਈ ਬਿਧੀ ਚੰਦ ਤੇ ਭਾਈ ਗੁਰਦਾਸ ਆਦਿ ਸਭ ਪਾਸ ਗੁਰੂ ਜੀ ਨੇ ਕਿਹਾ, "ਬਾਬਾ ਬੁੱਢਾ ਜੀ ਦੇ ਸਰੀਰ ਦਾ ਅੰਤ ਹੋਣ ਦਾ ਸਮਾ ਆ ਗਿਆ ਹੈ।" ਨਗਰ ਵਿਚ ਇਕ ਜਥੇਦਾਰ ਨੂੰ ਛੱਡ ਦਿੱਤਾ ਤੇ ਕੁਝ ਸੈਨਾ ਉਸ ਨੂੰ ਉਥੇ ਰਖਣ ਵਾਸਤੇ ਦੇ ਦਿੱਤੀ॥੧੩॥

ਪੁਰਿ ਜਨ ਸਭਿ ਕੋ ਧੀਰਜ ਦੀਨਿ। ਚਢਿਬੇ ਤੁਰੰਗ ਹਕਾਰਨਿ ਕੀਨਿ।
ਚਮੂੰ ਸਕਲ ਹ੍ਵੈ ਕਰਿ ਤਬਿ ਤਯਾਰ। ਚਢੇ ਸੰਗ ਗੁਰ ਭੇ ਅਸਵਾਰ॥ ੧੪॥

ਨਗਰ ਦੇ ਸਭ ਲੋਕਾਂ ਨੂੰ ਧੀਰਜ ਦਿੱਤਾ ਤੇ ਸਵਾਰੀ ਵਾਸਤੇ ਘੋੜੇ ਮੰਗਵਾਏ। ਸਾਰੀ ਸੈਨਾ ਫਿਰ ਤਿਆਰ ਹੋ ਕੇ ਘੋੜਿਆਂ ਤੇ ਅਸਵਾਰ ਹੋ ਕੇ ਗੁਰੂ ਜੀ ਦੇ ਨਾਲ ਚਲ ਪਈ॥੧੪॥

ਕੁਛਕ ਸੈਨ ਦੇ ਸੰਗ ਨਿਹਾਲੇ। ਸੌਂਪਜੋ ਪੁਰਿ ਕੋ ਰਾਖਿ ਸੰਭਾਲੇ।
ਚਢਿ ਸਤਿਗੁਰ ਤਬਿ ਪੰਥ ਪਯਾਨੇ। ਕਰੀ ਸ਼ੀਘ੍ਰਤਾ ਨਹਿਂ ਠਹਿਰਾਨੇ॥ ੧੫॥

ਕੁਝ ਸੈਨਾ ਨਿਹਾਲੇ ਨੂੰ ਸੌਂਪ ਦਿੱਤੀ ਤਾਂਕਿ ਉਹ ਨਗਰ ਦੀ ਰਾਖੀ ਸੰਭਾਲ ਲਵੇ। ਘੋੜੇ ਤੇ ਚੜ੍ਹ ਕੇ ਫਿਰ ਸਤਿਗੁਰੂ ਜੀ ਚਲ ਪਏ, ਬਹੁਤ ਛੇਤੀ ਕੀਤੀ ਕਿਤੇ ਨਾ ਠਹਿਰੇ॥੧੫॥

ਬਡੇ ਬੇਗ ਤੇ ਤੁਰੰਗ ਚਲਾਏ। ਤੂਰਨ ਪੰਥ ਸੰਪੂਰਨ ਆਏ।
ਨਾਮਦੇਵ ਕੋ ਹੁਤੋ ਸਥਾਨ। ਰੁਚਿਰ ਦੇਹੁਰਾ ਕਰਿਬੋ ਠਾਨਿ॥ ੧੬॥

ਬੜੀ ਤੇਜ਼ੀ ਨਾਲ ਘੋੜਿਆ ਨੂੰ ਭਜਾਇਆ ਤੇ ਛੇਤੀ ਹੀ ਕੁਝ ਪੈਂਡਾ ਤਹਿ ਕਰ ਲਿਆ। ਜਿਥੇ ਭਗਤ ਨਾਮਦੇਵ ਦਾ ਸਥਾਨ ਹੈ ਉਥੇ ਉਨ੍ਹਾਂ ਦਾ ਸੁੰਦਰ ਦੇਹੁਰਾ ਬਣਿਆ ਹੋਇਆ ਹੈ॥੧੬॥

ਬਿਨਾ ਕਬੀਰ ਭਗਤ ਜੋ ਔਰ। ਸਭਿ ਕੇ ਬਿਖੈ ਲਖਜੋ ਸਿਰਮੌਰ।
ਉਤਰਿ ਤੁਰੰਗ ਤੇ ਬੰਦਨ ਕੀਨਿ। ਪ੍ਰਭੁ ਕੋ ਭਗਤ ਲਖਜੇ ਰਸ ਭੀਨ॥ ੧੭॥

ਕਬੀਰ ਭਗਤ ਨੂੰ ਛੱਡ ਕੇ ਜਿਹੜੇ ਸਭ ਦੇ ਵਿਚ ਸ਼੍ਰੋਮਣੀ ਸਮਝੇ ਜਾਂਦੇ ਹਨ। ਉਥੇ ਘੋੜੇ ਤੋਂ ਉਤਰ ਕੇ ਗੁਰੂ ਜੀ ਨੇ ਬੰਦਨਾ ਕੀਤੀ ਤੇ ਪ੍ਰਭੂ ਦੇ ਭਗਤ ਨੂੰ ਸ੍ਰੇਸ਼ਟ ਜਾਣਿਆ॥੧੭॥

ਜਥਾ ਮਤੰਗ ਮਨੀ ਕੇ ਆਸ਼੍ਰਮ। ਪਹੁੰਚੇ ਰਘੁਪਤਿ ਧਾਰਿ ਮਹਾਸ਼੍ਰਮ।
ਮੁਨਿ ਸਥਾਨ ਕੋ ਬੰਦਨ ਕੀਨੀ। ਤਥਾ ਰੀਤਿ ਇਹ ਠਾਂ ਸਭਿ ਚੀਨੀ॥ ੧੮॥

ਮਾਨੋਂ ਮਤੰਗ ਮੁਨੀ ਦੇ ਆਸ਼੍ਰਮ ਵਿਚ ਸ੍ਰੀ ਰਾਮਚੰਦਰ ਜੀ ਬੜੀ ਖੇਚਲ ਨਾਲ ਪਹੁੰਚੇ ਹੋਣ, ਮੁਨੀ ਦੇ ਸਥਾਨ ਨੂੰ ਬੰਦਨਾ ਕੀਤੀ, ਵੈਸੀ ਰੀਤੀ ਇਸ ਥਾਂ ਸਭ ਨੇ ਵੇਖੀ॥੧੮॥

ਕਰਤਿ ਸ਼ੀਘ੍ਰਤਾ ਪੰਥ ਮਝਾਰੀ। ਬਸੇ ਨਿਸਾ ਇਕ ਗਏ ਅਗਾਰੀ।
ਗ੍ਰਾਮ ਸਮੀਪ ਜਬੈ ਪਹੁੰਚਯੋ। ਦੇਖਿ ਦੂਰ ਤੇ ਇਕ ਨਰ ਗਯੋ॥ ੧੯॥

ਫਿਰ ਛੇਤੀ ਕਰਕੇ ਰਾਹੇ ਪੈ ਗਏ, ਰਾਹ ਵਿਚ ਇਕ ਰਾਤ ਰਹਿ ਕੇ ਫਿਰ ਅੱਗੇ ਚਲ ਪਏ। ਜਦ ਪਿੰਡ ਦੇ ਨੇੜੇ ਪਹੁੰਚ ਗਏ ਤਾਂ ਦੂਰੋਂ ਹੀ ਇਕ ਮਨੁੱਖ ਉਨ੍ਹਾਂ ਨੂੰ ਵੇਖ ਕੇ ਗਿਆ॥੧੯॥

'ਬ੍ਰਿਧ ਜੀ! 'ਸ੍ਰੀ ਹਰਿਗੋਬਿੰਦ ਆਏ'। ਸੁਨਤਿ ਪ੍ਰੇਮ ਉਮਗਜੋ ਅਧਿਕਾਏ।
ਸਭਿ ਤਨ ਮਹਿਂ ਰੁਮੰਚ ਹੁਇ ਆਵਾ। ਰੁਚਿਰ ਬਿਲੋਚਨ ਮਹਿਂ ਜਲ ਛਾਵਾ॥੨੦॥

ਉਸ ਨੇ ਜਾ ਕੇ ਦੱਸਿਆ, "ਬਾਬਾ ਬੁੱਢਾ ਜੀ! ਸ੍ਰੀ ਹਰਿਗੋਬਿੰਦ ਜੀ ਆਏ ਹਨ" ਇਹ ਸੁਣ ਕੇ ਬਾਬਾ ਜੀ ਵਿਚ ਬਹੁਤ ਪ੍ਰੇਮ ਉਤਪੰਨ ਹੋਇਆ, ਅਨੰਦ ਨਾਲ ਭਰ ਕੇ ਸਾਰੇ ਸਰੀਰ ਦੇ ਰੋਮ ਖੜੇ ਹੋ ਗਏ। ਨੈਣਾਂ ਵਿਚ ਜਲ ਛਾ ਗਿਆ॥੨੦॥

ਗੁਦਗਦ ਬਾਨੀ ਜਾਇ ਨ ਬੋਲਾ। ਮਨਹੁਂ ਪ੍ਰੇਮ ਪੂਰਨ ਭਰਿ ਤੋਲਾ।
ਉਠਿ ਕਰਿ ਗਮਨਜੋ ਭਯੋ ਸਥੰਭਾ। ਚਲਤਿ ਨ ਪਗ ਮਨ ਮਾਨਿ ਅਚੰਭਾ॥੨੧॥

ਗਲਾ ਭਰ ਆਇਆ ਤੇ ਬੋਲਿਆ ਨਹੀਂ ਸੀ ਜਾਂਦਾ, ਮਾਨੋਂ ਪ੍ਰੇਮ ਦਾ ਤੋਲ ਪੂਰਨ ਭਰ ਗਿਆ ਹੈ। ਉੱਠ ਕੇ ਚਲਣ ਲੱਗੇ ਤਾਂ ਉਥੇ ਹੀ ਖੰਬੇ ਵਾਂਗ ਗੱਡੇ ਗਏ, ਇਕ ਪੈਰ ਵੀ ਨਹੀਂ ਸੀ ਚਲਿਆ ਜਾਂਦਾ, ਮਨ ਵਿਚ ਬੜੇ ਹੈਰਾਨ ਹੋਏ॥੨੧॥

ਥਕਤਿ ਹੋਇ ਕਰਿ ਤਹਿਂ ਹੀ ਬੈਸਾ। ਸਕਲ ਸ਼ਰੀਰ ਪਨਸ ਫਲ ਜੈਸਾ।
ਮੂੰਦਿ ਬਿਲੋਚਨ ਲੇ ਰਸ ਧ੍ਯਾਨਾ। ਭਯੋ ਪ੍ਰੇਮ ਤੇ ਬਿਬਸ ਮਹਾਨਾ॥੨੨॥

ਥੱਕ ਕੇ ਉਥੇ ਹੀ ਬੈਠ ਗਏ, ਸਾਰਾ ਸਰੀਰ, ਕਟਹਰ ਫਲ ਦੇ ਕੰਡਿਆਂ ਵਾਂਗ ਰੋਮਾਂਚ ਹੋ ਗਿਆ। ਅੱਖਾਂ ਬੰਦ ਕਰਕੇ ਧਿਆਨ ਲਾ ਕੇ ਰਸ ਪ੍ਰਾਪਤ ਕੀਤਾ, ਬਾਬਾ ਬੁੱਢਾ ਜੀ ਪ੍ਰੇਮ ਵਿਚ ਮਹਾਨ ਬੇਬਸ ਹੋ ਗਏ॥੨੨॥

ਇਤਨੇ ਮਹਿਂ ਗੁਰ ਗਏ ਅਵਾਸ। ਸੰਗ ਲਿਏ ਬਿਧੀਆ ਗੁਰਦਾਸ।
ਅਚਲ ਸਮਾਧਿ ਮਨਹੁਂ ਚਿਰਕਾਲਾ। ਬੈਠ੍ਯੋ ਜੋਗੀ ਕੋਇ ਬਿਸਾਲਾ॥੨੩॥

ਏਨੇ ਵਿਚ ਗੁਰੂ ਜੀ ਘਰ ਆ ਗਏ, ਉਨ੍ਹਾਂ ਦੇ ਨਾਲ ਬਿਧੀ ਚੰਦ ਅਤੇ ਭਾਈ ਗੁਰਦਾਸ ਵੀ ਸੀ। ਮਾਨੋਂ ਬਹੁਤ ਚਿਰਾਂ ਦੀ ਅਚਲ ਸਮਾਧੀ ਲੱਗੀ ਹੈ ਜਾਂ ਕੋਈ ਵੱਡਾ ਜੋਗੀ ਬੈਠਾ ਹੈ॥੨੩॥

ਦੇਖਤਿ ਰਹਿ ਗਏ ਠਾਂਢੇ ਸ੍ਵਾਮੀ। ਲਖੀ ਰਿਦੈ ਗਤਿ ਅੰਤਰਜਾਮੀ।
ਅਧਿਕ ਪ੍ਰੇਮ ਗੁਰ ਕੇ ਉਰ ਆਵਾ। ਦੋਨ ਬਿਲੋਚਨ ਜਲ ਭਰਿ ਆਵਾ॥੨੪॥

ਗੁਰੂ ਜੀ ਖੜੇ ਹੋ ਕੇ ਵੇਖਦੇ ਰਹਿ ਗਏ, ਅੰਤਰਜਾਮੀ ਗੁਰੂ ਜੀ ਨੇ ਆਪਣੇ ਹਿਰਦੇ ਵਿਚ ਸਾਰੀ ਗਤੀ ਸਮਝੀ। ਗੁਰੂ ਜੀ ਦੇ ਹਿਰਦੇ ਵਿਚ ਬਹੁਤ ਪ੍ਰੇਮ ਜਾਗਿਆ, ਦੋਵਾਂ ਨੈਣਾਂ ਵਿਚ ਜਲ ਭਰ ਆਇਆ॥੨੪॥

ਨਹਿਂ ਕੁਛ ਕਹ੍ਯੋ ਗਯੋ ਰਹਿ ਖਰੇ। ਤਬਿ ਗੁਰਦਾਸ ਬ੍ਰਿੱਧ ਪਗ ਧਰੇ।
ਕਰਿ ਬੰਦਨ ਕੋ ਕੁਛਕ ਹਿਲਾਏ। ਪੰਕਜ ਸੇ ਲੋਚਨ ਬਿਕਸਾਏ॥੨੫॥

ਕੁਝ ਕਿਹਾ ਨਾ ਗਿਆ ਖੜੇ ਰਹੇ, ਤਦ ਭਾਈ ਗੁਰਦਾਸ ਨੇ ਬਾਬਾ ਬੁੱਢਾ ਜੀ ਦੇ ਚਰਨਾਂ ਤੇ ਆਪਣੇ ਹੱਥ ਧਰੇ ਤੇ ਬੰਦਨਾ ਕਰਕੇ ਕੁਝ ਹਿਲਾਏ ਤੇ ਕੰਵਲ ਵਰਗੇ ਨੈਣ ਖੁਲ੍ਹ ਗਏ॥੨੫॥

ਪ੍ਰੇਮ ਬਿਬਸ ਜਬਿ ਸਤਿਗੁਰ ਹੇਰੇ। ਤੂਰਨ ਗਹੇ ਪਾਇ ਤਿਸ ਬੇਰੇ।
ਨੰਮ੍ਰਿ ਭਏ ਸ੍ਰੀ ਹਰਿ ਗੋਵਿੰਦ। ਗਹੇ ਬ੍ਰਿੱਧ ਕੇ ਪਦ ਅਰਬਿੰਦ॥੨੬॥

ਜਦ ਸਤਿਗੁਰੂ ਜੀ ਨੂੰ ਪ੍ਰੇਮ ਵਿਚ ਬੇਬਸ ਵੇਖਿਆ ਤਾਂ ਉਸੇ ਵੇਲੇ ਤੁਰਤ ਉਨ੍ਹਾਂ ਦੇ ਚਰਨ ਫੜ ਲਏ। ਸ੍ਰੀ ਗੁਰੂ ਹਰਿਗੋਬਿੰਦ ਜੀ ਨਿੰਮਰ ਹੋ ਗਏ ਤੇ ਉਨ੍ਹਾਂ ਵੀ ਬਾਬਾ ਬੁੱਢਾ ਜੀ ਦੇ ਚਰਨ ਫੜ ਲਏ॥੨੬॥

ਬੈਠਨਿ ਕੇ ਸਥਾਨ ਲੇ ਗਏ। ਸਭਿ ਸਿਖ ਬ੍ਰਿਧ ਕੋ ਬੰਦਤਿ ਭਏ।
ਤਹਿਂ ਕੇ ਸਿਖ ਗੁਰ ਕੋ ਕਿਯ ਨਮੋ। ਬੈਠਤਿ ਭਏ ਬ੍ਰਿੰਦ ਤਿਹ ਸਮੋਂ॥੨੭॥

ਫਿਰ ਬੈਠਣ ਦੇ ਸਥਾਨ ਤੇ ਲੈ ਗਏ, ਸਭ ਸਿੱਖਾਂ ਨੇ ਬਾਬਾ ਬੁੱਢਾ ਜੀ ਨੂੰ ਬੰਦਨਾ ਕੀਤੀ। ਉਥੋਂ ਦੇ ਸਿੱਖਾਂ ਨੇ ਗੁਰੂ ਜੀ ਨੂੰ ਬੰਦਨਾ ਕੀਤੀ ਤੇ ਸਾਰੇ ਉਸ ਸਮੇਂ ਬੈਠ ਗਏ॥੨੭॥

ਬ੍ਰਿਧ ਸਾਹਿਬ ਕਰ ਜੋਰਿ ਉਚਾਰੀ। 'ਇਹ ਕੁਛ ਰੀਤਿ ਨਈ ਨ ਤੁਮਾਰੀ।
ਦਾਸਨ ਬਸਿ ਹੁਇ ਕਰੁਨਾ ਕਰਿ ਹੋ। ਕਬ੍ਹੂ ਨ ਲੋਕ ਲਾਜ ਕੋ ਧਰਿ ਹੋ॥੨੮॥

ਬਾਬਾ ਬੁੱਢਾ ਜੀ ਨੇ ਹੱਥ ਜੋੜ ਕੇ ਕਿਹਾ, "ਇਹ ਤੁਹਾਡੀ ਕੁਝ ਨਵੀਂ ਰੀਤੀ ਨਹੀਂ, ਸੇਵਕਾਂ ਦੇ ਵੱਸ ਹੋ ਕੇ ਕਿਰਪਾ ਕਰਦੇ ਹੋ, ਕਦੀ ਵੀ ਲੋਕ ਲਾਜ ਨੂੰ ਧਾਰਨ ਨਹੀਂ ਕਰਦੇ ਹੋ॥੨੮॥

ਬਿਰਦ ਸੰਭਾਰਿ ਆਪਨੋ ਆਏ। ਮੇਰੋ ਅੰਤ ਸਮਾਂ ਨਿਯਰਾਏ।
ਕ੍ਰਿਪਾ ਧਾਰਿ ਦਰਸ਼ਨ ਕੋ ਦੀਨਾ। ਨਿਤ ਸਿੱਖਨਿ ਬਸਿ ਗੁਰੂ ਪ੍ਰਬੀਨਾ॥੨੯॥

ਆਪਣਾ ਧਰਮ ਜਾਣ ਕੇ ਦੇਖੋ ਆਏ ਹੋ, ਮੇਰਾ ਅੰਤ ਸਮਾਂ ਨੇੜੇ ਆ ਗਿਆ ਹੈ। ਕਿਰਪਾ ਧਾਰ ਕੇ ਦਰਸ਼ਨ ਦਿੱਤੇ ਹਨ, ਪ੍ਰਬੀਨ ਗੁਰੂ ਜੀ ਸਦਾ ਸਿੱਖਾਂ ਦੇ ਵੱਸ ਵਿਚ ਰਹਿੰਦੇ ਹਨ'॥੨੯॥

ਸੁਨਿ ਸ੍ਰੀ ਗੁਰ ਸ਼ੁਭ ਉੱਤਰ ਦੀਨਾ। 'ਤੁਮ ਸਿੱਖੀ ਮਗ ਉੱਜਲ ਕੀਨਾ।
ਰਾਵਰ ਕੋ ਆਚਰਨ ਗਹੈਂਗੇ। ਸੋ ਸਿਖ ਅਘ ਬੰਨ੍ਹੀ ਨ ਦਹੈਂਗੇ॥ ੩੦॥

ਇਹ ਸੁਣ ਕੇ ਗੁਰੂ ਜੀ ਨੇ ਸ਼ੁਭ ਉੱਤਰ ਦਿੱਤਾ, "ਤੁਸੀਂ ਸਿੱਖੀ ਮਾਰਗ ਨੂੰ ਉੱਜਲ ਕੀਤਾ ਹੈ, ਜਿਹੜੇ ਆਪ ਜੀ ਦੇ ਆਚਰਣ ਨੂੰ ਫੜਨਗੇ, ਉਹ ਸਿੱਖ ਪਾਪਾਂ ਦੀ ਅੱਗ ਵਿਚ ਨਹੀਂ ਸੜਨਗੇ॥੩੦॥

ਤੋਰ ਨਾਮ ਲੇ ਸਿੱਖੀ ਧਰੈਂ। ਕਹੋ ਕਯੋਂ ਨ ਭਵ ਸਾਗਰ ਤਰੈਂ'।
ਇਤਯਾਦਿਕ ਬਹੁ ਆਪਸ ਮਾਂਹੀ। ਕਹੀ ਸੁਨੀ ਮਹਿਮਾ ਖਿਤ ਪਾਹ੍ਹੀ॥ ੩੧॥

ਜਿਹੜੇ ਤੁਹਾਡਾ ਨਾਮ ਲੈ ਕੇ ਸਿੱਖੀ ਧਾਰਨਗੇ, ਉਹ ਦੱਸੋ ਕਿਉਂ ਨਾ ਭਵਸਾਗਰ ਨੂੰ ਤਰ ਜਾਣਗੇ।" ਇਤਿਆਦਿ ਆਪਸ ਵਿਚ ਬਹੁਤ ਕਿਹਾ ਅਤੇ ਸੁਣਿਆ ਤੇ ਪਾਸ ਬੈਠ ਕੇ ਮਹਿਮਾ ਪਾਈ॥੩੧॥

ਸੁੰਦਰ ਮੰਦਿਰ ਅੰਦਰ ਡੇਰਾ। ਕਰਿਵਾਯਹੁ ਸਾਦਰ ਤਿਸ ਬੇਰਾ।
ਜਥਾ ਜੋਗ ਸਭਿ ਕੋ ਸੁਖ ਦਯੋ। ਦੇਗ ਪ੍ਰਸਾਦ ਤਯਾਰ ਤਬਿ ਭਯੋ॥ ੩੨॥

ਉਸ ਸਮੇਂ ਬੜੇ ਆਦਰ ਨਾਲ ਸੁੰਦਰ ਘਰ ਦੇ ਅੰਦਰ ਡੇਰਾ ਕਰਵਾਇਆ ਤੇ ਯਥਾ-ਯੋਗ ਸਭ ਨੂੰ ਸੁੱਖ ਦਿੱਤਾ ਤੇ ਲੰਗਰ ਪ੍ਰਸਾਦ ਤਿਆਰ ਕਰਵਾਇਆ॥੩੨॥

ਭਾਂਤਿ ਭਾਂਤਿ ਕੇ ਭੋਜਨ ਕਰੇ। ਮਧੁਰ ਤੁਰਸ਼ ਬਹੁ ਸ੍ਵਾਦਨਿ ਭਰੇ।
ਨਿਕਟਿ ਬੈਠਿ ਗੁਰ ਕੋ ਅਚਵਾਯੋ। ਪੁਨ ਸਭਿ ਸੈਨਾ ਕੋ ਬਰਤਾਯੋ॥ ੩੩॥

ਭਾਂਤ-ਭਾਂਤ ਦੇ ਭੋਜਨ ਤਿਆਰ ਕੀਤੇ, ਮਿੱਠੇ ਖੱਟੇ ਅਤੇ ਬਹੁਤ ਸਵਾਦਾਂ ਨਾਲ ਭਰੇ ਸਨ। ਗੁਰੂ ਜੀ ਦੇ ਪਾਸ ਬੈਠ ਕੇ ਉਨ੍ਹਾਂ ਨੂੰ ਖਵਾਏ, ਫਿਰ ਸਾਰੀ ਸੈਨਾ ਨੂੰ ਲੰਗਰ ਵਰਤਾਇਆ॥੩੩॥

ਸੁਪਤਨਿ ਸਮੈਂ ਜਾਨਿ ਬ੍ਰਿਧ ਭਾਈ। ਮ੍ਰਿਦੁ ਸਿਹਜਾ ਸੁੰਦਰ ਡਸਿਵਾਈ।
ਭੂਮਾਸਨ ਅਪਨੋ ਤਬਿ ਕੀਨਿ। ਸ੍ਰੀ ਹਰਿ ਗੋਵਿੰਦ ਸਭਿ ਬਿਧਿ ਚੀਨਿ॥ ੩੪॥

ਬਾਬਾ ਬੁੱਢਾ ਜੀ ਨੇ ਸੌਣ ਦਾ ਸਮਾਂ ਜਾਣ ਕੇ ਕੋਮਲ ਤੇ ਸੁੰਦਰ ਸੇਜ ਡੁਹਾਈ। ਆਪ ਆਪਣਾ ਆਸਣ ਧਰਤੀ ਤੇ ਹੀ ਕੀਤਾ। ਸ੍ਰੀ ਹਰਿ ਗੋਬਿੰਦ ਜੀ ਸਾਰੀਆਂ ਵਿਧੀਆਂ ਨੂੰ ਜਾਣ ਗਏ॥੩੪॥

ਤਜਿ ਸਿਹਜਾ ਭੂਮਾਸਨ ਕਰੇ। ਬ੍ਰਿਧ ਸਾਹਿਬ ਕੇ ਢਿਗ ਗੁਰ ਥਿਰੇ।
ਨਿਸ ਮਹਿਂ ਬਚਨ ਬਿਲਾਸ ਕਰੰਤਿ। ਭਨਤਿ ਭਏ ਸ੍ਰੀ ਗੁਰ ਭਗਵੰਤ॥ ੩੫॥

ਗੁਰੂ ਜੀ ਨੇ ਵੀ ਪਲੰਘ ਨੂੰ ਛੱਡ ਭੂਮਾਸਨ ਕਰ ਲਿਆ ਤੇ ਬਾਬਾ ਬੁੱਢਾ ਜੀ ਦੇ ਪਾਸ ਬੈਠ ਗਏ। ਰਾਤ ਸਮੇਂ ਬਚਨ ਬਿਲਾਸ ਕਰਦੇ ਸਨ, ਗੁਰੂ ਜੀ ਕਹਿਣ ਲੱਗੇ॥੩੫॥

**'ਸ੍ਰੀ ਨਾਨਕ ਆਦਿਕ ਗੁਰ ਸਾਰੇ। ਰਹੇ ਨਿਕਟਿ ਸਭਿ ਰੀਤਿ ਨਿਹਾਰੇ।**
**ਹਾਨ ਲਾਭ ਸਭਿ ਬਿਧਿ ਹੀ ਜਾਨਹੁ। ਮੁਝ ਪ੍ਰਤਿ ਕੁਛ ਉਪਦੇਸ਼ ਬਖਾਨਹੁ॥੩੬॥**

"ਸ੍ਰੀ ਗੁਰੂ ਨਾਨਕ ਆਦਿ ਸਾਰੇ ਗੁਰੂ ਸਾਹਿਬਾਨ ਦੇ ਤੁਸੀਂ ਪਾਸ ਰਹੇ ਹੋ ਤੇ ਉਨ੍ਹਾਂ ਨੂੰ ਸਭ ਰੀਤੀਆਂ ਅਨੁਸਾਰ ਵੇਖਿਆ ਹੈ। ਹਾਣ ਲਾਭ ਸਭ ਵਿਧੀਆਂ ਅਨੁਸਾਰ ਜਾਣਦੇ ਹੋ, ਮੇਰੇ ਵਾਸਤੇ ਕੋਈ ਉਪਦੇਸ਼ ਕਹੋ॥੩੬॥

**ਸੇਵਕ ਜਾਨਿ ਦਯਾ ਰਸ ਢਰੀਅਹਿ। ਸੀਛਾ ਭਲੀ ਬਤਾਵਨਿ ਕਰੀਅਹਿ'।**
**ਸੁਨਿ ਬ੍ਰਿਧ ਕਹਯੋ 'ਆਪ ਨਾਰਾਇਨ। ਛਠਮ ਰੂਪ ਤੁਮ ਧਰਯੋ ਸੁਹਾਇਨ॥੩੭॥**

ਸੇਵਕ ਜਾਣ ਕੇ ਦਇਆ ਰਸ ਵਿਚ ਢਲੋ ਤੇ ਚੰਗੀ ਸਿੱਖਿਆ ਮੈਨੂੰ ਦੱਸੋ।" ਇਹ ਸੁਣ ਕੇ ਬਾਬਾ ਬੁੱਢਾ ਜੀ ਨੇ ਕਿਹਾ, "ਤੁਸੀਂ ਆਪ ਨਾਰਾਇਣ ਨੇ ਛੇਵਾਂ ਸੁਹਾਵਣਾ ਸਰੂਪ ਧਾਰਨ ਕੀਤਾ ਹੈ॥੩੭॥

**ਗਨ ਸਿੱਖਨਿ ਗੋ ਦਿਜ ਅਰੁ ਧਰਨੀ। ਧਰਯੋ ਦੇਹਿ ਰੱਛਾ ਇਨ ਕਰਨੀ।**
**ਧਯਾਨ ਬਿਖੈ ਆਰਾਧਤਿ ਜੋਗੀ। ਭੋਗਨ ਹਿਤ ਸੇਵਤਿ ਸਭਿ ਭੋਗੀ॥ ੩੮॥**

ਸਿੱਖਾਂ, ਗਊਆਂ, ਬ੍ਰਾਹਮਣਾਂ ਭਾਵ ਭਲੇ ਪੁਰਖਾਂ ਸੰਤਾਂ ਸਾਧਾਂ ਤੇ ਪ੍ਰਿਥਵੀ ਦੀ ਰਖਿਆ ਵਾਸਤੇ ਦੇਹ ਧਾਰਨ ਕੀਤੀ ਹੈ। ਜੋਗੀ ਆਪ ਜੀ ਦਾ ਧਿਆਨ ਲਾ ਕੇ ਆਰਾਧਣਾ ਕਰਦੇ ਹਨ ਤੇ ਭੋਗੀ ਭੋਗਣ ਹਿਤ ਸਿਮਰਨ ਕਰਦੇ ਹਨ॥੩੮॥

**ਬ੍ਰਹਮ ਆਤਮਾਨੰਦ ਸਰੂਪ। ਠਾਨਤਿ ਅਚਰਜ ਚਲਿਤ ਅਨੂਪ।**
**ਸਭਿ ਕੋ ਸੀਖਕ ਰਾਵਰ ਅਹੋ। ਕਹਾਂ ਸੀਖ ਮੈਂ ਤੁਮ ਸੋਂ ਕਹੋਂ॥ ੩੯॥**

ਤੁਸੀਂ ਬ੍ਰਹਮ ਆਤਮਾਨੰਦ ਸਰੂਪ ਹੋ, ਅਸਚਰਜ ਧਾਰਨ ਕਰਦੇ ਹੋ ਤੇ ਅਨੂਪਮ ਤੁਹਾਡਾ ਚਰਿੱਤਰ ਹੈ। ਸਾਰਿਆਂ ਨੂੰ ਸਿਖਿਆ ਦੇਣ ਵਾਲੇ ਆਪ ਹੋ, ਮੈਂ ਤੁਹਾਨੂੰ ਕਿਹੜੀ ਸਿਖਿਆ ਦੇਵਾਂ॥੩੯॥

**ਮਮ ਸੁਤ ਕੀ ਅਬਿ ਭੁਜਾ ਗਹੀਜੈ। ਮਮ ਸਮਾਨ ਹੀ ਨਿਤ ਨਿਬਹੀਜੈ।**
**ਸ੍ਰੀ ਨਾਨਕ ਗੁਰ ਅੰਗਦ ਔਰ। ਪੁਨ ਕੁਲ ਭੱਲਜਨਿ ਕੇ ਸਿਰਮੌਰ॥ ੪੦॥**

ਮੇਰੇ ਪੁੱਤਰ ਦੀ ਹੁਣ ਬਾਂਹ ਫੜੋ, ਮੇਰੇ ਵਾਂਗ ਹੀ ਉਸ ਨਾਲ ਵਰਤਾਅ ਕਰੋ। ਸ੍ਰੀ ਗੁਰੂ ਨਾਨਕ, ਗੁਰੂ ਅੰਗਦ ਦੇਵ ਜੀ ਫਿਰ ਭਲਿਆਂ ਦੀ ਸ਼੍ਰੋਮਣੀ ਕੁਲ ਹੈ॥੪੦॥

**ਸ੍ਰੀ ਗੁਰ ਰਾਮਦਾਸ, ਗੁਰ ਅਰਜਨ। ਕਰੀ ਸੁ ਬਹੁ ਸਿੱਖੀ ਜਗ ਸਿਰਜਨ।**
**ਮੇਰੀ ਬਾਤ ਜਥਾ ਨਿਰਬਾਹੀ। ਤਿਮ ਮਮ ਸੁਤ ਰਹਿ ਤੁਮਰੇ ਪਾਹੀ'॥ ੪੧॥**

ਫਿਰ ਸ੍ਰੀ ਗੁਰੂ ਰਾਮਦਾਸ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਗਤ ਵਿਚ ਸਿੱਖੀ ਦੀ ਬਹੁਤ ਸਿਰਜਣਾ ਕੀਤੀ। ਮੇਰੀ ਗੱਲ ਨੂੰ ਜਿਵੇਂ ਉਨ੍ਹਾਂ ਨੇ ਨਿਬਾਹਿਆ ਹੈ, ਉਸ ਤਰ੍ਹਾਂ ਹੀ ਮੇਰਾ ਪੁੱਤਰ ਵੀ ਤੁਹਾਡੇ ਪਾਸ ਰਹੇ"॥੪੧॥

**ਇਮ ਕਹਿ ਅਪਨੋ ਸੁਤ ਬੁਲਵਾਯੋ। ਚਰਨ ਪਾਇ ਗੁਰ ਨਿਕਟਿ ਬਿਠਾਯੋ।**
**ਭਾਨਾ ਹਾਥ ਗਹਯੋ ਨਿਜ ਹਾਥ। ਗਹਿਵਾਈ ਤਬਿ ਹੀ ਪਿਖਿ ਨਾਥ॥ ੪੨॥**

ਇਸ ਤਰ੍ਹਾਂ ਕਹਿ ਕੇ ਆਪਣੇ ਪੁੱਤਰ ਨੂੰ ਬੁਲਾਇਆ ਤੇ ਉਸ ਨੂੰ ਗੁਰੂ ਜੀ ਦੇ ਚਰਨਾਂ ਦੇ ਪਾਸ ਬਿਠਾ ਦਿੱਤਾ। ਫਿਰ ਆਪਣੇ ਪੁੱਤਰ ਭਾਨੇ ਦਾ ਹੱਥ ਆਪਣੇ ਹੱਥ ਵਿਚ ਫੜ ਕੇ ਗੁਰੂ ਜੀ ਨੂੰ ਵੇਖ ਉਨ੍ਹਾਂ ਦੇ ਹੱਥ ਵਿਚ ਫੜਾ ਦਿੱਤਾ॥੪੨॥

ਸ੍ਰੀ ਹਰਿ ਗੋਵਿੰਦ ਗਹਿ ਕਰ ਸਾਥੇ। ਰਾਖੀ ਬਾਹੁ ਤਾਂਹਿ, ਨਿਜ ਮਾਥੇ।
ਕਹਿ ਬਹੁ ਬਿਧਿ ਸੋਂ ਧੀਰਜ ਦੀਨਾ। ਅਪਰ ਕਰੀ ਚਰਚਾ ਰਸ ਭੀਨਾ॥੪੩॥

ਸ੍ਰੀ ਹਰਿਗੋਬਿੰਦ ਜੀ ਨੇ ਭਾਨੇ ਦਾ ਹੱਥ ਫੜ ਕੇ ਉਸ ਨੂੰ ਆਪਣੇ ਮੱਥੇ ਤੇ ਰੱਖ ਲਿਆ। ਫਿਰ ਕਹਿ ਕੇ ਬਹੁਤ ਵਿਧੀਆਂ ਨਾਲ ਧੀਰਜ ਦਿੱਤਾ ਤੇ ਹੋਰ ਰਸ ਭਿੰਨੀ ਚਰਚਾ ਕੀਤੀ॥੪੩॥

ਤੀਨ ਪਹਿਰ ਜਾਗਤਿ ਹੀ ਰਹੇ। ਬ੍ਰਿਧ ਕੇ ਬਾਕ ਸੁਨੇ ਅਰੁ ਕਹੇ।
ਆਇਸੁ ਗੁਰ ਕੀ ਲੇ ਉਠਿ ਖਰਜੋ। ਜਲ ਸੀਤਲ ਸੋਂ ਮੱਜਨ ਕਰਜੋ॥੪੪॥

ਤਿੰਨ ਪਹਿਰ ਜਾਗਦੇ ਹੀ ਰਹੇ, ਬਾਬਾ ਬੁੱਢਾ ਜੀ ਦੀਆਂ ਗੱਲਾਂ ਸੁਣੀਆਂ ਤੇ ਆਪ ਕਹੀਆਂ। ਫਿਰ ਬਾਬਾ ਬੁੱਢਾ ਜੀ ਗੁਰੂ ਜੀ ਦੀ ਆਗਿਆ ਲੈ ਕੇ ਉੱਠ ਖੜੇ ਹੋਏ ਤੇ ਸੀਤਲ ਜਲ ਨਾਲ ਇਸ਼ਨਾਨ ਕੀਤਾ॥੪੪॥

ਪੁਨ ਸ੍ਰੀ ਹਰਿ ਗੋਵਿੰਦੁ ਢਿਗ ਆਯੋ। ਬੈਠਜੋ ਸਨਮੁਖ ਉਰ ਹਰਖਾਯੋ।
ਇਕ ਚਿਤ ਹ੍ਵੈ ਕਰਿ ਜਪੁਜੀ ਸਾਰਾ। ਸਨੇ ਸਨੇ ਸੰਭਾਰਿ ਉਚਾਰਾ॥੪੫॥

ਫਿਰ ਸ੍ਰੀ ਹਰਿਗੋਬਿੰਦ ਜੀ ਦੇ ਪਾਸ ਆਏ ਤੇ ਸਾਹਮਣੇ ਬੈਠ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਏ। ਇਕ ਚਿੱਤ ਹੋ ਕੇ ਜਪੁਜੀ ਸਾਹਿਬ ਦਾ ਸਾਰਾ ਪਾਠ ਹੋਲੀ-ਹੋਲੀ ਸੰਭਾਲ ਕੇ ਉਚਾਰਨ ਕੀਤਾ॥੪੫॥

ਪਠਿ ਕਰਿ ਗੁਰ ਦਿਸ਼ਿ ਬੰਦਨ ਕੀਨਿ। ਨਿਜ ਦਾਸਨਿ ਕੋ ਆਇਸੁ ਦੀਨ।
'ਪਾਵਨ ਕੁਸ਼ਾ ਕਰਹੁ ਛਿਤੁ ਪਾਵਨ। ਬੈਠਿ ਸ਼ਬਦ ਕੋ ਕੀਜੈ ਗਾਵਨ॥੪੬॥

ਸਾਰਾ ਪਾਠ ਪੜ੍ਹ ਕੇ ਗੁਰੂ ਜੀ ਵਾਲੇ ਪਾਸੇ ਬੰਦਨਾ ਕੀਤੀ ਤੇ ਆਪਣੇ ਨਿਜੀ ਦਾਸਾਂ ਨੂੰ ਆਗਿਆ ਕੀਤੀ, "ਪਵਿੱਤਰ ਕੁਸ਼ਾ ਨੂੰ ਧਰਤੀ ਤੇ ਵਿਛਾਓ ਤੇ ਬੈਠ ਕੇ ਸ਼ਬਦ ਦਾ ਗਾਇਣ ਕਰੋ॥੪੬॥

*ਨੋਟ : ਧਰਤੀ ਉੱਤੇ ਕੁਸ਼ਾ ਵਛਾਉਣ ਦਾ ਭਰਮ ਯੋਗ ਨਹੀਂ ਹੈ। ਬਾਬਾ ਬੁੱਢਾ ਜੀ ਨੇ ਪਰਮ ਪਦਵੀ ਪਾਈ ਸੀ, ਉਹ ਅਜਿਹੇ ਵਹਿਮਾਂ ਭਰਮਾਂ ਨੂੰ ਨਹੀਂ ਸੀ ਮੰਨਦੇ। ਬਾਕੀ ਦੀਵਾ ਜਗਾਉਣਾ, ਸਫਾਈ ਕਰਨਾ, ਸੁਗੰਧਿਤ ਵਸਤੂਆਂ ਦਾ ਛਿੜਕਾ ਕਰਨਾ ਯੋਗ ਹੈ।*

ਸਭਿ ਸੁਗੰਧਿਤਾ ਕਰਿ ਛਿਰਕਾਵਹਿ। ਸੱਤਿਨਾਮ ਸਿਮਰਹੁ ਹਰਿਖਾਵਨ।
ਦੀਪਕ ਬ੍ਰਿੰਦ ਬਾਰ ਕਰਿ ਧਰੀਅਹਿ। ਸੰਗਤਿ ਸਗਲ ਇਕੱਤਰ ਕਰੀਅਹਿ' ॥੪੭॥

ਸਭ ਸੁਗੰਧਤ ਵਸਤੂਆਂ ਦਾ ਛਿੜਕਾ ਕਰੋ ਤੇ ਪ੍ਰਸੰਨ ਹੋ ਕੇ ਸਤਿਨਾਮ ਦਾ ਸਿਮਰਨ ਕਰੋ। ਬਹੁਤ ਦੀਵੇ ਬਾਲ ਕੇ ਧਰੋ ਤੇ ਸਾਰੀ ਸੰਗਤ ਨੂੰ ਇਕੱਤਰ ਕਰੋ" ॥੪੭॥

ਸੁਨਿ ਬ੍ਰਿਧ ਹੁਕਮ ਦਾਸ ਗਨ ਆਏ। ਕਹਜੋ ਜਥਾ ਸਭਿ ਕਾਜ ਬਨਾਏ।
ਸ੍ਰੀ ਹਰਿ ਗੋਵਿੰਦ ਕੇਰ ਅਗਾਰੀ। ਹਾਥ ਜੋਰਿ ਬਹੁ ਬਿਨੈ ਉਚਾਰੀ॥੪੮॥

ਬਾਬਾ ਬੁੱਢਾ ਜੀ ਦਾ ਹੁਕਮ ਸੁਣ ਕੇ ਸਾਰੇ ਸੇਵਕ ਆ ਗਏ, ਜਿਸ ਤਰ੍ਹਾਂ ਉਨ੍ਹਾਂ ਨੇ ਆਗਿਆ ਕੀਤੀ ਸੀ, ਉਸ ਤਰ੍ਹਾਂ ਹੀ ਉਨ੍ਹਾਂ ਕਾਰਜ ਕੀਤੇ। ਫਿਰ ਬਾਬਾ ਬੁੱਢਾ ਜੀ ਨੇ ਸ੍ਰੀ ਗੁਰੂ ਹਰਿਗੋਬਿੰਦ ਦੇ ਅੱਗੇ ਖੜੇ ਹੋ ਕੇ ਹੱਥ ਜੋੜ ਕੇ ਬੇਨਤੀ ਕੀਤੀ॥੪੮॥

'ਆਇਸੁ ਦੀਜੈ ਅੱਗ੍ਰ ਸਿਧਾਊਂ। ਪਦਵੀ ਪਰਮ ਆਪ ਕੀ ਪਾਊਂ'।
ਸਤਿਗੁਰ ਕਹਜੋ 'ਬਿਰਾਜਹੁ ਪ੍ਯਾਰੇ !। ਗਗਨ ਸਮਾਨ ਬਿਆਪਹੁ ਸਾਰੇ' ॥੪੯॥

"ਆਗਿਆ ਦੇਵੋ ਅੱਗੇ ਜਾਵਾਂ ਤੇ ਆਪ ਜੀ ਵਲੋਂ ਦਿੱਤੀ ਪਰਮ ਪਦਵੀ ਨੂੰ ਪਾਵਾਂ।" ਸਤਿਗੁਰੂ ਜੀ ਨੇ ਕਿਹਾ, "ਹੇ ਪਿਆਰੇ ! ਬਿਰਾਜੋ ਤੇ ਅਕਾਸ਼ ਵਾਂਗ ਸਾਰੇ ਵਿਆਪਕ ਹੋ ਜਾਵੋ" ॥੪੯॥

ਸੁਨਿ ਪੋਢਯੋ ਕੁਸ਼ ਆਸਨ ਊਪਰ। ਸੇਤ ਬਸਤ੍ਰ ਕੋ ਲੀਨਿ ਤਨੂਪਰ।
ਖੁਲ੍ਹੇ ਬਿਲੋਚਨ ਸਨਮੁਖ ਹੇਰਤਿ। ਸਤਿਗੁਰ ਕ੍ਰਿਪਾ ਦ੍ਰਿਸ਼ਟਿ ਸੋਂ ਪ੍ਰੇਰਤਿ॥ ੫੦॥

ਇਹ ਸੁਣ ਕੇ ਕੁਸ਼ਾ ਦੇ ਆਸਣ ਉੱਤੇ ਲੇਟ ਗਏ ਤੇ ਚਿੱਟੀ ਚਾਦਰ ਨੂੰ ਆਪਣੇ ਸਰੀਰ ਉੱਤੇ ਤਾਣ ਲਿਆ। ਅੱਖਾਂ ਖੋਲ੍ਹ ਕੇ ਸਾਹਮਣੇ ਵੇਖਦੇ ਸਨ ਤੇ ਸਤਿਗੁਰੂ ਜੀ ਦੀ ਕਿਰਪਾ-ਦ੍ਰਿਸ਼ਟੀ ਤੋਂ ਪ੍ਰੇਰਤ ਸਨ॥੫੦॥

ਤਨ ਕੋ ਤਜਾਗਿ ਪ੍ਰਾਨ ਜਬਿ ਗਯੋ। ਗੁਰੂ ਬਿਖੈ ਲੈ ਹੋਵਤਿ ਭਯੋ।
ਤਜੀ ਰਹੀ ਤਹਿਂ ਕਾਂਯਾਂ ਖਾਲੀ। ਜਨੁ ਗਜ ਫੂਲ ਮਾਲ ਕੋ ਡਾਲੀ॥ ੫੧॥

ਤਨ ਨੂੰ ਤਿਆਗ ਕੇ ਜਦ ਪ੍ਰਾਣ ਨਿਕਲ ਗਏ ਤਾਂ ਗੁਰੂ ਜੀ ਦੇ ਅੰਦਰ ਵਿਲੀਨ ਹੋ ਗਏ। ਉਥੇ ਸਰੀਰ ਖਾਲੀ ਇਸ ਤਰ੍ਹਾਂ ਪਿਆ ਰਿਹਾ, ਮਾਨੋਂ ਹਾਥੀ ਨੇ ਫੁੱਲਾਂ ਦੀ ਮਾਲਾ ਗਲ ਵਿਚ ਪਾ ਦਿਤੀ ਹੋਵੇ॥੫੧॥

ਸੁਗਮ ਦੇਹਿ ਤੇ ਹੋਯੋ ਭਿੰਨ। ਜੋ ਗੁਰ ਸੋਂ ਨਿਤ ਰਹਯੋ ਅਭਿੰਨ।
ਧੰਨ ਜਨਮ ਨਿਤ ਪਰਉਪਕਾਰੀ। ਜਨੁ ਸਿੱਖੀ ਕੀ ਨੀਵ ਉਸਾਰੀ॥ ੫੨॥

ਬੜੀ ਆਸਾਨੀ ਨਾਲ ਦੇਹ ਤੋਂ ਵੱਖ ਹੋ ਗਿਆ, ਜਿਹੜਾ ਗੁਰੂ ਜੀ ਨਾਲ ਸਦਾ ਇਕਮਿਕ ਰਿਹਾ। ਧੰਨ ਉਨ੍ਹਾਂ ਦਾ ਜਨਮ ਹੈ ਜਿਹੜੇ ਸਦਾ ਪਰਉਪਕਾਰੀ ਸਨ, ਜਿਨ੍ਹਾਂ ਸਿੱਖੀ ਦੀ ਨੀਂਹ ਦੀ ਉਸਾਰੀ ਕੀਤੀ॥੫੨॥

*ਛੇਵੀਂ ਰਾਸ ਦਾ ਤਰਵੰਜਵਾਂ ਅਧਿਆਇ ਸਮਾਪਤ ਹੋਇਆ॥੫੩॥*

## ਅਧਿਆਇ ਚਰਵੰਝਵਾਂ

*ਮਾਈ ਦੇਸਾਂ ਜੱਟੀ ਨੂੰ ਸੱਤ ਪੁੱਤ ਬਖਸ਼ੇ*

ਦੋਹਰਾ-ਬ੍ਰਿਧ ਸਾਹਿਬ ਜੀ ਮਹਾਂ ਸਿਖ ਜੈਸੇ ਭਗਤ ਕਬੀਰ।
ਦੇਹਿ ਅੰਤ ਸੁਰ ਜਾਨਿ ਕੈ ਆਇ ਬਿਮਾਨਨਿ ਭੀਰ॥ ੧॥

ਬਾਬਾ ਬੁੱਢਾ ਜੀ ਮਹਾਨ ਸਿੱਖ ਹੋਏ ਹਨ, ਜਿਵੇਂ ਭਗਤ ਕਬੀਰ ਸੀ। ਸਰੀਰ ਦਾ ਅੰਤ ਹੋਇਆ ਵੇਖ ਕੇ ਦੇਵਤੇ ਆਏ ਤੇ ਵਿਮਾਨਾਂ ਦੀ ਭੀੜ ਲੱਗ ਗਈ॥੧॥

ਚੌਪਈ- ਅਰਣ ਬਰਣ ਭਾ ਗਗਨ ਮਝਾਰਾ। ਮਿਲਿ ਸੁਰ ਜੈ ਜੈ ਕਾਰ ਉਚਾਰਾ।
ਬੈਠੇ ਸ੍ਰੀ ਹਰਿ ਗੋਵਿੰਦ ਚੰਦ। ਅਭਿਬੰਦਨ ਕੀਨਸਿ ਕਰ ਬੰਦਿ॥ ੨॥

ਧਰਤੀ, ਜਲ ਅਤੇ ਆਕਾਸ਼ ਵਿਚ ਦੇਵਤਿਆਂ ਨੇ ਮਿਲ ਕੇ ਜੈ ਜੈ ਕਾਰ ਦਾ ਉਚਾਰਨ ਕੀਤਾ। ਸ੍ਰੀ ਗੁਰੂ ਹਰਿਗੋਬਿੰਦ ਜੀ ਬੈਠੇ ਸਨ, ਉਨ੍ਹਾਂ ਨੂੰ ਹੱਥ ਜੋੜ ਕੇ ਬੰਦਨਾ ਕੀਤੀ॥੨॥

ਉਤਸਵ ਰਚਿਤਿ ਕੁਲਾਹਲ ਹੋਵਾ। ਨਭ ਅਵਨੀ ਮਹਿਂ ਅਚਰਜ ਜੋਵਾ।
ਆਸਾਵਾਰ ਰਬਾਬੀ ਗਾਵਹਿਂ। ਬਹੁ ਬਿਰਾਗ ਕੇ ਸ਼ਬਦ ਸੁਨਾਵਹਿਂ॥੩॥

ਵੱਡਾ ਉਤਸਵ ਕੀਤਾ ਤੇ ਬਹੁਤ ਸ਼ੋਰ ਮੱਚਿਆ, ਧਰਤੀ ਅਤੇ ਆਕਾਸ਼ ਤੇ ਬੜੇ ਅਸਚਰਜ ਨਜ਼ਾਰੇ ਵਿਖਾਈ ਦਿੱਤੇ। ਰਬਾਬੀ ਆਸਾ ਜੀ ਦੀ ਵਾਰ ਗਾਇਣ ਕਰ ਰਹੇ ਸਨ ਤੇ ਬਹੁਤ ਵੈਰਾਗ ਦੇ ਸ਼ਬਦ ਸੁਣਾ ਰਹੇ ਸਨ॥੩॥

ਸ਼ਬਦ ਸੁਨਤਿ ਪ੍ਰਭਾਤਿ ਹੁਇ ਆਈ। ਕਹਿ ਸਤਿਗੁਰ ਤਯਾਰੀ ਕਰਿਵਾਈ।
ਜ਼ਰੀ ਬਾਦਲਾ ਸਹਤ ਬਿਮਾਨ। ਫੂਲਨ ਮਾਲਾ ਛਾਇ ਮਹਾਨ॥ ੪॥

ਸ਼ਬਦ ਸੁਣਦਿਆਂ ਹੀ ਸਵੇਰ ਹੋ ਗਈ ਤੇ ਸਤਿਗੁਰੂ ਜੀ ਨੇ ਕਹਿ ਕੇ ਤਿਆਰੀ ਕਰਵਾਈ। ਜ਼ਰੀ ਆਦਿ ਸੁੰਦਰ ਕਪੜਿਆਂ ਨਾਲ ਬਿਬਾਣ ਤਿਆਰ ਕੀਤਾ ਤੇ ਬਹੁਤ ਫੁੱਲਾਂ ਦੇ ਹਾਰ ਉਸ ਤੇ ਪਾਏ ਗਏ॥੪॥

ਬ੍ਰਿਧ ਕੋ ਤਬਿ ਸ਼ਨਾਨ ਕਰਿਵਾਯੋ। ਨਰਨ ਉਚਾਇ ਬੀਚ ਪੌਢਾਯੋ।
ਊਪਰ ਸੁੰਦਰ ਪਾਇ ਦੁਸ਼ਾਲੇ। ਸਤਿਗੁਰ ਆਪ ਬਿਮਾਨ ਉਠਾਲੇ॥ ੫॥

ਫਿਰ ਬਾਬਾ ਬੁੱਢਾ ਜੀ ਦੇ ਸਰੀਰ ਨੂੰ ਇਸ਼ਨਾਨ ਕਰਵਾਇਆ ਤੇ ਮਨੁੱਖਾਂ ਨੇ ਚੁੱਕ ਕੇ ਬਿਬਾਣ ਵਿਚ ਲਿਟਾ ਦਿੱਤਾ। ਬਾਬਾ ਜੀ ਦੇ ਉਪਰ ਸੁੰਦਰ ਦੁਸ਼ਾਲੇ ਪਾਏ ਗਏ। ਸਤਿਗੁਰੂ ਜੀ ਨੇ ਬਿਬਾਣ ਨੂੰ ਆਪ ਮੋਢਾ ਦਿੱਤਾ॥੫॥

ਭਾਨਾ, ਬਿਧੀ ਚੰਦ, ਗੁਰਦਾਸ। ਸੰਗਤਿ ਘਨੀ ਲਗੀ ਚਹੁੰ ਪਾਸ।
ਬ੍ਰਿਧ ਪੋਤਾ ਤਬਿ ਚਵਰ ਢੁਰਾਵੈ। ਆਗੈ ਗਮਨ ਸ਼ਬਦ ਕੋ ਗਾਵੈ॥ ੬॥

ਭਾਈ ਭਾਨਾ, ਭਾਈ ਬਿਧੀ ਚੰਦ ਤੇ ਭਾਈ ਗੁਰਦਾਸ ਤੇ ਹੋਰ ਬਹੁਤ ਸੰਗਤ ਚਾਰੇ ਪਾਸੇ ਲੱਗ ਗਈ। ਬਾਬਾ ਬੁੱਢਾ ਜੀ ਦਾ ਪੋਤਰਾ ਚੋਰ ਕਰ ਰਿਹਾ ਸੀ। ਸ਼ਬਦ ਦਾ ਗਾਇਣ ਕਰਦੇ ਅੱਗੇ ਜਾ ਰਹੇ ਸਨ॥੬॥

ਅਤਰ ਗੁਲਾਬ ਮਹਿਕ ਛਿਰਕਾਵਾ।ਲਘੁ ਦੀਰਘ ਬਾਦਤ ਬਜਵਾਵਾ।
ਧਨ ਬਰਖਾਵਤਿ ਘਨੋ ਅਗਾਰੀ। ਧਨ, ਘਰ ਕੀ ਨਰ ਪ੍ਰੀਤਿ ਵਿਸਾਰੀ॥ ੭॥

ਅਤਰ, ਗੁਲਾਬ ਦੀ ਮਹਿਕ ਦਾ ਛਿੜਕਾ ਕੀਤਾ ਤੇ ਛੋਟੇ ਵੱਡੇ ਵਾਜੇ ਵਜਾਏ ਗਏ, ਬਹੁਤ ਧਨ ਦੀ ਅੱਗੇ ਵਰਸ਼ਾ ਕਰਦੇ ਸਨ, ਮਨੁੱਖਾਂ ਨੇ ਧਨ ਤੇ ਘਰ ਦੀ ਪ੍ਰੀਤ ਵਿਸਾਰ ਦਿੱਤੀ॥੭॥

ਸਗਰੇ ਸਿਮਰਤਿ ਮਰਨ ਕਰਾਲਾ। ਵਿਸ਼ਯ ਵਿਰਾਗੀ ਭਏ ਬਿਸਾਲਾ।
ਬ੍ਰਿਧ ਕੋ ਅਸ ਪ੍ਰਤਾਪ ਤਹਿਂ ਛਾਵਾ। ਸਿੱਖਨਿ ਮਨ ਨਿਰਮਲ ਹੁਇ ਆਵਾ॥੮॥

ਭਿਆਨਕ ਮੌਤ ਨੂੰ ਸਾਰੇ ਯਾਦ ਕਰਦੇ ਸਨ, ਸਾਰੇ ਵਿਸ਼ਿਆਂ ਤੋਂ ਵੈਰਾਗੀ ਹੋ ਰਹੇ ਸਨ। ਬਾਬਾ ਬੁੱਢਾ ਜੀ ਦਾ ਇਸ ਤਰ੍ਹਾਂ ਪ੍ਰਤਾਪ ਛਾ ਗਿਆ ਤੇ ਸਿੱਖਾਂ ਦੇ ਮਨ ਨਿਰਮਲ ਹੋ ਗਏ॥੮॥

ਚੰਦਨ ਚਿਖਾ ਰਚੀ ਤਿਸ ਕਾਲਾ। ਊਪਰ ਧਰਿ ਜਵ ਤਿਲ ਘ੍ਰਿਤ ਡਾਲਾ।
ਭਾਨਾ ਲੇ ਕਰ ਲਾਬੂ ਲਾਯੋ। ਸ਼ਬਦ ਰੁਦਨ ਕੋ ਤਬਹਿ ਉਠਾਯੋ॥ ੯॥

ਉਸ ਸਮੇਂ ਚੰਦਨ ਦੀ ਚਿਖਾ ਚਿਣੀ ਗਈ, ਬਾਬਾ ਜੀ ਦੇ ਸਰੀਰ ਨੂੰ ਉਪਰ ਧਰ ਕੇ ਜੌਂ, ਤਿਲ ਤੇ ਘਿਉ ਪਾਇਆ। ਭਾਨੇ ਨੇ ਅੱਗ ਲੈ ਕੇ ਲਾਂਬੂ ਲਾਇਆ ਤੇ ਉਸ ਸਮੇਂ ਉੱਚੀ ਆਵਾਜ਼ ਵਿਚ ਕੂਕ ਮਾਰੀ॥੯॥

ਲਖਿ ਪ੍ਰਿਯ ਅਤਿ ਸ਼੍ਰੀ ਹਰਿਗੋਵਿੰਦ। ਤਜੇ ਬਿਲੋਚਨ ਤੇ ਜਲ ਬੁੰਦ।
ਗੁਰ ਕੋ ਪਿਖਿ ਸਭਿ ਕੀਨਿ ਵਿਰਾਗਾ। ਕਰਿ ਕਪਾਲ ਕ੍ਰਿਆ ਮਨੁ ਰਾਗਾ॥੧੦॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਬਾਬਾ ਬੁੱਢਾ ਜੀ ਨੂੰ ਅਤਿ ਪਿਆਰਾ ਸਮਝ ਕੇ ਅੱਖਾਂ ਵਿਚ ਕੁਝ ਜਲ ਦੀਆਂ ਬੂੰਦਾਂ ਡੇਗੀਆਂ। ਗੁਰੂ ਜੀ ਨੂੰ ਵੇਖ ਕੇ ਸਭ ਨੇ ਵੈਰਾਗ ਕੀਤਾ ਤੇ ਮਨ ਦਾ ਪ੍ਰੇਮ ਕਰਕੇ ਕਪਾਲ ਕ੍ਰਿਆ ਕੀਤੀ॥੧੦॥

ਕਰਿ ਸ਼ਨਾਨ ਗੁਰ ਜੁਤਿ ਸਮੁਦਾਏ। ਸਨੇ ਸਨੇ ਡੇਰੇ ਕਉ ਆਏ।
ਬੈਠਿ ਲਗਾਯੋ ਅਧਿਕ ਦਿਵਾਨ। ਮਿਲੀ ਸਕਲ ਹੀ ਸੰਗਤਿ ਆਨਿ॥ ੧੧॥

ਗੁਰੂ ਜੀ ਸਮੇਤ ਸਾਰਿਆਂ ਨੇ ਇਸ਼ਨਾਨ ਕੀਤਾ ਤੇ ਹੌਲੀ-ਹੌਲੀ ਡੇਰੇ ਨੂੰ ਆ ਗਏ। ਬੈਠ ਕੇ ਬਹੁਤ ਵੱਡਾ ਦੀਵਾਨ ਲਾਇਆ, ਸਾਰੀ ਸੰਗਤ ਆ ਇਕੱਠੀ ਹੋਈ॥੧੧॥

ਸਿੱਖ ਅਜਿੱਤੋ ਚਰਿਤ ਨਿਹਾਰਾ। ਬ੍ਰਿਧ ਪ੍ਰਤਾਪ ਜਸੁ ਚਹਤਿ ਬਿਥਾਰਾ।
ਹਾਥ ਜੋਰਿ ਸਭਿ ਬਿਖੈ ਬਖਾਨਾ। 'ਸ੍ਰੀ ਗੁਰ ਸੰਸੈ ਦਿਹੁ ਮਮ ਹਾਨਾ॥ ੧੨॥

ਅਜਿੱਤੋ ਨਾਮੀਂ ਸਿੱਖ ਨੇ ਕੌਤਕ ਵੇਖਿਆ, ਬਾਬਾ ਬੁੱਢਾ ਜੀ ਦੇ ਪ੍ਰਤਾਪ ਦੇ ਜੱਸ ਨੂੰ ਫੈਲਾਉਣਾ ਚਾਹੁੰਦਾ ਸੀ। ਹੱਥ ਜੋੜ ਕੇ ਉਸ ਸਭ ਵਿਚ ਕਿਹਾ, "ਹੇ ਗੁਰੂ ਜੀ ਮੇਰੇ ਸ਼ੰਕੇ ਨੂੰ ਦੂਰ ਕਰੋ॥੧੨॥

ਜਬਿ ਸਸਕਾਰਨਿ ਕੋ ਲੇ ਚਾਲੇ। ਪਿਖਤੇ ਸਭਿਨਿ ਸਿਰ ਛਤ੍ਰ ਬਿਸਾਲੇ।
ਕਰਿ ਕੈ ਦਾਹੁ ਜਬੈ ਹਟਿ ਆਏ। ਤੁਮ ਪਰ ਹੀ ਇਕ ਛਤ੍ਰ ਸੁਹਾਏ॥ ੧੩॥

ਜਦ ਸਸਕਾਰ ਕਰਨ ਵਾਸਤੇ ਲੈ ਕੇ ਗਏ ਸੀ ਤਾਂ ਸਾਰਿਆਂ ਨੇ ਸਿਰ ਉੱਤੇ ਵਿਸ਼ਾਲ ਛਤਰ ਵੇਖਿਆ। ਜਦ ਸਸਕਾਰ ਕਰ ਕੇ ਵਾਪਸ ਆਏ ਤਾਂ ਕੇਵਲ ਤੁਹਾਡੇ ਉੱਤੇ ਹੀ ਇਕ ਛਤਰ ਸ਼ੋਭ ਰਿਹਾ ਸੀ॥੧੩॥

ਕਹੋ ਕ੍ਰਿਪਾ ਕਰਿ ਕਜਾ ਇਹ ਭਯੋ ?'। ਸੁਨਿ ਸਤਿਗੁਰ ਤਿਹ ਉੱਤਰ ਦਿਯੋ।
'ਜਬਹਿ ਗਏ ਸਿਮਰਤਿ ਸਭਿ ਮਰਨਾ। ਜਗ ਵਿਰਾਗ ਧਾਰਜੋ ਰਸ ਕਰੁਨਾ॥੧੪॥

ਕਿਰਪਾ ਕਰਕੇ ਇਹ ਦੱਸੋ, ਇਸ ਤਰ੍ਹਾਂ ਕਿਉਂ ਹੋਇਆ ਹੈ ?" ਇਹ ਸੁਣ ਕੇ ਸਤਿਗੁਰੂ ਜੀ ਨੇ ਉੱਤਰ ਦਿੱਤਾ, "ਜਦ ਤਕ ਮਰਨ ਨੂੰ ਯਾਦ ਕਰਦੇ ਰਹੇ ਤੇ ਜਗਤ ਵਲੋਂ ਵੈਰਾਗਮਈ ਹੋ ਕੇ ਕਰੁਣਾਰਸ ਧਾਰਿਆ॥੧੪॥

ਤਹਿੰ ਤੇ ਜਬਿ ਪੁਰਿ ਦਿਸ਼ਿ ਹਟਿ ਆਏ। ਸੁਤ ਤ੍ਰਿਯ ਧਨ ਸੰਕਲਪ ਉਠਾਏ।
ਫਸੇ ਮੋਹ ਮਨ ਪ੍ਰਥਮ ਸਮਾਨੇ। ਯਾਂਤੇ ਛਤ੍ਰ ਭਏ ਸਭਿ ਹਾਨੇ'॥ ੧੫॥

ਜਦ ਉਸ ਸਥਾਨ ਤੋਂ ਵਾਪਸ ਨਗਰ ਨੂੰ ਆਉਣ ਲੱਗੇ ਤਾਂ ਪੁੱਤਰ, ਇਸਤਰੀ ਆਦਿ ਸੰਕਲਪ ਧਾਰਨ ਕਰ ਲਏ, ਪਹਿਲਾਂ ਵਾਂਗ ਮੋਹ ਵਿਚ ਫੱਸ ਗਏ, ਇਸ ਕਰਕੇ ਸਾਰੇ ਛਤਰ ਦੂਰ ਹੋ ਗਏ'॥੧੫॥

ਪੁਨ ਭਾਨੇ ਸਾਹਿਬ ਕੋ ਧੀਰ। ਦੇਤਿ ਭਏ ਬਹੁ ਬਿਧਿ ਬਰ ਬੀਰ।
'ਹੋਨਹਾਰ ਕੀ ਚਿੰਤ ਨ ਕਰੀਜਹਿ। ਸਭਿ ਜਗ ਕੀ ਇਹ ਰੀਤਿ ਨਿਹਰੀਅਹਿ॥੧੬॥

ਫਿਰ ਬਾਬਾ ਭਾਨਾ ਜੀ ਨੂੰ ਸ੍ਰੇਸ਼ਟ ਸੂਰਬੀਰ ਬਹੁਤ ਵਿਧੀਆਂ ਅਨੁਸਾਰ ਧੀਰਜ ਦੇਣ ਲੱਗੇ, "ਜੋ ਹੋ ਕੇ ਰਹਿਣਾ ਹੈ ਉਸ ਦੀ ਚਿੰਤਾ ਨਾ ਕਰੀਏ, ਸਾਰੇ ਜਗਤ ਦੀ ਇਹ ਰੀਤੀ ਸਮਝੀਏ॥੧੬॥

ਜਨਮ ਧਾਰਿ ਜਗ ਕਰਮ ਕਮਾਵੈ। ਆਇ ਕਾਲ ਸਭਿ ਤਨ ਬਿਨਸਾਵੈ।
ਸਾਧਿ ਲੀਨਿ ਜਿਨਹੂ ਪਰਲੋਕ। ਜਸ ਬਿਸਤਾਰਹਿ ਪੁਰਿ ਪੁਨਿ ਓਕ॥ ੧੭॥

ਜਨਮ ਲੈ ਕੇ ਜੱਗ ਵਿਚ ਕਰਮ ਕਮਾਉਂਦਾ ਹੈ, ਮੌਤ ਆਉਣ ਤੇ ਸਭ ਤਨ ਖਤਮ ਹੋ ਜਾਂਦੇ ਹਨ। ਜਿਨ੍ਹਾਂ ਨੇ ਪਰਲੋਕ ਨੂੰ ਸਾਧ ਲਿਆ ਹੈ ਉਹ ਨਗਰ ਨਗਰ ਤੇ ਫਿਰ ਘਰ ਘਰ ਜੱਸ ਫੈਲਾਉਂਦੇ ਹਨ॥੧੭॥

ਸੇ ਨਹਿੰ ਮਰੇ ਜਿਯਤਿ ਸਭਿ ਕਾਲਾ। ਅਪਰ ਮਰੇ ਦੁਖ ਲਹਹਿੰ ਬਿਸਾਲਾ।
ਬ੍ਰਿਧ ਜੀ ਆਪ ਤਰੇ ਜਗ ਸਾਗਰ। ਤਾਰੇ ਸਿੱਖ ਸਮੂਹ ਉਜਾਗਰ॥ ੧੮॥

ਉਹ ਫਿਰ ਮਰਦੇ ਨਹੀਂ ਸਦਾ ਹੀ ਜੀਉਂਦੇ ਰਹਿੰਦੇ ਹਨ, ਹੋਰ ਮਰਨ ਤੇ ਬਹੁਤ ਦੁੱਖ ਪਾਉਂਦੇ ਹਨ। ਬਾਬਾ ਬੁੱਢਾ ਜੀ ਆਪ ਜਗਤ ਰੂਪੀ ਸਾਗਰ ਨੂੰ ਤਰ ਗਏ ਹਨ, ਉਨ੍ਹਾਂ ਬਹੁਤ ਸਿੱਖਾਂ ਨੂੰ ਤਾਰਿਆ ਇਹ ਵੀ ਪ੍ਰਗਟ ਹੈ॥੧੮॥

ਇਨ ਕੀ ਸਮਤਾ ਨਹਿਂ ਕਿਸ ਮਾਂਹੀ। ਸਦ ਅਟੱਲ ਜਸੁ ਮਿਟਹਿ ਸੁ ਨਾਂਹੀ।
ਗੁਰ ਕੇ ਸਿੱਖ ਭਾਉ ਉਰ ਧਾਰੀ। ਇਨ ਕੀ ਕੀਰਤਿ ਕਰਹਿਂ ਉਚਾਰੀ ॥੧੯॥

ਇਨ੍ਹਾਂ ਦੀ ਕੋਈ ਵੀ ਬਰਾਬਰੀ ਨਹੀਂ ਕਰ ਸਕਦਾ, ਇਨ੍ਹਾਂ ਦਾ ਜੱਸ ਸਦਾ ਅਟੱਲ ਰਹੇਗਾ ਕਦੀ ਵੀ ਮਿਟੇਗਾ ਨਹੀਂ। ਗੁਰੂ ਜੀ ਦੇ ਸਿੱਖ ਹਿਰਦੇ ਵਿਚ ਪ੍ਰੇਮ ਧਾਰ ਕੇ ਇਨ੍ਹਾਂ ਦੀ ਕੀਰਤੀ ਉਚਾਰਨਗੇ ॥੧੯॥

ਇੱਤਜਾਦਿਕ ਸਤਿਗੁਰੂ ਬਖਾਨਾ। ਕਰਿ ਉਪਦੇਸ਼ ਦ੍ਰਿੜ੍ਹਾਇ ਸੁ ਗ੍ਯਾਨਾ।
ਸੁਨਿ ਗ੍ਰਾਮਨਿ ਤੇ ਸੰਗਤਿ ਆਵੈ। ਸਭਿ ਭਾਨੇ ਕੋ ਆਨਿ ਬੁਲਾਵੈਂ॥ ੨੦॥

ਇੱਤਿਆਦਿ ਸਤਿਗੁਰੂ ਜੀ ਨੇ ਕਿਹਾ ਤੇ ਉਪਦੇਸ਼ ਦੇ ਕੇ ਗਿਆਨ ਦ੍ਰਿੜ੍ਹ ਕਰਵਾ ਦਿੱਤਾ। ਪਿੰਡਾਂ ਦੀ ਸੰਗਤ ਸੁਣ ਕੇ ਆਉਂਦੀ ਸੀ, ਸਾਰੇ ਭਾਨੇ ਨੂੰ ਆ ਕੇ ਬੁਲਾਉਂਦੇ ਸਨ॥੨੦॥

ਸਤਿਗੁਰ ਕਹਿ ਕਰਿ ਦੇਗ ਕਰਾਈ। ਸਭਿ ਸੰਗਤਿ ਕੋ ਦੀਨਿ ਬ੍ਰਤਾਈ।
ਭਾਨੇ ਸਹਤ ਆਪ ਪੁਨ ਖਾਯੋ। ਜਥਾ ਜੋਗ ਸਭਿ ਕਾਜ ਕਰਾਯੋ॥ ੨੧॥

ਸਤਿਗੁਰੂ ਜੀ ਨੇ ਕਹਿ ਕੇ ਦੇਗ ਤਿਆਰ ਕਰਵਾਈ ਤੇ ਸਾਰੀ ਸੰਗਤ ਨੂੰ ਵਰਤਾ ਦਿੱਤੀ। ਭਾਨੇ ਸਮੇਤ ਫਿਰ ਆਪ ਲੰਗਰ ਛੱਕਿਆ, ਯਥਾ-ਯੋਗ ਸਾਰਾ ਕਾਰਜ ਕਰਾਇਆ॥੨੧॥

ਮ੍ਰਿਤਕ ਕ੍ਰਿਆ ਸਗਰੀ ਕਰਿਵਾਏ। ਦਿਨ ਚੌਥੇ ਮਹਿਂ ਅਸਥਿ ਚੁਨਾਏ।
ਕਰੇ ਸੰਗ ਮਾਨਵ ਸਮੁਦਾਏ। ਸ੍ਰੀ ਗੰਗਾ ਮਹਿਂ ਦੀਨਿ ਪੁਚਾਏ॥ ੨੨॥

ਮ੍ਰਿਤਕ ਕ੍ਰਿਆ ਸਾਰੀ ਕਰਵਾਈ, ਚੌਥੇ ਵਾਲੇ ਦਿਨ ਫੁੱਲ ਚੁਣਵਾਏ। ਕੁਝ ਮਨੁੱਖ ਨਾਲ ਭੇਜ ਕੇ ਸ੍ਰੀ ਗੰਗਾ ਵਿਚ ਪਵਾ ਦਿੱਤੇ॥੨੨॥

*ਨੋਟ : ਬਾਬਾ ਬੁੱਢਾ ਜੀ ਵਰਗੇ ਪੂਰਨ ਪੁਰਖ ਨੂੰ ਕਿਸੇ ਪ੍ਰਕਾਰ ਦੀ ਕ੍ਰਿਆ ਦੀ ਲੋੜ ਨਹੀਂ ਸੀ, ਦੂਸਰੇ ਸਤਿਗੁਰੂ ਹਰਿਗੋਬਿੰਦ ਸਾਹਿਬ ਨੇ ਆਪ ਸਾਰੇ ਕਰਮ ਕਰਵਾਏ, ਜਿਹੜੇ ਇਨ੍ਹਾਂ ਕਰਮਾਂ ਤੇ ਵਿਸ਼ਵਾਸ ਨਹੀਂ ਸੀ ਕਰਦੇ। ਕਵੀ ਜੀ ਨੇ ਜੀਵਨ ਚਰਿਤ੍ਰ ਬਾਬਾ ਬੁੱਢਾ ਸਾਹਿਬ ਵਿਚ (ਰਾਸ ੧ ਅਧਿਆਇ ੨੦-੨੩) ਮ੍ਰਿਤਕ ਕ੍ਰਿਆ ਤੇ ਗੰਗਾ ਵਿਚ ਫੁੱਲ ਪਾਉਣ ਬਾਰੇ ਨਹੀਂ ਲਿਖਿਆ ਹੈ।*

ਪਾਠ ਗ੍ਰਿੰਥ ਕੋ ਸਭਿ ਕਰਿਵਾਯੋ। ਸ੍ਰੀ ਗੁਰਦਾਸ ਪਢਯੋ ਮਨ ਲਾਯੋ।
ਨਿਤ ਨਵੀਨ ਸੰਗਤਿ ਬਹੁ ਆਵੈ। ਕਿਤਿਕ ਰਹੈਂ ਢਿਗ ਕਿਤਿਕ ਸਿਧਾਵੈਂ॥੨੩॥

ਗ੍ਰੰਥ ਸਾਹਿਬ ਦਾ ਸਾਰਾ ਪਾਠ ਕਰਵਾਇਆ ਗਿਆ, ਭਾਈ ਗੁਰਦਾਸ ਜੀ ਨੇ ਮਨ ਲਾ ਕੇ ਪੜ੍ਹਿਆ। ਨਿਤ ਨਵੀਂ ਸੰਗਤ ਬਹੁਤ ਆਉਂਦੀ ਸੀ, ਕਈ ਗੁਰੂ ਜੀ ਦੇ ਪਾਸ ਰਹਿ ਪੈਂਦੇ ਸਨ ਤੇ ਕਈ ਆਪਣੇ ਘਰਾਂ ਨੂੰ ਚਲੇ ਜਾਂਦੇ ਸੀ॥੨੩॥

ਦਿਵਸ ਤ੍ਰਯੋਦਸ਼ੀ ਕੋ ਜਬਿ ਆਯੋ। ਬੈਠੇ ਗੁਰੂ ਦਿਵਾਨ ਲਗਾਯੋ।
ਭੋਗ ਪਵਾਇ ਗ੍ਰੰਥ ਕੋ ਜਬੈ। ਪਗ ਭਾਨੇ ਕੋ ਦੀ ਗੁਰ ਤਬੈ॥ ੨੪॥

ਜਦ ਤ੍ਰੋਦਸੀ ਦਾ ਦਿਨ ਆਇਆ ਤਾਂ ਗੁਰੂ ਜੀ ਦੀਵਾਨ ਲਾ ਕੇ ਬੈਠ ਗਏ। ਜਦ ਗ੍ਰੰਥ ਸਾਹਿਬ ਦਾ ਭੋਗ ਪੈ ਗਿਆ ਤਾਂ ਗੁਰੂ ਜੀ ਨੇ ਬਾਬਾ ਭਾਨੇ ਨੂੰ ਪੱਗ ਦਿੱਤੀ॥੨੪॥

ਸ੍ਰੀ ਬ੍ਰਿਧ ਕੀ ਗਾਦੀ ਪਰ ਥਿਰਯੋ। ਦੇ ਨਰ ਭੇਟ ਪ੍ਰਨਾਮ ਸੁ ਕਰਯੋ।
ਸ਼ਬਦ ਬਿਲਾਵਲ ਆਨੰਦ ਗਾਯੋ। ਬ੍ਰਿੰਦ ਰਬਾਬੀ ਧਨ ਗਨ ਪਾਯੋ॥ ੨੫॥

ਬਾਬਾ ਭਾਨਾ, ਬਾਬਾ ਬੁੱਢਾ ਜੀ ਦੀ ਗੱਦੀ ਤੇ ਬੈਠ ਗਿਆ, ਮਨੁੱਖਾਂ ਨੇ ਭੇਟਾ ਦੇ ਕੇ ਬਾਬੇ ਭਾਨੇ ਨੂੰ ਪ੍ਰਣਾਮ ਕੀਤਾ। ਬਿਲਾਵਲ ਦੇ ਸ਼ਬਦ ਤੇ ਅਨੰਦ ਸਾਹਿਬ ਦਾ ਗਾਇਣ ਕੀਤਾ ਤੇ ਰਬਾਬੀਆਂ ਨੇ ਬਹੁਤ ਧਨ ਪਾਇਆ॥੨੫॥

ਜਥਾਜੋਗ ਸਭਿ ਕੋ ਧਨ ਦੀਨਾ। ਕੀਨਿ ਮੰਗਲਾਚਾਰ ਨਵੀਨਾ।
ਬਹੁ ਸੰਗਤਿ ਲੇ ਪੁੰਜ ਉਪਾਇਨ। ਦੇ ਭਾਨੇ ਕੋ ਬੰਦਹਿਂ ਪਾਇਨ॥ ੨੬ ॥

ਯਥਾ-ਯੋਗ ਸਾਰਿਆਂ ਨੂੰ ਧਨ ਦਿੱਤਾ ਤੇ ਨਵਾਂ ਮੰਗਲਾਚਾਰ ਕੀਤਾ। ਬਹੁਤ ਸੰਗਤ ਭੇਟਾਵਾਂ ਲੈ ਕੇ ਆਈ, ਉਹ ਭਾਨੇ ਨੂੰ ਦੇ ਕੇ ਚਰਨਾਂ ਤੇ ਬੰਦਨਾ ਕਰਦੇ ਸਨ॥੨੬॥

ਜਿਮ ਗੁਰ ਹੁਕਮ ਜਥੋਚਿਤ ਦੀਨਾ। ਤਿਮ ਭਾਨੇ ਅਰੁ ਸੰਗਤਿ ਕੀਨਾ।
ਇਕ ਦਿਨ ਮਹਿਂ ਸ੍ਰੀ ਹਰਿਗੋਵਿੰਦ। ਬੈਠੇ ਦਿਪਤਿ ਸੰਗਤਾਂ ਬ੍ਰਿੰਦ॥ ੨੭ ॥

ਜਿਵੇਂ ਗੁਰੂ ਜੀ ਨੇ ਆਪਣੀ ਮਰਜ਼ੀ ਅਨੁਸਾਰ ਹੁਕਮ ਦਿੱਤਾ, ਉਸ ਤਰ੍ਹਾਂ ਹੀ ਭਾਨੇ ਅਤੇ ਸੰਗਤ ਨੇ ਕੀਤਾ। ਇਕ ਦਿਨ ਸ੍ਰੀ ਗੁਰੂ ਹਰਿਗੋਬਿੰਦ ਬਹੁਤ ਸੰਗਤਾਂ ਵਿਚ ਬੈਠੇ ਸ਼ੋਭ ਰਹੇ ਸਨ॥੨੭॥

ਏਕ ਅੰਗਨਾ ਤਿਹ ਛਿਨ ਆਈ। ਊਚੀ ਧੁਨਿ ਸੋਂ ਬਿਨੈ ਸੁਨਾਈ।
'ਸੁਨਹੁ ਗੁਰੂ! ਹਮ ਬਸਤੇ ਪੱਟੀ। ਦੇਸਾਂ ਨਾਮ ਜਾਤਿ ਕੀ ਜੱਟੀ॥ ੨੮ ॥

ਇਕ ਇਸਤਰੀ ਉਸ ਸਮੇਂ ਆਈ, ਉਸ ਨੇ ਬੜੀ ਉੱਚੀ ਆਵਾਜ਼ ਵਿਚ ਬੇਨਤੀ ਸੁਣਾਈ, 'ਹੇ ਗੁਰੂ ਜੀ! ਸੁਣੋ, ਅਸੀਂ ਪੱਟੀ ਵਿਚ ਰਹਿੰਦੇ ਹਾਂ, ਮੇਰਾ ਨਾਂ ਦੇਸਾਂ ਹੈ ਤੇ ਮੈਂ ਜ਼ਾਤ ਦੀ ਜੱਟੀ ਹਾਂ॥੨੮॥

ਕੁਲ ਸਿੱਧੂ ਮਹਿਂ ਮੋ ਕਹੁ ਬਜਾਹੀ। ਸੁਨਿ ਜਸੁ ਬਹੁ ਆਈ ਤੁਮ ਪਾਹੀ।
ਆਸਾਵੰਤਨ ਕੀ ਨਿਤ ਆਸਾ। ਪੁਰਵਤਿ ਹੋ, ਰਾਵਰਿ ਭਰਵਾਸਾ॥ ੨੯ ॥

ਸਿੱਧੂ ਗੋਤ ਵਿਚ ਮੈਨੂੰ ਵਿਆਹਿਆ ਗਿਆ ਹੈ, ਤੁਹਾਡਾ ਬਹੁਤ ਜੱਸ ਸੁਣ ਕੇ ਤੁਹਾਡੇ ਪਾਸ ਆਈ ਹਾਂ। ਆਸਵੰਦਾਂ ਦੀ ਨਿੱਤ ਆਸ ਪੂਰੀ ਕਰਦੇ ਹੋ, ਆਪ ਜੀ ਦਾ ਭਰਵਾਸਾ ਹੈ॥੨੯॥

ਪੁੱਤ੍ਰ ਨਹੀਂ ਉਪਜਤਿ ਹੈ ਮੇਰੇ। ਹਾਰੀ ਕਰਿ ਉਪਚਾਰ ਘਨੇਰੇ।
ਅਬਿ ਸਮੀਪ ਤੁਮਰੇ ਚਲਿ ਆਈ। ਦਿਹੁ ਸੁਤ ਮੋ ਕਹੁ ਲਖਿ ਸ਼ਰਨਾਈ' ॥੩੦॥

ਮੇਰੇ ਘਰ ਪੁੱਤਰ ਪੈਦਾ ਨਹੀਂ ਹੋਇਆ ਹੈ, ਬਹੁਤ ਉਪਚਾਰ ਕਰਕੇ ਹਾਰ ਗਈ ਹਾਂ। ਹੁਣ ਤੁਹਾਡੇ ਪਾਸ ਚਲ ਕੇ ਆਈ ਹਾਂ, ਮੈਨੂੰ ਆਪ ਜੀ ਦੀ ਸ਼ਰਨ ਆਈ ਜਾਣ ਕੇ ਪੁੱਤਰ ਦੀ ਦਾਤ ਬਖਸ਼ੋ' ॥੩੦॥

ਸ੍ਰੀ ਹਰਿ ਗੋਵਿੰਦ ਸੁਨਤਿ ਉਚਾਰਾ। 'ਲਿਖ੍ਯੋ ਨਹੀਂ ਸੁਤ ਤੋਹਿ ਲਿਲਾਰਾ'।
ਸੁਨਤਿ ਉਦਾਸ ਭਈ ਸਹਿ ਚਿੰਤਾ। ਲਖ੍ਯੋ 'ਭਾਗ ਮਮ ਨਹਿਂ ਸੁਤਵੰਤਾ' ॥੩੧॥

ਇਹ ਸੁਣ ਕੇ ਸ੍ਰੀ ਹਰਿਗੋਬਿੰਦ ਜੀ ਨੇ ਕਿਹਾ, "ਤੁਹਾਡੇ ਮੱਥੇ ਤੇ ਪੁੱਤ ਨਹੀਂ ਲਿਖਿਆ ਹੈ।" ਇਹ ਸੁਣ ਕੇ ਉਹ ਚਿੰਤਾ ਸਹਿਤ ਉਦਾਸ ਹੋ ਗਈ, ਸਮਝੀ "ਮੇਰੇ ਭਾਗ ਪੁੱਤਰ ਵਾਲੇ ਨਹੀਂ" ॥੩੧॥

ਬਹੁਤ ਬਿਸੂਰਤਿ ਕਿਸ ਥਲ ਬੈਸੀ। ਦਿਖੀ ਚਲਤਿ ਗੁਰਦਾਸਹਿ ਤੈਸੀ।
ਦੁਖੀ ਜਾਨਿ ਬੂਝੀ 'ਕ੍ਯਾ ਭਯੋ ?। ਕ੍ਯੋਂ ਸਚਿੰਤ ਮਨ ਅਪਨੋ ਕਿਯੋ' ॥ ੩੨ ॥

ਬਹੁਤ ਮੁਰਝਾਈ ਹੋਈ ਕਿਸੇ ਥਾਂ ਬੈਠੀ ਸੀ, ਉਸ ਹਾਲਤ ਵਿਚ ਜਾਂਦੀ ਹੋਈ ਭਾਈ ਗੁਰਦਾਸ ਨੇ ਵੇਖੀ। ਦੁਖੀ ਜਾਣ ਕੇ ਪੁੱਛਿਆ, "ਕੀ ਹੋਇਆ ਹੈ ? ਕਿਉਂ ਆਪਣੇ ਮਨ ਨੂੰ ਚਿੰਤਾ ਸਹਿਤ ਕੀਤਾ ਹੈ" ॥੩੨॥

ਤ੍ਰਿਯ ਨੇ ਸਗਰੀ ਕਥਾ ਸੁਨਾਈ। 'ਸੁਤ ਹਿਤ ਮਮ ਸਤਿਗੁਰ ਢਿਗ ਆਈ।
ਮੁਸਕਾਵਤਿ ਮੁਖ ਤੇ ਫੁਰਮਾਯੋ। ਲਿਖ੍ਯੋ ਨ ਤਵ ਮਸਤਕ ਦ੍ਰਿਸ਼ਟਾਯੋ ॥ ੩੩ ॥

ਉਸ ਇਸਤਰੀ ਨੇ ਸਾਰੀ ਕਥਾ ਸੁਣਾਈ, "ਪੁੱਤਰ ਦੀ ਦਾਤ ਲੈਣ ਵਾਸਤੇ ਮੈਂ ਸਤਿਗੁਰੂ ਜੀ ਪਾਸ ਆਈ ਸੀ। ਭਾਈ ਗੁਰਦਾਸ ਜੀ ਮੁਸਕਰਾ ਕੇ ਮੁੱਖ ਤੇ ਫੁਰਮਾਇਆ ਤੇਰੇ ਮੱਥੇ ਵਿਚ ਲਿਖਿਆ ਦਿਖਾਈ ਨਹੀਂ ਦਿੰਦਾ ਹੈ"॥੩੩॥

ਦੀਨ ਬਾਤ ਸੁਨਿਕੈ ਤਬਿ ਭਾਈ। ਪੁੱਤ੍ਰ ਲੇਨਿ ਕੀ ਸੀਖ ਸਿਖਾਈ।
'ਅਬਿ ਕੇ ਜਾਹੁ ਧਾਰਿ ਸੁਤ ਆਸ। ਲੇਹੁ ਕਲਮ ਰੁਸ਼ਨਾਈ ਪਾਸ॥ ੩੪॥

ਦੀਨਤਾ ਵਾਲੀ ਗੱਲ ਸੁਣ ਕੇ ਭਾਈ ਗੁਰਦਾਸ ਨੇ ਪੁੱਤਰ ਲੈਣ ਦੀ ਸਿਖਿਆ ਸਿਖਾਈ। ਕਹਿਣ ਲੱਗੇ, "ਹੁਣ ਜਾ ਕੇ ਪੁੱਤਰ ਦੀ ਆਸ ਧਾਰਨ ਕਰੋ, ਕਲਮ ਤੇ ਦਵਾਤ ਪਾਸ ਲੈ ਜਾਵੋ॥੩੪॥

ਜਬਿ ਗੁਰ ਕਹੈਂ ਲਿਖਯੋ ਨਹਿਂ ਤੇਰੈ। ਤਬਿ ਇਮ ਕਹੁ ਕਰਿ ਕਲਮ ਅਗੇਰੈ।
'ਲਿਖਨ ਹਾਰ ਇਤ ਉਤ ਤੁਮ ਸਾਰੇ। ਤਹਿਂ ਨ ਲਿਖਯੋ ਜੋ ਭਾਗ ਹਮਾਰੇ॥੩੫॥

ਜਦ ਗੁਰੂ ਜੀ ਕਹਿਣ, "ਤੇਰੇ ਮੱਥੇ ਵਿਚ ਲਿਖਿਆ ਨਹੀਂ" ਤਦ ਕਲਮ ਦਵਾਤ ਅੱਗੇ ਕਰਕੇ ਇਸ ਤਰ੍ਹਾਂ ਕਹੋ, "ਏਥੇ ਓਥੇ ਤੁਸੀਂ ਲਿਖਣਹਾਰ ਹੋ, ਜੇ ਉਥੇ ਸਾਡੇ ਭਾਗ ਵਿਚ ਨਹੀਂ ਲਿਖਿਆ ਹੈ॥੩੫॥

ਕ੍ਰਿਪਾ ਕਰਹੁ ਤਬਿ ਅਬਿ ਲਿਖਿ ਦੀਜੈ। ਸ਼ਰਨਾਗਤਿ ਲਖਿ ਆਸ ਪੁਰੀਜੈ'।
ਸੁਨਿ ਤ੍ਰਿਯ ਹਿਤ ਕੀ ਸਿੱਖ੍ਯਾ ਧਰੀ। ਅਗਲੇ ਦਿਵਸ ਤਥਾ ਬਿਧਿ ਕਰੀ॥੩੬॥

ਕਿਰਪਾ ਕਰੋ ਤੇ ਹੁਣ ਲਿਖ ਦੇਵੋ, ਸ਼ਰਨ ਆਈ ਜਾਣ ਕੇ ਆਸ ਪੂਰੀ ਕਰੋ।" ਇਹ ਸੁਣ ਕੇ ਇਸਤਰੀ ਨੇ ਆਪਣੇ ਹਿਤ ਦੀ ਸਿਖਿਆ ਨੂੰ ਧਾਰ ਲਿਆ ਤੇ ਅਗਲੇ ਦਿਨ ਉਸ ਵਿਧੀ ਅਨੁਸਾਰ ਹੀ ਕੀਤਾ॥੩੬॥

ਬੀਤੀ ਨਿਸ ਪ੍ਰਭਾਤਿ ਹੁਇ ਆਈ। ਹਿਤ ਅਖੇਰ ਤਯਾਰੀ ਕਰਿਵਾਈ।
ਬਸਤ੍ਰ ਸ਼ਸਤ੍ਰ ਸਤਿਗੁਰ ਸਭਿ ਧਾਰੇ। ਹਯ ਸਜ਼ੀਨ ਕੇ ਲੀਨਿ ਹਕਾਰੇ॥ ੩੭॥

ਰਾਤ ਬੀਤ ਗਈ ਪ੍ਰਭਾਤ ਹੋ ਗਈ, ਗੁਰੂ ਜੀ ਨੇ ਸ਼ਿਕਾਰ ਖੇਡਣ ਜਾਣ ਦੀ ਤਿਆਰੀ ਕਰਵਾਈ। ਬਸਤਰ ਸ਼ਸਤਰ ਸਤਿਗੁਰੂ ਜੀ ਨੇ ਸਭ ਧਾਰ ਲਏ। ਕਾਠੀਆਂ ਸਮੇਤ ਘੋੜੇ ਹਿਕ ਲਏ॥੩੭॥

ਚਢੇ ਸੁਭਟ ਸ਼ੁਭ ਆਯੁਧ ਧਾਰੀ। ਬਾਜ, ਕੁਹੀ, ਸ੍ਵਾਨਨ ਕਰਿ ਤਯਾਰੀ।
ਹਯ ਅਰੂਢਿ ਸ਼੍ਰੀ ਹਰਿ ਗੋਵਿੰਦ। ਚਲੇ, ਪਿਛਾਰੀ ਜੋਧਾ ਬ੍ਰਿੰਦ॥ ੩੮॥

ਸਾਰੇ ਸੂਰਮੇ ਸ਼ੁਭ ਹਥਿਆਰ ਧਾਰਨ ਕਰਕੇ, ਬਾਜ਼, ਕਹੀਆਂ, ਕੁੱਤੇ ਆਦਿ ਲੈ ਕੇ ਤਿਆਰ ਹੋ ਗਏ। ਘੋੜੇ ਤੇ ਚੜ੍ਹ ਕੇ ਗੁਰੂ ਜੀ ਚਲ ਪਏ ਤੇ ਯੋਧਿਆਂ ਦਾ ਸਮੂਹ ਪਿੱਛੇ-ਪਿੱਛੇ ਚਲ ਪਿਆ॥੩੮॥

ਸਨੇ ਸਨੇ ਤਬਿ ਪ੍ਰੇਰਿ ਤੁਰੰਗ। ਨਿਕਸਨ ਲਗੇ ਗ੍ਰਾਮ ਭਟ ਸੰਗ।
ਸੋ ਤ੍ਰਿਯ ਤਬਿ ਪਹੁੰਚੀ ਉਤਲਾਵਤਿ। ਆਗੈ ਭਈ ਪ੍ਰਭੁ ਜਿਤ ਜਾਵਤਿ॥੩੯॥

ਹੌਲੀ-ਹੌਲੀ ਘੋੜਿਆਂ ਨੂੰ ਤੋਰਦੇ ਸੂਰਮਿਆਂ ਸਮੇਤ ਨਗਰ ਵਿਚੋਂ ਨਿਕਲਣ ਲੱਗੇ, ਉਹ ਇਸਤਰੀ ਉਥੇ ਬੜੀ ਉਤਾਵਲੀ ਹੋ ਕੇ ਪਹੁੰਚ ਗਈ, ਗੁਰੂ ਜੀ ਜਿਧਰ ਜਾਂਦੇ ਸੀ, ਉਧਰ ਅੱਗੇ ਹੋ ਕੇ ਖਲੋ ਗਈ॥੩੯॥

'ਗੁਰੂ ਗਰੀਬ ਨਿਵਾਜ, ਕ੍ਰਿਪਾਲਾ ! ਪੂਰਵਹੁ ਸੁਤ ਕੀ ਆਸ ਬਿਸਾਲਾ।
ਜਸ ਸੁਨਿ ਚਲੀ ਦੂਰ ਤੇ ਆਈ। ਤੁਮ ਸਮਰਥ ਕੀ ਮੈਂ ਸ਼ਰਨਾਈ'॥ ੪੦॥

ਕਹਿਣ ਲੱਗੀ, "ਹੇ ਕ੍ਰਿਪਾਲੂ ਗੁਰੂ ਗਰੀਬ ਨਿਵਾਜ਼! ਮੇਰੀ ਪੁੱਤਰ ਦੀ ਆਸ ਪੂਰੀ ਕਰੋ, ਤੁਹਾਡਾ ਜੱਸ ਸੁਣ ਕੇ ਬਹੁਤ ਦੂਰ ਤੋਂ ਆਈ ਹਾਂ, ਤੁਹਾਡੇ ਸਮਰੱਥ ਦੀ ਮੈਂ ਸ਼ਰਨ ਆਈ ਹਾਂ"॥੪੦॥

ਮੁਸਕਾਵਤਿ ਸਤਿਗੁਰ ਤਬਿ ਪਿਖਯੋ। 'ਤੋਹਿ ਭਾਗ ਮਹਿਂ ਨਹਿਂ ਸੁਤ ਲਿਖਯੋ'।
ਤਬਿ ਤ੍ਰਿਯ ਅਵਸਰ ਪਾਯਹੁ ਨੀਕਾ। ਚਲਿ ਆਗੇ ਹੁਇ ਪ੍ਰਭੁ ਨਜੀਕਾ॥੪੧॥

ਸਤਿਗੁਰੂ ਜੀ ਨੇ ਫਿਰ ਮੁਸਕਰਾ ਕੇ ਵੇਖਿਆ ਤੇ ਕਿਹਾ, "ਤੇਰੇ ਭਾਗਾਂ ਵਿਚ ਪੁੱਤਰ ਨਹੀਂ ਲਿਖਿਆ ਹੈ।" ਤਦ ਇਸਤਰੀ ਨੇ ਚੰਗਾ ਮੌਕਾ ਪਾਇਆ ਤੇ ਚਲ ਕੇ ਗੁਰੂ ਜੀ ਦੇ ਨਜ਼ਦੀਕ ਹੋ ਗਈ॥੪੧॥

ਕਰ ਮਹਿਂ ਲਿਏ ਕਲਮ ਰੁਸ਼ਨਾਈ। ਭਨੀ ਬਿਨੈ ਸੋ ਕਰਿ ਅਗਵਾਈ।
'ਇਤ ਉਤ ਲਿਖਨਹਾਰ ਹੋ ਰਾਵਰ!। ਜੇ ਨ ਲਖਹਿਂ ਇਮ, ਸੋ ਨਰ ਬਾਵਰ॥੪੨॥

ਹੱਥ ਵਿਚ ਕਲਮ ਦਵਾਤ ਲੈ ਕੇ ਅੱਗੇ ਹੋ ਕੇ ਬੇਨਤੀ ਕੀਤੀ, "ਏਥੇ ਉਥੇ ਤੁਸੀਂ ਹੀ ਲਿਖਣਹਾਰ ਹੋ, ਜੇ ਪਹਿਲਾਂ ਇਸ ਤਰ੍ਹਾਂ ਨਹੀਂ ਲਿਖਿਆ ਹੈ ਤਾਂ ਉਹ ਮਨੁੱਖ ਦੀਵਾਨਾ ਹੈ॥੪੨॥

ਤਹਿਂ ਨਹਿਂ ਲਿਖ੍ਯੋ ਆਪ ਨੇ ਜੇਈ। ਕ੍ਰਿਪਾ ਧਾਰਿ ਅਬਿ ਲਿਖ ਦਿਹੁ ਸੋਈ'।
ਬਿਕਸੇ ਪ੍ਰਭੁ ਜੁਗਤਿ ਕੋ ਜਾਨਾ। 'ਹੁਇ ਸੁਤ ਤੇਰੇ' ਬਾਕ ਬਖਾਨਾ॥੪੩॥

ਜਿਹੜਾ ਤੁਸੀਂ ਉਥੇ ਨਹੀਂ ਲਿਖਿਆ ਹੈ, ਕਿਰਪਾ ਕਰਕੇ ਉਹ ਹੁਣ ਲਿਖ ਦੇਵੋ।" ਗੁਰੂ ਜੀ ਜੁਗਤੀ ਨੂੰ ਜਾਣ ਕੇ ਮੁਸਕਰਾਏ ਤੇ ਬਚਨ ਕੀਤਾ, "ਤੇਰੇ ਘਰ ਪੁੱਤਰ ਹੋਵੇਗਾ"॥੪੩॥

ਸੁਨਿ ਦੇਸਾਂ ਕਹਿ 'ਦੇਹੁ ਪ੍ਰਤੀਤ। ਲਿਖਹੁ ਗੁਰੂ ਤਬਿ ਹੁਇ ਥਿਰ ਚੀਤ'।
ਭੇ ਪ੍ਰਸੰਨ ਗੁਰ ਲਿਖਨਿ ਸੁ ਲਾਗੇ। ਗਹੀ ਕਲਮ ਹਯ ਚਾਲਤਿ ਆਗੇ॥੪੪॥

ਇਹ ਸੁਣ ਕੇ ਦੇਸਾਂ ਬੋਲੀ, "ਮੈਨੂੰ ਭਰੋਸਾ ਦੇਵੋ ਤੇ ਸਥਿਰ ਚਿਤ ਹੋ ਕੇ ਲਿਖ ਦੇਵੋ।" ਇਹ ਸੁਣ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਲਿਖਣ ਲੱਗੇ, ਜਦ ਕਲਮ ਫੜੀ ਤਾਂ ਘੋੜਾ ਅੱਗੇ ਚਲ ਪਿਆ॥੪੪॥

ਕਰਨਿ ਇਕਾਂਗ ਚਹਯੋ, ਕਰ ਹਾਲਾ। ਸਾਤਾ ਲਿਖ੍ਯੋ ਗਯੋ ਤਿਸ ਕਾਲਾ।
ਭਯੋ ਅੰਕ ਸਤਿਗੁਰ ਢਿਗ ਹੇਰਾ। ਬਹੁ ਪ੍ਰਸੰਨ ਬੋਲੇ ਤਿਸ ਬੇਰਾ॥੪੫॥

ਇਕ ਦਾ ਹਿੰਦਸਾ ਲਿਖਣ ਲੱਗੇ ਸਨ, ਪਰ ਹੱਥ ਹਿਲ ਗਿਆ ਤੇ ਉਸ ਸਮੇਂ ਸਾਤਾ ਲਿਖਿਆ ਗਿਆ। ਸਾਤੇ ਦੇ ਹਿੰਦਸੇ ਨੂੰ ਸਤਿਗੁਰੂ ਜੀ ਨੇ ਵੇਖਿਆ, ਉਸ ਵੇਲੇ ਬਹੁਤ ਪ੍ਰਸੰਨ ਹੋ ਕੇ ਬੋਲੇ॥੪੫॥

'ਇਕ ਸੁਤ ਹੇਤੁ ਗਹੀ ਸ਼ਰਨਾਈ। ਅੰਕ ਸਪਤ ਕੋ ਭਾ ਬਰਿਆਈ।
ਅਬਿ ਘਰ ਜਾਹੁ ਸਪਤ ਸੁਤ ਪਾਵਹਿਂ। ਭਈ ਆਸ ਪੂਰੀ ਜਿਤ ਆਵਹਿ'॥੪੬॥

"ਇਕ ਪੁੱਤਰ ਵਾਸਤੇ ਕਲਮ ਫੜੀ ਸੀ, ਮਲੋਮਲੀ ਸੱਤ ਦਾ ਹਿੰਦਸਾ ਹੋ ਗਿਆ ਹੈ। ਹੁਣ ਘਰ ਜਾ ਕੇ ਸੱਤ ਪੁੱਤਰ ਪਾਵੇਂ, ਤੇਰੀ ਆਸ ਪੂਰੀ ਹੋਈ ਹੈ, ਜਿਸ ਵਾਸਤੇ ਆਈ ਸੀ"॥੪੬॥

ਸੁਨਿ ਦੇਸਾਂ ਉਰ ਅਨੰਦ ਬਿਲੰਦ। 'ਧੰਨ ਗੁਰੂ' ਕਹਿ ਨਮਹਿਂ ਸੁ ਬੰਦਿ।
ਲੇ ਕਰਿ ਬਰ ਕੋ ਘਰਹਿ ਸਿਧਾਰੀ। ਜਹਿਂ ਕਹਿਂ ਕਹਿ ਕਹਿ ਕਿਤ ਬਿਸਤਾਰੀ॥੪੭॥

ਇਹ ਸੁਣ ਕੇ ਦੇਸਾਂ ਬਹੁਤ ਪ੍ਰਸੰਨ ਹੋਈ। 'ਧੰਨ ਗੁਰੂ ਜੀ' ਕਹਿ ਕੇ ਹੱਥ ਜੋੜ ਕੇ ਨਮਸਕਾਰ ਕੀਤੀ। ਵਰ ਨੂੰ ਲੈ ਕੇ ਆਪਣੇ ਘਰ ਨੂੰ ਚਲੇ ਗਈ, ਜਿਥੇ ਕਿਥੇ ਕਹਿ ਕਹਿ ਕੇ ਕੀਰਤੀ ਵਿਸਥਾਰੀ॥੪੭॥

ਸ੍ਰੀ ਹਰਿਗੋਵਿੰਦ ਚੰਦ ਬਿਲੰਦੇ। ਗਏ ਅਖੇਰ ਬ੍ਰਿਤੀ ਆਨੰਦੇ।
ਊਬਟ ਜਿਤ ਦਿਸ਼ਿ ਘਨੀ ਨਿਹਾਰੀ। ਗਈ ਤਹਾਂ ਪ੍ਰਭੁ ਕੀ ਅਸੁਵਾਰੀ॥੪੮॥

ਮਹਾਨ ਸ੍ਰੀ ਹਰਿਗੋਬਿੰਦ ਜੀ ਫਿਰ ਸ਼ਿਕਾਰ ਖੇਡਣ ਚਲੇ ਗਏ। ਜਿਸ ਪਾਸੇ ਜੰਗਲ ਦਾ ਕਠਨ ਸਥਾਨ ਵੇਖਿਆ ਗੁਰੂ ਜੀ ਦੀ ਸਵਾਰੀ ਉਥੇ ਚਲੀ ਗਈ॥੪੮॥

*ਛੇਵੀਂ ਰਾਸ ਦਾ ਚਰਵੰਜਵਾਂ ਅਧਿਆਇ ਸਮਾਪਤ ਹੋਇਆ॥੫੪॥*

# ਅਧਿਆਇ ਪਚਵੰਞਵਾਂ

*ਗਊ ਦੇ ਅਲੰਕਾਰ ਵਿਚ ਧਰਤੀ*

ਦੋਹਰਾ- ਬਹਿ ਸਲਿਤਾ ਐਰਾਵਤੀ ਤਿਸ ਤੇ ਉਰੇ ਕਿਤੇਕ।
ਬਿਚਰਤਿ ਹੇਤ ਸ਼ਿਕਾਰ ਕੇ ਸ੍ਰੀ ਗੁਰੁ ਜਲਧਿ ਬਿਬੇਕ॥ ੧॥

ਜਿਥੇ ਰਾਵੀ ਦਰਿਆ ਵਗਦਾ ਹੈ, ਉਸ ਤੋਂ ਉਰਲੇ ਪਾਸੇ ਗਿਆਨ ਦੇ ਸਾਗਰ ਗੁਰੂ ਜੀ ਸ਼ਿਕਾਰ ਖੇਡਦੇ ਫਿਰਦੇ ਸਨ॥੧॥

ਚੌਪਈ- ਦੇਖੀ ਜਬਿ ਉਦਜਾਨ ਮਹਾਨ। ਮਿਲ੍ਯੋ ਏਕ ਮਾਨਵ ਤਹਿਂ ਆਨਿ।
ਹਿੰਦੂ ਹੁਤੋ ਹੇਰਿ ਗੁਰ ਪੂਰਨ। ਚਰਨ ਕਮਲ ਬੰਦੇ ਤਿਨ ਤੂਰਨ॥ ੨॥

ਜਦ ਮਹਾਨ ਜੰਗਲ ਵੇਖਿਆ ਤਾਂ ਉਥੇ ਇਕ ਮਨੁੱਖ ਆ ਕੇ ਮਿਲਿਆ, ਹਿੰਦੂ ਸੀ, ਪੂਰਨ ਗੁਰੂ ਜੀ ਨੂੰ ਵੇਖ ਕੇ ਤੁਰਤ ਚਰਨ ਕੰਵਲਾਂ 'ਤੇ ਬੰਦਨਾ ਕੀਤੀ॥੨॥

ਪੁਨ ਕਰ ਜੋਰਿ ਬਤਾਇਸਿ ਬਾਤਿ।'ਨਿਕਟ ਦੁਸ਼ਟ ਗੋ ਕਰਤੇ ਘਾਤਿ।
ਤਿਨ ਕੇ ਬਸ ਨਹਿਂ ਆਵਤਿ ਸੋਈ। ਕਰਤਿ ਓਜ ਕੇ ਮੈਂ ਤਹਿਂ ਜੋਈ' ॥੩॥

ਫਿਰ ਹੱਥ ਜੋੜ ਕੇ ਗੱਲ ਦੱਸੀ, "ਨੇੜੇ ਹੀ ਦੁਸ਼ਟ ਲੋਕ ਗਊਆਂ ਨੂੰ ਮਾਰਦੇ ਹਨ। ਜਿਹੜੀ ਉਨ੍ਹਾਂ ਦੇ ਵੱਸ ਵਿਚ ਨਹੀਂ ਆਉਂਦੀ ਹੈ ਉਸ ਨੂੰ ਕਾਬੂ ਕਰਨ ਲਈ ਸ਼ਕਤੀ ਲਾਉਂਦੇ ਹਨ।" ॥੩॥

ਸੁਨਿ ਸਤਿਗੁਰੂ ਸੋ ਆਗੇ ਕਰ੍ਯੋ। ਹਯ ਧਵਾਇ ਚਾਲੇ ਰਿਸਿ ਧਰ੍ਯੋ।
ਹੁਤੇ ਨਿਕਟ ਹੀ ਜਾਇ ਨਿਹਾਰੇ। ਖੜਗ ਨਿਕਾਸ੍ਯੋ ਤਤਛਿਨ ਮਾਰੇ ॥੪॥

ਇਹ ਸੁਣ ਕੇ ਸਤਿਗੁਰੂ ਜੀ ਨੇ ਉਸ ਨੂੰ ਅੱਗੇ ਲਾ ਲਿਆ, ਘੋੜਾ ਭਜਾ ਕੇ ਬੜੇ ਗੁੱਸੇ ਵਿਚ ਆ ਕੇ ਉਸ ਪਾਸੇ ਚਲ ਪਏ। ਉਹ ਨੇੜੇ ਹੀ ਸਨ, ਜਾ ਕੇ ਵੇਖੇ, ਤਲਵਾਰ ਕੱਢ ਕੇ ਤੁਰਤ ਮਾਰ ਦਿੱਤੇ॥੪॥

ਭਾਜ ਚਲੇ ਕੁਛ ਘੇਰਿ ਪ੍ਰਹਾਰੇ। ਖੰਡ ਖੰਡ ਕਰਿ ਧਰ ਪਰ ਡਾਰੇ।
ਗ੍ਰਾਮ ਸਮੀਪਿ ਹੁਤੋ ਤਿਨ ਕੇਰਾ। ਸੁਨ੍ਯੋ ਰੌਰ ਧਾਏ ਤਿਸ ਬੇਰਾ॥ ੫॥

ਕੁਝ ਭੱਜ ਚਲੇ ਸਨ, ਉਨ੍ਹਾਂ ਨੂੰ ਘੇਰ ਕੇ ਮਾਰਿਆ, ਨਿੱਕੇ-ਨਿੱਕੇ ਕਰਕੇ ਧਰਤੀ ਤੇ ਸੁੱਟ ਦਿੱਤੇ। ਉਨ੍ਹਾਂ ਦਾ ਪਿੰਡ ਨੇੜੇ ਹੀ ਸੀ, ਜਦ ਪਿੰਡ ਵਾਲਿਆਂ ਨੇ ਰੌਲਾ ਸੁਣਿਆ ਤਾਂ ਉਸੇ ਵੇਲੇ ਚੜ੍ਹ ਕੇ ਆ ਗਏ॥੫॥

ਚਾਂਪ ਬੰਦੂਕ ਸੰਭਾਰਤਿ ਆਏ। ਮਰੇ ਦੇਖਿ ਕਰਿ ਸਮੁਖ ਚਲਾਏ।
ਸਭਿ ਸੈਨਾ ਗੁਰੁ ਕੀ ਤਬਿ ਧਾਈ। ਤਜੀ ਤੁਫੰਗ ਸ਼ਲਖ ਸਮੁਦਾਈ॥ ੬॥

ਗੰਡਾਸੇ ਬੰਦੂਕਾਂ ਸੰਭਾਲਦੇ ਆਏ, ਸਾਹਮਣੇ ਮਰੇ ਵੇਖ ਕੇ ਚੀਕਾਂ ਮਾਰਨ ਲੱਗੇ। ਗੁਰੂ ਜੀ ਦੀ ਫਿਰ ਸਾਰੀ ਸੈਨਾ ਅੱਗੇ ਵਧੀ ਤੇ ਬੰਦੂਕਾਂ ਤੇ ਤੀਰ ਬਹੁਤ ਛੱਡੇ॥੬॥

ਗੁਲਕਾਂ ਲਗੀ ਮਰੇ ਇਕ ਬਾਰੀ। ਭਾਜੇ ਜਿਯਤਿ ਤ੍ਰਾਸ ਕੋ ਧਾਰੀ।
ਗ੍ਰਾਮ ਛਾਪਰੀ ਕੋ ਗਨ ਘਾਲੇ। ਬਸਹਿਂ ਜਮਨ ਜੇ ਅਘੀ ਬਿਸਾਲੇ॥ ੭॥

ਗੋਲੀਆਂ ਲਗਣ ਨਾਲ ਇਕੋ ਵਾਰ ਮਰ ਗਏ, ਜਿਹੜੇ ਜੀਉਂਦੇ ਰਹੇ ਉਹ ਡਰਦੇ ਮਾਰੇ ਭੱਜ ਗਏ। ਛਾਪਰੀ ਪਿੰਡ ਦੇ ਬਹੁਤ ਬੰਦਿਆਂ ਨੂੰ ਮਾਰਿਆ, ਜਿਹੜੇ ਤੁਰਕ ਉਥੇ ਵੱਸਦੇ ਸਨ ਉਹ ਬਹੁਤ ਪਾਪੀ ਸਨ॥੭॥

ਸੁਭਟ ਪਹੁੰਚਿ ਤਿਨ ਆਗ ਲਗਾਈ। ਜਰ ਕਰਿ ਛਾਰ ਭਈ ਸਮੁਦਾਈ।
ਪਾਪੀ ਤੁਰਕ ਜਿਤਿਕ ਤਹਿਂ ਹੇਰੇ। ਕਾਟੇ ਖੜਗਨਿ ਸੋਂ ਤਿਸ ਬੇਰੇ॥ ੮॥

ਸੂਰਮਿਆਂ ਨੇ ਪਹੁੰਚ ਕੇ ਉਨ੍ਹਾਂ ਨੂੰ ਅੱਗ ਲਾ ਦਿੱਤੀ, ਸੜ ਕੇ ਸਾਰੇ ਸਵਾਹ ਹੋ ਗਏ। ਪਾਪੀ ਤੁਰਕ ਜਿੰਨੇ ਵੀ ਉਥੇ ਵੇਖੇ, ਉਹ ਤਲਵਾਰਾਂ ਨਾਲ ਵੱਢ ਦਿੱਤੇ॥੮॥

ਧਰਨੀ ਧੇਨੁ ਹੁਤੀ ਤਨ ਔਰ। ਧਰਿ ਸੁਰ ਜੁਤਿ ਆਈ ਤਿਸ ਠੌਰ।
ਇਕ ਸਤਿਗੁਰ ਕੋ ਪਰਹਿ ਦਿਖਾਈ। ਅਪਰ ਨ ਪਿਖਹਿਂ ਖਰੇ ਸਮੁਦਾਈ॥ ੯॥

ਧਰਤੀ ਹੋਰਨਾ ਦੇਵਤਿਆਂ ਸਮੇਤ ਗਊ ਦਾ ਸਰੀਰ ਧਾਰ ਕੇ ਉਥੇ ਆਈ ਸੀ। ਇਕ ਸਤਿਗੁਰੂ ਜੀ ਨੂੰ ਵਿਖਾਈ ਦਿੰਦੇ ਸਨ, ਹੋਰ ਜਿਹੜੇ ਉਥੇ ਖੜੇ ਸਨ, ਉਹ ਨਹੀਂ ਸੀ ਵੇਖ ਸਕਦੇ॥੯॥

ਸੁਰ ਜੁਤਿ ਅਵਿਨੀ ਬਿਨੈ ਉਚਾਰੀ। 'ਤੁਰਕਨਿ ਮੋਕਹੁ ਕੀਨਿ ਦੁਖਾਰੀ।
ਅਨਿਕ ਰੀਤਿ ਕੇ ਪਾਪ ਕਰੰਤਿ। ਮੈਂ ਨਹਿਂ ਤਿਨ ਕੋ ਭਾਰਿ ਸਹੰਤਿ॥ ੧੦॥

ਦੇਵਤਿਆਂ ਸਮੇਤ ਧਰਤੀ ਨੇ ਬੇਨਤੀ ਕੀਤੀ, "ਤੁਰਕਾਂ ਨੇ ਮੈਨੂੰ ਬਹੁਤ ਦੁਖੀ ਕੀਤਾ ਹੈ। ਅਨੇਕ ਰੀਤੀਆਂ ਨਾਲ ਇਹ ਪਾਪ ਕਰਦੇ ਹਨ, ਮੈਂ ਇਨ੍ਹਾਂ ਦਾ ਭਾਰ ਨਹੀਂ ਸਹਾਰ ਸਕਦੀ॥੧੦॥

ਜਿਸ ਹਿਤ ਆਪ ਲੀਨਿ ਅਵਤਾਰਾ। ਰਾਜ ਮਲੇਛ ਬਿਨਾਸਹੁ ਸਾਰਾ।
ਬਿੱਪ੍ਰ, ਧੇਨੁ, ਸੰਤਨਿ ਸੁਖ ਦੀਜੈ। ਤੁਰਕ ਰਾਜ ਕੋ ਦੂਰ ਕਰੀਜੈ'॥ ੧੧॥

ਜਿਸ ਵਾਸਤੇ ਆਪ ਜੀ ਨੇ ਅਵਤਾਰ ਲਿਆ ਹੈ, ਉਸ ਕਰਕੇ ਮਲੇਛਾਂ ਦੇ ਸਾਰੇ ਰਾਜ ਨੂੰ ਖਤਮ ਕਰ ਦੇਵੋ। ਬ੍ਰਾਹਮਣਾਂ, ਗਊਆਂ ਅਤੇ ਸੰਤਾਂ ਨੂੰ ਸੁਖ ਦੇਵੋ ਤੇ ਤੁਰਕ ਰਾਜ ਨੂੰ ਦੂਰ ਕਰੋ"॥੧੧॥

ਸੁਨਿ ਸਤਿਗੁਰੁ ਤਬਿ ਦੀਨ ਦਿਲਾਸਾ। 'ਕਿਤਿਕ ਕਾਲ ਮਹਿਂ ਹੋਇ ਬਿਨਾਸਾ।
ਪੌਤ੍ਰ ਹਮਾਰੋ ਹੁਇ ਜਿਸ ਕਾਲਾ। ਕਰਹਿ ਖਲਨਿ ਸੰਗ ਜੰਗ ਕਰਾਲਾ॥ ੧੨॥

ਸਤਿਗੁਰੂ ਜੀ ਨੇ ਇਹ ਸੁਣ ਕੇ ਦਿਲਾਸਾ ਦਿੱਤਾ, "ਕੁਝ ਸਮੇਂ ਬਾਅਦ ਇਨ੍ਹਾਂ ਦਾ ਵਿਨਾਸ਼ ਹੋ ਜਾਵੇਗਾ, ਜਿਸ ਸਮੇਂ ਮੇਰਾ ਪੋਤਰਾ ਪੈਦਾ ਹੋਵੇਗਾ ਤਾਂ ਉਹ ਇਨ੍ਹਾਂ ਦੁਸ਼ਟਾਂ ਨਾਲ ਵਿਕਰਾਲ ਜੰਗ ਕਰੇਗਾ॥੧੨॥

ਉਪਜਾਵੈਂ ਤਬਿ ਪੰਥ ਵਿਸ਼ਾਲਾ। ਅਵਿਨੀ ਰਾਜ ਕਰਹਿਂ ਚਿਰਕਾਲਾ।
ਸਭਿ ਤੁਰਕਨਿ ਕੋ ਰਾਜ ਉਠਾਵੈਂ। ਸਨੈ ਸਨੈ ਇਹ ਸਭਿ ਖਪਿ ਜਾਵੈਂ'॥੧੩॥

ਤਦ ਉਹ ਵਿਸ਼ਾਲ ਪੰਥ ਪੈਦਾ ਕਰੇਗਾ ਜਿਹੜਾ ਧਰਤੀ ਉਤੇ ਬਹੁਤ ਦੇਰ ਤਕ ਰਾਜ ਕਰੇਗਾ। ਸਭ ਤੁਰਕਾਂ ਦੇ ਰਾਜ ਨੂੰ ਚੁਕ ਦੇਵੇਗਾ, ਹੌਲੀ-ਹੌਲੀ ਇਹ ਸਾਰੇ ਖਤਮ ਹੋ ਜਾਣਗੇ"॥੧੩॥

ਸੁਨਿ ਗੁਰੂ ਤੇ ਸੁਰ ਧਰਨੀ ਸਾਰੇ। ਕਰਿ ਕਰਿ ਬੰਦਨ ਸਦਨ ਸਿਧਾਰੇ।
ਖਲ ਹਤਿ ਗ੍ਰਾਮ ਛਾਰ ਕਰਿ ਦੀਨਾ। ਫਿਰੇ ਅਖੇਰ ਬ੍ਰਿੱਤ ਕੁਛ ਕੀਨਾ॥ ੧੪॥

ਗੁਰੂ ਜੀ ਪਾਸੋਂ ਧਰਤੀ ਅਤੇ ਸਾਰੇ ਦੇਵਤੇ ਸੁਣ ਕੇ ਬੰਦਨਾ ਕਰ-ਕਰ ਆਪਣੇ ਘਰਾਂ ਨੂੰ ਚਲੇ ਗਏ। ਦੁਸ਼ਟਾਂ ਨੂੰ ਮਾਰ ਕੇ ਸਾਰਾ ਪਿੰਡ ਸਵਾਹ ਕਰ ਦਿੱਤਾ। ਸ਼ਿਕਾਰ ਖੇਡਣ ਗਿਆਂ ਨੇ ਕੁਝ ਹੋਰ ਕਰ ਦਿੱਤਾ॥੧੪॥

ਨਿਜ ਡੇਰੇ ਕੋ ਪੁਨ ਹਟਿ ਆਏ। ਕਰਤਿ ਬਾਤਿ ਜਿਮ ਦੁਸ਼ਟ ਖਪਾਏ।
ਭਾਨਾ ਸਾਹਿਬ ਜਿਸ ਅਸਥਾਨ। ਉਤਰੇ ਆਇ ਗੁਰੂ ਭਗਵਾਨ॥ ੧੫॥

ਫਿਰ ਵਾਪਸ ਆਪਣੇ ਡੇਰੇ ਨੂੰ ਆ ਗਏ, ਉਸ ਤਰ੍ਹਾਂ ਗੱਲਾਂ ਕਰਦੇ ਸਨ ਜਿਵੇਂ ਦੁਸ਼ਟਾਂ ਨੂੰ ਮਾਰਿਆ ਸੀ। ਜਿਸ ਥਾਂ ਬਾਬਾ ਭਾਨਾ ਜੀ ਰਹਿੰਦੇ ਸਨ, ਗੁਰੂ ਜੀ ਘੋੜੇ ਤੋਂ ਉਤਰ ਕੇ ਉਥੇ ਆ ਗਏ॥੧੫॥

ਤਜਿ ਆਸਨ ਤਿਨ ਗੁਰੂ ਬਿਠਾਏ। ਬੂਝੇ 'ਕਿਤ ਅਖੇਰ ਕਰਿ ਆਏ ?'।
ਬਿਧੀ ਚੰਦ ਤਬਿ ਸਰਬ ਉਚਾਰੇ। 'ਆਜ ਸ਼ਿਕਾਰ ਦੁਸ਼ਟ ਬਡ ਮਾਰੇ॥ ੧੬ ॥

ਆਪਣਾ ਆਸਣ ਛੱਡ ਕੇ ਉਸ ਗੁਰੂ ਜੀ ਨੂੰ ਬਿਠਾਇਆ, ਪੁੱਛਣ ਲੱਗਾ, ਕਿਥੇ ਸ਼ਿਕਾਰ ਖੇਡ ਕੇ ਆਏ ਹੋ ?"। ਬਿਧੀ ਚੰਦ ਨੇ ਫਿਰ ਸਾਰਾ ਬਿਰਤਾਂਤ ਸੁਣਾਇਆ, "ਅੱਜ ਸ਼ਿਕਾਰ ਵਿਚ ਬਹੁਤ ਦੁਸ਼ਟ ਮਾਰੇ ਹਨ॥੧੬॥

ਜਾਰਯੋ ਗ੍ਰਾਮ ਉਜਾਰ ਕਰਯੋ ਹੈ। ਪਾਪ ਬਿਲੋਕਤਿ ਕੋਪ ਧਰਯੋ ਹੈ'।
ਸੁਨਿ ਭਾਨੇ ਜੁਤਿ ਨਰ ਸਮੁਦਾਏ। 'ਧੰਨ ਧੰਨ ਗੁਰ' ਸਭਿਨਿ ਅਲਾਏ॥ ੧੭ ॥

ਉਨ੍ਹਾਂ ਦੁਸ਼ਟਾਂ ਦਾ ਪਿੰਡ ਸਾੜ ਕੇ ਉਜਾੜ ਬਣਾ ਦਿੱਤਾ ਹੈ ਪਾਪ ਵੇਖ ਕੇ ਕ੍ਰੋਧ ਧਾਰਨ ਕੀਤਾ ਹੈ।" ਬਾਬਾ ਭਾਨਾ ਜੀ ਤੇ ਹੋਰ ਸਿੱਖਾਂ ਨੇ ਸੁਣ ਕੇ ਕਿਹਾ, "ਧੰਨ ਧੰਨ ਹਨ ਗੁਰੂ ਜੀ"॥੧੭॥

'ਸ਼ਸਤ੍ਰ ਧਰਨਿ ਕੋ ਕਾਰਨ ਏਹੀ। ਜਿਤ ਕਿਤ ਹਤਨ ਮਲੇਛਨਿ ਕੇਹੀ'।
ਸੁਜਸੁ ਗੁਰੂ ਕੋ ਪਸਰਯੋ ਸਾਰੇ। ਸੰਤ ਉਧਾਰਤਿ ਦੋਖੀ ਮਾਰੇ॥ ੧੮ ॥

"ਸ਼ਸਤਰ ਧਾਰਨ ਕਰਨ ਦਾ ਏਹੋ ਕਾਰਨ ਹੈ, ਜਿਥੇ ਕਿਥੇ ਮਲੇਛਾਂ ਨੂੰ ਮਾਰਦੇ ਹਨ।" ਗੁਰੂ ਜੀ ਦਾ ਸ੍ਰੇਸ਼ਟ ਜੱਸ ਸਾਰੇ ਹੀ ਫੈਲ ਗਿਆ, ਸੰਤਾਂ ਦਾ ਉਧਾਰ ਕਰਦੇ ਹਨ ਤੇ ਦੋਖੀਆਂ ਨੂੰ ਮਾਰਦੇ ਹਨ॥੧੮॥

ਇਮ ਸਤਿਗੁਰੁ ਤਹਿਂ ਦਿਵਸ ਬਿਤਾਏ। ਬ੍ਰਿਧ ਪ੍ਰਸੰਗ ਗੁਰ ਨਿਕਟਿ ਸੁਨਾਏ।
'ਸ੍ਰੀ ਕਰਤਾਰ ਪੁਰੇ ਸ੍ਰੀ ਨਾਨਕ। ਜਗੇ ਭਾਗ ਇਹ ਗਏ ਅਚਾਨਕ॥ ੧੯ ॥

ਇਸ ਤਰ੍ਹਾਂ ਸਤਿਗੁਰੂ ਜੀ ਨੇ ਉਥੇ ਦਿਨ ਬਤੀਤ ਕੀਤੇ, ਬਾਬਾ ਬੁੱਢਾ ਜੀ ਦੇ ਪ੍ਰਸੰਗ ਗੁਰੂ ਜੀ ਦੇ ਪਾਸ ਸੁਣਾਏ। 'ਸ੍ਰੀ ਕਰਤਾਰਪੁਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਰਹਿੰਦੇ ਸਨ, ਬਾਬਾ ਜੀ ਦੇ ਭਾਗ ਜਾਗੇ ਕਿ ਅਚਾਨਕ ਇਕ ਦਿਨ ਉਥੇ ਚਲੇ ਗਏ॥੧੯॥

ਭਏ ਨਿਹਾਲ ਬਡੋ ਪਦ ਪਾਏ। ਸੰਗ ਉਧਾਰੇ ਸਿਖ ਸਮੁਦਾਏ'।
ਸੁਨਿ ਗੁਰ ਕਹਯੋ 'ਤਹਾਂ ਹਮ ਜਾਇਂ। ਸ੍ਰੀ ਕਰਤਾਰ ਪੁਰਾ ਦਰਸਾਇਂ' ॥੨੦॥

ਨਿਹਾਲ ਹੋ ਕੇ ਵੱਡੀ ਪਦਵੀ ਪਾਈ ਤੇ ਆਪਣੇ ਨਾਲ ਬਹੁਤ ਸਿੱਖਾਂ ਦਾ ਉਧਾਰ ਕੀਤਾ।" ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਅਸੀਂ ਉਥੇ ਜਾਵਾਂਗੇ ਤੇ ਸ੍ਰੀ ਕਰਤਾਰਪੁਰ ਦੇ ਦਰਸ਼ਨ ਕਰਾਂਗੇ"॥੨੦॥

ਇਮ ਕਹਿ ਸ੍ਰੀ ਗੁਰ ਕੀਨਿ ਪਯਾਨਾ। ਅਪਨੇ ਸੰਗ ਲੀਨਿ ਤਬਿ ਭਾਨਾ।
ਬਿਧੀ ਚੰਦ ਆਦਿਕ ਭਟ ਜੇਈ। ਨਾਥ ਸਾਥ ਪ੍ਰਸਥਾਨੇ ਤੇਈ॥ ੨੧॥

ਇਹ ਕਹਿ ਗੁਰੂ ਜੀ ਚਲ ਪਏ ਤੇ ਆਪਣੇ ਨਾਲ ਬਾਬੇ ਭਾਨੇ ਨੂੰ ਲੈ ਲਿਆ। ਬਿਧੀ ਚੰਦ ਆਦਿ ਜਿਹੜੇ ਸੂਰਮੇ ਸਨ, ਗੁਰੂ ਜੀ ਦੇ ਨਾਲ ਉਹ ਵੀ ਚੱਲ ਪਏ॥੨੧॥

ਐਰਾਵਤੀ ਉਲੰਘਤਿ ਗਏ। ਸ੍ਰੀ ਕਰਤਾਰ ਪੁਰਾ ਦਰਸਏ।
ਜਹਿਂ ਸ੍ਰੀ ਨਾਨਕ ਕੋ ਅਸਥਾਨ। ਹਯ ਤੇ ਉਤਰਿ ਨਮੋ ਤਿਹ ਠਾਨਿ॥ ੨੨ ॥

ਰਾਵੀ ਦਰਿਆ ਪਾਰ ਕਰ ਗਏ ਤੇ ਜਾ ਕੇ ਸ੍ਰੀ ਕਰਤਾਰਪੁਰ ਦੇ ਦਰਸ਼ਨ ਕੀਤੇ। ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਸਥਾਨ ਸੀ, ਉਥੇ ਘੋੜੇ ਤੋਂ ਉਤਰ ਕੇ ਬੰਦਨਾ ਕੀਤੀ॥੨੨॥

ਕਰੀ ਪ੍ਰਕਰਮਾ ਫਿਰ ਕਰਿ ਚਾਰ। ਪੰਚਾਂਮ੍ਰਿਤ ਕਰਿਵਾਇਸਿ ਤਯਾਰ।
ਸ੍ਰੀ ਨਾਨਕ ਸਿਮਰੇ ਅਰਦਾਸ। ਕਰਯੋ ਬ੍ਰਤਾਵਨਿ ਸਭਿ ਕੇ ਪਾਸ॥ ੨੩ ॥

ਫਿਰ ਸਾਰੇ ਪਾਸੇ ਫਿਰ ਕੇ ਪਰਿਕਰਮਾ ਕੀਤੀਆਂ ਤੇ ਫਿਰ ਕੜਾਹ ਪ੍ਰਸਾਦਿ ਤਿਆਰ ਕਰਵਾਇਆ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਯਾਦ ਕਰਕੇ ਅਰਦਾਸ ਕੀਤੀ ਤੇ ਫਿਰ ਕੜਾਹ ਪ੍ਰਸਾਦਿ ਸਾਰਿਆਂ ਵਿਚ ਵਰਤਾ ਦਿੱਤਾ॥੨੩॥

ਸ੍ਰੀ ਅੰਗਦ ਕੋ ਗਾਦੀ ਦੀਨਿ। ਤਿਸ ਥਲ ਜਾਇ ਦਰਸ ਕੋ ਕੀਨਿ।
ਬਾਰ ਬਾਰ ਕਰਿ ਬੰਦਨ ਥਿਰੇ। ਤਿਹ ਕੇ ਨਰ ਪੁਨ ਬੂਝਨ ਕਰੇ॥ ੨੪॥

ਜਿਥੇ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਦਿੱਤੀ ਸੀ, ਉਸ ਸਥਾਨ ਤੇ ਜਾ ਕੇ ਵੀ ਦਰਸ਼ਨ ਕੀਤੇ। ਬਾਰ-ਬਾਰ ਖੜੇ ਹੋ ਕੇ ਬੰਦਨਾ ਕੀਤੀ। ਉਥੋਂ ਦੇ ਮਨੁੱਖਾਂ ਨੂੰ ਫਿਰ ਪੁੱਛਣ ਲੱਗੇ॥੨੪॥

'ਨਹੀਂ ਦੇਹੁਰਾ ਅਬਿ ਇਸ ਥਾਨ'। ਸਕਲ ਭੇਵ ਤਬਿ ਕੀਨਿ ਬਖਾਨਿ।
'ਰਾਵੀ ਇਹਾਂ ਬੇਗ ਕਰਿ ਆਈ। ਸੋ ਅਵਿਨੀ ਜਲ ਬਿਖੇ ਵਹਾਈ॥ ੨੫॥

"ਇਸ ਥਾਂ ਹੁਣ ਦੇਹੁਰਾ ਨਹੀਂ ਹੈ"। ਫਿਰ ਉਨ੍ਹਾਂ ਨੇ ਸਾਰਾ ਭੇਤ ਬਿਆਨ ਕੀਤਾ, "ਰਾਵੀ ਏਥੇ ਬਹੁਤ ਚੜ੍ਹ ਕੇ ਆਈ ਸੀ, ਉਹ ਧਰਤੀ ਫਿਰ ਜਲ ਵਿਚ ਹੀ ਬਹਿ ਗਈ॥੨੫॥

ਪਾਰ ਸਥਾਨ ਜਾਇ ਅਬਿ ਕਰਜੋ। ਗੁਰੁ ਕੇ ਬੰਸ ਤਹਾਂ ਹੀ ਥਿਰਜੋ।
ਕਰਿ ਦਰਸ਼ਨ ਸੁਨਿ ਕੈ ਸਭਿ ਗਾਥਾ। ਚਢੇ ਪ੍ਰਭੂ ਸੈਨਾ ਗਨ ਸਾਥਾ॥ ੨੬॥

ਉਹ ਸਥਾਨ ਹੁਣ ਰਾਵੀ ਤੋਂ ਪਾਰ ਬਣਾਇਆ ਹੈ, ਗੁਰੂ ਜੀ ਦਾ ਸਾਰਾ ਵੰਸ ਉਥੇ ਹੀ ਰਹਿੰਦਾ ਹੈ।" ਦਰਸ਼ਨ ਕਰਕੇ ਤੇ ਸਾਰੀ ਗਾਥਾ ਸੁਣ ਕੇ ਗੁਰੂ ਜੀ ਸੈਨਾ ਸਮੇਤ ਘੋੜਿਆਂ ਤੇ ਚੜ੍ਹ ਪਏ॥੨੬॥

ਰਾਵੀ ਲਾਂਘਤਿ ਤਤਛਿਨ ਗਏ। ਪਹੁੰਚਿ ਦੇਹੁਰਾ ਦਰਸ਼ਨ ਕਿਏ।
ਹਯ ਤੇ ਉਤਰਿ ਗਏ ਪ੍ਰਭੁ ਨੇਰੇ। ਕਰਜੋ ਪ੍ਰਣਾਮ ਦਰਸ ਕੋ ਹੇਰੇ॥ ੨੭॥

ਤੁਰਤ ਰਾਵੀ ਦਰਿਆ ਨੂੰ ਪਾਰ ਕਰ ਗਏ ਤੇ ਪਾਰ ਪਹੁੰਚ ਕੇ ਦੇਹੁਰਾ ਬਾਬਾ ਨਾਨਕ ਦੇ ਦਰਸ਼ਨ ਕੀਤੇ। ਘੋੜੇ ਤੋਂ ਉਤਰ ਕੇ ਪ੍ਰਭੂ ਦੇ ਦੇਹਰੇ ਦੇ ਪਾਸ ਗਏ ਤੇ ਦਰਸ਼ਨ ਕਰਕੇ ਬੰਦਨਾ ਕੀਤੀ॥੨੭॥

ਬਹੁਰ ਪ੍ਰਕਰਮਾਂ ਫਿਰਿ ਕਰਿ ਦੀਨਿ। ਬੈਠਿ ਗਏ ਪੁਨ ਅੱਗ੍ਰ ਪ੍ਰਬੀਨ।
ਧਰਮ ਚੰਦ ਸ੍ਰੀ ਨਾਨਕ ਪੋਤਾ। ਜਿਸ ਤੇ ਬੇਦਨਿ ਬੰਸ ਉਦੋਤਾ॥ ੨੮॥

ਫਿਰ ਚਾਰ-ਚੁਫੇਰੇ ਫਿਰ ਕੇ ਪਰਿਕਰਮਾ ਕੀਤੀਆਂ, ਫਿਰ ਗੁਰੂ ਜੀ ਅੱਗੇ ਬੈਠ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੋਤਾ ਧਰਮ ਚੰਦ ਜਿਸ ਤੋਂ ਬੇਦੀ ਬੰਸ ਅੱਗੇ ਪ੍ਰਗਟ ਹੈ॥੨੮॥

ਤਿਹ ਸੁਧਿ ਭਈ ਗੁਰੁ ਚਲਿ ਆਏ। ਸਭਿ ਕੁਟੰਬ ਜੁਤਿ ਆਨੰਦ ਪਾਏ।
ਦੋਇ ਪੁੱਤ੍ਰ ਕੋ ਲੇ ਕਰਿ ਸਾਥ। ਆਇਸਿ ਤੁਰਤ ਜਹਾਂ ਗੁਰੁ ਨਾਥ॥ ੨੯॥

ਉਨ੍ਹਾਂ ਨੂੰ ਜਦ ਪਤਾ ਲਗਾ ਕਿ ਗੁਰੂ ਜੀ ਚਲ ਕੇ ਆਏ ਹਨ, ਸਾਰੇ ਕੁਟੰਬ ਸਹਿਤ ਮਿਲ ਕੇ ਅਨੰਦ ਪਾਇਆ। ਦੋਵਾਂ ਪੁੱਤਰਾਂ ਨੂੰ ਆਪਣੇ ਨਾਲ ਲੈ ਕੇ ਤੁਰਤ ਉਥੇ ਆ ਗਏ ਜਿਥੇ ਗੁਰੂ ਜੀ ਬਿਰਾਜਮਾਨ ਸਨ॥੨੯॥

ਤਿਨ ਕੇ ਮਾਨ ਰਾਖਿਬੇ ਹੇਤੁ। ਖਰੇ ਭਏ ਸੋਢੀ ਕੁਲ ਕੇਤ।
ਸ੍ਰੀ ਨਾਨਕ ਮਹਿਮਾ ਬਡ ਜਾਨਿ। ਪ੍ਰਥਮ ਬੰਦਨਾ ਸ੍ਰੀ ਗੁਰੁ ਠਾਨਿ॥ ੩੦॥

ਉਨ੍ਹਾਂ ਦਾ ਮਾਣ ਰੱਖਣ ਵਾਸਤੇ, ਸੋਢੀ ਕੁਲ ਦੇ ਧਵਜ ਗੁਰੂ ਹਰਿਗੋਬਿੰਦ ਜੀ ਖੜੇ ਹੋ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵੱਡੀ ਮਹਿਮਾ ਜਾਣ ਕੇ ਪਹਿਲਾਂ ਸ੍ਰੀ ਗੁਰੂ ਜੀ ਨੇ ਬੰਦਨਾ ਕੀਤੀ॥੩੦॥

ਸਾਦਰ ਬਹੁਰ ਬੈਠਿਬੋ ਕਰੇ। ਕੁਸ਼ਲ ਪ੍ਰਸ਼ਨ ਕਰਿ ਆਨੰਦ ਭਰੇ।
ਬਹੁ ਪ੍ਰਸਾਦਿ ਸਤਿਗੁਰੁ ਮੰਗਵਾਯੋ। ਸ੍ਰੀ ਨਾਨਕ ਕੋ ਅਰਪਿ ਬ੍ਰਤਾਯੋ॥ ੩੧॥

ਬੜੇ ਆਦਰ ਨਾਲ ਬਿਠਾਏ, ਸੁਖ-ਸਾਂਦ ਪੁੱਛ ਕੇ ਆਨੰਦ ਨਾਲ ਭਰ ਗਏ। ਸਤਿਗੁਰੂ ਜੀ ਨੇ ਬਹੁਤ ਪ੍ਰਸ਼ਾਦਿ ਮੰਗਵਾਇਆ, ਸ੍ਰੀ ਗੁਰੂ ਨਾਨਕ ਜੀ ਨੂੰ ਅਰਪਣ ਕਰਕੇ ਵਰਤਾ ਦਿੱਤਾ॥੩੧॥

ਏਕ ਸਹੱਸ੍ਰ ਰਜਤਪਨ ਲਯੋ। ਅੱਗ੍ਰ ਦੇਹੁਰੇ ਕੇ ਧਰਿ ਦਯੋ।
ਕੰਚਨ ਕੇ ਕੰਕਨ ਮੰਗਵਾਇ। ਕੋਸ਼ਪ ਤਬਿ ਆਨੇ ਸਹਿਸਾਇ॥ ੩੨॥

ਇਕ ਹਜ਼ਾਰ ਫਿਰ ਚਾਂਦੀ ਦੇ ਸਿੱਕੇ ਲਏ ਤੇ ਗੁਰੂ ਜੀ ਦੇ ਦੇਹੁਰੇ ਦੇ ਅੱਗੇ ਧਰ ਦਿੱਤੇ। ਫਿਰ ਸੋਨੇ ਦੇ ਕੰਗਣ ਮੰਗਵਾਏ ਜਿਨ੍ਹਾਂ ਨੂੰ ਖਜ਼ਾਨਚੀ ਜਾ ਕੇ ਲੈ ਆਇਆ॥੩੨॥

ਮਿਹਰਚੰਦ ਮਾਣਕ ਚੰਦ ਦੋਊ। ਪਹਿਰਾਏ ਕਹਿ ਸਾਦਰ ਸੋਊ।
ਧਰਮਚੰਦ ਕਰਿਵਾਯਹੁ ਡੇਰਾ। ਜਥਾ ਜੋਗ ਥਲ ਦੀਨਿ ਬਸੇਰਾ॥ ੩੩॥

ਮਿਹਰ ਚੰਦ ਅਤੇ ਮਾਣਕ ਚੰਦ ਦੋਵਾਂ ਨੂੰ ਬੜੇ ਆਦਰ ਨਾਲ ਪਹਿਣਾ ਦਿੱਤੇ। ਧਰਮ ਚੰਦ ਨੇ ਫਿਰ ਉਨ੍ਹਾਂ ਦਾ ਡੇਰਾ ਕਰਵਾਇਆ, ਯਥਾ-ਜੋਗ ਰਹਿਣ ਵਾਸਤੇ ਸਥਾਨ ਦਿੱਤਾ॥੩੩॥

ਜਥਾਸ਼ਕਤਿ ਸੇਵਾ ਕਰਿਵਾਈ। ਤਹਿਂ ਸ੍ਰੀ ਸਤਿਗੁਰੂ ਨਿਸਾ ਬਿਤਾਈ।
ਭਈ ਪ੍ਰਭਾਤਿ ਧਰਮ ਚੰਦ ਆਏ। ਗੁਰੂ ਪ੍ਰਥਮ ਕੇ ਚਲਿਤ ਸੁਨਾਏ॥ ੩੪॥

ਯਥਾ ਸ਼ਕਤੀ ਸੇਵਾ ਕਰਵਾਈ, ਉਥੇ ਸ੍ਰੀ ਸਤਿਗੁਰੂ ਜੀ ਨੇ ਰਾਤ ਬਤੀਤ ਕੀਤੀ। ਸਵੇਰ ਹੋਈ ਤਾਂ ਧਰਮ ਚੰਦ ਆ ਗਿਆ ਤੇ ਉਸ ਨੇ ਆ ਕੇ ਪਹਿਲੇ ਗੁਰੂ ਸਾਹਿਬ ਦੇ ਚਰਿੱਤਰ ਸੁਣਾਏ॥੩੪॥

ਬੂਝਨ ਕਰੇ 'ਸ੍ਰੀ ਚੰਦ ਜੇਈ। ਕਿਸ ਸਥਾਨ ਤਪ ਤਾਪਤਿ ਤੇਈ।
ਚਲਹੁ ਸੰਗ ਤਿਨ ਦਰਸ਼ਨ ਕਰੀਯਹਿ। ਪਰਮ ਬ੍ਰਿੱਧ ਪਦ ਪਰਸਨਿ ਧਰੀਯਹਿ' ॥੩੫॥

ਗੁਰੂ ਜੀ ਨੇ ਪੁਛਿਆ, "ਜਿਹੜੇ ਸ੍ਰੀ ਚੰਦ ਜੀ ਹਨ ਉਹ ਕਿਸ ਸਥਾਨ ਤੇ ਤਪ ਕਰ ਰਹੇ ਹਨ। ਸਾਡੇ ਨਾਲ ਚਲੋ ਉਨ੍ਹਾਂ ਦੇ ਦਰਸ਼ਨ ਕਰੀਏ, ਪਰਮ ਬ੍ਰਿਧ ਦੇ ਚਰਨ ਪਰਸੀਏ" ॥੩੫॥

ਇਮ ਕਹਿ ਲਏ ਧਰਮਸਸਿ ਸੰਗ। ਗਮਨੇ ਸਤਿਗੁਰੁ ਚਢੇ ਤੁਰੰਗ।
ਸ੍ਰੀ ਨਾਨਕ ਕੇ ਰੁਚਿਰ ਬਿਲਾਸ। ਮਗ ਮਹਿਂ ਕਰਤੇ ਜਾਤਿ ਪ੍ਰਕਾਸ਼॥ ੩੬॥

ਇਸ ਤਰ੍ਹਾਂ ਕਹਿ ਕੇ ਧਰਮ ਚੰਦ ਨੂੰ ਨਾਲ ਲੈ ਕੇ ਗੁਰੂ ਜੀ ਘੋੜੇ ਤੇ ਚੜ੍ਹ ਕੇ ਚਲ ਪਏ। ਬਾਬਾ ਧਰਮ ਚੰਦ ਜੀ ਗੁਰੂ ਨਾਨਕ ਦੇਵ ਜੀ ਦੇ ਮਨੋਹਰ ਵਿਲਾਸਾਂ ਨੂੰ ਰਾਹ ਵਿਚ ਚਲਦਿਆਂ ਸੁਣਾਉਂਦੇ ਜਾਂਦੇ ਸਨ॥੩੬॥

ਪਹੁੰਚੇ ਥਿਤ ਟਾਲ੍ਹੀ ਕੇ ਤਰੇ। ਪਰਮ ਬ੍ਰਿੱਧ ਸ਼ੁਭ ਆਸਨ ਕਰੇ।
ਹਯ ਤੇ ਉਤਰਿ ਦੂਰ ਤੇ ਆਏ। ਸ੍ਰੀ ਹਰਿਗੋਵਿੰਦ ਸਿਖ ਸਮੁਦਾਏ॥ ੩੭॥

ਟਾਹਲੀ ਦੇ ਦਰੱਖਤ ਦੇ ਥੱਲੇ ਪਹੁੰਚ ਕੇ ਖਲੋ ਗਏ, ਜਿਥੇ ਪਰਮ ਬ੍ਰਿਧ ਬਾਬਾ ਸ੍ਰੀ ਚੰਦ ਜੀ ਨੇ ਆਸਣ ਲਾਇਆ ਸੀ। ਸ੍ਰੀ ਹਰਿਗੋਬਿੰਦ ਤੇ ਉਨ੍ਹਾਂ ਦੇ ਸਾਥੀ, ਬਹੁਤ ਦੂਰੋਂ ਹੀ ਘੋੜਿਆਂ ਤੋਂ ਉਤਰ ਗਏ ਸਨ ਤੇ ਫਿਰ ਚਲ ਕੇ ਉਥੇ ਆਏ॥੩੭॥

ਧਰਮ ਚੰਦ ਕੋ ਲੈ ਕਰਿ ਸਾਥ। ਬੰਦਨ ਕਰੀ ਜੋਰਿ ਜੁਗ ਹਾਥ।
ਅਪਰ ਸਕਲ ਹੀ ਕਰਹਿਂ ਪ੍ਰਣਾਮ। ਬੈਠੇ ਗੁਰੁ ਸੁਤ ਤਪ ਕੇ ਧਾਮ॥ ੩੮॥

ਧਰਮ ਚੰਦ ਨੂੰ ਆਪਣੇ ਨਾਲ ਲੈ ਕੇ, ਗੁਰੂ ਜੀ ਨੇ ਹੱਥ ਜੋੜ ਕੇ ਬੰਦਨਾ ਕੀਤੀ। ਹੋਰ ਸਾਰਿਆਂ ਨੇ ਵੀ ਪ੍ਰਣਾਮ ਕੀਤਾ। ਗੁਰੂ ਨਾਨਕ ਦੇਵ ਜੀ ਦੇ ਪੁੱਤਰ ਤਪ ਦੇ ਘਰ ਬੈਠੇ ਸਨ॥੩੮॥

ਬੈਠੇ ਸਨਮੁਖ ਮੋਦ ਉਪਾਇ। ਸਿਰੀਚੰਦ ਬੋਲੇ ਸਤਿ ਭਾਇ।
'ਕਹੁ ਪੁਰਖਾ ! ਹੈ ਕੁਸ਼ਲ ਤੁਮਾਰੇ ?। ਕਰਜੋ ਜੰਗ ਗਨ ਦੁਸ਼ਟਨ ਮਾਰੇ ?' ॥੩੯॥

ਬਾਬਾ ਸ੍ਰੀ ਚੰਦ ਜੀ ਬੜੇ ਅਨੰਦ ਨਾਲ ਬੈਠੇ ਸਨ, ਫਿਰ ਬਾਬਾ ਸ੍ਰੀ ਚੰਦ ਜੀ ਸਹਿਜ ਸੁਭਾਇ ਬੋਲੇ, "ਹੇ ਪੁਰਖਾ ! ਕਹੋ ਤੁਹਾਡੇ ਸਭ ਕੁਸ਼ਲ ਮੰਗਲ ਹੈ ? ਜੰਗ ਕਰਕੇ ਬਹੁਤ ਦੁਸ਼ਟਾਂ ਨੂੰ ਮਾਰਿਆ ਹੈ ?"॥੩੯॥

**ਸੁਨਿ ਸ੍ਰੀ ਹਰਿਗੋਵਿੰਦ ਉਚਾਰੀ। 'ਕੁਸ਼ਲ ਹਮਾਰੇ ਕ੍ਰਿਪਾ ਤੁਮਾਰੀ।**
**ਪਾਇ ਆਪ ਕੋ ਬਲਿ ਰਿਪੁ ਘਾਏ। ਰਣ ਬਿਸਾਲ ਮਹਿਂ ਕਰੀ ਸਹਾਏ'॥੪੦॥**

ਇਹ ਸੁਣ ਕੇ ਸ੍ਰੀ ਹਰਿਗੋਬਿੰਦ ਜੀ ਨੇ ਕਿਹਾ, "ਤੁਹਾਡੀ ਕਿਰਪਾ ਨਾਲ ਸਾਡੇ ਸਭ ਕੁਸ਼ਲ ਮੰਗਲ ਹੈ। ਆਪ ਜੀ ਪਾਸੋਂ ਸ਼ਕਤੀ ਪਾ ਕੇ, ਦੁਸ਼ਮਣਾਂ ਨੂੰ ਮਾਰਿਆ ਹੈ, ਵਿਸ਼ਾਲ ਰਣਖੇਤਰ ਵਿਚ ਤੁਸੀਂ ਸਹਾਇਤਾ ਕੀਤੀ ਹੈ"॥੪੦॥

**ਇੱਤਜਾਦਿਕ ਕਰਿ ਬਾਕ ਬਿਲਾਸ। ਕੇਤਿਕ ਕਾਲ ਬੈਠਿ ਕਰਿ ਪਾਸ।**
**ਬਹੁਰ ਬੰਦਿ ਕਰ ਆਇਸੁ ਲੀਨਿ। ਉਠੇ ਗੁਰੂ ਪਗ ਬੰਦਨ ਕੀਨਿ॥ ੪੧॥**

ਇਤਿਆਦਿ ਬਚਨ ਬਿਲਾਸ ਕੀਤਾ, ਤੇ ਕਾਫੀ ਸਮਾਂ ਉਨ੍ਹਾਂ ਦੇ ਪਾਸ ਬੈਠ ਕੇ ਗੁਜ਼ਾਰਿਆ। ਫਿਰ ਹੱਥ ਜੋੜ ਕੇ ਆਗਿਆ ਲਈ ਤੇ ਉਠ ਕੇ ਗੁਰੂ ਜੀ ਨੇ ਚਰਨ ਬੰਦਨਾ ਕੀਤੀ॥੪੧॥

**ਧਰਮਚੰਦ ਕੋ ਲੇ ਕਰਿ ਸਾਥ। ਆਏ ਨਿਜ ਨਿਵੇਸ ਕਹੁ ਨਾਥ।**
**ਤੀਨ ਜਾਮਨੀ ਬਸਿ ਕਰਿ ਸ੍ਵਾਮੀ। ਪੁਨ ਤਯਾਰੀ ਕਰਿ ਅੰਤਰਜਾਮੀ॥ ੪੨॥**

ਧਰਮ ਚੰਦ ਨੂੰ ਆਪਣੇ ਨਾਲ ਲੈ ਕੇ ਗੁਰੂ ਜੀ ਆਪਣੇ ਨਿਜੀ ਨਿਵਾਸ ਸਥਾਨ ਤੇ ਆ ਗਏ। ਤਿੰਨ ਪਹਿਰ ਉਥੇ ਠਹਿਰ ਕੇ ਅੰਤਰਜਾਮੀ ਗੁਰੂ ਜੀ ਨੇ ਫਿਰ ਤਿਆਰੀ ਕਰ ਲਈ॥੪੨॥

**ਬੰਦਨ ਕਰੀ ਦੇਹੁਰੇ ਜਾਇ। ਚਤੁਰ ਪ੍ਰਕਰਮਾਂ ਦੇ ਗੁਰੁ ਥਾਇਂ।**
**ਧਰਮਚੰਦ ਸੋਂ ਮਿਲਿ ਕਰਿ ਚਢੇ। ਸੰਗ ਸੁਭਟ ਗਨ ਮਨ ਮੁਦ ਬਢੇ॥ ੪੩॥**

ਦੇਹੁਰੇ ਨੂੰ ਜਾ ਕੇ ਫਿਰ ਬੰਦਨਾ ਕੀਤੀ ਤੇ ਗੁਰ-ਸਥਾਨ ਦੀਆਂ ਚਾਰ ਪਰਿਕਰਮਾਂ ਕੀਤੀਆਂ। ਫਿਰ ਧਰਮ ਚੰਦ ਨੂੰ ਮਿਲ ਕੇ ਘੋੜੇ ਤੇ ਚੜ੍ਹ ਪਏ। ਉਨ੍ਹਾਂ ਦੇ ਨਾਲ ਬਹੁਤ ਸੂਰਬੀਰ ਸਨ ਜਿਨ੍ਹਾਂ ਦੇ ਮਨ ਬੜੇ ਅਨੰਦਮਈ ਸਨ॥੪੩॥

**ਤਤਛਿਨ ਆਇ ਬ੍ਰਿੱਧ ਕੇ ਗ੍ਰਾਮੂ। ਡੇਰਾ ਕਰਤਿ ਭਏ ਸੁਖ ਧਾਮੂ।**
**ਦਿਨ ਪ੍ਰਤਿ ਕਰਤਿ ਬਿਲਾਸ ਨਵੀਨ। ਸ੍ਰੀ ਹਰਿਗੋਵਿੰਦ ਬੀਰ ਪ੍ਰਬੀਨ॥ ੪੪॥**

ਛੇਤੀ ਹੀ ਬਾਬਾ ਬੁੱਢਾ ਜੀ ਦੇ ਪਿੰਡ ਆ ਗਏ ਤੇ ਸੁਖਾਂ ਦੇ ਘਰ ਭਾਵ ਗੁਰੂ ਜੀ ਨੇ ਆਪਣਾ ਡੇਰਾ ਕੀਤਾ। ਪ੍ਰਤੀ ਦਿਨ ਕੋਈ ਨਵਾਂ ਹੀ ਵਿਲਾਸ ਕਰਦੇ ਸਨ, ਸ੍ਰੀ ਹਰਿਗੋਬਿੰਦ ਜੀ ਨਿਪੁੰਨ ਸੂਰਬੀਰ ਹਨ॥੪੪॥

**ਕਬਿ ਕਬਿ ਚਢਹਿਂ ਅਖੇਰ ਬਿਹਾਰੈਂ। ਬਨ ਕੇ ਦੁਸ਼ਟ ਜੀਵ ਗਨ ਮਾਰੈਂ।**
**ਭਾਨਾ ਰਹੈ ਸੰਗ ਜਹਿਂ ਜਾਵੈਂ। ਸਤਿਗੁਰੁ ਸੇਵ ਪਰਮ ਸੁਖ ਪਾਵੈ॥ ੪੫॥**

ਕਦੀ-ਕਦੀ ਸ਼ਿਕਾਰ ਖੇਡਣ ਜਾਂਦੇ ਹਨ ਤੇ ਜੰਗਲ ਦੇ ਦੁਸ਼ਟ ਜੀਵਾਂ ਨੂੰ ਮਾਰਦੇ ਹਨ। ਜਿਥੇ ਵੀ ਜਾਂਦੇ ਸੀ, ਬਾਬਾ ਭਾਨਾ ਉਨ੍ਹਾਂ ਦੇ ਨਾਲ ਹੀ ਰਹਿੰਦਾ ਸੀ ਤੇ ਉਹ ਸਤਿਗੁਰੂ ਜੀ ਦੀ ਸੇਵਾ ਕਰਕੇ ਪਰਮ ਸੁੱਖ ਪਾਉਂਦਾ ਸੀ॥੪੫॥

*ਛੇਵੀਂ ਰਾਸ ਦਾ ਪਚਵੰਜਵਾਂ ਅਧਿਆਇ ਸਮਾਪਤ ਹੋਇਆ॥੫੫॥*

❖❖❖

# ਅਧਿਆਇ ਛਪਵੰਞਵਾਂ

## ਸ੍ਰੀ ਅੰਮ੍ਰਿਤਸਰ ਆਉਣਾ

ਦੋਹਰਾ- ਦੀਪਮਾਲ ਕੋ ਦਿਵਸ ਤਬਿ ਆਇ ਸਮੀਪ ਪਛਾਨਿ।
ਸ੍ਰੀ ਅੰਮ੍ਰਿਤਸਰ ਦਰਸ ਕੋ ਇੱਛਾ ਭਈ ਮਹਾਨ॥ ੧॥

ਜਦ ਇਹ ਵੇਖਿਆ ਕਿ ਦੀਵਾਲੀ ਦਾ ਦਿਨ ਬਹੁਤ ਨੇੜੇ ਆ ਗਿਆ ਹੈ ਤਾਂ ਮਨ ਵਿਚ ਅੰਮ੍ਰਿਤਸਰ ਦੇ ਦਰਸ਼ਨ ਕਰਨ ਦੀ ਮਹਾਨ ਇੱਛਾ ਪ੍ਰਗਟ ਹੋਈ॥੧॥

ਚੌਪਈ- ਬਿਧੀ ਚੰਦ ਭਾਈ ਗੁਰਦਾਸ। ਇੱਤਯਾਦਿਕ ਸਿਖ ਅਪਰ ਜਿ ਪਾਸ।
ਹਾਥ ਜੋਰਿ ਸਭਿਹੂੰਨਿ ਸੁਨਾਯੋ। 'ਸ੍ਰੀ ਗੁਰੁ ਸੁਨਹੁ ਸਭਿਨਿ ਮਨ ਭਾਯੋ ॥੨ ॥

ਭਾਈ ਬਿਧੀ ਚੰਦ, ਭਾਈ ਗੁਰਦਾਸ ਇਤਿਆਦਿ ਜਿਹੜੇ ਸਿੱਖ ਗੁਰੂ ਜੀ ਪਾਸ ਸਨ, ਸਾਰਿਆਂ ਨੇ ਹੱਥ ਜੋੜ ਕੇ ਸੁਣਾਇਆ, "ਹੇ ਗੁਰੂ ਜੀ ! ਸਾਰਿਆਂ ਦੇ ਮਨ-ਭਾਉਂਦੀ ਗੱਲ ਸੁਣੋ॥੨॥

ਦਰਸ਼ਨ ਸਭੈ ਸੁਧਾਸਰ ਚਾਹਤਿ। ਚਹੁੰ ਦਿਸ਼ਿ ਕੋ ਨਰ ਮੇਲ ਉਮਾਹਤਿ।
ਦੀਪ ਮਾਲ ਕਾ ਦਿਨ ਨਿਯਰਾਵਾ। ਯਾਂਤੇ ਅਧਿਕ ਰਿਦਾ ਲਲਚਾਵਾ ॥੩ ॥

ਸਾਰੇ ਹੀ ਅੰਮ੍ਰਿਤਸਰ ਦੇ ਦਰਸ਼ਨ ਕਰਨਾ ਚਾਹੁੰਦੇ ਹਨ, ਚਾਰੇ ਦਿਸ਼ਾਵਾਂ ਦੇ ਮਨੁੱਖਾਂ ਦਾ ਬੜੀ ਚਾਹਤ ਨਾਲ ਮੇਲ ਹੁੰਦਾ ਹੈ। ਦੀਵਾਲੀ ਦਾ ਦਿਨ ਬਹੁਤ ਨੇੜੇ ਆਇਆ ਹੈ, ਇਸ ਕਰਕੇ ਸਾਡਾ ਹਿਰਦਾ ਲਲਚਾਇਆ ਹੈ॥੩॥

ਸ੍ਰੀ ਹਰਿਗੋਵਿੰਦ ਸੁਨਿ ਕਰਿ ਬਾਨੀ। 'ਆਛੀ ਬਾਤ' ਕਹੀ ਤਬਿ ਮਾਨੀ।
'ਹੋਤਿ ਪ੍ਰਭਾਤਿ ਕਰਹਿਂ ਪ੍ਰਸਥਾਨਾ'। ਸਭਿਨਿ ਭਯੋ ਮਨ ਅਨੰਦ ਮਹਾਨਾ ॥੪ ॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਇਹ ਗੱਲ ਸੁਣ ਕੇ 'ਅੱਛੀ ਬਾਤ' ਕਹਿ ਕੇ ਅੰਮ੍ਰਿਤਸਰ ਜਾਣਾ ਮੰਨ ਲਿਆ। "ਸਵੇਰ ਹੁੰਦਿਆਂ ਹੀ ਡੇਰਾ ਕੂਚ ਕਰਾਂਗੇ" ਇਹ ਸੁਣ ਕੇ ਸਾਰਿਆਂ ਦੇ ਮਨ ਅਨੰਦ ਨਾਲ ਭਰ ਗਏ॥੪॥

ਇਮ ਕਹਿ ਦਿਨ ਅਰੁ ਨਿਸਾ ਬਿਤਾਈ। ਭਈ ਪ੍ਰਾਤਿ ਤਯਾਰੀ ਕਰਿਵਾਈ।
ਭਾਨੇ ਕਹਯੋ 'ਸੁਨਹੁ ਪ੍ਰਭੁ ਨਾਥ !। ਮੈਂ ਅਬਿ ਚਲੌਂ ਆਪਕੇ ਸਾਥ॥ ੫ ॥

ਇਸ ਤਰ੍ਹਾਂ ਕਹਿ ਕੇ ਦਿਨ ਅਤੇ ਰਾਤ ਬਤੀਤ ਕੀਤੀ, ਸਵੇਰ ਹੁੰਦਿਆਂ ਹੀ ਤਿਆਰੀ ਕਰਵਾ ਦਿੱਤੀ। ਬਾਬੇ ਭਾਨੇ ਨੇ ਕਿਹਾ, "ਹੇ ਗੁਰੂ ਜੀ ! ਸੁਣੋ, ਮੈਂ ਹੁਣ ਆਪ ਜੀ ਦੇ ਨਾਲ ਹੀ ਚਲਾਂਗਾ॥੫॥

ਇਹ ਉਪਦੇਸ਼ ਪਿਤਾ ਨੇ ਦੀਨਾ। ਗੁਰੁ ਸੰਗਤਿ ਨਿਤ ਕਰਹੁ ਪ੍ਰਬੀਨਾ।
ਸੋ ਮੈਂ ਕਰੌਂ ਨ ਤਯਾਗੌਂ ਕਬੈ। ਦਿਹੁ ਆਇਸੁ ਹੋਵੌਂ ਸੰਗ ਅਬੈ' ॥ ੬ ॥

ਇਹ ਉਪਦੇਸ਼ ਮੈਨੂੰ ਪਿਤਾ ਜੀ ਨੇ ਦਿੱਤਾ ਸੀ ਕਿ ਨਿਤ ਗੁਰੂ ਜੀ ਦੀ ਪ੍ਰਬੀਨ ਸੰਗਤ ਕਰਨੀ। ਸੋ ਮੈਂ ਕਰਾਂਗਾ ਅਤੇ ਕਦੇ ਵੀ ਛੱਡਾਂਗਾ ਨਹੀਂ, ਆਗਿਆ ਦੇਵੋ ਤਾਂਕਿ ਮੈਂ ਤੁਹਾਡੇ ਨਾਲ ਜਾ ਸਕਾਂ" ॥੬॥

ਸ੍ਰੀ ਗੁਰੁ ਤਿਸ ਕੋ ਧੀਰਜ ਦਯੋ। 'ਬ੍ਰਿਧ ਸਾਹਿਬ ਪ੍ਰਲੋਕ ਅਬਿ ਭਯੋ।
ਇਹਾਂ ਰਹਨਿ ਹੀ ਅਬਿ ਬਨਿ ਆਵੈ। ਬਹੁਰੋ ਸੰਗ ਰਹਨਿ ਹੀ ਭਾਵੈ' ॥੭ ॥

ਸ੍ਰੀ ਗੁਰੂ ਜੀ ਨੇ ਉਸ ਨੂੰ ਧੀਰਜ ਦਿੱਤਾ, "ਬਾਬਾ ਬੁੱਢਾ ਜੀ ਹੁਣ ਪ੍ਰਲੋਕ ਚਲੇ ਗਏ ਹਨ। ਤੁਹਾਡਾ ਹੁਣ ਏਥੇ ਰਹਿਣਾ ਹੀ ਬਣਦਾ ਹੈ, ਬਾਅਦ ਵਿਚ ਸਾਡੇ ਨਾਲ ਰਹਿਣਾ ਚੰਗਾ ਰਹੇਗਾ"॥੭॥

ਇਮ ਕਹਿ ਹਯ ਆਰੂਢ ਸ੍ਵਾਮੀ। ਭਏ ਸੁਧਾਸਰ ਮਾਰਗ ਗਾਮੀ।
ਦਿਵਸ ਢਰੇ ਲਗਿ ਪਹੁੰਚੇ ਜਾਇ। ਚਮੂੰ ਸੰਗ ਆਈ ਸਮੁਦਾਇ॥ ੮॥

ਇਸ ਤਰ੍ਹਾਂ ਕਹਿ ਕੇ ਗੁਰੂ ਜੀ ਘੋੜੇ 'ਤੇ ਸਵਾਰ ਹੋ ਗਏ ਤੇ ਅੰਮ੍ਰਿਤਸਰ ਦੇ ਮਾਰਗ ਚੱਲ ਪਏ। ਦਿਨ ਢਲਣ ਤਕ ਉਥੇ ਪਹੁੰਚ ਗਏ। ਸਾਰੀ ਸੈਨਾ ਉਨ੍ਹਾਂ ਦੇ ਨਾਲ ਹੀ ਆਈ॥੮॥

ਇਕ ਸੇਵਕ ਕੌ ਅੱਗ੍ਰ ਪਠਾਯੋ। ਪੰਚਾਂਮ੍ਰਿਤ ਰਾਸ ਕਰਿਵਾਯੋ।
ਪ੍ਰਥਮ ਬੈਠਿ ਕਰਿ ਚਰਨ ਪਖਾਰੇ। ਕਰਯੋ ਸ਼ਨਾਨ ਕੂਪ ਕੇ ਬਾਰੇ॥ ੯॥

ਇਕ ਸੇਵਕ ਨੂੰ ਅਗਾਊਂ ਭੇਜਿਆ, ਬਹੁਤ ਕੜਾਹ ਪ੍ਰਸ਼ਾਦਿ ਤਿਆਰ ਕਰਵਾਇਆ। ਪਹਿਲਾਂ ਬੈਠ ਕੇ ਹੱਥ ਪੈਰ ਧੋਤੇ ਤੇ ਖੂਹ ਦੇ ਪਾਣੀ ਨਾਲ ਇਸ਼ਨਾਨ ਕੀਤਾ॥੯॥

ਪੁਨਹ ਸੁਧਾਸਰ ਗਮਨੇ ਤੀਰ। ਕਰਿਕੈ ਨਮੋ ਨਹਾਨੇ ਧੀਰ।
ਤਖਤ ਅਕਾਲ ਭਈ ਅਰਦਾਸ। ਸੰਗਿ ਸਮੂਹ ਸੁਭਟ ਅਰੁ ਦਾਸ॥ ੧੦॥

ਫਿਰ ਅੰਮ੍ਰਿਤ ਸਰੋਵਰ ਦੇ ਕਿਨਾਰੇ ਪਹੁੰਚ ਗਏ, ਫਿਰ ਬੰਦਨਾ ਕਰਕੇ ਧੀਰਜਵਾਨ ਗੁਰੂ ਜੀ ਨੇ ਇਸ਼ਨਾਨ ਕੀਤਾ। ਅਕਾਲ ਤਖਤ ਤੇ ਜਾ ਕੇ ਅਰਦਾਸ ਕੀਤੀ, ਉਨ੍ਹਾਂ ਦੇ ਨਾਲ ਸਾਰੇ ਸੇਵਕ ਅਤੇ ਸੂਰਬੀਰ ਸਨ॥੧੦॥

ਪੌਰ ਦਰਸ਼ਨੀ ਪੁਨਿ ਚਲਿ ਗਏ। ਹਾਥ ਜੋਰਿ ਕਰਿ ਨੰਮ੍ਰੀ ਭਏ।
ਫੇਰ ਪਹੁੰਚਿ ਦਰਬਾਰਿ ਅਗਾਰੀ। ਹਾਥ ਜੋਰਿ ਕਰਿ ਬੰਦਨ ਧਾਰੀ॥ ੧੧॥

ਫਿਰ ਦਰਸ਼ਨੀ ਡਿਉਢੀ ਤੇ ਚਲ ਕੇ ਗਏ, ਹੱਥ ਜੋੜ ਕੇ ਸਨਿੰਮਰ ਹੋ ਗਏ, ਫਿਰ ਦਰਬਾਰ ਸਾਹਿਬ ਦੇ ਅੱਗੇ ਪਹੁੰਚ ਗਏ ਤੇ ਹੱਥ ਜੋੜ ਕੇ ਬੰਦਨਾ ਕੀਤੀ॥੧੧॥

ਚਤੁਰ ਪ੍ਰਕਰਮਾਂ ਦੇ ਕਰਿ ਬਰੇ। ਨਮੋ ਕਰੀ ਅੰਤਰ ਗੁਰੁ ਥਿਰੇ।
ਪੰਚਾਂਮ੍ਰਿਤ ਸੁ ਤਹਾਂ ਬਰਤਾਏ। ਬਹੁਰ ਅਕਾਲ ਤਖਤ ਕੋ ਆਏ॥ ੧੨॥

ਚਾਰ ਪਰਿਕਰਮਾਂ ਕਰਕੇ ਅੰਦਰ ਦਾਖਲ ਹੋਏ ਤੇ ਨਮਸਕਾਰ ਕਰਕੇ ਗੁਰੂ ਜੀ ਅੰਦਰ ਬੈਠ ਗਏ, ਉਥੇ ਕੜਾਹ ਪ੍ਰਸ਼ਾਦਿ ਵਰਤਾਇਆ। ਫਿਰ ਅਕਾਲ ਤਖਤ ਵੱਲ ਚਲੇ ਗਏ॥੧੨॥

ਬੈਠਿ ਬਿਸਾਲ ਲਗਾਇ ਦਿਵਾਨ। ਪੁਨਿ ਜਨ ਸੁਨਿ ਸੁਨਿ ਦੇਖਹਿਂ ਆਨਿ।
ਅਰਪਿ ਕਰਿ ਗਨ ਉਪਹਾਰ। ਬਾਰਿ ਬਾਰਿ ਪਿਖਿ ਕਰਿ ਬਲਿਹਾਰ॥ ੧੩॥

ਉਥੇ ਬੈਠ ਕੇ ਵਿਸ਼ਾਲ ਦਰਬਾਰ ਲਗਾਇਆ, ਫਿਰ ਲੋਕ ਸੁਣ-ਸੁਣ ਆ ਕੇ ਦਰਸ਼ਨ ਕਰਦੇ ਸਨ। ਬਹੁਤ ਉਪਹਾਰ ਅਰਪਣ ਕਰਕੇ ਬਾਰ-ਬਾਰ ਵੇਖ ਕੇ ਬਲਿਹਾਰ ਜਾਂਦੇ ਸਨ॥੧੩॥

ਬੰਦਨ ਕਰਹਿਂ ਅਨੰਦ ਬਿਲੰਦਹਿਂ। ਅਵਿਲੋਕਹਿਂ ਸ੍ਰੀ ਹਰਿਗੋਬਿੰਦਹਿਂ।
'ਹਮਰੇ ਗੁਰੁ ਸ੍ਵਾਮੀ ਸੁਖ ਧਾਮ। ਜਥਾ ਅਜੁੱਧਯਾ ਕੇ ਸ੍ਰੀ ਰਾਮ'॥ ੧੪॥

ਬੰਦਨਾ ਕਰ ਕੇ ਬਹੁਤ ਅਨੰਦਮਈ ਹੋ ਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਦਰਸ਼ਨ ਕਰਦੇ ਸਨ ਤੇ ਕਹਿੰਦੇ ਸਨ, 'ਸਾਡੇ ਗੁਰੂ ਜੀ ਸੁੱਖਾਂ ਦਾ ਘਰ ਹਨ ਜਿਵੇਂ ਅਯੁਧਿਆ ਦੇ ਸ੍ਰੀ ਰਾਮ ਸਨ'॥੧੪॥

ਨਿਸਾ ਭਈ ਮੰਦਿਰ ਮਹਿਂ ਆਏ। ਖਾਨ. ਪਾਨ ਕਰਿ ਸਭਿ ਸੁਪਤਾਏ।
ਭਈ ਪ੍ਰਭਾਤਿ ਪਠਯੋ ਇਕ ਦਾਸ। ਕਹਯੋ 'ਜਾਹੁ ਪੈਂਦੇ ਖਾਂ ਪਾਸ॥ ੧੫॥

ਰਾਤ ਹੋਈ ਤਾਂ ਘਰ ਨੂੰ ਆ ਗਏ, ਖਾ ਪੀ ਕੇ ਸੌਂ ਗਏ। ਸਵੇਰ ਹੋਈ ਤਾਂ ਇਕ ਸੇਵਕ ਨੂੰ ਭੇਜਿਆ ਤੇ ਕਿਹਾ, "ਪੈਂਦੇ ਖਾਂ ਦੇ ਪਾਸ ਜਾਵੇ॥੧੫॥

ਆਨਹੁ ਹਮਰੇ ਨਿਕਟਿ ਬੁਲਾਇ। ਦੀਪਮਾਲਿ ਤੇ ਪ੍ਰਥਮੇ ਆਇ।
ਦੁਤਿਯੋ ਗੋਇੰਦਵਾਲ ਪਠਾਵਾ। ਸਭਿ ਕੁਟੰਬ ਕੋ ਤਬਹਿ ਬੁਲਾਵਾ॥ ੧੬॥

ਉਸ ਨੂੰ ਬੁਲਾ ਕੇ ਮੇਰੇ ਪਾਸ ਲਿਆਵੇ ਤੇ ਉਹ ਦੀਵਾਲੀ ਤੋਂ ਪਹਿਲਾਂ ਆਵੇ।" ਦੂਸਰੇ ਸੇਵਕ ਨੂੰ ਗੋਇੰਦਵਾਲ ਭੇਜਿਆ ਤੇ ਸਾਰੇ ਪਰਿਵਾਰ ਨੂੰ ਤਦ ਬੁਲਾ ਲਿਆ॥੧੬॥

ਦੋਨਹੁਂ ਦਿਸ਼ਿ ਦੋਨਹੁਂ ਚਲਿ ਗਏ। ਗੁਰੂ ਸੰਦੇਸਾ ਭਾਖਤਿ ਭਏ।
ਕਹਿ ਦਮੋਦਰੀ ਸੰਗ ਸੁਨਾਏ। 'ਸੁੰਦਰ ਕੋ ਲਿਹੁ ਸੰਗ ਬੁਲਾਏ॥ ੧੭॥

ਦੋਵੇਂ ਪਾਸੇ ਦੋਵੇਂ ਸੇਵਕ ਚਲੇ ਗਏ ਤੇ ਜਾ ਕੇ ਗੁਰੂ ਜੀ ਦਾ ਸੰਦੇਸ਼ਾ ਕਹਿਣ ਲੱਗੇ। ਮਾਤਾ ਦਮੋਦਰੀ ਜੀ ਨੂੰ ਜਾ ਕੇ ਸੁਣਾਇਆ, "ਬਾਬਾ ਸੁੰਦਰ ਨੂੰ ਵੀ ਨਾਲ ਬੁਲਾ ਲਵੋ॥੧੭॥

ਚਲਹੁ ਸੁਧਾਸਰ ਕਰੇ ਬੁਲਾਵਨਿ'। ਸੁਨਿ ਸਗਰੇ ਉਰ ਭੇ ਹਰਖਾਵਨਿ।
ਸਭਿ ਕੁਟੰਬ ਲੇ ਸੁੰਦਰ ਸੰਗ। ਗਮਨੇ ਮਾਰਗ ਚਢੇ ਤੁਰੰਗ॥ ੧੮॥

ਤੇ ਅੰਮ੍ਰਿਤਸਰ ਚਲੋ ਗੁਰੂ ਜੀ ਨੇ ਬੁਲਾਇਆ ਹੈ।" ਸੁਣ ਕੇ ਸਾਰੇ ਬਹੁਤ ਪ੍ਰਸੰਨ ਹੋਏ। ਸਾਰੇ ਪਰਿਵਾਰ ਨੂੰ ਲੈ ਕੇ ਬਾਬਾ ਸੁੰਦਰ ਸਮੇਤ ਘੋੜਿਆਂ ਤੇ ਚੜ੍ਹ ਕੇ ਅੰਮ੍ਰਿਤਸਰ ਦੇ ਰਾਹ ਪੈ ਗਏ॥੧੮॥

ਆਇ ਸੁਧਾਸਰ ਬਿਖੇ ਪ੍ਰਵੇਸ਼ੇ। ਉਤਰੇ ਅਪਨੇ ਸਦਨ ਵਿਸ਼ੇਸ਼ੇ।
ਸੁੰਦਰ ਚਲਿ ਗੁਰ ਕੇ ਢਿਗ ਆਯੋ। ਪਦ ਅਰਿਬਿੰਦਨਿ ਕੋ ਲਪਟਾਯੋ॥ ੧੯॥

ਆ ਕੇ ਅੰਮ੍ਰਿਤਸਰ ਵਿਚ ਦਾਖਲ ਹੋਏ, ਆਪਣੇ ਵਿਸ਼ੇਸ਼ ਘਰ ਵਿਚ ਜਾ ਕੇ ਉਤਾਰਾ ਕੀਤਾ। ਬਾਬਾ ਸੁੰਦਰ ਜੀ ਚਲ ਕੇ ਗੁਰੂ ਜੀ ਪਾਸ ਆ ਗਿਆ ਤੇ ਗੁਰੂ ਜੀ ਦੇ ਚਰਨ ਕੰਵਲਾਂ ਨਾਲ ਲੱਗ ਗਿਆ॥੧੯॥

ਸਤਿਗੁਰੁ ਕੁਸ਼ਲ ਬੂਝਿ ਕਰਿ ਸਾਰੀ। ਨਿਕਟਿ ਬਿਠਾਯੋ ਮ੍ਰਿਦੁਲ ਉਚਾਰੀ।
ਪੁਨ ਉਠਿ ਕਰਿ ਗੁਰੁ ਮੰਦਿਰ ਗਏ। ਸਭਿ ਕੇ ਸੰਗ ਮਿਲੇ ਸੁਖ ਦਏ॥ ੨੦॥

ਸਤਿਗੁਰੂ ਜੀ ਨੇ ਸਭ ਪ੍ਰਕਾਰ ਸੁਖ-ਸਾਂਦ ਪੁੱਛੀ, ਤੇ ਪਾਸ ਬਿਠਾ ਕੇ ਮਿੱਠੇ ਬਚਨ ਕਹੇ। ਫਿਰ ਗੁਰੂ ਜੀ ਉਠ ਕੇ ਆਪਣੇ ਘਰ ਚਲੇ ਗਏ ਤੇ ਸਾਰਿਆਂ ਨੂੰ ਮਿਲ ਕੇ ਸੁੱਖ ਦਿੱਤਾ॥੨੦॥

ਸ੍ਰੀ ਗੁਰੁਦਿੱਤੇ ਬੰਦਨ ਕੀਨਿ। ਸੂਰਜਮਲ, ਅਣਿਰਾਇ ਪ੍ਰਬੀਨ।
ਅਟਲਰਾਇ ਥਿਤਿ ਕਰਿ ਕਰਿ ਨਮੋ। ਪ੍ਰਿਯ ਸੁਤ ਚਤੁਰ ਪਿਖੇ ਤਿਹ ਸਮੋ॥੨੧॥

ਸ੍ਰੀ ਗੁਰਦਿੱਤੇ ਜੀ ਨੇ ਬੰਦਨਾ ਕੀਤੀ, ਸੂਰਜ ਮਲ, ਅਣਿ ਰਾਇ ਤੇ ਅਟੱਲ ਰਾਇ ਬੰਦਨਾ ਕਰ-ਕਰ ਬੈਠ ਗਏ। ਉਸ ਸਮੇਂ ਚਾਰ ਪਿਆਰੇ ਪੁੱਤਰਾਂ ਨੂੰ ਵੇਖਿਆ॥੨੧॥

ਤੇਗ ਬਹਾਦਰ ਅੰਕ ਉਠਾਇ। ਪਿਖਯੋ ਪਿਤਾ ਵੀਰੋ ਤਬਿ ਆਇ।
ਸੁਤਾ ਅੰਕ ਤੇ ਸੁਤ ਕੋ ਲੀਨ। ਸ੍ਰੀ ਗੁਰੁ ਪ੍ਰਿਯ ਦੁਲਾਰ ਬਹੁ ਕੀਨਿ॥ ੨੨॥

ਸ੍ਰੀ ਤੇਗ ਬਹਾਦਰ ਨੂੰ ਕੁਛੜ ਚੁੱਕੀ ਫਿਰ ਬੀਬੀ ਵੀਰੋ ਨੇ ਆ ਕੇ ਆਪਣੇ ਪਿਤਾ ਜੀ ਨੂੰ ਵੇਖਿਆ। ਪੁੱਤਰੀ ਦੀ ਗੋਦੀ ਵਿਚੋਂ ਆਪਣੇ ਪੁੱਤਰ ਸ੍ਰੀ ਤੇਗ ਬਹਾਦਰ ਜੀ ਨੂੰ ਲੈ ਲਿਆ। ਸ੍ਰੀ ਗੁਰੂ ਜੀ ਨੇ ਆਪਣੇ ਪਿਆਰੇ ਪੁੱਤਰ ਨੂੰ ਬਹੁਤ ਲਾਡ ਪਿਆਰ ਕੀਤਾ॥੨੨॥

ਇਮ ਸਭਿਹਿਨਿ ਕੋ ਦਰਸ ਦਿਖਾਵਾ। ਦੇਖਿ ਦੇਖਿ ਸਭਿ ਮੋਦ ਉਪਾਵਾ।
ਇਤਨੇ ਮਹਿਂ ਸੰਗਤਿ ਬਹੁ ਆਈ। ਅਨਿਕ ਅਕੋਰ ਪਦਾਰਥ ਲਜਾਈ॥੨੩॥

ਇਸ ਤਰ੍ਹਾਂ ਸਾਰਿਆਂ ਨੂੰ ਦਰਸ਼ਨ ਦਿੱਤੇ, ਵੇਖ-ਵੇਖ ਸਭ ਬਹੁਤ ਪ੍ਰਸੰਨ ਹੋਏ। ਏਨੇ ਵਿਚ ਬਹੁਤ ਸੰਗਤ ਆ ਗਈ, ਅਨੇਕਾਂ ਉਪਹਾਰ ਤੇ ਪਦਾਰਥ ਲਿਆਈ॥੨੩॥

ਤਖਤ ਅਕਾਲ ਬਿਰਾਜੇ ਆਨਿ। ਦਰਸਹਿਂ ਸਿਖ ਗਨ ਗੁਰੂ ਭਗਵਾਨ।
ਪੈਂਦੇਖਾਂਨ ਪਹੁਚਿ ਦਿਨ ਮੇਲੇ। ਸੰਗ ਭਾਰਜਾ ਲਜਾਇ ਸੁਹੇਲੇ॥ ੨੪॥

ਗੁਰੂ ਜੀ ਆ ਕੇ ਅਕਾਲ ਤਖਤ ਤੇ ਬਿਰਾਜ ਗਏ, ਸਮੂਹ ਸਿੱਖ ਗੁਰੂ ਭਗਵਾਨ ਦੇ ਦਰਸ਼ਨ ਕਰਦੇ ਸਨ। ਪੈਂਦੇ ਖਾਂ ਮੇਲੇ ਵਾਲੇ ਦਿਨ ਪਹੁੰਚ ਗਿਆ। ਉਹ ਆਪਣੇ ਨਾਲ ਆਪਣੀ ਪਤਨੀ ਨੂੰ ਵੀ ਲੈ ਕੇ ਆਇਆ॥੨੪॥

ਮਿਲਜੋ ਗੁਰੂ ਸਨ ਕਰਿ ਪਗ ਨਮੋ। ਬੂਝਿ ਕੁਸ਼ਲ ਸਾਦਰ ਤਿਹ ਸਮੋਂ।
ਸਾਥ ਭਾਰਜਾ ਸੁਨਿ ਦੁਖ ਕਦਨਿ। ਕੌਲਾਂ ਕੋ ਦੀਨਸਿ ਤਿਹਿ ਸਦਨਿ॥੨੫॥

ਉਹ ਗੁਰੂ ਜੀ ਨੂੰ ਚਰਨਾਂ ਤੇ ਬੰਦਨਾ ਕਰਕੇ ਮਿਲਿਆ, ਗੁਰੂ ਜੀ ਨੇ ਬੜੇ ਆਦਰ ਨਾਲ ਸੁਖ-ਸਾਂਦ ਪੁੱਛੀ। ਦੁਖਾਂ ਨੂੰ ਨਾਸ਼ ਕਰਨ ਵਾਲੇ ਭਾਵ ਗੁਰੂ ਜੀ ਨੇ ਜਦ ਇਹ ਸੁਣਿਆ ਕਿ ਉਹ ਆਪਣੀ ਪਤਨੀ ਵੀ ਨਾਲ ਲੈ ਕੇ ਆਇਆ ਹੈ ਤਾਂ ਗੁਰੂ ਜੀ ਨੇ ਉਸ ਨੂੰ ਮਾਤਾ ਕੌਲਾਂ ਵਾਲਾ ਮਕਾਨ ਦੇ ਦਿੱਤਾ॥੨੫॥

ਬਸਜੋ ਤਹਾਂ ਆਨੰਦ ਉਪਜਾਏ। ਗੁਰੂ ਘਰ ਤੇ ਸਭਿ ਹੀ ਕੁਛ ਪਾਏ।
ਚਾਰਹੁਂ ਦਿਸ਼ਿ ਤੇ ਆਯੋ ਮੇਲਾ। ਕਰਿ ਸ਼ਨਾਨ ਤੇ ਜਨਮ ਸੁਹੇਲਾ॥ ੨੬॥

ਉਥੇ ਉਹ ਬੜੇ ਅਨੰਦ ਨਾਲ ਰਹਿਣ ਲੱਗਾ, ਗੁਰੂ ਘਰ ਤੋਂ ਉਸ ਸਭ ਕੁਝ ਪਾ ਲਿਆ। ਚਾਰੇ ਪਾਸਿਆਂ ਤੋਂ ਸੰਗਤ ਆਈ ਤੇ ਵੱਡਾ ਮੇਲਾ ਲੱਗ ਗਿਆ। ਸਿੱਖ ਸੰਗਤਾਂ ਇਸ਼ਨਾਨ ਕਰਕੇ ਜਨਮ ਸਫਲ ਕਰਦੀਆਂ ਸਨ॥੨੬॥

ਦਰਸ਼ਨ ਕਰਹਿਂ ਗੁਰੂ ਬਰ ਬੀਰ। ਹੋਇ ਬਹੁਤ ਸੰਗਤਿ ਕੀ ਭੀਰ।
ਅਰਪਿ ਅਕੋਰਨਿ ਲਗਹਿਂ ਅੰਬਾਰਾ। ਬਸਤ੍ਰ ਬਿਭੂਖਨ ਹਯ ਹਥਿਆਰਾ॥੨੭॥

ਸ੍ਰੇਸ਼ਟ ਸੂਰਬੀਰ ਗੁਰੂ ਜੀ ਦੇ ਦਰਸ਼ਨ ਕਰਦੇ ਸਨ ਤੇ ਬਹੁਤ ਸੰਗਤ ਦੀ ਭੀੜ ਲੱਗ ਗਈ। ਜਿਹੜੇ ਉਪਹਾਰ ਅਰਪਣ ਕਰ ਰਹੇ ਸਨ, ਉਨ੍ਹਾਂ ਦੇ ਢੇਰ ਲੱਗ ਗਏ। ਬਸਤਰ, ਗਹਿਣੇ, ਘੋੜੇ ਅਤੇ ਹਥਿਆਰ ਅਰਪਣ ਕਰ ਰਹੇ ਸਨ॥੨੭॥

ਧਨ ਅਨਗਨ ਆਨਹਿਂ ਗੁਰੂ ਆਗੇ। ਅਰਪਿ ਅਰਪਿ ਸਗਰੇ ਸੁਖ ਮਾਂਗੇ।
ਸਤਿਗੁਰ ਖੁਸ਼ੀ ਸਭਿਨਿ ਪਰ ਧਰੀ। ਸੰਗਤਿ ਸਕਲ ਬਿਸਰਜਨ ਕਰੀ॥੨੮॥

ਗੁਰੂ ਜੀ ਦੇ ਅੱਗੇ ਅਣਗਿਣਤ ਧਨ ਲਿਆਉਂਦੇ, ਧਨ ਅਰਪਣ ਕਰ-ਕਰ ਸਾਰੇ ਸੁੱਖ ਪਾ ਰਹੇ ਸਨ। ਸਤਿਗੁਰੂ ਜੀ ਨੇ ਸਾਰਿਆਂ ਉਤੇ ਖੁਸ਼ੀ ਕੀਤੀ ਅਤੇ ਸਾਰੀ ਸੰਗਤ ਨੂੰ ਵਿਦਾ ਕੀਤਾ॥੨੮॥

ਪੁਨ ਗੁਰੂ ਸੁਖ ਜੁਤਿ ਦਿਵਸ ਬਿਤਾਏ। ਪੈਂਦੇ ਖਾਂ ਨਿਤ ਨਿਕਟਿ ਰਹਾਏ।
ਬੂਝਜੋ ਗੁਰੂ 'ਤੁਰੰਗਮ ਜੋਈ। ਤੋ ਹਿਤ ਪਠਜੋ ਕਹਹੁ ਕਸ ਸੋਈ ?' ॥ ੨੯॥

ਫਿਰ ਗੁਰੂ ਜੀ ਨੇ ਸੁੱਖ ਸਹਿਤ ਦਿਨ ਬਿਤਾਏ, ਪੈਂਦੇ ਖਾਂ ਸਦਾ ਨੇੜੇ ਰਹਿੰਦਾ ਸੀ। ਗੁਰੂ ਜੀ ਨੇ ਉਸ ਨੂੰ ਪੁਛਿਆ, "ਜਿਹੜਾ ਘੋੜਾ ਤੇਰੇ ਵਾਸਤੇ ਭੇਜਿਆ ਸੀ, ਦਸੋ ਉਹ ਕੈਸਾ ਹੈ ?"॥੨੯॥

ਹਾਥ ਜੋਰਿ ਕਰਿ ਖਾਨ ਬਖਾਨਾਂ। 'ਹਯ ਹਥਿਆਰ ਨੀਕ ਜੋ ਜਾਨਾ।
ਕਰਹੁ ਮਿਹਰ ਸੋ ਮੋਕਹੁ ਦੈਹੋ। ਇਕ ਹਯ ਕਹਾਂ ਸਕਲ ਸੁਖ ਪੈ ਹੋਂ॥ ੩੦॥

ਹੱਥ ਜੋੜ ਕੇ ਪੈਂਦੇ ਖਾਨ ਨੇ ਕਿਹਾ, ''ਘੋੜਾ ਅਤੇ ਹਥਿਆਰ ਜੋ ਵੀ ਚੰਗਾ ਜਾਣਦੇ ਹੋ ਉਸ ਨੂੰ ਕਿਰਪਾ ਕਰਕੇ ਮੈਨੂੰ ਦੇ ਦਿੰਦੇ ਹੋ, ਇਕ ਘੋੜਾ ਤਾਂ ਕੀ ਸਭ ਪ੍ਰਕਾਰ ਦੇ ਸੁੱਖ ਪ੍ਰਾਪਤ ਕਰ ਰਿਹਾ ਹਾਂ॥੩੦॥

ਮਹਾਰਾਜ! ਰਾਵਰ ਕੇ ਸੰਗ। ਭਯੋ ਅਗਾਰੀ ਤੇ ਬਡਿ ਜੰਗ।
ਨਹੀਂ ਦਾਸ ਕੋ ਨਿਕਟਿ ਬੁਲਾਯੋ। ਪੂਰਬ ਸਮ ਮੈਂ ਕਾਮ ਨ ਆਯੋ ॥ ੩੧ ॥

ਹੇ ਮਹਾਰਾਜ! ਆਪ ਜੀ ਦੇ ਨਾਲ ਪਹਿਲਾਂ ਨਾਲੋਂ ਵੀ ਬੜਾ ਵੱਡਾ ਜੰਗ ਹੋਇਆ, ਦਾਸ ਨੂੰ ਪਾਸ ਨਹੀਂ ਬੁਲਾਇਆ ਹੈ, ਪਹਿਲਾਂ ਵਾਂਗ ਮੈਂ ਆਪ ਜੀ ਦੇ ਕੰਮ ਨਹੀਂ ਆਇਆ ਹਾਂ''॥੩੧॥

ਸੁਨਿ ਗੁਰੁ ਕਹਯੋ 'ਕਾਜ ਕੁਛ ਥੋਰਾ। ਚਹਤਿ ਹਕਾਰਨਿ ਨਹਿਂ ਮਨ ਮੋਰਾ।
ਤੁਰਕ ਸਹੱਸ੍ਰ ਪੰਚ ਦਸ ਆਏ। ਔਚਕ ਨਿਕਟਿ ਜੰਗ ਕੋ ਧਾਏ॥ ੩੨ ॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, ''ਥੋੜ੍ਹਾ ਹੀ ਕੰਮ ਸੀ, ਬੁਲਾਉਣਾ ਚਾਹੁੰਦੇ ਸੀ, ਮਨ ਨਹੀਂ ਸੀ ਮੋੜਿਆ। ਪਰ ਅਚਾਨਕ ਹੀ ਜਲੰਧਰ ਦਾ ਸੂਬਾ ਜੋ ਨੇੜੇ ਹੀ ਸੀ ਪੰਦਰ੍ਹਾਂ ਹਜ਼ਾਰ ਤੁਰਕ ਲੈ ਕੇ ਜੰਗ ਨੂੰ ਆ ਗਿਆ॥੩੨॥

ਪਿਖਿ ਕਰਿ ਸਿਖ ਤਿਨ ਪਰ ਇਮ ਗਏ। ਖਗ ਪਰ ਬਾਜ ਛੁਧਿਤਿ ਜਿਮ ਭਏ।
ਸੁਭਟਨਿ ਇਮ ਪੁਰਸ਼ਾਰਥ ਕੀਨਿ। ਕੇਹਰਿ ਹਤਹਿਂ ਹੇਰਿ ਗਜ ਪੀਨ॥ ੩੩ ॥

ਉਨ੍ਹਾਂ ਨੂੰ ਵੇਖ ਸਿੱਖ ਇਸ ਤਰ੍ਹਾਂ ਝਪਟ ਕੇ ਪੈ ਗਏ ਜਿਵੇਂ ਭੁੱਖਾ ਬਾਜ਼ ਪੰਛੀ ਨੂੰ ਝਪਟਾ ਮਾਰ ਕੇ ਪੈ ਜਾਂਦਾ ਹੈ। ਸੂਰਮਿਆਂ ਨੇ ਇਸ ਤਰ੍ਹਾਂ ਉਦਮ ਕੀਤਾ ਜਿਵੇਂ ਸ਼ੇਰ ਵੱਡੇ ਹਾਥੀ ਨੂੰ ਵੇਖ ਕੇ ਮਾਰ ਦਿੰਦਾ ਹੈ॥੩੩॥

ਸਿੱਖਨਿ ਫਤੇ ਲਈ ਬਹੁ ਮਾਰੇ। ਏਕ ਸਹੱਸ੍ਰ ਬਚੇ ਭਜਿ ਹਾਰੇ'।
ਸੁਨਿ ਪੈਂਦੇ ਨਿਜ ਰਿਦੇ ਬਿਚਾਰੀ। 'ਪੂਰਨ ਪੁਰਖ ਗੁਰੂ ਬਲਿ ਭਾਰੀ॥ ੩੪ ॥

ਸਿੱਖਾਂ ਨੇ ਵੱਡੀ ਗਿਣਤੀ ਵਿਚ ਵੈਰੀ ਨੂੰ ਮਾਰ ਕੇ ਫ਼ਤਹਿ ਪ੍ਰਾਪਤ ਕੀਤੀ, ਇਕ ਹਜ਼ਾਰ ਬਚੇ ਸਨ ਉਹ ਵੀ ਹਾਰ ਕੇ ਭੱਜ ਗਏ।'' ਇਹ ਸੁਣ ਕੇ ਪੈਂਦੇ ਖਾਨ ਨੇ ਹਿਰਦੇ ਵਿਚ ਵਿਚਾਰ ਕੀਤੀ, ''ਪੂਰਨ ਪੁਰਖ ਗੁਰੂ ਜੀ ਵੱਡੇ ਬਲਵਾਨ ਹਨ॥੩੪॥

ਮਮ ਗਰਬਨਿ ਉਰ ਭਾ ਸਭਿ ਕੂਰੇ। ਕਿਧੌਂ ਲਖਯੋ ਸੋ ਸਭਿ ਗੁਰੁ ਪੂਰੇ।
ਇੱਤਜਾਦਿਕ ਲਖਿ ਕਰਿ ਪਛੁਤਾਏ। 'ਧੰਨ ਗੁਰੂ ਤੁਮ' ਮੁਖਹੁਂ ਅਲਾਏ॥ ੩੫ ॥

ਮੇਰੇ ਹਿਰਦੇ ਵਿਚ ਜਿਹੜਾ ਹੰਕਾਰ ਹੈ, ਉਹ ਸਭ ਝੂਠਾ ਹੈ, ਜਾਂ ਪੂਰਨ ਗੁਰੂ ਜੀ ਨੇ ਇਹ ਸਭ ਕੁਝ ਜਾਣ ਲਿਆ ਹੈ।'' ਇਤਿਆਦਿ ਸਮਝ ਕੇ ਬੜਾ ਪਛਤਾਇਆ ਤੇ ਫਿਰ ਮੁੱਖ ਤੋਂ ਬੋਲਿਆ, ''ਗੁਰੂ ਜੀ ਤੁਸੀਂ ਧੰਨ ਹੋ॥੩੫॥

'ਚਹਹੁ ਜਥਾ ਤਿਮ ਠਟਹੁ ਗੁਸਾਈਂ!। ਕਰਾਮਾਤ ਸਾਹਿਬ ਅਧਿਕਾਈ'।
ਇੱਤਜਾਦਿਕ ਕਥਿ ਛਿਰਹਿ ਪ੍ਰਸੰਗ। ਜਿਮਜਿਮ ਠਾਨੇ ਪੁਰਬ ਜੰਗ॥ ੩੬ ॥

''ਹੇ ਮਾਲਕ! ਜਿਵੇਂ ਚਾਹੁੰਦੇ ਹੋ ਉਸ ਤਰ੍ਹਾਂ ਕਰਦੇ ਹੋ, ਤੁਹਾਡੇ ਵਿਚ ਬਹੁਤ ਵੱਡੀ ਕਰਾਮਾਤ ਹੈ।'' ਇਤਿਆਦਿ ਕਦੀ ਪ੍ਰਸੰਗ ਛਿੜਦਾ ਸੀ ਤਾਂ ਕਹਿੰਦਾ ਸੀ ਗੁਰੂ ਜੀ ਜਿਵੇਂ-ਜਿਵੇਂ ਪਹਿਲਾਂ ਧਾਰਨ ਕਰਦੇ ਹਨ, ਉਸ ਤਰ੍ਹਾਂ ਹੀ ਜੰਗ ਹੁੰਦੀ ਹੈ।

ਬਿਨ ਹੰਕਾਰ ਭਯੋ ਤਬਿ ਪੈਂਦਾ। ਗੁਰੂ ਨ ਗਰਬ ਰਹਨਿ ਦੇ ਕੈਂਦਾ।
ਕਿਤਿਕ ਮਾਸ ਜਬਿ ਏਵ ਬਿਤਾਏ। ਸ੍ਰੀ ਅੰਮ੍ਰਿਤਸਰ ਸੁਖ ਬਹੁ ਪਾਏ॥ ੩੭ ॥

ਪੈਂਦੇ ਖਾਂ ਫਿਰ ਹੰਕਾਰ ਰਹਿਤ ਹੋ ਗਿਆ, ਗੁਰੂ ਜੀ ਕਿਸੇ ਦਾ ਹੰਕਾਰ ਰਹਿਣ ਨਹੀਂ ਦਿੰਦੇ। ਕਈ ਮਹੀਨੇ ਜਦ ਇਸ ਤਰ੍ਹਾਂ ਬਤੀਤ ਕੀਤੇ ਤਾਂ ਉਸ ਨੇ ਅੰਮ੍ਰਿਤਸਰ ਵਿਚ ਰਹਿ ਕੇ ਬਹੁਤ ਸੁਖ ਪਾਇਆ॥੩੭॥

ਪੈਂਦਖਾਨ ਕੇ ਕੰਨਜਾਂ ਭਈ। ਗੁਰੂ ਢਿਗ ਆਨਿ ਤਬੈ ਸੁਧਿ ਦਈ।
ਸ੍ਰੀ ਹਰਿਗੋਵਿੰਦ ਧੀਰਜ ਦੀਨਾ। 'ਪਾਰਹੁ ਨਿਜ ਸੰਤਤਿ ਕੋ ਚੀਨਾ॥ ੩੮ ॥

ਫਿਰ ਪੈਂਦੇ ਖਾਨ ਦੇ ਘਰ ਕੰਨਿਆ ਪੈਦਾ ਹੋਈ, ਉਸ ਨੇ ਗੁਰੂ ਜੀ ਪਾਸ ਆ ਕੇ ਖ਼ਬਰ ਦਿੱਤੀ। ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਧੀਰਜ ਦਿੱਤਾ, "ਇਸ ਦੀ ਪਾਲਣਾ ਕਰੋ, ਇਸ ਨੂੰ ਅਸੀਂ ਆਪਣੀ ਨਿਜੀ ਸੰਤਾਨ ਹੀ ਸਮਝਦੇ ਹਾਂ" ॥੩੮॥

ਸੁਨਿ ਕਰਿ ਸਦਨ ਆਪਨੇ ਗਯੋ। ਸੁਤ ਸਮ ਜਾਨਿ ਮੋਦ ਮਨ ਲਯੋ।
ਪੀਛੇ ਹਸਤਿ ਗੁਰੂ ਜਬਿ ਹੇਰੇ। ਬੋਲਯੋ ਜੇਠਾ ਹੋਇ ਅਗੇਰੇ॥ ੩੯॥

ਇਹ ਸੁਣ ਕੇ ਪੈਂਦੇ ਖਾਂ ਆਪਣੇ ਘਰ ਨੂੰ ਚਲਾ ਗਿਆ, ਪੁੱਤਰ ਬਰਾਬਰ ਜਾਣ ਕੇ ਮਨ ਵਿਚ ਬਹੁਤ ਪ੍ਰਸੰਨ ਹੋਇਆ। ਉਸ ਤੋਂ ਬਾਅਦ ਜਦ ਗੁਰੂ ਜੀ ਨੂੰ ਹੱਸਦਿਆਂ ਵੇਖਿਆ ਤਾਂ ਭਾਈ ਜੇਠਾ ਅੱਗੇ ਹੋ ਕੇ ਬੋਲਿਆ॥੩੯॥

'ਪੈਂਦਖਾਨ ਕੇ ਕੰਨਜਾਂ ਹੋਈ। ਬਿਕਸਨਿ ਹੇਤੁ ਲਖਯੋ ਨਹਿਂ ਕੋਈ'।
ਸੁਨਿ ਗੁਰੁ ਕਹਯੋ 'ਜੰਗ ਕੋ ਕਾਰਨ। ਉਪਜੀ,ਬਨਹਿ ਤੁਰਕ ਗਨ ਮਾਰਨਿ' ॥੪੦॥

"ਪੈਂਦੇ ਖਾਨ ਦੇ ਘਰ ਕੰਨਿਆ ਪੈਦਾ ਹੋਈ ਹੈ, ਇਸ ਵਿਚ ਹੱਸਣ ਵਾਲੀ ਗੱਲ ਕੁਝ ਸਮਝ ਨਹੀਂ ਆਈ ਹੈ।" ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, "ਤੁਰਕਾਂ ਦੇ ਘਰ ਧੀ ਜੰਮੀ ਹੈ ਤੇ ਜੰਗ ਦਾ ਕਾਰਨ ਬਣ ਕੇ ਬਹੁਤ ਤੁਰਕਾਂ ਦੇ ਮਾਰਨ ਦਾ ਕਾਰਨ ਬਣੇਗੀ। ਇਸ ਅਸਚਰਜ ਭਵਿੱਖ ਨੂੰ ਵੇਖ ਕੇ ਹੱਸੇ ਹਾਂ" ॥੪੦॥

ਕੁਛਕ ਭੇਦ ਜੇਠਾ ਸਮੁਝਾਯੋ। ਸੁਨਿ ਸਤਿਗੁਰੁ ਤੇ ਉਰ ਬਿਸਮਾਯੋ।
ਇਸੀ ਪ੍ਰਕਾਰ ਬਰਖ ਕੁਛ ਬੀਤੇ। ਸੁਧਾ ਸਰੋਵਰ ਬਹੁ ਸੁਖ ਲੀਤੇ॥ ੪੧॥

ਥੋੜ੍ਹਾ ਜਿਹਾ ਗੁਪਤ ਭੇਦ ਜੇਠੇ ਨੂੰ ਸਮਝਾਇਆ, ਉਹ ਸਤਿਗੁਰੂ ਜੀ ਪਾਸੋਂ ਸੁਣ ਕੇ ਹਿਰਦੇ ਵਿਚ ਬੜਾ ਹੈਰਾਨ ਹੋਇਆ। ਇਸ ਪ੍ਰਕਾਰ ਹੀ ਕੁਝ ਸਾਲ ਬੀਤੇ, ਅੰਮ੍ਰਿਤਸਰ ਵਿਖੇ ਬਹੁਤ ਸੁਖ ਲਿਆ॥੪੧॥

ਸੰਗਤਿ ਸਿੱਖ ਅਨੇਕ ਉਧਾਰੈਂ। ਸੱਤਿਨਾਮ ਦੇ ਕੁਮਤਿ ਬਿਦਾਰੈਂ।
ਇਕ ਦਿਨ ਢਿਗ ਦਮੋਦਰੀ ਹੋਇ। ਬੋਲੀ ਹਾਥ ਬੰਦਿ ਕਰਿ ਦੋਇ॥ ੪੨॥

ਅਨੇਕਾਂ ਸਿੱਖ ਸੰਗਤਾਂ ਦਾ ਉਧਾਰ ਕਰਦੇ ਸਨ, ਸਤਿਨਾਮ ਜਪਾ ਕੇ ਭੈੜੀ ਮੱਤ ਨੂੰ ਦੂਰ ਕਰਦੇ ਸਨ। ਇਕ ਦਿਨ ਸ੍ਰੀ ਦਮੋਦਰੀ ਗੁਰੂ ਜੀ ਦੇ ਪਾਸ ਆ ਕੇ ਦੋਵੇਂ ਹੱਥ ਜੋੜ ਕੇ ਬੋਲੀ॥੪੨॥

'ਪੋਤ੍ਰਾ ਨਿਜ ਘਰ ਬਖਸ਼ਨ ਕਰੀਅਹਿ। ਕ੍ਰਿਪਾ ਦ੍ਰਿਸ਼ਟਿ ਇਹ ਮੋ ਪਰ ਧਰੀਅਹਿ।
ਹੇਰਨਿ ਕੋ ਚਿਤ ਚਾਵ ਘਨੇਰਾ। ਕਰਹੁ ਮਨੋਰਥ ਪੂਰਨ ਮੇਰਾ'॥ ੪੩॥

"ਆਪਣੇ ਘਰ ਪੋਤਰੇ ਦੀ ਬਖ਼ਸ਼ਿਸ਼ ਕਰੋ, ਮੇਰੇ ਉਤੇ ਇਕ ਕਿਰਪਾ-ਦ੍ਰਿਸ਼ਟੀ ਧਾਰਨ ਕਰੋ। ਪੋਤਰਾ ਵੇਖਣ ਦਾ ਮੈਨੂੰ ਬਹੁਤ ਚਾਅ ਸੀ, ਇਸ ਲਈ ਮੇਰਾ ਮਨੋਰਥ ਪੂਰਾ ਕਰੋ" ॥੪੩॥

ਸੁਨਿ ਕਰੁਨਾ ਕਰਿ ਗਿਰਾ ਬਖਾਨੀ। 'ਹੁਇਂ ਪੋਤ੍ਰੇ ਜੁਗਿ ਲਿਹੁ ਮਨ ਜਾਨੀ।
ਗੁਰੂ ਪਿਤਾ ਕੋ ਬਾਕ ਨ ਖਾਲੀ। ਵਧੀ ਵੇਲ ਬਹੁ ਪੀੜ੍ਹੀ ਚਾਲੀ॥ ੪੪॥

ਇਹ ਸੁਣ ਕੇ ਗੁਰੂ ਜੀ ਨੇ ਕਿਰਪਾ ਕਰਕੇ ਬਚਨ ਕੀਤਾ, "ਦੋ ਪੋਤਰੇ ਹੋਣਗੇ, ਮਨ ਵਿਚ ਇਹ ਜਾਣ ਲਵੋ, ਪਿਤਾ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਬਚਨ ਖਾਲੀ ਨਹੀਂ ਹੈ, ਵੇਲ ਵਧੀ ਹੈ ਤੇ ਬਹੁਤ ਪੀੜ੍ਹੀ ਚੱਲੀ ਹੈ॥ ੪੪॥

ਸ੍ਰੀ ਗੁਰੁਦਿੱਤੇ ਕੇ ਸੁਤ ਦੋਇ। ਉਪਜਹਿਂ ਕੇਤਿਕ ਚਿਰ ਮਹਿਂ ਸੋਇ।
ਪੂਰਨ ਹੋਇਂ ਮਨੋਰਥ ਤੇਰੇ। ਕਰਹੁ ਪ੍ਰਮੋਦ ਪੋਤ੍ਰ ਕੋ ਹੇਰੇ'॥ ੪੫॥

ਸ੍ਰੀ ਗੁਰਦਿੱਤੇ ਦੇ ਘਰ ਦੋ ਪੁੱਤਰ, ਕੁਝ ਚਿਰ ਵਿਚ ਪੈਦਾ ਹੋਣਗੇ, ਤੇਰੇ ਮਨੋਰਥ ਪੂਰੇ ਹੋਣਗੇ ਤੇ ਪੋਤਰਿਆਂ ਨੂੰ ਵੇਖ ਕੇ ਪ੍ਰਸੰਨ ਹੋਵੋ' ॥੪੫॥

*ਛੇਵੀਂ ਰਾਸ ਦਾ ਛਪੰਜਵਾਂ ਅਧਿਆਇ ਸਮਾਪਤ ਹੋਇਆ॥੫੬॥*

# ਅਧਿਆਇ ਸਤਵੰਞਵਾਂ

ਧੀਰਮਲ ਜਨਮ, ਬਾਬਾ ਅਟੱਲ ਰਾਇ ਖੇਡ

ਦੋਹਰਾ- ਸ੍ਰੀ ਸਤਿਗੁਰੁ ਬਡ ਪੁੱਤ੍ਰ ਕੋ ਨਿਕਟਿ ਬੁਲਾਇ ਬਿਠਾਇ।
ਹੋਯਹੁ ਤਰੁਨ ਬਿਸਾਲ ਬਲਿ ਅਸ ਆਇਸੁ ਫੁਰਮਾਇ॥ ੧॥

ਸਤਿਗੁਰੂ ਜੀ ਨੇ ਆਪਣੇ ਵੱਡੇ ਪੁੱਤਰ ਨੂੰ ਪਾਸ ਬੁਲਾ ਕੇ ਬਿਠਾਇਆ, ਜਿਹੜਾ ਹੁਣ ਵੱਡਾ ਬਲੀ ਜਵਾਨ ਹੋਇਆ ਹੈ, ਉਸ ਨੂੰ ਇਸ ਤਰ੍ਹਾਂ ਆਗਿਆ ਕੀਤੀ॥੧॥

ਚੌਪਈ- 'ਸ੍ਰੀ ਕਰਤਾਰ ਪੁਰਾ ਨਿਜ ਥਾਨ। ਹਮਰੇ ਪਿਤ ਕੋ ਰੁਚਿਤਿ ਮਹਾਨ।
ਭਾ ਚਿਰਕਾਲਿ ਨ ਗਮਨੇ ਤਹਾਂ। ਪ੍ਰਜਾ ਬਸਤਿ ਹੈ ਅਪਨੀ ਜਹਾਂ॥੨॥

ਸ੍ਰੀ ਕਰਤਾਰਪੁਰਾ ਆਪਣਾ ਸਥਾਨ ਹੈ, ਸਾਡੇ ਪਿਤਾ ਜੀ ਦਾ ਇਹ ਬੜਾ ਮਨਭਾਉਂਦਾ ਨਗਰ ਹੈ। ਕਾਫੀ ਲੰਮੇ ਸਮੇਂ ਤੋਂ ਅਸੀਂ ਉਥੇ ਗਏ ਨਹੀਂ ਹਾਂ, ਜਿਥੇ ਸਾਡੀ ਪਰਜਾ ਵਸਦੀ ਹੈ॥੨॥

ਤਹਾਂ ਸਮੀਪ ਸੰਗਤਾਂ ਬ੍ਰਿੰਦ। ਦਿਵਸ ਪੁਰਬ ਕੇ ਚਹਤਿ ਬਿਲੰਦ।
ਦਰਸ਼ਨ ਕਰਨਿ ਉਪਾਇਨ ਦੈਬੇ। ਰਿਦੇ ਕਾਮਨਾ ਬਾਂਛਤਿ ਲੈਬੇ॥ ੩॥

ਉਥੇ ਨੇੜੇ ਬਹੁਤ ਸਿੱਖ ਸੰਗਤਾਂ ਰਹਿੰਦੀਆਂ ਹਨ, ਤਿਉਹਾਰ ਦੇ ਦਿਨ ਨੂੰ ਬਹੁਤ ਚਾਹੁੰਦੀਆਂ ਹਨ। ਉਪਹਾਰ ਦੇ ਕੇ ਦਰਸ਼ਨ ਕਰਦੀਆਂ ਹਨ ਤੇ ਮੂੰਹ ਮੰਗੀਆਂ ਮੁਰਾਦਾਂ ਪਾਉਂਦੀਆਂ ਹਨ॥੩॥

ਤੁਮ ਸਭਾਰਜਾ ਬਸੀਅਹਿ ਜਾਇ। ਕਬਿ ਹਮ ਮਿਲਹਿਂ,ਕਬਹਿ ਤੁਮ ਆਇ।
ਸ੍ਰੀ ਗੁਰਦਿੱਤੇ ਸੁਨਿ ਪਿਤ ਬਾਤਿ। ਮਾਨੀ ਸਿਰ ਧਰਿ ਕਰਿ ਮੁਦ ਗਾਤਿ॥੪॥

ਤੁਸੀਂ ਪਤਨੀ ਸਮੇਤ ਉਥੇ ਜਾ ਕੇ ਰਹੋ, ਕਦੀ ਅਸੀਂ ਉਥੇ ਆ ਕੇ ਮਿਲਾਂਗੇ ਤੇ ਕਦੀ ਤੁਸੀਂ ਏਥੇ ਆ ਕੇ ਮਿਲ ਪਵੋ।'' ਸ੍ਰੀ ਗੁਰਦਿੱਤੇ ਨੇ ਪਿਤਾ ਜੀ ਦੀ ਗੱਲ ਸੁਣ ਕੇ ਪ੍ਰਫੁੱਲਤ ਹੋ ਕੇ ਮੰਨ ਲਈ॥੪॥

ਮਾਤਾ ਕੋ ਬਿਧਿ ਸਕਲ ਸੁਨਾਈ। ਕਹਿ ਦਾਸਨਿ ਤਯਾਰੀ ਕਰਿਵਾਈ।
ਪ੍ਰਥਮ ਬਿਮਾਤਨਿ ਕੋ ਕਰਿ ਨਮੋ। ਮਿਲਿ ਦਮੋਦਰੀ ਸੋਂ ਤਿਸ ਸਮੋ॥੫॥

ਫਿਰ ਉਸ ਆਪਣੀ ਮਾਤਾ ਜੀ ਨੂੰ ਸਾਰੀ ਗੱਲ ਸੁਣਾਈ ਤੇ ਸੇਵਕਾਂ ਨੂੰ ਕਹਿ ਕੇ ਤਿਆਰੀ ਕਰਵਾ ਲਈ। ਪਹਿਲਾਂ ਮਤ੍ਰੇਈਆਂ ਮਾਵਾਂ ਨੂੰ ਨਮਸਕਾਰ ਕਰਕੇ ਫਿਰ ਮਾਤਾ ਦਮੋਦਰੀ ਜੀ ਨੂੰ ਮਿਲਿਆ॥੫॥

ਸਹਤ ਸਨੁਖਾ ਸੁਤ ਕੋ ਹੇਰੇ। ਆਸ਼ਿਖ ਦੇਤਿ ਦਲਾਰ ਘਨੇਰੇ।
ਸ਼ੁਭ ਸਿੱਖਯਾ ਦੋਨਹੁ ਕਹੁ ਕਹੀ। ਰਿਦੇ ਬਿਛੁਰਿਬੋ ਚਾਹਤਿ ਨਹੀਂ॥੬॥

ਮਾਤਾ ਦਮੋਦਰੀ ਜੀ ਨੇ ਨੂੰਹ ਸਹਿਤ ਪੁੱਤਰ ਨੂੰ ਵੇਖਿਆ, ਅਸੀਸ ਦੇ ਕੇ ਬਹੁਤ ਪਿਆਰ ਕੀਤਾ। ਸ਼ੁਭ ਸਿੱਖਿਆ ਦੋਵਾਂ ਨੂੰ ਦਿੱਤੀ, ਪਰ ਦਿਲ ਵਿਚ ਵਿਛੜਣਾ ਨਹੀਂ ਸੀ ਚਾਹੁੰਦੀ॥੬॥

ਤਊ ਪਿਤਾ ਕੀ ਆਇਸੁ ਜਾਨਿ। ਸ੍ਰੀ ਹਰਿਮੰਦਰ ਬੰਦਨ ਠਾਨਿ।
ਸ੍ਰੀ ਹਰਿਗੋਬਿੰਦ ਕੋ ਕਰਿ ਨਮੋ। ਮਾਰਗ ਚਲਤਿ ਭਏ ਤਿਹ ਸਮੋਂ॥੭॥

ਫਿਰ ਪਿਤਾ ਜੀ ਦੀ ਆਗਿਆ ਜਾਣ ਕੇ ਸ੍ਰੀ ਹਰਿਮੰਦਰ ਸਾਹਿਬ ਵਿਚ ਜਾ ਕੇ ਬੰਦਨਾ ਕੀਤੀ। ਫਿਰ ਗੁਰੂ ਹਰਿਗੋਬਿੰਦ ਜੀ ਨੂੰ ਬੰਦਨਾ ਕਰਕੇ ਓਸੇ ਵੇਲੇ ਕਰਤਾਰਪੁਰ ਦੇ ਰਸਤੇ ਪੈ ਗਏ॥੭॥

ਇਕ ਨਿਸ ਕੋ ਬਿਤਾਇ ਮਗ ਮਾਂਹੀ। ਸ੍ਰੀ ਕਰਤਾਰ ਪੁਰਾ ਥਲ ਜਾਂਹੀ।
ਹੇਰਿ ਪ੍ਰਵੇਸ਼ੇ ਬਾਸੋ ਠਾਨਿ। ਆਯੋ ਮੇਲ ਵਿਸੋਆ ਜਾਨਿ॥ ੮॥

ਇਕ ਰਾਤ ਰਾਹ ਵਿਚ ਬਤੀਤ ਕੀਤੀ ਤੇ ਅਗਲੇ ਦਿਨ ਕਰਤਾਰਪੁਰ ਵਾਲੇ ਸਥਾਨ ਤੇ ਪਹੁੰਚ ਗਏ। ਜਦ ਸੰਗਤ ਨੇ ਇਹ ਵੇਖਿਆ ਕਿ ਏਥੇ ਵੱਸਣ ਵਾਸਤੇ ਆਏ ਹਨ ਤਾਂ ਵਿਸਾਖੀ ਦੇ ਮੇਲੇ ਤੇ ਬਹੁਤ ਸੰਗਤਾਂ ਆਈਆਂ॥੮॥

ਦਿਵਸ ਵਿਸਾਖੀ ਕੇ ਤਹਿਂ ਜਾਇ। ਬਹੁ ਸਿਖ ਸੰਗਤਿ ਭੇਟ ਚਢਾਇ।
ਜਿਮ ਗੁਰੁ ਕਹਜੋ ਮਾਨਿ ਪਿਤ ਬੈਨ। ਬਸਜੋ ਸਦਾਰਾ ਕਰਿ ਤਹਿਂ ਐਨ॥ ੯॥

ਵਿਸਾਖੀ ਵਾਲੇ ਦਿਨ ਉਥੇ ਜਾ ਕੇ ਬਹੁਤ ਸਿੱਖ ਸੰਗਤ ਨੇ ਭੇਟਾਵਾਂ ਚੜ੍ਹਾਈਆਂ। ਜਿਵੇਂ ਪਿਤਾ ਜੀ ਨੇ ਕਿਹਾ ਸੀ, ਉਨ੍ਹਾਂ ਦੇ ਬਚਨ ਮੰਨ ਕੇ ਇਸਤਰੀ ਸਮੇਤ ਉਥੇ ਘਰ ਸਮਝ ਕੇ ਵੱਸਿਆ॥੯॥

ਸੋਲਾ ਸਤ ਤਿਰਾਸੀਆ ਸਾਲ। ਮਾਘ ਮਾਸ ਤ੍ਰੌਦਸਵੀਂ ਕਾਲ।
ਵਾਰ ਸਨਿਸ਼ਚਰ ਜਬਿ ਹੀ ਅਯੋ। ਨੱਤੀ ਤੇ ਪ੍ਰਸੂਤ ਸਿਸ ਭਯੋ॥ ੧੦॥

੧੩ ਮਾਘ ਸੰਮਤ ੧੬੮੩ ਨੂੰ ਸ਼ਨਿਚਰਵਾਰ ਵਾਲੇ ਦਿਨ ਬਾਬਾ ਗੁਰਦਿੱਤਾ ਜੀ ਦੀ ਇਸਤਰੀ ਦੇ ਉਦਰ ਤੋਂ ਪੁੱਤਰ ਨੇ ਜਨਮ ਲਿਆ॥੧੦॥

ਸੁਨਿ ਸਭਿ ਮਹਿਂ ਬਡ ਆਨੰਦ ਹੋਵਾ। ਦਰਬ ਦਾਨ ਦੇ ਮੰਗਲ ਜੋਵਾ।
ਸੁਨਿ ਸੁਨਿ ਗਨ ਮਾਂਗਨ ਕੋ ਆਏ। ਸ੍ਰੀ ਗੁਰਦਿੱਤੇ ਉਰ ਹਰਖਾਏ॥ ੧੧॥

ਇਹ ਸੁਣ ਕੇ ਸਾਰਿਆਂ ਨੇ ਬਹੁਤ ਖੁਸ਼ੀਆਂ ਮਨਾਈਆਂ, ਧਨ ਦਾਨ ਕਰਕੇ ਮੰਗਲ ਕੀਤਾ। ਸੁਣ ਸੁਣ ਕੇ ਬਹੁਤ ਲੋਕ ਮੰਗਣ ਵਾਸਤੇ ਆਏ। ਸ੍ਰੀ ਗੁਰਦਿੱਤੇ ਦੇ ਹਿਰਦੇ ਨੂੰ ਪ੍ਰਸੰਨ ਕੀਤਾ॥੧੧॥

ਜਥਾ ਜੋਗ ਧਨ ਗਨ ਬਰਤਾਯੋ। ਸੁਧਿ ਹਿਤ ਸੇਵਕ ਤੁਰਕ ਪਠਾਯੋ।
ਆਇ ਸੁਧਾਸਰ ਸਤਿਗੁਰ ਪਾਸੀ। ਪੌਤ੍ਰ ਜਨਮ ਕੀ ਬਾਤ ਪ੍ਰਕਾਸ਼ੀ॥ ੧੨॥

ਯਥਾ-ਯੋਗ ਉਨ੍ਹਾਂ ਨੇ ਧਨ ਵਰਤਾਇਆ, ਗੁਰੂ ਜੀ ਨੂੰ ਖ਼ਬਰ ਦੇਣ ਵਾਸਤੇ ਤੁਰਤ ਸੇਵਕ ਨੂੰ ਭੇਜਿਆ। ਉਹ ਅੰਮ੍ਰਿਤਸਰ ਵਿਖੇ ਸਤਿਗੁਰੂ ਜੀ ਪਾਸ ਆਇਆ, ਤੇ ਪੋਤਰੇ ਦੇ ਜਨਮ ਦੀ ਗੱਲ ਸਾਰੇ ਫੈਲ ਗਈ॥੧੨॥

ਸ੍ਰੀ ਹਰਿਗੋਵਿੰਦ ਮੰਗਲ ਕੀਨਾ। ਜਾਚਕ ਗਨ ਕੋ ਧਨ ਬਹੁ ਦੀਨਾ।
ਸੁਨਿ ਦਮੋਦਰੀ ਅਨੰਦ ਕਰੰਤੀ। ਹੋਤਿ ਵਧਾਈ ਦਰਬ ਦਿਵੰਤੀ॥ ੧੩॥

ਸ੍ਰੀ ਹਰਿਗੋਬਿੰਦ ਜੀ ਨੇ ਮੰਗਲ ਕੀਤਾ ਤੇ ਮੰਗਤਿਆਂ ਨੂੰ ਬਹੁਤ ਧਨ ਦਿੱਤਾ। ਇਹ ਸੁਣ ਕੇ ਦਮੋਦਰੀ ਬਹੁਤ ਪ੍ਰਸੰਨ ਹੋਈ। ਜਿਹੜਾ ਵੀ ਵਧਾਈ ਦਿੰਦਾ ਸੀ, ਉਸ ਨੂੰ ਧਨ ਦਿੰਦੀ ਸੀ॥੧੩॥

ਜਥਾਜੋਗ ਭ੍ਰਾ ਮੰਗਲਚਾਰ। ਹਰਖ ਪਾਇ ਸਗਰੋ ਪਰਵਾਰ।
ਸ੍ਰੀ ਸਤਿਗੁਰੁ ਢਿਗ ਸੰਗਤਿ ਆਵੈ। ਪਾਇ ਕਾਮਨਾ ਭੇਟ ਚਢਾਵੈ॥ ੧੪॥

ਯਥਾ-ਯੋਗ ਮੰਗਲਾਚਾਰ ਹੋਇਆ, ਸਾਰਾ ਪਰਿਵਾਰ ਬੜਾ ਪ੍ਰਸੰਨ ਹੋਇਆ। ਸਤਿਗੁਰੂ ਜੀ ਪਾਸ ਸੰਗਤ ਆਉਂਦੀ ਸੀ, ਭੇਟਾਂ ਚੜ੍ਹਾ ਕੇ ਕਾਮਨਾਵਾਂ ਪਾਉਂਦੇ ਸਨ॥੧੪॥

ਦਿਵਸ ਪੁਰਬ ਕੇ ਆਵਹਿਂ ਮੇਲਾ। ਚਹੁੰਦਿਸ਼ਿ ਕੇ ਨਰ ਹੋਹਿਂ ਸਕੇਲਾ।
ਚਾਰੋਂ ਸਾਹਿਬਜ਼ਾਦੇ ਪਾਸ। ਖੇਲਹਿਂ ਬਿਰਧਹਿਂ ਮਹਦ ਪ੍ਰਕਾਸ਼॥ ੧੫॥

ਤਿਉਹਾਰ ਵਾਲੇ ਦਿਨ ਮੇਲਾ ਲੱਗਦਾ ਸੀ, ਚਾਰੇ ਪਾਸਿਆਂ ਦੇ ਮਨੁੱਖ ਇਕੱਠੇ ਹੁੰਦੇ ਸਨ। ਚਾਰੇ ਸਾਹਿਬਜ਼ਾਦੇ ਗੁਰੂ ਜੀ ਦੇ ਪਾਸ ਸਨ। ਖੇਡਦੇ ਵਧਦੇ ਵੱਡੇ ਪ੍ਰਕਾਸ਼ ਮਈ ਲਗਦੇ ਸਨ॥੧੫॥

ਕੇਤਿਕ ਚਿਰ ਪਿਤ ਕੇ ਢਿਗ ਆਵੈਂ। ਮਿਲਿ ਬਾਲਕ ਸੰਗ ਖੇਲ ਮਚਾਵੈਂ।
ਪੁਰਿ ਕੀ ਬੀਥਨਿ ਬਿਖੈ ਪਲਾਵੈਂ। ਕੰਚਨ ਭੂਖਨ ਸ਼ਬਦ ਉਠਾਵੈਂ॥ ੧੬॥

ਕਾਫੀ ਦੇਰ ਬਾਅਦ ਪਿਤਾ ਜੀ ਪਾਸ ਆਉਂਦੇ ਸਨ ਤੇ ਬਾਕੀ ਸਮਾਂ ਬਾਲਕਾਂ ਨਾਲ ਮਿਲ ਕੇ ਖੇਡਾਂ ਖੇਡਦੇ ਸਨ। ਜਦ ਨਗਰ ਦੀਆਂ ਗਲੀਆਂ ਵਿਚ ਭੱਜਦੇ ਸਨ ਤਾਂ ਸੋਨੇ ਦੇ ਗਹਿਣੇ ਖੜਕਦੇ ਸਨ॥੧੬॥

ਸੇਵਕ ਸੰਗ ਸੰਗ ਤਿਨ ਜਾਇ। ਅਲਪ ਬੈਸ ਤੇ ਰਖਿ ਚੁਕਸਾਇ।
ਬਨਕ ਸਿੱਖ ਜੇ ਪੁਰਿ ਕੇ ਬਾਸੀ। ਤਿਨ ਕੇ ਸਿਸ ਆਵੈਂ ਨਿਤ ਪਾਸੀ॥ ੧੭॥

ਛੋਟੀ ਉਮਰ ਦੇ ਕਾਰਨ ਉਨ੍ਹਾਂ ਨਾਲ ਸੇਵਕ ਵੀ ਜਾਂਦੇ ਸਨ ਤੇ ਚੌਕਸੀ ਰੱਖਦੇ ਸਨ। ਬਾਣੀਏ ਸਿੱਖ ਜਿਹੜੇ ਨਗਰ ਵਿਚ ਵੱਸਦੇ ਸਨ, ਉਨ੍ਹਾਂ ਦੇ ਬੱਚੇ ਨਿਤ ਸਾਹਿਬਜ਼ਾਦਿਆਂ ਪਾਸ ਆਉਂਦੇ ਸਨ॥੧੭॥

ਅਟਲਰਾਇ ਨਵ ਬਰਖਨਿ ਕੇਰੇ। ਫਿਰਿ ਬੀਥਨਿ ਮਹਿਂ ਹਸਤਿ ਘਨੇਰੇ।
ਅਧਿਗ ਪ੍ਰਸੰਨ ਬਦਨ ਸੋ ਰਹੈਂ। ਜਿਨ ਮਹਿਂ ਜੋਤਿ ਜਗਤ ਜਗ ਲਹੈ॥ ੧੮॥

ਸ੍ਰੀ ਅਟੱਲ ਰਾਇ ਜੀ ਨੌਵਾਂ ਬਰਸਾਂ ਦੇ ਸਨ, ਉਹ ਗਲੀਆਂ ਵਿਚ ਫਿਰ ਕੇ ਬਹੁਤ ਹੱਸਦੇ ਸਨ। ਉਨ੍ਹਾਂ ਦਾ ਮੁਖੜਾ ਬਹੁਤ ਪ੍ਰਸੰਨ ਰਹਿੰਦਾ ਸੀ, ਜਿਸ ਵਿਚ ਜੱਗ ਵਾਲੇ ਜਗਦੀ ਜੋਤ ਵੇਖਦੇ ਸਨ॥੧੮॥

ਨਿਕਸਿ ਜਾਇ ਮੁਖ ਤੇ ਜਿਮ ਬਾਨੀ। ਹੁਇ ਪ੍ਰਸੰਨ ਕੈ ਰਿਸ ਉਰ ਠਾਨੀ।
ਤਤਛਿਨ ਸਫਲ, ਸਿੱਖ ਪਤਿਆਵੈਂ। ਯਾਂਤੇ ਅਦਬ ਕਰਹਿਂ ਡਰ ਪਾਵੈਂ॥ ੧੯॥

ਉਨ੍ਹਾਂ ਦੇ ਮੁੱਖ ਤੋਂ ਜਿਵੇਂ ਵੀ ਬਚਨ ਨਿਕਲ ਜਾਂਦਾ ਸੀ, ਬੇਸ਼ਕ ਉਹ ਪ੍ਰਸੰਨ ਹੋ ਕੇ ਨਿਕਲੇ ਜਾਂ ਗੁੱਸੇ ਵਿਚ ਆ ਕੇ ਬੋਲਿਆ ਹੋਵੇ, ਤੁਰਤ ਪੂਰਾ ਹੋ ਜਾਂਦਾ ਸੀ, ਇਹ ਸਿੱਖਾਂ ਨੇ ਪਰਖ ਕੇ ਵੇਖਿਆ ਸੀ। ਇਸ ਕਰਕੇ ਡਰਦੇ ਮਾਰੇ ਉਨ੍ਹਾਂ ਦਾ ਬਹੁਤ ਅਦਬ ਕਰਦੇ ਸਨ॥੧੯॥

ਖੇਲਨਿ ਖਾਨ ਪਾਨ ਤੇ ਆਦਿ। ਸਭਿ ਮਹਿਂ ਤਿਨਹੁਂ ਧਰਹਿਂ ਅਹਿਲਾਦ।
ਨਹਿਂ ਪ੍ਰਤਿਕੂਲ ਕਰਹਿ ਕਬਿ ਕੋਈ। ਤੇਜ ਸੁਭਾਵ ਜਾਨਿ ਕਰਿ ਸੋਈ॥ ੨੦॥

ਖੇਡਣ, ਖਾਣ ਪੀਣ ਆਦਿ ਸਭ ਵਿਚ ਉਨ੍ਹਾਂ ਨੂੰ ਪ੍ਰਸੰਨ ਰਖਦੇ ਸਨ। ਕੋਈ ਵੀ ਉਨ੍ਹਾਂ ਦੇ ਉਲਟ ਕੰਮ ਨਹੀਂ ਸੀ ਕਰਦਾ, ਕਿਉਂਕਿ ਉਹ ਉਨ੍ਹਾਂ ਦੇ ਤੇਜ ਸੁਭਾਵ ਨੂੰ ਜਾਣਦੇ ਸਨ॥੨੦॥

ਸੁੰਦਰ ਬਸਤ੍ਰ ਬਿਭੂਖਨ ਧਰੈਂ। ਖੇਲਨਿ ਮਹਿਂ ਚੰਚਲਤਾ ਕਰੈਂ।
ਜੋ ਸਿਖ ਚਹੈ ਕਾਮਨਾ ਕੋਊ। ਅਟਲਰਾਇ ਸੰਗ ਬਿਚਰਤਿ ਸੋਊ॥ ੨੧॥

ਸੁੰਦਰ ਬਸਤਰ ਅਤੇ ਗਹਿਣੇ ਧਾਰਨ ਕਰਦੇ ਸਨ ਅਤੇ ਖੇਡਣ ਵਿਚ ਚੰਚਲ ਸਨ। ਜਿਹੜਾ ਵੀ ਸਿੱਖ ਕੋਈ ਕਾਮਨਾ ਪੂਰੀ ਕਰਨਾ ਚਾਹੁੰਦਾ ਸੀ, ਉਹ ਬਾਬਾ ਅਟੱਲ ਰਾਇ ਨਾਲ ਫਿਰਦਾ ਸੀ॥੨੧॥

ਜਥਾ ਕਹਹਿਂ, ਸੇਵਾ ਤਿਮ ਠਾਨਹਿ। ਖਾਨ ਪਾਨ ਹਿਤ ਸ੍ਵਾਦਲ ਆਨਹਿ।
ਹਾਥ ਜੋਰਿ ਕੈ ਤਬਿ ਕਹਿਵਾਵੈ। ਕਰਹਿਂ ਬਾਕ ਤਿਮ ਹੀ ਹੁਇ ਜਾਵੈ॥ ੨੨॥

ਜਿਵੇਂ ਕਹਿੰਦੇ ਸਨ ਉਸ ਤਰ੍ਹਾਂ ਹੀ ਸੇਵਾ ਕਰਦੇ ਸਨ, ਖਾਣ ਪੀਣ ਵਾਸਤੇ ਸਵਾਦੀ ਵਸਤਾਂ ਲਿਆਉਂਦੇ ਸਨ। ਹੱਥ ਜੋੜ ਕੇ ਤਦ ਬਚਨ ਕਹਾਉਂਦੇ ਸਨ, ਜਿਵੇਂ ਬਚਨ ਕਰਦੇ ਸਨ, ਉਸ ਤਰ੍ਹਾਂ ਹੀ ਹੋ ਜਾਂਦਾ ਸੀ॥੨੨॥

ਅਪਰ ਨਹੀਂ ਕੋ ਤੈਸੇ ਕਰਤਿ। ਹੈ ਜਿ ਸ਼ਕਤਿ ਸੋ ਗੁਰੂ ਤੇ ਡਰਤਿ।
ਨਹਿਂ ਬਿਦਤਾਇੰ, ਗੋਪ ਕਰਿ ਰਾਖੀ। ਗੁਰੁ ਅਨੁਸਾਰੀ ਉਰ ਅਭਿਲਾਖੀ॥੨੩॥

ਹੋਰ ਕੋਈ ਉਸ ਤਰ੍ਹਾਂ ਨਹੀਂ ਸੀ ਕਰ ਸਕਦਾ, ਹੋਰ ਜੇ ਕਿਸੇ ਵਿਚ ਸ਼ਕਤੀ ਸੀ ਤਾਂ ਉਹ ਗੁਰੂ ਜੀ ਪਾਸੋਂ ਡਰਦਾ ਸੀ। ਉਹ ਪ੍ਰਗਟ ਨਹੀਂ ਸੀ ਕਰਦੇ, ਗੁਪਤ ਹੀ ਰੱਖਦੇ ਸਨ, ਗੁਰੂ ਜੀ ਅਨੁਸਾਰ ਹਿਰਦੇ ਦੀ ਇੱਛਾ ਧਾਰਨ ਕਰਦੇ ਸਨ॥੨੩॥

ਅਟਲਰਾਇ ਨਹਿਂ ਟਲਹਿਂ ਕਹਨਿ ਤੇ। ਟਹਿਲ ਬਿਲੋਕਹਿਂ ਦੇਤਿ ਬਚਨ ਤੇ।
ਤਊ ਕਹੈਂ ਨਹਿਂ ਗੁਰੁ ਕਿਸ ਭਾਂਤਿ। ਜਾਨਹਿਂ 'ਅਜ਼ਮਤਿ ਜੁਤਿ ਮਮ ਤਾਤ॥੨੪॥

ਪਰ ਬਾਬਾ ਅਟੱਲ ਰਾਇ ਜੀ ਕਹਿਣ ਤੋਂ ਨਹੀਂ ਟੱਲਦੇ ਸਨ, ਸੇਵਾ ਵੇਖ ਕੇ ਬਚਨ ਕਰਕੇ ਦੇ ਦਿੰਦੇ ਸਨ। ਫਿਰ ਵੀ ਗੁਰੂ ਜੀ ਉਸ ਨੂੰ ਕਿਸੇ ਪ੍ਰਕਾਰ ਵੀ ਕੁਝ ਕਹਿੰਦੇ ਨਹੀਂ ਸਨ ਬੇਸ਼ਕ ਉਹ ਜਾਣਦੇ ਸਨ "ਮੇਰਾ ਪੁੱਤਰ ਕਰਾਮਾਤ ਸਹਿਤ ਹੈ॥੨੪॥"

ਮਨ ਉਦਾਰ ਹੈ, ਦਾਸਨਿ ਦੇਤਿ। ਸੇਵਾ ਕਰਹਿਂ ਰਿਝਾਵਤਿ ਲੇਤਿ'।
ਨਹੀਂ ਵਾਸਤਵ ਆਛੀ ਜਾਨਹਿਂ। 'ਕਰਤਿ ਅਧਿਕ ਨਹਿਂ ਨਿਬਹਿ' ਪਛਾਨਹਿਂ॥੨੫॥

ਮਨ ਖੁਲ੍ਹ-ਦਿਲਾ ਹੈ ਆਪਣੇ ਸੇਵਕਾਂ ਨੂੰ ਦਿੰਦੇ ਹਨ, ਸੇਵਕ ਸੇਵਾ ਕਰਕੇ ਖੁਸ਼ ਕਰ ਲੈਂਦੇ ਹਨ।" ਪਰ ਅਸਲ ਵਿਚ ਇਸ ਗੱਲ ਨੂੰ ਚੰਗਾ ਨਹੀਂ ਸੀ ਜਾਣਦੇ, ਬਹੁਤ ਦੇਰ ਤਕ ਨਹੀਂ ਨਿਭੇਗੀ, ਇਹ ਪਹਿਚਾਣਦੇ ਸਨ॥੨੫॥

ਇਮ ਬਹੁ ਅਜ਼ਮਤਿ ਦਾਸਨਿ ਮਾਂਹਿ। ਕਰਹਿਂ ਬਚਨ, ਸੋ ਨਿਫਲੈ ਨਾਂਹਿ।
ਸੰਗਤਿ ਦੇਸ਼ ਬਿਦੇਸ਼ਨਿ ਕੇਰੀ। ਸਭਿ ਮਹਿਂ ਮਹਿਮਾ ਇਨਹੁਂ ਬਡੇਰੀ॥੨੬॥

ਇਸ ਤਰ੍ਹਾਂ ਦਾਸਾਂ ਵਿਚ ਉਨ੍ਹਾਂ ਦਾ ਵੱਡਾ ਪ੍ਰਤਾਪ ਸੀ, ਜਿਹੜਾ ਵੀ ਬਚਨ ਕਰਦੇ ਸਨ ਉਹ ਨਿਸਫਲ ਨਹੀਂ ਸੀ ਜਾਂਦਾ। ਦੇਸ਼ਾਂ ਬਿਦੇਸ਼ਾਂ ਦੀ ਸੰਗਤ ਸਭ ਵਿਚ ਉਨ੍ਹਾਂ ਦੀ ਵੱਡੀ ਮਹਿਮਾ ਸੀ॥੨੬॥

ਜਾਨਹਿਂ 'ਮਹਾਂਜੋਤਿ ਕੇ ਧਨੀ। ਕਰਹਿਂ ਕਾਮਨਾ ਪੂਰਨ ਘਨੀ'।
ਗੁਰੁ ਤੇ ਪ੍ਰਿਥਕ ਦਰਸ ਕੋ ਕਰੈਂ। ਬਸਤ੍ਰ ਬਿਭੂਖਨ ਭੇਟਾ ਧਰੈਂ॥ ੨੭॥

ਸਾਰੇ ਜਾਣਦੇ ਸਨ, "ਆਤਮਕ ਤੇਜ ਦੇ ਧਨੀ ਹਨ, ਜਿਹੜੀ ਵੀ ਕਾਮਨਾ ਕਰਦੇ ਹਾਂ ਪੂਰੀ ਹੁੰਦੀ ਹੈ।" ਗੁਰੂ ਜੀ ਤੋਂ ਵੱਖ ਹੋ ਕੇ ਦਰਸ਼ਨ ਕਰਦੇ ਸਨ ਤੇ ਬਸਤਰ ਗਹਿਣੇ ਆਦਿ ਭੇਟ ਧਰਦੇ ਸਨ॥੨੭॥

ਖਾਨ ਪਾਨ ਕੀ ਵਸਤੂ ਆਛੇ। ਦੇ ਕਰਿ ਲੇਤੇ ਬਰ; ਜਿਮ ਬਾਂਛੇ।
ਕਬਿ ਗੁਰੁ ਏਕਲ ਕੋ ਸਮੁਝਾਵੈਂ। 'ਸਮੁਝਿ ਸਮੁਝਿ ਬਰਤਹੁ, ਸੁਖ ਪਾਵੈਂ'॥੨੮॥

ਖਾਣ ਪੀਣ ਦੀਆਂ ਚੰਗੀਆਂ ਵਸਤੂਆਂ ਦੇ ਕੇ ਵਰ ਲੈਂਦੇ ਸਨ, ਜਿਵੇਂ ਉਨ੍ਹਾਂ ਦੇ ਮਨ ਦੀ ਇੱਛਾ ਹੁੰਦੀ ਸੀ। ਕਈ ਵਾਰ ਗੁਰੂ ਜੀ ਸ੍ਰੀ ਅਟਲ ਰਾਏ ਨੂੰ ਇਕੱਲੇ ਨੂੰ ਸਮਝਾਉਂਦੇ ਸਨ, "ਸਮਝ ਸਮਝ ਕੇ ਕਰਾਮਾਤ ਨੂੰ ਵਰਤੋ, ਸੁਖ ਪਾਵੇਂਗਾ"॥੨੮॥

ਤਊ ਸੁਭਾਇ ਉਦਾਰ ਬਿਸਾਲਾ। ਦੇਖਿ ਸਿੱਖ ਕੋ ਕਰਹਿਂ ਨਿਹਾਲਾ।
ਸੁਕਚਹਿਂ ਅਲਪ ਗੁਰੂ ਤੇ ਸੋਇ। ਅਜ਼ਮਤਿ ਬਿਦਤਿ ਲਖੀ ਸਭਿ ਕੋਇ॥੨੯॥

ਫਿਰ ਵੀ ਉਨ੍ਹਾਂ ਦਾ ਸੁਭਾਅ ਬੜਾ ਖੁਲ੍ਹ-ਦਿਲਾ ਸੀ, ਸਿੱਖ ਨੂੰ ਵੇਖ ਕੇ ਨਿਹਾਲ ਕਰ ਦਿੰਦੇ ਸਨ। ਗੁਰੂ ਜੀ ਤੋਂ ਥੋੜਾ ਜਿਹਾ ਸੰਕੋਚ ਕਰਦੇ ਸਨ, ਪਰ ਪ੍ਰਗਟ ਹੋਈ ਕਰਾਮਾਤ ਨੂੰ ਸਭ ਕੋਈ ਜਾਣਦਾ ਸੀ॥੨੯॥

ਸੁਇਨੀ ਖੱਤ੍ਰੀ ਇਕ ਵਿਵਹਾਰੀ। ਹੁਤੋ ਨਿਕੇਤ ਬਿਖੈ ਧਨ ਭਾਰੀ।
ਗੁਰਮੁਖ ਨਾਮ ਤਿਸੀ ਕੋ ਕਹੈਂ। ਤਿਸ ਕੇ ਇਕ ਸੁੰਦਰ ਸੁਤ ਅਹੈ॥ ੩੦॥

ਸੁਇਨੀ ਗੋਤ ਦਾ ਖੱਤਰੀ ਇਕ ਵਪਾਰੀ ਸੀ, ਉਸ ਦੇ ਘਰ ਵਿਚ ਬਹੁਤ ਧਨ ਸੀ, ਉਸ ਦਾ ਨਾਂ ਗੁਰਮੁਖ ਕਹਿੰਦੇ ਸਨ, ਉਸ ਦੇ ਘਰ ਇਕ ਬੜਾ ਸੁੰਦਰ ਪੁੱਤ ਸੀ॥੩੦॥

ਨਾਮ ਧਰਯੋ ਮੋਹਨ ਤਿਸ ਕੇਰੋ। ਅਟਲਰਾਇ ਸਮ ਬੈਸ ਭਲੇਰੋ।
ਸੋ ਖੇਲਨਿ ਨਿਤਪ੍ਰਤਿ ਹੀ ਆਵੈ। ਗੁਰੂ ਸੁਤਨਿ ਕੋ ਬਹੁ ਪਰਚਾਵੈ॥ ੩੧॥

ਉਸ ਦਾ ਨਾਮ ਉਸ ਮੋਹਨ ਰਖਿਆ ਸੀ, ਉਸ ਦੀ ਉਮਰ ਅਟੱਲ ਰਾਇ ਦੇ ਬਰਾਬਰ ਸੀ। ਉਹ ਸਦਾ ਅਟੱਲ ਰਾਇ ਦੇ ਨਾਲ ਖੇਡਣ ਆਉਂਦਾ ਸੀ ਤੇ ਗੁਰੂ ਜੀ ਦੇ ਪੁੱਤਰਾਂ ਨੂੰ ਬਹੁਤ ਪਰਚਾਉਂਦਾ ਸੀ॥੩੧॥

ਸਗਰੇ ਦਿਨ ਮਿਲਿ ਖੇਲਤਿ ਰਹੇ। ਸੋਵਨਿ ਸਮੈਂ ਅਪਨਿ ਘਰ ਲਹੇ।
ਇਸੀ ਰੀਤਿ ਬਹੁ ਧਨੀਅਨਿ ਬਾਲ। ਖੇਲਤਿ ਹੈਂ ਗਨ ਮਿਲਿ ਮਿਲਿ ਜਾਲ॥੩੨॥

ਸਾਰਾ ਦਿਨ ਮਿਲ ਕੇ ਖੇਡਦੇ ਰਹਿੰਦੇ ਸਨ ਤੇ ਸੌਣ ਸਮੇਂ ਆਪਣੇ ਆਪਣੇ ਘਰਾਂ ਨੂੰ ਚਲੇ ਜਾਂਦੇ ਸਨ। ਇਸ ਰੀਤੀ ਨਾਲ ਧਨੀਆਂ ਦੇ ਬਹੁਤ ਬੱਚੇ ਮਿਲ ਕੇ ਇਕੱਠੇ ਹੋ ਕੇ ਖੇਡਦੇ ਰਹਿੰਦੇ ਸਨ॥੩੨॥

ਇਕ ਦਿਨ ਸਿਸ ਮੋਹਨ ਕੇ ਸਾਥਿ। ਅਟਲਰਾਇ ਖੂੰਡੀ ਗਹਿ ਹਾਥ।
ਕਿੰਦਕ ਸੰਗਹਿ ਖੇਲ ਮਚਾਈ। ਬਦਹਿਂ ਸੀਡ ਇਤ ਉਤ ਕੋ ਧਾਈ॥ ੩੩॥

ਇਕ ਦਿਨ ਬਾਲ ਮੋਹਨ ਦੇ ਨਾਲ, ਬਾਬਾ ਅਟੱਲ ਰਾਇ ਖੂੰਡੀ ਹੱਥ ਵਿਚ ਫੜ ਕੇ ਗੇਂਦ ਨਾਲ ਖੇਡ ਰਹੇ ਸਨ, ਸ਼ਰਤ ਲਾ ਕੇ ਗੇਂਦ ਨੂੰ ਏਧਰ ਓਧਰ ਨੂੰ ਭਜਾਉਂਦੇ ਸਨ॥੩੩॥

ਨਿਜ ਨਿਜ ਦਿਸ਼ਿ ਕੋ ਪੇਲਿ ਧਕੇਲੈਂ। ਦੌਰਿ ਦੌਰਿ ਗਨ ਬਾਲਿਕ ਖੇਲੈਂ।
ਸੀਡ ਬੰਧ ਮੋਹਨ ਕੇ ਸਾਥਿ। ਅਟਲਰਾਇ ਖੂੰਡੀ ਲੇ ਹਾਥ॥ ੩੪॥

ਆਪਣੇ-ਆਪਣੇ ਪਾਸੇ ਗੇਂਦ ਰੋੜ੍ਹ ਕੇ ਖੜਦੇ ਸਨ, ਭੱਜ ਭੱਜ ਕੇ ਬਹੁਤ ਬਾਲਕ ਖੇਡ ਰਹੇ ਸਨ। ਬਾਬਾ ਅਟੱਲ ਰਾਇ ਨੇ ਹੱਥ ਵਿਚ ਖੂੰਡੀ ਫੜ ਕੇ ਮੋਹਨ ਦੇ ਨਾਲ ਸ਼ਰਤ ਲਾਈ॥੩੪॥

ਖੇਲਤਿ ਜੀਤਹਿਂ, ਕਬਹੂੰ ਹਾਰੈਂ। ਬਹਿਸ ਬਹਿਸ ਬਹੁ ਬਲ ਕੋ ਧਾਰੈਂ।
ਸੰਧਯਾ ਸਮੈਂ ਭਈ ਇਮ ਖੇਲਤਿ। ਸੋਟਿਨਿ ਤੇ ਕਿੰਦਕ ਕੋ ਪੇਲਤਿ॥ ੩੫॥

ਖੇਡਦੇ ਕਦੀ ਜਿੱਤ ਜਾਂਦੇ ਸੀ, ਕਦੀ ਹਾਰ ਜਾਂਦੇ ਸੀ, ਜਿਦ ਜਿਦ ਕੇ ਬਹੁਤ ਜ਼ੋਰ ਲਾਉਂਦੇ ਸੀ। ਇਸ ਤਰ੍ਹਾਂ ਖੇਡਦਿਆਂ ਸ਼ਾਮਾਂ ਪੈ ਗਈਆਂ, ਖੂੰਡੀਆਂ ਨਾਲ ਗੇਂਦ ਨੂੰ ਰੋੜ੍ਹਦੇ ਸਨ॥੩੫॥

ਭਯੋ ਅੰਧੇਰਾ ਸ਼੍ਰਮਤਿ ਬਿਸਾਲੇ। ਤਜਯੋ ਖੇਲ ਘਰ ਨਿਜ ਨਿਜ ਚਾਲੇ।
ਅਟਲਰਾਇ ਮੋਹਨ ਸੋਂ ਕਹਯੋ। 'ਅਬਿ ਤੋ ਅਧਿਕ ਅੰਧੇਰੋ ਲਹਯੋ॥ ੩੬॥

ਹਨੇਰਾ ਹੋ ਗਿਆ ਤੇ ਬਹੁਤ ਥੱਕ ਗਏ, ਖੇਡਣਾ ਛੱਡਿਆ ਤੇ ਆਪਣੇ ਘਰਾਂ ਨੂੰ ਚਲ ਪਏ। ਫਿਰ ਅਟੱਲ ਰਾਇ ਨੇ ਮੋਹਨ ਨੂੰ ਕਿਹਾ, ''ਹੁਣ ਤਾਂ ਬਹੁਤ ਹਨੇਰਾ ਹੋ ਗਿਆ ਹੈ॥੩੬॥

ਖੇਲਨਿ ਤੇ ਸਕਲੇ ਹਟਿ ਰਹੇ। ਮੇਰੀ ਜੀਤ ਭਈ, ਸਭਿ ਲਹੇ।
ਧਰੀ ਸੀਡ ਪੀਛੈ ਮਮ ਸਾਥਿ। ਜੀਤ ਲੀਨ ਮੈਂ ਬਲਿ ਕਰਿ ਹਾਥ॥ ੩੭॥

ਖੇਡਣ ਤੋਂ ਸਾਰੇ ਹੱਟ ਗਏ ਹਨ, ਮੇਰੀ ਜਿੱਤ ਹੋਈ ਸਭ ਨੇ ਵੇਖੀ ਹੈ, ਪਿਛੋਂ ਤੂੰ ਮੇਰੇ ਨਾਲ ਸ਼ਰਤ ਲਾਈ ਸੀ, ਮੈਂ ਆਪਣੇ ਬਲ ਨਾਲ ਬਾਜ਼ੀ ਜਿੱਤ ਲਈ ਹੈ॥੩੭॥

ਰਹੀ ਤੋਹਿ ਸਿਰ, ਅਬਿ ਘਰ ਚਾਲੇ। ਰਾਖਹੁ ਯਾਦ, ਲੇਊਂ ਮੈਂ ਕਾਲੇ'।
ਮੋਹਨ ਕਹ੍ਯੋ 'ਪ੍ਰਾਤ ਕੋ ਦੇਊਂ। ਅਪਰ ਸੀਡ ਬਦਿ ਜੀਤਿ ਧਰੇਊਂ' ॥ ੩੮॥

ਹੁਣ ਬਾਜ਼ੀ ਤੇਰੇ ਸਿਰ ਰਹੀ, ਤੇ ਹੁਣ ਘਰ ਨੂੰ ਚਲੇ ਹਾਂ, ਇਹ ਯਾਦ ਰਖੋ ਹੁਣ ਮੈਂ ਕਲ੍ਹ ਨੂੰ ਆਪਣੀ ਬਾਜ਼ੀ ਲਵਾਂਗਾ।" ਮੋਹਨ ਨੇ ਕਿਹਾ, "ਮੈਂ ਸਵੇਰੇ ਬਾਜ਼ੀ ਦੇਵਾਂਗਾ, ਹੋਰ ਸ਼ਰਤ ਬੰਨ੍ਹ ਕੇ ਜਿੱਤ ਲਵਾਂਗਾ"॥੩੮॥

ਇਮ ਕਹਿ, ਆਪਹੁ ਅਪਨੇ ਧਾਮੂ। ਜਾਇ ਕਰ੍ਯੋ ਬਾਲਨਿ ਬਿਸਰਾਮੂ।
ਦੈਵ ਜੋਗ ਤੇ ਐਸੇ ਭਯੋ। ਸਰਪ ਨਿਕਸਿ ਮੋਹਨ ਡਸਿ ਲਯੋ॥ ੩੯॥

ਇਸ ਤਰ੍ਹਾਂ ਕਹਿ ਕੇ ਆਪਣੇ-ਆਪਣੇ ਘਰਾਂ ਨੂੰ ਚਲੇ ਗਏ ਤੇ ਜਾ ਕੇ ਸਾਰੇ ਬਾਲਕਾਂ ਨੇ ਵਿਸ਼ਰਾਮ ਕੀਤਾ। ਕੁਦਰਤੀ ਤੌਰ ਤੇ ਐਸਾ ਹੋਇਆ ਕਿ ਸੱਪ ਨਿਕਲ ਕੇ ਮੋਹਨ ਨੂੰ ਡੰਗ ਮਾਰ ਗਿਆ॥੩੯॥

ਕਰਤਿ ਜਤੇ ਜੇਤਿਕ ਉਪਚਾਰਾ। ਬਾਲਿਕ ਮਰ੍ਯੋ ਹੋਤਿ ਭੁਨਸਾਰਾ।
ਮਾਤ ਪਿਤਾ ਕੇ ਨੰਦਨ ਏਕ। ਕਰਤੇ ਭਏ ਬ੍ਰਿਲਾਪ ਅਨੇਕ॥ ੪੦॥

ਬਹੁਤ ਯਤਨ ਕਰਦੇ ਰਹੇ, ਪਰ ਸਵੇਰ ਹੋਣ ਤਕ ਬਾਲਕ ਮਰ ਗਿਆ। ਮਾਤਾ ਪਿਤਾ ਦਾ ਇਕੋ ਪੁੱਤਰ ਸੀ, ਉਹ ਅਨੇਕ ਪ੍ਰਕਾਰ ਦਾ ਵਿਰਲਾਪ ਕਰਦੇ ਰਹੇ॥੪੦॥

'ਹੇ ਸੁਤ ! ਕਿਤ ਹਮ ਛੋਰਿ ਸਿਧਾਰਾ। ਤੁਵ ਬਿਨ ਕਸਾ ਹੁਇ ਹਾਲ ਹਮਾਰਾ ?
ਦੇਖਤਿ ਰਹਤਿ ਬਦਨ ਸੁਭ ਤੇਰਾ। ਉਦਯੋ ਪਾਪ ਫਲ ਆਨਿ ਬਡੇਰਾ ॥ ੪੧॥

"ਹੇ ਪੁੱਤਰ ! ਸਾਨੂੰ ਛੱਡ ਕੇ ਕਿਥੇ ਚਲਾ ਗਿਆ ਹੈਂ, ਤੇਰੇ ਬਗੈਰ ਸਾਡਾ ਕੀ ਹਾਲ ਹੋਵੇਗਾ ? ਅਸੀਂ ਤੇਰਾ ਸੋਹਣਾ ਮੁਖੜਾ ਵੇਖਦੇ ਰਹਿੰਦੇ ਸੀ, ਪਾਪ ਦਾ ਵੱਡਾ ਫਲ ਪ੍ਰਗਟ ਹੋਇਆ ਹੈ"॥੪੧॥

ਰੋਦਤਿ ਊਚੇ ਸ਼ਬਦ ਪੁਕਾਰਤਿ। ਪੀਟਤਿ ਬਲ ਤੇ ਬਹੁ ਸ਼ੋਕਾਰਤਿ।
ਸੁਨਤਿ ਪਰੋਸੀ ਦੌਰਤਿ ਆਵੈਂ। 'ਹਾਇ ਹਾਇ' ਕਹਿ, ਸੋ ਬਿਲਲਾਵੈਂ ॥ ੪੨॥

ਉੱਚੀ-ਉੱਚੀ ਰੋ ਕੇ ਵਿਰਲਾਪ ਕਰਦੇ ਸਨ, ਬਹੁਤ ਦੁੱਖੀ ਹੋ ਕੇ ਜ਼ੋਰ-ਜ਼ੋਰ ਦੀ ਪਿੱਟਦੇ ਸਨ। ਇਹ ਸੁਣ ਕੇ ਪੜੋਸੀ ਭੱਜੇ ਆਏ "ਹਾਏ ਹਾਏ" ਕਹਿ ਵਿਰਲਾਪ ਕਰਦੇ ਸਨ॥੪੨॥

'ਬਡਾ ਕਸ਼ਟ ਤੁਮ ਕੋ ਇਹ ਪਰ੍ਯੋ। ਇਕ ਸੁਤ, ਡਸ੍ਯੋ ਸਰਪ ਤੇ ਮਰ੍ਯੋ'।
ਇਕ ਸੁਨਿ ਦੁਤੀਏ ਨਿਕਟਿ ਸੁਨਾਵੈ। ਜੋ ਜੋ ਸੁਨਹਿ ਸ਼ੋਕ ਬਿਰਧਾਵੈ॥ ੪੩॥

"ਤੁਹਾਨੂੰ ਇਹ ਵੱਡਾ ਕਸ਼ਟ ਆ ਕੇ ਪਿਆ ਹੈ, ਇਕੋ ਇਕ ਪੁੱਤਰ ਜਿਹੜਾ ਸੱਪ ਦੇ ਡੱਸਣ ਨਾਲ ਮਰ ਗਿਆ ਹੈ।" ਇਕ ਪਾਸੋਂ ਸੁਣ ਕੇ ਦੂਸਰੇ ਦੇ ਨੇੜੇ ਆ ਕੇ ਸੁਣਾਉਂਦੇ ਸਨ, ਜਿਹੜਾ-ਜਿਹੜਾ ਵੀ ਸੁਣਦਾ ਸੀ ਉਸ ਦਾ ਹੀ ਦੁਖ ਵਧ ਜਾਂਦਾ ਸੀ॥੪੩॥

ਧਨੀ ਸ਼ਾਹੁ ਕੋ ਇਕ ਸੁਤ ਜੋਇ। ਮ੍ਰਿਤੂ ਅਚਾਨਕ ਤਾਂਕੀ ਹੋਇ।
ਰਾਮਦਾਸ ਪੁਰਿ ਮਹਿਂ ਬਿਰਤਾਂਤ। ਜਹਿਂ ਕਹਿਂ ਭਯੋ ਸਕਲ ਬੱਖਯਾਤ॥ ੪੪॥

ਧਨੀ ਸ਼ਾਹ ਦਾ ਜਿਹੜਾ ਇਕੋ-ਇਕ ਪੁੱਤਰ ਸੀ, ਉਸ ਦੀ ਅਚਾਨਕ ਮੌਤ ਹੋ ਗਈ ਹੈ। ਰਾਮਦਾਸ ਪੁਰ ਵਿਚ ਇਹ ਸਾਰਾ ਬ੍ਰਿਤਾਂਤ ਜਿਥੇ ਕਿਥੇ ਸਾਰੇ ਪ੍ਰਗਟ ਹੋ ਗਿਆ॥੪੪॥

*ਛੇਵੀਂ ਰਾਸ ਦਾ ਸਤਵੰਜਵਾਂ ਅਧਿਆਇ ਸਮਾਪਤ ਹੋਇਆ॥੫੭॥*

# ਅਧਿਆਇ ਅਠਵੰਞਵਾਂ

## *ਸ੍ਰੀ ਅਟੱਲ ਰਾਇ ਜੀ ਨੇ ਮੋਹਨ ਜਿਵਾਇਆ*

*ਦੋਹਰਾ-* ਅਟੱਲਰਾਇ ਜਬਿ ਪ੍ਰਾਤਿ ਭੀ ਜਾਗੇ ਹੋਇ ਸੁਚੇਤ।
ਕਰਿ ਨਿਤ ਕੀ ਕਿਰਿਆ ਭਲੇ ਤਜਾਗਜੋ ਤਬਹਿ ਨਿਕੇਤ॥ ੧॥

ਅਟੱਲ ਰਾਇ ਜਦ ਸਵੇਰੇ ਜਾਗ ਕੇ ਸੁਚੇਤ ਹੋਏ ਤਾਂ ਭਲੀ ਪ੍ਰਕਾਰ ਨਿਤ ਦੀ ਕਿਰਿਆ ਕਰਕੇ ਆਪਣੇ ਘਰ ਨੂੰ ਛੱਡ ਦਿੱਤਾ॥੧॥

*ਚੌਪਈ-* ਖੇਲਨਿ ਕੇ ਸਥਾਨ ਚਲਿ ਆਏ। ਸੇਵਕ ਸਾਥ ਬਾਲ ਸਮੁਦਾਏ।
ਪਿਖਿ ਸਭਿ ਕੋ ਮਨ ਆਨੰਦ ਕੈ ਕੈ। ਇਤ ਉਤ ਬਿਚਰਤਿ ਸੰਗੀ ਲੈ ਕੈ ॥੨ ॥

ਖੇਡਣ ਦੇ ਸਥਾਨ 'ਤੇ ਚਲ ਕੇ ਆ ਗਏ, ਉਸ ਦੇ ਨਾਲ ਸੇਵਕ ਅਤੇ ਹੋਰ ਬਾਲ ਵੀ ਸਨ। ਸਾਰਿਆਂ ਨੂੰ ਵੇਖ ਕੇ ਮਨ ਵਿਚ ਆਨੰਦਿਤ ਹੋ ਕੇ ਸੰਗੀਆਂ ਨੂੰ ਨਾਲ ਲੈ ਕੇ ਏਧਰ ਓਧਰ ਫਿਰਦੇ ਸਨ॥੨॥

ਸੰਧਜਾ ਸਮੈਂ ਖੇਲ ਜੋ ਤਜਾਗੀ। ਸੋ ਸਿਮਰੀ ਦੀਰਘ ਅਨੁਰਾਗੀ।
'ਅਬਿ ਲੌ ਮੋਹਨ ਨਹਿਂ ਚਲਿ ਆਯੋ। ਦਾਉ ਸੀਡ ਕੋ ਸੀਸ ਚਢਾਯੋ ॥੩ ॥

ਸ਼ਾਮ ਦੇ ਵੇਲੇ ਜਦ ਖੇਡਣਾ ਬੰਦ ਕੀਤਾ ਸੀ, ਉਸ ਬਾਰੇ ਬੜੇ ਪ੍ਰੇਮ ਨਾਲ ਯਾਦ ਕੀਤਾ, 'ਹੁਣ ਤਕ ਮੋਹਨ ਨਹੀਂ ਆਇਆ ਹੈ, ਮੀਟੀ ਅਸੀਂ ਉਸ ਦੇ ਸਿਰ ਤੇ ਚਾੜ੍ਹੀ ਹੋਈ ਹੈ' ॥੩॥

ਦੈਬੇ ਹੇਤੁ ਟਰਜੋ, ਘਰ ਰਹਜੋ। ਇਮ ਲਖਿ ਨਿਜ ਸੇਵਕ ਸੋਂ ਕਹਜੋ।
'ਜਾਹਿ ਤਾਂਹਿ ਕੋ ਆਨਿ ਬੁਲਾਇ। ਸਿਰ ਹੈ ਸੀਡ, ਨ ਅਬਿ ਲੌ ਆਇ' ॥੪ ॥

ਮੀਟੀ ਦੇਣ ਖਾਤਰ, ਘਰ ਵਿਚ ਰੁਕ ਗਿਆ ਹੈ, ਇਸ ਤਰ੍ਹਾਂ ਸਮਝ ਕੇ ਆਪਣੇ ਸੇਵਕ ਨੂੰ ਕਿਹਾ, "ਜਾਹ ਉਸ ਨੂੰ ਉਸਦੇ ਘਰ ਤੋਂ ਬੁਲਾ ਲਿਆ, ਉਸ ਦੇ ਸਿਰ ਮੀਟੀ ਹੈ, ਹੁਣ ਤਕ ਆਇਆ ਨਹੀਂ ਹੈ' ॥੪॥

ਸੁਨਤਿ ਦਾਸ ਤਿਹ ਸਦਨ ਸਿਧਾਯਹੁ। ਮਰਜੋ ਪਰਜੋ ਮੋਹਨ ਦਰਸਾਯਹੁ।
ਸਕਲ ਕੁਟੰਬ ਸਸ਼ੋਕ ਪੁਕਾਰਤਿ। ਹਾਥ ਉਸਾਰਤਿ ਸਿਰ ਪਰ ਮਾਰਤਿ ॥੫ ॥

ਇਹ ਸੁਣ ਕੇ ਸੇਵਕ ਉਸ ਦੇ ਘਰ ਗਿਆ, ਉਸ ਨੇ ਮਰੇ ਪਏ ਮੋਹਨ ਨੂੰ ਵੇਖਿਆ, ਸਾਰਾ ਪਰਿਵਾਰ ਦੁਖ ਨਾਲ ਕੁਰਲਾ ਰਿਹਾ ਸੀ ਤੇ ਹੱਥ ਉਤਾਂਹ ਚੁਕ ਚੁਕ ਕੇ ਸਿਰ ਨੂੰ ਮਾਰ ਰਹੇ ਸਨ॥੫॥

ਬਡੋ ਬ੍ਰਿਲਾਪ ਹੇਰਿ ਤਿਸ ਬੇਰੇ। ਮਿਲਤਿ ਨਾਤਿ ਨਰ ਨਾਰਿ ਘਨੇਰੇ।
ਅਟਲਰਾਇ ਕੇ ਨਿਕਟਿ ਸੁ ਆਯੋ। 'ਮੋਹਨ ਮਰਿਗਾ ਸਰਪ ਡਸਾਯੋ' ॥੬ ॥

ਉਸ ਸਮੇਂ ਵੱਡਾ ਵਿਰਲਾਪ ਵੇਖ ਕੇ, ਸਾਕ, ਸ਼ਰੀਕ ਇਸਤਰੀ ਪੁਰਸ਼ ਵੱਡੀ ਗਿਣਤੀ ਵਿਚ ਆ ਕੇ ਮਿਲ ਰਹੇ ਸਨ। ਉਹ ਸੇਵਕ ਵਾਪਸ ਅਟੱਲ ਰਾਏ ਦੇ ਪਾਸ ਆ ਗਿਆ ਤੇ ਕਹਿਣ ਲੱਗਾ, 'ਸੱਪ ਦੇ ਡੱਸਣ ਨਾਲ ਮੋਹਨ ਮਰ ਗਿਆ ਹੈ' ॥੬॥

ਸੁਨਜੋ ਅਚਾਨਕ ਮੋਹਨ ਮਰਨਾ। ਅਟਲਰਾਇ ਨਹਿਂ ਕੀਨਸਿ ਜਰਨਾ।
ਸਭਿ ਲਰਕਨਿ ਕੇ ਹੋਇ ਸਮੇਤ। ਗਏ ਧਾਇ ਤਿਸ ਬਨਕ ਨਿਕੇਤ ॥੭ ॥

ਜਦ ਅਟੱਲ ਰਾਏ ਨੇ ਅਚਾਨਕ ਮੋਹਨ ਦੇ ਮਰਨ ਬਾਰੇ ਸੁਣਿਆ ਤਾਂ ਉਹ ਜਰ ਨਾ ਸਕਿਆ। ਸਾਰੇ ਲੜਕਿਆਂ ਨੂੰ ਆਪਣੇ ਨਾਲ ਲੈ ਕੇ ਭੱਜਦੇ ਹੋਏ ਉਸ ਬਾਣੀਏ ਦੇ ਘਰ ਗਏ॥੭॥

ਹੇਰਨਿ ਹੇਤ ਧਾਇ ਉਤਲਾਵਤਿ। ਸੁਨਯੋ ਦੂਰ ਤੇ ਬਹੁ ਬਿਲਲਾਵਤਿ।
ਆਗੈ ਮਿਲੇ ਹੁਤੇ ਸਮੁਦਾਯਾ। ਸਭਿਨਿ ਬਿਲੋਕਯੋ ਗੁਰ ਸੁਤ ਆਯਾ॥ ੮॥

ਵੇਖਣ ਵਾਸਤੇ ਬੜੇ ਉਤਾਵਲੇ ਹੋ ਕੇ ਅੱਗੇ ਵਧੇ, ਦੂਰ ਤੋਂ ਹੀ ਉੱਚੀ-ਉੱਚੀ ਵਿਲਕਦਿਆਂ ਨੂੰ ਸੁਣ ਲਿਆ। ਅੱਗੇ ਬਹੁਤ ਲੋਕ ਇਕੱਠੇ ਹੋਏ ਸਨ, ਸਾਰਿਆਂ ਨੇ ਵੇਖਿਆ ਕਿ ਗੁਰੂ ਜੀ ਦਾ ਪੁੱਤਰ ਆਇਆ ਹੈ॥੮॥

ਮੋਹਨ ਕੇ ਰੋਦਤਿ ਪਿਤ ਮਾਤ। ਕਹਨਿ ਲਗੇ 'ਤੁਮ ਗੁਰੁ ਕੇ ਤਾਤ।
ਸਾਥੀ ਖੇਲਨਿ ਕੇਰ ਤੁਮਾਰਾ। ਪਰਯੋ ਮਰਯੋ, ਡਸਿਗਾ ਅਹਿ ਕਾਰਾ॥ ੯॥

ਮੋਹਨ ਦੇ ਮਾਤਾ ਪਿਤਾ ਰੋ ਰਹੇ ਸਨ, ਉਹ ਕਹਿਣ ਲੱਗੇ, 'ਤੁਸੀਂ ਗੁਰੂ ਜੀ ਦੇ ਪੁੱਤਰ ਹੋ, ਤੁਹਾਡਾ ਉਹ ਖੇਡਣ ਦਾ ਸਾਥੀ ਹੈ, ਮਰਿਆ ਪਿਆ ਹੈ, ਕਾਲਾ ਸੱਪ ਇਸ ਨੂੰ ਡੱਸ ਗਿਆ ਹੈ॥੯॥

ਨਹਿਂ ਉਪਚਾਰ ਲਗਯੋ ਕਰਿ ਰਹੇ। ਅਬਿ ਚਾਹਤਿ ਇਸ ਕੋ ਤਨ ਦਹੇ।
ਤੁਮ ਗੁਰੁ ਸੁਤ ਹੋ ਚਹਹੁ ਸੁ ਕਰਹੁ। ਅਜ਼ਮਤਿ ਕੋ ਬਿਸਾਲ ਉਰ ਧਰਹੁ' ॥੧੦॥

ਅਸੀਂ ਬਹੁਤ ਇਲਾਜ ਕਰ ਰਹੇ, ਪਰ ਕੋਈ ਵੀ ਸਫਲ ਨਹੀਂ ਹੋਇਆ, ਹੁਣ ਇਸ ਦੇ ਸਰੀਰ ਨੂੰ ਸਾੜਨਾ ਚਾਹੁੰਦੇ ਹਾਂ। ਤੁਸੀਂ ਗੁਰੂ ਜੀ ਦੇ ਪੁੱਤਰ ਹੋ ਜੋ ਚਾਹੋ ਕਰ ਸਕਦੇ ਹੋ, ਬਹੁਤ ਵੱਡੀ ਕਰਾਮਾਤ ਤੁਸੀਂ ਆਪਣੇ ਹਿਰਦੇ ਵਿਚ ਧਾਰਨ ਕੀਤੀ ਹੈ' ॥੧੦॥

ਮੋਹਨ ਮਾਤ ਪਿਤਾ ਜੋ ਅਹੇ। ਸਕਲ ਨਰਨਿ ਜੁਤਿ ਬਿਨਤੀ ਕਹੇ।
ਤਬਿ ਸ੍ਰੀ ਅਟਲਰਾਇ ਪਿਖਿ ਕਹਯੋ। 'ਇਸ ਸਿਰ ਦਾਵ ਸੀਡ ਕੋ ਰਹਯੋ' ॥੧੧॥

ਮੋਹਨ ਦੇ ਮਾਤਾ ਪਿਤਾ ਸਮੇਤ ਸਾਰੇ ਮਨੁੱਖਾਂ ਨੇ ਮਿਲ ਕੇ ਬੇਨਤੀ ਕੀਤੀ। ਫਿਰ ਬਾਬਾ ਅਟੱਲ ਰਾਇ ਨੇ ਵੇਖ ਕੇ ਕਿਹਾ, "ਇਸ ਦੇ ਸਿਰ ਸਾਡੀ ਮੀਟੀ ਰਹਿੰਦੀ ਹੈ" ॥੧੧॥

ਕਰ ਖੂੰਡੀ ਕੋ ਚੰਚਲ ਕਰਤੇ। ਮਰੇ ਬਾਲ ਕੋ ਬਦਨ ਨਿਹਰਿਤੇ।
'ਉਠਿ ਪਯਾਰੇ ! ਦਿਹੁ ਸੀਡ ਹਮਾਰੀ। ਨਹੀਂ ਸਮੋ, ਕਿਮ ਸੁਪਤਯੋ ਭਾਰੀ ?' ॥੧੨॥

ਹੱਥ ਵਿਚ ਫੜੀ ਹੋਈ ਖੂੰਡੀ ਨੂੰ ਉਨ੍ਹਾਂ ਹਿਲਾਇਆ, ਮਰੇ ਹੋਏ ਬਾਲ ਦੇ ਮੂੰਹ ਨੂੰ ਵੇਖਿਆ ਤੇ ਕਹਿਣ ਲੱਗੇ, "ਉੱਠ ਪਿਆਰੇ ! ਸਾਡੀ ਮੀਟੀ ਦੇਵੇਂ, ਇਹ ਹੁਣ ਸੌਣ ਦਾ ਸਮਾਂ ਨਹੀਂ, ਕਿਵੇਂ ਭਾਰੀ ਨੀਂਦ ਸੁੱਤਾ ਪਿਆ ਹੈਂ?" ॥੧੨॥

ਇਮ ਕਹਿ ਖੂੰਡੀ ਸਿਸ ਗਰ ਪਾਈ। ਕਰਿ ਬਾਹੁਨਿ ਬਲ ਦੀਨਿ ਉਠਾਈ।
ਬੈਠਯੋ ਮੋਹਨ ਆਂਖ ਉਘਾਰੀ। ਬਿਕਸਤਿ ਉਠਯੋ ਹਰਖ ਨਰ ਨਾਰੀ॥ ੧੩॥

ਇਹ ਕਹਿ ਕੇ ਖੂੰਡੀ ਬਾਲ ਦੇ ਗਲ ਵਿਚ ਪਾ ਲਈ ਤੇ ਬਾਹਾਂ ਦੇ ਬਲ ਨਾਲ ਮੋਹਨ ਨੂੰ ਉਪਰ ਉਠਾ ਦਿੱਤਾ। ਮੋਹਨ ਨੇ ਬੈਠ ਕੇ ਅੱਖਾਂ ਖੋਲ੍ਹੀਆਂ, ਉਥੇ ਮੌਜੂਦ ਸਭ ਇਸਤਰੀ ਮਨੁੱਖ ਖਿੜ ਉਠੇ॥੧੩॥

'ਧੰਨ ਗੁਰੂ, ਗੁਰੁ ਨੰਦਨ ਧੰਨ। ਦੇਤਿ ਪ੍ਰਾਨ ਲਗਿ' ਭਏ 'ਪ੍ਰਸੰਨ।
ਕੈ ਤੋ ਹੁਤੇ ਰੁਦਨ ਕੋ ਰੌਰਾ। ਕੈ ਭਾ ਹਰਖ ਸ਼ੋਰ ਤਿਸ ਠੌਰਾ॥ ੧੪॥

ਧੰਨ ਗੁਰੂ ਜੀ ਹਨ, ਗੁਰੂ ਜੀ ਦੇ ਪੁੱਤਰ ਧੰਨ ਹਨ, ਉਹ ਪ੍ਰਾਣ ਤਕ ਵੀ ਦੇ ਦਿੰਦੇ ਹਨ, ਸਾਰੇ ਬਹੁਤ ਪ੍ਰਸੰਨ ਹੋਏ, ਜਿਥ ਕੁਝ ਸਮਾਂ ਪਹਿਲਾਂ ਰੋਣ ਧੋਣ ਨਾਲ ਸ਼ੋਰ ਮੱਚਿਆ ਸੀ, ਉਸ ਥਾਂ ਹੁਣ ਹਾਸਿਆਂ ਖੁਸ਼ੀਆਂ ਦਾ ਸ਼ੋਰ ਮੱਚ ਗਿਆ॥੧੪॥

ਜਹਿਂ ਕਹਿਂ ਅਟਲਰਾਇ ਕੀ ਕੀਰਤਿ। ਪੁਰਿ ਮਹਿਂ ਹੋਤਿ ਭਈ ਬਿਸਤੀਰਤਿ।
'ਧਨੀ ਪੁੱਤ੍ਰ ਕੋ ਮਰਜੋ ਜਿਵਾਯੋ। ਕਰ ਖੂੰਡੀ ਕੋ ਛ੍ਵਾਇ ਉਠਾਯੋ' ॥ ੧੫ ॥

ਜਿਥੇ ਕਿਥੇ ਅਟੱਲ ਰਾਇ ਜੀ ਦੀ ਕੀਰਤੀ ਸਾਰੇ ਨਗਰ ਵਿਚ ਫੈਲ ਗਈ, "ਧਨੀ ਪੁੱਤਰ ਨੂੰ ਮਰੇ ਹੋਏ ਨੂੰ ਜਿਵਾਇਆ ਹੈ, ਆਪਣੇ ਹੱਥ ਵਾਲੀ ਖੂੰਡੀ ਨੂੰ ਛੁਹਾ ਕੇ ਉਠਾ ਦਿੱਤਾ ਹੈ" ॥੧੫॥

ਸਭਿ ਮਾਤਨਿ ਕੋ ਸੁਧਿ ਤਬਿ ਹੋਈ। ਮੁਦਤਿ ਕਹਤਿ ਜਿਤ ਕਿਤ ਸਭਿ ਕੋਈ।
ਸ੍ਰੀ ਹਰਿਗੋਵਿੰਦ ਤਖਤ ਅਕਾਲਾ। ਬੈਠੇ ਹੁਤੇ ਸਹਤ ਸਿਖ ਜਾਲਾ ॥ ੧੬ ॥

ਸਾਰੀਆਂ ਮਾਤਾਵਾਂ ਨੂੰ ਖ਼ਬਰ ਮਿਲ ਗਈ, ਜਿਥੇ ਕਿਥੇ ਸਾਰੇ ਬੜੇ ਪ੍ਰਸੰਨ ਹੋ ਕੇ ਇਹ ਖ਼ਬਰ ਸੁਣਾ ਰਹੇ ਸਨ। ਉਸ ਸਮੇਂ ਸ੍ਰੀ ਗੁਰੂ ਹਰਿਗੋਬਿੰਦ ਜੀ ਅਕਾਲ ਤਖ਼ਤ ਤੇ ਬਿਰਾਜਮਾਨ ਸਨ, ਉਹ ਬਹੁਤ ਸਿੱਖਾਂ ਸਹਿਤ ਬੈਠੇ ਹੋਏ ਸਨ ॥੧੬॥

ਮੁਦਤਿ ਰਿਦੇ ਤੇ ਬਾਕ ਬਿਲਾਸ। ਬਿਗਸਤਿ ਕਰਤਿ ਥਿਰੇ ਜੇ ਪਾਸ।
ਤਹਿਂ ਇਕ ਸਿਖ ਨੇ ਆਨਿ ਸੁਨਾਈ। 'ਅਟਲਰਾਇ ਬਡਿ ਕੀਰਤਿ ਪਾਈ ॥੧੭॥

ਪ੍ਰਸੰਨ ਹਿਰਦੇ ਨਾਲ ਬਚਨ ਬਿਲਾਸ ਕਰ ਰਹੇ ਸਨ, ਜਿਹੜੇ ਪਾਸ ਬੈਠੇ ਸਨ ਉਨ੍ਹਾਂ ਨੂੰ ਖੇੜਾ ਬਖ਼ਸ਼ ਰਹੇ ਸਨ। ਉਸ ਸਮੇਂ ਇਕ ਸਿੱਖ ਨੇ ਆ ਕੇ ਸੁਣਾਇਆ, "ਅਟੱਲ ਰਾਇ ਨੇ ਬੜੀ ਕੀਰਤੀ ਪਾਈ ਹੈ ॥੧੭॥

ਗੁਰੁਮੁਖ ਖੱਤ੍ਰੀ ਕੋ ਸੁਤ ਏਕ। ਮਿਲਿ ਖੇਲਤਿ ਜਿਸ ਅਪਰ ਅਨੇਕ।
ਰਾਤਿ ਬਿਖੇ ਡਸਿਗਾ ਅਹਿ ਕਾਰਾ। ਮਰਜੋ ਤੁਰਤ ਨ ਲਗਜੋ ਉਪਚਾਰਾ ॥੧੮॥

ਗੁਰਮੁਖ ਖੱਤਰੀ ਦਾ ਇਕੋ-ਇਕ ਪੁੱਤਰ ਹੈ, ਉਸ ਨਾਲ ਬਹੁਤ ਬਾਲਕ ਮਿਲ ਕੇ ਖੇਡਦੇ ਹਨ। ਰਾਤ ਸਮੇਂ ਉਸ ਨੂੰ ਇਕ ਕਾਲਾ ਸੱਪ ਡੱਸ ਗਿਆ, ਸੱਪ ਦੇ ਲੜਦਿਆਂ ਸਾਰ ਉਹ ਮਰ ਗਿਆ ਤੇ ਕੋਈ ਵੀ ਇਲਾਜ ਉਪਚਾਰ ਨਹੀਂ ਚਲਿਆ ਹੈ ॥੧੮॥

ਅਟਲਰਾਇ ਤਿਸ ਸਦਨ ਸਿਧਾਰੇ। ਸੰਗੀ ਪਰਜੋ ਸੁ ਮ੍ਰਿਤਕ ਨਿਹਾਰੇ।
ਖੂੰਡੀ ਹਾਥ ਸੁ ਛ੍ਵਾਇ ਉਠਾਯੋ। 'ਹਮ ਸੋਂ ਖੇਲਹੁ ਭਾਖਿ ਜਿਆਯੋ' ॥ ੧੯ ॥

ਸ੍ਰੀ ਅਟੱਲ ਰਾਇ ਉਸ ਦੇ ਘਰ ਗਏ, ਜਦ ਆਪਣੇ ਸਾਥੀ ਨੂੰ ਮਰਿਆ ਪਿਆ ਵੇਖਿਆ, ਹੱਥ ਦੀ ਖੂੰਡੀ ਨਾਲ ਛੁਹਾ ਕੇ ਉਸ ਨੂੰ ਉਠਾ ਦਿੱਤਾ ਤੇ ਕਿਹਾ, "ਸਾਡੇ ਨਾਲ ਖੇਡੋ" ਇਹ ਕਹਿ ਕੇ ਜੀਵਤ ਕਰ ਦਿੱਤਾ" ॥੧੯॥

ਸ੍ਰੀ ਸਤਿਗੁਰੁ ਸੁਨਿ ਕੈ ਬਿਸਮਾਏ। ਕਿਤਿਕ ਦੇਰ ਲੌ ਨਹੀਂ ਅਲਾਏ।
ਪੁਨ ਚਿਤ ਮਹਿਂ ਰਿਸ ਭਈ ਘਨੇਰੇ। 'ਇਹ ਕਜਾ ਕਰਜੋ ਨਿਕਟਿ ਹੀ ਮੇਰੇ ॥੨੦॥

ਸ੍ਰੀ ਸਤਿਗੁਰੂ ਜੀ ਇਹ ਸੁਣ ਕੇ ਬਹੁਤ ਹੈਰਾਨ ਹੋਏ, ਕਾਫੀ ਦੇਰ ਤਕ ਉਹ ਕੁਝ ਨਾ ਬੋਲੇ, ਫਿਰ ਦਿਲ ਵਿਚ ਬਹੁਤ ਗੁੱਸੇ ਵਿਚ ਆ ਗਏ ਅਤੇ ਕਿਹਾ, "ਇਹ ਮੇਰੇ ਪਾਸ ਹੀ ਕੀ ਕਰ ਦਿੱਤਾ ਹੈ ॥੨੦॥

ਦੁਸ਼ਟਨਿ ਰਾਜ ਤੇਜ ਅਬਿ ਅਹੈ। ਸ਼ਾਹੁ ਕਿ ਸ਼ਾਹੁ ਪੁੱਤ੍ਰ ਮ੍ਰਿਤੁ ਲਹੈ।
ਆਨਿ ਪਰਹਿਂ ਸੋ ਗਰੇ ਹਮਾਰੇ। ਦੀਨ ਹੋਹਿਂ ਕੈ ਓਜ ਦਿਖਾਰੈਂ ॥ ੨੧ ॥

ਦੁਸ਼ਟਾਂ ਦੇ ਰਾਜ ਦਾ ਹੁਣ ਵੱਡਾ ਤੇਜ ਹੈ, ਬਾਦਸ਼ਾਹ ਜਾਂ ਬਾਦਸ਼ਾਹ ਦਾ ਪੁੱਤਰ ਮਰ ਸਕਦਾ ਹੈ। ਉਹ ਸਾਡੇ ਗਲ ਵਿਚ ਆ ਪੈਣਗੇ, ਦੀਨਤਾ ਵਿਖਾਉਣਗੇ ਜਾਂ ਸ਼ਕਤੀ ਵਿਖਾਉਣਗੇ ॥੨੧॥

ਹਮ ਤੇ ਚਹਹਿਂ ਜਿਵਾਵਹੁ ਸੋਈ। ਪ੍ਰਭੁ ਕੇ ਸੰਗ ਸ਼ਰੀਕੀ ਹੋਈ।
ਪਰਮੇਸ਼ੁਰ ਕਰਮਨਿ ਫਲ ਦੇਯ। ਹਮ ਜਿਵਾਇ ਕਰ ਤਾਂਹਿ ਮਿਟੇਯ ॥ ੨੨ ॥

ਸਾਡੇ ਪਾਸੋਂ ਮੁਰਦੇ ਨੂੰ ਜਿਵਾਉਣਾ ਚਾਹੁਣਗੇ, ਇਹ ਤਾਂ ਪ੍ਰਭੂ ਜੀ ਦੇ ਨਾਲ ਸ਼ਰੀਕਾ ਹੋ ਜਾਵੇਗਾ। ਪ੍ਰਭੂ ਕਰਮਾਂ ਦਾ ਫਲ ਦਿੰਦਾ ਹੈ, ਅਸੀਂ ਜੀਵਤ ਕਰਕੇ ਉਸ ਦੇ ਫਲ ਨੂੰ ਮੇਟ ਦੇਵਾਂਗੇ॥੨੨॥

ਇਹ ਤੌ ਬਾਤ ਨ ਨੀਕੀ ਅਹੈ। ਮਰਹਿ ਜੁ ਫੇਰ ਜਿਯਨਿ ਕੋ ਲਹੈ।
ਹਮ ਨੇ ਨਹਿਂ ਕਰਿਈ ਇਹ ਕੈਸੇ। ਦੇਨੇ ਪ੍ਰਾਨ ਬਨਹਿਂ ਬਿਧਿ ਐਸੇ' ॥੨੩॥

ਇਹ ਗੱਲ ਚੰਗੀ ਨਹੀਂ ਹੈ, ਜਿਹੜਾ ਇਕ ਵਾਰ ਮਰ ਜਾਵੇ ਉਹ ਫਿਰ ਜੀਵਨ ਪ੍ਰਾਪਤ ਕਰ ਲਵੇ। ਅਸੀਂ ਤਾਂ ਇਹ ਕਿਸੇ ਤਰ੍ਹਾਂ ਵੀ ਨਹੀਂ ਕਰਾਂਗੇ, ਇਸ ਵਿਧੀ ਅਨੁਸਾਰ ਪ੍ਰਾਣ ਦੇਣੇ ਬਣਨਗੇ' ॥੨੩॥

ਇੱਤਯਾਦਿਕ ਬਹੁ ਗਟੀ ਬਿਚਾਰੈਂ। ਅਟਲਰਾਇ ਸੁਤ ਪਰ ਰਿਸ ਧਾਰੈਂ।
ਧਰੀ ਮੋਨ ਮੁਖ ਭਨੈਂ ਨ ਬੈਨ। ਕਿਸਿ ਕੀ ਦਿਸ਼ਾ ਨ ਕਰਤੇ ਨੈਨ॥ ੨੪॥

ਗੁਰੂ ਜੀ ਇਤਿਆਦਿ ਬਹੁਤ ਕੁਝ ਵਿਚਾਰ ਰਹੇ ਸਨ, ਆਪਣੇ ਪੁੱਤਰ ਅਟੱਲ ਰਾਏ ਉੱਤੇ ਬਹੁਤ ਕ੍ਰੋਧ ਧਾਰਨ ਕਰ ਰਹੇ ਸਨ। ਉਨ੍ਹਾਂ ਚੁੱਪ ਧਾਰਨ ਕਰ ਲਈ ਤੇ ਕੁਝ ਵੀ ਬੋਲਦੇ ਨਹੀਂ ਸਨ, ਕਿਸੇ ਪਾਸੇ ਵੀ ਆਪਣੇ ਨੈਣ ਨਹੀਂ ਸਨ ਕਰਦੇ॥੨੪॥

ਬੈਠੇ ਰਹੇ ਰਿਦੇ ਰਿਸ ਛਾਈ। ਮਨ ਮਹਿਂ ਗਿਨੈਂ 'ਨ ਇਹ ਭਲਿਆਈ।
ਅਬਿ ਅਮੋਹ ਹੁਇ ਜੋ ਨ ਹਟਾਵੈਂ। ਟਰਹਿਂ ਨ ਇਹ,ਪੁਨ ਅਪਰ ਜਿਆਵੈਂ॥੨੫॥

ਹਿਰਦੇ ਵਿਚ ਬੜਾ ਰੋਸ ਧਾਰ ਕੇ ਬੈਠੇ ਰਹੇ, ਆਪਣੇ ਮਨ ਵਿਚ ਗਿਣਤੀਆਂ ਕਰਦੇ ਸਨ, "ਇਹ ਭਲਾਈ ਦਾ ਕੰਮ ਨਹੀਂ ਹੈ, ਹੁਣ ਮੋਹ-ਰਹਿਤ ਹੋ ਕੇ ਜੇ ਨਹੀਂ ਹਟਾਵਾਂਗੇ, ਫਿਰ ਇਹ ਹਟੇਗਾ ਨਹੀਂ, ਫਿਰ ਹੋਰ ਜਿਵਾ ਦੇਵੇਗਾ॥੨੫॥

ਦੁਹ ਲੋਕਨਿ ਕੋ ਵਧਹਿ ਕਲੇਸ਼। ਭਲਿਆਈ ਕੋ ਨਾਂਹਿਨ ਲੇਸ਼।
ਰਿਸ ਮਹਿਂ ਬੈਠੇ ਘਟਿਕਾ ਚਾਰੀ। ਗੁਰੁ ਰੁਖ਼ ਲਖਿ ਨਹਿਂ ਕਿਨਹੁਂ ਉਚਾਰੀ॥੨੬॥

ਦੋਹਾਂ ਲੋਕਾਂ ਵਿਚ ਕਲੇਸ਼ ਵਧੇਗਾ ਤੇ ਇਸ ਵਿਚ ਥੋੜ੍ਹੀ ਜਿਹੀ ਵੀ ਵਡਿਆਈ ਨਹੀਂ ਹੈ।" ਰੋਸ ਧਾਰ ਕੇ ਚਾਰ ਘੰਟੇ ਬੈਠੇ ਰਹੇ, ਗੁਰੂ ਜੀ ਦਾ ਰੁਖ਼ ਸਮਝ ਕੇ ਕਿਸੇ ਨੇ ਵੀ ਕੁਝ ਨਾ ਕਿਹਾ॥੨੬॥

ਖੇਲਤਿ ਅਟਲ ਰਾਇ ਤਬਿ ਆਏ। ਕੰਚਨ ਕੇ ਭੂਖਨ ਤਨ ਪਾਏ।
ਖੂੰਡੀ ਕਰ ਮਹਿਂ ਧਾਰਨ ਕਰੀ। ਧੂਲ ਅਧਿਕ ਉਡਿ ਜਿਸ ਤਨ ਪਰੀ॥ ੨੭॥

ਫਿਰ ਅਟੱਲ ਰਾਇ ਜੀ ਖੇਡ ਕੇ ਆਏ, ਸਰੀਰ ਤੇ ਸੋਨੇ ਦੇ ਗਹਿਣੇ ਪਾਏ ਹੋਏ ਸਨ। ਹੱਥ ਵਿਚ ਖੂੰਡੀ ਫੜੀ ਹੋਈ ਸੀ ਤੇ ਬਹੁਤ ਧੂੜ ਉਡ ਕੇ ਸਰੀਰ ਤੇ ਪਈ ਹੋਈ ਸੀ॥੨੭॥

ਇਸ ਬਿਧਿ ਆਗੈ ਨੰਦਨ ਜੋਵਾ। ਬਿਨਾ ਸਨੇਹ ਕੋਪ ਉਰ ਹੋਵਾ।
ਨਮੋ ਕਰਤਿ ਕੋ ਬਾਕ ਬਖਾਨਾ। 'ਨਿਜ ਅਜ਼ਮਤਿ ਬਿਦਤਾਇ ਜਹਾਨਾ ? ॥੨੮॥

ਇਸ ਤਰ੍ਹਾਂ ਜਦ ਸਾਹਮਣੇ ਆਪਣੇ ਪੁੱਤਰ ਨੂੰ ਵੇਖਿਆ ਤੇ ਪਿਆਰ-ਰਹਿਤ ਗੁੱਸਾ ਦਿਲ ਵਿਚ ਭਰ ਗਿਆ। ਨਮਸਕਾਰ ਕਰਦੇ ਨੂੰ ਬਚਨ ਕੀਤਾ, "ਆਪਣੀ ਕਰਾਮਾਤ ਜੱਗ ਵਿਚ ਪ੍ਰਗਟ ਕੀਤੀ ਹੈ ?" ॥੨੮॥

ਜਰ ਨਹਿਂ ਸਕਹੁ ਓਜ ਨਿਜ ਅੰਤਰ ?। ਕਰਹੁ ਦਿਖਾਵਨਿ ਲਾਇ ਨਿਰੰਤਰ ?।
ਕਰਾਮਾਤ ਕੋ ਕਹਿਰ ਕਹੰਤੇ। ਸੋ ਤੈਂ ਕਰਤਿ, ਨ ਸਮੁਝਿ ਰਹੰਤੇ॥ ੨੯॥

ਆਪਣੇ ਅੰਦਰਲੀ ਸ਼ਕਤੀ ਨੂੰ ਜਰ ਨਹੀਂ ਸਕਦੇ ਹੋ ? ਸਦਾ ਇਸਨੂੰ ਦਿਖਾਉਂਦੇ ਰਹਿੰਦੇ ਹੋ ? ਕਰਾਮਾਤ ਕਹਿਰ ਦਾ ਨਾਂ ਹੈ, ਉਹ ਤੂੰ ਕਰਦਾ ਹੈਂ ਤੇ ਸਮਝਦਾ ਨਹੀਂ ਹੈਂ॥੨੯॥

ਇਸ ਕਰਿਬੇ ਕੋ ਫਲ ਅਬਿ ਇਹੀ। ਜੇ ਤੂੰ ਰਹੈਂ ਤ ਹਮ ਜਗ ਨਹੀਂ।
ਹਮ ਜੇ ਰਹੈਂ ਤ ਤੁਮ ਨਹਿਂ ਰਹੋ। ਇਹੀ ਬਾਕ ਅਬਿ ਸਾਚੋ ਲਹੋ॥ ੩੦॥

ਇਸ ਤਰ੍ਹਾਂ ਕਰਨ ਦਾ ਫਲ ਹੁਣ ਇਹੋ ਹੈ, ਜੇ ਤੂੰ ਰਹੇਂ ਤਾਂ ਅਸੀਂ ਜੱਗ ਵਿਚ ਨਹੀਂ ਰਹਾਂਗੇ। ਅਸੀਂ ਜੇ ਰਹੀਏ ਤਾਂ ਤੂੰ ਨਾ ਰਹੇਂ, ਇਹੋ ਬਚਨ ਹੁਣ ਸੱਚੇ ਸਮਝੋ''॥੩੦॥

ਸੁਨਿ ਸ੍ਰੀ ਅਟਲਰਾਇ ਗੁਰੁ ਬਚ ਕੋ। ਮਾਨਜੋ ਰਿਦੈ, ਕਰਜੋ ਚਹਿਂ ਸਚੁ ਕੋ।
ਹਾਥ ਜੋਰਿ ਜਿਮ ਸਨੁਮੁਖ ਖਰੇ। ਸਿਰ ਨਿਵਾਇ ਤਹਿਂ ਬੰਦਨ ਕਰੇ॥ ੩੧॥

ਸ੍ਰੀ ਅਟੱਲ ਰਾਇ ਨੇ ਗੁਰੂ ਜੀ ਦੇ ਬਚਨ ਸੁਣ ਕੇ, ਹਿਰਦੇ ਵਿਚ ਮੰਨ ਲਿਆ ਤੇ ਜੋ ਗੁਰੂ ਜੀ ਚਾਹੁੰਦੇ ਸੀ, ਉਸ ਨੂੰ ਸੱਚ ਕਰ ਦਿੱਤਾ। ਹੱਥ ਜੋੜ ਕੇ ਜਿਵੇਂ ਸਾਹਮਣੇ ਖੜੇ ਸੀ, ਸਿਰ ਨਿਵਾ ਕੇ ਉਥੇ ਬੰਦਨਾ ਕੀਤੀ॥੩੧॥

ਹਟਤਜੋਂ ਨਹੀਂ ਪੀਠ ਦਿਖਰਾਈ। ਪਾਛਲ ਪਾਇਨਿ ਚਲਿ ਸਹਿਸਾਈ।
ਨਹੀਂ ਨਿਕੇਤ ਗਮਨਿ ਕੋ ਕੀਨਾ। ਸੁਨਜੋ ਨ ਕਿਛੁ ਨਹਿਂ ਕਹਜੋ ਪ੍ਰਬੀਨਾ॥੩੨॥

ਪਿਛਾ ਹਟਦਿਆਂ ਪਿੱਠ ਨਹੀਂ ਵਿਖਾਈ, ਪਿਛਲੇ ਪੈਰੀਂ ਪਿਛੇ ਹੋ ਗਏ। ਆਪਣੇ ਘਰ ਨੂੰ ਨਹੀਂ ਗਏ। ਚਤੁਰ ਸ੍ਰੀ ਅਟੱਲ ਰਾਏ ਜੀ ਨੇ ਨਾ ਕੁਝ ਸੁਣਿਆ ਤੇ ਨਾ ਕੁਝ ਕਿਹਾ॥੩੨॥

ਧਰੇ ਮੌਨਿ ਕੌਲਾਂ ਕੇ ਤਾਲ। ਪ੍ਰਾਪਤਿ ਭਏ ਜਾਇ ਤਤਕਾਲ।
ਤਹਿਂ ਸ਼ਨਾਨ ਕਰਿ ਜਪੁਜੀ ਪਾਠ। ਦਰਭ ਡਸਾਇ ਸੁ ਆਸਨ ਠਾਠਿ॥ ੩੩॥

ਮੌਨ ਧਾਰ ਕੇ ਤੁਰਤ ਮਾਤਾ ਕੌਲਾਂ ਜੀ ਦੇ ਸਰੋਵਰ ਤੇ ਪਹੁੰਚ ਗਏ, ਉਥੇ ਇਸ਼ਨਾਨ ਕਰਕੇ ਜਪੁ ਜੀ ਸਾਹਿਬ ਦਾ ਪਾਠ ਕੀਤਾ, ਦੱਭ ਵਿਛਾ ਕੇ ਆਸਣ ਲਾ ਲਿਆ॥੩੩॥

*ਨੋਟ : ਇਥੇ ਇਹ ਵੇਖਣ ਤੇ ਸਮਝਣ ਵਾਲੀ ਗੱਲ ਹੈ ਕਿ ਸ੍ਰੀ ਅਟੱਲ ਰਾਇ ਪਾਸ ਉਸ ਸਮੇਂ ਦੱਭ ਕਿਥੋਂ ਆਈ। ਕਵੀ ਜੀ ਇੰਝ ਸਮਝਦੇ ਹਨ ਜਿਵੇਂ ਦੱਭ ਤੋਂ ਬਗੈਰ ਪ੍ਰਾਣ ਛੱਡਣਾ ਅਸੰਭਵ ਹੋਵੇ।*

ਕਰ ਖੂੰਡੀ ਸਿਰ ਨੀਚੇ ਧਰਿ ਕੈ। ਬਸਤ੍ਰ ਸਰੀਰ ਅਛਾਦਜੋ ਪਰਿਕੈ।
ਤਤਛਿਨ ਤਨ ਕੋ ਤਜਾਗਿ ਸਿਧਾਰੇ। ਜਜੋਂ ਉਦਾਰ ਨਰ ਕਰ ਤ੍ਰਿਣ ਡਾਰੇ॥੩੪॥

ਹੱਥ ਵਿਚ ਫੜੀ ਖੂੰਡੀ ਨੂੰ ਥੱਲੇ ਧਰ ਕੇ, ਸਰੀਰ ਨੂੰ ਇਕ ਕਪੜੇ ਨਾਲ ਢੱਕ ਲਿਆ, ਤੁਰਤ ਸਰੀਰ ਨੂੰ ਛੱਡ ਕੇ ਚਲੇ ਗਏ, ਜਿਵੇਂ ਉਦਾਰਚਿਤ ਮਨੁੱਖ ਹੱਥ ਵਿਚੋਂ ਤੀਲਾ ਸੁੱਟ ਦਿੰਦਾ ਹੈ॥੩੪॥

ਤਜਿ ਸੁਖੇਨ ਤਨ ਬੈਕੁੰਠ ਗਏ। ਜਹਿਂ ਮਦ ਕਾਮ ਕ੍ਰੋਧ ਨਹਿਂ ਭਏ।
ਉੱਤਮ ਪਦ ਮਹਿਂ ਜਾਇ ਸਮਾਏ। ਜਿਸ ਕੋ ਜੋਗੀ ਜਨ ਨਿਤ ਧਜਾਏ॥੩੫॥

ਆਸਾਨੀ ਨਾਲ ਸਰੀਰ ਛੱਡ ਕੇ, ਬੈਕੁੰਠ ਚਲੇ ਗਏ, ਜਿਥੇ ਕਾਮ ਕ੍ਰੋਧ ਅਤੇ ਅਹੰਕਾਰ ਨਹੀਂ ਹੈ। ਉੱਤਮ ਪਦਵੀ ਵਿਚ ਜਾ ਸਮਾਏ, ਜਿਸ ਪਦਵੀ ਦੀ ਪ੍ਰਾਪਤੀ ਵਾਸਤੇ ਜੋਗੀ ਲੋਕ ਨਿਤ ਅਰਾਧਣਾ ਕਰਦੇ ਹਨ॥੩੫॥

ਦਾਸ ਰਹਜੋ ਦੇਖਤਿ ਤਿਸ ਥਾਨ। ਨਾਂਹਿਨ ਜਾਨੀ ਤਜਾਗਤਿ ਪ੍ਰਾਨ।
ਜਬਿ ਮ੍ਰਿਤੁ ਭਯੋ ਦੇਖਿ ਬਿਸਮਾਯੋ। ਦੌਰਤਿ ਗੁਰੂ ਸੋਂ ਜਾਇ ਬਤਾਯੋ॥ ੩੬॥

ਸੇਵਕ ਉਸ ਥਾਂ ਵੇਖਦੇ ਰਹਿ ਗਏ, ਉਨ੍ਹਾਂ ਇਹ ਨਾ ਜਾਣਿਆ ਕਿ ਪ੍ਰਾਣ ਛੱਡ ਗਏ ਹਨ, ਜਦ ਮ੍ਰਿਤੂ ਵੇਖਿਆ ਤਾਂ ਬਹੁਤ ਹੈਰਾਨ ਹੋਏ ਤੇ ਦੌੜ ਕੇ ਗੁਰੂ ਜੀ ਨੂੰ ਜਾ ਦੱਸਿਆ॥੩੬॥

'ਥਿਰੇ ਜਾਇ ਤਟ ਕੌਲਾਂ ਤਾਲ। ਤਨ ਕੋ ਤਜਾਗਿ ਗਏ ਤਤਕਾਲ'।
ਸੁਨਿ ਸੁਧਿ ਉਠੇ ਗ਼ਰੀਬਨਿਵਾਜ। ਚਲੇ ਤਹਾਂ ਸੰਗ ਸਿੱਖ ਸਮਾਜ॥ ੩੭॥

"ਮਾਤਾ ਕੌਲਾਂ ਜੀ ਦੇ ਸਰੋਵਰ ਤੇ ਜਾ ਕੇ ਬੈਠ ਗਏ ਤੇ ਤਨ ਨੂੰ ਤਿਆਗ ਕੇ ਤੁਰਤ ਚਲੇ ਗਏ।" ਇਹ ਸੁਣ ਕੇ ਗੁਰੂ ਗਰੀਬ ਨਿਵਾਜ਼ ਜੀ ਉਠੇ ਤੇ ਸਾਰੇ ਸਿੱਖਾਂ ਨੂੰ ਨਾਲ ਲੈ ਕੇ ਓਧਰ ਚਲੇ ਗਏ॥੩੭॥

ਗਈ ਸਦਨ ਸੁਧਿ ਸੁਨਿ ਕਰਿ ਮਾਤਾ। ਸਭਿ ਰੋਦਤਿ ਛੋਰਤਿ ਜਲ ਤਾਤਾ।
ਮਾਤ ਨਾਨਕੀ ਮਹਤ ਪੁਕਾਰੀ। 'ਕਹਾਂ ਕਰਜੋ, ਹੇ ਸੁਤ ਅਵਤਾਰੀ !॥ ੩੮॥

ਜਦ ਇਹ ਖ਼ਬਰ ਘਰ ਵਿਚ ਪਹੁੰਚੀ ਤਾਂ ਸਾਰੀਆਂ ਮਾਤਾਵਾਂ ਸੁਣ ਕੇ ਰੋਂਦੀਆਂ ਸਨ ਤੇ ਅੱਖਾਂ ਵਿਚੋਂ ਗਰਮ ਜਲ ਵਹਾਉਂਦੀਆਂ ਸਨ। ਮਾਤਾ ਨਾਨਕੀ ਜੀ ਬਹੁਤ ਚੀਖ ਪੁਕਾਰ ਕਰਦੀ ਸੀ, ਕਹਿੰਦੀ ਸੀ, "ਇਹ ਤੂੰ ਕੀ ਕੀਤਾ ਹੈ, ਮੇਰੇ ਸ੍ਰੇਸ਼ਟ ਅਵਤਾਰ ਪੁੱਤਰ॥੩੮॥

ਮ੍ਰਿਤਕ ਜਿਵਾਵਨਿ ਸਮਰਥ ਤੇਰੀ। ਪਿਤ ਬਚ ਤੇ ਕਿਤ ਗਾ ਇਸ ਬੇਰੀ ?'।
ਸਭਿ ਪਰਵਾਰ ਗੁਰੂ ਕੇ ਆਯੋ। ਤਹਿਂ ਮਿਲਿ ਰੋਦਨਿ ਸ਼ਬਦ ਉਠਾਯੋ॥ ੩੯॥

ਮਰਿਆਂ ਹੋਇਆ ਨੂੰ ਤੇਰੇ ਵਿਚ ਜਿਵਾਉਣ ਦੀ ਸਮਰੱਥਾ ਸੀ ਤੇ ਪਿਤਾ ਜੀ ਦੇ ਬਚਨ ਸੁਣ ਕੇ ਇਸ ਸਮੇਂ ਕਿਥੇ ਚਲੇ ਗਿਆ ਹੈਂ? ਗੁਰੂ ਜੀ ਦਾ ਸਾਰਾ ਪਰਿਵਾਰ ਆਇਆ ਤੇ ਉਥੇ ਮਿਲ ਕੇ ਸਾਰੇ ਰੋਣ ਲੱਗ ਗਏ" ॥੩੯॥

ਮਾਤਾ ਪਿਤਾ ਨਾਨਕੀ ਜੋਊ। ਹਰੀਚੰਦ ਹਰਦੇਈ ਦੋਊ।
ਸੁਨਿ ਸੁਧਿ ਬਹੁ ਨਰ ਨਾਰਿ ਸਮੇਤਾ। ਹੇਰਜੋ ਅਵਿਨੀ ਪਰਜੋ ਅਚੇਤਾ॥ ੪੦॥

ਮਾਤਾ ਨਾਨਕੀ ਜੀ ਦੇ ਦੋਵੇਂ ਮਾਤਾ ਪਿਤਾ ਬਾਬਾ ਹਰੀਚੰਦ ਅਤੇ ਮਾਤਾ ਹਰਦੇਵੀ ਜੀ ਇਹ ਸੁਣ ਕੇ ਬਹੁਤ ਇਸਤਰੀ ਪੁਰਸ਼ਾਂ ਸਮੇਤ ਆਏ ਤੇ ਆਪਣੇ ਦੋਹਤੇ ਨੂੰ ਧਰਤੀ ਉਤੇ ਅਚੇਤ ਪਏ ਨੂੰ ਵੇਖਿਆ॥੪੦॥

ਸਕਲ ਕਰਹਿਂ ਬਿਰਲਾਪ ਘਨੇਰੇ। ਗੁਰੂ ਦੇਤਿ ਧੀਰਜ ਤਿਸ ਬੇਰੇ।
'ਦੇਵ ਗਤੀ ਐਸੇ ਹੀ ਜਾਨੋ। ਨਹਿਂ ਕਿਸ ਬਸਿ ਮਹਿਂ ਬਲੀ ਮਹਾਨੋ'॥ ੪੧॥

ਸਾਰੇ ਬਹੁਤ ਵਿਰਲਾਪ ਕਰ ਰਹੇ ਸਨ, ਉਸ ਸਮੇਂ ਗੁਰੂ ਜੀ ਸਭ ਨੂੰ ਧੀਰਜ ਦੇ ਰਹੇ ਸਨ, "ਪ੍ਰਭੂ ਦੀ ਮਰਜ਼ੀ ਅਨੁਸਾਰ ਉਸ ਇਸ ਤਰ੍ਹਾਂ ਹੀ ਜਾਣਾ ਸੀ ਕਿਸੇ ਦੇ ਵੱਸ ਵਿਚ ਨਹੀਂ ਸੀ, ਉਹ ਮਹਾਨ ਬਲੀ ਸੀ॥੪੧॥

ਚੰਦਨ ਕੇ ਬਹੁ ਭਾਰ ਮੰਗਾਏ। ਕਰਤਿ ਭਏ ਸਸਕਾਰ ਤਿਥਾਏਂ।
ਭਨੇ ਬਚਨ ਤੇ ਜਿਨ ਤਨੁ ਤਜਾਗਾ। ਦੀਨਿਸਿ ਬਰ, ਕਰਿ ਸੁਤ ਅਨੁਰਾਗਾ॥੪੨॥

ਚੰਦਨ ਦੀ ਬਹੁਤ ਲੱਕੜੀ ਮੰਗਵਾਈ ਤੇ ਸ੍ਰੀ ਅਟੱਲ ਰਾਏ ਜੀ ਦਾ ਓਥੇ ਹੀ ਸਸਕਾਰ ਕਰ ਦਿੱਤਾ। ਜਿਨ੍ਹਾਂ ਦੇ ਬਚਨਾਂ ਨਾਲ ਸ੍ਰੀ ਅਟੱਲ ਰਾਇ ਨੇ ਸਰੀਰ ਤਿਆਗਿਆ ਸੀ, ਉਹ ਹੀ ਆਪਣੇ ਪੁੱਤਰ ਨੂੰ ਬਹੁਤ ਪਿਆਰ ਕਰਕੇ ਵਰ ਦੇ ਰਹੇ ਸਨ॥੪੨॥

'ਰਾਮਦਾਸ ਪੁਰ ਬਸਹਿ ਬਡੇਰਾ। ਸਗਰੇ ਮਾਨ ਕਰਹਿਂਗੇ ਤੇਰਾ।
ਇਕ ਹਰਿਮੰਦਰ ਕੀ ਹੁਇ ਪੂਜਾ। ਪੁਨ ਪੂਜਹਿਂ ਤੇਰੋ ਥਲ ਦੂਜਾ॥ ੪੩॥

ਰਾਮਦਾਸ ਪੁਰ ਬਹੁਤ ਵੱਡਾ ਸ਼ਹਿਰ ਵਸੇਗਾ, ਸਾਰੇ ਨਗਰ ਨਿਵਾਸੀ ਤੇਰਾ ਬਹੁਤ ਮਾਣ ਕਰਨਗੇ। ਇਕ ਹਰਿਮੰਦਰ ਸਾਹਿਬ ਦੀ ਪੂਜਾ ਹੋਵੇਗੀ, ਫਿਰ ਦੂਸਰੇ ਨੰਬਰ ਤੇ ਤੇਰੇ ਥਾਂ ਦੀ ਪੂਜਾ ਕਰਨਗੇ॥੪੩॥

ਸਭਿ ਨਰ ਨਾਰੀ ਮਾਨਹਿਂ ਤੋਹੀ। ਦਰਸਹਿਂ ਪੂਰ ਕਾਮਨਾ ਹੋਹੀ।
ਮੰਦਰ ਕੰਚਨ ਕੇ ਹੁਇ ਸਨੈ। ਸਭਿ ਤੇ ਊਚ ਅਧਿਕ ਹੀ ਬਨੈ॥ ੪੪॥

ਸਭ ਇਸਤਰੀ ਪੁਰਸ਼ ਤੈਨੂੰ ਮੰਨਣਗੇ, ਤੇਰੇ ਦਰਸ਼ਨਾਂ ਨਾਲ ਹੀ ਸਾਰੀਆਂ ਕਾਮਨਾਵਾਂ ਪੂਰੀਆਂ ਹੋਣਗੀਆਂ। ਹੌਲੀ-ਹੌਲੀ ਤੇਰਾ ਗੁਰਦੁਆਰਾ ਸੋਨੇ ਦਾ ਬਣ ਜਾਵੇਗਾ, ਉਹ ਸਭ ਤੋਂ ਉੱਚਾ ਬਣੇਗਾ॥੪੪॥

ਜੀਵਤਿ ਇਤੇ ਨਹੀਂ ਬਿਦਤਾਵੈਂ। ਜਿਤੇ ਜਗਤ ਮਹਿਂ ਤੂੰ ਪ੍ਰਗਟਾਵੈਂ।
ਇਸ ਪੁਰਿ ਕੋ ਸੂਬਾ ਬਡ ਹੋਯੋ। ਤੋ ਸਮ ਨਹਿਂ ਪ੍ਰਤਾਪ ਕਿਸਿ ਜੋਯੋ ॥ ੪੫ ॥

ਜੀਊਂਦਿਆਂ ਏਨਾ ਪ੍ਰਗਟ ਨਹੀਂ ਸੀ ਹੋਣਾ, ਜਿੰਨਾ ਜਗਤ ਵਿਚ ਤੂੰ ਹੁਣ ਮਸ਼ਹੂਰ ਹੋਵੇਂਗਾ। ਤੂੰ ਇਸ ਨਗਰ ਦਾ ਵੱਡਾ ਸੂਬੇਦਾਰ ਬਣ ਗਿਆ ਹੈਂ, ਤੇਰੇ ਬਰਾਬਰ ਕਿਸੇ ਦਾ ਪ੍ਰਤਾਪ ਨਹੀਂ ਹੋਵੇਗਾ''॥੪੫॥

ਬਿਧੀਚੰਦ ਤਬਿ ਕਹਯੋ ਬਨਾਇ। 'ਥਾਨ ਇਕਾਂਕੀ ਇਹ ਲਖਿ ਪਾਇ।
ਨਹੀਂ ਨਿਕਟਿ ਕਿਹ ਅਪਰ ਸਥਾਨਾ'। ਸੁਨਿ ਸ੍ਰੀ ਹਰਿਗੋਵਿੰਦ ਬਖਾਨਾ ॥ ੪੬ ॥

ਬਿਧੀ ਚੰਦ ਨੇ ਫਿਰ ਬਣਾ ਕੇ ਕਿਹਾ, ''ਇਹ ਥਾਂ ਇਕੱਲਾ ਦਿਖਾਈ ਦਿੰਦਾ ਹੈ, ਇਸ ਦੇ ਨੇੜੇ ਕੋਈ ਹੋਰ ਸਥਾਨ ਨਹੀਂ ਹੈ।'' ਇਹ ਸੁਣ ਕੇ ਗੁਰੂ ਹਰਿਗੋਬਿੰਦ ਜੀ ਨੇ ਕਿਹਾ॥੪੬॥

'ਦੁਰਲਭ ਹੋਇ, ਪਾਇ ਹੈ ਕੋਈ। ਬ੍ਰਿੰਦ ਮ੍ਰਿਤਕ ਕੋ ਥਲ ਹੁਇ ਸੋਈ।
ਜੋ ਇਹ ਠਾਂ ਸ਼ਵ ਦਾਹਿ ਕਰਾਇ। ਅਟਲਰਾਇ ਤਿਹ ਬਨਹਿਂ ਸਹਾਇ' ॥ ੪੭ ॥

''ਇਹ ਸਥਾਨ ਦੁਰਲੱਭ ਹੋ ਜਾਵੇਗਾ ਤੇ ਕੋਈ-ਕੋਈ ਹੀ ਪਾ ਸਕੇਗਾ। ਕੁਝ ਮ੍ਰਿਤਕਾਂ ਦਾ ਇਹ ਸਥਾਨ ਹੋਵੇਗਾ, ਜਿਹੜਾ ਵੀ ਇਸ ਸਥਾਨ ਸਰੀਰ ਦਾ ਸਸਕਾਰ ਕਰੇਗਾ, ਸ੍ਰੀ ਅਟੱਲ ਰਾਇ ਉਨ੍ਹਾਂ ਦੇ ਸਹਾਇਕ ਬਣਨਗੇ''॥੪੭॥

ਇੱਤਜਾਦਿਕ ਬਰ ਕਹਿ ਕਰਿ ਬ੍ਰਿੰਦ। ਸਭਿ ਧ੍ਰਿਤਿ ਦੇ ਸ਼੍ਰੀ ਹਰਿ ਗੋਬਿੰਦ।
ਮ੍ਰਿਤਕ ਕ੍ਰਿਯਾ ਕਰਿਵਾਇ ਜੁ ਸਬੈ। ਸ਼ਬਦ ਰਬਾਬੀ ਗਾਯਹੁ ਤਬੈ॥ ੪੮ ॥

ਇਤਿਆਦਿ ਬਹੁਤ ਵਰ ਕਹਿ ਕੇ ਸ੍ਰੀ ਗੁਰੂ ਹਰਿਗੋਬਿੰਦ ਨੇ ਦ੍ਰਿੜ ਕਰਵਾਏ। ਸਭ ਪ੍ਰਕਾਰ ਦੀ ਮ੍ਰਿਤਕ ਕ੍ਰਿਆ ਕਰਵਾਈ ਤੇ ਫਿਰ ਰਬਾਬੀ ਸ਼ਬਦਾਂ ਦਾ ਗਾਇਣ ਕਰਨ ਲੱਗੇ॥੪੮॥

ਸੋਰਹਿ ਸਤਪਚਾਸੀਆ ਜਾਨਿ। ਬਦੀ ਅਸੋਜ ਸੁ ਦਸਮੀ ਮਾਨਿ।
ਅਟਲਰਾਇ ਨਿਜ ਸਦਨ ਪਯਾਨੇ। ਅਬਿ ਲੋ ਮਹਿਮਾ ਥਾਨ ਮਹਾਨੇ॥ ੪੯ ॥

ਅਸੂ ਵਦੀ ਦਸਮੀ ਸੰਮਤ ਸੋਲ੍ਹਾਂ ਸੌ ਪਚਾਸੀ ਨੂੰ ਸ੍ਰੀ ਅਟੱਲ ਰਾਇ ਜੀ ਆਪਣੇ ਨਿਜੀ ਘਰ ਚਲੇ ਗਏ, ਹੁਣ ਤਕ ਉਸ ਅਸਥਾਨ ਦੀ ਮਹਾਨ ਮਹਿਮਾ ਹੈ॥੪੯॥

*ਛੇਵੀਂ ਰਾਸ ਦਾ ਅਠਵੰਜਵਾਂ ਅਧਿਆਇ ਸਮਾਪਤ ਹੋਇਆ॥੫੮॥*

❖❖❖

# ਅਧਿਆਇ ਉਣਾਹਠਵਾਂ

*ਸ਼ੋਕ ਨਵਿਰਤੀ*

ਦੋਹਰਾ- ਕਰਿ ਸ਼ਨਾਨ ਸਤਿਗੁਰੂ ਅਏ ਬੈਠੇ ਲਾਇ ਦਿਵਾਨ।
ਸੁਨਿ ਸੁਨਿ ਸੁਧਿ ਅਚਰਜ ਕਰਤਿ 'ਕਜਾ ਹੁਇ ਗਈ ਮਹਾਨ' ॥ ੧ ॥

ਇਸ਼ਨਾਨ ਕਰਕੇ ਸਤਿਗੁਰੂ ਜੀ ਆ ਕੇ ਦੀਵਾਨ ਲਾ ਕੇ ਬੈਠ ਗਏ। ਇਹ ਖਬਰ ਸੁਣ ਸੁਣ ਕੇ ਲੋਕ ਹੈਰਾਨ ਰਹਿ ਜਾਂਦੇ ਸਨ ਤੇ ਕਹਿੰਦੇ ਸਨ, ''ਐਡੀ ਵੱਡੀ ਮਹਾਨ ਘਟਨਾ ਕਿਵੇਂ ਹੋ ਗਈ ਹੈ'' ॥੧॥

ਚੌਪਈ- ਪੁਰਿ ਜਨ ਊਚ ਨੀਚ ਤਬਿ ਆਏ। ਸਭਿ ਬੋਲਤਿ ਬਹੁ ਸ਼ੋਕ ਵਧਾਏ।
'ਮਹਾਂਰਾਜ ਇਹ ਗਤਿ ਕਜਾ ਕਰੀ ?। ਬਾਲ ਅਵਸਥਾ ਅਜਹੁਂ ਨ ਟਰੀ ॥੨ ॥

ਫਿਰ ਨਗਰ ਤੋਂ ਸਭ ਵੱਡੇ ਛੋਟੇ ਲੋਕ ਆਏ, ਸਾਰੇ ਬਹੁਤ ਦੁੱਖੀ ਹੋ ਕੇ ਬੋਲਦੇ ਸਨ, ''ਮਹਾਰਾਜ ਇਹ ਕੀ ਗਤੀ ਕੀਤੀ ਹੈ ? ਹਾਲੇ ਤਾਂ ਬਾਲ ਅਵਸਥਾ ਵੀ ਟਲੀ ਨਹੀਂ ਸੀ ਭਾਵ ਹਾਲੇ ਬਾਲ ਅਵਸਥਾ ਵੀ ਪੂਰੀ ਨਹੀਂ ਸੀ ਹੋਈ ॥੨॥

ਮਹਾਂ ਸ਼ਕਤਿ ਜੁਤਿ ਸਾਹਿਬਜ਼ਾਦੇ। ਸਭਿ ਪੁਰਿ ਜਨਨਿ ਦੇਤਿ ਅਹਿਲਾਦੇ।
ਸਕਲ ਬਾਲ ਕੇ ਸੰਗ ਫਿਰੰਤੇ। ਨਿਸ ਮਹਿਂ ਨੀਠਿ ਨੀਠਿ ਬਿਛੁਰੰਤੇ' ॥ ੩ ॥

ਸਾਹਿਬਜ਼ਾਦਾ ਜੀ ਵੱਡੀ ਸ਼ਕਤੀ ਸਹਿਤ ਸਨ, ਸਾਰੇ ਨਗਰ ਦੇ ਮਨੁੱਖਾਂ ਨੂੰ ਬਹੁਤ ਅਨੰਦ ਦਿੰਦੇ ਸਨ। ਸਾਰੇ ਬਾਲਾਂ ਦੇ ਨਾਲ ਫਿਰਦੇ ਸਨ, ਰਾਤ ਨੂੰ ਮਸੀਂ-ਮਸੀਂ ਵਿਛੜਦੇ ਸਨ'' ॥੩॥

ਇਤਜਾਦਿਕ ਬਚ ਕਹਤਿ ਸੁਨਾਵੈਂ। ਗੁਰੂ ਸਭਿਨਿ ਕੋ ਸੁਭ ਸਮੁਝਾਵੈਂ।
ਦੈਵਗਤੀ ਕੁਛ ਲਖੀ ਨ ਜਾਈ। ਜਿਸ ਕੇ ਬਸਿ ਤ੍ਰੈ ਲੋਕ ਸਦਾਈ ॥ ੪ ॥

ਇਤਿਆਦਿ ਬਚਨ ਕਹਿ ਕੇ ਸੁਣਾਉਂਦੇ ਸਨ, ਗੁਰੂ ਜੀ ਸਾਰਿਆਂ ਨੂੰ ਬੜੇ ਸ਼ੁਭ ਢੰਗ ਨਾਲ ਸਮਝਾਉਂਦੇ ਸਨ। ਪ੍ਰਭੂ ਦੀ ਗਤੀ ਕੁਝ ਜਾਣੀ ਨਹੀਂ ਜਾ ਸਕਦੀ, ਜਿਸ ਦੇ ਸਦਾ ਤਿੰਨ ਲੋਕ ਵੱਸ ਵਿਚ ਹਨ ॥੪॥

ਬਾਲਕ ਤਰੁਨ ਬ੍ਰਿੱਧ ਨਹਿਂ ਜਾਨੈਂ। ਬਲੀ ਨਿਬਲੀ ਏਕ ਸਮ ਮਾਨੈਂ।
ਸੋ ਕਿਮ ਮਿਟਹਿ ਦੈਵਗਤਿ ਨਜਾਰੀ। ਰਾਗ ਦ੍ਵੈਖ ਨਹਿਂ ਕਿਹ ਸੋਂ ਧਾਰੀ ॥੫ ॥

ਬਾਲਕ ਜਵਾਨ ਜਾਂ ਬੁੱਢਾ ਨਾ ਸਮਝੀਏ, ਬਲਵਾਨ ਤੇ ਬਲਹੀਣ ਇਕ ਬਰਾਬਰ ਮੰਨੀਏ। ਸੋ ਕਿਵੇਂ ਮਿਟੇ ਪ੍ਰਭੂ ਦੀ ਗਤੀ ਨਿਆਰੀ ਹੈ। ਉਹ ਕਿਸੇ ਨੂੰ ਵੀ ਪ੍ਰੇਮ ਜਾਂ ਈਰਖਾ ਨਹੀਂ ਕਰਦੇ ॥੫॥

ਤਿਸ ਕੋ ਜਾਨਿ ਸ਼ੋਕ ਕਜਾ ਧਰੀਅਹਿ। ਬੁਧਿ ਅਰੁ ਬਲ ਕਰਿ ਜੋ ਨ ਪ੍ਰਹਰੀਅਹਿ'।
ਦੁਖੀ ਨਾਨਕੀ ਅਧਿਕ ਸਭਿਨਿ ਤੇ। ਪਜਾਰੋ ਪਰਮ ਪੁੱਤ੍ਰ ਗੁਨ ਭਨਤੇ ॥੬ ॥

ਉਸ ਨੂੰ ਜਾਣ ਕੇ ਕੀ ਦੁੱਖ ਧਾਰਨ ਧਰੀਏ, ਬੁਧੀ ਅਤੇ ਬਲ ਕਰਕੇ ਜਿਸ ਨੂੰ ਦੂਰ ਨਹੀਂ ਕੀਤਾ ਜਾ ਸਕਦਾ।'' ਮਾਤਾ ਨਾਨਕੀ ਜੀ ਸਭ ਤੋਂ ਦੁੱਖੀ ਹਨ, ਪਰਮ ਪਿਆਰੇ ਪੁੱਤਰ ਦੇ ਗੁਣ ਕਹਿੰਦੇ ਹਨ ॥੬॥

ਪ੍ਰਤਿਪਾਰਤਿ ਨਿਤ ਹੇਰਤਿ ਰਹੈ। ਕਰਤਿ ਦੁਲਾਰ ਮੋਦ ਕੋ ਲਹੈ।
ਬਹੁ ਦੁਖ ਪਾਇ ਰੁਦਤਿ ਬਿਰਲਾਪਹਿ। ਸਭਿ ਤ੍ਰਿਯ ਮਹਿਂ ਗੁਨ ਸਿਮਰਿ ਕਲਾਪਹਿ॥੭॥

ਪਾਲਣਾ ਕਰਨ ਸਮੇਂ ਨਿਤ ਵੇਖਦੇ ਰਹੇ ਤੇ ਬਹੁਤ ਪ੍ਰਸੰਨ ਹੋ ਕੇ ਲਾਡ ਲਡਾਉਂਦੇ ਸਨ। ਬਹੁਤ ਦੁੱਖ ਪਾ ਕੇ ਵਿਰਲਾਪ ਕਰਦੇ ਸਨ, ਸਾਰੀਆਂ ਇਸਤਰੀਆਂ ਵਿਚ ਗੁਣ ਯਾਦ ਕਰਕੇ ਕਲਪਦੇ ਸਨ॥੭॥

ਸਭਿ ਦਮੋਦਰੀ ਆਦਿਕ ਜੇਈ। ਕਹਿ ਕਹਿ ਧੀਰ ਦੇਤਿ ਬਹੁ ਤੇਈ।
ਤਊ ਸਨੇਹ ਮਹਾਂ ਦੁਖਵੰਤੀ। ਸੁਤ ਕੋ ਸਿਮਰਤਿ ਸ਼ੋਕ ਵਧੰਤੀ॥ ੮॥

ਸਾਰੀਆਂ ਦਮੋਦਰੀ ਆਦਿ ਜੋ ਸਨ, ਕਹਿ ਕਹਿ ਬਹੁਤ ਧੀਰਜ ਦੇ ਰਹੀਆਂ ਸਨ, ਫਿਰ ਵੀ ਬਹੁਤ ਪਿਆਰ ਸੀ ਇਸ ਕਰਕੇ ਮਹਾਨ ਦੁਖੀ ਸੀ, ਪੁੱਤਰ ਨੂੰ ਯਾਦ ਕਰਕੇ ਦੁੱਖ ਵਧਾਉਂਦੀ ਸੀ॥੮॥

ਨਿਸ ਮਹਿਂ ਸਤਿਗੁਰੂ ਸੁਨਿ ਸੁਧਿ ਸਾਰੀ। ਹਿਤ ਧੀਰਜ ਕੇ ਗਿਰਾ ਉਚਾਰੀ।
'ਹੇ ਸੁਮਤੇ! ਨਹਿਂ ਸੰਕਟ ਪਾਵਹੁ। ਹੁਤੀ ਇਸੀ ਬਿਧਿ, ਨਹਿਂ ਪਛੁਤਾਵਹੁ॥੯॥

ਰਾਤ ਨੂੰ ਸਤਿਗੁਰੂ ਜੀ ਨੇ ਸਾਰੀ ਖ਼ਬਰ ਸੁਣ ਕੇ ਧੀਰਜ ਦੇਣ ਵਾਸਤੇ ਬਚਨ ਕੀਤੇ, "ਹੇ ਸ੍ਰੇਸ਼ਟ ਮੱਤ ਵਾਲੀ! ਦੁੱਖ ਨਾ ਪਾਵੇ, ਇਸੇ ਵਿਧੀ ਅਨੁਸਾਰ ਹੋਣਾ ਸੀ, ਨਾ ਪਛਤਾਵੇ॥੯॥

ਜਥਾ ਪ੍ਰਤਾਪ ਜਿਯਤ ਕੋ ਹੋਤਿ। ਤਿਸ ਤੇ ਅਬਹਿ ਬਿਸਾਲ ਉਦੋਤਿ।
ਅਟਲਰਾਇ ਹੈ ਅਟਲ ਸਦਾਈ। ਦਿਨ ਪ੍ਰਤਿ ਵਧਹਿ ਅਧਿਕ ਬਡਿਆਈ॥੧੦॥

ਜਿੰਨਾ ਪ੍ਰਤਾਪ ਜੀਉਂਦੇ ਦਾ ਹੋਣਾ ਸੀ, ਉਸ ਨਾਲੋਂ ਕਿਤੇ ਵੱਡਾ ਪ੍ਰਤਾਪ ਹੁਣ ਪ੍ਰਗਟ ਹੋਵੇਗਾ। ਅਟੱਲ ਰਾਇ ਸਦਾ ਹੀ ਅਟੱਲ ਹੈ, ਪ੍ਰਤਿ ਦਿਨ ਉਸ ਦੀ ਬਹੁਤ ਵਡਿਆਈ ਵਧੇਗੀ॥੧੦॥

ਇੱਤਜਾਦਿਕ ਕਹਿ ਬਹੁ ਸਮੁਝਾਈ। ਸਨਬੰਧਨਿ ਕੈ ਸੁਧਿ ਪਹੁਂਚਾਈ।
ਸਹਤ ਭਾਰਜਾ ਤੇਹਣ ਆਏ। ਗੋਇੰਦਵਾਲ ਜਿਤੇ ਸਮੁਦਾਏ॥ ੧੧॥

ਇੱਤਿਆਦਿ ਕਹਿ ਕੇ ਬਹੁਤ ਸਮਝਾਇਆ ਤੇ ਸਾਰੇ ਸੰਬੰਧੀਆਂ ਨੂੰ ਖ਼ਬਰ ਪਹੁੰਚਾਈ। ਆਪਣੀਆਂ ਪਤਨੀਆਂ ਸਮੇਤ ਤ੍ਰੇਹਣ ਆਏ ਤੇ ਗੋਇੰਦਵਾਲ ਦੇ ਸਾਰੇ ਸੰਬੰਧੀ ਵੀ ਇਕੱਠੇ ਹੋ ਕੇ ਆਏ॥੧੧॥

ਆਇ ਨਰਾਇਣ ਦਾਸ ਸਦਾਰਾ। ਤ੍ਰਿਯਾ ਸਹਤ ਮਿਲ ਆਯਹੁ ਦ੍ਵਾਰਾ।
ਲੇ ਰਾਮੋ ਸੰਗ ਸਾਈਂ ਦਾਸ। ਰਾਮਾ ਆਇ ਭਾਰਜਾ ਪਾਸ॥ ੧੨॥

ਸ੍ਰੀ ਨਰਾਇਣ ਦਾਸ ਵੀ ਆਪਣੀ ਇਸਤਰੀ ਸਹਿਤ ਆਏ, ਭਾਈ ਦਵਾਰਾ ਵੀ ਆਪਣੀ ਇਸਤਰੀ ਸਮੇਤ ਆਇਆ। ਬੀਬੀ ਰਾਮੋਂ ਨੂੰ ਨਾਲ ਲੈ ਕੇ ਸਾਈਂਦਾਸ ਆਇਆ ਤੇ ਭਾਈ ਰਾਮਾ ਆਪਣੀ ਇਸਤਰੀ ਦੇ ਨਾਲ ਆਇਆ॥੧੨॥

ਜਿਤ ਕਿਤ ਤੇ ਸੁਨਿ ਸਭਿ ਚਲਿ ਆਏ। ਸ੍ਰੀ ਗੁਰਦਿੱਤਾ ਜਬਿ ਸੁਧਿ ਪਾਏ।
ਸ਼ੋਕ ਕਰਤਿ ਚਾਲੇ ਸਹਿਸਾਏ। ਅੰਮ੍ਰਿਤਸਰ ਕੇ ਪੰਥ ਸਿਧਾਏ॥ ੧੩॥

ਜਿਥੋਂ ਕਿਥੋਂ ਸਭ ਸੁਣ ਕੇ ਚਲ ਕੇ ਆਏ। ਜਦ ਸ੍ਰੀ ਗੁਰਦਿੱਤੇ ਨੂੰ ਖ਼ਬਰ ਮਿਲੀ ਤਾਂ ਉਹ ਬਹੁਤ ਦੁਖੀ ਹੋ ਕੇ ਆਪਣੀ ਪਤਨੀ ਸਹਿਤ ਤੁਰਤ ਚਲ ਪਿਆ ਤੇ ਅੰਮ੍ਰਿਤਸਰ ਦੇ ਰਾਹੇ ਪੈ ਗਿਆ॥੧੩॥

ਨੱਤੀ ਲਿਏ ਧੀਰਮਲ ਗੋਦ। ਆਇ ਸੁਧਾਸਰ ਹੀਨ ਪ੍ਰਮੋਦ।
ਗੁਰ ਘਰ ਮਹਿਂ ਭਾ ਰੁਦਨ ਬਿਸਾਲਾ। ਪੀਟਤਿ ਮਿਲੀ ਜਾਲ ਹੀ ਬਾਲਾ॥੧੪॥

ਧੀਰ ਮਲ ਨੂੰ ਗੋਦ ਵਿਚ ਲੈ ਕੇ ਉਹ ਬੜੇ ਉਦਾਸ ਹੋ ਕੇ ਅੰਮ੍ਰਿਤਸਰ ਆਏ। ਗੁਰੂ ਘਰ ਵਿਚ ਬਹੁਤ ਰੋ ਰਹੇ ਸਨ ਤੇ ਬਹੁਤ ਇਸਤਰੀਆਂ ਪਿੱਟਦੀਆਂ ਮਿਲੀਆਂ॥੧੪॥

*ਨੋਟ : ਸ੍ਰੀ ਅਟੱਲ ਰਾਇ ਜੀ ਆਪਣੀ ਮਰਜ਼ੀ ਨਾਲ ਪ੍ਰਭੂ ਵਿਚ ਸਮਾ ਗਏ, ਉਨ੍ਹਾਂ ਵਿਚ ਮੁਰਦੇ ਨੂੰ ਜੀਵਤ ਕਰਨ ਦੀ ਸ਼ਕਤੀ ਸੀ। ਐਸੇ ਪ੍ਰਭੂ ਰੂਪ ਬਾਲਕ ਦੇ ਘਰ ਵਿਚ 'ਰੁਦਨ ਬਿਸਾਲਾ' ਤੇ 'ਪੀਟਤਿ ਬਾਲਾ' ਦੀ ਸੰਭਾਵਨਾ ਕਰਨਾ ਗੁਰੂ ਘਰ ਦੀ ਮਰਿਆਦਾ ਦੇ ਵਿਰੁੱਧ ਹੈ।*

ਮ੍ਰਿਤੁ ਕਾਰਨ ਕੋ ਸੁਨਿ ਨਰ ਨਾਰੀ। ਅਜ਼ਮਤਵੰਤ ਜਾਨਿ ਕਰਿ ਭਾਰੀ।
'ਮਹਾਂ ਵਲੀ ਹੋਵਤਿ ਜਗ ਮਾਂਹੀ। ਕਹੀਯਹਿ ਕਹਾਂ ਜਿਯੋ ਸੋ ਨਾਂਹੀ' ॥੧੫॥

ਇਸਤਰੀ ਪੁਰਸ਼ ਮ੍ਰਿਤੂ ਦੇ ਕਾਰਨ ਬਾਰੇ ਸੁਣਕੇ ਇਹ ਜਾਣਦੇ ਸਨ ਕਿ ਅਟੱਲ ਰਾਇ ਨੇ ਜਗਤ ਵਿਚ ਭਾਰੀ ਪ੍ਰਤਾਪ ਵਾਲਾ ਹੋਣਾ ਸੀ। ਜਿਸ ਕਰਕੇ ਉਹ ਕਹਿੰਦੇ ਸਨ, "ਇਸ ਜੱਗ ਵਿਚ ਉਹ ਮਹਾਂਬਲੀ ਹੁੰਦੇ, ਜਿਸ ਵਰਗਾ ਦੁਨੀਆਂ ਵਿਚ ਕਿਤੇ ਵੀ ਨਾ ਹੁੰਦਾ" ॥੧੫॥

ਅਧਿਕ ਸ਼ੋਕ ਘਰ ਮਹਿਂ ਜਬਿ ਭਯੋ। ਤਬਿ ਗੁਰਦਾਸ ਗੁਰੂ ਪਠਿ ਦਯੋ।
ਜਾਇ ਸਭਿਨਿ ਕੋ ਧੀਰਜ ਦੀਨਾ। 'ਨਹਿਂ ਰੁਦਨਹੁਂ ਕਰਿ ਬਦਨ ਮਲੀਨਾ ॥੧੬॥

ਜਦ ਘਰ ਵਿਚ ਬਹੁਤ ਦੁੱਖ ਵਧ ਗਿਆ, ਤਦ ਗੁਰੂ ਜੀ ਨੇ ਭਾਈ ਗੁਰਦਾਸ ਨੂੰ ਭੇਜਿਆ। ਉਸ ਨੇ ਜਾ ਕੇ ਸਭ ਨੂੰ ਧੀਰਜ ਦਿੱਤਾ ਤੇ ਕਿਹਾ, "ਮੁਖ ਮਲੀਨ ਕਰਕੇ ਨਾ ਰੋਵੋ" ॥੧੬॥

ਜਗ ਖੇਤੀ ਇਹ ਪ੍ਰਭੁ ਕਰੀ ਹੈ। ਕਾਚੀ ਗਦਰੀ ਪਾਕ ਖਰੀ ਹੈ।
ਜਿਸ ਕੋ ਚਹੈ ਬਾਢ ਕਰਿ ਲੇਤਿ। ਇਸ ਕੋ ਸ਼ੋਕ ਕਰਹਿ ਕਿਸ ਹੇਤੁ॥ ੧੭॥

ਇਹ ਜਗਤ ਪ੍ਰਭੂ ਦੀ ਖੇਤੀ ਹੈ, ਜੋ ਕੱਚੀ, ਗਦਰੀ, ਪੱਕੀ ਖੜੀ ਹੈ, ਜਿਸ ਨੂੰ ਜਦ ਚਾਹੇ ਵੱਢ ਲੈਂਦਾ ਹੈ, ਇਸ ਬਾਰੇ ਕਿਸ ਕਰਕੇ ਸ਼ੋਕ ਕਰੀਏ॥੧੭॥

ਸਗਰੇ ਆਪੋ ਅਪਨੀ ਵਾਰੀ। ਜਾਤਿ ਚਲੇ ਕੋ ਧੀਰ ਨ ਧਾਰੀ।
ਗੁਰ ਕੇ ਘਰ ਮਹਿਂ ਸ਼ੋਕ ਬਿਸਾਲਾ। ਚਹਿਯਤਿ ਨਹੀਂ, ਰਹੈ ਚਿਰਕਾਲਾ ॥੧੮॥

ਸਾਰਿਆਂ ਨੇ ਆਪਣੀ-ਆਪਣੀ ਵਾਰੀ ਚਲੇ ਜਾਣਾ ਹੈ, ਸਭ ਚਲੇ ਜਾਂਦੇ ਹਨ ਕੋਈ ਅਟਕਦਾ ਨਹੀ ਹੈ। ਗੁਰੂ ਘਰ ਵਿਚ ਵਿਸ਼ਾਲ ਸ਼ੋਕ ਬਹੁਤ ਦੇਰ ਤਕ ਨਹੀਂ ਰਹਿਣਾ ਚਾਹੀਦਾ॥੧੮॥

ਕਹਾਂ ਭਯੋ ਤਨ ਤਜਾਗਿ ਸਿਧਾਰੇ। ਗੁਰ ਬਚ ਤੇ ਨਿਤ ਜਿਯਬੋ ਧਾਰੇ।
ਨਾਮ ਪ੍ਰਤਾਪ ਸੁਜਸੁ ਸਦ ਕਾਲਾ। ਰਹਜੋ ਅਟਲ ਜਗ ਬਿਦਤਿ ਬਿਸਾਲਾ ॥੧੯॥

ਕੀ ਹੋਇਆ, ਤਨ ਤਿਆਗ ਕੇ ਚਲੇ ਗਏ ਹਨ, ਗੁਰੂ ਜੀ ਦੇ ਬਚਨਾਂ ਨਾਲ ਨਿਤ ਪ੍ਰਾਣੀ ਜੀਵਨ ਧਾਰਦੇ ਹਨ। ਉਨ੍ਹਾਂ ਦਾ ਨਾਮ ਪ੍ਰਤਾਪ ਸਦਾ ਸ੍ਰੇਸ਼ਟ ਰਹੇਗਾ, ਜਗਤ ਵਿਚ ਅਟੱਲ ਰਾਇ ਦਾ ਨਾਮ ਵਿਸ਼ਾਲ ਪ੍ਰਗਟ ਹੋਵੇਗਾ" ॥੧੯॥

ਮ੍ਰਿਦੁਲ ਬਾਕ ਕਹਿ ਕਹਿ ਗੁਰਦਾਸ। ਧੀਰ ਧਰਾਈ ਸ਼ੋਕ ਬਿਨਾਸ਼ਿ।
ਦਿਵਸਿ ਤੇਰ੍ਹਵੀ ਕੋ ਤਬਿ ਆਯੋ। ਪੰਚਾਂਮ੍ਰਿਤ ਬਹੁਤ ਕਰਿਵਾਯੋ॥ ੨੦॥

ਭਾਈ ਗੁਰਦਾਸ ਜੀ ਨੇ ਬੜੇ ਮਿੱਠੇ ਬਚਨ ਬੋਲ-ਬੋਲ ਕੇ ਸ਼ੋਕ ਦੂਰ ਕਰਕੇ ਧੀਰਜ ਧਰਾਇਆ। ਫਿਰ ਤੇਰ੍ਹਵੀਂ ਦਾ ਦਿਹਾੜਾ ਆਇਆ, ਉਸ ਦਿਨ ਬਹੁਤ ਕੜਾਹ ਪ੍ਰਸ਼ਾਦਿ ਤਿਆਰ ਕਰਵਾਇਆ॥੨੦॥

ਭੋਗ ਗ੍ਰਿੰਥ ਸਾਹਿਬ ਕੋ ਪਾਇ। ਬਹੁਰ ਰਬਾਬੀ ਚੌਂਕੀ ਗਾਇ।
ਪੋਸ਼ਿਸ਼ ਬਹੁ ਮੋਲੀ ਬਨਿਵਾਈ। ਪੁੱਤ੍ਰ ਹੇਤੁ ਅਰਦਾਸ ਕਰਾਈ॥ ੨੧॥

ਸ੍ਰੀ ਗ੍ਰੰਥ ਸਾਹਿਬ ਦਾ ਭੋਗ ਪਾਇਆ, ਫਿਰ ਰਬਾਬੀ ਚੌਂਕੀ ਗਾਉਣ ਲੱਗੇ। ਬਹੁਤ ਕੀਮਤੀ ਪੋਸ਼ਾਕ ਬਣਵਾਈ ਤੇ ਪੁੱਤਰ ਹੇਤ ਅਰਦਾਸ ਕਰਵਾਈ॥੨੧॥

ਸਭਿ ਮਹਿਂ ਪੰਚਾਂਮ੍ਰਿਤ ਬਰਤਾਯੋ। ਸ਼ੋਕ ਸਦਨ ਤੇ ਸਕਲ ਨਸਾਯੋ।
ਗੁਰ ਘਰ ਕੀ ਮਰਜਾਦਾ ਜੇਤੀ। ਸਤਿਗੁਰੁ ਕਰਵਾਇਸਿ ਤਬਿ ਤੇਤੀ॥ ੨੨॥

ਫਿਰ ਸਭ ਵਿਚ ਕੜਾਹ ਪ੍ਰਸਾਦਿ ਵਰਤਾਇਆ, ਘਰ ਵਿਚੋਂ ਸਾਰੇ ਸ਼ੋਕ ਨੂੰ ਦੂਰ ਕੀਤਾ। ਗੁਰੂ ਘਰ ਦੀ ਜਿਹੜੀ ਵੀ ਮਰਯਾਦਾ ਸੀ, ਸਤਿਗੁਰੂ ਜੀ ਨੇ ਸਾਰੀ ਕਰਵਾਈ॥੨੨॥

ਅਗਲੇ ਦਿਵਸ ਬਿਸਰਜਨ ਕਰੇ। ਅਟਲਰਾਇ ਹਿਤ ਆਇ ਜੁ ਬਰੇ।
ਤ੍ਰਿਯ ਜੁਤਿ ਦਾਸ ਨਰਾਇਣ ਗਯੋ। ਪੁਰਿ ਡੱਲੇ ਜਸ ਉਚਰਤਿ ਭਯੋ॥ ੨੩॥

ਅਗਲੇ ਦਿਨ ਸਾਰਿਆਂ ਨੂੰ ਵਿਦਾ ਕੀਤਾ, ਅਟੱਲ ਰਾਇ ਵਾਸਤੇ ਜਿਹੜੇ ਅਫਸੋਸ ਕਰਨ ਆਏ ਸਨ। ਆਪਣੀ ਇਸਤਰੀ ਸਹਿਤ ਨਰਾਇਣ ਦਾਸ ਚਲੇ ਗਿਆ। ਡੱਲੇ ਨਗਰ ਵਿਚ ਜਾ ਕੇ ਜੱਸ ਕਰਦੇ ਸਨ॥੨੩॥

ਦ੍ਵਾਰਾ ਭਾਗਣ ਸਹਤ ਸਿਧਾਰਾ। ਗੁਰੂ ਅਮਰ ਕੋ ਬੰਸ ਪਧਾਰਾ।
ਤੇਹਣ ਗਏ ਖਡੂਰ ਮਝਾਰੀ। ਰਾਮਾ ਗਮਨਯੋ ਲੇ ਨਿਜ ਨਾਰੀ॥ ੨੪॥

ਭਾਈ ਦਵਾਰਾ ਆਪਣੀ ਪਤਨੀ ਭਾਗਣ ਸਮੇਤ ਚਲਾ ਗਿਆ। ਗੁਰੂ ਅਮਰਦਾਸ ਦਾ ਵੰਸ਼ ਵੀ ਚਲਾ ਗਿਆ। ਸਾਰੇ ਤ੍ਰੇਹਣ ਖਡੂਰ ਸਾਹਿਬ ਚਲੇ ਗਏ। ਭਾਈ ਰਾਮਾ ਵੀ ਆਪਣੀ ਇਸਤਰੀ ਨੂੰ ਲੈ ਕੇ ਚਲਾ ਗਿਆ॥੨੪॥

ਇਨ ਤੇ ਆਦਿ ਜੁ ਆਵਤਿ ਭਏ।। ਗੁਰ ਸੋਂ ਮਿਲਿ ਮਿਲਿ ਨਿਜ ਘਰ ਗਏ।
ਸਭਿ ਹੀ ਸੁਨਿ ਸੁਨਿ ਅਚਰਜ ਗਾਥਾ। 'ਸਿਸ ਜੀਵਾਯਸਿ ਅਜ਼ਮਤ ਸਾਥਾ॥੨੫॥

ਇਨ੍ਹਾਂ ਤੋਂ ਉਪਰੰਤ ਜਿਹੜੇ ਹੋਰ ਵੀ ਆਏ ਸਨ, ਗੁਰੂ ਜੀ ਨੂੰ ਮਿਲ-ਮਿਲ ਆਪਣੇ ਘਰਾਂ ਨੂੰ ਚਲੇ ਗਏ। ਸਾਰੇ ਹੀ ਅਸਚਰਜ ਕਥਾ ਸੁਣ-ਸੁਣ ਕੇ ਕਹਿ ਰਹੇ ਸਨ, "ਬਾਲਕ ਨੂੰ ਆਪਣੀ ਕਰਾਮਾਤ ਨਾਲ ਜਿਵਾਇਆ॥੨੫॥

ਪਿਤਾ ਰਿਸਯੋ ਜਬਿ ਹੇਰਨਿ ਕੀਨਾ। ਅਪਨੋ ਤਨ ਤਬਿ ਤਯਾਗਨਿ ਕੀਨਾ।
ਮਹਾਂ ਪੁਰਖ ਪੂਰਨ ਅਸ ਕੋਈ। ਬਾਲ ਬੈਸ ਅਸ ਅਜ਼ਮਤ ਹੋਈ'॥ ੨੬॥

ਪਿਤਾ ਜੀ ਗੁੱਸੇ ਹੋਏ ਜਦ ਇਹ ਵੇਖਿਆ, ਇਹ ਸੁਣ ਕੇ ਆਪਣਾ ਸਰੀਰ ਛੱਡ ਦਿੱਤਾ। ਕੋਈ ਪੂਰਨ ਮਹਾਂਪੁਰਖ ਹੀ ਐਸਾ ਹੋ ਸਕਦਾ ਹੈ, ਬਾਲ ਉਮਰ ਵਿਚ ਹੀ ਐਸੀ ਕਰਾਮਾਤ ਪਾਈ'॥੨੬॥

ਕਹਹਿਂ ਸੁਨਹਿਂ ਬਿਸਮਹਿਂ ਇਮ ਸਾਰੇ। ਨਿਜ ਨਿਜ ਪੁਰਿ ਅਰੁ ਗ੍ਰਾਮ ਉਚਾਰੇ।
ਕੇਤਿਕ ਕਹੈਂ 'ਸਭਿਨਿ ਤੇ ਭਾਰੀ। ਗਾਦੀ ਸ਼੍ਰੀ ਨਾਨਕ ਸੁਖਕਾਰੀ॥ ੨੭॥

ਇਸ ਤਰ੍ਹਾਂ ਕਹਿ ਸੁਣ ਕੇ ਸਾਰੇ ਹੈਰਾਨ ਹੁੰਦੇ ਸਨ, ਆਪਣੇ ਨਿਜ ਨਿਜ ਪਿੰਡਾਂ ਅਤੇ ਘਰਾਂ ਵਿਚ ਇਸ ਤਰ੍ਹਾਂ ਉਚਾਰਨ ਕਰਦੇ ਸਨ। ਕਈ ਕਹਿੰਦੇ ਸਨ, "ਗੁਰੂ ਨਾਨਕ ਦੇਵ ਜੀ ਸੁਖਕਾਰੀ ਗੱਦੀ ਸਭ ਤੋਂ ਭਾਰੀ ਹੈ"॥੨੭॥

ਜਿਨ ਕੇ ਸਮ ਜਗ ਭਯੋ ਨ ਕੋਈ। ਦਾਸ ਘਨੇ ਅਜ਼ਮਤਿ ਜੁਤਿ ਹੋਈ।
ਲਾਖਹੁਂ ਭਗਤਿ ਗਯਾਨ ਜੁਤਿ ਹ੍ਵੈ ਕੈ। ਲਹਯੋ ਪਰਮ ਪਦ ਗੁਰਮਤਿ ਪੈ ਕੈ॥੨੮॥

ਜਿਸ ਦੇ ਬਰਾਬਰ ਜਗਤ ਵਿਚ ਹੋਰ ਕੋਈ ਨਹੀਂ ਹੋਇਆ ਹੈ, ਬਹੁਤ ਸੇਵਕ ਵੀ ਕਰਾਮਾਤ ਸਹਿਤ ਹੋਏ ਹਨ। ਲੱਖਾਂ ਭਗਤਾਂ ਨੇ ਗਿਆਨ ਸਹਿਤ ਹੋ ਕੇ ਗੁਰਮਤਿ ਦੇ ਰਾਹ ਪੈ ਕੇ ਪਰਮ ਪਦਵੀ ਪ੍ਰਾਪਤ ਕੀਤੀ ਹੈ॥੨੮॥

ਦਾਸ ਦਾਸ ਕੇ ਦਾਸ ਬਿਸਾਲੇ। ਤਿਸ ਘਰ ਕੇ ਭੇ ਅਜ਼ਮਤਿ ਵਾਲੇ।
ਕਰਾਮਾਤ ਸਾਹਿਬ ਸੁਤ ਹੋਵਾ। ਇਸ ਮਹਿਂ ਕਯਾ ਅਚਰਜ ਤੁਮ ਜੋਵਾ॥੨੯॥

ਦਾਸਾਂ ਦੇ ਦਾਸ ਤੇ ਉਨ੍ਹਾਂ ਦੇ ਦਾਸ ਵੀ ਮਹਾਨ ਹੋਏ ਹਨ, ਉਨ੍ਹਾਂ ਦੇ ਘਰਾਂ ਦੇ ਵੀ ਵੱਡੀ ਕਰਾਮਾਤ ਵਾਲੇ ਹੋਏ ਹਨ। ਜੇ ਗੁਰੂ ਸਾਹਿਬ ਦਾ ਪੁੱਤਰ ਕਰਾਮਾਤ ਵਾਲਾ ਹੋਇਆ ਹੈ, ਇਸ ਵਿਚ ਤੁਸੀਂ ਕੀ ਅਸਚਰਜ ਵੇਖਿਆ ਹੈ॥੨੯॥

ਸ਼ਾਹ ਜਹਾਂ ਜਗ ਪਤਿ ਇਸ ਕਾਲਾ। ਕਰਜੋ ਤਾਂਹਿ ਸੋਂ ਜੰਗ ਕਰਾਲਾ।
ਆਜ ਕੋਨ ਤਿਹ ਸੰਗ ਬਿਗਾਰੇ। ਐਸੇ ਸ਼ਾਹੁ ਜਿਨਹੁੰ ਤੇ ਹਾਰੇ॥ ੩੦॥

ਸ਼ਾਹਜਹਾਂ ਜਿਹੜਾ ਇਸ ਸਮੇਂ ਜਗਤ ਦਾ ਮਾਲਕ, ਉਸ ਨਾਲ ਵੀ ਵਿਕਰਾਲ ਜੰਗ ਕੀਤਾ ਹੈ। ਅੱਜ ਕੌਣ ਉਨ੍ਹਾਂ ਨਾਲ ਵਿਗਾੜ ਸਕਦਾ ਹੈ, ਅਜਿਹੇ ਵੱਡੇ-ਵੱਡੇ ਬਾਦਸ਼ਾਹ ਜਿਨ੍ਹਾਂ ਪਾਸੋਂ ਹਾਰ ਗਏ ਹਨ॥੩੦॥

ਪੰਚ ਗੁਰੂ ਬਰਤੇ ਬਿਚ ਪੀਰੀ। ਅਬਿ ਦ੍ਵੈ ਧਰਿ ਪੀਰੀ ਅਰੁ ਮੀਰੀ।
ਅਜ਼ਮਤ ਜੁਤਿ ਕੋ ਪੀਰ ਨ ਅਰੈ। ਕੋ ਅਸ ਮੀਰ ਜਿ ਤ੍ਰਾਸ ਨ ਧਰੈ॥ ੩੧॥

ਪੰਜ ਗੁਰੂ ਸਾਹਿਬਾਨ ਪੀਰੀ ਵਿਚ ਰਹੇ, ਹੁਣ ਗੁਰੂ ਸਾਹਿਬ ਨੇ ਪੀਰੀ ਅਤੇ ਮੀਰੀ ਦੋਵੇਂ ਧਾਰਨ ਕੀਤੀਆਂ ਹਨ। ਕੋਈ ਵੀ ਕਰਾਮਾਤੀ ਪੀਰ ਅੱਗੇ ਅੜ ਨਹੀਂ ਸਕਦਾ ਹੈ ਤੇ ਕੋਈ ਐਸਾ ਬਾਦਸ਼ਾਹ ਨਹੀਂ ਹੈ ਜਿਹੜਾ ਡਰਦਾ ਨਾ ਹੋਵੇ॥੩੧॥

ਤਿਸ ਘਰ ਕੋ ਬੰਦਨ ਹੀ ਬਨੈਂ। ਇਮ ਜਗ ਸਗਰੋ ਗੁਰੁ ਜਸ ਭਨੈ।
ਸ੍ਰੀ ਸਤਿਗੁਰੁ ਹਰਿਗੋਵਿੰਦ ਚੰਦ। ਬੈਠੇ ਤਖਤ ਅਕਾਲ ਬਿਲੰਦ॥ ੩੨॥

ਉਸ ਘਰ ਨੂੰ ਬੰਦਨਾ ਕਰਨੀ ਬਣਦੀ ਹੈ, ਇਸ ਤਰ੍ਹਾਂ ਸਾਰਾ ਜੱਗ ਗੁਰੂ ਜੀ ਦਾ ਜੱਸ ਕਰਦਾ ਸੀ, ਸ੍ਰੀ ਸਤਿਗੁਰੂ ਹਰਿਗੋਬਿੰਦ ਜੀ ਚੰਦ ਵਾਂਗ ਹਨ, ਉਹ ਮਹਾਨ ਅਕਾਲ ਤਖ਼ਤ ਤੇ ਬੈਠੇ ਹਨ॥੩੨॥

ਬਡੋ ਕੁਟੰਬ ਭਯੋ ਜਿਨ ਕੇਰ। ਸੁਤ ਪੌਤ੍ਰਾ ਸਨਬੰਧ ਬਡੇਰ।
ਸਭਿ ਮਹਿਂ ਬਰਤਹਿਂ ਸਹਿਜ ਸੁਭਾਇ। ਜਿਮ ਅਰਬਿੰਦ ਨ ਜਲ ਲਿਪਤਾਇ॥ ੩੩॥

ਜਿਨ੍ਹਾਂ ਦਾ ਬੜਾ ਵੱਡਾ ਪਰਿਵਾਰ ਹੈ, ਪੁੱਤ ਪੋਤ੍ਰੇ ਵੱਡੇ ਸੰਬੰਧੀ ਹਨ। ਸਾਰਿਆਂ ਵਿਚ ਸਹਿਜ ਸੁਭਾਅ ਵਰਤਦੇ ਹਨ, ਜਿਵੇਂ ਕੰਵਲ ਜਲ ਵਿਚ ਰਹਿ ਕੇ ਵੀ ਜਲ ਤੋਂ ਨਿਰਲੇਪ ਰਹਿੰਦਾ ਹੈ॥੩੩॥

ਹਰਖ ਸ਼ੋਕ ਉਪਜਹਿ ਬਹੁ ਬਾਰ। ਮਿਟਹਿ ਸੁ ਕਿਮ ਜੁ ਵਧਜੋ ਪਰਵਾਰ।
ਦੁਖ ਸੁਖ ਸਦਾ ਸੰਗ ਹੀ ਰਹੈਂ। ਕਬਿ ਪ੍ਰਿਯ ਕਬਿ ਔਪ੍ਰਿਯ ਹੁਇ ਚਹੈਂ॥ ੩੪॥

ਬਹੁਤ ਵਾਰ ਖ਼ੁਸ਼ੀ ਗ਼ਮੀ ਪੈਦਾ ਹੁੰਦੀ, ਉਹ ਕਿਵੇਂ ਖ਼ਤਮ ਹੋ ਸਕਦੀ ਹੈ, ਕਿਉਂਕਿ ਪਰਿਵਾਰ ਬਹੁਤ ਵਧਿਆ ਹੈ। ਸਦਾ ਹੀ ਦੁਖ ਸੁਖ ਦੇ ਨਾਲ ਹੀ ਰਹਿੰਦੇ ਹਨ, ਕਦੀ ਸੁਖਦਾਈ ਕਦੀ ਦੁਖਦਾਈ ਹੋਣਾ ਚਾਹੁੰਦੇ ਹਨ॥੩੪॥

ਇਸ ਤੇ ਹਰਖ ਸ਼ੋਕ ਉਪਜੰਤੇ। ਰਾਗ ਦ੍ਵੈਖ ਕੋ ਬਹੁਰ ਬਧੰਤੇ।
ਤਿਨ ਤੇ ਉਪਜਹਿਂ ਬ੍ਰਿੰਦ ਬਿਕਾਰਾ। ਫਸੇ ਸਕਲ ਹੀ ਜੀਵ ਸੰਸਾਰਾ॥ ੩੫॥

ਇਸ ਨਾਲ ਖ਼ੁਸ਼ੀ ਗ਼ਮੀਂ ਉਤਪੰਨ ਹੁੰਦੀ ਹੈ, ਫਿਰ ਪ੍ਰੇਮ ਈਰਖਾ ਨੂੰ ਵਧਾਉਂਦੇ ਹਨ। ਇਸ ਨਾਲ ਬਹੁਤ ਵਿਕਾਰ ਪੈਦਾ ਹੁੰਦੇ ਹਨ, ਸੰਸਾਰ ਦੇ ਸਾਰੇ ਜੀਵ ਇਸ ਵਿਚ ਫਸੇ ਹੋਏ ਹਨ॥੩੫॥

ਸਭਿ ਕੋ ਮੂਲ ਲਖਹੁ ਤਨ ਹੰਤਾ। ਪੁਨ ਮਮਤਾ ਇਸ ਤੇ ਉਪਜੰਤਾ।
ਇਤ ਤੇ ਆਗੈ ਉਤਪਤਿ ਜਾਨਹੁ। ਰਾਗ ਦ੍ਵੈਖ ਆਦਿਕ ਜੇ ਮਾਨਹੁ॥ ੩੬॥

ਸਾਰਿਆਂ ਦਾ ਮੂਲ ਤਨ ਦਾ ਅਹੰਕਾਰ ਸਮਝੋ, ਫਿਰ ਇਸ ਤੋਂ ਮਮਤਾ ਪੈਦਾ ਹੁੰਦੀ ਹੈ। ਇਸ ਤੋਂ ਅੱਗੇ ਪ੍ਰੇਮ ਦਵੈਖ ਜੋ ਮੰਨੇ ਜਾਂਦੇ ਹਨ ਉਹ ਉਤਪੰਨ ਹੋਏ ਸਮਝੋ॥੩੬॥

ਸੋ ਹੰਤਾ ਮਮਤਾ ਬਡ ਦੋਈ। ਗੁਰ ਕੈ ਤੀਨ ਕਾਲ ਨਹਿਂ ਹੋਈ।
ਜਹਿਂ ਕਾਰਨ ਕੋ ਲੇਸ਼ ਨ ਜਾਨਿ। ਕਜੋਂ ਕਾਰਜ ਉਪਜਹਿਂ ਤਿਸ ਥਾਨ॥ ੩੭॥

ਇਸ ਕਰਕੇ ਅਹੰਕਾਰ ਤੇ ਮਮਤਾ ਦੋਵੇਂ ਵੱਡੇ ਹਨ, ਉਹ ਗੁਰੂ ਜੀ ਵਿਚ ਤਿੰਨਾਂ ਕਾਲਾਂ ਵਿਚ ਨਹੀਂ ਹੋਏ ਹਨ। ਜਿਸ ਕਾਰਨ ਨੂੰ ਉਹ ਲੇਸ਼ ਮਾਤਰ ਨਹੀਂ ਜਾਣਦੇ, ਉਸ ਅਸਥਾਨ ਉਹ ਕਾਰਜ ਕਿਵੇਂ ਉਤਪੰਨ ਹੋਵੇਗਾ॥੩੭॥

ਜਿਸ ਧਰਨੀ ਮਹਿਂ ਬੀਰਜ ਬੋਵਹੁ। ਦਲ ਫਲ ਸਹਤ ਤਹਾਂ ਤਰੁ ਜੋਵਹੁ।
ਜਿਸ ਅਵਿਨੀ ਮਹਿਂ ਬੀਜ ਨ ਪਰਜੇ। ਕਜੋਂ ਦਲ ਫਲ ਜੁਤਿ ਹੁਇ ਤਰੁ ਹਰਜੇ॥੩੮॥

ਜਿਸ ਧਰਤੀ ਵਿਚ ਬੀਜ ਬੀਜਦੇ ਹੋ, ਤਾਂ ਫਲ ਪੱਤਿਆਂ ਅਤੇ ਟਹਿਣੀਆਂ ਸਹਿਤ ਬ੍ਰਿਛ ਵੇਖੋਗੇ। ਪਰ ਜਿਸ ਧਰਤੀ ਵਿਚ ਕੋਈ ਬੀਜ ਨਹੀਂ ਪੈਂਦਾ ਹੈ, ਉਥੇ ਫਲ ਪੱਤਿਆਂ ਅਤੇ ਟਹਿਣੀਆਂ ਸਹਿਤ ਹਰਾ ਬ੍ਰਿਛ ਕਿਵੇਂ ਪੈਦਾ ਹੋਵੇਗਾ॥੩੮॥

ਸਦਾ ਏਕ ਰਸ ਮਹਿਂ ਬ੍ਰਿਤਿ ਰਹੈ। ਉਥਿਤਿ ਨ ਕਬਹੁਂ, ਸਮਾਧੀ ਅਹੈ।
ਨਿਸ ਦਿਨ ਜੋ ਬਿਚਰਹਿ ਬਹੁ ਬਾਰੀ। ਪੋਸ਼ਿਸ਼ ਸੁਸ਼ਕ ਰਾਖਿ ਕਰਿ ਸਾਰੀ॥੩੯॥

ਸਦਾ ਇਕ ਰਸ ਬ੍ਰਿਤੀ ਰਹੇ, ਅਜਿਹੀ ਸਮਾਧੀ ਕਦੇ ਉਥਾਨ ਨਹੀਂ ਹੁੰਦੀ। ਦਿਨ ਰਾਤ ਜੋ ਬਹੁਤੇ ਪਾਣੀ ਵਿਚ ਵਿਚਰੇ ਤੇ ਫਿਰ ਵੀ ਆਪਣੀ ਸਾਰੀ ਪੋਸ਼ਾਕ ਨੂੰ ਸੁੱਕੀ ਰੱਖ ਲਵੇ॥੩੯॥

ਅੰਜਨ ਕੋਸ਼ਟ ਬੀਸਿਬੋ ਹੁਵੈ। ਬਸਤ੍ਰ ਸ਼ਜਾਮਤਾ ਕਬਹੁਂ ਨ ਛੁਵੈ।
ਗ੍ਰਿਹਸਤ ਬਿਖੈ ਦਿਨ ਰੈਨ ਗੁਜ਼ਾਰਨਿ। ਹਰਖ ਸ਼ੋਕ ਕੇ ਬਹੁ ਜਹਿਂ ਕਾਰਨਿ॥੪੦॥

ਕਾਲਖ ਦੇ ਕੋਠੇ ਵਿਚ ਵਸਦਾ ਹੋਵੇ ਤੇ ਵਸਤਰ ਕਾਲਖ ਨੂੰ ਕਦੀ ਨਾ ਛੂਹੇ। ਗ੍ਰਹਿਸਤ ਵਿਚ ਦਿਨ ਰਾਤ ਗੁਜ਼ਾਰੇ, ਦੁੱਖ ਸੁਖ ਦੇ ਜਿਥੇ ਬਹੁਤ ਕਾਰਨ ਹਨ॥੪੦॥

ਸੋ ਨਹਿਂ ਹੋਨਿ ਦੇਤਿ ਮਨ ਮਾਂਹੀ। ਗੁਰੁ ਬਿਨ ਆਨਿ ਪਿਖੈ ਇਹ ਨਾਂਹੀ।
ਜਿਸ ਪਰ ਕ੍ਰਿਪਾ ਕਰਹਿਂ ਦੇਂ ਸੀਖਾ। ਤਿਸ ਹੂੰ ਅਸ ਕੌਤਕ ਉਰ ਦੀਖਾ॥੪੧॥

ਉਨ੍ਹਾਂ ਨੂੰ ਮਨ ਵਿਚ ਹੋਣ ਨਾ ਦੇਵੇ, ਗੁਰੂ ਜੀ ਤੋਂ ਬਿਨਾਂ ਕਿੱਸੇ ਹੋਰ ਵਿਚ ਅਜਿਹੀ ਹਾਲਤ ਨਹੀਂ ਦਿੱਸਦੀ ਹੈ। ਗੁਰੂ ਜੀ ਜਿਸ ਨੂੰ ਕਿਰਪਾ ਕਰਕੇ ਸਿਖਿਆ ਦੇਣ, ਉਹੋ ਹੀ ਅਜਿਹਾ ਕੌਤਕ ਹਿਰਦੇ ਵਿਚ ਵੇਖਦਾ ਹੈ॥੪੧॥

ਯਾਂਤੇ ਸਦਾ ਗੁਰੂ ਕੀ ਸ਼ਰਨੀ। ਪਰੇ ਰਹੋ ਸ਼ਰਧਾ ਉਰ ਧਰਨੀ।
ਜਬਹਿ ਕ੍ਰਿਪਾਲ ਕ੍ਰਿਪਾ ਕਰਿ ਦੇਖਹਿਂ। ਮਨ ਬਿਕਾਰ ਹਰਿ ਦੇਹਿਂ ਅਸ਼ੇਖਹਿਂ॥੪੨॥

ਇਸ ਕਰਕੇ ਸਦਾ ਗੁਰੂ ਜੀ ਦੀ ਸ਼ਰਨ ਵਿਚ ਰਹੋ, ਹਿਰਦੇ ਵਿਚ ਸ਼ਰਧਾ ਧਾਰ ਕੇ ਪਏ ਰਹੋ। ਜਦ ਕ੍ਰਿਪਾਲੂ ਗੁਰੂ ਜੀ ਕਿਰਪਾ ਕਰਕੇ ਵੇਖਣਗੇ ਤਾਂ ਮਨ ਦੇ ਸਾਰੇ ਵਿਕਾਰ ਦੂਰ ਕਰ ਦੇਣਗੇ॥੪੨॥

ਭਗਤਿ ਗਜਾਨ ਕੋ ਦੇਂ ਉਪਜਾਇ। ਜਿਸ ਤੇ ਪਰਮ ਮੁਕਤਿ ਕੋ ਪਾਇ।
ਜਿਸ ਗੁਰ ਨੇ ਕਈ ਕੋਟ ਉਧਾਰੇ। ਸੋ ਗੁਰਿ ਹੋਹਿਂ ਸਹਾਇ ਹਮਾਰੇ॥੪੩॥

ਉਹ ਭਗਤੀ ਅਤੇ ਗਿਆਨ ਦੋਵੇਂ ਉਪਜਾਉਣਗੇ, ਜਿਸ ਕਰਕੇ ਪ੍ਰਾਣੀ ਪਰਮ ਮੁਕਤੀ ਨੂੰ ਪਾਉਣਗੇ। ਜਿਸ ਗੁਰੂ ਜੀ ਨੇ ਕਰੋੜਾਂ ਦਾ ਉਧਾਰ ਕੀਤਾ ਹੈ, ਉਹ ਗੁਰੂ ਜੀ ਸਾਡੇ ਸਹਾਇਕ ਹੋਣਗੇ॥੪੩॥

ਚੌਪਈ- ਜੋ ਇਹ ਕਥਾ ਸੁਨੈ ਮਨਿ ਲਾਇ। ਜਨਮ ਮਰਨ ਸੰਕਟ ਮਿਟ ਜਾਇ।
ਜੋ ਗੁਰ ਦੇ ਉਪਦੇਸ਼ ਮਹਾਨ। ਸੋਊ ਕਰਤਿ ਭਵ ਮਹਿਂ ਕੱਲਜਾਨ॥੪੪॥

ਜਿਹੜਾ ਵੀ ਇਸ ਕਥਾ ਨੂੰ ਮਨ ਲਾ ਕੇ ਸੁਣੇਗਾ, ਉਸ ਦਾ ਜਨਮ ਮਰਨ ਅਤੇ ਸਾਰੇ ਸੰਕਟ ਮਿੱਟ ਜਾਣਗੇ। ਜਿਹੜੇ ਗੁਰੂ ਜੀ ਮਹਾਨ ਉਪਦੇਸ਼ ਦਿੰਦੇ ਹਨ, ਉਹ ਗੁਰੂ ਜੀ ਇਸ ਧਰਤੀ ਤੇ ਕਲਿਆਣ ਕਰਦੇ ਹਨ॥੪੪॥

ਸੱਤਿਨਾਮ ਸਿਮਰਹਿ ਦਿਨ ਰੈਨ। ਮਨ ਸ਼ਾਂਤੀ ਤਨ ਉਪਜਹਿ ਚੈਨ।
ਸਿੱਖੀ ਪਦ ਨਿਜ ਧਾਰਨ ਕੀਨਿ। ਅਤਿਸ਼ੈ ਪਰਮ ਮੁਕਤਿ ਤਿਸ ਲੀਨਿ॥੪੫॥

ਦਿਨ ਰਾਤ ਸਤਿਨਾਮ ਦਾ ਸਿਮਰਨ ਕਰੇ, ਜਿਸ ਨਾਲ ਮਨ ਵਿਚ ਸ਼ਾਂਤੀ ਆਵੇਗੀ ਤੇ ਤਨ ਵਿਚ ਚੈਨ ਪ੍ਰਗਟ ਹੋਵੇਗਾ। ਜਿਸ ਨੇ ਸਿੱਖੀ ਪਦ ਧਾਰਨ ਕੀਤਾ ਹੈ, ਉਹ ਸ੍ਰੇਸ਼ਟ ਪਰਮ ਮੁਕਤੀ ਪ੍ਰਾਪਤ ਕਰ ਲੈਂਦਾ ਹੈ॥੪੫॥

*ਛੇਵੀਂ ਰਾਸ ਦਾ ਉਣਾਹਠਵਾਂ ਅਧਿਆਇ ਸਮਾਪਤ ਹੋਇਆ॥੫੯॥*

*ਛੇਵੀਂ ਰਾਸ ਸਮਾਪਤ ਹੋਈ॥*

☆☆☆

ੴ ਸਤਿਗੁਰ ਪ੍ਰਸਾਦਿ॥

# ਸੱਤਵੀਂ ਰਾਸ

## ਅਧਿਆਇ ਪਹਿਲਾ

### ਮੰਗਲਾਚਰਣ, ਸੂਰਜ ਮੱਲ ਦੀ ਸਗਾਈ

*੧. ਇਸ਼ਟ ਦੇਵ-ਸ੍ਰੀ ਅਕਾਲ ਪੁਰਖ ਦਾ ਮੰਗਲ*

ਦੋਹਰਾ-ਮਾਯਾ ਸੋ ਸਵਲ ਜੁ ਭਯੋ ਜਿਤਿ ਕਿਤਿ ਬਜਾਪਿ ਸਮਾਨ।
ਸਾਰ ਅਸਾਰ ਸੰਸਾਰ ਕਰਿ ਸਚਿਦਾਨੰਦ ਮਹਾਨ॥ ੧॥

ਜਿਥੇ ਕਿਥੇ ਸਮਾਨ ਵਿਆਪਕ ਸਚਿਦਾਨੰਦ ਮਹਾਨ ਨੇ ਆਪਣੀ ਮਾਇਆ ਸ਼ਕਤੀ ਦੁਆਰਾ ਸੱਤ ਅਸੱਤ ਤੋਂ ਵਿਲੱਖਣ ਜਗਤ ਉਤਪੰਨ ਕੀਤਾ ਹੈ॥੧॥

*੨. 'ਕਵਿ-ਸੰਕੇਤ' ਮਰਯਾਦਾ ਦਾ ਮੰਗਲ*

ਸਦਾ ਸਾਰਦਾ ਸਾਰ ਦਾ ਸਾਰਦ ਚੰਦ ਮਨਿੰਦ।
ਪਾਰਦ ਬਰਨੀ ਪਾਰ ਦਾ ਬਿਘਨ ਬਿਨਾਸ਼ਨ ਬ੍ਰਿੰਦ॥ ੨॥

ਚੰਦ੍ਰਮਾਂ ਜਿਵੇਂ ਜੜ੍ਹੀ ਬੂਟੀਆਂ ਵਾਸਤੇ ਅੰਮ੍ਰਿਤ ਦਾ ਦਾਤਾ ਹੈ, ਉਸ ਤਰ੍ਹਾਂ ਸਰਸਵਤੀ ਸਦਾ ਵਿਦਿਆ ਦੀ ਦਾਤੀ ਹੈ, ਜਿਵੇਂ ਪਾਰਾ ਸਰੀਰ ਦਾ ਦੁੱਖ ਦੂਰ ਕਰਕੇ ਖੁਸ਼ੀ ਦਾ ਦਾਤਾ ਕਿਹਾ ਜਾਂਦਾ ਹੈ, ਉਸ ਤਰ੍ਹਾਂ ਸਰਸਵਤੀ ਸਾਹਿਤ ਦੇ ਸਾਰੇ ਵਿਘਨਾਂ ਨੂੰ ਦੂਰ ਕਰਕੇ ਅਨੰਦ ਦੀ ਦਾਤੀ ਹੈ॥੨॥

*੩. ਇਸ਼ਟ ਗੁਰੂ-ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੰਗਲ*

ਚਿੱਤ੍ਰਪਦਾ ਛੰਦ-ਪਾਰ ਪਰੇ ਜਗ ਸਾਗਰ ਤੇ ਉਰ ਤੇ ਪਰਦਾ ਭ੍ਰਮ ਕੋ ਸਭਿ ਪਾਰਿ।
ਪਾਰਦ ਕੇ ਸਮ ਜੋ ਮਨ ਚੰਚਲ ਤਾਂ ਮਹਿਂ ਮੂਲ ਬਿਕਾਰ ਉਪਾਰਿ।
ਪਾਰਨ ਪ੍ਰੇਮ ਕਰੋ ਗੁਰ ਨਾਨਕ ਜੋ ਸ਼ਰਨਾਗਤ ਕੇ ਪ੍ਰਤਿਪਾਰਿ।
ਪਾਰਸ ਜਯੋਂ ਛੁਇ ਜਾਤਿ ਜਿਨੈ ਸਮ ਲੋਹ ਜੁ ਕੰਚਨ ਹੋਇ ਅਪਾਰਿ॥੩॥

ਜਿਹੜੇ ਗੁਰੂ ਨਾਨਕ ਦੇਵ ਸਤਿਗੁਰੂ ਦੀ ਸ਼ਰਨ ਆਏ, ਉਹ ਦਿਲ ਤੋਂ ਭਰਮ ਦੇ ਸਾਰੇ ਪੜਦੇ ਪਾੜ ਕੇ ਭਵਸਾਗਰ ਤੋਂ ਪਾਰ ਹੋ ਗਏ। ਜਿਨ੍ਹਾ ਦੇ ਮਨਾਂ ਵਿਚ ਪਾਰੇ ਵਾਂਗ ਚੰਚਲ ਵਿਕਾਰ ਸਨ, ਉਨ੍ਹਾਂ ਨੂੰ ਜੜ੍ਹਾਂ ਤੋਂ ਪੁੱਟ ਸੁੱਟਿਆ। ਗੁਰੂ ਨਾਨਕ ਦੇਵ ਦੇ ਪ੍ਰੇਮ ਦੀ ਪਾਲਣਾ ਕਰੋ ਜੋ ਸ਼ਰਨ ਆਇਆਂ ਦੀ ਪ੍ਰਤਿਪਾਲਣਾ ਕਰਨ ਵਾਲੇ ਹਨ। ਪਾਰਸ ਰੂਪ ਗੁਰੂ ਜੀ ਜਿਨ੍ਹਾਂ ਨਾਲ ਛੂਹ ਜਾਂਦੇ ਹਨ, ਉਹ ਚਾਹੇ ਲੋਹੇ ਵਰਗੇ ਹੋਣ, ਸੋਨੇ ਵਰਗੇ ਹੋ ਜਾਂਦੇ ਹਨ ਤੇ ਉਨ੍ਹਾਂ ਦੀ ਗਤੀ ਦਾ ਫਿਰ ਪਾਰ ਨਹੀਂ ਪਾਇਆ ਜਾਂਦਾ॥੩॥

*੪. ਇਸ਼ਟ ਗੁਰੂ-ਸ੍ਰੀ ਗੁਰੂ ਅੰਗਦ ਦੇਵ ਜੀ ਦਾ ਮੰਗਲ*

ਦੋਹਰਾ- ਬੰਦ ਨ ਪਰਹਿ ਸਬੰਧ ਹੁਇ ਸ੍ਰੀ ਅੰਗਦ ਪਦ ਬੰਦਿ।
ਬੰਦਿ ਹਾਥ ਸ਼ਰਨੀ ਪਰੇ ਬਿਘਨ ਬਿਨਾਸ਼ਨ ਬ੍ਰਿੰਦ॥ ੪॥

ਮੈਂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਚਰਨਾਂ ਤੇ ਨਮਸਕਾਰ ਕਰਦਾ ਹਾਂ, ਜਿਨ੍ਹਾ ਨਾਲ ਸੰਬੰਧ ਹੋ ਜਾਣ 'ਤੇ ਕੋਈ ਬੰਧਨ ਨਹੀਂ ਪੈਂਦਾ ਹੈ, ਜੋ ਵੀ ਹੱਥ ਜੋੜ ਕੇ ਸ਼ਰਨ ਆ ਪੈਂਦੇ ਹਨ, ਉਨ੍ਹਾਂ ਦੇ ਸਾਰੇ ਵਿਘਨ ਵਿਨਾਸ਼ ਹੋ ਜਾਂਦੇ ਹਨ॥੪॥

*੫. ਇਸ਼ਟ ਗੁਰੂ-ਸ੍ਰੀ ਗੁਰੂ ਅਮਰ ਦਾਸ ਜੀ ਦਾ ਮੰਗਲ*

ਪਰਮ ਬ੍ਰਿੱਧ ਸ੍ਰੀ ਅਮਰ ਜੀ ਪਰਮ ਉਦਾਰ ਸਦੀਵ।
ਪਰਮ ਬਖਸ਼ ਕਰਿ ਸੇਵਕਨਿ, ਪਰਮ ਉਧਾਰਕ ਥੀਵ॥ ੫॥

ਵੱਡੇ ਬਿਰਧ ਸ੍ਰੀ ਗੁਰੂ ਅਮਰਦਾਸ ਜੀ ਸਦਾ ਹੀ ਵੱਡੇ ਉਦਾਰ ਹਨ ਜਿਨ੍ਹਾਂ ਨੇ ਆਪਣੇ ਸੇਵਕਾਂ ਨੂੰ ਪਰਮ ਗਤੀ ਬਖਸ਼ੀ ਹੈ ਤੇ ਅੱਗੇ ਵੀ ਬਖਸ਼ਿਸ਼ਾਂ ਵਾਲੇ ਹੋਣ ਕਰਕੇ ਅਨੇਕਾਂ ਦੇ ਉਧਾਰ ਕਰਦਾ ਹੋਏ ਹਨ॥੫॥

*੬. ਇਸ਼ਟ ਗੁਰੂ-ਸ੍ਰੀ ਗੁਰੂ ਰਾਮਦਾਸ ਜੀ ਦਾ ਮੰਗਲ*

ਰਾਮਦਾਸ ਸ੍ਰੀ ਸਤਿਗੁਰੂ ਦਾਸਨ ਤ੍ਰਾਸ ਬਿਨਾਸ਼ਿ।
ਨਿਜ ਪਰ ਜਨ ਬਿੱਸ੍ਰਾਸ ਲਖਿ ਬਖਸ਼ਤਿ ਹੈਂ ਸੁਖਰਾਸ॥ ੬॥

ਸ੍ਰੀ ਸਤਿਗੁਰੂ ਰਾਮਦਾਸ ਜੀ ਆਪਣੇ ਸੇਵਕਾਂ ਦਾ ਡਰ ਦੂਰ ਕਰਨ ਵਾਲੇ ਹਨ, ਆਪਣੇ ਉਪਰ ਦਾਸਾਂ ਦਾ ਪੂਰਣ ਭਰੋਸਾ ਜਾਣ ਕੇ ਉਨ੍ਹਾਂ ਨੂੰ ਸੁੱਖਾਂ ਦੇ ਪੁੰਜ ਬਖਸ਼ਦੇ ਹਨ॥੬॥

*੭. ਇਸ਼ਟ ਗੁਰੂ-ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮੰਗਲ*

ਭਾਰੀ ਉਪਕਾਰੀ ਸਦਾ, ਧ੍ਰਿਤ ਧਾਰੀ, ਗੁਨਖਾਨ।
ਸ੍ਰੀ ਅਰਜਨ ਪਦ ਪਦਮ ਕੋ ਨਮੋ ਜੋਰਿ ਜੁਗ ਪਾਨ॥ ੭॥

ਸ੍ਰੀ ਗੁਰੂ ਅਰਜਨ ਦੇਵ ਜੀ ਸਦਾ ਹੀ ਵੱਡੇ ਉਪਕਾਰੀ ਹਨ, ਧੀਰਜ ਧਾਰਨ ਕਰਨ ਵਾਲੇ ਤੇ ਗੁਣਾਂ ਦੀ ਖਾਣ ਹਨ, ਉਨ੍ਹਾਂ ਦੇ ਚਰਨ ਕੰਵਲਾਂ ਤੇ ਮੈਂ ਦੋਵੇਂ ਹੱਥ ਜੋੜ ਕੇ ਨਮਸਕਾਰ ਕਰਦਾ ਹਾਂ॥੭॥

*੮. ਇਸ਼ਟ ਗੁਰੂ-ਸ੍ਰੀ ਗੁਰੂ ਹਰਿ ਗੋਬਿੰਦ ਜੀ ਦਾ ਮੰਗਲ*

ਸ੍ਰੀ ਗੁਰੂ ਹਰਿ ਗੋਬਿੰਦ ਜੀ ਚੰਦ ਮਨਿੰਦ ਬਲਿੰਦ।
ਦਾਸਨ ਕੁਮਦ ਅਨੰਦ ਦਾ ਸ਼ੱਤ੍ਰੂ ਬ੍ਰਿੰਦ ਅਰਬਿੰਦ॥ ੮॥

ਸ੍ਰੀ ਗੁਰੂ ਹਰਿਗੋਬਿੰਦ ਜੀ ਚੰਦ ਵਾਂਗ ਉੱਚੇ ਹਨ, ਦਾਸਾਂ ਰੂਪ ਕਲੀਆਂ ਨੂੰ ਖੇੜਾ ਬਖਸ਼ਣ ਵਾਲੇ ਹਨ ਤੇ ਸਾਰੇ ਵੈਰੀ ਰੂਪੀ ਕੰਵਲਾਂ ਨੂੰ ਮੁਰਝਾ ਦੇਣ ਵਾਲੇ ਹਨ॥੮॥

*੯. ਇਸ਼ਟ ਗੁਰੂ-ਸ੍ਰੀ ਗੁਰੂ ਹਰਿ ਰਾਇ ਜੀ ਦਾ ਮੰਗਲ*

ਸ੍ਰੀ ਹਰਿ ਰਾਇ ਸੁ ਹਰਤਿ ਹੈਂ ਦਾਸਨ ਕੇ ਦੁਖ ਜਾਲ।
ਹਰ ਇੱਛਾ ਕੋ ਦੇਤਿ ਹੈਂ, ਹਰਿ ਜਯੋਂ ਹੋਇ ਦਿਆਲ॥ ੯॥

ਸ੍ਰੀ ਗੁਰੂ ਹਰਿ ਰਾਇ ਜੀ ਆਪਣੇ ਦਾਸਾਂ ਦੇ ਦੁਖਾਂ ਦਾ ਨਾਸ਼ ਕਰਨ ਵਾਲੇ ਹਨ ਤੇ ਉਨ੍ਹਾਂ ਦੀਆਂ ਸਾਰੀਆਂ ਕਾਮਨਾਵਾਂ ਨੂੰ ਪ੍ਰਮਾਤਮਾ ਵਾਂਗ ਦਿਆਲੂ ਹੋ ਕੇ ਪੂਰੀਆਂ ਕਰਦੇ ਹਨ॥੯॥

*੧੦. ਇਸ਼ਟ ਗੁਰੂ-ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦਾ ਮੰਗਲ*

ਸ੍ਰੀ ਸਤਿਗੁਰੂ ਹਰਿ ਕ੍ਰਿਸ਼ਨ ਜੀ ! ਦਿਹੁ ਗੁਰਮਤਿ ਉਪਜਾਇ॥
ਉਰ ਬਿਕਾਰ ਕਉ ਪਰਿਹਰਹੁ ਸੱਤਿਨਾਮ ਲਿਵਲਾਇ॥ ੧੦॥

ਹੇ ਸ੍ਰੀ ਸਤਿਗੁਰੂ ਹਰਿਕ੍ਰਿਸ਼ਨ ਜੀ ! ਗੁਰਮਤਿ ਉਪਜਾ ਦੇਵੋ ਤੇ ਮੇਰੇ ਹਿਰਦੇ ਵਿਚੋਂ ਵਿਕਾਰਾਂ ਦਾ ਨਾਸ਼ ਕਰ ਦਿਓ ਤੇ ਸਤਿਨਾਮ ਵਿਚ ਮੇਰੀ ਲਿਵ ਲਾ ਦਿਓ॥੧੦॥

*੧੧. ਇਸ਼ਟ ਗੁਰੂ-ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਮੰਗਲ*

ਤੇਗ ਬਹਾਦਰ ਸ੍ਰੀ ਗੁਰੂ ਪਰਮ ਬਹਾਦੁਰ ਧੀਰ।
ਸਾਦਰ ਪਰਉਪਕਾਰ ਹਿਤ ਤ੍ਰਿਣ ਸਮ ਦੀਓ ਸਰੀਰ॥ ੧੧॥

ਸ੍ਰੀ ਗੁਰੂ ਤੇਗ ਬਹਾਦਰ ਜੀ ਬੜੇ ਬਹਾਦੁਰ ਅਤੇ ਧੀਰਜਵਾਨ ਹਨ ਜਿਨ੍ਹਾਂ ਦੇ ਪਰਉਪਕਾਰ ਵਾਸਤੇ ਆਪਣੇ ਆਦਰਯੋਗ ਸਰੀਰ ਨੂੰ ਦਿੱਲੀ ਜਾ ਕੇ ਇਕ ਤੀਲੇ ਵਾਂਗ ਅਰਪਣ ਕਰ ਦਿੱਤਾ॥੧੧॥

*੧੨. ਇਸ਼ਟ ਗੁਰੂ-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮੰਗਲ*

*ਕਬਿੱਤ*-ਆਦਿ ਤਿਮਰਲੰਗ ਤੇ ਅਨੇਕ ਪਾਤਿਸ਼ਾਹ ਭਏ ਕੇਤੀ ਕੁਲਿ ਬੀਤਿ ਗਈ ਅਮਲ ਚਲਾਇਕੇ।
ਦੇਸ਼ ਤੇ ਬਿਦੇਸ਼ ਚਾਰੋਂ ਚੱਕ ਸਭਿ ਨਿਵੇਂ ਆਇ ਕਹੂੰ ਨ ਮਵਾਸੀ ਭਟ ਦੀਏ ਬਿਚਲਾਇਕੇ।
ਅਨਗਨ ਸੈਨ, ਕੋਸ਼ ਦੀਰਘ, ਦੁਰਗ ਭਾਰੀ, ਰਾਜ ਕੋ ਸਮਾਜ ਕੌਨ ਸਕੈ ਸੁ ਗਿਨਾਇਕੇ।
ਸ੍ਰੀ ਗੁਬਿੰਦ ਸਿੰਘ ਕੇ ਸਰੂਪ ਪੰਥ ਖਾਲਿਸਾ ਕੈ ਕੌਨ ਜਾਨੇ ਦੈਂਗੇ ਪਾਤਸ਼ਾਹਤ ਖਪਾਇਕੇ॥੧੨॥

ਪਹਿਲਾਂ ਤਿਮਰਲਿੰਗ ਤੇ ਉਸ ਦੀ ਵੰਸ਼ ਦੇ ਅਨੇਕਾਂ ਬਾਦਸ਼ਾਹ ਹੋਏ, ਉਨ੍ਹਾਂ ਨੇ ਕਈ ਪੀੜ੍ਹੀਆਂ ਹਕੂਮਤ ਕਰਦਿਆਂ ਗੁਜ਼ਾਰ ਦਿੱਤੇ। ਦੇਸ਼ ਵਿਦੇਸ਼ ਤੇ ਚਾਰੇ ਚੱਕ ਉਨ੍ਹਾਂ ਦੇ ਅੱਗੇ ਨਿਵੇ। ਕਿਤੇ ਵੀ ਕੋਈ ਆਕੀ ਨਾ ਰਿਹਾ, ਸਭ ਸੂਰਮਿਆਂ ਦੇ ਛੱਕੇ ਛੁਡਾ ਦਿੱਤੇ। ਅਣਗਿਣਤ ਸੈਨਾ ਤੇ ਵੱਡੇ ਖਜ਼ਾਨੇ ਪਾਸ ਸਨ। ਉਨ੍ਹਾਂ ਪਾਸ ਵੱਡੇ-ਵੱਡੇ ਕਿਲ੍ਹੇ ਸਨ, ਉਨ੍ਹਾਂ ਦੇ ਰਾਜ ਅਤੇ ਸਮਾਜ ਨੂੰ ਕੌਣ ਗਿਣ ਸਕਦਾ ਸੀ। ਪਰ ਇਹ ਕੌਣ ਜਾਣਦਾ ਸੀ ਕਿ ਐਡੀ ਵੱਡੀ ਬਾਦਸ਼ਾਹਤ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਦੇ ਸਰੂਪ ਪੰਥ ਖਾਲਸਾ ਜੀ, ਮਲੀਆਮੇਟ ਕਰ ਦੇਣਗੇ॥੧੨॥

*੧੩. ਇਸ਼ਟ ਗੁਰੂ-ਦਸੋਂ ਗੁਰੂ ਸਾਹਿਬਾਨ ਜੀ ਦਾ ਮੰਗਲ*

*ਦੋਹਰਾ*-ਸਤਿਗੁਰ ਦਸ ਪਤਿਸ਼ਾਹ ਕੇ ਪਦ ਪੰਕਜ ਸੁਖਕੰਦ।
ਰਚੌਂ ਰਾਸਿ ਅਬਿ ਸਪਤਮੀ ਕਰ ਬੰਦਨ ਕੋ ਬੰਦ॥ ੧੩॥

ਸ੍ਰੀ ਸਤਿਗੁਰੂ ਦਸਾਂ ਪਾਤਸ਼ਾਹਾਂ ਦੇ ਸੁਖਾਂ ਦੇ ਮੂਲ ਚਰਨਾਂ ਕੰਵਲਾਂ ਤੇ ਦੋਵੇਂ ਹੱਥ ਜੋੜ ਜੋੜ ਕੇ ਬੰਦਨਾ ਕਰਕੇ ਮੈਂ ਹੁਣ ਸਤਵੀਂ ਰਾਸ ਦੀ ਰਚਨਾ ਕਰਦਾ ਹਾਂ॥੧੩॥

*੧੪. ਗੁਰ ਸਿੱਖ, ਸੰਤ ਮੰਗਲ*

ਗੁਰ ਸਿਖ ਸੰਤਨ ਨਮੋ ਕਰਿ ਸਭਿ ਕੈ ਚਰਨ ਮਨਾਇ।
ਉਚਰੌਂ ਸਤਿਗੁਰ ਸੁਜਸ ਕੋ ਮਨ ਬਾਂਛਤਿ ਫਲ ਦਾਇ॥ ੧੪॥

ਗੁਰੂ ਜੀ ਦੇ ਸਿੱਖਾਂ ਤੇ ਸੰਤਾਂ ਨੂੰ ਨਮਸਕਾਰ ਕਰ ਕੇ ਤੇ ਸਾਰਿਆਂ ਦੇ ਚਰਨ ਮਨਾ ਕੇ ਸ੍ਰੀ ਸਤਿਗੁਰੂ ਹਰਿਗੋਬਿੰਦ ਸਾਹਿਬ ਦਾ ਸ੍ਰੇਸ਼ਟ ਜੱਸ ਉਚਾਰਨ ਕਰਦਾ ਹਾਂ ਜੋ ਮਨ-ਇੱਛਤ ਫਲਾਂ ਦਾ ਦਾਤਾ ਹੈ॥੧੪॥

*ਮੰਗਲਾਚਰਣ ਸਮਾਪਤ*

ਸੂਰਜ ਮੱਲ ਦੀ ਸਗਾਈ

ਚੌਪਈ-ਸ੍ਰੀ ਹਰਿਗੋਬਿੰਦ ਬੈਠਿ ਕ੍ਰਿਪਾਲੁ। ਸਿਖ ਸੰਗਤਿ ਕੋ ਕਰਹਿ ਨਿਹਾਲ।
ਅਨਿਕ ਕਾਮਨਾ ਪਾਇ ਸਿਧਾਰੈਂ। ਕੋ ਮੁਖ ਸੁੰਦਰ ਨਿਕਟਿ ਨਿਹਾਰੈਂ ॥੧੫॥

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਬੈਠੇ ਸਨ ਤੇ ਸਿੱਖ ਸੰਗਤਾਂ ਨੂੰ ਨਿਹਾਲ ਕਰ ਰਹੇ ਸਨ। ਸ਼ਰਧਾਲੂ ਅਨੇਕਾਂ ਕਾਮਨਾਵਾਂ ਪਾ ਕੇ ਚਲੇ ਜਾਂਦੇ ਸਨ। ਕਈ ਸੁੰਦਰ ਮੁਖੜੇ ਦੇ ਦਰਸ਼ਨ ਕਰਦੇ ਸਨ॥੧੫॥

ਜਨਮ ਪਦਾਰਥ ਕਰਨਿ ਕ੍ਰਿਤਾਰਥ। ਜਿਸਤੇ ਹੋਯ ਸਦਾ ਸ਼ੁਭ ਸ੍ਵਾਰਥ।
ਸਾਂਈਦਾਸ ਰਹ੍ਯੋ ਤਬਿ ਪਾਸ। ਕਰਹਿਂ ਤਾਂਹਿ ਸੋਂ ਬਾਕ ਬਿਲਾਸ ॥੧੬॥

ਜਨਮ ਪਦਾਰਥ ਦਾ ਮਨੋਰਥ ਪੂਰਾ ਕਰਦੇ ਸਨ, ਜਿਸ ਨਾਲ ਸਦਾ ਸ਼ੁਭ ਸਵਾਰਥ ਹੁੰਦਾ ਹੈ। ਉਸ ਸਮੇਂ ਭਾਈ ਸਾਈਂਦਾਸ ਪਾਸ ਬੈਠੇ ਸਨ, ਉਸ ਨਾਲ ਬਚਨ ਬਿਲਾਸ ਕਰ ਰਹੇ ਸਨ॥੧੬॥

ਦੀਪਮਾਲ ਕੋ ਮੇਲਾ ਆਯੋ। ਜਿਤ ਕਿਤ ਤੇ ਸਿਖ ਗਨ ਉਮਡਾਯੋ।
ਮੁੱਖਜ ਮਸੰਦ ਸੰਗਤਾਂ ਲਜਾਵੈਂ। ਦਰਬ ਸੰਚਿ ਗਨ ਆਪ ਸੁਹਾਵੈਂ ॥੧੭॥

ਦੀਵਾਲੀ ਦਾ ਮੇਲਾ ਆਇਆ ਸੀ, ਜਿਥੋਂ ਕਿਥੋਂ ਬਹੁਤ ਸਿੱਖ ਉਤਸ਼ਾਹ ਨਾਲ ਆਏ ਸਨ। ਮੁਖੀ ਮਸੰਦ ਸੰਗਤਾਂ ਨੂੰ ਲੈ ਕੇ ਆਉਂਦੇ ਸਨ। ਬਹੁਤ ਧਨ ਇਕੱਠਾ ਕਰਕੇ ਆਪ ਸ਼ੋਭਦੇ ਸਨ॥੧੭॥

ਅਟਲਰਾਇ ਕੀ ਸੁਧਿ ਕੋ ਪਾਏ। ਯਾਂਤੇ ਚਲਿ ਆਏ ਸਮੁਦਾਏ।
ਦਰਬ ਸੰਚਿ ਗਨ ਅਪਰ ਬਿਸਾਲਾ। ਪਹੁਚੇ ਸਕਲ ਆਇ ਤਿਸ ਕਾਲਾ ॥੧੮॥

ਸਾਰੇ ਸ੍ਰੀ ਅਟੱਲ ਰਾਇ ਬਾਰੇ ਪੁੱਛਦੇ ਸਨ, ਇਸ ਕਰਕੇ ਇਕੱਠੇ ਹੋ ਕੇ ਚਲ ਕੇ ਆਏ ਸਨ। ਬਹੁਤ ਧਨ ਅਤੇ ਹੋਰ ਪਦਾਰਥ ਇਕੱਠੇ ਕਰਕੇ, ਸਾਰੇ ਉਸ ਸਮੇਂ ਪਹੁੰਚ ਗਏ॥੧੮॥

ਪੂਰਬ ਸਤਿਗੁਰ ਕੇ ਢਿਗ ਜਾਵੈਂ। ਅਟਲਰਾਇ ਕੇ ਹੇਤੁ ਬੁਲਾਵੈਂ।
ਪੁਨਹਿ ਉਪਾਇਨ ਕੋ ਅਰਪਾਵੈਂ। ਗੁਰ ਤੇ ਖੁਸ਼ੀ ਬੰਦਿ ਕਰ ਪਾਵੈਂ ॥੧੯॥

ਪਹਿਲਾਂ ਸਤਿਗੁਰੂ ਜੀ ਦੇ ਪਾਸ ਜਾਂਦੇ ਸਨ, ਤੇ ਸ੍ਰੀ ਅਟੱਲ ਰਾਇ ਬਾਰੇ ਗੁਰੂ ਜੀ ਨਾਲ ਹਿਰਖ ਕਰਦੇ ਸਨ। ਫਿਰ ਉਪਹਾਰ ਅਰਪਣ ਕਰਦੇ ਸਨ ਤੇ ਹੱਥ ਜੋੜ ਕੇ ਗੁਰੂ ਜੀ ਪਾਸੋਂ ਖੁਸ਼ੀ ਪ੍ਰਾਪਤ ਕਰਦੇ ਸਨ॥੧੯॥

ਸ੍ਰੀ ਗੁਰ ਤਖਤ ਅਕਾਲ ਸੁਹਾਏ। ਧਰਹਿਂ ਉਪਾਇਨ ਜੋ ਸਿਖ ਲਜਾਏ।
ਅਧਿਕ ਭੀਰ ਚਹੁਂ ਦਿਸ਼ਿ ਮਹਿਂ ਹੋਵੈ। ਖਰੇ ਹਜ਼ਾਰਹੁਂ ਦਰਸ਼ਨ ਜੋਵੈਂ ॥੨੦॥

ਸ੍ਰੀ ਸਤਿਗੁਰੂ ਜੀ ਅਕਾਲ ਤਖ਼ਤ ਤੇ ਸ਼ੋਭਦੇ ਸਨ, ਸਿੱਖ ਲਿਆ ਕੇ ਉਪਹਾਰ ਅੱਗੇ ਧਰਦੇ ਸਨ। ਚਾਰੇ ਪਾਸੇ ਬਹੁਤ ਭੀੜ ਹੋ ਗਈ ਸੀ, ਹਜ਼ਾਰਾਂ ਲੋਕ ਖੜੇ ਹੋ ਕੇ ਦਰਸ਼ਨ ਕਰਦੇ ਸਨ॥੨੦॥

ਮਹਾਂ ਮਸੰਦ ਬ੍ਰਿੰਦ ਥਿਤਿ ਪਾਸ। ਖਰੋ ਮੇਵਰੋ ਕਰਿ ਅਰਦਾਸ।
ਸੁਭਟਨਿ ਕੋ ਬਡ ਲਗ੍ਯੋ ਦਿਵਾਨ। ਬੀਚ ਬਿਰਾਜਹਿਂ ਸ੍ਰੀ ਭਗਵਾਨ ॥੨੧॥

ਬਹੁਤ ਮਸੰਦ ਸਮੂਹ ਪਾਸ ਬੈਠੇ ਸਨ ਤੇ ਅਰਦਾਸੀਆ ਖੜਾ ਹੋ ਕੇ ਅਰਦਾਸ ਕਰਦਾ ਸੀ। ਸੂਰਮਿਆਂ ਦਾ ਵੱਡਾ ਦੀਵਾਨ ਲੱਗਾ ਸੀ, ਸ੍ਰੀ ਸਤਿਗੁਰੂ ਭਗਵਾਨ ਜੀ ਉਨ੍ਹਾਂ ਦੇ ਵਿਚ ਬਿਰਾਜ ਰਹੇ ਸਨ॥੨੧॥

ਚਮਰ ਚਾਰੁ ਸਿਰ ਪਰ ਸ਼ੁਭ ਢੁਰੈ। ਹੰਸਨ ਕੀ ਸਮਸਰਤਾ ਧਰੈ।
ਸ਼ਸਤ੍ਰ ਆਨਿ ਜੋ ਅਰਪਤਿ ਆਗੈ। ਤਿਸਹਿ ਗਹੈਂ ਕਥਿ,ਹੇਰਨਿ ਲਾਗੈਂ ॥੨੨॥

ਸੁੰਦਰ ਸਫੇਦ ਰੰਗ ਦਾ ਚੌਰ ਸਿਰ ਉੱਤੇ ਫਿਰਦਾ ਹੰਸ ਦੀ ਬਰਾਬਰੀ ਕਰ ਰਿਹਾ ਸੀ, ਭਾਵ ਹੰਸ ਵਾਂਗ ਉਡਾਰੀਆਂ ਮਾਰ ਰਿਹਾ ਸੀ। ਜਦ ਕੋਈ ਸ਼ਸਤਰ ਲਿਆ ਕੇ ਅੱਗੇ ਅਰਪਣ ਕਰਦਾ ਸੀ ਤਾਂ ਉਸ ਨੂੰ ਫੜ ਕੇ ਵੇਖਣ ਲੱਗ ਜਾਂਦੇ ਸਨ॥੨੨॥

ਬਿਧੀਚੰਦ ਜੇਠਾਦਿਕ ਔਰ। ਪਰਵਾਰਤਿ ਸੋਢੀ ਸਿਰਮੌਰ।
ਕਬਿ ਗੁਰਦਾਸ ਸੰਗ ਕਹਿਂ ਬੈਨ। ਕਬਹੁਂ ਕਰਹਿਂ ਸੰਗਤਿ ਦਿਸ਼ਿ ਨੈਨ॥੨੩॥

ਬਿਧੀ ਚੰਦ ਜੇਠਾ ਆਦਿ ਸੂਰਮੇ ਸੋਢੀ ਸਿਰਮੌਰ ਦੇ ਚਾਰ-ਚੁਫੇਰੇ ਬੈਠਦੇ ਹਨ। ਕਦੀ ਭਾਈ ਗੁਰਦਾਸ ਨਾਲ ਬਚਨ ਕਰਦੇ ਹਨ ਤੇ ਕਦੀ ਸੰਗਤ ਵਾਲੇ ਪਾਸੇ ਨੈਣ ਕਰਦੇ ਹਨ॥੨੩॥

ਸ੍ਰੀ ਗੁਰਦਿੱਤਾ ਨਿਕਟਿ ਸੁਹਾਏ। ਇਕ ਦਿਸ਼ਿ ਸੂਰਜ ਮਲ ਦੁਤਿ ਪਾਏ।
ਅਣੀਰਾਇ ਬੈਠੇ ਗੁਰ ਤੀਰ। ਆਵਹਿਂ ਜਾਹਿਂ ਸੰਗਤਾਂ ਭੀਰ॥ ੨੪॥

ਸ੍ਰੀ ਗੁਰਦਿੱਤਾ ਜੀ ਪਾਸ ਹੀ ਸ਼ੋਭਾ ਪਾ ਰਹੇ ਹਨ, ਇਕ ਪਾਸੇ ਸ੍ਰੀ ਸੂਰਜ ਮਲ ਜੀ ਸੁਹਾ ਰਹੇ ਹਨ। ਸ੍ਰੀ ਅਣੀ ਰਾਇ ਗੁਰੂ ਜੀ ਦੇ ਪਾਸ ਬੈਠੇ ਹਨ ਤੇ ਸੰਗਤਾਂ ਦੀ ਭੀੜ ਆਉਂਦੀ ਜਾਂਦੀ ਹੈ॥੨੪॥

ਸ਼ਬਦ ਰਬਾਬੀ ਗਾਵਤਿ ਆਗੇ। ਸੁਨਤਿ ਸਿੱਖ ਸਮੁਝਤਿ ਵਡਭਾਗੇ।
ਦਾਸ ਅੰਕ ਸ੍ਰੀ ਤੇਗ ਬਹਾਦਰ। ਬੈਠੇ ਸਤਿਗੁਰ ਕੇ ਢਿਗ ਸਾਦਰ॥ ੨੫॥

ਅੱਗੇ ਰਬਾਬੀ ਸ਼ਬਦਾਂ ਦਾ ਗਾਇਣ ਕਰ ਰਹੇ ਹਨ, ਵੱਡਭਾਗੇ ਸਿੱਖ ਸੁਣ-ਸੁਣ ਕੇ ਸਮਝ ਰਹੇ ਹਨ। ਸ੍ਰੀ ਤੇਗ ਬਹਾਦਰ ਨੂੰ ਇਕ ਸੇਵਕ ਨੇ ਗੋਦ ਵਿਚ ਚੁਕਿਆ ਹੈ ਤੇ ਉਹ ਬੜੇ ਆਦਰ ਨਾਲ ਸਤਿਗੁਰੂ ਜੀ ਦੇ ਪਾਸ ਬੈਠਿਆ ਹੈ॥੨੫॥

ਕਰਹਿਂ ਕਾਮਨਾ ਪੂਰਨ ਬ੍ਰਿੰਦ। ਸਭਿ ਬਿਧਿ ਸਭਿਨਿ ਅਨੰਦ ਬਿਲੰਦ।
ਪ੍ਰੇਮਚੰਦ ਇਕ ਖੱਤ੍ਰੀ ਆਯੋ। ਸਹਤ ਪੁੱਤ੍ਰ ਸਤਿਗੁਰ ਦਰਸਾਯੋ॥ ੨੬॥

ਸਭ ਕਾਮਨਾਵਾਂ ਪੂਰੀਆਂ ਕਰਦੇ ਹਨ, ਸਭ ਵਿਧੀਆਂ ਨਾਲ ਸਾਰੇ ਵੱਡੇ ਅਨੰਦ ਵਿਚ ਹਨ। ਉਸ ਸਮੇਂ ਪ੍ਰੇਮ ਚੰਦ ਨਾਮੀ ਇਕ ਖੱਤਰੀ ਆਇਆ, ਪੁੱਤਰਾਂ ਸਹਿਤ ਉਸ ਗੁਰੂ ਜੀ ਦੇ ਦਰਸ਼ਨ ਕੀਤੇ॥੨੬॥

ਕੰਨਯਾਂ ਹੁਤੀ ਤਾਂਹਿ ਘਰ ਮਾਂਹੀ। ਬਰ ਖੋਜਤਿ ਕਿਤ ਪਾਯੋ ਨਾਂਹੀ।
ਤਿਸ ਪਿਖਿ ਕੈ ਅਭਿਲਾਖਾ ਧਰੀ। ਚਹਤਿ ਸਗਾਈ ਗੁਰ ਸੁਤ ਕਰੀ॥ ੨੭॥

ਉਸ ਦੇ ਘਰ ਇਕ ਕੰਨਿਆ ਸੀ, ਉਹ ਉਸ ਦੇ ਵਰ ਦੀ ਭਾਲ ਵਿਚ ਸੀ, ਪਰ ਹਾਲੇ ਤਕ ਕਿਤੇ ਵਰ ਪਾਇਆ ਨਹੀਂ ਸੀ। ਉਸ ਨੇ ਗੁਰੂ ਜੀ ਦੇ ਪੁੱਤਰਾਂ ਨੂੰ ਵੇਖ ਕੇ ਅਭਿਲਾਸ਼ਾ ਧਾਰਨ ਕੀਤੀ। ਉਹ ਗੁਰੂ ਜੀ ਦੇ ਪੁੱਤਰ ਨਾਲ ਆਪਣੀ ਕੰਨਿਆ ਦੀ ਸਗਾਈ ਕਰਨਾ ਚਾਹੁੰਦਾ ਸੀ॥੨੭॥

ਹਾਥ ਜੋਰਿ ਹੁਇ ਖਰੋ ਅਗਾਰੀ। ਗੁਰ ਸਨਮੁਖ ਥਿਤ ਗਿਰਾ ਉਚਾਰੀ।
'ਮਹਾਂਰਾਜ! ਮੇਰੀ ਅਰਦਾਸ। ਪੂਰਨ ਕਰਹੁ ਦੀਨ ਕੀ ਆਸ॥ ੨੮॥

ਹੱਥ ਜੋੜ ਕੇ ਅੱਗੇ ਖੜਾ ਹੋ ਗਿਆ ਤੇ ਗੁਰੂ ਜੀ ਦੇ ਸਾਹਮਣੇ ਹੋ ਕੇ ਬੋਲਿਆ, ''ਮਹਾਰਾਜ! ਮੇਰੀ ਇਕ ਬੇਨਤੀ ਹੈ, ਮੇਰੇ ਗਰੀਬ ਦੀ ਆਸ ਪੂਰੀ ਕਰੋ॥੨੮॥

ਸ੍ਰੀ ਕਰਤਾਰਪੁਰੇ ਕੋ ਬਾਸੀ। ਜਾਤਿ ਸਿਲੀ ਜਗ ਬਿਖੈ ਪ੍ਰਕਾਸ਼ੀ।
ਨਵ ਬਰਖਨ ਕੀ ਕੰਨਯਾਂ ਮੇਰੀ। ਚਹੌਂ ਕਰਨਿ ਸੂਰਜਮਲ ਚੇਰੀ॥ ੨੯॥

ਮੈਂ ਸ੍ਰੀ ਕਰਤਾਰਪੁਰ ਦਾ ਰਹਿਣ ਵਾਲਾ ਹਾਂ ਤੇ ਮੇਰੀ ਜਾਤ ਸਿਲੀ ਹੈ ਜਿਹੜੀ ਸਾਰੇ ਜਗਤ ਵਿਚ ਪ੍ਰਗਟ ਹੈ। ਮੇਰੀ ਨੌਂ ਸਾਲ ਦੀ ਕੰਨਿਆ ਹੈ, ਮੈਂ ਉਸ ਨੂੰ ਸੂਰਜ ਮਲ ਦੀ ਦਾਸੀ ਬਣਾਉਣੀ ਚਾਹੁੰਦਾ ਹਾਂ॥੨੯॥

ਇਹੀ ਕਾਮਨਾ ਪੂਰਨ ਕਰੀਅਹਿ। ਦਾਸਨਿ ਦਾਸਨਿ ਦਾਸ ਬਿਚਰੀਅਹਿ'।
ਸਤਿਗੁਰ ਕੋ ਰੁਖ ਬਿਧੀਏ ਪਾਯੋ। ਦੇ ਧੀਰਜ ਤਿਹ ਨਿਕਟਿ ਬਿਠਾਯੋ॥ ੩੦॥

ਇਹ ਮੇਰੀ ਕਾਮਨਾ ਪੂਰੀ ਕਰੋ, ਮੈਨੂੰ ਦਾਸਾਂ ਦੇ ਦਾਸ ਦਾ ਦਾਸ ਸਮਝੋ।'' ਸ੍ਰੀ ਸਤਿਗੁਰੂ ਜੀ ਦੇ ਰੁਖ ਨੂੰ ਭਾਈ ਬਿਧੀ ਚੰਦ ਸਮਝ ਗਿਆ, ਉਸ ਨੂੰ ਧੀਰਜ ਦੇ ਕੇ ਪਾਸ ਬਿਠਾਇਆ॥੩੦॥

'ਜਿਮ ਚਾਹਹਿਂ ਕਰਿਬੋ ਤਿਮ ਠਾਨਿ। ਗੁਰ ਘਰਿ ਅਹੈ ਨਿਮਾਨਨਿ ਮਾਨ।
ਦਰਬ ਆਦਿ ਇਹ ਪਿਖਹਿਂ ਨ ਕੋਈ। ਚਹਹਿਂ ਸੁ ਕਰਹਿਂ ਪ੍ਰੇਮ ਜੁਤਿ ਹੋਈ ॥੩੧॥

''ਜਿਵੇਂ ਕਰਨਾ ਚਾਹੁੰਦੇ ਹੋ, ਉਸ ਤਰ੍ਹਾਂ ਕਰੋ, ਗੁਰੂ ਘਰ ਵਿਚ ਨਿਮਾਣਿਆਂ ਨੂੰ ਵੀ ਮਾਣ ਮਿਲਦਾ ਹੈ, ਧਨ ਆਦਿ ਨੂੰ ਕੋਈ ਨਹੀਂ ਵੇਖਦਾ ਹੈ, ਜੋ ਚਾਹੁੰਦੇ ਹਨ ਪ੍ਰੇਮ-ਵਸ ਹੋ ਕੇ ਕਰਦੇ ਹਨ''॥੩੧॥

ਪ੍ਰੇਮ ਚੰਦ ਸੁਨਿ ਧੀਰਜ ਪਾਯੋ। ਬੋਲਿ ਗਣਿਕ ਕੋ ਸਮੋ ਸੁਧਾਯੋ।
ਜੇਤਿਕ ਰੀਤਿ ਸੁਧਾਰਨਿ ਕਰੀ। ਚੌਂਕੀ ਪਰ ਬਿਠਾਇ ਸੁਭ ਘਰੀ॥ ੩੨॥

ਇਹ ਸੁਣ ਕੇ ਪ੍ਰੇਮ ਚੰਦ ਨੇ ਧੀਰਜ ਪਾਇਆ ਤੇ ਗਿਣਤੀ ਕਰਨ ਵਾਲੇ ਜੋਤਸ਼ੀ ਨੂੰ ਬੁਲਾ ਕੇ ਸਮਾਂ ਸੋਧ ਲਿਆ। ਜੋ ਵੀ ਰੀਤ ਸੀ ਉਹ ਸੁਧਾਰ ਕੇ ਕਰ ਲਈ ਤੇ ਉਸ ਸ਼ੁਭ ਘੜੀ ਸ੍ਰੀ ਸੂਰਜ ਮੱਲ ਨੂੰ ਚੌਕੀ ਉਤੇ ਬਿਠਾ ਦਿੱਤਾ॥੩੨॥

ਲਘੁ ਦੀਰਘ ਦੁੰਦਭਿ ਬਜਵਾਏ। ਸੰਗ ਨਫੀਰਨਿ ਰਾਗ ਮਿਲਾਏ।
ਗੁਰ ਕੇ ਮਹਿਲ ਨਾਰਿਗਨ ਆਈ। ਗੁਰ ਤ੍ਰਿਯ ਤ੍ਰੈ ਕੋ ਦੇਤਿ ਬਧਾਈ॥ ੩੩॥

ਛੋਟੇ ਵੱਡੇ ਨਗਾਰੇ ਵਜਵਾਏ ਤੇ ਨਫੀਰੀਆਂ ਵਜਾ ਕੇ ਨਾਲ ਰਾਗ ਮਿਲਾਏ। ਗੁਰੂ ਜੀ ਦੇ ਮਹਿਲਾਂ ਵਿਚ ਬਹੁਤ ਇਸਤਰੀਆਂ ਆਈਆਂ ਤੇ ਗੁਰੂ ਜੀ ਦੀਆਂ ਤਿੰਨਾਂ ਮਹਿਲਾਂ ਨੂੰ ਵਧਾਈਆਂ ਦੇਣ ਲੱਗੀਆਂ॥੩੩॥

ਭਰਜੋ ਸਦਨ ਢੋਲਕ ਬਜਵਾਇ। ਪਿਕ ਬੈਨੀ ਮਿਲਿ ਗੀਤਨਿ ਗਾਇ।
ਮੰਗਲ ਮਹਾਂ ਕਰਜੋ ਤਿਹ ਸਮੈਂ। ਬੈਠੇ ਸਤਿਗੁਰ ਜਗ ਪਗ ਨਮੈ॥ ੩੪॥

ਸਾਰਾ ਘਰ ਭਰ ਗਿਆ ਤੇ ਢੋਲਕੀਆਂ ਵੱਜਣ ਲੱਗੀਆਂ ਤੇ ਸੁਰੀਲੀ ਆਵਾਜ਼ ਵਾਲੀਆਂ ਇਸਤਰੀਆਂ ਨੇ ਮਿਲ ਕੇ ਗੀਤ ਗਾਏ। ਉਸ ਸਮੇਂ ਮਹਾਨ ਅਨੰਦ ਮੰਗਲ ਕੀਤਾ ਗਿਆ। ਗੁਰੂ ਜੀ ਬੈਠੇ ਸਨ ਤੇ ਸਿੱਖ ਚਰਨਾਂ ਤੇ ਨਮਸਕਾਰ ਕਰ ਰਹੇ ਸਨ॥੩੪॥

ਪ੍ਰੇਮ ਚੰਦ ਲਖਿ ਭਾਗ ਭਲੇਰੇ। ਭਯੋ ਬਿਲੰਦ ਅਨੰਦ ਤਿਸ ਬੇਰੇ।
ਆਇ ਗੁਰੂ ਕੋ ਬੰਦਨ ਕੀਨਿ। ਨਿਕਟਿ ਬਿਠਾਯੋ ਆਦਰ ਦੀਨ॥ ੩੫॥

ਭਾਈ ਪ੍ਰੇਮ ਚੰਦ ਆਪਣੇ ਚੰਗੇ ਭਾਗ ਜਾਣ ਕੇ, ਉਸ ਸਮੇਂ ਬਹੁਤ ਪ੍ਰਸੰਨ ਹੋਇਆ। ਉਸ ਆ ਕੇ ਗੁਰੂ ਜੀ ਨੂੰ ਬੰਦਨਾ ਕੀਤੀ, ਗੁਰੂ ਜੀ ਨੇ ਬੜੇ ਆਦਰ ਨਾਲ ਪਾਸ ਬਿਠਾਇਆ॥੩੫॥

ਪਾਂਧੇ ਤਬਿ ਸਭਿ ਬਿਧਿ ਕਰਿਵਾਈ। ਗ੍ਰਹ ਨਵ ਗਨਪਤਿ ਵਿਸ਼ਨੁ ਪੁਜਾਈ॥
ਆਗਜਾ ਪਾਇ ਉਠਜੋ ਹਰਖਾਯੋ। ਪ੍ਰੇਮ ਚੰਦ ਗੁਰ ਪ੍ਰਥਮ ਮਨਾਯੋ॥ ੩੬॥

ਬ੍ਰਾਹਮਣ ਨੇ ਫਿਰ ਸਾਰੀਆਂ ਵਿਧੀਆਂ ਕਰਵਾਈਆਂ, ਨੌਂ ਗ੍ਰਹਿ ਤੇ ਗਣਪਤੀ ਵਿਸ਼ਨੂੰ ਦੀ ਪੂਜਾ ਕਰਵਾਈ। ਆਗਿਆ ਪਾ ਕੇ ਪ੍ਰਸੰਨ ਹੋ ਕੇ ਉਠਿਆ। ਪ੍ਰੇਮ ਚੰਦ ਨੇ ਪਹਿਲਾਂ ਗੁਰੂ ਜੀ ਨੂੰ ਧਿਆਇਆ॥੩੬॥

*ਨੋਟ : ਇਸ ਬਾਰੇ ਪਿਛੇ ਕਈ ਵਾਰ ਲਿਖਿਆ ਜਾ ਚੁੱਕਾ ਹੈ ਕਿ ਨੌਂ ਗ੍ਰਹਿ ਅਤੇ ਗਣਪਤੀ ਆਦਿ ਦੀ ਪੂਜਾ ਗੁਰੂ ਜੀ ਦੇ ਆਸ਼ੇ ਅਨੁਕੂਲ ਨਹੀਂ ਹੈ, ਇਹ ਕੇਵਲ ਕਵੀ ਜੀ ਦੀ ਕਲਪਣਾ ਹੈ।*

ਸੂਰਜਮਲ ਮੁਖ ਖਾਰਕ ਦੀਨੋ। ਕੁੰਕਮ ਤਿਲਕ ਭਾਲ ਮੈਂ ਕੀਨੋ।
ਮੰਗਲ ਭਯੋ ਅਨੇਕ ਪ੍ਰਕਾਰੇ। ਮੋਦਕ ਮੋਦਤਿ ਲੇ ਤਿਸ ਬਾਰੇ॥ ੩੭॥

ਸੂਰਜ ਮਲ ਦੇ ਮੂੰਹ ਵਿਚ ਛੁਹਾਰਾ ਪਾਇਆ ਗਿਆ ਤੇ ਕੇਸਰ ਦਾ ਤਿਲਕ ਮੱਥੇ ਵਿਚ ਲਾਇਆ ਗਿਆ। ਫਿਰ ਅਨੇਕ ਪ੍ਰਕਾਰ ਦੇ ਮੰਗਲ ਹੋਏ ਤੇ ਪ੍ਰਸੰਨ ਹੋ ਕੇ ਉਸ ਸਮੇਂ ਬਹੁਤ ਲੱਡੂ ਲਏ॥੩੭॥

ਸਭਿਨਿ ਬਿਖੈ ਬਹੁਤੇ ਬਰਤਾਏ। ਪਿਖਿ ਉਤਸਵ ਕੋ ਉਰ ਹਰਖਾਏ।
ਜਾਚਕ ਗਨ ਕੋ ਧਨ ਬਹੁ ਦੀਨਿ। ਲੇ ਲੇ ਸਭਿਨਿ ਸੁਜਸੁ ਕੋ ਕੀਨਿ ॥ ੩੮॥

ਸਾਰਿਆਂ ਦੇ ਵਿਚ ਬਹੁਤ ਵਰਤਾਏ ਗਏ, ਉਤਸਵ ਵੇਖ ਕੇ ਸਾਰਿਆਂ ਦੇ ਦਿਲ ਬਹੁਤ ਪ੍ਰਸੰਨ ਹੋਏ। ਮੰਗਤਿਆਂ ਨੂੰ ਬਹੁਤ ਧਨ ਦਿੱਤਾ ਗਿਆ। ਧਨ ਲੈ-ਲੈ ਸਾਰਿਆਂ ਨੇ ਸ੍ਰੇਸ਼ਟ ਜੱਸ ਕੀਤਾ॥੩੮॥

ਪ੍ਰੇਮਚੰਦ ਸਗਰੀ ਬਿਧਿ ਕਰਿ ਕੈ। ਗਮਨਯੋ ਸਦਨ ਅਨੰਦ ਕੋ ਧਰਿਕੈ।
ਜਾਇ ਤਹਾਂ ਉਤਸਵ ਕੋ ਕੀਨਾ। ਕਹਿ ਕੁਟੰਬ ਕੋ ਹਰਖ ਸੁ ਦੀਨਾ॥ ੩੯॥

ਭਾਈ ਪ੍ਰੇਮ ਚੰਦ ਸਾਰੀਆਂ ਵਿਧੀਆਂ ਕਰਕੇ, ਬਹੁਤ ਅਨੰਦ ਧਾਰਨ ਕਰਕੇ ਆਪਣੇ ਘਰ ਨੂੰ ਗਿਆ। ਘਰ ਜਾ ਕੇ ਬਹੁਤ ਵੱਡਾ ਉਤਸਵ ਕੀਤਾ ਤੇ ਆਪਣੇ ਪਰਿਵਾਰ ਨੂੰ ਦੱਸ ਕੇ ਬਹੁਤ ਖੁਸ਼ੀ ਦਿੱਤੀ॥੩੯॥

ਇਤ ਸਤਿਗੁਰੁ ਮੇਲਾ ਕਰਿ ਆਛੇ। ਸਹਤ ਮਸੰਦ ਬਿਸਰਜਤਿ ਪਾਛੇ।
ਜਥਾ ਜੋਗ ਦੈਦੈ ਸਿਰਪਾਉ। ਤਿਸੀ ਦੇਸ਼ ਭੇਜੇ ਕਰੁਨਾਉ॥ ੪੦॥

ਏਧਰ ਸਤਿਗੁਰੂ ਜੀ ਨੇ ਮੇਲਾ ਲਾ ਕੇ, ਮਸੰਦਾਂ ਸਹਿਤ ਸਭ ਨੂੰ ਵਿਦਾ ਕੀਤਾ। ਮਸੰਦਾਂ ਨੂੰ ਯਥਾ-ਯੋਗ ਸਿਰੋਪੇ ਦੇ ਕੇ ਤੇ ਸਨਮਾਨ ਕਰਕੇ ਉਨ੍ਹਾਂ ਦੇ ਪਹਿਲੇ ਦੇਸ਼ਾਂ ਵਿਚ ਭੇਜ ਦਿੱਤਾ॥੪੦॥

ਸਕਲ ਅਨੰਦ ਪਾਇ ਜਸੁ ਕਹੈਂ। ਗਮਨੇ ਸਭਿ ਦੇਸ਼ਨਿ ਜਿਮ ਕਹੈਂ।
ਸੰਗਤਿ ਨਿਜ ਨਿਜ ਸਦਨ ਸਿਧਾਰੀ। ਜਹਿਂ ਕਹਿਂ ਕੀਰਤਿ ਗੁਰੂ ਉਚਾਰੀ॥੪੧॥

ਸਾਰੇ ਹੀ ਅਨੰਦ ਪਾ ਕੇ ਗੁਰੂ ਜੀ ਦਾ ਜੱਸ ਕਹਿੰਦੇ ਸਨ. ਸਾਰੇ ਹੀ ਉਨ੍ਹਾਂ ਦੇਸਾਂ ਨੂੰ ਚਲੇ ਗਏ, ਜਿਸ ਤਰ੍ਹਾਂ ਉਨ੍ਹਾਂ ਨੂੰ ਕਿਹਾ ਗਿਆ ਸੀ। ਸੰਗਤ ਆਪਣੇ-ਆਪਣੇ ਘਰਾਂ ਨੂੰ ਚਲੀ ਗਈ, ਜਿਥੇ ਕਿਥੇ ਗੁਰੂ ਜੀ ਦੀ ਕੀਰਤੀ ਉਚਾਰਨ ਕਰਦੇ ਸਨ॥੪੧॥

ਰਾਮੋ ਸਹਤ ਜ ਸਾਈਂ ਦਾਸ। ਹਾਥ ਜੋਰਿ ਕੀਨਸਿ ਅਰਦਾਸ।
'ਦਿਹੁ ਰਜ਼ਾਇ ਕਰੁਨਾ ਕੋ ਠਾਨਿ। ਰਹੇ ਦਿਵਸ ਬਹੁ, ਕਰਹਿਂ ਪਯਾਨ॥ ੪੨॥

ਬੀਬੀ ਰਾਮੋ ਨੇ ਸਾਈਂ ਦਾਸ ਸਮੇਤ, ਹੱਥ ਜੋੜ ਕੇ ਬੇਨਤੀ ਕੀਤੀ, "ਕਿਰਪਾ ਧਾਰ ਕੇ ਸਾਨੂੰ ਆਗਿਆ ਦੇਵੋ, ਅਸੀਂ ਬਹੁਤ ਦਿਨ ਏਥੇ ਠਹਿਰੇ ਹਾਂ, ਹੁਣ ਜਾਣਾ ਚਾਹੁੰਦੇ ਹਾਂ॥੪੨॥

ਆਪ ਅਗਵਨ ਹੋਇ ਤਿਸ ਦੇਸ਼। ਤਹਿਂ ਦਰਸ਼ਨ ਕੋ ਚਹਿਤਿ ਅਸ਼ੇਸ਼'।
ਤਬਿ ਸਤਿਗੁਰ ਨਿਜ ਸਾਰੀ ਜਾਨਿ। ਮੁਖ ਮੁਸਕਾਵਤਿ ਕੀਨਿ ਬਖਾਨਿ॥ ੪੩॥

ਤੁਹਾਨੂੰ ਹੁਣ ਉਸ ਦੇਸ਼ ਵਿਚ ਆਉਣਾ ਚਾਹੀਦਾ ਹੈ, ਉਸ ਦੇਸ ਦੇ ਸਾਰੇ ਸਿੱਖ ਆਪ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਹਨ।" ਤਦ ਸਤਿਗੁਰੂ ਜੀ ਨੇ ਭਵਿੱਖ ਵਿਚ ਵਾਪਰਨ ਵਾਲੀ ਸਾਰੀ ਗਤੀ ਜਾਣ ਲਈ, ਮੁਸਕਰਾ ਕੇ ਬਚਨ ਕੀਤੇ॥੪੩॥

'ਪ੍ਰਥਮ ਰਹੇ ਤੁਮ ਘਰ ਚਿਰ ਕਾਲ। ਬਹੁਰ ਆਇ ਹਮ ਬਸਹਿਂ ਬਿਸਾਲ।
ਰਹਹੁ ਪ੍ਰਤੀਖਤਿ, ਨਿਸ਼ਚ ਐ ਹੈਂ। ਤੁਮਰੋ ਪ੍ਰੇਮ ਰਹਨਿ ਨਹਿਂ ਦੈ ਹੈਂ॥ ੪੪॥

ਪਹਿਲਾਂ ਤੁਹਾਡੇ ਘਰ ਵਿਚ ਬਹੁਤ ਦੇਰ ਰਹੇ ਸੀ, ਦੁਬਾਰਾ ਆ ਕੇ ਅਸੀਂ ਫਿਰ ਰਹਾਂਗੇ। ਇੰਤਜ਼ਾਰ ਕਰੋ ਅਸੀਂ ਨਿਸ਼ਚੇ ਹੀ ਆ ਰਹੇ ਹਾਂ, ਤੁਹਾਡਾ ਪ੍ਰੇਮ ਰਹਿਣ ਨਹੀਂ ਦਿੰਦਾ ਹੈ' ॥੪੪॥

ਤ੍ਰੈ ਦਮੋਦਰੀ ਆਦਿਕ ਜੇਈ। ਮਿਲਿ ਕਰਿ ਸਭਿਹਿ ਨਮਹਿਂ ਕਰਿ ਸੇਈ।
ਗਏ ਡਰੋਲੀ ਕੋ ਸੁਖ ਪਾਇ। ਨਿਤ ਸਤਿਗੁਰ ਸਿਮਰਹਿਂ ਚਿਤ ਪਾਇ॥ ੪੫ ॥

ਦਮੋਦਰੀ ਆਦਿ ਗੁਰੂ ਜੀ ਦੇ ਤਿੰਨੇ ਮਹਿਲਾਂ ਨੇ ਮਿਲ ਕੇ ਨਮਸਕਾਰ ਕੀਤੀ। ਉਹ ਦੋਵੇਂ ਸੁਖ ਪਾ ਕੇ ਡਰੋਲੀ ਨੂੰ ਚਲੇ ਗਏ ਤੇ ਸਦਾ ਸਤਿਗੁਰੂ ਨੂੰ ਚਿਤ ਲਾ ਕੇ ਯਾਦ ਕਰਦੇ ਸਨ॥੪੫॥

ਸ੍ਰੀ ਗੁਰਦਿੱਤੇ ਪਿਤ ਰੁਖ ਜਾਨਿ। ਆਇਸੁ ਪਾਇ ਤਿਆਰੀ ਠਾਨਿ।
ਨੱਤੀ ਧੀਰਮੱਲ ਲੇ ਗੋਦ। ਸਭਿ ਸਾਸਨਿ ਸੰਗ ਮਿਲੀ ਪ੍ਰਮੋਦ॥ ੪੬ ॥

ਸ੍ਰੀ ਗੁਰਦਿੱਤੇ ਨੇ ਆਪਣੇ ਪਿਤਾ ਜੀ ਦਾ ਰੁਖ ਜਾਣ ਕੇ ਆਗਿਆ ਪਾ ਕੇ ਤਿਆਰੀ ਕਰ ਲਈ, ਉਨ੍ਹਾਂ ਦੀ ਪਤਨੀ ਪੁੱਤਰ ਧੀਰ ਮਲ ਨੂੰ ਆਪਣੀ ਗੋਦ ਵਿਚ ਚੁੱਕ ਕੇ ਤਿੰਨਾਂ ਸੱਸਾ ਨੂੰ ਬੜੀ ਪ੍ਰਸੰਨ ਹੋ ਕੇ ਮਿਲੀ॥੪੬॥

ਨਮਸਕਾਰ ਕਰਿ ਸਜੰਦਨ ਚਰੀ। ਸ੍ਰੀ ਕਰਤਾਰ ਪੁਰੇ ਮਗ ਪਰੀ।
ਸ੍ਰੀ ਗੁਰਦਿੱਤਾ ਪਹੁਂਚਜੋ ਜਾਇ। ਬਸੇ ਤਹਾਂ ਹੀ ਸੁਖ ਉਪਜਾਇ॥ ੪੭ ॥

ਨਮਸਕਾਰ ਕਰਕੇ ਰੱਥ ਵਿਚ ਚੜ੍ਹ ਗਈ ਤੇ ਸ੍ਰੀ ਕਰਤਾਰਪੁਰ ਦੇ ਮਾਰਗ ਪੈ ਗਏ। ਸ੍ਰੀ ਗੁਰਦਿੱਤਾ ਪਰਿਵਾਰ ਸਹਿਤ ਉਥੇ ਪਹੁੰਚ ਗਿਆ ਤੇ ਉਥੇ ਬੜਾ ਸੁਖ ਪਾ ਕੇ ਵੱਸੇ॥੪੭॥

*ਸੱਤਵੀਂ ਰਾਸ ਦਾ ਪਹਿਲਾ ਅਧਿਆਇ ਸਮਾਪਤ ਹੋਇਆ॥੧॥*

## *ਅਧਿਆਇ ਦੂਸਰਾ*

*ਭਾਈ ਗੁਰਦਾਸ ਨੇ ਘੋੜੇ ਖ਼੍ਰੀਦਣੇ*

ਦੋਹਰਾ- ਕੁਛਕ ਕਥਾ ਗੁਰਦਾਸ ਕੀ ਸੁਨਹੁਂ ਸਕਲ ਗੁਰ ਦਾਸ।
ਗੁਰ ਮਾਯਾ ਦੁਸ਼ਤਰ ਮਹਾਂ ਕਰਿ ਲੀਜਹਿ ਨਿਰਜਾਸ॥ ੧ ॥

ਹੇ ਗੁਰੂ ਜੀ ਦੇ ਸਿੱਖੋ ! ਕੁਝ ਕਥਾ ਭਾਈ ਗੁਰਦਾਸ ਜੀ ਦੀ ਵੀ ਸੁਣੋ। ਗੁਰੂ ਜੀ ਦੀ ਮਾਇਆ ਬੜੀ ਕਠੋਰ ਹੈ ਇਸ ਨੂੰ ਪਾਰ ਕਰਨਾ ਬੜਾ ਮੁਸ਼ਕਿਲ ਹੈ, ਇਹ ਨਿਰਣਾ ਕਰਕੇ ਵੇਖ ਲਵੋ॥੧॥

ਚੌਪਈ- ਏਕ ਦਿਵਸ ਗੁਰ ਸਭਾ ਮਝਾਰੇ। ਸਿਦਕੀ ਸਿਖ ਬੈਠੇ ਮਦ ਧਾਰੇ।
ਭਗਤੂ ਬਹਿਲੋ ਆਦਿਕ ਥਿਰੇ। ਜੇਠਾ ਬਿਧੀਆ ਸੁਭ ਮਤਿ ਕਰੇ॥ ੨ ॥

ਇਕ ਦਿਨ ਗੁਰੂ ਜੀ ਦੀ ਸਭਾ ਵਿਚ, ਸਿਦਕੀ ਸਿੱਖ ਬੜੀ ਪ੍ਰਸੰਨਤਾ ਧਾਰ ਕੇ ਬੈਠੇ ਸਨ। ਭਗਤੂ, ਬਹਿਲੋ ਆਦਿ ਬੈਠੇ ਸਨ। ਜੇਠੇ ਅਤੇ ਬਿਧੀ ਚੰਦ ਨੇ ਸ਼ੁਭ ਮੱਤ ਧਾਰਨ ਕੀਤੀ ਹੋਈ ਸੀ॥੨॥

ਬੈਠਜੋ ਢਿਗ ਪ੍ਰਬੀਨ ਗੁਰਦਾਸ। ਸਿੱਖੀ ਕੇ ਹੁਇਂ ਬਾਕ ਬਿਲਾਸ।
ਕਹਤਿ ਭਏ 'ਗੁਰ ਕਰੁਨਾ ਧਰੈਂ। ਮਾਯਾ ਤੇ ਸੁ ਬਚਾਵਨਿ ਕਰੈਂ॥ ੩ ॥

ਉਨ੍ਹਾਂ ਦੇ ਪਾਸ ਚਤੁਰ ਭਾਈ ਗੁਰਦਾਸ ਜੀ ਵੀ ਬੈਠੇ ਸਨ, ਸਿੱਖੀ ਬਾਰੇ ਬਚਨ ਬਿਲਾਸ ਹੋ ਰਿਹਾ ਸੀ। ਕਹਿ ਰਹੇ ਸਨ, "ਜੇ ਗੁਰੂ ਜੀ ਕਿਰਪਾ ਧਾਰਨ ਤਾਂ ਮਾਇਆ ਤੋਂ ਬਚਾ ਲੈਂਦੇ ਹਨ॥੩॥

ਮਨ ਠਹਿਰਾਵੈਂ ਚਰਨ ਮਝਾਰਾ। ਸਹੈ ਕਸੌਟੀ ਸੋ ਸਿਖ ਭਾਰਾ।
ਗੁਰ ਕੇ ਚਰਿਤ ਨ ਜਾਹਿਂ ਬਿਚਾਰੇ। ਪਿਖਿ ਕਰਿ ਭਰਮਹਿਂ ਸਿੱਖ ਬਿਚਾਰੇ' ॥੪॥

ਜਿਹੜਾ ਸਿੱਖ ਗੁਰੂ ਜੀ ਦੇ ਚਰਨਾਂ ਵਿਚ ਆਪਣਾ ਮਨ ਠਹਿਰਾਉਂਦਾ ਹੈ, ਉਹ ਸਿੱਖ ਗੁਰੂ ਜੀ ਵਲੋਂ ਲਾਈ ਭਾਰੀ ਕਸੌਟੀ ਸਹਿ ਸਕਦਾ ਹੈ। ਗੁਰੂ ਜੀ ਦੇ ਚਰਿੱਤਰ ਨਹੀਂ ਵਿਚਾਰ ਸਕਦੇ, ਭਾਵ ਬੁਧੀ ਨਾਲ ਸਮਝਣ ਲਗਿਆਂ ਕਈ ਵਾਰ ਸਮਝ ਨਹੀਂ ਪੈਂਦੀ ਹੈ, ਵੇਖ ਕੇ ਵਿਚਾਰ ਕੇ ਸਿੱਖ ਭਰਮਾਂ ਵਿਚ ਪੈ ਜਾਂਦੇ ਹਨ॥੪॥

ਸਭਿ ਮਹਿਂ ਤਬਿ ਬੋਲਜੋ ਗੁਰਦਾਸ। 'ਜੇ ਕਰਿ ਹੋਇ ਸਿਖ ਗੁਰ ਪਾਸ।
ਸਿੱਖੀ ਕੋ ਨਿਰਬਾਹਨਿ ਕਰੈ। ਜਜੋਂ ਕਜੋਂ ਕਰਿ ਉਰ ਭਰਮ ਨ ਧਰੈ॥ ੫॥

ਸਾਰਿਆਂ ਵਿਚ ਫਿਰ ਭਾਈ ਗੁਰਦਾਸ ਬੋਲਿਆ, "ਜੇ ਸਿੱਖ ਗੁਰੂ ਜੀ ਦੇ ਪਾਸ ਹੋਵੇ ਤਾਂ ਸਿੱਖੀ ਦਾ ਨਿਰਬਾਹ ਕਰੇ, ਜਿਵੇਂ ਕਿਵੇਂ ਕਰਕੇ ਫਿਰ ਹਿਰਦੇ ਵਿਚ ਭਰਮਾਂ ਨੂੰ ਨਾ ਧਾਰਨ ਕਰੇ॥੫॥

ਜੇਕਰਿ ਸਾਂਗ ਅਰੰਭੈਂ ਪਰਖਨਿ। ਧਾਰੈਂ ਰੂਪ ਬਿਪਰਜੈ ਕੁਛ ਤਨ।
ਕਿਧੌਂ ਗਿਰਾ ਕਹਿਂ ਔਰ ਪ੍ਰਕਾਰੀ। ਕੈ ਸੁਭਾਵ ਬਿੱਪ੍ਰੀਤੇ ਧਾਰੀ॥ ੬॥

ਜੇ ਗੁਰੂ ਜੀ ਸਿੱਖਾਂ ਨੂੰ ਪਰਖਣ ਲਈ ਕੋਈ ਸਾਂਗ ਆਰੰਭ ਦੇਣ ਤੇ ਸਰੀਰ ਤੇ ਕੋਈ ਪ੍ਰਤੀਕੂਲ ਰੂਪ ਧਾਰਨ ਕਰ ਲੈਣ ਜਾਂ ਆਵਾਜ਼ ਹੀ ਕਿਸੇ ਹੋਰ ਪ੍ਰਕਾਰ ਦੀ ਬਣਾ ਲੈਣ ਜਾਂ ਸੁਭਾਅ ਹੀ ਉਲਟਾ ਧਾਰਨ ਕਰ ਲੈਣ॥੬॥

ਕਿਧੌਂ ਅਜੋਗ ਕਰਾਵਹਿਂ ਕੈਸੇ। ਆਗੇ ਕਹੀ ਕਰੀ ਨਹਿਂ ਜੈਸੇ।
ਸਿੱਖ ਸਿਦਕ ਅਪਨੋ ਦ੍ਰਿੜ ਰਾਖੈ। ਸਹੈ ਕਸੌਟੀ ਮਨ ਕੋ ਗਾਖੈ' ॥ ੭॥

ਜਾਂ ਕਿਸੇ ਤਰ੍ਹਾਂ ਅਜੋਗ ਕੰਮ ਕਰਵਾਉਣ ਜਿਵੇਂ ਨਾ ਕਿਸੇ ਅੱਗੇ ਕਹੀ ਹੋਵੇ ਤੇ ਨਾ ਹੀ ਕਿਸੇ ਕੀਤੀ ਹੋਵੇ। ਪਰ ਜੋ ਸਿੱਖ ਆਪਣੇ ਸਿਦਕ ਨੂੰ ਦ੍ਰਿੜ ਰੱਖਦੇ ਹਨ, ਉਹ ਕਸੌਟੀ ਸਹਿੰਦੇ ਹਨ ਤੇ ਮਨ ਨੂੰ ਬੇਵਸ ਨਹੀਂ ਹੋਣ ਦਿੰਦੇ' ॥੭॥

ਅਪਨੀ ਕਵਿਤਾ ਬਿਖੈ ਬਨਾਈ। ਸੋ ਤੁਕ ਪਠਿ ਕਰਿ ਸਭਿਨਿ ਸੁਨਾਈ।
'ਜੇ ਗੁਰ ਸਾਂਗ ਕਛੂ ਬਰਤਾਰੈ। ਦਿਢ ਸਿਖ ਰਹੈ ਸਿਦਕ ਨਹਿਂ ਹਾਰੈ' ॥ ੮॥

ਭਾਈ ਗੁਰਦਾਸ ਨੇ ਇਸ ਨੂੰ ਆਪਣੀ ਕਵਿਤਾ ਵਿਚ ਬਣਾਇਆ, ਉਹ ਤੁਕ ਉਨ੍ਹਾਂ ਸਭ ਨੂੰ ਪੜ੍ਹ ਕੇ ਸੁਣਾਈ, 'ਜੇ ਗੁਰ ਸਾਂਗ ਕਛੂ ਬਰਤਾਰੈ। ਦਿਢ ਸਿੱਖ ਰਹੈ ਸਿਦਕ ਨਹਿ ਹਾਰੈ॥੮॥ ਭਾਵ ਜੇ ਗੁਰੂ ਜੀ ਸਾਂਗ ਵਰਤਾਉਣ ਤਾਂ ਸਿੱਖ ਦ੍ਰਿੜ੍ਹ ਰਹੇ ਤੇ ਸਿਦਕ ਨਾ ਹਾਰੇ।"

ਸੁਣਿ ਸਿੱਖਨਿ ਪੁਨ ਭਨੀ ਸੁ ਬਾਨੀ। 'ਹੈ ਐਸੇ ਤੁਮ ਜਥਾ ਬਖਾਨੀ।
ਤਊ ਬਿਸਾਲ ਪ੍ਰਬਲ ਗੁਰ ਮਾਯਾ। ਕੌਨ ਕੌਨ ਨਹਿਂ ਇਨਹਿਂ ਭ੍ਰਮਾਯਾ॥ ੯॥

ਇਹ ਸੁਣ ਕੇ ਸਿੱਖਾਂ ਨੇ ਫਿਰ ਕਿਹਾ, "ਤੁਸੀਂ ਜਿਵੇਂ ਕਿਹਾ ਹੈ ਉਸ ਤਰ੍ਹਾਂ ਹੀ ਹੈ, ਫਿਰ ਵੀ ਗੁਰੂ ਜੀ ਦੀ ਮਾਇਆ ਬੜੀ ਪ੍ਰਬਲ ਹੈ, ਕਿਸ ਕਿਸ ਨੂੰ ਇਸ ਨੇ ਭਰਮਾਇਆ ਨਹੀਂ ਹੈ॥੯॥

ਸਿਦਕ ਰਾਖਿਬੋ ਮੁਸ਼ਕਲ ਅਹੇ। ਜਿਨਹੁਂ ਕਰੇ ਤਪ ਕਾਨਨ ਰਹੇ।
ਮੁਨਿ ਜਨ ਸੁਰ ਗੰਧ੍ਰਬ ਕੋ ਗਿਨੀਯਹਿ। ਜਿਨਹੁਂ ਗਿਨੇ ਕੋ ਅੰਤ ਨ ਭਨੀਅਹਿ ॥੧੦॥

ਸਿਦਕ ਰੱਖਣਾ ਬੜਾ ਮੁਸ਼ਕਲ ਹੈ, ਜਿਨ੍ਹਾਂ ਨੇ ਜੰਗਲ ਵਿਚ ਰਹਿ ਕੇ ਤਪ ਕੀਤਾ ਹੈ, ਮੁਨੀ ਜਨ, ਦੇਵਤੇ ਅਤੇ ਗੰਧ੍ਰਬਾਂ ਨੂੰ ਗਿਣੋ। ਜਿਨ੍ਹਾਂ ਦੀ ਗਿਣਤੀ ਦਾ ਕੋਈ ਅੰਤ ਨਹੀਂ ਕਿਹਾ ਜਾਂਦਾ॥੧੦॥

ਪ੍ਰਭੁ ਮਾਯਾ ਨੇ ਘਨੇ ਭ੍ਰਮਾਏ। ਤਰੀ ਨ ਕਿਮ ਬਿਨ ਗੁਰੂ ਸਹਾਏ'।
ਸੁਨਿ ਕੈ ਪੁਨਿ ਗੁਰਦਾਸ ਬਖਾਨੀ। ਕਰੀ ਹੁਤੀ ਜੋ ਅਪਨੀ ਬਾਨੀ॥ ੧੧॥

ਪ੍ਰਭੂ ਦੀ ਮਾਇਆ ਨੇ ਬਹੁਤ ਨੂੰ ਭਰਮਾਇਆ ਹੈ। ਗੁਰੂ ਜੀ ਦੀ ਸਹਾਇਤਾ ਬਗ਼ੈਰ ਕਿਵੇਂ ਵੀ ਕੋਈ ਵੀ ਨਹੀਂ ਤਰਿਆ ਹੈ।'' ਇਹ ਸੁਣ ਕੇ ਫਿਰ ਭਾਈ ਗੁਰਦਾਸ ਨੇ ਕਿਹਾ, ਜੋ ਉਨ੍ਹਾਂ ਆਪਣੀ ਬਾਣੀ ਵਿਚ ਲਿਖਿਆ ਹੋਇਆ ਸੀ॥੧੧॥

ਦੋਹਰਾ-'ਅੰਬਰ ਪਾਟੇ ਥਿੱਗਲੀ ਲਾਇ ਕਰਹਿ ਕੂੜਿਆਰ।
ਇੱਤਯਾਦਿਕ ਨਰ ਅਲਪ ਜੋ ਦੇਤਿ ਸਿਦਕ ਕੋ ਟਾਰਿ॥ ੧੨॥

''ਅਕਾਸ਼ ਪਾਟੇ ਨੂੰ ਟਾਕੀ ਝੂਠੇ ਲਾਇਆ ਕਰਦੇ ਹਨ। ਇੱਤਿਆਦਿ ਜਿਹੜੇ ਛੋਟੇ ਮਨੁੱਖ ਹਨ ਉਹ ਸਿਦਕ ਨੂੰ ਛੱਡ ਦਿੰਦੇ ਹਨ॥੧੨॥

ਚੌਪਈ-ਨਰ ਸਿੱਖੀ ਮਹਿਂ ਗਾਢੋ ਜੋਇ। ਗੁਰੂ ਸਿਦਕ ਮਨ ਰਾਖਿ ਪਰੋਇ।
ਜਸੋਂ ਕਸੋਂ ਕਰਿ ਮਤਿ ਕੋ ਥਿਰ ਰਹੈ। ਹੁਇ ਗਾਢੋ ਹਲਿਬੋ ਨਹਿਂ ਲਹੈ ॥੧੩॥

ਜਿਹੜਾ ਮਨੁੱਖ ਸਿੱਖੀ ਵਿਚ ਗੱਡਿਆ ਹੋਇਆ ਹੈ, ਉਹ ਗੁਰੂ ਜੀ ਦੇ ਸਿਦਕ ਨੂੰ ਮਨ ਵਿਚ ਪਰੋ ਕੇ ਰੱਖੇ, ਜਿਵੇਂ ਕਿਵੇਂ ਕਰਕੇ ਮੱਤ ਨੂੰ ਸਥਿਰਤਾ ਨਾਲ ਫੜੇ ਸਦਾ ਹੀ ਸਿੱਖੀ ਸਿਦਕ ਵਿਚ ਗਡਿਆ ਰਹੇ, ਕਦੇ ਵੀ ਡੋਲੇ ਨਹੀਂ' ॥੧੩॥

ਸੁਨਿ ਸਿੱਖਨਿ ਕੀ ਚਰਚਾ ਚਾਰੂ। ਸ੍ਰੀ ਹਰਿਗੋਬਿੰਦ ਰਿਦੈ ਬਿਚਾਰੂ।
ਅਪਰ ਸਰਬ ਗੁਰ ਆਸ੍ਰਾ ਚਹੈਂ। ਨਿਜ ਬਿਸਾਸ ਗੁਰਦਾਸਹਿ ਕਹੈ॥੧੪॥

ਸਿੱਖਾਂ ਦੀ ਸੁੰਦਰ ਚਰਚਾ ਸੁਣ ਕੇ, ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਹਿਰਦੇ ਵਿਚ ਵਿਚਾਰ ਕੀਤੀ, ਹੋਰ ਸਾਰੇ ਸਿੱਖ ਗੁਰੂ ਜੀ ਦਾ ਆਸਰਾ ਚਾਹੁੰਦੇ ਹਨ, ਪਰ ਭਾਈ ਗੁਰਦਾਸ ਜੀ ਨਿਰਾ ਸਿੱਖ ਦਾ ਆਪਣਾ ਭਰੋਸਾ ਹੀ ਆਖਦੇ ਹਨ॥੧੪॥

ਯਾਂਤੇ ਬੀਜ ਮਾਤ੍ਰ ਅਹੰਕਾਰ। ਹੈ ਇਸ ਬਿਖੈ ਸੁ ਬੁਰੋ ਬਿਕਾਰ।
ਰਹਿਬੋ ਸਦਾ ਸਮੀਪ ਹਮਾਰੇ। ਚਹੀਅਹਿ ਉਰ ਤੇ ਮੂਲ ਉਖਾਰੇ॥੧੫॥

ਇਸ ਕਰਕੇ ਇਨ੍ਹਾਂ ਵਿਚ ਬੀਜ ਮਾਤਰ ਅਹੰਕਾਰ ਹੈ, ਉਹ ਉਸ ਵਿਚ ਬੁਰਾ ਵਿਕਾਰ ਹੈ। ਇਹ ਸਦਾ ਸਾਡੇ ਪਾਸ ਰਹਿੰਦੇ ਹਨ, ਇਸ ਨੂੰ ਹਿਰਦੇ ਵਿਚੋਂ ਜੜ੍ਹੋਂ ਹੀ ਉਖਾੜਨਾ ਚਾਹੀਦਾ ਹੈ॥੧੫॥

*ਨੋਟ : ਬੀਜ ਮਾਤਰ ਅਹੰਕਾਰ ਦੂਰ ਕਰਨਾ ਕਠਿਨ ਹੈ। ਬੀਜ ਮਾਤਰ ਹੰਕਾਰ ਬਹੁਤ ਉੱਚੇ ਜਗਿਆਸੂਆਂ ਤੇ ਕਈ ਵਾਰ ਸੰਤਾਂ ਦੀ ਅੰਤਮ ਕਮਜ਼ੋਰੀ ਹੁੰਦੀ ਹੈ। ਇਸ ਨੂੰ ਸੰਤ ਲੋਕ ਆਪ ਵੀ ਨਹੀਂ ਸਮਝ ਸਕਦੇ ਹਨ, ਪਰ ਇਸ ਹੰਕਾਰ ਨੂੰ ਖ਼ਤਮ ਕਰਨ ਨਾਲ ਹੀ ਪਰਮ ਪਦਵੀ ਪ੍ਰਾਪਤ ਹੁੰਦੀ ਹੈ।*

ਇਮ ਹੰਕਾਰ ਬਿਨਾਸਜੋ ਜੇ ਨ। ਤਉ ਹਮ ਕੋ ਚਹੀਅਤਿ ਹਤਿ ਦੇਨਿ।
ਦੇਹਿਂ ਕਸੌਟੀ, ਸਹੈ ਕਿ ਨਾਂਹੀ। ਕਰਹਿਂ ਕ੍ਰਿਤੀ ਕੁਛ ਪਰਖਨ ਮਾਂਹੀ॥੧੬॥

ਇਸ ਤਰ੍ਹਾਂ ਜੇ ਇਨ੍ਹਾਂ ਦਾ ਹੰਕਾਰ ਵਿਨਾਸ ਨਾ ਹੋਇਆ, ਤਾਂ ਸਾਨੂੰ ਚਾਹੀਦਾ ਹੈ ਕਿ ਇਨ੍ਹਾਂ ਦੇ ਹੰਕਾਰ ਨੂੰ ਖ਼ਤਮ ਕਰ ਦੇਈਏ। ਇਨ੍ਹਾਂ ਨੂੰ ਕਸੌਟੀ ਤੇ ਲਾਉਂਦੇ ਹਾਂ, ਪਤਾ ਨਹੀਂ ਸਹਿ ਸਕਣਗੇ ਕਿ ਨਹੀਂ, ਪਰਖਣ ਵਾਸਤੇ ਕੋਈ ਕੌਤਕ ਰਚੀਏ॥੧੬॥

ਗਰਬਤਿ ਚਿਤ, 'ਮੈਂ ਸਿੱਖ ਬਿਸਾਲ'। ਜਾਨਜੋ ਪਰੈ, ਪਰਖਿਬੇ ਕਾਲ।
ਇਮ ਸਤਿਗੁਰ ਉਰ ਮੈਂ ਠਹਿਰਾਈ। ਕਿਤਿਕ ਸਮੈਂ ਮੈਂ ਸਭਿਨਿ ਸੁਨਾਈ॥੧੭॥

ਇਨ੍ਹਾਂ ਦੇ ਚਿਤ ਵਿਚ ਹੰਕਾਰ ਹੈ ਕਿ ਮੈਂ ਵੱਡਾ ਸਿੱਖ ਹਾਂ, ਪਰ ਇਹ ਪਰਖਣ ਸਮੇਂ ਹੀ ਜਾਣਿਆ ਜਾ ਸਕੇਗਾ। ਇਸ ਤਰ੍ਹਾਂ ਸਤਿਗੁਰੂ ਜੀ ਨੇ ਹਿਰਦੇ ਵਿਚ ਠਹਿਰਾਇਆ, ਤੇ ਕੁਝ ਸਮੇਂ ਬਾਅਦ ਸਾਰਿਆਂ ਨੂੰ ਸੁਣਾਇਆ॥੧੭॥

'ਕਹੂੰ ਤੁਰੰਗ ਜਿ ਹੋਹਿਂ ਬਿਕਾਊ। ਚਾਹਤਿ ਲੀਏ ਆਇ ਮਨ ਭਾਊ।
ਹਿਤ ਅਪਨੇ ਭੀ ਹਮ ਅਸੁ ਲੈਬੇ। ਅਰੁ ਜੋਧਾਨ ਕਿਤਿਕ ਹੈਂ ਦੈਬੇ ॥੧੮॥

''ਜੇ ਕਿਤੇ ਘੋੜੇ ਵਿਕਾਊ ਹੋਣ, ਅਸੀਂ ਚਾਹੁੰਦੇ ਹਾਂ ਕਿ ਮਨ-ਭਾਉਂਦੇ ਘੋੜੇ ਲੈ ਆਈਏ, ਕੁਝ ਘੋੜੇ ਅਸੀਂ ਆਪਣੇ ਵਾਸਤੇ ਲਵਾਂਗੇ ਅਤੇ ਕਈ ਘੋੜੇ ਅਸੀਂ ਯੋਧਿਆਂ ਨੂੰ ਦੇਵਾਂਗੇ'' ॥੧੮॥

ਸੁਨਿ ਸਤਿਗੁਰ ਤੇ ਸਿਖ ਸਮੁਦਾਇ। 'ਧੰਨੀ ਘੇਪ ਦੇਸ਼ ਬਹੁ ਪਾਇ'।
ਇੱਤ੍ਯਾਦਿਕ ਗਨ ਥਾਨ ਬਤਾਏ। 'ਆਨਹੁਂ ਖੋਜਿ ਖੋਜਿ ਜੋ ਜਾਏ' ॥੧੯॥

ਸਤਿਗੁਰੂ ਜੀ ਤੋਂ ਇਹ ਗੱਲ ਸੁਣ ਕੇ ਸਿੱਖਾਂ ਨੇ ਕਿਹਾ, ''ਧੰਨੀ ਘੇਪ ਦੇਸ ਵਿਚ ਬਹੁਤ ਘੋੜੇ ਹੁੰਦੇ ਹਨ'' ਇਤਿਆਦਿ ਸਿੱਖਾਂ ਨੇ ਬਹੁਤ ਥਾਵਾਂ ਦੀ ਦੱਸ ਪਾਈ, ''ਜਿਹੜਾ ਜਾਵੇ ਉਹ ਲੱਭ ਲੱਭ ਕੇ ਲਿਆਵੇ'' ॥੧੯॥

ਨਿਜ ਨਿਜ ਮਤਿ ਅਨੁਸਾਰ ਬਤਾਈ। ਨਹੀਂ ਬਾਤ ਕੁਛ ਗੁਰ ਮਨ ਭਾਈ।
ਏਕ ਸੁਭਟ ਪਸ਼ਚਮ ਦਿਸ਼ਿ ਬਾਸੀ। ਕਰ ਕੋ ਜੋਰਤਿ ਗਿਰਾ ਪ੍ਰਕਾਸ਼ੀ ॥੨੦॥

ਸਾਰਿਆਂ ਨੇ ਆਪਣੇ-ਆਪਣੇ ਮੱਤ ਅਨੁਸਾਰ ਦੱਸ ਪਾਈ, ਕੋਈ ਵੀ ਗੱਲ ਗੁਰੂ ਜੀ ਦੇ ਮਨ ਨੂੰ ਚੰਗੀ ਨਾ ਲੱਗੀ। ਇਕ ਸਿੱਖ ਪੱਛਮ ਵਾਲੇ ਪਾਸੇ ਦਾ ਰਹਿਣ ਵਾਲਾ ਸੀ, ਉਸ ਨੇ ਹੱਥ ਜੋੜ ਕੇ ਬੇਨਤੀ ਕੀਤੀ ॥੨੦॥

'ਜਸ ਤੁਰੰਗ ਚਾਹਹੁ ਗੁਰ ਪੂਰੇ। ਤਸ ਕਾਬਲ ਮਹਿਂ ਪ੍ਰਾਪਤਿ ਰੂਰੇ।
ਰਾਵ੍ਰ ਕੇਰ ਅਰੂਢਨਿ ਜੋਗ।ਆਨਹਿਂ, ਪਠਹੁ ਸੁਮਤਿ ਜੁਤਿ ਲੋਗ ॥ ੨੧ ॥

'ਹੇ ਪੂਰਨ ਗੁਰੂ ਜੀ! ਜੈਸੇ ਘੋੜੇ ਆਪ ਚਾਹੁੰਦੇ ਹੋ, ਉਸ ਤਰ੍ਹਾਂ ਦੇ ਸੁੰਦਰ ਘੋੜੇ ਕਾਬਲ ਦੇਸ ਵਿਚ ਹੀ ਮਿਲ ਸਕਦੇ ਹਨ। ਉਹ ਆਪ ਜੀ ਦੀ ਸਵਾਰੀ ਯੋਗ ਹਨ, ਲਿਆਵੇ ਤੇ ਕਿਸੇ ਸ੍ਰੇਸ਼ਟ ਬੁਧੀ ਵਾਲੇ ਵਿਅਕਤੀ ਨੂੰ ਉਥੇ ਭੇਜੋ ॥੨੧॥

ਜੋ ਆਛੇ ਪਰਖਹਿਂ ਗੁਨ ਅੰਗ। ਹੋਵਹਿਂ ਚਪਲ ਸਬੇਗ ਤੁਰੰਗ।
ਬਡੀ ਬਡੀ ਕੀਮਤ ਕੇ ਅਹੈਂ। ਦੇ ਧਨ ਕਰਿ ਪਸੰਦ ਕੋ ਲਹੈਂ ॥ ੨੨ ॥

ਜਿਹੜਾ ਘੋੜਿਆਂ ਦੇ ਗੁਣ ਅਤੇ ਅੰਗਾਂ ਨੂੰ ਚੰਗੀ ਤਰ੍ਹਾਂ ਪਰਖ ਸਕੇ ਤੇ ਘੋੜੇ ਬੜੇ ਚੰਚਲ ਅਤੇ ਤੇਜ਼ ਰਫਤਾਰ ਨਾਲ ਭੱਜਣ ਵਾਲੇ ਹੋਣ। ਉਥੇ ਬਹੁਤ ਵੱਡੀ-ਵੱਡੀ ਕੀਮਤ ਵਾਲੇ ਘੋੜੇ ਹਨ, ਧਨ ਦੇ ਕੇ ਆਪਣੀ ਪਸੰਦ ਦੇ ਲੈ ਲਵੇ' ॥੨੨॥

ਸ੍ਰੀ ਹਰਿ ਗੋਵਿੰਦ ਸੁਨਿ ਕਰਿ ਮਾਨੀ। 'ਨਿਸ਼ਚੈ ਤਹਾਂ ਤੁਰੰਗ ਗੁਨ ਖਾਨੀ।
ਜੋ ਕਿਕਾਨ ਬਡ ਕੀਮਤ ਕੇਰਾ। ਸੋ ਪਸ਼ਚਮ ਦਿਸਿ ਕੋ ਹੀ ਹੇਰਾ ॥ ੨੩ ॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਇਹ ਗੱਲ ਸੁਣ ਕੇ ਮੰਨ ਲਈ ਤੇ ਕਿਹਾ, ''ਨਿਸ਼ਚੇ ਹੀ ਉਥੇ ਬੜੇ ਗੁਣਵਾਨ ਘੋੜੇ ਹਨ। ਜਿਹੜੇ ਵੱਡੀ ਕੀਮਤ ਵਾਲੇ ਘੋੜੇ ਹਨ ਉਹ ਪੱਛਮ ਵਾਲੇ ਪਾਸੇ ਹੀ ਵੇਖੇ ਹਨ'' ॥੨੩॥

ਤਬਿ ਗੁਰਦਾਸ ਦਿਸ਼ਾ ਗੁਰ ਦੇਖਾ। ਕਹਜੋ 'ਕਿ ਤੁਮ ਤੇ ਕੌਨ ਵਿਸ਼ੇਖਾ।
ਬ੍ਰਿੱਧ ਬੈਸ ਗੁਰ ਪਾਸ ਬਿਤਾਈ। ਸਕਲ ਭਾਂਤਿ ਕੀ ਸੁਭ ਮਤਿ ਪਾਈ ॥ ੨੪ ॥

ਤਦ ਗੁਰੂ ਜੀ ਨੇ ਭਾਈ ਗੁਰਦਾਸ ਜੀ ਵੱਲ ਵੇਖਿਆ ਤੇ ਕਿਹਾ, ''ਤੁਹਾਡੇ ਨਾਲੋਂ ਹੋਰ ਕਿਹੜਾ ਵਿਸ਼ੇਸ਼ ਗੁਣੀ ਹੈ। ਤੁਸੀਂ ਬਹੁਤ ਉਮਰ ਗੁਰੂ ਜੀ ਪਾਸ ਬਤੀਤ ਕੀਤੀ ਹੈ, ਹਰ ਪ੍ਰਕਾਰ ਦੀ ਸੁਭ ਮੱਤ ਪਾਈ ਹੈ ॥੨੪॥

ਉਤੈ ਤੁਰੰਗਮ ਹੇਤੁ ਹਮਾਰੇ। ਲਜਾਉ ਸਬੇਗ ਚਪਲ ਬਲ ਭਾਰੇ।
ਸੁਭਟਨ ਹੇਤੁ ਅਪਰ ਪਿਖਿ ਆਨਹੁ। ਲੇਹੁ ਸੰਗ ਧਨ ਗਨ ਪ੍ਰਸਥਾਨਹੁ ॥੨੫॥

ਦੋ ਘੋੜੇ ਸਾਡੇ ਵਾਸਤੇ ਲਿਆਓ, ਜਿਹੜੇ ਬੜੇ ਤੇਜ਼, ਚੰਚਲ ਅਤੇ ਭਾਰੀ ਬਲਵਾਨ ਹੋਣ, ਜੋਧਿਆਂ ਵਾਸਤੇ ਹੋਰ ਵੇਖ ਕੇ ਲਿਆਵੇ, ਬਹੁਤ ਧਨ ਲੈ ਕੇ ਚਲੇ ਜਾਵੇ॥੨੫॥

ਪ੍ਰਥਮ ਪੁਚਾਵਹੁ ਪਾਸ ਹਮਾਰੇ। ਪਰਖਿ ਲੇਹਿੰਗੇ ਜਿਮ ਗੁਨ ਭਾਰੇ।
ਤੁਮ ਤਹਿਂ ਟਿਕਹੁ ਸਿੱਖ ਜਬਿ ਜਾਇ। ਤਬਿ ਦੀਜਹਿ ਧਨ,ਮੋਲ ਬਤਾਇ ॥੨੬॥

ਪਹਿਲਾਂ ਸਾਡੇ ਪਾਸ ਪਹੁੰਚਾਵੋ, ਅਸੀਂ ਜਦ ਉਸ ਦੇ ਸਾਰੇ ਗੁਣ ਪਰਖ ਲਵਾਂਗੇ ਤਦ ਤਕ ਤੁਸੀਂ ਉਥੇ ਟਿਕੇ ਰਹੋ, ਜਦ ਸਾਡਾ ਸਿੱਖ ਜਾਵੇ ਤਦ ਮੁੱਲ ਦੱਸ ਕੇ ਉਨ੍ਹਾਂ ਨੂੰ ਧਨ ਦੇਵੇ'॥੨੬॥

ਇਮ ਆਯਸੁ ਕੋ ਸੁਨਿ ਕਰਿ ਮਾਨੀ। 'ਮੈਂ ਜੈ ਹੌਂ, ਅਸੁ ਲਯਾਉਂ' ਬਖਾਨੀ।
ਤਬਿ ਬੇਸਰ ਲਾਦੀ ਧਨ ਸਾਥ। ਦੇ ਪੰਚਾਸ ਹਜ਼ਾਰ ਸੁ ਨਾਥ॥ ੨੭॥

ਇਸ ਤਰ੍ਹਾਂ ਦਿੱਤੀ ਗਈ ਆਗਿਆ, ਭਾਈ ਗੁਰਦਾਸ ਜੀ ਨੇ ਸੁਣ ਕੇ ਮੰਨ ਲਈ, "ਮੈਂ ਜਾ ਕੇ ਘੋੜੇ ਲਿਆਵਾਂਗਾ" ਇਸ ਤਰ੍ਹਾਂ ਕਿਹਾ। ਤਦ ਪਚਾਸ ਹਜ਼ਾਰ ਰੁਪਏ ਦੇ ਕੇ ਇਕ ਖੱਚਰ ਲੱਦ ਦਿੱਤੀ॥੨੭॥

ਨਰ ਕੇਤਿਕ ਤਿਹ ਸੰਗ ਪਠਾਏ। ਹਿਤ ਤਕਰਾਈ ਧਨ ਸਮੁਦਾਏ।
ਕਰਿ ਗੁਰ ਬੰਦਨ ਪੰਥ ਪਧਾਰਾ। ਨਿਸ ਬਿਸਰਾਮਹਿਂ ਸ਼੍ਰਮ ਨਿਰਵਾਰਾ॥ ੨੮॥

ਕਈ ਮਨੁੱਖ ਉਨ੍ਹਾਂ ਦੇ ਨਾਲ ਭੇਜੇ, ਧਨ ਸਮੂੰਹ ਦੀ ਰਾਖੀ ਕਰਨ ਵਾਸਤੇ ਉਹ ਨਾਲ ਗਏ। ਗੁਰੂ ਜੀ ਨੂੰ ਬੰਦਨਾ ਕਰਕੇ ਭਾਈ ਗੁਰਦਾਸ ਆਪਣੇ ਰਸਤੇ ਪੈ ਗਏ। ਰਾਤ ਨੂੰ ਰਾਹ ਵਿਚ ਠਹਿਰ ਕੇ ਥਕੇਵਾਂ ਦੂਰ ਕਰਦੇ ਸਨ॥੨੮॥

ਦਿਵਸ ਪਯਾਨਹਿਂ ਪਸ਼ਚਮ ਓਰੇ। ਬੂਝਤਿ ਜਾਤਿ 'ਹੋਹਿਂ ਕਿਤ ਘੋਰੇ?'।
ਐਰਾਵਤੀ ਉਲੰਘਤਿ ਚਾਲਾ। ਚੰਦ੍ਰਭਗਾ ਤਰਿ ਗਯੋ ਬਿਸਾਲਾ॥ ੨੯॥

ਸਾਰਾ ਦਿਨ ਪੱਛਮ ਵਾਲੇ ਪਾਸੇ ਸਫਰ ਕਰਦੇ ਸਨ, ਇਹ ਪੁੱਛਦੇ ਜਾਂਦੇ ਸਨ ਕਿ ਘੋੜੇ ਕਿਥੋਂ ਮਿਲਣਗੇ?"। ਰਾਵੀ ਨਦੀ ਨੂੰ ਪਾਰ ਕੀਤਾ ਤੇ ਵਿਸ਼ਾਲ ਚਨਾਬ ਨਦੀ ਤੇ ਪਹੁੰਚ ਗਏ॥੨੯॥

ਪੁਨਹਿ ਬਿਦਸਤਾ ਤੇ ਹੁਇ ਪਾਰਾ। ਚਲਤਿ ਸਿੰਧੁ ਨਦ ਜਾਇ ਨਿਹਾਰਾ।
ਤਜਿ ਪਸ਼ੌਰ ਕੋ ਆਗੇ ਗਯੋ। ਕਾਬਲ ਜਾਇ ਬਿਲੋਕਤਿ ਭਯੋ॥ ੩੦॥

ਫਿਰ ਜਿਹਲਮ ਨਦੀ ਨੂੰ ਪਾਰ ਕਰ ਗਏ ਤੇ ਫਿਰ ਚਲ ਕੇ ਸਿੰਧ ਨਦੀ ਨੂੰ ਜਾ ਵੇਖਿਆ। ਪਸ਼ੌਰ ਨੂੰ ਛੱਡ ਕੇ ਅੱਗੇ ਗਏ ਤੇ ਜਾ ਕੇ ਕਾਬਲ ਸ਼ਹਿਰ ਨੂੰ ਵੇਖਿਆ॥੩੦॥

ਡੇਰਾ ਕਰਿ ਘੋਰੇ ਪੁਨ ਬੂਝੇ। ਨਰਨ ਬਤਾਏ ਜਿਹ ਬਿਧਿ ਸੂਝੇ।
ਅਗਲੇ ਦਿਵਸ ਜਾਇ ਕਰਿ ਹੇਰੇ। ਘੋਰੇ ਚਪਲ ਸਬੇਗ ਬਡੇਰੇ॥ ੩੧॥

ਉਥੇ ਡੇਰਾ ਲਾ ਕੇ ਘੋੜਿਆਂ ਬਾਰੇ ਪੁਛਿਆ, ਜਿਵੇਂ-ਜਿਵੇਂ ਲੋਕਾਂ ਨੂੰ ਸੋਝੀ ਸੀ, ਉਨ੍ਹਾਂ ਦੱਸਿਆ। ਅਗਲੇ ਦਿਨ ਘੋੜੇ ਜਾ ਕੇ ਵੇਖੇ, ਜਿਹੜੇ ਬੜੇ ਚੰਚਲ, ਤੇਜ਼ ਅਤੇ ਮਹਾਨ ਬਲੀ ਸਨ॥੩੧॥

ਦਰਬ ਮੋਲ ਪੰਚਾਸ ਹਜ਼ਾਰ। ਪੁਨ ਕਰਿ ਲੀਨਿ ਏਵ ਤਕਰਾਰ।
'ਲੇ ਹਮ ਲੀਏ ਦਰਬ ਤੁਵ ਦੈਹੈਂ। ਏਕ ਵੇਰ ਗੁਰ ਨਿਕਟਿ ਪਠੈ ਹੈਂ॥ ੩੨॥

ਉਨ੍ਹਾਂ ਦੀ ਪੰਜਾਹ ਹਜ਼ਾਰ ਕੀਮਤ ਦੱਸੀ, ਫਿਰ ਉਨ੍ਹਾਂ ਨਾਲ ਇਕਰਾਰ ਕਰਕੇ ਘੋੜੇ ਹੱਥ ਵਿਚ ਫੜ ਲਏ ਤੇ ਕਿਹਾ, 'ਅਸੀਂ ਇਹ ਲੈ ਲਏ ਹਨ, ਪਰ ਧਨ ਤਦ ਦੇਵਾਂਗੇ, ਇਕ ਵਾਰ ਗੁਰੂ ਜੀ ਪਾਸ ਭੇਜਾਂਗੇ॥੩੨॥

ਸੁਨਿ ਗੁਰ ਤੇ ਜਬਿ ਨਰ ਕੋ ਆਵੈ। ਤਤਛਿਨ ਦਰਬ ਸਰਬ ਹੀ ਪਾਵੈਂ।
ਸੁਨਤਿ ਸੁਦਾਗਰ ਬਾਕ ਬਖਾਨੇ। 'ਬਲੀ ਬਿਐਬ ਤੁਰੰਗ ਮਹਾਨੇ' ॥ ੩੩ ॥

ਇਹ ਸੁਣ ਕੇ ਜਦ ਗੁਰੂ ਜੀ ਪਾਸੋਂ ਕੋਈ ਮਨੁੱਖ ਆਵੇ, ਤਾਂ ਸਾਰਾ ਧਨ ਤੁਰਤ ਅਦਾ ਕਰ ਦੇਵਾਂਗੇ।" ਇਹ ਸੁਣ ਕੇ ਸੁਦਾਗਰ ਨੇ ਕਿਹਾ, "ਸਾਡੇ ਬਲਵਾਨ, ਬੇਐਬ ਤੇ ਮਹਾਨ ਘੋੜੇ ਹਨ" ॥੩੩॥

ਗੁਰ ਢਿਗ ਪਠਹੁ ਨ ਸੰਸਾ ਕੋਈ। ਪੀਛੇ ਲੇਹਿਂ ਮੋਲ ਜੋ ਹੋਈ।
ਕਰਿ ਤਕਰਾਰ ਕਿਕਾਨ ਪਠਾਏ। ਮਗ ਕੋ ਉਲੰਘਿ ਸੁਧਾਸਰ ਆਏ ॥ ੩੪ ॥

ਗੁਰੂ ਜੀ ਪਾਸ ਭੇਜੋ ਸਾਨੂੰ ਕੋਈ ਸ਼ੰਕਾ ਨਹੀਂ ਹੈ, ਪਿਛੋਂ ਅਸੀਂ ਜੋ ਮੁਲ ਹੋਵੇਗਾ ਲੈ ਲਵਾਂਗੇ"। ਇਕਰਾਰ ਕਰਕੇ ਘੋੜੇ ਭੇਜ ਦਿੱਤੇ, ਸਾਰਾ ਰਸਤਾ ਲੰਘ ਕੇ ਉਹ ਅੰਮ੍ਰਿਤਸਰ ਆ ਗਏ।।੩੪॥

ਸਤਿਗੁਰ ਪਿਖਿ ਕਰਿ ਉਰ ਹਰਖਾਏ। ਚਢਿ ਕਰਿ ਫੇਰ ਧਵਾਇ ਫੰਧਾਏ।
ਖਾਸ ਤਬੇਲੇ ਸੋ ਬੰਧਵਾਏ। ਪਠਜੋ ਸਿੱਖ ਤਿਸ ਦਿਸ਼ ਸਹਿਸਾਏ॥ ੩੫ ॥

ਸਤਿਗੁਰੂ ਜੀ ਵੇਖ ਕੇ ਬਹੁਤ ਪ੍ਰਸੰਨ ਹੋਏ, ਉਨ੍ਹਾਂ ਉਤੇ ਚੜ੍ਹ ਕੇ ਫੇਰ ਕੇ ਭਜਾਏ ਅਤੇ ਕੁਦਵਾਏ ਤੇ ਇਕ ਖਾਸ ਤਬੇਲੇ ਵਿਚ ਬੰਨ੍ਹਵਾ ਦਿੱਤੇ ਤੇ ਉਸ ਪਾਸੇ ਤੁਰਤ ਇਕ ਸਿੱਖ ਨੂੰ ਭੇਜ ਦਿੱਤਾ॥੩੫॥

ਜਾਇ ਬਾਤ ਗੁਰਦਾਸ ਸੁਨਾਈ। 'ਘੋਰੇ ਸਤਿਗੁਰ ਲੀਏ ਬੰਧਾਈ।
ਬਹੁਤ ਪਸੰਦ ਅਏ ਮਨ ਭਾਏ। ਦੇਹੁ ਦਰਬ ਕੋ ਭਾਖਿ ਪਠਾਏ' ॥ ੩੬ ॥

ਉਨ੍ਹਾਂ ਭਾਈ ਗੁਰਦਾਸ ਨੂੰ ਜਾ ਕੇ ਸੁਣਾਇਆ, "ਸਤਿਗੁਰੂ ਜੀ ਨੇ ਘੋੜੇ ਬੰਨ੍ਹਵਾ ਲਏ ਹਨ, ਮਨ ਭਾਉਂਦੇ ਘੋੜੇ ਉਨ੍ਹਾਂ ਨੂੰ ਬਹੁਤ ਪਸੰਦ ਆਏ ਹਨ ਹੁਣ ਧਨ ਦੇਵੋ" ਉਨ੍ਹਾਂ ਨੇ ਕਿਹਾ ਹੈ॥੩੬॥

ਸੁਨਿ ਗੁਰਦਾਸ ਹਰਖ ਕੋ ਪਾਯੋ। ਤਤਛਿਨ ਪਠਿ ਨਰ ਨਿਕਟਿ ਬੁਲਾਯੋ।
ਕਰਿ ਸਨਮਾਨ ਬਿਠਾਵਨਿ ਕੀਨਾ। 'ਲੇਹੁ ਮੋਲ ਗੁਰ ਨੇ ਕਹਿ ਦੀਨਾ' ॥ ੩੭ ॥

ਇਹ ਸੁਣ ਕੇ ਭਾਈ ਗੁਰਦਾਸ ਜੀ ਬਹੁਤ ਪ੍ਰਸੰਨ ਹੋਏ, ਤੁਰਤ ਮਨੁੱਖ ਭੇਜ ਕੇ ਵਿਉਪਾਰੀ ਨੂੰ ਬੁਲਾਇਆ ਤੇ ਬੜੇ ਆਦਰ ਨਾਲ ਪਾਸ ਬਿਠਾਇਆ ਤੇ ਕਿਹਾ, "ਘੋੜਿਆਂ ਦਾ ਮੁਲ ਲੈ ਲਵੋ, ਗੁਰੂ ਜੀ ਨੇ ਕਹਿ ਦਿੱਤਾ ਹੈ" ॥੩੭॥

ਸੌਦਾਗਰ ਤੰਬੂ ਦਰ ਥਿਰਿਓ। ਬਿਚ ਗੁਰਦਾਸ ਜਾਇ ਤਬਿ ਵਰਿਓ।
ਤਾਰੀ ਲਾਇ ਖੋਲਿ ਕਰਿ ਤਾਰੋ।ਦਰਬ ਨਿਕਾਸਨਿ ਕੋ ਕਰ ਡਾਰੇ॥ ੩੮ ॥

ਵਿਉਪਾਰੀ ਤੰਬੂ 'ਤੇ ਦਰਵਾਜ਼ੇ ਵਿਚ ਠਹਿਰ ਗਿਆ, ਭਾਈ ਗੁਰਦਾਸ ਤੰਬੂ ਦੇ ਅੰਦਰ ਚਲੇ ਗਏ, ਚਾਬੀ ਲਾ ਕੇ ਜਿੰਦਰੇ ਨੂੰ ਖੋਲ੍ਹਿਆ ਅਤੇ ਧਨ ਕੱਢਣ ਵਾਸਤੇ ਹੱਥ ਪਾਇਆ॥੩੮॥

ਭਈ ਠੀਕਰੀ ਜਿਤਿਕ ਰਜਤਪਨ। ਵਹਿਰ ਨਿਕਾਰੀ ਪਿਖਿ ਬਿਸਮਜੋ ਮਨ।
ਪੰਚਹੁੰ ਖੱਚਰ ਪਰ ਦਸ ਭਾਰੇ। ਖੋਲਿ ਖੋਲਿ ਸੋ ਸਕਲ ਨਿਹਾਰੇ॥ ੩੯ ॥

ਜਿੰਨੇ ਵੀ ਚਾਂਦੀ ਦੇ ਸਿੱਕੇ ਸਨ, ਉਹ ਸਾਰੇ ਠੀਕਰੀਆਂ ਸਨ, ਜਦ ਉਨ੍ਹਾਂ ਨੂੰ ਬਾਹਰ ਕਢਿਆ ਤਾਂ ਬਹੁਤ ਹੈਰਾਨ ਹੋਏ। ਪੰਜਾਂ ਖੱਚਰਾਂ ਵਾਲੇ ਦਸੇ ਸੰਦੂਕ ਖੋਲ੍ਹ ਖੋਲ੍ਹ ਕੇ ਵੇਖੇ॥੩੯॥

ਪਿਖੀ ਠੀਕਰੀ ਸਭਿ ਮਹਿਂ ਤੈਸੇ। ਚਿੰਤਾ ਅਧਿਕ ਬਿਚਾਰਤਿ ਐਸੇ।
ਇਹ ਕਰਾ ਕਾਰਨ ਲਖਜੋ ਨ ਜਾਈ ?। ਕਿਧੋਂ ਗੁਰੂ ਨੈ ਦਿਹੈ ਪਠਾਈ॥੪੦॥

ਸਾਰਿਆਂ ਵਿਚ ਉਸ ਤਰ੍ਹਾਂ ਹੀ ਠੀਕਰੀਆਂ ਵੇਖੀਆਂ ਤਾਂ ਮਨ ਵਿਚ ਇਸ ਤਰ੍ਹਾਂ ਚਿੰਤਾ ਵਿਚਾਰੀ, "ਇਹ ਕੀ ਕਾਰਨ ਹੈ, ਸਮਝਿਆ ਨਹੀਂ ਜਾ ਸਕਦਾ ਜਾਂ ਗੁਰੂ ਜੀ ਨੇ ਹੀ ਇਹ ਭੇਜੇ ਹਨ॥੪੦॥

ਕੈ ਕਾਰਨ ਕੁਛ ਹੋਯਹੁ ਔਰ। ਕੈ ਇਹੁ ਦਰਬ ਲੀਨਿ ਕਿਨ ਚੋਰਿ।
ਰਾਜ ਤੁਰਕ ਕੋ, ਗਹਹਿ ਉਜਾਗਰ। ਹਟਹਿ ਨ, ਧਨ ਅਬਿ ਲੇਹਿ ਸੁਦਾਗਰ॥੪੧॥

ਕੀ ਕਾਰਨ ਹੈ ਇਹ ਕੁਝ ਹੋਰ ਹੋ ਗਿਆ ਹੈ, ਜਾਂ ਇਹ ਧਨ ਕਿਸੇ ਚੋਰ ਨੇ ਚੁਰਾ ਲਿਆ ਹੈ। ਏਥੇ ਤੁਰਕਾਂ ਦਾ ਰਾਜ ਹੈ ਉਹ ਜ਼ਰੂਰ ਫੜ ਲੈਣਗੇ, ਵਿਉਪਾਰੀ ਹੁਣ ਵਾਪਸ ਨਹੀਂ ਜਾਵੇਗਾ, ਧਨ ਲੈ ਕੇ ਹੀ ਛੱਡੇਗਾ॥੪੧॥

ਜੇ ਅਬਿ ਭਾਗ ਚਲੌਂ ਉਠਿ ਚੋਰੀ। ਬਨਹਿ ਨ ਗਮਨ ਮਿਲਿਨ ਗੁਰ ਓਰੀ।
ਨਿਕਸਜੋ ਤਬਿ ਤੰਬੂ ਤੇ ਵਹਿਰ। ਕਹਜੋ ਸੁਦਾਗਰ ਸੋਂ 'ਕੁਛ ਠਹਿਰ॥ ੪੨॥

ਜੇ ਹੁਣ ਚੋਰੀ-ਚੋਰੀ ਭੱਜ ਜਾਵਾਂਗਾ ਤਾਂ ਗੁਰੂ ਜੀ ਵੱਲ ਜਾਣਾ ਤੇ ਗੁਰੂ ਜੀ ਨੂੰ ਮਿਲਣਾ ਨਹੀਂ ਬਣਦਾ ਹੈ। ਫਿਰ ਤੰਬੂ ਤੋਂ ਬਾਹਰ ਨਿਕਲਿਆ ਤੇ ਸੁਦਾਗਰ ਨੂੰ ਕਿਹਾ, "ਕੁਝ ਚਿਰ ਠਹਿਰੋ॥੪੨॥

ਗਿਨਿ ਕਰਿ ਸਗਰੇ ਅਬਿ ਲੇ ਆਊਂ। ਲਗਹਿ ਬਿਲਮ ਕੁਛ, ਸ਼ੀਘ੍ਰ ਗਿਨਾਊਂ'।
ਅਪਰ ਥਾਨ ਢਿਗ ਤਾਂਹਿ ਬਿਠਾਯੋ। ਆਪ ਬਹੁਰ ਤੰਬੂ ਪ੍ਰਵਿਸ਼ਾਯੋ॥ ੪੩॥

ਸਾਰੇ ਗਿਣ ਕੇ ਹੁਣ ਲੈ ਆਵਾਂਗਾ, ਛੇਤੀ ਗਿਣਾਂਗਾ ਪਰ ਕੁਝ ਦੇਰ ਲੱਗ ਜਾਵੇਗੀ।" ਸੁਦਾਗਰ ਨੂੰ ਹੋਰ ਥਾਂ ਬਿਠਾ ਦਿੱਤਾ ਤੇ ਆਪ ਤੰਬੂ ਵਿਚ ਦਾਖਿਲ ਹੋ ਗਿਆ॥੪੩॥

ਦਰ ਕੋ ਪਿਖਤਿ ਸੁਦਾਗਰ ਥਿਰਜੋ। ਲਖਹਿ ਗਿਨਹਿ ਧਨ ਅੰਤਰ ਬਰਜੋ।
ਅਪਰ ਉਪਾਵ ਨ ਕੁਛ ਬਨਿ ਆਯੋ। ਤੰਬੂ ਪਾੜ ਪਿਛੈ ਨਿਕਸਾਯੋ॥ ੪੪॥

ਦਰਵਾਜ਼ੇ ਨੂੰ ਵੇਖਦਾ ਸੁਦਾਗਰ ਬੈਠ ਗਿਆ, ਉਹ ਸਮਝਿਆ ਕਿ ਅੰਦਰ ਬੈਠਾ ਧਨ ਗਿਣ ਰਿਹਾ ਹੈ। ਜਦ ਕੋਈ ਹੋਰ ਉਪਾਅ ਨਾ ਬਣਿਆ ਤਾਂ ਭਾਈ ਗੁਰਦਾਸ ਜੀ ਪਿਛਲੇ ਪਾਸਿਉਂ ਤੰਬੂ ਪਾੜ ਕੇ ਨਿਕਲ ਗਏ॥੪੪॥

ਇਕ ਦੁਇ ਮਜ਼ਲ ਬਡੇਰੀ ਕਰਿ ਕੈ। ਗੁਰ ਤਜਿ ਕਾਂਸ਼ੀ ਚਲੌਂ ਬਿਚਰਿ ਕੈ।
ਤਨ ਸੰਤਨ ਕੋ ਭੇਖ ਬਨਾਵਾਂ। ਕੋਇ ਨ ਕਰੈ ਚਿਨਾਰੀ ਪਾਵਾਂ॥ ੪੫॥

ਇਕ ਦੋ ਮੰਜ਼ਲਾਂ ਵੱਡੀਆਂ ਤਹਿ ਕਰਕੇ ਇਹ ਵਿਚਾਰ ਬਣਾ ਲਿਆ ਕਿ ਗੁਰੂ ਜੀ ਨੂੰ ਛੱਡ ਕੇ ਕਾਂਸ਼ੀ ਨੂੰ ਚਲਦਾ ਹਾਂ। ਸਰੀਰ ਤੇ ਸੰਤਾਂ ਵਾਲਾ ਭੇਖ ਧਾਰਨ ਕਰ ਲਿਆ, ਤਾਂਕਿ ਕੋਈ ਵੀ ਪਛਾਣ ਨਾ ਸਕੇ॥੪੫॥

ਕੇਤਿਕ ਦਿਨ ਮਹਿਂ ਪ੍ਰਵਿਸ਼ਜੋ ਆਇ। ਕਾਂਸ਼ੀ ਮਹਿਂ ਸਹਿ ਚਿੰਤ ਬਸਾਇ।
ਤਹਾਂ ਸੁਦਾਗਰ ਦਰ ਕੋ ਹੇਰਤਿ। ਬਿਤਜੋ ਸਮਾਂ ਬਹੁ, ਪੁਨ ਸੋ ਟੇਰਤਿ॥ ੪੬॥

ਕਈ ਦਿਨਾਂ ਬਾਅਦ ਕਾਂਸ਼ੀ ਵਿਚ ਪਹੁੰਚ ਗਿਆ ਤੇ ਉਥੇ ਚਿੰਤਾ ਸਹਿਤ ਰਹਿਣ ਲੱਗ ਗਿਆ। ਉਧਰ ਕਾਬਲ ਵਿਚ ਤੰਬੂ ਪਾਸ ਬੈਠਾ ਸੁਦਾਗਰ ਦਰਵਾਜ਼ੇ ਵੱਲ ਵੇਖ ਰਿਹਾ ਸੀ, ਜਦ ਬਹੁਤ ਸਮਾਂ ਬੀਤ ਗਿਆ ਤਾਂ ਸੁਦਾਗਰ ਸੋਚਣ ਲੱਗਾ॥੪੬॥

'ਅੰਤਰ ਤੇ ਅਵਾਜ਼ ਨਹਿਂ ਆਈ। ਬੈਠਜੋ ਭੇਢਕ ਜਾਮ ਬਿਤਾਈ'।
ਉਠਿ ਕਰਿ ਅੰਤਰ ਹੇਰਨਿ ਕਰਜੋ। ਸੋ ਨਹਿਂ, ਦਰਬ ਖੁਲਜੋ ਤਹਿਂ ਪਰਜੋ॥੪੭॥

"ਅੰਦਰ ਤੋਂ ਆਵਾਜ਼ ਨਹੀਂ ਆਈ ਹੈ, ਬੈਠੇ ਨੂੰ ਡੇਢ ਪਹਿਰ ਹੋ ਗਿਆ।" ਉੱਠ ਕੇ ਅੰਦਰ ਵੇਖਣ ਲੱਗਾ, ਭਾਈ ਗੁਰਦਾਸ ਉਥੇ ਨਹੀਂ ਸੀ, ਪਰ ਧਨ ਉਥੇ ਖੁਲ੍ਹਾ ਪਿਆ ਸੀ॥੪੭॥

ਜੋ ਗੁਰਦਾਸ ਸੰਗ ਨਰ ਅਹੈਂ। ਤਿਨਹਿ ਬੁਲਾਇ ਦਿਖਾਇ ਸੁ ਕਹੈ।
'ਪਰਜੋ ਦਰਬ,ਨਹਿਂ ਦੇਵਨਹਾਰਾ। ਕਜੌਂ ਤਜਿ ਭਾਜਜੋ ? ਕਹਾਂ ਬਿਚਾਰਾ?' ॥੪੮॥

ਜੋ ਮਨੁੱਖ ਭਾਈ ਗੁਰਦਾਸ ਨਾਲ ਆਏ ਸਨ, ਉਨ੍ਹਾਂ ਨੂੰ ਬੁਲਾ ਕੇ ਵਿਖਾ ਕੇ ਕਿਹਾ, "ਧਨ ਖੁਲ੍ਹਾ ਪਿਆ ਹੈ, ਪਰ ਦੇਣ ਵਾਲਾ ਉਥੇ ਨਹੀਂ ਹੈ, ਕਿਉਂ ਛੱਡ ਕੇ ਭੱਜ ਗਿਆ ਹੈ, ਕੀ ਵੀਚਾਰਿਆ ਹੈ ?" ॥੪੮॥

ਸਗਰੇ ਨਿਕਟਿ ਖਰੇ ਤਬਿ ਕੀਨੇ। ਹਯ ਕੋ ਮੋਲ ਸੁ ਧਨ ਗਨ ਲੀਨੇ।
ਬਾਕੀ ਸੌਂਪ ਦਿਏ ਤਿਨ ਪਾਸ। 'ਕਿਤ ਗੁਰਦਾਸ ?' ਕਹਤਿ ਸਭਿ ਦਾਸ ॥੪੯॥

ਸਾਰੇ ਫਿਰ ਨੇੜੇ ਖੜੇ ਕਰ ਲਏ, ਘੋੜਿਆਂ ਦੇ ਮੁੱਲ ਬਰਾਬਰ ਧਨ ਲੈ ਲਿਆ। ਬਾਕੀ ਧਨ ਉਨ੍ਹਾਂ ਸੇਵਕਾਂ ਨੂੰ ਸੌਂਪ ਦਿੱਤਾ। ਭਾਈ ਗੁਰਦਾਸ ਜੀ ਕਿਥੇ ਗਏ, ਸਾਰੇ ਸੇਵਕ ਕਹਿਣ ਲੱਗੇ ॥੪੯॥

ਸਰਬ ਸਮਾਜ ਸੰਭਾਰਨ ਕੀਨਾ। ਦਾਸਨ ਗੁਰ ਦਿਸ਼ਿ ਕੋ ਮਗ ਲੀਨਾ।
'ਜਾਨਜੋ ਪਰੈ ਨਹੀਂ, ਕਜੋ ਹੋਵਾ?। ਧਨ ਧਰਿ ਗਯੋ ਆਪ ਨਹਿਂ ਜੋਵਾ' ॥੫੦॥

ਸਾਰਾ ਸਾਮਾਨ ਸੰਭਾਲ ਲਿਆ ਤੇ ਸੇਵਕ ਗੁਰੂ ਜੀ ਵਾਲੇ ਪਾਸੇ ਚਲ ਪਏ। "ਉਨ੍ਹਾਂ ਦੀ ਸਮਝ ਵਿਚ ਨਹੀਂ ਸੀ ਆਉਂਦਾ ਕਿ ਕੀ ਹੋਇਆ ਹੈ ? ਧਨ ਧਰ ਗਏ ਹਨ, ਆਪ ਵਿਖਾਈ ਨਹੀਂ ਦਿੰਦੇ ਹਨ" ॥੫੦॥

ਆਇ ਮਿਲੇ ਸਤਿਗੁਰ ਕੇ ਪਾਸ। ਸਰਬ ਬਾਰਤਾ ਕਰੀ ਪ੍ਰਕਾਸ਼।
'ਨਹਿਂ ਜਾਨਜੋ ਕਿਤ ਗਾ ਗੁਰਦਾਸ। ਤਜਿ ਕਰਿ ਤੰਬੂ ਮਹਿਂ ਧਨ ਰਾਸ' ॥੫੧॥

ਆ ਕੇ ਸਤਿਗੁਰੂ ਜੀ ਨੂੰ ਮਿਲ ਪਏ ਤੇ ਸਾਰੀ ਵਾਰਤਾ ਉਨ੍ਹਾਂ ਨੂੰ ਸੁਣਾਈ, "ਇਹ ਸਮਝ ਨਹੀਂ ਆਈ ਕਿ ਭਾਈ ਗੁਰਦਾਸ ਜੀ ਕਿਥੇ ਗਏ ਹਨ, ਆਪਣੇ ਤੰਬੂ ਵਿਚ ਪਿਆ ਸਾਰਾ ਧਨ ਛੱਡ ਗਏ ਹਨ" ॥੫੧॥

ਸਤਿਗੁਰ ਤਬਿ ਜਾਨੀ ਨਿਜ ਮਾਯਾ। ਗਯੋ ਭਾਜਿ ਸੋ ਰਿਦਾ ਭ੍ਰਮਾਯਾ।
ਭਈ ਠੀਕਰੀ ਜਿਤਿਕ ਰਜਤਪਨ। ਭਾਜਜੋ ਦੇਖਤਿ ਹੁਇ ਅਧੀਰ ਮਨ ॥੫੨॥

ਸਤਿਗੁਰੂ ਜੀ ਨੇ ਫਿਰ ਆਪਣੀ ਮਾਇਆ ਨੂੰ ਜਾਣਿਆ, "ਉਸ ਦਾ ਹਿਰਦਾ ਭਰਮ ਗਿਆ ਹੈ, ਇਸ ਕਰਕੇ ਭੱਜ ਗਿਆ, ਜਿੰਨੇ ਵੀ ਚਾਂਦੀ ਦੇ ਸਿੱਕੇ ਸਨ, ਉਨ੍ਹਾਂ ਨੂੰ ਠੀਕਰੀਆਂ ਹੋਇਆ ਵੇਖ ਕੇ ਮਨ ਵਿਚ ਧੀਰਜ ਰਹਿਤ ਹੋ ਕੇ ਭੱਜ ਗਿਆ ਹੈ" ॥੫੨॥

*ਸੱਤਵੀਂ ਰਾਸ ਦਾ ਦੂਸਰਾ ਅਧਿਆਇ ਸਮਾਪਤ ਹੋਇਆ ॥੨॥*

## ਅਧਿਆਇ ਤੀਸਰਾ

*ਭਾਈ ਗੁਰਦਾਸ ਜੀ ਕਾਂਸ਼ੀ ਵਿਚ*

ਦੋਹਰਾ-ਨਿਕਸਜੋ ਡੇਰਾ ਤਜਾਗ ਕਰਿ ਹਿਮ ਰਿਤੁ ਥੀ ਤਿਸ ਕਾਲ।
ਚਲਤਿ ਪੰਥ ਨਿਤ ਚਿਰਨ ਕਰਿ ਸ੍ਰਮ ਕੋ ਲਹਤਿ ਬਿਸਾਲ ॥ ੧ ॥

ਭਾਈ ਗੁਰਦਾਸ ਜੀ ਕਾਬਲ ਤੋਂ ਆਪਣਾ ਡੇਰਾ ਛੱਡ ਕੇ ਚਲੇ ਤਾਂ ਉਸ ਸਮੇਂ ਸਰਦੀਆਂ ਦੀ ਰੁਤ ਸੀ। ਰੋਜ਼ ਪੈਦਲ ਚੱਲਣ ਕਰਕੇ ਬਹੁਤ ਥਕਾਵਟ ਹੋ ਜਾਂਦੀ ਸੀ ॥੧॥

ਚੌਪਈ- ਅਧਿਕ ਬਸਤ੍ਰ ਬਿਨ ਸੀਤ ਨ ਜਾਵੈ। ਹੁਤੇ ਜੁ ਢਿਗ, ਤਿਹ ਕੌਨ ਉਠਾਵੈ।
ਕਿਤ ਭੋਜਨ ਪ੍ਰਾਪਤਿ, ਕਿਤ ਨਾਂਹੀ। ਨਿਤਪ੍ਰਤਿ ਗਮਨਤਿ ਮਾਰਗ ਮਾਂਹੀ ॥੨ ॥

ਵਾਧੂ ਕਪੜਿਆਂ ਤੋਂ ਬਗੈਰ ਠੰਡ ਨਹੀਂ ਸੀ ਹਟਦੀ, ਜਿਹੜੇ ਕਪੜੇ ਪਾਸ ਸਨ, ਉਨ੍ਹਾਂ ਨੂੰ ਕੌਣ ਚੁਕਦਾ। ਕਦੀ ਭੋਜਨ ਪ੍ਰਾਪਤ ਹੁੰਦਾ ਸੀ, ਕਦੀ ਨਹੀਂ ਸੀ ਵੀ ਹੁੰਦਾ, ਰੋਜ਼ ਸਫਰ ਵਿਚ ਚਲਦਾ ਰਹਿੰਦਾ ਸੀ॥੨॥

ਮਹਾਂ ਖੇਦ ਤੇ ਦੁਰਬਲ ਹੋਯੋ। ਨਹਿੰ ਆਗੈ ਅਸ ਸੰਕਟ ਜੋਯੋ।
ਪਾਇਨਿ ਪਰੇ ਫਾਲਰੇ ਘਨੇ। ਚਲਤਿ ਪੰਥ ਨਿਤ ਸ਼੍ਰਮ ਕੇ ਸਨੇ॥ ੩ ॥

ਮਹਾਨ ਦੁਖ ਪਾ ਕੇ ਕਮਜ਼ੋਰ ਹੋ ਗਿਆ, ਪਹਿਲਾਂ ਕਦੀ ਵੀ ਅਜਿਹਾ ਸੰਕਟ ਨਹੀਂ ਪਾਇਆ ਸੀ। ਪੈਰਾਂ ਵਿਚ ਬਹੁਤ ਛਾਲੇ ਪੈ ਗਏ, ਸਦਾ ਥਕਾਵਟ ਸਹਿਤ ਸਫਰ ਕਰਦਾ ਸੀ॥੩॥

ਨੀਠ ਨੀਠ ਕਰਿ ਪ੍ਰਾਪਤਿ ਹੋਵਾ। ਕਿਤਿਕ ਦਿਵਸ ਮਹਿਂ ਸ਼ਿਵਪੁਰਿ ਜੋਵਾ।
ਕਿਸ ਥਲ ਜਾਇ ਕੀਨਿ ਬਿਸਰਾਮੂ। ਤਹਿਂ ਗੁਰ ਸੰਗਤਿ ਕੇ ਬਹੁ ਧਾਮੂ ॥੪ ॥

ਮਸਾਂ-ਮਸਾਂ ਚਲ ਕੇ ਉਥੇ ਪਹੁੰਚਿਆ, ਕਈ ਦਿਨਾਂ ਬਾਅਦ ਸ਼ਿਵਜੀ ਦੀ ਨਗਰੀ ਕਾਂਸ਼ੀ ਨੂੰ ਵੇਖਿਆ, ਕਿਸੇ ਥਾਂ ਜਾ ਕੇ ਵਿਸ਼ਰਾਮ ਕੀਤਾ। ਉਥੇ ਗੁਰੂ ਜੀ ਦੀਆਂ ਸੰਗਤਾਂ ਦੇ ਬਹੁਤ ਘਰ ਸਨ॥੪॥

ਜੋ ਸਿਖ ਦਰਸ਼ਨ ਕੇ ਹਿਤ ਆਏ। ਤਿਨਹੁਂ ਪਛਾਨ ਲੀਨਿ ਹਰਖਾਏ।
ਸਭਿਨਿ ਜੋਰਿ ਕਰ ਸੇਵਾ ਠਾਨੀ। ਚਰਨ ਪਖਾਰੇ ਤਾਤੇ ਪਾਨੀ॥ ੫ ॥

ਜਿਹੜੇ ਸਿੱਖ ਦਰਸ਼ਨਾਂ ਵਾਸਤੇ ਆਏ, ਉਨ੍ਹਾਂ ਨੇ ਪਛਾਣ ਲਿਆ ਤੇ ਬਹੁਤ ਪ੍ਰਸੰਨ ਹੋਏ। ਸਾਰਿਆ ਨੇ ਹੱਥ ਜੋੜ ਕੇ ਸੇਵਾ ਕੀਤੀ ਤੇ ਗਰਮ ਪਾਣੀ ਨਾਲ ਪੈਰ ਧੋਤੇ॥੫॥

ਚਾਂਪਤਿ ਹੈਂ ਚਿਤ ਚੌਂਪ ਕਰੰਤੇ। ਸ੍ਵਾਦਲ ਭੋਜਨ ਕਰਿ ਅਚਵੰਤੇ।
ਜੋ ਤਬਿ ਹੁਤੋ ਪੁਰੀ ਮਹਿਪਾਲਾ। ਸਿੱਖ ਗੁਰੂ ਕੋ ਪ੍ਰੀਤ ਬਿਸਾਲਾ॥ ੬ ॥

ਬੜੇ ਪ੍ਰਸੰਨ ਸਨ ਤੇ ਬੜੇ ਸ਼ੌਕ ਨਾਲ ਸੇਵਾ ਕਰਦੇ ਸਨ, ਬੜੇ ਸਵਾਦੀ ਭੋਜਨ ਤਿਆਰ ਕਰਕੇ ਛਕਾਉਂਦੇ ਸਨ। ਜੋ ਉਸ ਸਮੇਂ ਨਗਰ ਦਾ ਮਾਲਕ ਸੀ, ਉਹ ਸਿੱਖ ਗੁਰੂ ਸਾਹਿਬਾਨ ਨੂੰ ਬਹੁਤ ਪਿਆਰ ਕਰਦਾ ਸੀ॥੬॥

ਸੁਨਿ ਮਹਿਮਾ ਇਸ ਕੀ ਬੁਲਵਾਯੋ। ਕਹਿ ਊਚਾਸਨਿ ਪਰ ਬੈਠਾਯੋ।
ਬੂਝਤਿ ਭਯੋ ਗੁਰੂ ਕੀ ਗਾਥਾ। ਤਬਿ ਗੁਰਦਾਸ ਭਨੀ ਨ੍ਰਿਪ ਸਾਥਾ ॥ ੭ ॥

ਉਸ ਨੇ ਭਾਈ ਗੁਰਦਾਸ ਦੀ ਮਹਿਮਾ ਸੁਣ ਕੇ ਉਨ੍ਹਾਂ ਨੂੰ ਪਾਸ ਬੁਲਾਇਆ ਤੇ ਕਹਿ ਕੇ ਉੱਚੇ ਸਥਾਨ ਤੇ ਬਿਠਾਇਆ। ਉਹ ਗੁਰੂ ਜੀ ਦੀ ਕਥਾ ਪੁਛਣ ਲੱਗਾ, ਤਦ ਭਾਈ ਗੁਰਦਾਸ ਜੀ ਨੇ ਰਾਜੇ ਨੂੰ ਕਿਹਾ॥੭॥

'ਸਤਿਗੁਰ ਥਿਰੇ ਸੁਧਾਸਰ ਰਾਜੈਂ। ਜਪੇ ਨਾਮ, ਦਰਸ਼ਨ, ਦੁਖ ਭਾਜੈਂ'।
ਨਿਜ ਬਾਨੀ ਮਹਿਂ ਗੁਰ ਜਸ ਗਾਯੋ। ਕਹਿ ਬਹੁ ਬਿਧਿ ਮਹਿਪਾਲ ਸੁਨਾਯੋ ॥੮ ॥

"ਸਤਿਗੁਰੂ ਜੀ ਅੰਮ੍ਰਿਤਸਰ ਵਿਚ ਬਿਰਾਜਦੇ ਹਨ, ਉਨ੍ਹਾਂ ਦਾ ਨਾਮ ਜਪਣ ਅਤੇ ਦਰਸ਼ਨ ਕਰਨ ਨਾਲ ਸਾਰੇ ਦੁੱਖ ਭੱਜ ਜਾਂਦੇ ਹਨ।" ਆਪਣੀ ਬਾਣੀ ਵਿਚ ਗੁਰੂ ਜੀ ਦਾ ਜੱਸ ਗਾਇਣ ਕੀਤਾ ਤੇ ਬਹੁਤ ਪ੍ਰਕਾਰ ਕਹਿ ਕੇ ਰਾਜੇ ਨੂੰ ਸੁਣਾਇਆ॥੮॥

ਸੁਨਿ ਹਰਖਯੋ ਸੁਭ ਥਾਨ ਉਤਾਰਾ। ਪੁਨ ਗੁਰ ਸਿੱਖਨਿ ਨ੍ਰਿਪਹਿ ਉਚਾਰਾ।
'ਰਾਮਦਾਸ ਗੁਰ ਅਰਜਨ ਪਾਸ। ਰਹਤਿ ਭਯੋ ਪੂਰਬ ਗੁਰਦਾਸ॥ ੯ ॥

ਰਾਜਾ ਸੁਣ ਕੇ ਬਹੁਤ ਪਸੰਨ ਹੋਇਆ ਤੇ ਭਾਈ ਗੁਰਦਾਸ ਜੀ ਦਾ ਚੰਗੇ ਥਾਂ ਉਤਾਰਾ ਕਰਵਾਇਆ। ਫਿਰ ਗੁਰੂ ਜੀ ਦੇ ਸਿੱਖਾਂ ਨੇ ਰਾਜੇ ਨੂੰ ਕਿਹਾ, 'ਇਹ ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਪਾਸ ਪਹਿਲਾਂ ਰਹੇ ਹਨ॥੯॥

ਅਬਿ ਸ੍ਰੀ ਹਰਿਗੋਵਿੰਦ ਬਹੁ ਸੇਵਾ। ਮਹਿਮਾ ਇਸ ਕੀ ਸਮ ਗੁਰਦੇਵਾ।
ਗੁਰੂ ਸਮੀਪੀ ਇਹ ਚਿਰਕਾਲੂ। ਕਰਿਵਾਏ ਕਹਿ ਸਿੱਖ ਨਿਹਾਲੂ॥ ੧੦॥

ਹੁਣ ਸ੍ਰੀ ਹਰਿਗੋਬਿੰਦ ਜੀ ਦੀ ਬਹੁਤ ਸੇਵਾ ਕਰਦੇ ਹਨ, ਇਨ੍ਹਾਂ ਦੀ ਮਹਿਮਾ ਵੀ ਗੁਰੂ ਜੀ ਦੇ ਬਰਾਬਰ ਹੈ। ਬਹੁਤ ਲੰਮੇ ਸਮੇਂ ਤੋਂ ਇਹ ਗੁਰੂ ਜੀ ਪਾਸ ਰਹੇ ਹਨ, ਇਨ੍ਹਾਂ ਨੇ ਕਹਿ ਕੇ ਬਹੁਤ ਸਿੱਖਾਂ ਨੂੰ ਨਿਹਾਲ ਕੀਤਾ ਹੈ' ॥੧੦॥

ਇੱਤਜਾਦਿਕ ਮਹਿਮਾ ਸੁਨਿ ਭਾਰੀ। ਪਗ ਪਾਹੁਲ ਲੈਬੇ ਇਛ ਧਾਰੀ।
ਪੰਚਾਂਮ੍ਰਿੱਤ ਘਨੋ ਕਰਿਵਾਇ। ਨਿਕਟਿ ਲੀਨਿ ਗੁਰਦਾਸ ਬੁਲਾਇ॥ ੧੧॥

ਇਤਿਆਦਿ ਉਨ੍ਹਾਂ ਦੀ ਭਾਰੀ ਮਹਿਮਾ ਸੁਣ ਕੇ, ਉਸ ਨੇ ਚਰਨ ਕੰਵਲਾਂ ਦੀ ਪਾਹੁਲ ਲੈਣ ਦੀ ਇੱਛਾ ਧਾਰਨ ਕੀਤੀ। ਬਹੁਤ ਕੜਾਹ ਪ੍ਰਸ਼ਾਦਿ ਤਿਆਰ ਕਰਵਾਇਆ ਤੇ ਪਾਹੁਲ ਲੈਣ ਵਾਸਤੇ ਭਾਈ ਗੁਰਦਾਸ ਜੀ ਨੂੰ ਪਾਸ ਬੁਲਾਇਆ॥੧੧॥

ਹਾਥ ਜੋਰਿ ਕਹਿ 'ਪਾਹੁਲ ਦੈ ਹੋ। ਮੋਕਹੁ ਸਿੱਖ ਸਕਲ ਬਿਧਿ ਕੈ ਹੋ'।
ਪਗ ਪਾਹੁਲ ਦੇ ਤਬਿ ਗੁਰਦਾਸ। ਭਯੋ ਮਹਾਨ ਭਾਉ ਨ੍ਰਿਪ ਪਾਸ॥ ੧੨॥

ਹੱਥ ਜੋੜ ਕੇ ਕਿਹਾ, "ਮੈਨੂੰ ਪਾਹੁਲ ਦੇਵੋ ਤੇ ਸਾਰੀਆਂ ਵਿਧੀਆਂ ਨਾਲ ਮੈਨੂੰ ਪੂਰਨ ਸਿੱਖ ਬਣਾਓ।" ਫਿਰ ਭਾਈ ਗੁਰਦਾਸ ਜੀ ਨੇ ਚਰਨ ਕੰਵਲਾਂ ਦੀ ਪਾਹੁਲ ਦਿੱਤੀ ਤਾਂ ਰਾਜੇ ਦੇ ਮਨ ਵਿਚ ਬੜਾ ਪ੍ਰੇਮ ਪੈਦਾ ਹੋਇਆ॥੧੨॥

ਜਬਿ ਨ੍ਰਿਪ ਭਯੋ ਸਿੱਖ ਇਸ ਕੇਰਾ। ਪੁਰਿ ਮਹਿਂ ਜਸੁ ਪ੍ਰਗਟਾਯੁ ਬਡੇਰਾ।
ਅਪਰ ਲੋਕ ਸਿਖ ਭਏ ਸੁ ਆਇ। ਨਿਤਪ੍ਰਤਿ ਬਨਹਿਂ ਮਨੁਜ ਸਮੁਦਾਇ॥੧੩॥

ਜਦ ਰਾਜਾ ਇਸ ਤਰ੍ਹਾਂ ਸਿੱਖ ਹੋ ਗਿਆ ਤਾਂ ਨਗਰ ਵਿਚ ਵੱਡਾ ਜੱਸ ਪ੍ਰਗਟ ਕੀਤਾ। ਹੋਰ ਲੋਕ ਵੀ ਆ ਕੇ ਸਿੱਖ ਹੋਏ। ਨਿਤਾਪ੍ਰਤੀ ਬਹੁਤ ਲੋਕ ਆ ਕੇ ਸਿੱਖ ਬਣ ਰਹੇ ਸਨ॥੧੩॥

ਦੇਖਾ ਦੇਖੀ ਭਏ ਹਜ਼ਾਰੋਂ। ਗੁਰ ਕੋ ਸੁਜਸੁ ਬਿਥਾਰਿ ਉਚਾਰੋਂ।
ਨਿਤ ਮਹਿਪਾਲਕ ਨਿਕਟਿ ਬੁਲਾਵੈ। ਗੁਰਬਾਨੀ ਇਸ ਪਾਸ ਪਢਾਵੈ॥੧੪॥

ਵੇਖਾ-ਵੇਖੀ ਹਜ਼ਾਰਾਂ ਲੋਕ ਸਿੱਖ ਬਣ ਗਏ, ਗੁਰੂ ਜੀ ਦਾ ਸ੍ਰੇਸ਼ਟ ਜੱਸ ਵਿਸਥਾਰ ਨਾਲ ਉਚਾਰਨ ਕਰਦੇ ਸਨ। ਰਾਜਾ ਨਿਤ ਆਪਣੇ ਪਾਸ ਬੁਲਾਉਂਦਾ ਸੀ ਤੇ ਭਾਈ ਗੁਰਦਾਸ ਜੀ ਪਾਸੋਂ ਗੁਰਬਾਣੀ ਪੜ੍ਹਵਾਉਂਦਾ ਸੀ॥੧੪॥

ਅਰਥ ਸਮੇਤ ਸੁਨਹਿ ਮਨ ਲਾਈ। ਸਭਿ ਕੋ ਮਨ ਮਹਿਂ ਮੋਦ ਉਪਾਈ।
ਅਧਿਕ ਚਤੁਰ ਮ੍ਰਿਦੁ ਬਾਕਨ ਕਹੈ। ਸੁਨਿ ਸਗਰੇ ਗੁਰ ਪ੍ਰੀਤੀ ਲਹੈਂ॥ ੧੫॥

ਅਰਥਾਂ ਸਹਿਤ ਮਨ ਲਾ ਕੇ ਸੁਣਦਾ ਸੀ ਤੇ ਸਾਰਿਆਂ ਦੇ ਮਨ ਵਿਚ ਪ੍ਰਸੰਨਤਾ ਉਤਪੰਨ ਹੁੰਦੀ ਸੀ। ਬਹੁਤ ਸਿਆਣਪ ਭਰੇ ਮਿੱਠੇ ਬਚਨ ਕਹਿੰਦੇ ਸਨ, ਸਾਰੇ ਸੁਣ ਕੇ ਗੁਰੂ ਜੀ ਦੀ ਪ੍ਰੀਤ ਪਾਉਂਦੇ ਸਨ॥੧੫॥

ਨ੍ਰਿਪ ਕੇ ਨਿਕਟਿ ਕਥਾ ਨਿਤ ਕਰੈ। ਸਭਿ ਸੰਗਤਿ ਸੁਨਿਬੇ ਹਿਤ ਜੁਰੈ।
ਬਹੁ ਕੀਰਤਿ ਬਿਸਤੀਰਤਿ ਕੀਨਿ। ਫਿਰਹਿਂ ਸੰਗ ਗਨ ਲਖਯੋ ਪ੍ਰਬੀਨ॥੧੬॥

ਰਾਜੇ ਦੇ ਪਾਸ ਸਦਾ ਕਥਾ ਕਰਦਾ ਸੀ ਤੇ ਸਾਰੀ ਸੰਗਤ ਸੁਣਨ ਵਾਸਤੇ ਜੁੜ ਜਾਂਦੀ ਸੀ। ਗੁਰੂ ਜੀ ਦੀ ਬਹੁਤ ਕੀਰਤੀ ਫੈਲਾਈ, ਬਹੁਤ ਚਤੁਰ ਸਮਝ ਕੇ ਕਾਫੀ ਲੋਕ ਨਾਲ ਫਿਰਦੇ ਸਨ॥੧੬॥

ਭੂਪਤ ਕੋ ਗੁਰ ਜਬਿ ਹ੍ਵੈ ਗਯੋ। ਸਕਲ ਨਗਰ ਸਨਮਾਨਿਤ ਭਯੋ।
ਇਕ ਦਿਨ ਦਿਜ ਪੰਡਿਤ ਸੰਨਯਾਸੀ। ਸਭਿ ਮਿਲਿ ਕਰਿ ਆਏ ਇਸ ਪਾਸੀ ॥੧੭॥

ਜਦ ਉਹ ਰਾਜੇ ਦੇ ਮੁਰਸ਼ਦ ਬਣ ਗਏ ਤਾਂ ਸਾਰਾ ਨਗਰ ਉਨ੍ਹਾਂ ਦਾ ਸਨਮਾਨ ਕਰਦਾ ਸੀ। ਇਕ ਦਿਨ ਬ੍ਰਾਹਮਣ, ਪੰਡਿਤ ਅਤੇ ਸੰਨਿਆਸੀ ਸਾਰੇ ਮਿਲ ਕੇ ਭਾਈ ਗੁਰਦਾਸ ਜੀ ਦੇ ਪਾਸ ਆਏ ॥੧੭॥

ਨ੍ਰਿਪ ਕੋ ਗੁਰੂ ਲਖਯੋ ਲਲਚਾਏ। ਨਿਜ ਮਤ ਲਯਾਵਨਿ ਹੇਤੁ ਅਲਾਏ।
'ਇਹ ਸ਼ਿਵਪੁਰਿ ਜਿਸ ਮਹਿਂ ਤੁਮ ਬਾਸਾ। ਯਾਂਤੇ ਬਨਹੁ ਰੁੱਦ੍ਰ ਕੋ ਦਾਸਾ ॥੧੮॥

ਰਾਜੇ ਦਾ ਮੁਰਸ਼ਦ ਸਮਝ ਕੇ ਚਰਚਾ ਕਰਨ ਦੀ ਇੱਛਾ ਪੈਦਾ ਹੋਈ। ਭਾਈ ਜੀ ਨੂੰ ਆਪਣੇ ਮੱਤ ਵਿਚ ਲਿਆਉਣ ਲਈ ਕਹਿਣ ਲੱਗੇ, "ਇਹ ਸ਼ਿਵਪੁਰੀ ਜਿਸ ਵਿਚ ਤੁਸੀਂ ਰਹਿੰਦੇ ਹੋ, ਇਸ ਕਰਕੇ ਸ਼ਿਵਜੀ ਦਾ ਸੇਵਕ ਹੋਣਾ ਬਣਦਾ ਹੈ ॥੧੮॥

ਬੈਠੇ ਕਰਹੁ ਸਦਾ ਸ਼ਿਵ ਧ੍ਯਾਨ। ਕ੍ਯਾ ਗੁਰ ਤੇ ਅਬਿ ਲੇਹੁ ਸੁਜਾਨ!'।
ਤਬਿ ਗੁਰਦਾਸ ਕਹ੍ਯੋ 'ਸੁਨਿ ਲੀਜੈ। ਜੋ ਪਤਿਬ੍ਰਤਾ ਧਰਮ ਦਿਖਰੀਜੈ ॥੧੯॥

ਬੈਠ ਕੇ ਸਦਾ ਸ਼ਿਵਜੀ ਦਾ ਧਿਆਨ ਧਾਰਨ ਕਰੋ, ਹੇ ਚਤੁਰ! ਹੁਣ ਗੁਰੂ ਜੀ ਪਾਸੋਂ ਕੀ ਲੈਣਾ ਹੈ?" ਤਦ ਭਾਈ ਗੁਰਦਾਸ ਨੇ ਕਿਹਾ, "ਸੁਣ ਲਵੋ, ਜੋ ਇਸਤਰੀ ਪਤੀਬ੍ਰਤਾ ਧਰਮ ਵਾਲੀ ਦਿੱਸ ਪਵੇ ॥੧੯॥

ਪਰ ਪਤਿ ਰਮਹਿ ਨਿੰਦ ਜਗ ਗਾਵਹਿ। ਆਗੈ ਨਰਕ ਸਜ਼ਾਇਨਿ ਪਾਵਹਿ।
ਇਮ ਗੁਰ ਤ੍ਯਾਗ ਜਪਹਿ ਜੇ ਔਰ। ਹਲਤਿ ਪਲਤਿ ਮਹਿਂ ਲਹਹਿ ਨ ਠੌਰ ॥੨੦॥

ਉਹ ਇਸਤਰੀ ਜੋ ਪਰਾਇਆ ਪਤੀ ਰਮਣ ਕਰੇ ਤਾਂ ਜਗਤ ਵਿਚ ਉਸਦੀ ਨਿੰਦਿਆ ਹੁੰਦੀ ਹੈ ਤੇ ਅੱਗੇ ਜਾ ਕੇ ਨਰਕਾਂ ਵਿਚ ਸਜ਼ਾ ਪਾਉਂਦੀ ਹੈ। ਇਸ ਤਰ੍ਹਾਂ ਜਿਹੜਾ ਆਪਣੇ ਗੁਰੂ ਜੀ ਨੂੰ ਛੱਡ ਕੇ ਕਿਸੇ ਹੋਰ ਦਾ ਜਾਪ ਕਰੇ ਤਾਂ ਉਹ ਲੋਕ ਪਰਲੋਕ ਵਿਚ ਥਾਂ ਨਹੀਂ ਪਾਉਂਦਾ ਹੈ ॥੨੦॥

ਜੇ ਗੁਰ ਦਯਾ ਤਾਂ ਸਭਿ ਕੀ ਦਯਾ। ਜੇ ਗੁਰ ਰਿਸਹਿ ਤ ਸਭਿ ਰਿਸ ਕਿਯਾ।
ਇਸ ਪਰ ਏਕ ਸਵੱਯਾ ਗਾਯੋ।ਸਭਿ ਬਿੱਪ੍ਰਨ ਕੋ ਤਬਹਿ ਸੁਨਾਯੋ ॥ ੨੧॥

ਜੇ ਗੁਰੂ ਜੀ ਦੀ ਕਿਰਪਾ ਹੈ ਤਾਂ ਸਭ ਦੀ ਕਿਰਪਾ ਹੈ, ਜੇ ਗੁਰੂ ਜੀ ਨਾਰਾਜ਼ ਹੋ ਜਾਂਦੇ ਹਨ ਤਾਂ ਸਾਰਾ ਜੱਗ ਨਾਰਾਜ਼ ਹੋਇਆ ਸਮਝੋ।" ਉਸ ਸਮੇਂ ਆਪਣਾ ਇਕ ਸਵੱਈਆ ਗਾ ਕੇ ਸਾਰੇ ਬ੍ਰਾਹਮਣਾਂ ਨੂੰ ਸੁਣਾਇਆ ॥੨੧॥

*ਸ੍ਵੈਯਾ*—'ਮਾਤ ਬਿਓਗ ਪਰੈ ਬਛਰਾ ਅਨ ਗਾਯ ਧਰੈ ਥਨ ਲਾਤ ਲਗਾਵੈ।
ਹੰਸ ਜੁ ਤ੍ਯਾਗ ਕੈ ਮਾਨ ਸਰੋਵਰ ਖੋਜਤਿ ਪੋਖਰ ਚੋਗ ਨ ਪਾਵੈ।
ਚੱਕ੍ਰਪਤੀ ਨਿਜ ਭੂਪਤਿ ਤ੍ਯਾਗ ਕੈ ਔਰ ਪੈ ਜਾਇਕੈ ਦਾਸ ਲਜਾਵੈ।
ਤੈਸੇ ਗੁਰੂ ਸਿਖ ਸੇਵ ਕਰੈ ਜਗ ਔਰ ਸੁ ਦੇਵ, ਨ ਪਾਪ ਬਚਾਵੈ' ॥੨੨॥

"ਜੇ ਵੱਛਾ ਆਪਣੀ ਮਾਤਾ ਤੋਂ ਵਿਛੜ ਕੇ ਕਿਸੇ ਹੋਰ ਗਾਂ ਦੇ ਥਨ ਨੂੰ ਫੜੇ ਤਾਂ ਉਹ ਗਾਂ ਲੱਤ ਮਾਰੇਗੀ। ਹੰਸ ਜੇ ਮਾਨ-ਸਰੋਵਰ ਨੂੰ ਛੱਡ ਕੇ ਹੋਰ ਛੱਪੜਾਂ ਨੂੰ ਲੱਭੇ ਤਾਂ ਮੋਤੀਆਂ ਦਾ ਚੋਗਾ ਨਹੀਂ ਪਾ ਸਕਦਾ। ਜੇ ਸੇਵਕ ਆਪਣੇ ਚੱਕਰਵਰਤੀ ਮਹਾਰਾਜੇ ਨੂੰ ਛੱਡ ਕੇ ਕਿਸੇ ਹੋਰ ਪਾਸ ਜਾਵੇ ਤਾਂ ਬੜਾ ਲਜਿਤ ਹੋਵੇਗਾ। ਇਸ ਤਰ੍ਹਾਂ ਹੀ ਗੁਰੂ ਦਾ ਸਿੱਖ ਜੇ ਹੋਰ ਦੇਵਤਿਆਂ ਦੀ ਸੇਵਾ ਕਰੇ ਤਾਂ ਉਹ ਦੇਵਤਾ ਉਸ ਨੂੰ ਪਾਪਾਂ ਤੋਂ ਬਚਾ ਨਹੀਂ ਸਕਦਾ" ॥੨੨॥

ਦੋਹਰਾ- ਇੱਤ੍ਯਾਦਿਕ ਉੱਤਰ ਦੀਏ ਦਿਜਨਿ ਮਾਨ ਕਰਿ ਭੰਗ।
ਇਕ ਸਤਿਗੁਰ ਕੋ ਆਸ਼ਰਾ ਨਿਸ਼ਚੈ ਕੀਨਿ ਅਭੰਗ ॥ ੨੩॥

ਇਤਿਆਦਿ ਉੱਤਰ ਦੇ ਕੇ ਬ੍ਰਾਹਮਣਾਂ ਦੇ ਹੰਕਾਰ ਨੂੰ ਦੂਰ ਕਰ ਦਿੱਤਾ। ਇਕ ਸਤਿਗੁਰੂ ਜੀ ਦਾ ਹੀ ਅਭੰਗ ਆਸਰਾ ਨਿਸ਼ਚਿਤ ਕੀਤਾ ॥੨੩॥

ਚੌਪਈ-ਜੁਗਲ ਜੋਰਿ ਕਰ ਦਿਜਹਿ ਬਖਾਨੀ। 'ਸੰਸੈ ਏਕ ਹਰਹੁ ਗੁਨ ਖਾਨੀ!।
ਸ੍ਰੀ ਗੁਰਦਾਸ ਬਿਮਲ ਮਤਿ ਮਾਨੀ!। ਤੱਤ੍ਵ ਗਯਾਨ ਮਯ ਬੋਧ ਪ੍ਰਮਾਨੀ! ॥੨੪॥

ਦੋਵੇਂ ਹੱਥ ਜੋੜ ਕੇ ਬ੍ਰਾਹਮਣਾਂ ਨੇ ਕਿਹਾ, "ਹੇ ਗੁਣਾਂ ਦੀ ਖਾਨ, ਭਾਈ ਗੁਰਦਾਸ ਜੀ! ਸਾਡਾ ਇਕ ਸ਼ੰਕਾ ਦੂਰ ਕਰੋ। ਤੁਸੀਂ ਨਿਰਮਲ ਮੱਤ ਵਾਲੇ ਮਾਣਯੋਗ ਹੋ। ਤੁਹਾਡਾ ਤਤ੍ਵਗਿਆਨ ਵਾਲਾ ਬੋਧ ਮੰਨਣਯੋਗ ਹੈ, ਭਾਵ ਤੁਸੀਂ ਤਤਵੇਤਾ ਹੋ ਅਸੀਂ ਇਹ ਮੰਨਦੇ ਹਾਂ ॥੨੪॥

ਦੋਹਰਾ- ਗੋਵਿੰਦਾਦਿਕ ਰਾਮ ਇਤਿ ਬਰਨੇ ਸਿੰਮ੍ਰਿਤਿ ਪੁਰਾਨ।
ਭਿੰਨ ਨਾਮ ਤ੍ਰਿਪਤਾਤਨੁਯ ਕਿਮ ਭਾਖਯੋ ਭਗਵਾਨ?॥ ੨੫॥

ਰਾਮ, ਗੋਬਿੰਦ ਆਦਿ ਜੋ ਸਾਰੇ ਨਾਮ ਸਿੰਮ੍ਰਤੀ ਪੁਰਾਣਾਂ ਵਿਚ ਕਥਨ ਕੀਤੇ ਗਏ। ਇਨ੍ਹਾਂ ਨਾਮਾਂ ਤੋਂ ਪਰਮਾਤਮਾ ਦਾ ਵੱਖਰਾ ਨਾਮ ਮਾਤਾ ਤ੍ਰਿਪਤਾ ਦੇ ਪੁੱਤਰ ਭਾਵ ਗੁਰੂ ਨਾਨਕ ਜੀ ਨੇ ਕਿਉਂ ਕਿਹਾ? ॥੨੫॥

ਚੌਪਈ-ਵਾਹਿਗੁਰੁ ਗੁਹਯਾਰਥ ਬਖਾਨਹੁ। ਨਿਗਮਾਗਮ ਕੀ ਸਾਖ ਪ੍ਰਮਾਨਹੁ।
ਕਿਧੋਂ ਕਾਲ ਸਤਿ ਵਾ ਕੁਛ ਔਰ। ਬਿਬਿਧਿ ਭਾਂਤਿ ਬਰਨੇ ਮੁਨਿ ਔਰ ॥੨੬॥

ਵਾਹਿਗੁਰੂ ਦੇ ਗੁੱਝੇ ਅਰਥ ਬਿਆਨ ਕਰੋ, ਵੇਦਾਂ ਸ਼ਾਸਤਰਾਂ ਦੀਆਂ ਉਦਾਹਰਣਾਂ ਦੇ ਕੇ ਸਿੱਧ ਕਰੋ ਜਾਂ ਸਤਿਜੁਗ ਦੇ ਸਮੇਂ ਇਹ ਪਦ ਮੌਜੂਦ ਸੀ ਜਾਂ ਕੋਈ ਹੋਰ ਪ੍ਰਮਾਣ ਹੈ। ਹੋਰ ਮੁਨੀਆਂ ਵੱਖ-ਵੱਖ ਢੰਗ ਨਾਲ ਪ੍ਰਮਾਤਮਾ ਦਾ ਨਾਮ ਵਰਣਨ ਕੀਤਾ ਹੈ ॥੨੬॥

ਦੁਤਿਯ ਬੇਦ ਬਾਹਯ ਤੁਮ ਗ੍ਰੰਥ। ਤਾਸ ਪੂਜ, ਭਾਖਤਿ ਇਤਿ ਪੰਥ।
ਪੁਸ਼ਟ ਬਚਨ ਜਿਮ ਤੁਮ ਅਬਿ ਭਾਖੋ। ਸੋ ਸਭਿ ਵਿਪ੍ਰ ਬ੍ਰਿੰਦ ਰੁਚਿ ਰਾਖੋ ॥੨੭॥

ਦੂਸਰਾ ਤੁਹਾਡਾ ਗ੍ਰੰਥ ਸਾਹਿਬ ਵੇਦ ਤੋਂ ਬਾਹਰ ਹੈ, ਉਸ ਦੇ ਪੂਜਣ ਵਾਲਿਆਂ ਨੂੰ ਤੁਸੀਂ ਇਸ ਤਰ੍ਹਾਂ ਪੰਥ ਆਖਦੇ ਹੋ (ਭਾਵ ਵੇਦਾਂ ਤੋਂ ਬਾਹਰਲਿਆਂ ਨੂੰ ਪੰਥ ਕਹਿੰਦੇ ਹੋ, ਜਿਸ ਕਰਕੇ ਵੇਦ ਵਾਲੇ ਕੁਪੰਥੀ ਹੋ ਗਏ) ਜਿਸ ਤਰ੍ਹਾਂ ਦੇ ਪੁਸ਼ਟੀ ਕਰਨ ਵਾਲੇ ਤੁਸੀਂ ਹੁਣ ਬਚਨ ਕਹੋਗੇ, ਉਹ ਸਾਰੇ ਬਚਨ ਬ੍ਰਾਹਮਣ ਬੜੀ ਰੁਚੀ ਨਾਲ ਚਿਤ ਵਿਚ ਧਾਰਨਗੇ ॥੨੭॥

ਤ੍ਰਿਤਿਯ ਸੁਧਾਸਰ ਤੀਰਥ ਰਾਜੂ। ਕਵਨ ਪੁਰਾਨ ਪ੍ਰਮਾਨ ਸਮਾਜੂ?।
ਇਹ ਸੰਸੈ ਹਮਰੇ ਉਰ ਮਾਂਹੀ। ਤੁਮ ਸਮਾਨ ਸੰਸੈ ਹਰਿ ਨਾਂਹੀ ॥੨੮॥

ਤੀਸਰਾ ਜਿਹੜਾ ਤੁਹਾਡਾ ਅੰਮ੍ਰਿਤ ਸਰੋਵਰ ਹੈ, ਕਿਸ ਪੁਰਾਣ ਵਿਚ ਉਸ ਦੀ ਕੀਰਤੀ ਦਾ ਪ੍ਰਮਾਣ ਹੈ? ਇਹ ਸ਼ੰਕੇ ਸਾਡੇ ਹਿਰਦੇ ਵਿਚ ਵੱਸਦੇ ਹਨ, ਤੁਹਾਡੇ ਵਰਗਾ ਸ਼ੰਕੇ-ਨਾਸ਼ਕ ਹੋਰ ਕੋਈ ਨਹੀਂ" ॥੨੮॥

ਅਸ ਸੁਨਿ, ਬਚਨ ਕੀਨ ਮਹਾਂ ਗਜਾਤਾ। ਸ੍ਰੀ ਗੁਰਦਾਸ ਅਵਨਿ ਬੱਖਜਾਤਾ।
"ਵਾਹਿ ਅਰਥ ਬਿਸਮਯ ਪਦ ਗਾਵਾ। ਨੇਤਿ ਨੇਤਿ ਜਿਹ ਬੇਦ ਬਤਾਵਾ ॥੨੯॥

ਇਸ ਤਰ੍ਹਾਂ ਸੁਣ ਕੇ ਪ੍ਰਿਥਵੀ ਤੇ ਸ੍ਰੀ ਗੁਰਦਾਸ ਨਾਮ ਨਾਲ ਪ੍ਰਸਿੱਧ ਮਹਾਂ ਗਿਆਨੀ ਨੇ ਬਚਨ ਕੀਤਾ, "ਵਾਹ ਪਦ ਦਾ ਅਰਥ ਉਹ ਅਸਚਰਜ ਰੂਪ ਹੈ ਜਿਸ ਨੂੰ ਵੇਦ ਨੇ ਨੇਤ ਨੇਤ ਭਾਵ ਬੇਅੰਤ ਬੇਅੰਤ ਕਿਹਾ ਹੈ, ਭਾਵ ਪਾਰਬ੍ਰਹਮ ਪੂਰਨ ਬ੍ਰਹਮ ਹੈ ॥੨੯॥

ਜਿਹ ਅਨਜਾਨ ਦਿਪੈ ਭਵ ਨਾਨਾ। ਹੋਤਿ ਨ੍ਰਿਬਾਨ ਜਾਂਹਿਕੇ ਜਾਨਾ।
ਅੱਖਰ, ਅਕਹਿ, ਅਗਾਧ, ਅਪਾਰ। ਸਹਸਾਨਨ ਜਿਹ ਲਹੈ ਨ ਪਾਰ ॥੩੦॥

ਜਿਸ ਦੇ ਨਾ ਜਾਣਨ ਕਰਕੇ ਸਾਰਾ ਸੰਸਾਰ ਕਈ ਪ੍ਰਕਾਰ ਦਾ ਪ੍ਰਤੀਤ ਹੁੰਦਾ ਹੈ ਤੇ ਜਿਸ ਜਾਣਨ ਨਾਲ ਮੁਕਤੀ ਪ੍ਰਾਪਤ ਹੁੰਦੀ ਹੈ। ਉਹ ਅਸਚਰਜ ਰੂਪ ਕਦੇ ਨਾਸ਼ ਨਾ ਹੋਣ ਵਾਲਾ ਹੈ, ਕਥਨੀ ਤੋਂ ਪਰ੍ਹੇ ਹੈ, ਸੋਚ ਤੇ ਪਹੁੰਚ ਤੋਂ ਡੂੰਘਾ ਤੇ ਬੇਹੱਦ ਬੇਅੰਤ ਹੈ। ਸ਼ੇਸ਼ਨਾਗ ਜਿਸ ਦਾ ਪਾਰ ਨਹੀਂ ਪਾ ਸਕਿਆ॥੩੦॥

ਅਸੁਰ, ਸੁਰਾ, ਤ੍ਰਿਣ, ਬਿਧਿ, ਮੁਨਿ ਬ੍ਰਿੰਦ। ਭਨਤਿ ਪਰਾਵਰ ਪਰਮਾਨੰਦ।
ਮਨ, ਬੁਧਿ, ਚਿੱਤ, ਗਿਰਾ, ਲਹਿਂ ਨਾਂਹੀ। ਅਨੁਭਵ ਲਖਿ, ਬੋਧਕ ਵਸ ਮਾਂਹੀ॥੩੧॥

ਦੈਂਤ, ਦੇਵਤੇ, ਸੂਖਮ ਜੀਵ, ਬ੍ਰਹਮਾ, ਮੁਨੀ ਸਾਰੇ ਉਸਨੂੰ ਪਰਮ ਅਨੰਦ ਸਰੂਪ ਤੇ ਪਰਾਵਰ ਪਰਮਾਨੰਦ ਕਹਿੰਦੇ ਹਨ ਭਾਵ ਜਿਸ ਤੋਂ ਸਭ ਬਹੁਤ ਉਰੇ ਹਨ। ਮਨ, ਬੁਧੀ, ਚਿੱਤ, ਸ਼ਬਦ ਆਦਿ ਉਸ ਦਾ ਅੰਤ ਨਹੀਂ ਪਾ ਸਕਦੇ। ਗਿਆਨ ਕਰਕੇ ਜਾਣਿਆ ਜਾਂਦਾ ਹੈ ਤੇ ਤਤਵੇਤਿਆਂ ਦੇ ਹਿਰਦੇ ਵਿਚ ਵੱਸਦਾ ਹੈ॥੩੧॥

ਦੁਤਿਯ ਪਦਾਰਥ-ਗੁਰ-ਇਤਿ ਨਾਮਾ। ਸ੍ਰੁਤਿ ਸਿੰਮ੍ਰਿਤਿ ਭਾਖਯੋ ਪਰਧਾਮਾ।
ਜਾ ਸਮ ਅਵਰ ਨ ਜਗ ਮਹਿਂ ਕੋਊ। ਸੋ ਗੁਰਦੇਵ ਸਮਰਥ ਪ੍ਰਭੁ ਓਊ॥੩੨॥

ਦੂਸਰੇ ਪਦ ਗੁਰੂ ਦਾ ਅਰਥ ਹੈ ਉਸ ਦਾ ਨਾਮ ਜਿਸ ਨੂੰ ਸ੍ਰੁਤੀ ਸਿੰਮ੍ਰਤੀ ਨੇ ਪਰਮਾਤਮਾ ਕਿਹਾ ਹੈ। ਜਿਸ ਵਰਗਾ ਜਗਤ ਵਿਚ ਹੋਰ ਕੋਈ ਨਹੀਂ ਹੈ। ਸੋ ਉਹੀ ਗੁਰਦੇਵ ਸਮਰੱਥ ਪ੍ਰਭੂ ਹੈ॥੩੨॥

ਜਿਹ ਪਾਏ ਕ੍ਰਿਤ ਕ੍ਰਿਤ ਰਿਖਿ, ਜੋਗੀ। ਬਹੁਰ ਨ ਹੋਇ ਭਰਮ ਭਵ ਭੋਗੀ।
ਗੋ-ਇਤਿ ਅੰਧਕਾਰ ਸ਼ਿਵ ਭਾਖਾ। ਰੰ-ਚੈਤੰਨਯ ਵੇਦ ਮਤਿ ਸ਼ਾਖਾ॥੩੩॥

ਜਿਸ ਨੂੰ ਪਾ ਕੇ ਫਿਰ ਭਰਮ ਨਹੀਂ ਹੁੰਦਾ ਤੇ ਭਰਮ ਨਾ ਹੋਣ ਕਰਕੇ ਜਨਮ ਮਰਨ ਨਹੀਂ ਭੋਗਣਾ ਪੈਂਦਾ। 'ਗੋ' ਏਨੇ ਪਦ ਦਾ ਅਰਥ ਸ਼ਿਵਜੀ ਨੇ 'ਅੰਧਕਾਰ' ਕਿਹਾ ਹੈ। ਵੇਦ ਦੀਆਂ ਸ਼ਾਖਾਂ ਦਾ ਮੱਤ ਹੈ ਕਿ 'ਰ' ਦਾ ਅਰਥ ਹੈ ਚੇਤਨ॥੩੩॥

ਵਿੱਦ੍ਯਾ ਮੂਲ ਜੋਗ ਅਵਸਾਨੀ। ਜਾਂਹਿ ਸਮਾਵਤਿ ਮੁਨਿਵਰ ਗ੍ਯਾਨੀ।
ਸੂੰਨਵਾਦ ਸੂੰਨਹਿ ਜਿਹ ਗਾਵਹਿਂ। ਬ੍ਰਹਮ ਵਾਦ ਜਿਹ ਬ੍ਰਹਮ ਬਤਾਵਹਿਂ॥੩੪॥

ਉਹ ਚੇਤਨ ਗਿਆਨ ਦਾ ਮੂਲ ਹੈ ਤੇ ਯੋਗ ਦਾ ਅੰਤ ਹੈ, ਜਿਸ ਵਿਚ ਸ੍ਰੇਸ਼ਟ ਮੁਨੀ ਤੇ ਗਿਆਨੀ ਸਮਾ ਜਾਂਦੇ ਹਨ। ਸੁੰਨਵਾਦੀ ਜਿਸਨੂੰ ਸੁੰਨ ਕਹਿੰਦੇ ਹਨ, ਬ੍ਰਹਮਵਾਦੀ ਜਿਸ ਨੂੰ ਬ੍ਰਹਮ ਦੱਸਦੇ ਹਨ॥੩੪॥

*ਨੋਟ: ਆਮ ਤੌਰ ਤੇ ਸੁੰਨਵਾਦੀ ਤੋਂ ਮੁਰਾਦ ਬੋਧ ਮੱਤ ਹੁੰਦੀ ਹੈ।*

ਕਾਲਮਤੀ ਜਿਹ ਕਾਲ ਪ੍ਰਮਾਨਾ। ਨਾਨਾ ਮਤ ਠਾਨਯੋ ਮਤ ਨਾਨਾ।
ਸਗੁਣ ਜਾਂਹਿ ਨਾਰਾਯਨ ਕਹਿਹੀਂ। ਕਰਮ ਬ੍ਰਿੰਦ ਕਰਿ ਜਾਂ ਪਦ ਲਹਿਹੀਂ॥੩੫॥

ਕਾਲਮਤ ਵਾਲਿਆਂ ਨੇ ਜਿਸਨੂੰ ਕਾਲ ਮੰਨਿਆ ਹੈ। ਨਾਨਾ ਮਤਾਂ ਵਾਲਿਆਂ ਨੇ ਕਈ ਤਰ੍ਹਾਂ ਨਾਲ ਉਸ ਨੂੰ ਮੂਲ ਜਾਂ ਪਰਮਾਦ ਸਿੱਧ ਕੀਤਾ ਹੈ। ਸ੍ਰੇਸ਼ਟ ਗੁਣਾਂ ਦੀ ਪੂਜਾ ਕਰਨ ਵਾਲੇ ਉਸ ਨੂੰ ਨਾਰਾਇਣ ਕਹਿੰਦੇ ਹਨ। ਬਹੁਤ ਕਰਮ-ਕਾਂਡ ਨਾਲ ਜਿਸਦੀ ਪ੍ਰਾਪਤੀ ਮੰਨਦੇ ਹਨ॥੩੫॥

ਲੱਖ ਰੂਪ ਵਾਚਾਰਥ ਜਾਸ ਕਹਿ। ਅਵਰ ਨ ਪਾਵਨ ਰਹਤਿ ਜਾਸ ਲਹਿ।
ਤਤ੍ਵਮਸੀ ਵੇਦਾਰਥ ਪ੍ਰਮਾਨਤਿ। ਵਾਹਿਗੁਰੂ ਸੋ ਸ੍ਰੀ ਗੁਰ ਠਾਨਤਿ॥੩੬॥

ਜਿਸਨੂੰ ਵਾਚ ਅਰਥਾਂ ਦਾ ਲੱਛਣ ਰੂਪ ਆਖਦੇ ਹਨ। ਜਿਸ ਨੂੰ ਵੇਖ ਕੇ ਹੋਰ ਕੁਝ ਵੀ ਪ੍ਰਾਪਤ ਯੋਗ ਨਹੀਂ ਰਹਿੰਦਾ। ਵੇਦ ਦੇ ਤਤ੍ਵਮਸੀ ਵਾਕ ਦਾ ਲੱਛਣ ਅਰਥ ਜਿਸ ਨੂੰ ਮੰਨਿਆ ਹੈ। ਸ੍ਰੀ ਗੁਰੂ ਜੀ ਉਸ ਨੂੰ ਵਾਹਿਗੁਰੂ ਕਹਿੰਦੇ ਹਨ॥੩੬॥

*ਨੋਟ: ਵਾਚ ਅਰਥ ਤੋਂ ਭਾਵ ਹੈ ਪਦ ਜਾਂ ਵਾਕ ਦੇ ਸੰਕੇਤੀ ਅਰਥ, ਲਖਯ ਅਰਥ ਤੋਂ ਮੁਰਾਦ ਹੈ ਜੋ ਲੱਛਣਾਂ ਤੋਂ ਸਿੱਧ ਹੋਵੇ ਜਾਂ ਸਮਝ ਵਿਚ ਆਵੇ। ਤਤ੍ਵਮਸੀ ਦੇ ਸਿਧੇ ਅਰਥ ਹਨ, 'ਉਹ ਤੂੰ ਹੈਂ', ਇਸਦੇ ਵਾਚ ਅਰਥ ਨਾਲ ਜੀਵ ਦੀ ਏਕਤਾ ਨਹੀਂ ਬਣਦੀ, ਕਿਉਂਕਿ ਜੀਵ ਅਲਪੱਗ, ਪਰਛਿੰਨ ਤੇ ਅਵਿਦਿਆ ਉਪਾਧੀ ਸਮੇਤ ਹੈ। ਪਰ 'ਸਤਿ ਚਿਤ ਅਨੰਦਤਾ' ਜਿਵੇਂ ਜੀਵ ਵਿਚ ਹੈ ਤਿਵੇਂ ਈਸ਼ਵਰ ਵਿਚ ਹੈ।*

ਨਾਂ ਅਨਿਕੈ ਮਨ ਬ੍ਰਹਮ ਪਛਾਨਤਿ। ਇਕ ਦਸ ਰੁੱਦ੍ਰ ਦਸੋਹਰਿ ਜਾਨਤਿ।
ਨਵ ਬਿਧਿ ਪ੍ਰਣਵ ਵਿੱਸ੍ਰ ਕ੍ਰਿਤ ਕਾਰਨ। ਚਤਰ ਵਰਗ ਦਾ ਭਵ ਜਨ ਤਾਰਨ॥੩੭॥

ਜਿਸ ਵਾਹਿਗੁਰੂ ਪਦ ਦੇ ਅਭਿਪ੍ਰਾਇ ਵਿਚ ਅਨੇਕਤਾ ਨਹੀਂ, ਤੇ ਜਿਸ ਅਭਿਪ੍ਰਾਇ ਵਿਚ ਮਨ ਬ੍ਰਹਮ ਦੀ ਪਛਾਣ ਕਰ ਲੈਂਦਾ ਹੈ। ਜੋ ਯਾਰਾਂ ਰੁਦਰਾਂ ਤੇ ਦਸ ਹਰੀ ਦੇ ਅਵਤਾਰਾਂ ਨੂੰ ਇਕੋ ਦਾ ਖੇਲ ਜਣਾਉਂਦਾ ਹੈ। ਜੋ ਸ੍ਰਿਸ਼ਟੀ ਦੇ ਕਾਰਨ ਨਵਾਂ ਅਵਸਥਾਂ ਵਾਲੇ ਓਅੰਕਾਰ ਨੂੰ ਇਕੋ ਆਪਣੇ ਰੂਪ ਵਿਚ ਦੱਸਦਾ ਹੈ। ਇਸ ਕਰਕੇ ਵਾਹਿਗੁਰੂ ਮੰਤਰ ਮਨੁੱਖਾਂ ਨੂੰ ਸੰਸਾਰ ਤੋਂ ਤਾਰਨ ਲਈ ਚਾਰ ਪ੍ਰਕਾਰ ਦੀਆਂ ਮੁਕਤੀਆਂ ਦਾ ਦਾਤਾ ਹੈ॥੩੭॥

ਸੁਰਤਰੁ ਸਮਰਨ ਕੋ ਸੁਖ ਦਾਤਾ। ਚਿੰਤਾਮਣਿ ਚਿੰਤਤਿ ਹਰਿ ਗਜਾਤਾ।
ਵਾਸੁਦੇਵ ਸਤਿਜੁਗ ਮਣਿ ਨਾਮ। ਹਰਿ ਹਰਿ ਤ੍ਰੇਤਾ ਫਲਦ ਅਕਾਮ॥ ੩੮॥

ਸਿਮਰਨ ਕਰਨ ਵਾਲਿਆਂ ਨੂੰ ਕਲਪ ਬ੍ਰਿਛ ਵਾਂਗ ਸਾਰੇ ਸੁੱਖਾਂ ਦਾ ਦਾਤਾ ਹੈ। ਚਿੰਤਨ ਕਰਨ ਵਾਲਿਆਂ ਨੂੰ ਹਰ ਗਿਆਨ ਰੂਪੀ ਚਿੰਤਾਮਣੀ ਦਾ ਦਾਤਾ ਹੈ। ਸਤਿਜੁਗ ਵਿਚ ਹਰੀ ਦਾ ਸ਼੍ਰੋਮਣੀ ਨਾਮ ਵਾਸਦੇਵ ਸੀ। ਤ੍ਰੇਤਾ ਵਿਚ ਹਰੀ ਦਾ ਨਾਮ 'ਹਰਿ' ਨਿਸ਼ਕਾਮ ਫਲ ਦਾਤਾ ਸੀ॥੩੮॥

ਦ੍ਵਾਪੁਰ ਗੋਬਿੰਦ ਬਿਜਯ ਪ੍ਰਚੰਡ। ਕਲਿ ਕੇਵਲ ਰਾਕਾਰ ਅਖੰਡ।
ਵੇਦ ਚਤਰ ਜੁਗ ਜਿਹ ਨਿਸਤਾਰੇ। ਵਾਹਿਗੁਰੂ ਅਵਲੰਬ ਹਮਾਰੇ॥ ੩੯॥

ਦ੍ਵਾਪਰ ਵਿਚ ਗੋਬਿੰਦ ਨਾਮ ਤੇਜ ਤੇ ਫਤਹਿ ਦਾ ਦਾਤਾ ਸੀ। ਕਲਿਜੁਗ ਵਿਚ ਕੇਵਲ ਰਾਰਾ (ਰਾਮ) ਅਵਿਛਿੰਨ ਮੁਕਤੀ ਦਾ ਦਾਤਾ ਹੈ। ਜਿਸ ਨੇ ਚਾਰੇ ਜੁਗਾਂ ਵਿਚ ਗਿਆਨ ਦੇ ਕੇ ਨਿਸਤਾਰਾ ਕੀਤਾ ਹੈ, ਉਹ ਵਾਹਿਗੁਰੂ ਸਾਡਾ ਆਸਰਾ ਹੈ॥੩੯॥

ਥਾਵਰ ਜੰਗਮ ਬਨ ਤ੍ਰਿਨ ਮਾਂਹੀ। ਸੂਤ੍ਰਾਤਮਕ ਇਸ ਬਿਨ ਕੋ ਨਾਂਹੀ।
ਅਰਥ ਔਰ ਪਰਮਾਰਥ ਖਾਨੀ। ਵਾਹਿਗੁਰੂ ਸਾਰਰਥ ਪ੍ਰਮਾਨੀ॥ ੪੦॥

ਅਚਲ, ਚਲ, ਜੰਗਲ ਤੇ ਘਾਹ ਆਦਿ ਸਾਰਿਆਂ ਵਿਚ ਸੂਤਰ ਸਮਾਨ ਰਮਿਆ ਹੋਇਆ ਹੈ, ਇਸ ਬਿਨਾਂ ਕੋਈ ਨਹੀਂ, ਅਰਥ ਅਤੇ ਪਰਮਾਰਥ ਦੀ ਖਾਨ ਹੈ। ਵਾਹਿਗੁਰੂ ਦਾ ਸਾਰ ਅਰਥ ਇੰਝ ਪ੍ਰਮਾਣੀਕ ਹੈ ਅਥਵਾ ਮੰਨ ਲਵੋ॥੪੦॥

ਸਾਦਰ ਜਿਹ ਸੇਵਜੇ, ਮਹਿਦੇਵਾ!। ਸਫਲ ਭਈ ਤਿਹ ਜਨ ਕ੍ਰਿਤ ਸੇਵਾ।
ਇਨ ਤਜਿ ਜੇ ਅਨ ਆਸ਼ੇ ਲਹਿਹੀਂ। ਤੇ ਜਨ ਸੁਧਾ ਛਾਡ ਖਲ ਗਹਿਹੀਂ॥੪੧॥

ਹੇ ਬ੍ਰਾਹਮਣੋ! ਜਿਸ ਨੇ ਵੀ ਇਸ ਦਾ ਬੜੇ ਆਦਰ ਨਾਲ ਸਿਮਰਨ ਕੀਤਾ ਹੈ, ਉਸ ਮਨੁੱਖ ਦੀ ਕੀਤੀ ਹੋਈ ਘਾਲ ਕਮਾਈ ਸਫਲ ਹੋ ਗਈ। ਇਨ੍ਹਾਂ ਚਾਰ ਅੱਖਰਾਂ ਨੂੰ ਛੱਡ ਕੇ ਜਿਨ੍ਹਾ ਨੇ ਹੋਰਨਾਂ ਦਾ ਆਸਰਾ ਲਿਆ ਹੈ, ਉਹ ਮਨੁੱਖ ਅੰਮ੍ਰਿਤ ਛੱਡ ਕੇ ਫੋਗ ਨੂੰ ਫੜ ਰਹੇ ਹਨ॥੪੧॥

ਚਤਰ ਵੀਜ ਚਹੁੰ ਜੁਗ ਕੇ ਕਾਢੇ। ਵੀਜ ਪ੍ਰਤਾਪ ਜੁਗਨ ਬਲ ਬਾਢੇ।
ਚਾਰ ਪਦਾਰਥ ਵੀਜ ਮਹੀ ਪੁਨ। ਪ੍ਰਣਵ ਆਦਿ ਪ੍ਰਗਟੇ ਹੈ ਧਰ ਧਨ॥ ੪੨॥

ਇਹ ਚਾਰੇ ਅੱਖਰ ਚਾਰੇ ਜੁਗਾਂ ਦੇ ਮੰਤਰਾਂ ਦੇ ਬੀਜ ਕੱਢੇ ਹਨ। ਚਾਰੇ ਜੁਗਾਂ ਦੇ ਮੰਤਰਾਂ ਦੇ ਬੀਜ ਦਾ ਪ੍ਰਤਾਪ ਹੋਣ ਕਰਕੇ ਇਸ ਦਾ ਬਲ ਸਭ ਤੋਂ ਵੱਧ ਹੈ। ਫਿਰ ਚਾਰੇ ਪਦਾਰਥਾਂ ਦੀ ਪ੍ਰਾਪਤੀ ਦਾ ਇਹ ਚਾਰੇ ਅੱਖਰ ਮੂਲ ਕਾਰਨ ਹਨ। ਪਰਮੇਸ਼ਰ ਅਤੇ ਧਰਤੀ ਦਾ ਧਨ ਆਦਿ ਏਸੇ ਤੋਂ ਪ੍ਰਗਟ ਹੁੰਦਾ ਹੈ॥੪੨॥

ਵਿਸ੍ਰ ਪਦਾਰਥ ਅਮਰ ਤੇਤੀਸਾ। ਚਤੁਰਾਖਰ ਵਿਸ ਵਿਸਵੇਵੀਸਾ।
ਯੰਯੰ ਚਿੰਤਤਿ ਰੁਚਿ ਅਵਗਾਹਾ। ਤੰਤੰ ਲਹਤਿ ਭਗਤ ਇਨ ਮਾਂਹਾ॥ ੪੩॥

ਸੰਸਾਰ ਦੇ ਸਾਰੇ ਪਦਾਰਥ ਤੇ ਤੇਤੀ ਕਰੋੜ ਦੇਵਤੇ, ਨਿਸ਼ਚੇ ਕਰਕੇ ਚਾਰ ਅੱਖਰਾਂ ਦੇ ਵਿਚ ਹੀ ਹਨ। ਜਿਸ ਨੂੰ ਕਿਸੇ ਪਦਾਰਥ ਨੂੰ ਪ੍ਰਾਪਤ ਕਰਨ ਦੀ ਰੁਚੀ ਹੋਵੇ, ਉਹ ਇਸ ਨਾਮ ਦਾ ਨਿਮਗਨ ਹੋ ਕੇ ਸਿਮਰਨ ਕਰੇ। ਭਗਤ ਪ੍ਰਭੂ ਨੂੰ ਇਨ੍ਹਾਂ ਅੱਖਰਾਂ ਵਿਚੋਂ ਹੀ ਪ੍ਰਾਪਤ ਕਰ ਲੈਂਦਾ ਹੈ॥੪੩॥

ਵਰਨ ਨ ਸਾਕੋਂ ਵਰਨ ਪ੍ਰਤਾਪੂ। ਜਾਨਤਿ ਹੈਂ ਜਿਹ ਜਾਪ ਸੁ ਜਾਪੂ।
ਸਰਬ ਸਾਰ ਸ਼੍ਰੀ ਗੁਰ ਪ੍ਰਗਟਾਯੋ। ਜੋ ਵੇਦਨ ਗੁਹਯਾਰਥ ਗਾਯੋ' ॥ ੪੪ ॥

ਇਨ੍ਹਾਂ ਅੱਖਰਾਂ ਦਾ ਪ੍ਰਤਾਪ ਵਰਣਨ ਨਹੀਂ ਕਰ ਸਕਦਾ। ਜਪਣ ਵਾਲੇ ਇਨ੍ਹਾਂ ਅੱਖਰਾਂ ਦੇ ਜਾਪ ਦੇ ਮਹਾਤਮ ਨੂੰ ਜਾਣਦੇ ਹਨ। ਸਾਰਾ ਸਾਰ ਸ੍ਰੀ ਗੁਰੂ ਜੀ ਨੇ ਪ੍ਰਗਟ ਕੀਤਾ ਹੈ, ਜਿਹੜਾ ਵੇਦਾਂ ਨੇ ਭਾਵਾਰਥ ਦੇ ਰੂਪ ਵਿਚ ਗਾਇਆ ਹੈ' ॥੪੪॥

*ਵਿੱਪ੍ਰੋਵਾਚ ਦੋਹਰਾ*-'ਚਤੁਰਾਖਰ ਇਹ ਸਾਰ ਸੁਠ ਪ੍ਰਭੁ ਤੇ ਸੁਨਜੋ ਪ੍ਰਤਾਪ।
ਤਾਸ ਸਤੋਤ੍ਰ ਬਖਾਨੀਏ ਜਾਪ ਕਰਹਿਂ ਰੁਚਿ ਜਾਪ' ॥ ੪੫ ॥

ਬ੍ਰਾਹਮਣਾਂ ਨੇ ਕਿਹਾ, "ਆਪ ਜੀ ਤੋਂ ਚਾਰ ਅੱਖਰਾਂ ਦਾ ਇਹ ਸੁੰਦਰ ਪ੍ਰਤਾਪ ਸੁਣਿਆ ਹੈ। ਇਸ ਦੇ ਸਤੋਤ੍ਰ ਬਾਰੇ ਵੀ ਦੱਸੋ ਤਾਂਕਿ ਇਸ ਦਾ ਸੁੰਦਰ ਜਾਪ ਕਰੀਏ" ॥੪੫॥

*ਭਾਈ ਗੁਰਦਾਸ ਵਾਚ, ਵਾਹਿਗੁਰੂ ਉਸਤਤਿ*

*ਅਨੁਸ਼੍ਟੁਪ ਛੰਦ*-ਵਿਸ਼੍ਵੇਸ਼ੰ, ਵਿਸ਼੍ਵ ਮਿਤਜੁਕੰ, ਸੰਪੁਟੇ ਵਿਸ਼੍ਵ ਭੂਖਣੰ।
ਵਿਸ਼੍ਵ ਬੋਧੰ, ਸ੍ਵਯੰ ਬ੍ਰਹਮ, ਤੰ ਪ੍ਰਣਵਾਦੀ ਨਮਾਮਿਹੰ॥ ੧॥

ਵਾਹਿਗੁਰੂ ਮੰਤਰ ਜਿਸ ਦਾ ਲਖਾਇਕ ਹੈ ਸੋ ਸੰਸਾਰ ਦਾ ਈਸ਼ਵਰ ਹੈ, ਉਹ ਸੰਸਾਰ ਦਾ ਰੂਪ ਹੀ ਕਿਹਾ ਜਾਂਦਾ ਹੈ ਤੇ ਸੰਸਾਰ ਰੂਪੀ ਡੱਬੇ ਦਾ ਉਹ ਗਹਿਣਾ ਰੂਪ ਹੈ। ਫਿਰ ਜਿਸਨੂੰ ਸੰਸਾਰ ਦਾ ਸਾਰਾ ਗਿਆਨ ਹੈ ਤੇ ਉਹ ਆਪਣੇ ਆਪ ਤੋਂ ਆਪ ਹੀ ਪ੍ਰਗਟ ਹੈ। ਉਹ ਜੋ ਓਅੰਕਾਰ ਦਾ ਵੀ ਆਦਿ ਹੈ, ਉਸ ਨੂੰ ਮੇਰਾ ਨਮਸਕਾਰ ਹੈ॥੧॥

ਵਰ੍ਣਾਵਰ੍ਣ ਵਿਹੀਨਾਯ ਵੇਦ ਸਾਰ ਪ੍ਰਵਰ੍ਤਕ:
ਵਿਸ਼੍ਵ ਵਰ੍ਗ ਮਹੀਪੀਸ਼ੰ ਵਕਾਰੰ ਤੰ ਨਮਾਮਿਹੰ॥ ੨॥

ਵਰਣ ਅਵਰਨ ਤੋਂ ਰਹਿਤ ਤੇ ਵੇਦ ਸਾਰ ਦਾ ਪ੍ਰਵਿਰਤਕ ਹੈ। ਉਹ ਸੰਸਾਰ ਨੂੰ ਚਾਰ ਪਦਾਰਥ ਬਖਸ਼ਣ ਵਾਲਾ ਪ੍ਰਿਥਵੀ ਪਤੀ ਹੈ, ਤਿਸ ਲਖਾਇਕ ਵੱਵੇ ਅੱਖਰ ਨੂੰ ਮੇਰੀ ਨਮਸਕਾਰ ਹੈ॥੨॥

ਹਰੀ ਹਰਾਦਿ ਸ੍ਵਯੰ ਬ੍ਰਹਮ ਹੰਸ ਬੋਧ ਪ੍ਰਕਾਸ਼ਤੰ।
ਹਸਖਮਲ ਵਰਯ ਵੀਜੰ ਹਕਾਰੰ ਤੰ ਨਮਾਮਿਹੰ॥ ੩॥

ਮੈਂ ਉਸ ਸ੍ਰੇਸ਼ਟ ਕਾਰਨ ਰੂਪ ਦੇ ਲਖਾਇਕ 'ਹਾਹੇ' ਅੱਖਰ ਨੂੰ ਨਮਸਕਾਰ ਕਰਦਾ ਹਾਂ ਜੋ ਸਵੈ ਬ੍ਰਹਮ ਹੈ ਤੇ ਵਿਸ਼ਨੂ, ਸ਼ਿਵ, ਬ੍ਰਹਮਾ ਨੂੰ ਉਜਲ ਗਿਆਨ ਪ੍ਰਕਾਸ਼ ਕਰਨ ਵਾਲਾ ਹੈ ਤੇ ਸੁਤੇ ਆਕਾਸ਼ ਵਾਂਗ ਪੂਰਣ ਪ੍ਰਗਟ ਹੈ ਤੇ ਫਿਰ ਜਿਸ ਵਿਚ ਮਾਇਆ ਲੈਅ ਹੈ॥੩॥

ਗਜਾਨਾਰ੍ਕੰ ਗਿਰਾਧੀਸ਼ੰ ਗੋਤੀਤੰ ਸ੍ਵੱਤ ਸਾਖਿਣੰ।
ਗਮਨਾਗਮਜ ਵਿਹੀਨਾਯ ਤੰ ਗਕਾਰੰ ਨਮਾਮਿਹੰ॥ ੪॥

ਜੋ ਗਿਆਨ ਦਾ ਸੂਰਜ, ਬਾਣੀ ਦਾ ਪਤੀ, ਇੰਦਰੀਆਂ ਤੋਂ ਅਤੀਤ, ਪਵਿੱਤਰ ਸਾਖੀ ਰੂਪ ਹੈ ਤੇ ਜੰਮਣ ਮਰਨ ਤੋਂ ਰਹਿਤ ਹੈ, ਉਸ ਦੇ ਲਖਾਇਕ ਗੱਗੇ ਅੱਖਰ ਨੂੰ ਮੈਂ ਨਮਸਕਾਰ ਕਰਦਾ ਹਾਂ॥੪॥

ਰਾਮ ਵੀਜ, ਸੁਰੇਸ੍ਵਰੰ, ਦੇਵ ਦੈਤਜਾ ਭਿਬੰਦਿਤੰ।
ਸਰ੍ਵ੍ਵਾਸ੍ਰਯੰ, ਸਰ੍ਵ੍ਵ ਮਿਤੀ ਸ਼ਕ੍ਤੀ, ਤੰ ਰਕਾਰੰ ਨਮਾਮਿਹੰ॥ ੫॥

ਜੋ ਸਾਰੇ ਰਮਿਆ ਹੋਇਆ ਸਭ ਦਾ ਕਾਰਨ ਹੈ, ਦੇਵਤਿਆ ਦਾ ਵੀ ਈਸ਼ਵਰ ਹੈ, ਦੇਵਤਿਆਂ ਅਤੇ ਦੈਂਤਾਂ ਤੋਂ ਜੋ ਨਮਸਕਾਰ ਕੀਤਾ ਗਿਆ ਹੈ ਤੇ ਜੋ ਸਰਬ ਦਾ ਆਸਰਾ ਹੈ। ਸਭ ਮਰਯਾਦਾ ਤੇ ਸ਼ਕਤੀ ਸੰਪੰਨ ਹੈ, ਉਸ ਦੇ ਲਖਾਇਕ 'ਰਾ' ਅੱਖਰ ਨੂੰ ਮੇਰੀ ਨਮਸਕਾਰ ਹੈ॥੫॥

ਇਤ੍ਰੇਵ ਮਹਾਂ ਵਰ੍ਣੰ, ਭਾਵਨਾਯ ਮੁਹੁਰ੍ਮੁਹੁ:।
ਚਤੁਰ੍ ਵਰ੍ਗ ਫਲੰ ਦਾਸ਼ਜ ਸਿੱਧੀ ਏਵ ਨ ਸੰਸ਼ਯ:॥ ੬॥

ਇਹ ਚਾਰੇ ਅੱਖਰ ਮਹਾਂ ਵਰਣ ਹਨ, ਜਿਹੜੇ ਦਾਸ ਸ਼ਰਧਾ ਧਾਰ ਕੇ ਇਨ੍ਹਾਂ ਨੂੰ ਬਾਰ-ਬਾਰ ਜਪਦੇ ਹਨ, ਉਹ ਚਾਰੇ ਪਦਾਰਥ ਤੇ ਸਿੱਧੀਆਂ ਦੇ ਫਲਦਾਤਾ ਹਨ, ਇਸ ਵਿਚ ਕੋਈ ਸ਼ੰਕਾ ਨਹੀਂ ਹੈ॥੬॥

*ਸੱਤਵੀਂ ਰਾਸ ਦਾ ਤੀਸਰਾ ਅਧਿਆਇ ਸਮਾਪਤ ਹੋਇਆ॥੩॥*

# ਅਧਿਆਇ ਚੌਥਾ

*ਕਾਂਸ਼ੀ ਵਿਚ ਪੰਡਿਤਾਂ ਨਾਲ ਚਰਚਾ*

ਦੋਹਰਾ-ਮੰਤ੍ਰਰਾਜ ਸੰਛੇਪ ਕਰਿ ਕਹਜੋ ਜਥਾ ਮਤਿ ਸਾਰ।
ਜਿਹ ਸਮੁਝੇ ਨਿਜ ਰੂਪ ਲਹਿ ਹੋਤਿ ਸਿੰਧੁ ਭਵ ਪਾਰ॥ ੧॥

ਭਾਈ ਗੁਰਦਾਸ ਨੇ ਸ਼ਿਰੋਮਣੀ ਮੰਤਰ ਵਾਹਿਗੁਰੂ ਦਾ ਆਪਣੀ ਮੱਤ ਅਨੁਸਾਰ ਸੰਖੇਪ ਕਰਕੇ ਕਿਹਾ, ਜਿਹੜੇ ਸਮਝ ਗਏ, ਉਹ ਆਪਣਾ ਨਿਜ ਰੂਪ ਪਾ ਕੇ ਸੰਸਾਰ ਸਾਗਰ ਨੂੰ ਪਾਰ ਕਰ ਜਾਂਦੇ ਹਨ॥੧॥

ਚੌਪਈ- ਸੁਨਹੁ ਦੁਤਿਯ, ਸ੍ਰੀ ਗ੍ਰਿੰਥ ਜੁ ਬਾਣੀ। ਰਤਨਾਕਰ, ਅਨਗਨ ਗੁਨ ਖਾਣੀ।
ਸ੍ਰੀ ਗੁਰ ਇਹ ਨਮਿਤ ਅਵਤਾਰਾ। ਸ੍ਰੀ ਕੇਸ਼ਵ ਨਿਸ਼ਚੇ ਵਪੁ ਧਾਰਾ॥੨॥

ਦੂਸਰੇ ਪ੍ਰਸ਼ਨ ਦਾ ਉੱਤਰ ਸੁਣੋ, ਸ੍ਰੀ ਗ੍ਰੰਥ ਸਾਹਿਬ ਦੀ ਜੋ ਬਾਣੀ ਹੈ ਉਹ ਸਰਬ ਗੁਣਾਂ ਦੀ ਖਾਣ ਅਨੇਕਾਂ ਰਤਨਾਂ ਦਾ ਭੰਡਾਰ ਹੈ। ਗੁਰੂ ਸਾਹਿਬਾਨ ਨੇ ਇਸ ਵਾਸਤੇ ਅਵਤਾਰ ਧਾਰਨ ਕੀਤੇ, ਸ੍ਰੀ ਪਰਮੇਸ਼ਰ ਨੇ ਨਿਸ਼ਚੇ ਰੂਪ ਵਿਚ ਮਨੁੱਖੀ ਸਰੀਰ ਧਾਰਨ ਕੀਤਾ॥੨॥

ਨਿਰਖਜੋ ਕਲਿ ਜਨੁ ਆਯੁ ਸੁ ਥੋਰੀ। ਜੋਗ, ਜੱਗ, ਜਪ ਬਨੈ ਨ ਭੋਰੀ।
ਪੂਰਬ ਧਰਮ ਸਥਾਪਨ ਹੇਤੂ। ਤਨ ਧਾਰਤਿ ਪ੍ਰਭੁ ਕ੍ਰਿਪਾ ਨਿਕੇਤੂ॥ ੩॥

ਉਨ੍ਹਾ ਵੇਖਿਆ ਕਿ ਕਲਿਜੁਗ ਦੇ ਜੀਵਾਂ ਦੀ ਉਮਰ ਥੋੜੀ ਹੈ, ਜੋਗ, ਜੱਗ ਤੇ ਜਪ ਰੰਚਕ ਮਾਤ੍ਰ ਨਹੀਂ ਹੋ ਸਕਦੇ। ਪਹਿਲਾਂ ਤੋਂ ਹੀ ਧਰਮ ਸਥਾਪਨਾ ਵਾਸਤੇ, ਕਿਰਪਾ ਦੇ ਘਰ ਭਾਵ ਪ੍ਰਭੂ ਨੇ ਆਪ ਸਰੀਰ ਧਾਰਨ ਕੀਤਾ॥੩॥

ਤਾਂਤੇ ਜਿਹ ਬਿਧਿ ਜਗ ਕੱਲਜਾਨਾ। ਹੋਤਿ, ਵਹੀ ਬਿਧਿ ਕ੍ਰਿਤ ਭਗਵਾਨਾ।
ਅਵਰ ਸਾਧਨਾ ਬਨੈ ਨ ਕੋਈ। ਗਿਰੀਵਾਨ ਵਾਚਾ ਅਤਿ ਗੋਈ॥੪॥

ਇਸ ਕਰਕੇ ਜਿਸ ਵਿਧੀ ਨਾਲ ਜੱਗ ਦਾ ਕਲਿਆਣ ਕੀਤਾ, ਉਹ ਉਸੇ ਵਿਧੀ ਅਨੁਸਾਰ ਹੁੰਦਾ ਹੈ ਜਿਵੇਂ ਭਗਵਾਨ ਕਰਦੇ ਹਨ। ਹੋਰ ਕੋਈ ਸਾਧਨ ਬਣਦਾ ਨਹੀਂ ਹੈ। ਵਿਦਵਾਨਾਂ ਸੰਸਕ੍ਰਿਤ ਬੋਲੀ ਬਹੁਤ ਲੁਕਾ ਕੇ ਰੱਖੀ ਸੀ, ਭਾਵ ਹਰ ਕਿਸੇ ਨੂੰ ਪੜ੍ਹਾਉਂਦੇ ਨਹੀਂ ਸਨ॥੪॥

ਪਢਤਿ ਪਢਤਿ ਹ੍ਵੈ ਆਯੁ ਬਿਤੀਤਾ। ਹ੍ਵੈ ਕਬਿਧਜਾਨ ਧੇਜ ਬਿਪਰੀਤਾ।
ਪਰਉਪਕਾਰ ਹੇਤੁ ਗੁਰ ਸ੍ਵਾਮੀ। ਸੁਲਭ ਗਿਰਾ ਬਰਨੀ ਗੁਰ ਗਾਮੀ॥ ੫॥

ਜੇ ਕਿਸੇ ਨੂੰ ਪੜ੍ਹਾਉਂਦੇ ਵੀ ਸਨ ਤਾਂ ਪੜ੍ਹਦਿਆ ਪੜ੍ਹਦਿਆਂ ਉਮਰ ਬੀਤ ਜਾਂਦੀ ਸੀ। ਗੁਰੂ ਸਵਾਮੀ ਜੀ ਨੇ ਪਰਉਪਕਾਰ ਹਿਤ ਵਾਹਿਗੁਰੂ ਦੇ ਗੁਣਾਂ ਨੂੰ ਗਾਇਣ ਕਰਨ ਵਾਲੀ ਸੌਖੀ ਬਾਣੀ ਵਰਣਨ ਕੀਤੀ॥੫॥

ਨਾਮੀ ਨਾਮ ਏਕ ਦਿਖਰਾਵਾ। ਸ਼ਬਦ ਸੁਰਤਿ ਮਾਰਗ ਇਮ ਗਾਵਾ:-
ਸੱਤਿ ਅਸੱਤਿ ਦੋਊ ਪਦ ਜੋਰੇ। ਸੱਤਿ ਸੱਤਿ ਕਰਿ ਅਸਤਿ ਖਿਛੋਰੇ॥ ੬॥

ਨਾਮ ਜਪਣ ਵਾਲੇ ਨੂੰ ਇਕ ਨਾਮ ਵਿਖਾਇਆ, ਸ਼ਬਦ ਸੁਰਤ ਦਾ ਮਾਰਗ ਇਕਸੁਰ ਕਥਨ ਕੀਤਾ। ਸੱਤ ਅਸੱਤ ਦੋਵੇਂ ਅੱਖਰ ਇਕੱਠੇ ਹੋ ਰਹੇ ਹਨ। ਪ੍ਰਭੂ ਨੇ ਸੱਤ ਨੂੰ ਸੱਤ ਸਿਧ ਕੀਤਾ ਤੇ ਅਸੱਤ ਨੂੰ ਸੱਤ ਤੋਂ ਵੱਖ ਕੀਤਾ॥੬॥

ਸੱਤਿ ਆਤਮਾ, ਅਸਤਿ ਅਵਿੱਦਜਾ। ਮਹਾਂ ਗੂਢ ਕਰਿ ਪ੍ਰਗਟਜੇ ਸਦਜਾ।
ਸਤਜ ਅਸਤਜ ਭੇਦ ਲਖਿ ਪਾਵਾ। ਨਾਮ ਉਚਾਰਣ ਰੀਤਿ ਬਤਾਵਾ॥ ੭॥

ਉਨ੍ਹਾਂ ਕਿਹਾ ਆਤਮਾ ਸੱਤ ਹੈ ਤੇ ਅਵਿਦਿਆ ਅਸੱਤ ਹੈ, ਇਸ ਗੁਝੇ ਭੇਦ ਨੂੰ ਸ਼ਬਦਾਂ ਵਿਚ ਪ੍ਰਗਟ ਕਰ ਦਿੱਤਾ। ਸੱਤ ਅਸੱਤ ਦੇ ਭੇਦ ਨੂੰ ਸਮਝਿਆ ਤੇ ਨਾਮ ਦੇ ਉਚਾਰਣ ਦੀ ਰੀਤੀ ਦੱਸੀ॥੭॥

ਨਾਮ ਅਰੂਪ ਅਰੂਪ ਸੁਆਮੀ। ਨਾਮ ਬ੍ਰਿੱਤਿ ਤੇ ਤਦ ਵਪੁ ਗਾਮੀ।
ਸੁਲਭ ਸਗਲ ਪ੍ਰਗਟਾਈ ਗੁਰ ਬਰ। ਜਾਂ ਤੇ ਹੋਇ ਅਮਰ ਥਿਰ ਇਹੁ ਨਰ॥੮॥

ਸੁਆਮੀ ਵਾਹਿਗੁਰੂ ਰੂਪ ਰਹਿਤ ਹੈ ਤਾਂ ਉਸਦਾ ਨਾਮ ਵੀ ਅਰੂਪ ਹੈ, ਨਾਮ ਵਿਚ ਬ੍ਰਿਤੀ ਨੂੰ ਲਾਉਣ ਨਾਲ ਉਸ ਦੇ ਸਰੂਪ ਨੂੰ ਪ੍ਰਾਪਤ ਹੋ ਜਾਵੇਗੀ। ਸ੍ਰੇਸ਼ਟ ਗੁਰੂ ਨੇ ਬੜੀ ਆਸਾਨੀ ਨਾਲ ਪ੍ਰਗਟ ਕੀਤੀ ਹੈ, ਇਸ ਕਰਕੇ ਅਮਰ ਹੋ ਕੇ ਇਸਥਿਤ ਹੋ ਜਾਂਦਾ ਹੈ॥੮॥

*ਨੋਟ : ਉਪਰੋਕਤ ਚੌਪਈ ਦਾ ਭਾਵ ਇਹ ਹੈ ਕਿ ਜੋ ਬ੍ਰਿਤੀ ਨਾਮ ਵਿਚ ਲੱਗ ਰਹੀ ਹੈ, ਉਹ ਸੰਸਾਰ ਤੋਂ ਉਠ ਈਸ਼ਵਰ ਵਿਚ ਲੱਗ ਰਹੀ ਹੈ, ਉਹ ਇਕਾਗਰ ਹੋ ਰਹੀ ਹੈ ਤੇ ਜੋ ਇਕਾਗਰ ਹੋ ਰਹੀ ਉਹ ਉਸੇ ਅਭਿਆਸ ਨਾਲ ਰੁਕ ਜਾਵੇਗੀ। ਬ੍ਰਿਤੀ ਦੇ ਰੁਕਣ ਨਾਲ ਜਿਸ ਦੇ ਸਿਮਰਨ ਵਿਚ ਲੱਗੀ ਹੋਈ ਸੀ, ਉਸ ਦੇ ਸਰੂਪ ਦੀ ਪ੍ਰਾਪਤੀ ਹੋ ਜਾਵੇਗੀ। ਜੇ ਬ੍ਰਿਤੀ ਕੇਵਲ ਆਪਣੇ ਨਿਰੋਧ ਦਾ ਅਭਿਆਸ ਕਰਦੀ ਤਾਂ ਉਹ ਕੇਵਲ ਆਪਣੇ ਆਪ ਨੂੰ ਅੱਪੜਦੀ, ਪਰ ਜਿਸ ਨੇ ਨਾਮ ਰਾਹੀਂ ਈਸ਼ਵਰ ਵਿਚ ਆਪੇ ਨੂੰ ਲਾਇਆ ਹੈ ਉਸ ਦਾ ਆਪਾ ਈਸ਼ਵਰ ਨੂੰ ਜਾ ਮਿਲਿਆ, ਇਹ ਮੁਰਾਦ ਹੈ 'ਤਦ ਵਪੁ ਗਾਮੀ' ਦੀ।*

ਬੇਦ ਹੂੰ ਕਹਾ ਤ੍ਰਿਕਾਂਡ ਬਿਧਾਨਾ। ਕਠਨ ਕਰਮ ਉਪਾਸਨ ਗਜਾਨਾ।
ਮਹਾਂ ਜਤਨ ਸਾਧਕ ਇਹੁ ਸਾਧਨ। ਕਲਿ ਕੁਲ ਜਨ ਕੇ ਭਰਮਨਿ ਬਾਧ ਨ॥੯॥

ਵੇਦ ਨੇ ਈਸ਼ਵਰ ਪ੍ਰਾਪਤੀ ਦਾ ਤਰੀਕਾ ਤਿੰਨਾਂ ਕਾਂਡਾਂ, ਕਰਮ ਕਾਂਡ, ਉਪਾਸ਼ਕਾ ਕਾਂਡ ਅਤੇ ਗਿਆਨ ਵਿਚ ਬੜਾ ਕਠਨ ਕਰਕੇ ਦੱਸਿਆ ਹੈ। ਮਹਾਨ ਕਠਨ ਯਤਨ ਕਰਕੇ ਜਗਿਆਸੂ ਇਨ੍ਹਾਂ ਦੀ ਸਾਧਨਾ ਕਰ ਸਕਦਾ ਹੈ। ਪਰ ਇਸ ਕਲਿਜੁਗ ਵਿਚ ਸਮੂਹ ਪੁਰਸ਼ਾਂ ਦੇ ਭਰਮਾਂ ਨੂੰ ਨਾਸ਼ ਨਹੀਂ ਕਰਦਾ॥੯॥

ਦੋਹਰਾ-ਸ਼ਾਸਤ੍ਰ ਵੇਦ ਕੇ ਅਰਥ ਫਲ ਜਦਪਿ ਵਿਚਾਰੈ ਧਾਰਿ।
ਸ੍ਰੀ ਗੁਰ ਗ੍ਰਿੰਥ ਵਿਲੋਕਤੇ ਦੇਤਿ ਵੇਗ ਫਲ ਚਾਰ॥ ੧੦॥

ਸ਼ਾਸਤਰ ਵੇਦ ਦੇ ਅਰਥ ਨੂੰ ਜਦ ਵਿਚਾਰੇ ਤੇ ਫਿਰ ਧਾਰਨ ਕਰੇ ਤਦ ਫਲ ਪ੍ਰਾਪਤ ਹੁੰਦਾ ਹੈ, ਪਰ ਸ੍ਰੀ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਨ ਨਾਲ ਹੀ ਤੁਰਤ ਚਾਰੇ ਫਲ ਪ੍ਰਾਪਤ ਹੋ ਜਾਂਦੇ ਹਨ॥੧੦॥

ਅੜਿਲ-ਨਿਤ ਪ੍ਰਤਿ ਰੁਚਿ ਉਰ ਧਾਰਿ ਦਰਸ ਗੁਰ ਕੀਜੀਐ।
ਨਿਖਲ ਜਨਮ ਤਮ ਪਾਪ ਖਿਨਕ ਹਰਿ ਦੀਜੀਐ।
ਕੋਟ ਜੱਗ ਫਲ ਦਾਨ ਸੁਨਤਿ ਰਵ ਭਾਵਨੀ।
ਹੋ! ਹੋਤਿ ਮੋਖਿ ਅਧਿਕਾਰ, ਪ੍ਰਣਤਿ ਦੁਤਿ ਦਾਮਨੀ॥ ੧੧॥

ਨਿਤਾਪ੍ਰਤੀ ਹਿਰਦੇ ਵਿਚ ਸੁੰਦਰ ਰੁਚੀ ਧਾਰ ਕੇ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਕਰੋ। ਸਾਰੇ ਜਨਮ ਦੀ ਅਗਿਆਨਤਾ ਤੇ ਪਾਪਾਂ ਨੂੰ ਖਿਣ ਵਿਚ ਦੂਰ ਕਰ ਲਵੋ। ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਨ ਨਾਲ ਤੇ ਸ਼ਰਧਾ ਨਾਲ ਬਾਣੀ ਸੁਣਨ ਨਾਲ ਕ੍ਰੋੜ ਜੱਗ ਤੇ ਦਾਨ ਦਾ ਫਲ ਪ੍ਰਾਪਤ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਨੂੰ ਨਮਸਕਾਰ ਕਰਨ ਤੇ ਬਿਜਲੀ ਵਾਂਗ ਲਿਸ਼ਕਦਾ ਪ੍ਰਕਾਸ਼ ਹੁੰਦਾ ਹੈ ਤੇ ਜੀਵ ਮੁਕਤੀ ਦਾ ਅਧਿਕਾਰੀ ਹੋ ਜਾਂਦਾ ਹੈ॥੧੧॥

ਸਾਦਰ ਸੋੜ ਸੰਭਾਰਤਿ ਧਤਿ ਮਤਿ ਮਾਨਵੀ।
ਜਨਮ ਮਰਨ ਕਟਿ ਦੋਖ ਪਾਪ ਜਿਵ ਜਾਨਵੀ।
ਬ੍ਰਹਮਾਦਿਕ ਸੁਰ ਬ੍ਰਿੰਦ ਤਾਂਹਿ ਉਸਤਤਿ ਰਰੈਂ।
ਹੋ! ਨਿਜ ਕਰ ਪੁਸ਼ਪਹਿਂ ਵਿਸ਼ਨੁ ਗ੍ਰਿੰਥ ਪੁਰ ਲੈ ਧਰੈ॥ ੧੨॥

ਜਿਹੜੇ ਸ੍ਰੇਸ਼ਟ ਬੁੱਧੀ ਵਾਲੇ ਆਦਰ ਨਾਲ ਥੋੜਾ ਵੀ ਗੁਰਬਾਣੀ ਨੂੰ ਸੰਭਾਲਦੇ ਹਨ, ਉਨ੍ਹਾਂ ਦੇ ਜਨਮ ਮਰਨ ਦੇ ਦੁੱਖ ਕੱਟੇ ਜਾਂਦੇ ਹਨ, ਜਿਵੇਂ ਗੰਗਾ ਪਾਪ ਕੱਟਦੀ ਹੈ। ਬ੍ਰਹਮਾ ਆਦਿ ਸਮੂਹ ਦੇਵਤੇ ਗੁਰਬਾਣੀ ਦੀ ਉਸਤਤਿ ਕਰਦੇ ਹਨ। ਵਿਸ਼ਨੂੰ ਆਪਣੇ ਹੱਥਾਂ ਨਾਲ ਫੁੱਲ ਫੜ ਕੇ ਗੁਰੂ ਗ੍ਰੰਥ ਸਾਹਿਬ ਜੀ ਉਤੇ ਧਰਦੇ ਹਨ॥੧੨॥

ਮਹਿ ਤੀਰਥ, ਦਿਗ, ਈਸ਼, ਸ਼ੇਸ਼, ਸਾਰਦ ਰਰੈਂ।
ਸ੍ਰੀ ਬਚਨਾਂਮ੍ਰਿਤ ਸਾਰ ਵਰਗ ਅਘੁ ਸਭਿ ਟਰੈਂ।
ਮੋਖਾਰੋਹਣ ਪ੍ਰਗਟ ਗਿਰਾ ਅਘ ਖੰਡਨੀ।
ਹੋ! ਦੋਖ, ਦਰਿੱਦ੍ਰ, ਸੰਤਾਪ, ਪਾਪ ਬਲ ਦੰਡਨੀ॥ ੧੩॥

ਧਰਤੀ ਵਿਖੇ ਤੀਰਥ, ਦਿਸ਼ਾਪਾਲ, ਈਸ਼ਰ, ਸ਼ੇਸ਼ਨਾਗ ਤੇ ਸਰਸਵਤੀ ਆਦਿ ਸਾਰੇ ਗੁਰੂ ਗ੍ਰੰਥ ਸਾਹਿਬ ਦੀ ਮਹਿਮਾਂ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਰ ਰੂਪ ਤੇ ਅੰਮ੍ਰਿਤ ਵਾਂਗ ਬਚਨਾਂ ਦੇ ਅੱਖਰ ਸਾਰੇ ਪਾਪਾਂ ਨੂੰ ਦੂਰ ਕਰਦੇ ਹਨ। ਗੁਰਬਾਣੀ ਮੁਕਤੀ ਵਿਚ ਸਹਾਇਤਾ ਕਰਨ ਵਾਲੀ ਤੇ ਪ੍ਰਤੱਖ ਰੂਪ ਵਿਚ ਪਾਪ ਖੰਡਣ ਵਾਲੀ ਹੈ, ਦੋਖ, ਦਰਿਦਰ, ਸੰਤਾਪ ਤੇ ਪਾਪਾਂ ਦੇ ਬਲ ਨੂੰ ਦੰਡ ਦੇਣ ਵਾਲੀ ਹੈ॥੧੩॥

ਜਾਸ ਸਦਨ ਗੁਰ ਗ੍ਰਿੰਥ ਗਿਰਾ ਆਲਾਪ ਹੀਂ।
ਪੁਨ ਪੁਨ ਸ੍ਰੀ ਗੁਰ ਗਜਾਨ ਧਜਾਨ ਜਪ ਜਾਪ ਹੀਂ।
ਸੋ ਵੈਕੁੰਠ ਪ੍ਰਤਾਪ ਤਹਾਂ, ਛਿਨ ਨਾ ਟਰੈ।
ਹੋ! ਸਭਿ ਸੰਪਦ ਰਿਧਿ ਸਿੱਧਿ ਰਮਾ ਨਿਜ ਘਰ ਕਰੈ॥ ੧੪॥

ਜਿਸ ਘਰ ਵਿਚ ਬਾਣੀ ਦਾ ਉਚਾਰਨ ਹੁੰਦਾ ਹੈ, ਉਥੇ ਬਾਰ-ਬਾਰ ਗੁਰੂ ਦਾ ਗਿਆਨ ਤੇ ਧਿਆਨ ਤੇ ਜਪ ਦਾ ਜਪਣਾ ਆ ਨਿਵਾਸ ਕਰਦੇ ਹਨ। ਉਥੇ ਬੈਕੁੰਠਾਂ ਦਾ ਪ੍ਰਤਾਪ ਹੋ ਜਾਵੇਗਾ ਤੇ ਖਿਨ ਭਰ ਵੀ ਨਹੀਂ ਹਟੇਗਾ। ਉਥੇ ਲੱਛਮੀ ਆਪਣਾ ਘਰ ਕਰਦੀ ਹੈ ਤੇ ਸਭ ਪ੍ਰਕਾਰ ਦੀਆਂ ਸੰਪਤੀਆਂ ਤੇ ਰਿੱਧੀਆਂ ਸਿੱਧੀਆਂ ਆ ਜਾਂਦੀਆਂ ਹਨ॥੧੪॥

ਤਾਂਤੇ ਤਜਹੁ ਅਸਾਰ ਜਾਨਿ ਮਤਿ ਮੰਦਨੀ।
ਇਹ ਸਰਵੋਤਮ ਸਾਰ ਭਰਮ ਭਵ ਕੰਦਨੀ।
ਕਲਮਖ ਕਲਿ ਕੁਲ ਹਾਰ ਅਵਾਰ ਬਿਲਾਸਨੀ।
ਹੋ! ਅਲਪ ਕਹਯੋ ਬਹੁ ਜਾਨਿ, ਗ੍ਰਿੰਥ ਸੁਖ ਵਾਸਨੀ॥ ੧੫॥

ਇਸ ਕਰਕੇ ਹੋਰ ਬਾਣੀਆਂ ਨੂੰ ਸੁਧ ਰਹਿਤ ਤੇ ਬੁੱਧੀ ਨੂੰ ਮਾੜਾ ਕਰਨ ਵਾਲੀਆਂ ਜਾਣ ਕੇ ਛੱਡ ਦੇਵੋ। ਇਹ ਗੁਰਬਾਣੀ ਸਰਵੋਤਮ ਹੈ ਜੋ ਭਰਮ ਰੂਪ ਸੰਸਾਰ ਦੇ ਕੱਟਣ ਵਾਲੀ ਹੈ। ਕਲਿਜੁਗ ਦੇ ਸਮੂਹ ਪਾਪਾਂ ਦੇ ਨਾਸ਼ ਕਰਨ ਵਾਲੀ ਹੈ ਤੇ ਬਿਨਾਂ ਦੇਰੀ ਦੇ ਅਨੰਦਦਾਤੀ ਹੈ। ਇਹ ਥੋੜਾ ਕਿਹਾ ਹੈ, ਬਹੁਤਾ ਫਲ ਜਾਣੋ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸੁੱਖ ਰੂਪ ਸੁਗੰਧੀ ਵਾਲੀ ਹੈ, ਭਾਵ ਸੁੱਖਾਂ ਦਾ ਨਿਵਾਸ ਸਥਾਨ ਹੈ॥੧੫॥

*ਸੋਰਠਾ-* ਸ੍ਰੀ ਗੁਰ ਗ੍ਰਿੰਥ ਮਹਾਨ ਪ੍ਰਗਟ ਬੋਧ ਬਪੁ ਮਾਨੀਏ।
ਸ੍ਰੀ ਗੁਰ ਕਹਯੋ ਬਖਾਨ 'ਮਮ ਸਰੂਪ ਭਵ ਸੇਤ ਇਹ'॥ ੧੬॥

ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪ੍ਰਗਟ ਰੂਪ ਵਿਚ ਗਿਆਨ ਦਾ ਸਰੂਪ ਜਾਣੋ। ਸ੍ਰੀ ਗੁਰੂ ਜੀ ਨੇ ਬਚਨ ਕੀਤੇ ਹਨ, "ਬਾਣੀ ਮੇਰਾ ਸਰੂਪ ਹੈ ਤੇ ਭਵਸਾਗਰ ਦਾ ਪੁਲ ਹੈ" ॥੧੬॥

*ਸ੍ਵੈਯਾ-* ਤੀਰਥ ਰਾਜ ਬਿਚਾਰ ਮਹੀ ਮਣਿ, ਆਦਿ ਕਥਾ ਸੁਨਿ ਵਿਪ੍ਰ ਮਹਾਨਾ !।
ਦੇਵ ਸੁਰਾਸੁਰ ਖੀਰ ਮਥਯੋ, ਚਤੁਰਾਦਸ਼ ਕਾਢਿ ਦੀਏ ਵਿਧ ਨਾਨਾ।
ਰੋਰ ਪਰੀ ਸੁਰ ਦੈਤਨਿ ਮੱਧ, ਅਲੀ ਨਿਜ ਆਪਨੈ ਆਪਨ ਮਾਨਾ।
ਮੋਹਨ ਮੋਹਨਿ ਮੋਹ ਲੀਏ ਸਭਿ ਮੋਹਿ ਬਿਦਾਰ ਤਬੈ ਸੁਖ ਜਾਨਾ॥੧੭॥

ਹੇ ਬ੍ਰਾਹਮਣੋ ! ਆਦਿ ਕਥਾ ਸੁਣ ਕੇ ਅੰਮ੍ਰਿਤ ਸਰੋਵਰ ਨੂੰ ਧਰਤੀ ਉੱਤੇ ਤੀਰਥ ਰਾਜ ਭਾਵ ਸ਼੍ਰੋਮਣੀ ਤੀਰਥ ਵਿਚਾਰੋ। ਪ੍ਰਕਾਸ਼ ਰੂਪ ਦੇਵਤੇ ਤੇ ਦੈਂਤਾਂ ਨੇ ਸਮੁੰਦਰ ਨੂੰ ਰਿੜਕਿਆ ਤੇ ਕਈ ਪ੍ਰਕਾਰ ਦੇ ਚੌਦਾਂ ਰਤਨ ਕੱਢੇ, ਦੇਵਤਿਆਂ ਅਤੇ ਦੈਂਤਾਂ ਵਿਚ ਰੌਲਾ ਪੈ ਗਿਆ, ਸਾਰਿਆਂ ਆਪਣੇ ਆਪ ਨੂੰ ਆਪ ਸਮਰੱਥ ਮੰਨਿਆ। ਪਰਮੇਸ਼ੁਰ ਨੇ ਮੋਹਨੀ ਰੂਪ ਧਾਰ ਸਾਰੇ ਮੋਹਿਤ ਕਰਕੇ ਰਤਨ ਲੈ ਲਏ ਤੇ ਰਤਨਾਂ ਦੇ ਮੋਹ ਦੇ ਤਿਆਗ ਵਿਚ ਸਭ ਨੇ ਸੁੱਖ ਜਾਣਿਆ॥੧੭॥

ਦੇਇ ਵਿਭਾਗ ਸੁਧਾ ਸਭਿ ਕੋ ਪ੍ਰਭੁ ਖੇਲ ਦਿਖਾਯ ਦਿਆਲ ਮੁਰਾਰੀ।
ਪੂਰਬ ਰੂਪ ਬਨਾਯ ਕੈ ਸੁੰਦਰ ਸ੍ਰੀ ਮਣਿ ਮੰਦਿਰ ਕੀ ਰੁਚਿ ਧਾਰੀ।
ਤਾਂਹੀ ਸਮੈਂ ਰਿਖ ਮਾਧਵੀ ਦ੍ਵੈਕਰ ਜੋਰਿ ਬਿਨੈ ਪ੍ਰਭੁ ਸਾਥ ਉਚਰੀ।
ਪਾਤ੍ਰ ਸੁਧਾ ਬਖਸ਼ੋ ਮੁਝ ਕੋ ਤਿਹ ਆਸਰ ਜਾਇ ਕਰੌਂ ਤਪ ਭਾਰੀ॥੧੮॥

ਅੰਮ੍ਰਿਤ ਨੂੰ ਸਭ ਵਿਚ ਵੰਡ ਕੇ ਦਿਆਲੂ ਪ੍ਰਭੂ ਜੀ ਨੇ ਆਪਣਾ ਖੇਡ ਰਚਾਇਆ। ਪਹਿਲਾ ਰੂਪ ਧਾਰ ਕੇ ਫਿਰ ਸ਼੍ਰੋਮਣੀ ਮੰਦਰ ਦੇ ਰਚਣ ਦੀ ਰੁਚੀ ਧਾਰਨ ਕੀਤੀ। ਉਸ ਸਮੇਂ ਮਾਧਵੀ ਰਿਸ਼ੀ ਨੇ ਦੋਵੇਂ ਹੱਥ ਜੋੜ ਕੇ ਪ੍ਰਭੂ ਪਾਸ ਬੇਨਤੀ ਕੀਤੀ, "ਮੈਨੂੰ ਅੰਮ੍ਰਿਤ ਦਾ ਭਾਂਡਾ ਬਖਸ਼ੋ ਤਾਂਕਿ ਉਸ ਦੇ ਆਸਰੇ ਜਾ ਕੇ ਭਾਰੀ ਤਪ ਕਰਾਂ॥੧੮॥

ਆਇਸੁ ਦੀਨਿਸਿ ਸਾਰੰਗ ਪਾਨਿ-ਤਪੋ ਬਨ ਏਕ ਭਯੋ ਸਮ ਯਾ ਨਾ।
ਜਾਇ ਕਰੋ ਤਪ ਉਗ੍ਰ ਮਹਾਂ ਤਿਲ ਤੇ ਮਣਿ ਹੋਤਿ ਸੁ ਸਿੱਧ ਮਕਾਨਾ।
ਦੇਸ਼ ਪੰਚਾਲ ਰਸਾਲ ਸਨਾਤਨ ਤੀਰਥ ਰਾਜ ਸੁਧਾਸਰ ਜਾਨਾ।
ਤੋ ਸੁਨਿ ਮਾਧਵੀ ਪਾਦ ਗਹੇ ਕਰੁਣਾਨਿਧਿ ! ਨਾਮ ਪੁਰਾ ਨ ਬਖਾਨਾ॥੧੯॥

ਪ੍ਰਭੂ ਜੀ ਨੇ ਆਗਿਆ ਦਿੱਤੀ, ਇਕ ਤਪੋਬਨ ਹੈ, ਉਸ ਤਪੋਬਨ ਵਰਗਾ ਹੋਰ ਕੋਈ ਤਪੋਬਨ ਨਹੀਂ। ਉਥੇ ਜਾ ਕੇ ਮਹਾਨ ਤਪ ਕਰੋ, ਉਹ ਅਜਿਹੀ ਸਿੱਧ ਭੂਮੀ ਹੈ ਕਿ ਉਥੇ ਥੋੜ੍ਹਾ ਤਪ ਕੀਤਿਆਂ ਵੀ ਵੱਡਾ ਫਲ ਪ੍ਰਾਪਤ ਹੁੰਦਾ ਹੈ। ਪੰਜਾਬ ਦੇਸ਼ ਵਿਚ ਇਕ ਰਸੀਲਾ ਸਨਾਤਨ ਸ਼੍ਰੋਮਣੀ ਤੀਰਥ ਰਾਜ ਹੈ, ਜਿਹੜਾ ਅੰਮ੍ਰਿਤ ਸਰੋਵਰ ਕਰਕੇ ਜਾਣਿਆ ਜਾਂਦਾ ਹੈ। ਇਹ ਸੁਣ ਕੇ ਮਾਧਵੀ ਨੇ ਪ੍ਰਭੂ ਦੇ ਚਰਨ ਫੜ ਲਏ ਤੇ ਕਿਹਾ, "ਹੇ ਕਿਰਪਾ ਦੇ ਖ਼ਜ਼ਾਨੇ! ਇਸ ਤੀਰਥ ਦਾ ਨਾ ਪਹਿਲਾਂ ਕਿਸੇ ਨੇ ਨਹੀਂ ਕਿਹਾ ਹੈ ਤੇ ਮੈਂ ਵੇਖਿਆ ਵੀ ਨਹੀਂ॥੧੯॥

ਹੌਂ ਨਿਰਖਯੋ ਨਹਿਂ ਅੰਮ੍ਰਿਤ ਤੀਰਥ ਦੇਹੁ ਦਿਖਾਇ ਦਿਆਲ ਮੁਰਾਰੀ।
ਭਗਤਿ ਅਧੀਨ ਪ੍ਰਬੀਨ ਚਲੇ ਜਨ ਦੀਨ ਪੈ ਧਾਰਿ ਮਯਾ ਬਨਵਾਰੀ।
ਬਾਹਨ, ਬਾਮ, ਬਿਸਾਰ ਸਭਾ ਸੁਰ, ਬਾਰਜ ਲੋਚਨ ਸ਼੍ਰੀ ਗਿਰਧਾਰੀ।
ਦੇਖਿ ਸਭੈ ਸੁਰ ਬ੍ਰਿੰਦ ਯਹੈ ਬਿਧਿ, ਰੌਰ ਪਰੀ ਚਲਿਯੋ ਛਬਿ ਭਾਰੀ॥ ੨੦॥

ਮੈਨੂੰ ਅੰਮ੍ਰਿਤ ਸਰੋਵਰ ਦੀ ਪਛਾਣ ਨਹੀਂ ਹੈ, ਹੇ ਦਿਆਲੂ ਪ੍ਰਭੂ! ਮੈਨੂੰ ਉਹ ਸਥਾਨ ਵਿਖਾ ਦੇਵੋ।" ਇਹ ਸੁਣ ਕੇ ਭਗਤਾਂ ਦੇ ਪ੍ਰੇਮ ਦੇ ਵੱਸ ਵਿਚ ਰਹਿਣ ਵਾਲੇ ਪ੍ਰਭੂ ਜੀ ਆਪਣੀ ਕਿਰਪਾ ਧਾਰ ਕੇ ਚਲ ਪਏ। ਗਰੁੜ ਦੀ ਸਵਾਰੀ, ਇਸਤਰੀ ਲਛਮੀ ਤੇ ਦੇਵਤਿਆਂ ਦੀ ਸਭਾ ਤਿੰਨਾ ਨੂੰ ਛੱਡ ਕੇ ਕੰਵਲ ਨੈਣ ਪ੍ਰਭੂ ਜੀ ਚਲ ਪਏ। ਇਸ ਵਿਧੀ ਨਾਲ ਵੇਖ ਕੇ ਸਾਰੇ ਦੇਵਤਿਆਂ ਵਿਚ ਰੌਲਾ ਪੈ ਗਿਆ, "ਭਾਰੀ ਛਵੀ ਵਾਲੇ ਵਿਸ਼ਨੂੰ ਜੀ ਚਲੇ ਹਨ"॥੨੦॥

ਚੌਪਈ- ਸੁਰ ਆਸੁਰ ਸੰਗ ਆਏ ਸ੍ਰੀ ਬਰ। ਸੁਧਾਸਰੋਵਰ ਦੇਖਤਿ ਭੇ ਸੁਰ।
ਸ੍ਰੀ ਪਤਿ ਸ੍ਰੀ ਹਰਿਮੰਦਰ ਰਾਜੈ। ਰਮਾ ਸਹਤ ਸਿੰਘਾਸਨ ਛਾਜੈ॥ ੨੧॥

ਦੇਵਤੇ ਅਤੇ ਦੈਂਤ ਸ੍ਰੀ ਵਿਸ਼ਨੂੰ ਜੀ ਦੇ ਨਾਲ ਆਏ ਤੇ ਦੇਵਤਿਆਂ ਨੇ ਅੰਮ੍ਰਿਤ ਸਰੋਵਰ ਨੂੰ ਵੇਖਿਆ। ਸ੍ਰੀ ਵਿਸ਼ਨੂੰ ਜੀ ਸ੍ਰੀ ਹਰਿਮੰਦਰ ਸਾਹਿਬ ਵਿਚ ਬਿਰਾਜੇ ਤੇ ਲਛਮੀ ਸਹਿਤ ਸਿੰਘਾਸਣ ਤੇ ਸ਼ੋਭਿਤ ਹੋਏ॥੨੧॥

ਪੂਰਬ ਮੁਖ ਹਰਿ ਗਿਰਾ ਉਚਾਰੀ। 'ਸੁਨਿ ਮਾਧਵ ਰਿਖਿ ਬ੍ਰਹਮਾਚਾਰੀ!।
ਇਹ ਸਨਮੁਖ ਦੁਖ ਭੰਜਨਿ ਮਾਈ। ਤ੍ਰਿਬਿਧਿ ਤਾਪ ਹਰਨੀ ਸੁਖਦਾਈ॥੨੨॥

ਪੂਰਬ ਦਿਸ਼ਾਂ ਵੱਲ ਮੂੰਹ ਕਰਕੇ ਵਿਸ਼ਨੂੰ ਨੇ ਬਚਨ ਕੀਤਾ, "ਹੇ ਬ੍ਰਹਮਚਾਰੀ ਮਾਧਵ ਰਿਸ਼ੀ! ਸੁਣੋ, ਇਹ ਸਾਹਮਣੇ ਦੁਖ ਭੰਜਨੀ ਮਾਈ ਹੈ, ਇਹ ਸੁਖਦਾਤੀ, ਤਿੰਨ ਪ੍ਰਕਾਰ ਦੇ ਤਾਪ ਨੂੰ ਦੂਰ ਕਰਨ ਵਾਲੀ ਹੈ॥੨੨॥

ਮੱਧ ਮਹਾਂ ਤੀਰਥ, ਮੁਨਿ ਰਾਜਾ!। ਗੋਪ ਪਦਾਰਥ ਮਮ ਉਪਰਾਜਾ।
ਧਨੁਸ਼ ਧਨੁਸ਼ ਪ੍ਰਤਿ ਸੁਰ ਬੈਠਾਰੇ। ਅਭਿ ਅੰਤਰ ਤਿਨਕੇ ਅਨੁਸਾਰੇ॥੨੩॥

ਵਿਚਾਲੇ ਮੁਨਿ ਰਾਜੇ ਦਾ ਵਿਸ਼ਾਲ ਤੀਰਥ ਹੈ, ਗੁਝਾ ਪਦਾਰਥ ਮੇਰਾ ਉਤਪੰਨ ਕੀਤਾ ਹੋਇਆ ਹੈ। ਧਨੁੱਖ-ਧਨੁੱਖ ਦੇ ਫਰਕ ਤੇ ਦੇਵਤੇ ਬੈਠਾਏ ਹਨ। ਉਨ੍ਹਾਂ ਦੇਵਤਿਆਂ ਦੇ ਅਨੁਸਾਰ ਜਲ ਦੇ ਅੰਦਰ ਬਿਠਾਏ ਹਨ ਭਾਵ ਜਿਵੇਂ ਕਿਨਾਰੇ ਤੇ ਧਨੁਸ਼ ਦੀ ਵਿੱਥ ਤੇ ਬਿਠਾਏ ਸਨ, ਉਸ ਤਰ੍ਹਾਂ ਜਲ ਵਿਚ ਵੀ ਓਨੀ-ਓਨੀ ਵਿੱਥ ਤੇ ਬਿਠਾਏ ਹਨ॥੨੩॥

ਜਲ ਮਹਿਂ ਬਸਹਿਂ ਆਠ ਸਠ ਤੀਰਥ। ਇਨ ਮਹਿਂ ਧਰਹੁ ਸੁਧਾਸਰ ਸਮਰਥ।
ਇਨ ਢਿਗ ਬੈਠਿ ਕਰਹੁ ਤਪ ਭਾਰੀ। ਇਹ ਮਮ ਸਦਨ ਸਨਾਤਨ ਚਾਰੀ॥੨੪॥

ਇਸ ਜਲ ਵਿਚ ਅਠਸਠ ਤੀਰਥ ਵੱਸਦੇ ਹਨ, ਇਸ ਵਿਚ ਸਮਰੱਥ ਅੰਮ੍ਰਿਤ ਨੂੰ ਧਰੋ ਜਿਹੜਾ ਇਹ ਸੁਧਾਸਰ ਕਹਿਲਾਵੇ। ਇਨ੍ਹਾਂ ਦੇ ਪਾਸ ਬੈਠ ਕੇ ਭਾਰੀ ਤਪ ਕਰੋ, ਇਹ ਮੇਰਾ ਸੁੰਦਰ ਸਨਾਤਨ ਘਰ ਹੈ॥੨੪॥

ਸਭਿ ਤੇ ਗੋਪ ਤੋਹਿ ਪ੍ਰਗਟਾਯੋ'। ਯਾ ਤੀਰਥ ਫਲ ਸ੍ਰੀ ਮੁਖ ਗਾਯੋ।
'ਧਰਮ ਅਰਥ ਕਾਮੂ ਅਰ ਮੋਖੂ। ਮਨ ਬਚ ਕ੍ਰਮ ਅਘ ਕਲਿ ਹਰਿ ਦੋਖੂ॥੨੫॥

ਸਭ ਤੋਂ ਗੁਪਤ ਤੈਨੂੰ ਪ੍ਰਗਟ ਕੀਤਾ ਹੈ।" ਇਸ ਤੀਰਥ ਦਾ ਫਲ ਵਿਸ਼ਨੂੰ ਜੀ ਨੇ ਆਪਣੇ ਮੁਖ ਤੋਂ ਗਾਇਨ ਕੀਤਾ। "ਧਰਮ ਅਰਥ ਦੇ ਕੰਮਾਂ ਵਾਸਤੇ ਅਤੇ ਮੁਕਤੀ ਪ੍ਰਾਪਤ ਕਰਨ ਵਾਸਤੇ ਕਲਿਜੁਗ ਦੇ ਜੀਵਾਂ ਦੇ ਮਨ, ਬਾਣੀ, ਸਰੀਰ ਦੇ ਪਾਪਾਂ ਤੇ ਦੋਖਾਂ ਨੂੰ ਦੂਰ ਕਰਨ ਵਾਲਾ ਹੈ॥੨੫॥

ਜਬਿ ਜਬਿ ਹੋ ਵੈਕੁੰਠ ਉਦਾਸਾ। ਤਬਿ ਹੌਂ ਆਇ ਸੁ ਕਰੋਂ ਨਿਵਾਸਾ।
ਇਹ ਤੀਰਥ ਮਮ ਦੇਹਿ ਸਰੂਪਾ। ਗੰਗਾਦਿਕ ਪਦ ਜਲ ਮੁਨਿ ਭੂਪਾ॥ ੨੬॥

ਜਦ-ਜਦ ਮੈਂ ਬੈਕੁੰਠ ਵਿਚ ਉਦਾਸ ਹੋਵਾਂਗਾ, ਫਿਰ ਮੈਂ ਏਥੇ ਆ ਕੇ ਨਿਵਾਸ ਕਰ ਲਵਾਂਗਾ। ਇਹ ਤੀਰਥ ਮੇਰੀ ਦੇਹ ਸਰੂਪ ਹੈ। ਹੇ ਮੁਨੀਰਾਜ! ਗੰਗਾ ਆਦਿਕ ਦਾ ਜਲ ਮੇਰੇ ਪੈਰਾਂ ਦਾ ਜਲ ਹੈ॥੨੬॥

ਬੀਜ ਰੂਪ ਤੀਰਥ ਮਹਿ ਰਾਜੂ। ਅੰਮ੍ਰਿਤਸਰ ਥਲ ਸਜਜੇ ਸਮਾਜੂ।
ਜੋ ਨਰ ਸਹਜ ਦਰਸ ਹਿਤ ਆਵੈਂ। ਚਤੁਰ ਪਦਾਰਥ ਸਹਜ ਹੀ ਪਾਵੈਂ॥ ੨੭॥

ਇਹ ਤੀਰਥ ਰਾਜ ਪ੍ਰਿਥਵੀ ਦੇ ਸਾਰੇ ਤੀਰਥਾਂ ਦਾ ਬੀਜ ਰੂਪ ਹੈ, ਅੰਮ੍ਰਿਤਸਰ ਥਲ ਸਾਰੀ ਸਮੱਗਰੀ ਸਹਿਤ ਸਜਿਆ ਹੈ। ਜੋ ਮਨੁੱਖ ਸਹਿਜ ਦਰਸ਼ਨਾਂ ਵਾਸਤੇ ਆਵੇਗਾ, ਚਾਰ ਪਦਾਰਥ ਸਹਿਜ ਹੀ ਪ੍ਰਾਪਤ ਕਰ ਲਵੇਗਾ॥੨੭॥

ਜੋ ਪੁਨ ਤਿਨਕੇ ਦਰਸ਼ਨ ਕੈ ਹੈਂ। ਤੇ ਵਿਦੇਹ ਹੁਇ ਮਮ ਪੁਰਿ ਜੈ ਹੈਂ।
ਕੋਨ ਈਸਾਨ ਨਿਰਖ ਬ੍ਰਿਖਕੇਤੂ। ਦੱਖਨ ਦਿਸਹਿ ਭੂਤਗ੍ਰਿਹ ਹੇਤੂ॥ ੨੮॥

ਜੋ ਫਿਰ ਉਨ੍ਹਾਂ ਦੇ ਦਰਸ਼ਨ ਕਰੇਗਾ ਤਾਂ ਦੇਹ ਰਹਿਤ ਹੋਕੇ ਮੇਰੀ ਪੁਰੀ ਵਿਚ ਪਹੁੰਚ ਜਾਵੇਗਾ। ਈਸ਼ਾਨ ਕੋਨ ਉਤਰ ਪੂਰਬ ਦੇ ਵਿਚਕਾਰ ਦੇਖੋ ਸ਼ਿਵਜੀ ਹੈ। ਦੱਖਣ ਦਿਸ਼ਾ ਜੀਵਾਂ ਨੂੰ ਗ੍ਰਸਨ ਵਾਲੇ ਧਰਮਰਾਜ ਵਾਸਤੇ ਹੈ, ਅਥਵਾ ਉਸ ਨੇ ਹਿਤ ਕਰ ਲਈ ਹੈ॥੨੮॥

ਵਰਨ, ਕੁਮੇਰ, ਇੰਦ੍ਰ, ਦਿਸ਼ਰਾਜਾ। ਨਿਜ ਅਸਥਲ, ਸਭਿ ਸਜੇ ਸਮਾਜਾ।
ਬ੍ਰਹਮਾਦਿਕ ਸੇਵਹਿਂ ਮਨ ਲਾਈ। ਮਮ ਰੁਚਿ ਲਖਿ ਖਟਪਦ ਜਿਮ ਛਾਈ॥੨੯॥

ਵਰਨ, ਕੁਬੇਰ ਅਤੇ ਇੰਦਰ ਦਿਸ਼ਾਂ ਦੇ ਰਾਜੇ ਹਨ, ਆਪੋ ਆਪਣੇ ਥਾਂ ਸਾਰੇ ਸਜੇ ਹਨ। ਬ੍ਰਹਮਾ ਆਦਿ ਮਨ ਲਾ ਕੇ ਸੇਵਾ ਕਰਦੇ ਹਨ। ਮੇਰੇ ਰੁਚੀ ਸਮਝ ਕੇ ਭੌਰਿਆਂ ਵਾਂਗ ਛਾ ਰਹੇ ਹਨ"॥੨੯॥

ਇਮ ਕਹਿ ਪ੍ਰਭੁ ਸਭਿ ਦੇਵ ਬੁਲਾਏ। ਬਿਨਤੀ ਕਰਤਿ ਸਭੈ ਤਬਿ ਆਏ।
ਖੋੜਸ ਬਿਧਿ ਜਜਮਾਨਤਿ ਭਏ। ਤੀਰਥ ਦੇਹਿ ਧਾਰਿ ਸਭਿ ਅਏ॥ ੩੦॥

ਇਸ ਤਰ੍ਹਾਂ ਕਹਿ ਕੇ ਪ੍ਰਭੂ ਨੇ ਸਾਰੇ ਦੇਵਤੇ ਬੁਲਾਏ, ਬੇਨਤੀ ਕਰਦੇ ਸਾਰੇ ਚਲ ਕੇ ਆ ਗਏ। ਸੋਲ੍ਹਾਂ ਤਰ੍ਹਾਂ ਨਾਲ ਪੂਜਾ ਕਰਨ ਲੱਗੇ। ਸਾਰੇ ਤੀਰਥ ਦੇਹ ਧਾਰ ਕੇ ਆਏ॥੩੦॥

ਸਿੰਧ, ਸੁਮੇਰੁ, ਗਗਨ, ਅਪ ਪਵਨਾ। ਹਰਖਤਿ ਆਏ ਧਰਨੀ ਦਵਨਾ।
ਪੱਤ੍ਰ ਚਢੇ ਪਰਸੂਨ ਬ੍ਰਖਾਵੈਂ। ਜਯਤਿ ਜਯਤਿ ਜਯ ਜਯ ਧੁਨਿ ਗਾਵੈਂ॥ ੩੧॥

ਸਮੁੰਦਰ, ਸੁਮੇਰ ਪਰਬਤ, ਗਗਨ, ਜਲ, ਪੌਣ ਤੇ ਧਰਤੀ ਤੇ ਅਗਨੀ ਵੀ ਬੜੇ ਪ੍ਰਸੰਨ ਹੋ ਕੇ ਆਏ, ਬਿਬਾਨਾਂ ਤੇ ਦੇਵਤੇ ਚੜ੍ਹੇ ਫੁਲ ਬਰਸਾਉਂਦੇ ਸਨ ਤੇ ਜਾਂਦੇ-ਜਾਂਦੇ ਜੈ-ਜੈ ਦੀ ਧੁਨੀ ਗਾਉਂਦੇ ਸਨ॥੩੧॥

ਬਰਨ, ਕੁਬੇਰ; ਸੇਸ ਸਸਿ, ਸੂਰਾ। ਖਟ ਮੁਖ ਆਦਿਕ ਚੜ੍ਹੇ ਮਯੂਰਾ।
ਖੇਚਾਰੀ, ਪਾਤਾਲਾ, ਮਹੀਚਰੁ। ਗੁਪਤ ਪ੍ਰਗਟ ਸਭਿ ਆਏ ਸੁਰ ਬਰ॥ ੩੨॥

ਸ਼ੇਸ਼ਨਾਗ, ਚੰਦਰਮਾ, ਸੂਰਜ, ਸ਼ੇਸ਼ਨਾਗ, ਕੁਬੇਰ, ਵਰੁਣ ਸ਼ਿਵਜੀ ਦਾ ਪੁੱਤਰ ਸਾਮ ਕਾਰਤਕ ਮੋਰਾਂ ਤੇ ਚੜ੍ਹੇ ਸਨ। ਅਕਾਸ਼ਚਾਰੀ, ਪਾਤਾਲ ਅਤੇ ਪ੍ਰਿਥਵੀ ਤੇ ਵਿਚਰਨ ਵਾਲੇ ਤੇ ਗੁਪਤ ਪ੍ਰਗਟ ਸਭ ਸ੍ਰੇਸ਼ਟ ਦੇਵਤੇ ਆਏ॥੩੨॥

ਸ੍ਰੁਤਿ ਸਿੰਮ੍ਰਿਤਿ ਨਿਗਮਾ ਤਨ ਧਾਰੇ। ਸਨਮੁਖ ਠਾਂਢੇ ਦੇਵ ਮੁਰਾਰੇ।
ਸਭਿ ਮਿਲ ਦ੍ਵੈ ਕਰ ਜੋਰਿ ਅਲਾਯੋ। ਆਇਸੁ ਕਰਹੁ ਭਗਤ ਸੁਖਦਾਯੋ! ॥੩੩॥

ਸ੍ਰੁਤੀਆਂ ਸਿੰਮ੍ਰਿਤੀਆਂ ਵੇਦ ਤਨ ਧਾਰ ਕੇ ਪ੍ਰਭੂ ਜੀ ਦੇ ਸਾਹਮਣੇ ਖੜੇ ਹੋ ਗਏ। ਸਾਰੇ ਮਿਲ ਕੇ ਦੋਵੇਂ ਹੱਥ ਜੋੜ ਕੇ ਬੋਲੇ, 'ਹੇ ਭਗਤਾਂ ਨੂੰ ਸੁੱਖ ਦੇਣ ਵਾਲੇ! ਆਗਿਆ ਕਰੋ' ॥੩੩॥

ਤਬਿ ਬੋਲੇ ਸ੍ਰੀ ਕਰੁਨਾ ਸੀਵ। ਇਹਾਂ ਬਸਹੁ ਤੁਮ ਸਭੈ ਸਦੀਵ।
ਬਿਸ਼ਨੁ ਕਲਪਤਰੁ ਤੀਰਥ ਰਾਜੂ। ਸਾਦਰ ਮੱਜਹੁ ਦੇਵ ਸਮਾਜੂ! ॥ ੩੪ ॥

ਫਿਰ ਮੇਹਰ ਦੀ ਹੱਦ, ਪ੍ਰਭੂ ਜੀ ਬੋਲੇ, "ਤੁਸੀਂ ਸਾਰੇ ਸਦਾ ਏਥੇ ਵੱਸੋ, ਵਾਹਿਗੁਰੂ ਜੀ ਦਾ ਕਲਪਬ੍ਰਿੱਛ ਰੂਪੀ ਇਹ ਤੀਰਥ ਰਾਜ ਹੈ ਸਾਰੇ ਦੇਵਤੇ ਇਸ ਵਿਚ ਬੜੇ ਆਦਰ ਨਾਲ ਇਸ਼ਨਾਨ ਕਰੋ॥੩੪॥

ਬ੍ਯਾਸ ਭਵਿੱਖਤ ਕਥਾ ਬਖਾਨੀ। ਅਸ ਸੁਰ ਵਰਗ ਸੁ ਸਤਿ ਕਰਿ ਮਾਨੀ।
ਤਬਿ ਬੋਲੇ ਬਿਬਾਨਗਤਿ ਸਾਰੇ। 'ਮੱਜਨ ਮੰਤ੍ਰ ਸੁ ਕੌਨ ਉਚਾਰੇਂ?' ॥ ੩੫ ॥

ਵੇਦ ਵਿਆਸ ਨੇ ਭਵਿੱਖਤ ਕਥਾ ਕਹੀ ਹੈ ਇਸ ਤਰ੍ਹਾਂ ਦੇਵਤਿਆਂ ਨੇ ਉਸ ਨੂੰ ਸੱਚ ਕਰਕੇ ਮੰਨਿਆ ਹੈ। ਤਦ ਸਾਰੇ ਬਿਬਾਨਾਂ ਦੀ ਸਵਾਰੀ ਵਾਲੇ ਬੋਲੇ, "ਇਸ਼ਨਾਨ ਮੰਤਰ ਅਸੀਂ ਕਿਹੜਾ ਉਚਾਰਨ ਕਰੀਏ"? ॥੩੫॥

ਤਬਿ ਕਮਲੇਸ਼ ਹਰਖ ਹ੍ਵੈ ਦਯਾਲਾ। ਕਹ੍ਯੋ, 'ਸੁਨਹੁ ਸਭਿ ਭੂ ਸੁਰ ਸਾਲਾ!।
ਯੱਸ਼ਜ ਉਚਾਰ ਉਦਕ ਭੁਕਵਾਰੀ। ਤੀਰਥਰਾਜ ਦੇਤਿ ਫਲਚਾਰੀ॥ ੩੬ ॥

ਤਦ ਵਿਸ਼ਨੂੰ ਪ੍ਰਸੰਨ ਹੋ ਕੇ ਬੜਾ ਦਿਆਲੂ ਹੋਇਆ, ਤੇ ਉਹ ਮੰਤਰ ਕਹਿ ਕੇ ਦੇਵਤਿਆਂ ਨੂੰ ਸੁਣਾਇਆ, ਉਹ ਮੰਤਰ, ਹੇ ਸ੍ਰੇਸ਼ਟ ਬ੍ਰਾਹਮਣੋ ਤੁਸੀਂ ਵੀ ਸੁਣੋ, ਜਿਸ ਨੂੰ ਉਚਾਰੇ ਜਲ ਦੇ ਲੈਣ ਵਾਲੇ ਤੀਰਥ ਰਾਜ ਸੁੰਦਰ ਫ਼ਲ ਦਿੰਦੇ ਹਨ॥੩੬॥

*ਅਥ ਮੰਤ੍ਰ- ਓਂ ਅੰਮ੍ਰਿਤੋਦਭਵਾਯ ਅੰਮ੍ਰਿਤਰੂਪਾਯ ਤੀਰਥਰਾਜਾਯ ਨਮੋਨਮ:।*

ਅੰਮ੍ਰਿਤ ਤੋਂ ਉਤਪੰਨ ਹੋਣ ਵਾਲਾ ਜੋ ਅੰਮ੍ਰਿਤ ਦਾ ਰੂਪ ਹੈ, ਐਸਾ ਜੋ ਤੀਰਥ ਰਾਜ ਹੈ, ਉਸ ਨੂੰ ਨਮਸਕਾਰ ਹੈ, ਨਮਸਕਾਰ ਹੈ।

*ਚੌਪਈ-* ਅੰਮ੍ਰਿਤ ਕਲਾ ਮੰਤ੍ਰ ਇਹੁ ਕਹੀਏ। ਮਹਾਂ ਗੋਪ ਵਡ ਭਾਗਨਿ ਲਹੀਏ।
ਇਹ ਸੁਨਿ ਮੱਜਨ ਕਰਨੇ ਲਾਗੇ। ਸਰਬ ਦੇਵ ਤੀਰਥ ਜਸੁ ਪਾਗੇ ॥੩੭॥

ਇਹ ਸ਼ਕਤੀਸ਼ਾਲੀ ਅੰਮ੍ਰਿਤ ਦਾ ਮੰਤਰ ਕਹੀਦਾ ਹੈ, ਮਹਾਂ ਗੋਪ ਹੈ ਤੇ ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ।" ਇਹ ਸੁਣ ਕੇ ਦੇਵਤੇ ਇਸ਼ਨਾਨ ਕਰਨ ਲੱਗੇ, ਸਾਰੇ ਤੀਰਥ ਦੇ ਜਸ ਵਿਚ ਰੰਗੇ ਗਏ॥੩੭॥

ਕਮਲਾਦਿਕ, ਬਿਧਿ, ਸ਼ਿਵ, ਸੰਗਬਾਮਾ। ਸਭਿ ਅੰਮ੍ਰਿਤ ਮਯ ਭਏ ਸੁਧਾ ਮਾ।
ਨਿਰਖ ਮਾਧਵੀ ਬਿਸਮੈਂ ਭਯੋ। ਕਹ੍ਯੋ ਭੂਰ ਅਮਰਾ ਕਿਤ ਗਯੋ? ॥੩੮॥

ਕਮਲਾ ਆਦਿ ਬ੍ਰਹਮਾ ਸ਼ਿਵਜੀ ਸਮੇਤ ਇਸਤਰੀਆਂ ਦੇ ਸਾਰੇ ਅੰਮ੍ਰਿਤ ਸਰੋਵਰ ਵਿਚ ਅੰਮ੍ਰਿਤ ਦਾ ਰੂਪ ਹੋ ਗਏ। ਇਹ ਵੇਖਕੇ ਰਿਸ਼ੀ ਮਾਧਵੀ ਬਹੁਤ ਹੈਰਾਨ ਹੋਇਆ ਤੇ ਕਹਿਣ ਲੱਗਾ, "ਸਾਰੇ ਦੇਵਤੇ ਕਿਧਰ ਗਏ" ॥੩੮॥

ਸ੍ਰੀ ਪ੍ਰਭੁ ਬਹੁਰ ਸਮੋਧਨ ਕੀਨਾ। ਯੇ ਤੀਰਥਮਯ ਭਏ ਪ੍ਰਬੀਨਾ!।
ਤਬਿ ਫਿਰ ਮੁਨਿ ਪੁਟ ਅੰਜੁਲ ਜੋਰੇ।'ਕਹੋ ਭਵਿੱਖਤ ਕਥਾ ਬਹੋਰੇ॥ ੩੯ ॥

ਫਿਰ ਪ੍ਰਭੂ ਨੇ ਸਮਝਾਉਣਾ ਕੀਤਾ, "ਇਹ ਸਾਰੇ ਤੀਰਥ ਵਿਚ ਰਮ ਗਏ ਹਨ। ਫਿਰ ਰਿਸ਼ੀ ਨੇ ਡੂਨਿਆਂ ਵਾਂਗ ਦੋਵੇਂ ਹੱਥ ਜੋੜੇ ਤੇ ਕਿਹਾ, "ਇਨ੍ਹਾਂ ਦੀ ਭਵਿੱਖਤ ਦੀ ਕਥਾ ਕਹੋ ॥੩੯॥

ਜਿਮ ਕਰਿਹੋ ਜੁਗ ਆਗਲ ਮਾਂਹੀ। ਸੋ ਬਰਨਹੁ ਪ੍ਰਭੁ ਸਭਿ ਮੋ ਪਾਹੀ।
ਤਬਿ ਤ੍ਰਿਲੋਕ ਪਤਿ ਬਚਨ ਬਖਾਨੇ। ਉਨ ਉਪਕਾਰ ਹੇਤੁ ਮਨ ਮਾਨੇ॥ ੪੦॥

ਜਿਵੇਂ ਅਗਲੇ ਜੁਗ ਵਿਚ ਕਰੋਗੇ, ਸੋ ਪ੍ਰਭੂ ਉਹ ਸਭ ਕੁਝ ਮੇਰੇ ਪਾਸ ਵਰਣਨ ਕਰੋ।"। ਤਦ ਤਿੰਨਾ ਲੋਕਾਂ ਦੇ ਪਤੀ ਨੇ ਬਚਨ ਕੀਤੇ ਤੇ ਉਪਕਾਰ ਹਿੱਤ ਆਪਣੇ ਮਨ ਮੰਨਿਆ॥੪੦॥

ਤ੍ਰੇਤਾ ਮਾਂਹਿ ਹੋਹਿਂ ਹਮ ਰਾਮਾ। ਲਵ ਕੁਸ਼ ਸਹਤ ਆਇਂ ਇਸ ਧਾਮਾ।
ਸੁਰ ਸਮੂਹ ਸੁ ਮੱਜਨ ਕਰਿ ਹੈਂ। ਤੀਰਥਰਾਜ ਪੂਜ ਪਰਚੁਰਿ ਹੈਂ॥ ੪੧॥

ਤ੍ਰੇਤੇ ਜੁਗ ਵਿਚ ਅਸੀਂ ਰਾਮ ਦਾ ਅਵਤਾਰ ਧਾਰਾਂਗੇ, ਤੇ ਲਵ ਕੁਸ਼ ਸਹਿਤ ਇਸ ਥਾਂ ਆਵਾਂਗੇ। ਸਾਰੇ ਸੂਰਮੇ ਇਸ ਵਿਚ ਇਸ਼ਨਾਨ ਕਰਨਗੇ। ਇਸ ਤੀਰਥ ਰਾਜ ਦੀ ਪੂਜਾ ਨੂੰ ਫੈਲਾਵਾਂਗੇ॥੪੧॥

ਜੱਗ ਕਰਹਿੰਗੇ ਪਸ਼ਚਮ ਅੰਗਾ। ਤੀਨ ਲੋਕ ਸੈਨਾ ਸਭਿ ਸੰਗਾ।
ਤਬਿ ਮਮ ਸੁਵਨ ਜਾਨਿ ਮਮ ਪਜਾਰਾ। ਬਾਂਧੈਗੇ ਦ੍ਵੈ ਪੁਰਿ ਅਗਾਰਾ॥ ੪੨॥

ਪੱਛਮ ਵਾਲੇ ਪਾਸੇ ਅਸੀਂ ਜੱਗ ਕਰਾਂਗੇ, ਤਿੰਨਾਂ ਲੋਕਾਂ ਦੀ ਸੈਨਾ ਸਾਡੇ ਨਾਲ ਹੋਵੇਗੀ ਤਦ ਮੇਰੇ ਪੁੱਤਰ ਮੇਰਾ ਪਿਆਰਾ ਤੀਰਥ ਜਾਣ ਕੇ ਇਸ ਤੋਂ ਥੋੜ੍ਹਾ ਅੱਗੇ ਦੋ ਨਗਰ ਵਸਾਉਣਗੇ॥੪੨॥

ਬਹੁਤ ਭਾਂਤਿ ਲੀਲਾ ਤਬਿ ਕੈ ਹੈਂ। ਸਿੰਧੁ ਛੇਤ੍ਰ ਕੋ ਮਾਨ ਸੁ ਦੈ ਹੈਂ।
ਦ੍ਵਾਪੁਰ ਕ੍ਰਿਸ਼ਨ ਜਦੁਨਿ ਮੈਂ ਹੋਹੀਂ। ਤ੍ਰਿਭਵਣ ਮਾਂਹਿ ਫਿਰੈ ਮਮ ਦੋਹੀ॥ ੪੩॥

ਫਿਰ ਬਹੁਤ ਪ੍ਰਕਾਰ ਦੀ ਲੀਲ੍ਹਾ ਕਰਾਂਗੇ ਤੇ ਅੰਮ੍ਰਿਤ ਸਰੋਵਰ ਨੂੰ ਸ੍ਰੇਸ਼ਟ ਮਾਣ ਦੇਵਾਂਗੇ। ਦਵਾਪਰ ਵਿਚ ਮੈਂ ਯਾਦਵਾਂ ਵਿਖੇ ਕ੍ਰਿਸ਼ਨ ਹੋਵਾਂਗਾ, ਤਿੰਨਾਂ ਲੋਕਾਂ ਵਿਚ ਮੇਰੀ ਦੁਹਾਈ ਫਿਰ ਜਾਵੇਗੀ॥੪੩॥

ਸਭਿ ਲੀਲਾ ਕਰਿ ਫਿਰ ਅਵਸਾਨ। ਸੁਧਾ ਸਰੋਵਰ ਕ੍ਰਿਸ਼ਨ ਸਮਾਂਨ।
ਫਿਰ ਕਲਜੁਗ ਸ੍ਰੀ ਚੰਦਹਿ ਤਾਤ। ਮਮ ਸਰੂਪ ਛਿਤਿ ਅਤਿ ਵੱਖਜਾਤ॥ ੪੪॥

ਸਭ ਲੀਲਾਵਾਂ ਕਰ ਕੇ ਅੰਤ ਨੂੰ ਕ੍ਰਿਸ਼ਨ ਰੂਪ ਹੋ ਕੇ ਅੰਮ੍ਰਿਤ ਸਰੋਵਰ ਵਿਚ ਸਮਾਵਾਂਗਾ। ਫਿਰ ਕਲਜੁਗ ਵਿਚ ਸ੍ਰੀ ਚੰਦ ਜੀ ਦੇ ਪਿਤਾ ਗੁਰੂ ਨਾਨਕ ਜੀ ਹੋਵਾਂਗਾ ਤੇ ਮੇਰਾ ਸਰੂਪ ਧਰਤੀ ਤੇ ਬਹੁਤ ਵਿਖਿਆਤ ਹੋਵੇਗਾ॥੪੪॥

ਦਸ ਔ ਚਤੁਰਦਸ਼ਾ ਵਪੁਧਰਿਕੈ। ਸਿੰਧੁਛੇਤ੍ਰ ਜਸੁ ਮਹਾਂ ਪ੍ਰਚੁਰਿਕੈ।
ਵਡਪਰਤਾਪ ਕਰੋਂ ਇਹ ਧਾਮੈਂ। ਤੀਨ ਲੋਕ ਮਣਿ ਅੰਮ੍ਰਿਤ ਨਾਮੈਂ॥ ੪੫॥

ਚਵੀ ਅਵਤਾਰਾਂ ਦਾ ਸਰੀਰ ਧਾਰ ਕੇ ਤੇ ਸਿੰਧ ਖੇਤਰ ਦਾ ਬਹੁਤ ਜੱਸ ਫੈਲਾ ਕੇ, ਇਸ ਸਥਾਨ ਦਾ ਵੱਡਾ ਪ੍ਰਤਾਪ ਕਰਾਂਗਾ। ਤਿੰਨਾਂ ਲੋਕਾਂ ਵਿਚ ਸ਼੍ਰੋਮਣੀ ਅੰਮ੍ਰਿਤ ਸਰੋਵਰ ਨਾਮ ਪ੍ਰਸਿੱਧ ਹੋਵੇਗਾ॥੪੫॥

ਜੁਗ ਜੁਗ ਸੁਧਾ ਸਰੋਵਰ ਸੇਵ। ਆਇ ਨਿਵਾਸ ਕਰੋਂ ਸੰਗ ਦੇਵ।
ਇਮ ਸੁਨਿ ਸੁਨਿ ਮਾਧਵਿ ਹਰਖਾਨੋ। ਸੁਧਾ ਪਾਤ੍ਰ ਹਰਿ ਚਰਨ ਸਮਾਨੋ॥ ੪੬॥

ਜੁਗ-ਜੁਗ ਸੁਧਾ ਸਰੋਵਰ ਦੀ ਸੇਵਾ ਕਰਕੇ, ਏਥੇ ਫਿਰ ਦੇਵਤਿਆਂ ਦੇ ਨਾਲ ਮਿਲ ਕੇ ਰਹਾਂਗਾ। ਇਸ ਤਰ੍ਹਾਂ ਸੁਣ ਸੁਣ ਕੇ ਮਾਧਵੀ ਬਹੁਤ ਪ੍ਰਸੰਨ ਹੋਇਆ। ਅੰਮ੍ਰਿਤ ਦਾ ਬਰਤਨ ਹਰੀ ਜੀ ਦੇ ਚਰਨਾਂ ਵਰਗਾ ਸੀ॥੪੬॥

ਪਾਤ੍ਰ ਸੰਗ ਮੁਨਿ ਸਜੀ ਸਮਾਧਾ। ਆਪ ਸਥਾਪਨ ਕੀਜੇ ਅਗਾਧਾ।
ਕਰਿ ਅਸਥਾਪਨ ਚਲੇ ਮੁਰਾਰੀ। ਤਬਿ ਮਾਧਵ ਰਿਖਿ ਗਿਰਾ ਉਚਾਰੀ॥ ੪੭॥

ਅੰਮ੍ਰਿਤ ਦੇ ਬਰਤਨ ਦੇ ਨਾਲ ਮੁਨੀ ਨੇ ਅਗਾਧ ਸਮਾਧੀ ਸਥਾਪਨ ਕਰ ਲਈ। ਮੁਨੀ ਦੀ ਸਮਾਧੀ ਸਥਾਪਨ ਕਰਕੇ ਪ੍ਰਭੂ ਜੀ ਚੱਲਣ ਲੱਗੇ। ਤਦ ਮਾਧਵ ਰਿਖੀ ਨੇ ਕਿਹਾ॥੪੭॥

'ਮੁਹਿ ਕਬਿ ਬਹੁਰ ਦਰਸ ਪ੍ਰਭੁ ਦੈ ਹੋ ? ਭਵ ਮੋਚਨ ਪਦ ਕੀ ਅਬਿ ਜੈ ਹੋ।
ਕਹਜੋ ਤ੍ਰਿਲੋਕੇਸੁਰ ਰੁਚਿ ਬਾਨੀ। ਕਲਜੁਗ ਵਪੁ ਹ੍ਵੈ ਸਾਰੰਗ ਪਾਨੀ॥ ੪੮॥

''ਹੇ ਪ੍ਰਭੂ ਜੀ ਮੈਨੂੰ ਫਿਰ ਕਦ ਦਰਸ਼ਨ ਦੇਵੋਗੇ, ਸੰਸਾਰ ਦੇ ਛੁਡਾਵਣ ਵਾਲੇ ਚਰਨਾਂ ਦੀ ਜੈ ਜੈ ਕਾਰ ਹੋਵੇ।'' ਫਿਰ ਤਿੰਨਾਂ ਲੋਕਾਂ ਦੇ ਮਾਲਕ ਪ੍ਰਭੂ ਨੇ ਕਿਹਾ, ''ਕਲਿਜੁਗ ਵਿਚ ਮੈਂ ਪਰਮੇਸ਼ਵਰ ਦਾ ਅਵਤਾਰ ਲਵਾਂਗਾ॥੪੮॥

ਜੁਗ ਐ ਬਾਣ ਧਰੈ ਅਵਤਾਰਾ। ਤਬਿ ਤੁਮਕੋ ਦੈ ਹੌਂ ਦਰਸਾਰਾ।
ਇਮ ਕਹਿ ਦ੍ਰਿਸ਼ਟਿ ਅਗੋਚਰ ਭਏ। ਸ੍ਰੀ ਬਿਨ ਏਕਲ ਹੀ ਗ੍ਰਿਹ ਗਏ' ॥੪੯॥

ਕਾਮਦੇਵ ਦੇ ਬਾਣਾਂ ਤੋਂ ਦੁਗਣੇ ਭਾਵ ਜਦ ਦਸ ਅਵਤਾਰ ਧਾਰਾਂਗਾ ਫਿਰ ਮੈਂ ਤੈਨੂੰ ਆਪਣੇ ਦਰਸ਼ਨ ਦੇਵਾਂਗਾ''। ਇਸ ਤਰ੍ਹਾਂ ਕਹਿ ਕੇ ਅਲੋਪ ਹੋ ਗਏ, ਲਕਸ਼ਮੀ ਤੋਂ ਬਗੈਰ ਇਕੱਲੇ ਹੀ ਆਪਣੇ ਘਰ ਗਏ॥੪੯॥

ਇਹ ਅੱਖਜਾਨ ਸੁਨਜੋ ਕਾਂਸ਼ੀਸ਼। ਕ੍ਰਿਤ ਕ੍ਰਿਤ ਭਏ ਚਰਨ ਧਰਿ ਸੀਸ।
'ਧੰਨ ਧੰਨ' ਕਹਿ ਭਾਗ ਸਰਾਹਾ। 'ਗੋਪ ਕਥਾ ਬਰਨੀ ਮੁਨਿ ਨਾਹਾ'॥ ੫੦॥

ਇਹ ਕਥਾ ਕਾਂਸ਼ੀ ਦੇ ਬ੍ਰਾਹਮਣਾਂ ਨੇ ਸੁਣੀ ਤਾਂ ਵਾਰੀ ਵਾਰੀ ਭਾਈ ਗੁਰਦਾਸ ਜੀ ਦੇ ਚਰਨਾਂ ਤੇ ਆਪਣੇ ਸੀਸ ਧਰ ਦਿੱਤੇ। 'ਧੰਨ-ਧੰਨ' ਕਹਿ ਕੇ ਆਪਣੇ ਭਾਗਾਂ ਦੀ ਸ਼ਲਾਘਾ ਕੀਤੀ ਤੇ ਕਿਹਾ, ''ਈਸ਼ਵਰ ਦੀ ਤੁਸੀਂ ਗੁਪਤ ਕਥਾ ਬਿਆਨ ਕੀਤੀ ਹੈ॥੫੦॥

ਜਯ ਗੁਰਦਾਸ ਵਿਮਲ ਮਤਿ ਗਜਾਨੀ !। ਅਬਿ ਹਮਰੇ ਮਨ ਨਿਸ਼ਚੈ ਠਾਨੀ।
ਤੁਮ ਤੇ ਸੰਸ਼ਯ ਗਯੋ ਹਮਾਰਾ। ਬਿਬਿਧਿ ਬੇਦ ਬਿਧਿ ਕੀਓ ਉਚਾਰਾ' ॥੫੧॥

ਨਿਰਮਲ ਮਤ ਵਾਲੇ ਗਿਆਨੀ ਭਾਈ ਗੁਰਦਾਸ ਦੀ ਜੈ ਹੋਵੇ ! ਹੁਣ ਸਾਡੇ ਮਨ ਵਿਚ ਨਿਸ਼ਚਾ ਆ ਗਿਆ ਹੈ। ਤੁਹਾਡੇ ਪਾਸੋਂ ਸਾਡਾ ਸ਼ੰਕਾ ਨਵਿਰਤ ਹੋ ਗਿਆ ਹੈ। ਅਨੇਕ ਤਰ੍ਹਾਂ ਨਾਲ ਤੁਸੀਂ ਵੇਦ ਦੀ ਵਿਧੀ ਦਾ ਉਚਾਰਨ ਕੀਤਾ ਹੈ॥੫੧॥

ਸਭਿ ਬੰਦਨਕਰਿ ਸਦਨ ਸਿਧਾਰੇ। ਭੀ ਮਹਿਮਾ ਗੁਰਦਾਸ ਉਦਾਰੇ।
ਇਕ ਤੌ ਨ੍ਰਿਪ ਕੋ ਗੁਰ ਬਨਿ ਗਯੋ। ਅਰੁ ਨਰ ਕੌ ਗਨ ਸਿੱਖਜ ਸੁ ਭਯੋ॥੫੨॥

ਸਾਰੇ ਬੰਦਨਾ ਕਰ ਕੇ ਆਪਣੇ ਘਰਾਂ ਨੂੰ ਚਲੇ ਗਏ, ਭਾਈ ਗੁਰਦਾਸ ਜੀ ਦੀ ਵੱਡੀ ਮਹਿਮਾ ਪ੍ਰਗਟ ਹੋਈ। ਇਕ ਤਾਂ ਉਹ ਰਾਜੇ ਦੇ ਮੁਰਸ਼ਦ ਬਣ ਗਏ ਤੇ ਹੋਰ ਬਹੁਤ ਮਨੁੱਖ ਉਨ੍ਹਾਂ ਦੇ ਸਿੱਖ ਬਣ ਗਏ॥੫੨॥

ਸਰਬ ਪੁਰੀ ਜਸ ਇਸ ਕੋ ਕਰੈ। ਬੰਦਹਿਂ ਚਰਨ ਅੱਗ੍ਰ ਨਰ ਪਰੈਂ।
'ਗੁਰੂ ਗੁਰੂ' ਸਭਿ ਨਾਮ ਉਚਾਰੈਂ। ਮਨ ਭਾਵਤਿ ਧਰਿ ਭੇਟ ਅਗਾਰੈਂ॥ ੫੩॥

ਸਾਰੀ ਨਗਰੀ ਉਨ੍ਹਾਂ ਦਾ ਬਹੁਤ ਜਸ ਕਰਦੀ ਸੀ। ਸਾਰੇ ਮਨੁੱਖ ਉਨ੍ਹਾ ਦੇ ਚਰਨਾਂ ਦੇ ਅੱਗੇ ਬੰਦਨਾ ਕਰਦੇ ਸਨ। ਸਾਰੇ ਉਨ੍ਹਾਂ ਨੂੰ 'ਗੁਰੂ ਜੀ ਗੁਰੂ ਜੀ' ਕਹਿ ਕੇ ਬੁਲਾਉਂਦੇ ਸਨ ਅਤੇ ਮਨ ਭਾਉਂਦੀਆਂ ਭੇਟਾਵਾਂ ਅੱਗੇ ਧਰਦੇ ਸਨ॥੫੩॥

ਸਭਿ ਬਿਧਿ ਸੇਵਾ ਨ੍ਰਿਪ ਕਰਿਵਾਵੈ। ਗੁਰੂ ਸਬਦ ਕੇ ਅਰਥ ਸੁਨਾਵੈ।
ਮਹਿਮਾਂ ਭਈ ਮਹਾਂ ਤੇ ਮਹਾਂ। ਤਊ ਗੁਰੂ ਦਿਸ਼ਿ ਤੇ ਦੁਖ ਲਹਾ॥ ੫੪॥

ਰਾਜਾ ਉਨ੍ਹਾਂ ਦੀ ਸਭ ਪ੍ਰਕਾਰ ਨਾਲ ਸੇਵਾ ਕਰਵਾਉਂਦਾ ਸੀ ਤੇ ਭਾਈ ਗੁਰਦਾਸ ਜੀ ਉਨ੍ਹਾਂ ਨੂੰ ਗੁਰੂ ਜੀ ਦੇ ਸ਼ਬਦਾਂ ਦੇ ਅਰਥ ਸੁਣਾਉਂਦੇ ਸਨ। ਮਹਾਨ ਤੋਂ ਮਹਾਨ ਮਹਿਮਾ ਹੋ ਗਈ, ਫਿਰ ਵੀ ਆਪਣੇ ਗੁਰੂ ਜੀ ਵਾਲੇ ਪਾਸੇ ਤੋਂ ਦੁਖ ਪਾ ਰਿਹਾ ਸੀ॥੫੪॥

ਬੀਤਜੋ ਚਿਰ ਦਰਸ਼ਨ ਤੇ ਹੀਨ। ਤਰਫਤਿ ਚਿਤ ਜਿਮ ਜਲ ਬਿਨ ਮੀਨ।
ਸੁਖਦ ਵਸਤੁ ਬਹੁ ਮੋਲੀ ਆਵੈ। ਗੁਰੂ ਬਿਰਹਿ ਕਰਿ ਨਹਿਂ ਉਰ ਭਾਵੈ॥੫੫॥

ਗੁਰੂ ਜੀ ਦੇ ਦਰਸ਼ਨ ਕੀਤਿਆਂ ਨੂੰ ਬਹੁਤ ਸਮਾਂ ਬੀਤ ਗਿਆ ਸੀ। ਦਿਲ ਇਸ ਤਰ੍ਹਾਂ ਤੜਫਦਾ ਰਹਿੰਦਾ ਸੀ ਜਿਵੇਂ ਜਲ ਬਗ਼ੈਰ ਮੱਛੀ ਤੜਫਦੀ ਹੈ। ਸੁਖ ਦੇਣ ਵਾਲੀਆਂ ਸਾਰੀਆਂ ਬਹੁਤ ਕੀਮਤੀ ਵਸਤਾਂ ਆਉਂਦੀਆਂ ਸਨ, ਪਰ ਗੁਰੂ ਜੀ ਦਾ ਵਿਛੋੜਾ ਕਰਕੇ ਕੁਝ ਵੀ ਚੰਗਾ ਨਹੀਂ ਸੀ ਲੱਗਦਾ॥੫੫॥

ਜਿਮ ਚਾਤ੍ਰਿਕ ਇਕ ਬੂੰਦ ਚਹੰਤਾ। ਆਦਿ ਸਿੰਧੁ ਨਦਿ ਨੀਰ ਤਜੰਤਾ।
ਜਥਾ ਕੰਤ ਕੇ ਬ੍ਰਿਹੁ ਕਰਿ ਤਰਨੀ। ਦੁਖਦ ਹੋਤਿ ਜੇ ਸੁਖਦਾ ਬਰਨੀ॥੫੬॥

ਜਿਵੇਂ ਚਾਤ੍ਰਿਕ ਇਕ ਬੂੰਦ ਨੂੰ ਚਾਹੁੰਦੀ ਹੈ, ਪਰ ਸਮੁੰਦਰ ਦਰਿਆ ਆਦਿ ਦਾ ਪਾਣੀ ਛੱਡ ਦਿੰਦੀ ਹੈ। ਜਿਵੇਂ ਇਸਤਰੀ ਆਪਣੇ ਪਤੀ ਦੇ ਵਿਛੋੜੇ ਵਿਚ ਦੁਖੀ ਹੁੰਦੀ ਹੈ, ਜਿਹੜੀ ਵਸਤੂ ਨੂੰ ਸੁਖਦਾਇਕ ਵਰਣਨ ਕਰਦੇ ਹਾਂ, ਉਹ ਅਸਲ ਵਿਚ ਦੁਖਦਾਈ ਹੁੰਦੀ ਹੈ॥੫੬॥

ਨੀਰ ਨੈਨ ਚਿਤ ਚੈਨ ਨ ਕੈਸੇ। ਦਰਬ ਕ੍ਰਿਪਨ ਕੋ ਬਿਨਸਤਿ ਜੈਸੇ।
ਦੁਰਜੋ ਲਹੈ ਸੰਕਟ ਉਰ ਭਾਰੇ। ਤਬਿ ਮਨ ਕਰਿ ਸਤਿਗੁਰੂ ਚਿਤਾਰੇ॥੫੭॥

ਅੱਖਾਂ ਵਿਚੋਂ ਪਾਣੀ ਵੱਗਦਾ ਹੈ, ਚਿੱਤ ਵਿਚ ਕਿਸੇ ਤਰ੍ਹਾਂ ਵੀ ਚੈਨ ਨਸੀਬ ਨਹੀਂ ਹੁੰਦਾ, ਜਿਵੇਂ ਕਿਸੇ ਕੰਜੂਸ ਦਾ ਧਨ ਗਵਾਚ ਗਿਆ ਹੋਵੇ। ਲੁੱਕ ਕੇ ਹਿਰਦੇ ਵਿਚ ਭਾਰੀ ਸੰਕਟ ਪਾਉਂਦੇ ਹਨ, ਤਦ ਮਨ ਕਰਕੇ ਸਤਿਗੁਰੂ ਦਾ ਸਿਮਰਨ ਕਰਦੇ ਹਨ॥੫੭॥

'ਹੇ ਗੁਰ ਅੰਤਰਜਾਮੀ ਸ੍ਵਾਮੀ!। ਬਖ਼ਸ਼ਤਿ ਸਦਾ ਸੇਵਕਨਿ ਖਾਮੀ।
ਦੀਨ ਦਯਾਲ ਗ਼ਰੀਬਨਿਵਾਜਾ!। ਨਾਮ ਕਹੈਂ ਇਮ ਰੰਕ ਕਿ ਰਾਜਾ॥੫੮॥

"ਹੇ ਗੁਰੂ ਅੰਤਰਜਾਮੀ ਸਵਾਮੀ ਜੀ! ਤੁਸੀਂ ਸਦਾ ਆਪਣੇ ਸੇਵਕਾਂ ਦੀ ਊਣਤਾਈ ਨੂੰ ਬਖ਼ਸ਼ ਦਿੰਦੇ ਹੋ, ਹੇ ਦੀਨ ਦਿਆਲ ਗ਼ਰੀਬ ਨਿਵਾਜ ਜੀ! ਤੁਹਾਨੂੰ ਅਮੀਰ ਗ਼ਰੀਬ ਸਭ ਏਸੇ ਨਾਂ ਨਾਲ ਯਾਦ ਕਰਦੇ ਹਨ॥੫੮॥

ਸਿਮਰਨ ਕਰਹੁ ਹਕਾਰਹੁ ਮੋਹੀ। ਨਹੀਂ ਆਪ ਤੇ ਆਵਨਿ ਹੋਹੀ।
ਨਹੀਂ ਦਾਸ ਕੇ ਬਸਿ ਕਿਸ ਭਾਂਤੀ। ਆਪ ਅਹੋ ਸਮਰਥ ਬੱਖਜਾਤੀ॥੫੯॥

ਮੈਨੂੰ ਯਾਦ ਕਰਕੇ ਵਾਪਸ ਬੁਲਾ ਲਵੋ, ਜੇ ਆਪ ਪਾਸੋਂ ਆਇਆ ਨਹੀਂ ਜਾਂਦਾ ਹੈ। ਮੇਰੇ ਦਾਸ ਦੇ ਕਿਸੇ ਪ੍ਰਕਾਰ ਕੁਝ ਵੀ ਵੱਸ ਵਿਚ ਨਹੀਂ ਹੈ, ਆਪ ਹਰ ਤਰ੍ਹਾਂ ਸਮਰੱਥ ਹੋ, ਇਹ ਸਾਰੇ ਪ੍ਰਗਟ ਹੈ॥੫੯॥

ਜਿਮ ਚਾਹਹੁ ਤਿਮ ਰਚਹੁ ਗੁਸਾਈਂ। ਬਿਗਰੇ ਸੁਧਰਹਿਂ ਸੁਧਿ ਬਿਗਰਾਹੀਂ।
ਇਮਿ ਬਿਨਤੀ ਕਰਿ ਕਵਿਤ ਬਨਾਏ। ਗੁਰੂ ਧਯਾਨ ਕਰਿ ਦੇਤਿ ਸੁਨਾਏ॥੬੦॥

ਹੇ ਸਵਾਮੀ ਜੀ! ਜਿਵੇਂ ਚਾਹੁੰਦੇ ਹੋ, ਉਸ ਤਰ੍ਹਾਂ ਹੀ ਕਰਦੇ ਹੋ, ਵਿਗੜਿਆਂ ਨੂੰ ਸੁਧਾਰ ਦਿੰਦੇ ਹੋ, ਜੇ ਸੁਧਰੇ ਹੋਏ ਵਿਗੜ ਜਾਣ ਤਾਂ ਉਨ੍ਹਾਂ ਨੂੰ ਵੀ ਸੁਧਾਰ ਦਿੰਦੇ ਹੋ।" ਇਸ ਤਰ੍ਹਾਂ ਬੇਨਤੀ ਕਰਕੇ ਕਵਿਤਾ ਬਣਾਉਂਦੇ ਸਨ ਤੇ ਗੁਰੂ ਜੀ ਦਾ ਧਿਆਨ ਧਾਰ ਕੇ ਸੁਣਾ ਦਿੰਦੇ ਸਨ॥੬੦॥

*ਕਬਿੱਤ*–'ਗਾਇ ਸੁਤ ਜੈਸੇ ਮਿਲ ਮਾਤ ਮਨ ਚਾਹਿ ਐਸੁ ਕੂਦ ਬਿਲਲਾਯ, ਗਰ ਬੰਧਨ ਬਸਾਇ ਨਾ।
ਜੈਸਿ ਤੇ ਬਿਗਾਰ ਨਿਜ ਧਾਮ ਕੋ ਪਧਾਰ ਚਾਹੈ, ਜਾਨ ਪਰਾਧੀਨ ਚਿੰਤ ਚਿਤਵਤਿ ਜਾਇ ਨਾ।
ਜੈਸੇ ਬਿਰਹਨੀ ਪਤਿ ਸੰਗ ਕੋ ਸਨੇਹ ਚਾਹੈ, ਦੇਖਿ ਕੁਲ ਅੰਕ ਲਾਜ ਸੰਗਮ ਸੁ ਪਾਇ ਨਾ।
ਤੈਸਿ ਹੌਂ ਸ਼ਰੰਨ ਗੁਰ ਚਰਨਨ ਚਾਹ ਸਦਾ ਆਇਸੁ ਬਿਦੇਸ ਬਸਿ ਅਤਿ ਬਿਲਲਾਇ ਨਾ॥੬੧॥

ਜਿਵੇਂ ਗਾਂ ਦਾ ਵੱਛਾ ਆਪਣੀ ਮਾਤਾ ਨੂੰ ਮਿਲਣਾ ਚਾਹੁੰਦਾ ਹੈ ਤੇ ਕੁਦ-ਕੁਦ ਕੇ ਵਿਲਕਦਾ ਹੈ ਪਰ ਗਲ ਵਿਚ ਰੱਸਾ ਪਿਆ ਹੋਣ ਕਰਕੇ ਉਸ ਦੇ ਕੁਝ ਵੀ ਵੱਸ ਵਿਚ ਨਹੀਂ ਚਲਦਾ ਹੈ। ਜਿਵੇਂ ਪਰਾਏ ਵੱਸ ਹੋਇਆ ਵਿਅਕਤੀ ਆਪਣੇ ਘਰ ਨੂੰ ਜਾਣਾ ਚਾਹੁੰਦਾ, ਪਰ ਪਰਅਧੀਨ ਹੋਣ ਕਰਕੇ ਚਿੰਤਾ ਕਰਦਾ ਤੇ ਉਸ ਪਾਸੋਂ ਜਾਇਆ ਨਹੀਂ ਜਾਂਦਾ। ਜਿਵੇਂ ਆਪਣੇ ਪਤੀ ਤੋਂ ਵੱਖ ਹੋਈ ਇਸਤਰੀ ਆਪਣੇ ਪਤੀ ਦਾ ਸੰਗ ਤੇ ਪਿਆਰ ਚਾਹੁੰਦੀ ਹੈ, ਪਰ ਕੁਲ ਲਾਜ ਦਾ ਅੰਕੁਸ਼ ਵੇਖ ਕੇ ਮਿਲਾਪ ਨਹੀਂ ਪਾਉਂਦੀ ਹੈ। ਉਸ ਤਰ੍ਹਾਂ ਭਾਈ ਗੁਰਦਾਸ ਜੀ ਨੂੰ ਗੁਰੂ ਜੀ ਦੇ ਚਰਨਾਂ ਦੀ ਸ਼ਰਨ ਦੀ ਸਦਾ ਚਾਹਤ ਹੈ, ਪਰ ਆਗਿਆ ਦੇ ਵੱਸ ਵਿਦੇਸ਼ ਵਿਚ ਹਨ ਜਿਸ ਕਰਕੇ ਅਤਿ ਵਿਆਕੁਲ ਹਨ॥ ੬੧॥

*ਸੈਯਾ*-ਮੀਨ ਸਦਾ ਜਿਮ ਚਾਹਤਿ ਨੀਰ ਕੋ ਚਾਤ੍ਰਿਕ ਬੂੰਦ ਸਦਾ ਮਨ ਚਾਹੈ।
ਨੀਰਜ ਚਾਹਿ ਸਦਾ ਰਵਿ ਕੀ ਪੁਨ ਔ ਨਲਿਨੀ ਸਸਿ ਦੇਖਿ ਉਮਾਹੈ।
ਅੱਗ੍ਰਜ ਤਾੜਿਤਿ ਹੈ ਸਭਿ ਹੀ ਵਹੁ ਪ੍ਰੀਤ ਨ ਤਜਾਗ ਸਦਾ ਰੁਚਿ ਆਹੈ।
ਤੈਸਿ ਪ੍ਰਭੂ ਮਮ ਪ੍ਰੀਤ ਰਿਦੈ ਤੁਮ ਤਾੜਤਿ ਹੋ ਜਨ ਪ੍ਰੀਤਿ ਵਧਾ ਹੈ ॥੬੨॥

ਜਿਵੇਂ ਮੱਛੀ ਸਦਾ ਪਾਣੀ ਨੂੰ ਚਾਹੁੰਦੀ ਹੈ, ਤੇ ਚਾਤ੍ਰਿਕ ਸਦਾ ਸਵਾਂਤ ਬੂੰਦ ਦੀ ਮਨ ਵਿਚ ਚਾਹਤ ਰਖਦੀ ਹੈ। ਕੰਵਲ ਸਦਾ ਸੂਰਜ ਨੂੰ ਚਾਹੁੰਦਾ ਹੈ ਤੇ ਕਵੀ ਚੰਦਰਮਾ ਨੂੰ ਵੇਖ ਉਤਸ਼ਾਹਿਤ ਹੋ ਜਾਂਦੇ ਹਨ। ਜਿਵੇਂ-ਜਿਵੇਂ ਵੱਡਾ ਭਰਾ ਸਾਰਿਆਂ ਨੂੰ ਤਾੜਦਾ ਹੈ, ਤੇ ਉਹ ਪ੍ਰੀਤ ਨਾ ਤਿਆਗ ਕੇ ਸਦਾ ਆਪਣੀ ਮਰਜ਼ੀ ਚਾਹੁੰਦਾ ਹੈ। ਉਸ ਤਰ੍ਹਾਂ ਹੇ ਪ੍ਰਭੂ ਮੇਰੇ ਹਿਰਦੇ ਦੀ ਪ੍ਰੀਤ ਨੂੰ ਤਾੜਦੇ ਹੋ, ਮਾਨੋਂ ਪ੍ਰੀਤ ਵਧੀ ਹੈ॥੬੨॥

*ਚੌਪਈ*-ਇੱਤਜਾਦਿਕ ਬਨਾਇ ਕਰਿ ਬਾਨੀ। ਪੁਨਹਿ ਸੁਨਾਵੈ ਬਨਿ ਗੁਰ ਧਜਾਨੀ।
'ਭੂਲ ਪਰਜੋ ਮੈਂ ਆਇ ਬਿਦੇਸ਼ਾ। ਚਰਨ ਕਮਲ ਚਿਤ ਚਾਹਿ ਬਿਸ਼ੇਸ਼ਾ ॥੬੩॥.

ਇਤਿਆਦਿ ਕਵਿਤਾ ਬਣਾ ਕੇ, ਫਿਰ ਗੁਰੂ ਜੀ ਦਾ ਧਿਆਨ ਧਾਰ ਕੇ ਸੁਣਾਉਂਦੇ ਸੀ। ਕਹਿੰਦੇ ਸੀ, "ਮੈਂ ਵਿਦੇਸ਼ ਵਿਚ ਆਉਣ ਦੀ ਭੁੱਲ ਕੀਤੀ ਹੈ, ਮੇਰੇ ਚਿੱਤ ਵਿਚ ਤੁਹਾਡੇ ਚਰਨ ਕੰਵਲਾਂ ਦੀ ਬਹੁਤ ਚਾਹਤ ਹੈ॥੬੩॥

ਕਰਹੁ ਕ੍ਰਿਪਾ ਨਿਜ ਦਰਸ ਦਿਖਾਵਹੁ। ਬਖ਼ਸ਼ਹੁ ਮੋਹਿ ਜਿ ਅਵਗੁਨ ਪਾਵਹੁ'।
ਹੁਇ ਇਕਾਂਤ ਇਵ ਬਿਨਤੀ ਕਰੈ। ਧਜਾਨ ਰਿਦੈ ਨਿਸ ਬਾਸੁਰ ਧਰੈ ॥੬੪॥

ਕਿਰਪਾ ਕਰਕੇ ਆਪਣੇ ਦਰਸ਼ਨ ਵਿਖਾਓ, ਜੇ ਮੈਥੋਂ ਕੋਈ ਔਗੁਣ ਹੋ ਗਿਆ ਹੈ ਤਾਂ ਬਖ਼ਸ਼ ਲਵੋ' ਇਕਾਂਤ ਵਿਚ ਹੋ ਕੇ ਇਸ ਤਰ੍ਹਾਂ ਬੇਨਤੀ ਕਰਦਾ ਸੀ ਤੇ ਦਿਨ ਰਾਤ ਹਿਰਦੇ ਵਿਚ ਧਿਆਨਧਾਰੀ ਰੱਖਦਾ ਸੀ॥੬੪॥

ਸਭਿ ਸਤਿਗੁਰ ਨੇ ਤਿਸ ਕੀ ਜਾਨੀ। ਹਤਜੋ ਗਰਬ ਅਬਿ ਭਾ ਨਿਰਮਾਨੀ।
ਇਕ ਦਿਨ ਬੈਠੇ ਬੀਚ ਦਿਵਾਨ। ਸਭਿਨਿ ਸੁਨਾਵਤਿ ਕੀਨਿ ਬਖਾਨ ॥੬੫॥

ਸਤਿਗੁਰੂ ਹਰਿਗੋਬਿੰਦ ਸਾਹਿਬ ਨੇ ਉਸ ਦੇ ਹਿਰਦੇ ਦੀ ਸਾਰੀ ਗੱਲ ਜਾਣ ਲਈ, ਸੋਚਿਆ "ਹੁਣ ਘੁਮੰਡ ਦੂਰ ਹੋ ਗਿਆ ਹੈ ਤੇ ਬਹੁਤ ਨਿਮਾਣਾ ਹੋ ਗਿਆ ਹੈ।" ਇਕ ਦੀਵਾਨ ਦੇ ਵਿਚ ਬੈਠੇ ਸਨ, ਸਾਰਿਆਂ ਨੂੰ ਸੁਣਾ ਕੇ ਕਿਹਾ॥੬੫॥

'ਕਿਸ ਕਾਰਨ ਤੇ ਗਾ ਗੁਰਦਾਸ ?। ਹਯ ਖਰੀਦ ਨਹਿਂ ਪਹੁੰਚਜੋ ਪਾਸ।
ਕਹਾਂ ਗਯੋ, ਕੋ ਸੁਧਿ ਨਹਿਂ ਆਈ ?। ਕੋ ਬਿਗਾਰ ਹੋਯੋ ਕਿਸ ਥਾਈਂ? ॥੬੬॥

"ਕਿਸ ਕਾਰਨ ਭਾਈ ਗੁਰਦਾਸ ਚਲੇ ਗਏ ਹਨ? ਘੋੜੇ ਖਰੀਦਣ ਗਏ ਸਨ ਤੇ ਵਾਪਿਸ ਮੇਰੇ ਪਾਸ ਨਹੀਂ ਆਏ ਹਨ। ਕਿਥੇ ਗਏ ਹਨ ਕੋਈ ਖਬਰ ਨਹੀਂ ਪ੍ਰਾਪਤ ਹੋਈ ਹੈ। ਕਿਸੇ ਥਾਂ ਕੀ ਵਿਗਾੜ ਹੋ ਗਿਆ ਹੈ॥੬੬॥

ਗੁਰ ਘਰ ਸਗਰੀ ਬੈਸ ਬਿਤਾਈ। ਸੁਮਤਿ ਪ੍ਰਬੀਨ ਹੁਤੇ ਬਹੁ ਭਾਈ।
ਬਿਨਾਂ ਮਿਲੇ ਕਜੋਂ ਆਨ ਪਧਾਰਾ। ਹਮ ਨਹਿਂ ਕਿਸ ਪ੍ਰਤਿ ਕਛੂ ਉਚਾਰਾ ॥੬੭॥

ਗੁਰੂ ਘਰ ਵਿਚ ਉਸ ਸਾਰੀ ਉਮਰ ਬਤੀਤ ਕੀਤੀ ਹੈ, ਭਾਈ ਗੁਰਦਾਸ ਜੀ ਸ੍ਰੇਸ਼ਟ ਬੁੱਧੀ ਵਾਲੇ ਹਰ ਗੱਲ ਵਿਚ ਨਿਪੁੰਨ ਹਨ। ਮੈਨੂੰ ਮਿਲਣ ਤੋਂ ਬਗੈਰ ਹੋਰ ਕਿਸੇ ਥਾਂ ਕਿਉਂ ਚਲੇ ਗਏ ਹਨ, ਅਸੀਂ ਤਾਂ ਕਿਸੇ ਬਾਰੇ ਕੁਝ ਨਹੀਂ ਕਿਹਾ ਹੈ॥੬੭॥

ਕਿਤ ਸੁਧਿ ਕਿਸ ਨੇ ਸੁਨੀ ਸੁਨਾਵਹੁ। ਕਜੋਂ ਗਮਨਜੋਂ? ਥਿਰ ਕਹਾਂ? ਬਤਾਵਹੁ।
ਬਿਧੀ ਚੰਦ ਜੇਠਾਦਿਕ ਪਾਸ। ਬੋਲੇ ਹਾਥ ਜੋਰਿ ਅਰਦਾਸ॥ ੬੮॥

ਜੇ ਕਿਸੇ ਨੇ ਉਸ ਬਾਰੇ ਖਬਰ ਸੂਹ ਸੁਣੀ ਹੋਵੇ ਤਾਂ ਸੁਣਾਵੋ, ਕਿਉਂ ਗਿਆ? ਕਿਥੇ ਠਹਿਰਿਆ ਹੈ? ਇਸ ਬਾਰੇ ਦੱਸੋ' ਭਾਈ ਬਿਧੀ ਚੰਦ ਅਤੇ ਭਾਈ ਜੇਠਾ ਪਾਸ ਬੈਠੇ ਸਨ, ਹੱਥ ਜੋੜ ਕੇ ਉਨ੍ਹਾਂ ਬੇਨਤੀ ਕੀਤੀ॥੬੮॥

'ਭੂਤ ਭਵਿੱਖਤ ਅਰੁ ਬ੍ਰਤਮਾਨ। ਰਾਵਰਿ ਉਰ ਗਜਾਤਾ ਸਭਿ ਥਾਨ।
ਜਾਨਹੁ ਆਪ ਗਯੋ ਕਿਸ ਹੇਤੁ। ਕਹਾਂ ਜਾਇ ਬਸਿ ਕਰੇ ਨਿਕੇਤ'॥ ੬੯॥

''ਭੂਤ, ਭਵਿੱਖ ਅਤੇ ਵਰਤਮਾਨ, ਆਪ ਜੀ ਦੇ ਹਿਰਦੇ ਵਿਚ ਹਰ ਸਥਾਨ ਦੀ ਜਾਣਕਾਰੀ ਹੈ। ਤੁਸੀਂ ਇਹ ਚੰਗੀ ਤਰ੍ਹਾਂ ਜਾਣਦੇ ਹੋ ਕਿ ਕਿਸ ਵਾਸਤੇ ਗਿਆ ਹੈ, ਕਿਥੇ ਘਰ ਬਣਾ ਕੇ ਉਹ ਵੱਸ ਰਿਹਾ ਹੈ''॥੬੯॥

ਸੁਨਿ ਸਤਿਗੁਰ ਤਬਿ ਤੂਸ਼ਨਿ ਭਏ। ਅਗਲੇ ਦਿਵਸ ਸਭਾ ਥਿਰ ਥਏ।
ਪ੍ਰੇਮ ਵਧਹਿ ਗੁਰਦਾਸਹਿ ਜਜੋਂ ਜਜੋਂ। ਗੁਰ ਚਿਤ ਖਿਚਤਿ ਹੋਤਿ ਹੈ ਤਜੋਂ ਤਜੋਂ॥੭੦॥

ਇਹ ਸੁਣ ਕੇ ਸਤਿਗੁਰੂ ਜੀ ਚੁੱਪ ਹੋ ਗਏ, ਅਗਲੇ ਦਿਨ ਸਭਾ ਵਿਚ ਬੈਠੇ ਸਨ। ਜਿਵੇਂ ਭਾਈ ਗੁਰਦਾਸ ਦੇ ਹਿਰਦੇ ਵਿਚ ਪ੍ਰੇਮ ਵਧਦਾ ਸੀ ਗੁਰੂ ਜੀ ਦਾ ਚਿੱਤ ਤਿਵੇਂ-ਤਿਵੇਂ ਖਿਚਿਆ ਜਾ ਰਿਹਾ ਸੀ॥੭੦॥

ਬਿਨਾ ਪਠੇ ਨਰ ਉਰ ਅਕੁਲਾਏ। ਬਸੀ ਪ੍ਰੇਮ ਕੇ ਸਹਿਜ ਸੁਭਾਏ।
ਬਿਲਮਜੋ ਜਾਇ ਨਹੀਂ ਕਿਸ ਕਾਲ। ਭਈ ਪ੍ਰੇਮ ਕੀ ਖੈਂਚ ਬਿਸਾਲ॥ ੭੧॥

ਸਿੱਖਾਂ ਨੂੰ ਭੇਜਣ ਤੋਂ ਬਗੈਰ ਦਿਲ ਵਿਚ ਬਹੁਤ ਵਿਆਕੁਲ ਹੋ ਗਏ, ਸਹਿਜ ਸੁਭਾਅ ਪ੍ਰੇਮ ਦੇ ਵੱਸ ਹੋ ਗਏ। ਹੁਣ ਹੋਰ ਸਮੇਂ ਲਈ ਅਟਕਿਆ ਨਹੀਂ ਸੀ ਜਾਂਦਾ, ਪ੍ਰੇਮ ਦੀ ਵੱਡੀ ਖਿੱਚ ਵੱਜੀ॥੭੧॥

ਚਹਤਿ ਟਰਜੋ ਕੇਤਿਕ ਦਿਨ ਔਰ। ਤਊ ਨ ਟਰਜੋ ਜਾਤਿ ਸੁਖ ਠੌਰ।
ਪਠਨਿ ਹੇਤੁ ਮਾਨਵ ਤਤਕਾਲ। ਕੀਨਸਿ ਤਜਾਰੀ ਗੁਰੂ ਕ੍ਰਿਪਾਲ॥ ੭੨॥

ਕੁਝ ਦਿਨ ਹੋਰ ਟਾਲਣਾ ਚਾਹੁੰਦੇ ਸੀ, ਫਿਰ ਸੁੱਖਾਂ ਦੀ ਥਾਂ ਭਾਵ ਗੁਰੂ ਜੀ ਪਾਸੋਂ ਅਟਕਿਆ ਨਾ ਗਿਆ। ਤੁਰਤ ਮਨੁੱਖਾਂ ਨੂੰ ਭੇਜਣ ਵਾਸਤੇ, ਕਿਰਪਾਲੂ ਗੁਰੂ ਜੀ ਨੇ ਤਿਆਰੀ ਕਰ ਲਈ॥੭੨॥

*ਸਤਵੀਂ ਰਾਸ ਦਾ ਚੌਥਾ ਅਧਿਆਇ ਸਮਾਪਤ ਹੋਇਆ॥ ੪॥*

# ਅਧਿਆਇ ਪੰਜਵਾਂ

## ਭਾਈ ਗੁਰਦਾਸ ਕਾਂਸ਼ੀ ਤੋਂ ਅੰਮ੍ਰਿਤਸਰ ਆਏ

ਦੋਹਰਾ-ਪ੍ਰੇਮ ਮਹਾਂ ਗੁਰਦਾਸ ਕੋ ਖੈਂਚ ਲੀਨਿ ਗੁਰ ਚੀਤ।
ਕਰਜੋ ਤਯਾਰ ਤਬਿ ਮੇਵਰੋ ਪੁਨ ਪਰਖਨ ਕੀ ਰੀਤਿ॥ ੧॥

ਭਾਈ ਗੁਰਦਾਸ ਜੀ ਦੇ ਮਹਾਨ ਪ੍ਰੇਮ ਨੇ ਗੁਰੂ ਜੀ ਦੇ ਚਿੱਤ ਨੂੰ ਖਿੱਚ ਲਿਆ। ਉਨ੍ਹਾਂ ਨੇ ਇਕ ਹਰਕਾਰੇ ਨੂੰ ਪਹਿਲਾਂ ਪਰਖਣ ਦੀ ਰੀਤ ਬਣਾ ਕੇ ਤਿਆਰ ਕੀਤਾ॥੧॥

ਚੌਪਈ- ਲਿਖਯੋ ਹੁਕਮ ਨਾਵਾਂ ਤਬਿ ਐਸੇ। ਬਰਨਨ ਕਰੌਂ ਸੁਨਾਵੌਂ ਤੈਸੇ।
'ਕਾਸ਼ੀ ਈਸ਼ ਗੁਰੂ ਸਿਖ! ਸੁਨੀਅਹਿ। ਤੁਵ ਢਿਗ ਚੋਰ ਗੁਰੂ ਕੋ ਜਨੀਅਹਿ॥੨॥

ਫਿਰ ਇਕ ਹੁਕਮਨਾਮਾ ਇਸ ਤਰ੍ਹਾਂ ਲਿਖਿਆ, ਜਿਵੇਂ ਉਨ੍ਹਾਂ ਨੇ ਵਰਣਨ ਕੀਤਾ, ਉਸ ਤਰ੍ਹਾਂ ਮੈਂ ਸੁਣਾਉਂਦਾ ਹਾਂ। "ਹੇ ਗੁਰੂ ਜੀ ਦੇ ਸਿੱਖ, ਕਾਂਸ਼ੀ ਦੇ ਰਾਜੇ! ਸੁਣੋ, ਪਤਾ ਲੱਗਾ ਹੈ ਕਿ ਤੁਹਾਡੇ ਪਾਸ ਇਕ ਗੁਰੂ ਜੀ ਦਾ ਚੋਰ ਰਹਿੰਦਾ ਹੈ॥੨॥

ਬਾਸ ਕਰਹਿ ਕਾਂਸ਼ੀ ਮੈਂ ਹੋਇ। ਖੋਜਹੁ ਦਿਹੁ ਮੁਸ਼ਕਾਂ ਬੰਧਿ ਸੋਇ।
ਨਾਮ ਅਹੈ ਤਿਸ ਕੋ ਗੁਰਦਾਸ। ਕਰਿ ਕੈ ਕੈਦ ਪਠਹੁ ਹਮ ਪਾਸ॥ ੩॥

ਉਹ ਕਾਂਸ਼ੀ ਵਿਚ ਆ ਕੇ ਵਸਦਾ ਹੈ, ਉਸ ਨੂੰ ਲੱਭ ਕੇ ਮੁਸ਼ਕਾਂ ਬੰਨ੍ਹ ਕੇ ਭੇਜ ਦੇਵੋ, ਉਸ ਦਾ ਨਾਂ ਗੁਰਦਾਸ ਹੈ, ਉਸ ਨੂੰ ਕੈਦ ਕਰਕੇ ਸਾਡੇ ਪਾਸ ਭੇਜੋ॥੩॥

ਤਬਿ ਹੁਇ ਗੁਰ ਕੀ ਖੁਸ਼ੀ ਬਿਸਾਲਾ। ਖੋਜਹੁ ਚੋਰ ਪਠਹੁ ਤਤਕਾਲਾ'।
ਲਿਯੋ ਹੁਕਮ ਨਾਵਾਂ ਤਬਿ ਗਯੋ। ਕਾਂਸ਼ੀ ਪੁਰਿ ਮਹਿਂ ਪ੍ਰਾਪਤਿ ਭਯੋ॥੪॥

ਫਿਰ ਆਪ ਉਤੇ ਗੁਰੂ ਜੀ ਦੀ ਵਿਸ਼ਾਲ ਖੁਸ਼ੀ ਹੋਵੇਗੀ, ਚੋਰ ਨੂੰ ਲਭ ਕੇ ਤੁਰਤ ਭੇਜ ਦੇਵੋ।" ਹਰਕਾਰਾ ਹੁਕਮਨਾਮਾ ਲੈ ਕੇ ਚਲਾ ਗਿਆ ਤੇ ਕਾਂਸ਼ੀ ਨਗਰ ਵਿਚ ਪਹੁੰਚ ਗਿਆ॥੪॥

ਸਭਾ ਬਿਖੈ ਜਹਿਂ ਹੁਤੋ ਮਹੀਪ। ਤਿਹ ਠਾਂ ਪਹੁੰਚਤਿ ਭਯੋ ਸਮੀਪ।
ਦਿਯੋ ਹੁਕਮ ਨਾਮਾ ਨ੍ਰਿਪ ਚੀਨਾ। ਕਰਿ ਸਨਮਾਨ ਸੀਸ ਧਰਿ ਲੀਨਾ॥੫॥

ਸਭ ਵਿਚ ਜਿਥੇ ਰਾਜਾ ਬੈਠਾ ਹੋਇਆ ਸੀ, ਉਸ ਥਾਂ ਪਹੁੰਚ ਕੇ ਉਹ ਰਾਜੇ ਦੇ ਪਾਸ ਚਲਾ ਗਿਆ। ਰਾਜੇ ਨੂੰ ਪਹਿਚਾਣ ਕੇ ਉਸ ਹੁਕਮਨਾਮਾ ਦੇ ਦਿੱਤਾ ਤੇ ਸਨਮਾਨ ਕਰਕੇ ਸਿਰ ਨਿਵਾਇਆ॥੫॥

ਪਠਿ ਕਰਿ ਸਕਲ ਜਾਨਿ ਅਹਿਵਾਲ। ਬੂਝੀ ਸਭਾ ਸਰਬ ਤਿਸ ਕਾਲ।
'ਗੁਰ ਕੀ ਵਸਤੁ ਕੌਨ ਲੈ ਆਵਾ?। ਪੁਰੀ ਬਿਖੈ ਹੁਇ ਹੈ ਕਿਸ ਥਾਵਾ॥੬॥

ਹੁਕਮਨਾਮਾ ਪੜ੍ਹ ਕੇ ਰਾਜਾ ਸਾਰੇ ਹਾਲਾਤ ਤੋਂ ਜਾਣੂ ਹੋਇਆ ਤੇ ਸਾਰੀ ਸਭਾ ਨੂੰ ਉਸ ਸਮੇਂ ਪੁਛਿਆ, 'ਗੁਰੂ ਜੀ ਦੀ ਵਸਤੂ ਕੌਣ ਲੈ ਆਇਆ ਹੈ, ਨਗਰ ਵਿਚ ਉਹ ਇਸ ਸਮੇਂ ਕਿਥੇ ਹੋਵੇਗਾ'॥੬॥

ਸਭਿ ਨੇ ਭਨਜੋ 'ਨ ਅਸ ਕੋ ਆਯੋ। ਜੇ ਆਯੋ ਲਿਹੁ ਨਗਰ ਖੁਜਾਯੋ'।
ਤਬਿ ਰਾਜੇ ਡਿੰਡਮ ਤਹਿਂ ਫੇਰਾ। 'ਕਿਹ ਥਲ ਗੁਰੂ ਚੋਰ ਕਿਨ ਹੇਰਾ?'॥੭॥

ਸਾਰਿਆਂ ਨੇ ਕਿਹਾ, "ਐਸਾ ਕੋਈ ਵਿਅਕਤੀ ਨਹੀਂ ਆਇਆ ਹੈ ਜੇ ਆਇਆ ਹੈ ਤਾਂ ਨਗਰ ਵਿਚ ਖੋਜ ਕਰ ਲਵੋ।" ਤਦ ਰਾਜੇ ਨੇ ਢੰਢੋਰਾ ਫੇਰ ਦਿੱਤਾ, "ਕਿਸੇ ਥਾਂ ਕਿਸੇ ਨੇ ਗੁਰੂ ਜੀ ਦਾ ਚੋਰ ਵੇਖਿਆ ਹੋਵੇ ?"॥੭॥

ਫਿਰਜੋ ਨਗਰ ਸਾਰੇ ਕਹਿ ਪਾਯੋ। ਪੁਨ ਗੁਰਦਾਸ ਸਭਾ ਚਲਿ ਆਯੋ।
ਉਚਾਸਨ ਪਰ ਬੈਠਿ ਉਚਾਰੇ। ਸਤਿਗੁਰ ਸ਼ਬਦ ਕਰਤਿ ਨਿਰਧਾਰੇ॥ ੮॥

ਢੰਢੋਰਚੀ ਸਾਰੇ ਨਗਰ ਵਿਚ ਢੰਢੋਰਾ ਕਹਿੰਦਾ ਫਿਰਿਆ ਤੇ ਲੋਕਾਂ ਨੂੰ ਚੰਗੀ ਤਰ੍ਹਾਂ ਸੁਣਾ ਦਿੱਤਾ। ਫਿਰ ਭਾਈ ਗੁਰਦਾਸ ਜੀ ਸਭਾ ਵਿਚ ਚਲ ਕੇ ਆਏ। ਉੱਚੇ ਆਸਣ ਉੱਤੇ ਬੈਠ ਗਏ ਤੇ ਸਤਿਗੁਰੂ ਜੀ ਦੇ ਕਹੇ ਸ਼ਬਦਾਂ ਦਾ ਨਿਰਧਾਰਨ ਕਰਨ ਲੱਗੇ॥੮॥

ਭੋਗ ਪਰਜੋ ਨ੍ਰਿਪ ਭਨਜੋ ਪ੍ਰਸੰਗ। 'ਗੁਰ ਕੀ ਬਾਤ ਕਹੋਂ ਤੁਮ ਸੰਗ।
ਲਿਏ ਹੁਕਮਨਾਮਾ ਨਰ ਆਯੋ। ਪਠਜੋ ਪ੍ਰਾਤਿ ਇਮ ਗੁਰ ਫੁਰਮਾਯੋ॥ ੯॥

ਜਦ ਭੋਗ ਪਿਆ ਤੇ ਰਾਜੇ ਨੇ ਪ੍ਰਸੰਗ ਸੁਣਾਇਆ, "ਗੁਰੂ ਜੀ ਦੀ ਗੱਲ ਤੁਹਾਡੇ ਨਾਲ ਕਹਿੰਦਾ ਹਾਂ। ਇਕ ਮਨੁੱਖ ਉਨ੍ਹਾਂ ਵਲੋਂ ਹੁਕਮ ਲੈ ਕੇ ਆਇਆ ਹੈ, ਗੁਰੂ ਜੀ ਨੇ ਹਰਕਾਰੇ ਨੂੰ ਭੇਜ ਕੇ ਇਸ ਤਰ੍ਹਾਂ ਫੁਰਮਾਇਆ ਹੈ॥੯॥

ਚੋਰ ਹਮਾਰੋ ਇਕ ਤੁਮ ਪਾਸ। ਆਇ ਬਸਜੋ ਆਖਜ ਗੁਰਦਾਸ।
ਤਿਸ ਕੀ ਮੁਸ਼ਕਾਂ ਬੰਧਿ ਪਠਾਵਹੁ। ਕਾਰਜ ਕਰਹੁ ਖੁਸ਼ੀ ਗੁਰ ਪਾਵਹੁ॥ ੧੦॥

ਇਕ ਸਾਡਾ ਚੋਰ ਤੁਹਾਡੇ ਪਾਸ ਹੈ, ਉਹ ਤੁਹਾਡੇ ਪਾਸ ਆ ਕੇ ਵੱਸਿਆ ਹੈ ਤੇ ਉਸ ਦਾ ਨਾਮ ਗੁਰਦਾਸ ਹੈ, ਉਸ ਦੀਆਂ ਮੁਸ਼ਕਾਂ ਬੰਨ੍ਹ ਕੇ ਸਾਡੇ ਪਾਸ ਭੇਜੋ, ਇਹ ਕਾਰਜ ਕਰਕੇ ਗੁਰੂ ਜੀ ਦੀਆਂ ਖੁਸ਼ੀਆਂ ਪਾਵੋ" ॥੧੦॥

ਹਮ ਨੇ ਸਗਰੋ ਪੁਰਿ ਖੁਜਵਾਯੋ। ਕਿਸੀ ਸਥਾਨ ਨਹੀਂ ਸੋ ਪਾਯੋ।
ਸੁਨਿ ਗੁਰਦਾਸ ਸੁ ਚਿੱਤ ਬਿਚਾਰੀ। ਮਹਿਪਾਲਕ ਕੇ ਸੰਗ ਉਚਾਰੀ॥ ੧੧॥

ਅਸੀਂ ਸਾਰੇ ਨਗਰ ਵਿਚ ਢੰਢੋਰਾ ਫੇਰ ਕੇ ਲਭਿਆ ਹੈ, ਪਰ ਕਿਸੇ ਥਾਂ ਵੀ ਮਿਲਿਆ ਨਹੀਂ ਹੈ।" ਇਹ ਸੁਣ ਕੇ ਭਾਈ ਗੁਰਦਾਸ ਨੇ ਚਿੱਤ ਵਿਚ ਵਿਚਾਰ ਕੀਤੀ ਤੇ ਰਾਜੇ ਨੂੰ ਇਸ ਪ੍ਰਕਾਰ ਕਿਹਾ॥੧੧॥

'ਇਹ ਤੌ ਬਾਤ ਲਿਖੀ ਸਭਿ ਮੇਰੀ। ਸਭਿ ਅਵਗੁਨ ਨਿਜ ਲੀਨੇ ਹੇਰੀ।
ਮੈਂ ਗੁਰ ਤੇ ਤਸਕਰਤਾ ਕਰਿਕੈ। ਆਯੋ ਭਾਗਿ ਬਿਮੁਖਤਾ ਧਰਿਕੈ॥ ੧੨॥

'ਇਹ ਸਾਰੀ ਗੱਲ ਮੇਰੇ ਬਾਰੇ ਹੀ ਲਿਖੀ ਹੈ, ਮੈਂ ਆਪਣੇ ਸਾਰੇ ਔਗੁਣ ਵੇਖ ਲਏ ਹਨ। ਮੈਂ ਗੁਰੂ ਜੀ ਪਾਸੋਂ ਚੋਰੀ ਕਰਕੇ ਬੇਮੁਖਤਾ ਧਾਰ ਕੇ ਭੱਜ ਆਇਆ ਹਾਂ॥੧੨॥

ਬਡੋ ਅਹੈ ਮੇਰੋ ਅਪਰਾਧੂ। ਜਿਸਕੋ ਨਹੀਂ ਸਕਹਿ ਕਰਿ ਸਾਧੂ।
ਤਊ ਦਯਾਲ ਨਿਜ ਬਿਰਦ ਸੰਭਾਰਾ। ਬਖਸ਼ਨ ਹਿਤ ਕਰ ਨਿਕਟਿ ਹਕਾਰਾ ॥੧੩॥

ਇਹ ਮੇਰਾ ਵੱਡਾ ਅਪਰਾਧ ਹੈ, ਜਿਸ ਦੋਸ਼ ਨੂੰ ਇਕ ਸਾਧੂ ਪੁਰਸ਼ ਨਹੀਂ ਕਰ ਸਕਦਾ ਹੈ, ਤਦ ਵੀ ਦਿਆਲ ਹੋ ਕੇ ਉਨ੍ਹਾਂ ਆਪਣੇ ਧਰਮ ਨੂੰ ਸੰਭਾਲਿਆ ਹੈ ਤੇ ਮੈਨੂੰ ਬਖਸ਼ਣ ਵਾਸਤੇ ਆਪਣੇ ਪਾਸ ਬੁਲਾਇਆ ਹੈ' ॥੧੩॥

ਨ੍ਰਿਪ ਸੁਨਿ ਬਿਸਮਜੋ 'ਕਹਾਂ ਕਹਤਿ ਹੋ?। ਇਤੋ ਦੋਸ਼ ਕਿਮ ਅਪਨਿ ਲਹਤਿ ਹੋ।
ਲਿਖੀ ਕਿ ਮੁਸ਼ਕੈਂ ਬੰਧਿ ਪਠਾਵੈ। ਪੁਰਿ ਮਹਿਂ ਬਸਹਿ ਤਹਾਂ ਖੁਜਵਾਵੈ॥ ੧੪॥

ਰਾਜਾ ਸੁਣ ਕੇ ਬੜਾ ਹੈਰਾਨ ਹੋਇਆ, "ਇਹ ਕੀ ਕਹਿ ਰਹੇ ਹੋ? ਆਪਣੇ ਉੱਤੇ ਐਡਾ ਦੋਸ਼ ਕਿਵੇਂ ਲੈ ਰਹੇ ਹੋ ? ਇਹ ਲਿਖਿਆ ਹੈ ਕਿ ਮੁਸ਼ਕਾਂ ਬੰਨ੍ਹ ਕੇ ਭੇਜੋ, ਤੁਹਾਡੇ ਨਗਰ ਵਿਚ ਵੱਸਦਾ ਹੈ, ਉਥੋਂ ਲੱਭੋ॥੧੪॥

ਕਹਾਂ ਕਰਜੋ ਤੁਮ ਗੁਰ ਅਪਰਾਧੂ?। ਮਹਾਂ ਪ੍ਰਬੀਨ, ਸੁਮਤਿ ਸੁਖ ਸਾਧੂ।
ਇਹ ਕੋ ਅਪਰ ਲਿਖਜੋ,ਪੁਰਿ ਮਹੀਆ। ਸਨੈ ਸਨੈ ਖੋਜਹਿਂ ਜਹਿਂ ਕਹੀਆ ॥੧੫॥

ਆਪਣੇ ਗੁਰੂ ਜੀ ਦਾ ਕੀ ਅਪਰਾਧ ਕੀਤਾ ਹੈ ? ਆਪ ਤਾਂ ਬੜੇ ਪ੍ਰਬੀਨ, ਸ੍ਰੇਸ਼ਟ ਮੱਤ ਵਾਲੇ, ਸੁਖ ਰੂਪ ਤੇ ਸਾਧੂ ਹੋ। ਇਹ ਨਗਰ ਵਿਚ ਕਿਸੇ ਹੋਰ ਵਿਅਕਤੀ ਲਈ ਲਿਖਿਆ ਹੋਣਾ ਹੈ, ਸ਼ਹਿਰ ਵਿਚ ਜਿਥੇ ਕਿਥੇ ਹੌਲੀ-ਹੌਲੀ ਖੋਜ ਕਰਾਂਗੇ ॥੧੫॥

ਇਹਾਂ ਹੋਇ ਤੋ ਪਠਹਿਂ ਬਨਾਈ। ਨਾਂਹਿ ਤ ਲਿਖਹਿਂ ਨ ਕੋ ਇਸ ਥਾਈਂ।'
ਸੁਨਿ ਗੁਰਦਾਸ ਨ੍ਰਿਪਤ ਸੋਂ ਗਾਯੋ। 'ਕਹਾਂ ਮੇਵਰਾ ਜੋ ਚਲਿ ਆਯੋ?' ॥੧੬॥

ਇਥੇ ਹੋਵੇਗਾ ਤਾਂ ਬਣਾ ਕੇ ਭੇਜਾਂਗੇ, ਨਹੀਂ ਤਾਂ ਲਿਖ ਦੇਵਾਂਗੇ ਏਥੇ ਕੋਈ ਨਹੀਂ ਹੈ।" ਇਹ ਸੁਣ ਕੇ ਭਾਈ ਗੁਰਦਾਸ ਨੇ ਰਾਜੇ ਨੂੰ ਕਿਹਾ, "ਉਹ ਹਰਕਾਰਾ ਕਿਥੇ ਹੈ ਜੋ ਚਲ ਕੇ ਆਇਆ ਹੈ ?" ॥੧੬॥

ਤਬਿ ਭੂਪਤਿ ਨਿਜ ਨਿਕਟਿ ਹਕਾਰਾ। ਕਰਿ ਚਿਨਾਰਿ ਗੁਰਦਾਸ ਹਕਾਰਾ।
ਕਰੀ ਮੇਵਰੇ ਨੇ ਤਬਿ ਬੰਦਨ। ਕੁਸ਼ਲ ਪ੍ਰਸ਼ਨ ਤੇ ਹੁਇ ਅਭਿਨੰਦਨ ॥੧੭॥

ਤਦ ਰਾਜੇ ਨੇ ਹਰਕਾਰੇ ਨੂੰ ਆਪਣੇ ਪਾਸ ਬੁਲਾਇਆ। ਭਾਈ ਗੁਰਦਾਸ ਨੇ ਉਸ ਨੂੰ ਪਹਿਚਾਣ ਕੇ ਬੁਲਾਇਆ। ਹਰਕਾਰੇ ਨੇ ਫਿਰ ਬੰਦਨਾ ਕੀਤੀ ਤੇ ਦੋਵੇਂ ਇਕ ਦੂਸਰੇ ਨੂੰ ਸੁਖ-ਸਾਂਦ ਪੁੱਛ ਕੇ ਬਹੁਤ ਅਨੰਦ ਪ੍ਰਸੰਨ ਹੋਏ ॥੧੭॥

ਮਿਲੇ ਪਰਸਪਰ ਹਰਖਿਤ ਹੋਏ। ਨੇਹ ਸਨੇ ਬਹੁ ਸਭਿਹਿਨਿ ਜੋਏ।
ਪੁਨ ਭੂਪਤਿ ਕੋ ਸਭਿ ਸਮੁਝਾਯੋ। 'ਸਤਿਗੁਰ ਪਰਖਨਿ ਬਜੋਂਤ ਬਨਾਯੋ ॥੧੮॥

ਦੋਵੇਂ ਆਪਸ ਵਿਚ ਮਿਲ ਕੇ ਬਹੁਤ ਪ੍ਰਸੰਨ ਹੋਏ, ਪ੍ਰੇਮ ਪਿਆਰ ਸਹਿਤ ਸਾਰਿਆਂ ਨੇ ਵੇਖੇ। ਫਿਰ ਰਾਜੇ ਨੂੰ ਸਭ ਕੁਝ ਸਮਝਾਇਆ, "ਸਤਿਗੁਰੂ ਜੀ ਨੇ ਪਰਖ ਕਰਨ ਦੀ ਵਿਉਂਤ ਬਣਾਈ ਹੈ ॥੧੮॥

ਪ੍ਰਥਮ ਠੀਕਰੀ ਧਨ ਕੀ ਕੀਨਿ। ਮੈਂ ਤਬਿ ਭਰਮਜੋ ਸਕਜੋ ਨ ਚੀਨਿ।
ਗੁਰ ਕੇ ਚਰਿਤ ਅਗੰਮ,ਨ ਜਨਿਯਤਿ। ਸਿੱਖ ਸੰਭਾਰ ਸਕਹਿਂ ਨਹਿਂ ਭਨਿਯਤਿ ॥੧੯॥

ਪਹਿਲਾਂ ਧਨ ਦੀਆਂ ਠੀਕਰੀਆਂ ਬਣਾ ਦਿੱਤੀਆਂ, ਮੈਂ ਉਸ ਸਮੇਂ ਭਰਮਾਂ ਵਿਚ ਪੈ ਗਿਆ ਤੇ ਕੁਝ ਵੀ ਸਮਝ ਨਾ ਸਕਿਆ। ਗੁਰੂ ਜੀ ਦੇ ਅਗੰਮ ਚਰਿਤਰ ਨੂੰ ਨਾ ਜਾਣ ਸਕਿਆ। ਇਸ ਨੂੰ ਸਿੱਖ ਨਾ ਸੰਭਾਲ ਸਕਦੇ ਹਨ ਤੇ ਨਾ ਹੀ ਕਹਿ ਸਕਦੇ ਹਨ ॥੧੯॥

ਮੁਸ਼ਕਾਂ ਬਾਂਧਨ ਰਿਸ ਕਰਿ ਕਹਿਬੋ। ਇਸ ਮਹਿਂ ਤਿਮ ਪਰਖਨਿ ਬਿਧਿ ਲਹਿਬੋ।
ਅਬਿ ਮੈਂ ਨਹਿਂ ਭਰਮਨ ਕੋ ਧਰਿਹੂੰ। ਲਿਖਜੋ ਜਥਾ ਸੋਈ ਬਿਧਿ ਕਰਿਹੂੰ ॥੨੦॥

ਗੁੱਸੇ ਵਿਚ ਮੁਸ਼ਕਾਂ ਬੰਨ੍ਹਣ ਬਾਰੇ ਕਿਹਾ ਹੈ, ਇਸ ਵਿਚ ਉਸ ਤਰ੍ਹਾਂ ਪਰਖਣ ਦੀ ਵਿਧੀ ਦਿਖਾਈ ਦਿੰਦੀ ਹੈ। ਪਰ ਹੁਣ ਮੈਂ ਨਹੀਂ ਭਰਮਾਂਗਾ, ਜਿਵੇਂ ਉਨ੍ਹਾਂ ਲਿਖਿਆ ਹੈ, ਉਸ ਤਰ੍ਹਾਂ ਹੀ ਕਰਾਂਗਾ ॥੨੦॥

ਤਿਮ ਤਸਕਰ ਹੁਇ ਦਰਸੋਂ ਜਾਇ। ਚੋਰੀ ਕਰੀ ਜੁ ਲਿਹੁਂ ਬਖ਼ਸ਼ਾਇ।
ਤੁਮ ਗੁਰ ਹੁਕਮ ਨ ਫੇਰਨਿ ਕਰੀਏ। ਦਿਹੁ ਮੁਸ਼ਕਾਂ ਬੰਧਿ ਆਗੇ ਧਰੀਏ' ॥੨੧॥

ਉਸ ਤਰ੍ਹਾਂ ਹੀ ਚੋਰ ਹੋ ਕੇ ਉਨ੍ਹਾਂ ਦੇ ਦਰਸ਼ਨ ਕਰਾਂਗਾ, ਜਿਹੜੀ ਚੋਰੀ ਕੀਤੀ ਹੈ, ਉਸ ਨੂੰ ਬਖਸ਼ਾ ਲਵਾਂਗਾ। ਤੁਸੀਂ ਗੁਰੂ ਜੀ ਦਾ ਹੁਕਮ ਨਾ ਫੇਰੋ, ਮੁਸ਼ਕਾਂ ਬੰਨ੍ਹ ਕੇ ਗੁਰੂ ਜੀ ਅੱਗੇ ਪੇਸ਼ ਕਰ ਦੇਵੋ" ॥੨੧॥

ਨ੍ਰਿਪ ਜੁਤਿ ਸਭਾ ਸਭੀ ਬਿਸਮਾਈ। ਅਗਮ ਗੁਰੂ ਗਤਿ ਕੋ ਲਖਿ ਪਾਈ।
ਕਹਿ ਬਹੁ ਬਾਰ ਭੁਜਾ ਬੰਧਵਾਈ। ਚਲਿਬੇ ਤਯਾਰ ਭਯੋ ਸਹਿਸਾਈ ॥੨੨॥

ਰਾਜੇ ਸਮੇਤ ਸਾਰੀ ਸਭਾ ਬਹੁਤ ਹੈਰਾਨ ਹੋਈ, ਗੁਰੂ ਜੀ ਦੀ ਅਗੰਮ ਗਤੀ ਨੂੰ ਜਾਣ ਗਏ। ਭਾਈ ਗੁਰਦਾਸ ਜੀ ਨੇ ਬਹੁਤ ਵਾਰ ਕਹਿ ਕੇ ਆਪਣੀਆਂ ਬਾਹਾਂ ਬੰਨ੍ਹਵਾ ਲਈਆ ਤੇ ਤੁਰਤ ਚਲਣ ਵਾਸਤੇ ਤਿਆਰ ਹੋ ਗਏ॥੨੨॥

**ਤਬਿ ਨ੍ਰਿਪ ਭਨਜੋ 'ਮੋਹਿ ਲਿਹੁ ਸਾਥ। ਦਰਸ ਕਰਾਵਹੁ ਸ੍ਰੀ ਗੁਰ ਨਾਥ'।**
**ਧੀਰਜ ਦਈ ਤਿਨਹਿ ਗੁਰਦਾਸ। 'ਪੁਨ ਆਗਵਨ ਕਰਹੁ ਗੁਰ ਪਾਸ॥੨੩॥**

ਤਦ ਰਾਜੇ ਨੇ ਕਿਹਾ, "ਮੈਨੂੰ ਆਪਣੇ ਨਾਲ ਲੈ ਚਲੋ ਤੇ ਸ੍ਰੀ ਗੁਰੂ ਨਾਥ ਦੇ ਦਰਸ਼ਨ ਕਰਾਵੋ। ਭਾਈ ਗੁਰਦਾਸ ਜੀ ਨੇ ਉਨ੍ਹਾਂ ਨੂੰ ਧੀਰਜ ਦਿੱਤਾ ਤੇ ਕਿਹਾ, "ਬਾਅਦ ਵਿਚ ਗੁਰੂ ਜੀ ਪਾਸ ਆ ਜਾਵੋ॥੨੩॥

**ਮੋਹਿ ਸੰਗ ਨਹਿਂ ਬਨਹਿ ਚਲਨਿ ਕੋ'। ਤਬਿ ਸਭਿ ਇਸ ਕੇ ਸਿੱਖਜ ਮਿਲਨਿ ਕੋ।**
**ਭਏ ਹਜ਼ਾਰਹੁਂ ਮਿਲਿ ਇਕ ਥਾਂਈ। ਕਹਿ ਧੀਰਜ ਕੋ ਦੀਨਿ ਬਨਾਈ॥੨੪॥**

ਮੇਰੇ ਨਾਲ ਤੁਹਾਡਾ ਜਾਣਾ ਨਹੀਂ ਬਣਦਾ ਹੈ।" ਤਦ ਭਾਈ ਗੁਰਦਾਸ ਜੀ ਨੂੰ ਮਿਲਣ ਲਈ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਇਕੱਠੇ ਹੋਏ। ਭਾਈ ਜੀ ਨੇ ਕਹਿ ਕੇ ਉਨ੍ਹਾਂ ਨੂੰ ਬੜੇ ਪਿਆਰ ਨਾਲ ਧੀਰਜ ਦਿੱਤਾ॥੨੪॥

**ਸੰਗ ਚਲਨਿ ਕੋ ਸੰਗਤਿ ਭਈ। ਕਹਿ ਬਹੁ ਬਾਰ ਹਟਾਇ ਸੁ ਦਈ।**
**ਤਊ ਸਾਤ ਸੈ ਸਿਖ ਭੇ ਸਾਥ। ਬਿਸਮਤਿ ਭਨਹਿਂ 'ਪਿਖਹਿਂ ਗੁਰਨਾਥ'॥੨੫॥**

ਨਾਲ ਚਲਣ ਵਾਸਤੇ ਸੰਗਤ ਤਿਆਰ ਹੋ ਗਈ, ਭਾਈ ਜੀ ਨੇ ਬਹੁਤ ਵਾਰ ਕਹਿ ਕੇ ਉਨ੍ਹਾਂ ਨੂੰ ਰੋਕਿਆ। ਫਿਰ ਵੀ ਸਤ ਸੌ ਸਿੱਖ ਨਾਲ ਚਲ ਪਏ, ਬੜੇ ਹੈਰਾਨ ਹੋ ਕੇ ਕਹਿੰਦੇ ਸਨ, "ਅਸੀਂ ਗੁਰੂ ਨਾਥ ਦੇ ਦਰਸ਼ਨ ਕਰਾਂਗੇ"॥੨੫॥

**ਮੁਸ਼ਕਨ ਕੋ ਬੰਧਵਾਇ ਪਯਾਨਾ। ਹਟਜੋ ਨ੍ਰਿਪਤਿ ਪੁਨ ਬੰਦਨ ਠਾਨਾ।**
**ਅਪਰ ਸਭਿਨਿ ਬੂਝਜੋ ਸਭਿ ਰੀਤਿ। ਪਿਖਿ ਕੌਤਕ ਬਿਸਮਾਵਤਿ ਚੀਤ॥੨੬॥**

ਮੁਸ਼ਕਾਂ ਨੂੰ ਬੰਨ੍ਹਵਾ ਕੇ ਚਲ ਪਏ, ਰਾਜਾ ਫਿਰ ਬੰਦਨਾ ਕਰਕੇ ਪਿੱਛੇ ਮੁੜ ਗਿਆ। ਹੋਰ ਸਾਰਿਆਂ ਨੇ ਸਭ ਰੀਤਾਂ ਨਾਲ ਪੁਛਿਆ ਤੇ ਕੌਤਕ ਨੂੰ ਵੇਖ ਕੇ ਚਿੱਤ ਵਿਚ ਬਹੁਤ ਹੈਰਾਨ ਹੁੰਦੇ ਸਨ॥੨੬॥

**ਪੰਚ ਕੋਸ ਲਗਿ ਨ੍ਰਿਪ ਜੁਤਿ ਆਏ। ਪੁਨ ਬਹੁ ਬਾਰੀ ਕਹਜੋ ਹਟਾਏ।**
**ਏਕ ਮਜਲ ਸਭਿ ਚਲਿ ਕਰਿ ਆਏ। ਨੀਂਮ੍ਰ ਮੇਵਰੋ ਬਾਕ ਅਲਾਏ॥੨੭॥**

ਪੰਜ ਕੋਹਾਂ ਤਕ ਰਾਜੇ ਸਮੇਤ ਆਏ, ਫਿਰ ਬਹੁਤ ਵਾਰ ਕਹਿ ਕੇ ਰਾਜੇ ਨੂੰ ਵਾਪਸ ਕਰ ਦਿੱਤਾ। ਇਕ ਮੰਜ਼ਲ ਸਾਰੇ ਚਲ ਕੇ ਆਏ ਤੇ ਫਿਰ ਹਰਕਾਰੇ ਨੇ ਨਿੰਮਰਤਾ ਸਹਿਤ ਬਚਨ ਕੀਤੇ॥੨੭॥

**'ਧੰਨ ਧੰਨ ਤੁਮ ਸਿਖ ਸਿਰਮੌਰ। ਨਹਿਂ ਸਮਾਨ ਦੂਸਰ ਕਿਸ ਠੌਰ।**
**ਹੁਕਮ ਗੁਰੂ ਕੋ ਸਗਰੋ ਮਾਨਾ। ਸਭਿ ਬਿਧਿ ਬਡਿਆਈ ਨਿਜ ਹਾਨਾ॥੨੮॥**

"ਧੰਨ ਧੰਨ ਤੁਸੀਂ ਸ਼੍ਰੋਮਣੀ ਸਿੱਖ ਹੋ, ਤੁਹਾਡੇ ਵਰਗਾ ਹੋਰ ਕੋਈ ਦੂਸਰਾ ਨਹੀਂ ਹੈ। ਗੁਰੂ ਜੀ ਦਾ ਸਾਰਾ ਹੁਕਮ ਮੰਨਿਆ ਹੈ, ਸਭ ਵਿਧੀਆਂ ਨਾਲ ਆਪਣੀ ਵਡਿਆਈ ਨੂੰ ਘਟਾਇਆ ਹੈ॥੨੮॥

**ਸਭਿ ਮਗ ਮਹਿਂ ਨਹਿਂ ਇਮ ਪੁਜਿ ਆਵੈ। ਭੁਜਾ ਖੁਲ੍ਹਾਇ ਚਲਜੋ ਤਬਿ ਜਾਵੈ।**
**ਜਿਸ ਦਿਨ ਚਲੋ ਸੁਧਾਸਰ ਥਾਇਂ। ਇਸ ਪ੍ਰਕਾਰ ਕੀ ਲਿਹੁ ਬੰਧਵਾਇ॥੨੯॥**

ਸਾਰੇ ਮਾਰਗ ਵਿਚ ਇੰਝ ਨਹੀਂ ਚਲਿਆ ਜਾ ਸਕੇਗਾ, ਬਾਹਾਂ ਖੁਲ੍ਹਵਾਉਗੇ ਤਦ ਹੀ ਚਲਿਆ ਜਾਵੇਗਾ। ਜਿਸ ਦਿਨ ਅੰਮ੍ਰਿਤਸਰ ਪਹੁੰਚ ਜਾਵੋਗੇ ਤਾਂ ਬਾਹਾਂ ਇਸ ਤਰ੍ਹਾਂ ਹੀ ਬੰਨ੍ਹਵਾ ਲੈਣੀਆਂ"॥੨੯॥

ਇਮ ਕਹਿ ਚਰਨ ਪਕਰ ਕਰਿ ਰਹ੍ਯੋ। ਤਬਿ ਗੁਰਦਾਸ ਸਭਿਨਿ ਮਹਿਂ ਕਹ੍ਯੋ।
'ਚੋਰ ਉਚਿਤ ਚਹੀਯਤਿ ਇਮ ਕਰੀ। ਜੇ ਤੁਮ ਅਬਿ ਔਰੇ ਮਤਿ ਧਰੀ॥ ੩੦॥

ਇਸ ਤਰ੍ਹਾਂ ਕਹਿ ਕੇ ਭਾਈ ਗੁਰਦਾਸ ਜੀ ਦੇ ਚਰਨ ਫੜ ਲਏ ਤਦ ਭਾਈ ਜੀ ਨੇ ਸਾਰਿਆਂ ਵਿਚ ਕਿਹਾ, 'ਚੋਰ ਵਾਸਤੇ ਇੰਝ ਹੀ ਕਰਨਾ ਉਚਿਤ ਹੈ, ਜੇ ਤੁਸੀਂ ਹੁਣ ਕੋਈ ਹੋਰ ਮੱਤ ਧਾਰਨ ਕੀਤੀ ਹੈ॥੩੦॥

ਗੁਰੂ ਨਿਕਟਿ ਤੇ ਚਲਿ ਕਰਿ ਆਯੋ। ਚਹਹੁ ਸੁ ਕਰਹੁ ਦੇਹੁ ਖੁਲਿਵਾਯੋ'।
ਸਭਿ ਮਾਰਗ ਕੋ ਉਲੰਘਤਿ ਆਏ। ਜਬਹਿ ਸੁਧਾਸਰ ਕੇ ਨਿਯਰਾਏ॥ ੩੧॥

ਗੁਰੂ ਜੀ ਪਾਸੋਂ ਤੁਸੀਂ ਚਲ ਕੇ ਆਏ ਹੋ, ਜਿਵੇਂ ਚਾਹੇ ਸੋ ਕਰੋ ਤੇ ਮੁਸ਼ਕਾਂ ਖੁਲ੍ਹਵਾ ਦੇਵੋ।'' ਸਾਰੇ ਰਸਤੇ ਨੂੰ ਲੰਘ ਕੇ ਆ ਗਏ, ਜਦ ਅੰਮ੍ਰਿਤਸਰ ਦੇ ਨੇੜੇ ਆਏ॥੩੧॥

ਤਿਮ ਹੀ ਭੁਜ ਮੁਸ਼ਕਾਂ ਬੰਧਵਾਈ। ਆਗੈ ਭਯੋ ਪਾਛ ਸਮੁਦਾਈ।
ਸਤਿਗੁਰੁ ਤਖਤ ਅਕਾਲ ਸੁਹਾਏ। ਸਿਰ ਪਰ ਚਮਰ ਢੁਰਹਿ ਛਬਿ ਪਾਏ॥ ੩੨॥

ਉਸ ਤਰ੍ਹਾਂ ਹੀ ਬਾਹਾਂ ਦੀਆਂ ਮੁਸ਼ਕਾਂ ਬੰਨ੍ਹਵਾ ਲਈਆਂ, ਅੱਗੇ-ਅੱਗੇ ਭਾਈ ਗੁਰਦਾਸ ਜੀ ਚਲ ਪਏ ਤੇ ਪਿਛੇ ਪਿਛੇ ਸਾਰੇ ਸਿੱਖ ਹੋ ਗਏ। ਉਸ ਸਮੇਂ ਸਤਿਗੁਰੂ ਜੀ ਅਕਾਲ ਤਖਤ ਵਿਖੇ ਸ਼ੋਭ ਰਹੇ ਸਨ ਤੇ ਉਨ੍ਹਾਂ ਸਿਰ ਉਤੇ ਚੌਰ ਬੜੀ ਸ਼ੋਭਾ ਪਾ ਕੇ ਫਿਰ ਰਿਹਾ ਸੀ॥੩੨॥

ਸਿੱਖ ਸੁਭਟ ਚਹੁਂ ਦਿਸ਼ਿ ਪਰਵਾਰੇ। ਬਸਤ੍ਰ ਸ਼ਸਤ੍ਰ ਸੁੰਦਰ ਤਨ ਧਾਰੇ।
ਨਿਜ ਸੰਗਤਿ ਕੇ ਜੁਤਿ ਸਮੁਦਾਈ। ਪਹੁਂਚਤਿ ਭਏ ਪ੍ਰਭੂ ਅਗਵਾਈ॥ ੩੩॥

ਸਿੱਖ ਸੂਰਮੇ ਚਾਰੇ ਪਾਸੇ ਬੈਠੇ ਸਨ, ਉਨ੍ਹਾਂ ਨੇ ਸੁੰਦਰ ਬਸਤਰ ਸ਼ਸਤਰ ਧਾਰਨ ਕੀਤੇ ਹੋਏ ਸਨ। ਨਿਜ ਸੰਗਤ ਸਹਿਤ ਸਾਰੇ ਬੈਠੇ ਹੋਏ ਸਨ। ਉਸ ਸਮੇਂ ਭਾਈ ਗੁਰਦਾਸ ਜੀ ਗੁਰੂ ਜੀ ਦੇ ਸਾਹਮਣੇ ਪਹੁੰਚ ਗਏ॥੩੩॥

ਹਾਥ ਜੋਰਿ ਧਰਨੀ ਪਰ ਪਰੇ। ਭਾਉ ਸਮੇਤ ਡੰਡਵਤ ਕਰੇ।
ਖਰੋ ਭਯੋ ਸਨਮੁਖ ਹੁਇ ਗੁਰ ਕੇ। ਪਿਖਤਿ ਮਨੋਰਥ ਪੂਰਨ ਉਰ ਕੇ॥ ੩੪॥

ਭਾਈ ਗੁਰਦਾਸ ਜੀ ਹੱਥ ਜੋੜ ਕੇ ਧਰਤੀ ਤੇ ਲੰਮੇ ਪੈ ਗਏ ਤੇ ਬੜੇ ਪ੍ਰੇਮ ਨਾਲ ਡੰਡੌਤ ਬੰਦਨਾ ਕੀਤੀ। ਫਿਰ ਗੁਰੂ ਜੀ ਦੇ ਸਾਹਮਣੇ ਹੋ ਕੇ ਖਲੋ ਗਏ, ਆਪਣੇ ਹਿਰਦੇ ਦਾ ਮਨੋਰਥ ਪੂਰਾ ਕਰਨ ਬਾਰੇ ਵੇਖ ਰਹੇ ਸਨ॥੩੪॥

ਸ੍ਰੀ ਹਰਿਗੋਵਿੰਦ ਰਿਦੇ ਪ੍ਰਮੋਦ। ਗੁਰ ਅਰੁ ਸਿੱਖਨਿ ਹੋਤਿ ਬਿਨੋਦ।
ਚਿਤ ਪ੍ਰਸੰਨ ਬਾਹਰਿ ਰਿਸ ਧਰੈਂ। ਕਹੈਂ ਕਠੋਰ ਤਾੜਨਾ ਕਰੈ:॥ ੩੫॥

ਸ੍ਰੀ ਹਰਿਗੋਬਿੰਦ ਜੀ ਦਾ ਹਿਰਦਾ ਅਤਿਅੰਤ ਪ੍ਰਸੰਨ ਸੀ। ਗੁਰੂ ਜੀ ਅਤੇ ਗੁਰੂ ਜੀ ਦੇ ਸਿੱਖਾਂ ਵਿਚ ਕਈ ਵਾਰ ਕੋਈ ਮੌਤ ਦੇਣ ਵਾਸਤੇ ਵਿਨੋਦ ਵਿਲਾਸ ਵੀ ਹੁੰਦੇ ਸਨ। ਗੁਰੂ ਜੀ ਚਿੱਤ ਵਿਚ ਬਹੁਤ ਪ੍ਰਸੰਨ ਸਨ, ਪਰ ਬਾਹਰੋਂ ਮੁੱਖ ਗੁੱਸੇ ਵਾਲਾ ਬਣਾਇਆ ਸੀ। ਉਨ੍ਹਾਂ ਨੇ ਬੜੇ ਕਠੋਰ ਸ਼ਬਦ ਕਹਿ ਕੇ ਤਾੜਨਾ ਕੀਤੀ॥੩੫॥

'ਕਰੇ ਖਰੀਦਨਿ ਭਲੇ ਤੁਰੰਗ। ਤੁਰਤ ਪਹੂਚਯੋ ਲੇ ਕਰਿ ਸੰਗ।
ਬੇਸਰ ਲਾਦਿ ਦਰਬ ਲੇ ਗਯੋ। ਤਜਿ ਸੂਨੋ ਸਭਿ ਭਾਜਤਿ ਭਯੋ॥ ੩੬॥

''ਚੰਗੇ ਘੋੜੇ ਖਰੀਦੇ ਹਨ, ਤੁਰਤ ਸਿੱਖਾਂ ਨੂੰ ਲੈ ਕੇ ਉਥੇ ਪਹੁੰਚ ਗਏ। ਧਨ ਦੀ ਖੱਚਰ ਲੱਦ ਕੇ ਨਾਲ ਲੈ ਗਏ ਤੇ ਧਨ ਨੂੰ ਸੁੰਞਾ ਛੱਡ ਕੇ ਆਪ ਭੱਜ ਗਏ॥੩੬॥

ਗੁਰ ਘਰ ਕੋ ਨੁਕਸਾਨ ਨ ਜਾਨਾ। ਬਾਸ ਬਿਦੇਸ਼ ਜਾਇ ਕਰਿ ਠਾਨਾ।
ਤੁਹੀਂ ਸਿੱਖ ਸਿਦਕੀ ਬਡ ਜੋਵਾ। ਪਰਜੋ ਕਾਜ ਗੁਰ ਕੋ, ਅਸ ਹੋਵਾ॥ ੩੭॥

ਗੁਰੂ ਘਰ ਦਾ ਕੋਈ ਵੀ ਨੁਕਸਾਨ ਨਾ ਜਾਣਿਆ ਤੇ ਜਾ ਕੇ ਵਿਦੇਸ਼ ਵਿਚ ਵੱਸ ਗਿਆ। ਅਸੀਂ ਤੁਹਾਨੂੰ ਵੱਡਾ ਸਿਦਕੀ ਸਿੱਖ ਜਾਣਿਆ ਸੀ, ਜਦ ਗੁਰੂ ਦਾ ਕੋਈ ਕੰਮ ਆ ਪਿਆ ਤਾਂ ਇਸ ਤਰ੍ਹਾਂ ਕੀਤਾ॥੩੭॥

ਕਜੋਂ ਅਬਿ ਉੱਤਰ ਦੇਤਿ ਨ ਕੋਈ। ਇਮ ਚਲਿ ਗਯੋ ਕਹਾਂ ਗਤਿ ਹੋਈ?'।
ਸੁਨਿ ਭਾਈ ਗੁਰਦਾਸ ਬਿਚਾਰੇ। ਦੋਇ ਸਵੈਯੇ ਤਬਹਿ ਉਚਾਰੇ॥ ੩੮॥

ਹੁਣ ਕਿਉਂ ਕੋਈ ਉੱਤਰ ਨਹੀਂ ਦਿੰਦੇ ਹੋ, ਇਸ ਤਰ੍ਹਾਂ ਚਲੇ ਗਏ ਸੀ ਕੀ ਗੱਲ ਹੋਈ ਸੀ?" ਇਹ ਸੁਣ ਕੇ ਭਾਈ ਗੁਰਦਾਸ ਨੇ ਵਿਚਾਰਿਆ ਤੇ ਦੋ ਸਵੈਯੇ ਤਦ ਉਚਾਰਨ ਕੀਤੇ॥੩੮॥

ਸ੍ਵੈਯਾ- 'ਬੂੰਦ ਔ ਰੇਤ ਗੁਮਾਨ ਕਰੈ ਮਨ, ਸ਼ੋਭ ਨ ਸਿੰਧੁ ਰਵੀ ਸਮੁਹਾਵੈ।
ਪੰਖ ਔ ਧੂਮ ਉਡੈ ਨਭ ਕੋ ਪਿਖਿ ਤਾਂਹਿ ਅਗਾਧ ਰਿਦੈ ਸੁਕਚਾਵੈ।
ਗੂਲਰ ਜੰਤ ਉਡੰਤਿ ਕਹੋ ਕਿਮ ਪੇਖਿ ਬ੍ਰਹਮੰਡ ਪ੍ਰਚੰਡ ਲਜਾਵੈ।
ਤੂੰ ਕਰਤਾ ਹਮ ਜੰਤੁ ਕਿਏ ਤੁਮ, ਤੇ ਪਹਿ ਬੋਲਨ ਕਜੋਂ ਬਨਿ ਆਵੈ॥੩੯॥

ਜੇ ਪਾਣੀ ਦੀ ਬੂੰਦ ਅਤੇ ਰੇਤ ਮਨ ਵਿਚ ਹੰਕਾਰ ਕਰੇ ਤਾਂ ਉਹ ਸਮੁੰਦਰ ਅਤੇ ਸੂਰਜ ਦੇ ਸਾਹਮਣੇ ਨਹੀਂ ਸ਼ੋਭਦੇ ਹਨ। ਪੰਛੀ ਤੇ ਧੂੰਆਂ ਜਦ ਅਕਾਸ਼ ਵੱਲ ਉਡੇ ਤਾਂ ਅਥਾਹ ਅਕਾਸ਼ ਨੂੰ ਵੇਖ ਕੇ ਸੁੰਗੜ ਜਾਂਦੇ ਹਨ। ਗੂਲਰ ਦੇ ਫਲ ਵਿਚ ਜਿਹੜਾ ਜੀਵ ਹੁੰਦਾ ਹੈ ਉਹ ਉੱਡ ਕੇ ਪ੍ਰਚੰਡ ਬ੍ਰਹਿਮੰਡ ਵੇਖ ਕੇ ਕਿਵੇਂ ਲਜਿੱਤ ਹੁੰਦਾ ਹੈ। ਤੁਸੀਂ ਕਰਤਾ ਪੁਰਖ ਹੋ ਅਸੀਂ ਤੁਹਾਡੇ ਜੀਵ ਹਾਂ ਇਸ ਕਰਕੇ ਸਾਡਾ ਤੁਹਾਡੇ ਸਾਹਮਣੇ ਕਿਵੇਂ ਬੋਲਣਾ ਬਣਦਾ ਹੈ॥੩੯॥

ਭਿਖਾਰਿ ਅਨਾਥ ਨਹੀਂ ਹਮਰੇ ਸਮ, ਤੋ ਸਮ ਨਾਥ ਨ ਔਰ ਦਤਾਰੀ।
ਦੀਨ ਅੱਗਜਾਨ ਕਹੀਂ ਨਹਿਂ ਮੋ ਸਰ, ਤੋ ਸਰ ਦਜਾਲ ਨ ਆਨ ਬਿਚਾਰੀ।
ਮੋ ਸਮ ਪਾਪਿ ਬਿਕਾਰਿ ਨਹੀਂ ਜਗ, ਤੋ ਸਮ ਪਾਵਨ ਔ ਉਪਕਾਰੀ।
ਔਗੁਨ ਸਿੰਧ ਹੌਂ, ਤੂੰ ਗੁਨ ਸਾਗਰ, ਜਾਤਿ ਅਧੋ ਪ੍ਰਭੁ! ਓਟ ਤੁਮਾਰੀ' ॥੪੦॥

ਸਾਡੇ ਵਰਗਾ ਕੋਈ ਭਿਖਾਰੀ ਅਤੇ ਅਨਾਥ ਨਹੀਂ ਹੈ, ਤੇ ਤੁਹਾਡੇ ਵਰਗਾ ਕੋਈ ਨਾਥ ਅਤੇ ਦਾਤਾ ਨਹੀਂ ਹੈ। ਦੀਨ ਅਤੇ ਅਗਿਆਨੀ ਮੇਰੇ ਵਰਗਾ ਕੋਈ ਨਹੀਂ, ਤੁਹਾਡੇ ਵਰਗਾ ਕੋਈ ਹੋਰ ਦਿਆਲੂ ਵਿਚਾਰ ਵਿਚ ਹੀ ਨਹੀਂ ਆਉਂਦਾ ਹੈ। ਜਗਤ ਵਿਚ ਮੇਰੇ ਵਰਗਾ ਪਾਪੀ ਤੇ ਵਿਕਾਰੀ ਹੋਰ ਕੋਈ ਨਹੀਂ ਹੈ ਤੇ ਤੁਹਾਡੇ ਵਰਗਾ ਪਵਿੱਤਰ ਅਤੇ ਉਪਕਾਰੀ ਹੋਰ ਕੋਈ ਨਹੀਂ ਹੈ। ਮੈਂ ਤਾਂ ਔਗੁਣਾਂ ਦਾ ਸਾਗਰ ਹਾਂ ਤੇ ਤੁਸੀਂ ਗੁਣਾਂ ਦੇ ਸਾਗਰ ਹੋ, ਹੇ ਪ੍ਰਭੂ! ਮੈਂ ਬੇਸਹਾਰਾ ਹਾਂ, ਇਕ ਤੁਹਾਡੀ ਹੀ ਓਟ ਹੈ"॥੪੦॥

ਚੌਪਈ- ਇਮ ਕਹਿ ਆਗੇ ਹੁਇ ਲਲਚਾਯੋ। ਪਹੁੰਚਯੋ ਨਿਕਟਿ ਚਰਨ ਲਪਟਾਯੋ।
ਨਿਰਹੰਕਾਰ ਬਿਕਾਰ ਬਿਹੀਨਾ। ਸ਼ੁੱਧ ਭਯੋ ਸ਼੍ਰੀ ਸਤਿਗੁਰੁ ਚੀਨਾ॥੪੧॥

ਇਸ ਤਰ੍ਹਾਂ ਕਹਿ ਕੇ ਅੱਗੇ ਹੋ ਕੇ ਲਲਚਾਇਆ ਤੇ ਗੁਰੂ ਜੀ ਦੇ ਪਾਸ ਪਹੁੰਚ ਕੇ ਗੁਰੂ ਜੀ ਦੇ ਚਰਨਾਂ ਨਾਲ ਲੱਗ ਗਿਆ। ਹੰਕਾਰ ਰਹਿਤ ਅਤੇ ਵਿਕਾਰ ਰਹਿਤ ਹੋ ਗਿਆ, ਸਤਿਗੁਰੂ ਜੀ ਨੇ ਵੇਖ ਲਿਆ ਕਿ ਭਾਈ ਜੀ ਬਿਲਕੁਲ ਸੋਨੇ ਵਾਂਗ ਸ਼ੁੱਧ ਹੋ ਗਏ ਹਨ॥੪੧॥

ਮੁਖ ਤੇ ਬਿਕਸਿ ਪਰੇ ਫੁਰਮਾਯੋ। 'ਧੰਨ ਤੋਹਿ ਗੁਰ ਸਿਦਕ ਕਮਾਯੋ।
ਉਠਹੁ ਚਰਨ ਕੋ ਕੀਜਹਿ ਤਜਾਗੀ। ਤੂੰ ਮਮ ਪਜਾਰੋ ਅਤਿ ਅਨੁਰਾਗੀ॥੪੨॥

ਗੁਰੂ ਜੀ ਮੁਖ ਤੋਂ ਮੁਸਕਰਾਏ ਤੇ ਬਚਨ ਕੀਤੇ, "ਤੁਸੀਂ ਧੰਨ ਹੋ ਜਿਨ੍ਹਾਂ ਗੁਰੂ ਸਿਦਕ ਕਮਾਇਆ ਹੈ, ਉਠੋ ਤੇ ਚਰਨਾਂ ਨੂੰ ਛੱਡੋ, ਤੁਸੀਂ ਮੇਰੇ ਅਤੀ ਪਿਆਰੇ ਸਿੱਖ ਹੋ॥੪੨॥

ਕਹਜੋ-ਸਿੱਖ ਹੁਇ ਸਿਦਕ ਨ ਹਾਰੇ। ਇਸ ਤੁਕ ਪਰ ਭਾ ਲੇਹੁ ਬਿਚਾਰੇ।
ਕਸੇ ਕਸੌਟੀ ਮੈਂ ਇਸ ਵਾਰੀ। ਸਿੱਖਜ ਨ ਆਨ ਸਮਾਨ ਤੁਮਾਰੀ' ॥ ੪੩ ॥

ਤੁਸੀਂ ਕਿਹਾ ਸੀ, "ਸਿੱਖ ਹੋਇ ਸਿਦਕ ਨਾ ਹਾਰੇ' ਇਸ ਤੁਕ ਤੇ ਇਹ ਪ੍ਰਸੰਗ ਹੋਇਆ, ਇਸ ਨੂੰ ਵਿਚਾਰ ਲਵੋ। ਇਸ ਵਾਰ ਮੈਂ ਇਸ ਤੇ ਕਸੌਟੀ ਕੱਸੀ ਸੀ, ਹੋਰ ਕੋਈ ਸਿੱਖ ਤੁਹਾਡੇ ਬਰਾਬਰ ਨਹੀਂ ਹੈ'॥੪੩॥

ਇਮ ਕਹਿ ਬਿਕਸਤਿ ਗੁਰੂ ਕ੍ਰਿਪਾਲਾ। ਨਿਜ ਕਰ ਤੇ ਖੋਲੇ ਤਿਸ ਕਾਲਾ।
ਮੁਸ਼ਕੈਂ ਛੋਰੀ ਨਿਕਟਿ ਬਿਠਾਯਹੁ। ਸਰਬ ਸਭਾ ਗੁਰ ਚਰਿਤ ਲਖਾਯੋ॥ ੪੪ ॥

ਇਸ ਤਰ੍ਹਾਂ ਕਹਿ ਕੇ ਕਿਰਪਾਲੂ ਗੁਰੂ ਜੀ ਮੁਸਕਰਾਏ, ਫਿਰ ਆਪਣੇ ਹੱਥਾਂ ਨਾਲ ਭਾਈ ਗੁਰਦਾਸ ਜੀ ਦੀਆਂ ਬਾਹਾਂ ਖੋਲ੍ਹੀਆਂ ਤੇ ਮੁਸ਼ਕਾ ਖੋਲ੍ਹ ਕੇ ਆਪਣੇ ਪਾਸ ਬਿਠਾ ਲਿਆ। ਸਾਰੀ ਸਭਾ ਨੇ ਗੁਰੂ ਜੀ ਦੇ ਚਰਿੱਤਰ ਨੂੰ ਵੇਖਿਆ॥੪੪॥

'ਧੰਨ ਗੁਰੂ ਗੁਰ ਕੇ ਸਿਖ ਧੰਨ। ਅਗਮਗਤੀ, ਕੋ ਲਖਹਿ ਨ ਅੰਨ'।
ਪਠੀ ਭੇਟ ਕਾਸ਼ੀਸ਼ ਬਿਸਾਲਾ। ਅਪਰ ਸਪਤ ਸੈ ਸਿਖ ਤਿਸ ਕਾਲਾ॥ ੪੫ ॥

ਸਾਰੇ ਕਹਿਣ ਲੱਗੇ, "ਧੰਨ ਗੁਰੂ ਜੀ ਹਨ ਤੇ ਧੰਨ ਗੁਰੂ ਜੀ ਦੇ ਸਿੱਖ ਹਨ ਉਨ੍ਹਾਂ ਦੀ ਅਗਾਧ ਗਤੀ ਨੂੰ ਹੋਰ ਕੋਈ ਨਹੀਂ ਸਮਝ ਸਕਦਾ ਹੈ।" ਕਾਂਸ਼ੀ ਦੇ ਰਾਜੇ ਬਹੁਤ ਭੇਟਾਵਾਂ ਭੇਜੀਆਂ ਸਨ ਤੇ ਹੋਰ ਸੱਤ ਸੌ ਸਿੱਖ ਭੇਟਾਵਾਂ ਸਹਿਤ ਨਾਲ ਆਏ ਸਨ॥੪੫॥

ਅਰਪਨ ਕਰੀ ਗੁਰੂ ਕੇ ਆਗੇ। ਪਿਖੇ ਸੁਸ਼ੀਲ ਸਕਲ ਅਨੁਰਾਗੇ।
ਸ੍ਰੀ ਹਰਿਗੋਵਿੰਦ ਹੇਰਿ ਅਲਾਯੋ। 'ਏਕਲ ਗਜੇ ਸੁ ਸਾਤਸੈ ਲਜਾਯੋ॥ ੪੬ ॥

ਉਨ੍ਹਾਂ ਵੀ ਆ ਕੇ ਗੁਰੂ ਜੀ ਦੇ ਅੱਗੇ ਭੇਟਾਵਾਂ ਅਰਪਣ ਕੀਤੀਆਂ, ਸਾਰੇ ਸੁਸ਼ੀਲ ਗੁਰੂ ਜੀ ਦਰਸ਼ਨ ਕਰਕੇ ਪ੍ਰੇਮ ਨਾਲ ਭਰ ਗਏ। ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਵੇਖ ਕੇ ਕਿਹਾ, "ਇਕੱਲੇ ਗਏ ਸੀ, ਸਤ ਸੋ ਨੂੰ ਨਾਲ ਲੈ ਕੇ ਆਏ ਹੋ॥੪੬॥

ਧੰਨ ਪੁਨਿਹ ਗੁਰਸਿਖ ਉਪਕਾਰੀ। ਜਹਿਂ ਜੈ ਹੈਂ ਤਹਿਂ ਕਰਹਿਂ ਉਧਾਰੀ।
ਪਰ ਦੁਖ ਦੇਖਿ ਨ ਸਕਹਿਂ, ਕ੍ਰਿਪਾਲੂ। ਦੇਤੇ ਗੁਰਮਤਿ ਅਨੰਦ ਬਿਸਾਲੂ ॥੪੭॥

ਉਪਕਾਰੀ ਗੁਰਸਿੱਖ ਧੰਨ ਪੁੰਨ ਕਰਦੇ ਹਨ, ਜਿੱਥੇ ਜਾਂਦੇ ਹਨ ਉਥੇ ਹੀ ਉਧਾਰ ਕਰਦੇ ਹਨ। ਕ੍ਰਿਪਾਲੂ, ਪਰਾਇਆ ਦੁਖ ਨਹੀਂ ਵੇਖ ਸਕਦੇ ਹਨ, ਗੁਰਮਤਿ ਦੇ ਕੇ ਵਿਸ਼ਾਲ ਆਨੰਦ ਬਖਸ਼ਦੇ ਹਨ' ॥੪੭॥

ਤਬਿ ਭਾਈ ਤੁਕ ਫੇਰ ਬਨਾਈ। ਅਪਰ ਰੀਤਿ ਤੇ ਉਚਰਿ ਸੁਨਾਈ।
'ਬਿਖ ਦੈ ਮਾਤ, ਕੌਨ ਸਿਸ ਰੱਖੈ?। ਚੋਰਹਿ ਪਹਿਰੂ ਕੋ ਤਿਸ ਲੱਖੈ॥ ੪੮ ॥

ਤਦ ਭਾਈ ਜੀ ਨੇ ਫਿਰ ਤੁਕ ਬਣਾਈ ਤੇ ਹੋਰ ਰੀਤੀ ਨਾਲ ਉਚਾਰਨ ਕਰਕੇ ਸੁਣਾਈ। "ਜੇ ਮਾਤਾ ਹੀ ਜ਼ਹਿਰ ਦੇ ਦੇਵੇ ਤਾਂ ਬਾਲਕ ਦੀ ਕੌਣ ਰਖਿਆ ਕਰੇਗਾ, ਜੇ ਪਹਿਰੇਦਾਰ ਹੀ ਚੋਰੀ ਕਰੇ ਤਾਂ ਉਸ ਨੂੰ ਕੌਣ ਜਾਣ ਸਕਦਾ ਹੈ॥੪੮॥

ਬੋਰਤਿ ਕਰੀਆ ਕੋ ਤਬਿ ਤਾਰੈ। ਹਤਹਿ ਭੂਪ, ਕਿਸ ਪਾਸ ਪੁਕਾਰੈ।
ਜੇ ਗੁਰ ਸਾਂਗ ਕਛੂ ਬਰਤਾਰੈ। ਸਿਖ ਆਗੇ ਤਬਿ ਕਹਾਂ ਬਿਚਾਰੈ' ॥ ੪੯ ॥

ਜੇ ਮਲਾਹ ਹੀ ਡੋਬਣ ਵਾਲਾ ਹੋਵੇ ਤਾਂ ਕੌਣ ਤਾਰੇਗਾ, ਜੇ ਰਾਜਾ ਹੀ ਮਾਰੇ ਤਾਂ ਕਿਸ ਪਾਸ ਫਰਿਆਦ ਕਰੇਗਾ। ਜੇ ਗੁਰੂ ਆਪ ਹੀ ਸਾਂਗ ਵਰਤਾਵੇ ਤਾਂ ਸਿੱਖ ਅੱਗੇ ਕੀ ਵਿਚਾਰੇਗਾ' ॥੪੯॥

ਇੱਤਜਾਦਿਕ ਬਹੁ ਸਿਫਤ ਸੁਨਾਈ। ਨਿਜ ਲਘੁਤਾ ਕਰਿ ਗੁਰੂ ਬਡਾਈ।
ਸੁਨਿ ਸਤਿਗੁਰੁ ਗਹਿ ਬਾਂਹ ਉਠਾਯੋ। ਅਪਨੇ ਅੰਗ ਸੰਗ ਤਬਿ ਲਾਯੋ॥ ੫੦॥

ਇੱਤਆਦਿ, ਭਾਈ ਗੁਰਦਾਸ ਜੀ ਨੇ ਬਹੁਤ ਸਿਫਤ ਸੁਣਾਈ, ਆਪਣੇ ਨੂੰ ਛੋਟਾ ਦੱਸ ਕੇ ਗੁਰੂ ਜੀ ਦੀ ਵਡਿਆਈ ਕੀਤੀ। ਇਹ ਸੁਣ ਕੇ ਸਤਿਗੁਰੂ ਜੀ ਨੇ ਬਾਂਹ ਤੋਂ ਫੜ ਕੇ ਉਪਰ ਚੁਕਿਆ ਤੇ ਆਪਣੇ ਅੰਗ ਸੰਗ ਲਾ ਲਿਆ॥੫੦॥

ਸਭਿਨਿ ਬਿਖੈ ਬਡ ਮਾਨ ਬਧਾਯੋ। 'ਧੰਨ ਧੰਨ' ਨਿਜ ਮੁਖ ਫੁਰਮਾਯੋ।
ਆਗੇ ਤੇ ਦਸ ਗੁਨ ਬਹੁ ਮਾਨ। ਕਰਿਕੈ ਰਾਖਯੋ ਗੁਰ ਭਗਵਾਨ॥ ੫੧॥

ਸਾਰਿਆਂ ਦੇ ਵਿਚ ਵੱਡਾ ਮਾਣ ਵਧਾਇਆ ਤੇ 'ਧੰਨ ਧੰਨ' ਨਿਜ ਮੁਖ ਤੋਂ ਫੁਰਮਾਇਆ। ਪਹਿਲਾਂ ਨਾਲੋਂ ਦਸ ਗੁਣਾ ਜਿਆਦਾ ਮਾਣ ਗੁਰੂ ਜੀ ਨੇ ਕਰਕੇ ਰਖਿਆ॥੫੧॥

ਸਭਿਨਿ ਬਿਖੈ ਭਾਈ ਜਸ ਭਯੋ। ਦੇਸ਼ ਬਦੇਸ਼ਨਿ ਮਹਿਂ ਸੁਨਿ ਲਯੋ।
ਗੁਰ ਘਰ ਮਹਿਂ ਗੁਰਦਾਸ ਵਡੇਰਾ। ਗੁਰ ਸਿਖ ਮਾਨਤਿ ਭਏ ਘਨੇਰਾ॥ ੫੨॥

ਸਾਰਿਆਂ ਵਿਚ ਭਾਈ ਗੁਰਦਾਸ ਜੀ ਦਾ ਬਹੁਤ ਜਸ ਹੋਇਆ ਜਿਹੜਾ ਦੇਸ਼ਾਂ ਵਿਦੇਸ਼ਾਂ ਵਿਚ ਸੁਣਿਆ ਗਿਆ। ਗੁਰੂ ਘਰ ਵਿਚ ਭਾਈ ਗੁਰਦਾਸ ਜੀ ਨੂੰ ਸਾਰੇ ਗੁਰਸਿੱਖ ਸਭ ਤੋਂ ਵਡੇਰਾ ਮੰਨਦੇ ਸਨ॥੫੨॥

*ਸੱਤਵੀਂ ਰਾਸ ਦਾ ਪੰਜਵਾਂ ਅਧਿਆਇ ਸਮਾਪਤ ਹੋਇਆ॥੫॥*

## *ਅਧਿਆਇ ਛੇਵਾਂ*

*ਸ੍ਰੀ ਸੂਰਜ ਮੱਲ ਜੀ ਦਾ ਵਿਆਹ*

ਦੋਹਰਾ- ਬਸਹਿ ਬਾਸ ਕਰਤਾਰਪੁਰਿ ਸੂਰਜਮਲ ਸਸੁਰਾਰ।
ਗੁਰਦਿੱਤੇ ਢਿਗ ਗਯੋ ਤਬਿ ਬਜਾਹੁ ਬਯੋਂਤ ਸੁ ਬਿਚਾਰਿ॥ ੧॥

ਸ੍ਰੀ ਸੂਰਜ ਮਲ ਦਾ ਸਹੁਰਾ ਕਰਤਾਰਪੁਰ ਵਿਚ ਘਰ ਬਣਾ ਕੇ ਰਹਿੰਦਾ ਸੀ ਤੇ ਵਿਆਹ ਦੀ ਵਿਉਂਤ ਵਿਚਾਰ ਕੇ ਸ੍ਰੀ ਗੁਰਦਿੱਤੇ ਜੀ ਪਾਸ ਗਿਆ॥੧੫॥

ਚੌਪਈ- 'ਮੋ ਚਿਤ ਮਹਿਂ ਅਬਿ ਦੇਵਹੁਂ ਬਜਾਹੂ। ਆਯੋ ਬੂਝਨਿ ਤੁਮਰੇ ਪਾਹੂ'।
ਸੁਨਿ ਸ੍ਰੀ ਗੁਰਦਿੱਤੇ ਪੁਨ ਕਹਯੋ। 'ਭਲੇ ਮਨੋਰਥ ਤੋਂ ਉਰ ਲਹਯੋ॥੨॥

ਕਹਿਣ ਲੱਗਾ, "ਮੇਰੇ ਚਿੱਤ ਵਿਚ ਹੈ ਕਿ ਹੁਣ ਵਿਆਹ ਦੇ ਦਿਆਂ, ਇਸ ਕਰਕੇ ਤੁਹਾਡੇ ਪਾਸ ਪੁੱਛਣ ਆਇਆ ਹਾਂ।" ਇਹ ਸੁਣ ਕੇ ਫਿਰ ਸ੍ਰੀ ਗੁਰਦਿੱਤੇ ਨੇ ਕਿਹਾ, "ਤੂੰ ਹਿਰਦੇ ਵਿਚ ਭਲਾ ਮਨੋਰਥ ਧਾਰਨ ਕੀਤਾ ਹੈ॥੨॥

ਸਾਹੇ ਕੋ ਨਿਕਸਾਇ ਪਠਾਵਹੁ। ਗੁਰ ਹਰਖਹਿਂ, ਅਬਿ ਨਹਿਂ ਬਿਲਮਾਵਹੁ'।
ਸੁਨਿ ਸਲਾਹ ਨਿਜ ਮੰਦਰ ਆਯੋ। ਬੈਠਿ ਬਿੱਪ੍ਰ ਕੋ ਨਿਕਟਿ ਬੁਲਾਯੋ॥ ੩॥

ਸਾਹਾ ਸੋਧ ਕੇ ਭੇਜ ਦੇਵੋ, ਗੁਰੂ ਜੀ ਪ੍ਰਸੰਨ ਹੋਣਗੇ, ਹੁਣ ਦੇਰ ਨਾ ਕਰੋ।" ਸ੍ਰੀ ਗੁਰਦਿੱਤੇ ਦੀ ਇਹ ਸਲਾਹ ਸੁਣ ਕੇ ਆਪਣੇ ਘਰ ਨੂੰ ਆ ਗਿਆ। ਬੈਠ ਕੇ ਬ੍ਰਾਹਮਣ ਨੂੰ ਆਪਣੇ ਪਾਸ ਬੁਲਾਇਆ॥੩॥

'ਮਮ ਪੁੱਤ੍ਰੀ ਕੋ ਸੋਧਹੁ ਸਾਹਾ। ਲਿਖਿ ਭੇਜਹਿਂ ਪੁਨ ਸਤਿਗੁਰ ਪਾਹਾ'।
ਸੁਨਿ ਦਿਜ ਪੱਤ੍ਰੀ ਦੇਖਿ ਬਿਚਾਰਯੋ। ਮਾਸ ਵਿਸਾਖ ਬਿਖੈ ਨਿਰਧਾਰਯੋ॥ ੪ ॥

ਮੇਰੀ ਪੁੱਤਰੀ ਦਾ ਸਾਹਾ ਸੋਧੋ, ਤਾਂਕਿ ਉਸ ਨੂੰ ਲਿਖ ਕੇ ਫਿਰ ਗੁਰੂ ਜੀ ਪਾਸ ਭੇਜੀਏ' ਇਹ ਸੁਣ ਕੇ ਬ੍ਰਾਹਮਣ ਨੇ ਪਤਰੀ ਵੇਖ ਕੇ ਵਿਚਾਰ ਕੀਤੀ ਤੇ ਵਿਸਾਖ ਮਹੀਨੇ ਵਿਚ ਵਿਆਹ ਕਰਨਾ ਨਿਰਧਾਰਤ ਕੀਤਾ॥੪॥

ਸਤਾਈਸਵੀ ਲਿਖਿ ਦੀ ਪਾਤੀ। ਦਿਜਬਰ ਕਰਜੋ ਤਯਾਰ ਭਲਿ ਭਾਂਤੀ।
ਸ੍ਰੀ ਗੁਰੁਦਿੱਤੇ ਤਬਿ ਕਹਿ ਭੇਜਾ। 'ਹਮ ਹੈਂ ਤਯਾਰ ਸੰਗ ਦਿਜ ਲੇ ਜਾ' ॥ ੫ ॥

ਵਿਸਾਖ ਦੀ ਸਤਾਈਵੀਂ ਸਾਹੇ-ਚਿੱਠੀ ਉਤੇ ਲਿਖ ਦਿੱਤੀ ਤੇ ਬ੍ਰਾਹਮਣ ਨੇ ਭਲੀ-ਭਾਤ ਤਿਆਰ ਕੀਤੀ। ਸ੍ਰੀ ਗੁਰਦਿੱਤੇ ਫਿਰ ਕਹਿ ਭੇਜਿਆ "ਅਸੀਂ ਤਿਆਰ ਹਾਂ, ਆਪਣੇ ਨਾਲ ਬ੍ਰਾਹਮਣ ਨੂੰ ਲੈ ਜਾਵਾਂਗੇ" ॥੫॥

ਇਕ ਦਿਨ ਪੁਰਿ ਬਿਤਾਇ ਕਰਿ ਚਾਲੇ। ਦਿਜ ਸਾਹਾ ਲੇ ਕਰਿ ਨਿਜ ਨਾਲੇ।
ਆਨਿ ਸੁਧਾਸਰ ਪੁਰੀ ਪ੍ਰਵੇਸ਼ੇ। ਮਿਲੇ ਤਬਹਿ ਪਰਿਵਾਰ ਅਸ਼ੇਸ਼ੇ॥ ੬ ॥

ਇਕ ਦਿਨ ਨਗਰ ਵਿਚ ਬਤੀਤ ਕਰ ਕੇ ਚਲੇ ਗਏ, ਬ੍ਰਾਹਮਣ ਸਾਹੇ ਚਿੱਠੀ ਲੈ ਕੇ ਨਾਲ ਚਲਾ ਗਿਆ। ਆ ਕੇ ਅੰਮ੍ਰਿਤਸਰ ਵਿਚ ਪ੍ਰਵੇਸ਼ ਕੀਤਾ, ਫਿਰ ਸਾਰੇ ਪਰਿਵਾਰ ਨੂੰ ਮਿਲੇ॥੬॥

ਕਰਿ ਡੇਰਾ ਕਰ ਚਰਨ ਪਖਾਰੇ। ਬਸਤ੍ਰ ਸ਼ਸਤ੍ਰ ਸੁੰਦਰ ਤਨ ਧਾਰੇ।
ਸ੍ਰੀ ਗੁਰਦਿੱਤਾ ਲੇ ਦਿਜ ਸਾਥ। ਮਿਲੇ ਜਾਇ ਨਿਜ ਪਿਤ ਜਗਨਾਥ॥ ੭ ॥

ਉਥੇ ਡੇਰਾ ਕਰਕੇ ਹੱਥ ਪੈਰ ਧੋਤੇ ਤੇ ਬਸਤਰ ਸ਼ਸਤਰ ਸੁੰਦਰ ਧਾਰਨ ਕੀਤੇ। ਸ੍ਰੀ ਗੁਰਦਿੱਤਾ ਬ੍ਰਾਹਮਣ ਨੂੰ ਨਾਲ ਲੈ ਕੇ ਆਪਣੇ ਪਿਤਾ ਗੁਰੂ ਜੀ ਨੂੰ ਜਾ ਮਿਲਿਆ॥੭॥

ਕਰਿ ਬੰਦਨ ਬੈਠਯੋ ਤਬਿ ਪਾਸ। ਪੁੱਤ੍ਰ ਬਿਲੋਕਿ ਪ੍ਰਮੋਦ ਪ੍ਰਕਾਸ਼।
ਧਰਿ ਸਨੇਹ ਸਿਰ ਪਰ ਕਰ ਫੇਰਾ। ਕੁਸ਼ਲ ਬੂਝਿ ਪ੍ਰਿਯ ਬਰ ਮੁਖ ਹੇਰਾ॥ ੮ ॥

ਬੰਦਨਾ ਕਰਕੇ ਫਿਰ ਪਾਸ ਬੈਠ ਗਿਆ। ਗੁਰੂ ਜੀ ਆਪਣੇ ਪੁੱਤਰ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ। ਪਿਆਰ ਧਾਰਨ ਕਰਕੇ ਸਿਰ ਤੇ ਹੱਥ ਫੇਰਿਆ ਸੁਖ ਸਾਂਦ ਪੁੱਛ ਕੇ ਪਿਆਰ ਨਾਲ ਸ੍ਰੇਸ਼ਟ ਮੁੱਖ ਵਲ ਤਕਿਆ॥੮॥

ਦਿਜ ਸਨਮੁਖ ਬੈਠਯੋ ਤਬਿ ਆਨਿ। ਕਰੀ ਬਯਾਹੁ ਕੀ ਬਾਤ ਬਖਾਨ।
'ਬਿੱਪ੍ਰ ਪਠਾਯੋ ਸਾਹਾ ਦੈ ਕੈ। ਅਪਰ ਸਕਲ ਤਯਾਰੀ ਨਿਜ ਕੈ ਕੈ॥ ੯ ॥

ਫਿਰ ਬ੍ਰਾਹਮਣ ਆ ਕੇ ਸਾਹਮਣੇ ਬੈਠ ਗਿਆ, ਤਦ ਸ੍ਰੀ ਗੁਰਦਿੱਤਾ ਜੀ ਨੇ ਵਿਆਹ ਦੀ ਗੱਲ ਕਹੀ। "ਬ੍ਰਾਹਮਣ ਨੂੰ ਸਾਹੇ ਚਿੱਠੀ ਦੇ ਕੇ ਭੇਜਿਆ ਹੈ, ਹੋਰ ਸਾਰੀ ਤਿਆਰੀ ਕਰ ਲਈ ਹੈ॥੯॥

ਫਾਗਣ ਬੀਸ ਦਿਵਸ ਅਬਿ ਗਯੋ। ਬਯਾਹ ਵਿਸਾਖ ਮਾਸ ਕੋ ਦਯੋ।
ਸੁਨਿ ਸਤਿਗੁਰੂ ਸਰਾਹਨ ਕੀਨਾ। 'ਆਛੀ ਬਾਤ ਭਈ ਤਿਨ ਦੀਨਾ' ॥ ੧੦ ॥

ਫੱਗਣ ਹੁਣ ਵੀਹ ਦਿਨ ਚਲਾ ਗਿਆ ਹੈ, ਵਿਆਹ ਵਿਸਾਖ ਮਹੀਨੇ ਦਾ ਦਿੱਤਾ ਹੈ।" ਇਹ ਸੁਣ ਕੇ ਸਤਿਗੁਰੂ ਜੀ ਨੇ ਸ਼ਲਾਘਾ ਕੀਤੀ, ਉਨ੍ਹਾਂ ਚੰਗੀ ਗੱਲ ਕੀਤੀ ਹੈ, ਜਿਹੜਾ ਉਨ੍ਹਾਂ ਵਿਆਹ ਦੇ ਦਿੱਤਾ ਹੈ' ॥੧੦॥

ਕਹਿ ਦਿਜ ਕੋ ਸ਼ੁਭ ਸਦਨ ਉਤਾਰਾ। ਸੁਧਿ ਜਬਿ ਭਈ ਸਕਲ ਪਰਵਾਰਾ।
ਜੇ ਮੰਗਲ ਕੇ ਸਗੁਨ ਬਿਸਾਲੇ। ਕਰੇ ਪ੍ਰਮੋਦ ਬਿਨੋਦਨ ਜਾਲੇ॥ ੧੧ ॥

ਕਹਿ ਕੇ ਬ੍ਰਾਹਮਣ ਦਾ ਸ਼ੁਭ ਘਰ ਵਿਚ ਉਤਾਰਾ ਕਰਵਾਇਆ ਗਿਆ। ਜਦ ਸਾਰੇ ਪਰਿਵਾਰ ਨੂੰ ਖ਼ੁਸ਼ੀ ਦੀ ਖ਼ਬਰ ਮਿਲੀ ਤਾਂ ਅਨੰਦ ਮੰਗਲ ਦੇ ਸਮੂਹ ਹਾਸ-ਵਿਲਾਸ ਕੀਤੇ॥੧੧॥

ਨੇਤੀ ਮਿਲ ਤ੍ਰੈ ਸਾਸਨ ਸਾਥ। ਕਰ ਬੰਦਤਿ ਪਗ ਟੇਕਯੋ ਮਾਥ।
ਮਨਹੁਂ ਅਨੰਦ ਕੇ ਉਦਧਿ ਮਝਾਰੂ। ਮਿਲੇ ਮੀਨ ਸਮ ਸਭਿ ਪਰਵਾਰੂ॥੧੨॥

ਸ੍ਰੀ ਗੁਰਦਿੱਤਾ ਜੀ ਦੀ ਪਤਨੀ ਨੇ ਆਪਣੀਆਂ ਤਿੰਨਾਂ ਸੱਸਾਂ ਨੂੰ ਮਿਲ ਕੇ ਬੰਦਨਾ ਕਰਕੇ, ਉਨ੍ਹਾਂ ਦੇ ਚਰਨਾਂ ਤੇ ਮੱਥਾ ਟੇਕਿਆ। ਮਾਨੋਂ ਅਨੰਦ ਦੇ ਸਮੁੰਦਰ ਵਿਚ ਮੱਛੀ ਵਾਂਗ ਸਾਰੇ ਪਰਿਵਾਰ ਨੂੰ ਮਿਲੀ ਹੋਵੇ॥੧੨॥

ਬਜੇ ਸਦਨ ਦਰ ਪਰ ਸ਼ਦਿਯਾਨੇ। ਲਘੁ ਦੀਰਘ ਦੁੰਦਭਿ ਧੁਨਿ ਠਾਨੇ।
ਢੋਲ ਨਫੀਰੀ ਝਾਂਝ ਬਜਾਵੈਂ। ਹੋਤਿ ਕੁਲਾਹਲ ਜਨ ਬਹੁ ਆਵੈਂ॥੧੩॥

ਘਰ ਦੇ ਦਰਵਾਜ਼ੇ ਤੇ ਖ਼ੁਸ਼ੀ ਦੇ ਵਾਜੇ ਵੱਜ ਉੱਠੇ, ਛੋਟੇ ਵੱਡੇ ਸਭ ਨਗਾਰਿਆਂ ਦੀਆਂ ਧੁੰਨਾਂ ਉਠੀਆਂ। ਢੋਲ ਨਫੀਰੀਆਂ ਅਤੇ ਝਾਂਝ ਵਜਾਉਂਦੇ ਸਨ, ਬਹੁਤ ਮਨੁੱਖਾਂ ਦੇ ਆਉਣ ਕਰਕੇ ਕੁਲਾਹਲ ਮਚਿਆ ਹੋਇਆ ਸੀ॥੧੩॥

ਤਿਸ ਨਿਸ ਮਹਿਂ ਉਤਸਵ ਅਤਿ ਕੀਨਾ। ਤੀਨ ਦਿਵਸ ਦਿਜ ਰਾਖਿ ਪ੍ਰਬੀਨਾ।
ਬਹੁਰ ਬਿਦਾ ਹੁਇ ਪੁਰਿ ਕਰਤਾਰਾ। ਜਾਇ ਬਿੱਪ੍ਰ ਸੁਧਿ ਕਰੀ ਉਚਾਰਾ॥੧੪॥

ਉਸ ਰਾਤ ਨੂੰ ਬਹੁਤ ਵੱਡਾ ਉਤਸਵ ਕੀਤਾ, ਤੇ ਪ੍ਰਬੀਨ ਬ੍ਰਾਹਮਣ ਨੂੰ ਤਿੰਨ ਦਿਨ ਰਖਿਆ ਗਿਆ। ਫਿਰ ਵਿਦਾ ਹੋ ਕੇ ਕਰਤਾਰਪੁਰ ਪਹੁੰਚ ਗਿਆ ਤੇ ਉਥੇ ਜਾ ਕੇ ਪਰਿਵਾਰ ਨੂੰ ਸਾਰੀ ਖ਼ਬਰ ਸੁਣਾਈ॥੧੪॥

ਪ੍ਰੇਮ ਚੰਦ ਸੁਨਿ ਕਰਿ ਹਰਖਾਯੋ। ਸੰਚੈ ਸਕਲ ਸਮਾਜ ਕਰਾਯੋ।
ਤ੍ਰਿਣ ਅਰੁ ਅੰਨ ਘ੍ਰਿਤ ਮਿਸ਼ਟਾਨ। ਦੁਗਨ ਖਰਚ ਤੇ ਕਰੇ ਮਹਾਨ॥੧੫॥

ਸ੍ਰੀ ਸੂਰਜ ਮਲ ਦਾ ਸਹੁਰਾ ਪ੍ਰੇਮ ਚੰਦ ਸੁਣ ਕੇ ਬਹੁਤ ਪ੍ਰਸੰਨ ਹੋਇਆ, ਸਾਰਾ ਸਾਜ਼-ਸਾਮਾਨ ਇਕੱਠਾ ਕਰਵਾਇਆ। ਘਾਹ, ਅਨਾਜ, ਘਿਉ, ਮਿੱਠਾ ਆਦਿ ਦੁਗਨੇ ਖਰਚ ਕੇ ਬਹੁਤ ਵੱਡੀ ਮਿਕਦਾਰ ਵਿਚ ਇਕੱਠੇ ਕੀਤੇ॥੧੫॥

ਇਸੀ ਰੀਤਿ ਦਿਨ ਕਿਤਿਕ ਬਿਤਾਏ। ਮੇਲ ਬਸੋਏ ਕੋ ਨਿਯਰਾਏ।
ਸਭਿਨਿ ਸਥਾਨ ਸਬੰਧੀ ਜੇਤੇ। ਪਠਿ ਨਰ ਕਰੇ ਹਕਾਰਨਿ ਤੇਤੇ॥੧੬॥

ਏਸੇ ਰੀਤੀ ਨਾਲ ਕਈ ਦਿਨ ਬਤੀਤ ਕੀਤੇ, ਵਿਸਾਖੀ ਦਾ ਮੇਲਾ ਬਹੁਤ ਨੇੜੇ ਆ ਗਿਆ। ਸਭ ਥਾਵਾਂ ਤੇ ਜਿੰਨੇ ਵੀ ਸੰਬੰਧੀ ਸਨ ਸਾਰਿਆਂ ਨੂੰ ਸੇਵਕ ਭੇਜ-ਭੇਜ ਬੁਲਾਇਆ॥੧੬॥

ਜਹਿਂ ਕਹਿਂ ਬਜਾਹਿ ਸੁਨਤਿ ਹਰਖਾਏ। 'ਭਲੀ ਭਈ ਐਸੇ ਦਿਨ ਆਏ।
ਆਛੀ ਰਿਤੁ ਬਹੁ ਤਪਤ ਨ ਸੀਤ। ਉਤਸਵ ਸ਼ਾਦੀ ਕੀ ਸਭਿ ਰੀਤ'॥੧੭॥

ਜਿਥੇ ਕਿਥੇ ਵਿਆਹ ਬਾਰੇ ਸੁਣ ਕੇ ਬਹੁਤ ਪ੍ਰਸੰਨ ਹੋਏ ਕਹਿੰਦੇ ਸਨ, 'ਭਲਾ ਹੋਇਆ ਹੈ ਐਸੇ ਦਿਨਾਂ ਵਿਚ ਵਿਆਹ ਰਖਿਆ ਹੈ, ਬੜੀ ਚੰਗੀ ਰੁੱਤ ਹੈ, ਨਾ ਜ਼ਿਆਦਾ ਗਰਮੀ ਹੈ ਤੇ ਨਾ ਜ਼ਿਆਦਾ ਠੰਡ ਹੈ, ਵਿਆਹ ਦੇ ਉਤਸਵ ਦੀ ਸਭ ਰੀਤੀ ਹੈ'॥੧੭॥

ਪੁਨ ਬਡ ਹੋਇ ਸੁਧਾਸਰ ਮੇਲਾ। ਸਿੱਖ ਮਸੰਦਨ ਬਨਹਿਂ ਸਕੇਲਾ।
ਯਾਂਤੇ ਬਹੁ ਅਨੰਦ ਕਰਿ ਮੇਲੀ। ਆਵਹਿਂ ਘਰ ਕੇ ਕਾਰਜ ਪੇਲੀ॥੧੮॥

ਫਿਰ ਹੁਣ ਅੰਮ੍ਰਿਤਸਰ ਵਿਖੇ ਵੱਡਾ ਮੇਲਾ ਲੱਗੇਗਾ, ਬਹੁਤ ਸਿੱਖ ਅਤੇ ਮਸੰਦ ਇਕੱਠੇ ਹੋਣਗੇ। ਇਸ ਕਰਕੇ ਮੇਲੀ ਬਹੁਤ ਅਨੰਦ ਪ੍ਰਾਪਤ ਕਰਨਗੇ ਤੇ ਘਰ ਦੇ ਸਾਰੇ ਕਾਰਜ ਛੱਡ ਕੇ ਆਉਣਗੇ॥੧੮॥

ਬ੍ਰਿੰਦ ਮਨੁਜ ਕੋ ਲੈ ਲੈ ਸਾਥ। ਆਨਿ ਬਿਲੋਕੇ ਸ਼੍ਰੀ ਗੁਰਨਾਥ।
ਦਾਤੂ ਕੇ ਸੁਤ ਸਹਤ ਕੁਟੰਬ। ਆਇ ਮਿਲੇ ਗੁਰ, ਹੀਨ ਬਿਲੰਬ॥ ੧੯॥

ਬਹੁਤ ਮਨੁੱਖਾਂ ਨੂੰ ਨਾਲ ਲੈ-ਲੈ ਕੇ ਗੁਰੂ ਜੀ ਦੇ ਆ ਕੇ ਦਰਸ਼ਨ ਕਰਦੇ ਸਨ। ਬਾਬਾ ਦਾਤੂ ਆਪਣੇ ਪੁੱਤਰਾਂ ਤੇ ਪਰਿਵਾਰ ਸਹਿਤ ਆਇਆ ਤੇ ਉਹ ਕਿਸੇ ਦੇਰੀ ਤੋਂ ਬਗੈਰ ਗੁਰੂ ਜੀ ਨੂੰ ਆ ਮਿਲੇ॥੧੯॥

ਗੋਇੰਦਵਾਲ ਬਿਸਾਲ ਉਤਾਲੇ। ਸਭਿ ਪਰਵਾਰ ਹੋਇ ਨਰ ਜਾਲੇ।
ਸੁਧਾ ਸਰੋਵਰ ਕੋ ਚਲਿ ਆਏ। ਜਥਾਜੋਗ ਮਿਲਿ ਗੁਰ ਹਰਖਾਏ॥ ੨੦॥

ਗੋਇੰਦਵਾਲ ਦੇ ਸਾਰੇ ਪਰਿਵਾਰ ਬੜੀ ਛੇਤੀ ਇਕੱਠੇ ਹੋ ਗਏ ਤੇ ਚਲ ਕੇ ਅੰਮ੍ਰਿਤਸਰ ਆ ਗਏ, ਸਾਰੇ ਯਥਾ ਯੋਗ ਗੁਰੂ ਜੀ ਨੂੰ ਮਿਲ ਕੇ ਪ੍ਰਸੰਨ ਹੋਏ॥੨੦॥

ਡੱਲੇ, ਡਾਰੋਲੀ, ਮੰਡਿਆਲੀ। ਆਏ ਸੰਗਤਿ ਸੰਗ ਬਿਸਾਲੀ।
ਮਉ, ਮੱਲੇ ਅਰੁ ਨਗਰ ਵਟਾਲੇ। ਆਇ ਮਿਲੇ ਜੁਤਿ ਮਾਨਵ ਜਾਲੇ॥ ੨੧॥

ਡੱਲਾ, ਡਾਰੋਲੀ ਅਤੇ ਮੰਡਿਆਲੀ ਤੋਂ ਸਾਰੇ ਰਿਸ਼ਤੇਦਾਰ ਬਹੁਤ ਸੰਗਤ ਸਹਿਤ ਇਕੱਠੇ ਹੋ ਕੇ ਆਏ। ਮਉ, ਮੱਲੇ ਅਤੇ ਵਟਾਲੇ ਨਗਰ ਤੋਂ ਬਹੁਤ ਮਨੁੱਖ ਇਕੱਠੇ ਹੋ ਕੇ ਆ ਕੇ ਮਿਲੇ॥੨੧॥

ਬ੍ਰਿਧ ਕੋ ਸੁਤ ਭਾਨਾ ਤਬਿ ਆਯੋ। ਸੰਗ ਪੁੱਤ੍ਰ ਪੌਤ੍ਰਨ ਕੋ ਲਯਾਯੋ।
ਹਰੀਚੰਦ ਨਿਤ ਪਾਸ, ਅਵਾਸਾ। ਰਾਮਦਾਸ ਪੁਰਿ ਮਹਿਂ ਸੁਖਰਾਸਾ॥ ੨੨॥

ਤਦ ਬਾਬਾ ਬੁੱਢਾ ਜੀ ਦਾ ਪੁੱਤਰ ਭਾਨਾ ਆਇਆ, ਉਹ ਆਪਣੇ ਨਾਲ ਪੁੱਤਰਾਂ ਅਤੇ ਪੋਤ੍ਰਿਆਂ ਨੂੰ ਲਿਆਇਆ। ਹਰੀ ਚੰਦ ਸਦਾ ਪਾਸ ਹੀ ਆਪਣੇ ਘਰ ਵਿਚ ਰਹਿੰਦਾ ਸੀ, ਉਹ ਰਾਮਦਾਸ ਨਗਰ ਵਿਚ ਹੀ ਰਹਿ ਰਿਹਾ ਸੀ॥੨੨॥

ਸਤਿਗੁਰ ਮਹਿਲ ਗਯੋ ਭਰਿ ਸਬੈ। ਆਈ ਸਭਿ ਥਲ ਤੇ ਤ੍ਰਿਯਾ ਤਬੈ।
ਅਪਰ ਸਦਨ ਗਨ ਹੁਤੇ ਚਿਨਾਏ। ਕਹਿ,ਸਭਿਹਿਨਿ ਕੋ ਸਿਵਰ ਕਰਾਏ॥੨੩॥

ਸਤਿਗੁਰੂ ਜੀ ਦਾ ਮਹਿਲ ਸਾਰਾ ਭਰ ਗਿਆ ਜਦ ਸਾਰੇ ਸਥਾਨਾਂ ਤੋਂ ਇਸਤਰੀਆਂ ਚਲ ਕੇ ਆ ਗਈਆਂ। ਹੋਰ ਕਈ ਘਰ ਬਣਾਏ ਗਏ ਸਨ, ਕਹਿ ਕੇ ਸਾਰਿਆਂ ਵਾਸਤੇ ਤੰਬੂ ਲਵਾ ਦਿੱਤੇ॥੨੩॥

ਜਥਾ ਜੋਗ ਮਿਲਿ ਸਭਿ ਹਰਖਾਏ। ਸੁਧਾ ਸਰੋਵਰ ਮੱਜ ਨਹਾਏ।
ਅਸਨ ਬਨਤਿ ਹੈਂ ਬਿਬਿਧ ਪ੍ਰਕਾਰੇ। ਸ੍ਵਾਦਲ ਖਟ ਰਸ ਖਾਇ ਅਹਾਰੇ॥੨੪॥

ਯਥਾ ਯੋਗ ਮਿਲ ਕੇ ਸਭ ਪ੍ਰਸੰਨ ਹੋਏ ਤੇ ਅੰਮ੍ਰਿਤ ਸਰੋਵਰ ਵਿਚ ਜਾ ਕੇ ਇਸ਼ਨਾਨ ਕੀਤਾ। ਕਈ ਪ੍ਰਕਾਰ ਦੇ ਭੋਜਨ ਤਿਆਰ ਹੁੰਦੇ ਸਨ। ਸਾਰੇ ਸਵਾਦੀ ਖੱਟੇ ਮਿੱਠੇ ਰਸ ਵਾਲੇ ਭੋਜਨ ਛੱਕਦੇ ਸਨ॥੨੪॥

ਦੋਨਹੁਂ ਸਮੈ ਅਚਵਿ ਤ੍ਰਿਪਤਾਵੈਂ। ਅਨਗਨ ਸੰਗਤਿ ਮੇਲਾ ਆਵੈ।
ਦਿਵਸ ਨਿਸਾ ਨਰ ਮਿਲਿ ਸਮੁਦਾਈ। ਕਰਹਿਂ ਦੇਗ ਕੁਛ ਗਨੀ ਨ ਜਾਈ॥੨੫॥

ਦੋਵੇਂ ਵੇਲੇ ਛੱਕ ਕੇ ਤ੍ਰਿਪਤ ਹੋ ਜਾਂਦੇ ਸਨ, ਅਣਗਿਣਤ ਸੰਗਤ ਮੇਲੇ ਵਿਚ ਆਉਂਦੀ ਸੀ। ਦਿਨ ਰਾਤ ਮਨੁੱਖ ਮਿਲ ਕੇ ਏਨਾ ਲੰਗਰ ਤਿਆਰ ਕਰਦੇ ਸਨ ਕਿ ਕੋਈ ਗਿਣਤੀ ਨਹੀਂ ਸੀ ਪਾਈ ਜਾਂਦੀ॥੨੫॥

ਇਕ ਤੋ ਬਜਾਰ ਮੇਲ ਅਰੁ ਮੇਲਾ। ਸੁਨ ਜਹਿਂ ਕਹਿਂ ਤੇ ਬਹੁਰ ਸਕੇਲਾ।
ਨਿਤ ਪ੍ਰਤਿ ਸਤਿਗੁਰ ਲਾਇਂ ਦਿਵਾਨ। ਸੁਭਟ ਹਜ਼ਾਰਹੁਂ ਬੈਠਹਿਂ ਆਨਿ॥੨੬॥

ਇਕ ਤਾਂ ਵਿਆਹ ਦਾ ਮੇਲ ਸੀ ਤੇ ਦੂਸਰਾ ਮੇਲਾ ਲੱਗਾ ਸੀ, ਜਿਥੋਂ ਕਿਥੋਂ ਸੁਣ ਕੇ ਫਿਰ ਇਕੱਠੇ ਹੋ ਗਏ ਸਨ। ਸਤਿਗੁਰੂ ਜੀ ਨਿਤ ਦੀਵਾਨ ਲਾਉਂਦੇ ਸਨ ਤੇ ਹਜ਼ਾਰਾਂ ਸੂਰਮੇ ਆ ਕੇ ਬੈਠ ਜਾਂਦੇ ਸਨ॥੨੬॥

ਜੋ ਸਨਬੰਧੀ ਸਭਿ ਤਬਿ ਆਵੈਂ। ਸੰਗਤਿ ਅਨਗਨ ਭੇਟ ਚੜ੍ਹਾਵੈ।
ਅਧਿਕ ਭੀਰ ਗੁਰ ਕੇ ਚਹੁੰਫੇਰੇ। ਸਾਹਿਬਜ਼ਾਦੇ ਚਾਰਹੁੰ ਨੇਰੇ॥ ੨੭॥

ਜਿਹੜੇ ਸੰਬੰਧੀ ਸਨ ਉਹ ਤਦ ਸਾਰੇ ਆਉਂਦੇ ਸਨ, ਤੇ ਸੰਗਤਾਂ ਅਣਗਿਣਤ ਭੇਟਾਵਾਂ ਚੜ੍ਹਾਉਂਦੀਆਂ ਸਨ। ਗੁਰੂ ਜੀ ਦੇ ਚਾਰ ਚੁਫੇਰੇ ਬਹੁਤ ਭੀੜ ਲੱਗੀ ਰਹਿੰਦੀ ਸੀ ਤੇ ਚਾਰੇ ਸਾਹਿਬਜ਼ਾਦੇ ਪਾਸ ਰਹਿੰਦੇ ਸਨ॥੨੭॥

ਇਮ ਨਿਤ ਮੰਗਲ ਹੋਤਿ ਨਵੀਨਾ। ਨਿਕਟਿ ਬਜਾਹ ਕੋ ਬਾਸੁਰ ਚੀਨਾ।
ਸ੍ਰੀ ਹਰਿਗੋਵਿੰਦ ਹੁਕਮ ਬਖਾਨਾ। 'ਸਜਹੁ ਬਰਾਤਿ ਤਯਾਰ ਬਿਧਿ ਨਾਨਾ' ॥੨੮॥

ਇਸ ਤਰ੍ਹਾਂ ਨਿਤ ਨਵੀਨ ਮੰਗਲ ਹੁੰਦਾ ਸੀ, ਜਦ ਵਿਆਹ ਦਾ ਦਿਨ ਨੇੜੇ ਆਇਆ ਵੇਖਿਆ ਤੇ ਸਤਿਗੁਰੂ ਹਰਿਗੋਬਿੰਦ ਜੀ ਨੇ ਹੁਕਮ ਕੀਤਾ, "ਕਈ ਪ੍ਰਕਾਰ ਦੀਆਂ ਵਿਧੀਆਂ ਨਾਲ ਤਿਆਰ ਹੋ ਕੇ ਸਾਰੇ ਬਰਾਤੀ ਸਜ ਜਾਵੋ" ॥੨੮॥

ਸੁਨਿ ਆਇਸੁ ਸਭਿ ਕੇ ਚਿਤ ਚਾਊ। ਬਸਨ ਬਿਭੂਖਨ ਦੇਹੁ ਸਜਾਊ।
ਸਜਿ ਸਜਿ ਸੁੰਦਰ ਬਾਹਨ ਨਾਨਾ। ਭਏ ਅਰੂਢਨ ਤਯਾਰ ਸੁਜਾਨਾ॥ ੨੯॥

ਆਗਿਆ ਸੁਣ ਕੇ ਸਾਰਿਆਂ ਦੇ ਚਿੱਤ ਚਾਅ ਨਾਲ ਭਰ ਗਏ। ਵਸਤਰ ਗਹਿਣੇ ਦੇ ਕੇ ਸਜਾ ਦਿੱਤੇ। ਕਈ ਪ੍ਰਕਾਰ ਦੇ ਵਾਹਣ ਸਜਾ-ਸਜਾ ਕੇ ਸ੍ਰੇਸ਼ਟ ਮਨੁੱਖ ਤਿਆਰ ਹੋ ਕੇ ਸਵਾਰ ਹੋ ਗਏ॥੨੯॥

ਪ੍ਰਥਮ ਬ੍ਰਿੰਦ ਕਰਿ ਲੇ ਪਕਵਾਨਾ। ਸ੍ਰੀ ਹਰਿ ਗੋਵਿੰਦ ਪਰਮ ਸੁਜਾਨਾ।
ਤਖਤ ਅਕਾਲ ਅਰਪਿ ਕਰਿ ਭਲੇ। ਸ੍ਰੀ ਹਰਿਮੰਦਰ ਕੀ ਦਿਸ਼ਿ ਚਲੇ॥ ੩੦॥

ਪਹਿਲਾਂ ਬਹੁਤ ਪਕਵਾਨ ਹੱਥ ਵਿਚ ਲੈ ਕੇ ਸ੍ਰੀ ਹਰਿਗੋਬਿੰਦ ਜੀ ਪਰਮ ਸੁਜਾਨ ਨੇ ਅਕਾਲ ਤਖਤ ਤੇ ਭਲੀ ਪ੍ਰਕਾਰ ਅਰਪਣ ਕਰਕੇ ਫਿਰ ਸ੍ਰੀ ਹਰਿਮੰਦਰ ਸਾਹਿਬ ਵਾਲੇ ਪਾਸੇ ਚਲ ਪਏ॥੩੦॥

ਬਸਤ੍ਰ ਬਿਭੂਖਨ ਸ਼ਸਤ੍ਰ ਸੁ ਅੰਗ। ਸ੍ਰੀ ਗੁਰਦਿੱਤਾ ਸ਼ੋਭਤਿ ਸੰਗ।
ਸੂਰਜਮਲ ਕੋ ਆਗੇ ਕੀਨਿ। ਬਾਮ ਭਾਗ ਅਣਿਰਾਇ ਪ੍ਰਬੀਨ॥ ੩੧॥

ਬਸਤਰ, ਗਹਿਣੇ ਅਤੇ ਸ਼ਸਤਰ ਧਾਰਨ ਕਰਕੇ ਸ੍ਰੀ ਗੁਰਦਿੱਤਾ ਜੀ ਗੁਰੂ ਜੀ ਦੇ ਨਾਲ ਸ਼ੋਭਾ ਪਾ ਰਹੇ ਸਨ। ਸ੍ਰੀ ਸੂਰਜ ਮਲ ਨੂੰ ਅੱਗੇ ਲਾਇਆ, ਖੱਬੇ ਪਾਸੇ ਚਤੁਰ ਅਣੀ ਰਾਇ ਸਨ॥੩੧॥

ਦਿਸ਼ ਦਾਹਨ ਸ੍ਰੀ ਤੇਗ ਬਹਾਦਰ। ਦਾਸ ਗੋਦ ਮਹਿਂ ਲੀਨੇ ਸਾਦਰ।
ਧੀਰਮੱਲ ਕੋ ਤਥਾ ਉਚਾਏ। ਸੰਗ ਮਸਾਹਿਬ ਸਿਖ ਸਮੁਦਾਏ॥ ੩੨॥

ਸਜੇ ਪਾਸ ਸ੍ਰੀ ਤੇਗ ਬਹਾਦਰ ਸਨ, ਉਨ੍ਹਾਂ ਨੂੰ ਸੇਵਕ ਨੇ ਬੜੇ ਅਦਬ ਨਾਲ ਗੋਦ ਵਿਚ ਚੁਕਿਆ ਸੀ। ਸ੍ਰੀ ਧੀਰ ਮੱਲ ਨੂੰ ਵੀ ਉਸ ਤਰ੍ਹਾਂ ਚੁੱਕ ਕੇ ਸਿੱਖ ਸੰਗਤਾਂ ਦੇ ਨਾਲ ਜਾ ਰਹੇ ਸਨ॥੩੨॥

ਜਾਇ ਥਿਰੇ ਦਰਬਾਰ ਅਗਾਰੀ। ਕਰ ਬੰਦਨ ਪ੍ਰਦੱਛਨਾ ਧਾਰੀ।
ਅੰਤਰ ਪ੍ਰਵਿਸ਼ਿ ਜੋਰਿ ਕਰ ਖਰੇ। ਤਬਿ ਅਰਦਾਸ ਮੇਵਰੋ ਕਰੇ॥ ੩੩॥

ਦਰਬਾਰ ਸਾਹਿਬ ਦੇ ਅੱਗੇ ਜਾ ਕੇ ਖੜੇ ਹੋ ਗਏ ਤੇ ਬੰਦਨਾ ਕਰਕੇ ਪਰਿਕਰਮਾ ਕੀਤੀਆਂ। ਅੰਦਰ ਦਾਖਲ ਹੋ ਕੇ ਹੱਥ ਜੋੜ ਕੇ ਖਲੋ ਗਏ। ਤਦ ਅਰਦਾਸੀਏ ਨੇ ਅਰਦਾਸ ਕੀਤੀ॥੩੩॥

'ਸੁਤ ਪੌਤ੍ਰ ਜੁਤਿ ਸਭਿ ਪਰਵਾਰੈ। ਸ੍ਰੀ ਗੁਰਰਾਮਦਾਸ ਸੁਖ ਧਾਰੈਂ'।
ਮਸਤਕ ਟੇਕ ਸੁ ਨਿਕਸੇ ਬਾਹਰ। ਜਿਨ ਕੋ ਸਭਿ ਜਗ ਮੈਂ ਜਸੁ ਜ਼ਾਹਰ॥੩੪॥

ਸ੍ਰੀ ਗੁਰੂ ਰਾਮਦਾਸ ਜੀ ਦੇ ਪੁੱਤਰ ਪੋਤਰੇ ਤੇ ਸਾਰਾ ਪਰਿਵਾਰ ਸੁਖ ਧਾਰ ਕੇ ਹਰਿਮੰਦਰ ਸਾਹਿਬ ਵਿਚ ਮੱਥਾ ਟੇਕ ਕੇ ਬਾਹਰ ਨਿਕਲੇ, ਜਿਨ੍ਹਾਂ ਦਾ ਸਾਰੇ ਜਗ ਵਿਚ ਜਸ ਪ੍ਰਗਟ ਸੀ॥੩੪॥

ਚਢੇ ਪਾਲਕੀ ਮਹਿਂ ਗੁਨਖਾਨੀ। ਬਾਦਤ ਕੀ ਧੁਨਿ ਊਚ ਉਠਾਨੀ।
ਦੀਰਘ ਦੌਂ ਦੌਂ ਬਜੈਂ ਦਮਾਮੇ। ਢੋਲ ਪਟੇ ਕੀ ਧੁਨਿ ਮਿਲ ਤਾ ਮੈਂ॥੩੫॥

ਗੁਣਾਂ ਦੀ ਖਾਣ ਭਾਵ ਗੁਰੂ ਜੀ ਪਾਲਕੀ ਵਿਚ ਸਵਾਰ ਹੋ ਗਏ, ਵਾਜਿਆਂ ਦੀ ਧੁੰਨ ਬਹੁਤ ਉੱਚੀ ਉੱਠੀ, ਬਹੁਤ ਜ਼ੋਰ ਨਾਲ ਦੌਂ ਦੌਂ ਸ਼ਬਦ ਕਰਕੇ ਨਗਾਰੇ ਵੱਜ ਉਠੇ ਤੇ ਢੋਲ ਤੇ ਪਟੇ ਦੀ ਧੁੰਨ ਉਸ ਵਿਚ ਮਿਲ ਗਈ॥੩੫॥

ਡਫ ਮੁਰਲੀ ਬਹੁ ਬਜਹਿਂ ਨਫੀਰਾ। ਚਢਨ ਸਮੈਂ ਹੋਈ ਬਡ ਭੀਰਾ।
ਲੌਕਿਕ ਬੈਦਿਕ ਰੀਤਿ ਘਨੇਰੀ। ਨਰ ਤ੍ਰਿਯਨ ਕੀਨਸਿ ਤਿਸ ਬੇਰੀ॥੩੬॥

ਡਫਾਂ, ਮੁਰਲੀਆਂ ਅਤੇ ਨਫੀਰੀਆਂ ਬਹੁਤ ਵੱਜ ਰਹੀਆਂ ਸਨ, ਗੁਰੂ ਜੀ ਦੇ ਪਾਲਕੀ ਵਿਚ ਚੜ੍ਹਨ ਸਮੇਂ ਬਹੁਤ ਭੀੜ ਹੋ ਗਈ। ਉਸ ਸਮੇਂ ਇਸਤਰੀ ਪੁਰਸ਼ਾਂ ਨੇ ਬਹੁਤ ਲੌਕਿਕ ਤੇ ਵੈਦਿਕ ਰੀਤੀਆਂ ਕੀਤੀਆਂ॥੩੬॥

ਸਭਿ ਬਰਾਤਿ ਕੋ ਭਲੇ ਚਢਾਇ। ਗਾਵਤਿ ਮੁਰੀ ਸਦਨ ਸਮੁਦਾਇ।
ਸੂਰਜ ਮਲ ਕੋ ਆਗੈ ਕਰਿਕੈ। ਗਮਨੇ ਸਕਲ ਹਰਖ ਉਰ ਭਰਿ ਕੈ॥੩੭॥

ਸਾਰੀ ਬਰਾਤ ਨੂੰ ਭਲੀ ਪ੍ਰਕਾਰ ਵਾਹਣਾਂ ਤੇ ਚੜ੍ਹਾਇਆ ਗਿਆ ਤੇ ਇਸਤਰੀਆਂ ਗਾਉਂਦੀਆਂ ਹੋਈਆਂ ਆਪਣੇ ਘਰਾਂ ਨੂੰ ਮੁੜ ਆਈਆਂ। ਸੂਰਜ ਮੱਲ ਨੂੰ ਸਾਰਿਆਂ ਦੇ ਅੱਗੇ ਕਰਕੇ, ਸਾਰੇ ਦਿਲ ਵਿਚ ਪ੍ਰਸੰਨਤਾ ਧਾਰ ਕੇ ਚਲ ਪਏ॥੩੭॥

ਉਲੰਘੇ ਸਲਿਤਾ ਆਇ ਬਿਪਾਸਾ। ਡੇਰਾ ਕਰਯੋ ਤਾਂਹਿ ਤਟ ਪਾਸਾ।
ਜਥਾਜੋਗ ਸੇਵਾ ਸਭਿ ਕੇਰੀ। ਕਰੀ ਮਸੰਦਨ ਮਿਲਿ ਬਹੁਤੇਰੀ॥੩੮॥

ਬਿਆਸ ਨਦੀ ਨੂੰ ਪਾਰ ਕੀਤਾ ਤੇ ਉਸ ਦੇ ਕਿਨਾਰੇ ਦੇ ਪਾਸ ਡੇਰਾ ਕੀਤਾ, ਯਥਾਯੋਗ ਮਿਲ ਕੇ ਮਸੰਦਾਂ ਨੇ ਸਭ ਦੀ ਬਹੁਤ ਸੇਵਾ ਕੀਤੀ॥੩੮॥

ਨਿਸਾ ਬਿਤਾਇ ਚਢੇ ਮਗ ਚਾਲੇ। ਸੁਨਿ ਸੁਨਿ ਜਾਚਕ ਆਇ ਬਿਸਾਲੇ।
ਲੇਤਿ ਦਰਬ, ਕੋ ਹਟਯੋ ਨ ਖਾਲੀ। ਕਹਯੋ ਗੁਰੂ 'ਸਭਿ ਦੇਹੁ ਸੰਭਾਲੀ'॥੩੯॥

ਉਥੇ ਰਾਤ ਬਤੀਤ ਕਰਕੇ ਵਾਹਣਾ ਤੇ ਚੜ੍ਹਕੇ ਅੱਗੇ ਚਲ ਪਏ, ਸੁਣ ਸੁਣ ਕੇ ਬਹੁਤ ਮੰਗਤੇ ਆਏ, ਧਨ ਲੈਂਦੇ ਸਨ, ਕੋਈ ਵੀ ਖਾਲੀ ਨਹੀਂ ਮੁੜਦਾ ਸੀ। ਗੁਰੂ ਜੀ ਨੇ ਕਿਹਾ, "ਸਾਰਿਆਂ ਨੂੰ ਸੰਭਾਲ ਕੇ ਧਨ ਦੇਵੋ"॥੩੯॥

ਡੇਢ ਜਾਮ ਦਿਨ ਬੀਤਤਿ ਆਏ। ਸ੍ਰੀ ਕਰਤਾਰ ਪੁਰਾ ਜਿਸ ਥਾਏ।
ਸ਼ਕਰ ਗੰਗ ਉਦਪਾਨ ਜੁ ਪਾਵਨ। ਸ੍ਰੀ ਅਰਜਨ ਸ਼ੁਭ ਕਰਯੋ ਲਗਾਵਨ॥੪੦॥

ਜਦ ਡੇਢ ਪਹਿਰ ਦਿਨ ਬੀਤ ਗਿਆ ਤਾਂ ਉਥੇ ਪਹੁੰਚ ਗਏ ਜਿਸ ਥਾਂ ਕਰਤਾਰਪੁਰ ਨਗਰ ਸੀ। ਉਥੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ਕਰ ਗੰਗ ਨਾਮੀ ਸ਼ੁਭ ਖੂਹ ਲਗਵਾਇਆ ਸੀ॥੪੦॥

ਸਹਤ ਬਰਾਤ ਉਤਰ ਤਹਿਂ ਪਰੇ। ਸ੍ਰੀ ਗੁਰਦੇਵ ਤਰੋਵਰੁ ਤਰੇ।
ਸਮ ਸੂਰਜ ਕੇ ਬਿਜਨਾ ਹੋਤਿ। ਚਮਰ ਢੁਰਹਿ ਛਬਿ ਕਰਹਿ ਉਦੋਤਿ॥੪੧॥

ਸ੍ਰੀ ਗੁਰਦੇਵ ਜੀ ਬਰਾਤ ਸਹਿਤ ਬ੍ਰਿਛਾਂ ਦੇ ਥੱਲੇ ਉਤਰ ਪਏ, ਸੂਰਜ ਵਾਂਗ ਪੱਖਾ ਝਲਿਆ ਜਾ ਰਿਹਾ ਸੀ ਤੇ ਚੌਰ ਫਿਰਨ ਨਾਲ ਛਵੀ ਬੜੀ ਸੁੰਦਰ ਪ੍ਰਗਟ ਹੋ ਰਹੀ ਸੀ॥੪੧॥

ਜੋ ਜੋ ਮੰਗਤ ਜਨ ਚਲਿ ਆਵੈ। ਤਤਛਿਨ ਲੈ ਲੈ ਦਰਬ ਸਿਧਾਵੈ।
ਡੇਢ ਜਾਮ ਲੌ ਸਭਿ ਬਿਸਰਾਮੇ। ਬਸਨ ਬਿਭੂਖਨ ਤਨ ਅਭਿਰਾਮੇ॥ ੪੨॥

ਜਿਹੜੇ ਜਿਹੜੇ ਮੰਗਤੇ ਚਲ ਕੇ ਆਉਂਦੇ ਸਨ, ਉਹ ਤੁਰਤ ਧਨ ਲੈ ਲੈ ਕੇ ਚਲੇ ਜਾਂਦੇ ਸਨ। ਡੇਢ ਪਹਿਰ ਤਕ ਸਾਰਿਆਂ ਨੇ ਉਥੇ ਵਿਸ਼ਰਾਮ ਕੀਤਾ, ਤਨ ਤੇ ਸੁੰਦਰ ਵਸਤਰ ਅਤੇ ਗਹਿਣੇ ਧਾਰਨ ਕੀਤੇ ਹੋਏ ਸਨ॥੪੨॥

ਪ੍ਰੇਮਚੰਦ ਨਰ ਪਠਿ ਅਗਵਾਏ। ਸਨਮਾਨੇ ਸਤਿਗੁਰ ਸਤ ਭਾਏ।
'ਮਹਾਂਰਾਜ ! ਅਬਿ ਅੰਤਰ ਚਾਲੋ। ਨਿਜ ਮੰਦਿਰ ਬਿਸਰਾਮ ਸੰਭਾਲੋ' ॥ ੪੩॥

ਪ੍ਰੇਮ ਚੰਦ ਨੇ ਮਨੁੱਖਾਂ ਨੂੰ ਅੱਗੇ ਹੋ ਕੇ ਲੈਣ ਵਾਸਤੇ ਭੇਜਿਆ ਤੇ ਉਨ੍ਹਾਂ ਨੇ ਸੱਚੇ ਪਿਆਰ ਨਾਲ ਗੁਰੂ ਜੀ ਦਾ ਸਨਮਾਨ ਕੀਤਾ। ਉਨ੍ਹਾਂ ਕਿਹਾ, "ਮਹਾਰਾਜ ! ਹੁਣ ਅੰਦਰ ਚਲੋ ਤੇ ਆਪਣੇ ਘਰ ਵਿਸ਼ਰਾਮ ਕਰੋ" ॥੪੩॥

ਸੁਨਜੋ ਸਭਿਨਿ 'ਅਬਿ ਅੰਤਰ ਚਾਲੇ'। ਬਹੁ ਬਾਦਿਤ ਧੁਨਿ ਉਚ ਉਠਾਲੇ।
ਚਢੇ ਛੈਲ ਹਯ ਚਪਲ ਚਲਾਵੈਂ। ਕੋ ਸਜੰਦਨ ਪਰ ਚਢੇ ਸਿਧਾਵੈਂ॥ ੪੪॥

ਸਾਰਿਆਂ ਨੇ ਸੁਣਿਆ, "ਹੁਣ ਅੰਦਰ ਚਲੇ ਹਾਂ" ਉਸ ਸਮੇਂ ਵਾਜੇ ਬੜੀ ਉੱਚੀ ਧੁੰਨ ਵਿਚ ਵੱਜ ਉਠੇ। ਜਿਹੜੇ ਘੋੜਿਆਂ ਤੇ ਸਵਾਰ ਸਨ ਉਹ ਚੰਚਲ ਘੋੜਿਆਂ ਨੂੰ ਤੇਜ ਚਲਾਉਂਦੇ ਸਨ ਤੇ ਕਈ ਰੱਥਾਂ ਉਤੇ ਚੜ੍ਹੇ ਜਾ ਰਹੇ ਸਨ॥੪੪॥

ਕੇਤਿਕ ਗਜ ਅਰੂਢ ਕਰਿ ਚਲੇ। ਧਨ ਬਰਖਾਵਤਿ ਜਾਨੁ ਘਨ ਭਲੇ।
ਬਹੁਤ ਬਰਣ ਕੇ ਗਹੇ ਨਿਸ਼ਾਨ। ਆਗੈ ਗਮਨਹਿਂ ਸ਼ੋਭਤਿ ਮਹਾਨ॥ ੪੫॥

ਕਈ ਹਾਥੀਆਂ ਤੇ ਚੜ੍ਹ ਕੇ ਚਲ ਪਏ ਤੇ ਧਨ ਦੀ ਵਰਖਾ ਮੀਂਹ ਵਾਂਗ ਕਰ ਰਹੇ ਸਨ। ਬਹੁਤ ਰੰਗਾਂ ਦੇ ਝੰਡੇ ਫੜੇ ਸਨ, ਅੱਗੇ-ਅੱਗੇ ਚਲਦੇ ਬੜੀ ਸ਼ੋਭਾ ਪਾ ਰਹੇ ਸਨ॥੪੫॥

ਗਰੀ ਗਰੀ ਮਹਿਂ ਧਨ ਬਰਖਾਯੋ। ਪਰਿ ਜਨ ਦੇਖਤਿ ਅਨੰਦ ਵਧਾਯੋ।
ਅਪਨੇ ਮੰਦਿਰ ਉਤਰੇ ਜਾਈ। ਲੈ ਲੈ ਭੇਟ ਮਿਲੇ ਸਮੁਦਾਈ॥ ੪੬॥

ਗਲੀ-ਗਲੀ ਵਿਚ ਧਨ ਦੀ ਵਰਖਾ ਕੀਤੀ, ਲੋਕ ਵੇਖ ਕੇ ਬਹੁਤ ਪ੍ਰਸੰਨ ਹੋ ਰਹੇ ਸਨ। ਆਪਣੇ ਘਰ ਵਿਚ ਜਾ ਕੇ ਉਤਾਰਾ ਕੀਤਾ, ਭੇਟਾਵਾਂ ਲੈ-ਲੈ ਕੇ ਬਹੁਤ ਲੋਕ ਮਿਲੇ॥੪੬॥

*ਸੱਤਵੀਂ ਰਾਸ ਦਾ ਛੇਵਾਂ ਅਧਿਆਇ ਸਮਾਪਤ ਹੋਇਆ॥੬॥*

## ਅਧਿਆਇ ਸੱਤਵਾਂ

### *ਸ੍ਰੀ ਤੇਗ ਬਹਾਦਰ ਜੀ ਦੀ ਸਗਾਈ*

ਦੋਹਰਾ-ਮਹਾਂ ਕੁਲਾਹਲ ਪੁਰਿ ਬਿਖੈ ਹੋਤਿ ਭਯੋ ਆਨੰਦ।
ਜਿਨ ਜਿਨ ਤਿਸ ਛਿਨ ਗੁਰ ਪਿਖੇ ਤਿਨ ਫਲ ਪੁੰਨ ਬਿਲੰਦ॥ ੧॥

ਸ਼ਹਿਰ ਵਿਚ ਵੱਡਾ ਰੌਲਾ ਮਚਿਆ ਹੋਇਆ ਸੀ, ਸਾਰੇ ਲੋਕ ਬਹੁਤ ਪ੍ਰਸੰਨ ਸਨ। ਜਿਨ੍ਹਾਂ-ਜਿਨ੍ਹਾਂ ਵੀ ਉਸ ਸਮੇਂ ਗੁਰੂ ਜੀ ਦੇ ਦਰਸ਼ਨ ਕੀਤੇ ਉਨ੍ਹਾਂ ਨੂੰ ਵੱਡੇ ਪੁੰਨ ਦਾ ਫਲ ਪ੍ਰਾਪਤ ਹੋਇਆ॥੧॥

ਚੌਪਈ- ਪ੍ਰੇਮ ਚੰਦ ਤਬਿ ਪਠੀ ਬਟੇਰੀ। ਸਭਿਨਿ ਬਿਲੋਕਤਿ ਖੁਸ਼ੀ ਘਨੇਰੀ।
ਹਿਤ ਮਿਲਨੀ ਕੇ ਬਹੁਰ ਬੁਲਾਏ। ਹੁਇ ਤਿਆਰ ਚਾਲੇ ਸਮੁਦਾਏ॥੨॥

ਪ੍ਰੇਮ ਚੰਦ ਨੇ ਫਿਰ ਜਾਂਞੀਆਂ ਨੂੰ ਕੁਆਰੀ ਰੋਟੀ ਭੇਜੀ, ਸਾਰੇ ਵੇਖ ਕੇ ਬਹੁਤ ਪ੍ਰਸੰਨ ਹੋਏ। ਫਿਰ ਮਿਲਣੀ ਵਾਸਤੇ ਬੁਲਾਏ ਗਏ, ਸਾਰੇ ਤਿਆਰ ਹੋ ਕੇ ਚਲ ਪਏ॥੨॥

*ਨੋਟ : ਵਿਆਹ ਤੋਂ ਪਹਿਲਾ ਜਾਂਞੀਆਂ ਨੂੰ ਜਿਹੜੀ ਰੋਟੀ ਖਵਾਈ ਜਾਂਦੀ ਹੈ ਉਸਨੂੰ ਕੁਆਰੀ ਰੋਟੀ ਜਾਂ ਹਲੂਵਾ ਕਹਿੰਦੇ ਹਨ।*

ਸੂਰਜ ਮਲ ਬੜਵਾ ਪਰ ਆਛੇ। ਤੇਗ ਬਹਾਦਰ ਸ਼ੋਭਤਿ ਪਾਛੇ।
ਤਬਿ ਆਤਸ਼ਬਾਜ਼ੀ ਚਲਿਵਾਈ। ਦੇਖਤਿ ਲੋਕ ਮਿਲੇ ਸਮੁਦਾਈ॥ ੩ ॥

ਸ੍ਰੀ ਸੂਰਜ ਮਲ ਚੰਗੇ ਘੋੜੇ ਤੇ ਸਵਾਰ ਸੀ, ਉਸ ਦੇ ਪਿਛੇ ਸ੍ਰੀ ਤੇਗ ਬਹਾਦਰ ਸੋਭ ਰਹੇ ਸਨ। ਤਦ ਆਤਸ਼ਬਾਜ਼ੀ ਚਲਵਾਈ, ਲੋਕ ਇਕੱਠੇ ਹੋ ਕੇ ਵੇਖ ਰਹੇ ਸਨ॥੩॥

ਕੇਤਿਕ ਚਰਖੀ ਅਧਿਕ ਭ੍ਰਮਾਵੈਂ। ਕੋ ਸਜ਼ੋਰ ਉਡਿ ਗਗਨ ਸਿਧਾਵੈਂ।
ਅਧਿਕ ਕੁਲਾਹਲ ਸੁਨਹਿ ਬਿਲੋਕਤਿ। ਮਹਾਂ ਪ੍ਰਕਾਸ਼ ਮਤਾਬੀ ਮੋਕਤਿ॥੪॥

ਕਈ ਚਰਖੀਆਂ ਬਹੁਤ ਭਰਮਾਉਂਦੀਆਂ ਸਨ, ਕਈ ਹਵਾਈਆਂ ਉੱਡ ਕੇ ਅਕਾਸ਼ ਵਿਚ ਚਲੀਆਂ ਜਾਂਦੀਆਂ ਸਨ। ਬਹੁਤ ਰੌਲਾ ਸੁਣਦੇ ਅਤੇ ਵੇਖਦੇ ਸਨ। ਮਤਾਬੀਆਂ ਮਹਾਨ ਪ੍ਰਕਾਸ਼ ਕਢਦੀਆਂ ਸਨ॥੪॥

ਪ੍ਰੇਮ ਚੰਦ ਲੇ ਬਹੁਤ ਉਪਾਇਨ। ਆਨਿ ਪਰਯੋ ਸਤਿਗੁਰ ਕੇ ਪਾਇਨ।
ਤਿਹ ਉਠਾਇ ਕਰਿ ਕੰਠ ਲਗਾਯੋ। ਜਗਤ ਰੀਤਿ ਮਹਿਂ ਗੁਰ ਮਨ ਭਾਯੋ॥੫॥

ਪ੍ਰੇਮ ਚੰਦ ਬਹੁਤ ਉਪਹਾਰ ਲੈ ਕੇ ਸਤਿਗੁਰੂ ਜੀ ਦੇ ਚਰਨਾਂ ਤੇ ਆ ਪਿਆ। ਗੁਰੂ ਜੀ ਨੇ ਉਸ ਨੂੰ ਚੁੱਕ ਕੇ ਗਲ ਨਾਲ ਲਾਇਆ, ਜਗਤ ਰੀਤੀ ਵਿਚ ਗੁਰੂ ਜੀ ਦਾ ਮਨ ਭਾ ਗਿਆ॥੫॥

ਭਯੋ ਨਿਹਾਲ ਅੰਗ ਕੋ ਲਾਗਾ। ਪ੍ਰੇਮ ਚੰਦ ਉਰ ਅਤਿ ਅਨੁਰਾਗਾ।
ਪ੍ਰਥਮ ਜਨਮ ਗਨ ਪੁੰਨ ਸਕੇਲਾ। ਤਿਨਹੁਂ ਦੀਨਿ ਫਲ, ਗੁਰ ਗਲ ਮੇਲਾ॥੬॥

ਸ੍ਰੀ ਪ੍ਰੇਮ ਚੰਦ ਗੁਰੂ ਜੀ ਦੇ ਅੰਗਾਂ ਨੂੰ ਲੱਗ ਕੇ ਨਿਹਾਲ ਹੋ ਗਿਆ ਤੇ ਦਿਲ ਵਿਚ ਬੜਾ ਪ੍ਰੇਮ ਜਾਗਿਆ। ਪਿਛਲੇ ਜਨਮ ਦੇ ਸਾਰੇ ਪੁੰਨਾਂ ਦੇ ਫਲ ਵਜੋਂ ਗੁਰੂ ਜੀ ਦੇ ਗਲ ਨਾਲ ਮੇਲ ਹੋਇਆ॥੬॥

ਲੇ ਦੂਲਹੁ ਕਉ ਦ੍ਵਾਰ ਸਿਧਾਰੇ। ਬੈਦਿਕ ਲੌਕਿਕ ਕਰਿ ਬਿਵਹਾਰੇ।
ਪੁਨ ਨਿਕੇਤ ਅਪਨੇ ਚਲਿ ਆਏ। ਕੌਤਕ ਹੋਤਿ ਅਨੇਕ ਸਿਧਾਏ॥ ੭ ॥

ਲਾੜੇ ਨੂੰ ਲੈ ਕੇ ਦਰਵਾਜ਼ੇ ਤੇ ਪਹੁੰਚ ਗਏ ਤੇ ਸਾਰੇ ਲੌਕਿਕ ਵੈਦਿਕ ਵਿਹਾਰ ਕਰਕੇ ਫਿਰ ਆਪਣੇ ਘਰ ਚਲੇ ਆਏ ਅਨੇਕ ਕੌਤਕ ਹੁੰਦਿਆਂ ਚਲੇ ਜਾ ਰਹੇ ਸਨ॥੭॥

*ਨੋਟ : ਕਵੀ ਜੀ ਆਪ ਕਈ ਥਾਈਂ ਕਹਿ ਆਏ ਹਨ ਕਿ ਗੁਰੂ ਜੀ ਨੇ ਕੋਈ ਵੀ ਲੌਕਿਕ ਵੈਦਿਕ ਰੀਤੀ ਨਹੀਂ ਕੀਤੀ ਸੀ।*

ਬਹੁਰੋ ਭੋਜਨ ਹੇਤੁ ਬੁਲਾਏ। ਦਿਪਹਿਂ ਮਤਾਬੀ ਅਰੁ ਫੁਲਵਾਏ।
ਜਾਰਤਿ ਝਾਰਨ ਬ੍ਰਿੰਦ ਮਸਾਲੈਂ। ਬਾਦਤ ਬਾਜਤਿ ਨਾਦ ਉਠਾਲੈਂ॥ ੮ ॥

ਫਿਰ ਭੋਜਨ ਵਾਸਤੇ ਬੁਲਾਏ, ਮਤਾਬੀਆਂ ਅਤੇ ਫੁਲਝੜੀਆਂ ਚਮਕ ਰਹੀਆਂ ਸਨ। ਬਹੁਤ ਝਾੜ ਤੇ ਮਸਾਲਾਂ ਬਲ ਰਹੀਆਂ ਸਨ। ਵਾਜੇ ਵੱਜ ਰਹੇ ਸਨ ਤੇ ਬਹੁਤ ਉੱਚੀ ਆਵਾਜ਼ ਉੱਠ ਰਹੀ ਸੀ॥੮॥

ਸਨੈ ਸਨੈ ਚਾਲਤਿ ਪਗ ਡਾਰਤਿ। ਲੋਕ ਹਜ਼ਾਰਹੁਂ ਦਰਸ ਨਿਹਾਰਤਿ।
ਪ੍ਰੇਮ ਚੰਦ ਕੇ ਸਦਨ ਪ੍ਰਵੇਸ਼ੇ। ਲੇ ਕਰਿ ਸੰਗ ਬਰਾਤ ਅਸ਼ੇਸ਼ੇ॥ ੯ ॥

ਹੌਲੀ-ਹੌਲੀ ਪੈਰ ਧਰਦੇ ਜਾ ਰਹੇ ਸਨ, ਹਜ਼ਾਰਾਂ ਲੋਕ ਦਰਸ਼ਨ ਕਰ ਰਹੇ ਸਨ। ਪ੍ਰੇਮ ਚੰਦ ਦੇ ਘਰ ਅੰਦਰ ਦਾਖਲ ਹੋ ਗਏ ਬਾਕੀ ਦੀ ਸਾਰੀ ਬਰਾਤ ਉਨ੍ਹਾਂ ਦੇ ਨਾਲ ਸੀ॥੯॥

ਚੰਦਨ ਚੌਂਕੀ ਕੋ ਡਸਵਾਇ। ਊਪਰ ਸੇਤ ਬਸਤ੍ਰ ਕੋ ਪਾਇ।
ਤਿਸ ਪਰ ਸਾਦਰ ਗੁਰੂ ਬਿਠਾਏ। ਅਪਰ ਪੰਕਤੀ ਅਨਿਕ ਲਗਾਏ॥ ੧੦॥

ਚੰਦਨ ਦੀ ਚੌਕੀ ਡੁਹਾਈ ਗਈ, ਉਸ ਦੇ ਉੱਤੇ ਸਫੈਦ ਕਪੜਾ ਵਛਾਇਆ ਗਿਆ। ਉਸ ਦੇ ਉੱਤੇ ਬੜੇ ਆਦਰ ਨਾਲ ਗੁਰੂ ਜੀ ਨੂੰ ਬਿਠਾਇਆ ਤੇ ਹੋਰ ਅਨੇਕ ਪੰਗਤੀਆਂ ਲਾਈਆਂ ਗਈਆਂ॥੧੦॥

ਬਿਚ ਸੋਭਤਿ ਸ੍ਰੀ ਹਰਿਗੋਵਿੰਦ। ਉਡ ਬ੍ਰਿੰਦਨ ਮਹਿਂ ਚੰਦ ਮਨਿੰਦ।
ਸੂਪਕਾਰ ਤਤਛਿਨ ਚਲਿ ਆਏ। ਪਰੁਸਨ ਲਾਗਿ ਅਸਨ ਸਮੁਦਾਏ॥ ੧੧॥

ਸਾਰਿਆਂ ਦੇ ਵਿਚਕਾਰ ਗੁਰੂ ਜੀ ਸ਼ੋਭਾ ਪਾ ਰਹੇ ਸਨ, ਇੰਝ ਸੋਭ ਰਹੇ ਸਨ ਜਿਵੇਂ ਤਾਰਿਆਂ ਵਿਚ ਚੰਦ ਬਿਰਾਜ ਰਿਹਾ ਹੋਵੇ। ਲਾਂਗਰੀ ਤੁਰਤ ਚਲ ਕੇ ਆ ਗਏ ਤੇ ਸਾਰਿਆਂ ਨੂੰ ਭੋਜਨ ਪ੍ਰੋਸਣ ਲੱਗੇ॥੧੧॥

ਦੂਸਰ ਚੌਂਕੀ ਪਰ ਧਰਿ ਥਾਰ। ਗੁਰ ਆਗੈ ਖਟ ਰਸਨਿ ਅਹਾਰ।
ਹੁਤੇ ਚਤੁਰ ਤਤਛਿਨ ਸਭਿ ਆਗੇ। ਭੋਜਨ ਧਰਜੋ, ਖਾਨ ਗਨ ਲਾਗੇ॥ ੧੨॥

ਦੂਸਰੀ ਚੌਕੀ ਉੱਤੇ ਥਾਲ ਧਰ ਕੇ ਗੁਰੂ ਜੀ ਅੱਗੇ ਖਟ-ਮਿੱਠੇ ਸਵਾਦੀ ਭੋਜਨ ਪਰੋਸ ਦਿੱਤੇ। ਉਹ ਬੜੇ ਚਤੁਰ ਸਨ, ਤੁਰਤ ਸਾਰਿਆਂ ਨੂੰ ਭੋਜਨ ਵਰਤਾ ਦਿੱਤਾ ਤੇ ਸਾਰੇ ਭੋਜਨ ਖਾਣ ਲੱਗੇ॥੧੨॥

ਸ੍ਰੀ ਕਰਤਾਰਪੁਰੇ ਕੀ ਨਾਰੀ। ਚਢਿ ਕੋਠਨਿ ਪਰ ਉਮਡੀ ਸਾਰੀ।
ਪ੍ਰਥਮ ਦਰਸ ਕਰਿ ਦ੍ਵੈ ਕਰ ਜੋਰੇ। ਬੰਦਨ ਕਰੀ ਸਭਿਨਿ ਗੁਰ ਓਰੇ॥ ੧੩॥

ਸ੍ਰੀ ਕਰਤਾਰਪੁਰ ਦੀਆਂ ਇਸਤਰੀਆਂ ਕੋਠਿਆਂ ਉੱਤੇ ਉਮੱਡ ਕੇ ਆ ਗਈਆਂ। ਪਹਿਲਾਂ ਉਨ੍ਹਾਂ ਦੋਵੇਂ ਹੱਥ ਜੋੜ ਕੇ ਦਰਸ਼ਨ ਕੀਤੇ ਤੇ ਸਾਰਿਆਂ ਨੇ ਗੁਰੂ ਜੀ ਵਾਲੇ ਪਾਸੇ ਵੇਖ ਕੇ ਬੰਦਨਾ ਕੀਤੀ॥੧੩॥

ਮਨ ਮੈਂ ਭਯੋ ਅਨੰਦ ਘਨੇਰਾ। ਗਾਵਨ ਲਗੀ ਸਕਲ ਤਿਸ ਬੇਰਾ।
ਹੁਤੀ ਅਨੁਚਿਤ ਗੁਰੂ ਕੋ ਗਾਰੀ। ਤਊ ਭਈ ਉਤਸਵ ਬਸਿ ਸਾਰੀ॥ ੧੪॥

ਮਨ ਵਿਚ ਬੜਾ ਅਨੰਦ ਆਇਆ, ਉਸ ਵੇਲੇ ਸਾਰੀਆਂ ਗਾਉਣ ਲੱਗੀਆਂ। ਗੁਰੂ ਜੀ ਨੂੰ ਸਿਠਣੀ ਦੇਣੀ ਉਚਿਤ ਨਹੀਂ ਸੀ ਸਮਝਦੀਆਂ ਫਿਰ ਵੀ ਸਾਰੀਆਂ ਇਸਤਰੀਆਂ ਉਤਸਵ ਦੇ ਉਤਸ਼ਾਹ ਵੱਸ ਹੋ ਗਈਆਂ ਸਨ॥੧੪॥

ਲੈ ਲੈ ਨਾਮ ਗਾਇਂ ਗਨ ਗੀਤਾ। ਸੁਨਿ ਬਰਾਤ ਹਰਖਤਿ ਸਭਿ ਚੀਤਾ।
ਮੁਸਕਾਵਤਿ ਭੋਜਨ ਕੋ ਖਾਤੇ। ਤਜੌਂ ਤਜੌਂ ਮੋਦ ਰਿਦੈ ਅਧਿਕਾਤੇ॥ ੧੫॥

ਕਈਆਂ ਦੇ ਨਾਂ ਲੈ-ਲੈ ਕੇ ਗੀਤ ਗਾਉਂਦੀਆਂ ਸਨ, ਇਹ ਸੁਣ ਕੇ ਬਰਾਤੀ ਚਿੱਤ ਵਿਚ ਬਹੁਤ ਪ੍ਰਸੰਨ ਹੁੰਦੇ ਸਨ ਤੇ ਮੁਸਕਰਾ ਕੇ ਭੋਜਨ ਖਾ ਰਹੇ ਸਨ, ਤਿਵੇਂ-ਤਿਵੇਂ ਉਨ੍ਹਾਂ ਦੇ ਹਿਰਦਿਆਂ ਵਿਚ ਪ੍ਰਸੰਨਤਾ ਵਧਦੀ ਜਾਂਦੀ ਸੀ॥੧੫॥

*ਨੋਟ: ਇਹ ਅਸੰਭਵ ਹੈ ਕਿ ਗੁਰਸਿੱਖ ਇਸਤਰੀਆਂ ਇਕ ਗੁਰਮੁਖ ਦੇ ਘਰ ਸਤਿਗੁਰੂ ਜੀ ਦੇ ਸਾਹਮਣੇ ਕਿਸੇ ਦਾ ਨਾਂ ਲੈ ਕੇ ਸਿਠਣੀਆਂ ਦੇ ਰਹੀਆਂ ਹੋਣ। ਕਵੀ ਜੀ ਰਾਜ ਘਰਾਂ ਦੇ ਵਰਤਾਰੇ ਦੱਸ ਰਹੇ ਹਨ।*

ਤ੍ਰਿਪਤ ਹੋਇ ਕਰਿ ਪਾਨ ਪਖਾਰੇ। ਉਠੇ ਜੂਠ ਮਹਿਂ ਧਨ ਗਨ ਡਾਰੇ।
ਬਾਜੇ ਬਜਤਿ ਸਦਨ ਕਹੁ ਆਏ। ਪੁਨ ਲਾਵਨ ਕੈ ਹੇਤੁ ਬੁਲਾਏ॥ ੧੬॥

ਭੋਜਨ ਨਾਲ ਤ੍ਰਿਪਤ ਹੋ ਕੇ ਹੱਥ ਧੋਤੇ, ਫਿਰ ਜੂਠ ਵਾਸਤੇ ਲਾਗੀਆਂ ਨੂੰ ਧਨ ਦਿੱਤਾ ਤੇ ਵਾਜੇ ਵੱਜਦਿਆਂ ਆਪਣੇ ਘਰ ਨੂੰ ਆ ਗਏ। ਫਿਰ ਲਾਵਾਂ ਵਾਸਤੇ ਬੁਲਾਏ॥੧੬॥

ਗਮਨੇ ਦੂਲਹੁ ਕਰਜੋ ਅਗਾਰੀ। ਪਹੁੰਚੇ ਬੇਦੀ ਜਹਾ ਸੁਧਾਰੀ।
ਸੂਰਜਮਲ ਬਿਠਾਇ ਕਰਿ ਖਾਰੇ। ਪੂਜੇ ਗਣਪਤ ਜੁਤਿ ਗ੍ਰੈਹ ਸਾਰੇ॥ ੧੭॥

ਲਾੜੇ ਨੂੰ ਅੱਗੇ ਲਾ ਕੇ ਚੱਲ ਪਏ, ਉਥੇ ਪਹੁੰਚ ਗਏ ਜਿਥੇ ਵੇਦੀ ਬਣਾਈ ਸੀ, ਸੂਰਜ ਮਲ ਨੂੰ ਖਾਰੇ ਬਿਠਾ ਕੇ ਗਣਪਤ ਸਮੇਤ ਸਾਰੇ ਗ੍ਰਹਿ ਪੁਜਵਾਏ॥੧੭॥

*ਨੋਟ : ਇਹ ਰਸਮ ਸਿੱਖਾਂ ਵਿਚ ਗੁਰੂ ਅੰਗਦ ਦੇਵ ਦੇ ਸਮੇਂ ਤੋਂ ਹੀ ਅਲੋਪ ਹੋ ਗਈ ਸੀ। ਸਿੱਖ ਇਕ ਵਾਹਿਗੁਰੂ ਤੋਂ ਬਗੈਰ ਹੋਰ ਕਿਸੇ ਨੂੰ ਪੂਜਦੇ ਨਹੀਂ ਹਨ।*

ਤਬਿ ਕੰਨਜਾ ਤਹਿਂ ਆਨਿ ਬਿਠਾਈ। ਅਭਿਖੇਕਨ ਕਰਿ ਅਗਨਿ ਜਰਾਈ।
ਕਰਿ ਸਭਿ ਰੀਤਿ ਲਏ ਪੁਨ ਫੇਰੇ। ਦੁਹਿਦਿਸ਼ਿ ਦੇ ਧਨ ਲਾਗ ਘਨੇਰੇ॥੧੮॥

ਫਿਰ ਉਥੇ ਕੰਨਿਆਂ ਨੂੰ ਲਿਆ ਕੇ ਬਿਠਾ ਦਿੱਤਾ, ਜਲ ਦਾ ਛਿੜਕਾ ਕਰਕੇ ਅਗਨੀ ਜਲਾਈ। ਫਿਰ ਸਭ ਰੀਤੀਆਂ ਨਾਲ ਫੇਰੇ ਲਏ ਤੇ ਲਾਗ ਦਾ ਧਨ ਸਾਰੇ ਲਾਗੀਆਂ ਨੂੰ ਦਿੱਤਾ॥੧੮॥

ਪੁਨਿ ਨਿਜ ਸਦਨ ਆਨਿ ਸੁਖ ਪਾਏ। ਪੌਢੇ ਸ੍ਰੀ ਸਤਿਗੁਰ ਸੁਪਤਾਏ।
ਭਈ ਪ੍ਰਭਾਤਿ ਬਜਤਿ ਬਹੁ ਬਾਜੇ। ਸੌਚ ਸ਼ਨਾਨ ਬਸਤ੍ਰ ਤਨ ਸਾਜੇ॥ ੧੯॥

ਫਿਰ ਆਪਣੇ ਘਰ ਵਿਚ ਆ ਕੇ ਸੁਖ ਪਾਇਆ, ਪਲੰਘ ਤੇ ਲੇਟ ਕੇ ਸਤਿਗੁਰੂ ਜੀ ਸੌਂ ਗਏ। ਜਦ ਸਵੇਰ ਹੋਈ ਤਾਂ ਬਹੁਤ ਵਾਜੇ ਵੱਜੇ, ਸੋਚ ਇਸ਼ਨਾਨ ਕਰਕੇ ਸਰੀਰ ਤੇ ਸੁੰਦਰ ਕੱਪੜੇ ਪਹਿਣ ਲਏ॥੧੯॥

ਸੂਰਜ ਮਲ ਸ੍ਰੀ ਤੇਗ ਬਹਾਦਰ। ਸੇਵਹਿਂ ਦਾਸ ਬ੍ਰਿੰਦ ਢਿਗ ਸਾਦਰ।
ਭਾਟ ਕਲਾਵਤ ਢਾਢੀ ਆਇ। ਧਨ ਕੋ ਪਾਇ ਮਹਾਂ ਜਸੁ ਗਾਇ॥ ੨੦॥

ਸ੍ਰੀ ਸੂਰਜ ਮਲ ਤੇ ਸ੍ਰੀ ਤੇਗ ਬਹਾਦਰ ਦੀ ਬਹੁਤ ਸੇਵਕ ਬੜੇ ਅਦਬ ਨਾਲ ਪਾਸ ਆ ਕੇ ਸੇਵਾ ਕਰਦੇ ਸਨ। ਭੱਟ, ਕਲੌਂਤ ਤੇ ਢਾਢੀ ਆਏ, ਉਹ ਧਨ ਪ੍ਰਾਪਤ ਕਰਕੇ ਬੜਾ ਜੱਸ ਗਾਉਂਦੇ ਸਨ॥੨੦॥

ਬਹੁ ਬਾਲਿਕ ਹੈਂ ਜਿਨ ਕੇ ਸੰਗ। ਸੂਰਜ ਮਲ ਸੁੰਦਰ ਸਰਬੰਗ।
ਬਯ ਲਘੁ ਮਹਿਂ ਸ੍ਰੀ ਤੇਗ ਬਹਾਦਰ। ਪਠੇ ਬੁਲਾਇ ਸਦਨ ਮਹਿਂ ਸਾਦਰ॥੨੧॥

ਜਿਸ ਦੇ ਨਾਲ ਬਹੁਤ ਬਾਲਕ ਹਨ, ਉਹ ਸੂਰਜ ਮਲ ਸਰਬ ਅੰਗਾਂ ਵਿਖੇ ਸੁੰਦਰ ਹੈ। ਸ੍ਰੀ ਤੇਗ ਬਹਾਦਰ ਜੀ ਜਿਹੜੇ ਉਮਰ ਵਿਚ ਛੋਟੇ ਹਨ। ਇਕ ਮਨੁੱਖ ਨੂੰ ਭੇਜ ਕੇ ਉਨ੍ਹਾਂ ਦੋਹਾਂ ਨੂੰ ਬੜੇ ਆਦਰ ਨਾਲ ਘਰ ਵਿਚ ਬੁਲਾ ਲਿਆ॥੨੧॥

ਪ੍ਰੇਮ ਚੰਦ ਕੀ ਸੁੰਦਰ ਦਾਰਾ। ਪਿਖਿ ਜਮਾਤ ਆਨੰਦ ਉਦਾਰਾ।
ਗਨ ਇਸਤ੍ਰੀ ਮਹਿਂ ਤਿਹ ਬੈਠਾਏ। ਸ੍ਵਾਦਲ ਮਧੁਰ ਅਹਾਰ ਕਰਾਏ॥ ੨੨॥

ਪ੍ਰੇਮ ਚੰਦ ਦੀ ਸੁੰਦਰ ਇਸਤਰੀ ਆਪਣੇ ਜਵਾਈ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਈ। ਬਹੁਤ ਇਸਤਰੀਆਂ ਵਿਚ ਉਨ੍ਹਾਂ ਨੂੰ ਬਿਠਾਇਆ ਗਿਆ ਤੇ ਸਵਾਦੀ ਮਿੱਠੇ ਭੋਜਨ ਛਕਾਏ॥੨੨॥

ਲਾਲਚੰਦ ਇਕ ਖੱਤ੍ਰੀ ਤਹਾਂ। ਤਿਸੀ ਮੇਲ ਮਹਿਂ ਮੇਲੀ ਅਹਾ।
ਬਿਸ਼ਨ ਕੁਇਰ ਤਿਹ ਸੁੰਦਰ ਦਾਰਾ। ਰੂਪਵਤੀ ਜਿਹ ਭਾਗ ਉਦਾਰਾ॥ ੨੩॥

ਲਾਲ ਚੰਦ ਨਾਂ ਦਾ ਓਥੇ ਇਕ ਖੱਤਰੀ ਸੀ, ਉਸ ਮੇਲ ਵਿਚ ਉਹ ਵੀ ਮੇਲੀ ਸੀ। ਬਿਸ਼ਨ ਕੋਰ ਨਾਂ ਦੀ ਉਸ ਦੀ ਸੁੰਦਰ ਇਸਤਰੀ ਹੈ, ਬੜੀ ਰੂਪਵਤੀ ਹੈ ਤੇ ਜਿਸ ਦੇ ਵੱਡੇ ਭਾਗ ਹਨ॥੨੩॥

ਗਨ ਤ੍ਰੀਯਨ ਮਹਿਂ ਬੈਠੀ ਤਹਾਂ। ਤਿਨ ਸ੍ਰੀ ਤੇਗ ਬਹਾਦਰ ਲਹਾ।
ਬੂਝੇ ਕਿਤ ਸਬੰਧ ਨਹਿਂ ਭਯੋ। ਸੁਨਤਿ ਪ੍ਰਮੁਦਤਿ ਬਿਚਾਰਨ ਕਯੋ॥ ੨੪॥

ਉਹ ਉਥੇ ਬਹੁਤ ਇਸਤਰੀਆਂ ਵਿਚ ਬੈਠੀ ਸੀ, ਉਨ੍ਹਾਂ ਨੇ ਸ੍ਰੀ ਤੇਗ ਬਹਾਦਰ ਨੂੰ ਵੇਖਿਆ। ਪੁੱਛਿਆ ਇਨ੍ਹਾਂ ਦੀ ਕਿਤੇ ਸਗਾਈ ਹੋਈ ਹੈ ਕਿ ਨਹੀਂ। ਜਦ ਪਤਾ ਲੱਗਾ ਨਹੀਂ ਹੋਈ ਹੈ ਤਾਂ ਸੁਣ ਕੇ ਬਹੁਤ ਪ੍ਰਸੰਨ ਹੋਈ ਤੇ ਵਿਚਾਰ ਕੀਤੀ॥੨੪॥

ਗਮਨੀ ਪਤਿ ਕੇ ਢਿਗ ਤਤਕਾਲਾ। ਅਪਨ ਮਨੋਰਥ ਕਹ੍ਯੋ ਸੁ ਢਾਲਾ।
'ਹੇ ਗੁਜਰੀ ਪਿਤ ! ਸੁਨਹੁ ਅਨੰਦ। ਸ੍ਰੀ ਗੁਰ ਕੇ ਸਮ ਕੌਨ ਬਿਲੰਦ? ॥੨੫॥

ਤੁਰਤ ਆਪਣੇ ਪਤੀ ਦੇ ਪਾਸ ਗਈ ਤੇ ਉਸ ਨੂੰ ਆਪਣਾ ਮਨੋਰਥ ਦੱਸਿਆ, "ਹੇ ਗੁਜਰੀ ਦੇ ਪਿਤਾ ਜੀ! ਅਨੰਦ ਨਾਲ ਸੁਣੋ, ਗੁਰੂ ਜੀ ਵਰਗਾ ਹੋਰ ਕੌਣ ਵੱਡਾ ਹੈ? ॥੨੫॥

ਜਿਨ ਕੇ ਭਾਗ ਉਦੈ ਜਗ ਥਿਏ। ਸੇ ਸਨਬੰਧੀ ਗੁਰ ਕੇ ਭਏ।
ਪੰਚ ਬਰਖ ਕੀ ਸੁਤਾ ਹਮਾਰੇ। ਗੁਰ ਕੇ ਸੁਤ ਹੈਂ ਜੁਗਲ ਕੁਆਰੇ॥ ੨੬॥

ਜਿਨ੍ਹਾਂ ਦੇ ਜਗਤ ਵਿਚ ਚੰਗੇ ਭਾਗ ਹਨ, ਉਹ ਹੀ ਗੁਰੂ ਜੀ ਦੇ ਸੰਬੰਧੀ ਹੋਏ ਹਨ। ਪੰਜ ਸਾਲ ਦੀ ਸਾਡੀ ਪੁੱਤਰੀ ਹੈ, ਗੁਰੂ ਜੀ ਦੇ ਦੋਵੇਂ ਪੁੱਤਰ ਕੁਆਰੇ ਹਨ॥੨੬॥

ਇਨ ਤੇ ਆਛੋ ਥਾਨ ਨ ਕੋਊ। ਜਹਾਂ ਦੇਹਿਂ ਤਨੁਜਾ ਨਿਜ ਜੋਊ'।
ਲਾਲਚੰਦ ਨੇ ਸੁਨਿ ਸਨਮਾਨੀ। 'ਇਹ ਤੈਂ ਨੀਕੀ ਬਾਤ ਬਖਾਨੀ॥ ੨੭॥

ਇਨ੍ਹਾਂ ਨਾਲੋਂ ਹੋਰ ਕੋਈ ਚੰਗਾ ਥਾਂ ਨਹੀਂ ਹੈ, ਜਿਥੇ ਆਪਣੀ ਪੁੱਤਰੀ ਨੂੰ ਦੇਈਏ। ਲਾਲ ਚੰਦ ਨੇ ਸੁਣ ਕੇ ਬੜੇ ਆਦਰ ਨਾਲ ਕਿਹਾ, "ਇਹ ਤੂੰ ਬਹੁਤ ਚੰਗੀ ਗੱਲ ਕਹੀ ਹੈ॥੨੭॥

ਇਸ ਕਾਰਜ ਮੈਂ ਬਿਲਮ ਨ ਕੀਜੈ। ਦਿਜ ਕੋ ਆਜ ਤਹਾਂ ਪਠਿ ਦੀਜੈ'।
ਦੰਪਤਿ ਕਹਿ ਇਮ ਆਪਸ ਮਹੀਆ। ਬਿੱਪ੍ਰ ਬੁਲਾਇ ਪਠ੍ਯੋ ਤਬਿ ਤਹੀਆਂ॥੨੮॥

ਇਸ ਕੰਮ ਵਿਚ ਕੋਈ ਦੇਰ ਨਾ ਲਾਵੋ, ਬ੍ਰਾਹਮਣ ਨੂੰ ਅੱਜ ਹੀ ਉਥੇ ਭੇਜ ਦੇਵੋ, "ਦੰਪਤੀ ਨੇ ਇਸ ਤਰ੍ਹਾਂ ਆਪਸ ਵਿਚ ਸਲਾਹ ਕੀਤੀ ਤੇ ਉਸੇ ਵੇਲੇ ਬ੍ਰਾਹਮਣ ਨੂੰ ਬੁਲਾ ਕੇ ਭੇਜ ਦਿੱਤਾ॥੨੮॥

ਜਹਿਂ ਸਤਿਗੁਰੂ ਦਿਵਾਨ ਲਗਾਏ। ਨਰ ਬ੍ਰਿੰਦਨ ਮਹਿਂ ਮਹਾਂ ਸੁਹਾਏ।
ਮੁਖ ਪ੍ਰਸੰਨ ਜਨੁ ਕਮਲ ਪ੍ਰਫੁਲਾ। ਦੇਤਿ ਅਨੰਦ ਸਭਿ ਮੰਗਲ ਮੂਲਾ॥ ੨੯॥

ਜਿਥੇ ਸਤਿਗੁਰੂ ਜੀ ਨੇ ਦੀਵਾਨ ਲਾਇਆ ਸੀ, ਬਹੁਤ ਮਨੁੱਖਾਂ ਦੇ ਵਿਚ ਬੈਠੇ ਉਹ ਸ਼ੋਭ ਰਹੇ ਸਨ। ਉਨ੍ਹਾਂ ਦਾ ਮੁਖੜਾ ਬੜਾ ਪ੍ਰਸੰਨ ਸੀ ਜਿਹੜਾ ਕੰਵਲ ਦੇ ਫੁਲ ਵਾਂਗ ਖਿੜਿਆ ਸੀ ਤੇ ਸਭ ਨੂੰ ਸੁਖ ਅਤੇ ਅਨੰਦ ਮੰਗਲ ਬਖਸ਼ ਰਿਹਾ ਸੀ॥੨੯॥

ਬਿੱਪ੍ਰ ਅਸ਼ੀਰਬਾਦ ਕੋ ਦੀਨਾ। ਤਬਿ ਗੁਰਦਾਸ ਪ੍ਰਿਥਮ ਕਰਿ ਲੀਨਾ।
ਸਕਲ ਬਾਰਤਾ ਕਹਿ ਸਮੁਝਾਈ। 'ਗੁਰ ਸੁਤ ਹਿਤ ਮੈਂ ਆਨਿ ਸਗਾਈ' ॥੩੦॥

ਬ੍ਰਾਹਮਣ ਨੇ ਜਾ ਕੇ ਅਸ਼ੀਰਵਾਦ ਦਿੱਤੀ, ਤਦ ਪਹਿਲਾਂ ਭਾਈ ਗੁਰਦਾਸ ਦਾ ਹੱਥ ਫੜਿਆ ਤੇ ਉਸ ਨੂੰ ਸਾਰੀ ਵਾਰਤਾ ਸਮਝਾਈ, "ਗੁਰੂ ਜੀ ਦੇ ਪੁੱਤਰ ਵਾਸਤੇ ਮੈਂ ਸਗਾਈ ਲੈ ਕੇ ਆਇਆ ਹਾਂ"॥੩੦॥

ਸੁਨਿ ਗੁਰ ਢਿਗ ਗਮਨ੍ਯੋ ਤਬਿ ਭਾਈ। ਕਹੀ ਬਾਰਤਾ ਬਿੱਪ੍ਰ ਬਤਾਈ।
ਕਰਿ ਸਨਮਾਨ ਬਿਠਾਯਹੁ ਪਾਸ। ਅਣੀਰਾਇ ਢਿਗ ਪਠਿ ਗੁਰਦਾਸ॥ ੩੧॥

ਤਦ ਭਾਈ ਗੁਰਦਾਸ ਸੁਣ ਕੇ ਗੁਰੂ ਜੀ ਪਾਸ ਗਿਆ, ਤੇ ਬ੍ਰਾਹਮਣ ਦੀ ਕਹੀ ਹੋਈ ਗੱਲ ਗੁਰੂ ਜੀ ਨੂੰ ਦੱਸੀ। ਗੁਰੂ ਜੀ ਨੇ ਸਨਮਾਨ ਕਰਕੇ ਪਾਸ ਬਿਠਾਇਆ ਤੇ ਭਾਈ ਗੁਰਦਾਸ ਜੀ ਨੂੰ ਅਣੀਰਾਇ ਪਾਸ ਭੇਜਿਆ॥੩੧॥

'ਬੂਝਹੁ ਆਸ਼ੈ ਕਰਿ ਨਿਰਜਾਸੂ। ਮਾਨਹਿ ਪ੍ਰਥਮ, ਬਜਾਹ ਹੁਇ ਤਾਸੂ।
ਪੁਨ ਸ਼੍ਰੀ ਤੇਗ ਬਹਾਦਰ ਕਹੈਂ। ਜਿਮ ਜਗ ਰੀਤਿ ਤਥਾ ਅਨੁਸਰੈ' ॥ ੩੨॥

ਨਿਰਨਾ ਕਰਕੇ ਉਸ ਨੂੰ ਆਸ਼ੇ ਬਾਰੇ ਪੁਛੋ, ਜੇ ਮੰਨ ਜਾਵੇ ਤਾਂ ਪਹਿਲਾਂ ਉਸ ਦਾ ਵਿਆਹ ਹੋਵੇਗਾ। ਫਿਰ ਬਾਅਦ ਵਿਚ ਸ੍ਰੀ ਤੇਗ ਬਹਾਦਰ ਨੂੰ ਕਹਾਂਗੇ, ਜਿਵੇਂ ਜਗਤ ਦੀ ਰੀਤ ਹੈ ਉਸ ਅਨੁਸਾਰ ਹੀ ਕਰੀਏ॥੩੨॥

ਸੁਨਿ ਗੁਰ ਬਚ ਗਮਨਜ ਗੁਰਦਾਸ। ਬੈਠ ਅਣੀਰਾਇ ਕੇ ਪਾਸ।
ਜਿਸ ਕੈ ਹਰਖ ਸੋਗ ਨਹਿਂ ਕੋਊ। ਹਾਨ ਰੁ ਲਾਭ ਸਮਾਨੈ ਦੋਊ॥ ੩੩॥

ਗੁਰੂ ਜੀ ਦੇ ਬਚਨ ਸੁਣ ਕੇ ਭਾਈ ਗੁਰਦਾਸ ਜੀ ਚਲੇ ਗਏ ਤੇ ਜਾ ਕੇ ਅਣੀਰਾਇ ਦੇ ਪਾਸ ਬੈਠ ਗਏ। ਜਿਸ ਨੂੰ ਕਿਸੇ ਖ਼ੁਸ਼ੀ ਗ਼ਮੀਂ ਦੀ ਕੋਈ ਪ੍ਰਵਾਹ ਨਹੀਂ ਸੀ, ਉਸ ਵਾਸਤੇ ਹਾਣ ਲਾਭ ਦੋਵੇਂ ਬਰਾਬਰ ਸਨ॥੩੩॥

ਉਸਤਤਿ ਨਿੰਦਾ ਮਾਨ ਅਮਾਨਾ। ਸ਼ੱਤ੍ਰ ਮਿੱਤ੍ਰ ਨਿਤ ਲਖਹਿ ਸਮਾਨਾ।
ਬਿਖ ਅੰਮ੍ਰਿਤ ਅਰੁ ਮਾਟੀ ਹੇਮ। ਸਮ ਜਾਨਹਿ, ਬ੍ਰਿਤਿ ਆਤਮ ਛੇਮ॥ ੩੪॥

ਉਸਤਤਿ, ਨਿੰਦਿਆ, ਮਾਣ, ਅਪਮਾਣ, ਵੈਰੀ, ਮਿੱਤਰ ਸਭ ਨੂੰ ਬਰਾਬਰ ਹੀ ਜਾਣਦਾ ਸੀ। ਜ਼ਹਿਰ, ਅੰਮ੍ਰਿਤ, ਮਿਟੀ, ਸੋਨਾ ਸਭ ਨੂੰ ਸਮਾਨ ਹੀ ਸਮਝਦਾ ਸੀ, ਬ੍ਰਿਤੀ ਸਦਾ ਆਤਮ ਰਸ ਵਿਚ ਜੁੜੀ ਰਹਿੰਦੀ ਸੀ॥੩੪॥

ਬੈਠਜੋ ਨਿਕਟਿ ਜਾਇ ਗਰਦਾਸ। ਕਹੀ ਸਗਾਈ ਕਰਿਬੇ ਤਾਸ।
ਸਮ ਉਨਮੱਤ ਸੁਨਤਿ ਬਚ ਬੋਲਾ। ਬ੍ਰਹਮ ਗਜਾਨ ਮਹਿਂ ਸਦਾ ਅਡੋਲਾ॥ ੩੫॥

ਭਾਈ ਗੁਰਦਾਸ ਜੀ ਉਸ ਦੇ ਪਾਸ ਬੈਠ ਗਏ, ਤੇ ਉਸ ਨੂੰ ਸਗਾਈ ਕਰਨ ਵਾਸਤੇ ਕਿਹਾ। ਉਹ ਮਸਤਾਂ ਵਾਂਗ ਸੁਣ ਕੇ ਬੋਲਿਆ, ਜਿਹੜਾ ਬ੍ਰਹਮ ਗਿਆਨ ਵਿਚ ਸਦਾ ਅਡੋਲ ਰਹਿੰਦਾ ਸੀ॥੩੫॥

'ਕਹਾਂ ਨਾਮ ਤੁਮ ਕਹਹੁ ਸਗਾਈ?। ਕੋ ਕਾਰਜ ਸੁਧਰਹਿ ਕਰਿਵਾਈ?'।
ਕਹਿ ਸਮੁਝਾਯੋ 'ਰੀਤਿ ਜਗਤ ਕੀ। ਸਭਿ ਉਤਪੱਤੀ ਅਹੈ ਗ੍ਰਿਹਸਤ ਕੀ॥ ੩੬॥

ਸਗਾਈ ਕਿਸ ਦਾ ਨਾਮ ਤੁਸੀਂ ਕਹਿੰਦੇ ਹੋ, ਇਸ ਕਰਵਾਉਣ ਨਾਲ ਕਿਹੜਾ ਕਾਰਜ ਸੁਧਰਦਾ ਹੈ? ਭਾਈ ਜੀ ਨੇ ਕਹਿ ਕੇ ਸਮਝਾਇਆ, "ਇਹ ਜਗਤ ਦੀ ਰੀਤ ਹੈ, ਇਸ ਨਾਲ ਹੀ ਗ੍ਰਹਿਸਤ ਦੀ ਸਾਰੀ ਉਤਪਤੀ ਹੁੰਦੀ ਹੈ॥੩੬॥

ਜਬਹਿ ਬਜਾਹ ਤਬਿ ਹੁਇ ਘਰਵਾਰੋ। ਆਗੈ ਬੰਸ ਵਧਹਿ ਪਰਵਾਰੋ'।
ਸੁਨਤਿ ਬਖਾਨਜੋ 'ਮੋਹਿ ਨ ਬਾਛੇ। ਬਿਨਾ ਗ੍ਰਿਹਸਤ ਤੇ ਹਮ ਇਮਿ ਆਛੇ॥ ੩੭॥

ਜਦ ਵਿਆਹ ਹੋਵੇਗਾ ਤੇ ਘਰ ਬਾਰ ਹੋਵੇਗਾ ਤੇ ਅੱਗੇ ਪਰਿਵਾਰ ਵੱਧਣ ਨਾਲ ਵੰਸ਼ ਵਧੇਗੀ।" ਉਹ ਸੁਣ ਕੇ ਅਣੀਰਾਇ ਬੋਲਿਆ, "ਮੈਨੂੰ ਨਹੀਂ ਵਿਆਹ ਚਾਹੀਦਾ, ਬਿਨਾਂ ਗ੍ਰਹਿਸਤ ਤੋਂ ਹੀ ਮੈਂ ਇਸ ਤਰ੍ਹਾਂ ਹੀ ਚੰਗਾ ਹਾਂ॥੩੭॥

ਹਰਖ ਸ਼ੋਕ ਕੋ ਮੂਲ ਬਿਸਾਲਾ। ਜਾਲ ਫਸਾਵਨ ਕੋ ਜੰਜਾਲਾ।
ਅਬਿ ਇਕਰਸ ਮਹਿਂ ਬ੍ਰਿਤਿ ਨਿਤ ਝੂਲਤਿ। ਸਰਬ ਜਗਤ ਸਮਤਾ ਨਹਿਂ ਭੂਲਤਿ॥੩੮॥

ਦੁੱਖ ਸੁਖ ਦੀ ਇਹ ਵੱਡੀ ਜੜ੍ਹ ਹੈ, ਗ੍ਰਹਿਸਤ ਰੂਪ ਜੰਜਾਲ ਜੀਵ ਨੂੰ ਫਸਾਉਣ ਦਾ ਮਾਨੋਂ ਜਾਲ ਹੈ। ਹੁਣ ਸਦਾ ਬ੍ਰਿਤੀ ਇਕ ਰਸ ਵਿਚ ਝੂਲਦੀ ਹੈ, ਸਾਰੇ ਜਗਤ ਦੀ ਸਮਾਨਤਾ ਨਹੀਂ ਭੁਲਦੀ ਹੈ॥੩੮॥

ਸੁਨਿ ਗੁਰਦਾਸ ਕਰੀ ਤਬਿ ਨਮੋ। ਗੁਰ ਕੇ ਨਿਕਟਿ ਕਹਜੋ ਤਿਹ ਸਮੋਂ।
ਸ੍ਰੀ ਹਰਿ ਗੋਬਿੰਦ ਤਬਹਿ ਬਖਾਨਾ। 'ਸਦਾ ਮਸਤ ਹੀ ਸੋ ਪਹਿਚਾਨਾ॥ ੩੯॥

ਇਹ ਸੁਣ ਕੇ ਭਾਈ ਗੁਰਦਾਸ ਨੇ ਨਮਸਕਾਰ ਕੀਤੀ ਤੇ ਉਸ ਸਮੇਂ ਗੁਰੂ ਜੀ ਪਾਸ ਜਾ ਕੇ ਕਿਹਾ, ਸ੍ਰੀ ਹਰਿਗੋਬਿੰਦ ਜੀ ਨੇ ਫਿਰ ਕਿਹਾ, "ਉਹ ਸਦਾ ਮਸਤ ਹੀ ਰਹਿੰਦਾ ਹੈ, ਇਹ ਮੈਂ ਪਹਿਚਾਣਦਾ ਹਾਂ॥੩੯॥

**ਅਬਿ ਸ੍ਰੀ ਤੇਗ ਬਹਾਦਰ ਧੀਰ। ਬਾਲ ਆਰਬਲ ਦਿਪਤਿ ਸਰੀਰ।**
**ਤਿਸ ਮਸਤਕ ਨਿਕਸਾਵਹੁ ਟੀਕਾ। ਕਰੋ ਸੁਧਾਵਨਿ ਸਮੋ ਸੁ ਨੀਕਾ ॥੪੦॥**

ਹੁਣ ਧੀਰਜਵਾਨ ਸ੍ਰੀ ਤੇਗ ਬਹਾਦਰ, ਜਿਸ ਦੀ ਬਾਲ ਅਵਸਥਾ ਹੈ ਤੇ ਸਰੀਰ ਦੀ ਸੁੰਦਰ ਪ੍ਰਭਾ ਹੈ। ਉਸ ਦੇ ਮੱਥੇ ਤੇ ਸਗਾਈ ਦਾ ਟਿੱਕਾ ਲਾ ਦੇਵੇ, ਚੰਗਾ ਸਮਾਂ ਵੇਖ ਕੇ ਸ਼ਗਨ ਲਾ ਦੇਵੇ ॥੪੦॥

**ਤਬਿ ਗੁਰਦਾਸ ਜਾਇ ਕਰਿ ਕਹਜੋ। ਜਹਿਂ ਸ੍ਰੀ ਤੇਗ ਬਹਾਦਰ ਲਹਜੋ।**
**'ਗੁਰੂ ਹੁਕਮ ਕਰਿਵਾਉ ਸਗਾਈ। ਹੇਤੁ ਤੁਮਾਰੇ ਸੋ ਚਲਿ ਆਈ' ॥੪੧॥**

ਤਦ ਭਾਈ ਗੁਰਦਾਸ ਨੇ ਜਾ ਕੇ ਕਿਹਾ ਜਿਥੇ ਸ੍ਰੀ ਤੇਗ ਬਹਾਦਰ ਜੀ ਬੈਠੇ ਸਨ, "ਗੁਰੂ ਜੀ ਦਾ ਹੁਕਮ ਹੈ ਕਿ ਸਗਾਈ ਕਰਵਾਉ, ਜਿਹੜੀ ਤੁਹਾਡੇ ਵਾਸਤੇ ਚਲ ਕੇ ਆਈ ਹੈ" ॥੪੧॥

**ਸੁਨਤਿ ਕਹਜੋ 'ਆਇਸੁ ਗੁਰ ਕੇਰੀ। ਸਭਿ ਸੁਭਦਾ ਕੋ ਸਕਹਿ ਨ ਫੇਰੀ।**
**ਮਾਨਹਿਂ ਸਦਾ ਸੀਸ ਧਰਿ ਹਮ ਹੀ। ਦੇਤਿ ਦਾਤ ਜੋ ਹੋਤਿ ਨ ਕਮ ਹੀ' ॥੪੨॥**

ਉਨ੍ਹਾਂ ਨੇ ਸੁਣ ਕੇ ਕਿਹਾ, "ਗੁਰੂ ਜੀ ਦੀ ਆਗਿਆ ਸੁਭਤਾ ਦੀ ਦਾਤੀ ਹੈ ਕੋਈ ਵੀ ਮੋੜ ਨਹੀਂ ਸਕਦਾ, ਮੈਂ ਸਦਾ ਸਿਰ ਤੇ ਧਾਰਨ ਕਰਕੇ ਮੰਨਦਾ ਹਾਂ, ਉਹ ਐਸੀ ਦਾਤ ਦਿੰਦੇ ਹਨ, ਜਿਹੜੀ ਕਦੀ ਵੀ ਘਟਦੀ ਨਹੀਂ ਹੈ" ॥੪੨॥

**ਤਬਿ ਭਾਈ ਨੇ ਗਣਕ ਬੁਲਾਯੋ। ਲੇ ਸਤਿਗੁਰ ਕੇ ਨਿਕਟਿ ਬਿਠਾਯੋ।**
**ਸੋਧਿ ਮਹੂਰਤ ਭਲੇ ਸੁਨਾਯੋ। ਆਨ ਬਿੱਪ੍ਰ ਕੋ ਤਬਹਿ ਦਿਖਾਯੋ॥ ੪੩॥**

ਤਦ ਭਾਈ ਗੁਰਦਾਸ ਜੀ ਨੇ ਜੋਤਸ਼ੀ ਨੂੰ ਬੁਲਾਇਆ ਤੇ ਲੈ ਜਾ ਕੇ ਸਤਿਗੁਰੂ ਜੀ ਦੇ ਪਾਸ ਬਿਠਾਇਆ, ਉਸ ਨੇ ਭਲਾ ਮਹੂਰਤ ਸੋਧ ਕੇ ਦੱਸਿਆ ਤੇ ਆ ਕੇ ਫਿਰ ਬ੍ਰਾਹਮਣ ਨੂੰ ਦੱਸਿਆ ॥੪੩॥

*ਨੋਟ : ਉਪਰੋਕਤ ਦੱਸਿਆ ਹੈ ਕਿ ਭਾਈ ਜੀ ਨੇ ਜੋਤਸ਼ੀ ਨੂੰ ਬੁਲਾ ਕੇ ਮਹੂਰਤ ਸੁਧਾਇਆ, ਪਰ ਭਾਈ ਗੁਰਦਾਸ ਜੀ ਆਪਣੀ ਬਾਣੀ ਵਿਚ ਇਸ ਦੇ ਵਿਪਰੀਤ ਲਿਖਦੇ ਹਨ, ਜਿਹੜਾ ਇਹਨਾਂ ਤੁਕਾਂ ਤੋਂ ਸਪੱਸ਼ਟ ਹੈ :-*

*ਗੁਰ ਸਿੱਖ ਸੰਗਤਿ ਮਿਲਾਪ ਕੋ ਪ੍ਰਤਾਪ ਐਸੋ, ਪਤਿਬ੍ਰਤ ਏਕ ਟੇਕ ਦੁਬਿਧਾ ਨਿਵਾਰੀ ਹੈ॥*
*ਪੂਛਤ ਨ ਜੋਤਕ ਅਉ ਬੇਦ ਥਿਤਿ ਵਾਰ ਕਛੂ, ਗ੍ਰਿਹ ਅਉ ਨਖਤ੍ਰ ਕੀ ਨ ਸੰਕਾ ਉਰਧਾਰੀ ਹੈ॥*
*ਜਾਨਤ ਨ ਸਗਨ ਲਗਨ ਆਨ ਦੇਵ ਸੇਵ, ਸ਼ਬਦ ਸੁਰਤਿ ਲਿਵ ਨੇਹ ਨਿਰੰਕਾਰੀ ਹੈ॥*
*ਸਿਖ ਸੰਤ ਬਾਲਕ ਸ੍ਰੀ ਗੁਰ ਪ੍ਰਤਿਪਾਲਕ ਹੁਇ, ਜੀਵਨ ਮੁਕਤਿ ਗਤਿ ਬ੍ਰਹਮ ਬੀਚਾਰੀ ਹੈ॥' ੪੪੮॥*

*(ਕਬਿੱਤ ਸਵੱਯੇ ਭਾਈ ਗੁਰਦਾਸ ਜੀ)*

ਉਪਰੋਕਤ ਦੇ ਅਰਥ ਇਸ ਪ੍ਰਕਾਰ ਹਨ:-

ਗੁਰੂ ਸਿੱਖ ਸੰਗਤਿ ਦੇ ਮਿਲਾਪ ਦਾ ਮਹਾਤਮ ਇਸ ਤਰ੍ਹਾਂ ਹੈ ਕਿ 'ਪਤੀਬ੍ਰਤ' ਸਿੱਖੀ ਵਾਲੇ ਵਰਤ ਧਾਰ ਕੇ ਭਾਵ ਇਕੋ ਗੁਰੂ ਮਹਾਰਾਜ ਦੀ ਟੇਕ ਲੈ ਕੇ ਸੰਸੇ ਤੇਖਲੇ ਆਦਿ ਦੀ ਬਾਣ ਦੂਰ ਕਰ ਦਿੱਤੀ ਜਾਂਦੀ ਹੈ।

ਗੁਰੂ ਦਾ ਸਿੱਖ ਕਾਰਜ ਆਰੰਭਣ ਲਗਿਆਂ ਨਾ ਤਾਂ ਜੋਤਸ਼ ਹੀ ਪੁਛਦਾ ਹੈ ਅਤੇ ਨਾ ਵੇਦਾਂ ਦੀ ਪ੍ਰੀਖਿਆ ਪਾਉਂਦਾ ਹੈ ਅਤੇ ਥਿਤ ਵਾਰ ਆਦਿ ਬਾਰੇ ਵੀ ਕੁਝ ਨਹੀਂ ਪੁਛਦਾ ਅਤੇ ਨਾ ਨੌਵਾਂ ਗ੍ਰੈਹਾਂ ਅਤੇ ਨਛੱਤਰਾਂ ਆਦਿ ਦੀ ਸ਼ੰਕਾ ਚਿਤ ਵਿਚ ਲਿਆਉਂਦਾ ਹੈ।

ਉਹ ਸਗਨ ਲਗਨ ਕੁਝ ਨਹੀਂ ਜਾਣਦਾ ਤੇ ਹੋਰ ਦੇਵੀ ਦੇਵਤਿਆਂ ਨੂੰ ਨਹੀਂ ਮੰਨਦਾ ਹੈ ਉਸ ਦਾ ਸ਼ਬਦ ਨਾਲ ਸੁਰਤ ਦੀ ਲਿਵ ਲਾਉਣ ਦਾ ਹੀ ਪਿਆਰ ਹੈ।

ਗੁਰਸਿੱਖ ਹਰ ਕਾਰਜ ਦਾ ਆਰੰਭ ਅਤੇ ਸਮਾਪਤੀ ਇਕ ਸ਼ਬਦ ਦੀ ਅਰਾਧਣਾ ਨਾਲ ਹੀ ਕਰਦਾ ਹੈ। ਇਸ ਕਰਕੇ ਸਿੱਖ ਸੰਤ ਬਾਲਕ ਹਨ ਤੇ ਸਤਿਗੁਰੂ ਜੀ ਪਾਲਣਾ ਕਰਨ ਵਾਲੇ ਹਨ। ਉਹ ਸਿੱਖ ਨੂੰ ਬ੍ਰਹਮ ਵੀਚਾਰ ਵਾਲਾ ਬਣਾਕੇ ਸਮੂਹ ਵਿਘਨਾਂ ਤੋਂ ਰਹਿਤ ਕਰ ਦਿੰਦੇ ਹਨ. ਗੁਰੂ ਦਾ ਸਿੱਖ ਗੁਰੂ ਸਥਾਨ ਬਿਨਾਂ ਹੋਰ ਕਿਸੇ ਥਾਂ ਯਾਤਰਾ ਆਦਿ ਲਈ ਨਹੀਂ ਜਾਂਦਾ ਹੈ॥ ੪੪੮॥

ਸ੍ਰੀ ਹਰਿਗੋਵਿੰਦ ਕੇ ਢਿਗ ਸਾਦਰ। ਆਨਿ ਬਿਠਾਏ ਤੇਗਬਹਾਦਰ।
ਦਿਜ ਨੇ ਦੇਖਿ ਆਨੰਦ ਕੋ ਧਾਰਾ। ਮੁਖ ਪੰਕਜ ਮਹਿਂ ਦੀਨ ਛੁਹਾਰਾ॥ ੪੪ ॥

ਸ੍ਰੀ ਤੇਗ ਬਹਾਦਰ ਨੂੰ ਬੜੇ ਆਦਰ ਨਾਲ ਗੁਰੂ ਹਰਿਗੋਬਿੰਦ ਸਾਹਿਬ ਦੇ ਪਾਸ ਬਿਠਾ ਦਿੱਤਾ। ਬ੍ਰਾਹਮਣ ਨੇ ਵੇਖ ਕੇ ਅਨੰਦ ਧਾਰਨ ਕੀਤਾ ਤੇ ਕੰਵਲ ਵਰਗੇ ਮੁਖੜੇ ਵਿਚ ਛੁਹਾਰਾ ਪਾਇਆ॥੪੪॥

ਉਤਸਵ ਮਹਿਂ ਅਤਿ ਉਤਸਵ ਹੋਵਾ। ਸਭਿ ਬਰਾਤ ਮਿਲਿ ਆਨੰਦ ਜੋਵਾ।
ਬਾਜ ਉਠੇ ਦੁੰਦਭਿ ਸ਼ਦਿਯਾਨੇ। ਕੌਤਕ ਹੋਤਿ ਅਨੇਕ ਮਹਾਨੇ॥ ੪੫ ॥

ਉਤਸਵ ਵਿਚ ਹੀ ਇਕ ਹੋਰ ਵੱਡਾ ਉਤਸਵ ਹੋ ਗਿਆ, ਸਾਰੀ ਬਰਾਤ ਨੇ ਮਿਲ ਕੇ ਅਨੰਦ ਵੇਖਿਆ, ਫਿਰ ਖੁਸ਼ੀਆਂ ਦੇ ਵਾਜੇ ਵੱਜ ਉਠੇ ਅਨੇਕ ਪ੍ਰਕਾਰ ਦੇ ਮਹਾਨ ਕੌਤਕ ਹੋਏ॥੪੫॥

ਅਧਿਕ ਦਾਨ ਸਤਿਗੁਰ ਤਬਿ ਦੀਨਾ। ਮਿਲੇ ਬ੍ਰਿੰਦ ਜਾਚਕ ਧਨ ਲੀਨਾ।
ਸਭਿਨਿ ਬਿਖੈ ਛਾਯੋ ਆਨੰਦ। ਦਸ ਹੂੰ ਦਿਸ਼ਿ ਜਸੁ ਭਯੋ ਬਿਲੰਦ॥ ੪੬ ॥

ਸਤਿਗੁਰੂ ਜੀ ਨੇ ਫਿਰ ਬਹੁਤ ਦਾਨ ਦਿੱਤਾ। ਧਨ ਪ੍ਰਾਪਤ ਕਰਨ ਵਾਸਤੇ ਬਹੁਤ ਮੰਗਤੇ ਇਕੱਠੇ ਹੋਏ। ਸਾਰਿਆਂ ਵਿਚ ਅਨੰਦ ਛਾ ਗਿਆ, ਦਸੀਂ ਪਾਸੀਂ ਗੁਰੂ ਜੀ ਦਾ ਬੜਾ ਉੱਚਾ ਜੱਸ ਫੈਲ ਗਿਆ॥੪੬॥

*ਸੱਤਵੀਂ ਰਾਸ ਦਾ ਸੱਤਵਾਂ ਅਧਿਆਇ ਸਮਾਪਤ ਹੋਇਆ॥੭॥*

## ਅਧਿਆਇ ਅੱਠਵਾਂ

*ਵਾਪਸ ਆਏ, ਸੂਬਾ ਜਲੰਧਰ ਦੀ ਜਾਇਦਾਦ ਜ਼ਬਤ*

ਦੋਹਰਾ- ਤੀਨ ਦਿਵਸ ਜਸੁ ਕੇ ਰਚਿਤ ਰਹੇ ਨਗਰ ਕਰਤਾਰ।
ਪ੍ਰੇਮਚੰਦ ਚਿਤ ਪ੍ਰੇਮ ਬਹੁ ਸੇਵੇ ਬਿਬਿਧ ਪ੍ਰਕਾਰ॥ ੧॥

ਤਿੰਨ ਦਿਨ ਵਿਆਹ ਕਾਰਜ ਬੜੇ ਜਸ ਵਾਲੇ ਢੰਗ ਨਾਲ ਕਰਦੇ ਕਰਤਾਰਪੁਰ ਨਗਰ ਵਿਚ ਰਹੇ, ਸ੍ਰੀ ਪ੍ਰੇਮ ਚੰਦ ਦੇ ਚਿੱਤ ਵਿਚ ਬੜਾ ਪ੍ਰੇਮ ਸੀ ਤੇ ਉਸ ਕਈ ਪ੍ਰਕਾਰ ਸੇਵਾ ਕੀਤਾ॥੧॥

ਚੌਪਈ- ਕਰਨ ਬਿਸਰਜਨ ਹੇਤ ਹਕਾਰੇ। ਬਾਦਿਤ ਬਜਤਿ ਆਇ ਤਿਸ ਦ੍ਵਾਰੇ।
ਯਥਾਸ਼ਕਤਿ ਦਾਇਜ ਧਰਿ ਦੀਨਿ। ਹਾਥ ਜੋਰਿ ਪੁਨ ਕਹਜੋ ਪ੍ਰਬੀਨ॥੨ ॥

ਫਿਰ ਵਿਦਾ ਕਰਨ ਵਾਸਤੇ ਬੁਲਾਏ ਤੇ ਵਾਜਿਆਂ ਦੇ ਵਜਦਿਆਂ ਸ੍ਰੀ ਪ੍ਰੇਮ ਚੰਦ ਦੇ ਦਰਵਾਜ਼ੇ ਤੇ ਪਹੁੰਚ ਗਏ। ਉਸ ਯਥਾ ਸ਼ਕਤ ਦਾਜ ਧਰ ਦਿੱਤਾ ਤੇ ਹੱਥ ਜੋੜ ਕੇ ਚਤੁਰ ਪ੍ਰੇਮ ਚੰਦ ਨੇ ਕਿਹਾ॥੨॥

'ਮੋ ਤੇ ਸਰਜੇ ਨਹੀਂ ਕੁਛ ਕਾਜਾ। ਰਾਖੀ ਲਾਜ ਗ਼ਰੀਬ ਨਿਵਾਜਾ।
ਇਕ ਦਾਸੀ ਮੈਂ ਦੁਹਿਤਾ ਦਈ। ਲਖਿ ਅਨਾਥ ਮੈਂ ਕਰੁਨਾ ਭਈ' ॥ ੩ ॥

ਮੇਰੇ ਪਾਸੋਂ ਕੋਈ ਕਾਰਜ ਨਹੀਂ ਸਰਿਆ ਹੈ, ਆਪ ਜੀ ਗਰੀਬ ਨਿਵਾਜ ਨੇ ਮੇਰੀ ਲਾਜ ਰੱਖ ਲਈ ਹੈ। ਇਕ ਦਾਸੀ ਮੈਂ ਆਪਣੀ ਪੁੱਤਰੀ ਦੇ ਰੂਪ ਵਿਚ ਦਿੱਤੀ ਹੈ, ਅਨਾਥ ਸਮਝ ਕੇ ਮੇਰੇ ਤੇ ਮਿਹਰ ਕੀਤੀ ਹੈ॥੩॥

ਸ੍ਰੀ ਹਰਿ ਗੋਵਿੰਦ ਸੁਨਤਿ ਬਖਾਨਾ। 'ਦੁਹਿਤਾ ਦੀਨਿ ਕਹਾਂ ਰਹਿ ਆਨਾ।
ਜਥਾਸ਼ਕਤਿ ਸੇਵਾ ਸਭਿ ਕੀਨਿ। ਗੁਰ ਸਿੱਖਜਨਿ ਕੀ ਖੁਸ਼ੀ ਸੁ ਲੀਨਿ' ॥ ੪ ॥

ਸ੍ਰੀ ਹਰਿਗੋਬਿੰਦ ਜੀ ਨੇ ਸੁਣ ਕੇ ਕਿਹਾ, "ਧੀ ਦੇ ਦਿੱਤੀ ਹੈ, ਬਾਕੀ ਹੋਰ ਕੀ ਰਹਿ ਗਿਆ ਹੈ। ਜਥਾ ਸ਼ਕਤ ਬਹੁਤ ਸੇਵਾ ਕੀਤੀ ਹੈ ਤੇ ਗੁਰਸਿੱਖਾਂ ਦੀ ਖੁਸ਼ੀ ਪ੍ਰਾਪਤ ਕੀਤੀ ਹੈ" ॥੪॥

ਸੁਨਿ ਸਤਿਗੁਰ ਕੇ ਬਾਕ ਸੁਹਾਏ। ਪ੍ਰੇਮ ਚੰਦ ਨਰ ਗਨ ਹਰਖਾਏ।
ਬਹੁਰ ਬਸਤ੍ਰ ਆਨੇ ਸਮੁਦਾਏ। ਗੁਰ ਸਿੱਖਜਨ ਗਨ ਕੋ ਅਰਪਾਏ ॥ ੫ ॥

ਸਤਿਗੁਰੂ ਜੀ ਦੇ ਸੁਹਾਵਣੇ ਬਚਨ ਸੁਣ ਕੇ ਸ੍ਰੀ ਪ੍ਰੇਮ ਚੰਦ ਤੇ ਹੋਰ ਮਨੁੱਖ ਬਹੁਤ ਪ੍ਰਸੰਨ ਹੋਏ। ਫਿਰ ਬਹੁਤ ਵਸਤਰ ਲਿਆਏ ਤੇ ਗੁਰੂ ਜੀ ਦੇ ਸਿੱਖਾਂ ਨੂੰ ਅਰਪਣ ਕੀਤੇ॥੫॥

ਭਾਨਾ ਸਾਹਿਬ ਅਰ ਗੁਰਦਾਸ। ਇੱਤਜਾਦਿਕ ਜੇ ਸਤਿਗੁਰ ਪਾਸ।
ਸਭਿ ਤੇ ਖੁਸ਼ੀ ਲੀਨਿ ਹਰਿਖਾਯੋ। ਪ੍ਰੇਮਚੰਦ ਜਸੁ ਚੰਦ ਚਢਾਯੋ ॥ ੬ ॥

ਬਾਬਾ ਭਾਨਾ ਜੀ ਅਤੇ ਭਾਈ ਗੁਰਦਾਸ ਜੀ ਇੱਤਿਆਦਿ ਜਿਹੜੇ ਸਿੱਖ ਗੁਰੂ ਜੀ ਦੇ ਪਾਸ ਸਨ, ਸਭ ਪਾਸੋਂ ਖੁਸ਼ੀ ਲੈ ਕੇ ਬਹੁਤ ਪ੍ਰਸੰਨ ਹੋਇਆ। ਸ੍ਰੀ ਪ੍ਰੇਮ ਚੰਦ ਦਾ ਜਸ ਚੰਦ ਵਾਂਗ ਪ੍ਰਕਾਸ਼ਮਈ ਹੋ ਗਿਆ॥੬॥

ਦੁਹਿਤਾ ਕੋ ਬਿਠਾਇ ਕਰਿ ਡੋਰੇ। ਕਰੇ ਬਿਸਰਜਨ ਕਰ ਜੁਗ ਜੋਰੇ।
ਖੇਮ ਕੌਰ ਨਿਜ ਤਨੁਜਾ ਸਾਥ। ਮਿਲਤਿ ਅੰਕ ਗਹਿ ਜਨਨੀ ਹਾਥ ॥ ੭ ॥

ਆਪਣੀ ਪੁੱਤਰੀ ਨੂੰ ਡੋਲੇ ਵਿਚ ਚੜ੍ਹਾ ਕੇ, ਦੋਵੇਂ ਹੱਥ ਜੋੜ ਕੇ ਗੁਰੂ ਜੀ ਨੂੰ ਵਿਦਾ ਕੀਤਾ। ਪੁੱਤਰੀ ਦੀ ਮਾਂ ਸੋਭ ਦੇਵੀ ਆਪਣੀ ਧੀ ਖੇਮ ਕੌਰ ਦਾ ਹੱਥ ਫੜ ਕੇ ਜੱਫੀ ਪਾ ਕੇ ਮਿਲੀ॥੭॥

ਆਗੇ ਕਰਿ ਡੋਰੇ ਕਹੁ ਚਾਲੇ। ਪਾਛੇ ਸੂਰਜਮਲ ਨਰ ਨਾਲੇ।
ਪ੍ਰੇਮ ਚੰਦ ਜੁਤਿ ਸੋਭਾ ਦੇਈ। ਦੰਪਤਿ ਹਟਿ ਸਨਾਥ ਭੇ ਤੇਈ ॥ ੮ ॥

ਡੋਲੇ ਨੂੰ ਸਭ ਦੇ ਅੱਗੇ ਲਾ ਕੇ ਚਲ ਪਏ, ਪਿੱਛੇ ਪਿੱਛੇ ਸੂਰਜ ਮਲ ਹੋਰ ਮਨੁੱਖਾਂ ਦੇ ਨਾਲ ਜਾ ਰਿਹਾ ਸੀ। ਸ੍ਰੀ ਪ੍ਰੇਮ ਚੰਦ ਅਤੇ ਉਸਦੀ ਪਤਨੀ ਸੋਭ ਦੇਵੀ ਦੋਵੇਂ ਹਟ ਕੇ ਵਾਪਸ ਮੁੜ ਗਏ॥੮॥

ਪੁੱਤ੍ਰ ਸੁਨੁਖਾ ਆਗੈ ਕਰਿਕੈ। ਗਮਨੇ ਸਤਿਗੁਰ ਵਾਹਿਨ ਚਰਿਕੈ।
ਘਨ ਸਮ ਧਨ ਗਨ ਕੋ ਬਰਖਾਵਾ। ਕੀਰਤਿ ਕਰਤਿ ਜਾਚਕਨਿ ਪਾਵਾ ॥ ੯ ॥

ਆਪਣੇ ਪੁੱਤਰ ਨੂੰਹ ਨੂੰ ਅੱਗੇ ਕਰਕੇ ਸਤਿਗੁਰੂ ਜੀ ਵਾਹੁਣ ਤੇ ਚੜ੍ਹ ਕੇ ਪਿੱਛੇ ਚਲ ਪਏ। ਉਨ੍ਹਾਂ ਪੁੱਤਰ ਅਤੇ ਨੂੰਹ ਦੇ ਉੱਤੋਂ ਮੀਂਹ ਵਾਂਗ ਧਨ ਦੀ ਵਰਸ਼ਾ ਕੀਤੀ ਤੇ ਕੀਰਤੀ ਕਰਦਿਆਂ ਮੰਗਤਿਆਂ ਨੇ ਬਹੁਤ ਧਨ ਪਾਇਆ॥੯॥

ਜਥਾਜੋਗ ਮਿਲਿ ਸਭਿ ਕੇ ਸਾਥ। ਪਾਛੇ ਸਰਬ ਹਟਾਇਇਸਿ ਨਾਥ।
ਸਗਲ ਬਰਾਤ ਤਬਹਿ ਚਢਿ ਚਾਲੀ। ਬਾਦਿਤ ਕੀ ਧੁਨਿ ਊਚਿ ਉਠਾਲੀ ॥੧੦॥

ਜਥਾ ਜੋਗ ਸਾਰਿਆਂ ਨਾਲ ਮਿਲ ਕੇ, ਸਤਿਗੁਰੂ ਜੀ ਨੇ ਸਭ ਨਗਰ ਵਾਲਿਆਂ ਨੂੰ ਵਾਪਸ ਮੋੜ ਦਿੱਤਾ। ਸਾਰੇ ਬਰਾਤੀ ਫਿਰ ਵਾਹਣਾਂ ਤੇ ਚੜ੍ਹ ਕੇ ਚਲ ਪਏ। ਵਾਜਿਆਂ ਦੀ ਧੁੰਨ ਬਹੁਤ ਉੱਚੀ ਉਠਾਈ॥੧੦॥

ਸਨੈ ਸਨੈ ਮਾਰਗ ਚਲਿ ਆਏ। ਨਦੀ ਬਿਪਾਸਾ ਕੋ ਉਲੰਘਾਏ।
ਨਿਸ ਬਸਿ ਨਿਜ ਪੁਰਿ ਆਇ ਪਹੂਚੇ। ਦੁੰਦਭਿ ਡੰਕ ਹਨੇ ਤਬਿ ਊਚੇ॥੧੧॥

ਹੌਲੀ-ਹੌਲੀ ਮਾਰਗ ਚਲ ਕੇ ਆ ਗਏ, ਬਿਆਸਾ ਨਦੀ ਨੂੰ ਪਾਰ ਕੀਤਾ। ਇਕ ਰਾਤ ਰਾਹ ਵਿਚ ਠਹਿਰ ਕੇ ਆਪਣੇ ਨਗਰ ਵਿਚ ਪਹੁੰਚ ਗਏ ਤੇ ਨਗਾਰਿਆਂ ਉਤੇ ਬਹੁਤ ਉੱਚੀ ਡੱਗੇ ਲਾਏ॥੧੧॥

ਸੁਧਿ ਕੋ ਪਾਇ ਪ੍ਰਮੋਦ ਬਿਸਾਲਾ। ਇਕ ਥਲ ਭਈ ਨਾਗਰੀ ਜਾਲਾ।
ਸੂਰਜਮਲ ਜਨਨੀ ਹਰਖਾਈ। ਚਹੁੰਦਿਸ਼ਿ ਤੇ ਸਭਿ ਕਹੈਂ 'ਬਧਾਈ'॥ ੧੨॥

ਬਰਾਤ ਦੇ ਆਉਣ ਬਾਰੇ ਸੁਣਕੇ, ਨਗਰ ਵਾਸੀ ਬਹੁਤ ਪ੍ਰਸੰਨ ਹੋਏ ਤੇ ਸਾਰੇ ਇਕ ਸਥਾਨ ਤੇ ਇਕੱਠੇ ਹੋ ਗਏ। ਸ੍ਰੀ ਸੂਰਜ ਮਲ ਦੇ ਮਾਤਾ ਜੀ ਬਹੁਤ ਪ੍ਰਸੰਨ ਹੋਏ। ਚਾਰੇ ਪਾਸਿਆਂ ਤੋਂ ਸਾਰੇ 'ਵਧਾਈ ਹੋਵੇ' ਕਹਿ ਰਹੇ ਸਨ॥੧੨॥

ਸਭਿ ਤਯਾਰੀ ਕੀਨਸਿ ਮਰਵਾਹੀ। ਆਗੇ ਲੇਨਿ ਉਮਗ ਮਨ ਮਾਂਹੀ।
ਗਾਵਤਿ ਗੀਤਨਿ ਮਿਲਿ ਸੁਹਾਗਨ। ਦੂਲਹੁ ਦੁਲਹਨਿ ਪਿਖਿ ਅਨੁਰਾਗਨ॥੧੩॥

ਮਾਤਾ ਮਰਵਾਹੀ ਜੀ ਨੇ ਸਭ ਪ੍ਰਕਾਰ ਤਿਆਰੀ ਕੀਤੀ, ਅੱਗੇ ਜਾ ਕੇ ਲਿਆਉਣ ਦੀ ਉਸ ਦੇ ਮਨ ਵਿਚ ਉਮੰਗ ਪੈਦਾ ਹੋਈ। ਸੁਹਾਗਣਾ ਮਿਲ ਕੇ ਗੀਤ ਗਾਉਂਦੀਆਂ ਸਨ, ਲਾੜੇ ਲਾੜੀ ਨੂੰ ਵੇਖ ਕੇ ਬੜਾ ਪਿਆਰ ਕਰਦੀਆਂ ਸਨ॥੧੩॥

ਇਤ ਸਤਿਗੁਰ ਲੇ ਕਰਿ ਸੁ ਪ੍ਰਸਾਦਿ। ਤਖਤ ਅਕਾਲ ਗਏ ਅਹਿਲਾਦਿ।
ਕਰਿ ਕੈ ਨਮੋ ਭਲੇ ਬਰਤਾਇ। ਪੌਰ ਦਰਸ਼ਨੀ ਗੇ ਸਮੁਦਾਇ॥ ੧੪॥

ਓਧਰ ਸਤਿਗੁਰੂ ਜੀ ਪ੍ਰਸ਼ਾਦ ਲੈ ਕੇ ਬੜੇ ਪ੍ਰਸੰਨ ਹੋ ਕੇ ਅਕਾਲ ਤਖਤ ਸਾਹਿਬ ਗਏ ਤੇ ਬੰਦਨਾ ਕਰਕੇ ਭਲੇ ਢੰਗ ਨਾਲ ਵਰਤਾਇਆ। ਫਿਰ ਸਾਰੇ ਇਕੱਠੇ ਹੋ ਕੇ ਦਰਸ਼ਨੀ ਡਿਉਢੀ ਗਏ॥੧੪॥

ਥਿਤ ਹ੍ਵੈ ਸ਼੍ਰੀ ਦਰਬਾਰ ਅਗਾਰੀ। ਹਾਥ ਜੋਰਿ ਅਭਿਬੰਦਨ ਧਾਰੀ।
ਦੂਲਹੁ ਦੁਲਹਨਿ ਆਗੈ ਕਰਿਕੈ। ਦਈ ਪ੍ਰਦਛਨਾ ਚਹੁੰ ਦਿਸ਼ਿ ਫਿਰਿਕੈ॥੧੫॥

ਸ੍ਰੀ ਦਰਬਾਰ ਸਾਹਿਬ ਦੇ ਸਾਹਮਣੇ ਖੜੇ ਹੋ ਕੇ ਹੱਥ ਜੋੜ ਕੇ ਅਭਿਬੰਦਨਾ ਧਾਰਨ ਕੀਤੀ। ਲਾੜਾ ਲਾੜੀ ਨੂੰ ਅੱਗੇ ਕਰਕੇ, ਚਾਰੇ ਪਾਸੇ ਫਿਰ ਪਰਿਕਰਮਾਂ ਕੀਤੀਆਂ॥੧੫॥

ਬਹੁਰ ਨਿਕਸਿ ਭੇ ਗੁਰੂ ਅਸਵਾਰ। ਬਨੀ ਬਰਾਤ ਚਲੀ ਸਭਿ ਲਾਰ।
ਹਯਨ ਕੁਦਾਵਤਿ ਕੇਤਿਕ ਜਾਤੇ। ਸ੍ਰੀ ਸਤਿਗੁਰੁ ਸਭਿ ਬਿਖੈ ਪ੍ਰਯਾਤੇ॥ ੧੬॥

ਫਿਰ ਬਾਹਰ ਨਿਕਲ ਕੇ ਗੁਰੂ ਜੀ ਘੋੜਿਆਂ ਤੇ ਅਸਵਾਰ ਹੋ ਗਏ ਤੇ ਬਰਾਤ ਬਣ ਕੇ ਸਾਰੇ ਨਾਲ ਚਲ ਪਏ। ਕਈ ਘੋੜਿਆਂ ਨੂੰ ਨਚਾਉਂਦੇ ਟਪਾਉਂਦੇ ਜਾਂਦੇ ਸਨ, ਸਤਿਗੁਰੂ ਜੀ ਸਭ ਦੇ ਵਿਚ ਜਾ ਰਹੇ ਸਨ॥੧੬॥

ਪੁਰਿ ਕੇ ਨਰ ਨਾਰੀ ਸਭਿ ਬੰਦਤਿ। ਉਤਸਵ ਦੇਖਤਿ ਅਧਿਕ ਅਨੰਦਤਿ।
ਮਰਵਾਹੀ ਥਿਤ ਹ੍ਵੈ ਕਰਿ ਪੌਰ। ਜੁਤਿ ਦਮੋਦਰੀ ਤ੍ਰਿਯ ਗਨ ਔਰ॥ ੧੭॥

ਨਗਰ ਦੇ ਸਭ ਇਸਤਰੀ ਪੁਰਸ਼ ਬੰਦਨਾ ਕਰਦੇ ਸਨ ਤੇ ਉਤਸਵ ਵੇਖ ਕੇ ਬਹੁਤ ਪ੍ਰਸੰਨ ਹੁੰਦੇ ਸਨ। ਮਾਤਾ ਮਰਵਾਹੀ ਜੀ, ਮਾਤਾ ਦਮੋਦਰੀ ਜੀ ਤੇ ਹੋਰ ਇਸਤਰੀਆਂ ਸਹਿਤ ਦਰਵਾਜ਼ੇ ਵਿਚ ਖੜੀ ਸੀ॥੧੭॥

ਸਹਿਤ ਸੁਨੂਖਾ ਸੁਤ ਕੋ ਹੇਰਾ। ਕਰਿ ਕੁਲ ਰੀਤਿ ਸਕਲ ਤਿਸ ਬੇਰਾ।
ਲੇ ਅੰਤਰ ਘਰ ਬਿਖੇ ਪਧਾਰੀ। ਬੈਠਾਰੀ ਉਮਡੀ ਤ੍ਰਿਯ ਸਾਰੀ॥ ੧੮॥

ਪੁੱਤਰ ਸਹਿਤ ਆਪਣੀ ਨੂੰਹ ਨੂੰ ਵੇਖਿਆ ਤੇ ਉਸ ਸਮੇਂ ਵੰਸ਼ ਦੀਆਂ ਸਾਰੀਆਂ ਰੀਤਾਂ ਕੀਤੀਆਂ। ਫਿਰ ਉਨ੍ਹਾਂ ਨੂੰ ਘਰ ਦੇ ਅੰਦਰ ਲੈ ਗਏ ਤੇ ਜਦ ਨੂੰਹ ਨੂੰ ਪਲੰਘ ਤੇ ਬਿਠਾ ਦਿੱਤਾ ਤਾਂ ਸਾਰੀਆਂ ਇਸਤਰੀਆਂ ਉਮਡ ਕੇ ਆ ਗਈਆਂ॥੧੮॥

ਝੋਰੀ ਦਰਬ ਪਾਇ ਮੁਖ ਦੇਖਾ। ਕਰਤਿ ਸਰਾਹਨ ਹਰਖ ਵਿਸ਼ੇਖਾ।
ਸਕਲ ਨਿਵੇਸ ਕਰੇ ਸੁਖ ਪਾਏ। ਸੇਵਾ ਜਥਾਜੋਗ ਕਰਿਵਾਏ॥ ੧੯॥

ਵਹੁਟੀ ਦੀ ਝੋਲੀ ਵਿਚ ਧਨ ਪਾ ਕੇ ਮੁਖ ਵੇਖਦੀਆਂ ਸਨ ਤੇ ਪ੍ਰਸੰਨ ਹੋ ਕੇ ਬੜੀ ਸਲਾਘਾ ਕਰਦੀਆਂ ਸਨ। ਸਾਰਿਆਂ ਨੇ ਵਿਸਰਾਮ ਕਰਕੇ ਸੁਖ ਪਾਇਆ ਤੇ ਯਥਾ ਯੋਗ ਸੇਵਾ ਕਰਵਾਈ॥੧੯॥

ਭਈ ਬਜਾਹ ਕੀ ਗਾਥਾ ਪੂਰੀ। ਸੁਨਹੁ ਸਿੱਖ ਆਗੇ ਜਿਮ ਰੂਰੀ।
ਕੇਤਿਕ ਦਿਵਸ ਮੇਲ ਸਭਿ ਰਹਜੇ। ਪੁਨ ਨਿਜ ਸਦਨ ਗਮਨ ਕੋ ਚਹਜੇ॥੨੦॥

ਹੁਣ ਵਿਆਹ ਦੀ ਕਥਾ ਪੂਰੀ ਹੋਈ ਹੈ, ਹੇ ਸਿੱਖ ! ਅੱਗੇ ਸੁਣੋ ਜਿਵੇਂ ਸੁੰਦਰ ਗਾਥਾ ਹੋਈ। ਕਈ ਦਿਨ ਮੇਲ ਓਥੇ ਰਿਹਾ, ਫਿਰ ਸਾਰਿਆਂ ਨੇ ਆਪਣੇ ਘਰਾਂ ਨੂੰ ਜਾਣਾ ਚਾਹਿਆ॥੨੦॥

ਗਯੋ ਨਰਾਇਣ ਦਾਸ ਸ ਬਾਮ। ਦੁਆਰਾ ਭਾਗਣ ਗਮਨੇ ਧਾਮ।
ਰਾਮਾ ਪਹੁਚਜੋ ਨਗਰ ਵਟਾਲੇ। ਤ੍ਰੇਹਣ ਕੁਲ ਖਡੂਰ ਕੋ ਚਾਲੇ॥ ੨੧॥

ਭਾਈ ਨਰਾਇਣ ਦਾਸ ਆਪਣੀ ਇਸਤਰੀ ਸਹਿਤ ਚਲਾ ਗਿਆ ਅਤੇ ਭਾਈ ਦੁਆਰਾ ਤੇ ਉਸ ਦੀ ਪਤਨੀ ਭਾਗਣ ਵੀ ਆਪਣੇ ਘਰ ਨੂੰ ਚਲੇ ਗਏ। ਭਾਈ ਰਾਮਾ ਆਪਣੇ ਨਗਰ ਵਟਾਲੇ ਪਹੁੰਚ ਗਿਆ ਤੇ ਤ੍ਰੇਹਣ ਵੰਸ਼ ਦਾ ਮੇਲ ਖਡੂਰ ਸਾਹਿਬ ਨੂੰ ਚਲਾ ਗਿਆ॥੨੧॥

ਗੋਇੰਦਵਾਲ ਗਏ ਸੁਖ ਪਾਏ। ਧਰਮਾ ਅਪਨੇ ਸਦਨ ਸਿਧਾਏ।
ਰਾਮੋ ਜੁਤਿ ਗਾ ਸਾਂਈਦਾਸ। ਅਪਰ ਸਕਲ ਚਲਿ ਪਹੁੰਚਿ ਅਵਾਸ॥ ੨੨॥

ਗੋਇੰਦਵਾਲ ਦਾ ਮੇਲ ਵੀ ਸੁਖ ਪਾ ਕੇ ਚਲੇ ਗਿਆ ਤੇ ਭਾਈ ਧਰਮਾ ਵੀ ਆਪਣੇ ਘਰ ਨੂੰ ਚਲਾ ਗਿਆ। ਰਾਮੋ ਸਹਿਤ ਸਾਈਂਦਾਸ ਗਿਆ, ਹੋਰ ਸਾਰੇ ਆਪਣੇ ਘਰੀਂ ਪਹੁੰਚ ਗਏ॥੨੨॥

ਜਥਾਜੋਗ ਦੈ ਦੈ ਉਪਹਾਰ। ਕਰੇ ਬਿਸਰਜਨ ਗੁਰੂ ਉਦਾਰ।
ਸਾਧੂ ਅਰੁ ਭਾਨਾ ਦ੍ਵੈ ਪਾਸ। ਰਾਖੇ ਕਹਿ ਕਰਿ ਗੁਰੁ ਸੁਖਰਾਸ॥ ੨੩॥

ਯਥਾ ਯੋਗ ਉਪਹਾਰ ਦੇ-ਦੇ ਕੇ ਉਦਾਰ ਚਿੱਤ ਗੁਰੂ ਜੀ ਨੇ ਵਿਦਾ ਕੀਤੇ। ਪਰ ਦਾਮਾਦ ਭਾਈ ਸਾਧੂ ਅਤੇ ਬਾਬਾ ਭਾਨਾ ਜੀ ਦੋਵੇਂ ਪਾਸ ਰਹੇ, ਸੁਖਾਂ ਦੀ ਰਾਸ ਭਾਵ ਗੁਰੂ ਜੀ ਨੇ ਉਨ੍ਹਾਂ ਨੂੰ ਆਪ ਕਹਿ ਕੇ ਰਖਿਆ॥੨੩॥

ਅਪਨ ਪੁੱਤ੍ਰ ਕੀ ਜਾਨਿ ਸਗਾਈ। ਰਿਦੇ ਨਾਨਕੀ ਬਹੁ ਹਰਖਾਈ।
ਸਾਦਰ ਤੇਗਬਹਾਦਰ ਹੇਰਹਿ। ਪ੍ਰਿਤਪਾਰਹਿ, ਕਰਿ ਦੇਹਿ ਬਡੇਰਹਿ॥ ੨੪॥

ਆਪਣੇ ਪੁੱਤਰ ਦੀ ਸਗਾਈ ਜਾਣਕੇ ਮਾਤਾ ਨਾਨਕੀ ਜੀ ਹਿਰਦੇ ਵਿਚ ਬਹੁਤ ਪ੍ਰਸੰਨ ਹੋਈ। ਬੜੇ ਆਦਰ ਨਾਲ ਸ੍ਰੀ ਤੇਗ ਬਹਾਦਰ ਨੂੰ ਵੇਖਿਆ। ਉਨ੍ਹਾਂ ਦੀ ਪਾਲਣਾ ਕਰ ਰਹੀ ਹੈ ਤੇ ਉਨ੍ਹਾਂ ਦੀ ਦੇਹ ਵਧ ਰਹੀ ਹੈ॥੨੪॥

ਸਤਿਗੁਰ ਬਸੇ ਸੁਧਾਸਰ ਪੁਰਿ ਮੈਂ। ਸੇਵਹਿਂ ਦਾਸ ਗਜਾਨ ਲਹਿਂ ਉਰ ਮੈਂ।
ਭਗਤੂ ਭਾਈ ਬਹਿਲੋ ਆਦਿ। ਜਿਨਹੁਂ ਅਨੰਦ ਕੋ ਪ੍ਰਾਪਤਿ ਸ੍ਵਾਦ॥ ੨੫॥

ਸਤਿਗੁਰੂ ਜੀ ਅੰਮ੍ਰਿਤਸਰ ਨਗਰ ਵਿਚ ਰਹਿ ਰਹੇ ਹਨ, ਸੇਵਕ ਸੇਵਾ ਕਰਕੇ ਹਿਰਦੇ ਵਿਚ ਗਿਆਨ ਪ੍ਰਾਪਤ ਕਰ ਰਹੇ ਹਨ, ਭਾਈ ਭਗਤੂ ਤੇ ਭਾਈ ਬਹਿਲੋ ਆਦਿ, ਜਿਨ੍ਹਾਂ ਨੂੰ ਅਨੰਦ ਦਾ ਸਵਾਦ ਪ੍ਰਾਪਤ ਹੈ॥੨੫॥

ਛਠੇ ਮਾਸ ਆਵਹਿਂ ਚਲਿ ਜਾਹਿਂ। ਇਕ ਦੋਇ ਮਾਸ ਬਸਹਿਂ ਗੁਰ ਪਾਹਿ।
ਕੇਤਿਕ ਨਏ ਸਿੱਖਜ ਨਰ ਬਨੈਂ। ਸੇਵਹਿਂ ਸਤਿਗੁਰੁ ਸ਼ਰਧਾ ਸਨੈ॥ ੨੬॥

ਛੇ ਮਹੀਨਿਆਂ ਪਿਛੋਂ ਆਉਂਦੇ ਹਨ, ਫਿਰ ਚਲੇ ਜਾਂਦੇ ਹਨ ਤੇ ਇਕ ਦੋ ਮਹੀਨੇ ਗੁਰੂ ਜੀ ਪਾਸ ਰਹਿੰਦੇ ਹਨ। ਕਈ ਨਵੇਂ ਮਨੁੱਖ ਸਿੱਖ ਬਣਦੇ ਹਨ ਤੇ ਉਹ ਸਤਿਗੁਰੂ ਜੀ ਦੀ ਬੜੀ ਸ਼ਰਧਾ ਨਾਲ ਸੇਵਾ ਕਰਦੇ ਹਨ॥੨੬॥

ਕੇਤਿਕ ਸਿੱਖਜਨ ਕੇ ਸੁਤ ਆਵਹਿਂ। ਨਿਕਟਿ ਰਹੈਂ ਗੁਰ ਸੇਵ ਕਮਾਵਹਿਂ।
ਇਸ ਬਿਧਿ ਕੇਤੇ ਦਿਵਸ ਬਿਤਾਏ। ਬਹੁ ਸਿੱਖਨ ਉਰ ਗ੍ਯਾਨ ਉਪਾਏ॥੨੭॥

ਕਈਆਂ ਸਿੱਖਾਂ ਦੇ ਪੁੱਤਰ ਵੀ ਆਉਂਦੇ ਹਨ ਤੇ ਉਹ ਗੁਰੂ ਜੀ ਦੇ ਪਾਸ ਰਹਿ ਕੇ ਸੇਵਾ ਕਮਾਉਂਦੇ ਹਨ। ਇਸ ਤਰ੍ਹਾਂ ਕਈ ਦਿਨ ਬਤੀਤ ਕੀਤੇ, ਬਹੁਤ ਸਿੱਖਾਂ ਨੇ ਹਿਰਦੇ ਵਿਚ ਗਿਆਨ ਪ੍ਰਾਪਤ ਕੀਤਾ॥੨੭॥

ਸ਼ਾਹਜਹਾਂ ਚਲਿ ਕੈ ਤਿਸ ਕਾਲ। ਜਹਾਂ ਜਲੰਧਰ ਨਗਰ ਬਿਸਾਲ।
ਆਨਿ ਤਹਾਂ ਤਬਿ ਡੇਰਾ ਘਾਲਾ। ਲਿਏ ਬਾਹਨੀ ਸਾਥ ਬਿਸਾਲਾ॥ ੨੮॥

ਉਸ ਸਮੇਂ ਬਾਦਸ਼ਾਹ ਸ਼ਾਹ ਜਹਾਨ ਚਲ ਕੇ ਉਥੇ ਆਇਆ ਜਿਥੇ ਵਿਸ਼ਾਲ ਜਲੰਧਰ ਦਾ ਨਗਰ ਹੈ। ਆ ਕੇ ਉਥੇ ਬਾਹਰ ਡੇਰਾ ਲਾ ਲਿਆ, ਉਸ ਦੇ ਨਾਲ ਬਹੁਤ ਪ੍ਰਕਾਰ ਦੇ ਵਾਹਣ ਸਨ॥੨੮॥

ਤਹਾਂ ਪੁੱਤ੍ਰ ਇਕ ਅਬਦੁਲ ਖਾਨ। ਵਲੀ ਖਾਨ ਤਿਸ ਨਾਮ ਬਖਾਨ।
ਪਿਤ ਭ੍ਰਾਤਾ ਜਿਸ ਕੇ ਰਣ ਮਾਰੇ। ਸ਼ਾਹੁ ਨਿਕਟਿ ਪਹੁੰਚੀਨ ਪੁਕਾਰੇ॥ ੨੯॥

ਉਥੇ ਸੂਬੇਦਾਰ ਅਬਦੁਲ ਖਾਨ ਦਾ ਇਕ ਪੁੱਤਰ ਰਹਿੰਦਾ ਸੀ, ਜਿਸ ਨੂੰ ਵਲੀਖਾਨ ਦੇ ਨਾਂ ਨਾਲ ਬੁਲਾਉਂਦੇ ਸਨ। ਉਸ ਦੇ ਪਿਤਾ ਸੂਬੇਦਾਰ ਅਬਦੁਲ ਖਾਨ ਅਤੇ ਦੋਵੇਂ ਭਰਾ ਰਣਖੇਤਰ ਵਿਚ ਗੁਰੂ ਜੀ ਹੱਥੋਂ ਮਾਰੇ ਗਏ ਸਨ, ਬਾਦਸ਼ਾਹ ਦੇ ਨੇੜੇ ਪਹੁੰਚਣ ਤੇ ਉਸ ਪੁਕਾਰ ਕਰਨ ਬਾਰੇ ਸੋਚਿਆ॥੨੯॥

ਰਹਜੋ ਸੰਭਾਰਤਿ ਅਪਨ ਸਮਾਜਾ। ਤਿਨ ਜਾਨੀ ਮਨ 'ਅਵਸਰ ਆਜਾ।
ਮੇਲ ਸ਼ਾਹੁ ਸੋਂ ਨਿਸ਼ਚੈ ਹੋਵੈ। ਕਰਿ ਕੈ ਮਿਹਰ ਦ੍ਰਿਸ਼ਟਿ ਕੋ ਜੋਵੈ॥ ੩੦॥

ਉਸ ਆਪਣਾ ਸਾਰੇ ਸਾਮਾਨ ਸੰਭਾਲਿਆ ਤੇ ਮਨ ਵਿਚ ਇਹ ਜਾਣਿਆ, "ਅਜ ਪੁਕਾਰ ਦਾ ਅਵਸਰ ਆ ਗਿਆ ਹੈ। ਬਾਦਸ਼ਾਹ ਨਾਲ ਮਿਲ ਕੇ ਮੈਂ ਉਸਦਾ ਨਿਸ਼ਚਾ ਕਰਾਵਾਂਗਾ ਤੇ ਉਹ ਮਿਹਰ ਦੀ ਦ੍ਰਿਸ਼ਟੀ ਕਰਕੇ ਮੈਨੂੰ, ਵੇਖਣਗੇ॥੩੦॥

ਸਭਿ ਬ੍ਰਿਤਾਂਤ ਮੈ ਦੇਉਂ ਸੁਨਾਏ। ਪਿਤ ਕੋ ਪਲਟਾ ਲੇਹੁਂ ਬਨਾਏ।
ਇਮ ਚਿਤਵਤਿ ਧਨ ਗਨ ਕੋ ਲੈ ਕੈ। ਚਪਲ ਤੁਰੰਗਨ ਤਯਾਰੀ ਕੈ ਕੈ॥ ੩੧॥

ਉਨ੍ਹਾਂ ਨੂੰ ਮੈਂ ਸਾਰਾ ਬ੍ਰਿਤਾਂਤ ਸੁਣਾ ਦੇਵਾਂਗਾ ਤੇ ਆਪਣੇ ਪਿਤਾ ਜੀ ਦਾ ਬਦਲਾ ਚੰਗੀ ਤਰ੍ਹਾਂ ਲਵਾਂਗਾ।" ਇਸ ਤਰ੍ਹਾਂ ਚਿੱਤ ਵਿਚ ਸੋਚ ਕੇ ਬਹੁਤ ਧਨ ਲੈ ਕੇ ਚੰਚਲ ਘੋੜਿਆਂ ਨੂੰ ਤਿਆਰ ਕੀਤਾ॥੩੧॥

ਕੰਚਨ ਜ਼ੀਨ ਜਰਾਊ ਡਾਲੇ। ਜਿਨ ਪਿਖਿ ਹਰਖਹਿ ਸ਼ਾਹੁ ਬਿਸਾਲੇ।
ਅਪਰ ਵਸਤੁ ਗਨ ਸੁੰਦਰ ਲੀਨਿ। ਸ਼ਾਹੁ ਜਹਾਂ ਕੋ ਭੇਟ ਸੁ ਦੀਨ॥ ੩੨॥

ਉਨ੍ਹਾਂ ਉਤੇ ਸੋਨੇ ਦੀਆਂ ਜੜਾਊ ਕਾਠੀਆਂ ਪਾਈਆਂ, ਜਿਨ੍ਹਾਂ ਨੂੰ ਵੇਖ ਕੇ ਬਾਦਸ਼ਾਹ ਬਹੁਤ ਪ੍ਰਸੰਨ ਹੋਵੇ ਤੇ ਹੋਰ ਬਹੁਤ ਸੁੰਦਰ ਵਸਤਾਂ ਲਈਆਂ ਤੇ ਉਹ ਸਾਰੀਆਂ ਬਾਦਸ਼ਾਹ ਸ਼ਾਹ ਜਹਾਨ ਨੂੰ ਭੇਟ ਵਿਚ ਦੇਣੀਆਂ ਸਨ॥੩੨॥

ਕਿਹ ਉਮਰਾਵ ਮਿਲਾਵਨ ਠਾਨਾ। ਦੇਖਿ ਸ਼ਾਹੁ ਨੇ ਬਾਕ ਬਖਾਨਾ।
'ਅਬਦਲਖਾਨ ਮਿਲਜੋ ਨਹਿਂ ਆਇ। ਨਗਰ ਬਿਖੇ ਨਹਿਂ ਜਾਨਜੋ ਜਾਇ॥੩੩॥

ਉਮਰਾਵ ਨੂੰ ਕਹਿ ਕੇ ਬਾਦਸ਼ਾਹ ਨੂੰ ਮਿਲਿਆ, ਬਾਦਸ਼ਾਹ ਨੇ ਵੇਖ ਕੇ ਕਿਹਾ, "ਅਬਦੁਲ ਖਾਨ ਕਿਉਂ ਆ ਕੇ ਨਹੀਂ ਮਿਲਿਆ ਹੈ, ਜਾਪਦਾ ਹੈ ਉਹ ਨਗਰ ਵਿਚ ਮੌਜੂਦ ਨਹੀਂ ਹੈ"॥੩੩॥

ਸ਼ਾਹੁ ਜਹਾਂ ਤੇ ਸੁਨਿ ਮ੍ਰਿਦੁ ਬਾਨੀ। ਵਲੀਖਾਨ ਕਰ ਜੋਰਿ ਬਖਾਨੀ।
'ਹਜ਼ਰਤ ਮੋਹਿ ਪਿਤਾ ਜੁਗ ਭ੍ਰਾਤਾ। ਲੈ ਕਰਿ ਸੈਨਾਂ ਸੰਗ ਪ੍ਰਯਾਤਾ॥ ੩੪॥

ਸ਼ਾਹ ਜਹਾਨ ਪਾਸੋਂ ਮਿੱਠੇ ਬੋਲ ਸੁਣ ਕੇ ਵਲੀਖਾਨ ਨੇ ਹੱਥ ਜੋੜ ਕੇ ਕਿਹਾ, "ਹੇ ਹਜ਼ਰਤ! ਮੇਰੇ ਪਿਤਾ ਜੀ ਤੇ ਦੋਵੇਂ ਭਰਾ ਸੈਨਾਂ ਨੂੰ ਲੈ ਕੇ ਗਏ ਸਨ॥੩੪॥

ਹਿੰਦੁਨ ਗੁਰ ਸ੍ਰੀ ਹਰਿਗੋਵਿੰਦ। ਜਹਿਂ ਕਹਿਂ ਕਰਿ ਉਤਪਾਤ ਬਿਲੰਦ।
ਗ੍ਰਾਮ ਰੁਹੇਲੇ ਅਵਨੀ ਰੋਕੀ। ਤਹਿਂ ਘੇਰੜ ਭਗਵਾਨ ਬਿਲੋਕੀ॥ ੩੫॥

ਹਿੰਦੂਆਂ ਦੇ ਗੁਰੂ ਸ੍ਰੀ ਹਰਿਗੋਬਿੰਦ ਜਿਥੇ ਕਿਥੇ ਵੱਡਾ ਉਪੱਦਰ ਕਰਦੇ ਹਨ। ਉਨ੍ਹਾਂ ਰੁਹੇਲੇ ਪਿੰਡ ਵਿਚ ਜਾ ਕੇ ਧਰਤੀ ਮਲ ਲਈ, ਜਦ ਭਗਵਾਨ ਦਾਸ ਘੇਰੜ ਨੇ ਆਪਣੀ ਜ਼ਮੀਨ ਰੋਕੀ ਹੋਈ ਵੇਖੀ॥੩੫॥

ਤਿਨ ਬਰਜਯੋ, ਸੋ ਤਤਛਿਨ ਮਾਰਯੋ। ਤਿਸ ਕੋ ਸੁਤ ਇਤ ਆਨ ਪੁਕਾਰਯੋ।
ਸੁਨ ਮਮ ਪਿਤਾ ਗਯੋ ਤਿਸ ਥਾਨਾ। ਲਰਯੋ ਗੁਰੂ ਕੀਨੋ ਘਮਸਾਨਾ॥ ੩੬॥

ਉਸ ਉਨ੍ਹਾਂ ਨੂੰ ਰੋਕਿਆ ਤਾਂ ਤੁਰਤ ਉਸ ਨੂੰ ਮਾਰ ਦਿੱਤਾ, ਉਸ ਦੇ ਪੁੱਤਰ ਨੇ ਏਥੇ ਆ ਕੇ ਪੁਕਾਰ ਕੀਤੀ। ਇਹ ਸੁਣ ਕੇ ਮੇਰਾ ਪਿਤਾ ਉਸ ਥਾਂ ਗਿਆ, ਗੁਰੂ ਜੀ ਨੇ ਬੜੇ ਘਮਸਾਣ ਦਾ ਯੁੱਧ ਕੀਤਾ॥੩੬॥

ਜੁਗ ਸੁਤ ਜੁਤਿ ਪਿਤ ਹਤਿ ਕਰਿ ਡਾਰਯੋ। ਲਸ਼ਕਰ ਸੰਗ ਸਕਲ ਹੀ ਮਾਰਯੋ।
ਪ੍ਰਥਮ ਰਹੇ ਸਮੁਝਾਇ ਨ ਮਾਨਯੋ। ਪਠਯੋ ਦੂਤ ਕੋ ਨਿਠੁਰ ਬਖਾਨਯੋ॥ ੩੭॥

ਮੇਰੇ ਦੋਵਾਂ ਭਰਾਵਾਂ ਸਮੇਤ ਮੇਰੇ ਪਿਤਾ ਜੀ ਨੂੰ ਮਾਰ ਦਿੱਤਾ ਤੇ ਨਾਲ ਜਿੰਨਾ ਵੀ ਲਸ਼ਕਰ ਸੀ, ਉਹ ਵੀ ਸਾਰਾ ਮਾਰ ਦਿੱਤਾ। ਪਹਿਲਾਂ ਉਸ ਨੂੰ ਬਹੁਤ ਸਮਝਾ ਰਹੇ, ਪਰ ਉਹ ਨਾ ਮੰਨਿਆ, ਜਦ ਦੂਤ ਭੇਜਿਆ ਤਾਂ ਉਲਟਾ ਉਤਰ ਦਿੱਤਾ॥੩੭॥

ਚੰਦੂ ਨੰਦਨ, ਘੇਰੜ ਨੰਦਨ। ਕਰਯੋ ਕਹਰ ਗੁਰ ਕਰੇ ਨਿਕੰਦਨ।
ਤ੍ਰਾਸ ਨ ਪਾਇ ਕਹੂੰ ਤੇ ਸੋਈ। ਨਰਨ ਹਜ਼ਾਰਨ ਕੀ ਮ੍ਰਿਤੁ ਹੋਈ॥ ੩੮॥

ਚੰਦੂ ਦਾ ਪੁੱਤਰ ਤੇ ਘੇਰੜ ਦਾ ਪੁੱਤਰ, ਗੁਰੂ ਜੀ ਨੇ ਬੜਾ ਕਹਿਰ ਕਰਕੇ ਮਾਰ ਦਿੱਤੇ ਉਨ੍ਹਾਂ ਨੇ ਕਿਸੇ ਪਾਸੋਂ ਵੀ ਕੋਈ ਡਰ ਨਾ ਮੰਨਿਆ ਤੇ ਹਜ਼ਾਰਾਂ ਮਨੁੱਖ ਮਰ ਗਏ॥੩੮॥

ਸਭਿ ਕੋ ਮਾਰਿ ਬਿਸਾਰਯੋ ਤ੍ਰਾਸ। ਰਚਯੋ ਨਗਰ ਅਰ ਅਪਨਿ ਅਵਾਸ'।
ਸੁਨਿ ਜ਼ੁਲਮੀ ਕੋ ਸ਼ਾਹ ਰਿਸਾਯੋ। ਉਮਰਾਵਨਿ ਪ੍ਰਤਿ ਹੁਕਮ ਅਲਾਯੋ॥ ੩੯॥

ਸਭ ਨੂੰ ਮਾਰ ਕੇ ਡਰ ਵਿਸਾਰ ਦਿੱਤਾ ਹੈ ਤੇ ਨਗਰ ਅਤੇ ਆਪਣਾ ਘਰ ਬਣਾਇਆ ਹੈ।" ਐਸਾ ਜ਼ੁਲਮ ਸੁਣ ਕੇ ਬਾਦਸ਼ਾਹ ਬੜੇ ਗੁੱਸੇ ਵਿਚ ਆਇਆ ਤੇ ਆਪਣੇ ਉਮਰਾਵ ਨੂੰ ਹੁਕਮ ਕੀਤਾ॥੩੯॥

'ਬੀਸ ਹਜ਼ਾਰ ਬਾਹਨੀ ਜਾਵੈ। ਗੁਰ ਕੋ ਪਕਰਿ ਮੋਹਿ ਢਿਗ ਲਜਾਵੈ।
ਬਾਜ ਹੇਤੁ ਮੈਂ ਕੀਨਸਿ ਟਾਰੋ। ਪੁਨ ਲਰਿ ਮੁਗਲਸਖਾਂ ਰਣ ਮਾਰੋ॥ ੪੦॥

ਵੀਹ ਹਜ਼ਾਰ ਘੋੜ-ਸਵਾਰ ਜਾਵੇ ਤੇ ਗੁਰੂ ਨੂੰ ਫੜ ਕੇ ਮੇਰੇ ਪਾਸ ਲਿਆਵੇ। ਬਾਜ਼ ਵਾਸਤੇ ਮੈਂ ਟਾਲ ਦਿੱਤਾ ਸੀ, ਫਿਰ ਲੜ ਕੇ ਮੁਖਲਿਸ ਖਾਂ ਨੂੰ ਰਣਖੇਤਰ ਵਿਚ ਮਾਰ ਦਿੱਤਾ ਸੀ॥੪੦॥

ਜਾਲੰਧਰ ਸੂਬਾ ਬਰਿਆਮੂ। ਸੈਨਾ ਸਹਤ ਪਠਯੋ ਜਮ ਧਾਮੂ।
ਬਹੁਰ ਦੇਸ਼ ਮਹਿਂ ਪਾਇ ਫਤੂਰ। ਗੁਰ ਕੇ ਉਰ ਕੋ ਡਰ ਭਾਦੂਰ॥ ੪੧॥

ਜਲੰਧਰ ਦਾ ਸੂਬਾ ਜਿਹੜਾ ਵੱਡਾ ਸੂਰਬੀਰ ਸੀ, ਉਸ ਨੂੰ ਸਾਰੀ ਸੈਨਾ ਸਹਿਤ ਮਾਰ ਦਿੱਤਾ। ਫਿਰ ਦੇਸ਼ ਵਿਚ ਫਤੂਰ ਪਾਇਆ, ਗੁਰੂ ਦੇ ਦਿਲ ਦਾ ਡਰ ਦੂਰ ਹੋ ਗਿਆ ਹੈ'॥੪੧॥

ਇਤਨੇ ਮਹਿਂ ਵਜ਼ੀਰਖਾਂ ਆਯੋ। ਰਿਸਜੋ ਲਖਜੋ ਕਰ ਜੋਰਿ ਅਲਾਯੋ।
'ਪ੍ਰਥਮ ਸੁਣੀ ਮੈਂ ਇਹ ਬਿਧਿ ਸਾਰੀ। ਅਬਿ ਰਾਵਰਿ ਢਿਗ ਕਰੋਂ ਉਚਾਰੀ ॥੪੨ ॥

ਏਨੇ ਵਿਚ ਉਥੇ ਵਜ਼ੀਰ ਖਾਨ ਆ ਗਿਆ, ਜਦ ਸ਼ਾਹ ਜਹਾਨ ਨੂੰ ਗੁੱਸੇ ਵਿਚ ਆਇਆ ਵੇਖਿਆ ਤਾਂ ਬੋਲਿਆ, ''ਮੈਂ ਪਹਿਲਾਂ ਇਹ ਸਾਰੀ ਕਹਾਣੀ ਇਸ ਪ੍ਰਕਾਰ ਸੁਣੀ ਹੈ, ਉਸ ਨੂੰ ਹੁਣ ਆਪ ਜੀ ਦੇ ਪਾਸ ਬਿਆਨ ਕਰਦਾ ਹਾਂ ॥੪੨ ॥

ਸਤਿਗੁਰ ਪੀਰ ਰੂਪ ਉਪਕਾਰੀ। ਸਭਿ ਪਰ ਕਰੁਣਾ ਦ੍ਰਿਸ਼ਟਿ ਨਿਹਾਰੀ।
ਹਿੰਦੂ ਤੁਰਕ ਏਕ ਸਮ ਜਾਨਹਿਂ। ਸਭਿਹਿਨਿ ਕੋ ਉਪਦੇਸ਼ ਬਖਾਨਹਿਂ ॥੪੩ ॥

ਸਤਿਗੁਰੂ ਜੀ ਪੀਰ ਰੂਪ ਵੱਡੇ ਉਪਕਾਰੀ ਹਨ, ਉਹ ਸਭ ਨੂੰ ਕ੍ਰਿਪਾ ਦ੍ਰਿਸ਼ਟੀ ਨਾਲ ਹੀ ਵੇਖਦੇ ਹਨ। ਹਿੰਦੂ ਤੁਰਕ ਸਭ ਨੂੰ ਇਕ ਸਮਾਨ ਸਮਝਦੇ ਹਨ ਤੇ ਸਾਰਿਆਂ ਨੂੰ ਉਪਦੇਸ਼ ਦਿੰਦੇ ਹਨ ॥੪੩ ॥

ਅਲਪ ਗ੍ਰਾਮ ਤਿਸ ਥਾਨ ਨਿਹਾਰਜੋ। ਡੇਰਾ ਕੇਤਿਕ ਦਿਵਸ ਉਤਾਰਜੋ।
ਤਹਾਂ ਤੁਰਕ ਮਿਲਿ ਆਨ ਉਚਾਰੇ।ਕਰਹਿਂ ਨਿਵਾਜ ਨ ਥਾਨ ਹਮਾਰੇ ॥੪੪ ॥

ਉਸ ਥਾਂ ਇਕ ਛੋਟੇ ਪਿੰਡ ਨੂੰ ਵੇਖਿਆ, ਉਥੇ ਕਈ ਦਿਨ ਡੇਰਾ ਕੀਤਾ। ਉਥੇ ਤੁਰਕ ਆ ਕੇ ਮਿਲ ਕੇ ਕਹਿਣ ਲੱਗੇ, ਕਿ ਨਿਮਾਜ਼ ਪੜ੍ਹਨ ਵਾਸਤੇ ਸਾਡੇ ਪਾਸ ਕੋਈ ਥਾਂ ਨਹੀਂ ਹੈ ॥੪੪ ॥

ਸੁਨਿ ਗੁਰ ਤਿਨ ਦੀਨਨਿ ਕੀ ਬਾਨੀ। ਤਹਾਂ ਮਸੀਤ ਚਿਨਾਵਨਿ ਠਾਨੀ।
ਹਿੰਦੁਨ ਪੱਖੀ ਘੇਰੜ ਭਯੋ। ਗੁਰ ਕੋ ਗਾਰਿ ਨਿਕਾਰਤਿ ਭਯੋ॥ ੪੫ ॥

ਗੁਰੂ ਜੀ ਨੇ ਉਨ੍ਹਾਂ ਗਰੀਬਾਂ ਦੀ ਗੱਲ ਸੁਣਕੇ ਉਥੇ ਮਸੀਤ ਬਣਾਉਣ ਦਾ ਮਨ ਬਣਾਇਆ। ਘੇਰੜ ਹਿੰਦੂ ਪੱਖੀ ਸੀ, ਉਸ ਨੇ ਗੁਰੂ ਜੀ ਨੂੰ ਜਾ ਕੇ ਗਾਲ੍ਹ ਕੱਢੀ ॥੪੫ ॥

ਸੁਤ ਕੇ ਪਠਿ ਕਰਿ ਕੈ ਇਸ ਥਾਨਾ। ਕਰਜੋ ਚਢਾਵਨਿ ਅਬਦੁਲਖਾਨਾ।
ਜਾਇ ਲਰਜੋ ਤਿਹ ਬਿਨਾਂ ਬਿਚਾਰੇ। ਹਤੇ ਸੁਭਟ ਦਸ ਚਤੁਰ ਹਜ਼ਾਰੇ ॥੪੬ ॥

ਆਪਣੇ ਪੁੱਤਰ ਨੂੰ ਇਸ ਥਾਂ ਭੇਜ ਕੇ ਅਬਦੁਲ ਖਾਨ ਨੂੰ ਚੜ੍ਹਾ ਕੇ ਲੈ ਗਿਆ। ਉਹ ਕੁਝ ਸੋਚਣ ਤੋਂ ਬਗੈਰ ਹੀ ਜਾ ਲੜਿਆ ਤੇ ਚੌਦ੍ਹਾਂ ਹਜ਼ਾਰ ਸੂਰਮਿਆਂ ਨੂੰ ਮਰਵਾ ਲਿਆ ॥੪੬ ॥

ਕੋ ਮੁਹਿੰਮ ਕਰਿ ਇਨਹੁਂ ਮਰਾਏ। ਹਜ਼ਰਤ ਕੇ ਕਛੂ ਕਾਮ ਨ ਆਏ।
ਇਕ ਮਸੀਤ ਕੇ ਹੇਤ ਬਿਦਾਰਨ। ਕਰਜੋ ਉਪੱਦ੍ਰਵ ਲਸ਼ਕਰ ਗਾਰਨ ॥੪੭ ॥

ਇਨ੍ਹਾਂ ਨੂੰ ਕਿਸ ਮੁਹਿੰਮ ਤੇ ਚੜ੍ਹਾਈ ਕਰਵਾ ਕੇ ਲਸ਼ਕਰ ਮਰਵਾਇਆ ਹੈ ? ਬਾਦਸ਼ਾਹ ਸਲਾਮਤ ਦੇ ਵੀ ਕੁਝ ਕੰਮ ਨਾ ਆਏ। ਇਕ ਮਸੀਤ ਨੂੰ ਢਾਹੁਣ ਲਈ, ਏਨਾਂ ਉਪੱਦਰ ਕਰਕੇ ਸਾਰਾ ਲਸ਼ਕਰ ਗਾਲ ਦਿੱਤਾ ॥੪੭ ॥

ਜੇ ਹਜ਼ਰਤ ਮਰਜ਼ੀ ਇਮ ਹੋਇ। ਨਹੀਂ ਮਸੀਤ ਰਾਖਨੀ ਸੋਇ।
ਤੌ ਮੋਕਹੁ ਅਬਿ ਆਇਸੁ ਦੇਹੂ। ਮੈਂ ਇਕ ਜਾਇ ਕਰੌਂ ਤਿਸ ਥੇਹੂ॥ ੪੮ ॥

ਜੇ ਹਜ਼ੂਰ ਆਪ ਦੀ ਇਸ ਤਰ੍ਹਾਂ ਮਰਜ਼ੀ ਹੈ, ਤੁਸੀਂ ਮਸੀਤ ਨਹੀਂ ਰਖਣੀ ਚਾਹੁੰਦੇ ਹੋ ਤਾਂ ਮੈਨੂੰ ਹੁਣ ਆਗਿਆ ਦੇਵੋ, ਮੈਂ ਇਕੱਲਾ ਹੀ ਜਾ ਕੇ ਉਸ ਨੂੰ ਥੇਹ ਕਰ ਦੇਵਾਂਗਾ ॥੪੮ ॥

ਇਸ ਕੋ ਚਹੀਐ ਦਈ ਸਜ਼ਾਇ। ਕਰਹੁ ਦੂਰ ਮੁਖ ਲਗੈ ਨ ਆਇ।
ਘਰ ਖੁਦਾਇ ਹਿਤ ਰਾਰ ਉਠਾਈ। ਨਾਹਕ ਸੈਨ ਇਤੀ ਮਰਿਵਾਈ ॥੪੯ ॥

ਇਸ ਨੂੰ ਸਜ਼ਾ ਦੇਣੀ ਚਾਹੀਦੀ ਹੈ, ਇਸ ਨੂੰ ਦੂਰ ਕਰੋ ਤੁਹਾਡੇ ਮੂੰਹ ਨਾ ਆ ਕੇ ਲੱਗੇ। ਖੁਦਾ ਦੇ ਘਰ ਵਾਸਤੇ ਝਗੜਾ ਕੀਤਾ ਤੇ ਫਜ਼ੂਲ ਵਿਚ ਏਨੀਂ ਫ਼ੌਜ ਮਰਵਾ ਲਈ' ॥੪੯ ॥

ਸੁਨਤਿ ਸ਼ਾਹੁ ਉਰ ਮੈਂ ਹਰਖਾਯੋ। 'ਗੁਰ ਖ਼ੁਦਾਇ ਕੋ ਧਾਮ ਬਨਾਯੋ।
ਸ੍ਰੀ ਨਾਨਕ ਤੇ ਆਦਿਕ ਸਾਰੇ। ਹਿੰਦੁ ਤੁਰਕ ਕੋ ਭੇਦ ਨਿਵਾਰੇ'॥ ੫੦॥

ਬਾਦਸ਼ਾਹ ਇਹ ਸੁਣ ਕੇ ਦਿਲ ਵਿਚ ਬਹੁਤ ਪ੍ਰਸੰਨ ਹੋਇਆ, "ਗੁਰੂ ਜੀ ਨੇ ਖ਼ੁਦਾ ਦਾ ਘਰ ਬਣਾਇਆ, ਗੁਰੂ ਨਾਨਕ ਦੇਵ ਜੀ ਤੇ ਸਾਰੇ ਗੁਰੂ ਸਾਹਿਬਾਨ ਨੇ ਹਿੰਦੂ ਤੁਰਕ ਦੇ ਭੇਦ ਨੂੰ ਦੂਰ ਕੀਤਾ ਹੈ" ॥੫੦॥

ਵਲੀਖਾਨ ਕੋ ਵਹਿਰ ਕਢਾਯੋ। ਮਨਸਬ ਛੀਨ ਲੀਨਿ ਗਹਿਵਾਯੋ।
ਦਿਯੋ ਦੰਡ ਧਨ ਲਿਯੋ ਘਨੇਰਾ। ਬਿਸਮਤਿ ਲੋਕ ਹੇਰਿ ਤਿਸ ਬੇਰਾ॥ ੫੧॥

ਉਸੇ ਵੇਲੇ ਵਲੀਖਾਨ ਨੂੰ ਬਾਹਰ ਕਢਾਇਆ, ਉਸ ਦਾ ਅਹੁਦਾ ਤੇ ਜਾਇਦਾਦ ਜ਼ਬਤ ਕਰ ਲਈ ਤੇ ਉਸ ਨੂੰ ਕੈਦ ਕਰਵਾ ਦਿੱਤਾ। ਉਸ ਨੂੰ ਦੰਡ ਦੇ ਕੇ ਬਹੁਤ ਧਨ ਲਿਆ, ਇਸ ਤਰ੍ਹਾਂ ਵੇਖ ਕੇ ਲੋਕ ਬਹੁਤ ਹੈਰਾਨ ਹੋਏ॥੫੧॥

ਨਿਸ ਬਿਤਾਇ ਕਰਿ ਸ਼ਾਹਿ ਸਿਧਾਰਾ। ਜਾਇ ਬਰਜੋ ਲਵਪੁਰੀ ਮਝਾਰਾ।
ਗੁਰ ਕੇ ਗੁਨ ਮਨ ਆਨੇ ਸੋਇ। ਚੁਗਲੀ ਉਗਲਤਿ ਕਬਹੁਂ ਨ ਕੋਇ॥ ੫੨॥

ਉਥੇ ਰਾਤ ਬਤੀਤ ਕਰਕੇ ਬਾਦਸ਼ਾਹ ਚਲਾ ਗਿਆ ਤੇ ਲਾਹੌਰ ਵਿਚ ਜਾ ਦਾਖਲ ਹੋਇਆ। ਗੁਰੂ ਜੀ ਦੇ ਗੁਣ ਮੰਨ ਲਏ ਤੇ ਫਿਰ ਕਦੀ ਵੀ ਕੋਈ ਚੁਗਲੀ ਨਹੀਂ ਸੀ ਕਰਦਾ॥੫੨॥

*ਸੱਤਵੀਂ ਰਾਸ ਦਾ ਅੱਠਵਾਂ ਅਧਿਆਇ ਸਮਾਪਤ ਹੋਇਆ॥੮॥*

## *ਅਧਿਆਇ ਨੌਵਾਂ*

*ਸਿਰੀ ਚੰਦ ਜੀ ਦਰਸ਼ਨ, ਬੁੱਢਣਸ਼ਾਹ*

ਦੋਹਰਾ- ਸ੍ਰੀ ਸਤਿਗੁਰ ਕਰਿ ਬਜਾਹੁ ਕੋ ਲੇ ਕਰਿ ਪੁੱਤ੍ਰਨਿ ਸੰਗ।
ਹਿਤ ਅਖੇਰ ਕੇ ਤਯਾਰ ਹ੍ਵੈ ਗਮਨੇ ਚਢੇ ਤੁਰੰਗ॥ ੧॥

ਸ੍ਰੀ ਸਤਿਗੁਰੂ ਜੀ ਵਿਆਹ ਕਰਕੇ ਆਪਣੇ ਪੁੱਤਰਾਂ ਨੂੰ ਨਾਲ ਲੈ ਕੇ ਸ਼ਿਕਾਰ ਖੇਡਣ ਲਈ ਤਿਆਰ ਹੋ ਕੇ ਘੋੜੇ ਤੇ ਚੜ੍ਹ ਕੇ ਚਲੇ ਗਏ॥੧॥

ਚੌਪਈ- ਅਲਪ ਸੈਨ ਲੈ ਸੰਗ ਸਿਧਾਰੇ। ਚਾਰਹੁਂ ਪੁੱਤ੍ਰ ਹਯਨ ਅਸਵਾਰੇ।
ਸ੍ਰੀ ਅੰਮ੍ਰਿਤਸਰ ਕੋ ਤਬਿ ਛੋਰਿ। ਗਮਨੇ ਪ੍ਰਭੁ ਗਿਰਨਿ ਕੀ ਓਰ॥ ੨॥

ਥੋੜ੍ਹੀ ਸੈਨਾ ਵੀ ਨਾਲ ਲੈ ਕੇ ਚਲੇ ਗਏ, ਚਾਰੇ ਪੁੱਤਰ ਘੋੜਿਆਂ ਤੇ ਸਵਾਰ ਸਨ। ਸ੍ਰੀ ਅੰਮ੍ਰਿਤਸਰ ਨੂੰ ਛੱਡ ਕੇ ਗੁਰੂ ਜੀ ਪਹਾੜਾਂ ਵਾਲੇ ਪਾਸੇ ਚਲੇ ਗਏ॥੨॥

ਮਨ ਭਾਵਤਿ ਸੋ ਕਰਤਿ ਅਖੇਰਾ। ਨਿਸਾ ਪਰੀ ਕਰਿ ਬਾਹਰ ਡੇਰਾ।
ਖਾਨ ਪਾਨ ਕਰਿਕੈ ਸੁਪਤਾਏ। ਪੁੱਤ੍ਰਨ ਜੁਤਿ ਜੇ ਨਰ ਸਮੁਦਾਏ॥ ੩॥

ਮਨ ਭਾਉਂਦਾ ਸ਼ਿਕਾਰ ਖੇਡਦੇ ਰਹੇ, ਰਾਤ ਪੈਣ ਤੇ ਬਾਹਰ ਹੀ ਡੇਰਾ ਲਾ ਲਿਆ। ਖਾ ਪੀ ਕੇ ਪੁੱਤਰਾਂ ਅਤੇ ਹੋਰ ਸਮੂਹ ਸੇਵਕਾਂ ਸਹਿਤ ਸੌਂ ਗਏ॥੩॥

ਭਈ ਪ੍ਰਭਾਤਿ ਜਾਗ ਕਰਿ ਥਿਰੇ। ਸੌਚ ਸ਼ਨਾਨ ਸਮੂਹਨਿ ਕਰੇ।
ਦੇਸ਼ ਮਨੋਹਰ ਪਰਬਤ ਕਾਛੇ। ਤਿਸੇ ਨਿਹਾਰਨਿ ਸਤਿਗਰ ਬਾਂਛੇ॥ ੪ ॥

ਸਵੇਰ ਹੋਈ ਤਾਂ ਜਾਗ ਕੇ ਬੈਠ ਗਏ ਤੇ ਸੋਚ ਇਸ਼ਨਾਨ ਸਾਰਿਆਂ ਨੇ ਕੀਤਾ। ਪਰਬਤ ਦੇ ਕੋਲ ਦਾ ਦੇਸ਼ ਬਹੁਤ ਸੋਹਣਾ ਹੈ, ਉਸ ਨੂੰ ਵੇਖਣ ਦੀ ਗੁਰੂ ਜੀ ਦੀ ਇੱਛਾ ਸੀ॥੪॥

ਸੁਨਜੋ ਪ੍ਰਥਮ ਹੀ ਤਿਸ ਦਿਸ਼ਿ ਮਾਂਹੀ। ਸ੍ਰੀ ਨਾਨਕ ਨੰਦਨ ਰਹਿ ਤਾਂਹੀ।
ਸਿਰੀ ਚੰਦ ਜਿਨ ਬੈਸ ਬਿਲੰਦੇਂ। ਜੋਗ ਬ੍ਰਿਤੀ ਕੋ ਲੇਤਿ ਅਨੰਦੇਂ॥ ੫ ॥

ਉਸ ਪਾਸੇ ਬਾਰੇ ਪਹਿਲਾਂ ਹੀ ਸੁਣਿਆ ਸੀ. ਉਥੇ ਗੁਰੂ ਨਾਨਕ ਦੇਵ ਜੀ ਦੇ ਪੁੱਤਰ ਰਹਿੰਦੇ ਸਨ। ਉਨ੍ਹਾਂ ਦਾ ਨਾਂ ਸ੍ਰੀ ਚੰਦ ਹੈ ਤੇ ਉਮਰ ਬਹੁਤ ਵਡੇਰੀ ਹੈ ਤੇ ਉਹ ਜੋਗ ਬ੍ਰਿਤੀ ਵਿਚ ਅਨੰਦ ਲੈਂਦੇ ਹਨ॥੫॥

ਸ੍ਰੀ ਹਰਿਗੋਵਿੰਦ ਚਹਜੋ ਨਿਹਾਰੈਂ। ਗਮਨੈਂ ਤਿਸ ਹੀ ਦੇਸ਼ ਬਿਹਾਰੈਂ।
ਇਮ ਚਿਤ ਧਾਰਤਿ ਗਿਰਾ ਉਚਾਰੀ। 'ਤੂਰਨ ਤਜਾਰੀ ਕਰਿ ਅਸਵਾਰੀ' ॥੬ ॥

ਸ੍ਰੀ ਹਰਿਗੋਬਿੰਦ ਜੀ ਨੇ ਚਾਹਿਆ ਕਿ ਉਨ੍ਹਾਂ ਦੇ ਦਰਸ਼ਨ ਕਰੀਏ ਤੇ ਉਸ ਦੇਸ਼ ਵਿਚ ਹੀ ਚਲ ਕੇ ਵਿਚਰੀਏ। ਇਸ ਤਰ੍ਹਾਂ ਦਿਲ ਵਿਚ ਧਾਰ ਕੇ ਬਚਨ ਕੀਤੇ, "ਤੁਰਤ ਅਸਵਾਰੀਆਂ ਤਿਆਰ ਕਰੋ" ॥੬॥

ਸੁਨਤਿ ਹੁਕਮ ਕੋ ਸਕਲ ਸੰਭਾਲੇ। ਜ਼ੀਨ ਤੁਰੰਗਨ ਤਤਛਿਨ ਡਾਲੇ।
ਖਾਨ ਪਾਨ ਕਰਿ ਹਯਨਿ ਅਰੋਹੇ। ਸੈਨ ਸਹਤ ਸੁਤ ਚਾਰਹੁੰ ਸੋਹੇ॥ ੭॥

ਇਹ ਸੁਣ ਕੇ ਹੁਕਮ ਦੀ ਤਾਮੀਲ ਕੀਤੀ, ਘੋੜਿਆਂ ਤੇ ਤੁਰਤ ਕਾਠੀਆਂ ਪਾ ਦਿੱਤੀਆਂ। ਖਾ ਪੀ ਕੇ ਘੋੜਿਆਂ ਤੇ ਚੜ੍ਹ ਗਏ ਤੇ ਸੈਨਾ ਸਮੇਤ ਚਾਰੇ ਪੁੱਤਰ ਸੋਭ ਰਹੇ ਸਨ॥੭॥

ਪਰਬਤ ਕੀ ਕਾਛਰ ਕਹੁ ਗਏ। ਕਿਤਿਕ ਅਖੇਰਨ ਖੇਲਤਿ ਭਏ।
ਬਹੁਰ ਜਹਾਂ ਸ੍ਰੀ ਨਾਨਕ ਨੰਦ। ਪਹੁੰਚੇ ਤਹਿੰ ਸ੍ਰੀ ਹਰਿਗੋਵਿੰਦ॥ ੮ ॥

ਪਰਬਤ ਦੀ ਕਛਾਰ ਵਲ ਗਏ, ਕਈ ਪ੍ਰਕਾਰ ਦੇ ਸ਼ਿਕਾਰ ਖੇਡ ਰਹੇ ਸਨ। ਫਿਰ ਜਿਥੇ ਸ੍ਰੀ ਨਾਨਕ ਦੇਵ ਜੀ ਦੇ ਪੁੱਤਰ ਰਹਿੰਦੇ ਸਨ, ਸ੍ਰੀ ਹਰਿਗੋਬਿੰਦ ਜੀ ਉਥੇ ਪਹੁੰਚ ਗਏ॥੮॥

ਉਤਰਿ ਤੁਰੰਗ ਤੇ ਲੇ ਸੁਤ ਚਾਰੀ। ਸਿਰੀ ਚੰਦ ਦਰਸੇ ਤਪ ਧਾਰੀ।
ਚਰਨ ਕਮਲ ਪਰ ਬੰਦਨ ਕੀਨਿ। ਪੁਨ ਕਰ ਜੋਰਿ ਸਮੁਖ ਆਸੀਨ॥ ੯ ॥

ਘੋੜੇ ਤੋਂ ਉਤਰ ਚਾਰ ਪੁੱਤਰ ਨਾਲ ਲੈ ਕੇ, ਤਪਧਾਰੀ ਬਾਬਾ ਸ੍ਰੀ ਚੰਦ ਜੀ ਦੇ ਦਰਸ਼ਨ ਕੀਤੇ। ਉਨ੍ਹਾਂ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ, ਫਿਰ ਹੱਥ ਜੋੜ ਕੇ ਸਾਹਮਣੇ ਬੈਠ ਗਏ॥੯॥

ਪਰਮ ਬ੍ਰਿੱਧ ਜੋਗੇਸ਼ਰ ਹੇਰਾ। ਸ੍ਰੀ ਬਾਬੇ ਸੁਤ ਕਹਿ ਤਿਸ ਬੇਰਾ।
'ਕਹੁ ਪੁਰਖਾ! ਕੇਤਿਕ ਹੈਂ ਨੰਦ?'। ਤਬਿ ਬੋਲੇ ਸ੍ਰੀ ਹਰਿਗੋਵਿੰਦ॥ ੧੦ ॥

ਪਰਮ ਬ੍ਰਿਧ ਜੋਗੀਆਂ ਦੇ ਈਸ਼ਵਰ ਨੇ ਵੇਖਿਆ? ਗੁਰੂ ਨਾਨਕ ਦੇਵ ਜੀ ਦੇ ਪੁੱਤਰ ਨੇ ਉਸ ਸਮੇਂ ਕਿਹਾ, "ਹੇ ਪੁਰਖਾ ਦੱਸੋ ਤੁਹਾਡੇ ਕਿੰਨੇ ਪੁੱਤਰ ਹਨ। ਤਦ ਸ੍ਰੀ ਹਰਿਗੋਬਿੰਦ ਜੀ ਬੋਲੇ॥੧੦॥

'ਪੰਚ ਹੁਤੇ ਇਕ ਭਾ ਪਰਲੋਕਹਿ। ਚਤਰ ਆਪ ਕੋ ਦਰਸ ਬਿਲੋਕਹਿਂ'।
ਕਹਜੋ ਸ੍ਰੀ ਚੰਦ 'ਇਕ ਹਮ ਦੇਹੋ। ਅਪਰ ਆਪਨੇ ਸੰਗ ਰਖੇ ਹੋ'॥ ੧੧ ॥

ਗੁਰੂ ਜੀ ਨੇ ਕਿਹਾ, "ਪੰਜ ਪੁੱਤਰ ਸਨ, ਇਕ ਪਰਲੋਕ ਚਲਾ ਗਿਆ ਹੈ, ਬਾਕੀ ਚਾਰੇ ਆਪ ਜੀ ਦੇ ਦਰਸ਼ਨ ਕਰ ਰਹੇ ਹਨ। ਫਿਰ ਬਾਬਾ ਸ੍ਰੀ ਚੰਦ ਨੇ ਕਿਹਾ, "ਇਕ ਪੁੱਤਰ ਸਾਨੂੰ ਦੇਵੋ, ਹੋਰ ਆਪਣੇ ਸੰਗ ਰੱਖ ਲਵੋ" ॥੧੧॥

ਸੁਨਿ ਕਰਿ ਗੁਰੁ ਸ੍ਰੀ ਹਰਗੋਵਿੰਦ। ਬਡ ਸੁਤ ਅਰਪਯੋ ਤਬਿ ਸ੍ਰੀ ਚੰਦ।
ਸ਼ਸਤ੍ਰ ਬਸਤ੍ਰ ਪਹਿਰਾਇ ਨਵੀਨ। ਢਿਗ ਬਿਠਾਇ ਕਰਿ ਬੰਦਨ ਕੀਨਿ॥੧੨॥

ਇਹ ਸੁਣ ਕੇ ਗੁਰੂ ਹਰਿਗੋਬਿੰਦ ਜੀ ਨੇ ਆਪਣਾ ਵੱਡਾ ਪੁੱਤਰ ਸ੍ਰੀ ਗੁਰਦਿੱਤਾ ਜੀ ਬਾਬਾ ਸ੍ਰੀ ਚੰਦ ਨੂੰ ਅਰਪਣ ਕਰ ਦਿੱਤਾ। ਸ਼ਸਤਰ ਵਸਤਰ ਨਵੇਂ ਪਵਾ ਕੇ ਤੇ ਬਾਬਾ ਜੀ ਦੇ ਪਾਸ ਬੈਠਾ ਕੇ ਬੰਦਨਾ ਕੀਤੀ॥੧੨॥

ਸ੍ਰੀ ਨਾਨਕ ਸੁਤ ਭਯੋ ਪ੍ਰਸੰਨ। 'ਧਰਹੁ ਨੰਮ੍ਰਤਾ ਯਾਂ ਤੇ ਧੰਨ'।
ਸਭਿ ਕਿਛ ਲੀਨੋ ਪੂਰਬ ਤੁਮੈਂ। ਟੋਪੀ ਰਹੀ ਹੁਤੀ ਇਹੁ ਸਮੈਂ॥ ੧੩॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੁੱਤਰ ਪ੍ਰਸੰਨ ਹੋ ਕੇ ਬੋਲੇ, "ਨਿੰਮਰਤਾ ਧਾਰਨ ਕਰਕੇ ਤੁਸੀਂ ਧੰਨ ਹੋ ਗਏ ਹੋ। ਤੁਸੀਂ ਸਭ ਕੁਝ ਪਹਿਲਾਂ ਹੀ ਲੈ ਲਿਆ ਹੈ, ਇਕ ਸੇਲੀ ਟੋਪੀ ਇਸ ਸਮੇਂ ਬਾਕੀ ਰਹੀ ਹੈ" ॥੧੩॥

ਸੋਪਿ ਲਈ ਤੁਮ ਜੁਤਿ ਬਡਿਆਈ। ਤੁਮਰੀ ਕ੍ਰਿਤਿ ਤੁਮੈ ਬਨਿਆਈ'।
ਇਮ ਕਹਿ ਟੋਪੀ ਸਿਰ ਤੇ ਲੀਨਿ। ਗੁਰਦਿੱਤੇ ਕੇ ਸਿਰ ਧਰਿ ਦੀਨਿ॥ ੧੪॥

ਉਹ ਵੀ ਤੁਸੀਂ ਵਡਿਆਈ ਸਹਿਤ ਲੈ ਲਈ ਹੈ, ਤੁਹਾਡੀ ਕ੍ਰਿਤ ਤੁਹਾਨੂੰ ਹੀ ਬਣ ਆਉਂਦੀ ਹੈ। ਇਸ ਤਰ੍ਹਾਂ ਕਹਿ ਕੇ ਟੋਪੀ ਸਿਰ ਤੋਂ ਲਾਹੀ ਤੇ ਸ੍ਰੀ ਗੁਰਦਿੱਤੇ ਦੇ ਸਿਰ ਤੇ ਧਰ ਦਿੱਤੀ॥੧੪॥

ਅਪਰ ਪੁੱਤ੍ਰ ਗੁਰ ਕੇ ਲਖਿ ਚਿੱਤਾ। ਭਯੋ ਸੁ ਬਾਬੇ ਕੋ ਗੁਰੁਦਿੱਤਾ।
ਇਹੀ ਬਿਸ਼ੇਸ਼ਨ ਸਭਿ ਜਗ ਲਹੈ। 'ਸ੍ਰੀ ਬਾਬਾ ਗੁਰਦਿੱਤਾ' ਕਹੈਂ॥ ੧੫॥

ਸਿੱਖਾਂ ਨੇ ਹੋਰ ਪੁੱਤਰ ਤਾਂ ਗੁਰੂ ਜੀ ਦੇ ਚਿੱਤ ਵਿਚ ਜਾਣੇ ਤੇ ਸ੍ਰੀ ਗੁਰਦਿੱਤਾ ਜੀ ਬਾਬੇ ਸ੍ਰੀ ਚੰਦ ਦੇ ਹੋਏ ਸਮਝੇ। ਇਹੋ ਵਿਸ਼ੇਸ਼ਣ ਭਾਵ ਗੁਣਵਾਚਕ ਸ਼ਬਦ ਸਭ ਜੱਗ ਨੇ ਜਾਣਿਆ, ਇਸ ਕਰਕੇ ਸ੍ਰੀ ਗੁਰਦਿੱਤੇ ਨੂੰ ਬਾਬਾ ਗੁਰਦਿੱਤਾ ਜੀ ਕਹਿੰਦੇ ਹਨ॥੧੫॥

ਨਿੱਧਿ ਸਿੱਧਿ ਤਪ ਬਲ ਤੇ ਭਰੀ। ਟੋਪੀ ਗੁਰਦਿੱਤੇ ਸਿਰ ਧਰੀ।
ਕੇਤਿਕ ਦ੍ਯੋਸ ਰਹੇ ਤਿਨ ਪਾਸ। ਸੁਨੇ ਭਨੇ ਬਚ ਬਿਬਿਧ ਬਿਲਾਸ॥ ੧੬॥

ਨਿੱਧੀਆਂ ਸਿੱਧੀਆਂ ਤੇ ਤਪ ਬਲ ਨਾਲ ਭਰੀ ਟੋਪੀ ਸ੍ਰੀ ਗੁਰਦਿੱਤੇ ਦੇ ਸਿਰ ਤੇ ਧਰ ਦਿੱਤੀ। ਗੁਰੂ ਜੀ ਕਈ ਦਿਨ ਉਨ੍ਹਾਂ ਦੇ ਪਾਸ ਰਹੇ, ਕਈ ਪ੍ਰਕਾਰ ਦੇ ਬਚਨ ਬਿਲਾਸ ਸੁਣੇ ਅਤੇ ਕਹੇ॥੧੬॥

ਚਢੇ ਬੰਦਨਾ ਕਰਿ ਚਲਿ ਆਏ। ਸਤੱਦ੍ਰਵ ਤਟ ਕੇ ਥਲ ਦਿਖਰਾਏ।
ਬਡੋ ਪੁੱਤ੍ਰ ਸਮੁਝਾਯੋ ਤਬੈ। 'ਨਿਜ ਪੁਰਿ ਕਰਹ ਬਸਾਵਨਿ ਅਬੈ' ॥ ੧੭॥

ਬੰਦਨਾ ਕਰਕੇ ਘੋੜਿਆਂ ਤੇ ਚੜ੍ਹ ਕੇ ਵਾਪਸ ਆ ਗਏ ਤੇ ਸਤਲੁਜ ਦਰਿਆ ਦੇ ਕਿਨਾਰੇ ਪਹੁੰਚ ਗਏ। ਉਸ ਸਮੇਂ ਵੱਡੇ ਪੁੱਤਰ ਸ੍ਰੀ ਗੁਰਦਿੱਤਾ ਜੀ ਨੂੰ ਸਮਝਾਇਆ, "ਹੁਣ ਆਪਣਾ ਨਗਰ ਵਸਾਓ" ॥੧੭॥

ਸ੍ਰੀ ਅੰਮ੍ਰਿਤਸਰ ਚਲਿ ਪੁਨ ਆਏ। ਬਸਿ ਕਰਿ ਕੇਤਿਕ ਦ੍ਯੋਸ ਬਿਤਾਏ।
ਜੇਸ਼ਟ ਪੁੱਤ੍ਰ ਰਿਦੈ ਬਹੁ ਪ੍ਯਾਰੇ। ਸਨੇ ਸਨੇਹੁ ਸਰੀਰ ਨਿਹਾਰੇ॥ ੧੮॥

ਫਿਰ ਚਲ ਕੇ ਅੰਮ੍ਰਿਤਸਰ ਆ ਗਏ, ਉਥੇ ਰਹਿ ਕੇ ਕਈ ਦਿਨ ਬਤੀਤ ਕੀਤੇ। ਵੱਡਾ ਪੁੱਤਰ ਦਿਲ ਵਿਚ ਬਹੁਤ ਪਿਆਰਾ ਹੈ, ਬੜੇ ਪ੍ਰੇਮ ਨਾਲ ਪੁੱਤਰ ਦੇ ਸਰੀਰ ਨੂੰ ਵੇਖਦੇ ਹਨ॥੧੮॥

ਲਖੀ ਭਵਿੱਖਜਤ ਗਤਿ ਚਿਤ ਮਾਹੂੰ। ਹੋਨਹਾਰ ਨਹਿਂ ਮਿਟੈ ਕਦਾਹੂੰ।
ਸੁਤ ਤੇ ਨਗਰ ਬਸਾਵਨਿ ਚਾਹਾ। ਜਥਾ ਗੁਰਨ ਪੁਰਿ ਰਿਦੇ ਉਮਾਹਾ॥ ੧੯॥

ਆਪਣੇ ਦਿਲ ਵਿਚ ਭਵਿੱਖ ਦੀ ਗਤੀ ਵੇਖੀ, ਹੋਣ ਵਾਲੀ ਹੋਣੀ ਕਦੇ ਵੀ ਮਿਟਦੀ ਨਹੀਂ ਹੈ। ਪੁੱਤਰ ਪਾਸੋਂ ਨਗਰ

ਵਸਾਉਣਾ ਚਾਹਿਆ। ਜਿਵੇਂ ਗੁਰੂ ਸਾਹਿਬਾਨ ਦੇ ਹਿਰਦੇ ਵਿਚ ਨਵੀਂ ਨਗਰੀ ਵਸਾਉਣ ਦੀ ਵੱਡੀ ਇਹ ਚਾਹਤ ਹੁੰਦੀ ਸੀ ॥੧੯॥

ਇਕ ਦਿਨ ਨਿਕਟਿ ਬੁਲਾਇ ਬਿਠਾਏ। ਨੰਮ੍ਰਿ ਹੋਇ ਥਿਰ ਭੇ ਸੁਖ ਪਾਏ।
ਕਹਤਿ ਭਏ ਅਬਿ ਕਾਰਜ ਕਰੋ। ਸੈਲਨ ਦਿਸ਼ਿ ਸਤੱਦ੍ਰਵ ਕੋ ਤਰੋ॥ ੨੦॥

ਇਕ ਦਿਨ ਪੁੱਤਰ ਨੂੰ ਬੁਲਾ ਕੇ ਪਾਸ ਬਿਠਾਇਆ, ਸਨਿਮਰ ਹੋ ਕੇ ਗੁਰੂ ਜੀ ਪਾਸ ਬੈਠ ਕੇ ਸੁਖ ਪਾਇਆ। ਗੁਰੂ ਜੀ ਨੇ ਕਿਹਾ, ''ਪਹਾੜਾਂ ਵਾਲੇ ਪਾਸੇ ਸਤਿਲੁਜ ਦਰਿਆ ਨੂੰ ਪਾਰ ਕਰੋ'' ॥੨੦॥

ਕੇਤਿਕ ਪਰੇ ਅਪਰ ਗਿਰ ਅਹੈਂ। ਬੁੱਢਣਸ਼ਾਹੁ ਸੰਤ ਇਕ ਰਹੈ।
ਕਰਤਿ ਪ੍ਰਤੀਖਨ ਧਾਰਤਿ ਧਜਾਨਾ। ਤੁਮ ਕੋ ਮਿਲਜੋ ਚਹੈ ਤਿਸ ਥਾਨਾ' ॥੨੧॥

ਉਸ ਤੋਂ ਦੂਰ ਹੋਰ ਪਹਾੜ ਹਨ, ਉਥੇ ਇਕ ਬੁੱਢਣਸ਼ਾਹ ਨਾਮੀ ਸੰਤ ਰਹਿੰਦਾ ਹੈ। ਉਹ ਧਿਆਨ ਧਾਰ ਕੇ ਤੁਹਾਡੀ ਇੰਤਜ਼ਾਰ ਕਰ ਰਿਹਾ ਹੈ, ਉਥੇ ਉਹ ਤੁਹਾਨੂੰ ਮਿਲਣਾ ਚਾਹੁੰਦੇ ਹਨ' ॥੨੧॥

ਸ੍ਰੀ ਗੁਰਦਿੱਤੇ ਸੁਨਿ ਕਰ ਜੋਰੇ। 'ਕਿਮ ਬੈਠਜੋ ਮੇਲਾ ਕਿਮ ਲੋਰੇ ?।
ਕਹੋਂ ਕਹਾਂ ਮੈਂ ਤਿਸ ਕੋ ਜਾਇ। ਕੋ ਕਾਰਜ ਮਿਲਿਬੇ ਹੁਇ ਜਾਇ॥ ੨੨॥

ਸ੍ਰੀ ਗੁਰਦਿੱਤਾ ਜੀ ਨੇ ਸੁਣ ਕੇ ਹੱਥ ਜੋੜੇ, ''ਉਹ ਕਿਵੇਂ ਬੈਠਾ ਹੈ ਤੇ ਕਿਵੇਂ ਮੇਲ ਚਾਹੁੰਦਾ ਹੈ, ਮੈਂ ਉਸ ਨੂੰ ਜਾ ਕੇ ਕੀ ਕਹਾਂ, ਤੇ ਉਸ ਦੇ ਮਿਲਣ ਨਾਲ ਕਿਹੜਾ ਕਾਰਜ ਪੂਰਾ ਹੋ ਜਾਵੇਗਾ ॥੨੨॥

ਦਯਾ ਸਿੰਧੁ! ਸਭਿ ਭੇਤ ਬਤਾਵਹੁ। ਹੋਇ ਗੁਹਯ ਭੀ ਤਊ ਸੁਨਾਵਹੁ।
ਸੁਨਿ ਸ੍ਰੀ ਮੁਖ ਤੇ ਉਚਰਨਿ ਲਾਗੇ। 'ਸ੍ਰੀ ਨਾਨਕ ਪਹੁੰਚੇ ਤਹਿਂ ਆਗੇ॥ ੨੩॥

ਹੇ ਦਇਆ ਦੇ ਸਾਗਰ ! ਸਾਰਾ ਭੇਦ ਦੱਸੋ, ਜਿਵੇਂ ਹੋਇਆ ਹੈ, ਉਸ ਤਰ੍ਹਾਂ ਹੀ ਮੈਨੂੰ ਸੁਣਾਵੋ, ਇਹ ਸੁਣ ਕੇ ਗੁਰੂ ਜੀ ਨੇ ਆਪਣੇ ਮੁੱਖ ਤੋਂ ਉਚਾਰਨ ਕੀਤਾ, ''ਉਥੇ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਪਹੁੰਚੇ ਸਨ ॥੨੩॥

ਰਹਤਿ ਹੁਤੋ ਤਹਿਂ ਬੁੱਢਣ ਸ਼ਾਹੂ। ਅਜਾ ਦੋਇ ਰਾਖਤਿ ਨਿਤ ਪਾਹੂ।
ਤਿਨ ਪਯ ਪਾਨਿ ਕਰਤਿ ਸੋ ਰਹੈ। ਤਪ ਮਹਿਂ ਪ੍ਰੀਤਿ ਪ੍ਰਭੂ ਗੁਨ ਕਹੈ॥ ੨੪॥

ਉਥੇ ਬੁੱਢਣ ਸ਼ਾਹ ਰਹਿੰਦਾ ਸੀ, ਉਹ ਸਦਾ ਦੋ ਬਕਰੀਆਂ ਆਪਣੇ ਪਾਸ ਰਖਦਾ ਸੀ, ਉਨ੍ਹਾਂ ਦਾ ਦੁੱਧ ਪੀਂਦਾ ਸੀ ਤੇ ਤਪ ਵਿਚ ਪ੍ਰਭੂ ਨਾਲ ਪ੍ਰੀਤ ਲਾ ਕੇ ਉਸ ਦੇ ਗੁਣ ਗਾਇਣ ਕਰਦਾ ਸੀ ॥੨੪॥

ਬਾਲਾ ਮਰਦਾਨਾ ਸੰਗਿ ਦੋਇ। ਸ੍ਰੀ ਨਾਨਕ ਦੇਖਤਿ ਭਾ ਸੋਇ।
ਲਖੇ ਸੰਤ ਸੇਵਨਿ ਕਰਿ ਚਾਹੂ। ਅਜਾ ਦੁਗਧ ਆਨਤਿ ਭਾ ਪਾਹੂ॥ ੨੫॥

ਗੁਰੂ ਨਾਨਕ ਦੇਵ ਜੀ ਨਾਲ ਬਾਲਾ ਅਤੇ ਮਰਦਾਨਾ ਦੋਵੇਂ ਸਨ, ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਦ ਉਸ ਨੇ ਵੇਖਿਆ ਤਾਂ ਸੰਤ ਸਮਝ ਕੇ ਸੇਵਾ ਕਰਨੀ ਚਾਹੀ ਤੇ ਬਕਰੀਆਂ ਦਾ ਦੁੱਧ ਗੁਰੂ ਜੀ ਪਾਸ ਲਿਆਇਆ ॥੨੫॥

ਮੈਂ ਬੈਠਜੋ ਤੁਮ ਚਲਿ ਕਰਿ ਆਏ। ਉਚਿਤ ਸੇਵ ਕੇ ਯੋਂ ਲਖਿ ਪਾਏ।
ਯਾਂਤੇ ਦੁਗਧ ਧਰਜੋ ਇਹ ਆਨਿ। ਅਚਹੁ ਸੰਤ ਜੀ ਰੁਚਿ ਕੋ ਠਾਨਿ॥ ੨੬॥

ਕਹਿਣ ਲੱਗਾ, ''ਮੈਂ ਏਥੇ ਬੈਠਾ ਹਾਂ ਤੁਸੀਂ ਚਲ ਕੇ ਆਏ ਹੋ, ਇਸ ਲਈ ਸੇਵਾ ਯੋਗ ਮੈਂ ਤੁਹਾਨੂੰ ਸਮਝਿਆ ਹੈ, ਇਸ ਕਰਕੇ ਮੈਂ ਲਿਆ ਕੇ ਇਹ ਦੁੱਧ ਰੱਖਿਆ ਹੈ। ਹੇ ਸੰਤ ਜੀ ! ਰੁਚੀ ਅਨੁਸਾਰ ਇਹ ਦੁੱਧ ਛਕੋ'' ॥੨੬॥

ਸ੍ਰੀ ਨਾਨਕ ਸੁਨਿ ਬੂਝਨਿ ਕੀਨਿ। ਤਪ ਕੋ ਤਪਤਿ ਸਫਲ ਭੀ ਚੀਨ ?।
ਉਪਜੀ ਸ਼ਾਂਤਿ ਕਿ ਨਹਿਂ ਮਨ ਮਾਂਹੀ ?। ਜਤਨ ਅਨੇਕ ਕਰਤਿ ਹਿਤ ਜਾਂਹੀ॥੨੭॥

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੁਣ ਕੇ ਪੁਛਿਆ, ''ਤੂੰ ਤਪ ਨੂੰ ਤਪਦਾ ਹੈਂ ਕੀ ਇਸ ਦੀ ਸਫ਼ਲਤਾ ਵੀ ਵੇਖੀ ਹੈ ? ਮਨ

ਵਿਚ ਸ਼ਾਂਤੀ ਪ੍ਰਾਪਤ ਹੋਈ ਹੈ ਕਿ ਨਹੀਂ ? ਜਿਸ ਵਾਸਤੇ ਅਨੇਕਾਂ ਯਤਨ ਕਰ ਰਿਹਾ ਹੈਂ" ॥੨੭॥

ਸੁਨਿ ਊਚੇ ਬਚ ਬੁੱਢਣ ਸ਼ਾਹੂ। ਤੁਮਰੋ ਨਾਮ ਸੁਨਿਨਿ ਚਿਤ ਚਾਹੂ।
ਗੁਰ ਰੁਖ ਲਖਯੋ ਭਨੈ ਮਰਦਾਨਾ। ਇਹੁ ਜਗ ਗੁਰ ਸ੍ਰੀ ਨਾਨਕ ਜਾਨਾ॥੨੮॥

ਬੁੱਢਣ ਸ਼ਾਹ ਸ੍ਰੇਸ਼ਟ ਬਚਨ ਸੁਣ ਕੇ ਬੋਲਿਆ, "ਤੁਹਾਡਾ ਨਾਂ ਸੁਣਨ ਨੂੰ ਚਿੱਤ ਚਾਹੁੰਦਾ ਹੈ।" ਗੁਰੂ ਜੀ ਦਾ ਰੁਖ ਵੇਖ ਕੇ ਭਾਈ ਮਰਦਾਨੇ ਨੇ ਕਿਹਾ, "ਇਸ ਜਗਤ ਵਿਚ ਇਨ੍ਹਾਂ ਨੂੰ ਸ੍ਰੀ ਗੁਰੂ ਨਾਨਕ ਕਰਕੇ ਜਾਣਦੇ ਹਨ॥੨੮॥

ਜਿਸ ਕੋ ਚਾਹਤਿ ਕੁਛ ਉਪਦੇਸ਼ਾ। ਤਿਸ ਕੇ ਨਿਕਟਿ ਜਾਤਿ ਜਗਤੇਸ਼ਾ।
ਸੁਨਤਿ ਨਾਮ ਪਾਇਨ ਪਰ ਪਰਿਓ। ਕਹਯੋ ਕਿ ਮੁਹਿ ਨਿਹਾਲ ਅਬਿ ਕਰਿਓ॥੨੯॥

ਜਿਸ ਨੂੰ ਵੀ ਇਹ ਉਪਦੇਸ਼ ਕਰਨਾ ਚਾਹੁੰਦੇ ਹਨ, ਉਸ ਦੇ ਪਾਸ ਜਗਤ ਦੇ ਈਸ਼ਵਰ ਭਾਵ ਗੁਰੂ ਨਾਨਕ ਦੇਵ ਜੀ ਪਹੁੰਚ ਜਾਂਦੇ ਹਨ। ਬੁੱਢਣ ਸ਼ਾਹ ਨਾਂ ਸੁਣ ਕੇ ਗੁਰੂ ਜੀ ਦੇ ਪੈਰਾਂ ਤੇ ਪੈ ਗਿਆ ਤੇ ਕਿਹਾ, "ਮੈਨੂੰ ਹੁਣ ਨਿਹਾਲ ਕਰੋ॥੨੯॥

ਸੁਨਤਿ ਹੁਤੋ ਜਸੁ ਰਾਵਰ ਕੇਰਾ। ਮਿਲਿਬੇ ਚਹਿਤਿ ਰਹਤਿ ਚਿਤ ਮੇਰਾ।
ਮਨ ਕੀ ਜਾਨਿ ਆਨਿ ਅਬਿ ਮਿਲੇ। ਕਰੇ ਅਧਿਕ ਤਪ ਸੋ ਫਲ ਫਲੇ॥੩੦॥

ਮੈਂ ਆਪ ਜੀ ਦਾ ਜੱਸ ਸੁਣਦਾ ਰਿਹਾ ਹਾਂ, ਸਦਾ ਤੁਹਾਨੂੰ ਮਿਲਣ ਵਾਸਤੇ ਚਿੱਤ ਚਾਹੁੰਦਾ ਰਿਹਾ ਹੈ, ਮੇਰੇ ਮਨ ਦੀ ਜਾਣ ਕੇ ਹੁਣ ਆ ਕੇ ਮਿਲ ਪਏ ਹੋ, ਜਿਹੜਾ ਅਧਿਕ ਤਪ ਕੀਤਾ ਸੀ ਉਸ ਦਾ ਫਲ ਮਿਲ ਗਿਆ ਹੈ॥੩੦॥

ਅਬਿ ਮਮ ਹੋਇ ਗਯੋ ਕਲਿਆਨ। ਦਰਸ਼ਨ ਦੀਨਸਿ ਦਯਾ ਨਿਧਾਨ।
ਇੱਤਯਾਦਿਕ ਤਬਿ ਬਿਨੈ ਬਖਾਨੀ। ਸ੍ਰੀ ਨਾਨਕ ਬੋਲੇ ਸੁਭ ਬਾਨੀ॥ ੩੧॥

ਹੁਣ ਮੇਰਾ ਕਲਿਆਣ ਹੋ ਗਿਆ ਹੈ, ਆਪ ਜੀ ਦਇਆ ਨਿਧਾਨ ਨੇ ਦਰਸ਼ਨ ਦਿੱਤੇ ਹਨ।" ਇੱਤਿਆਦਿ ਫਿਰ ਬੇਨਤੀ ਕੀਤੀ। ਸ੍ਰੀ ਨਾਨਕ ਦੇਵ ਜੀ ਫਿਰ ਸੁਭ ਬਚਨ ਕਹੇ॥੩੧॥

'ਸੱਤਿਨਾਮ ਸਿਮਰਹੁ ਲਿਵਲਾਈ। ਤਨ ਹੰਤਾ ਕਹੁ ਦੇਹੁ ਉਠਾਈ।
ਮਨ ਇੰਦ੍ਰਿਯ ਸੰਬੰਧ ਜਿ ਹੋਨਾ। ਇਹ ਬੰਧਨ ਜਾਨਹੁ ਦੁਖ ਜੋਨਾ॥ ੩੨॥

"ਲਿਵ ਲਾ ਕੇ ਸਤਿਨਾਮ ਦਾ ਸਿਮਰਨ ਕਰੋ ਤੇ ਸਰੀਰ ਦੇ ਹੰਕਾਰ ਨੂੰ ਮਿਟਾ ਦੇਵੋ। ਜੋ ਮਨ ਤੇ ਇੰਦਰੀਆਂ ਦਾ ਜੋ ਸੰਬੰਧ ਹੈ ਇਸ ਬੰਧਣ ਨੂੰ ਦੁੱਖਾਂ ਦਾ ਕਾਰਨ ਜਾਣੋਂ॥੩੨॥

ਮਨ ਠਹਿਰਾਵਹੁ ਰਿਦੈ ਮਝਾਰ। ਨਹਿਂ ਸਬੰਧ ਇੰਦ੍ਰਿਯ ਸੰਗਿ ਧਾਰਿ।
ਕੂਰਮ ਸਮ ਇਕਠੋ ਹੁਇ ਰਹੈ। ਨਹੀਂ ਉਥਤ ਇੰਦ੍ਰਿਯ ਸੰਗ ਲਹੈ॥ ੩੩॥

ਆਪਣੇ ਮਨ ਨੂੰ ਹਿਰਦੇ ਵਿਚ ਠਹਿਰਾਵੋ, ਤੇ ਮਨ ਦਾ ਸੰਬੰਧ ਇੰਦਰੀਆਂ ਨਾਲ ਨਾ ਧਾਰੋ। ਕਛੂ ਵਾਂਗ ਮਨ ਇਕੱਠਾ ਹੋਇਆ ਰਹੇ, ਇੰਦ੍ਰੀਆਂ ਦਾ ਸੰਗ ਲੈ ਕੇ ਉਥਾਨ ਨਾ ਹੋਵੇ॥੩੩॥

ਤਿਸ ਕੋ ਮੁਕਤਿ ਰੂਪ ਪਹਿਚਾਨ। ਇਤੋ ਭੇਦ ਲਖਿ ਸਾਧਹੁ ਧ੍ਯਾਨ।
ਸੁਨਿ ਸਤਿਗੁਰ ਤੇ ਬ੍ਰਿਤੀ ਟਿਕਾਈ। ਬੁੱਢਣਸ਼ਹ ਸਮਾਧਿ ਲਗਾਈ॥ ੩੪॥

ਉਸ ਨੂੰ ਮੁਕਤ ਰੂਪ ਪਹਿਚਾਣੋ, ਇਹ ਭੇਦ ਸਮਝ ਕੇ ਧਿਆਨ ਨੂੰ ਸਾਧੋ।" ਬੁਢਣ ਸ਼ਾਹ ਨੇ ਸਤਿਗੁਰੂ ਪਾਸੋਂ ਸੁਣ ਕੇ ਬ੍ਰਿਤੀ ਟਿਕਾਈ ਤੇ ਉਨ੍ਹਾਂ ਦੀ ਸਮਾਧੀ ਲੱਗ ਗਈ॥੩੪॥

ਜਬਿ ਬੈਠੇ ਜੁਗ ਜਾਮ ਬਿਤਾਏ। ਬਾਲੇ ਕਹਿ ਕਰਿ ਲੀਨਿ ਜਗਾਏ।
ਜਬਿ ਸੁਧ ਭਈ ਚਰਨ ਗੁਰ ਗਹੇ। 'ਰਾਖਹੁ ਸੰਗ' ਜੋਰਿ ਕਰ ਕਹੇ॥ ੩੫॥

ਜਦ ਬੈਠ-ਬੈਠੇ ਦੋ ਪਹਿਰ ਬਤੀਤ ਕੀਤੇ, ਤਾਂ ਬਾਲੇ ਨੇ ਕਹਿ ਕੇ ਜਗਾ ਲਏ। ਜਦ ਸੋਝੀ ਹੋਈ ਤਾਂ ਗੁਰੂ ਜੀ ਦੇ ਚਰਨ

ਫੜ ਲਏ ਤੇ ਹੱਥ ਜੋੜ ਕੇ ਕਿਹਾ, "ਮੈਨੂੰ ਆਪਣੇ ਨਾਲ ਰੱਖੋ"॥੩੫॥

ਤੁਮ ਪ੍ਰਤਾਪ ਤੇ ਮਨ ਟਿਕਿ ਗਇਊ। ਤਨਕ ਭੇਦ ਸੁਨਿ ਸਭਿ ਕਿਛੁ ਪਇਊ।
ਅੰਮ੍ਰਿਤ ਬਚਨ ਸੁਨੇ, ਬਿਖ ਦ੍ਵੈਤ। ਦੂਰ ਕਰੀ ਬਡ ਸੰਕਟ ਹੇਤੁ॥ ੩੬॥

ਤੁਹਾਡੇ ਪ੍ਰਤਾਪ ਨਾਲ ਮੇਰਾ ਮਨ ਟਿਕ ਗਿਆ ਹੈ, ਝਟ ਭੇਦ ਸੁਣ ਕੇ ਸਭ ਕੁਝ ਪਾ ਲਿਆ ਹੈ, ਅੰਮ੍ਰਿਤ ਬਚਨ ਸੁਣੇ ਹਨ ਤੇ ਜ਼ਹਿਰ ਰੂਪੀ ਦ੍ਵੈਤ ਦੂਰ ਕੀਤੀ ਹੈ, ਜਿਹੜੀ ਵੱਡੀ ਸੰਕਟ ਵਾਲੀ ਸੀ॥੩੬॥

ਤਜਾਗਜੋ ਜਾਇ ਨ ਸੰਗ ਤੁਮਾਰਾ। ਤਬਿ ਸ੍ਰੀ ਸਤਿਗੁਰ ਬਾਕ ਉਚਾਰਾ।
ਅਬਿ ਤੁਵ ਕਾਜ ਗਯੋ ਸਭਿ ਹੋਇ। ਬੈਠਹੁ ਮਨ ਸਤਿਨਾਮ ਪਰੋਇ॥ ੩੭॥

ਤੁਹਾਡਾ ਸੰਗ ਤਿਆਗਿਆ ਨਹੀਂ ਜਾ ਸਕਦਾ।" ਤਦ ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ, "ਹੁਣ ਤੁਹਾਡਾ ਸਾਰਾ ਕਾਰਜ ਹੋ ਗਿਆ ਹੈ, ਮਨ ਨੂੰ ਸਤਿਨਾਮ ਵਿਚ ਪਰੋ ਕੇ ਬੈਠੇ ਰਹੋ॥੩੭॥

ਅਧਿਕ ਆਰਬਲ ਤੇਰੀ ਅਹੈ। ਚਿਰੰਕਾਲ ਹਮ ਪਾਛੈ ਰਹੈਂ।
ਤਬਿ ਲੌ ਛਠਮ ਸਰੂਪ ਹਮਾਰੋ। ਪ੍ਰਾਨ ਅੰਤ ਤਨ ਹੋਇ ਤਿਹਾਰੋ॥ ੩੮॥

ਤੇਰੀ ਬਹੁਤ ਵੱਡੀ ਉਮਰ ਹੈ, ਸਾਡੇ ਬਾਅਦ ਵਿਚ ਬਹੁਤ ਦੇਰ ਤਕ ਜੀਊਂਦਾ ਰਹੇਂਗਾ, ਤਦ ਤਕ ਸਾਡਾ ਛੇਵਾਂ ਸਰੂਪ ਹੋ ਜਾਵੇਗਾ, ਉਸ ਸਮੇਂ ਤੁਹਾਡੇ ਪ੍ਰਾਣਾਂ ਦਾ ਅੰਤ ਹੋਵੇਗਾ"॥੩੮॥

ਇਮ ਸੁਨਿ ਬਿਸਮਜੋ ਬੂਝਨ ਲਾਗਾ। ਮੈਂ ਕਿਮ ਲਖੌਂ ਧਰੇ ਅਨੁਰਾਗਾ?।
ਤਬਿ ਸਤਿਗੁਰ ਨੇ ਪਤੇ ਬਤਾਏ। ਰਹਹੁ ਪ੍ਰਤੀਖਤਿ ਦੇਊਂ ਸੁਨਾਏ॥ ੩੯॥

ਇਸ ਤਰ੍ਹਾਂ ਸੁਣ ਕੇ ਬਹੁਤ ਹੈਰਾਨ ਹੋਇਆ ਤੇ ਪੁੱਛਣ ਲੱਗਾ, "ਮੈਂ ਉਨ੍ਹਾਂ ਨੂੰ ਪਿਆਰ ਧਾਰ ਕੇ ਕਿਵੇਂ ਪਹਿਚਾਣ ਸਕਾਂਗਾ? ਤਦ ਸਤਿਗੁਰੂ ਜੀ ਨੇ ਪਤਾ ਵੇਰਵਾ ਦੱਸਿਆ", ਇੰਤਜ਼ਾਰ ਕਰਦੇ ਰਹੋ ਸੁਣਾ ਦੇਵਾਂਗਾ॥੩੯॥

ਸ੍ਰੀ ਗੁਰਦਿੱਤਾ ਗੁਰ ਸੁਤ ਹੋਇ। ਤੋ ਕਹੁ ਆਨਿ ਮਿਲੈ ਜਬਿ ਸੋਇ।
ਨਗਰ ਬਸਾਵੈ ਸੋ ਤਬਿ ਜਾਨਹੁ। ਤਬਿ ਲੌ ਸਿਮਰਿ ਧਜਾਨ ਕੋ ਠਾਨਹੁ॥੪੦॥

ਸ੍ਰੀ ਗੁਰਦਿੱਤਾ ਗੁਰੂ ਜੀ ਦਾ ਪੁੱਤਰ ਹੋਵੇਗਾ, ਜਦ ਉਹ ਤੈਨੂੰ ਆ ਕੇ ਮਿਲੇਗਾ, ਉਹ ਉਸ ਸਮੇਂ ਏਥੇ ਆ ਕੇ ਜੇ ਨਗਰ ਵਸਾਵੇ ਤਾਂ ਜਾਣ ਲਵੇ, ਉਹ ਗੁਰੂ ਜੀ ਦਾ ਪੁੱਤਰ ਹੈ। ਉਸ ਸਮੇਂ ਤੱਕ ਪ੍ਰਭੂ ਦਾ ਸਿਮਰਨ ਕਰਕੇ ਧਿਆਨ ਲਾਈ ਰੱਖੋ॥੪੦॥

ਨਿਤ ਮਨ ਬਿਰਤਾ ਕੋ ਸਿਧ ਕਰੀਅਹਿ। ਪਰੇ ਦ੍ਵੈਤ ਕੇ ਬੰਧਨ ਹਰੀਅਹਿ।
ਇਮ ਕਹਿ ਸ੍ਰੀ ਨਾਨਕ ਪ੍ਰਸਥਾਨੇ। ਤਬਿ ਕੋ ਤਹਾਂ ਧਜਾਨ ਸੋ ਠਾਨੇ॥ ੪੧॥

ਸਦਾ ਮਨ ਨੂੰ ਇਕਾਗਰ ਕਰਨ ਦੀ ਸਿਧੀ ਕਰੋ ਤੇ ਦ੍ਵੈਖ ਦੇ ਜਿਹੜੇ ਬੰਧਨ ਪਏ ਹਨ, ਉਨ੍ਹਾਂ ਨੂੰ ਦੂਰ ਕਰੋ। ਇਸ ਤਰ੍ਹਾਂ ਕਹਿ ਕੇ ਗੁਰੂ ਨਾਨਕ ਦੇਵ ਜੀ ਚਲੇ ਗਏ, ਉਸ ਸਮੇਂ ਤੋਂ ਉਹ ਉਥੇ ਧਿਆਨ ਲਾ ਕੇ ਬੈਠਾ ਹੈ॥੪੧॥

ਗੁਰ ਗੁਰ ਸਿਮਰਤ ਕਰਤਿ ਉਡੀਕਾ। ਭਯੋ ਮਹਾਂ ਸੁਧਿ ਜਿਸ ਉਰ ਨੀਕਾ।
ਤਿਸ ਕੋ ਮਿਲਹੁ ਕਰਹੁ ਪੁਨ ਡੇਰਾ। ਨਗਰ ਬਸਾਵਹੁ ਆਪਨ ਕੇਰਾ॥ ੪੨॥

ਗੁਰੂ-ਗੁਰੂ ਸਿਮਰ ਕੇ ਉਡੀਕ ਕਰ ਰਿਹਾ ਹੈ, ਜਿਸ ਦਾ ਹਿਰਦਾ ਹੁਣ ਚੰਗੀ ਤਰ੍ਹਾਂ ਸ਼ੁੱਧ ਹੋ ਗਿਆ ਹੈ। ਉਸ ਨੂੰ ਮਿਲੋ ਤੇ ਫਿਰ ਉਥੇ ਹੀ ਨਿਵਾਸ ਰੱਖੋ ਤੇ ਆਪਣੇ ਵਾਸਤੇ ਇਕ ਨਗਰ ਵਸਾਓ॥੪੨॥

ਜਥਾ ਰਚੇ ਪੁਰਿ ਬਡੇ ਹਮਾਰੇ। ਤਿਮ ਤੁਮ ਰਚਹੁ ਅਪਨ ਪੁਰਿ ਭਾਰੇ।
ਹਮਰੇ ਹੋਵਤਿ ਹੀ ਰਚਿ ਲੀਜਹਿ। ਕੇਤਿਕ ਬਾਸ ਅਪਨ ਤਹਿਂ ਕੀਜਹਿ॥੪੩॥

ਜਿਵੇਂ ਸਾਰੇ ਵੱਡੇ ਨਗਰ ਤਿਆਰ ਹੋਏ ਹਨ, ਉਸ ਤਰ੍ਹਾਂ ਆਪਣਾ ਵੱਡਾ ਭਾਰੀ ਨਗਰ ਤਿਆਰ ਕਰੋ। ਸਾਡੇ ਹੁੰਦਿਆਂ

ਹੁੰਦਿਆਂ ਬਣਾ ਲਵੇ ਤੇ ਕਾਫੀ ਸਮਾਂ ਆਪਣਾ ਉਥੇ ਨਿਵਾਸ ਕਰੇ॥੪੩॥

ਪੁਨ ਤੁਵ ਸੰਤਤਿ ਗਾਦੀ ਲੇਹਿ। ਬਸਹਿ ਕਾਲ ਚਿਰ ਸਹਤ ਸਨੇਹ।
ਇਸ ਕਾਰਜ ਹਿਤ ਗਮਨ ਕਰੀਜੈ। ਅਬਿ ਸੁਭ ਸਮੇ ਨਗਰ ਰਚਿ ਲੀਜੈ ॥੪੪॥

ਫਿਰ ਤੇਰੇ ਪੁੱਤਰ ਗੱਦੀ ਪ੍ਰਾਪਤ ਕਰਨਗੇ, ਉਹ ਬਹੁਤ ਲੰਮੇ ਸਮੇਂ ਤੱਕ ਏਥੇ ਬੜੇ ਪਿਆਰ ਨਾਲ ਰਹਿਣਗੇ। ਇਸ ਕਾਰਜ ਵਾਸਤੇ ਉਥੇ ਜਾਉ, ਹੁਣ ਸ਼ੁਭ ਸਮਾਂ ਹੈ ਨਗਰ ਤਿਆਰ ਕਰ ਲਵੋ॥੪੪॥

ਸ੍ਰੀ ਗੁਰਦਿੱਤਾ ਸੁਨਿ ਬਿਧਿ ਸਾਰੀ। ਹਰਖਤਿ ਤੁਰਤ ਕਰੀ ਤਬਿ ਤਯਾਰੀ।
ਧਨ ਗਨ ਸ੍ਰੀ ਸਤਿਗੁਰ ਤੇ ਲੀਨਿ। ਤੀਨ ਮਾਤ ਕੋ ਬੰਦਨ ਕੀਨਿ॥ ੪੫॥

ਸ੍ਰੀ ਗੁਰਦਿੱਤਾ ਸਾਰੀ ਵਿਧੀ ਸੁਣ ਕੇ ਬਹੁਤ ਪ੍ਰਸੰਨ ਹੋਇਆ ਤੇ ਸਾਰੀ ਤਿਆਰੀ ਕਰ ਲਈ ਤੇ ਕਾਫੀ ਧਨ ਸਤਿਗੁਰੂ ਜੀ ਪਾਸੋਂ ਲਿਆ ਤੇ ਤਿੰਨਾਂ ਮਾਤਾ ਜੀਆਂ ਨੂੰ ਬੰਦਨਾ ਕੀਤੀ॥੪੫॥

ਪੁਨ ਦਰਬਾਰ ਪ੍ਰਕਰਮਾਂ ਫਿਰਿਕੈ। ਹਾਥ ਜੋਰਿ ਅਭਿਬੰਦਨ ਕਰਿਕੈ।
ਚਢਿ ਗਮਨਜੋ ਸਭਿ ਸ਼ਸਤ੍ਰ ਲਗਾਏ। ਨੱਤੀ ਸਜੰਦਨ ਚਢੀ ਚਲਾਏ॥ ੪੬॥

ਫਿਰ ਜਾ ਕੇ ਦਰਬਾਰ ਸਾਹਿਬ ਦੀਆਂ ਪਰਿਕਰਮਾਂ ਕੀਤੀਆਂ ਤੇ ਹੱਥ ਜੋੜ ਕੇ ਬੰਦਨਾ ਕੀਤੀ, ਸਭ ਸ਼ਸਤਰ ਧਾਰਨ ਕਰਕੇ ਘੋੜੇ ਤੇ ਚੜ੍ਹ ਕੇ ਚਲਾ ਗਿਆ, ਪਤਨੀ ਰੱਥ ਵਿਚ ਚੜ੍ਹ ਗਈ॥੪੬॥

ਧੀਰ ਮੱਲ ਕੋ ਲੀਨੇ ਗੋਦ। ਅਧਿਕ ਦੁਲਾਰਤਿ ਕਰੇ ਪ੍ਰਮੋਦ।
ਤੀਨ ਨਿਸਾ ਬਸਿ ਪਹੁੰਚੇ ਜਾਇ। ਸੰਗ ਮਸੰਦ ਦਾਸ ਸਮੁਦਾਇ॥ ੪੭॥

ਧੀਰ ਮੱਲ ਨੂੰ ਉਸ ਗੋਦ ਵਿਚ ਲੈ ਲਿਆ ਤੇ ਬਹੁਤ ਲਾਡ ਪਿਆਰ ਕਰਕੇ ਪ੍ਰਸੰਨ ਹੋਈ। ਤਿੰਨ ਰਾਤਾਂ ਰਾਹ ਵਿਚ ਠਹਿਰ ਕੇ, ਮਸੰਦਾਂ ਅਤੇ ਸਮੂਹ ਸੇਵਕਾਂ ਸਹਿਤ ਉਥੇ ਪਹੁੰਚ ਗਏ॥੪੭॥

ਡੇਰਾ ਕੀਨਿ ਸੈਲ ਕੇ ਤੀਰ। ਤੰਬੂ ਤਾਨ ਥਿਰੇ ਬਰ ਬੀਰ।
ਇਕ ਦੁਇ ਦਿਵਸ ਪ੍ਰਮੁਦਤਿ ਗੁਜ਼ਾਰੇ। ਪੁਰਿ ਹਿਤ ਖੋਜਹਿਂ ਥਾਨ ਨਿਹਾਰੇ॥੪੮॥

ਪਹਾੜਾਂ ਦੇ ਪਾਸ ਜਾ ਕੇ ਡੇਰਾ ਕਰ ਲਿਆ ਤੇ ਤੰਬੂ ਲਾ ਕੇ ਸ੍ਰੇਸ਼ਟ ਸੂਰਬੀਰ ਉਥੇ ਠਹਿਰ ਗਏ। ਇਕ ਦੋ ਦਿਨ ਮਹਾਨ ਅਨੰਦ ਨਾਲ ਗੁਜ਼ਾਰੇ ਤੇ ਨਗਰ ਵਸਾਉਣ ਵਾਸਤੇ ਸਥਾਨ ਵੇਖਦੇ ਰਹੇ॥੪੮॥

ਊਪਰ ਪਰਬਤ ਕੇ ਤਬਿ ਗਏ। ਬੁੱਢਣਸ਼ਾਹ ਬਿਲੋਕਤਿ ਭਏ।
ਸ੍ਰੀ ਨਾਨਕ ਬਚ ਸਿਮਰਤਿ ਸੋਈ। 'ਗੁਰ ਸੁਤ ਆਹਿ ਦੁਗਧ ਲੇ ਜੋਈ॥ ੪੯॥

ਫਿਰ ਪਹਾੜ ਦੇ ਉਤੇ ਗਏ, ਉਥੇ ਬੁੱਢਣ ਸ਼ਾਹ ਨੇ ਵੇਖਿਆ ਤੇ ਉਸ ਨੂੰ ਸ੍ਰੀ ਗੁਰੂ ਨਾਨਕ ਦੇਵ ਦੇ ਬਚਨ ਯਾਦ ਆਏ, "ਗੁਰੂ ਪੁੱਤਰ ਆਇਆ ਹੈ ਜੋ ਮੇਰੇ ਪਾਸੋਂ ਦੁੱਧ ਲਵੇਗਾ॥੪੯॥

ਬ੍ਰਿੱਧ ਮਹਾਂ ਤਨ ਕੋ ਤਬਿ ਤਜਾਗੋਂ। ਸ੍ਰੀ ਗੁਰ ਕੇ ਦਰਸ਼ਨ ਅਨੁਰਾਗੋਂ।
ਘੋਰੇ ਪਰ ਹ੍ਵੈ ਕੈ ਅਸਵਾਰ। ਸ੍ਰੀ ਗੁਰਦਿੱਤਾ ਚਢੇ ਪਹਾਰ॥ ੫੦॥

ਬਹੁਤ ਬ੍ਰਿੱਧ ਹੋ ਗਿਆ ਹਾਂ, ਫਿਰ ਸਰੀਰ ਨੂੰ ਤਿਆਗਾਂਗਾ ਤੇ ਸ੍ਰੀ ਗੁਰੂ ਜੀ ਦੇ ਦਰਸ਼ਨ ਕਰਕੇ ਪ੍ਰਸੰਨ ਹੋਵਾਂਗਾ" ਸ੍ਰੀ ਗੁਰਦਿੱਤਾ ਜੀ ਘੋੜੇ ਤੇ ਸਵਾਰ ਹੋ ਕੇ ਪਹਾੜਾਂ ਦੇ ਉਪਰ ਚੜ੍ਹ ਗਏ॥੫੦॥

ਰੁਛਕ ਪਰੇ ਕਾਨਨ ਕੋ ਹੇਰਾ। ਅਜਾ ਚਰਾਵਤਿ ਸ਼ੇਰ ਬਡੇਰਾ।
ਬੁੱਢਣਸ਼ਾਹ ਪਰੇ ਤਬਿ ਬੈਸਾ। ਤਪ ਮੂਰਤਿ ਧਾਰੀ ਹੁਇ ਜੈਸਾ॥ ੫੧॥

ਥੋੜ੍ਹੀ ਦੂਰ ਜੰਗਲ ਨੂੰ ਵੇਖਿਆ, ਉਥੇ ਇਕ ਵੱਡਾ ਸ਼ੇਰ ਬਕਰੀਆਂ ਚਾਰ ਰਿਹਾ ਸੀ। ਉਸ ਸਮੇਂ ਬੁੱਢਣ ਸਾਹ ਦੂਰ ਬੈਠਾ ਸੀ, ਜਿਵੇਂ ਉਸ ਨੇ ਤਪ ਰੂਪੀ ਮੂਰਤੀ ਧਾਰਨ ਕੀਤੀ ਹੋਵੇ॥੫੧॥

ਪਰਮ ਬ੍ਰਿੱਧ ਜਰਜਰੀ ਸ਼ਰੀਰ। ਪਿਖਿ ਸ੍ਰੀ ਗੁਰਦਿੱਤਾ ਕਹਿ ਧੀਰ।
'ਉਠਹੁ ਸੰਤ ਜੀ ! ਪੈ ਮੁਝ ਦੀਜੈ। ਗੁਰ ਸੁਤ ਅਹੌਂ ਛੁਧਤਿ ਲਖਿ ਲੀਜੈ' ॥੫੨॥

ਬਹੁਤ ਬਜ਼ੁਰਗ ਸੀ ਤੇ ਸਰੀਰ ਬਹੁਤ ਕਮਜ਼ੋਰ ਹੋਇਆ ਸੀ, ਸ੍ਰੀ ਗੁਰਦਿੱਤਾ ਜੀ ਨੇ ਵੇਖ ਕੇ ਧੀਰਜ ਨਾਲ ਕਿਹਾ, "ਹੇ ਸੰਤ ਜੀ ! ਉਠੋ ਤੇ ਮੈਨੂੰ ਦੁੱਧ ਦੇਵੋ, ਮੈਂ ਗੁਰੂ ਜੀ ਦਾ ਪੁੱਤਰ ਹਾਂ ਤੇ ਮੈਨੂੰ ਭੁੱਖਾ ਸਮਝ ਲਵੋ" ॥੫੨॥

ਬਾਨੀ ਸੁਨਤਿ ਅਨੰਦ ਬਿਲੰਦੇ। ਉਠਿ ਤੂਰਨ ਹੀ ਜੁਗ ਪਦ ਬੰਦੇ।
ਗਹਿ ਰਕਾਬ ਕੋ ਤਰੇ ਉਤਾਰੇ। ਬੈਠਾਰੇ ਤ੍ਰਿਣ ਛਿਤ ਕੁਛ ਡਾਰੇ॥ ੫੩॥

ਇਹ ਸ਼ਬਦ ਸੁਣ ਕੇ ਬਾਬਾ ਬੁੱਢਣ ਸਾਹ ਬਹੁਤ ਪ੍ਰਸੰਨ ਹੋਇਆ ਤੇ ਉਠ ਕੇ ਤੁਰਤ ਦੋਵੇਂ ਹੱਥ ਜੋੜੇ ਤੇ ਘੋੜੇ ਦੀਆਂ ਰਕਾਬਾਂ ਫੜ ਕੇ ਥੱਲੇ ਉਤਾਰ ਲਿਆ। ਧਰਤੀ ਤੇ ਕੁਝ ਘਾਹ ਫੂਸ ਵਿਛਾ ਕੇ ਉਤੇ ਬਿਠਾ ਲਿਆ॥੫੩॥

ਆਨਿ ਅਜਾ ਕੋ ਦੁਗਧ ਪਿਲਾਯੋ। ਪੂਰਬ ਕੋ ਪ੍ਰਸੰਗ ਸਭਿ ਗਾਯੋ।
ਸ੍ਰੀ ਗੁਰਦਿੱਤੇ ਸੁਨਿ ਕਰਿ ਕਹ੍ਯੋ। 'ਨਗਰ ਬਸਾਵਨਿ ਕੋ ਹਮ ਚਹ੍ਯੋ॥ ੫੪॥

ਲਿਆ ਕੇ ਬਕਰੀਆਂ ਦਾ ਦੁੱਧ ਪਿਲਾਇਆ ਤੇ ਪਿਛਲਾ ਸਾਰਾ ਪ੍ਰਸੰਗ ਸੁਣਾਇਆ। ਸ੍ਰੀ ਗੁਰਦਿੱਤਾ ਜੀ ਨੇ ਸੁਣ ਕੇ ਕਿਹਾ, ਅਸੀਂ ਨਗਰ ਵਸਾਉਣਾ ਚਾਹੁੰਦੇ ਹਾਂ॥੫੪॥

ਕਹਾਂ ਰਚਹਿਂ ਸੋ ਦੇਹੁ ਬਤਾਈ ?। ਕੁਛ ਆਗਲ ਸੁਧਿ ਕਹੋ ਬੁਝਾਈ।
ਸ੍ਰੀ ਨਾਨਕ ਕੇ ਮੇਲੀ ਅਹੋ। ਚਿਰੰਕਾਲ ਤਪ ਤਾਪਤਿ ਰਹੋ' ॥ ੫੫॥

ਨਗਰ ਕਿਥੇ ਵਸਾਈਏ, ਇਹ ਦੱਸ ਦੇਵੋ ? ਕੁਝ ਆਉਣ ਵਾਲੇ ਸਮੇਂ ਦੀ ਵੀ ਖ਼ਬਰ ਸੁਣਾਓ। ਏਥੇ ਤੁਹਾਡਾ ਗੁਰੂ ਨਾਨਕ ਦੇਵ ਜੀ ਨਾਲ ਮੇਲ ਹੋਇਆ ਹੈ, ਏਥੇ ਬਹੁਤ ਲੰਮੇ ਸਮੇਂ ਤੱਕ ਤਪ ਕਰਦੇ ਰਹੇ ਹੋ" ॥੫੫॥

ਸੁਨਿ ਬੋਲ੍ਯੋ ਤਬਿ ਬੁੱਢਣਸ਼ਾਹੂ। 'ਸਤਿਗੁਰ ਕਹ੍ਯੋ ਸਕਲ ਤੁਮ ਪਾਹੂ।
ਕੁਛਕ ਅਹੈ ਮੋ ਤੇ ਸੁਨਿ ਲੀਜੈ। ਇਸ ਗਿਰ ਨਿਕਟਿ ਨਗਰ ਕੋ ਕੀਜੈ॥ ੫੬॥

ਇਹ ਸੁਣ ਕੇ ਬੁੱਢਣ ਸ਼ਾਹ ਬੋਲਿਆ, "ਸਤਿਗੁਰੂ ਜੀ ਨੇ ਸਾਰੀ ਗੱਲ ਤੁਹਾਡੇ ਪਾਸ ਕਹੀ ਹੈ, ਕੁਝ ਮੈਥੋਂ ਵੀ ਸੁਣ ਲਵੋ, ਇਸ ਪਹਾੜ ਦੇ ਨੇੜੇ ਨਗਰ ਨੂੰ ਵਸਾਓ ॥੫੬॥

ਇਹਾਂ ਨਿਵਾਸ ਤੁਮਾਰੋ ਹੋਇ। ਸ੍ਰੀ ਗੁਰੂ ਸੰਗ ਆਇ ਸਭਿ ਕੋਇ।
ਕਰਿ ਸੰਗ੍ਰਾਮ ਪਹੂਚਹਿਂ ਇਹਾਂ। ਹੋਹਿਂ ਤੁਰਕ ਸੰਘਾਰਨ ਮਹਾਂ॥ ੫੭॥

ਏਥੇ ਤੁਹਾਡਾ ਨਿਵਾਸ ਹੋਣਾ ਚਾਹੀਦਾ ਹੈ, ਸ੍ਰੀ ਗੁਰੂ ਜੀ ਨਾਲ ਸਾਰੇ ਏਥੇ ਆਉਣਗੇ, ਯੁੱਧ ਕਰਕੇ ਸਾਰੇ ਏਥੇ ਪਹੁੰਚ ਜਾਣਗੇ, ਉਹ ਬਹੁਤ ਤੁਰਕਾਂ ਦਾ ਵਿਨਾਸ਼ ਕਰਨਗੇ॥੫੭॥

ਤਨ ਤਜਿ ਗੁਰ ਪਰਲੋਕ ਪਧਾਰੈਂ। ਤੁਮਰੋ ਸੁਤ ਬਹੁ ਸੁਜਸੁ ਬਿਥਾਰੈ।
ਪੁਰਿ ਮਹਿਂ ਬਾਸਹਿਂਗੇ ਚਿਰਕਾਲ। ਸਿੱਖੀ ਕੋ ਬਿਸਤਰਹਿਂ ਬਿਸਾਲ॥ ੫੮॥

ਸਰੀਰ ਛੱਡ ਕੇ ਗੁਰੂ ਜੀ ਪਰਲੋਕ ਚਲੇ ਜਾਣਗੇ ਤੇ ਤੁਹਾਡੇ ਪੁੱਤਰ ਸ੍ਰੇਸ਼ਟ ਜੱਸ ਫੈਲਾਉਣਗੇ, ਉਹ ਨਗਰ ਵਿਚ ਬਹੁਤ ਦੇਰ ਤਕ ਵੱਸਣਗੇ ਤੇ ਸਿੱਖੀ ਦਾ ਵਿਸ਼ਾਲ ਵਿਸਥਾਰ ਕਰਨਗੇ॥੫੮॥

ਸ੍ਰੀ ਨਾਨਕ ਬਚ ਸਿਮਰਨ ਧਰੌਂ। ਸ੍ਰੀ ਹਰਿ ਗੋਵਿੰਦ ਦਰਸ਼ਨ ਕਰੌਂ।
ਗੁਰ ਕਰੁਨਾ ਤੇ ਕੀਨਿ ਕਮਾਈ। ਨਿਕਟਿ ਪਹੂਚੌਂ ਚਰਨ ਮਨਾਈ' ॥ ੫੯॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਚਨਾਂ ਨੂੰ ਯਾਦ ਕਰਦਾ ਹਾਂ, ਸ੍ਰੀ ਹਰਿਗੋਬਿੰਦ ਜੀ ਦੇ ਦਰਸ਼ਨ ਕਰਾਂਗਾ। ਗੁਰੂ ਜੀ ਦੀ ਕਿਰਪਾ ਨਾਲ ਮੈਂ ਕਮਾਈ ਕੀਤੀ ਹੈ ਤੇ ਉਨ੍ਹਾਂ ਦੇ ਪਾਸ ਪਹੁੰਚ ਕੇ ਚਰਨਾਂ ਦੀ ਪੂਜਾ ਕਰਾਂਗਾ''॥੫੯॥

ਇਮ ਕਹਿ ਰਹ੍ਯੋ ਮੋਨ ਕੋ ਠਾਨਿ। ਸ੍ਰੀ ਗੁਰਦਿੱਤੇ ਸੁਨਿ ਸਭਿ ਕਾਨ।
ਉਤਰੇ ਗਿਰ ਤੇ ਤਬਿ ਚਲਿ ਆਇ। ਲਗੇ ਬਿਲੋਕਨਿ ਥਾਨ ਸੁਹਾਇ॥੬੦॥

ਇਸ ਤਰ੍ਹਾਂ ਕਹਿ ਕੇ ਚੁੱਪ ਧਾਰਨ ਕਰ ਲਈ। ਸ੍ਰੀ ਗੁਰਦਿੱਤੇ ਜੀ ਨੇ ਸਾਰੀ ਗੱਲ ਆਪਣੇ ਕੰਨਾਂ ਨਾਲ ਸੁਣ ਕੇ ਪਹਾੜ ਤੋਂ ਉਤਰ ਕੇ ਚਲ ਕੇ ਥੱਲੇ ਆ ਗਏ ਤੇ ਸੁੰਦਰ ਥਾਂ ਨੂੰ ਵੇਖਣ ਲੱਗੇ॥੬੦॥

ਕਾਰੀਗਰ ਮਜੂਰ ਬੁਲਿਵਾਏ। ਸੱਤਿਨਾਮ ਕਹਿ ਗੁਰੂ ਮਨਾਏ।
ਬਾਂਟ੍ਯੋ ਸਭਿ ਮਹਿਂ ਬਹੁ ਮਿਸ਼ਟਾਨ। ਟੱਕ ਲਗਾਯੋ ਅਪਨੇ ਪਾਨ॥ ੬੧॥

ਕਾਰੀਗਰ ਤੇ ਮਜ਼ਦੂਰ ਬੁਲਵਾਏ ਤੇ ਸਤਿਨਾਮ ਕਹਿ ਕੇ ਗੁਰੂ ਸਾਹਿਬਾਨ ਦੀ ਆਰਾਧਣਾ ਕੀਤੀ ਤੇ ਫਿਰ ਸਭ ਵਿਚ ਬਹੁਤ ਮਿੱਠਾ ਵਰਤਾਇਆ ਤੇ ਆਪਣੇ ਹੱਥਾਂ ਨਾਲ ਨਵੇਂ ਨਗਰ ਦਾ ਟੱਕ ਲਾਇਆ॥੬੧॥

ਰਚਨ ਲਗੇ ਕਾਰੀਗਰ ਘਨੇ। ਸੁੰਦਰ ਮੰਦਿਰ ਬਹੁ ਬਿਧਿ ਚਿਨੇ।
ਜਹਿਂ ਕਹਿਂ ਤੇ ਗਨ ਲੋਕ ਬਸਾਏ। ਗੁਰਪੁਰਿ ਜਾਨਿ ਭਏ ਸਮੁਦਾਏ॥ ੬੨॥

ਬਹੁਤ ਕਾਰੀਗਰ ਨਗਰ ਦੀ ਚਿਣਾਈ ਕਰਨ ਲੱਗੇ, ਸੁੰਦਰ ਘਰ ਬਹੁਤ ਵਿਧੀਆਂ ਨਾਲ ਬਣਾਏ। ਜਿਥੋਂ ਕਿਥੋਂ ਲਿਆ ਕੇ ਉਥੇ ਲੋਕ ਵਸਾਏ, ਗੁਰੂ ਜੀ ਦੀ ਨਗਰੀ ਜਾਣ ਕੇ ਬਹੁਤ ਲੋਕ ਜੁੜ ਗਏ॥੬੨॥

ਸ੍ਰੀ ਗੁਰਦਿੱਤਾ ਸਭਿ ਸੁਖ ਦੈ ਕੈ। ਨਰ ਸਕੇਲਿ ਕਰਿ ਤਹਾਂ ਬਸੈਕੈ।
ਬਸੇ ਆਪ ਭੀ ਬਹੁ ਸੁਖ ਪਾਇ। ਸਭਿ ਕੀ ਸੁਧਿ ਸੰਭਾਰਿ ਚਿਤ ਲਾਇ॥੬੩॥

ਸ੍ਰੀ ਗੁਰਦਿੱਤਾ ਜੀ ਨੇ ਸਭ ਪ੍ਰਕਾਰ ਦੇ ਸੁਖ ਦੇ ਕੇ, ਮਨੁੱਖ ਇਕੱਠੇ ਕਰਕੇ ਉਥੇ ਵਸਾ ਕੇ ਤੇ ਆਪ ਵੀ ਉਥੇ ਨਿਵਾਸ ਕਰਕੇ ਬਹੁਤ ਸੁੱਖ ਪਾਇਆ ਤੇ ਚਿੱਤ ਲਾ ਕੇ ਸਭ ਦੀ ਦੇਖ ਭਾਲ ਕੀਤੀ॥੬੩॥

ਧਰੇ ਗਰਭ ਨੱਤੀ ਬਡਭਾਗਨ। ਬਸਹਿ ਸਦਾ ਪਤਿ ਕੀ ਅਨੁਰਾਗਨ।
ਪਾਤਸ਼ਾਹਿ ਸਪਤਮੇ ਪ੍ਰਸੂਤ। ਬਧਤਿ ਚੰਦ ਸਮ ਗਰਭ ਸਪੂਤ॥ ੬੪॥

ਵੱਡੇ ਭਾਗਾਂ ਵਾਲੀ ਉਨ੍ਹਾਂ ਦੀ ਪਤਨੀ ਨੇ ਗਰਭ ਧਾਰਨ ਕੀਤਾ, ਉਹ ਸਦਾ ਆਪਣੇ ਪਤੀ ਜੀ ਦੇ ਪ੍ਰੇਮ ਵਿਚ ਰਹਿੰਦੀ ਸੀ। ਸ੍ਰੀ ਹਰਿ ਰਾਇ ਜੀ ਨੇ ਅਵਤਾਰ ਧਾਰਨ ਕਰਨਾ ਸੀ ਜਿਹੜੇ ਚੰਦ ਵਾਂਗ ਗਰਭ ਵਿਚ ਵੱਧ ਰਹੇ ਸਨ॥੬੪॥

*ਸੱਤਵੀਂ ਰਾਸ ਦਾ ਨੌਵਾਂ ਅਧਿਆਇ ਸਮਾਪਤ ਹੋਇਆ॥੯॥*

## ਅਧਿਆਇ ਦਸਵਾਂ

### ਵਡਾਲੀ ਵਿਖੇ ਇਕ ਸੂਰ ਦਾ ਉਧਾਰ

ਦੋਹਰਾ- ਧਾਰ੍ਯੋ ਗਰਭ ਸਪੁੱਤ੍ਰ ਕੋ ਬਧ੍ਯੋ ਸੁ ਅਧਿਕ ਅਨੰਦ।
ਸ੍ਰੀ ਗੁਰਦਿੱਤਾ ਚਿਤ ਵਿਖੈ ਚਿਤਵ੍ਯੋ 'ਅਬਿ ਹੁਇ ਨੰਦ॥ ੧॥

ਜਦ ਸਪੁੱਤਰ ਦੀ ਪੈਦਾਇਸ਼ ਲਈ ਉਨ੍ਹਾਂ ਦੀ ਪਤਨੀ ਨੇ ਗਰਭ ਧਾਰਨ ਕੀਤਾ ਤਾਂ ਬਹੁਤ ਅਨੰਦ ਵਧਿਆ, ਸ੍ਰੀ ਗੁਰਦਿੱਤਾ ਜੀ ਨੇ ਚਿੱਤ ਵਿਚ ਇਹ ਸੋਚਿਆ, 'ਹੁਣ ਪੁੱਤਰ ਹੀ ਪੈਦਾ ਹੋਵੇਗਾ॥੧॥

ਚੌਪਈ- ਇਸ ਨਮਿੱਤ ਕਰਿ ਨਗਰ ਬਸਾਯਹੁ। 'ਗੁਰੂ ਕੀਰਤਿ ਪੁਰਿ' ਨਾਮ ਅਲਾਯਹੁ।
ਮਨ ਮਹਿਂ ਇਹੀ ਮਨੋਰਥ ਰਾਖਾ। ਇਸੀ ਪੁੱਤ੍ਰ ਹਿਤ ਰਚਿ ਪੁਰਿ ਕਾਂਖਾ ॥੨ ॥

ਇਸ ਦੇ ਵਾਸਤੇ ਇਹ ਨਗਰ ਵਸਾਇਆ ਹੈ ਤੇ 'ਗੁਰੂ ਕੀਰਤਪੁਰ' ਨਾਮ ਰਖਿਆ ਹੈ ਭਾਵ ਗੁਰੂ ਦੇ ਜਸ ਵਾਲਾ ਸ਼ਹਿਰ, ਮਨ ਵਿਚ ਇਹੋ ਮਨੋਰਥ ਰਖਿਆ ਹੈ ਤੇ ਏਸੇ ਪੁੱਤਰ ਵਾਸਤੇ ਨਗਰ ਵਸਾਉਣ ਦੀ ਅਭਿਲਾਸ਼ਾ ਕਰਕੇ ਇਹ ਨਗਰ ਵਸਾਇਆ ਹੈ ॥੨ ॥

ਸੁਖ ਕੇ ਸਹਤ ਬਸੇ, ਦਿਨ ਟਾਰੇ। ਖਿਲਹਿਂ ਅਖੇਰ ਹੋਹਿਂ ਅਸਵਾਰੇ।
ਸੁਭਟ ਸੰਗ ਚਢਿ ਬਿਚਰਹਿਂ ਬਾਹਰ। ਦਿਨ ਪ੍ਰਤਿ ਬਸਜੋ ਨਗਰ ਭਾ ਜ਼ਾਹਰ ॥੩ ॥

ਬੜੇ ਸੁਖ ਨਾਲ ਵਸਦੇ ਸਨ ਤੇ ਦਿਨ ਬਤੀਤ ਕਰ ਰਹੇ ਸਨ ਤੇ ਘੋੜੇ ਤੇ ਅਸਵਾਰ ਹੋ ਕੇ ਸ਼ਿਕਾਰ ਖੇਡਦੇ ਸਨ। ਸੂਰਮਿਆਂ ਨਾਲ ਘੋੜਿਆਂ ਤੇ ਚੜ੍ਹ ਕੇ ਬਾਹਰ ਵਿਚਰਦੇ ਸਨ ਤੇ ਦਿਨ ਪ੍ਰਤੀ ਨਗਰ ਪ੍ਰਗਟ ਰੂਪ ਵਿਚ ਵਸਦਾ ਜਾਂਦਾ ਸੀ ॥੩ ॥

ਉਤ ਸ੍ਰੀ ਹਰਿਗੋਵਿੰਦ ਕੀ ਗਾਥਾ। ਸੁਨਹੁਂ ਸੰਤ ਸਿਖ ਪ੍ਰੀਤੀ ਸਾਥਾ।
ਸੁਭਟਨ ਬ੍ਰਿੰਦ ਸਕੋਲਨਿ ਕਰੈਂ। ਆਯੁਧ ਵਿੱਦਜਾ ਮਹਿਂ ਹਿਤ ਧਰੈਂ॥ ੪ ॥

ਹੇ ਸੰਤ ਅਤੇ ਸਿੱਖ ਸਾਹਿਬਾਨ ਜੀ ! ਉਧਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਕਥਾ ਬੜੇ ਪ੍ਰੇਮ ਨਾਲ ਸੁਣੋ। ਉਹ ਬਹੁਤ ਸੂਰਮਿਆਂ ਨੂੰ ਇਕੱਠੇ ਕਰਦੇ ਸਨ ਤੇ ਸ਼ਸਤਰ ਵਿੱਦਿਆ ਨਾਲ ਪ੍ਰੇਮ ਧਾਰਨ ਕਰਦੇ ਸਨ ॥੪ ॥

ਛੋਰਹਿਂ ਬਾਨ ਤੁਫੰਗਨ ਭਰਿ ਭਰਿ। ਹਤਹਿਂ ਨਿਸ਼ਾਨੋਂ ਆਗੈ ਧਰਿ ਧਰਿ।
ਕਬਹੁਂ ਅਖੇਰ ਬ੍ਰਿੱਤ ਕੋ ਕਰੈਂ। ਮ੍ਰਿਗਨ ਉਧਾਰੈਂ ਪ੍ਰਾਨ ਜਿ ਹਰੈਂ॥ ੫ ॥

ਤੀਰ ਛੱਡਦੇ ਸਨ ਤੇ ਬੰਦੂਕਾਂ ਵਿਚ ਗੋਲੀਆਂ ਭਰ-ਭਰ ਚਲਾਉਂਦੇ ਸਨ ਤੇ ਅੱਗੇ ਧਰ-ਧਰ ਕੇ ਨਿਸ਼ਾਨੇ ਤੇ ਮਾਰਦੇ ਸਨ। ਕਦੀ-ਕਦੀ ਸ਼ਿਕਾਰ ਖੇਡਣ ਚਲੇ ਜਾਂਦੇ ਸਨ ਤੇ ਹਿਰਨਾਂ ਦੇ ਪ੍ਰਾਣ ਦੂਰ ਕਰਕੇ ਉਨ੍ਹਾਂ ਦਾ ਉਧਾਰ ਕਰਦੇ ਸਨ ॥੫ ॥

ਸਿਖ ਸੰਗਤਿ ਚਹੁਂ ਦਿਸ਼ਿ ਤੇ ਆਵਹਿਂ। ਮਨ ਬਾਂਛਤਿ ਗੁਰ ਤੇ ਬਰ ਪਾਵਹਿਂ।
ਕੀਰਤਿ ਕਿਧੌਂ ਮਾਲਤੀ ਫੂਲੀ। ਪੰਕਤਿ ਕਿਧੌਂ ਮਰਾਲਨ ਭੂਲੀ॥ ੬ ॥

ਚਾਰੇ ਪਾਸਿਆਂ ਤੋਂ ਸਿੱਖ ਸੰਗਤ ਆਉਂਦੀ ਸੀ ਤੇ ਗੁਰੂ ਜੀ ਪਾਸੋਂ ਮੂੰਹ ਮੰਗੀਆਂ ਮੁਰਾਦਾਂ ਪਾਉਂਦੀ ਸੀ। ਗੁਰੂ ਜੀ ਦੀ ਕੀਰਤੀ ਮਾਲਤੀ ਦੇ ਫੁੱਲਾਂ ਵਾਂਗ ਖਿੜੀ ਸੀ। ਸਿੱਖਾਂ ਦੀਆਂ ਪੰਗਤਾਂ ਇੰਝ ਲੱਗਦੀਆਂ ਸਨ, ਮਾਨੋਂ ਹੰਸਾਂ ਦੀ ਡਾਰ ਭੁਲ ਗਈ ਹੋਵੇ ॥੬ ॥

ਕਿਧੌਂ ਚੰਦ੍ਰਿਕਾ ਜਗਤ ਬਿਥਾਰੀ। ਪਾਰਸ ਸਮ ਉਚਰਹਿਂ ਨਰ ਨਾਰੀਂ।
ਚਹੁਂਦਿਸ਼ਿ ਮਹਿਂ ਜਹਿਂ ਕਹਾਂ ਸੁਹੇਲੀ। ਰਾਇਬੇਲ ਕੈ ਖਿਰੀ ਚੰਬੇਲੀ॥ ੭ ॥

ਮਾਨੋਂ ਚੰਦਰਮਾ ਦੀ ਰੋਸ਼ਨੀ ਜੱਗ ਵਿਚ ਫੈਲੀ ਹੋਈ ਸੀ, ਸਾਰੇ ਇਸਤਰੀ ਪੁਰਸ਼ ਗੁਰੂ ਜੀ ਨੂੰ ਪਾਰਸ ਤੁਲ ਕਹਿੰਦੇ ਸਨ। ਚਾਰੇ ਪਾਸੇ ਜਿਥੇ ਕਿਥੇ ਸੁਖਦਾਇਕ ਕੀਰਤੀ ਫੈਲੀ ਸੀ ਮਾਨੋਂ ਰਾਇਵੇਲ ਜਾਂ ਚੰਬੇਲੀ ਖਿੜੀ ਹੋਵੇ ॥੭ ॥

ਜੋਧਾ ਗੁਰੂ ਮਹਾਂ ਉਪਕਾਰੀ। ਰਿਦੈ ਗਜਾਨ ਘਨ ਸਦ ਇਕਸਾਰੀ।
ਦੇਸ਼ ਬਿਦੇਸ਼ਨਿ ਸਗਲ ਜਹਾਨ। ਤੁਰਤ ਸਹਾਇਕ ਹੁਇਂ ਸੁਖਦਾਨ॥ ੮ ॥

ਸੂਰਬੀਰ ਗੁਰੂ ਜੀ ਵੱਡੇ ਉਪਕਾਰੀ ਹਨ ਤੇ ਹਿਰਦੇ ਵਿਚ ਗਿਆਨ ਦਾ ਬਦਲ ਸਦਾ ਇਕਸਾਰ ਰਹਿੰਦਾ ਹੈ। ਦੇਸ਼ ਵਿਦੇਸ਼ ਸਾਰੇ ਸੰਸਾਰ ਵਿਚ ਸੁਖ ਦਾਤੇ ਗੁਰੂ ਜੀ ਤੁਰਤ ਸਹਾਇਤਾ ਕਰਦੇ ਹਨ ॥੮ ॥

ਅਨਿਕ ਕਾਮਨਾ ਹਲਤਿ ਮਝਾਰੀ। ਪੂਰਵਹਿਂ ਸਿੱਖਨਿ ਬਿਰਦ ਸੰਭਾਰੀ।
ਪਲਤ ਬਿਖੈ ਨਿਜ ਸੇਵਕ ਸਾਰੇ। ਜਮ ਪੀਰਾ ਤੇ ਲੇਤਿ ਉਬਾਰੇ॥ ੯ ॥

ਇਸ ਲੋਕ ਵਿਚ ਮਨੁੱਖ ਅਨੇਕਾਂ ਕਾਮਨਾਵਾਂ ਧਾਰਨ ਕਰਦੇ ਹਨ ਤੇ ਗੁਰੂ ਜੀ ਆਪਣਾ ਧਰਮ ਸੰਭਾਲ ਕੇ ਸਾਰੀਆਂ ਪੂਰੀਆਂ ਕਰਦੇ ਹਨ ਤੇ ਪਰਲੋਕ ਵਿਚ ਆਪਣੇ ਸਾਰੇ ਸੇਵਕਾਂ ਨੂੰ ਜਮਾਂ ਦੀ ਪੀੜ ਤੋਂ ਬਚਾ ਲੈਂਦੇ ਹਨ॥੯॥

ਜਾਨਹਿਂ ਜਗ ਮਹਿਂ ਪੀਰ ਅਨੇਕ। ਗੁਰ ਬਡ ਸਮਰਥ ਜਲਧਿ ਬਿਬੇਕ।
ਸਿੱਧ ਤਪੇ ਪੰਡਿਤ ਬ੍ਰਹਮਚਾਰੀ। ਪ੍ਰਭੁ ਮਾਰਗ ਕੇ ਜੇ ਹਿਤਕਾਰੀ॥ ੧੦॥

ਜਗ ਵਿਚ ਅਨੇਕਾਂ ਪੀਰ ਗੁਰੂ ਜੀ ਨੂੰ ਵੱਡੇ ਸਮਰੱਥ ਤੇ ਗਿਆਨ ਦਾ ਸਾਗਰ ਜਾਣਦੇ ਹਨ। ਸਿੱਧ, ਤਪੇ, ਪੰਡਿਤ, ਬ੍ਰਹਮਚਾਰੀ ਅਤੇ ਪ੍ਰਭੂ ਮਾਰਗ ਪਾਉਣ ਦੇ ਜਿਹੜੇ ਹਿਤੂ ਹਨ॥੧੦॥

ਨਾਨਾ ਬਿਧਿ ਜੇ ਸ਼ਕਤਿ ਧਰੈਯਾ। ਸਭਿ ਸਤਿਗੁਰੁ ਕੀ ਚਹਤਿ ਸਹੈਯਾ।
ਸ਼ਰਨੀ ਪਰਜੋ ਆਨਿ ਕਰਿ ਜੋਊ। ਦੁਹਿ ਲੋਕਨਿ ਸੁਖ ਪਾਵਤਿ ਸੋਊ॥ ੧੧॥

ਨਾਨਾ ਪ੍ਰਕਾਰ ਦੀਆਂ ਵਿਧੀਆਂ ਨਾਲ ਜਿਨ੍ਹਾਂ ਸ਼ਕਤੀ ਧਾਰਨ ਕੀਤੀ ਹੈ, ਉਹ ਸਾਰੇ ਸਤਿਗੁਰੂ ਜੀ ਦੀ ਸਹਾਇਤਾ ਚਾਹੁੰਦੇ ਹਨ। ਜਿਹੜਾ ਵੀ ਆ ਕੇ ਸ਼ਰਨ ਪੈਂਦਾ ਹੈ, ਉਹ ਦੋਹਾਂ ਲੋਕਾਂ ਵਿਚ ਸੁਖ ਪਾਉਂਦਾ ਹੈ॥੧੧॥

ਬਖਸ਼ੇ ਸ੍ਰੀ ਗੁਰੁ ਅਮਰ ਅਨੇਕ। ਰਾਮਦਾਸ ਗੁਰ ਦੀਨਿ ਬਿਬੇਕ।
ਸ੍ਰੀ ਅਰਜਨ ਤੇ ਗਜਾਨ ਜਿ ਲਹੇ। ਇਨਹੁਂ ਬਿਖੇ ਜੀਵਤਿ ਜੇ ਰਹੇ॥ ੧੨॥

ਸ੍ਰੀ ਗੁਰੂ ਅਮਰਦਾਸ ਜੀ ਨੇ ਅਨੇਕ ਬਖਸ਼ਿਸ਼ਾਂ ਕੀਤੀਆਂ ਸਨ, ਸ੍ਰੀ ਗੁਰੂ ਰਾਮਦਾਸ ਜੀ ਨੇ ਬਹੁਤ ਗਿਆਨ ਦਿੱਤਾ ਸੀ। ਜਿਨ੍ਹਾਂ ਨੇ ਗੁਰੂ ਅਰਜਨ ਦੇਵ ਪਾਸੋਂ ਗਿਆਨ ਪ੍ਰਾਪਤ ਕੀਤਾ, ਉਨ੍ਹਾਂ ਵਿਚ ਜਿਹੜੇ ਜੀਊਂਦੇ ਰਹਿ ਗਏ ਹਨ॥੧੨॥

ਸਭਿ ਆਵਹਿਂ ਗੁਰ ਕੇ ਦਰਬਾਰ। ਦਰਸ਼ਨ ਪਰਸਿ ਲਹੈਂ ਸੁਖਸਾਰ।
ਕੇਤਿਕ ਗੁਰ ਕੇ ਨਿਕਟਿ ਰਹੰਤੇ। ਕੇਚਤਿ ਘਰ ਦੇਸ਼ਨਿ ਬਿਚਰੰਤੇ॥ ੧੩॥

ਉਹ ਸਾਰੇ ਗੁਰੂ ਜੀ ਦੇ ਦਰਬਾਰ ਵਿਖੇ ਆਉਂਦੇ ਸਨ ਤੇ ਦਰਸ਼ਨ ਕਰਕੇ ਸੁਖ ਪ੍ਰਾਪਤ ਕਰਦੇ ਸਨ। ਕਈ ਗੁਰੂ ਜੀ ਦੇ ਪਾਸ ਰਹਿੰਦੇ ਸਨ, ਕਈ ਆਪਣੇ ਘਰਾਂ ਆਪਣੇ ਦੇਸ਼ਾਂ ਨੂੰ ਚਲੇ ਜਾਂਦੇ ਸਨ॥੧੩॥

ਸਿੱਖਜ ਬਨਾਵਹਿਂ ਜਹਿਂ ਕਹਿਂ ਜਾਇ। ਬਿਸਥਾਰਹਿਂ ਸਿੱਖੀ ਸਭਿ ਥਾਇਂ।
ਭਾਈ ਬਹਿਲੋ ਭਗਤੂ ਆਦਿਕ। ਦੇਸ਼ ਬਿਦੇਸ਼ ਕਰਹਿਂ ਸਿਖ ਸਾਦਿਕ॥ ੧੪॥

ਜਿਥੇ-ਜਿਥੇ ਜਾਕੇ ਸਿੱਖ ਬਣਾਉਂਦੇ ਹਨ ਤੇ ਸਭ ਥਾਈਂ ਜਾ ਕੇ ਸਿੱਖੀ ਦਾ ਵਿਸਥਾਰ ਕਰਦੇ ਹਨ। ਭਾਈ ਬਹਿਲੋ, ਭਾਈ ਭਗਤੂ ਆਦਿ ਦੇਸ਼ਾਂ ਵਿਦੇਸ਼ਾਂ ਵਿਚ ਜਾ ਕੇ ਸਿਦਕ ਵਾਲੇ ਸੱਚੇ ਸਿੱਖ ਬਣਾਉਂਦੇ ਹਨ॥੧੪॥

ਇਮ ਗੁਰ ਸਿੱਖਜਨਿ ਕੇ ਬਹੁ ਸਿੱਖ। ਹੋਹਿਂ ਲਖਹਿਂ ਸਭਿ ਭੂਤ ਭਵਿੱਖ।
ਸਾਹਿਬ ਭਾਨਾ ਗੁਰੁ ਢਿਗ ਰਹੈ। ਸੇਵਤਿ, ਬਾਕ ਸੁਨੈ ਅਰੁ ਕਹੈ॥ ੧੫॥

ਇਸ ਤਰ੍ਹਾਂ ਗੁਰੂ ਜੀ ਦੇ ਸਿੱਖਾਂ ਦੇ ਅੱਗੇ ਬਹੁਤ ਸਿੱਖ ਹਨ, ਸਿੱਖ ਬਣ ਕੇ ਉਹ ਸਭ ਭੂਤ ਭਵਿੱਖ ਸਮਝ ਲੈਂਦੇ ਸਨ। ਬਾਬਾ ਭਾਨਾ ਜੀ ਗੁਰੂ ਜੀ ਦੇ ਪਾਸ ਰਹਿੰਦਾ ਹੈ, ਸੇਵਾ ਕਰਦਾ ਹੈ, ਬਚਨ ਸੁਣਦਾ ਹੈ ਅਤੇ ਕਹਿੰਦਾ ਹੈ॥੧੫॥

ਬ੍ਰਿੰਦ ਮਸੰਦ ਬਿਲੰਦ ਅਨੰਦਤਿ। ਧਨ ਕੋ ਆਨਿ ਗੁਰੂ ਪਦ ਬੰਦਤਿ।
ਚਹੁੰਦਿਸ਼ਿ ਤੇ ਬਹੁ ਗੁਰ ਕੀ ਕਾਰ। ਚਲੀ ਆਇ ਕੁਛ ਵਾਰ ਨ ਪਾਰ॥ ੧੬॥

ਸਮੂਹ ਮਸੰਦ ਬਹੁਤ ਅਨੰਦਮਈ ਹਨ, ਧਨ ਲਿਆ ਕੇ ਗੁਰੂ ਜੀ ਅੱਗੇ ਭੇਟ ਕਰਕੇ ਚਰਨ ਕੰਵਲਾਂ ਤੇ ਬੰਦਨਾ ਕਰਦੇ ਹਨ, ਚਾਰੇ ਪਾਸਿਆਂ ਤੋਂ ਬਹੁਤ ਗੁਰੂ ਕੀ ਕਾਰ ਆਉਂਦੀ ਹੈ, ਚਲੀ ਆਉਂਦੀ ਹੈ ਤੇ ਕੋਈ ਵਾਰ ਨਹੀਂ ਪਾਇਆ ਜਾ ਸਕਦਾ॥੧੬॥

ਤਿਮ ਹੀ ਖਰਚ ਹਮੇਸ਼ ਵਿਸ਼ੇਸ਼ੂ। ਕਾਰ ਚਲਾਇਂ ਮਸੰਦ ਅਸ਼ੇਸ਼ੂ।
ਕਰਹਿਂ ਤੁਰੰਗ ਖਰੀਦਨ ਭਾਰੇ। ਬਰਤਹਿ ਦੇਗ ਅਚਹਿਂ ਨਰ ਸਾਰੇ॥ ੧੭॥

ਉਸ ਤਰ੍ਹਾਂ ਹੀ ਹਮੇਸ਼ਾ ਬਹੁਤ ਖਰਚਾ ਹੁੰਦਾ ਹੈ, ਸਾਰੇ ਕੰਮ ਕਾਜ ਮਸੰਦ ਚਲਾਉਂਦੇ ਹਨ। ਬਹੁਤ ਭਾਰੀ ਘੋੜੇ ਖਰੀਦਦੇ ਹਨ। ਸਦਾ ਲੰਗਰ ਲੱਗਾ ਰਹਿੰਦਾ ਹੈ ਤੇ ਲੋਕ ਭੋਜਨ ਛਕਦੇ ਹਨ॥੧੭॥

ਜਗ ਮਹਿਂ ਦੋਨਹੁਂ ਵਸਤੂ ਸਾਰ। ਦੇਗ਼ ਰੁ ਤੇਗ਼ ਕਰਨਿ ਜੈਕਾਰ।
ਸੋ ਗੁਰ ਘਰ ਮਹਿਂ ਭਈ ਉਦਾਰਾ। ਜਿਹ ਪਿਖਿ ਬਿਸਮ ਰਹਯੋ ਜਗ ਸਾਰਾ॥੧੮॥

ਜਗਤ ਵਿਚ ਦੋਵੇਂ ਸਾਰ ਵਸਤਾਂ ਹਨ, ਜਿਹੜੇ ਦੇਗ ਤੇਗ ਦੀ ਜੈ ਜੈ ਕਾਰ ਕਰਦੇ ਹਨ। ਉਹ ਦੋਵੇਂ ਵਸਤਾਂ ਗੁਰੂ ਘਰ ਵਿਚ ਵਿਸ਼ਾਲ ਸਨ, ਜਿਸ ਨੂੰ ਵੇਖ ਕੇ ਸਾਰਾ ਜੱਗ ਹੈਰਾਨ ਹੋ ਰਿਹਾ ਹੈ॥੧੮॥

ਇਕ ਦਿਨ ਸਤਿਗੁਰ ਚਢੇ ਸ਼ਿਕਾਰ। ਭਏ ਸੰਗ ਤਬਿ ਸੁਭਟ ਹਜ਼ਾਰ।
ਬਿਧੀਆ, ਜੇਠਾ, ਸਾਹਿਬ ਭਾਨਾ। ਸਾਧੂ ਪੈਂਦੇਖਾਨ ਪਯਾਨਾ॥ ੧੯॥

ਇਕ ਦਿਨ ਸਤਿਗੁਰੂ ਜੀ ਸ਼ਿਕਾਰ ਖੇਡਣ ਗਏ, ਉਸ ਵੇਲੇ ਉਨ੍ਹਾਂ ਨਾਲ ਇਕ ਹਜ਼ਾਰ ਸੂਰਮੇ ਸਨ। ਬਿਧੀ ਚੰਦ, ਜੇਠਾ, ਬਾਬਾ ਭਾਨਾ ਜੀ, ਭਾਈ ਸਾਧੂ ਅਤੇ ਪੈਂਦੇ ਖਾਨ ਵੀ ਨਾਲ ਗਏ॥੧੯॥

ਇੱਤਯਾਦਿਕ ਸਭਿ ਗੁਰ ਕੇ ਸੰਗ। ਚਲੇ ਕੁਦਾਵਤਿ ਚਪਲ ਤੁਰੰਗ।
ਪ੍ਰਾਤਿ ਹੁਤੀ ਬਿਚਰੇ ਉਦਿਯਾਨ। ਜਬਿ ਲੌ ਘਾਮ ਨ ਭਯੋ ਮਹਾਨ॥ ੨੦॥

ਇੱਤਿਆਦਿ ਸਭ ਗੁਰੂ ਜੀ ਦੇ ਨਾਲ ਸਨ, ਸਾਰੇ ਚੰਚਲ ਘੋੜਿਆਂ ਨੂੰ ਟਪਾਉਂਦੇ ਜਾ ਰਹੇ ਸਨ। ਸਵੇਰ ਦਾ ਸਮਾਂ ਸੀ, ਜੰਗਲ ਵਿਚ ਦਾਖਲ ਹੋ ਗਏ, ਜਦ ਤਕ ਬਹੁਤ ਗਰਮੀ ਨਾ ਹੋ ਗਈ॥੨੦॥

ਹਨੇ ਸਸੇ ਸੂਕਰ ਉਠਿਵਾਏ। ਗ੍ਰਾਮ ਵਡਾਲੀ ਕੋ ਚਲਿ ਆਏ।
ਜਾਨਿ ਤਪਤ ਕੋ ਉਤਰ ਪਰੇ ਹੈਂ। ਨਾਨਾ ਭਾਂਤਿ ਅਹਾਰ ਕਰੇ ਹੈਂ॥ ੨੧॥

ਮਾਰੇ ਹੋਏ ਸਹੇ ਅਤੇ ਸੂਰ ਉਠਵਾ ਲਏ ਤੇ ਵਡਾਲੀ ਪਿੰਡ ਨੂੰ ਚਲ ਕੇ ਆ ਗਏ। ਗਰਮੀ ਜਾਣ ਕੇ ਘੋੜਿਆਂ ਤੋਂ ਉਤਰ ਆਏ ਤੇ ਕਈ ਪ੍ਰਕਾਰ ਦੇ ਭੋਜਨ ਛਕੇ॥੨੧॥

ਸ੍ਰੀ ਹਰਿ ਗੋਵਿੰਦ ਜਨਮ ਸਥਾਨ। ਜਿਸ ਦੇਖਨਿ ਤੇ ਪੁੰਨ ਮਹਾਨ।
ਗਏ ਸਕਲ ਹੀ ਦਰਸ਼ਨ ਕਰਿਬੇ। ਬੰਦਨ ਕਰਹਿਂ ਭਾਉ ਵਡ ਧਰਿਬੇ॥੨੨॥

ਉਹ ਪਿੰਡ ਗੁਰੂ ਜੀ ਦਾ ਜਨਮ ਸਥਾਨ ਹੈ, ਜਿਸ ਦੇ ਦਰਸ਼ਨ ਕਰਨ ਨਾਲ ਵੱਡਾ ਪੁੰਨ ਪ੍ਰਾਪਤ ਹੁੰਦਾ ਹੈ। ਸਾਰਿਆਂ ਨੇ ਉਸ ਸਥਾਨ ਦੇ ਦਰਸ਼ਨ ਕੀਤੇ, ਵੱਡੀ ਪ੍ਰੇਮ ਭਾਵਨਾ ਧਾਰ ਕੇ ਬੰਦਨਾ ਕਰਦੇ ਸਨ॥੨੨॥

ਭਾਨਾ, ਸਾਧੂ ਆਦਿਕ ਜਾਇ। ਭਈ ਭੀਰ ਪਿਖਿ ਆਨੰਦ ਪਾਇ।
ਸਭਿਨਿ ਸੁਨਾਇ ਗੁਰੂ ਤਬਿ ਕਹੇ। 'ਇਹ ਠਾਂ ਜਨਮ ਸੁ ਖੇਲਤਿ ਰਹੇ॥੨੩॥

ਬਾਬਾ ਭਾਨਾ ਜੀ, ਭਾਈ ਸਾਧੂ ਜੀ ਆਦਿ ਵੀ ਗਏ, ਉਥੇ ਬਹੁਤ ਭੀੜ ਹੋ ਗਈ, ਸਾਰਿਆਂ ਨੇ ਦਰਸ਼ਨ ਕਰਕੇ ਸੁਖ ਪਾਇਆ। ਸਾਰਿਆਂ ਨੂੰ ਸੁਣਾ ਕੇ ਫਿਰ ਗੁਰੂ ਜੀ ਨੇ ਕਿਹਾ, 'ਇਸ ਥਾਂ ਸਾਡਾ ਜਨਮ ਹੋਇਆ ਸੀ ਤੇ ਛੋਟੇ ਹੁੰਦੇ ਖੇਡਦੇ ਰਹੇ ਹਾਂ॥੨੩॥

ਰਿੰਙਮਾਣ ਹੁਇ ਅਜਰ ਬਿਹਾਰੇ। ਸਨੇ ਸਨੇ ਚਲਿ ਪਗ ਬਲ ਧਾਰੇ'।
ਸੁਨਿ ਭਾਨੇ ਕਰ ਜੋਰਿ ਬਖਾਨਾ। 'ਜਿਮ ਬ੍ਰਿਜ ਬਿਚਰੇ ਪਾਵਨ ਥਾਨਾ॥੨੪॥

ਇਸ ਵਿਹੜੇ ਵਿਚ ਅਸੀਂ ਰਿੜ੍ਹਦੇ ਹੁੰਦੇ ਸੀ, ਹੌਲੀ-ਹੌਲੀ ਚਲ ਕੇ ਪੈਰਾਂ ਨੇ ਬਲ ਧਾਰਿਆ।'' ਇਹ ਸੁਣ ਕੇ ਭਾਨੇ ਨੇ ਹੱਥ ਜੋੜ ਕੇ ਕਿਹਾ, ''ਜਿਵੇਂ ਕ੍ਰਿਸ਼ਨ ਦੇ ਰੂਪ ਵਿਚ ਪਵਿੱਤਰ ਸਥਾਨ ਬ੍ਰਿਜ ਵਿਚ ਵਿਚਰਦੇ ਰਹੇ ਸੀ॥੨੪॥

ਤਥਾ ਭੂਮਿਕਾ ਇਹੀ ਸੁਹਾਵੈ। ਦਰਸ਼ਨ ਤੇ ਅਘ ਓਘ ਨਸਾਵੈਂ।
ਤਹਾਂ ਟਿਕੇ ਕੀਨਸਿ ਬਿਸਰਾਮੂ। ਜਬਿ ਦਿਨ ਰਹਜੋ ਸਵਾ ਇਕ ਜਾਮੂ॥੨੫॥

ਉਸ ਤਰ੍ਹਾਂ ਦੀ ਭੂਮਿਕਾ ਏਥੇ ਵੀ ਸ਼ੋਭਦੀ ਹੈ, ਦਰਸ਼ਨ ਕਰਨ ਨਾਲ ਪਾਪ ਸੰਤਾਪ ਦੂਰ ਹੋ ਜਾਂਦੇ ਹਨ।'' ਉਥੇ ਠਹਿਰ ਕੇ ਵਿਸ਼ਰਾਮ ਕੀਤਾ। ਜਦ ਦਿਨ ਸਵਾ ਪਹਿਰ ਰਹਿ ਗਿਆ॥੨੫॥

ਕੂਪ ਛਿਹਰਠੇ ਕੋ ਚਲਿ ਗਏ। ਜਲ ਪਾਨ ਕਰਿ ਸੌਚਨ ਕਿਏ।
ਅਧਿਕ ਘਾਮ ਤੇ ਕਰਹਿਂ ਸ਼ਨਾਨ। ਜਲ ਸਰੀਰ ਪਰ ਪਾਇ ਮਹਾਨ॥੨੬॥

ਛਿਹਰਟੇ-ਖੂਹ ਕੋਲ ਚਲੇ ਗਏ, ਜਲ ਪਾਣੀ ਛੱਕ ਪਵਿੱਤਰ ਹੋਏ। ਫਿਰ ਬਹੁਤ ਗਰਮੀ ਹੋਣ ਕਰਕੇ ਇਸ਼ਨਾਨ ਕੀਤਾ ਤੇ ਸਰੀਰ ਉਤੇ ਬਹੁਤ ਜਲ ਪਾਇਆ॥੨੬॥

ਨਿਰਮਲ ਤੇ ਬਹੁ ਸੀਤਲ ਭਏ। ਮਨ ਭਾਵਤਿ ਜਲ ਊਪਰ ਪਏ।
ਬਸਤ੍ਰ ਸ਼ਸਤ੍ਰ ਪਹਿਰਤਿ ਸਵਧਾਨ। ਸ਼ੋਭਤਿ ਸੁਭਟਨ ਸਾਥ ਮਹਾਨ॥੨੭॥

ਨਿਰਮਲ ਤੇ ਬਹੁਤ ਸੀਤਲ ਹੋ ਗਏ, ਮਨ-ਭਾਉਂਦਾ ਜਲ ਆਪਣੇ ਉਪਰ ਪਾਇਆ। ਫਿਰ ਬਸਤਰ ਸ਼ਸਤਰ ਪਹਿਣ ਕੇ ਸਾਵਧਾਨ ਹੋ ਗਏ ਤੇ ਯੋਧਿਆਂ ਨਾਲ ਬਹੁਤ ਸ਼ੋਭ ਰਹੇ ਸਨ॥੨੭॥

ਇਕ ਰਾਹਕ ਚਲਿ ਕਰਿ ਤਬਿ ਆਯੋ। ਹਾਥ ਜੋਰਿ ਕਰਿ ਬਾਕ ਸੁਨਾਯੋ।
'ਮਹਾਂਰਾਜ ! ਇਕ ਸੂਕਰ ਭਾਰਾ। ਕਰਹਿ ਸਦਾ ਕ੍ਰਿਖਿ ਬ੍ਰਿੰਦ ਉਜਾਰਾ॥੨੮॥

ਇਕ ਕਿਸਾਨ ਤਦ ਚਲ ਕੇ ਆਇਆ, ਹੱਥ ਜੋੜ ਕੇ ਉਹ ਬੋਲਿਆ, ''ਮਹਾਰਾਜ! ਇਕ ਬਹੁਤ ਵੱਡਾ ਸੂਰ ਹੈ, ਉਹ ਸਦਾ ਹੀ ਫਸਲ ਦਾ ਉਜਾੜਾ ਕਰਦਾ ਹੈ॥੨੮॥

ਸ੍ਰੀ ਹਰਿਗੋਵਿੰਦ ਸੁਨਤਿ ਅਨੰਦੇ। ਚਢੇ ਤੁਰੰਗਮ ਬਲੀ ਬਿਲੰਦੇ।
ਰਾਹਕ ਆਗੈ ਕੀਨਿ ਪਯਾਨੇ। ਸੁਭਟ ਪਿਛਾਰੀ ਚਢਿ ਪ੍ਰਸਥਾਨੇ॥੨੯॥

ਸ੍ਰੀ ਹਰਿਗੋਬਿੰਦ ਜੀ ਸੁਣਕੇ ਪ੍ਰਸੰਨ ਹੋਏ, ਆਪਣੇ ਸ਼ਕਤੀਸ਼ਾਲੀ ਘੋੜੇ ਤੇ ਚੜ੍ਹ ਪਏ। ਉਸ ਕਿਸਾਨ ਨੂੰ ਆਪਣੇ ਅੱਗੇ ਲਾ ਲਿਆ ਤੇ ਸਾਰੇ ਸੂਰਬੀਰ ਘੋੜਿਆਂ ਤੇ ਸਵਾਰ ਹੋ ਕੇ ਪਿੱਛੇ-ਪਿੱਛੇ ਆ ਗਏ॥੨੯॥

ਝਾਰ ਤਰੇ ਥਿਰ ਜਾਇ ਨਿਹਾਰਾ। ਸੁਨਤਿ ਸ਼ਬਦ ਸੂਕਰ ਭਭਕਾਰਾ।
ਨਿਕਸਿ ਵਹਿਰ ਕੋ ਭਾਜਜੋ ਘਨੋ। ਸ੍ਰੀ ਹਰਿਗੋਵਿੰਦ ਮਘਵਾ ਮਨੋ॥੩੦॥

ਇਕ ਝਾੜੀ ਦੇ ਥੱਲੇ ਖਲੋਤਾ ਹੋਇਆ ਵੇਖਿਆ, ਆਵਾਜ਼ ਸੁਣ ਕੇ ਸੂਰ ਭਭਕਿਆ। ਬਾਹਰ ਨਿਕਲ ਕੇ ਬਹੁਤ ਤੇਜ਼ ਭੱਜ ਉਠਿਆ। ਸ੍ਰੀ ਹਰਿਗੋਬਿੰਦ ਜੀ ਮਾਨੋਂ ਇੰਦਰ ਦੇਵਤਾ ਸਨ॥੩੦॥

ਗ੍ਰਸਜੋ ਚੰਦ ਕੋ ਦੌਰਜੋ ਰਾਹੂ। ਚਹਤਿ ਛੁਰਾਇ ਨ ਛੋਰਹਿ ਤਾਹੂ।
ਤਬਿ ਸਤਿਗੁਰ ਪੈਂਦਾ ਲਲਕਾਰਾ। 'ਜਾਨ ਨ ਪਾਵੈ ਸੂਕਰ ਭਾਰਾ॥੩੧॥

ਚੰਦ੍ਰਮਾਂ ਨੂੰ ਗ੍ਰੱਸ ਕੇ ਜਿਵੇਂ ਰਾਹੂ ਦੌੜਿਆ ਸੀ ਤਿਵੇਂ ਰਾਹੂ ਰੂਪੀ ਸੂਰ ਦੌੜਿਆ। ਤਦ ਗੁਰੂ ਜੀ ਨੇ ਪੈਂਦੇ ਖਾਨ ਨੂੰ ਲਲਕਾਰਿਆ ਤੇ ਕਿਹਾ, ''ਇਹ ਭਾਰੀ ਸੂਰ ਕਿਤੇ ਭੱਜ ਨਾ ਜਾਵੇ''॥੩੧॥

ਸ੍ਰੀ ਗੁਰ ਕਰਜੋ ਤੁਰੰਗਮ ਧੀਰਾ। ਬੇਗ ਕਰਜੋ ਪੈਂਦੇ ਬਰ ਬੀਰਾ।
ਕੇਤਿਕ ਦੂਰ ਪਿਛਾਰੀ ਗਯੋ। ਕਰੇ ਨੇਰ ਸੂਕਰ ਥਿਰ ਭਯੋ॥ ੩੨॥

ਸ੍ਰੀ ਗੁਰੂ ਜੀ ਨੇ ਘੋੜੇ ਨੂੰ ਹੌਲੀ ਕੀਤਾ, ਸ੍ਰੇਸ਼ਟ ਸੂਰਬੀਰ ਪੈਂਦੇ ਖਾਂ ਨੇ ਬਹੁਤ ਫੁਰਤੀ ਕੀਤੀ। ਕੁਝ ਦੂਰ ਤਕ ਉਹ ਸੂਰ ਦੇ ਪਿੱਛੇ-ਪਿੱਛੇ ਗਿਆ, ਜਦ ਨੇੜੇ ਗਿਆ ਤਾਂ ਸੂਰ ਖਲੋ ਗਿਆ॥੩੨॥

ਤੋਮਰ ਹਿਤ ਮਾਰਨ ਸੰਭਾਰਾ। ਰਿਸਜੋ ਕੋਲ ਅਰ ਰਹਜੋ ਜੁਝਾਰਾ।
ਘੁਰ ਘੁਰ ਕਰਤਿ ਸਮੁਖ ਕੋ ਆਯੋ। ਲਗਜੋ ਨ ਪੈਂਦ ਪ੍ਰਹਾਰ ਚਲਾਯੋ॥ ੩੩॥

ਮਾਰਨ ਵਾਸਤੇ ਨੇਜ਼ੇ ਨੂੰ ਸੰਭਾਲਿਆ, ਸੂਰ ਕ੍ਰੋਧ ਵਿਚ ਆਇਆ ਪਰ ਸੂਰਮਾ ਅੜਿਆ ਰਿਹਾ। ਸੂਰ ਘੁਰ-ਘੁਰ ਕਰਦਾ ਸਾਹਮਣੇ ਵੱਲ ਆਇਆ। ਜਿਹੜਾ ਪੈਂਦੇ ਖਾਂ ਨੇ ਵਾਰ ਕੀਤਾ ਉਹ ਸੂਰ ਨੂੰ ਨਾ ਲੱਗਿਆ॥੩੩॥

ਹਯ ਕੇ ਕਰੀ ਚੋਟ ਤਤਕਾਲਾ। ਘਾਇਲ ਹ੍ਵੈ ਨਹਿਂ ਗਯੋ ਸੰਭਾਲਾ।
ਬਿਖਮ ਭੂਮਿਕਾ ਮਹਿਂ ਤਬਿ ਘੋਰਾ। ਡਰ ਪਥਕਜੋ ਪਿਖਿ ਸੂਕਰ ਘੋਰਾ॥ ੩੪॥

ਪਰ ਘੋੜੇ ਨੂੰ ਉਸ ਤੁਰਤ ਸੱਟ ਲਾ ਦਿੱਤੀ, ਉਹ ਜ਼ਖਮੀ ਹੋ ਗਿਆ ਤੇ ਸੰਭਲ ਨਾ ਸਕਿਆ। ਤਦ ਔਖੀ ਥਾਂ ਵਿਚ ਫੱਸਿਆ ਘੋੜਾ ਭਿਆਨਕ ਸੂਰ ਨੂੰ ਵੇਖ ਕੇ ਤ੍ਰੱਬਕਿਆ॥੩੪॥

ਗਿਰਜੋ ਪੈਂਦਖਾਂ ਨਹਿਨ ਸੰਭਾਰਜੋ। ਗੁਰ ਧਵਾਇ ਹਯ, ਜਬਹਿ ਨਿਹਾਰਜੋ।
ਖੜਗ ਨਿਕਾਸੇ ਜਬਿ ਨਿਯਰਾਵਾ। ਰੁਪਜੋ ਕੋਲ ਸਨਮੁਖ ਹੀ ਆਵਾ॥ ੩੫॥

ਪੈਂਦੇ ਖਾਨ ਡਿੱਗ ਪਿਆ ਤੇ ਆਪਣੇ ਆਪ ਨੂੰ ਸੰਭਾਲ ਨਾ ਸਕਿਆ। ਜਦ ਗੁਰੂ ਜੀ ਨੇ ਵੇਖਿਆ ਤਾਂ ਉਨ੍ਹਾਂ ਆਪਣਾ ਘੋੜਾ ਭਜਾਇਆ, ਤਲਵਾਰ ਕੱਢ ਕੇ ਜਦ ਨੇੜੇ ਆਏ ਤਾਂ ਸੂਰ ਗੁੱਸੇ ਵਿਚ ਆ ਕੇ ਸਾਹਮਣੇ ਆਇਆ॥੩੫॥

ਖਰੀ ਦੂਰ ਸਭਿ ਚਮੂੰ ਨਿਹਾਰੈ। ਗੁਰੂ ਬਿਨਾਂ ਅਬਿ ਕੋ ਨਹਿਂ ਮਾਰੈ।
ਅਤਿਸ਼ੈ ਨਿਕਟਿ ਆਇ ਜਬਿ ਗਯੋ। ਹਤਨ ਪ੍ਰਹਾਰ ਤੁਰੰਗ ਕੋ ਭਯੋ॥ ੩੬॥

ਦੂਰ ਖੜੀ ਸਾਰੀ ਸੈਨਾ ਵੇਖ ਰਹੀ ਸੀ, ਗੁਰੂ ਜੀ ਬਗੈਰ ਹੁਣ ਕੋਈ ਨਹੀਂ ਸੀ ਮਾਰ ਸਕਦਾ। ਜਦ ਬਹੁਤ ਨੇੜੇ ਆ ਗਿਆ ਤਾਂ ਵਾਰ ਕਰਨ ਵਾਸਤੇ ਘੋੜੇ ਨੂੰ ਇਕ ਪਾਸੇ ਕੀਤਾ॥੩੬॥

ਇਕ ਰਕਾਬ ਕੇ ਹੁਇ ਕਰਿ ਭਾਰ। ਸਤਿਗੁਰ ਕੀਨਸਿ ਖੜਗ ਪ੍ਰਹਾਰ।
ਲਗਜੋ ਪ੍ਰਿਸ਼ਟ ਮਹਿਂ ਭਯੋ ਦੁਖੰਡ। ਕਿਮ ਅਟਕਹਿ ਬਲਿ ਤੇਗ ਪ੍ਰਚੰਡ॥ ੩੭॥

ਇਕ ਰਕਾਬ ਤੇ ਭਾਰ ਪਾ ਕੇ ਸਤਿਗੁਰੂ ਜੀ ਨੇ ਤਲਵਾਰ ਦਾ ਵਾਰ ਕੀਤਾ। ਤਲਵਾਰ ਉਸ ਦੀ ਪਿੱਠ ਤੇ ਲੱਗੀ ਤੇ ਸੂਰ ਦੋ ਟੋਟੇ ਹੋ ਗਿਆ। ਤਲਵਾਰ ਦੇ ਪ੍ਰਚੰਡ ਸ਼ਕਤਸ਼ਾਲੀ ਵਾਰ ਅੱਗੇ ਕਿਹੜਾ ਅਟਕ ਸਕਦਾ ਸੀ॥੩੭॥

ਸਾਧੂ ਭਾਨਾ ਤਤਛਿਨ ਆਏ। ਮਾਸਲ ਬਲੀ ਕੋਲ ਦਿਖਰਾਏ।
ਨਿਕਸਿ ਬਦਨ ਤੇ ਅਗਨਿ ਸਰੀਖਾ। ਗੁਰੂ ਅਰ ਇਕ ਭਾਨੇ ਕਹੁ ਦੀਖਾ॥ ੩੮॥

ਭਾਈ ਸਾਧੂ ਤੇ ਬਾਬਾ ਭਾਨਾ ਜੀ ਤੁਰਤ ਆਏ ਤੇ ਮੋਟੇ ਮਾਸ ਵਾਲੇ ਸੂਰ ਨੂੰ ਵੇਖਿਆ। ਸੂਰ ਦੇ ਮੂੰਹ ਵਿਚੋਂ ਕੋਈ ਅੱਗ ਵਰਗਾ ਵਜੂਦ ਨਿਕਲਿਆ। ਗੁਰੂ ਜੀ ਅਤੇ ਦੂਜੇ ਬਾਬਾ ਭਾਨਾ ਜੀ ਨੂੰ ਉਹ ਸਰੀਰ ਦਿਖਾਈ ਦਿੱਤਾ॥੩੮॥

ਸ੍ਰੀ ਹਰਿਗੋਵਿੰਦ ਕੇ ਪਦ ਬੰਦੇ। ਚਲਜੋ ਚਹਤਿ ਚਿਤ ਅਧਿਕ ਅਨੰਦੇ।
ਬੂਝਜੋ ਭਾਨੇ ਸਾਹਿਬ ਤਬੈ। 'ਅਹੈਂ ਕੋਨ? ਮੁਹਿ ਕੋ ਕਹੁ ਸਬੈ'॥ ੩੯॥

ਸ੍ਰੀ ਹਰਿਗੋਬਿੰਦ ਜੀ ਦੇ ਚਰਨਾਂ ਤੇ ਉਸ ਬੰਦਨਾ ਕੀਤੀ, ਚਿੱਤ ਵਿਚ ਬਹੁਤ ਅਨੰਦ ਭਰ ਕੇ ਉਹ ਚਲਣਾ ਚਾਹੁੰਦਾ ਸੀ। ਤਦ ਰਾਬਾ ਭਾਨਾ ਜੀ ਨੇ ਪੁਛਿਆ, "ਤੁਸੀਂ ਕੌਣ ਹੋ? ਮੈਨੂੰ ਇਸ ਬਾਰੇ ਸਭ ਕੁਝ ਦੱਸੋ" ॥੩੯॥

ਸੁਨਿ ਤਿਨ ਅਪਨਿ ਪ੍ਰਸੰਗ ਸੁਨਾਯੋ। ਜਿਸ ਤੇ ਕੋਲ ਜਨਮ ਕੋ ਪਾਯੋ।
'ਸ੍ਰੀ ਅਰਜਨ ਕੋ ਮੈਂ ਸਿਖ ਭਾਰੀ। ਮਾਤ ਗੰਗ ਜਬਿ ਬੀੜ ਪਧਾਰੀ॥ ੪੦॥

ਇਹ ਸੁਣ ਕੇ ਉਸ ਆਪਣਾ ਪ੍ਰਸੰਗ ਸੁਣਾਇਆ, ਜਿਸ ਕਾਰਨ ਉਸ ਸੂਰ ਦੀ ਜੂਨ ਪ੍ਰਾਪਤ ਕੀਤੀ ਸੀ। ਕਹਿਣ ਲੱਗਾ, "ਮੈਂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਭਾਰੀ ਸਿੱਖ ਸੀ, ਮਾਤਾ ਗੰਗਾ ਜੀ ਜਦ ਬੀੜ ਵਿਚ ਆਏ॥੪੦॥

ਗਯੋ ਬਤਾਵਤਿ ਆਗੇ ਤਹਾਂ। ਬ੍ਰਿਧ ਸਾਹਿਬ ਜੀ ਬੈਠੇ ਜਹਾਂ।
ਪਿਖਿ ਸਜੰਦਨ ਕੋ ਗਿਰਾ ਉਚਾਰੀ। 'ਗੁਰ ਘਰ ਨੇ ਭਾਜਤ ਕਿਤ ਧਾਰੀ ?' ॥੪੧॥

ਤਾਂ ਮੈਂ ਦੱਸਣ ਵਾਸਤੇ ਅੱਗੇ ਗਿਆ ਜਿਥੇ ਬਾਬਾ ਬੁੱਢਾ ਜੀ ਬੈਠੇ ਸਨ। ਬਾਬਾ ਬੁੱਢਾ ਜੀ ਨੇ ਵੇਖ ਕੇ ਬਚਨ ਕੀਤਾ, "ਗੁਰੂ ਘਰ ਨੂੰ ਭਾਜੜ ਕਿਵੇਂ ਪੈ ਗਈ ਹੈ ?" ॥੪੧॥

ਸੁਨਿ ਮੈਂ ਕੋਪ ਕੀਨਿ ਲਖਿ ਬੈਠਾ। ਜਾਨਿ ਅਜੋਗ ਨਾਕ ਮੈਂ ਐਂਠਾ।
ਰਾਹਕ ! ਤੂੰ ਗਵਾਰਹੀ ਰਹਜੋ। ਗੁਰ ਘਰ ਨੀਕਹੁ ਸਮੁਝਿਨ ਕਹਜੋ॥ ੪੨॥

ਇਹ ਸੁਣ ਕੇ ਮੈਂ ਬਾਬਾ ਬੁੱਢਾ ਜੀ ਨੂੰ ਬੈਠਾ ਵੇਖ ਕੇ ਗੁੱਸਾ ਕੀਤਾ, ਅਯੋਗ ਜਾਣ ਕੇ ਮੈਂ ਨੱਕ ਵਟਿਆ ਤੇ ਕਿਹਾ, "ਹੇ ਕਿਸਾਨ ! ਤੂੰ ਗਵਾਰ ਹੀ ਰਿਹਾ ਹੈਂ, ਗੁਰੂ ਘਰ ਨੂੰ ਚੰਗਾ ਸਮਝ ਕੇ ਕਿਹਾ ਹੈ॥੪੨॥

ਨਹੀਂ ਸੁਭਾਵ ਜਾਤਿ ਕੋ ਜਾਵੈ। ਉਚਿਤ ਨ ਜਾਨੈ, ਤਊ ਅਲਾਵੈ।
ਪਿਖਿ ਮਮ ਕੋਪ ਸ੍ਰਾਪ ਤਬਿ ਦੀਨਾ। 'ਧਰਹੁ ਨੀਚ ਸੂਕਰ ਤਨ ਪੀਨਾ' ॥੪੩॥

ਜਾਤ [illegible] ਸੁਭਾਅ ਨਹੀਂ ਜਾਂਦਾ ਹੈ, ਉਚਿਤ ਅਨਉਚਿਤ ਜਾਣਦਾ ਨਹੀਂ ਤਦ ਹੀ ਇਸ ਤਰ੍ਹਾਂ ਕਹਿੰਦਾ ਹੈਂ।" ਮੇਰੇ ਕ੍ਰੋਧ ਨੂੰ ਵੇਖ ਕੇ ਬਾਬਾ ਬੁੱਢਾ ਜੀ ਨੇ ਫਿਰ ਸਰਾਪ ਦਿੱਤਾ, "ਨੀਚ ਸੂਰ ਦਾ ਸਰੀਰ ਧਾਰਨ ਕਰੋ" ॥੪੩॥

ਸੁਨਿ ਮੈਂ ਸ੍ਰਾਪ ਰਿਦੇ ਪਛੁਤਾਏ। 'ਬ੍ਰਿਧ ਕੋ ਬਾਕ ਸਾਚ ਹੁਇ ਜਾਏ'।
ਹੋਇ ਦੀਨ ਮੈਂ ਬੂਝ ਫੇਰਾ। 'ਸ੍ਰਾਪ ਅੰਤ ਕਬਿ ਹੁਇ ਹੈ ਮੇਰਾ ?' ॥ ੪੪॥

ਇਹ ਸਰਾਪ ਸੁਣ ਕੇ ਮੈਂ ਹਿਰਦੇ ਵਿਚ ਬਹੁਤ ਪਛੁਤਾਇਆ। ਮੈਨੂੰ ਪਤਾ ਸੀ, "ਬਾਬਾ ਬੁੱਢਾ ਜੀ ਦਾ ਬਚਨ ਸੱਚਾ ਹੋ ਜਾਂਦਾ ਹੈ।" ਦੀਨ ਹੋ ਕੇ ਮੈਂ ਫਿਰ ਪੁਛਿਆ, "ਮੇਰੇ ਇਸ ਸਰਾਪ ਦਾ ਕਦ ਅੰਤ ਹੋਵੇਗਾ ?" ॥੪੪॥

ਮਮ ਬਿਨਤੀ ਸੁਨਿ ਕਰੁਨਾ ਧਰੀ। ਸ੍ਰਾਪ ਅੰਤ ਭਾਖਜੋ ਤਿਸ ਘਰੀ।
'ਸ੍ਰੀ ਗੁਰ ਅਰਜਨ ਕੇ ਹੁਇੰ ਨੰਦ। ਆਯੁਧ ਧਾਰਨਿ ਬਿਖੈ ਬਿਲੰਦ॥ ੪੫॥

ਮੇਰੀ ਬੇਨਤੀ ਸੁਣ ਕੇ ਉਨ੍ਹਾਂ ਕਿਰਪਾ ਕੀਤੀ ਤੇ ਸਰਾਪ ਦੇ ਅੰਤ ਬਾਰੇ ਉਸ ਸਮੇਂ ਉਨ੍ਹਾਂ ਕਿਹਾ, "ਸ੍ਰੀ ਗੁਰੂ ਅਰਜਨ ਦੇਵ ਜੀ ਦੇ ਘਰ ਪੁੱਤਰ ਹੋਣਗੇ, ਉਹ ਮਹਾਨ ਸ਼ਸਤਰ ਧਾਰਨ ਕਰਨਗੇ॥੪੫॥

ਕਰਤਿ ਅਖੇਰ ਤੋਹਿ ਕਹੁ ਮਾਰੈਂ। ਤਨ ਬਿਰਾਹ ਤੇ ਤਬਹਿ ਉਧਾਰੈਂ।
ਤਬਿ ਕੋ ਮੈਂ ਸੂਕਰ ਤਨ ਪਾਇ। ਬਿਚਰਤਿ ਰਹਜੋ ਵਡਾਲੀ ਥਾਇਂ॥ ੪੬॥

ਉਹ ਸ਼ਿਕਾਰ ਖੇਡਣ ਗਏ ਤੈਨੂੰ ਮਾਰਨਗੇ, ਸੂਰ ਦੇ ਸਰੀਰ ਤੋਂ ਫਿਰ ਤੇਰਾ ਉਧਾਰ ਹੋ ਜਾਵੇਗਾ।" ਤਦ ਤੋਂ ਮੈਂ ਸੂਰ ਦਾ ਸਰੀਰ ਪਾਇਆ ਹੈ ਤੇ ਵਡਾਲੀ ਪਿੰਡ ਦੇ ਇਲਾਕੇ ਵਿਚ ਫਿਰਦਾ ਰਿਹਾ ਹਾਂ॥੪੬॥

ਅਬਿ ਸਤਿਗੁਰ ਨੇ ਆਨਿ ਉਧਾਰਾ। ਖਿਲਤਿ ਅਖੇਰ ਮੋਹਿ ਕੋ ਮਾਰਾ।
ਇਮ ਕਹਿ ਪਰਮ ਗਤੀ ਕਹੁ ਗਯੋ। ਭਾਨਾ ਸਾਧੂ ਸੁਨਿ ਬਿਸਮਯੋ॥ ੪੭॥

ਹੁਣ ਸਤਿਗੁਰੂ ਜੀ ਨੇ ਆ ਕੇ ਉਧਾਰ ਕਰ ਦਿੱਤਾ ਹੈ, ਸ਼ਿਕਾਰ ਖੇਡਦਿਆਂ ਉਨ੍ਹਾਂ ਮੈਨੂੰ ਮਾਰ ਦਿੱਤਾ ਹੈ'' ਇਸ ਤਰ੍ਹਾਂ ਕਹਿ ਕੇ ਪਰਮਗਤੀ ਪ੍ਰਾਪਤ ਕੀਤੀ। ਬਾਬਾ ਭਾਨਾ ਜੀ ਤੇ ਭਾਈ ਸਾਧੂ ਜੀ ਸੁਣ ਕੇ ਬਹੁਤ ਹੈਰਾਨ ਹੋਏ॥੪੭॥

ਤਹਾਂ ਦਮਦਮਾ ਕੁਛ ਬਨਿਵਾਇ। ਬੈਠੇ ਪੈਂਦਾ ਲੀਨਿ ਬੁਲਾਇ।
ਬੂਝੀ ਕੁਸ਼ਲ ਕੀਨਿ ਸਨਮਾਨਾ। ਕਿਤਿਕ ਦੇਰਿ ਮਹਿਂ ਕੀਨਿ ਪਯਾਨਾ॥ ੪੮॥

ਉਥੇ ਦਮਦਮਾ ਸਾਹਿਬ ਨਾਮੀ ਗੁਰਦੁਆਰਾ ਬਣਿਆ ਹੋਇਆ ਹੈ। ਓਥੇ ਬੈਠ ਗਏ ਤੇ ਪੈਂਦੇ ਖਾਂ ਨੂੰ ਵੀ ਬੁਲਾ ਲਿਆ, ਉਸਦੀ ਕੁਸ਼ਲਤਾ ਪੁੱਛੀ ਤੇ ਸਨਮਾਨ ਕੀਤਾ ਤੇ ਕੁਝ ਦੇਰ ਬਾਅਦ ਚਲੇ ਗਏ॥੪੮॥

ਭਾਨੇ ਸਾਥ ਕਥਤਿ ਗਥ ਆਏ। 'ਜੋ ਸਿਖ ਬ੍ਰਿਧ ਕੀ ਨਿੰਦ ਅਲਾਏ।
ਸੁਨਿ ਕੈ ਸ੍ਰਾਪ ਸਭਿਨਿ ਦੁਖ ਮਾਨਾ। ਸੋ ਤਨ ਧਰਿ ਮ੍ਰਿਗ ਪੰਛੀ ਨਾਨਾ॥ ੪੯॥

ਬਾਬਾ ਭਾਨਾ ਜੀ ਨਾਲ ਕਹਿੰਦੇ ਹੋਏ ਆਏ, "ਜਿਹੜਾ ਵੀ ਸਿੱਖ ਬਾਬਾ ਬੁੱਢਾ ਜੀ ਦੀ ਨਿੰਦਿਆ ਕਰਦਾ ਹੈ। ਸੁਣ ਕੇ ਸਰਾਪ ਸਾਰੇ ਹੀ ਦੁੱਖ ਮੰਨਦੇ ਹਨ, ਉਹ ਹਿਰਨ ਪੰਛੀ ਆਦਿ ਜਾਨਵਰਾਂ ਦਾ ਤਨ ਧਾਰਨ ਕਰਦੇ ਹਨ॥੪੯॥

ਹਿਤ ਅਖੇਰ ਕੇ ਤਿਨਹਿਂ ਸੰਘਾਰੌਂ। ਅਘ ਮਿਟਾਇ ਕਰਿ ਸਿੱਖ ਉਧਾਰੌਂ।
ਇਮ ਕਹਿ ਸੁਧਾ ਸਰੋਵਰ ਆਏ। ਬੈਠਿ ਅਕਾਲ ਤਖਤ ਛਬਿ ਪਾਏ॥ ੫੦॥

ਮੈਂ ਸ਼ਿਕਾਰ ਖੇਡਣ ਵਾਸਤੇ ਉਨ੍ਹਾਂ ਨੂੰ ਮਾਰਦਾ ਹਾਂ ਤੇ ਪਾਪ ਮਿਟਾ ਕੇ ਉਸ ਸਿੱਖ ਦਾ ਉਧਾਰ ਕਰਦਾ ਹਾਂ।'' ਇਸ ਤਰ੍ਹਾਂ ਕਹਿ ਕੇ ਅੰਮ੍ਰਿਤਸਰ ਆ ਗਏ ਤੇ ਅਕਾਲ ਤਖਤ ਤੇ ਬੈਠ ਕੇ ਸ਼ੋਭਾ ਪਾਈ॥੫੦॥

*ਸੱਤਵੀਂ ਰਾਸ ਦਾ ਦਸਵਾਂ ਅਧਿਆਇ ਸਮਾਪਤ ਹੋਇਆ॥੧੦॥*

## ਅਧਿਆਇ ਗਿਆਰ੍ਹਵਾਂ

### ਬਾਸਰਕੇ ਤੇ ਬੀੜ ਦਰਸ਼ਨ

ਦੋਹਰਾ- ਇਸ ਬਿਧਿ ਹਰਿਗੋਵਿੰਦ ਗੁਰੂ ਕਰਤਿ ਬਿਲਾਸ ਉਲਾਸ।
ਦਾਸਨਿ ਕੇ ਹਰਿ ਤ੍ਰਾਸ ਕੋ ਦੈਂ ਆਪਨਿ ਭਰਵਾਸ॥ ੧॥

ਇਸ ਤਰ੍ਹਾਂ ਗੁਰੂ ਹਰਿਗੋਬਿੰਦ ਜੀ ਹੁਲਾਸ ਵਿਲਾਸ ਕਰਦੇ ਸਨ ਆਪਣੇ ਸੇਵਕਾਂ ਦੇ ਡਰ ਨੂੰ ਦੂਰ ਕਰਕੇ ਆਪਣਾ ਭਰਵਾਸਾ ਦਿੰਦੇ ਸਨ॥੧॥

ਚੌਪਈ- ਏਕ ਦਿਵਸ ਸ੍ਰੀ ਅੰਮ੍ਰਿਤਸਰ ਕੇ। ਤਟ ਪਰ ਬੈਠੇ ਮੱਜਨ ਕਰਿ ਕੇ।
ਦੁਖਭੰਜਨਿ ਬਦਰੀ ਅਸਥਾਨ। ਸੁਭਟ ਮਸੰਦ ਸਿੱਖ ਤਹਿਂ ਆਨਿ॥ ੨॥

ਇਕ ਦਿਨ ਅੰਮ੍ਰਿਤ ਸਰੋਵਰ ਦੇ ਕਿਨਾਰੇ ਤੇ ਇਸ਼ਨਾਨ ਕਰਕੇ ਬੈਠੇ ਸਨ। ਦੁੱਖ ਭੰਜਨੀ ਬੇਰੀ ਦੇ ਸਥਾਨ ਤੇ ਸੂਰਮਿਆਂ, ਮਸੰਦਾਂ ਤੇ ਹੋਰ ਸਿੱਖਾਂ ਨੇ ਉਥੇ ਆ ਕੇ ਇਸ਼ਨਾਨ ਕੀਤਾ ਸੀ॥੨॥

ਸਤਿਗੁਰ ਕੇ ਚਹੁਂ ਗਿਰਦ ਸੁਹਾਏ। ਜਥਾ ਚੰਦ ਪਰਵਾਰਨਿ ਪਾਏ।
ਦੁਖ ਭੰਜਨਿ ਕੋ ਸਕਲ ਪ੍ਰਸੰਗ। ਭਾਨਾ ਬੂਝਤਿ ਭਾ ਗੁਰੁ ਸੰਗ॥ ੩॥

ਸਾਰੇ ਸਤਿਗੁਰੂ ਜੀ ਦੇ ਚਾਰ ਚੁਫੇਰੇ ਬੈਠੇ ਸ਼ੋਭ ਰਹੇ ਸਨ ਜਿਵੇਂ ਚੰਦ ਤਾਰਿਆਂ ਵਿਚ ਬਿਰਾਜ ਰਹੇ ਹੋਣ। ਦੁੱਖ ਭੰਜਨੀ ਬੇਰੀ ਦਾ ਸਾਰਾ ਪ੍ਰਸੰਗ, ਬਾਬਾ ਭਾਨਾ ਜੀ ਨੇ ਗੁਰੂ ਜੀ ਪਾਸੋਂ ਪੁੱਛਿਆ॥੩॥

ਸ੍ਰੀ ਹਰਿ ਗੋਬਿੰਦ ਤਬਹਿ ਬਖਾਨਾ। 'ਇਸ ਬਦਰੀ ਤੇ ਤੀਰਥ ਜਾਨਾ।
ਕੁਛ ਚੌਥੇ ਸਤਿਗੁਰ ਕਰਿ ਗਏ। ਸ੍ਰੀ ਗੁਰੁ ਪੰਚਮ ਖੋਜਤਿ ਭਏ॥ ੪॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਫਿਰ ਕਿਹਾ, "ਇਸ ਬੇਰੀ ਤੋਂ ਹੀ ਇਸ ਤੀਰਥ ਦੀ ਪਹਿਚਾਣ ਹੋਈ, ਕੁਝ ਚੌਥੇ ਗੁਰੂ ਰਾਮਦਾਸ ਜੀ ਕਰ ਗਏ ਤੇ ਕੁਝ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਖੋਜ ਕੀਤੀ॥੪॥

ਰਾਜ ਸੁਤਾ ਕੁਸ਼ਟੀ ਪਤਿ ਧਰਜੋ। ਆਪਿ ਜਾਇ ਕਿਤ ਮਾਂਗਨਿ ਕਰਜੋ।
ਬਾਇਸ ਕੋ ਪਿਖਿ ਕੁਸ਼ਟੀ ਗਿਰਜੋ। ਜਲ ਮੱਜਨ ਤੇ ਭਾ ਤਨ ਹਰਜੋ॥ ੫॥

ਇਕ ਰਾਜੇ ਦੀ ਲੜਕੀ ਨੇ, ਕੋਹੜੀ ਪਤੀ ਧਾਰਨ ਕੀਤਾ, ਆਪ ਜਾ ਕੇ ਕਿਤੇ ਮੰਗਣ ਗਈ, ਕਾਂ ਨੂੰ ਵੇਖ ਕੇ ਕੋਹੜੀ ਵੀ ਉਸ ਵਿਚ ਡਿੱਗ ਪਿਆ, ਜਲ ਵਿਚ ਇਸ਼ਨਾਨ ਕਰਨ ਨਾਲ ਸਾਰਾ ਸਰੀਰ ਤੰਦਰੁਸਤ ਹੋ ਗਿਆ॥੫॥

ਆਇ ਪਿਖਜੋ ਪਰਤੀਤ ਨ ਧਰੈ। ਅਪਰ ਪੁਰਖ ਇਹੁ ਸ਼ੰਕਾ ਕਰੈ।
ਸ੍ਰੀ ਸਤਿਗੁਰ ਜੀ ਨਿਕਟਿ ਸਿਧਾਰੀ। ਸਗਰੀ ਗਾਥਾ ਦੁਹਿਨਿ ਉਚਾਰੀ॥ ੬॥

ਜਦ ਰਾਜੇ ਦੀ ਲੜਕੀ ਨੇ ਆ ਕੇ ਵੇਖਿਆ ਤੇ ਆਪਣੇ ਪਤੀ ਤੇ ਪ੍ਰਤੀਤ ਨਾ ਕਰੇ, ਹੋਰ ਲੋਕ ਵੀ ਇਹ ਸ਼ੰਕਾ ਕਰਦੇ ਸਨ। ਉਹ ਸ੍ਰੀ ਸਤਿਗੁਰੂ ਜੀ ਪਾਸ ਗਈ। ਸਾਰੀ ਕਹਾਣੀ ਦੋਹਾਂ ਨੇ ਸੁਣਾਈ॥੬॥

ਸੁਨਿ ਪ੍ਰਸੰਨ ਹੁਇ ਗੁਰ ਤਬਿ ਕਹਾ। ਤੇਰੋ ਪਤਿ ਇਹੁ ਕੁਸ਼ਟੀ ਅਹਾ।
ਚਲਿ ਹਮ ਕੋ ਸੋ ਥਾਨ ਦਿਖਾਵਹੁ। ਮਨ ਬਾਂਛਤਿ ਬਰ ਹਮ ਤੇ ਪਾਵਹੁ॥ ੭॥

ਇਹ ਸੁਣ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਕਿਹਾ, "ਤੇਰਾ ਪਤੀ ਇਹ ਕੋਹੜੀ ਹੀ ਹੈ। ਚਲੋ ਸਾਨੂੰ ਉਹ ਸਥਾਨ ਵਿਖਾਓ ਤੇ ਮੂੰਹ ਮੰਗਿਆ ਵਰ ਮੈਥੋਂ ਪਾਵੋ"॥੭॥

ਆਇ ਸੰਗ ਲੇ ਗੁਰੂ ਕੋ ਇਹਾਂ। ਕਰਜੋ ਬਿਲੋਕਨ ਤੀਰਥ ਮਹਾਂ।
ਬਦਰੀ ਕੋ ਦੁਖਭੰਜਨਿ ਨਾਮ। ਸ੍ਰੀ ਗੁਰ ਪਿਤ ਰਾਖਜੋ ਅਭਿਰਾਮ॥ ੮॥

ਉਹ ਗੁਰੂ ਜੀ ਨੂੰ ਆਪਣੇ ਨਾਲ ਲੈ ਕੇ ਏਥੇ ਆਈ, ਗੁਰੂ ਜੀ ਨੇ ਮਹਾਨ ਤੀਰਥ ਨੂੰ ਵੇਖਿਆ ਤੇ ਇਸ ਬੇਰੀ ਦਾ ਨਾਮ ਦੁੱਖ ਭੰਜਨੀ ਰਖਿਆ। ਸ੍ਰੀ ਗੁਰੂ ਪਿਤਾ ਜੀ ਨੇ ਸੁੰਦਰ ਨਾਮ ਰਖਿਆ॥੮॥

ਕਰਿਵਾਈ ਪਾਕੀ ਸੋਪਾਨ। ਸ੍ਰੀ ਹਰਿਮੰਦਿਰ ਬੀਚ ਮਹਾਨ।
ਕੁਸ਼ਟਿ ਤ੍ਰਿਯਾ ਨੇ ਜਾਚਜੋ ਬਰ ਕੋ। 'ਪ੍ਰਭੁ ਜੀ! ਦਿਹੁ ਸਮਾਜ ਸਭਿ ਘਰ ਕੋ'॥੯॥

ਪੌੜੀਆਂ ਪਕੀਆਂ ਕਰਵਾਈਆਂ ਤੇ ਵਿਚਕਾਰ ਮਹਾਨ ਹਰਿਮੰਦਰ ਸਾਹਿਬ ਬਣਾਇਆ। ਕੋਹੜੀ ਦੀ ਇਸਤਰੀ ਨੇ ਵਰ ਮੰਗਿਆ, "ਹੇ ਪ੍ਰਭੂ ਜੀ! ਮੈਨੂੰ ਘਰ ਤੇ ਘਰ ਦਾ ਸਾਰਾ ਸਾਜ਼ੋ ਸਮਾਨ ਦੇਵੋ"॥੯॥

ਤਬਿ ਸਤਿਗੁਰ ਤ੍ਰਿਯ ਪਿਤਾ ਬੁਲਾਯੋ। ਪੱਟੀ ਪੁਰਿ ਜਿਨ ਰਾਜ ਕਮਾਯੋ।
ਨਿਕਟਿ ਬਿਠਾਇ ਪਸੰਗ ਸੁਨਾਵਾ। ਪਤਿਬ੍ਰਤ ਤੇਰੀ ਸੁਤਾ ਕਮਾਵਾ॥ ੧੦॥

ਤਦ ਸਤਿਗੁਰੂ ਜੀ ਨੇ ਇਸਤਰੀ ਦੇ ਪਿਤਾ ਜੀ ਨੂੰ ਬੁਲਾਇਆ, ਜਿਹੜਾ ਪੱਟੀ ਦੇ ਪਰਗਨੇ ਤੇ ਰਾਜ ਕਰਦਾ ਸੀ। ਉਸ ਨੂੰ ਪਾਸ ਬਿਠਾ ਕੇ ਪ੍ਰਸੰਗ ਸੁਣਾਇਆ, "ਤੁਹਾਡੀ ਪੁੱਤਰੀ ਨੇ ਪਤੀਬ੍ਰਤਾ ਦੀ ਕਮਾਈ ਕੀਤੀ ਹੈ"॥੧੦॥

ਪਤਿ ਕੁਸ਼ਟੀ ਕੇ ਰਹਿ ਕਰਿ ਸੰਗ। ਅਬਿ ਇਹ ਭਯੋ ਰੋਗ ਬਿਨ ਅੰਗ।
ਤੂੰ ਸੁਤ ਹੀਨ, ਸੁਤਾ ਸੁਤ ਜਾਨ। ਦੇਹੁ ਰਾਜ ਅਬਿ, ਬਿਨਸਹਿਂ ਪ੍ਰਾਨ॥ ੧੧॥

ਕੋਹੜੀ ਪਤੀ ਦੇ ਨਾਲ ਰਹੀ ਹੈ, ਹੁਣ ਉਸ ਦੇ ਅੰਗ ਅਰੋਗ ਹੋ ਗਏ ਹਨ। ਤੂੰ ਪੁੱਤਰ ਤੋਂ ਬਗੈਰ ਹੈਂ, ਇਸ ਲਈ ਇਸ ਪੁੱਤਰੀ ਨੂੰ ਹੀ ਪੁੱਤਰ ਜਾਣੋ, ਇਨ੍ਹਾਂ ਨੂੰ ਰਾਜ ਦੇ ਦੇਵੋ, ਛੇਤੀ ਤੇਰੇ ਪ੍ਰਾਣਾਂ ਦਾ ਨਾਸ਼ ਹੋ ਜਾਣਾ ਹੈ॥੧੧॥

ਭਯੋ ਬ੍ਰਿੱਧ ਤਵ ਬੈਸ ਬਿਹਾਈ। ਲੇ ਗਮਨਹੁ ਅਬਿ ਸੰਗ ਜਵਾਈ।
ਗੁਰ ਬਚ ਮਾਨਜੋ, ਮ੍ਰਿਤੁ ਢਿਗ ਜਾਨੀ। ਦੇਤਿ ਭਯੋ ਅਪਨੀ ਰਜਧਾਨੀ॥ ੧੨॥

ਤੂੰ ਬਹੁਤ ਬੁੱਢਾ ਹੋ ਗਿਆ ਤੇ ਤੇਰੀ ਬਹੁਤ ਉਮਰ ਬੀਤ ਗਈ ਹੈ, ਹੁਣ ਆਪਣੇ ਜਵਾਈ ਨੂੰ ਨਾਲ ਲੈ ਕੇ ਚਲੇ ਜਾਵੋ"। ਉਸ ਰਾਜੇ ਨੇ ਗੁਰੂ ਜੀ ਦੇ ਬਚਨ ਮੰਨ ਲਏ, ਜਦ ਆਪਣੀ ਮੌਤ ਨੇੜੇ ਜਾਣੀ ਤੇ ਆਪਣੀ ਰਾਜਧਾਨੀ ਜਵਾਈ ਨੂੰ ਦੇ ਦਿੱਤੀ॥੧੨॥

ਯਾਂਤੇ ਭਾਨਾ! ਸੁਨਿ ਦੈ ਕਾਨ। ਮਹਿਮਾ ਮਹਾਂ ਸੁਧਾਸਰ ਜਾਨਿ।
ਗੰਗ ਜਮਨ ਸਰਸੁਤਿ ਕੁਰਖੇਤ। ਕਾਂਸ਼ੀ, ਅਰੁ ਪਰਯਾਗ ਸਮੇਤ॥ ੧੩॥

ਇਸ ਕਰਕੇ ਸ੍ਰੀ ਭਾਨਾ! ਕੰਨ ਦੇ ਕੇ ਸੁਣੋ, ਇਸ ਅੰਮ੍ਰਿਤ ਸਰੋਵਰ ਦੀ ਮਹਾਨ ਮਹਿਮਾ ਜਾਣੋ। ਗੰਗਾ, ਜਮਨਾ, ਸਰਸਵਤੀ, ਕੁਰਕਸ਼ੇਤਰ, ਕਾਸ਼ੀ ਅਤੇ ਪਰਿਆਗ ਸਮੇਤ॥੧੩॥

ਨਈਮਖਾਰ, ਬ੍ਰਿੰਦਾਬਨ, ਮਥਰਾ। ਦ੍ਵਾਰਾਵਤੀ, ਰਾਮਪੁਰਿ, ਸੁਥਰਾ।
ਗਯਾ, ਗੋਮਤੀ, ਨਦਿ ਗੋਦਾਵਰਿ। ਅਪਰ ਨਰਮਦਾ, ਮਾਨਸਰੋਵਰ॥ ੧੪॥

ਨਈਮਖਾਰ (ਸੀਤਾਪੁਰ ਜ਼ਿਲ੍ਹੇ ਵਿਚ ਇਕ ਤੀਰਥ), ਬ੍ਰਿੰਦਾਬਨ, ਮਥਰਾ, ਦ੍ਵਾਰਕਾ, ਰਾਮਪੁਰ, ਥਾਨੇਸਰ, ਗਯਾ, ਗੋਮਤੀ, ਗੋਦਾਵਰੀ, ਨਰਬਦਾ ਅਤੇ ਮਾਨ ਸਰੋਵਰ॥੧੪॥

ਪੁਰੀ ਅਯੁੱਧਯਾ, ਅਰੁ ਕੇਦਾਰ। ਪੁਸ਼ਕਰ ਦੇਵ ਸਥਾਨ ਉਦਾਰ।
ਨਦੀ ਗੰਡਕਾ ਬਰ ਗਿਰ ਨੀਲਾ। ਥਲ ਰਿਖਿ ਸਿੱਧਨਿ ਜਹਿਂ ਰਚਿ ਲੀਲਾ॥੧੫॥

ਅਯੁਧਿਆਪੁਰੀ, ਕੇਦਾਰ, ਪੁਸ਼ਕਰ ਬਹੁਤ ਵੱਡੇ ਦੇਵਤਿਆਂ ਦੇ ਸਥਾਨ ਹਨ, ਨਦੀ ਗੰਡਕਾ, ਸ੍ਰੇਸ਼ਟ ਨੀਲ ਪਹਾੜ, ਰਿਖੀਆਂ ਅਤੇ ਸਿੱਧਾਂ ਦੇ ਸਥਾਨ ਜਿਥੇ ਉਹ ਆਪਣੀ ਲੀਲ੍ਹਾ ਰਚਦੇ ਸਨ॥੧੫॥

ਰਿਖੀਕੇਸ਼, ਆਵੰਤਿ, ਕਟਾਖ। ਤੀਰਥ ਅਨਗਨ ਜੇ ਅਭਿਲਾਖ।
ਕਲਿ ਮਹਿਂ ਇਨ ਕਹੁ ਮਹਾਂ ਪ੍ਰਤਾਪ। ਇਹਾਂ ਆਨਿ ਸਭਿ ਖੋਵੈਂ ਪਾਪ॥ ੧੬॥

ਰਿਸ਼ੀਕੇਸ਼, ਆਵੰਤ, ਕਟਾਖ ਆਦਿ ਅਣਗਿਣਤ ਤੀਰਥ ਹਨ ਜੋ ਇਸ ਅੰਮ੍ਰਿਤਸਰ ਦੀ ਇੱਛਾ ਕਰਦੇ ਹਨ। ਕਲਿਜੁਗ ਵਿਚ ਇਸ ਦਾ ਮਹਾਨ ਪ੍ਰਤਾਪ ਹੈ, ਏਥੇ ਆ ਕੇ ਸਾਰੇ ਆਪਣੇ ਪਾਪਾਂ ਦਾ ਨਾਸ਼ ਕਰਦੇ ਹਨ॥੧੬॥

ਨਹੀਂ ਸੁਧਾਸਰ ਕੇ ਸਮ ਕੋਇ। ਭਜਨ ਅਖੰਡ ਪ੍ਰਭੂ ਕੋ ਹੋਇ।
ਸਰਬ ਕਾਮਨਾ ਪੁਰਵਹਿਂ ਮਨ ਕੀ। ਜੇ ਮੱਜਹਿਂ ਕਰਿ ਸੁਚਤਾ ਤਨ ਕੀ"॥੧੭॥

ਕੋਈ ਤੀਰਥ ਵੀ ਅੰਮ੍ਰਿਤ ਸਰੋਵਰ ਦੇ ਬਰਾਬਰ ਨਹੀਂ, ਏਥੇ ਪ੍ਰਭੂ ਦਾ ਅਖੰਡ ਭਜਨ ਹੁੰਦਾ ਹੈ। ਮਨ ਦੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਕਰਦੇ ਹਨ, ਜਿਹੜੇ ਆਪਣੇ ਤਨ ਦੀ ਸੁੱਚਤਾ ਕਰਕੇ ਇਸ਼ਨਾਨ ਕਰਦੇ ਹਨ"॥੧੭॥

ਬਹੁ ਮਹਿਮਾ ਸ੍ਰੀ ਮੁਖ ਤੇ ਕਹਿ ਕੈ। ਚਲੇ ਕਰਤਿ ਪ੍ਰਦਛਨਾ ਚਹਿ ਕੈ।
ਤਖਤ ਅਕਾਲ ਬੈਠਿ ਮਨ ਭਾਏ। ਮੰਦਿਰ ਬਿਖੈ ਬਹੁਰ ਗੁਰੁ ਆਏ॥ ੧੮॥

ਅੰਮ੍ਰਿਤ ਸਰੋਵਰ ਦੀ ਬਹੁਤ ਮਹਿਮਾ ਕਰਕੇ, ਤੇ ਦਿਲ ਵਿਚ ਚਾਹ ਕੇ ਸਰੋਵਰ ਦੀਆਂ ਪਰਿਕਰਮਾਂ ਕਰਨ ਚਲ ਪਏ। ਅਕਾਲ ਤਖਤ ਵਿਚ ਬੈਠ ਕੇ ਮਨ ਨੂੰ ਚੰਗਾ ਲੱਗਾ, ਫਿਰ ਗੁਰੂ ਜੀ ਆਪਣੇ ਘਰ ਨੂੰ ਆ ਗਏ॥੧੮॥

ਏਕ ਦਿਵਸ ਪਾਵਸ ਕੇ ਮਾਂਹੀ। ਛਾਇ ਗਗਨ ਘਨ, ਘਾਮ ਸੁ ਨਾਂਹੀ।
ਹੋਤਿ ਸਕਾਰ ਸ਼ਿਕਾਰ ਪਯਾਨੇ। ਜਿਤ ਬਾਸਰਕੇ ਗ੍ਰਾਮ ਸਥਾਨੇ॥ ੧੯॥

ਇਕ ਦਿਨ ਵਰਖਾ ਰੁੱਤ ਸਮੇਂ ਅਕਾਸ਼ ਉਤੇ ਬਦਲ ਛਾਏ ਹੋਏ ਸਨ ਤੇ ਧੁੱਪ ਬਿਲਕੁਲ ਨਹੀਂ ਸੀ। ਸਵੇਰ ਹੁੰਦਿਆਂ ਸ਼ਿਕਾਰ ਖੇਡਣ ਚਲੇ ਗਏ ਜਿਸ ਪਾਸੇ ਬਾਸਰਕੇ ਪਿੰਡ ਸੀ॥੧੯॥

ਸ੍ਰੀ ਗੁਰ ਅਮਰਦਾਸ ਕੋ ਥਾਨਾ। ਕਰਿ ਦਰਸ਼ਨ ਕੌ ਬੰਦਨ ਠਾਨਾ।
ਸੰਗ ਸੁਭਟ ਸਾਧੂ ਅਰੁ ਭਾਨਾ। ਕਰਿ ਬੰਦਨ ਕੋ ਬਾਕ ਬਖਾਨਾ॥ ੨੦॥

ਉਥੇ ਸ੍ਰੀ ਗੁਰੂ ਅਮਰਦਾਸ ਜੀ ਦਾ ਸਥਾਨ ਹੈ, ਉਸ ਸਥਾਨ ਦੇ ਦਰਸ਼ਨ ਕਰਕੇ ਬੰਦਨਾ ਕੀਤੀ, ਉਨ੍ਹਾਂ ਦੇ ਨਾਲ ਬਾਬਾ ਭਾਨਾ ਜੀ, ਭਾਈ ਸਾਧੂ ਅਤੇ ਹੋਰ ਸੂਰਬੀਰ ਵੀ ਸਨ, ਉਨ੍ਹਾਂ ਨੇ ਬੰਦਨਾ ਕਰਕੇ ਗੁਰੂ ਜੀ ਨੂੰ ਕਿਹਾ॥੨੦॥

'ਪ੍ਰਭੁ ਜੀ ! ਇਹੁ ਸਥਾਨ ਕਿਸ ਕੇਰਾ ?। ਭਾਉ ਨੰਮ੍ਰਤਾ ਧਰਿ ਤੁਮ ਹੇਰਾ ?'।
ਸੁਨਿ ਸਤਿਗੁਰ ਸਭਿ ਕਥਾ ਸੁਨਾਈ। 'ਸ੍ਰੀ ਗੁਰ ਅਮਰ ਛਪੇ ਇਸ ਥਾਈਂ ॥੨੧॥

"ਹੇ ਪ੍ਰਭੂ ਜੀ ! ਇਹ ਕਿਸ ਦਾ ਸਥਾਨ ਹੈ ? ਬੜੇ ਪ੍ਰੇਮ ਅਤੇ ਨਿੰਮ੍ਰਤਾ ਨਾਲ ਤੁਸੀਂ ਵੇਖਿਆ ਹੈ ?" ਇਹ ਸੁਣ ਕੇ ਸਤਿਗੁਰੂ ਜੀ ਨੇ ਸਭ ਕਥਾ ਸੁਣਾਈ, "ਸ੍ਰੀ ਗੁਰੂ ਅਮਰਦਾਸ ਜੀ ਇਸ ਥਾਂ ਛੁਪੇ ਸਨ॥੨੧॥

ਬ੍ਰਿਧ ਸਾਹਿਬ ਤਬਿ ਆਇ ਨਿਕਾਰੇ। ਸੁਨਿ ਕਰਿ ਗਾਥ ਅਨੰਦਤਿ ਸਾਰੇ।
ਕਿਤਿਕ ਸਮੈਂ ਤਹਿਂ ਬੈਠਨ ਕਰਿ ਕੈ। ਗਮਨੇ ਪੁਨ ਤੁਰੰਗ ਪਰ ਚਰਿ ਕੈ॥੨੨॥

ਬਾਬਾ ਬੁੱਢਾ ਜੀ ਨੇ ਫਿਰ ਆ ਕੇ ਕੱਢੇ ਸਨ।" ਇਹ ਕਥਾ ਸੁਣ ਕੇ ਸਾਰੇ ਬਹੁਤ ਪ੍ਰਸੰਨ ਹੋਏ। ਕਾਫੀ ਸਮਾਂ ਉਥੇ ਬੈਠ ਕੇ, ਫਿਰ ਘੋੜੇ ਉਤੇ ਚੜ੍ਹ ਕੇ ਚਲੇ ਗਏ॥੨੨॥

ਮੰਦ ਮੰਦ ਮਾਰਗ ਮਹਿਂ ਜਾਤੇ। ਭਾਨੇ ਸੰਗ ਕਰਤਿ ਸਭਿ ਬਾਤੇਂ।
ਬਰੇ ਬੀਰ ਮਹਿਂ ਬੀਰਨ ਬੀਰ। ਬ੍ਰਿਧ ਸਾਹਿਬ ਇਸ ਥਲ ਕੇ ਤੀਰ॥ ੨੩॥

ਹੌਲੀ-ਹੌਲੀ ਰਾਹੋ ਰਾਹ ਚਲੇ ਜਾ ਰਹੇ ਸਨ, ਬਾਬਾ ਭਾਨਾ ਜੀ ਨਾਲ ਸਭ ਗੱਲਾਂ ਕਰ ਰਹੇ ਸਨ। ਸੂਰਮਿਆਂ ਦੇ ਸੂਰਮੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਬੀੜ ਵਿਚ ਵੜ ਗਏ ਤੇ ਕਿਹਾ, "ਬਾਬਾ ਬੁੱਢਾ ਜੀ ਦਾ ਅਸਥਾਨ ਇਸ ਦੇ ਨੇੜੇ ਹੀ ਹੈ"॥੨੩॥

ਪਾਸ ਚਲਤਿ ਗੁਰ ਕੇ, ਗੁਰਦਾਸ। ਤਿਸ ਦਿਸ਼ਿ ਦੇਖਿ ਕਹਯੋ ਸੁਖਰਾਸ।
'ਬ੍ਰਿਧ ਸਾਹਿਬ ਕੋ ਬਸਨ ਸਥਾਨ। ਹੁਤੋ ਕਹਾਂ ? ਤਿਹ ਕਰਹੁ ਪਛਾਨ॥੨੪॥

ਗੁਰੂ ਜੀ ਦੇ ਨਾਲ ਭਾਈ ਗੁਰਦਾਸ ਚਲ ਰਿਹਾ ਸੀ, ਗੁਰੂ ਜੀ ਨੇ ਉਨ੍ਹਾਂ ਵੱਲ ਵੇਖ ਕੇ ਕਿਹਾ, "ਬਾਬਾ ਬੁੱਢਾ ਜੀ ਦਾ ਰਿਹਾਇਸ਼ੀ ਅਸਥਾਨ ਕਿੱਥੇ ਸੀ ? ਉਸ ਦੀ ਪਛਾਣ ਕਰੋ॥੨੪॥

ਚਿਰ ਲਗਿ ਸੰਗ ਰਹੇ ਤੁਮ ਦੋਊ। ਗੁਰ ਘਰ ਕੇ ਅੱਗ੍ਰੀ ਸਿਖ ਜੋਊ।
ਸੁਨਤਿ ਚਲਯੋ ਗੁਰਦਾਸ ਅਗਾਰੀ। ਤਿਹ ਸਥਾਨ ਕੀ ਕੀਨਿ ਚਿਨਾਰੀ॥੨੫॥

ਤੁਸੀਂ ਦੋਵੇਂ ਜਣੇ ਬਹੁਤ ਦੇਰ ਇਕੱਠੇ ਰਹੇ ਹੋ ਜਿਹੜੇ ਗੁਰੂ ਘਰ ਦੇ ਮੁੱਖੀ ਸਿੱਖ ਹੋ।'' ਇਹ ਸੁਣ ਕੇ ਭਾਈ ਗੁਰਦਾਸ ਜੀ ਅੱਗੇ-ਅੱਗੇ ਚਲ ਪਏ ਤੇ ਉਸ ਸਥਾਨ ਦੀ ਪਹਿਚਾਣ ਕੀਤੀ॥੨੫॥

ਹਟਿ ਕਰਿ ਕਹਜੋ 'ਆਪ ਇਤ ਆਵਹੁ। ਚਹਹੁ ਜੁ ਥਲ ਤਿਸ ਦਰਸ਼ਨ ਪਾਵਹੁ'।
ਸੁਨਤਿ ਬਾਕ ਹਯ ਕੋ ਤਬਿ ਪ੍ਰੇਰਾ। ਤੁਰਤ ਪੁਨੀਤ ਥਾਨ ਕੋ ਹੇਰਾ॥ ੨੬॥

ਫਿਰ ਪਿਛੇ ਮੁੜ ਕੇ ਕਿਹਾ, ''ਆਪ ਜੀ ਏਧਰ ਆਵੋ, ਜਿਹੜਾ ਸਥਾਨ ਵੇਖਣਾ ਚਾਹੁੰਦੇ ਹੋ, ਉਸ ਦੇ ਦਰਸ਼ਨ ਕਰੋ।'' ਇਹ ਸੁਣ ਕੇ ਗੁਰੂ ਜੀ ਨੇ ਆਪਣੇ ਘੋੜੇ ਨੂੰ ਛੇੜਿਆ ਤੇ ਤੁਰਤ ਪਵਿੱਤਰ ਸਥਾਨ ਨੂੰ ਵੇਖਿਆ॥੨੬॥

ਬ੍ਰਿਧ ਸਮ ਜਾਨਿ ਕਰੀ ਤਬਿ ਬੰਦਨ। ਸਿਮਰਿ ਸਿਮਰਿ ਤਿਨ ਕੇ ਗੁਨ ਬ੍ਰਿੰਦਨ।
ਭਾਨਾ ਭੂਰ ਭਾਵਨਾ ਕਰਿਕੈ। ਨਮੋ ਕੀਨਿ ਭੂਤਲ ਸਿਰ ਧਰਿਕੈ॥ ੨੭॥

ਬਾਬਾ ਬੁੱਢਾ ਜੀ ਵਾਂਗ ਜਾਣ ਕੇ ਤਦ ਬੰਦਨਾ ਕੀਤੀ ਤੇ ਉਨ੍ਹਾਂ ਦੇ ਅਨੇਕਾਂ ਗੁਣਾਂ ਨੂੰ ਯਾਦ ਕੀਤਾ। ਬਾਬਾ ਭਾਨਾ ਜੀ ਨੇ ਬਹੁਤ ਭਾਵਨਾ ਕਰਕੇ ਧਰਤੀ ਉਤੇ ਸਿਰ ਧਰ ਕੇ ਬੰਦਨਾ ਕੀਤੀ॥੨੭॥

ਅਪਰ ਸਰਬ ਹੀ ਬੰਦਨ ਠਾਨੈਂ। ਪਿਖਿ ਸ੍ਰੀ ਸਤਿਗੁਰ ਬਾਕ ਬਖਾਨੈਂ।
'ਮੰਜੀ ਸੁੰਦਰ ਇਹਾਂ ਬਨਾਵਹੁ। ਹੋਤਿ ਪ੍ਰਾਤ ਕੇ ਸਭਿ ਸੁਧਰਾਵਹੁ'॥ ੨੮॥

ਹੋਰ ਸਾਰਿਆਂ ਨੇ ਬੰਦਨਾ ਕੀਤੀ, ਸਤਿਗੁਰੂ ਜੀ ਨੇ ਵੇਖ ਕੇ ਬਚਨ ਕੀਤਾ, ''ਏਥੇ ਸੁੰਦਰ ਮੰਜੀ ਬਣਾਵੋ ਤੇ ਸਵੇਰ ਹੋਣ ਤਕ ਇਸ ਨੂੰ ਸੁਧਰਾਵੋ''॥੨੮॥

ਆਇਸੁ ਦੀਨਸਿ ਕਰਨ ਅਹਾਰੂ। ਫਰਸ਼ ਕਰਾਇ ਥਿਰੇ ਥਲ ਚਾਰੂ।
'ਬੀੜ ਭਯੋ ਗੁਰ ਕੇ ਕਿਸ ਭਾਂਤਿ ?'। ਭਾਨੇ ਬੂਝਨਿ ਕੀਨਿ ਬ੍ਰਿਤਾਂਤ॥ ੨੯॥

ਫਿਰ ਭੋਜਨ ਛਕਣ ਦੀ ਆਗਿਆ ਕੀਤੀ, ਗਲੀਚੇ ਵਿਛਾ ਕੇ ਸੁੰਦਰ ਸਥਾਨ ਤੇ ਬੈਠ ਗਏ, ''ਇਹ ਗੁਰੂ ਦੀ ਬੀੜ ਕਿਸ ਪ੍ਰਕਾਰ ਹੋਈ?'' ਬਾਬਾ ਭਾਨਾ ਜੀ ਨੇ ਸਾਰਾ ਬ੍ਰਿਤਾਂਤ ਪੁੱਛਿਆ॥੨੯॥

ਤਬਿ ਸਤਿਗੁਰ ਸਭਿ ਗਾਥ ਸੁਨਾਈ। 'ਜੈਮਲ ਫੱਤੇ ਸ਼ਾਹ ਲਰਾਈ।
ਚਲਿ ਅਕਬਰ ਸ੍ਰੀ ਗੁਰ ਢਿਗ ਆਯੋ। ਮਹਿਮਾ ਜਾਨੀ ਸੀਸ ਨਿਵਾਯੋ॥ ੩੦॥

ਤਦ ਸਤਿਗੁਰੂ ਜੀ ਨੇ ਸਾਰੀ ਕਥਾ ਸੁਣਾਈ, ''ਜੈਮਲ ਫੱਤੇ ਦੀ ਬਾਦਸ਼ਾਹ ਅਕਬਰ ਨਾਲ ਲੜਾਈ ਹੋ ਰਹੀ ਸੀ। ਬਾਦਸ਼ਾਹ ਅਕਬਰ ਚਲ ਕੇ ਗੁਰੂ ਅਮਰਦਾਸ ਜੀ ਪਾਸ ਆਇਆ ਤੇ ਗੁਰੂ ਜੀ ਦੀ ਮਹਿਮਾ ਜਾਣ ਕੇ ਸਿਰ ਨਿਵਾਇਆ॥੩੦॥

ਇਹ ਸਭਿ ਅਰਪੇ ਗ੍ਰਾਮ ਅਕੋਰ। ਕਹਿ ਬਹੁ ਬਾਰ ਨਿਹੋਰਿ ਨਿਹੋਰਿ।
ਤਬਿ ਕੋ ਬੀੜ ਗੁਰੂ ਢਿਗ ਰਹਜੋ। ਬ੍ਰਿਧ ਸਾਹਿਬ ਬਹੁ ਬਾਸਾ ਲਹਜੋ'॥ ੩੧॥

ਇਹ ਸਾਰੇ ਪਿੰਡ ਭੇਟ ਵਜੋਂ ਅਰਪਣ ਕੀਤੇ ਤੇ ਬਹੁਤ ਵਾਰ ਬੇਨਤੀ ਕਰ ਕਰ ਕੇ ਕਿਹਾ। ਤਦ ਤੋਂ ਇਹ ਬੀੜ ਗੁਰੂ ਜੀ ਪਾਸ ਰਿਹਾ ਹੈ, ਬਾਬਾ ਬੁੱਢਾ ਜੀ ਏਥੇ ਬਹੁਤ ਸਮਾਂ ਰਹੇ ਹਨ''॥੩੧॥

ਇੱਤ੍ਯਾਦਿਕ ਬਹੁ ਬਾਕ ਬਿਲਾਸ। ਕਰਤਿ ਰਹੇ ਮੁਖ ਕਮਲ ਪ੍ਰਕਾਸ਼।
ਸੁੰਦਰ ਸੁਖਦ ਸਘਨ ਘਨ ਛਾਯਾ। ਸੀਤਲ ਸਮੈਂ ਸਭਿਨਿ ਮਨ ਭਾਯਾ॥ ੩੨॥

ਇਤਿਆਦਿ ਬਹੁਤ ਬਚਨ ਬਿਲਾਸ ਗੁਰੂ ਜੀ ਆਪਣੇ ਕੰਵਲ ਮੁੱਖ ਤੋਂ ਪ੍ਰਕਾਸ਼ ਕਰਦੇ ਰਹੇ। ਉਸ ਸਮੇਂ ਸੁੰਦਰ ਸੰਘਣਾ ਬੱਦਲ ਛਾਇਆ ਹੋਇਆ ਸੀ, ਠੰਡਾ ਮੌਸਮ ਹੋਣ ਕਰਕੇ ਸਾਰਿਆਂ ਦੇ ਮਨ ਨੂੰ ਚੰਗਾ ਲੱਗ ਰਿਹਾ ਸੀ॥੩੨॥

ਪੌਨ ਗੌਨ ਕੋ ਨਿਬਹਤਿ ਮੰਦ। ਸ੍ਰੀ ਹਰਿਗੋਵਿੰਦ ਦਿਪਤਿ ਅਨੰਦ।
ਚਹੁੰਦਿਸ਼ਿ ਮੈਂ ਹਰਿਆਵਲ ਦਿਖੀਅਤਿ। ਇੰਦ੍ਰ ਬਧੂ ਬ੍ਰਿੰਦੈਂ ਬਿਚ ਪਿਖੀਅਤਿ॥੩੩॥

ਹਵਾ ਬੜੀ ਹੌਲੀ-ਹੌਲੀ ਚਾਲੇ ਵੱਗ ਰਹੀ ਸੀ, ਸ੍ਰੀ ਹਰਿਗੋਬਿੰਦ ਜੀ ਬੜੇ ਅਨੰਦ ਵਿਚ ਸ਼ੋਭ ਰਹੇ ਸਨ। ਚਾਰੇ ਪਾਸੇ ਹਰਿਆਵਲ ਦਿਖਾਈ ਦੇ ਰਹੀ ਸੀ। ਚੀਚ ਵਹੁਟੀਆਂ ਧਰਤੀ ਤੇ ਫਿਰਦੀਆਂ ਦਿਸਦੀਆਂ ਸਨ॥੩੩॥

ਜਨੁ ਅਵਿਨੀ ਮਨ ਆਨੰਦ ਪੋਈ। ਨੀਲ ਓਢਨੀ ਲੀਨੀ ਸੋਈ।
ਬਹੁਤ ਬਹਾਰ ਬਿਲੋਕਤਿ ਗੁਰੂ। ਇਤ ਉਤ ਬਿਚਰਤਿ ਜਨੁ ਅਰਿਰੂਰੂ॥ ੩੪॥

ਉਹ ਇੰਝ ਲਗਦੀਆਂ ਜਿਵੇਂ ਹੀਰਿਆਂ ਵਾਂਗ ਧਰਤੀ ਨਾਲ ਪਰੋਤੀਆਂ ਹੋਣ। ਮਾਨੋਂ ਧਰਤੀ ਨੇ ਆਪਣੇ ਉਤੇ ਨੀਲੀ ਚਾਦਰ ਤਾਣੀ ਹੋਵੇ। ਗੁਰੂ ਜੀ ਨੇ ਬਹੁਤ ਬਹਾਰ ਵੇਖੀ। ਉਹ ਹਿਰਨ ਦੇ ਵੈਰੀ ਸ਼ੇਰ ਵਾਂਗ ਇਧਰ ਓਧਰ ਫਿਰ ਰਹੇ ਸਨ॥੩੪॥

ਸ੍ਵਾਦ ਬਿਬਿਧ ਬਿਧਿ ਤਯਾਰ ਅਹਾਰਾ। ਸੂਪਨਿਕਾਰ ਪਰੋਸਯੋ ਥਾਰਾ।
ਪਾਵਨ ਅਵਨੀ ਕੋ ਕਰਿ ਲ੍ਯਾਏ। ਚੰਦਨ ਚੌਂਕੀ ਗੁਰੂ ਸੁਹਾਏ॥ ੩੫॥

ਕਈ ਵਿਧੀਆਂ ਨਾਲ ਤਿਆਰ ਕੀਤਾ ਭੋਜਨ, ਬੜਾ ਸਵਾਦੀ ਸੀ, ਲਾਂਗਰੀਆਂ ਨੇ ਥਾਲ ਪਰੋਸੇ। ਧਰਤੀ ਨੂੰ ਪਵਿੱਤਰ ਕਰਕੇ ਗੁਰੂ ਜੀ ਵਾਸਤੇ ਚੰਦਨ ਦੀ ਚੌਂਕੀ ਲਿਆਕੇ ਉਨ੍ਹਾਂ ਦੇ ਅੱਗੇ ਸੁਸ਼ੋਭਿਤ ਕਰ ਦਿੱਤੀ॥੩੫॥

ਲੇ ਪਾਨੀ, ਜੁਗ ਪਾਨ ਪਖਾਰੇ। ਕਵਲ ਕਰੇ ਮੁਖ ਕਵਲ ਸੁਧਾਰੇ।
ਚਿਤ ਬਾਂਛਤਿ ਭੋਜਨ ਕੋ ਖਾਇ। 'ਸਭਿ ਕੋ ਪਹੁੰਚ੍ਯੋ' ਸੁਧਿ ਮੰਗਵਾਇ॥ ੩੬॥

ਪਾਣੀ ਲੈ ਕੇ ਗੁਰੂ ਜੀ ਦੇ ਦੋਵੇਂ ਹੱਥ ਧੁਆਏ। ਗੁਰੂ ਜੀ ਨੇ ਚੁਲੀ ਕਰਕੇ ਕੰਵਲ ਮੁਖੜੇ ਨੂੰ ਸੰਵਾਰਿਆ ਤੇ ਮਨ ਪਸੰਦ ਭੋਜਨ ਛਕਿਆ, ਫਿਰ ਗੁਰੂ ਜੀ ਨੇ ਇਹ ਖਬਰ ਮੰਗਵਾਈ, 'ਕੀ ਸਾਰਿਆਂ ਨੂੰ ਭੋਜਨ ਪਹੁੰਚ ਗਿਆ ਹੈ'॥੩੬॥

ਤਬਿ ਦਾਸਨ ਪਰਯੰਕ ਡਸਾਵਾ। ਆਸਤਰਨ ਉੱਜਲ ਸੋ ਛਾਵਾ।
ਤਿਸ ਪਰ ਪਉਢੇ ਹਿਤ ਬਿਸਰਾਮ। ਉਠੇ ਪੁਨਹਿ ਦਿਨ ਬਾਕੀ ਜਾਮ॥ ੩੭॥

ਤਦ ਸੇਵਕਾਂ ਨੇ ਪਲੰਘ ਡੁਹਾਇਆ ਤੇ ਉਸ ਉਤੇ ਉੱਜਲ ਆਸਤਰਨ ਬਿਸਤਰਾ ਵਿਛਾਇਆ। ਗੁਰੂ ਜੀ ਵਿਸਰਾਮ ਵਾਸਤੇ ਉਸ ਉਤੇ ਲੰਮੇ ਪੈ ਗਏ, ਫਿਰ ਪਹਿਰ ਦਿਨ ਰਹਿੰਦਿਆਂ ਉਠ ਪਏ॥੩੭॥

ਕਰਯੋ ਪਾਨ ਜਲ ਸੁਖਦਾਏ। ਸੁਚਤਾ ਕਰਿ ਸ਼ਨਾਨ ਹਰਖਾਏ।
ਪਹਿਰੇ ਬਸਤ੍ਰ ਬਿਸਦ ਬਰ ਝੀਨੇ। ਸ਼ਸਤ੍ਰ ਜਥੋਚਿਤ ਧਾਰਨ ਕੀਨੇ॥ ੩੮॥

ਫਿਰ ਸੁਖਦਾਈ ਜਲ ਪਾਣੀ ਪੀਤਾ ਤੇ ਸੁੱਚਤਾ ਕਰ ਇਸ਼ਨਾਨ ਕਰਕੇ ਪ੍ਰਸੰਨ ਹੋਏ। ਸ੍ਰੇਸ਼ਟ ਬਰੀਕ ਵਸਤਰ ਪਹਿਣ ਲਏ ਅਤੇ ਆਪਣੇ ਚਿੱਤ ਅਨੁਸਾਰ ਸ਼ਸਤਰ ਧਾਰਨ ਕੀਤੇ॥੩੮॥

ਥਲ ਮੰਜੀ ਕੇ ਪੁਨ ਚਲਿ ਗਏ। 'ਪੁੰਨ ਥਾਨ ਇਹੁ' ਉਚਰਤਿ ਭਏ।
'ਜੋ ਨਰ ਦਰਸ਼ਨ ਕੇ ਹਿਤ ਆਵੈ। ਕਯੋਂ ਨ ਕਾਮਨਾ ਮਨ ਕੀ ਪਾਵੈ? ॥ ੩੯॥

ਫਿਰ ਮੰਜੀ ਵਾਲੀ ਥਾਂ ਤੇ ਚਲ ਕੇ ਗਏ, "ਫਿਰ ਇਹ ਥਾਂ ਹੈ" ਕਹਿਣ ਲੱਗੇ। 'ਜਿਹੜਾ ਵੀ ਮਨੁੱਖ ਇਸ ਥਾਂ ਦੇ ਦਰਸ਼ਨ ਕਰੇਗਾ, ਉਹ ਕਿਉਂ ਆਪਣੀਆਂ ਸਾਰੀਆਂ ਮਨੋਕਾਮਨਾਵਾਂ ਨਹੀਂ ਪਾਵੇਗਾ ?॥੩੯॥

ਸਮਾਂ ਪਾਇ ਮੇਲਾ ਲਗਿ ਜੈ ਹੈ। ਖਸ਼ਟਕੋਸ ਗੁਰ ਪੁਰਿ ਤੇ ਐਹੈਂ'।
ਹਯ ਆਰੂਢ ਭਏ ਤਬਿ ਪ੍ਰੇਰਾ। ਹੇਰਤਿ ਖੇਲਿ ਅਖੇਰ ਘਨੇਰਾ॥ ੪੦॥

ਸਮਾਂ ਪਾ ਕੇ ਏਥੇ ਮੇਲਾ ਲਗਿਆ ਕਰੇਗਾ। ਛੇ ਕੋਹ ਤੋਂ ਸ੍ਰੀ ਅੰਮ੍ਰਿਤਸਰ ਜੀ ਤੋਂ ਲੋਕ ਏਥੇ ਆਇਆ ਕਰਨਗੇ।" ਫਿਰ ਘੋੜੇ ਤੇ ਚੜ੍ਹ ਕੇ ਉਸਨੂੰ ਪ੍ਰੇਰਿਆ ਤੇ ਸ਼ਿਕਾਰ ਦਾ ਵੱਡਾ ਖੇਲ ਵੇਖ ਰਹੇ ਸਨ॥੪੦॥

ਸੁਧਾਸਰੋਵਰ ਕੋ ਚਲਿ ਆਏ। ਸੰਗ ਸਰਬ ਹੀ ਭਟ ਸਮੁਦਾਏ।
ਤਖਤ ਅਕਾਲ ਸੁ ਲਗਜੇ ਦਿਵਾਨ। ਦੇਖਿ ਉਠੇ ਸਭਿ ਹਿਤ ਸਨਮਾਨ॥੪੧॥

ਫਿਰ ਅੰਮ੍ਰਿਤਸਰ ਵਲ ਚਲ ਕੇ ਆ ਗਏ, ਸਾਰੇ ਸੂਰਬੀਰ ਉਨ੍ਹਾਂ ਦੇ ਨਾਲ ਸਨ। ਅਕਾਲ ਤਖਤ ਵਿਚ ਦੀਵਾਨ ਲੱਗਾ ਸੀ, ਵੇਖ ਕੇ ਸਾਰੇ ਸਨਮਾਨ ਵਾਸਤੇ ਉਠ ਕੇ ਖੜੇ ਹੋ ਗਏ॥੪੧॥

ਬੰਦਨ ਕਰਿ ਬੈਠੇ ਤਿਹ ਸਮੈਂ। ਸੋਦਰ ਪਠਿ ਸਗਰੇ ਤਬਿ ਨਿਮੈ।
ਸ੍ਰੀ ਗੁਰ ਉਠਿ ਹਰਿਮੰਦਿਰ ਗਏ। ਕਰੀ ਪ੍ਰਦਛਨਾ ਬੰਦਤਿ ਭਏ॥ ੪੨॥

ਬੰਦਨਾ ਕਰਕੇ ਸਾਰੇ ਉਸ ਸਮੇਂ ਬੈਠ ਗਏ, ਸੋਦਰ ਦਾ ਪਾਠ ਪੜ੍ਹ ਕੇ ਸਾਰਿਆਂ ਨੇ ਫਿਰ ਨਮਸਕਾਰ ਕੀਤੀ। ਸ੍ਰੀ ਗੁਰੂ ਜੀ ਉਠ ਕੇ ਹਰਿਮੰਦਰ ਸਾਹਿਬ ਗਏ, ਤੇ ਪਰਿਕਰਮਾਂ ਕਰਕੇ ਬੰਦਨਾ ਕੀਤੀ॥੪੨॥

ਪੁਨ ਨਿਜ ਮੰਦਿਰ ਗਏ ਗੁਸਾਈਂ। ਸੁਪਤ ਜਥਾਸੁਖ ਰਾਤਿ ਬਿਤਾਈ।
ਭਈ ਪ੍ਰਭਾਤਿ, ਕੀਨਿ ਤਨ ਮੱਜਨ। ਬੈਠੇ ਗੁਰ ਚਹੁੰਦਿਸ਼ਿ ਮਿਲ ਸੱਜਨ॥੪੩॥

ਫਿਰ ਗੁਰੂ ਜੀ ਆਪਣੇ ਘਰ ਚਲੇ ਗਏ ਤੇ ਸੌਂ ਕੇ ਸੁੱਖ ਨਾਲ ਰਾਤ ਬਤੀਤ ਕੀਤੀ। ਸਵੇਰ ਹੋਣ ਤੇ ਇਸ਼ਨਾਨ ਕੀਤਾ ਤੇ ਗੁਰੂ ਜੀ ਚਾਰੇ ਪਾਸੇ ਸੰਗਤ ਨਾਲ ਮਿਲ ਕੇ ਵਿਚ ਬੈਠ ਗਏ॥੪੩॥

*ਸੱਤਵੀਂ ਰਾਸ ਦਾ ਗਿਆਰ੍ਹਵਾਂ ਅਧਿਆਇ ਸਮਾਪਤ ਹੋਇਆ॥੧੧॥*

## ਅਧਿਆਇ ਬਾਰ੍ਹਵਾਂ

*ਸ੍ਰੀ ਤਰਨ ਤਾਰਨ ਸਾਹਿਬ ਦਰਸ਼ਨ*

ਦੋਹਰਾ- ਇਸ ਪ੍ਰਕਾਰ ਸ੍ਰੀ ਸਤਿਗੁਰੂ ਕੇਤਿਕ ਦਿਵਸ ਬਿਤਾਇ।
ਪਾਵਸ ਮਾਸ ਸੁ ਭਾਦ੍ਰਪਦ ਆਵਤਿ ਭਾ ਸੁਖਦਾਇ॥ ੧॥

ਇਸ ਤਰ੍ਹਾਂ ਗੁਰੂ ਜੀ ਨੇ ਕਈ ਦਿਨ ਬਤੀਤ ਕੀਤੇ, ਫਿਰ ਸੁਖਦਾਈ ਪਵਿੱਤਰ ਭਾਦੋਂ ਦਾ ਮਹੀਨਾ ਆ ਗਿਆ॥੧॥

ਚੌਪਈ- ਇਕ ਦਿਨ ਬੈਠੇ ਕ੍ਰਿਪਾ ਨਿਧਾਨਾ। ਬ੍ਰਿੰਦ ਮਸੰਦਨ ਸੰਗਿ ਬਖਾਨਾ।
'ਲਿਖੋ ਹੁਕਮ ਨਾਮੇ ਸਭਿ ਥਾਨ। ਜਹਿਂ ਸਿਖ ਸੰਗਤਿ ਅਹੈ ਮਹਾਨ॥੨॥

ਇਕ ਦਿਨ ਕਿਰਪਾ-ਨਿਧਾਨ ਭਾਵ ਗੁਰੂ ਜੀ ਬੈਠੇ ਸਨ, ਸਾਰੇ ਮਸੰਦਾਂ ਨੂੰ ਉਨ੍ਹਾਂ ਨੇ ਕਿਹਾ, "ਸਭ ਥਾਂ ਹੁਕਮਨਾਮੇ ਲਿਖੋ, ਜਿਥੇ-ਜਿਥੇ ਮਹਾਨ ਸਿੱਖ ਸੰਗਤ ਹੈ॥੨॥

ਤੀਰਥ ਤਰਨ ਤਾਰਨ ਚਲਿ ਆਵੈਂ। ਦਿਵਸ ਦਰਸ਼ ਕੇ ਦਰਸ਼ਨ ਪਾਵੈਂ।
ਕਰਹਿਂ ਸ਼ਨਾਨ ਲਹੈਂ ਫਲ ਚਾਰ'। ਸੁਨਜੋ ਮਸੰਦਨ, ਲਿਖੇ ਸੁਧਾਰਿ॥੩॥

ਸਾਰੇ ਤਰਨ ਤਾਰਨ ਦੇ ਤੀਰਥ ਤੇ ਚਲ ਕੇ ਆਉਣ, ਮੱਸਿਆ ਵਾਲੇ ਦਿਨ ਆ ਕੇ ਦਰਸ਼ਨ ਪਾਉਣ। ਇਸ਼ਨਾਨ ਕਰਕੇ ਸੁੰਦਰ ਫਲ ਪ੍ਰਾਪਤ ਕਰਨ।'' ਇਹ ਸੁਣ ਕੇ ਮਸੰਦਾਂ ਸੁਧਾਰ ਕੇ ਸਭ ਨੂੰ ਹੁਕਮਨਾਮੇ ਲਿਖ ਦਿੱਤੇ॥੩॥

ਭਾਦ੍ਰੋਂ ਵਦਿ ਦਸਮੀ ਜਬਿ ਆਈ। ਸ੍ਰੀ ਸਤਿਗੁਰੁ ਤਯਾਰੀ ਕਰਿਵਾਈ।
ਸਭਿ ਪਰਿਵਾਰ ਸਾਥ ਭਾ ਤਯਾਰ। ਤੀਰਥ ਕਰਨਿ ਸ਼ਨਾਨ ਉਦਾਰ॥ ੪॥

ਭਾਦੋਂ ਵਦੀ ਦਸਮੀ ਜਦ ਆਈ ਤਾਂ ਸਤਿਗੁਰੂ ਜੀ ਨੇ ਤਿਆਰੀ ਕਰਵਾਈ, ਸਾਰਾ ਪਰਿਵਾਰ ਤੀਰਥ ਵਿਚ ਉੱਤਮ ਇਸ਼ਨਾਨ ਕਰਨ ਵਾਸਤੇ ਨਾਲ ਹੀ ਤਿਆਰ ਹੋ ਗਿਆ॥੪॥

ਚਢਿ ਦਮੋਦਰੀ ਸਯੰਦਨ ਮਾਂਹੀ। ਅਪਰ ਨਾਨਕੀ ਚਲੀ ਮ੍ਰਵਾਹੀ।
ਸੁਨੁਖਾ ਖੇਮ ਕੁਇਰ ਚਢਿ ਡੋਰੇ। ਸੰਗਤਿ ਸੰਗ ਚਲੀ ਬਹੁ ਔਰੇ॥ ੫॥

ਮਾਤਾ ਦਮੋਦਰੀ ਜੀ, ਮਾਤਾ ਨਾਨਕੀ ਜੀ ਤੇ ਮਾਤਾ ਮਰਵਾਹੀ ਜੀ ਰੱਥਾਂ ਵਿਚ ਸਵਾਰ ਹੋ ਕੇ ਚਲ ਪਈਆਂ। ਨੂੰਹ ਖੇਮ ਕੌਰ ਡੋਲੇ ਵਿਚ ਚੜ੍ਹ ਗਈ ਤੇ ਹੋਰ ਬਹੁਤ ਸੰਗਤ ਨਾਲ ਚਲ ਪਈ॥੫॥

ਗੁਰੁ ਤਨੁਜਾ ਬੀਰੋ ਬਡਭਾਗਨ। ਮਾਤਾ ਸੰਗ ਚਢੀ ਹਰਖਤਿ ਮਨ।
ਸ੍ਰੀ ਸਤਿਗੁਰੁ ਆਏ ਦਰਬਾਰ। ਕਰੀ ਪ੍ਰਦਛਨਾ ਬੰਦਨ ਧਾਰਿ॥ ੬॥

ਵੱਡੇ ਭਾਗਾਂ ਵਾਲੀ ਗੁਰੂ ਜੀ ਦੀ ਪੁੱਤਰੀ ਬੀਬੀ ਵੀਰੋ ਆਪਣੇ ਮਾਤਾ ਜੀ ਦੇ ਨਾਲ ਹੀ ਪ੍ਰਸੰਨ ਹੋ ਕੇ ਰੱਥ ਵਿਚ ਸਵਾਰ ਹੋ ਗਈ। ਸਤਿਗੁਰੂ ਜੀ ਹਰਿਮੰਦਰ ਸਾਹਿਬ ਵਿਖੇ ਆਏ ਤੇ ਪਰਿਕਰਮਾਂ ਕਰਕੇ ਬੰਦਨਾ ਕੀਤੀ॥੬॥

ਸਗਰੇ ਸੰਗ ਵਹਿਰ ਤਬਿ ਆਇ। ਚਢਿ ਖਾਸੇ ਪਰ ਗੁਰੂ ਸੁਹਾਇ।
ਅਣੀਰਾਇ ਸੂਰਜਮਲ ਸੰਗ। ਤੇਗ ਬਹਾਦਰ ਚਢੇ ਤੁਰੰਗ॥ ੭॥

ਸਾਰੇ ਫਿਰ ਗੁਰੂ ਜੀ ਦੇ ਨਾਲ ਬਾਹਰ ਆਏ, ਗੁਰੂ ਜੀ ਨੇ ਪਾਲਕੀ ਵਿਚ ਚੜ੍ਹ ਕੇ ਸ਼ੋਭਾ ਪਾਈ। ਸ੍ਰੀ ਅਣੀ ਰਾਇ, ਸ੍ਰੀ ਸੂਰਜ ਮਲ ਅਤੇ ਸ੍ਰੀ ਤੇਗ ਬਹਾਦਰ ਜੀ ਸਾਰੇ ਘੋੜਿਆਂ 'ਤੇ ਸਵਾਰ ਹੋ ਗਏ॥੭॥

ਸਯੰਦਨ ਪਰ ਗੁਰਦਾਸ ਚਢਾਏ। ਅਪਰ ਚਲੇ ਸਭਿ ਹਯ ਹਰਖਾਏ।
ਬਡੀ ਭੀਰ ਮਾਰਗ ਮਹਿਂ ਚਾਲੇ। ਸੁਭਟ ਮਸੰਦ ਲੀਏ ਗਨ ਨਾਲੇ॥ ੮॥

ਭਾਈ ਗੁਰਦਾਸ ਜੀ ਨੂੰ ਰੱਥ ਉਤੇ ਚੜ੍ਹਾਇਆ, ਬਾਕੀ ਸਾਰੇ ਪ੍ਰਸੰਨ ਹੋ ਕੇ ਘੋੜਿਆਂ ਤੇ ਸਵਾਰ ਹੋ ਕੇ ਚਲੇ ਗਏ। ਵੱਡੀ ਗਿਣਤੀ ਵਿਚ ਜੁੜ ਕੇ ਰਾਹੋ ਰਾਹ ਚਲ ਪਏ, ਸੂਰਮੇ ਅਤੇ ਮਸੰਦ ਵੀ ਸਾਰੇ ਨਾਲ ਚਲ ਪਏ॥੮॥

ਡੇਢਕ ਜਾਮ ਬਿਖੈ ਚਲਿ ਗਏ। ਤੀਰਥ ਦਰਸ ਬਿਲੋਕਤਿ ਭਏ।
ਪੂਰਬ ਦਿਸ਼ਿ ਕੋ ਕਰਯੋ ਨਿਵੇਸ। ਉਤਰਯੋ ਆਨਿ ਕੁਟੰਬ ਅਸ਼ੇਸ਼॥ ੯॥

ਜਦ ਡੇਢ ਪਹਿਰ ਚਲ ਕੇ ਗਏ ਤਾਂ ਤੀਰਥ ਸਥਾਨ ਦੇ ਦਰਸ਼ਨ ਹੋ ਗਏ। ਪੂਰਬ ਵਾਲੇ ਪਾਸੇ ਨਿਵਾਸ ਕੀਤਾ, ਬਾਕੀ ਪਰਿਵਾਰ ਨੇ ਵੀ ਉਥੇ ਆ ਉਤਾਰਾ ਕੀਤਾ॥੯॥

ਖਾਨ ਪਾਨ ਆਛੇ ਕਰਿਵਾਏ। ਕਰਤਿ ਬਿਲਾਸਨ ਦਯੋਸ ਬਿਤਾਏ।
ਤੀਰਥ ਸ੍ਰੀ ਅਰਜਨ ਜਿਮ ਕਰਯੋ। ਸਰਬ ਪ੍ਰਸੰਗ ਸੁ ਗੁਰੂ ਉਚਰਯੋ॥ ੧੦॥

ਖਾਣ ਪੀਣ ਚੰਗਾ ਕਰਵਾਇਆ ਤੇ ਅਨੰਦ ਵਿਲਾਸ ਕਰਦਿਆਂ ਦਿਨ ਬਤੀਤ ਕੀਤਾ। ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤੀਰਥ ਬਣਾਇਆ ਸੀ, ਉਹ ਸਾਰਾ ਪ੍ਰਸੰਗ ਗੁਰੂ ਜੀ ਨੇ ਸੁਣਾਇਆ॥੧੦॥

ਭਾਨਾ ਆਦਿ ਸੁਨਤਿ ਹਰਿਖਾਏ। ਤ੍ਰੌਦਸਮੀ ਚੌਦਸ਼ ਨਰ ਆਏ।
ਧਰਹਿਂ ਅਕੋਰਨ ਬੰਦਨ ਠਾਨੈਂ। ਉਤਰਹਿਂ ਤੀਰਥ ਤੀਰ ਸ਼ਨਾਨੈਂ॥ ੧੧॥

ਬਾਬਾ ਭਾਨਾ ਜੀ ਆਦਿ ਸੁਣ ਕੇ ਬਹੁਤ ਪ੍ਰਸੰਨ ਹੋਏ, ਤ੍ਰੌਦਸ਼ੀ ਅਤੇ ਚੌਦਸ਼ ਨੂੰ ਮਨੁੱਖ ਆਏ ਤੇ ਭੇਟਾ ਧਰ ਕੇ ਬੰਦਨਾ ਕਰਦੇ ਸਨ ਤੇ ਤੀਰਥ ਦੇ ਕਿਨਾਰੇ ਤੇ ਇਸ਼ਨਾਨ ਕਰਨ ਵਾਸਤੇ ਉਤਾਰਾ ਕਰ ਲੈਂਦੇ ਸਨ॥੧੧॥

ਦਿਵਸ ਅਮੱਸਜਾ ਮੱਜਨ ਠਾਨਿ। ਗਮਨੇ ਸ਼੍ਰੀ ਅਰਜਨ ਕੇ ਥਾਨ।
ਸਤਿਗੁਰ ਸਭਾ ਬਿਸਾਲ ਲਗਾਈ। ਸੰਗਤਿ ਆਇ ਆਇ ਸਮੁਦਾਈ॥ ੧੨॥

ਮੱਸਿਆ ਵਾਲੇ ਦਿਨ ਇਸ਼ਨਾਨ ਕਰਨ ਵਾਸਤੇ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਅਸਥਾਨ ਤੇ ਜਾਂਦੇ ਸਨ। ਸਤਿਗੁਰੂ ਜੀ ਨੇ ਵਿਸ਼ਾਲ ਸਭਾ ਲਗਾਈ, ਬਹੁਤ ਸੰਗਤ ਆ-ਆ ਕੇ ਇਕੱਠੀ ਹੋ ਰਹੀ ਸੀ॥੧੨॥

ਅਧਿਕ ਤਿਹਾਵਲ ਕੋ ਬਰਤਾਵੈ। ਬਸਤ੍ਰ ਦਰਬ ਕੀ ਭੇਟ ਚਢਾਵੈ।
ਕਰਹਿ ਕਾਮਨਾ ਕੀ ਅਰਦਾਸ। ਪੂਰਵਹਿ ਸ੍ਰੀ ਸਤਿਗੁਰੁ ਕੇ ਪਾਸਿ॥ ੧੩॥

ਬਹੁਤ ਕੜਾਹ ਪ੍ਰਸਾਦਿ ਵਰਤਾ ਰਹੇ ਸਨ, ਸਿੱਖ ਸੰਗਤ ਵਸਤਰ ਅਤੇ ਧਨ ਦੀ ਭੇਟ ਚੜ੍ਹਾ ਰਹੇ ਸਨ। ਸ੍ਰੀ ਸਤਿਗੁਰੂ ਜੀ ਦੇ ਪਾਸ ਕਾਮਨਾ ਪੂਰੀ ਹੋਣ ਦੀ ਅਰਦਾਸ ਕਰਦੇ ਸਨ॥੧੩॥

ਸ਼੍ਰੀ ਹਰਿ ਗੋਬਿੰਦ ਗਿਰਾ ਬਖਾਨੀ। 'ਮਹਿਮਾਂ ਤੀਰਥ ਪੁੰਨ ਮਹਾਨੀ।
ਸਭਿਨਿ ਅਮਾਵਸ ਕਰਹਿਂ ਸ਼ਨਾਨ। ਸੁਤ ਆਦਿਕ ਫਲ ਲਹੈਂ ਮਹਾਨ॥ ੧੪॥

ਸ੍ਰੀ ਹਰਿਗੋਬਿੰਦ ਜੀ ਨੇ ਬਚਨ ਕੀਤਾ, "ਇਸ ਤੀਰਥ ਦੀ ਮਹਾਨ ਮਹਿਮਾ ਹੈ। ਜਿਹੜੇ ਸਾਰੇ ਮੱਸਿਆ ਵਾਲੇ ਦਿਨ ਏਥੇ ਇਸ਼ਨਾਨ ਕਰਨਗੇ, ਉਹ ਪੁੱਤਰ ਆਦਿ ਦਾ ਮਹਾਨ ਫਲ ਪ੍ਰਾਪਤ ਕਰਨਗੇ॥੧੪॥

ਭਾਦ੍ਰੌਂ ਦਰਸ ਮਹਾਤਮ ਮਹਾਂ। ਕਰਹਿਂ ਸ਼ਨਾਨ ਆਨਿ ਜੇ ਇਹਾਂ।
ਅਘ ਓਘਨ ਕੋ ਕਰਹਿਂ ਬਿਨਾਸ਼। ਬਿਮਲ ਹੋਹਿਂ ਪੂਰਵਹਿਂ ਸਭਿ ਆਸ॥੧੫॥

ਭਾਦੋਂ ਦੇ ਦਰਸ਼ਨਾਂ ਦਾ ਮਹਾਨ ਮਹਾਤਮ ਹੈ, ਜਿਹੜੇ ਵੀ ਏਥੇ ਆ ਕੇ ਇਸ਼ਨਾਨ ਕਰਨਗੇ ਤੇ ਉਨ੍ਹਾਂ ਦੇ ਪਾਪ ਸੰਤਾਪ ਨਾਸ਼ ਹੋ ਜਾਣਗੇ, ਪਵਿੱਤਰ ਹੋ ਕੇ ਉਨ੍ਹਾਂ ਦੀਆਂ ਸਭ ਮੁਰਾਦਾਂ ਪੂਰੀਆਂ ਹੋ ਜਾਣਗੀਆਂ॥੧੫॥

ਦਿਵਸ ਆਜ ਕੇ ਪੂਰਨ ਮੇਲਾ। ਹੋਇ ਸਦਾ ਨਰ ਨਾਰਿ ਸਕੇਲਾ।
ਆਧਿ ਨ ਬਯਾਧਿ ਉਪਾਧਿ ਨ ਬਯਾਪੈ। ਜੇ ਮੱਜਹਿਂ ਅਰੁ ਜਪੁਜੀ ਜਾਪੈਂ ॥੧੬॥

ਅਜ ਦੇ ਦਿਨ ਪੂਰਨ ਮੇਲਾ ਲਗਿਆ ਕਰੇਗਾ, ਸਦਾ ਹੀ ਇਸਤਰੀ ਮਨੁੱਖ ਏਥੇ ਇਕੱਠੇ ਹੋਇਆ ਕਰਨਗੇ। ਆਧਿ, ਬਿਆਧ ਅਤੇ ਉਪਾਧਿ ਕਦੀ ਵੀ ਵਾਪਰੇਗੀ ਨਹੀਂ, ਜਿਹੜੇ ਏਥੇ ਇਸ਼ਨਾਨ ਕਰਨਗੇ ਤੇ ਜਪੁਜੀ ਸਾਹਿਬ ਦਾ ਪਾਠ ਕਰਨਗੇ" ॥੧੬॥

ਸੁਨਿ ਅਨੰਦ ਸਭਿ ਕੇ ਮਨ ਹੋਵਾ। ਮਹਾਂ ਮਹਾਤਮ ਤੀਰਥ ਜੋਵਾ।
ਤੀਨ ਦਿਵਸ ਸੰਗਤਿ ਰਹਿ ਪਾਸ। ਕਰਿ ਕਰਿ ਬੰਦਨ ਗਏ ਅਵਾਸ॥ ੧੭॥

ਇਹ ਸੁਣ ਕੇ ਸਾਰਿਆਂ ਦੇ ਮਨ ਅਨੰਦ ਨਾਲ ਭਰ ਗਏ, ਜਦ ਉਨ੍ਹਾਂ ਨੇ ਤੀਰਥ ਦੇ ਮਹਾਨ ਮਹਾਤਮ ਨੂੰ ਵੇਖਿਆ। ਤਿੰਨ ਦਿਨ ਸੰਗਤ ਉਥੇ ਠਹਿਰਕੇ, ਬੰਦਨਾ ਕਰ-ਕਰ ਆਪਣੇ ਘਰਾਂ ਨੂੰ ਚਲੇ ਗਏ॥੧੭॥

ਤਿਸ ਦਿਨ ਸਤਿਗੁਰ ਕਰਜੋ ਮੁਕਾਮੂ। ਬਚ ਗੁਰਦਾਸ ਭਨੇ ਅਭਿਰਾਮੂ।
'ਦ੍ਵਾਦਸ਼ ਕੋਸਨ ਚੋਲ੍ਹਾ ਨਾਮ। ਸ਼੍ਰੀ ਅਰਜਨ ਥਲ ਹੈ ਤਿਸ ਗ੍ਰਾਮ॥ ੧੮॥

ਉਸ ਦਿਨ ਸਤਿਗੁਰੂ ਜੀ ਨੇ ਉਥੇ ਮੁਕਾਮ ਕੀਤਾ, ਫਿਰ ਭਾਈ ਗੁਰਦਾਸ ਜੀ ਨੇ ਸੁੰਦਰ ਬਚਨ ਕਹੇ, "ਇਥੋਂ ਬਾਰ੍ਹਾਂ ਕੋਹ ਦੂਰ ਰੋਲ੍ਹਾ ਸਾਹਿਬ ਨਾਮੀ ਪਿੰਡ ਹੈ, ਉਥੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਥਾਨ ਹੈ॥੧੮॥

ਚਲਹੁ ਤਹਾਂ ਦਰਸ਼ਨ ਕਰਿ ਲੀਜੈ। ਨਰ ਨਾਰਨਿ ਕਿਰਤਾਰਥ ਕੀਜੈ'।
ਸੁਨਿ ਮਾਨੀ ਸ਼੍ਰੀ ਹਰਿਗੋਵਿੰਦ। ਚਢੇ ਪ੍ਰਾਤਿ ਸੰਗ ਸੈਨਾ ਬ੍ਰਿੰਦ॥ ੧੯॥

ਚਲੋ, ਉਸ ਸਥਾਨ ਦੇ ਵੀ ਦਰਸ਼ਨ ਕਰ ਲਵੋ ਤੇ ਇਸਤਰੀ ਪੁਰਸ਼ਾਂ ਦਾ ਕਿਰਤਾਰਥ ਕਰੋ।" ਭਾਈ ਗੁਰਦਾਸ ਜੀ ਦੇ ਬਚਨ ਸੁਣ ਕੇ ਸ੍ਰੀ ਹਰਿਗੋਬਿੰਦ ਜੀ ਨੇ ਮੰਨ ਲਏ, ਸਵੇਰ ਹੁੰਦਿਆਂ ਹੀ ਸਾਰੀ ਸੈਨਾ ਨੂੰ ਨਾਲ ਲੈ ਕੇ ਚਲ ਪਏ॥੧੯॥

ਸਗਲ ਕੁਟੰਬ ਲਿਏ ਨਿਜ ਸਾਥ। ਜਾਇ ਪਹੂਚੇ ਦੀਨਾਨਾਥ।
ਸ਼੍ਰੀ ਅਰਜਨ ਥਲ ਕੇ ਢਿਗ ਡੇਰਾ। ਕਰਿ ਬੈਠੇ ਤਹਿਂ ਦਰਸ਼ਨ ਹੇਰਾ॥ ੨੦॥

ਸਾਰੇ ਪਰਿਵਾਰ ਨੂੰ ਆਪਣੇ ਨਾਲ ਲਿਆ ਤੇ ਸ੍ਰੀ ਗੁਰੂ ਹਰਿਗੋਬਿੰਦ ਜੀ ਉਥੇ ਜਾ ਪਹੁੰਚੇ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਥਾਨ ਦੇ ਪਾਸ ਹੀ ਡੇਰਾ ਕੀਤਾ, ਦਰਸ਼ਨ ਕਰਕੇ ਉਥੇ ਬੈਠ ਗਏ॥੨੦॥

ਤੀਰ ਤੀਰ ਜੇ ਗ੍ਰਾਮ ਬਸੰਤੇ। ਗੁਰ ਆਗਵਨ ਜਾਨਿ ਪਹੁੰਚੰਤੇ।
ਲੈ ਲੈ ਦੁਗਧ ਦਧੀ ਸਮੁਦਾਏ। ਚਹੁੰਦਿਸ਼ਿ ਤੇ ਚੌਂਪਤਿ ਚਲਿ ਆਏ॥ ੨੧॥

ਜਿਹੜੇ ਨੇੜੇ-ਨੇੜੇ ਪਿੰਡ ਵੱਸਦੇ ਸਨ, ਉਨ੍ਹਾਂ ਨੂੰ ਜਦ ਗੁਰੂ ਜੀ ਦੇ ਆਉਣ ਦਾ ਪਤਾ ਲੱਗਾ ਤਾਂ ਉਹ ਪਹੁੰਚ ਗਏ। ਉਹ ਦੁੱਧ ਦਹੀਂ ਲੈ ਕੇ ਚਾਰੇ ਪਾਸਿਆਂ ਤੋਂ ਬੜੇ ਚਾਅ ਨਾਲ ਇਕੱਠੇ ਹੋ ਗਏ॥੨੧॥

ਸ਼੍ਰੀ ਹਰਿਗੋਵਿੰਦ ਪਿਤਾ ਸਥਾਨ। ਕੀਨਿ ਪ੍ਰਦੱਛਨ ਬੰਦਨ ਠਾਨਿ।
ਬੈਠਿ ਗਏ ਤਹਿਂ ਸਭਾ ਲਗਾਈ। ਸਿਖ ਸੰਗਤਿ ਪਹੁੰਚੇ ਸਭਿ ਆਈ॥ ੨੨॥

ਉਹ ਗੁਰੂ ਹਰਿਗੋਬਿੰਦ ਜੀ ਦੇ ਪਿਤਾ ਦਾ ਸਥਾਨ ਸੀ, ਗੁਰੂ ਜੀ ਨੇ ਪਰਿਕਰਮਾਂ ਕਰਕੇ ਬੰਦਨਾ ਕੀਤੀ। ਉਥੇ ਸਭਾ ਲਾ ਕੇ ਬੈਠ ਗਏ ਸਾਰੀ ਸਿੱਖ ਸੰਗਤ ਆ ਕੇ ਪਹੁੰਚ ਗਈ॥੨੨॥

ਕਰ ਜੋਰਤਿ ਅਰੁ ਨਮੋ ਕਰੰਤੇ। ਰਸਦ ਅੰਨ ਕੋ ਗਨ ਅਰਪੰਤੇ।
ਜਥਾ ਸ਼ਕਤਿ ਘ੍ਰਿਤ ਪੈ ਦਧਿ ਲਜਾਏ। ਚਹਤਿ ਸ਼੍ਰੇਯ ਕੋ ਆਨਿ ਚਢਾਏ॥੨੩॥

ਹੱਥ ਜੋੜ ਕੇ ਬੰਦਨਾ ਕਰਦੇ ਸਨ, ਬਹੁਤ ਰਸਦ ਅਤੇ ਅਨਾਜ ਅਰਪਣ ਕਰਦੇ ਸਨ। ਜਥਾ ਸ਼ਕਤੀ ਅਨੁਸਾਰ ਘਿਉ, ਦੁੱਧ ਅਤੇ ਦਹੀਂ ਲਿਆਏ, ਜਿਹੜੇ ਆਪਣਾ ਕਲਿਆਣ ਚਾਹੁੰਦੇ ਸੀ, ਉਨ੍ਹਾਂ ਨੇ ਆ ਕੇ ਗੁਰੂ ਜੀ ਦੇ ਅੱਗੇ ਚੜ੍ਹਾ ਦਿੱਤੇ॥੨੩॥

ਸ਼ਬਦ ਕੀਰਤਨ ਸੁੰਦਰ ਹੋਤਿ। ਜਿਸ ਉਰ ਬਾਸੇ ਗਜਾਨ ਉਦੋਤਿ।
ਮੇਲ ਸਕੇਲਨਿ ਅਤਿਸ਼ੈ ਹੋਵਾ। ਧਰਹਿਂ ਭਾਉ ਗੁਰੁ ਦਰਸ਼ਨ ਜੋਵਾ॥ ੨੪॥

ਸੁੰਦਰ ਸ਼ਬਦ ਕੀਰਤਨ ਹੋ ਰਿਹਾ ਸੀ, ਜਿਸ ਨਾਲ ਹਿਰਦੇ ਵਿਚ ਗਿਆਨ ਵਸਦਾ ਸੀ। ਬਹੁਤ ਮੇਲਾ ਇਕੱਠਾ ਹੋਇਆ, ਬੜਾ ਪ੍ਰੇਮ ਧਾਰ ਗੁਰੂ ਜੀ ਦੇ ਦਰਸ਼ਨ ਕਰਦੇ ਸਨ॥੨੪॥

ਕਿਤਿਕ ਕਾਲ ਬੈਠੇ ਗੁਨਖਾਨੀ। ਭਾਨਾ ਪਿਖਿ ਸਥਾਨ ਕਹਿ ਬਾਨੀ।
'ਕਿਸ ਕਾਰਨ ਕਰਿ ਗੁਰ ਇਤ ਆਏ। ਕੋ ਕਾਰਜ ਕੀਨਸਿ ਮਨ ਭਾਏ' ॥੨੫॥

ਕੁਝ ਸਮਾਂ ਗੁਰੂ ਜੀ ਉਥੇ ਬੈਠੇ, ਬਾਬਾ ਭਾਨਾ ਜੀ ਨੇ ਉਸ ਸਥਾਨ ਨੂੰ ਵੇਖ ਕੇ ਕਿਹਾ, "ਕਿਸ ਕਾਰਨ ਕਰਕੇ ਗੁਰੂ ਜੀ ਏਥੇ ਆਏ ਸਨ, ਉਨ੍ਹਾਂ ਨੇ ਏਥੇ ਕਿਹੜਾ ਮਨ-ਭਾਉਂਦਾ ਕਾਰਜ ਕੀਤਾ ਸੀ"॥੨੫॥

ਸੁਨਿ ਸਤਿਗੁਰ ਦੇਖ੍ਯੋ ਗੁਰਦਾਸ। ਕਹ੍ਯੋ 'ਹੁਤੋ ਇਹ ਪਿਤ ਕੇ ਪਾਸ
ਗਾਥਾ ਤਬਿ ਕੀ ਸਗਰੀ ਜਾਨੈ। ਜਯੋਂ ਆਏ ਅਰੁ ਗਏ ਬਖਾਨੈ ॥ ੨੬ ॥

ਇਹ ਸੁਣ ਕੇ ਸਤਿਗੁਰੂ ਜੀ ਨੇ ਭਾਈ ਗੁਰਦਾਸ ਜੀ ਵਲ ਵੇਖਿਆ, 'ਇਹ ਉਸ ਸਮੇਂ ਪਿਤਾ ਜੀ ਪਾਸ ਸਨ, ਇਹ ਉਸ ਸਮੇਂ ਦੀ ਸਾਰੀ ਗਾਥਾ ਜਾਣਦੇ ਹਨ, ਜਿਵੇਂ ਆਏ ਅਤੇ ਗਏ, ਇਹ ਵਰਣਨ ਕਰਨਗੇ' ॥੨੬॥

ਪਾਇ ਹੁਕਮ ਗੁਰੁ ਕੋ ਤਬਿ ਭਾਈ। ਸਭਿਨਿ ਬਿਖੈ ਸੁਭ ਕਥਾ ਸੁਨਾਈ।
'ਸੁਨ ਭਾਨਾ ਸਾਹਿਬ ! ਹਮ ਸੰਗ। ਜਿਮ ਦੇਖ੍ਯੋ ਤਿਮ ਭਨੋਂ ਪ੍ਰਸੰਗ ॥ ੨੭ ॥

ਭਾਈ ਗੁਰਦਾਸ ਜੀ ਨੇ ਗੁਰੂ ਜੀ ਦੀ ਆਗਿਆ ਪਾ ਕੇ ਸਾਰਿਆਂ ਨੂੰ ਇਹ ਸ਼ੁਭ ਕਥਾ ਸੁਣਾਈ, 'ਹੇ ਭਾਨਾ ਸਾਹਿਬ ! ਸਾਡੇ ਪਾਸੋਂ ਸੁਣੋ, ਅਸੀਂ ਉਸ ਸਮੇਂ ਗੁਰੂ ਜੀ ਦੇ ਨਾਲ ਸੀ, ਜਿਵੇਂ ਅਸੀਂ ਵੇਖਿਆ ਹੈ, ਉਸ ਤਰ੍ਹਾਂ ਹੀ ਪ੍ਰਸੰਗ ਕਹਿੰਦੇ ਹਾਂ ॥੨੭॥

ਜਬਿ ਪ੍ਰਿਥੀਏ ਬਹੁ ਬਾਦ ਉਠਾਯੋ। ਗਾਰ ਰਾਰ ਧਨ ਤੇ ਗਰਬਾਯੋ।
ਸ਼ਾਂਤਿ ਰੂਪ ਸ਼੍ਰੀ ਅਰਜੁਨ ਦੇਵ। ਸਹੀ ਨ ਕਲਹਾ ਕਰੀ ਅਤੇਵ ॥ ੨੮ ॥

ਜਦ ਪ੍ਰਿਥੀਏ ਨੇ ਬਹੁਤ ਝਗੜਾ ਖੜਾ ਕੀਤਾ, ਗਾਲੀ ਗਲੋਚ, ਰੌਲੇ ਰੱਪੇ ਅਤੇ ਧਨ ਨਾਲ ਵੱਡਾ ਹੰਕਾਰੀ ਹੋ ਗਿਆ ਤਾਂ ਸ਼ਾਂਤੀ ਸਰੂਪ ਗੁਰੂ ਅਰਜਨ ਦੇਵ ਜੀ ਨੇ ਉਸਦੀ ਕਲਹਾ ਦੀ ਅੱਤਿ ਨੂੰ ਬਰਦਾਸ਼ਤ ਨਾ ਕੀਤਾ, ਕਿਉਂਕਿ ਗੁਰੂ ਜੀ ਆਪ ਅਜਿਹੀ ਕਲਹਾ ਦਾ ਉੱਤਰ ਨਹੀਂ ਸੀ ਦੇਣਾ ਚਾਹੁੰਦੇ ॥੨੮॥

ਨਿਕਸੇ ਵਹਿਰ ਸੁ ਆਇ ਸ੍ਰਿਹਾਲੀ। ਡੇਰਾ ਕੀਨਿ ਕਿਤਿਕ ਸਿਖ ਨਾਲੀ।
ਪੁਰਿ ਜਨ ਮਿਲੇ ਆਨਿ ਕਰਿ ਸਾਰੇ। ਅਰਪਿ ਉਪਾਇਨ ਬੰਦਨ ਧਾਰੇ ॥ ੨੯ ॥

ਉਹ ਸ਼ਹਿਰ ਵਿਚੋਂ ਬਾਹਰ ਨਿਕਲ ਕੇ ਸਰਹਾਲੀ ਆ ਗਏ, ਕਈ ਸਿੱਖਾਂ ਦੇ ਨਾਲ ਉਥੇ ਡੇਰਾ ਕਰ ਲਿਆ। ਫਿਰ ਨਗਰ ਦੇ ਸਾਰੇ ਲੋਕ ਆ ਕੇ ਮਿਲੇ, ਉਪਹਾਰ ਅਰਪਣ ਕਰਕੇ ਉਨ੍ਹਾਂ ਬੰਦਨਾ ਕੀਤੀ ॥੨੯॥

ਗੁਰੂ ਕਹ੍ਯੋ 'ਦੀਜਹਿ ਕੋ ਥਾਨ। ਕੋ ਦਿਨ ਕਰਹਿਂ ਬੈਠਿ ਗੁਜ਼ਰਾਨ'।
ਸੁਨਿ ਪੁਰਿ ਜਨ ਦੀਨੋ ਸੁਭ ਥਾਉਂ। ਸਭਿ ਮਿਲਿ ਕਰਤਿ ਭਏ ਬਹੁ ਭਾਉ ॥ ੩੦ ॥

ਗੁਰੂ ਜੀ ਨੇ ਕਿਹਾ, "ਕੋਈ ਥਾਂ ਦੇਵੋ, ਜਿਥੇ ਕੁਝ ਦਿਨ ਬੈਠ ਕੇ ਗੁਜ਼ਾਰਾ ਕਰੀਏ।" ਇਹ ਸੁਣ ਕੇ ਨਗਰ ਦੇ ਲੋਕਾਂ ਨੇ ਸ਼ੁਭ ਥਾਂ ਦਿੱਤਾ, ਸਾਰੇ ਮਿਲ ਕੇ ਬਹੁਤ ਪ੍ਰੇਮ ਕਰਦੇ ਸਨ ॥੩੦॥

ਦਿਨ ਦੁਇ ਚਾਰ ਬਾਸ ਜਬਿ ਠਾਨਾ। ਸੁਨਿ ਸੁਨਿ ਸਿਖ ਗਨ ਆਨਿ ਮਹਾਨਾ।
ਪੂਜਾ ਕਰਹਿਂ ਅਕੋਰ ਚਢਾਵੈਂ। ਭਈ ਭੀਰ ਆਵਤਿ ਇਕ ਜਾਵੈਂ ॥ ੩੧ ॥

ਜਦ ਦੋ ਚਾਰ ਦਿਨ ਉਥੇ ਠਹਿਰੇ ਤਾਂ ਸੁਣ-ਸੁਣ ਕੇ ਬਹੁਤ ਸਿੱਖ ਆਏ ਪੂਜਾ ਕਰਦੇ ਸੀ, ਭੇਟਾਵਾਂ ਚੜ੍ਹਾਉਂਦੇ ਸਨ, ਬੜੀ ਭੀੜ ਲੱਗੀ ਰਹਿੰਦੀ ਸੀ, ਇਕ ਆਉਂਦਾ ਸੀ, ਇਕ ਜਾਂਦਾ ਸੀ ॥੩੧॥

ਜੋਗੀ ਬਸਤਿ ਗੁਰੂ ਪੁਰਿ ਜਨ ਕੋ। ਦੇਖਤਿ ਜਰ੍ਯੋ ਈਰਖਾ ਮਨ ਕੋ।
'ਮਮ ਮਹਿਮਾ ਪੁਰਿ ਤੇ ਘਟ ਜੈ ਹੈ। ਦੇਖਾ ਦੇਖੀ ਇਸ ਪੁਜਵੈ ਹੈਂ ॥ ੩੨ ॥

ਉਸ ਨਗਰ ਵਿਚ, ਨਗਰ ਦੇ ਲੋਕਾਂ ਦਾ ਇਕ ਜੋਗੀ ਗੁਰੂ ਵਸਦਾ ਸੀ, ਉਹ ਵੇਖ ਕੇ ਮਨ ਵਿਚ ਈਰਖਾ ਨਾਲ ਸੜ ਗਿਆ ਤੇ ਸੋਚਣ ਲੱਗਾ, "ਨਗਰ ਵਿਚ ਮੇਰੀ ਮਹਿਮਾ ਘੱਟ ਜਾਵੇਗੀ, ਲੋਕੀਂ ਵੇਖਾ ਵੇਖੀ ਇਨ੍ਹਾਂ ਨੂੰ ਪੂਜਣਗੇ ॥੩੨॥

ਕਰਿ ਬੈਠ੍ਯੋ ਗੁਰ ਦੰਭ ਬਿਸਾਲਾ। ਮਿਲੇ ਰਹੈਂ ਜਿਸ ਢਿਗ ਨਰ ਜਾਲਾ।
ਮਮ ਸਮੀਪ ਨਹਿਂ ਆਵਤਿ ਕੋਈ। ਇਮ ਜੋਗੀ ਕੈ ਚਿੰਤਾ ਹੋਈ ॥ ੩੩ ॥

ਇਹ ਗੁਰੂ ਜੀ ਵੱਡਾ ਪਖੰਡ ਕਰ ਕੇ ਬੈਠ ਗਏ ਹਨ, ਜਿਸ ਨੂੰ ਆ ਕੇ ਬਹੁਤ ਮਨੁੱਖ ਮਿਲ ਰਹੇ ਹਨ, ਮੇਰੇ ਪਾਸ ਕੋਈ ਵੀ ਨਹੀਂ ਆਉਂਦਾ ਹੈ।'' ਇਸ ਤਰ੍ਹਾਂ ਜੋਗੀ ਨੂੰ ਬੜੀ ਚਿੰਤਾ ਹੋਈ॥੩੩॥

ਅਪਨੇ ਸੇਵਕ ਸਕਲ ਬੁਲਾਏ। ਕਹਤਿ ਕੁਤਰਕਨ ਤ੍ਰਾਸ ਉਪਾਏ।
ਪਾਤਿਸ਼ਾਹੁ ਕੋ ਹੈ ਇਹੁ ਚੋਰ। ਆਯੋ ਭਾਜਿ ਤੁਮਾਰੀ ਓਰ॥ ੩੪॥

ਉਸ ਨੇ ਆਪਣੇ ਸਾਰੇ ਸੇਵਕ ਬੁਲਾਏ, ਤੇ ਉਨ੍ਹਾਂ ਨੂੰ ਝੂਠ ਕਹਿ ਕੇ ਡਰ ਪਾਇਆ, ''ਇਹ ਬਾਦਸ਼ਾਹ ਦਾ ਚੋਰ ਹੈ ਤੇ ਭੱਜ ਕੇ ਤੁਹਾਡੇ ਪਾਸ ਆਇਆ ਹੈ॥੩੪॥

ਅਬਿ ਇਤ ਆਨਿ ਪਸਾਰਯੋ ਦੰਭਾ। ਨਰਨ ਠਗਤਿ ਦਿਖਰਾਇ ਅਚੰਭਾ।
ਸਿਖ ਸਕੇਲਿ ਕੈ ਰਕਹਿ ਪੁਰੀ। ਤਬਿ ਤੁਮ ਕੋ ਹੁਇ ਸਭਿ ਬਿਧਿ ਬੁਰੀ॥ ੩੫॥

ਹੁਣ ਇਸ ਨੇ ਆ ਕੇ ਪਾਖੰਡ ਪਸਾਰਿਆ ਹੈ, ਮਨੁੱਖਾਂ ਨੂੰ ਅਚੰਭਾ ਵਿਖਾ ਕੇ ਠੱਗਦਾ ਹੈ, ਬਾਦਸ਼ਾਹ ਸਾਰੇ ਸਿੱਖਾਂ ਨੂੰ ਰੋਕ ਕੇ ਨਗਰ ਨੂੰ ਘੇਰ ਲਵੇਗਾ, ਤਦ ਤੁਹਾਡੇ ਨਾਲ ਹਰ ਤਰ੍ਹਾਂ ਬੁਰਾ ਹੋਵੇਗਾ॥੩੫॥

ਜਹਾਂਗੀਰ ਜੇ ਸੁਨਹਿ ਰਿਸਾਵੈ। ਲੂਟਹਿ ਤੁਮਹਿਂ ਗ੍ਰਾਮ ਉਜਰਾਵੈ।
ਨਤੁ ਇਸ ਕੋ ਤੁਮ ਦੇਹੁ ਨਿਕਾਸੀ। ਹੋਇ ਜਿ ਦੁਖਦ ਰਖਹੁ ਕਯੋਂ ਪਾਸੀ'॥ ੩੬॥

ਜਹਾਂਗੀਰ ਜੇ ਸੁਣੇਗਾ ਤਾਂ ਬਹੁਤ ਗੁੱਸੇ ਵਿਚ ਆ ਜਾਵੇਗਾ, ਤੁਹਾਨੂੰ ਲੁੱਟ ਕੇ ਤੁਹਾਡਾ ਪਿੰਡ ਉਜਾੜ ਦੇਵੇਗਾ। ਨਹੀਂ ਤਾਂ ਇਸ ਨੂੰ ਏਥੋਂ ਕੱਢ ਦੇਵੋ, ਜਿਸ ਦੇ ਰੱਖਣ ਨਾਲ ਦੁੱਖੀ ਹੋਣਾ ਪਵੇ ਉਸ ਨੂੰ ਪਾਸ ਕਿਉਂ ਰਖਿਆ ਜਾਵੇ''॥੩੬॥

ਸੁਨਿ ਸਚਿੰਤ ਪੁਰਿ ਜਨ ਭਰਮਾਏ। ਪ੍ਰੇਰੇ ਜੋਗੀ, ਗੁਰ ਢਿਗ ਆਏ।
ਰਿਸ ਕਰਿ ਕਹਯੋ,'ਨ ਇਸ ਥਲ ਰਹੀਯਹਿ। ਉਠਿ ਗਮਨਹੁ ਜਿਤ ਦਿਸ਼ਿ ਚਿਤ ਚਹੀਯਹਿ'॥੩੭॥

ਇਹ ਸੁਣ ਕੇ ਨਗਰ ਦੇ ਲੋਕ ਚਿੰਤਾ ਸਹਿਤ ਭਰਮਾਂ ਵਿਚ ਪੈ ਗਏ। ਜੋਗੀ ਦੇ ਪ੍ਰੇਰੇ ਹੋਏ ਗੁਰੂ ਜੀ ਪਾਸ ਆਏ ਤੇ ਗੁੱਸੇ ਵਿਚ ਆ ਕੇ ਕਿਹਾ, ''ਇਸ ਥਾਂ ਨਾ ਰਹੋ, ਇਥੋਂ ਉੱਠ ਕੇ ਓਧਰ ਚਲੇ ਜਾਵੋ ਜਿਧਰ ਤੁਹਾਡਾ ਚਿੱਤ ਚਾਹੁੰਦਾ ਹੈ''॥੩੭॥

ਗੁਰੂ ਕਹਯੋ 'ਬੈਠੇ ਤੁਮ ਬੂਝੇ। ਰਿਸ ਕਰਿ ਬੋਲਹੁ, ਅਬਿ ਕਯਾ ਸੂਝੇ।
ਕਾਰਜ ਨਹੀਂ ਬਿਗਾਰਯੋ ਕੋਇ। ਬਿਨ ਕਾਰਨ ਤੇ ਕਿਮ ਰਿਸ ਹੋਇ ?'॥੩੮॥

ਗੁਰੂ ਜੀ ਨੇ ਕਿਹਾ, ''ਤੁਹਾਨੂੰ ਪੁੱਛ ਕੇ ਬੈਠੇ ਹਾਂ, ਹੁਣ ਗੁੱਸੇ ਨਾਲ ਬੋਲਦੇ ਹੋ, ਹੁਣ ਤੁਹਾਨੂੰ ਕੀ ਸੁੱਝੀ ਹੈ। ਅਸੀਂ ਤੁਹਾਡਾ ਕੋਈ ਕੰਮ ਨਹੀਂ ਵਿਗਾੜਿਆ ਹੈ, ਕਿਸੇ ਕਾਰਨ ਤੋਂ ਬਗੈਰ ਕਿਵੇਂ ਗੁੱਸੇ ਹੋਏ ਹੋ?''॥੩੮॥

ਸੁਨਿ ਪੁਰਿਜਨ ਪੁਨ ਕਹਿਸਿ ਕਠੋਰਾ। 'ਠਟਹੁ ਪਖੰਡ, ਟਿਕਹੁ ਜਿਸ ਠੋਰਾ।
ਨਹਿਂ ਹਮ ਕੋ ਬਡ ਰੌਰਾ ਆਛੋ। ਉਠਿ ਗਮਨੋ ਅਬਿ ਜਿਤ ਚਿਤ ਬਾਂਛੋ'॥੩੯॥

ਇਹ ਸੁਣ ਕੇ ਨਗਰ ਦੇ ਲੋਕਾਂ ਨੇ ਬੜੇ ਕਠੋਰ ਸ਼ਬਦ ਕਹੇ, ''ਤੁਸੀਂ ਪਾਖੰਡ ਰਚਦੇ ਹੋ, ਜਿਸ ਸਥਾਨ ਤੇ ਵੀ ਟਿੱਕਦੇ ਹੋ, ਸਾਨੂੰ ਵੱਡਾ ਰੌਲਾ ਚੰਗਾ ਨਹੀਂ, ਹੁਣ ਉਠ ਕੇ ਜਿਧਰ ਜੀਅ ਚਾਹੁੰਦਾ ਹੈ, ਓਧਰ ਚਲੇ ਜਾਵੋ''॥੩੯॥

ਤਬਿ ਗੁਰ ਕੇ ਉਰ ਰਿਸ ਹੁਇ ਆਈ। ਭਗਨ ਈਂਟਕਾ ਕਰਿ ਚਹੁਂ ਥਾਈਂ।
ਚਾਰ ਓਰ ਕੋ ਕਰੇ ਬਗਾਵਨ। ਬ੍ਰਿਧ ਸਾਹਿਬ ਕੀਨੇ ਤਬਿ ਲਜਾਵਨ॥ ੪੦॥

ਤਦ ਗੁਰੂ ਜੀ ਦੇ ਹਿਰਦੇ ਵਿਚ ਰੋਸ ਜਾਗਿਆ, ਇਕ ਇੱਟ ਨੂੰ ਤੋੜ ਕੇ ਚਾਰ ਹਿੱਸਿਆਂ ਵਿਚ ਵੰਡ ਦਿੱਤਾ ਤੇ ਚਾਰ ਰੋੜਿਆਂ ਨੂੰ ਚਾਰੇ ਪਾਸੇ ਸੁੱਟ ਦਿੱਤਾ। ਬਾਬਾ ਬੁੱਢਾ ਜੀ ਫਿਰ ਉਨ੍ਹਾਂ ਰੋੜਿਆਂ ਨੂੰ ਲੈ ਕੇ ਆਏ॥੪੦॥

ਆਨੇ ਤੀਨ ਨ ਚੌਥਾ ਪਾਯੋ। 'ਕਰਤਿ ਕਹਾਂ ਤੁਮ?' ਗੁਰੂ ਅਲਾਯੋ।
ਸੁਨਿ ਬ੍ਰਿਧ ਬਿਨਤੀ ਸਹਤ ਬਖਾਨਾ। 'ਤੀਨ ਭਾਗ ਮੈਂ ਮੇਲੇ ਆਨਾ॥ ੪੧॥

ਉਹ ਤਿੰਨ ਲੈ ਕੇ ਆਏ ਪਰ ਚੌਥਾ ਨਾ ਲਭਿਆ, ਫਿਰ ਗੁਰੂ ਜੀ ਨੇ ਕਿਹਾ, 'ਇਹ ਤੁਸੀਂ ਕੀ ਕਰਦੇ ਹੋ ?'' ਇਹ ਸੁਣ ਕੇ ਬਾਬਾ ਬੁੱਢਾ ਜੀ ਨੇ ਬੇਨਤੀ ਸਹਿਤ ਕਿਹਾ, ''ਤਿੰਨ ਭਾਗ ਮੈਂ ਲਿਆ ਕੇ ਮੇਲ ਲਏ ਹਨ॥੪੧॥

ਚਤੁਰਥ ਭਾਗ ਨ ਪਾਯੋ ਕੋਈ। ਰਾਵਰ ਕੀ ਆਗਜਾ ਜਿਮ ਹੋਈ'।
ਗੁਰੂ ਕਹਯੋ 'ਤੁਮ ਪਰਉਪਕਾਰੀ। ਤੀਨ ਦਿਸ਼ਾ ਕ੍ਰਿਸ਼ਿ ਉਪਜਹਿ ਸਾਰੀ॥ ੪੨॥

ਚੌਥਾ ਭਾਗ ਮੈਂ ਨਹੀਂ ਪਾਇਆ, ਹੁਣ ਆਪ ਜੀ ਦੀ ਜਿਵੇਂ ਆਗਿਆ ਹੋਵੇ।'' ਗੁਰੂ ਜੀ ਨੇ ਕਿਹਾ, ''ਤੁਸੀਂ ਪਰਉਪਕਾਰੀ ਹੋ, ਤਿੰਨ ਪਾਸੇ ਬਹੁਤ ਖੇਤੀ ਪੈਦਾ ਹੋਵੇਗੀ॥੪੨॥

ਚਤੁਰਥ ਦਿਸ਼ ਕਲਰ ਹੁਇ ਜਾਇ।' ਸੋ ਅਬਿ ਲਗਿ ਇਤ ਪਰਯੋ ਦਿਖਾਇ।
ਕਰਯੋ ਕੂਚ ਆਗੇ ਗੁਰ ਚਾਲੇ। ਸਿਖ ਸੰਗਤਿ ਲੇ ਕਰਿ ਗਨ ਨਾਲੇ' ॥ ੪੩॥

ਚੌਥਾ ਪਾਸਾ ਕੱਲਰ ਹੋ ਜਾਵੇਗਾ।'' ਉਹ ਹੁਣ ਤਕ ਇੰਝ ਹੀ ਪਿਆ ਦਿਖਾਈ ਦਿੰਦਾ ਹੈ। ਗੁਰੂ ਜੀ ਕੂਚ ਕਰਕੇ ਅੱਗੇ ਚਲ ਪਏ, ਸਭ ਸਿੱਖ ਸੰਗਤ ਨੂੰ ਉਨ੍ਹਾਂ ਆਪਣੇ ਨਾਲ ਲੈ ਲਿਆ''॥੪੩॥

*ਸੱਤਵੀਂ ਰਾਸ ਦਾ ਬਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੨॥*

## *ਅਧਿਆਇ ਤੇਰ੍ਹਵਾਂ*

*ਚੋਲ੍ਹਾ ਸਾਹਿਬ ਦਰਸ਼ਨ*

ਦੋਹਰਾ- ਇਸ ਥਲ ਕੋ ਆਏ ਗੁਰੂ ਉਤਰੇ ਜਬਿ ਹੀ ਥਾਨ।
ਪੈਂਚ ਹੁਤੋ ਗੁਰ ਸਿੱਖ ਸੋ, ਸੁਨਿ ਆਯੋ ਸੁਖ ਮਾਨਿ॥ ੧॥

ਭਾਈ ਗੁਰਦਾਸ ਜੀ ਨੇ ਕਿਹਾ, ''ਜਦ ਇਸ ਥਾਂ ਗੁਰੂ ਜੀ ਨੇ ਆ ਕੇ ਉਤਾਰਾ ਕੀਤਾ ਤਾਂ ਉਸ ਪਿੰਡ ਦਾ ਪੈਂਚ ਗੁਰਸਿੱਖ ਸੀ, ਉਹ ਸੁਣ ਕੇ ਸੁੱਖ ਮੰਨ ਕੇ ਆਇਆ॥੧॥

ਚੌਪਈ- ਧਰਯੋ ਪ੍ਰਸ਼ਾਦਿ ਉਪਾਇਨ ਆਗੇ। ਸ੍ਰੀ ਅਰਜਨ ਕੀ ਚਰਨੀਂ ਲਾਗੇ।
'ਜਾਨਹੁਂ ਦਾਸ ਨਿਵਾਸ ਕਰੀਜੈ। ਹੋਹਿਂ ਕ੍ਰਿਤਾਰਥ, ਦਰਸ਼ਨ ਦੀਜੈ' ॥੨॥

ਉਸ ਨੇ ਗੁਰੂ ਅੱਗੇ ਭੇਟਾ ਵਜੋਂ ਪ੍ਰਸ਼ਾਦਿ ਧਰਿਆ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਚਰਨੀਂ ਲੱਗ ਗਿਆ ਤੇ ਕਿਹਾ, ''ਮੈਨੂੰ ਆਪਣਾ ਦਾਸ ਜਾਣੋਂ ਤੇ ਏਥੇ ਨਿਵਾਸ ਕਰੋ, ਦਰਸ਼ਨ ਦੇ ਕੇ ਸਾਨੂੰ ਕ੍ਰਿਤਾਰਥ ਕਰੋ'' ॥੨॥

ਇਮ ਕਹਿ ਗੁਰ ਇਸ ਥਾਨ ਟਿਕਾਏ। ਸਰਬ ਸੇਵ ਕੀਨੀ ਮਨ ਲਾਏ।
ਸ੍ਰੀ ਗੰਗਾ ਨਿਜ ਸਦਨ ਮਝਾਰ। ਹਿਤ ਬਸਿਬੇ ਲੇ ਗਯੋ ਬਿਚਾਰਿ॥੩॥

ਇਸ ਤਰ੍ਹਾਂ ਕਹਿ ਕੇ ਗੁਰੂ ਜੀ ਨੂੰ ਇਸ ਥਾਂ ਟਿਕਾ ਲਿਆ-ਤੇ ਮਨ ਲਾ ਕੇ ਸਭ ਪ੍ਰਕਾਰ ਦੀ ਸੇਵਾ ਕੀਤੀ। ਵਿਚਾਰ ਕੇ ਮਾਤਾ ਗੰਗਾ ਜੀ ਨੂੰ ਰਹਿਣ ਵਾਸਤੇ ਆਪਣੇ ਘਰ ਅੰਦਰ ਲੈ ਗਿਆ॥੩॥

ਪੰਚ ਤ੍ਰਿਯਾ ਨੇ ਬਹੁ ਸਨਮਾਨੀ। ਮਾਤ ਸਮਾਨ ਜਾਨਿ ਹਿਤ ਠਾਨੀ।
ਸੁੰਦਰ ਪਲੰਘ ਡਸਾਵਨ ਕਰੇ। ਤ੍ਰਿਯ ਜਾਨਯੋ 'ਦਿਨ ਬਡ ਅਬਿ ਚਰੇ॥ ੪॥

ਪੈਂਚ ਦੀ ਇਸਤਰੀ ਨੇ ਉਨ੍ਹਾਂ ਦਾ ਬਹੁਤ ਸਨਮਾਨ ਕੀਤਾ ਤੇ ਹਿੱਤ ਧਾਰ ਕੇ ਮਾਤਾ ਸਮਾਨ ਜਾਣਿਆ। ਸੁੰਦਰ ਪਲੰਘ ਡੁਹਾਇਆ ਤੇ ਇਸਤਰੀ ਨੇ ਜਾਣਿਆ "ਹੁਣ ਦਿਨ ਬਹੁਤ ਚੜ੍ਹ ਆਇਆ ਹੈ।"

ਪਹਤਿ ਕਰਤਿ ਕੋ ਲਾਗੈ ਦੇਰੀ। ਗੁਰ ਕੇ ਹੁਇ ਹੈ ਛੁਧਾ ਘਨੇਰੀ'।
ਸਿਤਾ, ਘ੍ਰਿੱਤ ਕੋ ਬਹੁਤ ਮਿਲਾਇ। ਕਛੂ ਚੂਰੀ ਤਤਕਾਲ ਬਨਾਇ॥ ੫॥

ਦਾਲ ਰਿਨ੍ਹਦਿਆਂ ਨੂੰ ਦੇਰੀ ਲੱਗ ਜਾਵੇਗੀ, ਗੁਰੂ ਜੀ ਨੂੰ ਬਹੁਤ ਭੁੱਖ ਲੱਗੀ ਹੋਵੇਗੀ।" ਉਸ ਖੰਡ-ਘਿਉ ਨੂੰ ਬਹੁਤ ਮਿਲਾਇਆ ਤੇ ਤੁਰਤ ਕੁਝ ਚੂਰੀ ਤਿਆਰ ਕਰ ਲਈ॥੫॥

ਬਡੇ ਭਾਵ ਸੋਂ ਪੂਰਿ ਕਟੋਰਾ। ਆਈ ਤੁਰਤ ਗੁਰੂ ਜਿਤ ਓਰਾ।
ਕਰਿ ਬੰਦਨ ਬੈਠੀ ਬਡਭਾਗਨ। ਗੁਰੁ ਬੂਝੀ ਲਖਿ ਕਰਿ ਅਨੁਰਾਗਨ॥ ੬॥

ਬੜੇ ਪਿਆਰ ਨਾਲ ਕਟੋਰਾ ਭਰਿਆ ਤੇ ਤੁਰਤ ਉਸ ਪਾਸੇ ਆਈ ਜਿਧਰ ਗੁਰੂ ਜੀ ਸਨ। ਬੰਦਨਾ ਕਰਕੇ ਵਡਭਾਗਣ ਬੈਠ ਗਈ। ਗੁਰੂ ਜੀ ਨੇ ਉਸਦੀ ਸ਼ਰਧਾ ਨੂੰ ਵੇਖ ਕੇ ਪੁੱਛਿਆ॥੬॥

'ਕਰ ਮਹਿਂ, ਕਹੋ ਕਹਾਂ ਲੇ ਆਈ?। ਕਹਾਂ ਕਾਮਨਾ ਰਿਦੇ ਉਠਾਈ?'।
'ਸ੍ਰੀ ਗੁਰ ਤੁਮਰੀ ਛੁਧਾ ਬਿਚਾਰੀ। ਕਛੁਕ ਖਾਨ ਹਿਤ ਲਯਾਇ ਅਹਾਰੀ'॥੭॥

"ਹੱਥ ਵਿਚ ਦੱਸੋ ਕੀ ਲੈ ਕੇ ਆਏ ਹੋ? ਹਿਰਦੇ ਵਿਚ ਕੀ ਕਾਮਨਾ ਧਾਰਨ ਕੀਤੀ ਹੈ?" ਉਸ ਇਸਤਰੀ ਨੇ ਕਿਹਾ, "ਹੇ ਗੁਰੂ ਜੀ! ਮੈਂ ਤੁਹਾਡੀ ਭੁੱਖ ਬਾਰੇ ਵਿਚਾਰ ਕੀਤੀ ਹੈ, ਤੁਹਾਡੇ ਖਾਣ ਵਾਸਤੇ ਭੋਜਨ ਲਿਆਈ ਹਾਂ"॥੭॥

ਇਮ ਕਹਿ ਧਰਯੋ ਕਟੋਰਾ ਆਗੇ। ਹੁਤੇ ਛੁਧਤਿ ਗੁਰ ਅਚਵਨ ਲਾਗੇ।
ਭਏ ਪ੍ਰਸੰਨ ਜਬਹਿ ਸੋ ਖਾਈ। ਕਹਯੋ 'ਮਨਹੁ ਚੋਲ੍ਹਾ ਕਰਿ ਲਯਾਈ'॥ ੮॥

ਇਸ ਤਰ੍ਹਾਂ ਕਹਿ ਕੇ ਕਟੋਰਾ ਗੁਰੂ ਜੀ ਅੱਗੇ ਧਰ ਦਿੱਤਾ, ਗੁਰੂ ਜੀ ਨੂੰ ਭੁੱਖ ਲੱਗੀ ਸੀ, ਉਹ ਭੋਜਨ ਨੂੰ ਖਾਣ ਲੱਗੇ। ਖਾ ਕੇ ਬਹੁਤ ਪ੍ਰਸੰਨ ਹੋਏ ਤੇ ਕਿਹਾ, "ਮਾਨੋਂ ਚੋਲ੍ਹਾ ਕਰਕੇ ਲਿਆਈ ਹੈਂ"॥੮॥

ਪਾਨ ਪਖਾਰਿ ਚੁਲਾ ਜਬਿ ਕਰਯੋ। ਸ੍ਰੀ ਅਰਜਨ ਤਬਿ ਸ਼ਬਦ ਉਚਰਯੋ।
ਬਿਚ ਧਨਾਸਰੀ ਬੋਲਤਿ ਬੋਲਾ। ਸ੍ਰੀ ਨਾਨਕ ਕਿਯ ਸੁੰਦਰ ਚੋਲ੍ਹਾ॥ ੯॥

ਹੱਥ ਧੋ ਕੇ ਜਦ ਚੁਲ੍ਹਾ ਕੀਤਾ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ਬਦ ਉਚਾਰਨ ਕੀਤਾ, ਜਿਹੜਾ ਧਨਾਸਰੀ ਰਾਗ ਵਿਚ ਗੁਰੂ ਅਰਜਨ ਦੇਵ ਜੀ ਦਾ ਅੱਠਵਾਂ ਸ਼ਬਦ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਪਿੰਡ ਨੂੰ ਸੁੰਦਰ ਚੋਲ੍ਹਾ ਭਾਵ ਸਵਾਦੀ ਪਦਾਰਥ ਬਣਾਇਆ ਹੈ॥੯॥

ਅੰਤ ਸ਼ਬਦ ਕੇ ਪਦ ਇਹ ਰਾਖਾ। ਨਾਮ ਮਹਾਤਮ ਸਭਿ ਮਹਿਂ ਭਾਖਾ।
'ਸੁਖ ਪੈ ਹੈਂ' ਤ੍ਰਿਯ ਕੋ ਬਰ ਦੀਨਿ। ਸਦਨ ਗਈ ਮਨ ਆਨੰਦ ਕੀਨਿ॥੧੦॥

ਸ਼ਬਦ ਦੇ ਅੰਤ ਵਿਚ ਇਹ ਪਦ ਰਖਿਆ, ਤੇ ਉਨ੍ਹਾਂ ਨੇ ਨਾਮ ਦੇ ਮਹਾਤਮ ਨੂੰ ਦਰਸਾਇਆ, "ਸੁਖ ਮਾਣੇਂਗੀ" ਇਸਤਰੀ ਨੂੰ ਇਹ ਵਰ ਦਿੱਤਾ। ਘਰ ਜਾ ਕੇ ਉਹ ਮਨ ਵਿਚ ਬੜੀ ਅਨੰਦਿਤ ਹੋਈ॥੧੦॥

*ਨੋਟ:- ਸ਼ਬਦ ਦੀਆਂ ਕੁਝ ਤੁਕਾਂ ਇਸ ਪ੍ਰਕਾਰ ਹਨ :-*

*ਸੀਤਲ ਸਾਂਤਿ ਮਹਾ ਸੁਖੁ ਪਾਇਆ ਸੰਤਸੰਗਿ ਰਹਿਓ ਓਲ੍ਹਾ॥*
*ਹਰਿ ਧਨੁ ਸੰਚਨੁ ਹਰਿ ਨਾਮੁ ਭੋਜਨੁ ਇਹੁ ਨਾਨਕ ਕੀਨੋ ਚੋਲ੍ਹਾ॥* (ਪੰਨਾ ੬੭੨)

ਸੰਤ ਸੰਗ ਨਾਲ ਮਿਲ ਕੇ ਮੈਨੂੰ ਧੀਰਜ, ਸ਼ਾਂਤੀ ਅਤੇ ਮਹਾਂ ਸੁਖ ਦੀ ਦਾਤ ਪ੍ਰਾਪਤ ਹੋਈ ਹੈ ਅਤੇ ਮੇਰਾ ਸਨਮਾਨ ਕਾਇਮ ਰਿਹਾ ਹੈ। ਹਰੀ ਧਨ ਇਕੱਤਰ ਕਰਨਾ ਤੇ ਹਰੀ ਦੇ ਨਾਮ ਨੂੰ ਆਪਣਾ ਭੋਜਨ ਬਣਾਉਣਾ, ਨਾਨਕ ਨੇ ਇਨ੍ਹਾਂ ਨੂੰ ਆਪਣਾ ਚੋਲ੍ਹਾ ਭਾਵ ਸਵਾਦੀ ਭੋਜਨ ਬਣਾਇਆ ਹੈ।

ਤਿਸ ਪੀਛੇ ਪੁਰਿ ਜਨ ਚਲਿ ਆਏ। ਬੈਠੇ ਚਹੁੰ ਦਿਸ਼ਿ ਸਭਾ ਲਗਾਏ।
ਸ੍ਰੀ ਅਰਜਨ ਬੋਲੇ ਅਭਿਰਾਮੂ। 'ਕਹਾਂ ਗ੍ਰਾਮ ਤੁਮਰੇ ਕੋ ਨਾਮੂ ?' ॥ ੧੧ ॥

ਉਸ ਤੋਂ ਬਾਅਦ ਨਗਰ ਦੇ ਮਨੁੱਖ ਚੱਲ ਕੇ ਆਏ ਤੇ ਚਾਰੇ ਪਾਸੇ ਸਭਾ ਲਾ ਕੇ ਬੈਠ ਗਏ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁੰਦਰ ਬਚਨ ਕਹੇ, "ਤੁਹਾਡੇ ਨਗਰ ਦਾ ਕੀ ਨਾਮ ਹੈ?" ॥੧੧॥

ਹਾਥ ਜੋਰਿ ਭਾਖਯੋ ਤਿਸ ਬੇਰਾ। 'ਭੈਣੀ ਨਾਮ ਭਨਹਿਂ ਇਸ ਕੇਰਾ'।
ਗੁਰੂ ਕਹਯੋ 'ਚੋਲ੍ਹਾ ਅਬਿ ਨਾਮੂ। ਪ੍ਰਥਮ ਨਾਮ ਨਾਹਨ ਅਭਿਰਾਮੂ' ॥ ੧੨ ॥

ਹੱਥ ਜੋੜ ਕੇ ਉਨ੍ਹਾਂ ਉਸ ਸਮੇਂ ਕਿਹਾ, "ਇਸ ਨੂੰ ਭੈਣੀ ਨਾਮ ਨਾਲ ਪੁਕਾਰਦੇ ਹਨ।" ਗੁਰੂ ਜੀ ਨੇ ਕਿਹਾ, "ਇਸ ਦਾ ਹੁਣ ਚੋਲ੍ਹਾ ਨਾਮ ਹੋ ਗਿਆ, ਪਹਿਲਾ ਨਾਮ ਸੁੰਦਰ ਨਹੀਂ ਹੈ" ॥੧੨॥

ਇਕ ਨਰ ਬੀਚ ਹੁਤੋ ਤਿਹ ਕਹਯੋ। 'ਭੈਣੀ ਬਿਦਤਿ ਨਾਮ ਸਭਿ ਲਹਯੋ।
ਅਬਿ ਚੋਲ੍ਹਾ ਕਿਮ ਹੋਵੈ ਨਾਮੂ। ਬੁਰੋ ਧਰਯੋ ਕੈ ਹੁਇ ਅਭਿਰਾਮੂ' ॥ ੧੩ ॥

ਉਨ੍ਹਾਂ ਦੇ ਵਿਚ ਇਕ ਮਨੁੱਖ ਸੀ, ਉਸ ਕਿਹਾ, "ਭੈਣੀ ਨਾਮ ਸਾਰੇ ਪ੍ਰਗਟ ਹੈ, ਸਾਰੇ ਜਾਣਦੇ ਹਨ। ਹੁਣ ਚੋਲ੍ਹਾ ਇਸ ਦਾ ਨਾਮ ਕਿਵੇਂ ਹੋ ਜਾਵੇਗਾ, ਬੁਰਾ ਹੋਵੇ ਜਾਂ ਸੁੰਦਰ ਰਖਿਆ ਹੋਵੇ। ਇਸ ਵਿਚ ਕੀ ਫਰਕ ਪੈਂਦਾ ਹੈ" ॥੧੩॥

ਪੁਨ ਗੁਰੁ ਕਹਯੋ 'ਭਨਯੋ ਹੈ ਚੋਲ੍ਹਾ। ਨਹੀਂ ਹਟਾਵਨ ਬੋਲਹੁ ਬੋਲਾ'।
ਪੁਨ ਰਾਹਕ ਮਤਿਮੰਦ ਬਖਾਨੈ। 'ਕਹਾ ਚੋਲ੍ਹਾ ਹਮ ਨਾਂਹਿਨ ਜਾਨੈਂ?' ॥ ੧੪ ॥

ਫਿਰ ਗੁਰੂ ਜੀ ਨੇ ਕਿਹਾ, "ਚੋਲ੍ਹਾ ਕਿਹਾ ਹੈ, ਹੁਣ ਇਹ ਨਾਮ ਹਟਾਉਣ ਵਾਸਤੇ ਨਾ ਬੋਲੋ।" ਫਿਰ ਮਾੜੀ ਮੱਤ ਵਾਲੇ ਕਿਸਾਨ ਕਹਿਣ ਲੱਗੇ, "ਇਹ ਚੋਲ੍ਹਾ ਕੀ ਹੈ, ਅਸੀਂ ਨਹੀਂ ਜਾਣਦੇ ?" ॥੧੪॥

ਗੁਰੂ ਕਹਯੋ 'ਅਬਿ ਚੋਲ੍ਹਾ ਹੋਵੈ। ਭੈਣੀ ਨਾਮ ਸਕਲ ਹੀ ਖੋਵੈ'।
ਸੁਨਿ ਮੂਰਖ ਨੇ ਫੇਰ ਹਟਾਯੋ। 'ਇਹੁ ਕਮਲਾ' ਤਬਿ ਗੁਰੂ ਅਲਾਯੋ ॥ ੧੫ ॥

ਗੁਰੂ ਜੀ ਕਿਹਾ, "ਹੁਣ ਇਸ ਦਾ ਨਾਮ ਚੋਲ੍ਹਾ ਹੀ ਹੋਵੇਗਾ, ਭੈਣੀ ਨਾਮ ਆਪਣੀ ਹੋਂਦ ਗਵਾ ਲਵੇਗਾ।" ਇਹ ਸੁਣ ਕੇ ਮੂਰਖ ਨੇ ਫਿਰ ਮੋੜਿਆ। ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਇਹ ਕਮਲਾ ਹੈ" ॥੧੫॥

ਸਭਿ ਮਹਿਂ ਬੈਠਯੋ ਬਾਵਰ ਭਯੋ। ਬਸਤ੍ਰ ਫਾਰ ਕਰਿ ਨਹਿਂ ਥਿਰ ਥਿਯੋ।
ਹੇਰਤਿ ਬਿਸਮੈ ਮਾਨਵ ਸਾਰੇ। ਪੰਚ ਤ੍ਰਾਸ ਧਰਿ ਬਿਨੈ ਉਚਾਰੇ ॥ ੧੬ ॥

ਉਹ ਮਨੁੱਖ ਸਾਰਿਆਂ ਵਿਚ ਬੈਠਾ ਕਮਲਾ ਹੋ ਗਿਆ, ਆਪਣੇ ਕਪੜੇ ਪਾੜ ਕੇ ਉਥੇ ਖੜਾ ਨਾ ਰਹਿ ਸਕਿਆ। ਸਾਰੇ ਮਨੁੱਖ ਵੇਖ ਕੇ ਬਹੁਤ ਹੈਰਾਨ ਹੋਏ। ਪੈਂਚ ਨੇ ਡਰ ਕੇ ਬਿਨੈ ਉਚਾਰਨ ਕੀਤੀ ॥੧੬॥

'ਛਿਮਹੁ ਗੁਰੂ, ਨਹਿਂ ਲਖਹਿ ਗਵਾਰ। ਬਾਕ ਹਟਾਯੋ ਬਾਰੰਬਾਰ।
ਮੋ ਦਿਸ਼ਿ ਦੇਖਿ ਕਰਹੁ ਅਬਿ ਕਰੁਨਾ। ਬਾਵਰਪਨਾ ਕਰਹੁ ਸਭਿ ਹਰਨਾ' ॥੧੭॥

"ਹੇ ਗੁਰੂ ਜੀ ! ਮੁਆਫ ਕਰੋ, ਗਵਾਰ ਹੈ ਸਮਝ ਨਹੀਂ ਸਕਿਆ ਹੈ, ਬਾਰ-ਬਾਰ ਤੁਹਾਡੇ ਬਚਨਾਂ ਨੂੰ ਮੋੜਿਆ ਹੈ। ਮੇਰੇ ਵੱਲ ਵੇਖ ਕੇ ਹੁਣ ਕਰੁਣਾ ਕਰੋ, ਇਸ ਦੇ ਸਾਰੇ ਪਾਗਲਪਣ ਨੂੰ ਦੂਰ ਕਰੋ" ॥੧੭॥

ਸੁਨਿ ਗੁਰ ਕਹ੍ਯੋ ਨ ਮਿਟਿ ਹੈ ਸਰਬ। ਮੂਢ ਨ ਮਾਨਤਿ ਹੈ ਕਰਿ ਗਰਬ।
ਤਨਕ ਰਹੈ ਸੁਧ ਬਾਵਰ ਅਹੈ। ਇਸ ਕੀ ਕੁਲ ਮਹਿਂ ਇਕ ਅਸ ਰਹੈ ॥੧੮॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਸਾਰਾ ਪਾਗਲਪਨ ਨਹੀਂ ਹਟ ਸਕਦਾ ਹੈ, ਇਸ ਦੀ ਕੁੱਲ ਵਿਚ ਇਸ ਵਰਗਾ ਇਕ ਜ਼ਰੂਰ ਐਸਾ ਰਹੇਗਾ" ॥੧੮॥

ਗਜ ਕੇ ਦੰਤ ਗੁਰੂ ਕੇ ਬੈਨ। ਮੁਖ ਨਿਕਸੇ ਪੁਨ ਪ੍ਰਵਿਸ਼ਤਿ ਹੈ ਨ।
ਬਹੁਰ ਪੰਚ ਕਰ ਜੋਰਿ ਬਖਾਨੀ। 'ਏਕ ਬਾਤ ਅਸਮੰਜਸ ਜਾਨੀ ॥੧੯॥

ਹਾਥੀ ਦੇ ਦੰਦ ਤੇ ਗੁਰੂ ਜੀ ਦੇ ਬਚਨ, ਮੂੰਹ ਵਿਚੋਂ ਨਿਕਲੇ ਫਿਰ ਮੂੰਹ ਵਿਚ ਨਹੀਂ ਪੈਂਦੇ ਹਨ। ਫਿਰ ਪੈਂਚ ਨੇ ਹੱਥ ਜੋੜ ਕੇ ਕਿਹਾ, ਇਕ ਗੱਲ ਦੀ ਮੁਸ਼ਕਲ ਜਾਣੀ ਹੈ ॥੧੯॥

ਜਬਿ ਹਮ ਟਕੇ ਸ਼ਾਹੁ ਕੇ ਤਾਰੈਂ। ਤਬਿ ਕਿਮ ਚੋਲ੍ਹਾ ਨਾਮ ਉਚਾਰੈਂ।
ਲਿਖ੍ਯੋ ਜਹਾਂ ਕਹਿਂ ਭੈਣੀ ਨਾਇ। ਕਿਮ ਤਹਿਂ ਔਰ ਨਾਮ ਉਲਟਾਇਂ ॥੨੦॥

ਜਦ ਅਸੀਂ ਬਾਦਸ਼ਾਹ ਨੂੰ ਮਾਲੀਆ ਤਾਰਨ ਜਾਵਾਂਗੇ ਤਦ ਚੋਲ੍ਹਾ ਨਾਮ ਕਿਵੇਂ ਉਚਾਰਨ ਕਰਾਂਗੇ, ਜਿਥੇ ਕਿਥੇ ਕਾਗਜ਼ਾਂ ਵਿਚ ਭੈਣੀ ਨਾਂ ਲਿਖਿਆ ਹੈ, ਉਥੇ ਕਿਵੇਂ ਹੋਰ ਨਾਮ ਉਲਟਾਈਏ ॥੨੦॥

ਤਹਾਂ ਬਚਨ ਕਿਮ ਕਰਿ ਹੈਂ ਸਾਚਾ?' ਸ੍ਰੀ ਅਰਜਨ ਤਬਿ ਸੁਨਤਿ ਉਬਾਚਾ।
'ਤਹਿਂ ਭੀ ਚੋਲ੍ਹਾ ਨਾਮ ਉਚਾਰੋ। ਲਿਖ੍ਯੋ ਜਾਇਗੋ, ਸ਼ੰਕ ਨ ਧਾਰੋ ॥੨੧॥

ਉਥੇ ਸੱਚਾ ਬਚਨ ਕਿਵੇਂ ਕਰ ਸਕਦੇ ਹਾਂ"? ਇਹ ਸੁਣ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ, 'ਉਥੇ ਵੀ ਚੋਲ੍ਹਾ ਨਾਮ ਹੀ ਉਚਾਰੋ, ਉਥੇ ਕਾਗਜ਼ਾਂ ਵਿਚ ਲਿਖਿਆ ਜਾਵੇਗਾ, ਸ਼ੰਕਾ ਨਾ ਧਾਰਨ ਕਰੋ ॥੨੧॥

ਪ੍ਰਥਮ ਤੁਮਹੁ ਤੇ ਦਫਤਰ ਮਾਂਹਿ। ਭੈਣੀ ਨਾਮ ਸਕਲ ਮਿਟ ਜਾਹਿ।
ਇਹੀ ਨਾਮ ਜਾਨਹਿੰਗੇ ਸਾਰੇ'। ਸੁਨਿ ਸਭਿ ਨੇ ਨਿਸ਼ਚਾ ਉਰ ਧਾਰੇ ॥੨੨॥

ਪਹਿਲਾ ਦਫਤਰੀ ਦਸਤਾਵੇਜ਼ਾਂ ਵਿਚ ਭੈਣੀ ਨਾਮ ਸਾਰੇ ਹੀ ਖਤਮ ਹੋ ਜਾਵੇਗਾ। ਸਾਰੇ ਚੋਲ੍ਹਾ ਨਾਮ ਹੀ ਜਾਣਨਗੇ।" ਸਾਰਿਆਂ ਨੇ ਸੁਣ ਕੇ ਨਿਸ਼ਚਾ ਧਾਰਨ ਕੀਤਾ ॥੨੨॥

ਪੁਨ ਬਾਵਰ ਹਿਤ ਬਿਨੈ ਬਖਾਨੀ। ਸੁਨਿ ਕਰਿ ਸਤਿਗੁਰ ਬੋਲੇ ਬਾਨੀ।
'ਕਬਿ ਬਾਵਰ ਹ੍ਵੈ ਕਬਿ ਸੁਧਿ ਆਵੈ। ਇਸ ਕੀ ਕੁਲ ਮਹਿਂ ਅਸ ਜਨਮਾਵੈ ॥੨੩॥

ਫਿਰ ਕਮਲੇ ਬਾਰੇ ਬੇਨਤੀ ਕੀਤੀ, ਇਹ ਸੁਣ ਕੇ ਸਤਿਗੁਰੂ ਜੀ ਬੋਲੇ, "ਕਦੀ ਕਮਲਾ ਹੋ ਕੇ ਜਾਵੇਗਾ ਕਦੀ ਸੋਝੀ ਆ ਜਾਵੇਗੀ, ਇਸ ਦੀ ਕੁਲ ਵਿਚ ਇਸ ਤਰ੍ਹਾਂ ਦੇ ਜਨਮ ਲੈਣਗੇ" ॥੨੩॥

ਅਬਿ ਲਗਿ ਤਿਸ ਕੀ ਸੰਤਤਿ ਮਾਂਹਿ। ਬਾਵਰ ਕਬਿ ਹੁਇ ਕਬਿ ਸੁਧਿ ਪਾਹਿ।
ਬਿਦਤ ਅਹੈ ਤਿਸ ਗ੍ਰਾਮ ਮਝਾਰੇ। ਪੁਨ ਰਾਹਕ ਇਕ ਵਾਰ ਉਚਾਰੇ ॥੨੪॥

ਹੁਣ ਤਕ ਇਸ ਦੀ ਸੰਤਾਨ ਵਿਚ, ਕਦੀ ਕੋਈ ਕਮਲਾ ਹੋ ਜਾਂਦਾ ਹੈ, ਕਦੀ ਕੋਈ ਸੋਝੀ ਪਾ ਲੈਂਦਾ ਹੈ। ਪਿੰਡ ਵਿਚ ਇਹ ਇਸ ਤਰ੍ਹਾਂ ਹੀ ਪ੍ਰਗਟ ਹੈ। ਫਿਰ ਕਿਸਾਨ ਨੇ ਇਕ ਵਾਰ ਕਿਹਾ ॥੨੪॥

'ਬੂਹ ਗੋਤ ਕੇ ਰਾਹਕ ਭਾਰੀ। ਨਹੀਂ ਚਰਨ ਦੇਂ ਧੇਨੁ ਹਮਾਰੀ।
ਜੇ ਚਲਿ ਜਾਤਿ ਤਿਨਹੁਂ ਕੀ ਓਰ। ਮਾਰ ਹਟਾਇ ਧਰਹਿਂ ਬਹੁ ਸ਼ੋਰ ॥੨੫॥

'ਬੂਹ ਗੋਤ ਦੇ ਭਾਰੀ ਕਿਸਾਨ ਹਨ ਉਹ ਉਥੇ ਸਾਡੀਆਂ ਗਾਈਆਂ ਨਹੀਂ ਚਰਨ ਦਿੰਦੇ ਹਨ, ਜੇ ਕੋਈ ਪਸ਼ੂ ਓਧਰ ਚਲਾ ਜਾਂਦਾ ਹੈ ਤੇ ਉਸ ਨੂੰ ਮਾਰ ਕੇ ਵਾਪਸ ਕਰ ਦਿੰਦੇ ਹਨ ਤੇ ਬਹੁਤ ਰੌਲਾ ਪਾਉਂਦੇ ਹਨ' ॥੨੫॥

ਸੁਨਿ ਗੁਰੂ ਬੋਲੇ ਸਹਿਜ ਸੁਭਾਇ। 'ਸਗਰੇ ਬੂਹ ਜੂਹ ਹੁਇ ਜਾਇਂ।
ਸੁਖ ਕੇ ਸਹਿਤ ਧੇਨੁ ਸਭਿ ਚਾਰੋ। ਇਹੁ ਚੋਲ੍ਹਾ ਓਲ੍ਹਾ ਗੁਰ ਭਾਰੋ' ॥ ੨੬ ॥

ਇਹ ਸੁਣ ਕੇ ਗੁਰੂ ਜੀ ਸਹਿਜ ਸੁਭਾਅ ਬੋਲੇ, "ਸਾਰੇ ਬੂਹ ਪਿੰਡ ਦੀ ਜੂਹ ਚਰਾਗਾਹ ਬਣ ਜਾਵੇਗੀ, ਬੜੇ ਆਰਾਮ ਨਾਲ ਆਪਣੀਆਂ ਗਾਈਆਂ ਮਝਾਂ ਚਾਰੋ। ਇਹ ਚੋਲ੍ਹਾ ਗੁਰੂ ਦਾ ਭਾਰੀ ਓਲ੍ਹਾ ਹੈ" ॥੨੬॥

ਇਮ ਗੁਰੁ ਕਹਜੋ, ਬੂਹ ਪੁਰਿ ਮਹਾਂ। ਉਜਰਿ ਗਏ, ਚਾਰਹਿਂ ਗੋ ਤਹਾਂ।
ਇਸ ਪ੍ਰਕਾਰ ਥਿਰ ਕੇਤਿਕ ਕਾਲਾ। ਭਯੋ ਤਯਾਰ ਤਬਿ ਅਸਨ ਰਸਾਲਾ ॥ ੨੭ ॥

ਜਦ ਗੁਰੂ ਜੀ ਨੇ ਇਸ ਤਰ੍ਹਾਂ ਕਿਹਾ ਤਾਂ ਬੂਹ ਪਿੰਡ ਉਜੜ ਗਿਆ ਉਥੇ ਗਾਈਆਂ ਚਾਰਨ ਲੱਗ ਗਏ। ਇਸ ਪ੍ਰਕਾਰ ਉਥੇ ਕੁਝ ਸਮਾਂ ਬੈਠੇ ਤਾਂ ਸਵਾਦੀ ਭੋਜਨ ਤਿਆਰ ਹੋ ਗਿਆ ॥੨੭॥

ਮਨ ਭਾਵਤਿ ਅਚਿ ਕੈ ਸੁਖ ਪਾਏ। ਨਿਸ ਬਿੱਸ੍ਰਾਮ ਕਰੇ ਇਸ ਥਾਏ।
ਕੇਤਿਕ ਦਿਨ ਬਸਿ ਗੁਰੂ ਗੁਜ਼ਾਰੇ। ਦੇਨਿ ਟਕੇ ਦਿੱਲੀ ਕਹੁ ਤਯਾਰੇ ॥ ੨੮ ॥

ਮਨ ਭਾਉਂਦਾ ਭੋਜਨ ਛੱਕ ਕੇ ਸੁਖ ਪਾਇਆ, ਦਿਨ ਰਾਤ ਓਥੇ ਹੀ ਵਿਸਰਾਮ ਕਰਦੇ ਸਨ। ਉਥੇ ਕਈ ਦਿਨ ਵੱਸ ਕੇ ਗੁਰੂ ਜੀ ਨੇ ਗੁਜ਼ਾਰੇ। ਦਿੱਲੀ ਨੂੰ ਮਾਲੀਆ ਦੇਣ ਵਾਸਤੇ ਪੈਂਚ ਤਿਆਰ ਹੋ ਗਿਆ ॥੨੮॥

ਸਤਿਗੁਰੁ ਤੇ ਆਇਸੁ ਤਬਿ ਜਾਚੀ। ਦਿਢ ਕਰਿਬੇ ਕਹੁ ਗਿਰਾ ਉਬਾਚੀ।
'ਚੋਲ੍ਹਾ ਨਾਮ ਨਿਸ਼ੰਕ ਬਖਾਨੋ। ਸੁਖ ਸੌਂ ਆਵਹੁ ਅਬਹਿ ਪਯਾਨੋ' ॥ ੨੯ ॥

ਉਸ ਨੇ ਫਿਰ ਸਤਿਗੁਰੂ ਜੀ ਪਾਸੋਂ ਆਗਿਆ ਮੰਗੀ ਤੇ ਗੱਲ ਨੂੰ ਦ੍ਰਿੜ੍ਹ ਕਰਨ ਵਾਸਤੇ ਬੋਲਿਆ, "ਚੋਲ੍ਹਾ ਨਾਮ ਮੈਂ ਨਿਸ਼ੰਕ ਹੋ ਕੇ ਕਹਾਂਗਾ, ਸੁਖ ਨਾਲ ਆਵਾਂ, ਹੁਣ ਮੈਂ ਚਲਿਆ ਹਾਂ" ॥੨੯॥

ਕਰਿ ਬੰਦਨ ਕੋ ਮਾਰਗ ਗਏ। ਦਿੱਲੀ ਬਿਖੇ ਪ੍ਰਵੇਸ਼ਤਿ ਭਏ।
ਮਿਲੇ ਦਿਵਾਨ ਸੰਗ ਤਹਿਂ ਜਾਏ। ਕਹਜੋ 'ਟਕੇ ਚੋਲ੍ਹੇ ਕੇ ਲਜਾਏ' ॥ ੩੦ ॥

ਗੁਰੂ ਜੀ ਨੂੰ ਬੰਦਨਾ ਕਰਕੇ ਰਸਤੇ ਪੈ ਗਿਆ ਤੇ ਦਿੱਲੀ ਸ਼ਹਿਰ ਵਿਚ ਦਾਖ਼ਲ ਹੋ ਗਿਆ, ਉਹ ਉਥੇ ਜਾ ਕੇ ਦੀਵਾਨ ਨੂੰ ਮਿਲਿਆ ਤੇ ਕਿਹਾ, "ਮੈਂ ਚੋਲ੍ਹੇ ਪਿੰਡ ਦਾ ਮਾਲੀਆ ਲਿਆਇਆ ਹਾਂ" ॥੩੦॥

ਸੁਨਤਿ ਦਿਵਾਨ ਦਫਤਰੀ ਭਨਜੋ। 'ਚੋਲ੍ਹਾ ਗ੍ਰਾਮ ਨ ਅਬਿ ਲੌ ਸੁਨਜੋ।
ਬਸਜੋ ਨਯੋ ਕੋ ? ਦੇਹੁ ਸੁਨਾਇ। ਸੋ ਨਾਵਾਂ ਅਬਿ ਲੇਹਿਂ ਚਢਾਇ ॥ ੩੧ ॥

ਇਹ ਸੁਣ ਕੇ ਦੀਵਾਨ ਨੇ ਦਫਤਰੀ ਨੂੰ ਕਿਹਾ, "ਚੋਲ੍ਹਾ ਨਾਂ ਤਾਂ ਮੈਂ ਅੱਜ ਤਕ ਨਹੀਂ ਸੁਣਿਆ ਹੈ, ਕੀ ਕੋਈ ਨਵਾਂ ਪਿੰਡ ਵੱਸਿਆ ਹੈ ? ਇਸ ਬਾਰੇ ਦੱਸੋ ਤੇ ਉਹ ਨਾਵਾਂ ਹੁਣ ਲੈ ਕੇ ਚੜ੍ਹਾ ਲਵੋ ॥੩੧॥

ਭੈਣੀ ਗ੍ਰਾਮ ਪੰਚ ਤੂੰ ਅਹੈਂ'। ਸੁਨਿ ਸਭਿਹਿਨਿ ਮੈਂ ਗਾਹਕ ਕਹੈ।
'ਕਜੋਂ ਤੁਮ ਨਾਮ ਸੁ ਅਪਰ ਉਚਾਰੋ। ਦਫਤਰ ਅਪਨੋ ਲਿਖਜੋ ਬਿਹਾਰੋ' ॥ ੩੨ ॥

ਤੂੰ ਭੈਣੀ ਪਿੰਡ ਦਾ ਨੰਬਰਦਾਰ ਹੈਂ।" ਇਹ ਸੁਣ ਕੇ ਕਿਸਾਨ ਨੇ ਸਭ ਵਿਚ ਕਿਹਾ, "ਤੁਸੀਂ ਦੂਸਰਾ ਨਾਂ ਕਿਉਂ ਉਚਾਰਨ ਕਰਦੇ ਹੋ, ਆਪਣੇ ਦਫਤਰ ਦੀਆਂ ਮਿਸਲਾਂ ਵਿਚ ਲਿਖਿਆ ਵਿਚਾਰੋ" ॥੩੨॥

ਸੁਨਿ ਦਿਵਾਨ ਮਨ ਸੰਸਾ ਭਯੋ। ਦਫਤਰ ਖੋਲਿ ਸੁ ਦੇਖਤਿ ਭਯੋ।
ਚੋਲ੍ਹਾ ਲਿਖਜੋ ਸੁ ਬੀਚ ਨਿਹਾਰਾ। ਦੇਖਤਿ ਮਨ ਮਹਿਂ ਅਚਰਜ ਧਾਰਾ ॥ ੩੩ ॥

ਇਹ ਸੁਣ ਦੀਵਾਨ ਦੇ ਮਨ ਸ਼ੰਕਾ ਉਤਪੰਨ ਹੋਈ। ਦਫਤਰ ਦੀਆਂ ਫਾਈਲਾਂ ਖੋਲ੍ਹ ਕੇ ਪਿੰਡ ਦਾ ਸਾਰਾ ਰੀਕਾਰਡ ਵੇਖਿਆ। ਉਨ੍ਹਾਂ ਫਾਈਲਾਂ ਵਿਚ ਚੋਲ੍ਹਾ ਲਿਖਿਆ ਵੇਖਿਆ, ਇਹ ਵੇਖ ਕੇ ਮਨ ਵਿਚ ਬਹੁਤ ਹੈਰਾਨ ਹੋਇਆ ॥੩੩॥

ਜਹਾਂਗੀਰ ਢਿਗ ਗਯੋ ਦਿਵਾਨ। ਅਚਰਜ ਪਾਯੋ ਕਰਤਿ ਬਖਾਨ।
'ਰਾਹਕ ਭੈਣੀ ਕੋ ਨਿਤ ਆਵੈ। ਅਬਿ ਚੋਲ੍ਹਾ ਤਿਹ ਨਾਮ ਸੁਨਾਵੈ॥ ੩੪॥

ਇਹ ਵੇਖ ਕੇ ਦੀਵਾਨ ਜਹਾਂਗੀਰ ਦੇ ਪਾਸ ਗਿਆ, ਜਿਹੜਾ ਅਸਚਰਜ ਵੇਖਿਆ ਸੀ ਉਸ ਬਾਰੇ ਬਿਆਨ ਕੀਤਾ, "ਪਿੰਡ ਭੈਣੀ ਦਾ ਇਕ ਕਿਸਾਨ ਨਿਤ ਆਉਂਦਾ ਹੈ, ਹੁਣ ਉਹ ਭੈਣੀ ਪਿੰਡ ਦਾ ਨਾਂ ਚੋਲ੍ਹਾ ਕਹਿੰਦਾ ਹੈ॥੩੪॥

ਕਹੈ ਕਿ 'ਦਫਤਰ ਲਿਖਯੋ ਨਿਕਾਰਹੁ'। ਕਬਿ ਹੂੰ ਕਾਨ ਨ ਸੁਨਯੋ ਬਿਚਾਰਹੁ'।
ਸ਼ਾਹੁ ਕਹੈ 'ਹਮ ਸੁਨਯੋ ਨ ਸ਼੍ਰੌਨ। ਖੋਜਹੁ ਲਿਖਯੋ ਹੋਇ ਜੇ ਕੌਨ'॥ ੩੫॥

ਕਹਿੰਦਾ ਹੈ, "ਦਫਤਰ ਦੀਆਂ ਫਾਈਲਾਂ ਵਿਚ ਲਿਖਿਆ ਵੇਖੋ, ਜਿਹੜਾ ਅਸੀਂ ਕਦੀ ਕੰਨ ਨਾਲ ਸੁਣਿਆ ਨਾ ਵਿਚਾਰਿਆ ਹੈ।" ਬਾਦਸ਼ਾਹ ਨੇ ਕਿਹਾ, 'ਅਸੀਂ ਵੀ ਕੰਨਾਂ ਨਾਲ ਨਹੀਂ ਸੁਣਿਆ ਹੈ, ਇਹ ਖੋਜ ਕਰੋ ਕਿ ਕਿਸੇ ਨੇ ਇਹ ਨਾਮ ਨਾ ਲਿੱਖ ਦਿੱਤਾ ਹੋਵੇ'॥੩੫॥

'ਦਫਤਰ ਕਈ ਹਜ਼ਾਰ ਨਿਹਾਰਯੋ। ਸਭਿ ਮਹਿਂ ਚੋਲ੍ਹਾ ਲਿਖਯੋ ਬਿਚਾਰਯੋ।
ਨਿਕਟਿ ਨਿਕਟਿ ਗ੍ਰਾਮਨ ਕੇ ਮਾਂਹੀ। ਪਿਖਿ ਚੋਲ੍ਹਾ, ਭੈਣੀ ਤਹਿਂ ਨਾਂਹੀ'॥ ੩੬॥

"ਦਫਤਰ ਦੀਆਂ ਕਈ ਹਜ਼ਾਰ ਫਾਈਲਾਂ ਨੂੰ ਵੇਖਿਆ ਸਾਰਿਆਂ ਵਿਚ ਚੋਲ੍ਹਾ ਲਿਖਿਆ ਵੇਖਿਆ। ਨੇੜੇ-ਨੇੜੇ ਦੇ ਪਿੰਡਾਂ ਵਿਚ ਚੋਲ੍ਹਾ ਹੀ ਵੇਖਿਆ, ਭੈਣੀ ਨਾਂ ਕਿਤੇ ਵੀ ਨਹੀਂ ਸੀ॥੩੬॥

ਜਹਾਂਗੀਰ ਸੁਨਿ ਮਨ ਬਿਸਮਾਯੋ। ਰਾਹਕ ਅਪਨੇ ਪਾਸ ਬੁਲਾਯੋ।
'ਕਹੁ ਤੂੰ ਸਾਚ ਕਹਾਂ ਇਹ ਭਯੋ?। ਪੈਂਚ ਪ੍ਰਸੰਗ ਸਕਲ ਕਹਿ ਦਯੋ॥ ੩੭॥

ਜਹਾਂਗੀਰ ਇਹ ਸੁਣ ਕੇ ਮਨ ਵਿਚ ਬੜਾ ਹੈਰਾਨ ਹੋਇਆ ਤੇ ਕਿਸਾਨ ਨੂੰ ਆਪਣੇ ਪਾਸ ਬੁਲਾਇਆ ਤੇ ਕਿਹਾ, "ਤੂੰ ਸੱਚ ਦੱਸ, ਇਹ ਕਿਵੇਂ ਹੋਇਆ ਹੈ।" ਪੈਂਚ ਨੇ ਸਾਰਾ ਪ੍ਰਸੰਗ ਕਹਿ ਕੇ ਸੁਣਾ ਦਿੱਤਾ॥੩੭॥

ਧਰਯੋ ਗੁਰੂ ਅਰਜਨ ਇਹੁ ਨਾਮੂ। ਉਤਰੇ ਆਨਿ ਹਮਾਰੇ ਧਾਮੂ'।
ਸੁਨਤਿ ਸ਼ਾਹੁ ਤਬਿ ਸੀਸ ਨਿਵਾਯੋ। ਮਾਫੀ ਪਟਾ ਲਿਖਾਇ ਦਿਵਾਯੋ॥੩੮॥

ਗੁਰੂ ਅਰਜਨ ਦੇਵ ਜੀ ਨੇ ਇਹ ਨਾਮ ਧਰਿਆ ਹੈ, ਉਨ੍ਹਾਂ ਨੇ ਸਾਡੇ ਘਰ ਵਿਚ ਆ ਕੇ ਉਤਾਰਾ ਕੀਤਾ ਹੈ।" ਇਹ ਸੁਣਕੇ ਬਾਦਸ਼ਾਹ ਨੇ ਸਿਰ ਨਿਵਾਇਆ। ਉਸ ਪਿੰਡ ਦਾ ਮਾਫੀ ਪਟਾ ਲਿਖਵਾ ਕੇ ਪੈਂਚ ਨੂੰ ਦੇ ਦਿੱਤਾ॥੩੮॥

ਸ੍ਰੀ ਅਰਜਨ ਕੀ ਕੀਨਿ ਪ੍ਰਸ਼ੰਸ਼ਾ। 'ਚਹੈਂ ਸੁ ਕਰਹਿਂ ਨ ਇਸ ਮਹਿਂ ਸੰਸਾ'।
ਰਹਯੋ ਪੰਚ ਢਿਗ ਗ੍ਰਾਮ ਮਹਾਨਾ। ਛੀਨਯੋ ਪਾਪੀ ਸ਼ਾਹੁ ਜਹਾਨਾ॥ ੩੯॥

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪ੍ਰਸੰਸਾ ਕੀਤੀ, "ਉਹ ਜੋ ਚਾਹੁਣ ਕਰ ਸਕਦੇ ਹਨ, ਇਸ ਵਿਚ ਕੋਈ ਸ਼ੰਕਾ ਨਹੀਂ ਹੈ।" ਉਹ ਮਹਾਨ ਪਿੰਡ ਫਿਰ ਪੈਂਚ ਦੇ ਪਾਸ ਹੀ ਰਿਹਾ, ਬਾਅਦ ਵਿਚ ਜਦ ਸ਼ਾਹ ਜਹਾਨ ਦੀ ਹਕੂਮਤ ਆਈ ਤੇ ਉਸ ਇਸ ਪਿੰਡ ਨੂੰ ਪੈਂਚ ਪਾਸੋਂ ਖੋਹ ਲਿਆ ਭਾਵ ਫਿਰ ਮਾਲੀਆ ਲਾ ਦਿੱਤਾ॥੩੯॥

ਕਿਤਿਕ ਦਿਵਸ ਬਾਸਾ ਗੁਰ ਕਿਏ। ਬਹੁਰ ਸੁਧਾਸਰ ਕੋ ਚਲਿ ਗਏ।
ਸੁਨਿ ਭਾਨਾ! ਇਹ ਗਾਥਾ ਸਾਰੀ। ਸ੍ਰੀ ਅਰਜਨ ਕੀ ਅਬਹਿ ਉਚਾਰੀ'॥੪੦॥

ਗੁਰੂ ਜੀ ਨੇ ਕਈ ਦਿਨ ਉਥੇ ਨਿਵਾਸ ਕੀਤਾ, ਫਿਰ ਚਲ ਕੇ ਅੰਮ੍ਰਿਤਸਰ ਨੂੰ ਚਲੇ ਗਏ। ਹੇ ਭਾਨਾ ਜੀ! ਇਹ ਸਾਰੀ ਗਾਥਾ ਸੁਣੋ, ਜਿਹੜੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਹੁਣੇ ਉਚਾਰਨ ਕੀਤੀ ਹੈ'॥੪੦॥

ਸੁਨਿ ਸਭਿਹਿਨਿ ਤਬਿ ਸੀਸ ਨਿਵਾਯੋ। 'ਧੰਨ ਧੰਨਾ' ਸਤਿਗੁਰ ਕੋ ਗਾਯੋ।
ਸ੍ਰੀ ਹਰਿਗੋਬਿੰਦ ਸੋ ਬਲ ਬੰਦਿ। ਆਇ ਸਿਵਰ ਮਹਿਂ ਜੁਤਿ ਨਰ ਬ੍ਰਿੰਦ॥੪੧॥

ਸਾਰਿਆਂ ਨੇ ਸੁਣ ਕੇ ਫਿਰ ਸੀਸ ਨਿਵਾਇਆ, 'ਧੰਨ ਧੰਨ' ਸਤਿਗੁਰੂ ਜੀ ਸਾਰਿਆਂ ਨੇ ਉਚਾਰਨ ਕੀਤਾ, ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਉਸ ਸਥਾਨ ਨੂੰ ਬੰਦਨਾ ਕੀਤੀ, ਫਿਰ ਗੁਰੂ ਜੀ ਬਹੁਤ ਮਨੁੱਖਾਂ ਸਹਿਤ ਤੰਬੂ ਵਿਚ ਆ ਗਏ॥੪੧॥

ਤਿਸੀ ਪੰਚ ਕੋ ਸੁਤ ਚਲਿ ਆਯੋ। ਖਟ ਰਸ ਭੋਜਨ ਕੋ ਕਰਿ ਲਯਾਯੋ।
ਬੈਠਿ ਗਯੋ ਪਦ ਬੰਦਨ ਧਾਰੀ। ਗੁਰ ਬੂਝੀ ਸਭਿ ਕੁਸ਼ਲ ਉਚਾਰੀ॥ ੪੨॥

ਉਸੇ ਪੈਂਚ ਦਾ ਫਿਰ ਪੁੱਤਰ ਚਲ ਕੇ ਆਇਆ, ਖਟ ਮਿੱਠਾ ਸਵਾਦੀ ਭੋਜਨ ਤਿਆਰ ਕਰਕੇ ਲਿਆਇਆ। ਚਰਨ ਕੰਵਲਾਂ ਤੇ ਬੰਦਨਾ ਧਾਰ ਕੇ ਬੈਠ ਗਿਆ, ਜਦ ਗੁਰੂ ਜੀ ਨੇ ਸੁਖ-ਸਾਂਦ ਪੁੱਛੀ ਤਾਂ ਸਭ ਕੁਸ਼ਲ ਪ੍ਰਸੰਨ ਹਨ, ਉਸ ਨੇ ਉਚਾਰਨ ਕੀਤਾ॥੪੨॥

ਸਕਲ ਕੁਟੰਬ ਸੰਗ ਸਿਖ ਸਾਰੇ। ਸ੍ਵਾਦ ਬਿਬਿਧ ਬਿਧਿ ਅਚਜੇ ਅਹਾਰੇ।
ਭਈ ਨਿਸਾ ਕੀਨਸਿ ਬਿਸਰਾਮੂ। ਜਾਗੇ ਬਹੁਰ ਰਹੀ ਜਬਿ ਜਾਮੂ॥ ੪੩॥

ਸਾਰੇ ਪਰਿਵਾਰ ਸਹਿਤ ਸਾਰੇ ਸਿੱਖਾਂ ਨੇ ਕਈ ਪ੍ਰਕਾਰ ਦੇ ਸਵਾਦੀ ਭੋਜਨ ਛਕੇ। ਰਾਤ ਪੈਣ ਤੇ ਆਰਾਮ ਕੀਤਾ, ਜਦ ਪਹਿਰ ਰਾਤ ਰਹਿ ਗਈ ਤਾਂ ਗੁਰੂ ਜੀ ਜਾਗ ਪਏ॥੪੩॥

ਹੋਤਿ ਕੀਰਤਨ ਮਨ ਦੈ ਸੁਨੈਂ। ਗੁਰਬਾਨੀ ਸਿਖ ਸੁਖਦਾ ਭਨੈਂ।
ਸ੍ਰੀ ਹਰਿਗੋਵਿੰਦ ਬਾਸੁਰ ਤੀਨ। ਕਰਜੋ ਬਾਸ ਸੁਖ ਸੰਗ ਪ੍ਰਬੀਨਿ॥ ੪੪॥

ਕੀਰਤਨ ਹੋ ਰਿਹਾ ਸੀ ਮਨ ਦੇ ਕੇ ਸੁਣ ਰਹੇ ਸਨ, ਸਿੱਖ ਸੁਖਦਾਇਕ ਬਾਣੀ ਪੜ੍ਹ ਰਹੇ ਸਨ। ਸ੍ਰੀ ਹਰਿਗੋਬਿੰਦ ਜੀ ਉਥੇ ਤਿੰਨ ਦਿਨ ਠਹਿਰੇ, ਪ੍ਰਬੀਨ ਸੁਖ ਦੇ ਨਾਲ ਉਥੇ ਨਿਵਾਸ ਕੀਤਾ॥੪੪॥

ਪੁਨ ਪਿਤ ਕੋ ਥਲ ਬੰਦਨ ਕਰਿ ਕੈ। ਮਾਰਗ ਚਲੇ ਤੁਰੰਗ ਪਰ ਚਰਿ ਕੈ।
ਪੁਰਿਜਨ ਆਏ ਕਰੀ ਪ੍ਰਣਾਮ। ਧੀਰ ਦਈ ਗੁਰੁ ਗਮਨੇ ਧਾਮ॥ ੪੫॥

ਫਿਰ ਆਪਣੇ ਪਿਤਾ ਜੀ ਦੇ ਸਥਾਨ ਨੂੰ ਬੰਦਨਾ ਕਰਕੇ, ਘੋੜੇ ਤੇ ਚੜ੍ਹ ਕੇ ਮਾਰਗ ਚਲ ਪਏ। ਪਿੰਡ ਦੇ ਲੋਕਾਂ ਨੇ ਆ ਕੇ ਪ੍ਰਣਾਮ ਕੀਤੀ, ਗੁਰੂ ਜੀ ਧੀਰਜ ਦੇ ਕੇ ਆਪਣੇ ਘਰ ਵੱਲ ਚੱਲ ਪਏ॥੪੫॥

ਪੰਚ ਤ੍ਰਿਯਾ ਨੇ ਪੂਜਾ ਕੀਨਿ। ਤ੍ਰੈ ਗੁਰੁ ਮਹਿਲਾ ਤੇਵਰ ਦੀਨਿ।
ਸੂਰਜ ਮਲ ਕੀ ਬਧੂ ਨਿਹਾਰੀ। ਇਕ ਤੇਵਰ ਤਿਹ ਦਯੋ ਸੁਧਾਰੀ॥ ੪੬॥

ਪੈਂਚ ਦੀ ਇਸਤਰੀ ਨੇ ਪੂਜਾ ਕੀਤੀ ਤੇ ਗੁਰੂ ਦੀਆਂ ਤਿੰਨਾਂ ਮਹਿਲਾਂ ਨੂੰ ਕਪੜੇ ਦਿੱਤੇ। ਸੂਰਜ ਮਲ ਦੀ ਪਤਨੀ ਨੂੰ ਵੇਖਿਆ ਤੇ ਇਕ ਤੇਵਰ ਉਸ ਨੂੰ ਸੁਧਾਰ ਕੇ ਦਿੱਤਾ॥੪੬॥

ਅਪਰ ਤ੍ਰਿਯਾ ਪੁਰਿ ਕੀ ਸਭਿ ਆਈ। ਜਥਾ ਸ਼ਕਤਿ ਭੇਟਨਿ ਅਰਪਾਈ।
ਦੇ ਅਸੀਸ ਸਭਿ ਕੋ, ਚਢਿ ਚਾਲੀ। ਕਰਤਿ ਗ੍ਰਾਮ ਕੀ ਸਿਫਤਿ ਬਿਸਾਲੀ॥੪੭॥

ਨਗਰ ਦੀਆਂ ਹੋਰ ਸਾਰੀਆਂ ਇਸਤਰੀਆਂ ਵੀ ਆਈਆਂ ਤੇ ਸ਼ਕਤੀ ਅਨੁਸਾਰ ਉਨ੍ਹਾਂ ਵੀ ਭੇਟਾਵਾਂ ਅਰਪਣ ਕੀਤੀਆਂ। ਉਨ੍ਹਾਂ ਨੂੰ ਅਸੀਸ ਦੇ ਕੇ ਗੁਰੂ ਘਰ ਦੀਆਂ ਇਸਤਰੀਆਂ ਰੱਥਾਂ ਵਿਚ ਚੜ੍ਹ ਕੇ ਚਲ ਪਈਆਂ, ਉਹ ਪਿੰਡ ਦੀਆਂ ਬਹੁਤ ਸਿਫਤਾਂ ਕਰਦੀਆਂ ਸਨ॥੪੭॥

ਕੋਸ ਤੀਨ ਜਬਿ ਸਤਿਗੁਰ ਗਏ। ਇਕ ਅਸਥਾਨ ਬਿਲੋਕਤਿ ਭਏ।
ਉਤਰਿ ਤੁਰੰਗ ਤੇ ਬੰਦਨ ਠਾਨੀ। ਬੈਠੇ ਕਿਤਿਕ ਕਾਲ ਗੁਨਖਾਨੀ॥ ੪੮॥

ਜਦ ਸਤਿਗੁਰੂ ਜੀ ਤਿੰਨ ਕੋਹ ਪੈਂਡਾ ਕਰਕੇ ਗਏ ਤੇ ਉਨ੍ਹਾਂ ਨੇ ਇਕ ਸਥਾਨ ਵੇਖਿਆ। ਘੋੜੇ ਤੋਂ ਉਤਰ ਕੇ ਬੰਦਨਾ ਕੀਤੀ ਤੇ ਕਾਫੀ ਸਮੇਂ ਤਕ ਗੁਰੂ ਜੀ ਉਥੇ ਬੈਠੇ ਰਹੇ॥੪੮॥

*ਸੱਤਵੀਂ ਰਾਸ ਦਾ ਤੇਰ੍ਹਵਾਂ ਅਧਿਆਇ ਸਮਾਪਤ ਹੋਇਆ॥੧੩॥*

# ਅਧਿਆਇ ਚੌਦੁਵਾਂ

## ਭਾਈ ਹੇਮਾ ਜੀ, ਭਾਈ ਗੁਰਦਾਸ ਜੀ ਪ੍ਰਲੋਕ ਗਮਨ

ਦੋਹਰਾ- ਤਿਸ ਥਲ ਜਬਿ ਬੈਠੇ ਗੁਰੂ ਸਭਿ ਉਰ ਸੰਸੈ ਠਾਨਿ।
ਕਰ ਜੋਰੇ ਬੂਝਤਿ ਭਏ 'ਕਿਹ ਸਥਾਨ ਇਹੁ ਆਨਿ?॥ ੧॥

ਉਸ ਅਸਥਾਨ ਤੇ ਜਦ ਗੁਰੂ ਜੀ ਬੈਠੇ ਸਨ, ਤਾਂ ਸਾਰਿਆਂ ਨੇ ਆਪਣੇ ਹਿਰਦਿਆਂ ਵਿਚ ਸ਼ੰਕੇ ਧਾਰਨ ਕੀਤੇ ਸਨ। ਹੱਥ ਜੋੜ ਕੇ ਪੁੱਛਣ ਲੱਗੇ, "ਕਿਸ ਦਾ ਸਥਾਨ ਇਹ ਜਾਣਿਆ ਹੈ?"॥੧॥

ਚੌਪਈ- ਕਰਿ ਬੰਦਨ ਕੋ ਰਾਵਰ ਬੈਸੇ। ਕਿਸ ਕੋ ਥਲ, ਹੋਯੋ ਇਹ ਕੈਸੇ?'।
ਦਯਾ ਸਿੰਧੁ ਸੁਨਿ ਬਾਕ ਬਖਾਨੇ। 'ਇਹੁ ਸ੍ਰੀ ਨਾਨਕ ਕੋ ਇਸਥਾਨੇ॥੨॥

ਆਪ ਜੀ ਬੰਦਨਾ ਕਰ ਕੇ ਬੈਠ ਗਏ ਹੋ, ਇਹ ਕਿਸ ਦਾ ਸਥਾਨ ਹੈ ਅਤੇ ਕਿਵੇਂ ਹੋਇਆ ਹੈ?" ਦਇਆ ਦੇ ਸਾਗਰ ਭਾਵ ਗੁਰੂ ਜੀ ਨੇ ਬਚਨ ਕੀਤੇ, "ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਥਾਨ ਹੈ'॥੨॥

ਪਠੇਵਿੰਡ ਪੁਰਿ ਨਾਮ ਕਹੰਤੇ। ਖੱਤ੍ਰੀ ਬੇਦੀ ਬ੍ਰਿੰਦ ਬਸੰਤੇ।
ਸੰਗ ਹੁਤੇ ਬਾਲਾ ਮਰਦਾਨਾ। ਸ੍ਰੀ ਨਾਨਕ ਆਏ ਇਸ ਥਾਨਾ॥ ੩॥

ਇਸ ਪਿੰਡ ਨੂੰ ਪਠੇਵਿੰਡ ਕਹਿੰਦੇ ਹਨ, ਬੇਦੀ ਖੱਤਰੀ ਦੇ ਬਹੁਤ ਲੋਕ ਏਥੇ ਵੱਸਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਭਾਈ ਬਾਲੇ ਮਰਦਾਨੇ ਦੇ ਨਾਲ ਇਸ ਅਸਥਾਨ ਤੇ ਆਏ ਸਨ॥੩॥

ਆਨਿ ਬੇਦੀਜਨ ਜਬਹਿ ਨਿਹਾਰੇ। ਕਰਤਿ ਕੁਤਰਕਨ ਬਾਕ ਉਚਾਰੇ।
'ਕਹਾਂ ਬੇਦੀਯਨਿ ਬੰਸੁ ਲਜਾਵਾ? ਬੇਖ ਫਕੀਰ ਕੁਰਾਹੁ ਚਲਾਵਾ॥ ੪॥

ਜਦ ਬੇਦੀਆਂ ਨੇ ਆ ਕੇ ਗੁਰੂ ਨਾਨਕ ਜੀ ਨੂੰ ਵੇਖਿਆ ਤਾਂ ਉਨ੍ਹਾਂ ਮੰਦੇ ਸੰਕਲਪ ਵਾਲੇ ਹੁਜਤਾਂ ਭਰੇ ਬਚਨ ਕਹੇ, "ਕਿਥੇ ਬੇਦੀਆਂ ਦੀ ਵੰਸ਼ ਨੂੰ ਲਾਜ ਲਾਈ ਹੈ, ਫਕੀਰ ਵੇਸ ਧਾਰ ਕੇ ਕੁਰਾਹੇ ਚਲ ਪਏ ਹੋ॥੪॥

ਇਸ ਪੁਰਿ ਭ੍ਰਾਤਨ ਮਹਿਂ ਚਹਿਂ ਥਾਨ। ਕਰਹਿਂ ਪਸਾਰਨਿ ਦੰਭ ਮਹਾਨ।
ਹਮ ਸ਼ਰੀਕ ਤੁਵ ਬਸਨ ਨ ਦੈਹੈਂ। ਜਾਹੁ ਅਬਹਿ ਨਹਿਂ ਪਕੜ ਉਠੈਹੈਂ॥੫॥

ਇਸ ਭਰਾਵਾਂ ਦੇ ਨਗਰ ਵਿਚ ਰਹਿਣ ਲਈ ਸਥਾਨ ਚਾਹੁੰਦੇ ਹੋ, ਜਦ ਕਿ ਮਹਾਨ ਪਖੰਡ ਦਾ ਪਾਸਾਰ ਕਰ ਰਹੇ ਹੋ। ਅਸੀਂ ਸ਼ਰੀਕ ਤੈਨੂੰ ਏਥੇ ਵੱਸਣ ਨਹੀਂ ਦੇਵਾਂਗੇ, ਏਥੋਂ ਚਲੇ ਜਾਵੋ, ਨਹੀਂ ਤਾਂ ਫੜ ਕੇ ਉਠਾ ਦੇਵਾਂਗੇ'॥੫॥

ਕਹਯੋ ਗੁਰੂ 'ਹਮ ਬਾਸ ਨ ਕਰੈਂ। ਕੋ ਦਿਨ ਬਸਹਿਂ, ਆਨ ਥਲ ਫਿਰੈਂ।
ਨਹੀਂ ਸ਼ਰੀਕਨਿ ਸੰਗ ਸ਼ਰੀਕੀ। ਤਜੀ ਲਾਲਸਾ, ਨਾਂਹਿਨ ਨੀਕੀ'॥ ੬॥

ਗੁਰੂ ਜੀ ਨੇ ਕਿਹਾ, "ਅਸੀਂ ਏਥੇ ਵਾਸ ਨਹੀਂ ਕਰਾਂਗੇ, ਕੁਝ ਦਿਨ ਰਹਿ ਕੇ ਕਿਸੇ ਹੋਰ ਸਥਾਨ ਫਿਰਾਂਗੇ। ਸਾਡਾ ਸ਼ਰੀਕਾਂ ਨਾਲ ਕੋਈ ਸ਼ਰੀਕਾ ਨਹੀਂ ਹੈ, ਅਸੀਂ ਲਾਲਸਾ ਚੰਗੀ ਤਰ੍ਹਾਂ ਛੱਡ ਦਿੱਤੀ ਹੈ'॥੬॥

ਸੁਨਿ ਬੇਦੀਨਿ ਕੋਪ ਕਰਿ ਕਹਯੋ। 'ਇਹੁ ਤੁਵ ਦਾਵ ਸਭਿਨਿ ਹਮ ਲਹਯੋ।
ਮਿਲਿ ਅਪਨਾਇ ਲੇਹਿੰਗੇ ਕੋਈ। ਬਨਹਿਂ ਸਹਾਇਕ ਤੁਵ ਤਬਿ ਤੇਈ॥੭॥

ਇਹ ਸੁਣ ਕੇ ਬੇਦੀਆਂ ਨੇ ਗੁੱਸੇ ਵਿਚ ਆ ਕੇ ਕਿਹਾ, "ਇਹ ਤੁਹਾਡਾ ਦਾਵ ਅਸੀਂ ਸਾਰੇ ਸਮਝ ਗਏ ਹਾਂ, ਮਿਲਕੇ ਕਈਆਂ ਨੂੰ ਆਪਣਾ ਕਰ ਲਵੋਗੇ 'ਤੇ ਫਿਰ ਉਹ ਤੁਹਾਡੇ ਸਹਾਇਕ ਬਣ ਜਾਣਗੇ॥੭॥

ਜਾਂਤੇ ਅਬਿਹ ਉਠਾਵਨਿ ਕਰੈਂ। ਤੁਵ ਬਚ ਪਰ ਨ ਭਰੋਸਾ ਧਰੈਂ।
ਉਠਹੁ ਜਾਹੁ ਸੁਨਿ ਬਾਕ ਹਮਾਰੇ। ਨਤੁ ਭੁਜ ਗਹਿ ਕੈ ਤੁਰਤ ਉਠਾਰੇਂ ॥੮॥

ਇਸ ਕਰਕੇ ਤੁਹਾਨੂੰ ਹੁਣੇ ਹੀ ਉਠਾ ਦਿੰਦੇ ਹਾਂ, ਤੁਹਾਡੇ ਬਚਨ ਉਤੇ ਅਸੀਂ ਭਰੋਸਾ ਨਹੀਂ ਕਰਦੇ ਹਾਂ, ਸਾਡੇ ਬਚਨ ਸੁਣ ਕੇ ਉੱਠ ਕੇ ਚਲੇ ਜਾਵੋ, ਨਹੀਂ ਤਾਂ ਬਾਂਹ ਫੜ ਕੇ ਤੁਰਤ ਉਠਾ ਦੇਵਾਂਗੇ" ॥੮॥

ਤਬਿ ਸ੍ਰੀ ਨਾਨਕ ਬਾਕ ਬਖਾਨਾ। 'ਤੁਮ ਵਿਰਸਾ ਘਰ ਨਿਜ ਦਿਢ ਜਾਨਾ।
ਸੋ ਸਭਿ ਕੂਰ ਛਾਰ ਮਿਲਿ ਜਾਵੈ। ਪੁਰਿ ਉਜਰਹਿ ਕਿਤ ਖੋਜ ਨ ਪਾਵੈ' ॥੯॥

ਫਿਰ ਗੁਰੂ ਨਾਨਕ ਦੇਵ ਜੀ ਨੇ ਬਚਨ ਕੀਤਾ, "ਤੁਸੀਂ ਆਪਣੇ ਘਰ ਨੂੰ ਪੱਕੇ ਵਿਰਸੇ ਭਾਵ ਪੱਕੀ ਮਾਲਕੀ ਜਾਣਦੇ ਹੋ, ਉਹ ਸਾਰਾ ਕੂੜ ਹੋ ਕੇ ਧੂੜ ਵਿਚ ਮਿਲ ਜਾਵੇਗਾ। ਪਿੰਡ ਉਜੜ ਜਾਵੇਗਾ ਕਿਤੇ ਲਭਿਆਂ ਵੀ ਨਹੀਂ ਲਭੇਗਾ" ॥੯॥

ਇਮ ਕਹਿ ਗਮਨ ਕੀਨਿ ਗੁਨ ਖਾਨੀ। ਸ੍ਰੀ ਨਾਨਕ ਸਿੱਖਨਿ ਸੁਖਦਾਨੀ।
ਪੁਨ ਕੁਛ ਸਮਾਂ ਪਾਇ ਪੁਰਿ ਮਾਂਹੀ। ਵਧੀ ਸਪਰਧਾ ਮਿਟਹਿ ਜੁ ਨਾਂਹੀ॥੧੦॥

ਇਸ ਤਰ੍ਹਾਂ ਕਹਿ ਕੇ ਗੁਣਾਂ ਦੀ ਖਾਣ ਭਾਵ ਗੁਰੂ ਨਾਨਕ ਦੇਵ ਜੀ ਸਿੱਖਾਂ ਨੂੰ ਸੁੱਖ ਦੇਣ ਵਾਲੇ ਚਲੇ ਗਏ। ਫਿਰ ਕੁਝ ਸਮਾਂ ਪਾ ਕੇ ਪਿੰਡ ਵਿਚ ਈਰਖਾ ਵੱਧ ਗਈ ਜਿਹੜੀ ਮੇਟਣ ਨਾਲ ਮਿਟਦੀ ਨਹੀਂ ਸੀ॥੧੦॥

ਲਰਿ ਲਰਿ ਭਾਜੇ ਪੁਰਿ ਕੋ ਛੋਰਿ। ਪਰਜੋ ਥੇਹ ਤਬਿ ਕੋ ਇਸ ਠੋਰ।
ਸ੍ਰੀ ਹਰਿ ਗੋਵਿੰਦ ਗਾਥ ਸੁਨਾਈ। ਸੁਨਿ ਸਗਰੇ ਨਿਜ ਸੀਸ ਨਿਵਾਈ॥੧੧॥

ਲੜ-ਲੜ ਕੇ ਸਾਰੇ ਪਿੰਡ ਨੂੰ ਛੱਡ ਕੇ ਭੱਜ ਗਏ, ਉਸ ਸਮੇਂ ਤੋਂ ਇਹ ਸਥਾਨ ਥੇਹ ਬਣਿਆ ਹੈ।" ਜਦ ਸ੍ਰੀ ਹਰਿਗੋਬਿੰਦ ਜੀ ਨੇ ਗਾਥਾ ਸੁਣਾਈ ਤਾਂ ਸਾਰੇ ਸਿੱਖਾਂ ਨੇ ਆਪਣੇ ਸਿਰ ਨਿਵਾਏ॥੧੧॥

ਥਿਰੇ ਘਰੀ ਜੁਗ ਬਹੁਰ ਸਿਧਾਰੇ। ਦੋਇ ਕੋਸ ਜਬਿ ਚਲੇ ਅਗਾਰੇ।
ਸ੍ਰੀ ਅਰਜਨ ਕੋ ਤਹਿਂ ਅਸਥਾਨ। ਉਤਰਿ ਤੁਰੰਗ ਤੇ ਬੰਦਨ ਠਾਨਿ॥੧੨॥

ਦੋ ਘੜੀਆਂ ਉਥੇ ਠਹਿਰੇ ਤੇ ਫਿਰ ਚਲ ਪਏ। ਜਦ ਦੋ ਕੋਹ ਅੱਗੇ ਗਏ ਤਾਂ ਉਥੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਥਾਨ ਆ ਗਿਆ, ਘੋੜੇ ਤੋਂ ਉਤਰ ਕੇ ਉਸ ਸਥਾਨ ਨੂੰ ਬੰਦਨਾ ਕੀਤੀ॥੧੨॥

ਸਵਾਜਾਮ ਦਿਨ ਤਬਿ ਲੋਂ ਚਰਜੋ। ਕਹਿ ਸਭਿਹਿਨ ਸੋਂ ਡੇਰਾ ਕਰਜੋ।
ਆਗਜਾ ਦਈ ਅਹਾਰ ਕਰਨਿ ਕੀ। ਕਰੀ ਦੂਰ ਜਿਨ ਕੁਮਤਿ ਨਰਨ ਕੀ॥੧੩॥

ਤਦ ਤਕ ਸਵਾ ਪਹਿਰ ਦਿਨ ਚੜ੍ਹ ਆਇਆ, ਸਾਰਿਆਂ ਨੂੰ ਕਹਿ ਕੇ ਡੇਰਾ ਕੀਤਾ ਤੇ ਗੁਰੂ ਜੀ, ਜਿਨ੍ਹਾਂ ਮਨੁੱਖਾਂ ਦੀ ਭੈੜੀ ਮੱਤ ਨੂੰ ਦੂਰ ਕੀਤਾ ਹੈ, ਆਪਣੇ ਸਾਰੇ ਸਿੱਖਾਂ ਨੂੰ ਕਹਿ ਕੇ ਓਥੇ ਡੇਰਾ ਕੀਤਾ ਤੇ ਭੋਜਨ ਛੱਕਣ ਦੀ ਆਗਿਆ ਕੀਤੀ॥੧੩॥

ਬੈਠੇ ਲਗਜੋ ਦਿਵਾਨ ਮਹਾਨ। ਬੂਝਨਿ ਕੀਨੇ ਗੁਰ ਤਬਿ ਭਾਨ।
'ਪੁਰਿ ਉਜਾਰ ਕਛ ਦੂਰ ਦਿਖਾਏ। ਕਿਮ ਸ੍ਰੀ ਅਰਜਨ ਇਸ ਥਲ ਆਏ?' ॥੧੪॥

ਉਥੇ ਬੈਠ ਕੇ ਮਹਾਨ ਦੀਵਾਨ ਲੱਗਾ, ਫਿਰ ਬਾਬਾ ਭਾਨਾ ਜੀ ਪੁੱਛਣ ਲੱਗੇ, "ਉਜੜਿਆ ਨਗਰ ਕੁਝ ਦੂਰ ਵਿਖਾਇਆ ਹੈ, ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਸਥਾਨ ਤੇ ਕਿਵੇਂ ਆਏ?" ॥੧੪॥

ਸੁਨਿ ਗੁਰ, ਬਿਧੀਏ ਓਰ ਨਿਹਾਰਾ। 'ਹੁਤੇ ਸੰਗ ਤੁਮ ਕਰਹੁ ਉਚਾਰਾ'।
ਆਇਸੁ ਮਾਨੀ ਬੈਨ ਅਲਾਏ। 'ਬਿਚਰਤਿ ਸ੍ਰੀ ਅਰਜਨ ਇਤ ਆਏ॥ ੧੫ ॥

ਇਹ ਸੁਣ ਕੇ ਗੁਰੂ ਜੀ ਨੇ ਬਿਧੀ ਚੰਦ ਵਲ ਵੇਖਿਆ, "ਤੁਸੀਂ ਉਸ ਸਮੇਂ ਗੁਰੂ ਜੀ ਨਾਲ ਸੀ, ਕਥਾ ਉਚਾਰਨ ਕਰੋ।" ਭਾਈ ਬਿਧੀ ਚੰਦ ਨੇ ਆਗਿਆ ਮੰਨੀ ਤੇ ਬੋਲਿਆ, "ਵਿਚਰਦੇ ਹੋਏ ਸ੍ਰੀ ਗੁਰੂ ਅਰਜਨ ਦੇਵ ਜੀ ਏਥੇ ਆਏ॥੧੫॥

ਪੰਚ ਸਿੱਖ ਹਮ ਗੁਰ ਕੇ ਸਾਥ। ਬੈਠਿ ਰਹੇ ਇਸ ਥਲ ਜਬਿ ਨਾਥ।
ਹਿਮ ਰਿਤੁ ਹੁਤੀ ਸੀਤ ਬਹੁ ਪਰੈ। ਘਨ ਜੁਤਿ ਪੌਨ ਬਹੈ ਤਨ ਠਰੈ॥ ੧੬ ॥

ਗੁਰੂ ਜੀ ਦੇ ਨਾਲ ਅਸੀਂ ਪੰਜ ਸਿੱਖ ਸੀ, ਜਦ ਗੁਰੂ ਜੀ ਇਸ ਸਥਾਨ ਵਿਖੇ ਬੈਠੇ ਰਹੇ ਸਨ, ਸਿਆਲ ਦੀ ਰੁੱਤ ਸੀ ਤੇ ਸੀਤ ਬਹੁਤ ਪੈਂਦੀ ਸੀ, ਬਦਲਾਂ ਸਹਿਤ ਹਵਾ ਵਗਦੀ ਸੀ ਤੇ ਸਰੀਰ ਬਹੁਤ ਠਰਦਾ ਸੀ॥੧੬॥

ਹਮ ਪੰਚਹੁੰ ਮਿਲਿ ਬਿਨੈ ਉਚਾਰੀ। 'ਚਲਹੁ ਆਪ ਉਠਿ ਪੁਰੀ ਮਝਾਰੀ।
ਸੁਖ ਸੋਂ ਨਿਸਾ ਬਿਤਾਇ ਪਯਾਨੈਂ'। ਸੁਨਿ ਗੁਰ ਕਹਯੋ 'ਦੂਰ ਕੁਛ ਜਾਨੈ॥੧੭॥

ਅਸੀਂ ਪੰਜਾਂ ਨੇ ਮਿਲ ਕੇ ਬੇਨਤੀ ਕੀਤੀ, "ਆਪ ਜੀ ਉੱਠ ਕੇ ਨਗਰ ਵਿਚ ਚਲੋ, ਉਥੇ ਸੁੱਖ ਨਾਲ ਰਾਤ ਬਤੀਤ ਕਰਕੇ ਅੱਗੇ ਚਲ ਪਵਾਂਗੇ।" ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਅਸੀਂ ਕੁਝ ਜਾਣ ਕੇ ਦੂਰ ਬੈਠੇ ਹਾਂ" ॥੧੭॥

ਬਸਹਿਂ ਦੁਸ਼ਟ ਜਨ ਭਾਉ ਬਿਹੀਨੇ। ਜਾਨੌਂ ਪਰਹਿਂ ਮਹਾਂ ਮਤਿ ਹੀਨੇ' ॥
ਪੁਨ ਹਮ ਕਹਯੋ 'ਉਤੰਗ ਅਵਾਸ। ਪਿਖਿ ਜਨਵਾਸ ਕਰਹਿਂ ਨਿਸ ਬਾਸ' ॥੧੮॥

ਇਸ ਪਿੰਡ ਵਿਚ ਪ੍ਰੇਮ ਰਹਿਤ ਦੁਸ਼ਟ ਲੋਕ ਵੱਸਦੇ ਹਨ, ਮਹਾਨ ਮੱਤ-ਹੀਣੇ ਉਹ ਜਾਪਦੇ ਹਨ।" ਫਿਰ ਅਸੀਂ ਕਿਹਾ, "ਕੋਈ ਸਰਾਂ ਜਾਂ ਜੰਞ ਘਰ ਵੇਖ ਕੇ ਉਥੇ ਆਪਣਾ ਨਿਜੀ ਨਿਵਾਸ ਕਰ ਲਈਏ, ਜਿਹੜਾ ਆਮ ਲੋਕਾਂ ਦੇ ਠਹਿਰਣ ਦਾ ਥਾਂ ਹੋਵੇ' ॥੧੮॥

ਸਤਿਗੁਰ ਕਹਯੋ 'ਪ੍ਰਥਮ ਤੁਮ ਜੱਯੈ। ਪਿਖਿ ਸਥਾਨ ਪੁਨ ਹਮ ਢਿਗ ਅੱਯੈ'।
ਸੁਨਿ ਆਇਸੁ ਕੋ ਪੁਰੀ ਸਿਧਾਰੇ। ਦੇਖੇ ਸੁੰਦਰ ਸਦਨ ਚੁਬਾਰੇ॥ ੧੯ ॥

ਸਤਿਗੁਰੂ ਜੀ ਨੇ ਕਿਹਾ, "ਪਹਿਲਾਂ ਤੁਸੀਂ ਜਾਵੋ, ਅਜਿਹਾ ਸਥਾਨ ਵੇਖ ਕੇ ਏਥੇ ਆ ਜਾਵੋ।" ਆਗਿਆ ਸੁਣ ਕੇ ਅਸੀਂ ਨਗਰ ਵਿਚ ਚਲੇ ਗਏ, ਬਹੁਤ ਸੁੰਦਰ ਘਰ ਚੁਬਾਰਿਆਂ ਸਹਿਤ ਵੇਖੇ॥੧੯॥

ਨਹਿਂ ਬਿਸਰਾਮ ਕਰਨਿ ਕੋ ਥਾਨ। ਕਿਨਹੂੰ ਬਿਠਾਇ ਨ ਕਿਯ ਸਨਮਾਨ।
ਸਭਿ ਸਤਿਗੁਰ ਸੋਂ ਆਨਿ ਸੁਨਾਈ। ਪਰਨਿ ਫੁਹਾਰ ਲਗੀ ਘਟ ਆਈ॥੨੦॥

ਪਰ ਵਿਸ਼ਰਾਮ ਕਰਨ ਵਾਲਾ ਕੋਈ ਥਾਂ ਨਹੀਂ ਸੀ, ਕਿਸੇ ਨੇ ਵੀ ਬਿਠਾ ਕੇ ਸਨਮਾਨ ਨਾ ਕੀਤਾ। ਸਾਰਾ ਹਾਲਾਤ ਸਤਿਗੁਰੂ ਜੀ ਨੂੰ ਆ ਸੁਣਾਇਆ। ਫਿਰ ਬਦਲ ਆ ਗਿਆ ਤੇ ਬਾਰਸ਼ ਦੀ ਫੁਹਾਰ ਪੈਣ ਲੱਗ ਗਈ॥੨੦॥

ਤਬਿ ਸ੍ਰੀ ਅਰਜਨ ਬਾਕ ਉਚਾਰੋ। 'ਏਕ ਬਸੈ ਇਹਠਾਂ ਮਮ ਪਜਾਰੋ।
ਤਿਸ ਢਿਗ ਬਸੋਂ ਮੋਹਿ ਮਨ ਭਾਯੋ। ਕਰੈ ਪ੍ਰੇਮ ਜਿਸ ਐਂਚਿ ਮੰਗਾਯੋ' ॥ ੨੧ ॥

ਤਦ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ, 'ਇਸ ਥਾਂ ਇਨ੍ਹਾਂ ਵਿਚ ਇਕ ਮੇਰਾ ਪਿਆਰਾ ਸਿੱਖ ਵੱਸਦਾ ਹੈ, ਉਸ ਪਾਸ ਰਹਿਣਾ ਮੇਰੇ ਮਨ ਨੂੰ ਭਾਉਂਦਾ ਹੈ, ਉਹ ਬਹੁਤ ਪ੍ਰੇਮ ਕਰਦਾ ਹੈ, ਜਿਸ ਦੇ ਪ੍ਰੇਮ ਦੀ ਖਿੱਚ ਨੇ ਮੈਨੂੰ ਏਥੇ ਮੰਗਾਇਆ ਹੈ' ॥੨੧॥

ਉਠਿ ਸਗਰੇ ਤਿਸ ਨਿਕਟਿ ਸਿਧਾਏ। ਭਗਨਿ ਛਾਪਰੀ ਪਰ ਤ੍ਰਿਣ ਛਾਏ।
ਪਰਮ ਸੰਤ ਸਿੱਖ ਹੇਮਾ ਨਾਮ। ਜੋ ਸਤਿਨਾਮ ਜਪਹਿ ਸਭਿ ਜਾਮ॥ ੨੨ ॥

ਉੱਠ ਕੇ ਸਾਰੇ ਉਸ ਦੇ ਪਾਸ ਗਏ, ਟੁੱਟਾ ਹੋਇਆ ਛੱਪਰ ਉਪਰੋਂ ਕੱਖਾਂ ਨਾਲ ਢੱਕਿਆ ਹੋਇਆ ਸੀ, ਉਸ ਪਰਮ ਸੰਤ ਸਿੱਖ ਦਾ ਨਾਂ ਹੇਮਾ ਸੀ ਜਿਹੜਾ ਹਰ ਘੜੀ ਸਤਿਨਾਮ ਦਾ ਜਾਪ ਕਰਦਾ ਸੀ॥੨੨॥

ਫਟੀ ਕਾਮਰੀ ਊਪਰ ਲੀਨਿ। ਪੀਸਤਿ ਅੰਨ ਪ੍ਰੇਮ ਮਨ ਭੀਨ।
ਦੇਖਿ ਸਿੱਖ ਕੌ ਭਏ ਪ੍ਰਸੰਨ। ਕਹ੍ਯੋ 'ਸੰਤ ਹਰਿ ਕੇ ਨਿਤ ਧੰਨ'॥ ੨੩॥

ਫਟੀ ਹੋਈ ਕੰਬਲੀ, ਉਸ ਉਪਰ ਲਈ ਸੀ, ਅਤੇ ਮਨ ਵਿਚ ਪ੍ਰੇਮ ਨਾਲ ਭਿੱਜ ਕੇ ਅਨਾਜ ਪੀਹਦਾ ਸੀ। ਸਿੱਖ ਨੂੰ ਵੇਖ ਕੇ ਬਹੁਤ ਪ੍ਰਸੰਨ ਹੁੰਦਾ ਸੀ ਤੇ ਕਹਿੰਦਾ ਸੀ, "ਹਰੀ ਦੇ ਸੰਤ ਸਦਾ ਧੰਨ ਹਨ"॥੨੩॥

ਭਏ ਛਾਪਰੀ ਬਿਖੈ ਪ੍ਰਵੇਸ਼ੁ। ਹੇਮਾ ਹੇਰਤਿ ਹਰਖ ਵਿਸ਼ੇਸ਼।
ਉਠਿ ਗੁਰ ਕੇ ਪਾਇਨ ਲਪਟਾਯਹੁ। ਡਾਰਿ ਕਾਮਰੀ ਤਰੈ ਬਿਠਾਯਹੁ॥ ੨੪॥

ਗੁਰੂ ਜੀ ਛੱਪਰ ਦੇ ਅੰਦਰ ਪ੍ਰਵੇਸ਼ ਕਰ ਗਏ, ਹੇਮਾ ਵੇਖ ਕੇ ਬਹੁਤ ਪ੍ਰਸੰਨ ਹੋਇਆ ਉੱਠ ਕੇ ਗੁਰੂ ਜੀ ਦੇ ਪੈਰਾਂ ਨਾਲ ਲੱਗ ਗਿਆ, ਕੰਬਲੀ ਥੱਲੇ ਵਿਛਾ ਕੇ ਉਪਰ ਗੁਰੂ ਜੀ ਨੂੰ ਬਿਠਾ ਦਿੱਤਾ॥੨੪॥

ਪਗ ਪਖਾਰਿ ਚਰਨਾਂਮ੍ਰਿਤ ਲੀਨੋ। ਦਰਸ਼ਨ ਕਰਤਿ ਅਨੰਦ ਮਨ ਭੀਨੋ।
ਜਾਚ੍ਯੋ ਅੰਨ ਸੰਚਿ ਜੋ ਧਰ੍ਯੋ। ਪੀਸ ਪਕਾਇ ਅਹਾਰ ਸੁ ਕਰ੍ਯੋ॥ ੨੫॥

ਗੁਰੂ ਜੀ ਦੇ ਚਰਨ ਧੋ ਕੇ ਪਾਹੁਲ ਲਈ। ਦਰਸ਼ਨ ਕਰਕੇ ਮਨ ਅਨੰਦ ਨਾਲ ਭਿੱਜ ਗਿਆ, ਮੰਗਿਆ ਹੋਇਆ ਅਨਾਜ ਜਿਹੜਾ ਇਕੱਠਾ ਕਰਕੇ ਰਖਿਆ ਸੀ, ਉਹ ਪੀਸ ਕੇ ਪਕਾ ਕੇ ਭੋਜਨ ਦਿੱਤਾ॥੨੫॥

ਬਿਨੈ ਭਨੀ ਗੁਰ ਕੇ ਅਚਵਾਯੋ। ਹਮ ਕੋ ਦੀਨਿ ਸਕਲ ਤਬਿ ਖਾਯੋ।
ਸੀਤ ਪ੍ਰਸ਼ਾਦਿ ਤਾਂਹਿ ਪੁਨ ਲੀਨਾ। ਧਰੇ ਪ੍ਰੇਮ ਤਿਨ ਖਾਵਨ ਕੀਨਾ॥ ੨੬॥

ਬੇਨਤੀ ਕਰਕੇ ਗੁਰੂ ਜੀ ਨੂੰ ਖਵਾਇਆ, ਫਿਰ ਸਾਨੂੰ ਭੋਜਨ ਦਿੱਤਾ, ਸਾਰਿਆ ਨੇ ਤਦ ਖਾਧਾ। ਫਿਰ ਗੁਰੂ ਜੀ ਦਾ ਸੀਤ ਪ੍ਰਸ਼ਾਦਿ ਉਸ ਲਿਆ ਤੇ ਪ੍ਰੇਮ ਧਾਰਨ ਕਰਕੇ ਖਾਧਾ॥੨੬॥

ਗੁਰੂ ਚਰਨ ਚਾਂਪਤਿ ਗੁਨ ਗਾਵਤਿ। 'ਕਰੀ ਕ੍ਰਿਪਾ ਮੋ ਪਰ' ਹਰਖਾਵਤਿ।
ਤਿਸਕੀ ਦਸ਼ਾ ਦੇਖਿ ਸ਼੍ਰੀ ਅਰਜਨ। ਸਬਦ ਉਚਾਰਨ ਕੀਨਿ ਤਹੀ ਛਿਨ॥੨੭॥

ਗੁਰੂ ਜੀ ਦੇ ਚਰਨ ਘੁਟਦਿਆਂ ਗੁਣ ਗਾਉਂਦਾ ਸੀ, "ਮੇਰੇ ਉਤੇ ਬੜੀ ਕਿਰਪਾ ਕੀਤੀ ਹੈ" ਉਸ ਨੇ ਪ੍ਰਸੰਨ ਹੋ ਕੇ ਕਿਹਾ। ਉਸ ਦੀ ਦਸ਼ਾ ਵੇਖ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਸੇ ਵੇਲੇ ਇਕ ਸ਼ਬਦ ਦਾ ਉਚਾਰਨ ਕੀਤਾ॥੨੭॥

*ਰਾਗੁ ਸੂਹੀ ਮਹਲਾ ੫ ਘਰੁ ੪*

*ੴ ਸਤਿਗੁਰ ਪ੍ਰਸਾਦਿ॥*

*ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ॥*
*ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ॥ ੧॥ ਰਹਾਉ॥*
*ਅਨਦੁ ਗਰੀਬੀ ਸਾਧਸੰਗਿ ਜਿਤੁ ਪ੍ਰਭ ਚਿਤਿ ਆਏ॥*
*ਜਲਿ ਜਾਉ ਏਹੁ ਬਡਪਨਾ ਮਾਇਆ ਲਪਟਾਏ॥ ੧॥*
*ਪੀਸਨੁ ਪੀਸਿ ਓਢਿ ਕਾਮਰੀ ਸੁਖੁ ਮਨੁ ਸੰਤੋਖਾਏ॥*
*ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ॥ ੨॥*
*ਨਗਨ ਫਿਰਤ ਰੰਗਿ ਏਕ ਕੈ ਓਹੁ ਸੋਭਾ ਪਾਏ॥*

ਪਾਟ ਪਟੰਬਰ ਬਿਰਥਿਆ ਜਿਹ ਰਚਿ ਲੋਭਾਏ ॥ ੩ ॥
ਸਭੁ ਕਿਛੁ ਤੁਮ੍ਰੈ ਹਾਥਿ ਪ੍ਰਭ ਆਪਿ ਕਰੇ ਕਰਾਏ ॥
ਸਾਸਿ ਸਾਸਿ ਸਿਮਰਤ ਰਹਾ ਨਾਨਕ ਦਾਨੁ ਪਾਏ ॥ ੪ ॥ ੧ ॥ ੪੧ ॥ (ਪੰਨਾ ੭੪੫)

ਉਹ ਝੁੱਗੀ ਭਲੀ ਅਤੇ ਸੁਹਾਵਣੀ ਹੈ, ਜਿਸ ਵਿਚ ਵਾਹਿਗੁਰੂ ਦੀਆਂ ਸਿਫਤਾਂ ਗਾਈਆਂ ਜਾਂਦੀਆ ਹਨ।

ਉਹ ਮਹਿਲ ਕਿਸੇ ਕੰਮ ਨਹੀਂ, ਜਿਨ੍ਹਾਂ ਵਿਚ ਪ੍ਰਭੂ ਭੁੱਲ ਜਾਂਦਾ ਹੈ ॥੧॥ ਠਹਿਰਾਉ॥ ਗ਼ਰੀਬੀ ਵਿਚ ਅਨੰਦ ਹੈ, ਜਿਸ ਵਿਚ ਬੰਦਾ ਸਤਿਸੰਗਤ ਵਿਚ ਆਪਣੇ ਸਾਹਿਬ ਨੂੰ ਸਿਮਰਦਾ ਹੈ। ਐਹੋ ਜੇਹੀ ਸੰਸਾਰੀ ਵਡਿਆਈ ਸੜ ਜਾਵੇ ਜਿਹੜੀ ਇਨਸਾਨ ਨੂੰ ਧਨ ਦੌਲਤ ਵਿਚ ਫਸਾਉਂਦੀ ਹੈ ॥੧॥

ਜਦ ਚਿੱਤ ਵਿਚ ਸੰਤੁਸ਼ਟਤਾ ਹੈ, ਤਾਂ ਬੰਦਾ ਖੁਸ਼ ਹੁੰਦਾ ਹੈ ਭਾਵੇਂ ਉਹ ਚੱਕੀ ਪੀਂਹਦਾ ਹੈ ਜਾਂ ਕੰਬਲੀ ਉਪਰ ਲੈਂਦਾ ਹੋਵੇ। ਇਹੋ ਜਿਹੀ ਪਾਤਸ਼ਾਹੀ ਕਿਸੇ ਕੰਮ ਨਹੀਂ, ਜਿਸ ਨਾਲ ਪ੍ਰਾਣੀ ਤ੍ਰਿਪਤ ਨਹੀਂ ਹੁੰਦਾ॥੨॥

ਜੋ ਇਕ ਪ੍ਰਭੂ ਦੇ ਪ੍ਰੇਮ ਅੰਦਰ ਨੰਗਾ ਫਿਰਦਾ ਹੈ, ਉਹ ਸ਼ੋਭਾ ਪਾਉਂਦਾ ਹੈ। ਰੇਸ਼ਮ ਅਤੇ ਅਤਲਸ ਦੇ ਕਪੜੇ ਵਿਅਰਥ ਹਨ ਜਿਨ੍ਹਾਂ ਵਿਚ ਖ਼ਚਤ ਹੋਣ ਨਾਲ ਲੋਭ ਵਧਦਾ ਹੈ॥੩॥

ਸਾਰਾ ਕੁਝ ਤੇਰੇ ਹੱਥ ਵਿਚ ਹੈ, ਹੇ ਪ੍ਰਭੂ! ਤੂੰ ਖੁਦ ਹੀ ਕਰਤਾ ਅਤੇ ਕਾਰਨ ਹੈਂ। ਹੇ ਸਾਹਿਬ! ਨਾਨਕ ਨੂੰ ਉਹ ਦਾਤ ਬਖਸ਼ੋ ਕਿ ਮੈਂ ਤੈਨੂੰ ਸਵਾਸ ਸਵਾਸ ਚੇਤੇ ਕਰਦਾ ਰਹਾਂ॥੪॥੧॥੪੧॥

ਚੌਪਈ- ਜਹਾਂਗੀਰ ਕੋ ਬਡ ਉਮਰਾਉ। ਖਾਨ ਪੁਰਾ ਜਿਸ ਕੇ ਢਿਗ ਗਾਉਂ।
ਗੁਰ ਕੇ ਸ੍ਰਾਪ ਉਜਰਿ ਸਭਿ ਗਯੋ। ਛੂਛ ਪਰਯੋ ਅਬਿ ਐਸੇ ਭਯੋ॥੨੮॥

ਇਕ ਜਹਾਂਗੀਰ ਦਾ ਵੱਡਾ ਉਮਰਾਵ ਸੀ, ਜਿਸ ਦਾ ਪਾਸ ਹੀ ਖਾਨਪੁਰਾ ਪਿੰਡ ਸੀ, ਉਹ ਪਿੰਡ ਗੁਰੂ ਜੀ ਦੇ ਸਰਾਪ ਨਾਲ ਉੱਜੜ ਗਿਆ, ਹੁਣ ਇਸ ਤਰ੍ਹਾਂ ਹੋ ਗਿਆ ਸੀ ਜਿਵੇਂ ਖਾਲੀ ਹੋ ਗਿਆ ਹੋਵੇ॥੨੮॥

ਜਹਿਂ ਗੁਰ ਸੰਤਨ ਕੋ ਨਹਿਂ ਮਾਨ। ਸੋ ਪੁਰਿ ਜਾਨਹੁ ਥਾਨ ਮਸਾਨ।
ਕੇਤਿਕ ਦਿਨ ਸ੍ਰੀ ਅਰਜਨ ਰਹੇ। ਹੋਮੈ ਬਯ ਪੂਰਨ ਨਿਜ ਲਹੇ॥੨੯॥

ਜਿਥੇ ਗੁਰੂ ਜੀ ਦੇ ਸੰਤਾਂ ਦਾ ਮਾਣ ਨਹੀਂ ਹੁੰਦਾ, ਉਸ ਨਗਰ ਨੂੰ ਮਸਾਣ ਸਮਾਨ ਜਾਣੋ। ਕਈ ਦਿਨ ਗੁਰੂ ਅਰਜਨ ਦੇਵ ਜੀ ਉਥੇ ਰਹੇ। ਇਹ ਵੇਖਿਆ ਕਿ ਹੋਮੈ ਦੀ ਉਮਰ ਪੂਰੀ ਹੋ ਗਈ ਹੈ॥੨੯॥

ਸੁਖ ਸੋਂ ਪੰਚ ਭੂਤ ਤਨ ਤਜਾਗਾ। ਗੁਰਪੁਰਿ ਕੋ ਪਹੁੰਚਯੋ ਬਡ ਭਾਗਾ।
ਸ੍ਰੀ ਅਰਜਨ ਤਿਸ ਕੋ ਸਸਕਾਰੇ। ਬਹੁਰੋ ਅਪਨੇ ਸਦਨ ਸਿਧਾਰੇ॥੩੦॥

ਸੁਖ ਨਾਲ ਉਹ ਪੰਚ ਭੂਤ ਸਰੀਰ ਨੂੰ ਤਿਆਗ ਗਿਆ ਤੇ ਵੱਡੇ ਭਾਗਾਂ ਵਾਲਾ ਗੁਰੂ ਜੀ ਦੀ ਨਗਰੀ ਭਾਵ ਪਰਲੋਕ ਵਿਚ ਪਹੁੰਚ ਗਿਆ। ਗੁਰੂ ਜੀ ਨੇ ਉਸ ਦਾ ਸਸਕਾਰ ਕੀਤਾ, ਫਿਰ ਆਪਣੇ ਘਰ ਨੂੰ ਚਲੇ ਗਏ'' ॥੩੦॥

ਕਹਿ ਬਿਧੀਆ 'ਸੁਨਿ ਭਾਨਾ ਸਾਹਿਬ!। ਸ੍ਰੀ ਗੁਰ ਕੀ ਅਸ ਗਾਥ ਅਜਾਇਬ।
ਤਬਿ ਕੋ ਇਹ ਸਥਾਨ ਹੈ ਪਾਵਨ'। ਸੁਣਿ ਸਭਿ ਨੇ ਕਿਯ ਸੀਸ ਨਿਵਾਵਨ॥੩੧॥

ਬਿਧੀ ਚੰਦ ਨੇ ਕਿਹਾ, ''ਹੇ ਬਾਬਾ ਭਾਨਾ ਜੀ! ਸੁਣੋ, ਇਸ ਤਰ੍ਹਾਂ ਗੁਰੂ ਜੀ ਦੀ ਗਾਥਾ ਅਜੀਬ ਹੈ, ਤਦ ਤੋਂ ਇਹ ਸਥਾਨ ਪਵਿੱਤਰ ਹੋ ਗਿਆ ਹੈ।'' ਇਹ ਸੁਣ ਕੇ ਸਾਰਿਆਂ ਨੇ ਸੀਸ ਨਿਵਾਏ॥੩੧॥

ਸ੍ਰੀ ਹਰਿਗੋਬਿੰਦ ਉਰ ਹਰਖਾਏ। ਬਹੁਰ ਅਹਾਰ ਮੰਗਾਇ ਸੁ ਖਾਏ।
ਕਰਯੋ ਦੁਪਹਿਰੇ ਕੋ ਬਿਸਰਾਮੂ। ਭਏ ਸੁਚੇਤ ਰਹੇ ਦਿਨ ਜਾਮੂ॥੩੨॥

ਸ੍ਰੀ ਹਰਿਗੋਬਿੰਦ ਜੀ ਹਿਰਦੇ ਵਿਚ ਬਹੁਤ ਪ੍ਰਸੰਨ ਹੋਏ, ਫਿਰ ਭੋਜਨ ਮੰਗਵਾ ਕੇ ਖਾਧਾ, ਫਿਰ ਦੁਪਹਿਰ ਸਮੇਂ ਉਥੇ ਵਿਸ਼ਰਾਮ ਕੀਤਾ, ਜਦ ਇਕ ਪਹਿਰ ਦਿਨ ਰਹਿੰਦਾ ਸੀ ਤਾਂ ਸੁਚੇਤ ਹੋ ਗਏ॥੩੨॥

ਲਖਿ ਗੁਰੂ, ਅੰਤ ਸਮਾਂ ਗੁਰਦਾਸ। ਚਢਿਬੇ ਹਯ ਮੰਗਵਾਇਸਿ ਪਾਸ।
ਗੋਇੰਦ ਵਾਲ ਪੁਰੀ ਕਹੁ ਚਾਲੇ। ਸਕਲ ਕੁਟੰਬ ਜਿਨਹੁਂ ਕੇ ਨਾਲੇ॥ ੩੩॥

ਗੁਰੂ ਹਰਿਗੋਬਿੰਦ ਜੀ ਨੇ ਜਦ ਇਹ ਸਮਝਿਆ ਕਿ ਭਾਈ ਗੁਰਦਾਸ ਜੀ ਦਾ ਅੰਤ ਸਮਾਂ ਨੇੜੇ ਆ ਗਿਆ ਹੈ, ਤਾਂ ਚੜ੍ਹਨ ਵਾਸਤੇ ਆਪਣੇ ਪਾਸ ਘੋੜਾ ਮੰਗਵਾਇਆ। ਗੋਇੰਦਵਾਲ ਨਗਰੀ ਵੱਲ ਚਲ ਪਏ, ਸਾਰਾ ਪਰਿਵਾਰ ਉਨ੍ਹਾਂ ਦੇ ਨਾਲ ਸੀ॥੩੩॥

ਚਤਰ ਘਟੀ ਦਿਨ ਪਹੁਂਚੇ ਜਾਇ। ਢਿਗ ਬਾਪੀ ਕੇ ਸਿਵਰ ਲਗਾਇ।
ਕਰਿ ਮੱਜਨ ਕੋ, ਗਏ ਚੁਬਾਰੇ। ਸਰਬ ਸਥਾਨ ਬੰਦਨਾਂ ਧਾਰੇ॥ ੩੪॥

ਚਾਰ ਘੜੀਆਂ ਦਿਨ ਜਾਣ ਤੇ ਉਥੇ ਪਹੁੰਚ ਗਏ ਤੇ ਬਾਉਲੀ ਦੇ ਨੇੜੇ ਤੰਬੂ ਲਵਾ ਲਏ। ਇਸ਼ਨਾਨ ਕਰਕੇ ਚੁਬਾਰੇ ਵੱਲ ਚਲੇ ਗਏ ਤੇ ਸਭ ਸਥਾਨਾਂ ਤੇ ਜਾ ਕੇ ਬੰਦਨਾ ਕੀਤੀ॥੩੪॥

ਪੁਨ ਗੁਰ ਡੇਰੇ ਬਿਖੇ ਸਿਧਾਏ। ਸੁੰਦਰ, ਪਰਮਾਨੰਦ ਚਲਿ ਆਏ।
ਕਰਿ ਬੰਦਨ ਕੋ, ਬੈਠੇ ਤੀਰ। ਕੁਸ਼ਲ ਪ੍ਰਸ਼ਨ ਤਬਿ ਕਹੀ ਸਰੀਰ॥ ੩੫॥

ਫਿਰ ਗੁਰੂ ਜੀ ਡੇਰੇ ਵਿਖੇ ਚਲੇ ਗਏ, ਸੁੰਦਰ ਤੇ ਪਰਮਾਨੰਦ ਚਲ ਕੇ ਆ ਗਏ, ਗੁਰੂ ਜੀ ਨੂੰ ਬੰਦਨਾ ਕਰਕੇ ਪਾਸ ਬੈਠ ਗਏ ਤੇ ਸਰੀਰ ਬਾਰੇ ਸੁੱਖ ਸਾਂਦ ਪੁੱਛੀ ਅਤੇ ਕਹੀ॥੩੫॥

ਭੋਜਨ ਅਚਿ ਕੀਨਸਿ ਬਿਸਰਾਮੂ। ਜਾਗੇ ਰਹੀ ਡੇਢ ਨਿਸ ਜਾਮੂ।
ਤਬਿ ਗੁਰਦਾਸ ਜੋਰਿ ਕਰ ਕਹ੍ਯੋ। 'ਪ੍ਰਾਨ ਅੰਤ ਮੈਂ ਅਪਨੋ ਲਹ੍ਯੋ' ॥ ੩੬॥

ਭੋਜਨ ਛੱਕ ਕੇ ਵਿਸ਼ਰਾਮ ਕੀਤਾ ਤੇ ਜਦ ਡੇਢ ਪਹਿਰ ਰਾਤ ਰਹਿ ਗਈ ਤਾਂ ਜਾਗ ਪਏ। ਫਿਰ ਭਾਈ ਗੁਰਦਾਸ ਜੀ ਨੇ ਹੱਥ ਜੋੜ ਕੇ ਕਿਹਾ, 'ਮੈਂ ਆਪਣੇ ਪ੍ਰਾਣਾਂ ਦਾ ਅੰਤ ਹੋਣਾ ਸਮਝ ਲਿਆ ਹੈ' ॥੩੬॥

ਸੁਨਿ ਕਰਿ ਗਮਨੇ ਲੇ ਨਿਜ ਸਾਥ। ਸੁੰਦਰ, ਪਰਮਾਨੰਦ, ਗੁਰੂ ਨਾਥ।
ਕਰਿਕੇ, ਸੌਚ, ਸ਼ਨਾਨ ਕਰੰਤੇ। ਬੈਠੇ ਆਸਾਵਾਰ ਸੁਨੰਤੇ॥ ੩੭॥

ਇਹ ਸੁਣ ਕੇ ਗੁਰੂ ਜੀ ਨਾਲ ਲੈ ਕੇ ਚਲ ਪਏ, ਸੁੰਦਰ, ਪਰਮਾਨੰਦ ਅਤੇ ਗੁਰੂ ਜੀ ਸੌਚ ਇਸ਼ਨਾਨ ਕਰਕੇ ਬੈਠ ਕੇ ਆਸਾ ਦੀ ਵਾਰ ਦਾ ਕੀਰਤਨ ਸੁਣਨ ਲੱਗੇ॥੩੭॥

ਬਿਨਤੀ ਪੁਨ ਗੁਰਦਾਸ ਸੁਨਾਈ। 'ਪ੍ਰਾਨ ਅੰਤ ਮਹਿਂ ਬਿਲਮ ਨ ਕਾਈ।
ਡਾਰਹੁ ਭਸਮ ਬਿਪਾਸਾ ਮਾਂਹੀ। ਮੇਰੀ ਮੜ੍ਹੀ ਕੀਜੀਏ ਨਾਂਹੀ' ॥ ੩੮॥

ਫਿਰ ਭਾਈ ਗੁਰਦਾਸ ਜੀ ਨੇ ਬੇਨਤੀ ਸੁਣਾਈ, 'ਮੇਰੇ ਪ੍ਰਾਣਾਂ ਦੇ ਅੰਤ ਹੋਣ ਵਿਚ ਹੁਣ ਜ਼ਿਆਦਾ ਦੇਰ ਨਹੀਂ ਹੈ। ਮੇਰੇ ਸਰੀਰ ਦੀ ਰਾਖ ਨੂੰ ਬਿਆਸ ਨਦੀ ਵਿਚ ਪਾ ਦੇਣਾ, ਮੇਰੀ ਮੜ੍ਹੀ ਨਹੀਂ ਬਣਾਉਣੀ ਹੈ' ॥੩੮॥

ਸੁਨਿ ਗੁਰ ਕਹ੍ਯੋ 'ਕਰੈਂ ਤਵ ਕਹ੍ਯੋ'। ਮਨ ਅਡੋਲ ਭਾਈ ਹੁਇ ਰਹ੍ਯੋ।
ਜਪੁਜੀ ਪਾਠ ਸੁਖਮਨੀ ਕੀਨਿ। ਨਮੋ ਠਾਨਿ ਗੁਰ ਧ੍ਯਾਨ ਸੁ ਲੀਨਿ॥ ੩੯॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, 'ਉਸ ਤਰ੍ਹਾਂ ਕਰਾਂਗੇ ਜਿਵੇਂ ਤੂੰ ਕਿਹਾ ਹੈ' ਭਾਈ ਜੀ ਦਾ ਮਨ ਹੁਣ ਸ਼ਾਂਤ ਅਤੇ ਅਡੋਲ ਹੋ ਗਿਆ ਸੀ। ਜਪੁਜੀ ਅਤੇ ਸੁਖਮਨੀ ਸਾਹਿਬ ਦਾ ਪਾਠ ਕੀਤਾ, ਨਮਸਕਾਰ ਕਰਕੇ ਗੁਰੂ ਜੀ ਦੇ ਧਿਆਨ ਵਿਚ ਲੀਨ ਹੋ ਗਏ॥੩੯॥

ਸ੍ਰੀ ਹਰਿਗੋਬਿੰਦ ਚੰਦ ਅਲਾਯੋ। 'ਧੰਨ ਜਨਮ ਤੁਮਰੋ ਜਗ ਆਯੋ।
ਮਹਿ ਮੰਡਲ ਮਹਿਂ ਜਸੁ ਵਿਸਥਾਰਾ। ਪਾਇ ਪਰਮਗਤਿ ਪੰਥ ਪਧਾਰਾ॥ ੪੦॥

ਭਾਈ ਗੁਰਦਾਸ ਜੀ ਮਨ ਵਿਚ ਅਡੋਲ ਰਹੇ, ਫਿਰ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਕਿਹਾ, "ਧੰਨ ਤੁਹਾਡਾ ਜਨਮ ਹੈ, ਜਿਹੜੇ ਇਸ ਜੱਗ ਵਿਚ ਆਏ ਹੋ, ਭੂਮੰਡਲ ਵਿਚ ਸਾਰੇ ਤੁਹਾਡਾ ਜਸ ਫੈਲਿਆ ਹੈ, ਪਰਮਗਤੀ ਪਾ ਕੇ ਪਰਲੋਕ ਦੇ ਰਸਤੇ ਤੁਰ ਪਏ ਹੋ ॥੪੦॥

ਚਿਰੰਕਾਲ ਤੇਰੋ ਰਹਿ ਨਾਮੂ। ਜਾਨਹਿਂ ਗੁਰੂ ਪੰਥ ਅਭਿਰਾਮੂ।
ਸੁਨਿ ਗੁਰੁ ਬੈਨ ਬੰਦਨਾ ਕਰਿ ਕੈ। ਬਦਨ ਅਛਾਦਯੋ ਆਗੈ ਪਰਿ ਕੈ॥ ੪੧॥

ਚਿਰੰਕਾਲ ਤਕ ਤੁਹਾਡਾ ਨਾਮ ਰਹੇਗਾ, ਗੁਰੂ ਮਾਰਗ ਨੂੰ ਸ੍ਰੇਸ਼ਟ ਜਾਣਿਆ ਜਾਵੇਗਾ।" ਗੁਰੂ ਜੀ ਦੇ ਬਚਨ ਸੁਣ ਕੇ ਬੰਦਨਾ ਕਰਕੇ ਅੱਗੇ ਪੈ ਕੇ ਮੂੰਹ ਢੱਕ ਲਿਆ॥੪੧॥

ਸ੍ਰੀ ਸਤਿਗੁਰ ਕੇ ਪੁਰਿ ਬਿਨ ਬੇਰਾ। ਪਹੁੰਚਯੋ ਸਿਖ ਗੁਰਦਾਸ ਬਡੇਰਾ।
ਸ੍ਰੀ ਹਰਿਗੋਵਿੰਦ ਦੇਖਤਿ ਆਗੇ। ਅਹੈ ਧੰਨ ਜਿਨ ਪ੍ਰਾਨ ਤਿਆਗੇ॥ ੪੨॥

ਕਿਸੇ ਦੇਰ ਤੋਂ ਬਗੈਰ ਸਤਿਗੁਰੂ ਜੀ ਦੀ ਪੁਰੀ ਵਿਚ ਭਾਰੀ ਸਿੱਖ ਭਾਈ ਗੁਰਦਾਸ ਜੀ ਪਹੁੰਚ ਗਏ। ਸ੍ਰੀ ਹਰਿਗੋਬਿੰਦ ਜੀ ਸਾਹਮਣੇ ਵੇਖ ਰਹੇ ਸਨ, ਇਹ ਧੰਨ ਹਨ, ਜਿਨ੍ਹਾਂ ਪ੍ਰਾਣ ਤਿਆਗ ਦਿੱਤੇ ਹਨ॥੪੨॥

ਆਸਾਵਾਰ ਭੋਗ ਤਬਿ ਪਾਯੋ। ਹਾਥ ਜੋਰਿ ਸਭਿ ਸੀਸ ਨਿਵਾਯੋ।
ਸਸਕਾਰਨ ਤਯਾਰੀ ਕਰਿਵਾਈ। ਚਹਿਯਤਿ ਸੌਜ ਸਭਿ ਮੰਗਵਾਈ॥ ੪੩॥

ਆਸਾ ਜੀ ਦੀ ਵਾਰ ਦਾ ਫਿਰ ਭੋਗ ਪਾਇਆ, ਹੱਥ ਜੋੜ ਕੇ ਸਭ ਨੇ ਸੀਸ ਨਿਵਾਏ, ਸਸਕਾਰ ਦੀ ਤਿਆਰੀ ਕਰਵਾਈ, ਲੋੜੀਂਦੀ ਸਾਰੀ ਸਮੱਗਰੀ ਮੰਗਵਾਈ॥੪੩॥

ਭਾਨਾ ਆਦਿਕ ਚਲੇ ਉਠਾਇ। ਕੀਮਤ ਅਧਿਕ ਦੁਸ਼ਾਲੇ ਪਾਇ।
ਸੂਰਜਮਲ ਕਰ ਚਵਰ ਝੁਲਾਵੈ। ਸੰਖਨ ਕੀ ਧੁਨਿ ਬਹੁਤ ਬਜਾਵੈ॥ ੪੪॥

ਬਾਬਾ ਭਾਨਾ ਆਦਿ ਉਠ ਕੇ ਚਲ ਪਏ, ਬਹੁਤ ਕੀਮਤੀ ਦੁਸ਼ਾਲੇ ਪਾਏ ਗਏ। ਸੂਰਜ ਮਲ ਹੱਥ ਵਿਚ ਫੜ ਕੇ ਚੌਰ ਕਰ ਰਹੇ ਸਨ, ਅਤੇ ਸੰਖਾਂ ਦੀ ਬਹੁਤ ਧੁਨ ਵੱਜ ਰਹੀ ਸੀ॥੪੪॥

ਗਮਨਤਿ ਸ਼ਬਦ ਰਬਾਬੀ ਗਾਵਤਿ। ਤੀਰ ਬਿਪਾਸਾ ਕੇ ਚਲਿ ਜਾਵਤਿ।
ਫੂਲਤ ਕੀ ਬਰਖਾ ਬਹੁ ਕਰੀ। ਦੇਖਿ ਚਿਖਾ ਕੇ ਊਪਰ ਧਰੀ॥ ੪੫॥

ਚਲਦਿਆਂ ਰਬਾਬੀ ਸ਼ਬਦ ਗਾ ਰਹੇ ਸਨ ਤਦ ਬਿਆਸ ਦਰਿਆ ਦੇ ਕਿਨਾਰੇ ਪਹੁੰਚ ਗਏ, ਫੁੱਲਾਂ ਦੀ ਬਹੁਤ ਬਰਖਾ ਕੀਤੀ, ਚਿਖਾ ਵੇਖ ਕੇ ਸਰੀਰ ਨੂੰ ਉਸ ਉਤੇ ਧਰ ਦਿੱਤਾ॥੪੫॥

ਕਰ ਅਪਨੇ ਗੁਰ ਲਾਂਬੂ ਲਾਯੋ। ਜਥਾ ਜੋਗ ਸਭਿ ਕਰਮ ਕਰਾਯੋ।
ਸਕਲ ਦਗਧ ਕਰਿ ਨਦੀ ਨਹਾਏ। ਦਈ ਤਿਲਾਂਜੁਲ ਲੇ ਤਿਸ ਨਾਏ॥ ੪੬॥

ਗੁਰੂ ਜੀ ਨੇ ਆਪਣੇ ਹੱਥਾਂ ਨਾਲ ਲਾਂਬੂ ਲਾਇਆ ਤੇ ਯਥਾ ਜੋਗ ਸਭ ਕਰਮ ਕਰਾਏ। ਸਾਰਿਆਂ ਨੇ ਸਸਕਾਰ ਕਰਕੇ ਨਦੀ ਵਿਚ ਇਸ਼ਨਾਨ ਕੀਤਾ, ਤੇ ਭਾਈ ਗੁਰਦਾਸ ਜੀ ਦਾ ਨਾਂ ਲੈ ਕੇ ਤਿਲਾਂਜੁਲੀ ਦਿੱਤੀ॥੪੬॥

ਚੌਕੀ ਸ਼ਬਦ ਭੋਗ ਕੋ ਪਾਇ। ਕਰਿ ਅਰਦਾਸ 'ਗੁਰੂ ਪੁਰਿ ਜਾਇ'।
ਪੰਚਾਂਮ੍ਰਿਤ ਤਬਹਿ ਬਰਤਾਏ। ਬਰਨਤਿ ਗੁਨ ਨਿਵੇਸ ਕੋ ਆਏ॥ ੪੭॥

ਚੌਕੀ ਸ਼ਬਦ ਦੇ ਭੋਗ ਨੂੰ ਪਾਇਆ ਤੇ ਅਰਦਾਸ ਕੀਤੀ ਕਿ ਭਾਈ ਗੁਰਦਾਸ ਜੀ 'ਗੁਰਪੁਰੀ ਵਿਚ ਜਾਣ'। ਫਿਰ ਕੜਾਹ ਪ੍ਰਸਾਦ ਵਰਤਾਇਆ, ਭਾਈ ਜੀ ਦੇ ਗੁਣ ਵਰਣਨ ਕਰਦੇ ਆਪਣੇ ਨਿਵਾਸ ਸਥਾਨ ਤੇ ਆ ਗਏ॥੪੭॥

ਗੁਰ ਢਿਗ ਪੁਰਿ ਜਨ ਮਿਲਿ ਸਮੁਦਾਏ। ਬੈਠਿ ਬਾਤ ਗੁਰਦਾਸ ਚਲਾਏ।
ਚੌਥੇ ਦਿਵਸ ਅਸਥਿ ਚਨੁ ਲੀਨਿ। ਭਸਮ ਬਿਪਾਸਾ ਪ੍ਰਾਪਤਿ ਕੀਨਿ॥ ੪੮॥

ਨਗਰ ਦੇ ਸਾਰੇ ਲੋਕ ਇਕੱਠੇ ਹੋ ਕੇ ਗੁਰੂ ਜੀ ਪਾਸ ਆਏ ਤੇ ਬੈਠ ਕੇ ਭਾਈ ਗੁਰਦਾਸ ਦੀਆਂ ਗੱਲਾਂ ਚਲਾਈਆਂ। ਚੌ
ਦਿਨ ਅਸਥੀਆਂ ਚੁਣ ਲਈਆਂ, ਤੇ ਭਸਮ ਬਿਆਸ ਨਦੀ ਵਿਚ ਸੁੱਟ ਦਿੱਤੀ॥੪੮॥

ਬਾਪੀ ਮਹਿਂ ਸ਼ਨਾਨ ਕਰਿ ਤਬੈ। ਨਮੋ ਕਰੀ ਪੂਜਨ ਥਲ ਸਬੈ।
ਤਤਛਿਨ ਹਯ ਪਰ ਕਰਿ ਅਸਵਾਰੀ। ਚਲੇ ਸੁਧਾਸਰ ਪੰਥ ਮਝਾਰੀ॥ ੪੯॥

ਬਾਉਲੀ ਵਿਚ ਇਸ਼ਨਾਨ ਕਰਕੇ, ਸਾਰਿਆਂ ਨੇ ਪੂਜਾ ਅਸਥਾਨ ਤੇ ਬੰਦਨਾ ਕੀਤੀ। ਤੁਰਤ ਘੋੜੇ ਤੇ ਸਵਾਰੀ ਕਰਕੇ
ਗੁਰੂ ਜੀ ਅੰਮ੍ਰਿਤਸਰ ਦੇ ਮਾਰਗ ਚਲ ਪਏ॥੪੯॥

*ਸੱਤਵੀਂ ਰਾਸ ਦਾ ਚੌਦ੍ਹਵਾਂ ਅਧਿਆਇ ਸਮਾਪਤ ਹੋਇਆ॥੧੪॥*

## *ਅਧਿਆਇ ਪੰਦ੍ਰਵਾਂ*

*ਮ੍ਰਿਤਕ ਗੁਰਮਰਯਾਦਾ, ਭਾਈ ਜੱਲ੍ਹਣ*

ਦੋਹਰਾ-ਸੁੰਦਰ ਪਰਮਾਨੰਦ ਕੋ ਅਪਰ ਸਰਬ ਪਰਿਵਾਰ।
ਜਥਾਜੋਗ ਮਿਲਿ ਕਰਿ ਸਭਿਨਿ ਹਯ ਹੋਏ ਅਸਵਾਰ॥ ੧॥

ਬਾਬਾ ਸੁੰਦਰ ਅਤੇ ਪਰਮਾਨੰਦ ਦਾ ਹੋਰ ਸਾਰਾ ਪਰਿਵਾਰ, ਯਥਾ ਯੋਗ ਸਾਰੇ ਮਿਲ ਕੇ ਘੋੜਿਆਂ ਤੇ ਅਸਵਾਰ
ਹਏ॥੧॥

ਚੌਪਈ- ਸਭਿ ਕੁਟੰਬ ਚਢਿ ਚਲਜੇ ਪਿਛਾਰੀ। ਜਥਾ ਜੋਗ ਅਪਨੀ ਅਸਵਾਰੀ।
ਪੁਰਿ ਖਡੂਰ ਮਹਿਂ ਪਹੁਚੇ ਜਾਈ। ਉਤਰਿ ਤੁਰੰਗ ਪਰੇ ਤਿਸ ਥਾਈਂ॥ ੨॥

ਸਾਰਾ ਪਰਿਵਾਰ ਚੜ੍ਹ ਕੇ ਪਿੱਛੇ-ਪਿੱਛੇ ਚਲ ਪਿਆ, ਯਥਾ ਯੋਗ ਹਰ ਇਕ ਨੇ ਆਪਣੀ ਅਸਵਾਰੀ ਲੈ ਲਈ। ਜਾ
ਨਗਰ ਖਡੂਰ ਵਿਚ ਪਹੁੰਚ ਗਏ, ਉਸ ਥਾਂ ਜਾ ਕੇ ਘੋੜਿਆਂ ਤੋਂ ਉਤਰ ਗਏ॥੨॥

ਸ੍ਰੀ ਅੰਗਦ ਕੇ ਮੰਦਿਰ ਗਏ। ਫਿਰੇ ਪ੍ਰਦਛਨਾ ਬੰਦਨ ਕਿਏ।
ਸੁਭਟ ਕੁਟੰਬ ਮਿਲੇ ਤਿਹ ਸਮੇ। ਦਰਸ਼ਨ ਪਰਸਤਿ ਕਰਿ ਕਰਿ ਨਮੋ॥ ੩॥

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਥਾਨ ਤੇ ਗਏ, ਪਰਿਕਰਮਾਂ ਕਰਕੇ ਬੰਦਨਾ ਕੀਤੀ, ਉਸ ਸਮੇਂ ਸਾਰਾ ਪਰਿਵ
ਮਿਲਿਆ, ਇਕ ਦੂਸਰੇ ਨੂੰ ਨਮਸਕਾਰ ਕਰਕੇ ਦਰਸ਼ਨ ਕਰਦੇ ਸਨ॥੩॥

ਸੁਨਿ ਕਰਿ ਸੁਧਿ ਦਾਤੂ ਸੁਤ ਆਯੋ। ਝੁਕੇ ਪਰਸਪਰ ਉਰ ਹਰਖਾਯੋ।
'ਕਰਹੁ ਸਿਵਰ ਪ੍ਰਭੁ!' ਬਿਨੈ ਬਖਾਨੀ। 'ਸੇਵੌਂ ਜਥਾਸ਼ਕਤਿ ਹਿਤ ਠਾਨੀ'॥੪॥

ਖਬਰ ਸੁਣ ਕੇ ਦਾਤੂ ਦਾ ਪੁੱਤਰ ਆਇਆ, ਦੋਵੇਂ ਆਪਸ ਵਿਚ ਝੁਕ ਕੇ ਪਰਣਾਮ ਕਰਕੇ ਪ੍ਰਸੰਨ ਹੋਏ। ਫਿਰ ਬੇਨ
ਕੀਤੀ, "ਹੇ ਪ੍ਰਭੂ! ਤੰਬੂ ਲਗਵਾਓ, ਜਥਾ ਸ਼ਕਤੀ ਹਿੱਤ ਧਾਰ ਕੇ ਸੇਵਾ ਕਰਾਂ"॥੪॥

ਸ੍ਰੀ ਹਰਿਗੋਵਿੰਦ ਚੰਦ ਬਖਾਨਾ।'ਚਹੈਂ ਆਜ ਹੀ ਪੰਥ ਪਯਾਨਾ।
ਸਿਰੀ ਗ੍ਰਿੰਥ ਸਾਹਿਬ ਸੁਖਰਾਸ। ਪਾਠ ਕਰਾਵਹਿਂ ਹਿਤ ਗੁਰਦਾਸ'॥ ੫॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਕਿਹਾ, "ਅੱਜ ਹੀ ਜਾਣਾ ਚਾਹੁੰਦੇ ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਸੁਖਾਂ ਦੀ ਰਾਸ ਦਾ ਭਾਈ ਗੁਰਦਾਸ ਜੀ ਨਮਿਤ ਪਾਠ ਕਰਵਾਈਏ" ॥੫॥

ਰਹਜੋ ਨਿਹੋਰਤਿ, ਦੇ ਕਰਿ ਧੀਰ। ਚਢੇ ਪਵੰਗਮ ਸਤਿਗੁਰ ਬੀਰ
ਰਹਜੋ ਅਲਪ ਦਿਨ ਪਹੁੰਚੇ ਆਇ। ਸੰਗ ਸੁਭਟ ਘੋਰੇ ਸਮੁਦਾਇ॥ ੬॥

ਸ੍ਰੀ ਦਾਤੂ ਜੀ ਦਾ ਪੁੱਤਰ ਬੇਨਤੀ ਕਰਦਾ ਰਿਹਾ, ਪਰ ਸਤਿਗੁਰੂ ਸੂਰਬੀਰ ਘੋੜੇ ਤੇ ਚੜ੍ਹ ਗਏ, ਜਦ ਥੋੜ੍ਹਾ ਦਿਨ ਰਹਿੰਦਾ ਸੀ, ਤਾਂ ਅੰਮ੍ਰਿਤਸਰ ਪਹੁੰਚ ਗਏ, ਨਾਲ ਸਾਰੇ ਸੂਰਬੀਰ ਅਤੇ ਘੋੜੇ ਸਨ ॥੬॥

ਤਖਤ ਅਕਾਲ ਨਿਵਾਇ ਸੁ ਮੌਰ। ਚਲਿ ਕਰਿ ਗਏ ਦਰਸ਼ਨੀ ਪੌਰ।
ਨਮੋ ਕਰਤਿ ਅੰਤਰ ਕੋ ਗਏ। ਸ੍ਰੀ ਹਰਿਮੰਦਿਰ ਬੰਦਤਿ ਭਏ॥ ੭॥

ਅਕਾਲ ਤਖ਼ਤ ਤੇ ਜਾ ਕੇ ਸਿਰ ਨਿਵਾਇਆ, ਫਿਰ ਚਲ ਕੇ ਦਰਸ਼ਨੀ ਡਿਉਢੀ ਦੇ ਦਰਵਾਜ਼ੇ ਤੇ ਚਲੇ ਗਏ, ਨਮਸਕਾਰ ਕਰਕੇ ਅੰਦਰ ਨੂੰ ਗਏ ਤੇ ਜਾ ਕੇ ਸ੍ਰੀ ਹਰਿਮੰਦਰ ਸਾਹਿਬ ਨੂੰ ਬੰਦਨਾ ਕੀਤੀ ॥੭॥

ਦਈ ਪ੍ਰਦਛਨਾ ਬਾਹਰ ਆਏ। ਤਖਤ ਅਕਾਲ ਬੈਠਿ ਦਰਸਾਏ।
ਪੁਰਿ ਜਨ ਸੁਧਿ ਸੁਨਿ ਆਨੰਦ ਪਾਯੋ। ਤਤਛਿਨ ਆਏ ਸੀਸ ਨਿਵਾਯੋ॥ ੮॥

ਬਾਹਰ ਆ ਕੇ ਪਰਿਕਰਮਾਂ ਕੀਤੀਆਂ ਤੇ ਸ੍ਰੀ ਅਕਾਲ ਤਖ਼ਤ ਵਿਖੇ ਬੈਠ ਕੇ ਦਰਸ਼ਨ ਦਿੱਤੇ, ਫਿਰ ਨਗਰ ਦੇ ਲੋਕਾਂ ਖ਼ਬਰ ਸੁਣ ਕੇ ਬਹੁਤ ਅਨੰਦ ਪਾਇਆ ਤੇ ਤੁਰਤ ਆ ਕੇ ਸਿਰ ਨਿਵਾਇਆ ॥੮॥

ਧਰਹਿਂ ਅਕੋਰ ਪ੍ਰਸਾਦਿ ਅਗਾਰੀ। ਦਰਸ਼ਨ ਦੇਖਤਿ ਗਨ ਨਰ ਨਾਰੀ।
ਭਈ ਭੀਰ ਹੋਵਤਿ ਬਲਿਹਾਰੀ। ਗੁਰ ਬੂਝੀ ਸਭਿ ਕੁਸ਼ਲ ਉਚਾਰੀ॥ ੯॥

ਅਗੇ ਉਪਹਾਰ ਅਤੇ ਪ੍ਰਸ਼ਾਦਿ ਧਰ ਕੇ, ਬਹੁਤ ਇਸਤਰੀ ਪੁਰਸ਼ ਦਰਸ਼ਨ ਕਰਦੇ ਸਨ, ਬਹੁਤ ਭੀੜ ਹੋ ਗਈ, ਲੋਕ ਬਲਿਹਾਰੀ ਜਾ ਰਹੇ ਸਨ, ਗੁਰੂ ਜੀ ਨੇ ਸਾਰਿਆਂ ਪਾਸੋਂ ਸੁਖ-ਸਾਂਦ ਪੁੱਛੀ ॥੯॥

ਸੌਦਰ ਲਗਿ ਲਾਗਯੋ ਬਡ ਮੇਲਾ। ਹਿਤ ਦਰਸ਼ਨ ਕੇ ਅਧਿਕ ਸਕੇਲਾ।
ਪੁਨ ਸਤਿਗੁਰੂ ਨਿਜ ਮਹਿਲ ਪਯਾਨੇ। ਸਭਿ ਪਰਵਾਰ ਆਨਿ ਸੁਖ ਠਾਨੇ॥੧੦॥

ਸੋਦਰ ਦਾ ਸਮਾਂ ਹੋਣ ਤਕ ਵੱਡਾ ਮੇਲਾ ਲੱਗ ਗਿਆ, ਦਰਸ਼ਨ ਕਰਨ ਵਾਸਤੇ ਬਹੁਤ ਲੋਕ ਇਕੱਠੇ ਹੋਏ ਸਨ, ਫਿਰ ਸਤਿਗੁਰੂ ਜੀ ਆਪਣੇ ਮਹਿਲਾਂ ਵਿਚ ਚਲੇ ਗਏ, ਸਾਰਾ ਪਰਿਵਾਰ ਆ ਕੇ ਸੁੱਖ ਪਾ ਰਿਹਾ ਸੀ ॥੧੦॥

ਸੁਭਟ ਸਕਲ ਬਾਸੇ ਨਿਜ ਥਾਨ। ਸੁਪਤੇ ਕਰਿਕੈ ਖਾਨੁ ਰੁ ਪਾਨ।
ਭਈ ਪ੍ਰਭਾਤਿ ਗੁਰੂ ਚਲਿ ਆਏ। ਸਿਰੀ ਗ੍ਰਿੰਥ ਸਾਹਿਬ ਖੁਲ੍ਹਿਵਾਏ॥ ੧੧॥

ਸਾਰੇ ਸੂਰਬੀਰ ਰਹਿਣ ਵਾਸਤੇ ਆਪਣੇ-ਆਪਣੇ ਥਾਵਾਂ ਤੇ ਚਲੇ ਗਏ, ਖਾ ਪੀ ਕੇ ਸੌਂ ਗਏ। ਸਵੇਰ ਹੋਈ ਤਾਂ ਗੁਰੂ ਜੀ ਚਲ ਕੇ ਆ ਗਏ ਤੇ ਸ੍ਰੀ ਗ੍ਰੰਥ ਸਾਹਿਬ ਨੂੰ ਖੁਲ੍ਹਵਾਇਆ ॥੧੧॥

ਹਿਤ ਗੁਰਦਾਸ ਪਾਠ ਧਰਿਵਾਯੋ। ਬਿਧੀਆ ਪਠਿਬੇ ਹੇਤੁ ਬਿਠਾਯੋ।
ਚੋਦਸ਼ਮੇਂ ਦਿਨ ਪੂਰਨ ਕੀਨਿ। ਪੌਸ਼ਿਸ਼ ਤਖਤ ਅਕਾਲ ਸੁ ਦੀਨਿ॥ ੧੨॥

ਭਾਈ ਗੁਰਦਾਸ ਜੀ ਦੇ ਨਮਿਤ ਪਾਠ ਧਰਵਾਇਆ ਤੇ ਭਾਈ ਬਿਧੀ ਚੰਦ ਨੂੰ ਪਾਠ ਕਰਨ ਵਾਸਤੇ ਬਿਠਾਇਆ। ਚੌਦ੍ਹਵੇਂ ਦਿਨ ਪਾਠ ਪੂਰਾ ਕੀਤਾ ਤੇ ਪੋਸ਼ਾਕੇ ਅਕਾਲ ਤਖਤ ਨੂੰ ਦਿੱਤੇ ਗਏ॥੧੨॥

ਪੰਚਾਂਮ੍ਰਿਤ ਬ੍ਰਤਾਇ ਬਿਸਾਲਾ। ਸਿਮਰਹਿਂ ਸੇਵਕ ਕੋ ਬਹੁ ਕਾਲਾ।
ਕੇਤਿਕ ਦਿਨ ਬੀਤੇ ਕਹਿ ਭਾਨਾ।'ਆਗਜ਼ਾ ਚਹਤਿ ਧਾਮ ਕੋ ਜਾਨਾ' ॥੧੩॥

ਬਹੁਤ ਕੜਾਹ ਪ੍ਰਸ਼ਾਦ ਵਰਤਾਇਆ ਗਿਆ, ਭਾਈ ਗੁਰਦਾਸ ਨੂੰ ਬਹੁਤ ਸਮਾਂ ਯਾਦ ਕਰਦੇ ਰਹੇ। ਜਦ ਕਈ ਦਿਨ ਬੀਤ ਗਏ ਤਾਂ ਬਾਬਾ ਭਾਨਾ ਜੀ ਨੇ ਕਿਹਾ, "ਮੈਂ ਆਗਿਆ ਚਾਹੁੰਦਾ ਹਾਂ ਆਪਣੇ ਘਰ ਨੂੰ ਜਾਣਾ ਹੈ" ॥੧੩॥

ਗੁਰੂ ਕਹਜੋ 'ਜਬਿ ਕਰਹਿਂ ਹਕਾਰਨਿ। ਆਵਹੁ ਤਬਿ ਕਰਿ ਬਿਲਮ ਬਿਸਾਰਨ'।
ਕਰਿ ਪ੍ਰਨਾਮ ਕੋ ਸਦਨ ਸਿਧਾਰਜੋ। ਨਿਸ ਬਾਸੁਰ ਗੁਰੁ ਉਰ ਮਹਿਂ ਧਾਰਜੋ॥੧੪॥

ਗੁਰੂ ਜੀ ਨੇ ਕਿਹਾ, "ਜਦ ਅਸੀਂ ਬੁਲਾਈਏ ਤਦ ਕਿਸੇ ਦੇਰ ਨੂੰ ਵਿਸਾਰ ਕੇ ਤੁਰਤ ਆਵੋ।" ਉਹ ਪ੍ਰਣਾਮ ਕਰਕੇ ਆਪਣੇ ਘਰ ਨੂੰ ਚਲਾ ਗਿਆ, ਰਾਤ ਦਿਨ ਗੁਰੂ ਜੀ ਨੂੰ ਹੀ ਹਿਰਦੇ ਵਿਚ ਧਾਰਦਾ ਸੀ॥੧੪॥

ਪੁਨ ਸਤਿਗੁਰ ਕੇਤਿਕ ਦਿਨ ਪਾਇ। ਸਾਧੂ ਬਾਂਛਤਿ ਸਦਨ ਸਿਧਾਇ।
ਬਸਤ੍ਰ ਬਿਭੂਖਨ ਬਰ ਸਮੁਦਾਇ। ਦੀਏ ਤੁਰੰਗਨ ਜ਼ੀਨ ਪਵਾਇ॥ ੧੫॥

ਫਿਰ ਕੁਝ ਦਿਨ ਪਾਕੇ ਸਤਿਗੁਰੂ ਜੀ ਤੋਂ ਆਗਿਆ ਲੈ ਕੇ ਉਨ੍ਹਾਂ ਦਾ ਦਾਮਾਦ ਭਾਈ ਸਾਧੂ ਵੀ ਆਪਣੇ ਘਰ ਨੂੰ ਚਲਾ ਗਿਆ। ਗੁਰੂ ਜੀ ਨੇ ਉਸਨੂੰ ਸ੍ਰੇਸ਼ਟ ਵਸਤਰ ਅਤੇ ਗਹਿਣੇ ਬਣਾ ਕੇ ਦਿੱਤੇ ਤੇ ਇਕ ਸੁੰਦਰ ਘੋੜਾ ਕਾਠੀ ਪਾ ਕੇ ਦਿੱਤਾ॥੧੫॥

ਬੀਰੋ ਬਡਿਭਾਗਨ ਹੁਇ ਤਯਾਰੀ। ਮਿਲਿ ਦਮੋਦਰੀ ਤਨੁਜਾ ਪਯਾਰੀ।
ਅਪਰ ਬਿਮਾਤਨ ਮਿਲਿ ਦ੍ਰਿਗ ਨੀਰ। ਕਰੇ ਪ੍ਰੇਮ ਸਭਿ ਦੀਨਸਿ ਧੀਰ॥੧੬॥

ਵੀਰੋ ਵਡਭਾਗਣ ਵੀ ਤਿਆਰ ਹੋ ਗਈ, ਮਾਤਾ ਦਮੋਦਰੀ ਆਪਣੀ ਪਿਆਰੀ ਪੁੱਤਰੀ ਨੂੰ ਮਿਲੀ, ਦੂਸਰੀਆਂ ਮਤ੍ਰੇਈਆਂ ਮਤਾਵਾਂ ਨੂੰ ਮਿਲ ਕੇ ਨੈਣਾਂ ਵਿਚੋਂ ਬਹੁਤ ਨੀਰ ਵਹਾਇਆ, ਪ੍ਰੇਮ ਕਰਕੇ ਸਭ ਨੇ ਧੀਰਜ ਦਿੱਤਾ॥੧੬॥

ਪਿਤਾ ਗੁਰੂ ਸਾਹਿਬ ਸੋਂ ਮਿਲੀ। ਰਥ ਅਰੂਢ ਕਰਿ ਮਾਰਗ ਚਲੀ।
ਸਾਧੂ ਤ੍ਰੈ ਸਾਸਨ ਕਰਿ ਨਮੋ। ਗੁਰ ਪਗ ਪਰਸਤਿ ਭਾ ਤਿਹ ਸਮੋ॥ ੧੭॥

ਫਿਰ ਆਪਣੇ ਪਿਤਾ ਜੀ ਗੁਰੂ ਜੀ ਨੂੰ ਮਿਲੀ ਤੇ ਰੱਥ ਉੱਤੇ ਚੜ੍ਹ ਕੇ ਆਪਣੇ ਮਾਰਗ ਚਲ ਪਈ। ਭਾਈ ਸਾਧੂ ਜੀ ਨੇ ਵੀ ਤਿੰਨ ਸੱਸਾਂ ਨੂੰ ਨਮਸਕਾਰ ਕਰਕੇ, ਗੁਰੂ ਜੀ ਦੇ ਚਰਨਾਂ ਤੇ ਉਸ ਸਮੇਂ ਮੱਥਾ ਟੇਕਿਆ॥੧੭॥

ਸਭਿ ਤੇ ਸੁਖਦ ਆਸ਼ਿਖਾ ਪਾਇ। ਬਿਛੁਰਤਿ, ਪ੍ਰੇਮ ਭਯੋ ਅਧਿਕਾਇ।
ਹਯ ਅਰੂਢ ਕਰ ਪੰਥ ਪਧਾਰਾ। ਪਹੁੰਚਜੋ ਮੱਲੇ ਗ੍ਰਾਮ ਮਝਾਰਾ॥ ੧੮॥

ਸਾਰਿਆਂ ਪਾਸੋਂ 'ਸੁਖੀ ਰਹੋ' ਦੀ ਅਸੀਸ ਪ੍ਰਾਪਤ ਕੀਤੀ, ਤੇ ਵਿਛੜਨ ਲਗਿਆਂ ਬਹੁਤ ਪ੍ਰੇਮ ਜਾਗਿਆ। ਘੋੜੇ ਤੇ ਸਵਾਰ ਹੋ ਕੇ ਰਾਹੇ ਪੈ ਗਿਆ ਤੇ ਮੱਲੇ ਪਿੰਡ ਵਿਖੇ ਪਹੁੰਚ ਗਿਆ॥੧੮॥

ਸ੍ਰੀ ਹਰਿਗੋਵਿੰਦ ਜੋਧਾ ਬਲੀ। ਕੀਰਤਿ ਜਗਤ ਬਿਥਾਰਤਿ ਭਲੀ।
ਕਬਿ ਕਬਿ ਚਢਹਿਂ ਅਖੇਰ ਸਿਧਾਵਹਿਂ। ਪੈਂਦਖਾਨ ਸੋਂ ਖੇਲ ਮਚਾਵਹਿਂ॥੧੯॥

ਸ੍ਰੀ ਹਰਿਗੋਬਿੰਦ ਜੀ ਬਲਵਾਨ ਜੋਧੇ ਹਨ, ਉਨ੍ਹਾਂ ਦੀ ਜਗਤ ਵਿਚ ਭਲੀ ਭਾਂਤ ਕੀਰਤੀ ਫੈਲੀ ਹੋਈ ਹੈ, ਕਦੀ-ਕਦੀ ਘੋੜੇ ਤੇ ਚੜ੍ਹ ਕੇ ਸ਼ਿਕਾਰ ਖੇਡਣ ਜਾਂਦੇ ਸਨ ਤੇ ਪੈਂਦੇ ਖਾਨ ਨਾਲ ਖੇਡ ਮਚਾਉਂਦੇ ਸਨ॥੧੯॥

ਆਯੁਧ ਬਿੱਦਜਾ ਸੁਭਟ ਕਰੰਤੇ। ਹੇਰਿ ਹੇਰਿ ਵਧਿ ਕਮਿ ਪਰਖੰਤੇ।
ਕਰਿ ਬਰਕਸ ਦਿਖਰਾਵਹਿ ਪੈਂਦਾ। ਜਿਸ ਮਾਨਿੰਦ ਨ ਪ੍ਰਾਕ੍ਰਮ ਕੈਂਦਾ॥੨੦॥

ਸਾਰੇ ਸੂਰਬੀਰ ਸ਼ਸਤਰ ਵਿਦਿਆ ਦੀ ਮਸ਼ਕ ਕਰਦੇ ਸਨ ਤੇ ਵੇਖ ਵੇਖ ਕੇ ਵਧ-ਘਟ ਨੂੰ ਪਰਖਦੇ ਸਨ। ਪੈਂਦੇ ਖਾਂ ਵਰਜਸ਼ ਕਰਕੇ ਵਖਾਉਂਦਾ ਸੀ, ਜਿਸ ਵਰਗਾ ਹੋਰ ਕਿਸੇ ਦਾ ਕਾਰਜ ਨਹੀਂ ਸੀ॥੨੦॥

ਡੀਲ ਦਰਾਜ਼ ਮਹਾ ਭੁਜਦੰਡੇ। ਮਹਿਖਨ ਕੋ ਲਰਵਾਹਿਂ ਪ੍ਰਚੰਡੇ।
ਪੈਂਦਾ ਬੀਚ ਖਰੋ ਹੁਇ ਜਾਇ। ਗਹਿ ਬਖਾਨ ਦੋਨਹੁ ਅਟਕਾਇ॥ ੨੧॥

ਉਸ ਦਾ ਡੀਲ ਡੌਲ ਬਹੁਤ ਵੱਡਾ ਸੀ ਤੇ ਵੱਡੀਆਂ-ਵੱਡੀਆਂ ਉਸਦੀਆਂ ਬਾਹਾਂ ਸਨ ਤੇ ਪ੍ਰਚੰਡ ਝੋਟਿਆ ਨੂੰ ਲੜਾਉਂਦਾ ਸੀ। ਪੈਂਦਾ ਉਨ੍ਹਾਂ ਝੋਟਿਆਂ ਦੇ ਵਿਚਕਾਰ ਖਲੋ ਜਾਂਦਾ ਸੀ ਤੇ ਫੜ ਕੇ ਦੋਵਾਂ ਨੂੰ ਲੜਨ ਤੋਂ ਰੋਕ ਦਿੰਦਾ ਸੀ॥੨੧॥

ਬਡੀ ਸਿਪਰ ਦੇਸ਼ਨਿ ਤੇ ਆਇ। ਸਭਾ ਬਿਖੈ ਗਹਿ ਚੀਰ ਦਿਖਾਇ।
ਸ੍ਰੀ ਫਲ ਭੁਜਦੰਡਨ ਤੇ ਭੰਨਿ। ਸ੍ਰੀ ਸਤਿਗੁਰ ਕੋ ਕਰਹਿ ਪ੍ਰਸੰਨ॥ ੨੨॥

ਵੱਡੀਆਂ ਢਾਲਾਂ ਦੂਸਰੇ ਦੇਸ਼ਾਂ ਤੋਂ ਆਉਂਦੀਆਂ ਸਨ, ਸਭਾ ਵਿਚ ਉਨ੍ਹਾਂ ਨੂੰ ਫੜ ਕੇ ਚੀਰ ਕੇ ਵਿਖਾ ਦਿੰਦਾ ਸੀ, ਨਾਰੀਅਲ ਨੂੰ ਆਪਣੀਆਂ ਬਾਹਾਂ ਨਾਲ ਨੱਪ ਕੇ ਹੀ ਭੰਨ ਦਿੰਦਾ ਸੀ ਤੇ ਇਸ ਤਰ੍ਹਾਂ ਸਤਿਗੁਰੂ ਜੀ ਨੂੰ ਪ੍ਰਸੰਨ ਕਰਦਾ ਸੀ॥੨੨॥

ਤੁਰੰਗ ਬਲੀ ਅਸਵਾਰ ਦੁੜਾਵਤਿ। ਹਾਥ ਪਾਇ ਬਲ ਤੇ ਅਟਕਾਵਤਿ।
ਨਰ ਕੋ ਭਾਰ ਮੁੰਗਰੋ ਭਾਰੀ। ਦੋ ਗਹਿ ਦੋਨੋ ਹਾਥ ਮਝਾਰੀ॥ ੨੩॥

ਬਲਵਾਨ ਘੋੜੇ ਨੂੰ ਜਦ ਕੋਈ ਅਸਵਾਰ ਭਜਾਉਂਦਾ ਸੀ ਤੇ ਪੈਂਦੇ ਖਾਂ, ਹੱਥ ਪਾ ਕੇ ਬਲ ਦੇ ਨਾਲ ਉਸ ਨੂੰ ਰੋਕ ਲੈਂਦਾ ਸੀ। ਮਨੁੱਖ ਦੇ ਭਾਰ ਜਿੰਨੀਆਂ ਭਾਰੀ ਦੋ ਮੁੰਗਲੀਆਂ, ਦੋਵਾਂ ਹੱਥਾਂ ਵਿਚ ਫੜ ਕੇ॥੨੩॥

ਦੋਇ ਮੱਲ ਬਹਾਨ ਲਟਕਾਵੈ। ਚਿਰੰਕਾਲ ਲਗਿ ਖਰੋ ਭ੍ਰਮਾਵੈ।
ਗੁਰੂ ਕਮਾਨ ਬਿਨਾ ਜੇ ਔਰ। ਗਹਿ ਦੁਇ ਤੀਨ ਐਂਚ ਦੇ ਤੋਰਿ॥ ੨੪॥

ਦੋ ਪਹਿਲਵਾਨਾਂ ਨੂੰ ਬਾਹਾਂ ਨਾਲ ਲਮਕਾ ਕੇ ਬੜੀ ਦੇਰ ਤਕ ਖੜਾ ਹੋ ਕੇ ਭੰਵਾਉਂਦਾ ਸੀ। ਗੁਰੂ ਦੇ ਧਨੁੱਖ ਤੋਂ ਬਗੈਰ ਜਿਹੜੇ ਹੋਰ ਤੀਰ ਕਮਾਨ ਸਨ ਉਨ੍ਹਾਂ ਨੂੰ ਖਿੱਚ ਕੇ ਤੋੜ ਦਿੰਦਾ ਸੀ॥੨੪॥

ਇੱਤਜਾਦਿਕ ਬਲ ਅਧਿਕ ਦਿਖਾਵਨਿ। ਬਰਕਸ ਕਰਤਿ ਰਹਤਿ ਹਰਖਾਵਨ।
ਇਕ ਦਿਨ ਚਢੇ ਅਖੇਰ ਸਿਧਾਰੇ। ਗਏ ਦੂਰ ਨਹਿਂ ਹਟੇ ਪਿਛਾਰੇ॥ ੨੫॥

ਇਤਿਆਦਿ ਬਹੁਤ ਸ਼ਕਤੀ ਵਖਾਉਂਦਾ ਸੀ, ਵਰਜਿਸ਼ ਕਰਕੇ ਲੋਕਾਂ ਨੂੰ ਪ੍ਰਸੰਨ ਕਰਦਾ ਰਹਿੰਦਾ ਸੀ। ਇਕ ਦਿਨ ਗੁਰੂ ਜੀ ਸ਼ਿਕਾਰ ਖੇਡਣ ਗਏ, ਬਹੁਤ ਦੂਰ ਨਿਕਲ ਗਏ ਪਿੱਛੇ ਨਾ ਮੁੜੇ॥੨੫॥

ਜੱਲ੍ਹਨ ਸਾਧ ਹੁਤੋ ਜਿਸ ਥਾਨ। ਤਹਿਂ ਲਗਿ ਪਹੁੰਚੇ ਗੁਰ ਭਗਵਾਨ।
ਦੇਖਿ ਦੂਰਿ ਤੇ ਬੰਦਿ ਅਗਾਰੀ। ਸਿਵਰ ਕਰਾ, ਇਵ ਬਿਨੈ ਉਚਾਰੀ॥ ੨੬॥

ਜਿੱਥੇ ਜੱਲ੍ਹਣ ਸਾਧ ਰਹਿੰਦਾ ਸੀ, ਗੁਰੂ ਮਹਾਰਾਜ ਉਥੋਂ ਤਕ ਪਹੁੰਚ ਗਏ। ਜਲ੍ਹਣ ਨੇ ਦੂਰ ਤੋਂ ਹੀ ਵੇਖ ਕੇ ਹੱਥ ਜੋੜ ਕੇ ਨਮਸਕਾਰ ਕੀਤੀ, ਤੰਬੂ ਤਾਣ ਕੇ ਇਸ ਤਰ੍ਹਾਂ ਬੇਨਤੀ ਕੀਤੀ॥੨੬॥

'ਕਰਹੁ ਸਨਾਥ ਕ੍ਰਿਪਾ ਨਿਜ ਧਾਰਿ। ਨਿਸਾ ਬਸਹੁ ਦਿਹੁ ਦਰਸ ਉਦਾਰ'।
ਉਤਰੇ ਹਯ ਪਰਯੰਕ ਬਿਠਾਏ। ਸਰਬ ਸੇਵ ਠਾਨੀ ਸੁਖ ਪਾਏ॥ ੨੭॥

ਆਪਣੀ ਕਿਰਪਾ ਧਾਰ ਕੇ ਨਿਹਾਲ ਕਰੋ, ਇਕ ਰਾਤ ਮੇਰੇ ਪਾਸ ਰਹਿ ਕੇ ਦਰਸ਼ਨ ਦੇਵੋ। ਗੁਰੂ ਜੀ ਜਦ ਘੋੜੇ ਤੋਂ ਉਤਰੇ ਤਾਂ ਪਲੰਘ ਤੇ ਬਿਠਾਏ ਤੇ ਸੁਖ ਪਾ ਕੇ ਹਰ ਪ੍ਰਕਾਰ ਦੀ ਸੇਵਾ ਕੀਤੀ॥੨੭॥

ਨਾਮ ਰਾਮਕੀ ਤਿਸ ਕੀ ਦਾਰਾ। ਹਰਖਤਿ ਉਰ ਪਿਖਿ ਬਾਕ ਉਚਾਰਾ।
'ਪੂਰਬ ਕੇ ਬਡਭਾਗ ਹਮਾਰੇ। ਪ੍ਰਭੁ ਦਰਸ਼ਨ ਕਰਿ ਸਦਨ ਮਝਾਰੇ' ॥ ੨੮ ॥

ਜੱਲ੍ਹਣ ਦੀ ਪਤਨੀ ਦਾ ਨਾਂ ਰਾਮਕੀ ਸੀ, ਦਰਸ਼ਨ ਕਰਕੇ ਹਿਰਦੇ ਵਿਚ ਪ੍ਰਸੰਨ ਹੋ ਕੇ ਉਸ ਕਿਹਾ, 'ਸਾਡੇ ਪਿਛਲੇ ਜਨਮ ਦੇ ਵੱਡੇ ਭਾਗ ਹਨ ਕਿ ਪ੍ਰਭੂ ਜੀ ਦੇ ਦਰਸ਼ਨ ਆਪਣੇ ਘਰ ਵਿਚ ਹੀ ਕਰ ਲਏ ਹਨ' ॥੨੮॥

ਸੁਨਿ ਅਨੰਦ ਕੇ ਰਿਦੇ ਪ੍ਰਕਾਸ਼। ਬੈਠੇ ਬੰਦਨ ਕਰਿ ਜਬਿ ਪਾਸ।
ਸ੍ਰੀ ਗੁਰ ਹਰਿਗੋਬਿੰਦ ਬਖਾਨਾ। 'ਕਹੁ ਜੱਲ੍ਹਨ ! ਤੂੰ ਸਾਧ ਮਹਾਨਾ॥ ੨੯॥

ਸੁਣ ਕੇ ਹਿਰਦੇ ਵਿਚ ਅਨੰਦ ਦਾ ਪ੍ਰਕਾਸ਼ ਹੋਇਆ, ਜਦ ਬੰਦਨਾ ਕਰਕੇ ਗੁਰੂ ਜੀ ਪਾਸ ਬੈਠੇ ਤੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਕਿਹਾ, "ਹੇ ਜੱਲ੍ਹਣ! ਕਹੋ, ਤੂੰ ਮਹਾਨ ਸਾਧ ਹੈਂ॥੨੯॥

ਤੁਰਕ ਪਰੇ ਕਜੋਂ ਖਜਾਲ ਹਮਾਰੇ?। ਪਠਹਿਂ ਚਮੂੰ ਬਹੁ ਬਿਨਾਂ ਬਿਚਾਰੇ।
ਕਰਹਿਂ ਜੁੱਧ ਮਾਰਨ ਅਰੁ ਮਰਨੈ। ਨਰਨ ਹਜ਼ਾਰਨਿ ਕੋ ਹੁਇ ਹਰਨੈ' ॥ ੩੦ ॥

ਤੁਰਕ ਸਾਡੇ ਪਿੱਛੇ ਕਿਉਂ ਪਏ ਹਨ ? ਬਿਨਾਂ ਸੋਚੇ ਸਮਝੇ ਹੀ ਬਹੁਤ ਫੌਜ ਭੇਜ ਦਿੰਦੇ ਹਨ ਤੇ ਮਰਨ ਮਾਰਨ ਲਈ ਯੁੱਧ ਕਰਦੇ ਹਨ ਤੇ ਹਜ਼ਾਰਾਂ ਮਨੁੱਖਾਂ ਦਾ ਨਾਸ਼ ਹੁੰਦਾ ਹੈ" ॥੩੦॥

ਸੁਨਿ ਜੱਲ੍ਹਨ ਕਰ ਜੋਰਿ ਉਚਾਰਾ। 'ਸ੍ਰੀ ਗੁਰ ! ਤੁਮ ਸਮਰਥ ਉਦਾਰਾ।
ਮੁਗਲ ਸਦਨ ਮਹਿਂ ਸਰਮਾ ਮਾਯਾ। ਨਿਸ ਬਾਸੁਰ ਬਾਸਹਿ ਮਨ ਭਾਯਾ ॥ ੩੧ ॥

ਇਹ ਸੁਣ ਕੇ ਜਲ੍ਹਣ ਨੇ ਹੱਥ ਜੋੜ ਕੇ ਕਿਹਾ, "ਹੇ ਸ੍ਰੀ ਗੁਰੂ ਮਹਾਰਾਜ ! ਤੁਸੀਂ ਵੱਡੇ ਸਮਰੱਥ ਹੋ, ਮੁਗਲਾਂ ਦੇ ਘਰ ਵਿਚ ਮਾਇਆ ਰੂਪੀ ਕੁੱਤੀ ਨੂੰ ਰਾਤ ਦਿਨ ਭੌਂਕਣਾ ਚੰਗਾ ਲੱਗਾ ਹੈ॥੩੧॥

ਸੋ ਰਾਵਰ ਨੇ ਗਹਿ ਕਰ ਲੀਨਿ। ਪਾਵੇ ਸਾਥ ਬੰਧਿਬੋ ਕੀਨਿ।
ਜਿਸ ਨੇ ਅਖਿਲ ਜਗਤ ਕੋ ਕਾਟਾ। ਸੋ ਭੌਂਕਤਿ ਹੈ ਸਭਿਨਿ ਉਚਾਟਾ॥ ੩੨ ॥

ਉਸ ਨੂੰ ਤੁਸੀਂ ਹੱਥ ਨਾਲ ਫੜ ਲਿਆ ਹੈ ਤੇ ਮੰਜੀ ਦੇ ਪਾਵੇ ਨਾਲ ਬੰਨ੍ਹ ਲਿਆ ਹੈ। ਜਿਸ ਨੇ ਸਾਰੇ ਜਗਤ ਨੂੰ ਕਟਿਆ ਹੈ ਜਦ ਉਹ ਭੌਂਕਦੀ ਹੈ ਤਾਂ ਸਾਰੇ ਤੁਰਕਾਂ ਨੂੰ ਉਚਾਟ ਕਰ ਦਿੰਦੀ ਹੈ॥੩੨॥

ਕੂਕਰ ਮੁਗਲ ਕੋਪ ਕਰਿ ਦੌਰਤਿ। 'ਕਹਾਂ ਭਯੋ?' ਲਖਿ ਮਤਿ ਤੇ ਬੌਰਤਿ।
ਮਾਰਤਿ ਮਰਤਿ ਖੇਦ ਕੋ ਪਾਇ। ਭੌਂਕਤਿ ਖੁਨਸਤਿ ਹਟਯੋ ਨ ਜਾਇ॥ ੩੩ ॥

ਕੂਕਰ ਮੁਗਲ ਗੁੱਸਾ ਕਰਕੇ ਭੱਜਦੇ ਹਨ ਕਹਿੰਦੇ ਹਨ, "ਹੈਂ ਇਹ ਕੀ ਹੋ ਗਿਆ ਹੈ" ਇਹ ਵੇਖ ਕੇ ਬੁੱਧੀ ਤੋਂ ਪਾਗਲ ਹੋ ਜਾਂਦੇ ਹਨ। ਮਾਰਦੇ ਮਰਦੇ ਦੁਖ ਪਾਉਂਦੇ ਹਨ, ਭੌਂਕਦਿਆ ਖਾਰ ਖਾਂਦਿਆਂ ਹਟਿਆ ਨਹੀਂ ਜਾਂਦਾ॥੩੩॥

ਨਿਜ ਪ੍ਰਯੰਕ ਪਾਵੇ ਤੇ ਤਜਾਰਹੁ। ਨਹਿਂ ਬੰਧਹੁ ਇਸ ਨਿਕਟਿ ਵਿਰਾਰਹੁ।
ਬਹੁਰ ਮੁਗ਼ਲ ਸਗਲੇ ਹਟਿ ਜੈਹੈਂ। ਖਜਾਲ ਨ ਪਰਹਿਂ ਸਮੀਪ ਨ ਐਹੈਂ' ॥ ੩੪ ॥

ਆਪਣੇ ਮੰਜੇ ਦੇ ਪਾਵੇ ਤੋਂ ਇਸ ਨੂੰ ਤਿਆਗ ਦੇਵੋ, ਇਸ ਨੂੰ ਬੰਨ੍ਹੋ ਨਾ ਇਸ ਮਾਇਆ ਦਾ ਤਿਆਗ ਕਰੋ। ਫਿਰ ਸਾਰੇ ਮੁਗ਼ਲ ਹਟ ਜਾਣਗੇ, ਚੇਤਾ ਨਹੀਂ ਆਵੇਗਾ, ਨੇੜੇ ਨਹੀਂ ਆਉਣਗੇ" ॥੩੪॥

ਬਿਕਸੇ ਸੁਨਿ ਸ੍ਰੀ ਹਰਿਗੋਵਿੰਦ। ਮੰਦ ਮੰਦ ਮੁਖ ਜਨੁ ਅਰਬਿੰਦ।
'ਬੰਧੀ ਗਈ ਸੁ ਬੰਧੀ ਰਹੀ। ਛੁਟਹਿ ਨ ਕਿਮ ਜੇ ਛੂਟਨ ਚਹੀ॥ ੩੫॥

ਸ੍ਰੀ ਗੁਰੂ ਹਰਿਗੋਬਿੰਦ ਜੀ ਸੁਣ ਕੇ ਹੌਲੀ-ਹੌਲੀ ਕੰਵਲ ਦੇ ਫੁਲ ਵਾਂਗ ਮੁਸਕਰਾਏ ਤੇ ਬਚਨ ਕੀਤੇ, "ਬੰਨ੍ਹੀ ਗਈ, ਸੋ ਬੰਨ੍ਹੀ ਰਹੀ, ਕਿਸੇ ਤਰ੍ਹਾਂ ਵੀ ਛੁਟਕਾਰਾ ਨਹੀਂ ਹੋਵੇਗਾ ਭਾਵੇਂ ਛੁਟਕਾਰਾ ਪਾਉਣਾ ਵੀ ਚਾਹੇ॥੩੫॥

ਭੋਰਾ ਭਗਤਿ ਅਹੈਂ ਤੂੰ ਸੰਤ। ਸਿਮਰਿ ਏਕ ਚਿਤ ਸ੍ਰੀ ਭਗਵੰਤ'।
ਸੁਨਿ ਜੱਲ੍ਹਨ ਪਦ ਪੰਕਜ ਨਮੋ। ਸੇਵਾ ਸਰਬ ਕਰੀ ਤਿਹ ਸਮੇ॥ ੩੬॥

ਭੋਲਾ ਭਗਤ ਤੂੰ ਇਕ ਸੰਤ ਹੈਂ ਤੇ ਸ੍ਰੀ ਭਗਵੰਤ ਪ੍ਰਭੂ ਦਾ ਇਕ ਚਿੱਤ ਹੋ ਕੇ ਸਿਮਰਨ ਕਰਦਾ ਹੈਂ।" ਇਹ ਸੁਣ ਕੇ ਜੱਲ੍ਹਣ ਨੇ ਚਰਨ ਕੰਵਲਾਂ ਤੇ ਬੰਦਨਾ ਕੀਤੀ ਤੇ ਉਸ ਸਮੇਂ ਹਰ ਪ੍ਰਕਾਰ ਦੀ ਸੇਵਾ ਕੀਤੀ॥੩੬॥

ਭਗਤਿ ਗਜਾਨ ਕੀ ਚਰਚਾ ਚਾਰੂ। ਕਰੀ ਮੁਦਿਤ ਚਿਤ ਜਾਨਿਤ ਸਾਰੂ।
ਜਿਸ ਜਿਸ ਬਿਧਿ ਸੋਂ ਬੂਝਤਿ ਰਹਜੋ। ਦਯਾਸਿੰਧੁ ਤਿਮ ਉੱਤਰ ਕਹਜੋ॥ ੩੭॥

ਭਗਤੀ ਗਿਆਨ ਦੀ ਸੁੰਦਰ ਚਰਚਾ ਹੋਈ ਤੇ ਚਿਤ ਵਿਚ ਸਾਰ ਜਾਣ ਕੇ ਬੜਾ ਪ੍ਰਸੰਨ ਹੋਇਆ। ਜਿਸ-ਜਿਸ ਵਿਧੀ ਅਨੁਸਾਰ ਪੁਛਦਾ ਰਿਹਾ, ਦਇਆ ਦੇ ਸਾਗਰ ਭਾਵ ਗੁਰੂ ਜੀ ਉਸ ਤਰ੍ਹਾਂ ਹੀ ਉੱਤਰ ਕਹਿੰਦੇ ਰਹੇ॥੩੭॥

ਏਕ ਨਿਸਾ ਬਸਿ ਕਰਿ ਗੋਸਾਈਂ। ਸੁਪਤਿ ਜਥਾ ਸੁਖ ਸਕਲ ਬਿਤਾਈ।
ਸੋਚ ਸ਼ਨਾਨ ਠਾਨਿ ਪ੍ਰਸਥਾਨੇ। ਕਰੀ ਅਖੇਰ ਬ੍ਰਿੱਤ ਉਦਜਾਨੇ॥ ੩੮॥

ਗੁਰੂ ਜੀ ਇਕ ਰਾਤ ਉਥੇ ਠਹਿਰੇ, ਤੇ ਸੌਂ ਕੇ ਸਾਰੀ ਰਾਤ ਸੁੱਖ ਨਾਲ ਬਤੀਤ ਕੀਤੀ। ਫਿਰ ਸੋਚ ਇਸ਼ਨਾਨ ਕਰਕੇ ਚਲੇ ਗਏ ਤੇ ਜੰਗਲ ਵਿਚ ਸ਼ਿਕਾਰ ਖੇਡਣ ਚਲੇ ਗਏ॥੩੮॥

ਆਨਿ ਸੁਧਾਸਰ ਬਹੁਰ ਬਿਰਾਜੇ। ਜੋ ਗੁਰ ਰਖਹਿਂ ਦਾਸ ਕੀ ਲਾਜੇ।
ਤਖਤ ਅਕਾਲ ਦੋਨਹੂ ਕਾਲ। ਦਰਸ਼ਨ ਦੇ ਸਿਖ ਕਰਤਿ ਨਿਹਾਲ॥ ੩੯॥

ਫਿਰ ਅੰਮ੍ਰਿਤਸਰ ਵਿਚ ਆ ਬਿਰਾਜੇ, ਸ੍ਰੀ ਗੁਰੂ ਜੀ ਆਪਣੇ ਸੇਵਕਾਂ ਦੀ ਲਾਜ ਰਖਦੇ ਹਨ। ਦੋਵੇਂ ਵੇਲੇ ਅਕਾਲ ਤਖਤ ਵਿਚ ਸਿੱਖਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰਦੇ ਹਨ॥੩੯॥

ਸੰਗਤਿ ਨਈ ਆਨਿ ਸਿਖ ਹੋਵਤਿ। ਅਘ ਓਘਨ ਹਤਿ ਦਰਸ਼ਨ ਜੋਵਤਿ।
ਲਾਖਹੁਂ ਦਰਬ ਚਲਜੋ ਨਿਤ ਆਵਤਿ। ਤਿਮ ਹੀ ਖਰਚ ਹੋਤਿ ਸਭਿ ਜਾਵਤਿ॥੪੦॥

ਨਵੀਂ ਸੰਗਤ ਆ ਕੇ ਸਿੱਖ ਬਣਦੀ ਹੈ, ਦਰਸ਼ਨ ਕਰਨ ਨਾਲ ਪਾਪ ਤੇ ਦੁੱਖ ਦੂਰ ਹੋ ਜਾਂਦੇ ਹਨ। ਲੱਖਾਂ ਦਾ ਧਨ ਨਿਤ ਤੁਰਿਆ ਆਉਂਦਾ ਹੈ, ਉਸ ਤਰ੍ਹਾਂ ਹੀ ਸਾਰਾ ਖਰਚ ਹੁੰਦਾ ਜਾਂਦਾ ਹੈ॥੪੦॥

ਜੋਧਾ ਕਰੇ ਸਕੇਲਨ ਘਨੇ। ਬਸਤ੍ਰ ਸ਼ਸਤ੍ਰ ਭੂਖਨ ਸੋਂ ਬਨੇ।
ਤੁਰੰਗਨ ਕੀ ਖਰੀਦ ਬਹੁ ਕਰੈਂ। ਚਪਲ ਚਲਾਕ ਮਹਾ ਬਲ ਧਰੈਂ॥ ੪੧॥

ਬਹੁਤ ਜੋਧੇ ਇਕੱਠੇ ਕਰ ਲਏ ਹਨ, ਵਸਤਰ, ਸ਼ਸਤਰ ਅਤੇ ਗਹਿਣੇ ਦੇ ਕੇ ਉਨ੍ਹਾਂ ਨੂੰ ਸ੍ਰੇਸ਼ਟ ਬਣਾ ਦਿੱਤਾ ਹੈ। ਬਹੁਤ ਘੋੜੇ ਖਰੀਦਦੇ ਹਨ ਜਿਹੜੇ ਚੰਚਲ ਚਾਲਾਕ ਅਤੇ ਮਹਾਨ ਸ਼ਕਤੀਸ਼ਾਲੀ ਹੁੰਦੇ ਹਨ॥੪੧॥

ਕਰਹਿਂ ਸੁਭਟ ਗਨ ਕੇ ਅਸਵਾਰ। ਸ਼ਸਤ੍ਰ ਖਰੀਦਹਿਂ ਅਨਿਕ ਪ੍ਰਕਾਰ।
ਦੇਸ਼ ਬਿਦੇਸ਼ਨ ਤੇ ਸਿਖ ਲਜਾਵੈਂ। ਖੁਸ਼ੀ ਲੇਹਿਂ ਗੁਰ ਅੱਗ੍ਰ ਚਢਾਵੈਂ॥ ੪੨॥

ਬਹੁਤ ਸੂਰਮੇ ਘੋੜਿਆਂ ਦੀ ਸਵਾਰੀ ਕਰਦੇ ਹਨ ਤੇ ਅਨੇਕ ਪ੍ਰਕਾਰ ਦੇ ਸ਼ਸਤਰ ਖਰੀਦਦੇ ਹਨ। ਦੇਸ਼ਾਂ ਵਿਦੇਸ਼ਾਂ ਵਿਚੋਂ ਵੀ ਹਥਿਆਰ ਤੇ ਘੋੜੇ ਆਉਂਦੇ ਹਨ. ਉਹ ਸਿੱਖ ਗੁਰੂ ਜੀ ਦੀਆਂ ਖੁਸ਼ੀਆਂ ਲੈ ਕੇ ਅਰਪਣ ਕਰਦੇ ਹਨ॥੪੨॥

ਭਗਤਿ ਗਜਾਨ ਕੈ ਜੰਗ ਪ੍ਰਸੰਗ। ਕਰਹਿਂ ਸੁਨਹਿਂ ਬਹੁ ਬਿਧਿ ਮਿਲਿ ਸੰਗ।
ਸਦਾ ਰਬਾਬੀ ਕਿਰਤਨ ਕਰੈਂ। ਸੁਨੈਂ ਪ੍ਰੇਮ ਤੇ ਸਿਖ ਜਗ ਤਰੈਂ॥ ੪੩॥

ਭਗਤੀ ਗਿਆਨ ਜਾਂ ਜੰਗ ਦੇ ਪ੍ਰਸੰਗ ਸਿੱਖ ਮਿਲ ਕੇ ਬਹੁਤ ਪ੍ਰਕਾਰ ਕਰਦੇ ਅਤੇ ਸੁਣਦੇ ਹਨ। ਰਬਾਬੀ ਸਦਾ ਕੀਰਤਨ ਕਰਦੇ ਹਨ, ਸਿੱਖ ਪ੍ਰੇਮ ਨਾਲ ਸੁਣ ਕੇ ਭਵਸਾਗਰ ਨੂੰ ਪਾਰ ਕਰ ਜਾਂਦੇ ਹਨ॥੪੩॥

*ਸਤਵੀਂ ਰਾਸ ਦਾ ਪੰਦਰ੍ਹਵਾਂ ਅਧਿਆਇ ਸਮਾਪਤ ਹੋਇਆ॥੧੫॥*

## *ਅਧਿਆਇ ਸੋਲ੍ਹਵਾਂ*

### *ਸ੍ਰੀ ਹਰਿਰਾਇ ਜਨਮ, ਮਾਲਵੇ ਵਲ ਜਾਣਾ*

ਦੋਹਰਾ-ਸ੍ਰੀ ਗੁਰਦਿੱਤਾ ਸੁਖ ਬਸੇ ਰਚਿ ਕੀਰਤਿ ਪੁਰਿ ਚਾਰੁ।
ਕਰੇ ਸਕੇਲਨ ਲੋਕ ਤਹਿਂ ਬਸੇ ਮੋਦ ਕੋ ਧਾਰਿ॥ ੧॥

ਸ੍ਰੀ ਗੁਰਦਿੱਤਾ ਜੀ ਸੁਖੀ-ਸੁਖੀ ਵੱਸ ਰਹੇ ਸਨ ਤੇ ਸੁੰਦਰ ਕੀਰਤਪੁਰ ਦੀ ਰਚਨਾ ਕਰ ਰਹੇ ਸਨ। ਉਥੇ ਬਹੁਤ ਲੋਕ ਇਕੱਠੇ ਕੀਤੇ ਜਿਹੜੇ-ਜਿਹੜੇ ਬੜੇ ਪ੍ਰਸੰਨ ਹੋ ਕੇ ਰਹਿ ਰਹੇ ਸਨ॥੧॥

ਚੌਪਈ- ਕੇਤਿਕ ਮਾਸ ਬਸਤਿ ਦਿਨ ਟਾਰੇ। ਨਾਨਾ ਬਿਧਿ ਕੇ ਕਰਤਿ ਸ਼ਿਕਾਰੇ।
ਸੇਵਹਿਂ ਦਾਸ ਸੰਗ ਸਮੁਦਾਏ। ਦਰਬ ਆਦਿ ਮਨੁ ਕਾਮਨ ਪਾਏ॥ ੨॥

ਕਈ ਮਹੀਨੇ ਰਹਿ ਕੇ ਦਿਨ ਬਤੀਤ ਕੀਤੇ, ਕਈ ਪ੍ਰਕਾਰ ਦੇ ਉਨ੍ਹਾਂ ਸ਼ਿਕਾਰ ਖੇਡੇ, ਬਹੁਤ ਸਿੱਖ ਸੇਵਕ ਸੇਵਾ ਕਰ ਰਹੇ ਸਨ ਤੇ ਧਨ ਆਦਿ ਮਨ-ਭਾਉਂਦਾ ਪਾਉਂਦੇ ਸਨ॥੨॥

ਮ੍ਰਿਦੁਲ ਬਾਕ ਤੇ ਨਰ ਸਨਮਾਨਹਿਂ। ਸੁਖ ਦੇ ਨਗਰ ਬਸਾਵਨ ਠਾਨਹਿਂ।
ਨੱਤੀ ਗਰਭ ਪ੍ਰਥਮ ਸਮ ਧਰਜੋ। ਵਧਜੋ ਚੰਦ ਸਮ ਭਾਗਨਿ ਭਰਜੋ॥ ੩॥

ਮਿੱਠੇ ਬਚਨ ਬੋਲ ਕੇ ਮਨੁੱਖਾਂ ਦਾ ਸਨਮਾਨ ਕਰਦੇ ਸਨ, ਸੁਖ ਦੇ ਕੇ ਨਗਰ ਨੂੰ ਵਸਾ ਰਹੇ ਸਨ। ਸੁਪਤਨੀ ਨੇ ਪਹਿਲਾਂ ਵਾਂਗ ਹੀ ਫਿਰ ਗਰਭ ਧਾਰਨ ਕੀਤਾ ਜਿਹੜਾ ਭਾਗਾਂ ਭਰਿਆ ਚੰਦ ਵਾਂਗ ਵਧ ਰਿਹਾ ਸੀ॥੩॥

ਸਮੈਂ ਪ੍ਰਸੂਤ ਹੋਨਿ ਕੋ ਆਯੋ। ਸੁੰਦਰ ਸਮਾ ਸੁਖਦ ਦਰਸਾਯੋ।
ਮਕਰ ਰਾਸ ਮਹਿਂ ਸੂਰਜ ਬਾਸਾ। ਤ੍ਰੈਦਸ ਬਾਸੁਰ ਬੀਤੇ ਮਾਸਾ॥ ੪॥

ਜਦ ਪ੍ਰਸੂਤ ਦਾ ਸਮਾਂ ਆਇਆ ਤਾਂ ਸੁੰਦਰ ਸੁਖਦਾਇਕ ਸਮਾਂ ਦ੍ਰਿਸ਼ਟੀਮਾਨ ਹੋਇਆ। ਮਕਰ ਰਾਸ਼ੀ ਵਿਚ ਸੂਰਜ ਦਾ ਵਾਸਾ ਹੋਇਆ ਤੇ ਮਹੀਨਾ ਤੇਰਾਂ ਦਿਨ ਬੀਤਿਆ॥੪॥

ਪੁਰਿ ਜਨ ਅਨੰਦ ਅਚਾਨਕ ਹੋਵਾ। ਮਾਨਵ ਸਭਿ ਦਿਸ਼ਿ ਮਹਿਂ ਸੁਖ ਜੋਵਾ।
ਸਵਾ ਜਾਮ ਜਬਿ ਰਹੀ ਤ੍ਰਿਜਾਮਾ। ਜਨਮਜੋ ਪੁੱਤ੍ਰ ਬਦਨ ਅਭਿਰਾਮਾ॥੫॥

ਅਚਾਨਕ ਨਗਰ ਵਿਚ ਅਨੰਦ ਛਾ ਗਿਆ, ਮਨੁੱਖਾਂ ਨੇ ਸਭ ਪਾਸੇ ਸੁਖ ਵੇਖਿਆ। ਜਦ ਰਾਤ ਸਵਾ ਪਹਿਰ ਰਹਿ ਗਈ ਤਾਂ ਸੁੰਦਰ ਮੁਖੜੇ ਵਾਲੇ ਪੁੱਤਰ ਨੇ ਜਨਮ ਲਿਆ॥੫॥

ਦੇਵਨ ਆਨਿ ਅਰਚਨਾ ਕਰੀ। ਬਾਰ ਬਾਰ ਕੁਸਮਾਂਜੁਲ ਝਰੀ।
ਔਚਕ ਸੰਖ ਸ਼ਬਦ ਕੋ ਸੁਨਜੋ। ਜੈ ਜੈ ਸ਼ਬਦ ਮਿਲੇ ਸਭਿ ਭਨਜੋ॥ ੬॥

ਦੇਵਤਿਆਂ ਨੇ ਆ ਕੇ ਬੇਨਤੀ ਕੀਤੀ ਤੇ ਬਾਰ-ਬਾਰ ਫੁੱਲਾਂ ਦੀ ਵਰਖਾ ਕੀਤੀ। ਅਚਾਨਕ ਸੰਖ ਵਜਣ ਦੀ ਆਵਾਜ਼ ਨੂੰ ਸੁਣਿਆ, ਸਾਰਿਆਂ ਨੇ ਮਿਲ ਕੇ ਜੈ ਜੈ ਸ਼ਬਦ ਦਾ ਉਚਾਰਨ ਕੀਤਾ॥੬॥

ਮਿਲਿ ਦਾਸੀ ਗਨ ਮੰਗਲ ਗਾਯੋ। ਸ੍ਰੀ ਗੁਰਦਿੱਤਾ ਸੁਨਿ ਹਰਿਖਾਯੋ।
ਚਹੁੰਦਿਸ਼ਿ ਤੇ ਗਨ ਦੇਤਿ ਬਧਾਈ। ਪਾਇ ਦਰਬ ਕੋ ਆਸ਼ਿਖ ਗਾਈ॥ ੭॥

ਬਹੁਤ ਦਾਸੀਆਂ ਨੇ ਮਿਲ ਕੇ ਮੰਗਲ ਗਾਏ, ਸ੍ਰੀ ਗੁਰਦਿੱਤਾ ਜੀ ਸੁਣ ਕੇ ਬਹੁਤ ਪ੍ਰਸੰਨ ਹੋਏ। ਚਾਰੇ ਪਾਸਿਆਂ ਦੇ ਲੋਕ ਵਧਾਈਆਂ ਦਿੰਦੇ ਸਨ ਤੇ ਧਨ ਪ੍ਰਾਪਤ ਕਰਕੇ ਅਸੀਸਾਂ ਗਾਉਂਦੇ ਸਨ॥੭॥

ਜਥਾ ਜੋਗ ਕੁਲ ਰੀਤਿ ਕਰੰਤੇ। ਸੁਨਿ ਜਾਚਕ ਆਏ ਹਰਖੰਤੇ।
ਦਾਨ ਮਾਨ ਸਭਿਹਿਨਿ ਕੋ ਦੀਨ। ਗੁਰ ਸੁਤ ਸੁਜਸੁ ਅਧਿਕ ਤਬਿ ਲੀਨਿ॥੮॥

ਯਥਾ ਯੋਗ ਕੁਲ ਦੀ ਰੀਤੀ ਕਰਦੇ ਸਨ, ਸੁਣ ਕੇ ਮੰਗਤੇ ਆ ਕੇ ਬਹੁਤ ਪ੍ਰਸੰਨ ਹੁੰਦੇ ਸਨ, ਦਾਨ ਮਾਣ ਸਾਰਿਆਂ ਨੂੰ ਦਿੱਤਾ, ਗੁਰੂ ਜੀ ਦੇ ਪੁੱਤਰ ਨੇ ਫਿਰ ਬਹੁਤ ਜਸ ਪ੍ਰਾਪਤ ਕੀਤਾ॥੮॥

ਪਿਤਾ ਗੁਰੂ ਢਿਗ ਦਾਸ ਪਠਾਏ। ਅਨਿਕ ਪ੍ਰਕਾਰਨ ਬਿਨੈ ਲਿਖਾਏ।
'ਨਾਮ ਰਾਖੀਯਹਿ ਜੋ ਮਨ ਭਾਵਤਿ। ਪੌਤ੍ਰ ਆਪ ਕੋ ਦੂਤੀ ਸੁਹਾਵਤਿ'॥ ੯॥

ਆਪਣੇ ਗੁਰੂ ਪਿਤਾ ਜੀ ਪਾਸ ਸੇਵਕ ਭੇਜ ਕੇ ਤੇ ਅਨੇਕ ਪ੍ਰਕਾਰ ਬੇਨਤੀਆਂ ਲਿਖੀਆਂ, "ਇਸ ਦਾ ਜੋ ਤੁਹਾਡੇ ਮਨ ਨੂੰ ਭਾਉਂਦਾ ਹੈ, ਉਹ ਨਾਂ ਰੱਖੋ, ਆਪ ਜੀ ਦਾ ਦੂਸਰਾ ਪੋਤਰਾ ਸ਼ੋਭ ਰਿਹਾ ਹੈ"॥੯॥

ਪੰਥ ਬਿਖੈ ਬਸਿ ਚਲਿ ਕੋ ਦਿਨਾ। ਪਹੁੰਚੇ ਪੁਨ ਪ੍ਰਸਾਦਿ ਲੇ ਘਨਾ।
ਸੁਧਾਸਰੋਵਰ ਪੁਰਿ ਮਹਿਂ ਆਏ। ਸਤਿਗੁਰ ਆਗੇ ਸੀਸ ਨਿਵਾਏ॥ ੧੦॥

ਕੁਝ ਦਿਨ ਰਾਹ ਵਿਚ ਚਲ ਕੇ, ਬਹੁਤ ਪ੍ਰਸਾਦਿ ਲੈ ਕੇ ਪਹੁੰਚ ਗਿਆ। ਅੰਮ੍ਰਿਤਸਰ ਨਗਰ ਵਿਚ ਆ ਗਿਆ ਤੇ ਸਤਿਗੁਰੂ ਜੀ ਅੱਗੇ ਸੀਸ ਨਿਵਾਇਆ॥੧੦॥

ਪੌਤ੍ਰ ਜਨਮ ਸੁਨਿ ਮਨ ਆਨੰਦੇ। ਆਨਿ ਬਧਾਈ ਬ੍ਰਿੰਦ ਭਨੰਦੇ।
ਗੁਰ ਘਰ ਮੈਂ ਬਡ ਮੰਗਲ ਕਰੈਂ। ਬਾਜੇ ਬਜਤਿ ਪੁੰਜ ਮੁਦ ਭਰੈਂ॥ ੧੧॥

ਗੁਰੂ ਜੀ ਨੇ ਜਦ ਪੋਤਰੇ ਦਾ ਜਨਮ ਸੁਣਿਆ ਤਾਂ ਉਨ੍ਹਾਂ ਦੇ ਮਨ ਵਿਚ ਅਨੰਦ ਛਾ ਗਿਆ, ਬਹੁਤ ਲੋਕ ਆ ਕੇ ਵਧਾਈਆਂ ਦੇ ਰਹੇ ਸਨ। ਗੁਰੂ ਘਰ ਵਿਚ ਵੱਡਾ ਮੰਗਲ ਹੋ ਰਿਹਾ ਸੀ, ਵਾਜੇ ਵੱਜਦੇ ਸਨ ਤੇ ਸਭ ਖੁਸ਼ੀਆਂ ਨਾਲ ਭਰੇ ਪਏ ਸਨ॥੧੧॥

ਜਿਨਹੁਂ ਆਨਿ ਸੁਧਿ ਪ੍ਰਥਮ ਸੁਨਾਈ। ਬਸਤ੍ਰ ਬਿਭੂਖਨ ਦਏ ਗੁਸਾਈਂ।
ਅਪਰ ਦੀਨ ਗਨ ਕੋ ਧਨ ਦੀਨਿ। ਅਤਿ ਅਨੰਦ ਗੁਰ ਪਤਨੀ ਤੀਨ॥੧੨॥

ਜਿਸ ਸੇਵਕ ਨੇ ਆ ਕੇ ਸਭ ਤੋਂ ਪਹਿਲਾਂ ਖ਼ਬਰ ਸੁਣਾਈ ਸੀ, ਉਸ ਨੂੰ ਗੁਰੂ ਜੀ ਨੇ ਵਸਤਰ ਅਤੇ ਗਹਿਣੇ ਦਿੱਤੇ। ਹੋਰ ਗ਼ਰੀਬ ਲੋਕਾਂ ਨੂੰ ਬਹੁਤ ਧਨ ਦਿੱਤਾ, ਗੁਰੂ ਜੀ ਦੀਆਂ ਤਿੰਨੇ ਪਤਨੀਆਂ ਬਹੁਤ ਪ੍ਰਸੰਨ ਸਨ॥੧੨॥

ਸਰਬ ਪ੍ਰਕਾਰਨ ਉਤਸਵ ਸਾਜੇ। ਦੁੰਦਭਿ ਲਘੁ ਬਿਸਾਲ ਦਰ ਬਾਜੇ।
ਜੋ ਸੁਨਿ ਆਯੋ ਤਿਨ ਪਾਯੋ। ਸਤਿਗੁਰ ਸੁਜਸੁ ਜਗਤ ਪਰ ਛਾਯੋ॥ ੧੩ ॥

ਸਰਬ ਪ੍ਰਕਾਰ ਦੇ ਉਤਸਵਾਂ ਦੀ ਸਾਜਨਾ ਕੀਤੀ, ਦਰਵਾਜ਼ੇ ਉਤੇ ਛੋਟੀਆਂ ਦੁਦੰਭੀਆਂ ਵਿਸ਼ਾਲ ਵੱਜ ਰਹੀਆਂ ਸਨ। ਜਿਹੜਾ ਵੀ ਸੁਣ ਕੇ ਆਉਂਦਾ ਸੀ, ਉਹ ਕੁਝ ਨਾ ਕੁਝ ਪਾਉਂਦਾ ਸੀ, ਸਤਿਗੁਰੂ ਜੀ ਦਾ ਸ੍ਰੇਸ਼ਟ ਜਸ ਸਾਰੇ ਛਾ ਗਿਆ॥੧੩॥

'ਗੁਰਤਾ ਮਾਲਿਕ' ਸਤਿਗੁਰ ਜਾਨਾ। 'ਸ੍ਰੀ ਹਰਿਰਾਇ' ਸੁ ਨਾਮ ਬਖਾਨਾ।
ਕੰਚਨ ਕੇ ਕੰਕਨ ਘਰਿਵਾਏ॥ ਹੀਰਨ ਪੰਕਤਿ ਖਚੀ ਬਨਾਏ॥ ੧੪ ॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਇਸ ਬਾਲਕ ਨੂੰ ਗੁਰਗੱਦੀ ਦਾ ਮਾਲਕ ਜਾਣਿਆ, ਇਸ ਲਈ ਉਸ ਦਾ ਨਾਂ ਸ੍ਰੀ ਹਰਿ ਰਾਇ ਰੱਖਿਆ। ਸੋਨੇ ਦੇ ਕੰਗਣ ਘੜਵਾਏ ਤੇ ਹੀਰਿਆਂ ਨਾਲ ਜੜਤ ਜੜਾਊ ਬਣਵਾਏ॥੧੪॥

ਝਗਲੀ ਝੀਨੀ ਅਲਪ ਕਰਾਇ। ਊਪਰ ਗੋਟਾ ਅਧਿਕ ਲਗਾਇ।
ਮੇਵਾ ਅਰੁ ਪਕਵਾਨ ਘਨੇਰਾ। ਤੀਨਹੁਂ ਗੁਰ ਮਹਿਲਾ ਤਿਸ ਬੇਰਾ॥ ੧੫ ॥

ਬਰੀਕ ਕੱਪੜੇ ਦੀਆਂ ਛੋਟੀਆਂ ਫਰਾਕਾਂ ਤਿਆਰ ਕਰਵਾਈਆਂ, ਜਿਨ੍ਹਾਂ ਉਤੇ ਬਹੁਤ ਗੋਟਾ ਲਾਇਆ ਗਿਆ, ਮੇਵੇ ਅਤੇ ਬਹੁਤ ਪਕਵਾਨ ਤਿਆਰ ਕਰਵਾਏ, ਉਸ ਸਮੇਂ ਗੁਰੂ ਜੀ ਦੀਆਂ ਤਿੰਨੇ ਮਹਿਲਾਵਾਂ ਬਿਰਾਜਮਾਨ ਸਨ॥੧੫॥

ਸਹਤ ਸਨੇਹ ਸੁ ਤੁਰਤ ਪਠਾਏ। ਕੀਰਤ ਪੁਰਿ ਪੋਤ੍ਰਾ ਜਨਮਾਏ।
ਗਨ ਮੰਗਲ ਇਮ ਨਏ ਰਚੰਤੇ। ਗੁਰੁ ਸਨਬੰਧੀ ਅਨੰਦ ਮਚੰਤੇ॥ ੧੬ ॥

ਉਨ੍ਹਾਂ ਨੇ ਬੜਾ ਪਿਆਰ ਦੇ ਕੇ ਸਭ ਵਸਤਾਂ ਤੁਰੰਤ ਭੇਜ ਦਿੱਤੀਆਂ, ਕੀਰਤਪੁਰ ਪੋਤਰੇ ਨੇ ਜਨਮ ਲਿਆ ਸੀ। ਕਈ ਪ੍ਰਕਾਰ ਦੇ ਨਵੇਂ ਅਨੰਦ ਮੰਗਲ ਹੋ ਰਹੇ ਸਨ, ਗੁਰੂ ਜੀ ਦੇ ਸੰਬੰਧੀ ਬੜੀਆਂ ਖੁਸ਼ੀਆਂ ਮਨਾ ਰਹੇ ਸਨ॥੧੬॥

ਜਬਿ ਦੁਇ ਮਾਸ ਬਿਤੇ ਇਸ ਭਾਂਤੀ। ਸਾਈਂ ਦਾਸ ਪਠੀ ਤਬਿ ਪਾਤੀ।
ਹੋਇ ਦੀਨ ਬਹੁ ਕੀਨਸਿ ਬਿਨਤੀ। 'ਆਵਹੁ ਮਿਹਰ ਕਰਹੁ ਤਜਿ ਗਿਨਤੀ॥੧੭॥

ਜਦ ਦੋ ਮਹੀਨੇ ਇਸ ਪ੍ਰਕਾਰ ਬੀਤ ਗਏ ਤਾਂ ਸਾਈਂ ਦਾਸ ਨੇ ਫਿਰ ਚਿੱਠੀ ਭੇਜੀ। ਦੀਨ ਹੋ ਕੇ ਬਹੁਤ ਬੇਨਤੀਆਂ ਕੀਤੀਆਂ, "ਹੁਣ ਸਾਰੀਆਂ ਗਿਣਤੀਆਂ ਛੱਡ ਕੇ ਸਾਡੇ ਪਾਸ ਜ਼ਰੂਰ ਆਵੋ॥੧੭॥

ਦਿਵਸ ਬਸੋਏ ਕੋ ਬਡ ਮੇਲਾ। ਚਹੁੰਦਿਸ਼ਿ ਤੇ ਨਰ ਹੋਇ ਸਕੇਲਾ।
ਇਹਾਂ ਆਨਿ ਕੈ ਕਰਹੁ ਗੁਸਾਈਂ!। ਦੇਹੁ ਦਰਸ ਦਾਸਨ ਸਮੁਦਾਈ'॥੧੮॥

ਵੈਸਾਖੀ ਵਾਲੇ ਦਿਨ ਵੱਡਾ ਮੇਲਾ ਲੱਗ ਰਿਹਾ ਹੈ, ਚਾਰੇ ਪਾਸਿਆਂ ਤੋਂ ਮਨੁੱਖ ਇਕੱਠੇ ਹੋਣਗੇ। ਹੇ ਮਾਲਕ! ਏਥੇ ਆ ਕੇ ਸਾਰੇ ਸਿੱਖ ਸੇਵਕਾਂ ਨੂੰ ਦਰਸ਼ਨ ਦੇਵੋ'॥੧੮॥

ਇੱਤਜਾਦਿਕ ਸਤਿਗੁਰੂ ਉਬਾਚੀ। ਰਿਦੈ ਬਿਚਾਰਜੋ ਕਰਿਬੇ ਸਾਚੀ।
'ਉਭੈ ਜੁੱਧ ਹਮ ਕੀਨਿ ਬਿਰੋਧਾ। ਅਬਹਿ ਸ਼ਾਹ ਨਹਿਂ ਠਾਨਤਿ ਕ੍ਰੋਧਾ॥ ੧੯ ॥

ਇਤਿਆਦਿ ਸਤਿਗੁਰੂ ਜੀ ਨੂੰ ਕਿਹਾ ਗਿਆ ਸੀ। ਗੁਰੂ ਜੀ ਨੇ ਹਿਰਦੇ ਸੱਚ ਕਰਨ ਬਾਰੇ ਵੀਚਾਰਿਆ। 'ਅਸੀਂ ਦੋਵੇਂ ਜੰਗ ਚੰਗੀ ਤਰ੍ਹਾਂ ਰੁਝ ਕੇ ਅਤੇ ਅੜਕੇ ਲੜੇ ਹਨ, ਹੁਣ ਬਾਦਸ਼ਾਹ ਕ੍ਰੋਧ ਨਹੀਂ ਧਾਰ ਰਿਹਾ ਹੈ॥੧੯॥

ਸੁਮਤਿ ਵਜ਼ੀਰ ਖਾਨ ਸਮੁਝਾਵੈ। ਕਹਿ ਮਹਿਮਾ ਰਿਸ ਉਰ ਬਿਸਰਾਵੈ।
ਅਬਿ ਜੰਗਲ ਚਲਿ ਦਿਵਸ ਗੁਜ਼ਾਰੈਂ। ਤਹਾਂ ਲਰੈਂ ਰਿਪੁ ਗਨ ਕੋ ਮਾਰੈਂ॥ ੨੦ ॥

ਸੂਝਵਾਨ ਵਜ਼ੀਰ ਖਾਨ ਉਸ ਨੂੰ ਸਮਝਾ ਦਿੰਦਾ ਹੈ, ਮਹਿਮਾ ਕਰਕੇ ਹਿਰਦੇ ਵਿਚ ਕ੍ਰੋਧ ਦਾ ਨਾਸ਼ ਕਰ ਦਿੰਦਾ ਹੈ, ਹੁਣ ਮਾਲਵੇ ਦੇਸ਼ ਵਿਚ ਜਾ ਕੇ ਦਿਨ ਗੁਜ਼ਾਰਦੇ ਹਾਂ, ਉਥੇ ਲੜਾਈ ਕਰਕੇ ਬਹੁਤ ਦੁਸ਼ਮਣਾਂ ਨੂੰ ਮਾਰਾਂਗੇ॥੨੦॥

ਜੰਗ ਨ ਭਲੋ ਸੁਧਾਸਰ ਮਾਂਹੀ। ਆਵਹਿਂ ਤੁਰਕ ਅਦਬ ਰਹਿ ਨਾਂਹੀ।
ਅਰੁ ਲਵਪੁਰਿ ਕੋ ਨੇਰ ਘਨੇਰਾ। ਚਢਿ ਆਵਹਿ ਲਸ਼ਕਰ ਬਹੁਤੇਰਾ॥ ੨੧ ॥

ਅੰਮ੍ਰਿਤਸਰ ਵਿਚ ਜੰਗ ਲੜਨਾ ਚੰਗਾ ਨਹੀਂ, ਏਥੇ ਤੁਰਕ ਆਉਣਗੇ ਤਾਂ ਹਰਿਮੰਦਰ ਸਾਹਿਬ ਆਦਿ ਦਾ ਆਦਰ ਨਹੀਂ ਰਹੇਗਾ, ਦੂਸਰਾ ਏਥੇ ਲਾਹੌਰ ਬਹੁਤ ਨੇੜੇ ਹੈ, ਵੱਡੀ ਗਿਣਤੀ ਵਿਚ ਲਸ਼ਕਰ ਚੜ੍ਹ ਕੇ ਆ ਸਕਦਾ ਹੈ॥੨੧॥

ਨਹੀਂ ਮਵਾਸ ਹੋਨਿ ਕੋ ਥਾਨ। ਨਹੀਂ ਬਿਖਮ ਕਿਤ ਦੁਰਗ ਮਹਾਨ।
ਲਰਨ ਸਥਲ ਜੰਗਲ ਮਹਿਂ ਆਛੋ। ਕਹੂੰ ਕਹੂੰ ਜਲ ਪ੍ਰਾਪਤਿ ਬਾਛੋਂ॥ ੨੨ ॥

ਕੋਈ ਓਟ ਲੈਣ ਵਾਲਾ ਥਾਂ ਵੀ ਨਹੀਂ ਹੈ, ਕਿਤੇ ਮੁਸ਼ਕਲ ਪੇਸ਼ ਕਰਨ ਵਾਲਾ ਵੱਡਾ ਕਿਲ੍ਹਾ ਵੀ ਨਹੀਂ ਹੈ। ਮਾਲਵੇ ਵਾਲੇ ਥਾਂ ਜਾ ਕੇ ਲੜਨਾ ਹੀ ਚੰਗਾ ਹੈ, ਉਥੇ ਕਿਤੇ-ਕਿਤੇ ਜਾ ਕੇ ਪਾਣੀ ਮਿਲਦਾ ਹੈ॥੨੨॥

ਮਹਾਂ ਉਜਾਰ ਖਰੇ ਬਨ ਜਹਾਂ। ਮਾਰਹਿਂ ਘਨੇ ਤੁਰਕ ਹਮ ਤਹਾਂ।
ਜਿਮ ਕਿਮ ਕਰਹਿਂ ਦਾਵ ਲੇ ਫਤੇ। ਸ਼ਾਹੁ ਜਿ ਆਪ ਜਾਇ, ਤਿਹ ਹਤੈਂ॥ ੨੩ ॥

ਜਿਥੇ ਮਹਾਨ ਉਜਾੜ ਵਿਚ ਦਰੱਖਤ ਖੜੇ ਹਨ, ਉਥੇ ਅਸੀਂ ਬਹੁਤ ਤੁਰਕ ਮਾਰਾਂਗੇ, ਜਿਵੇਂ ਕਿਵੇਂ ਦਾਅ ਲਾ ਕੇ ਫਤਹਿ ਪ੍ਰਾਪਤ ਕਰਾਂਗੇ, ਜੇ ਬਾਦਸ਼ਾਹ ਆਪ ਵੀ ਪਹੁੰਚ ਜਾਵੇਗਾ ਤਾਂ ਉਸ ਨੂੰ ਵੀ ਮਾਰ ਦੇਵਾਂਗੇ॥੨੩॥

ਜਲ ਕੋ ਘੇਰਿ ਚਮੂੰ ਥਿਰ ਹੋਇ। ਜਹਿਂ ਰਿਪੁ ਕੋ ਜਲ ਪਾਇ ਨ ਕੋਇ।
ਇੱਤਜਾਦਿਕ ਬਹੁ ਰਿਦੈ ਬਿਚਾਰਾ। ਜੰਗਲ ਕੋ ਪਯਾਨ ਨਿਰਧਾਰਾ॥ ੨੪ ॥

ਜਲ ਨੂੰ ਘੇਰ ਕੇ ਫੌਜ ਸਥਿਰ ਹੋ ਜਾਵੇਗੀ, ਜਿਥੇ ਦੁਸ਼ਮਣ ਨੂੰ ਕਿਤੇ ਵੀ ਪਾਣੀ ਨਸੀਬ ਨਾ ਹੋਵੇ।'' ਇਤਿਆਦਿ ਗੁਰੂ ਜੀ ਨੇ ਹਿਰਦੇ ਵਿਚ ਬੜੀ ਵਿਚਾਰ ਕੀਤੀ, ਤੇ ਮਾਲਵੇ ਦੇਸ਼ ਵਿਚ ਜਾਣ ਦਾ ਇਰਾਦਾ ਬਣਾ ਲਿਆ॥੨੪॥

ਨਿਸ ਮਹਿਂ ਮਹਿਲ ਗਏ ਗੋਸਾਈਂ। ਢਿਗ ਦਮੋਦਰੀ ਚਲਿ ਕਰਿ ਆਈ।
ਕਹਜੋ 'ਤੋਹਿ ਭਗਨੀ ਪਠਿ ਪਾਤੀ। ਹਮਹਿ ਹਕਾਰਨ ਹਿਤ ਉਮਹਾਤੀ॥ ੨੫ ॥

ਰਾਤ ਸਮੇਂ ਗੁਰੂ ਜੀ ਮਹਿਲਾਂ ਵਿਚ ਗਏ ਤੇ ਸ੍ਰੀ ਦਮੋਦਰੀ ਜੀ ਪਾਸ ਚਲ ਕੇ ਆਏ, ਉਸ ਨੂੰ ਕਿਹਾ, ''ਤੇਰੀ ਭੈਣ ਨੇ ਚਿੱਠੀ ਭੇਜੀ ਹੈ, ਸਾਨੂੰ ਬੁਲਾਉਣ ਵਾਸਤੇ ਬੜੀ ਕਾਹਲੀ ਹੈ॥੨੫॥

ਸਾਈਂਦਾਸ ਲਿਖੀ ਬਹੁ ਬਿਨਤੀ। 'ਆਵਹੁ ਮਿਹਰ ਧਰਹੁ ਤਜਿ ਗਿਨਤੀ'।
ਤੋਹਿ ਮਨੋਰਥ ਕਹਾਂ ? ਸੁਨਾਵਹੁ। ਈਹਾਂ ਬਸਹੁ ਕਿ ਤਹਾਂ ਸਿਧਾਵਹੁ' ॥ ੨੬ ॥

ਸਾਈਂ ਦਾਸ ਨੇ ਬਹੁਤ ਬੇਨਤੀ ਲਿਖੀ ਹੈ, ''ਸਾਰੀਆਂ ਗਿਣਤੀਆਂ ਛੱਡ ਕੇ ਕਿਰਪਾ ਕਰਕੇ ਆਵੋ।' ਤੁਹਾਡਾ ਮਨੋਰਥ ਕੀ ਹੈ, ਸੁਣਾਵੋ ਏਥੇ ਰਹੋਗੀ ਕਿ ਉਥੇ ਜਾਵੋਗੀ'' ॥੨੬॥

ਸੁਨਿ ਦਮੋਦਰੀ ਗਿਰਾ ਬਖਾਨੀ। 'ਕਰਹੁ ਆਪ ਜੈਸੇ ਮਨ ਭਾਨੀ।
ਚਲਹੁ ਚਲਹਿੰਗੇ ਸੰਗ ਤੁਮਾਰੇ। ਬਸਹੁ ਬਸਹਿੰਗੇ ਸਭਿ ਨਿਰਧਾਰੇ' ॥ ੨੭ ॥

ਇਹ ਸੁਣ ਕੇ ਦਮੋਦਰੀ ਨੇ ਕਿਹਾ, ''ਜਿਵੇਂ ਤੁਹਾਡੀ ਮਰਜ਼ੀ ਹੈ, ਉਸ ਤਰ੍ਹਾਂ ਕਰੋ, ਜੇ ਚਲੋਗੇ ਤਾਂ ਅਸੀਂ ਤੁਹਾਡੇ ਨਾਲ ਚੱਲਾਂਗੇ, ਜੇ ਏਥੇ ਰਹੋਗੇ ਤਾਂ ਸਭ ਨਿਰਧਾਰ ਕੇ ਏਥੇ ਰਹਾਂਗੇ'' ॥੨੭॥

ਅਰਧ ਚੇਤ ਕੋ ਮਾਸ ਬਿਤਾਯੋ। ਗਮਨ ਆਪਨੋ ਸਭਿਨਿ ਸੁਨਾਯੋ।
ਤੀਨ ਹਜ਼ਾਰ ਚਮੂੰ ਭਟ ਸੰਗ। ਸ਼ਸਤ੍ਰ ਜਿ ਧਾਰਤਿ ਸਹਤ ਤੁਰੰਗ॥ ੨੮॥

ਜਦ ਚੇਤ ਦਾ ਅੱਧਾ ਮਹੀਨਾ ਬਤੀਤ ਹੋਇਆ ਤਾਂ ਸਾਰਿਆਂ ਨੂੰ ਮਾਲਵੇ ਦੇਸ਼ ਵਿਚ ਜਾਣ ਬਾਰੇ ਸੁਣਾ ਦਿੱਤਾ। ਤਿੰਨ ਹਜ਼ਾਰ ਸੂਰਮਿਆਂ ਦੀ ਸੈਨਾ ਨਾਲ ਸੀ, ਘੋੜਿਆਂ ਸਮੇਤ ਉਨ੍ਹਾਂ ਸ਼ਸਤਰ ਧਾਰਨ ਕੀਤੇ ਹੋਏ ਸਨ॥੨੮॥

ਸਿੱਖਜ ਮਸੰਦ ਮੇਵੜੇ ਘਨੇ। ਦਾਸ ਅਨੇਕ ਤਿਨਹਿਂ ਕੇ ਗਨੇ।
ਸੁਨਿ ਗੁਰ ਤੇ ਤਯਾਰੀ ਸਭਿ ਧਾਰੈਂ। ਅਪਨੀ ਅਪਨੀ ਵਸਤੁ ਸੰਭਾਰੈਂ॥ ੨੯॥

ਸਿੱਖ, ਮਸੰਦ ਅਤੇ ਹਰਕਾਰੇ ਬਹੁਤ ਸਨ, ਤੇ ਉਨ੍ਹਾਂ ਦੇ ਅੱਗੇ ਬਹੁਤ ਸੇਵਕ ਸਨ। ਗੁਰੂ ਜੀ ਤੋਂ ਸੁਣ ਕੇ ਸਾਰਿਆਂ ਨੇ ਤਿਆਰੀ ਕਰ ਲਈ ਤੇ ਆਪਣੀਆਂ-ਆਪਣੀਆਂ ਵਸਤਾਂ ਸੰਭਾਲ ਲਈਆਂ॥੨੯॥

ਸਤਿਗੁਰ ਵਸਤੁ ਸਕਲ ਸੰਭਾਰੀ। 'ਆਵਨ ਹੋਇ ਕਿ ਨਹਿਂ' ਉਰਧਾਰੀ।
ਸਕਲ ਕੁਟੰਬ ਤਯਾਰ ਕਰਿਵਾਯੋ। ਦਾਸੀ ਦਾਸਨ ਕੋ ਸਮੁਦਾਯੋ॥ ੩੦॥

ਸਤਿਗੁਰੂ ਜੀ ਨੇ ਵੀ ਸਾਰੀਆਂ ਵਸਤਾਂ ਸੰਭਾਲ ਲਈਆਂ, 'ਆਉਣਾ ਹੋਵੇ ਕਿ ਨਹੀਂ,' ਹਿਰਦੇ ਵਿਚ ਧਾਰਨ ਕੀਤਾ। ਸਾਰੇ ਪਰਿਵਾਰ ਨੂੰ ਤਿਆਰ ਕਰਵਾਇਆ ਤੇ ਦਾਸ ਦਾਸੀਆਂ ਵੀ ਇਕੱਠੇ ਹੋ ਗਏ॥੩੦॥

ਚਲਿ ਕਰਿ ਗਏ ਪ੍ਰਥਮ ਦਰਬਾਰ। ਹਾਥ ਜੋਰਿ ਬਹੁ ਬਿਨੈ ਉਚਾਰਿ।
'ਹੇ ਪ੍ਰਭੁ ! ਮਮ ਆਵਨ ਕੈ ਨਾਂਹੀ। ਬਸਹੁ ਸਦਾ ਹਰਿ ਮੰਦਰ ਮਾਂਹੀ॥ ੩੧॥

ਗੁਰੂ ਜੀ ਪਹਿਲਾਂ ਚਲ ਕੇ ਦਰਬਾਰ ਸਾਹਿਬ ਗਏ ਤੇ ਹੱਥ ਜੋੜ ਕੇ ਬਹੁਤ ਬਿਨੈ ਉਚਾਰਨ ਕੀਤੀ, "ਹੇ ਪ੍ਰਭੂ ! ਮੈਂ ਹੁਣ ਏਥੇ ਵਾਪਸ ਆਵਾਂਗਾ ਕਿ ਨਹੀਂ, ਤੁਸੀਂ ਸਦਾ ਹਰਿਮੰਦਰ ਵਿਚ ਵੱਸੋ॥੩੧॥

ਜੰਗਲ ਜਾਇ ਜੰਗ ਮੈਂ ਠਾਨੋਂ। ਮਾਨੀ ਤੁਰਕਨ ਕੇ ਗਨ ਹਾਨੋਂ'।
ਤਬਿ ਅਵਾਜ ਭੀ ਮੰਦਿਰ ਮਾਂਹੀ। 'ਤੁਮਰੀ ਬਿਜੈ, ਅਰਹਿਂ ਰਿਪੁ ਨਾਂਹੀ' ॥ ੩੨॥

ਮਾਲਵੇ ਵਿਚ ਜਾ ਕੇ ਮੈਂ ਜੰਗ ਲੜਾਂਗਾ, ਹੰਕਾਰੀ ਤੁਰਕਾਂ ਦੀਆਂ ਫੌਜਾਂ ਨੂੰ ਮਾਰਾਂਗਾ।" ਤਦ ਹਰਿਮੰਦਰ ਸਾਹਿਬ ਵਿਚੋਂ ਆਵਾਜ਼ ਆਈ, "ਤੁਹਾਡੀ ਜਿੱਤ ਹੋਵੇਗੀ, ਤੁਹਾਡੇ ਅੱਗੇ ਕੋਈ ਦੁਸ਼ਮਣ ਨਹੀਂ ਅੜ ਸਕੇਗਾ"॥੩੨॥

ਸ੍ਰੀ ਹਰਿਗੋਵਿੰਦ ਸੁਨਤਿ ਅਨੰਦੇ। ਬੰਦਨ ਕਰੀ ਦੁੰਦ ਕਰ ਬੰਦੇ।
ਵਹਿਰ ਪ੍ਰਦੱਛਨ ਦੇ ਕਰਿ ਚਾਰਿ। ਪੁਨ ਗੁਰ ਤਖਤ ਅਕਾਲ ਸਿਧਾਰਿ॥ ੩੩॥

ਸ੍ਰੀ ਗੁਰੂ ਹਰਿਗੋਬਿੰਦ ਜੀ ਸੁਣ ਕੇ ਪ੍ਰਸੰਨ ਹੋ ਗਏ ਤੇ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ, ਫਿਰ ਬਾਹਰ ਨਿਕਲ ਕੇ ਚਾਰ ਪਰਿਕਰਮਾਂ ਕਰਕੇ ਫਿਰ ਗੁਰੂ ਜੀ ਅਕਾਲ ਤਖ਼ਤ ਵਲ ਚਲੇ ਗਏ॥੩੩॥

ਹਾਥ ਜੋਰਿ ਅਰਦਾਸ ਕਰਾਇ। ਬ੍ਰਿੰਦ ਪ੍ਰਸਾਦਿ ਦਯੋ ਬਰਤਾਇ।
ਤਬਹਿ ਮੰਗਾਇ ਜਰਾਊ ਖਾਸਾ। ਜਿਸ ਮਹਿਂ ਸੁੰਦਰ ਹੋਤਿ ਪ੍ਰਕਾਸ਼ਾ॥ ੩੪॥

ਹੱਥ ਜੋੜ ਕੇ ਅਰਦਾਸ ਕਰਵਾ ਕੇ ਸਾਰਾ ਪ੍ਰਸ਼ਾਦਿ ਵਰਤਾ ਦਿੱਤਾ, ਫਿਰ ਇਕ ਜੜਾਊ ਪਾਲਕੀ ਮੰਗਵਾਈ ਗਈ, ਜਿਸ ਵਿਚ ਸੁੰਦਰ ਪ੍ਰਕਾਸ਼ ਹੋ ਰਿਹਾ ਸੀ॥੩੪॥

ਸਿਰੀ ਗ੍ਰਿੰਥ ਸਾਹਿਬ ਬਿਚ ਥਾਪਿ। ਕਰਯੋ ਅਗਾਰੀ ਪਾਛੇ ਆਪ।
ਦੋਇ ਦਿਸ਼ਾ ਦੁਇ ਚਮਰ ਢੁਰਾਵੈਂ। ਚਲੇ ਕਿਤਿਕ ਲੇ ਸੰਖ ਬਜਾਵੈਂ॥ ੩੫॥

ਸ੍ਰੀ ਗ੍ਰੰਥ ਸਾਹਿਬ ਨੂੰ ਉਸ ਵਿਚ ਧਰ ਦਿੱਤਾ। ਉਸ ਨੂੰ ਅੱਗੇ ਕਰਕੇ ਪਿੱਛੇ ਆਪ ਚਲ ਪਏ। ਦੋਵੇਂ ਪਾਸੀਂ ਦੋ ਚੌਰ ਝੂਲ ਰਹੇ ਸਨ, ਸੰਖ ਵਜਾਉਂਦੇ ਕਾਫ਼ੀ ਦੂਰ ਤਕ ਲੈ ਗਏ॥੩੫॥

ਰਥ ਅਰੂਢਿ ਗੁਰੂ ਮਹਿਲਾ ਤੀਨ। ਡੋਰੇ ਨੁਖਾ ਅਰੂਢਨਿ ਕੀਨਿ।
ਤੀਨਹੁਂ ਪੁੱਤ੍ਰ ਸੰਗ ਚਢਿ ਚਾਲੇ। ਦੁੰਦਭਿ ਬਜੈਂ ਸੁਭਟ ਗਨ ਨਾਲੇ॥ ੩੬॥

ਗੁਰੂ ਜੀ ਦੀਆਂ ਤਿੰਨੇ ਮਹਿਲਾਵਾਂ ਰੱਥ ਤੇ ਚੜ੍ਹ ਗਈਆਂ ਅਤੇ ਨੂੰਹ ਨੂੰ ਡੋਲੀ ਵਿਚ ਚੜ੍ਹਾ ਲਿਆ। ਤਿੰਨੇ ਪੁੱਤਰ ਘੋੜਿਆਂ ਤੇ ਚੜ੍ਹ ਕੇ ਨਾਲ ਚਲ ਪਏ, ਦੁਦੰਭੀਆਂ ਵੱਜ ਰਹੀਆਂ ਸਨ ਤੇ ਸਾਰੇ ਸੂਰਬੀਰ ਨਾਲ ਸਨ॥੩੬॥

ਪਨਹੀ ਬਿਨਾਂ ਗ੍ਰਿੰਥ ਕੇ ਪਾਛੇ। ਪੁਰਿ ਨਿਕਸੈ ਚਲਿ ਸ੍ਰੀ ਗੁਰ ਆਛੇ।
ਥਿਰ ਜਬਿ ਭਏ ਸੁ ਬਿਧੀਆ ਕਹੈ। 'ਹੁਕਮ ਕਰਹੁ ਜੋ ਪਾਛੇ ਰਹੈ॥ ੩੭॥

ਜੁੱਤੀ ਤੋਂ ਬਗੈਰ ਗੁਰੂ ਗ੍ਰੰਥ ਦੇ ਪਿੱਛੇ, ਨਗਰ ਵਿਚੋਂ ਚੰਗੇ ਗੁਰੂ ਜੀ ਬਾਹਰ ਨਿਕਲੇ। ਜਦ ਇਕ ਥਾਂ ਜਾ ਕੇ ਖੜੇ ਹੋਏ ਤੇ ਬਿਧੀ ਚੰਦ ਨੇ ਕਿਹਾ, "ਹੁਕਮ ਕਰੋ ਜਿਹੜਾ ਪਿਛੇ ਰਹੇ॥੩੭॥

ਸੇਵ ਸੰਭਾਰਹਿ ਸ੍ਰੀ ਦਰਬਾਰ। ਲੇਨਿ ਦੇਨਿ ਠਾਨਹਿ ਬਿਵਹਾਰ'।
ਸੁਨਿ ਗੁਰ ਬੋਲੇ 'ਸਿੱਖ ਅਨਾਥ। ਸੇਵਾ ਕਰਹਿ ਪ੍ਰੇਮ ਕੇ ਸਾਥ॥ ੩੮॥

ਸ੍ਰੀ ਦਰਬਾਰ ਸਾਹਿਬ ਦੀ ਸੇਵਾ ਸੰਭਾਲੇ ਤੇ ਲੈਣ ਦੇਣ ਦਾ ਵਿਹਾਰ ਕਰੇ।" ਇਹ ਸੁਣ ਕੇ ਗੁਰੂ ਜੀ ਬੋਲੇ, "ਕੋਈ ਗਰੀਬ ਸਿੱਖ ਪ੍ਰੇਮ ਦੇ ਨਾਲ ਸੇਵਾ ਕਰੇ॥੩੮॥

ਗੁਰ ਘਰ ਅਵਿਚਲ ਸਿੱਖ ਘਨੇਰੇ। ਦਿਨ ਪ੍ਰਤਿ ਵਧਹਿ ਪ੍ਰਤਾਪ ਬਡੇਰੇ।
ਹਮਰੋ ਆਵਨਿ ਹੋਇ ਨ ਹੋਇ। ਸੇਵਕ ਗੁਰ ਕੇ ਰਹਿਂ ਸਭਿ ਕੋਇ'॥ ੩੯॥

ਗੁਰੂ ਜੀ ਦਾ ਘਰ ਅਟੱਲ ਹੈ ਤੇ ਸਿੱਖ ਬਹੁਤ ਹਨ, ਦਿਨ ਪ੍ਰਤਿ ਇਸ ਦਾ ਪ੍ਰਤਾਪ ਬਹੁਤ ਵਧਦਾ ਜਾਵੇਗਾ, ਸਾਡਾ ਪਤਾ ਨਹੀ ਆਉਣਾ ਹੋਵੇ ਕਿ ਨਹੀਂ, ਗੁਰੂ ਜੀ ਦੇ ਸਾਰੇ ਸਿੱਖ ਰਹਿ ਸਕਦੇ ਹਨ'॥੩੯॥

ਇਮ ਕਹਿ ਸਗਰੀ ਵਸਤੁ ਸੰਭਾਰੀ। ਠੌਰ ਠੌਰ ਦਾਸਨਿ ਕਰਿ ਤਯਾਰੀ।
ਘਰ ਸਮਾਜ ਸਭਿ ਲਾਦਿ ਚਲਾਯੋ। ਉਸ਼ਟਰ ਭਾਰ ਭਏ ਸਮੁਦਾਯੋ॥ ੪੦॥

ਇਸ ਤਰ੍ਹਾਂ ਕਹਿ ਕੇ ਸਾਰੀਆਂ ਵਸਤਾਂ ਸੰਭਾਲੀਆਂ, ਥਾਂ-ਥਾਂ ਦਾਸਾਂ ਨੇ ਤਿਆਰੀ ਕੀਤੀ। ਘਰ ਦਾ ਸਾਰਾ ਸਾਮਾਨ ਲੱਦ ਕੇ ਚਲ ਪਏ, ਊਠ ਭਾਰ ਲੈ ਕੇ ਇਕੱਠੇ ਹੋ ਗਏ॥੪੦॥

ਪੁਰਿ ਜਨ ਗਨ ਸੁਨਿਕੈ ਅਸ ਪਯਾਨਾ। ਸਭਿ ਕੈ ਰਿਦੈ ਬਿਖਾਦ ਮਹਾਨਾ।
ਆਪਸ ਮਹਿਂ ਕਹਿ ਕਰਿ ਨਰ ਨਾਰੀ। ਆਵਤਿ ਮੋਚਿ ਬਿਲੋਚਨ ਬਾਰੀ॥ ੪੧॥

ਜਦ ਨਗਰ ਦੇ ਲੋਕਾਂ ਸੁਣਿਆ ਕਿ ਗੁਰੂ ਜੀ ਇਸ ਤਰ੍ਹਾਂ ਚਲੇ ਗਏ ਹਨ, ਸਾਰਿਆਂ ਦੇ ਮਨ ਵਿਚ ਭਾਰੀ ਦੁੱਖ ਪੈਦਾ ਹੋਇਆ। ਇਸਤਰੀ ਪੁਰਸ਼ ਆਪਸ ਵਿਚ ਕਹਿ ਕੇ, ਅੱਖਾਂ ਵਿਚੋਂ ਜਲ ਡੇਗਦੇ ਆਏ॥੪੧॥

ਮੁਖ ਤੇ ਬਾਕ ਨਹੀਂ ਨਿਕਸੰਤਾ। ਆਨਿ ਮਿਲੇ ਸ੍ਰੀ ਗੁਰ ਭਗਵੰਤਾ।
ਜਥਾ ਰਾਮ ਬਨ ਓਰ ਪਧਾਰੇ। ਔਧਪੁਰੀ ਨਰ ਬ੍ਰਿਹ ਕੋ ਧਾਰੇ॥ ੪੨॥

ਉਨ੍ਹਾਂ ਦੇ ਮੂੰਹ ਵਿਚੋਂ ਗੱਲ ਨਹੀਂ ਸੀ ਨਿਕਲਦੀ ਤੇ ਆ ਕੇ ਗੁਰੂ ਜੀ ਨੂੰ ਮਿਲ ਪਏ। ਜਿਵੇਂ ਰਾਮ ਵਣ ਨੂੰ ਚਲੇ ਸਨ ਤੇ ਅਯੁੱਧਿਆਪੁਰੀ ਦੇ ਮਨੁੱਖਾਂ ਨੇ ਬਿਰਹਾ ਨੂੰ ਧਾਰਨ ਕੀਤਾ ਸੀ॥੪੨॥

ਭਈ ਤਥਾ ਗਤਿ ਰੋਦਤਿ ਆਵੈਂ। ਏਕ ਕਹੈਂ 'ਹਮ ਸੰਗ ਸਿਧਾਵੈਂ।
ਘਰ ਸਮਾਜ ਸਭਿ ਲੇ ਕਰਿ ਜੈ ਹੈਂ। ਜਹਿਂ ਗੁਰ ਦਰਸੈਂ ਤਹਾਂ ਬਸੈ ਹੈਂ॥੪੩॥

ਇਸ ਤਰ੍ਹਾਂ ਅੰਮ੍ਰਿਤਸਰ ਦੇ ਲੋਕਾਂ ਦੀ ਹਾਲਤ ਹੋਈ ਸੀ, ਉਹ ਵੀ ਉਸੇ ਤਰ੍ਹਾਂ ਰੋਂਦੇ ਹੋਏ ਆਏ, ਕਈ ਕਹਿੰਦੇ ਸਨ, 'ਅਸੀਂ ਵੀ ਨਾਲ ਜਾਵਾਂਗੇ, ਘਰ ਦਾ ਸਾਰਾ ਸਾਮਾਨ ਲੈ ਕੇ ਜਾਵਾਂਗੇ, ਜਿਥੇ ਗੁਰੂ ਜੀ ਦੇ ਦਰਸ਼ਨ ਹੋਣਗੇ ਉਥੇ ਹੀ ਵਸਾਂਗੇ॥੪੩॥

ਸ੍ਰੀ ਅਰਜਨ ਜੀ ਹਮਹਿਂ ਬਸਾਯੋ। ਅਬਿ ਲੌ ਇਹ ਪਾਲਤਿ ਸੁਖਦਾਯੋ।
ਪਾਛੇ ਕਿਸ ਅਲੰਬ ਹਮ ਰਹੈਂ। ਗੁਰ ਤੇ ਨਹੀਂ ਆਇਬੋ ਚਹੈਂ॥ ੪੪॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਨੂੰ ਵਸਾਇਆ ਸੀ, ਹੁਣ ਤਕ ਇਹ ਸੁਖਾਂ ਦੇ ਦਾਤੇ ਪਾਲ ਰਹੇ ਸਨ। ਅਸੀਂ ਪਿਛੋਂ ਕਿਸ ਦੇ ਆਸਰੇ ਰਹਾਂਗੇ ਗੁਰੂ ਜੀ ਤਾਂ ਵਾਪਸ ਆਉਣਾ ਨਹੀਂ ਚਾਹੁੰਦੇ ਹਨ॥੪੪॥

ਕੋ ਮਾਲਿਕ ਅਬਿ ਹੋਇ ਹਮਾਰੇ। ਸਤਿਗੁਰੁ ਬਿਨ ਸਭਿ ਰਹੈਂ ਦੁਖਾਰੇ।
ਜੋ ਸਨਮਾਨ ਕਰਤਿ ਸਭਿ ਭਾਂਤੀ। ਸੋ ਤਜਿ ਚਲੇ, ਨ ਬਿਹਰਤਿ ਛਾਤੀ' ॥੪੫॥

ਸਾਡਾ ਹੁਣ ਕੌਣ ਮਾਲਕ ਹੋਵੇਗਾ, ਸਤਿਗੁਰੂ ਜੀ ਤੋਂ ਬਗੈਰ ਸਭ ਦੁਖੀ ਰਹਿਣਗੇ ਜਿਹੜਾ ਸਾਡਾ ਹਰ ਪ੍ਰਕਾਰ ਨਾਲ ਸਨਮਾਨ ਕਰਦੇ ਹਨ, ਉਹ ਸਾਨੂੰ ਛੱਡ ਕੇ ਚਲੇ ਗਏ ਹਨ, ਇਹ ਸੁਣ ਕੇ ਸਾਡੀ ਛਾਤੀ ਵੀ ਨਹੀਂ ਫੱਟਦੀ' ॥੪੫॥

ਬਜਾਕੁਲ ਹੁਇ ਬੀਥਨਿ ਮਹਿਂ ਡੋਲਤਿ। ਦੁਖ ਬ੍ਰਿਹੁ ਤੇ ਬਾਵਰ ਜਿਮ ਬੋਲਤਿ।
ਪੁਰਿ ਤੇ ਨਿਕਸੇ ਸ੍ਰੀ ਗੁਰੁ ਪਾਛੇ। ਕਰਤਿ ਪੁਕਾਰ ਦਰਸ ਕੋ ਬਾਂਛੇ॥ ੪੬॥

ਵਿਆਕੁਲ ਹੋਏ ਗਲੀਆਂ ਵਿਚ ਡੋਲਦੇ ਫਿਰ ਰਹੇ ਸਨ, ਜਿਵੇਂ ਬ੍ਰਿਹਾ ਦੇ ਦੁੱਖ ਨਾਲ ਕਮਲੇ ਹੋਏ ਬੋਲ ਰਹੇ ਸਨ। ਗੁਰੂ ਜੀ ਸਭ ਤੋਂ ਪਿਛੋਂ ਨਗਰ ਵਿਚੋਂ ਨਿਕਲੇ, ਨਗਰ ਵਾਸੀ ਦਰਸ਼ਨ ਦੀ ਚਾਹਤ ਕਰਕੇ ਬਾਰ-ਬਾਰ ਪੁਕਾਰ ਕਰਦੇ ਸਨ॥੪੬॥

ਸਤਿਗੁਰ ਜਬਿ ਦੇਖ੍ਯੋ ਪਸ਼ਚਾਤੀ। ਆਵਤਿ ਨਰ ਨਾਰਨਿ ਬਿਲਲਾਤੀ।
ਥਿਰ ਹੁਇ ਰਹੇ ਨ ਆਗੇ ਚਲੇ। ਆਨਿ ਅਖਿਲ ਪੁਰਿ ਕੇ ਜਨ ਮਿਲੇ॥ ੪੭॥

ਸਤਿਗੁਰੂ ਜੀ ਜਦ ਪਿਛੇ ਵੇਖਿਆ ਤਾਂ ਇਸਤਰੀ ਪੁਰਸ਼ ਵਿਲਕਦੇ ਹੋਏ ਆ ਰਹੇ ਸਨ। ਗੁਰੂ ਜੀ ਉਥੇ ਹੀ ਖਲੋ ਗਏ ਤੇ ਅੱਗੇ ਨਾ ਚਲੇ। ਨਗਰ ਦੇ ਸਾਰੇ ਮਨੁੱਖ ਆ ਕੇ ਮਿਲੇ॥੪੭॥

ਕਰਿ ਬੰਦਨਿ ਕਹਿਂ 'ਇਮ ਤੁਮ ਚਾਲੇ। ਬਹੁਰ ਨ ਆਵਹੁ ਜਿਮ, ਸੰਭਾਲੇ।
ਕਿਸ ਕੋ ਹਮਹਿਂ ਸੌਂਪ ਕਰਿ ਛੋਰਾ ?। ਗਮਨੇ ਤੁਮ ਜੰਗਲ ਕੀ ਓਰਾ॥ ੪੮॥

ਉਨ੍ਹਾਂ ਨੇ ਬੰਦਨਾ ਕਰਕੇ ਕਿਹਾ, "ਤੁਸੀਂ ਇੰਝ ਸਭ ਕੁਝ ਸੰਭਾਲ ਕੇ ਚਲ ਪਏ ਹੋ ਜਿਵੇਂ ਫਿਰ ਮੁੜ ਕੇ ਵਾਪਸ ਨਹੀਂ ਆਉਣਾ ਹੈ। ਸਾਨੂੰ ਕਿਸ ਦੇ ਹਵਾਲੇ ਸੌਂਪਿਆ ਹੈ ? ਆਪ ਤੁਸੀਂ ਮਾਲਵੇ ਦੇਸ਼ ਵੱਲ ਚਲ ਪਏ ਹੋ॥੪੮॥

ਤੁਮਰੇ ਸੰਗ ਚਲਹਿਂਗੇ ਸਾਰੇ। ਸੁਤ ਬਨਿਤਾਦਿਕ ਲੇ ਪਰਵਾਰੇ।
ਰਾਵਰਿ ਬਿਰਹ ਸਹਜੋ ਨਹਿਂ ਪਰੈ। ਰਹਿ ਪਸਚਾਤ ਕੌਨ ਦੁਖ ਭਰੈ॥ ੪੯॥

ਅਸੀਂ ਸਾਰੇ ਤੁਹਾਡੇ ਨਾਲ ਚਲਾਂਗੇ, ਪੁੱਤਰ ਇਸਤਰੀ ਆਦਿ ਸਾਰੇ ਪਰਿਵਾਰ ਨੂੰ ਨਾਲ ਲੈ ਚਲਾਂਗੇ, ਆਪ ਜੀ ਦਾ ਬ੍ਰਿਹਾ ਸਾਨੂੰ ਸਹਿਣਾ ਨਹੀਂ ਪਵੇਗਾ, ਕਿਹੜਾ ਦੁੱਖਾਂ ਨਾਲ ਭਰਿਆ ਪਿਛੇ ਰਹੇਗਾ॥੪੯॥

ਭਲਾ ਲੋਕ ਪਰਲੋਕ ਮਝਾਰੈ। ਨਿਤ ਉਠਿ ਤੁਮਰੋ ਦਰਸ ਨਿਹਾਰੈਂ।
ਪੁਰਿ ਉਜਾਰ ਹੁਇ ਬਸਜੋਨ ਜਾਈ। ਇਮ ਕਹਿ ਰੁਦਤਿ ਭਏ ਸਮੁਦਾਈ॥੫੦॥

ਲੋਕ ਪਰਲੋਕ ਵਿਚ ਨਿਤ ਤੁਹਾਡੇ ਭਲੇ ਦਰਸ਼ਨ ਕਰਾਂਗੇ, ਨਗਰ ਉਜਾੜ ਬਣ ਜਾਵੇਗਾ ਤੇ ਏਥੇ ਕੋਈ ਨਹੀਂ ਵਸੇਗਾ।" ਇਸ ਤਰ੍ਹਾਂ ਕਹਿ ਕੇ ਸਾਰੇ ਹੀ ਰੋਣ ਲੱਗ ਗਏ॥੫੦॥

ਅਸਮੰਜਸ-ਸਤਿਗੁਰੂ ਬਿਚਾਰੈਂ। 'ਪੁਰਿ ਜਨ ਜੇ ਹਮ ਸਾਥ ਸਿਧਾਰੈਂ।
ਸ੍ਰੀ ਅਰਜਨ ਪੁਰਿ ਪਰਮ ਬਸਾਵਾ। ਮਹਾਂ ਦੋਸ਼ ਜੇ ਇਸਹਿ ਦੁਖਾਵਾ ॥ ੫੧ ॥

ਸਤਿਗੁਰੂ ਜੀ ਨੇ ਵਿਚਾਰ ਕੀਤੀ, "ਬੜੀ ਮੁਸ਼ਕਲ ਆ ਬਣੀ ਹੈ, ਜੇ ਨਗਰ ਦੇ ਲੋਕ ਸਾਡੇ ਨਾਲ ਜਾਣਗੇ ਤਾਂ ਉਹ ਨਗਰ ਜਿਸ ਨੂੰ ਸ੍ਰੀ ਅਰਜਨ ਦੇਵ ਜੀ ਨੇ ਵਸਾਇਆ ਹੈ, ਜੇ ਇਸ ਨੂੰ ਦੁਖੀ ਕਰਾਂਗੇ ਤਾਂ ਸਾਨੂੰ ਮਹਾਨ ਦੋਸ਼ ਲਗੇਗਾ" ॥੫੧॥

ਇਮ ਬਿਚਾਰ ਕਰਿ ਥਿਰੇ ਨਿਹਾਰੈਂ। ਬਹੁਤ ਭਾਂਤਿ ਕੀ ਧੀਰ ਉਚਾਰੈਂ।
ਨਹਿਂ ਮਨਹਿਂ ਪੁਰਿ ਬਸਨ ਪਿਛਾਰੀ। ਸੋਚ ਬਿਮੋਚਨ ਸੋਚਤਿ ਭਾਰੀ॥ ੫੨ ॥

ਇਸ ਤਰ੍ਹਾਂ ਵਿਚਾਰ ਕੇ ਗੁਰੂ ਜੀ ਠਹਿਰ ਕੇ ਉਨ੍ਹਾਂ ਵੱਲ ਵੇਖ ਰਹੇ ਸਨ। ਬਹੁਤ ਪ੍ਰਕਾਰ ਦਾ ਉਨ੍ਹਾਂ ਨੂੰ ਧੀਰਜ ਦਿੱਤਾ, ਪਰ ਉਹ ਗੁਰੂ ਜੀ ਦੇ ਪਿੱਛੋਂ ਨਗਰ ਵਿਚ ਵਸਣਾ ਨਹੀਂ ਸੀ ਮੰਨਦੇ। ਗੁਰੂ ਜੀ ਸੋਚਾਂ ਵਿਚ ਡੁੱਬ ਗਏ ਤੇ ਬਹੁਤ ਸੋਚਣ ਲੱਗੇ॥੫੨॥

*ਸੱਤਵੀਂ ਰਾਸ ਦਾ ਸੋਲ੍ਹਵਾਂ ਅਧਿਆਇ ਸਮਾਪਤ ਹੋਇਆ॥੧੬॥*

## ਅਧਿਆਇ ਸਤਾਰ੍ਹਵਾਂ

*ਡਰੋਲੀ ਸਾਈਂ ਦਾਸ ਦੇ ਘਰ*

ਦੋਹਰਾ- ਹਰੀ ਚੰਦ ਗੁਰੁ ਸਸੁਰ ਜੋ ਪਿਤਾ ਨਾਨਕੀ ਕੇਰ।
ਆਯੋ ਵਹਿਰ ਸਭਾਰਜਾ ਉਰ ਧਰਿ ਪ੍ਰੇਮ ਬਡੇਰ॥ ੧ ॥

ਗੁਰੂ ਜੀ ਦੇ ਸਹੁਰਾ ਸ੍ਰੀ ਹਰੀ ਚੰਦ ਸ੍ਰੀ ਨਾਨਕੀ ਜੀ ਦੇ ਪਿਤਾ ਸਨ। ਉਹ ਆਪਣੀ ਪਤਨੀ ਸਹਿਤ ਵੱਡਾ ਪ੍ਰੇਮ ਧਾਰ ਕੇ ਆਇਆ॥੧॥

ਚੌਪਈ- ਸਭਿ ਕੁਟੰਬ ਜੁਤਿ ਸ੍ਰੀ ਗੁਰ ਹੇਰਾ। ਮੋਚਤਿ ਨੀਰ ਬਿਲੋਚਨ ਕੇਰਾ।
ਬੋਲਜੋ 'ਗੁਰ ਅਲੰਬ ਪੁਰਿ ਸਾਰੋ। ਤੁਮ ਤਜਾਗਤਿ ਨਹਿਂ ਕਰੀ ਅਵਾਰੋ ॥੨ ॥

ਜਦ ਉਸ ਸਾਰੇ ਪਰਿਵਾਰ ਗੁਰੂ ਜੀ ਨੂੰ ਵੇਖਿਆ ਤਾਂ ਉਨ੍ਹਾਂ ਦੇ ਨੈਣਾਂ ਵਿਚੋਂ ਜਲ ਵਹਿ ਤੁਰਿਆ ਤੇ ਉਹ ਬੋਲੇ, "ਗੁਰੂ ਜੀ ਸਾਰੇ ਨਗਰ ਦਾ ਆਸਰਾ ਹਨ, ਪਰ ਆਪ ਨੇ ਨਗਰੀ ਨੂੰ ਛੱਡਦਿਆਂ ਕੋਈ ਦੇਰ ਨਹੀਂ ਲਾਈ ਹੈ॥੨॥

ਪਤਿ ਬਿਹੀਨ ਜਿਮ ਰਹਤਿ ਨ ਨਾਰੀ। ਸਸਿ ਬਿਨ ਨਿਸਾ, ਨਦੀ ਬਿਨ ਬਾਰੀ।
ਮਹਿਪਾਲਕ ਬਿਨ ਚਮੂੰ ਨ ਆਛੈ। ਤਥਾ ਪੁਰੀ ਸਭਿ ਤੁਮਰੇ ਪਾਛੈ॥ ੩ ॥

ਜਿਵੇਂ ਪਤੀ ਦੇ ਬਗੈਰ ਇਸਤਰੀ ਨਹੀਂ ਰਹਿੰਦੀ ਹੈ, ਚੰਦ ਬਗੈਰ ਰਾਤ, ਪਾਣੀ ਬਗੈਰ ਨਦੀ, ਰਾਜੇ ਬਗੈਰ ਫੌਜ ਉਸ ਤਰ੍ਹਾਂ ਹੀ ਤੁਹਾਡੇ ਪਿਛੋਂ ਤੁਹਾਡੇ ਬਗੈਰ ਨਗਰੀ ਨਹੀਂ ਰਹੇਗੀ॥੩॥

ਰਹੇ ਉਡੀਕਤਿ ਆਗੈ ਗਏ। ਕੇਤਿਕ ਦਿਨ ਮਹਿਂ ਆਵਨ ਕਿਏ।
ਪੁਰਿ ਜਨ ਨਿਰਾਧਾਰ ਕਿਮ ਰਹੈਂ। ਉਜਰ ਜਾਹਿਂ, ਕੈ ਤੁਮ ਸੰਗ ਲਹੈਂ ॥੪ ॥

ਜਦ ਤੁਸੀਂ ਪਹਿਲਾਂ ਗਏ ਸੀ, ਨਗਰ ਵਾਸੀ ਉਡੀਕਦੇ ਰਹੇ ਸਨ, ਕਈ ਦਿਨਾਂ ਬਾਅਦ ਵਾਪਸ ਆਏ। ਨਗਰ ਦੇ ਲੋਕ ਆਧਾਰ ਰਹਿਤ ਹੋ ਕੇ ਕਿਵੇਂ ਰਹਿਣਗੇ, ਉਜੜ ਜਾਣਗੇ ਜਾਂ ਤੁਹਾਡੇ ਨਾਲ ਜਾਣਗੇ॥੪॥

ਮੈਂ ਅਬਿ ਤਯਾਰ ਹੋਇ ਕਰਿ ਆਯੋ। ਚਹੌਂ ਆਪ ਕੇ ਸੰਗ ਸਿਧਾਯੋ।
ਸੁਤਾ, ਸੁਤਾ ਸੁਤ, ਸਹਿਤ ਤਿਹਾਰੇ। ਉਰ ਅਨੰਦ ਨਿਤ ਲਹੌਂ ਨਿਹਾਰੇ ॥ ੫॥

ਮੈਂ ਹੁਣ ਤਿਆਰ ਹੋ ਕੇ ਆਇਆ ਹਾਂ, ਮੈਂ ਵੀ ਤੁਹਾਡੇ ਨਾਲ ਜਾਣਾ ਚਾਹਾਂਗਾ। ਪੁੱਤਰੀ, ਪੁੱਤਰੀ ਦੇ ਪੁੱਤਰ ਸਹਿਤ ਤੁਹਾਡੇ ਨਾਲ ਉਨ੍ਹਾਂ ਨੂੰ ਵੇਖ ਕੇ ਨਿਤ ਅਨੰਦ ਲੈਂਦਾ ਰਹਾਂਗਾ" ॥੫॥

ਸੁਨਿ ਕਰਿ ਸਸੁਰ ਗਿਰਾ ਗੁਰ ਭਾਰੀ। ਧੀਰਜ ਦੈਬੇ ਹੇਤੁ ਉਚਾਰੀ।
'ਇਹ ਗੁਰ ਪੁਰਿ ਨਿਤ ਬਸਹਿ ਸਵਾਯਾ। ਅੰਨ ਦਰਬ ਕੀ ਕਮੀ ਨ ਕਾਯਾ ॥੬॥

ਆਪਣੇ ਸਹੁਰਾ ਸਾਹਿਬ ਦੀ ਗੱਲ ਸੁਣ ਕੇ, ਮਹਾਨ ਗੁਰੂ ਜੀ ਨੇ ਧੀਰਜ ਦੇਣ ਵਾਸਤੇ ਉਚਾਰਨ ਕੀਤਾ, "ਇਹ ਗੁਰੂ ਦਾ ਨਗਰ ਸਦਾ ਅੱਗੇ ਨਾਲੋਂ ਸੁਵਾਇਆ ਵਸੇਗਾ, ਏਥੇ ਅੰਨ ਤੇ ਧਨ ਦੀ ਕਦੀ ਵੀ ਘਾਟ ਨਹੀਂ ਆਵੇਗੀ॥੬॥

ਰੰਕ ਬਸੈ ਜੋ ਧਨੀ ਬਨੈ ਹੈ। ਅੰਨ ਬਸਨ ਕੀ ਕਮੀ ਨ ਹ੍ਵੈ ਹੈ।
ਜੋ ਗੁਰ ਪੁਰਿ ਕੋ ਬਿਘਨ ਉਠੈ ਹੈ। ਬਿਨ ਮਾਰੇ ਆਪੇ ਮਰਿ ਜੈ ਹੈ॥ ੭॥

ਜਿਹੜਾ ਗਰੀਬ ਵਸੇਗਾ ਉਹ ਧਨੀ ਹੋ ਜਾਵੇਗਾ ਤੇ ਅਨਾਜ ਅਤੇ ਵਸਤਰਾਂ ਦੀ ਕਦੀ ਵੀ ਕਮੀ ਨਹੀਂ ਹੋਵੇਗੀ, ਜਿਹੜਾ ਗੁਰੂ ਜੀ ਦੀ ਨਗਰੀ ਵਿਚ ਵਿਘਨ ਖੜਾ ਕਰੇਗਾ, ਉਹ ਬਿਨ ਮਾਰਿਆਂ ਆਪੇ ਹੀ ਮਰ ਜਾਵੇਗਾ॥੭॥

ਸ੍ਰੀ ਦਰਬਾਰਿ ਬਾਹੁ ਪਕਰਾਈ। ਅਬਿਚਲ ਜਿਸ ਕੀ ਨੀਵ ਰਖਾਈ।
ਸ੍ਰੀ ਹਰਿਮੰਦਿਰ ਮਹਾਂ ਪ੍ਰਤਾਪੂ। ਬੰਦਹੁ ਨਿਤ ਰੱਕ ਹੁਇ ਆਪੂ' ॥ ੮॥

ਸ੍ਰੀ ਦਰਬਾਰ ਸਾਹਿਬ ਦੀ ਤੁਹਾਨੂੰ ਬਾਂਹ ਫੜਾਈ ਹੈ, ਜਿਸ ਦੀ ਸਦਾ ਕਾਇਮ ਰਹਿਣ ਵਾਲੀ ਨੀਂਹ ਰਖਾਈ ਹੈ। ਸ੍ਰੀ ਹਰਿਮੰਦਰ ਸਾਹਿਬ ਦਾ ਮਹਾਨ ਪ੍ਰਤਾਪ ਹੈ, ਨਿਤ ਉਸ ਨੂੰ ਬੰਦਨਾ ਕਰੋ, ਉਹ ਆਪੇ ਤੁਹਾਡਾ ਰਖਿਅਕ ਹੋਵੇਗਾ" ॥੮॥

ਕਹਿ ਇੱਤਿਯਾਦਿ ਸਗਲ ਸਮੁਝਾਏ। ਨਿਜ ਮਾਯਾ ਕਰਿ ਉਰਿ ਬਿਰਮਾਏ।
ਸਭਿ ਕੋ ਸਦਨ ਲਗੇ ਤਬਿ ਆਛੇ। ਪਾਛੇ ਹਟਨਿ ਅਖਿਲ ਮਨ ਬਾਂਛੇ॥ ੯॥

ਇਤਿਆਦਿ ਕਹਿ ਕੇ ਸਾਰਾ ਸਮਝਾਇਆ, ਫਿਰ ਆਪਣੀ ਮਾਇਆ ਕਰਕੇ ਉਨ੍ਹਾਂ ਦੇ ਹਿਰਦੇ ਪਿੱਛੇ ਰਹਿਣ ਲਈ ਪਰਚਾ ਦਿੱਤੇ। ਸਾਰਿਆਂ ਨੂੰ ਫਿਰ ਆਪਣੇ ਘਰ ਚੰਗੇ ਲੱਗੇ, ਪਿੱਛੇ ਮੁੜਨ ਲਈ ਉਨ੍ਹਾਂ ਦੇ ਮਨ ਰਾਜ਼ੀ ਹੋ ਗਏ॥੯॥

ਦੈ ਧੀਰਜ ਸਤਿਗੁਰ ਸਭਿ ਤਾਂਈ। ਹਰੀ ਚੰਦ ਕੋ ਭੁਜ ਪਕਰਾਈ।
ਜਾਨਿ ਸਸੁਰ ਬਡ, ਬੰਦਨ ਕਰਿਕੈ। ਮੁਰੇ ਸਰਬ ਹੀ ਦਰਸ ਨਿਹਰਿਕੈ॥੧੦॥

ਗੁਰੂ ਜੀ ਨੇ ਸਭ ਨੂੰ ਧੀਰਜ ਦੇ ਕੇ ਸ੍ਰੀ ਹਰੀ ਚੰਦ ਨੂੰ ਬਾਂਹ ਫੜਾਈ। ਸਹੁਰਾ ਹੋਣ ਕਰਕੇ ਵੱਡਾ ਜਾਣਕੇ ਬੰਦਨਾ ਕੀਤੀ, ਫਿਰ ਸਾਰੇ ਦਰਸ਼ਨ ਕਰਕੇ ਮੁੜ ਪਏ॥੧੦॥

ਸਿਵਕਾ ਪਰ ਸਤਿਗੁਰ ਆਰੂਢੇ। ਮਾਰਗ ਗਮਨੇ ਜਿਸ ਗੁਨ ਗੂਢੇ।
ਹਰੀ ਚੰਦ ਮਿਲਿ ਤਨੁਜਾ ਸਾਥ। ਫੇਰਿ ਹਾਥ ਦੌਹਤ ਕੇ ਮਾਥ॥ ੧੧॥

ਸਤਿਗੁਰੂ ਜੀ ਪਾਲਕੀ ਵਿਚ ਚੜ੍ਹ ਗਏ ਤੇ ਵੱਡੇ ਗੁਣਾਂ ਵਾਲੇ ਗੁਰੂ ਜੀ ਰਸਤੇ ਪੈ ਗਏ। ਸ੍ਰੀ ਹਰੀ ਚੰਦ ਆਪਣੀ ਪੁੱਤਰੀ ਨਾਨਕੀ ਨੂੰ ਮਿਲੇ ਤੇ ਦੋਹਤੇ ਸ੍ਰੀ ਤੇਗ ਬਹਾਦਰ ਦੇ ਮੱਥੇ ਤੇ ਹੱਥ ਫੇਰਿਆ॥੧੧॥

ਤ੍ਰੈ ਗੁਰ ਮਹਿਲਾਂ ਸੋਂ ਨਰ ਨਾਰੀ। ਮਿਲਿ ਮਿਲਿ ਅਖਲ ਬੰਦਨਾਂ ਧਾਰੀ।
ਜਥਾ ਜੋਗ ਕਹਿ ਸੁਨਿ ਕਰਿ ਸਾਰੇ। ਆਪ ਆਪਨੇ ਸਦਨ ਸਿਧਾਰੇ॥ ੧੨॥

ਸਾਰੇ ਇਸਤਰੀ ਪੁਰਸ਼ਾਂ ਨੇ ਗੁਰੂ ਜੀ ਦੇ ਤਿੰਨ ਮਹਿਲਾਂ ਨੂੰ ਮਿਲ-ਮਿਲ ਕੇ ਬੰਦਨਾ ਕੀਤੀ। ਯਥਾ ਯੋਗ ਸਾਰੇ ਸੁਣ ਕੇ, ਆਪਣੇ-ਆਪਣੇ ਘਰਾਂ ਨੂੰ ਚਲੇ ਗਏ॥੧੨॥

ਚਮੂੰ ਸਹਤ ਗੁਰ ਕੀਨਿ ਪਯਾਨਾ। ਦੁੰਦਭਿ ਬਜਜੋ ਕਿ ਘਨ ਗਰਜਾਨਾ।
ਸਗਲ ਕੁਟੰਬ ਸੰਗ ਮੈਂ ਲੀਨਾ। ਸਨੇ ਸਨੇ ਗੁਰ ਚਲਿਬੋ ਕੀਨਾ॥ ੧੩॥

ਸੈਨਾ ਸਮੇਤ ਗੁਰੂ ਜੀ ਚਲ ਪਏ, ਫਿਰ ਨਗਾਰਾ ਇੰਝ ਵਜਿਆ ਜਿਵੇਂ ਬਦਲ ਗੱਜਿਆ ਹੋਵੇ। ਸਾਰੇ ਪਰਿਵਾਰ ਨੂੰ ਆਪਣੇ ਨਾਲ ਲਿਆ ਤੇ ਹੌਲੀ-ਹੌਲੀ ਗੁਰੂ ਜੀ ਅੱਗੇ ਚਲ ਪਏ॥੧੩॥

ਹੁਤੇ ਕੋਸ ਨੌ ਤਾਰਨ ਤਰਨ। ਤੀਰਥ ਪਿਖਜੋ ਪਾਪ ਗਨ ਹਰਨ।
ਪੂਰਬ ਦਿਸ਼ਿ ਕੋ ਡੇਰੇ ਪਾਏ। ਬਰਨ ਬਰਨ ਕੇ ਤੰਬੂ ਲਾਏ ॥ ੧੪॥

ਤਰਨ ਤਾਰਨ ਤੀਰਥ ਨੌਂ ਕੋਹ ਤੇ ਸਥਿਤ ਸੀ, ਪਾਪਾਂ ਨੂੰ ਦੂਰ ਕਰਨ ਵਾਲੇ ਗੁਰੂ ਜੀ ਨੇ ਉਸ ਤੀਰਥ ਨੂੰ ਜਾ ਕੇ ਵੇਖਿਆ। ਤੀਰਥ ਦੇ ਪੂਰਬ ਵਾਲੇ ਪਾਸੇ ਡੇਰੇ ਲਾਏ ਤੇ ਰੰਗ ਬਰੰਗੇ ਤੰਬੂ ਲਾ ਦਿੱਤੇ॥੧੪॥

ਕਰਿ ਬਿਸਰਾਮ ਜਾਮਨੀ ਟਾਰੀ। ਉਠਿ ਸਤਿਗੁਰੂ ਸੋਚ ਕੋ ਧਾਰੀ।
ਕਰਿ ਸ਼ਨਾਨ ਦੇ ਕਰਿ ਧਨ ਦਾਨ। ਸ੍ਰੀ ਅਰਜਨ ਕੋ ਗਏ ਸਥਾਨ॥ ੧੫॥

ਉਥੇ ਵਿਸ਼ਰਾਮ ਕਰਕੇ ਰਾਤ ਗੁਜ਼ਾਰੀ ਤੇ ਸਤਿਗੁਰੂ ਜੀ ਨੇ ਉੱਠ ਕੇ ਸੁੱਚਮ ਕੀਤੀ। ਧਨ ਦਾਨ ਕਰਕੇ ਇਸ਼ਨਾਨ ਕਰਕੇ ਗੁਰੂ ਅਰਜਨ ਦੇਵ ਵਾਲੇ ਸਥਾਨ ਤੇ ਗਏ॥੧੫॥

ਹਾਥ ਜੋਰਿ ਅਰਦਾਸ ਕਰਾਈ। ਕਰਿ ਬੰਦਨ ਸਿਵਕਾ ਮੰਗਵਾਈ।
ਚਢਿ ਕਰਿ ਸਤਿਗੁਰ ਪੰਥ ਪਧਾਰੇ। ਸੰਗ ਚਮੂੰ ਚਲਿ ਬਜਤਿ ਨਗਾਰੇ॥ ੧੬॥

ਫਿਰ ਹੱਥ ਜੋੜ ਕੇ ਅਰਦਾਸ ਕਰਵਾਈ ਤੇ ਬੰਦਨਾ ਕਰਕੇ ਪਾਲਕੀ ਮੰਗਵਾ ਲਈ। ਪਾਲਕੀ ਵਿਚ ਚੜ੍ਹ ਕੇ ਮਾਰਗ ਪੈ ਗਏ ਤੇ ਨਾਲ ਸੈਨਾ ਨਗਾਰੇ ਵਜਾਉਂਦੀ ਚਲ ਪਈ॥੧੬॥

ਅੱਗ੍ਰ ਗ੍ਰਿੰਥ ਸਾਹਿਬ ਅਸਵਾਰੀ। ਚਾਰੁ ਚਮਰ ਢੋਰਤਿ ਦੁਤਿ ਭਾਰੀ।
ਪਾਛੇ ਸਭਿ ਕੁਟੰਬ ਮਗ ਚਾਲਤਿ। ਸ਼ਬਦ ਹੋਤਿ ਬਡ ਹਯ ਪਗ ਡਾਲਤਿ॥੧੭॥

ਸਭ ਤੋਂ ਅੱਗੇ ਸ੍ਰੀ ਗ੍ਰੰਥ ਸਾਹਿਬ ਦੀ ਅਸਵਾਰੀ ਸੀ, ਸੁੰਦਰ ਚੋਰ ਝੁਲਦੇ ਬੜੀ ਸ਼ੋਭਾ ਪਾ ਰਹੇ ਸਨ। ਪਿੱਛੇ ਸਾਰਾ ਪਰਿਵਾਰ ਰਾਹੇ ਰਾਹ ਚਲ ਰਿਹਾ ਸੀ, ਘੋੜਿਆਂ ਦੇ ਪੈਰ ਧਰਨ ਨਾਲ ਬੜੀ ਉੱਚੀ ਆਵਾਜ਼ ਹੋ ਰਹੀ ਸੀ॥੧੭॥

ਗਗਨ ਅਛਾਦਹਿ ਉਡ ਕਰਿ ਧੂਰ। ਮੰਦ ਤੇਜ ਤਿਸਤੇ ਹੁਇ ਸੂਰ।
ਚਲਤਿ ਬਾਹਨੀ ਪੰਕਤਿ ਕਰੈ। ਗ੍ਰਾਮ ਪੰਥ ਮਹਿਂ ਤ੍ਰਿਨ ਕ੍ਰਿਖ ਦਰੈ॥ ੧੮॥

ਧੂੜ ਨੇ ਉੱਡ ਕੇ ਅਕਾਸ਼ ਨੂੰ ਢੱਕ ਲਿਆ ਸੀ, ਜਿਸ ਕਰਕੇ ਸੂਰਜ ਦਾ ਤੇਜ ਮੱਠਾ ਪੈ ਗਿਆ। ਸਾਰੀ ਫੌਜ ਲਾਈਨ ਬੰਨ੍ਹ ਕੇ ਚਲ ਰਹੀ ਸੀ, ਕਿਉਂਕਿ ਗੁਰੂ ਜੀ ਨੇ ਫੌਜ ਨੂੰ ਮਸ਼ਕ ਕਰਾ ਕੇ ਲਾਇਨ ਵਿਚ ਤੁਰਨਾ ਸਿਖਾਇਆ ਸੀ। ਇਕੱਠੇ ਚਲਣ ਨਾਲ ਰਸਤੇ ਵਿਚ ਆਉਣ ਵਾਲੇ ਪਿੰਡਾਂ ਦੀ ਖੇਤੀ ਟੁੱਟ-ਭੱਜ ਜਾਂਦੀ ਹੈ॥੧੮॥

ਤ੍ਰਿਣ ਕਾਸ਼ਟ ਛੀਨਹਿਂ ਜਹਿਂ ਡੇਰਾ। ਪਿਖਹਿਂ ਲੋਕ ਰਿਸ ਧਰਹਿਂ ਘਨੇਰਾ।
ਪ੍ਰਜਾ ਕਿਧੌਂ ਹਾਕਮ ਸਹਿ ਸੈਨਾ। ਜੋ ਬੇਮੁਖ ਮਹਿਮਾ ਸਮੁਝੈਂ ਨਾਂ॥ ੧੯॥

ਜਿਥੇ ਡੇਰਾ ਲਾਉਂਦੇ ਸਨ, ਉਥੋਂ ਘਾਹ ਤੇ ਲਕੜੀ ਲੈ ਲੈਂਦੇ ਸਨ, ਲੋਕ ਵੇਖ ਕੇ ਬੜਾ ਰੋਸ ਧਾਰਨ ਕਰਦੇ ਸਨ। ਪਰਜਾ ਜਾਂ ਹਾਕਮ ਸਹਿਤ ਸੈਨਾ, ਜਿਹੜੇ ਬੇਮੁੱਖ ਹਨ ਉਹ ਮਹਿਮਾ ਨੂੰ ਸਮਝਦੇ ਨਹੀਂ ਹਨ॥੧੯॥

ਸੋ ਖੁਨਸਾਹਿਂ ਜਰੈਂ, ਨਹਿਂ ਜਰੈਂ। ਮਨਹੁਂ ਉਖਾਰਤਿ ਹੈਂ ਨਿਜ ਜਰੈਂ।
ਪਿਖਹਿਂ ਪ੍ਰਤਾਪ ਮਹਾਂ ਬਲ ਵਾਰੇ। ਕਹਹਿਂ 'ਕਿ ਇਨ ਸ਼ੱਤ੍ਰੂ ਗਨ ਮਾਰੇ॥੨੦॥

ਉਹ ਰੋਸ ਕਰਕੇ ਸੜਦੇ ਹਨ, ਬਰਦਾਸ਼ਤ ਨਹੀਂ ਕਰਦੇ, ਮਾਨੋਂ ਉਹ ਆਪਣੀਆਂ ਜੜ੍ਹਾਂ ਉਖਾੜ ਰਹੇ ਹਨ। ਜਦ ਮਹਾਨ ਸ਼ਕਤੀ ਵਾਲੇ ਪ੍ਰਤਾਪ ਨੂੰ ਵੇਖਦੇ ਸਨ ਤਾਂ ਕਹਿੰਦੇ ਹਨ, "ਇਨ੍ਹਾਂ ਨੇ ਬਹੁਤ ਵੈਰੀਆਂ ਨੂੰ ਮਾਰਿਆ ਹੈ॥੨੦॥

ਅਰੁ ਜੋ ਅਰਹਿਂ ਚਹਹਿਂ ਸਮਤਾਈ। ਤੂਰਨ ਜਮ ਘਰ ਦੇਤਿ ਪਠਾਈ।
ਸ਼ਾਹੁ ਜਹਾਂ ਤੇ ਤ੍ਰਾਸ ਨ ਧਰੈਂ। ਸੈਨ ਅਸੰਖਨ ਸੋਂ ਲਰਿ ਪਰੈਂ॥ ੨੧॥

ਅਤੇ ਜਿਹੜਾ ਅੜਦਾ ਹੈ ਅਤੇ ਬਰਾਬਰੀ ਚਾਹੁੰਦਾ ਹੈ, ਉਸ ਨੂੰ ਤੁਰਤ ਜਮ ਘਰ ਭੇਜ ਦਿੰਦੇ ਹਨ। ਬਾਦਸ਼ਾਹ ਸ਼ਾਹ ਜਹਾਨ ਤੋਂ ਵੀ ਨਹੀਂ ਡਰਦੇ ਹਨ, ਅਸੰਖਾਂ ਦੀ ਸੈਨਾ ਨਾਲ ਲੜ ਪੈਂਦੇ ਹਨ॥੨੧॥

ਸਪਤ ਹਜ਼ਾਰ ਹਤੇ ਇਕ ਬਾਰੀ। ਪੁਨਹ ਦੁਗਨ ਇਸ ਤੇ ਸੰਘਾਰੀ।
ਟਰਜੋ ਸ਼ਾਹੁ ਰਣ ਤੇ ਧਰਿ ਸ਼ੰਕਾ। ਇਹ ਨਹਿਂ ਮਿਟਜੋ ਬੀਰ ਬਰ ਬੰਕਾ॥੨੨॥

ਇਕ ਵਾਰੀ ਸਤ ਹਜ਼ਾਰ ਮਾਰੇ ਸਨ, ਫਿਰ ਉਸ ਤੋਂ ਵੀ ਦੂਣਿਆਂ ਨੂੰ ਮਾਰਿਆ। ਬਾਦਸ਼ਾਹ ਸ਼ੰਕਾ ਧਾਰ ਕੇ ਲੜਾਈ ਕਰਨ ਤੋਂ ਹੱਟ ਗਿਆ, ਪਰ ਸ੍ਰੇਸ਼ਟ ਬਾਂਕਾ ਵੀਰ ਸ੍ਰੀ ਹਰਿਗੋਬਿੰਦ ਉਸ ਪਾਸੋਂ ਖਤਮ ਨਾ ਹੋ ਸਕਿਆ॥੨੨॥

ਪ੍ਰਥਮ ਪੰਚ ਗੁਰ ਸ਼ਾਂਤਿ ਸਰੂਪ। ਇਹੁ ਧਰਿ ਸ਼ਸਤ੍ਰ ਭਯੋ ਬਡਿ ਭੂਪ।
ਜੋਧਾ ਮਹਾਂ ਕਰਨਿ ਸੰਗ੍ਰਾਮੂ। ਦੰਡ ਪ੍ਰਚੰਡ ਦੀਹ ਬਲ ਧਾਮੂ॥ ੨੩॥

ਪਹਿਲੇ ਪੰਜ ਗੁਰੂ ਸਾਹਿਬਾਨ ਸ਼ਾਂਤੀ ਸਰੂਪ ਸਨ, ਇਹ ਸ਼ਸਤਰ ਧਾਰ ਕੇ ਵੱਡੇ ਰਾਜੇ ਬਣੇ ਹਨ, ਬੜੇ ਵੱਡੇ ਯੋਧੇ ਹਨ ਤੇ ਮਹਾਨ ਸੰਗ੍ਰਾਮ ਛੇੜਦੇ ਹਨ, ਦੰਡ, ਪ੍ਰਚੰਡ ਤੇ ਬਲ ਦਾ ਘਰ ਹਨ॥੨੩॥

ਡੀਲ ਦਰਾਜ ਨ ਦੂਸਰ ਕੋਈ। ਬਲ ਅਰ ਸ਼ਕਤਿ ਕਹਾਂ ਸਮ ਹੋਈ।
ਸੁੰਦਰ ਮੁਖ ਮੰਡਲ ਦਰਸੰਤਾ। ਦੀਰਘ ਬੀਰਜ ਧੀਰਜਵੰਤਾ'॥ ੨੪॥

ਡੀਲ ਡੋਲ ਬਹੁਤ ਵੱਡੀ ਹੈ, ਇਨ੍ਹਾਂ ਵਰਗਾ ਦੂਸਰਾ ਕੋਈ ਨਹੀਂ ਹੈ। ਬਲ ਅਤੇ ਸ਼ਕਤੀ ਵਿਚ ਇਨ੍ਹਾਂ ਦੀ ਕੌਣ ਸਮਾਨਤਾ ਕਰ ਸਕਦਾ ਹੈ। ਸੁੰਦਰ ਮੁੱਖ ਮੰਡਲ ਦਿਖਾਈ ਦਿੰਦਾ ਹੈ, ਵੱਡੇ ਮਹਾਂਬਲੀ ਅਤੇ ਧੀਰਜਵਾਨ ਹਨ" ॥੨੪॥

ਇੱਤਯਾਦਿਕ ਕਹਿ ਆਪਸ ਮਾਂਹੀ। ਨਿਜ ਘਰ ਦਬਕਹਿਂ ਨਿਕਸਹਿਂ ਨਾਂਹੀ।
'ਚਲਜੋ ਜਾਇਂ ਇਕ ਦਿਨ ਹੀ ਰਹੈਂ'। ਯਾਂਤੇ ਨਹਿਂ ਕਠੋਰ ਕੋ ਕਹੈ॥ ੨੫॥

ਇਤਿਆਦਿ ਸਿਵਤਾਂ ਆਪਸ ਵਿਚ ਕਹਿੰਦੇ ਹਨ, ਆਪਣੇ ਘਰ ਵਿਚ ਹੀ ਦਬਕ ਜਾਂਦੇ ਹਨ, ਬਾਹਰ ਨਹੀਂ ਨਿਕਲਦੇ। "ਇਕ ਦਿਨ ਹੀ ਠਹਿਰਦੇ ਹਨ, ਅਗਲੇ ਦਿਨ ਚਲੇ ਜਾਂਦੇ ਹਨ।" ਇਸ ਕਰਕੇ ਕੋਈ ਕਠੋਰ ਬਚਨ ਨਹੀਂ ਕਰਦਾ ਹੈ॥੨੫॥

ਹੁਇ ਨੁਕਸਾਨ ਸਸ ਸਹਿ ਲੇਤਿ। ਨਹਿਂ ਬਿਗਰਹਿਂ ਸਮੁਝਹਿਂ ਮ੍ਰਿਤੁ ਹੇਤੁ।
ਇਸ ਪ੍ਰਕਾਰ ਗਮਨਤਿ ਸਹਿ ਸੈਨਾ। ਮਗ ਮਹਿਂ ਬਸੇ ਚਲਤਿ ਦੁਇ ਰੈਨਾ॥੨੬॥

ਜੇ ਨੁਕਸਾਨ ਹੋਵੇ ਤਾਂ ਆਪਣੇ ਸਿਰ ਤੇ ਸਹਿ ਲੈਂਦੇ ਹਨ, ਵਿਗੜਦੇ ਨਹੀਂ ਸਮਝ ਲੈਂਦੇ ਹਨ ਕਿ ਮੌਤ ਹੋ ਸਕਦੀ ਹੈ। ਇਸ ਪ੍ਰਕਾਰ ਗੁਰੂ ਜੀ ਸੈਨਾ ਸਹਿਤ ਜਾ ਰਹੇ ਸਨ। ਰਾਹ ਵਿਚ ਦੋ ਰਾਤਾਂ ਠਹਿਰੇ॥੨੬॥

ਪ੍ਰਥਮ ਪਾਇ ਸੁਧਿ ਸਾਂਈ ਦਾਸ। ਇਤ ਆਗਮਨ ਭਯੋ ਸੁਖਰਾਸ।
ਚਮੂੰ ਸਰਬ ਪਰਿਵਾਰ ਸਮੇਤ। ਨਿਕਟਿ ਪਹੂੰਚੇ ਕ੍ਰਿਪਾ ਨਿਕੇਤ॥ ੨੭॥

ਪਹਿਲਾਂ ਭਾਈ ਸਾਂਈਂ ਦਾਸ ਨੂੰ ਅਗਾਊਂ ਖਬਰ ਭੇਜ ਦਿੱਤੀ ਕਿ ਸੁੱਖਾਂ ਦੀ ਰਾਸ ਭਾਵ ਗੁਰੂ ਹਰਿਗੋਬਿੰਦ ਜੀ ਏਧਰ ਆ ਰਹੇ ਹਨ, ਫੌਜ ਅਤੇ ਪਰਿਵਾਰ ਸਮੇਤ ਕਿਰਪਾ ਦੇ ਘਰ ਭਾਵ ਗੁਰੂ ਜੀ ਨੇੜੇ ਹੀ ਪਹੁੰਚ ਗਏ ਹਨ॥੨੭॥

ਲੇ ਨਰ ਸੰਗ ਆਇ ਅਗੁਵਾਈ। ਬਿਕਸਜੋ ਸਦਨ ਅਨੰਦ ਸਮੁਦਾਈ।
ਸਰਦ ਇੰਦ ਹਰਿ ਗੋਵਿੰਦ ਓਰਾ। ਕਰਜੋ ਚਕੋਰਨ ਕੋ ਦ੍ਰਿਗ ਜੋਰਾ॥ ੨੮॥

ਭਾਈ ਸਾਂਈਂ ਦਾਸ ਮਨੁੱਖਾਂ ਨੂੰ ਨਾਲ ਲੈ ਕੇ ਅੱਗੇ ਹੋ ਕੇ ਲੈਣ ਆਇਆ। ਸਾਂਈਂ ਦਾਸ ਦਾ ਸਾਰਾ ਘਰ ਅਨੰਦ ਨਾਲ ਖਿੜ ਉਠਿਆ, ਸਰਦ ਰੁੱਤ ਦੇ ਚੰਦ੍ਰਮਾਂ ਸ੍ਰੀ ਹਰਿਗੋਬਿੰਦ ਵੱਲ ਚਕੋਰਾਂ ਨੇ ਨੇਤ੍ਰਾਂ ਦਾ ਜੋੜਾ ਕਰ ਲਿਆ॥੨੮॥

ਨਮੋ ਗ੍ਰਿੰਥ ਜੀ ਕਰਿ ਧਰਿ ਭਾਵਾ। ਪਿਖਿ ਚਰਣਾਰਬਿੰਦ ਉਤਲਾਵਾ।
ਗਹਿ ਰਕਾਬ ਕੋ ਸਿਰ ਪਰ ਧਾਰੇ। ਅਨੰਦ ਨੀਰ ਲੋਚਨ ਕੋ ਡਾਰੇ॥ ੨੯॥

ਪ੍ਰੇਮ ਧਾਰ ਕੇ ਗੁਰੂ ਗ੍ਰੰਥ ਜੀ ਨੂੰ ਨਮਸਕਾਰ ਕਰਕੇ ਗੁਰੂ ਜੀ ਦੇ ਚਰਣ-ਕੰਵਲਾਂ ਨੂੰ ਬੜੇ ਉਤਾਵਲੇ ਹੋ ਕੇ ਵੇਖਿਆ। ਰਕਾਬ ਨੂੰ ਫੜ ਕੇ ਸਿਰ ਤੇ ਧਾਰਨ ਕੀਤਾ ਤੇ ਅਨੰਦ ਵਿਚ ਭਰ ਕੇ ਨੈਣਾਂ ਵਿਚੋਂ ਨੀਰ ਡੇਗਿਆ॥੨੯॥

ਜਨੁ ਸਨੇਹ ਅਰੁ ਆਤਮ ਗਜਾਨਾ। ਚਿਰ ਕੇ ਬਿਛੁਰੇ ਕੀਨਿ ਮਿਲਾਨਾ।
ਸਤਿਗੁਰ ਬੂਝੀ ਕੁਸ਼ਲ ਬਤਾਈ। ਡੇਰਾ ਕਰਜੋ ਸੁਭਟ ਸਮੁਦਾਈ॥ ੩੦॥

ਮਾਨੋਂ ਸਨੇਹ ਅਤੇ ਆਤਮ ਗਿਆਨ, ਜਿਹੜੇ ਬੜੇ ਚਿਰ ਦੇ ਵਿਛੜੇ ਸਨ, ਉਨ੍ਹਾਂ ਦਾ ਮੇਲ ਹੋਇਆ ਜੀ। ਸਤਿਗੁਰੂ ਜੀ ਨੇ ਸੁਖ ਸਾਂਦ ਪੁੱਛੀ ਤੇ ਦੱਸੀ। ਸਾਰੇ ਸੂਰਬੀਰਾਂ ਦਾ ਡੇਰਾ ਕਰਵਾਇਆ॥੩੦॥

ਤੀਨਹੁੰ ਗੁਰ ਪਤਨੀ ਜਬਿ ਦੇਖੀ। ਪਰਜੋ ਪਾਇ ਧਰਿ ਭਾਉ ਵਿਸ਼ੇਖੀ।
ਅਪਰ ਸਗਲ ਗੁਰ ਕੇਰ ਨ ਜੀਕੀ। ਮਿਲਜੋ ਤਬਹਿ ਪੂਰੀ ਇਛ ਜੀਕੀ॥ ੩੧॥

ਜਦ ਗੁਰੂ ਜੀ ਦੀਆਂ ਤਿੰਨੇ ਪਤਨੀਆਂ ਵੇਖੀਆਂ, ਤਾਂ ਬਹੁਤ ਪ੍ਰੇਮ ਧਾਰ ਕੇ ਪੈਰੀਂ ਪੈ ਗਿਆ। ਹੋਰ ਸਾਰੇ ਗੁਰੂ ਜੀ ਦੇ ਨਜ਼ਦੀਕੀ, ਗੁਰੂ ਜੀ ਨੂੰ ਮਿਲੇ ਤੇ ਉਨ੍ਹਾਂ ਨੇ ਆਪਣੇ ਮਨ ਦੀਆਂ ਇੱਛਾਵਾਂ ਪੂਰੀਆਂ ਕੀਤੀਆਂ॥੩੧॥

ਤਿਮ ਰਾਮੋ ਮਿਲਿ ਮਸਤਕ ਟੇਕਾ। ਸਭਿ ਕੁਟੰਬ ਸਹਿ ਜਲਧਿ ਬਿਬੇਕਾ।
ਸੁੰਦਰ ਗਨ ਪਰਯੰਕ ਡਸਾਏ। ਊਜਲ ਆਸਤਰਨ ਸੋਂ ਛਾਏ॥ ੩੨॥

ਫਿਰ ਬੀਬੀ ਰਾਮੋ ਨੇ ਮਿਲਕੇ ਮੱਥਾ ਟੇਕਿਆ, ਗਿਆਨ ਦੇ ਸਾਗਰ ਭਾਵ ਸ੍ਰੀ ਗੁਰੂ ਹਰਿਗੋਬਿੰਦ ਸਹਿਤ ਸਾਰੇ ਪਰਿਵਾਰ ਵਾਸਤੇ ਸੁੰਦਰ ਪਲੰਘ ਡੁਹਾਏ ਤੇ ਉਨ੍ਹਾਂ ਉਤੇ ਸੁੰਦਰ ਬਿਸਤਰੇ ਵਿਛਾ ਦਿੱਤੇ॥੩੨॥

ਸੁੰਦਰ ਮੰਦਿਰ ਅੰਦਰ ਥਿਰੇ। ਸੈਨਾ ਵਹਿਰ ਸਿਵਰ ਬਹੁ ਕਰੇ।
ਤੰਬੂ ਸ਼ਮਿਯਾਨੇ ਬਹੁ ਤਾਨੇ। ਗਾਡਜੋ ਝੰਡਾ ਊਚ ਮਹਾਨੇ॥ ੩੩॥

ਸੁੰਦਰ ਘਰ ਦੇ ਅੰਦਰ ਠਹਿਰ ਗਏ, ਸੈਨਾ ਵਾਸਤੇ ਬਾਹਰ ਬਹੁਤ ਖੇਮੇ ਲਵਾਏ। ਤੰਬੂ ਸ਼ਾਮਿਆਨੇ ਬਹੁਤ ਤਾਣ ਦਿੱਤੇ ਤੇ ਬੜਾ ਉੱਚਾ ਝੰਡਾ ਗੱਡ ਦਿੱਤਾ॥੩੩॥

ਜਥਾਜੋਗ ਉਤਰੇ ਸਮੁਦਾਯਾ। ਆਦਿ ਮਸੰਦਨ ਚਮੂੰ ਨਿਕਾਯਾ।
ਜਥਾ ਸ਼ਕਤਿ ਦੰਪਤੀ ਹੁਲਾਸ। ਸੇਵਤਿ ਰਾਮੋ ਸਾਂਈਦਾਸ॥ ੩੪॥

ਸਾਰਿਆਂ ਨੇ ਯਥਾਯੋਗ ਉਤਾਰਾ ਕੀਤਾ, ਮਸੰਦ ਆਦਿ ਸਮੇਤ ਸਾਰੀ ਸੈਨਾ ਦਾ ਉਤਾਰਾ ਕਰਵਾਇਆ ਗਿਆ। ਯਥਾ ਸ਼ਕਤੀ ਬੀਬੀ ਰਾਮੋ ਅਤੇ ਸਾਈਂ ਦਾਸ ਬੜੇ ਪ੍ਰਸੰਨ ਹੋ ਕੇ ਸੇਵਾ ਕਰ ਰਹੇ ਸਨ॥੩੪॥

ਅਧਿਕ ਪ੍ਰੇਮ ਤੇ ਅਸਨ ਬਨਾਯੋ। ਬੈਠਿ ਨਿਕਟਿ ਧਰਿ ਭਾਉ ਅਚਾਯੋ।
ਤਥਾ ਗੁਰੂ ਕੇ ਨੰਦਨ ਸਾਰੇ। ਧਰਿ ਅਨੰਦ ਅਚਵਾਇ ਅਹਾਰੇ॥ ੩੫॥

ਬੜੇ ਪ੍ਰੇਮ ਨਾਲ ਭੋਜਨ ਤਿਆਰ ਕੀਤਾ, ਤੇ ਪਾਸ ਬੈਠ ਕੇ ਪ੍ਰੇਮ ਧਾਰਨ ਕਰਕੇ ਛਕਾਇਆ, ਫਿਰ ਗੁਰੂ ਜੀ ਦੇ ਸਾਰੇ ਪੁੱਤਰਾਂ ਨੂੰ ਅਨੰਦ ਧਾਰਨ ਕਰਕੇ ਭੋਜਨ ਖਵਾਏ॥੩੫॥

ਪੁਨ ਰਾਮੋ ਪ੍ਰੀਤੀ ਬਡ ਧਾਰੀ। ਅਚਿ ਦਮੋਦਰੀ ਆਦਿਕ ਸਾਰੀ।
ਕਹਜੋ ਗੁਰੂ 'ਸੁਨਿ ਸਾਂਈਦਾਸ !। ਤੋਹਿ ਪ੍ਰੇਮ ਨੇ ਆਨੇ ਪਾਸ॥ ੩੬॥

ਫਿਰ ਬੀਬੀ ਰਾਮੋ ਨੇ ਵੱਡੀ ਪ੍ਰੀਤ ਧਾਰਨ ਕੀਤੀ, ਮਾਤਾ ਦਮੋਦਰੀ ਆਦਿ ਵੀ ਜਦ ਪ੍ਰਸ਼ਾਦਿ ਛੱਕ ਲਿਆ ਤਾਂ ਗੁਰੂ ਜੀ ਕਿਹਾ, 'ਹੇ ਸਾਂਈਂ ਦਾਸ! ਸੁਣੋ, ਤੁਹਾਡੇ ਪ੍ਰੇਮ ਨੇ ਸਾਨੂੰ ਤੁਹਾਡੇ ਪਾਸ ਲਿਆਂਦਾ ਹੈ॥੩੬॥

ਨਿਤ ਚਿਤ ਸਿਮਰਤਿ ਹਾਥਨ ਜੋਰਿ। ਕਰਤਿ ਰਹਜੋ ਦਰਸ਼ਨ ਕੀ ਲੋਰ।
ਯਾਂਤੇ ਪਠਿ ਕਰਿ ਤੁਵ ਅਰਦਾਸ। ਕਰਿ ਤਯਾਰੀ ਆਏ ਪੁਰਿ ਆਸੁ' ॥ ੩੭॥

ਨਿਤ ਹੱਥ ਜੋੜ ਕੇ ਚਿੱਤ ਵਿਚ ਸਿਮਰਨ ਕਰਦੇ ਹੋ ਤੇ ਦਰਸ਼ਨਾਂ ਦੀ ਸਦਾ ਚਾਹਤ ਕਰਦੇ ਰਹੇ ਹੋ, ਇਸ ਕਰਕੇ ਤੁਹਾਡੀ ਬੇਨਤੀ ਪੜ੍ਹ ਕੇ, ਤਿਆਰੀ ਕਰਕੇ ਤੁਹਾਡੀ ਆਸ ਪੂਰੀ ਕਰਨ ਆਏ ਹਾਂ' ॥੩੭॥

ਸਾਂਈਦਾਸ ਕਹਜੋ ਧਰਿ ਭਾਉ। 'ਇਹੀ ਆਪ ਕੋ ਸਹਜ ਸੁਭਾਉ।
ਰਾਜ ਸਮਾਜ ਦਰਬ ਨਹਿਂ ਹੇਰੋ। ਲਖਹੁ ਨ ਸਾਕ ਸਬੰਧ ਬਡੇਰੋ॥ ੩੮॥

ਭਾਈ ਸਾਂਈਂ ਦਾਸ ਨੇ ਪ੍ਰੇਮ ਧਾਰਨ ਕਰਕੇ ਕਿਹਾ, "ਇਹੀ ਆਪ ਜੀ ਦਾ ਸਹਿਜ ਸੁਭਾਅ ਹੈ, ਰਾਜ, ਸਾਜ਼ੋ-ਸਾਮਾਨ, ਧਨ ਨਹੀਂ ਵੇਖਦੇ ਹੋ ਅਤੇ ਨਾ ਹੀ ਵਡੇਰੇ ਸਾਕ ਸੰਬੰਧੀ ਨੂੰ ਸਮਝਦੇ ਹੋ॥੩੮॥

ਜਹਾਂ ਪ੍ਰੇਮ ਕੋ ਚਿਤਹੁ ਗੁਸਾਈਂ !। ਸਭਿ ਤਜਾਗਹੁ ਤਹਿਂ ਪਹੁੰਚਹੁ ਜਾਈ।
ਰਾਜ ਸਮਾਜ ਛੋਡਿ ਕੁਰੁਰਾਈ। ਜਾਇ ਬਿਦਰ ਕੇ ਨਿਸਾ ਬਿਤਾਈ॥ ੩੯॥

ਹੇ ਮਾਲਕ! ਜਿੱਥੇ ਪ੍ਰੇਮ ਨੂੰ ਵੇਖਦੇ ਹੋ ਤਾਂ ਉਥੇ ਸਭ ਕੁਝ ਤਿਆਗ ਕੇ ਪਹੁੰਚ ਜਾਂਦੇ ਹੋ, ਤੁਸੀਂ ਕੌਰਵਾਂ ਦੇ ਰਾਜ ਸਮਾਜ ਅਤੇ ਸ਼ਾਨੋ-ਸ਼ੌਕਤ ਨੂੰ ਛੱਡ ਕੇ ਰਾਤ ਜਾ ਕੇ ਸੇਵਕ ਬਿਦਰ ਦੇ ਘਰ ਬਤੀਤ ਕੀਤੀ ਸੀ॥੩੯॥

ਦਿਜਬਰ ਪੰਡਿਤ ਗੁਨਿ ਗਨ ਵਾਨੇ। ਬਿਨਾਂ ਪ੍ਰੇਮ ਸੇ ਤਜਾਗੇ ਸਜਾਨੇ।
ਸੂਦ੍ਰ ਭਗਤ ਕੇ ਸੰਗ ਫਿਰੰਤੇ। ਬਿਦਤਿ ਜਗਤ ਮਹਿਂ ਨਹੀਂ ਛਪੰਤੇ॥ ੪੦॥

ਬ੍ਰਾਹਮਣ ਪੰਡਿਤ ਜਿਹੜੇ ਸਾਰੇ ਗੁਣਾਂ ਨਾਲ ਭਰਪੂਰ ਸਨ, ਪ੍ਰੇਮ ਰਹਿਤ ਹੋਣ ਕਰਕੇ ਤੁਸੀਂ ਉਨ੍ਹਾਂ ਸਭ ਦਾਨਸ਼ਵਰਾਂ ਨੂੰ ਤਿਆਗ ਦਿੱਤਾ। ਸ਼ੂਦਰ ਭਗਤ ਨਾਲ ਫਿਰਦੇ ਸੀ, ਇਹ ਸਾਰੇ ਜੱਗ ਵਿਚ ਪ੍ਰਗਟ ਹੈ, ਛੁਪ ਨਹੀਂ ਸਕਦਾ॥੪੦॥

ਬਸਿ ਦਾਸਨ ਕੇ ਸਦਾ ਗੁਸਾਈਂ ! ਤੁਮਰੀ ਕ੍ਰਿਤ ਤੁਮ ਕੋ ਬਨਿਆਈ।
ਅਪਰ ਨਹੀਂ ਸਮਤਾ ਕੋ ਧਰੈ। ਬਸ ਦੀਨਨਿ ਕੇ ਨਿਤ ਅਨੁਸਰੈਂ ॥ ੪੧॥

ਹੇ ਮਾਲਕ ਜੀ! ਤੁਸੀਂ ਸਦਾ ਹੀ ਦਾਸਾਂ ਦੇ ਵੱਸ ਹੋ, ਤੁਹਾਡੀ ਕ੍ਰਿਤ ਤੁਹਾਨੂੰ ਹੀ ਬਣ ਆਈ ਹੈ, ਤੁਹਾਡੀ ਬਰਾਬਰੀ ਹੋਰ ਕੋਈ ਨਹੀਂ ਕਰ ਸਕਦਾ ਹੈ। ਤੁਸੀਂ ਸਦਾ ਗਰੀਬਾਂ ਦੇ ਵੱਸ ਹੋ ਤੇ ਉਨ੍ਹਾਂ ਦੇ ਅਨੁਸਾਰ ਹੋ ਕੇ ਰਹਿੰਦੇ ਹੋ॥੪੧॥

ਰਹਤਿ ਭਏ ਸਤਿਗੁਰ ਮਹਾਰਾਜ। ਸਦਾ ਸੁਧਾਰਹਿਂ ਸਿੱਖਨ ਕਾਜ।
ਕਬਿ ਕਬਿ ਵਹਿਰ ਅਖੇਰ ਸਿਧਾਵੈ। ਕਬਹੁੰ ਬੈਠਿ ਕਰਿ ਸਭਾ ਲਗਾਵੈਂ॥੪੨॥

ਸਤਿਗੁਰੂ ਜੀ ਡਰੋਲੀ ਨਗਰ ਵਿਚ ਰਹਿ ਰਹੇ ਸਨ ਤੇ ਸਦਾ ਹੀ ਸਿੱਖਾਂ ਦੇ ਕਾਰਜ ਸੁਧਾਰਦੇ ਸਨ। ਕਦੀ-ਕਦੀ ਬਾਹਰ ਸ਼ਿਕਾਰ ਖੇਡਣ ਜਾਂਦੇ ਸਨ ਤੇ ਕਦੀ ਬੈਠ ਕੇ ਦੀਵਾਨ ਲਾਉਂਦੇ ਸਨ॥੪੨॥

ਬਹੁਰ ਵਿਸੋਏ ਕਾ ਭਰਿ ਮੇਲਾ। ਸੁਨਿ ਸੁਧਿ ਗੁਰ ਕੀ ਭਯੋ ਸਕੇਲਾ।
ਬਹੁ ਉਪਹਾਰਨ ਆਨਿ ਚਢਾਵੈਂ। ਬੰਦਹਿਂ ਚਰਨ ਦਰਸ ਕੋ ਪਾਵੈਂ॥ ੪੩॥

ਫਿਰ ਵਿਸਾਖੀ ਦਾ ਵੱਡਾ ਮੇਲਾ ਭਰ ਗਿਆ, ਗੁਰੂ ਜੀ ਬਾਰੇ ਖਬਰ ਮਿਲਣ ਨਾਲ ਬਹੁਤ ਦੁਨੀਆਂ ਇਕੱਠੀ ਹੋ ਗਈ। ਬਹੁਤ ਉਪਹਾਰ ਲਿਆ ਕੇ ਚੜ੍ਹਾਉਂਦੇ ਸਨ ਤੇ ਹੱਥ ਜੋੜ ਕੇ ਬੰਦਨਾ ਕਰਕੇ ਦਰਸ਼ਨ ਪਾਉਂਦੇ ਸਨ॥੪੩॥

ਗੁਰ ਢਿਗ ਬਸਹਿਂ ਲਾਭ ਕੋ ਜਾਨੈਂ। ਦਰਸਹਿਂ ਅਪਨਿ ਕ੍ਰਿਤਾਰਥ ਮਾਨੈਂ।
ਅਨਗਨ ਵਸਤੁ ਅਰਪਹਿਂ ਆਇ। ਨਰ ਨਾਰੀ ਹੋਏ ਸਮੁਦਾਇ॥ ੪੪॥

ਗੁਰੂ ਜੀ ਪਾਸ ਰਹਿ ਕੇ ਆਪਣੇ ਲਾਭ ਨੂੰ ਜਾਣਦੇ ਸਨ, ਗੁਰੂ ਜੀ ਦੇ ਦਰਸ਼ਨ ਕਰਕੇ ਆਪਣਾ ਕ੍ਰਿਤਾਰਥ ਮੰਨਦੇ ਸਨ। ਅਣਗਿਣਤ ਵਸਤੂਆਂ ਲਿਆ ਕੇ ਅਰਪਣ ਕਰਦੇ ਸਨ, ਬਹੁਤ ਇਸਤਰੀ ਮਨੁੱਖ ਆ ਕੇ ਇਕੱਠੇ ਹੁੰਦੇ ਸਨ॥੪੪॥

ਮਨੋ ਕਾਮਨਾ ਪਾਇ ਸਿਧਾਰੇ। ਨਿਸਾ ਤੀਨ ਗੁਰ ਨਿਕਟਿ ਗੁਜ਼ਾਰੇ।
ਸੁਜਸੁ ਕਰਤਿ ਅਪਨੇ ਗ੍ਰਿਹ ਗਏ। ਸਤਿਗੁਰ ਤਹਾਂ ਬਿਰਾਜਤਿ ਭਏ॥ ੪੫॥

ਆਪਣੀਆਂ ਮਨੋਂਕਾਮਨਾਵਾਂ ਪਾ ਕੇ ਚਲੇ ਜਾਂਦੇ ਸਨ, ਤਿੰਨ ਰਾਤਾਂ ਗੁਰੂ ਜੀ ਪਾਸ ਗੁਜ਼ਾਰੀਆਂ। ਸ੍ਰੇਸ਼ਟ ਜਸ ਕਰਦੇ ਆਪਣੇ ਘਰ ਗਏ ਸਤਿਗੁਰੂ ਜੀ ਉਥੇ ਹੀ ਬਿਰਾਜਤ ਸਨ॥੪੫॥

*ਸੱਤਵੀਂ ਰਾਸ ਦਾ ਸਤਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੭॥*

## ਅਧਿਆਇ ਅਠਾਰ੍ਹਵਾਂ

*ਵੱਡੇ ਘਰ, ਭਾਈ ਸਾਦਾ ਸਾਧੂ*

ਦੋਹਰਾ-ਬਸਤਿ ਡਰੋਲੀ ਗ੍ਰਾਮ ਮਹਿਂ ਕੀਨੇ ਅਨਿਕ ਬਿਲਾਸ।
ਏਕ ਗਾਥ ਹੋਈ ਜਥਾ ਸੁਨਹੁਂ ਤਥਾ ਸੁਖਰਾਸ॥ ੧॥

ਡਰੋਲੀ ਪਿੰਡ ਵਿਚ ਰਹਿ ਕੇ ਗੁਰੂ ਜੀ ਨੇ ਅਨੇਕ ਪ੍ਰਕਾਰ ਦੇ ਅਨੰਦ ਵਿਲਾਸ ਕੀਤੇ। ਇਕ ਉਥੇ ਗਾਥਾ ਹੋਈ, ਉਸ ਨੂੰ ਉਸ ਤਰ੍ਹਾਂ ਹੀ ਸੁਣੋ ਜਿਵੇਂ ਸੁਖਾਂ ਦੀ ਰਾਸ ਕਥਾ ਵਾਪਰੀ॥੧॥

ਘਰ ਵੱਡੇ ਇਕ ਗ੍ਰਾਮ ਮਹਿਂ ਗੁਰ ਸਿਖ ਬਸਹਿ ਤਿਖਾਨ।
ਰਾਮਦਾਸ ਸਤਿਗੁਰੂ ਤੇ ਸਿੱਖੀ ਧਰੀ ਮਹਾਨ॥ ੨॥

'ਵੱਡੇ ਘਰ' ਇਕ ਪਿੰਡ ਵਿਚ, ਇਕ ਗੁਰੂ ਜੀ ਦਾ ਸਿੱਖ ਤਿਖਾਨ ਵੱਸਦਾ ਸੀ। ਉਸ ਨੇ ਗੁਰੂ ਰਾਮਦਾਸ ਜੀ ਤੋਂ ਮਹਾਨ ਸਿੱਖੀ ਧਾਰਨ ਕੀਤੀ ਸੀ॥੨॥

ਚੌਪਈ- ਛਠੇ ਮਾਸ ਦਰਸਨ ਕੋ ਜਾਇ। ਜਥਾ ਸ਼ਕਤਿ ਧਨ ਭੇਟ ਚਢਾਇ।
ਸੁਨਹਿ ਪ੍ਰੇਮ ਕਰਿ ਗੁਰ ਕੀ ਬਾਨੀ। ਧਰਮ ਕਿਰਤ ਕਰਿ ਬਨਹਿ ਸੁ ਦਾਨੀ ॥੩॥

ਛੇ ਮਹੀਨਿਆਂ ਬਾਅਦ ਉਹ ਦਰਸ਼ਨਾਂ ਨੂੰ ਜਾਂਦਾ ਸੀ ਤੇ ਯਥਾ ਸ਼ਕਤੀ ਭੇਟਾ ਚੜ੍ਹਾਉਂਦਾ ਸੀ, ਬੜੇ ਪ੍ਰੇਮ ਨਾਲ ਗੁਰੂ ਜੀ ਦੀ ਬਾਣੀ ਸੁਣਦਾ ਸੀ ਤੇ ਧਰਮ ਦੀ ਕਿਰਤ ਕਰ ਕੇ ਦਾਨ ਦਿੰਦਾ ਸੀ॥੩॥

ਭਉ ਉਰ ਬਿਖੈ ਭਾਉ ਕੋ ਧਾਰੈ। ਸਤਿਗੁਰ ਮਹਿਮਾ ਅਧਿਕ ਉਚਾਰੈ।
ਸ੍ਰੀ ਅਰਜਨ ਕੋ ਸੇਵਤਿ ਰਹਜੋ। ਬਪੁਬਹੁ ਬਰਖਨ ਬਯ ਨਿਰਬਹਜੋ ॥੪॥

ਹਿਰਦੇ ਵਿਚ ਭੈ ਅਤੇ ਪ੍ਰੇਮ ਨੂੰ ਧਾਰਨ ਕਰਦਾ ਸੀ ਤੇ ਸਤਿਗੁਰੂ ਜੀ ਦੀ ਮਹਿਮਾ ਬਹੁਤ ਉਚਾਰਨ ਕਰਦਾ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੇਵਾ ਕਰਦਾ ਰਿਹਾ ਸੀ। ਸਰੀਰ ਦੀ ਉਮਰ ਬਹੁਤ ਸਾਲਾਂ ਦੀ ਹੋ ਗਈ ਸੀ॥੪॥

'ਆਕਲ' ਕਹਹਿਂ ਤਾਂਹਿ ਕੋ ਨਾਮੂ। ਮਨ ਕੋ ਗੁਰਮਤ ਮਹਿਂ ਬਿਸਰਾਮੂ।
ਤਿਸ ਕੇ ਗ੍ਰਿਹ ਨਿਪਜੀ ਇਕ ਕੰਨਜਾਂ। ਪੂਰਬ ਜਨਮ ਪੁੰਨ ਕੀ ਧੰਨਜਾ ॥੫॥

ਉਸ ਦਾ ਨਾਂ 'ਆਕਲ' ਕਹਿੰਦੇ ਸਨ, ਉਹ ਸਦਾ ਆਪਣੇ ਮਨ ਨੂੰ ਗੁਰਮਤ ਵਿਚ ਟਿਕਾ ਕੇ ਰੱਖਦਾ ਸੀ। ਉਸ ਦੇ ਘਰ ਇਕ ਕੰਨਿਆ ਪੈਦਾ ਹੋਈ ਜਿਹੜੀ ਪਿਛਲੇ ਜਨਮ ਵਿਚ ਪੁੰਨ ਕਰਕੇ ਧੰਨ ਹੋ ਗਈ ਸੀ॥੫॥

ਸਪਤ ਬਰਖ ਜਬਿ ਆਕੁਲ ਜਾਨੀ। 'ਕਿਤ ਸਨਬੰਧ ਕਰੌਂ' ਮਨ ਠਾਨੀ।
ਦਿਜ ਬੁਲਾਇ ਕਰਿ ਦਯੋ ਪਠਾਈ। 'ਕਰਿ ਸ਼ੁਭ ਥਲ ਮਮ ਸੁਤਾ ਸਗਾਈ' ॥੬॥

ਜਦ ਭਾਈ ਆਕਲ ਨੇ ਇਹ ਸਮਝਿਆ ਕਿ ਉਹ ਸੱਤ ਸਾਲ ਦੀ ਹੋ ਗਈ ਹੈ ਤਾਂ ਉਸ ਮਨ ਵਿਚ ਵਿਚਾਰ ਕੀਤੀ ਕਿ ਇਸ ਦਾ ਕਿਤੇ ਰਿਸ਼ਤਾ ਕਰ ਦਿੱਤਾ ਜਾਵੇ। ਉਸ ਇਕ ਬ੍ਰਾਹਮਣ ਨੂੰ ਬੁਲਾ ਕੇ ਭੇਜ ਦਿੱਤਾ ਤੇ ਕਿਹਾ, ''ਕਿਸੇ ਸ਼ੁਭ ਸਥਾਨ ਤੇ ਮੇਰੀ ਪੁੱਤਰੀ ਦੀ ਸਗਾਈ ਕਰ ਦੇਵੋ'' ॥੬॥

ਫਿਰਜੋ ਕਿਤਿਕ ਥਲ ਮਿਲਜੋ ਨ ਹਾਣੀ। ਖੋਜਤਿ ਆਯੋ ਪੁਰਿ ਤੁਕਲਾਣੀ।
ਬੂਝਤਿ ਘਰ ਤਿਖਾਣ ਕੇ ਗਯੋ। ਸਮਤਾ ਮਹਿਂ ਨੀਕੇ ਪਿਖਿ ਲਯੋ ॥੭॥

ਉਹ ਕਈ ਥਾਂ ਫਿਰਿਆ ਪਰ ਕਿਤੇ ਵੀ ਬਰਾਬਰ ਦਾ ਵਰ ਨਾ ਮਿਲਿਆ, ਪੁੱਛਦਾ-ਪੁੱਛਦਾ ਇਕ ਤਰਖਾਣ ਦੇ ਘਰ ਗਿਆ ਤੇ ਬਰਾਬਰੀ ਵਿਚ ਉਸ ਨੂੰ ਠੀਕ ਸਮਝ ਲਿਆ॥੭॥

ਕਹਜੋ ਸਬੰਧ ਕਰਨ ਕੋ ਜਬੈ। ਸਾਦਾ ਨਾਮ ਸੁ ਖਾਤੀ ਤਬੈ।
ਸਨਮਾਨਜੋ ਸੇਵਾ ਸਭਿ ਠਾਨੀ। ਨਿਸ ਬਸਾਇ ਕਰਿ ਗਾਥ ਬਖਾਨੀ ॥੮॥

ਜਦ ਉਸ ਨੂੰ ਸੰਬੰਧ ਕਰਨ ਵਾਸਤੇ ਕਿਹਾ, ਉਸ ਤਰਖਾਣ ਦਾ ਨਾਮ ਸਾਦਾ ਸੀ। ਉਸ ਨੇ ਬ੍ਰਾਹਮਣ ਦਾ ਬੜਾ ਸਨਮਾਨ ਕੀਤਾ ਤੇ ਸਭ ਪ੍ਰਕਾਰ ਦੀ ਸੇਵਾ ਕੀਤੀ ਤੇ ਰਾਤ ਨੂੰ ਆਪਣੇ ਘਰ ਰੱਖ ਕੇ ਗਾਥਾ ਕਹੀ॥੮॥

ਭਲੌ ਮਹੂਰਤ ਤਬਹਿ ਸੁਧਾਇ। ਤਿਸ ਕੌ ਸੁਤ ਸਾਧੂ ਬੈਠਾਇ।
ਕਾਢਿ ਤਿਲਕ ਕੁਲ ਰੀਤਿ ਕਰਾਈ। ਪੁਨ ਆਕੁਲ ਕੋ ਆਨਿ ਸੁਨਾਈ ॥੯॥

ਆਪਣੇ ਪੁੱਤਰ ਸਾਧੂ ਨੂੰ ਬੈਠਾ ਕੇ ਭਲਾ ਮਹੂਰਤ ਤਦ ਸੋਧ ਲਿਆ। ਤਿਲਕ ਲਾ ਕੇ ਕੁਲ ਦੀ ਰੀਤੀ ਕਰਵਾਈ। ਫਿਰ ਪੰਡਿਤ ਨੇ ਸਾਰੀ ਗੱਲ 'ਆਕਲ' ਨੂੰ ਆ ਕੇ ਸੁਣਾ ਦਿੱਤੀ॥੯॥

'ਪੁਰ ਤੁਕਲਾਣੀ ਮਹਿਂ ਸ਼ੁਭ ਧਾਮ। ਭਲੇ ਜਾਤਿ ਮਹਿਂ ਸਾਦਾ ਨਾਮ।
ਤਿਸ ਕੋ ਸੁਤ ਸਾਧੂ ਬਯ ਬਾਲਾ। ਕਰਜੋ ਸਬੰਧ ਬਹੁਤ ਥਲ ਭਾਲਾ ॥੧੦॥

ਪੰਡਿਤ ਨੇ ਕਿਹਾ, "ਤੁਕਲਾਣੀ ਪੁਰ ਵਿਚ ਉਸ ਦਾ ਸ਼ੁਭ ਘਰ ਹੈ, ਜਾਤ ਦੇ ਬੜੇ ਭਲੇ ਹਨ ਤੇ ਸਾਦਾ ਉਸ ਤਰਖਾਣ ਦਾ ਨਾਂ ਹੈ। ਉਸ ਦਾ ਪੁੱਤਰ ਸਾਧੂ ਬਾਲਕ ਉਮਰ ਦਾ ਹੈ, ਮੈਂ ਬਹੁਤ ਸਥਾਨ ਭਾਲ ਕੇ ਇਹ ਸੰਬੰਧ ਕੀਤਾ ਹੈ॥੧੦॥

ਸੁਨਿ ਆਕੁਲ ਨੇ ਬੂਝਨ ਕਰਜੋ। 'ਗੁਰ ਕੋ ਸਿੱਖ ਕਿ ਨਹੀਂ ਨਿਹਰਜੋ?'।
ਬਿੱਪ੍ਰ ਕਰੈ 'ਮੈਂ ਨਹੀਂ ਬਿਚਾਰਾ। ਨੀਕੋ ਏਕ ਨਿਕੇਤ ਨਿਹਾਰਾ॥ ੧੧॥

ਇਹ ਸੁਣ ਕੇ ਭਾਈ 'ਆਕਲ' ਨੇ ਪੁਛਿਆ, "ਗੁਰੂ ਜੀ ਦਾ ਸਿੱਖ ਹੈ ਕਿ ਨਹੀਂ, ਇਹ ਵੇਖਿਆ ਹੈ?" ਬ੍ਰਾਹਮਣ ਨੇ ਕਿਹਾ, "ਇਹ ਮੈਂ ਨਹੀਂ ਵਿਚਾਰਿਆ, ਇਕ ਚੰਗਾ ਘਰ ਹੀ ਵੇਖਿਆ ਹੈ॥੧੧॥

ਪਛੁਤਾਯੋ ਬਸ ਚਲਯੋ ਨ ਫੇਰ। ਬੀਤੇ ਕਿਤਿਕ ਬਰਖ ਪੁਨ ਹੇਰਿ।
ਗੁਰ ਕੋ ਰਹਯੋ ਅਰਾਧਿਤਿ ਸਦਾ। 'ਕਰਹੁ ਸਬੰਧੀ ਸਿਖ ਜਦ ਕਦਾ'॥੧੨॥

ਭਾਈ 'ਆਕੁਲ' ਫਿਰ ਬਹੁਤ ਪਛੁਤਾਇਆ ਪਰ ਕੋਈ ਵੱਸ ਨਾ ਚਲਿਆ ਫਿਰ ਕਈ ਸਾਲ ਵੇਖਦਿਆਂ ਲੰਘ ਗਏ। ਉਹ ਸਦਾ ਗੁਰੂ ਜੀ ਦੀ ਆਰਾਧਣਾ ਕਰਦਾ ਰਹਿੰਦਾ ਸੀ, "ਜਦ ਵੀ ਕਦੀ, ਮੇਰੇ ਸੰਬੰਧੀ ਨੂੰ ਸਿੱਖ ਬਣਾ ਲਵੇ"॥੧੨॥

ਇਮ ਆਕੁਲ ਚਿੰਤਾ ਬਸਿ ਹੋਵਾ। ਸਮੈਂ ਸੁ ਬਜਾਹ ਕਰਨਿ ਕੋ ਜੋਵਾ।
ਲਿਖ ਕਰਿ ਪਾਤੀ ਦਈ ਪਠਾਇ। ਪਿਖਿ ਸਾਦੇ ਆਨੰਦ ਉਪਜਾਇ॥੧੩॥

ਇਸ ਤਰ੍ਹਾਂ ਭਾਈ ਆਕੁਲ ਚਿੰਤਾ ਦੇ ਵੱਸ ਵਿਚ ਹੋ ਗਿਆ, ਜਦ ਵਿਆਹ ਕਰਨ ਦਾ ਸਮਾਂ ਵੇਖਿਆ ਤਾਂ ਸਾਹੇ ਚਿੱਠੀ ਲਿਖ ਕੇ ਭੇਜ ਦਿੱਤੀ, ਇਹ ਵੇਖ 'ਸਾਦਾ' ਬਹੁਤ ਅਨੰਦ ਪ੍ਰਸੰਨ ਹੋਇਆ॥੧੩॥

ਸੇਵਕ ਸਰਵਰ ਕੋ ਨਿਤ ਸੋਈ। ਸਦਨ ਮੁਕਾਮ ਕਰਯੋ ਰਤਿ ਹੋਈ।
ਸਾਧੂ ਸੁਤ ਕੋ ਮਾਥ ਟਿਕਾਵਾ। ਕਰਯੋ ਰੋਟ ਸਭਿ ਰੀਤਿ ਮਨਾਵਾ॥੧੪॥

ਉਹ ਸਦਾ ਸਖੀ ਸਰਵਰ ਦਾ ਸੇਵਕ ਸੀ, ਤੇ ਉਸ ਨੇ ਸਖੀ ਸਰਵਰ ਦਾ ਘਰ ਵਿਚ ਹੀ ਬੜੀ ਪ੍ਰੀਤ ਨਾਲ ਮੁਕਾਮ ਬਣਾਇਆ ਸੀ। ਉਥੇ ਸਾਧੂ ਪੁੱਤਰ ਨੂੰ ਮੱਥਾ ਟਿਕਾਇਆ ਤੇ ਸਭ ਰੀਤੀਆਂ ਨਾਲ ਸਖੀ ਸਰਵਰ ਦਾ ਰੋਟ ਮੰਨਾਇਆ॥੧੪॥

ਵੱਡੇ ਗ੍ਰਿਹ ਬਜਾਹਨਿ ਪੁਨ ਗਯੋ। ਜਾਇ ਢੁਕਾਉ ਭਲੀ ਬਿਧਿ ਕਿਯੋ।
ਆਕੁਲ ਸਾਦੇ ਮਿਲਨੀ ਕੀਨਿ। ਜਥਾ ਸ਼ਕਤਿ ਦੇ ਕੀਰਤਿ ਲੀਨ॥੧੫॥

ਫਿਰ 'ਵੱਡੇ ਪਿੰਡ' ਵਿਆਹੁਣ ਗਏ ਤੇ ਜਾ ਕੇ ਭਲੀ ਵਿਧੀ ਅਨੁਸਾਰ ਢੁਕਾਅ ਕੀਤਾ। ਭਾਈ ਆਕੁਲ ਨੇ ਸਾਦੇ ਨਾਲ ਮਿਲਣੀ ਕੀਤੀ, ਤੇ ਯਥਾ ਸ਼ਕਤੀ ਮਿਲਣੀ ਵਿਚ ਪਦਾਰਥ ਦੇ ਕੇ ਕੀਰਤੀ ਲਈ॥੧੫॥

ਸਾਧੂ ਕੋ ਦੀਨੇ ਤਬਿ ਫੇਰੇ। ਜਥਾਜੋਗ ਕਰਿ ਰੀਤਿ ਭਲੇਰੇ।
ਖਾਨ ਪਾਨ ਦੇ ਕਰਿ ਸਨਮਾਨੇ। ਤੀਨ ਦਿਵਸ ਰਾਖੇ ਸੁਖ ਠਾਨੇ॥ ੧੬॥

ਸਾਧੂ ਦੇ ਫਿਰ ਫੇਰੇ ਦਿੱਤੇ, ਤੇ ਯਥਾਜੋਗ ਭਲੀ ਰੀਤ ਕੀਤੀ, ਖਾਣ ਪਾਣ ਦੇ ਕੇ ਸਨਮਾਨ ਕੀਤਾ, ਤੇ ਬਰਾਤ ਨੂੰ ਸੁੱਖ ਨਾਲ ਤਿੰਨ ਦਿਨ ਰਖਿਆ॥੧੬॥

ਪੁਨ ਆਕੁਲ ਨੇ ਭਲੇ ਪਛਾਨੇ। ਇਹੁ ਸਰਵਰ ਕੀ ਸੇਵਾ ਠਾਨੇ।
ਲੋਕ ਜਾਤਿ ਕੇ ਪਿਖਿ ਸਮੁਦਾਇ। ਨਹਿੰ ਬੋਲਯੋ ਮਨ ਬਹੁ ਪਛੁਤਾਇ॥੧੭॥

ਫਿਰ ਆਕੁਲ ਨੇ ਭਲੀ ਪ੍ਰਕਾਰ ਪਛਾਣ ਲਿਆ, "ਇਹ ਸਖੀ ਸਰਵਰ ਦੀ ਸੇਵਾ ਕਰਦੇ ਹਨ।" ਜਾਤੀ ਦੇ ਲੋਕਾਂ ਦੇ ਇਕੱਠ ਨੂੰ ਵੇਖ ਕੇ ਕੁਝ ਬੋਲਿਆ ਨਹੀਂ, ਪਰ ਮਨ ਵਿਚ ਬੜਾ ਪਛੁਤਾਇਆ॥੧੭॥

ਅਪਨ ਸੁਤਾ ਸੋਂ ਸਕਲ ਬਖਾਨੀ। 'ਤੁਵ ਸਸੁਰਾਰ ਅਹੈ ਸੁਲਤਾਨੀ।
ਤੈਂ ਨਹਿਂ ਮਾਨਹੁ, ਕਹਹਿਂ ਕਦਾਈ। ਸਤਿਗੁਰ ਕੌ ਮਾਨਹੁ ਮਨ ਲਾਈ' ॥੧੮॥

ਆਪਣੀ ਪੁੱਤਰੀ ਨੂੰ ਸਭ ਕੁਝ ਕਹਿ ਦਿੱਤਾ, 'ਤੇਰੇ ਸਹੁਰੇ ਸਖੀ ਸਰਵਰ ਦੇ ਚੇਲੇ ਹਨ। ਜੇ ਤੈਨੂੰ ਕਦੀ ਕਹਿਣ ਵੀ ਤਾਂ ਤੂੰ ਸਖੀ ਸਰਵਰ ਨੂੰ ਨਹੀਂ ਮੰਨਣਾ ਹੈ ਤੇ ਮਨ ਲਾ ਕੇ ਸਤਿਗੁਰੂ ਜੀ ਨੂੰ ਮੰਨੀਂ' ॥੧੮॥

ਭਈ ਦੁਖਦ ਬਹੁ ਆਕੁਲ ਤਨਿਯਾ। ਰਿਦੈ ਬਿਸੂਰਤਿ ਸਿਰ ਕੋ ਧੁਨਿਯਾ।
ਨਹਿਂ ਬਸ ਚਲੈ ਸਹਯੋ ਦੁਖ ਉਰ ਮੈਂ। 'ਮੈਂ ਸਿਖ ਸੁਤਾ, ਸਰਵਰੀ ਘਰ ਮੈਂ!' ॥੧੯॥

ਇਹ ਸੁਣ ਕੇ ਆਕੁਲ ਦੀ ਪੁੱਤਰੀ ਬਹੁਤ ਦੁੱਖੀ ਹੋਈ, "ਹਿਰਦੇ ਵਿਚ ਮੁਰਝਾ ਗਈ ਤੇ ਸਿਰ ਨੂੰ ਮਾਰਿਆ। ਕੁਝ ਵੱਸ ਨਹੀਂ ਸੀ ਚਲਦਾ, ਦੁੱਖ ਨੂੰ ਹਿਰਦੇ ਵਿਚ ਸਹਿ ਲਿਆ, ਸੋਚਣ ਲੱਗੀ, "ਮੈਂ ਸਿੱਖਾਂ ਦੀ ਕੁੜੀ ਸਰਵਰਾਂ ਦੇ ਘਰ ਵਿਚ ਜਾ ਰਹੀ ਹਾਂ' ॥੧੯॥

ਕਰੀ ਬਿਸਰਜਨ ਰੁਦਤਿ ਬਿਸਾਲਾ। ਪੁੱਤ੍ਰ ਸਨੁਖਾ ਲੇ ਤਬਿ ਚਾਲਾ।
ਗੁਰੂ ਡਰੋਲੀ ਪੂਰਬ ਆਏ। ਉਤਰੇ ਹੁਤੇ ਦਸ਼ ਬਿਦਤਾਏ॥ ੨੦॥

ਜਦ ਪਿਤਾ ਜੀ ਨੇ ਵਿਦਾ ਕੀਤੀ ਤਾਂ ਬਹੁਤ ਰੋਈ, ਸਾਦਾ ਫਿਰ ਆਪਣੇ ਪੁੱਤਰ ਅਤੇ ਨੂੰਹ ਨੂੰ ਲੈ ਕੇ ਚਲ ਪਿਆ। ਗੁਰੂ ਜੀ ਡਰੋਲੀ ਵਿਚ ਪਹਿਲਾਂ ਆਏ ਹੋਏ ਸਨ। ਉਥੇ ਉਤਾਰਾ ਕੀਤਾ ਸੀ ਜਿਹੜਾ ਸਭ ਪਾਸੇ ਪ੍ਰਗਟ ਹੋ ਗਿਆ ਸੀ ॥੨੦॥

ਤੁਕਲਾਣੀ ਕੇ ਮਗ ਮੈਂ ਡੇਰਾ। ਭਜਨ ਕੀਰਤਨ ਹੋਤਿ ਘਨੇਰਾ।
ਵੱਡੇ ਘਰ ਸੁ ਗ੍ਰਾਮ ਤੇ ਚਾਲੇ। ਦਿਨ ਮੈਂ ਪਰਿ ਹੀ ਘਾਮ ਬਿਸਾਲੇ॥ ੨੧॥

ਤੁਕਲਾਣੀ ਪੁਰ ਦੇ ਅੱਧ ਵਿਚ ਗੁਰੂ ਜੀ ਦਾ ਡੇਰਾ ਸੀ ਤੇ ਉਥੇ ਬਹੁਤ ਭਜਨ ਕੀਰਤਨ ਹੋ ਰਿਹਾ ਸੀ। 'ਵੱਡੇ ਘਰ' ਦੇ ਪਿੰਡ ਤੋਂ ਚਲ ਪਏ, ਦਿਨ ਦੇ ਸਮੇਂ ਬਹੁਤ ਗਰਮੀ ਪੈਂਦੀ ਸੀ ॥੨੧॥

ਯਾਂਤੇ ਬਡੀ ਰੈਨ ਤੇ ਪਯਾਨਾ। ਅਰਣੋਦੈ ਪਹੁੰਚੇ ਗੁਰ ਥਾਨਾ।
ਸਾਦਾ ਸਹਤ ਬਰਾਤ ਅਗਾਰੀ। ਡੋਰੀ ਸਾਧੂ ਸਹਤ ਪਿਛਾਰੀ॥ ੨੨॥

ਇਸ ਕਰਕੇ ਵੱਡੀ ਰਾਤ ਦੇ ਸਮੇਂ ਹੀ ਚਲ ਪਏ ਤੇ ਪਹੁ ਫੁਟੇ ਗੁਰੂ ਜੀ ਦੇ ਸਥਾਨ ਤੇ ਪਹੁੰਚ ਗਏ। ਸਾਦੇ ਸਮੇਤ ਬਰਾਤ ਅੱਗੇ-ਅੱਗੇ ਜਾ ਰਹੀ ਸੀ ਤੇ ਡੋਲਾ ਸਾਧੂ ਸਹਿਤ ਪਿੱਛੇ ਸੀ ॥੨੨॥

ਗੁਰ ਢਿਗ ਆਸਾ ਵਾਰ ਸੁ ਗਾਵੈਂ। ਬਾਦਤਿ ਆਦਿ ਰਬਾਬ ਬਜਾਵੈਂ।
ਆਕੁਲ ਕੀ ਦਹਿਤਾ ਸਨਿ ਕਾਨ। 'ਸ਼੍ਰੀ ਗੁਰ ਡੇਰਾ ਅਹੈ' ਪਛਾਨ॥ ੨੩॥

ਗੁਰੂ ਜੀ ਦੇ ਪਾਸ ਆਸਾ ਜੀ ਦੀ ਵਾਰ ਦਾ ਕੀਰਤਨ ਹੋ ਰਿਹਾ ਸੀ। ਰਬਾਬ ਆਦਿ ਵਾਜੇ ਵਜਾ ਰਹੇ ਸਨ। ਆਕੁਲ ਦੀ ਪੁੱਤਰੀ ਨੇ ਜਦ ਕੀਰਤਨ ਆਪਣੇ ਕੰਨਾਂ ਨਾਲ ਸੁਣਿਆ ਤਾਂ ਉਸ ਸ੍ਰੀ ਗੁਰੂ ਜੀ ਦੇ ਡੇਰੇ ਨੂੰ ਪਛਾਣ ਲਿਆ ॥੨੩॥

ਪਿਤ ਕੇ ਸੰਗ ਗਈ ਬਹੁ ਬਾਰੀ। ਦਰਸ਼ਨ ਦੇਖਯੋ ਹੁਤੋ ਅਗਾਰੀ।
ਚਿਤਹਿ ਉਪਾਇ ਸਮੀਪ ਗਵਨ ਕੋ। ਕਹਯੋ ਕਹਾਰਨ ਸੰਗ ਬਚਨ ਕੋ ॥੨੪॥

ਉਹ ਆਪਣੇ ਪਿਤਾ ਜੀ ਦੇ ਨਾਲ ਕਈ ਵਾਰ ਡੇਰੇ ਗਈ ਸੀ ਤੇ ਪਹਿਲਾਂ ਹੀ ਉਸ ਅਸਥਾਨ ਦੇ ਦਰਸ਼ਨ ਕੀਤੇ ਹੋਏ ਸਨ ਤੇ ਉਸ ਨੇ ਚਿੱਤ ਵਿਚ ਗੁਰੂ ਜੀ ਪਾਸ ਜਾਣ ਦਾ ਉਪਾਅ ਸੋਚਿਆ ਤੇ ਕਹਾਰਾਂ ਨੂੰ ਇਸ ਤਰ੍ਹਾਂ ਕਿਹਾ ॥੨੪॥

'ਤੁਮ ਜਾਨਤਿ ਹੋ ਸਗਰੀ ਬਾਤ। ਹਮ ਗੁਰ ਕੌ ਸਿਖ ਸਦ ਬੱਖਯਾਤ।
ਇਹੁ ਡੇਰਾ ਢਿਗ ਹੈ ਗੁਰ ਕੇਰਾ। ਚਲਤਿ ਚਹੌਂ ਮੈਂ ਦਰਸ਼ਨ ਹੇਰਾ' ॥ ੨੫॥

ਤੁਸੀਂ ਸਾਰੀ ਗੱਲ ਜਾਣਦੇ ਹੋ, ਅਸੀਂ ਸਦਾ ਹੀ ਗੁਰੂ ਜੀ ਦੇ ਸਿੱਖ ਹਾਂ, ਇਹ ਸਾਰੇ ਪ੍ਰਗਟ ਹੈ। ਇਹ ਗੁਰੂ ਜੀ ਦਾ ਡੇਰਾ ਨੇੜੇ ਹੀ ਹੈ, ਮੈਂ ਉਥੇ ਦਰਸ਼ਨ ਕਰਨ ਲਈ ਚਲਣਾ ਚਾਹੁੰਦੀ ਹਾਂ॥੨੫॥

ਇਮ ਕਹਿ ਦਰਬ ਕਹਾਰਨ ਦੀਨਿ। ਲਗੇ ਲੋਭ ਤਬਿ ਚਲਿਬੋ ਕੀਨਿ।
ਦੂਰ ਟਿਕਾਇ ਉਤਰ ਕਰਿ ਡੋਰੀ। ਗਮਨੀ ਸ੍ਰੀ ਹਰਿਗੋਵਿੰਦ ਓਰੀ॥ ੨੬ ॥

ਇਸ ਤਰ੍ਹਾਂ ਕਹਿ ਕੇ ਕਹਾਰਾਂ ਨੂੰ ਧਨ ਦਿੱਤਾ, ਲੋਭ ਵਿਚ ਆ ਕੇ ਉਹ ਚਲ ਪਏ। ਡੋਲਾ ਦੂਰ ਰਖ ਕੇ ਉਹ ਉਤਰ ਗਈ ਤੇ ਸ੍ਰੀ ਹਰਿਗੋਬਿੰਦ ਜੀ ਪਾਸ ਪਹੁੰਚ ਗਏ॥੨੬॥

ਆਕੁਲ ਸੁਤਾ ਅਨੰਦ ਮਨ ਧਾਰਯੋ। ਬੈਠੇ ਸਤਿਗੁਰ ਦਰਸ ਨਿਹਾਰਯੋ।
ਸਭਾ ਬਿਸਾਲ ਲਗੀ ਚਹੁਂ ਫੇਰੇ। ਨਰ ਨਾਰੀ ਸੁਨਿ ਸ਼ਬਦ ਘਨੇਰੇ॥ ੨੭ ॥

ਆਕੁਲ ਦੀ ਪੁੱਤਰੀ ਨੇ ਮਨ ਵਿਚ ਅਨੰਦ ਧਾਰਨ ਕੀਤਾ, ਤੇ ਸਤਿਗੁਰੂ ਜੀ ਦੇ ਬੈਠਿਆਂ ਦੇ ਦਰਸ਼ਨ ਕੀਤੇ। ਚਾਰ ਚੁਫੇਰੇ ਵਿਸ਼ਾਲ ਦੀਵਾਨ ਲੱਗਾ ਹੋਇਆ ਸੀ। ਇਸ ਤਰ੍ਹਾਂ ਇਸਤਰੀ ਪੁਰਸ਼ ਸ਼ਬਦ ਸੁਣ ਰਹੇ ਸਨ॥੨੭॥

ਜੁਗ ਕਰਿ ਜੋਰਿ ਬੰਦਨਾ ਕੀਨਿ। ਬੈਠੀ ਸ਼ਬਦ ਬਿਖੈ ਚਿਤ ਦੀਨਿ।
ਕਿਤਿਕ ਵਾਰ ਮਹਿਂ ਆਸਾਵਾਰ। ਪਾਯੋ ਭੋਗ ਅਨੰਦ ਕੋ ਧਾਰਿ॥ ੨੮ ॥

ਉਸ ਬੱਚੀ ਨੇ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ ਤੇ ਬੈਠ ਕੇ ਸ਼ਬਦ ਸੁਣਨ ਵਿਚ ਚਿਤ ਲਾ ਦਿੱਤਾ। ਕੁਝ ਸਮੇਂ ਬਾਅਦ ਆਸਾ ਜੀ ਦੀ ਵਾਰ ਦਾ ਭੋਗ ਅਨੰਦ ਧਾਰ ਤੇ ਪਾ ਦਿੱਤਾ॥੨੮॥

ਤਬਿ ਸਤਿਗੁਰ ਤਿਸ ਓਰ ਨਿਹਾਰੇ। ਸਗਰੋ ਬੇਸ ਬਜਾਹਿ ਕੋ ਧਾਰੇ।
'ਬਡੀ ਪ੍ਰਾਤਿ ਕਿਤ ਤੇ ਚਲਿ ਆਈ। ਕੋ ਕਾਰਜ ਅਰੁ ਕਹਾਂ ਸਿਧਾਈ ?' ॥੨੯॥

ਤਦ ਸਤਿਗੁਰੂ ਜੀ ਨੇ ਉਸ ਵੱਲ ਵੇਖਿਆ, ਉਸ ਨੇ ਸਾਰਾ ਲਿਬਾਸ ਵਿਆਹ ਦਾ ਪਾਇਆ ਹੋਇਆ ਸੀ। ਉਨ੍ਹਾਂ ਸੋਚਿਆ, ਏਨੇ ਸਵੱਖਤੇ ਕਿਥੋਂ ਚਲ ਕੇ ਆ ਗਈ ਹੈ, ਕੀ ਕਾਰਜ ਹੈ ਅਤੇ ਕਿੱਥੇ ਚਲੀ ਹੈ ? ॥੨੯॥

ਆਕੁਲ ਸੁਤਾ ਕਹਯੋ ਤਿਸ ਬੇਰੇ। 'ਗ੍ਰਿਹ ਵੱਡੇ ਘਰ ਨੈਹਰ ਮੇਰੇ।
ਸਰਵਰ ਕੇ ਸੇਵਕ ਸਸੁਰਾਰੇ। ਇਹ ਚਿੰਤਾ ਚਿਤ ਭਈ ਉਦਾਰੇ॥ ੩੦ ॥

ਆਕੁਲ ਦੀ ਪੁੱਤਰੀ ਨੇ ਉਸ ਸਮੇਂ ਕਿਹਾ, ''ਵੱਡੇ ਘਰ ਵਿਖੇ ਮੇਰੇ ਪੇਕੇ ਹਨ, ਪਰ ਮੇਰੇ ਸੁਸਰਾਲ ਸਰਵਰ ਦੇ ਸੇਵਕ ਹਨ, ਮਨ ਵਿਚ ਇਹ ਵੱਡੀ ਚਿੰਤਾ ਲੱਗੀ ਹੈ॥੩੦॥

ਅਬਿ ਮੈਂ ਦਰਸ਼ਨ ਕਰਿ ਹੌਂ ਗੁਰ ਕਾ। ਪੂਰਨ ਹੋਇ ਮਨੋਰਥ ਉਰ ਕਾ।
ਪੁਨ ਮੈਂ ਪਰ ਬਸਿ ਪਰੌਂ ਦੁਖਾਰੀ। ਨਹਿਂ ਮੇਰੋ ਬਸ ਚਲਹਿ ਬਿਚਾਰੀ॥ ੩੧ ॥

ਹੁਣ ਮੈਂ ਗੁਰੂ ਜੀ ਦੇ ਦਰਸ਼ਨ ਕਰ ਲਏ ਹਨ, ਤੇ ਮੇਰੇ ਦਿਲ ਦਾ ਮਨੋਰਥ ਪੂਰਾ ਹੋ ਗਿਆ ਹੈ। ਫਿਰ ਮੈਂ ਦੁਖਿਆਰੀ ਪਰਾਏ ਵੱਸ ਵਿਚ ਪੈ ਜਾਵਾਂਗੀ, ਮੇਰਾ ਵਿਚਾਰੀ ਦਾ ਕੋਈ ਵੀ ਵੱਸ ਨਹੀਂ ਚਲੇਗਾ॥੩੧॥

ਯਾਂਤੇ ਮੈਂ ਚਲਿ ਕਰਿ ਅਬਿ ਆਈ। ਸੁਨਯੋ ਸ਼ਬਦ ਤੁਮ ਦਰਸ਼ਨ ਪਾਈ'।
ਸੁਨਿ ਕੰਨਯਾ ਤੇ ਭਏ ਕ੍ਰਿਪਾਲ। ਹੇਰੀ ਸ਼ਰਧਾ ਭਾਉ ਬਿਸਾਲ॥ ੩੨ ॥

ਇਸ ਕਰਕੇ ਹੁਣ ਮੈਂ ਤੁਹਾਡੇ ਪਾਸ ਚਲ ਕੇ ਆਈ ਹਾਂ, ਸ਼ਬਦ ਸੁਣਿਆ ਹੈ ਤੇ ਤੁਹਾਡੇ ਦਰਸ਼ਨ ਪਾਏ ਹਨ''। ਕੰਨਿਆ ਪਾਸੋਂ ਇਹ ਗੱਲ ਸੁਣ ਕੇ ਗੁਰੂ ਜੀ ਕਿਰਪਾਲੂ ਹੋ ਗਏ, ਇਹ ਵੇਖਿਆ ਕਿ ਵਿਸ਼ਾਲ ਸ਼ਰਧਾ ਅਤੇ ਪ੍ਰੇਮ ਹੈ॥੩੨॥

ਸ੍ਰੀ ਮੁਖ ਤੇ ਅੰਮ੍ਰਿਤ ਸਮ ਕਹਜੋ। 'ਤੇਰੋ ਲੇਖ ਇਸੀ ਬਿਧਿ ਲਹਜੋ।
ਚਲਿ ਆਈ ਸਤਿ ਸੰਗਤਿ ਸ਼ਰਨੀ। ਲਿਖਹਿਂ ਲੇਖ ਅਬਿ ਜਿਉਂ ਸੁਭ ਕਰਨੀ ॥੩੩॥

ਫਿਰ ਗੁਰੂ ਜੀ ਨੇ ਮੁਖ ਤੋਂ ਅੰਮ੍ਰਿਤ ਵਾਂਗ ਕਿਹਾ, "ਤੇਰਾ ਲੇਖ ਇਸੇ ਵਿਧੀ ਅਨੁਸਾਰ ਲਿਖਿਆ ਸੀ, ਤੂੰ ਹੁਣ ਸਤਿਸੰਗ ਦੀ ਸ਼ਰਨ ਚਲ ਕੇ ਆ ਗਈ ਹੈਂ, ਹੁਣ ਲੇਖ ਉਸ ਤਰ੍ਹਾਂ ਹੀ ਲਿਖਾਂਗੇ ਜਿਵੇਂ ਤੇਰੀ ਇਹ ਸਤਿਸੰਗ ਵਿਚ ਆਉਣ ਦੀ ਸ਼ੁਭ ਕਰਨੀ ਹੈ॥੩੩॥

ਦੋਹਰਾ-ਪਿਤਾ ਦਿਯੋ ਪਕਵਾਨ ਕੁਛ ਸੋ ਗੁਰ ਅੱਗ੍ਰ ਚਢਾਇ।
'ਧੰਨ ਗੁਰੂ ਸਭਿ ਸ਼ਕਤਿ ਧਰਿ ਲੀਜਹਿ ਮੋਹਿ ਬਚਾਇ' ॥ ੩੪ ॥

ਪਿਤਾ ਜੀ ਨੇ ਕੁਝ ਪਕਵਾਨ ਦਿੱਤਾ ਸੀ, ਉਸ ਨੂੰ ਗੁਰੂ ਜੀ ਅੱਗੇ ਚੜ੍ਹਾ ਦਿੱਤਾ ਤੇ ਬੇਨਤੀ ਕੀਤੀ, "ਧੰਨ ਗੁਰੂ ਜੀ ਸਭ ਸ਼ਕਤੀਆਂ ਧਾਰਨ ਕਰਕੇ ਮੈਨੂੰ ਬਚਾ ਲਵੋ"॥੩੪॥

ਚੌਪਈ-ਸੁਨਿ ਪ੍ਰਸੰਨ ਗੁਰ ਬਾਕ ਬਖਾਨਾ। 'ਨਵੋਂ ਲੇਖ ਲਿਖਿਬੋ ਤੁਵ ਠਾਨਾ।
ਪਿਤਾ ਤੋਹਿ ਸਿਖ,ਸੋ ਤੇ ਤਰਜੋ। ਘਰ ਸਸੁਰਾਰ ਕ੍ਰਿਤਾਰਥ ਕਰਜੋ ॥ ੩੫ ॥

ਗੁਰੂ ਜੀ ਨੇ ਪ੍ਰਸੰਨ ਹੋ ਕੇ ਬਚਨ ਕੀਤਾ, "ਤੇਰਾ ਲੇਖ ਹੁਣ ਨਵਾਂ ਲਿਖ ਦਿੱਤਾ ਹੈ, ਤੇਰੇ ਪਿਤਾ ਜੀ ਸਿੱਖ ਹਨ, ਉਹ ਤੇ ਤਰ ਗਿਆ ਹੈ ਤੂੰ ਆਪਣੇ ਸੁਸਰਾਲ ਘਰ ਨੂੰ ਵੀ ਨਿਹਾਲ ਕਰ ਦਿੱਤਾ ਹੈ॥੩੫॥

ਸਿੱਖੀ ਦਾਨ ਦੀਨਿ ਹਮ ਤੋਹੀ। ਅਧਿਕ ਸਿੱਖ ਸੁਤ ਤੇਰੋ ਹੋਹੀ।
ਪਤਿ ਭੀ ਸਿੱਖ ਹੋਇ ਹੈ ਭਲੇ। ਗੁਰ ਸਿੱਖੀ ਕੇ ਮਾਰਗ ਚਲੇ' ॥ ੩੬ ॥

ਅਸੀਂ ਸਿੱਖੀ ਤੈਨੂੰ ਦਾਨ ਕਰ ਦਿੱਤੀ ਹੈ, ਤੇਰੇ ਘਰ ਬੜੇ ਉਤਮ ਸਿੱਖ ਪੈਦਾ ਹੋਣਗੇ, ਤੇਰੇ ਪਤੀ ਦੇਵ ਵੀ ਭਲੇ ਸਿੱਖ ਹੋਣਗੇ ਤੇ ਗੁਰਸਿੱਖੀ ਦੇ ਮਾਰਗ ਤੇ ਚਲਣਗੇ॥੩੬॥

ਇਮ ਗੁਰ ਬਾਕ ਸੁਨਜੋ ਹਰਿਖਾਈ। 'ਧੰਨ ਗੁਰੂ ਕੇ ਹਾਥ ਬਚਾਈ'।
ਜਬਿ ਸਾਦੇ ਨੇ ਪਿਖੀ ਨ ਡੋਰੀ। ਏਕਲ ਸੁਤ ਆਯੋ ਨਿਜ ਓਰੀ ॥ ੩੭ ॥

ਗੁਰੂ ਜੀ ਦਾ ਇਸ ਤਰ੍ਹਾਂ ਦਾ ਬਚਨ ਸੁਣ ਕੇ ਬਹੁਤ ਪ੍ਰਸੰਨ ਹੋਈ, "ਧੰਨ ਗੁਰੂ ਜੀ ਹਨ, ਜਿਨ੍ਹਾਂ ਹੱਥ ਦੇ ਕੇ ਬਚਾ ਲਈ ਹੈ"। ਜਦ ਸਹੁਰੇ ਸਾਦੇ ਨੇ ਡੋਲੀ ਨਾ ਵੇਖੀ ਤੇ ਇਕੱਲਾ ਪੁੱਤਰ ਉਸ ਵੱਲ ਆ ਰਿਹਾ ਸੀ॥੩੭॥

'ਕਹੁ ਸਾਧੂ ! ਡੋਰੀ ਕਿਤ ਛੋਰੀ ?'। ਕਹਜੋ 'ਸੁ ਗਮਨੀ ਸਤਿਗੁਰ ਓਰੀ'।
ਸੁਨਿ ਸੁਤ ਤੇ ਰਿਸ ਉਰ ਮਹਿਂ ਛਾਈ। 'ਕਹਜੋ ਕਹਾਂ ਗੁਰ ਨਿਕਟਿ ਪਠਾਈ ॥੩੮॥

ਤਾਂ ਉਸ ਕਿਹਾ, "ਹੇ ਸਾਧੂ ! ਕਹੋ, ਡੋਲੀ ਕਿੱਥੇ ਛੱਡ ਆਇਆ ਹੈਂ" ਉਸ ਨੇ ਕਿਹਾ, "ਉਹ ਸਤਿਗੁਰੂ ਜੀ ਪਾਸ ਚਲੇ ਗਈ ਹੈ" ਪੁੱਤਰ ਪਾਸੋਂ ਇਹ ਸੁਣ ਕੇ ਸਾਦੇ ਦੇ ਮਨ ਵਿਚ ਕ੍ਰੋਧ ਛਾ ਗਿਆ "ਕਹੋ ਕਿਥੇ ਗੁਰੂ ਜੀ ਦੇ ਪਾਸ ਭੇਜੀ ਹੈ॥੩੮॥

ਕਰਹਿ ਕੋਪ ਸਰਵਰ ਸੁਲਤਾਨ। ਗੁਰ ਕੋ ਨਾਮ ਨ ਭੂਲਿ ਬਖਾਨਿ।
ਜਾਹੁ ਤੁਰਤ ਡੋਰੀ ਲੇ ਆਵਹੁ। ਸਨੇ ਸਨੇ ਤਿਸ ਕਹੁ ਸਮਝਾਵਹੁ' ॥ ੩੯ ॥

ਸਰਵਰ ਸੁਲਤਾਨ ਗੁੱਸਾ ਕਰੇਗਾ, ਗੁਰੂ ਜੀ ਦਾ ਨਾਂ ਭੁੱਲ ਕੇ ਨਾ ਲਵੇ ਤੇ ਤੁਰਤ ਜਾ ਕੇ ਡੋਲੀ ਨੂੰ ਲੈ ਆਵੇ, ਹੌਲੀ-ਹੌਲੀ ਉਸ ਨੂੰ ਸਮਝਾਵੇ"॥੩੯॥

ਸੁਨਤਿ ਪਿਤਾ ਤੇ ਗੁਰ ਢਿਗ ਗਯੋ। ਜਾਗੇ ਭਾਗ ਬਿਲੋਕਤਿ ਭਯੋ।
ਰਿਸ ਕਰਿ ਗਯੋ ਹਟਾਵਨ ਜੋਇ। ਗੁਰ ਦਰਸ਼ਨ ਤੇ ਸੀਤਲ ਹੋਇ ॥੪੦॥

ਇਹ ਸੁਣ ਕੇ 'ਸਾਧੂ' ਗੁਰੂ ਜੀ ਦੇ ਪਾਸ ਗਿਆ, ਜਦ ਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਭਾਗ ਜਾਗ ਪਏ। ਜਿਹੜਾ ਬੜੇ ਗੁੱਸੇ ਵਿਚ ਆ ਕੇ ਮੋੜਨ ਗਿਆ ਸੀ, ਉਹ ਗੁਰੂ ਜੀ ਦੇ ਦਰਸ਼ਨ ਕਰਨ ਨਾਲ ਠੰਡਾ ਹੋ ਗਿਆ॥੪੦॥

ਰਹਯੋ ਨ ਗਯੋ ਬੰਦਨਾ ਠਾਨੀ। ਬੈਠਯੋ ਨਿਕਟਿ ਕ੍ਰਿਪਾਲ ਬਖਾਨੀ।
'ਗੁਰ ਕੋ ਸਿੱਖ ਸਸੁਰ ਹੈ ਤੋਰਾ। ਤਿਸ ਕੀ ਸੁਤਾ ਸਬੰਧੈ ਜੋਰਾ॥ ੪੧॥

ਸਾਧੂ ਪਾਸੋਂ ਰਿਹਾ ਨਾ ਗਿਆ ਤੇ ਉਸ ਗੁਰੂ ਜੀ ਨੂੰ ਬੰਦਨਾ ਕੀਤੀ ਜਦ ਪਾਸ ਬੈਠਿਆ ਤੇ ਕ੍ਰਿਪਾਲੂ ਗੁਰੂ ਜੀ ਨੇ ਕਿਹਾ, ''ਤੇਰਾ ਸਹੁਰਾ ਗੁਰੂ ਦਾ ਸਿੱਖ ਹੈ, ਉਸ ਦੀ ਪੁੱਤਰੀ ਨਾਲ ਤੇਰਾ ਸੰਬੰਧ ਜੋੜਿਆ ਹੈ॥੪੧॥

ਅਬਿ ਤੁਮ ਤਜਹੁ ਤੁਰਕ ਕੀ ਸੇਵਾ। ਮਾਨਹੁਂ ਸ੍ਰੀ ਨਾਨਕ ਗੁਰ ਦੇਵਾ।
ਦੇਹੁ ਦਰੂਦ ਫੇਰ ਤੁਮ ਖਾਵਹੁ। ਤੁਰਕ ਜੂਠ ਤੇ ਜਨਮ ਗਵਾਵਹੁ॥ ੪੨॥

ਹੁਣ ਤੁਸੀਂ ਤੁਰਕ ਦੀ ਸੇਵਾ ਛੱਡੋ, ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮੰਨੋ। ਦਰੂਦ ਦੇ ਕੇ ਫਿਰ ਤੁਸੀਂ ਖਾਂਦੇ ਹੋ ਤੇ ਤੁਰਕ ਦੀ ਜੂਠ ਖਾ ਕੇ ਤੁਸੀਂ ਜਨਮ ਗਵਾਉਂਦੇ ਹੋ॥੪੨॥

*ਨੋਟ : ਰੋਟ ਤੇ ਦੁਆ ਪੜ੍ਹਕੇ ਫਿਰ ਪੀਰ ਸਰਵਰ ਦੇ ਮੂੰਹ ਨੂੰ ਲਾ ਕੇ ਵੰਡਦੇ ਹਨ, ਉਸ ਨੂੰ ਦਰੂਦ ਕਹਿੰਦੇ ਹਨ, ਦਰੂਦ ਫਾਰਸੀ ਦਾ ਸ਼ਬਦ ਹੈ ਜਿਸ ਦੇ ਅਰਥ ਹਨ, ਦੁਆ।*

ਹਿੰਦੂ ਸਰੀਰ ਪ੍ਰਮੇਸ਼ਰ ਦੀਨਾ। ਕਯੋਂ ਬਿਅਰਥ ਖੋਵਹੁ ਮਤਿ ਹੀਨਾ'।
ਇੱਤਯਾਦਿਕ ਜਬਿ ਗੁਰੂ ਸੁਨਾਯੋ। ਸਾਧੂ ਬਾਲਿਕ ਤਬਿ ਬਿਰਮਾਯੋ॥ ੪੩॥

ਤੁਹਾਨੂੰ ਹਿੰਦੂ ਸਰੀਰ ਪ੍ਰਮੇਸ਼ਵਰ ਨੇ ਦਿੱਤਾ ਹੈ, ਮੂਰਖ ਹੋ ਕੇ ਇਸ ਨੂੰ ਕਿਉਂ ਫਜ਼ੂਲ ਗਵਾ ਰਹੇ ਹੋ।'' ਇਤਿਆਦਿ ਜਦ ਗੁਰੂ ਜੀ ਨੇ ਸੁਣਾਇਆ ਤਾਂ ਸਾਧੂ ਬਾਲਕ ਭਰਮ ਗਿਆ॥੪੩॥

ਕਰਯੋ ਬਿਚਾਰਨ ਬਚ ਸ੍ਰੀ ਗੁਰ ਕਾ। 'ਹਮ ਹਿੰਦੂ ਕਯੋਂ ਮਾਨਹਿਂ ਤੁਰਕਾ।
ਕਰਿਕੈ ਰੋਟ ਦਰੂਦ ਦਿਵਾਵਹਿਂ। ਤੁਰਕ ਜੂਠ ਲਖਿ ਕਰਿ ਪੁਨ ਖਾਵਹਿਂ' ॥੪੪॥

ਉਸ ਨੇ ਗੁਰੂ ਜੀ ਦੇ ਬਚਨ ਤੇ ਵਿਚਾਰ ਕੀਤੀ, ''ਅਸੀਂ ਹਿੰਦੂ ਹੋ ਕੇ ਤੁਰਕ ਨੂੰ ਕਿਉਂ ਮੰਨਦੇ ਹਾਂ। ਰੋਟ ਤਿਆਰ ਕਰਕੇ ਦਰੂਦ ਦਵਾਉਂਦੇ ਹਾਂ ਤੇ ਤੁਰਕ ਜੂਠ ਸਮਝ ਕੇ ਫਿਰ ਖਾਂਦੇ ਹਾਂ'' ॥ ੪੪॥

ਤਰਕ ਬਿਚਾਰਨ ਕੀਨਿ ਬਡੇਰੀ। ਗੁਰ ਪਗ ਲਪਟਾਯੋ ਤਿਸ ਬੇਰੀ।
'ਮੋਕਹੁ ਅਪਨੋ ਸਿੱਖ ਬਨਾਵਹੁ। ਤੁਰਕ ਸੇਵ ਤੇ ਮੋਹਿ ਹਟਾਵਹੁ' ॥ ੪੫॥

ਉਸ ਨੇ ਵੱਡੀ ਤਰਕ ਵਿਚਾਰ ਕੀਤੀ ਤੇ ਉਸੇ ਵੇਲੇ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ ਤੇ ਕਿਹਾ, ''ਮੈਨੂੰ ਆਪਣਾ ਸਿੱਖ ਬਣਾਵੋ ਤੇ ਤੁਰਕ ਦੀ ਸੇਵਾ ਤੋਂ ਮੈਨੂੰ ਹਟਾਵੋ॥੪੫॥

ਸ਼ਰਧਾ ਵਧੀ ਜਾਨਿ ਗੁਨ ਖਾਨੀ। ਚਰਣਾਂਮ੍ਰਿਤ ਦੀਨੋ ਦੁਖ ਹਾਨੀ।
ਸੱਤਿਨਾਮ ਸਿਮਰਨਿ ਉਪਦੇਸ਼ਾ। 'ਤਵ ਸੁਤ ਉਪਜਹਿ ਸਿੱਖ ਵਿਸ਼ੇਸ਼ਾ' ॥ ੪੬॥

ਗੁਰੂ ਜੀ ਨੂੰ ਜਾਣ ਕੇ ਹਿਰਦੇ ਵਿਚ ਸ਼ਰਧਾ ਵਧੀ। ਗੁਰੂ ਜੀ ਨੇ ਦੁੱਖਾਂ ਨੂੰ ਦੂਰ ਕਰਨ ਵਾਲਾ ਚਰਣਾਮ੍ਰਿਤ ਦਿੱਤਾ, ਤੇ ਸਤਿਨਾਮ ਦਾ ਸਿਮਰਨ ਕਰਨ ਦਾ ਉਪਦੇਸ਼ ਦਿੱਤਾ ਤੇ ਕਿਹਾ, ''ਤੁਹਾਡਾ ਪੁੱਤਰ ਬੜਾ ਉੱਤਮ ਸਿੱਖ ਹੋਵੇਗਾ'' ॥੪੬॥

ਸੁਨਿ ਕਰਿ ਦੰਪਤਿ ਉਰ ਹਰਖਾਏ। ਗੁਰ ਸਿੱਖੀ ਦ੍ਰਿਢ ਕਰਿ ਚਲਿ ਆਏ।
ਮਿਲੇ ਬਰਾਤ ਆਨਿ ਮਗ ਚਲੇ। ਤੁਕਲਾਣੀ ਪੁਰਿ ਮਾਰਗ ਭਲੇ॥ ੪੭॥

ਇਹ ਸੁਣ ਕੇ ਪਤੀ ਪਤਨੀ ਬਹੁਤ ਪ੍ਰਸੰਨ ਹੋਏ, ਗੁਰਸਿੱਖੀ ਦ੍ਰਿੜ੍ਹ ਕਰਕੇ ਚਲ ਕੇ ਆ ਗਏ। ਬਰਾਤੀਆਂ ਨੂੰ ਰਾਹ ਵਿਚ ਆ ਕੇ ਮਿਲ ਪਏ ਤੇ ਤੁਕਲਾਣੀਪੁਰ ਦੇ ਰਸਤੇ ਪੈ ਗਏ॥ ੪੭॥

ਜਬਿ ਘਰ ਗਏ ਨਾਰਿ ਸਮੁਦਾਇ। ਮਿਲੀ ਗੀਤ ਗਾਵਤਿ ਹਰਿਖਾਇ।
ਸਰਵਰ ਕੇ ਮੁਕਾਮ ਲੇ ਗਈ। ਦੂਲੋ ਦੁਲਹਨਿ ਦੇਖੀ ਨਈ॥ ੪੮॥

ਜਦ ਘਰ ਗਏ ਤਾਂ ਇਸਤਰੀਆਂ ਇਕੱਠੀਆਂ ਹੋ ਕੇ ਮਿਲ ਕੇ ਬੜੀਆਂ ਪ੍ਰਸੰਨ ਹੋ ਕੇ ਗੀਤ ਗਾਉਂਦੀਆਂ ਪ੍ਰਸੰਨ ਹੋ ਕੇ ਸਰਵਰ ਦੇ ਮੁਕਾਮ ਤੇ ਲੈ ਗਈਆਂ। ਦੂਲੇ ਨੇ ਨਵੀਂ ਦੁਲਹਨ ਵੇਖੀ॥੪੮॥

ਬ੍ਰਿੰਦ ਤ੍ਰਿਖਾਣ ਤ੍ਰਿਖਾਣੀ ਮਿਲੇ। ਕਹੈਂ ਕਿ 'ਸਿਰ ਟੇਕਹੁ ਇਸ ਥਲੇ'।
ਸੁਨਿ ਸਾਧੂ ਨੇ ਲਾਤ ਪ੍ਰਹਾਰੀ। 'ਤੁਰਕ ਮੰਨਤਾ ਹਮਹੁੰ ਬਿਸਾਰੀ॥ ੪੯॥

ਬਹੁਤ ਤ੍ਰਿਖਾਣ ਤ੍ਰਿਖਾਣੀਆਂ ਇਕੱਠੇ ਹੋ ਕੇ ਮਿਲੇ ਤੇ ਉਹ ਕਹਿਣ ਲੱਗੇ, "ਇਸ ਦੇ ਥੱਲੇ ਮੱਥਾ ਟੇਕੋ" ਇਹ ਸੁਣ ਕੇ ਸਾਧੂ ਨੇ ਲੱਤ ਮਾਰੀ ਤੇ ਕਿਹਾ, "ਅਸੀਂ ਤੁਰਕ ਦੀ ਮੰਨਤਾ ਛੱਡ ਦਿੱਤੀ ਹੈ"॥੪੯॥

ਗੁਰ ਤੇ ਪਾਹੁਲ ਲੇ ਹਮ ਆਏ। ਇਸ ਥਲ ਕੋ ਅਬਿ ਦੇਉਂ ਢਹਾਏ'।
ਸਭਿ ਮਿਲਿ ਕਹਜੋ 'ਮੁਢ ਕਰਿ ਮੋਨ। ਇਹੁ ਬਿਧਿ ਸਿਖਰਾਈ ਤੁਹਿ ਕੌਨ ? ॥੫੦॥

ਗੁਰੂ ਜੀ ਪਾਸੋਂ ਅਸੀਂ ਪਾਹੁਲ ਲੈ ਆਏ ਹਾਂ, ਇਸ ਥਾਂ ਨੂੰ ਹੁਣ ਢਾਹ ਦੇਵਾਂਗੇ। ਸਾਰਿਆਂ ਨੇ ਮਿਲ ਕੇ ਕਿਹਾ, "ਮੂਰਖ ਚੁਪ ਕਰ, ਇਸ ਤਰ੍ਹਾਂ ਤੈਨੂੰ ਕਿਸ ਨੇ ਸਿਖਾਇਆ ਹੈ ? ॥੫੦॥

ਹਮ ਸਰਵਰ ਕੇ ਸੇਵਕ ਮਹਾਂ। ਕੁਲ ਕਲੰਕ ਤੈਂ ਬੋਲਜੋ ਕਹਾਂ।
ਕਰਹਿ ਬਾਵਰਾ ਦੇਹਿ ਬਿਨਾਸ। ਅਬਿ ਭੀ ਕਹੁ 'ਮੈਂ ਸਰਵਰ ਦਾਸ' ॥ ੫੧॥

ਅਸੀਂ ਸਰਵਰ ਦੇ ਮਹਾਨ ਸੇਵਕ ਹਾਂ, ਕੁਲ ਨੂੰ ਕਲੰਕ ਲਾਉਣ ਵਾਲੇ ਤੂੰ ਕਿਸ ਤਰ੍ਹਾਂ ਬੋਲਿਆ ਹੈਂ। ਤੈਨੂੰ ਪਾਗਲ ਕਰਕੇ ਤੇਰੀ ਦੇਹੀ ਦਾ ਨਾਸ ਕਰ ਦੇਵੇਗਾ, ਹੁਣ ਵੀ ਕਹੋ, ਮੈਂ ਸਰਵਰ ਦਾ ਦਾਸ ਹਾਂ' ॥੫੧॥

ਇੱਤਜਾਦਿਕ ਬਹੁ ਕਹਿ ਕਹਿ ਹਾਰੇ। ਨਹਿਂ ਸਾਧੂ ਨੇ ਕਿਹ ਬਚ ਧਾਰੇ।
ਹਟਿ ਸਭਿ ਰਹੇ ਪਰਸਪਰ ਇਮ ਕਹਿ। 'ਕਰਜੋ ਬਾਵਰਾ ਸਰਵਰ ਨੇ ਇਹ' ॥੫੨॥

ਇਤਿਆਦਿ ਬਹੁਤ ਕਹਿ-ਕਹਿ ਹਾਰੇ, ਪਰ ਸਾਧੂ ਨੇ ਕਿਸੇ ਦੇ ਬਚਨ ਵੀ ਨਾ ਮੰਨੇ, ਫਿਰ ਆਪਸ ਵਿਚ ਇਸ ਤਰ੍ਹਾਂ ਕਹਿ ਕੇ ਹੱਟ ਗਏ, "ਇਸ ਨੂੰ ਸਰਵਰ ਨੇ ਪਾਗਲ ਕਰ ਦਿੱਤਾ ਹੈ" ॥੫੨॥

ਸਰਬ ਸੁਪਤਿ ਜਬਿ ਨਿਸਾ ਮਝਾਰਾ। ਲੇ ਕਰਿ ਕਹੀ ਸੁ ਥਾਨ ਬਿਦਾਰਾ।
ਦਿਨ ਮਹਿਂ ਉਠਿ ਸੋ ਸਕਲ ਬਨਾਵੈਂ। ਇਹ ਤਿਨ ਪਾਛੈ ਢਾਹਿ ਗਿਰਾਵੈ ॥੫੩॥

ਸਾਰਿਆਂ ਨੇ ਸੌਂ ਕੇ ਜਦ ਰਾਤ ਗੁਜ਼ਾਰੀ ਤਾਂ ਸਾਧੂ ਨੇ ਕਹੀ ਲੈ ਕੇ ਉਹ ਥਾਂ ਹੀ ਪੁੱਟ ਕੇ ਬਾਹਰ ਸੁੱਟ ਦਿੱਤਾ। ਦਿਨ ਸਮੇਂ ਉਠ ਕੇ ਉਸ ਨੂੰ ਫਿਰ ਬਣਾਉਂਦੇ ਸਨ, ਉਨ੍ਹਾਂ ਦੇ ਪਿਛੋਂ ਸਾਧੂ ਉਸ ਨੂੰ ਢਾਹ ਕੇ ਡੇਗ ਦਿੰਦਾ ਸੀ॥੫੩॥

ਇਸ ਪ੍ਰਕਾਰ ਕੁਛ ਸਮਾਂ ਬਿਤਾਯੋ। ਸਤਿਗੁਰ ਕੋ ਸਿਮਰਨ ਉਰ ਭਾਯੋ।
ਗੁਰੂ ਧਜਾਨ ਕਰਿ ਤ੍ਰਿਯ ਸੋਂ ਮਿਲਾ। ਗਰਭ ਧਰਨ ਕੀਨਸਿ ਤਬਿ ਭਲਾ ॥੫੪॥

ਇਸ ਪ੍ਰਕਾਰ ਕੁਝ ਸਮਾਂ ਬਤੀਤ ਕੀਤਾ, ਤੇ ਸਤਿਗੁਰੂ ਜੀ ਦਾ ਸਿਮਰਨ ਮਨ ਨੂੰ ਚੰਗਾ ਲੱਗਾ। ਗੁਰੂ ਜੀ ਦਾ ਧਿਆਨ ਧਾਰ ਕੇ ਆਪਣੀ ਪਤਨੀ ਨੂੰ ਮਿਲਿਆ ਤੇ ਉਸ ਭਲਾ ਗਰਭ ਧਾਰਨ ਕੀਤਾ॥੫੪॥

*ਸੱਤਵੀਂ ਰਾਸ ਦਾ ਅਠਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੮॥*

# ਅਧਿਆਇ ਉਨੀਂਵਾਂ

### *ਭਾਈ ਸਾਧੂ ਤੇ ਭਾਈ ਰੂਪਾ*

*ਦੋਹਰਾ*- ਪੂਰਨ ਭੇ ਨਵ ਮਾਸ ਜਬਿ ਉਪਜਯੋ ਸੁਤ ਬਡਭਾਗ।
ਸੁੰਦਰ ਬਦਨ ਸੁਹਾਇ ਪਿਖਿ ਨਰ ਨਾਰੀ ਅਨੁਰਾਗ॥ ੧॥

ਜਦ ਨੌਂ ਮਹੀਨੇ ਪੂਰੇ ਹੋਏ ਤਾਂ ਵਡਭਾਗਾ ਪੁੱਤਰ ਪੈਦਾ ਹੋਇਆ ਸੁੰਦਰ ਬਦਨ ਬਹੁਤ ਸ਼ੋਭ ਰਿਹਾ ਸੀ ਤੇ ਇਸਤਰੀ ਪੁਰਸ਼ ਵੇਖ ਕੇ ਬੜਾ ਪਿਆਰ ਕਰਦੇ ਸਨ॥੧॥

*ਚੌਪਈ*- ਭਯੋ ਬਰਖ ਦਿਨ ਕੋ ਜਬਿ ਬਾਲਿਕ। ਲੇ ਗੁਰ ਢਿਗ ਪਹੁੰਚੇ ਤਤਕਾਲਕ।
ਸ੍ਰੀ ਹਰਿ ਗੋਵਿੰਦ ਹੁਤੇ ਸੁਧਾਸਰ। ਸਾਧੂ ਕੀਨਿ ਸ਼ਨਾਨ ਅਘਨਹਰ॥ ੨॥

ਜਦ ਬਾਲਕ ਇਕ ਸਾਲ ਦਾ ਹੋਇਆ ਤਾਂ ਉਸ ਨੂੰ ਲੈ ਕੇ ਤੁਰਤ ਗੁਰੂ ਜੀ ਪਾਸ ਪਹੁੰਚੇ। ਸ੍ਰੀ ਗੁਰੂ ਹਰਿਗੋਬਿੰਦ ਜੀ ਉਸ ਸਮੇਂ ਅੰਮ੍ਰਿਤਸਰ ਵਿਚ ਸਨ। ਭਾਈ ਸਾਧੂ ਨੇ ਪਾਪਾਂ ਨੂੰ ਦੂਰ ਕਰਨ ਵਾਲੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕੀਤਾ॥੨॥

ਜਥਾ ਸ਼ਕਤਿ ਧਰਿ ਭੇਟ ਅਗਾਰੀ। ਹਾਥ ਜੋਰਿ ਕਰਿ ਬੰਦਨ ਧਾਰੀ।
ਬਾਨੀ ਬਿਨਤੀ ਸਹਤ ਉਚਾਰੀ। 'ਤੁਮ ਕ੍ਰਿਪਾਲ ਹ੍ਵੈ ਕੁਮਤਿ ਬਿਦਾਰੀ॥ ੩॥

ਯਥਾ ਸ਼ਕਤੀ ਅਨੁਸਾਰ ਭੇਟਾ ਗੁਰੂ ਜੀ ਅੱਗੇ ਧਰ ਕੇ ਹੱਥ ਜੋੜ ਕੇ ਬੰਦਨਾ ਕੀਤੀ ਤੇ ਬੇਨਤੀ ਸਹਿਤ ਕਿਹਾ, "ਤੁਸੀਂ ਕ੍ਰਿਪਾਲੂ ਹੋ ਕੇ ਸਾਡੀ ਭੈੜੀ ਮੱਤ ਨੂੰ ਦੂਰ ਕੀਤਾ ਹੈ॥੩॥

ਇਹੁ ਰਾਵਰ ਕੀ ਬਖਸ਼ੀ ਦਾਤ। ਸੁੰਦਰ ਭਾਗਵਾਨ ਭਾ ਤਾਤ।
ਨਾਮ ਆਪ ਹੀ ਰਾਖਨ ਕਰੀਅਹਿ। ਹੁਇ ਸਿਖ ਤੁਮਰੇ ਬਾਕ ਉਚਰੀਅਹਿ ॥੪॥

ਇਹ ਪੁੱਤਰ ਆਪ ਜੀ ਦੀ ਬਖਸ਼ੀ ਹੋਈ ਦਾਤ ਹੈ, ਸੁੰਦਰ ਭਾਗਾਂ ਵਾਲਾ ਪੁੱਤਰ ਪੈਦਾ ਹੋਇਆ ਹੈ। ਇਸ ਦਾ ਨਾਂ ਆਪ ਜੀ ਹੀ ਰਖੀਏ, ਸਿੱਖ ਹੋ ਕੇ ਤੁਹਾਡੇ ਬਚਨਾਂ ਦਾ ਉਚਾਰਨ ਕਰੇ॥੪॥

ਸ੍ਰੀ ਗੁਰ ਪਿਖਯੋ ਰੂਪ ਅਭਿਰਾਮੂ। 'ਰੂਪ ਚੰਦ' ਧਰਿ ਯਾਂਤੇ ਨਾਮੂ।
'ਭਾਈ ਰੂਪਾ ਇਹੁ ਬਿਦਿਤਾਇ। ਗੁਰ ਸਿੱਖੀ ਧਰਿ ਹੈ ਅਧਿਕਾਇ' ॥੫॥

ਸ੍ਰੀ ਗੁਰੂ ਜੀ ਨੇ ਜਦ ਸੁੰਦਰ ਸਰੂਪ ਵੇਖਿਆ, "ਤਾਂ ਉਨ੍ਹਾਂ ਨੇ ਬੱਚੇ ਦਾ ਨਾਂ 'ਰੂਪ ਚੰਦ' ਰੱਖ ਦਿੱਤਾ। 'ਇਹ ਨਾਂ 'ਭਾਈ ਰੂਪਾ' ਦੇ ਤੌਰ ਤੇ ਪ੍ਰਗਟ ਹੋਵੇਗਾ ਤੇ ਇਹ ਉੱਤਮ ਗੁਰਸਿੱਖੀ ਧਾਰਨ ਕਰੇਗਾ" ॥੫॥

ਸੁਨਿ ਗੁਰ ਬਰ ਦੰਪਤਿ ਹਰਖਾਏ। ਕੇਤਿਕ ਦਿਨ ਗੁਰ ਨਿਕਟਿ ਬਿਤਾਏ।
ਪੁਨ ਆਗਜਾ ਲੇ ਕਰਿ ਘਰ ਆਏ। ਸਤਿਗੁਰ ਕੋ ਸਿਮਰਤਿ ਸੁਖ ਪਾਏ॥੬॥

ਗੁਰੂ ਜੀ ਦਾ ਇਹ ਵਰ ਸੁਣ ਕੇ ਦੰਪਤੀ ਬਹੁਤ ਪ੍ਰਸੰਨ ਹੋਏ ਤੇ ਉਨ੍ਹਾਂ ਨੇ ਕਈ ਦਿਨ ਗੁਰੂ ਜੀ ਪਾਸ ਬਤੀਤ ਕੀਤੇ। ਫਿਰ ਆਗਿਆ ਲੈ ਕੇ ਘਰ ਨੂੰ ਆ ਗਏ ਤੇ ਸਤਿਗੁਰੂ ਜੀ ਦਾ ਸਿਮਰਨ ਕਰਕੇ ਸੁੱਖ ਪਾਉਂਦੇ ਸਨ॥੬॥

ਖਸ਼ਟ ਮਾਸ ਕਬਿ ਬਰਖ ਬਿਤਾਵੈਂ। ਧਰਹਿਂ ਭਾਉ ਗੁਰ ਦਰਸ਼ਨ ਜਾਵੈਂ।
ਜਥਾ ਸ਼ਕਤਿ ਪਟ ਦਰਬ ਚਢਾਵੈਂ। ਲੇ ਆਇਸੁ ਪੁਨ ਨਿਜ ਘਰ ਆਵੈਂ॥੭॥

ਜਦ ਸਾਲ ਵਿਚ ਛੇ ਮਹੀਨੇ ਬੀਤ ਜਾਂਦੇ ਸਨ, ਤਾਂ ਪ੍ਰੇਮ ਧਾਰ ਕੇ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਜਾਂਦੇ ਸਨ, ਯਥਾ ਸ਼ਕਤੀ ਕਪੜਾ ਅਤੇ ਧਨ ਚੜ੍ਹਾਉਂਦੇ ਸਨ ਤੇ ਫਿਰ ਆਗਿਆ ਲੈ ਕੇ ਵਾਪਸ ਆਪਣੇ ਘਰ ਆ ਜਾਂਦੇ ਸਨ ॥੭॥

ਪਾਰਿ ਪੁੱਤ੍ਰ ਕੋ ਕੀਨਿ ਬਡੇਰਾ। ਸਿੱਖੀ ਮਹਿਂ ਚਿਤ ਜਾਹਿਂ ਘਨੇਰਾ।
ਪਿਤ ਸੁਤ ਸਿੱਖੀ ਅਧਿਕ ਕਮਾਈ। ਜਥਾ ਹੁਤੀ ਬਹੁ ਆਕੁਲ ਜਾਈ॥ ੮ ॥

ਪੁੱਤਰ ਨੂੰ ਪਾਲ ਕੇ ਵੱਡਾ ਕੀਤਾ, ਜਿਸ ਦਾ ਸਿੱਖੀ ਨਾਲ ਬੜਾ ਪਿਆਰ ਸੀ। ਪਿਤਾ ਅਤੇ ਪੁੱਤਰ ਨੇ ਸਿੱਖੀ ਦੀ ਬਹੁਤ ਕਮਾਈ ਕੀਤੀ, ਜਿਵੇਂ ਭਾਈ ਆਕੁਲ ਦੀ ਪੁੱਤਰੀ ਵੱਡੀ ਗੁਰਸਿੱਖ ਸੀ॥੮॥

ਪੁਨ ਰੂਪਾ ਨਿਜ ਕ੍ਰਿਤ ਕੋ ਲਾਗੇ। ਜਥਾ ਕਰਤਿ ਅਪਨੇ ਬ੍ਰਿਧ ਆਗੇ।
ਪਿਤਾ ਪੁੱਤ੍ਰ ਜੁਗ ਕਰਹਿਂ ਕਮਾਈ। ਸਦਾ ਰਹੈਂ ਸਤਿਗੁਰ ਸ਼ਰਣਾਈ॥ ੯ ॥

ਫਿਰ ਭਾਈ ਰੂਪਾ ਨਿਜੀ ਕ੍ਰਿਤ ਕਰਨ ਲੱਗ ਗਿਆ, ਜੋ ਉਸਦੇ ਪਹਿਲੇ ਵਡੇਰੇ ਕਰਦੇ ਹੁੰਦੇ ਸਨ। ਪਿਤਾ ਪੁੱਤਰ ਦੋਵੇਂ ਕਮਾਈ ਕਰਦੇ ਸਨ ਤੇ ਸਦਾ ਹੀ ਸਤਿਗੁਰੂ ਜੀ ਦੀ ਸ਼ਰਣਾਈ ਰਹਿੰਦੇ ਸਨ॥੯॥

ਮਾਤ ਪਿਤਾ ਸਿਖ ਹੁਤੇ ਅਗਾਰੀ। ਪੁੱਤ੍ਰ ਭਯੋ ਪ੍ਰੇਮੀ ਤਬਿ ਭਾਰੀ।
ਲਖਹਿਂ ਗੁਰੂ ਪਰਮੇਸੁਰ ਰੂਪ। ਸਦਾ ਅਰਾਧਹਿਂ ਰਿਦੈ ਅਨੂਪ॥ ੧੦ ॥

ਮਾਤਾ ਪਿਤਾ ਪਹਿਲਾਂ ਹੀ ਵੱਡੇ ਗੁਰਸਿੱਖ ਸਨ ਇਸ ਕਰਕੇ ਪੁੱਤਰ ਵੱਡਾ ਪ੍ਰੇਮੀ ਸਿੱਖ ਹੋਇਆ। ਉਹ ਸਦਾ ਹੀ ਗੁਰੂ ਜੀ ਨੂੰ ਪ੍ਰਮੇਸ਼ਵਰ ਰੂਪ ਸਮਝਦੇ ਸਨ ਤੇ ਸਦਾ ਅਨੂਪਮ ਪ੍ਰਭੂ ਦੀ ਹਿਰਦੇ ਵਿਚ ਅਰਾਧਣਾ ਕਰਦੇ ਸਨ॥੧੦॥

ਗੁਰੂ ਡਰੋਲੀ ਮਹਿਂ ਚਲਿ ਆਏ। ਸੁਨਿ ਮਨ ਬਿਖੈ ਅਧਿਕ ਹੁਲਸਾਏ।
ਦਰਸ਼ਨ ਦਿਵਸ ਵਿਸੋਏ ਕਰਯੋ। ਨਿਤ ਪ੍ਰਤਿ ਪ੍ਰੇਮ ਹੋਤਿ ਉਰ ਹਰਯੋ॥ ੧੧ ॥

ਗੁਰੂ ਜੀ ਡਰੋਲੀ ਵਿਚ ਚਲ ਕੇ ਆ ਗਏ, ਇਹ ਸੁਣ ਕੇ ਮਨ ਵਿਚ ਬਹੁਤ ਪ੍ਰਸੰਨ ਹੋਏ। ਵਿਸਾਖੀ ਵਾਲੇ ਦਿਨ ਗੁਰੂ ਜੀ ਦੇ ਦਰਸ਼ਨ ਕੀਤੇ, ਨਿਤ ਪ੍ਰੇਮ ਪ੍ਰੀਤ ਨਾਲ ਦਿਲ ਹਰਿਆ ਹੁੰਦਾ ਸੀ॥੧੧॥

ਆਗਜਾ ਲੇ ਨਿਜ ਘਰ ਕੋ ਆਏ। ਗੁਰੂ ਜਸੁ ਕਹਿਤਿ ਸੁਨਤਿ ਸੁਖ ਪਾਏ।
ਪਿਤਾ ਪੂਤ ਆਪਸ ਮਹਿਂ ਸਦਾ। ਗੁਰੂ ਕੀਰਤਿ ਭਾਖਹਿਂ ਜਦ ਕਦਾ॥ ੧੨ ॥

ਆਗਿਆ ਲੈ ਕੇ ਆਪਣੇ ਘਰ ਨੂੰ ਆ ਗਏ, ਗੁਰੂ ਜੀ ਦਾ ਜੱਸ ਕਹਿ ਕੇ ਅਤੇ ਸੁਣਕੇ ਸੁਖ ਪਾਉਂਦੇ ਸਨ। ਪਿਤਾ ਪੁੱਤਰ ਆਪਸ ਵਿਚ ਸਦਾ ਜਦ ਕਦੀ ਵੀ ਸਮਾਂ ਮਿਲਦਾ ਸੀ ਤਾਂ ਗੁਰੂ ਜੀ ਦੀ ਕੀਰਤੀ ਕਹਿੰਦੇ ਰਹਿੰਦੇ ਸਨ॥੧੨॥

ਜੇਠ ਮਾਸ ਆਯੋ ਜਿਸ ਕਾਲਾ। ਚੰਡ ਸੂਰ ਤੇ ਘਾਮ ਬਿਸਾਲਾ।
ਦਸਹੂੰ ਦਿਸ਼ਿ ਮਹਿਂ ਤਪਤ ਘਨੇਰੀ। ਲੋਵਾਂ ਚਲਹਿਂ ਬੇਗ ਤਿਸ ਬੇਰੀ॥ ੧੩ ॥

ਜਿਸ ਸਮੇਂ ਜੇਠ ਦਾ ਮਹੀਨਾ ਆਇਆ, ਪ੍ਰਚੰਡ ਸੂਰਜ ਕਰਕੇ ਬਹੁਤ ਗਰਮੀ ਹੋ ਗਈ। ਸਾਰੇ ਪਾਸੇ ਬਹੁਤ ਗਰਮੀ ਹੋ ਗਈ ਤੇ ਉਸ ਸਮੇਂ ਲੋਅ ਬਹੁਤ ਤੇਜ਼ ਚਲਦੀ ਸੀ॥੧੩॥

ਇਕ ਦਿਨ ਪਿਤਾ ਪੂਤ ਜੁਗ ਮਿਲੇ। ਬਾਵਣ ਕਾਠ ਬਹਿਰ ਕੋ ਚਲੇ।
ਹੁਤੇ ਦੂਰ ਸਾਧੂ ਤਬਿ ਕਹਯੋ। 'ਤਪਤਿ ਅਧਿਕ ਬਾਹਿਰ ਹੁਇ ਲਹਯੋ॥ ੧੪ ॥

ਇਕ ਦਿਨ ਪਿਤਾ ਪੁੱਤਰ ਦੋਵੇਂ ਮਿਲਕੇ, ਲਕੜੀਆਂ ਕੱਟਣ ਵਾਸਤੇ ਜੰਗਲ ਵੱਲ ਗਏ। ਦੂਰ ਹੋਣ ਕਰਕੇ ਭਾਈ ਸਾਧੂ ਨੇ ਕਿਹਾ, "ਇਹ ਪਤਾ ਲੱਗਦਾ ਹੈ ਕਿ ਬਾਹਰ ਬਹੁਤ ਗਰਮੀ ਹੈ॥੧੪॥

ਹੇ ਸੁਤ ! ਜਲ ਕੂੰਨਾ ਭਰ ਲੀਜਹਿ। ਵਹਿਰ ਤ੍ਰਿਖਾਤੁਰ ਹੁਇਂ ਜਬਿ, ਪੀਜਹਿਂ।
ਸੁਨਿ ਰੂਪੇ ਤਬਿ ਨੀਰ ਨਵੀਨ। ਆਛੀ ਰੀਤਿ ਪੂਰ ਕਰਿ ਲੀਨਿ॥ ੧੫॥

ਹੇ ਪੁੱਤਰ! ਕੱਪੜੇ ਦੀ ਨਿਕੀ ਮਸ਼ਕ ਭਰ ਲਈਏ, ਜਦ ਜੰਗਲ ਵਿਚ ਜਾ ਕੇ ਪਿਆਸ ਲਗੇਗੀ ਤਾਂ ਪਾਣੀ ਪੀ ਲਵਾਂਗੇ।" ਇਹ ਸੁਣ ਕੇ ਰੂਪੇ ਨੇ ਤਾਜ਼ੇ ਪਾਣੀ ਨਾਲ ਮਸ਼ਕ ਨੂੰ ਚੰਗੀ ਤਰ੍ਹਾਂ ਭਰ ਲਿਆ॥੧੫॥

ਕੰਧੇ ਧਰਿ ਕੁਠਾਰ ਕੋ ਚਲੇ। ਜਿਨ ਕੇ ਭਾਗ ਉਦਿਤਿ ਹ੍ਵੈ ਭਲੇ।
ਗਏ ਦੂਰ ਜਲ ਨਿਕਟਿ ਉਠਾਏ। ਪਿਖੇ ਜਾਇ ਕਾਸ਼ਟ ਸਮੁਦਾਏ॥ ੧੬॥

ਮਸ਼ਕ ਨੂੰ ਮੋਢੇ ਉੱਤੇ ਧਰ ਕੇ ਚੱਲ ਪਏ, ਜਿਨ੍ਹਾਂ ਦੇ ਭਾਗ ਭਲੀ ਪ੍ਰਕਾਰ ਪ੍ਰਗਟ ਹਨ। ਜਲ ਨੂੰ ਆਪਣੇ ਪਾਸ ਲਈ, ਬਹੁਤ ਦੂਰ ਚਲੇ ਗਏ, ਉਥੇ ਜਾ ਕੇ ਉਨ੍ਹਾਂ ਬਹੁਤ ਲਕੜੀਆਂ ਦਾ ਝੁੰਡ ਵੇਖਿਆ॥੧੬॥

ਹੁਤੋ ਜੰਡ ਤਰੁ ਏਕ ਬਿਸਾਲ। ਲਟਕਾਯੋ ਜਲ ਤਿਸਕੇ ਨਾਲ।
ਅਪਨਿ ਕਾਰ ਕੋ ਕਾਠ ਨਿਹਾਰੇ। ਕਾਟਨਿ ਲਾਗੇ ਹਾਥ ਕੁਠਾਰੇ॥ ੧੭॥

ਉਥੇ ਇਕ ਵੱਡਾ ਜੰਡ ਦਾ ਰੁੱਖ ਸੀ ਤੇ ਜਲ ਵਾਲੀ ਮਸ਼ਕ ਨੂੰ ਉਸ ਦੇ ਨਾਲ ਲਮਕਾ ਦਿੱਤਾ। ਆਪਣੇ ਕਾਰਜ ਵਾਸਤੇ ਲਕੜੀ ਨੂੰ ਵੇਖਿਆ ਤੇ ਕੁਹਾੜਿਆਂ ਨਾਲ ਉਸ ਨੂੰ ਕੱਟਣ ਲੱਗੇ॥੧੭॥

ਭੋਜਨ ਕਰਿ ਘਰਿ ਤੇ ਚਲਿ ਆਏ। ਤਪਤ ਘਾਮ ਤੇ ਭਏ ਤਿਸਾਏ।
ਪਾਨ ਕਰਨਿ ਜਲ ਕੋ ਚਲਿ ਗਏ। ਜੰਡ ਤਰੇ ਥਿਤ ਹੋਵਤਿ ਭਏ॥ ੧੮॥

ਘਰ ਤੋਂ ਭੋਜਨ ਛੱਕ ਕੇ ਚਲ ਕੇ ਆਏ ਸਨ, ਇਸ ਕਰਕੇ ਧੁੱਪ ਤੇ ਗਰਮੀ ਕਰਕੇ ਬਹੁਤ ਪਿਆਸ ਲੱਗੀ। ਪਾਣੀ ਪੀਣ ਵਾਸਤੇ ਜਲ ਦੇ ਪਾਸ ਗਏ ਤੇ ਜੰਡ ਦੇ ਦਰੱਖਤ ਥੱਲੇ ਖੜੇ ਹੋ ਗਏ॥੧੮॥

ਪਿਤ ਕੋ ਪਜਾਵਨ ਹਿਤ ਉਕਸਾਯੋ। ਜਲ ਕੋ ਰੂਪੇ ਹਾਥ ਲਗਾਯੋ।
ਅਤਿ ਸੀਤਲ ਲਟਕਤਿ ਸੋ ਹੋਵਾ। ਅਧਿਕ ਤ੍ਰਿਖਾ ਤੇ ਪਿਤ ਬਹੁ ਜੋਵਾ॥੧੯॥

ਰੂਪਾ ਆਪਣੇ ਪਿਤਾ ਨੂੰ ਪਾਣੀ ਪਿਲਾਉਣ ਹਿਤ ਉਠਿਆ ਤੇ ਜਲ ਨੂੰ ਰੂਪੇ ਨੇ ਜਦ ਆਪਣਾ ਹੱਥ ਲਾਇਆ, ਪਾਣੀ ਲਟਕਦਾ ਹੋਇਆ ਬਹੁਤ ਠੰਡਾ ਹੋ ਗਿਆ। ਜਦ ਆਪਣੇ ਪਿਤਾ ਜੀ ਨੂੰ ਬਹੁਤ ਪਿਆਸਾ ਵੇਖਿਆ॥੧੯॥

ਕਹਯੋ ਤਬੈ 'ਹੇ ਪਿਤਾ ! ਸੁਨੀਜੈ। ਅਤਿ ਸੀਤਲ ਜਲ ਬਿਮਲ ਜਨੀਜੈ।
ਲੂੰਵਨ ਲਗਿਬੇ ਛਾਯਾ ਬਿਖੈਂ।ਯਾਂਤੇ ਭਯੋ ਨ ਅਸ ਕਬਿ ਪਿਖੈ॥ ੨੦॥

ਤਦ ਰੂਪੇ ਨੇ ਕਿਹਾ, 'ਹੇ ਪਿਤਾ ਜੀ ! ਸੁਣੋ, ਇਹ ਜਲ ਬਹੁਤ ਠੰਡਾ ਅਤੇ ਨਿਰਮਲ ਜਾਣੀਏ। ਭਾਵੇਂ ਛਾਂ ਵਿਚ ਲੂ ਭਾਵ ਤਤੀ ਤੇ ਖੁਸ਼ਕ ਹਵਾ ਲੱਗਦੀ ਰਹੀ ਹੈ, ਫਿਰ ਵੀ ਕਦੀ ਏਨਾਂ ਠੰਡਾ ਪਾਣੀ ਨਹੀਂ ਵੇਖਿਆ ਹੈ॥੨੦॥

ਹਮ ਤੁਮ ਅਹੈਂ ਮਿਹਨਤੀ ਲੋਗ। ਸੁਭ ਅਸ ਵਸਤੂ ਕੇ ਨਹਿਂ ਜੋਗ।
ਸਤਿਗੁਰ ਕੀ ਲਾਇਕ ਜਲ ਭਯੋ। ਅਪਰ ਉਚਿਤ ਮੈਂ ਨਹਿਂ ਲਖਿ ਲਯੋ॥੨੧॥

ਅਸੀਂ ਤੁਸੀਂ ਤੇ ਮਿਹਨਤੀ ਲੋਕ ਹਾਂ, ਅਸੀਂ ਅਜਿਹੀ ਸ਼ੁਭ ਵਸਤੂ ਦੇ ਯੋਗ ਨਹੀਂ ਹਾਂ। ਇਹ ਜਲ ਤਾਂ ਕੇਵਲ ਸਤਿਗੁਰੂ ਜੀ ਦੇ ਹੀ ਯੋਗ ਹੈ, ਹੋਰ ਮੈਂ ਕਦੀ ਇਸ ਤਰ੍ਹਾਂ ਦਾ ਉਚਿਤ ਜਲ ਨਹੀਂ ਵੇਖਿਆ ਹੈ॥੨੧॥

ਅਤਿ ਉੱਤਮ ਜੋ ਸਭਿ ਜਗ ਲਾਇਕ। ਉੱਤਮ ਵਸਤੁ ਸਕਲ ਤਿਨ ਨਾਇਕ।
ਸੁਮਤਿਵੰਤ ਜੋ ਨਰ, ਲਖਿ ਲੇਤਿ। ਉੱਤਮ ਵਸਤੁ ਗੁਰਨ ਹਿਤ ਦੇਤਿ॥੨੨॥

ਅਤਿ ਉੱਤਮ ਜੋ ਸਾਰੇ ਜਗਤ ਦੇ ਮਾਲਕ ਹਨ, ਸਾਰੀਆਂ ਉੱਤਮ ਵਸਤੂਆਂ ਉਨ੍ਹਾਂ ਦੇ ਲਾਇਕ ਹਨ, ਜਿਹੜੇ ਸ੍ਰੇਸ਼ਟ ਮੱਤ ਵਾਲੇ ਮਨੁੱਖ ਹਨ, ਉਹ ਸਮਝ ਲੈਂਦੇ ਹਨ ਤੇ ਉੱਤਮ ਵਸਤੂ ਨੂੰ ਕੇਵਲ ਆਪਣੇ ਗੁਰੂ ਜੀ ਨੂੰ ਦਿੰਦੇ ਹਨ॥੨੨॥

ਅਪਨੇ ਉਚਿਤ ਜਾਨਿ ਹਰਖਾਵੈਂ।ਜਗ ਸਾਗਰ ਦੇ ਹਾਥ ਤਰਾਵੈਂ।
ਸੁਨਿ ਸਾਧੂ ਨਿਜ ਨੰਦਨ ਬੈਨ। ਕਰਤਿ ਧਯਾਨ ਗੁਰ ਮੁੰਦਤਿ ਨੈਨ॥ ੨੩॥

ਗੁਰੂ ਜੀ ਉੱਤਮ ਵਸਤੂ ਨੂੰ ਆਪਣੇ ਲਾਇਕ ਜਾਣ ਕੇ ਪ੍ਰਸੰਨ ਹੁੰਦੇ ਹਨ ਤੇ ਭਵਸਾਗਰ ਤੋਂ ਹੱਥ ਦੇ ਕੇ ਤਾਰ ਦਿੰਦੇ ਹਨ।'' ਭਾਈ ਸਾਧੂ ਆਪਣੇ ਪੁੱਤਰ ਦੇ ਇਹ ਬਚਨ ਸੁਣ ਕੇ ਅੱਖਾਂ ਬੰਦ ਕਰਕੇ ਆਪਣਾ ਧਿਆਨ ਗੁਰੂ ਜੀ ਵਲ ਲਾ ਲਿਆ॥੨੩॥

ਪੁਨ ਉਠਿ ਲਗੇ ਕਾਟਿਬੇ ਲਕਰੀ। 'ਪ੍ਰਥਮ ਨ ਪੀਵੈਂ' ਟੇਕ ਸੁ ਪਕਰੀ।
ਘਰੀ ਬਿਤਾਇ ਤ੍ਰਿਖਾਤੁਰ ਹੋਏ। ਪੁਨ ਹਰਿ ਤਹਿਂ ਆਏ ਮਿਲਿ ਦੋਏ॥ ੨੪॥

ਫਿਰ ਉੱਠ ਕੇ ਲਕੜੀ ਕੱਟਣ ਲੱਗੇ, ''ਪਾਣੀ ਪਹਿਲਾਂ ਨਹੀਂ ਪੀਵਾਂਗੇ ਗੁਰੂ ਜੀ ਦੀ ਟੇਕ ਫੜ ਲਈ। ਇਸ ਤਰ੍ਹਾਂ ਪਿਆਸ ਲਗਿਆਂ ਇਕ ਘੜੀ ਬਤੀਤ ਕਰ ਦਿੱਤੀ। ਫਿਰ ਦੋਵੇਂ ਮਿਲ ਕੇ ਉਸ ਥਾਂ ਆਏ॥੨੪॥

ਜਬਿ ਸਾਧੂ ਨੇ ਹਾਥ ਲਗਾਯਹੁ। ਜਲ ਕੂਨ੍ਹਾ ਅਤਿਸੈ ਸਿਤਲਾਯਹੁ।
ਚਹਤਿ ਹੁਤੋ ਪ੍ਰਿਯ ਪੁੱਤ੍ਰ ਪਿਆਵਨ। ਤਪਤ ਤ੍ਰਿਖਾਤੁਰ ਹੇਤੁ ਹਟਾਵਨ॥ ੨੫॥

ਜਦ ਸਾਧੂ ਨੇ ਛਾਗਲ ਨੂੰ ਹੱਥ ਲਾਇਆ ਤਾਂ ਜਲ ਵਾਲੀ ਛਾਗਲ ਬਹੁਤ ਠੰਡੀ ਹੋਈ ਸੀ। ਉਹ ਆਪਣੇ ਪਿਆਰੇ ਪੁੱਤਰ ਨੂੰ ਪਾਣੀ ਪਿਆਉਣਾ ਚਾਹੁੰਦਾ ਸੀ, ਉਸਦੀ ਗਰਮੀ ਅਤੇ ਪਿਆਸ ਹਟਾਉਣੀ ਚਾਹੁੰਦਾ ਸੀ॥੨੫॥

ਲਖਿ ਜਲ ਸੀਤਲ ਰਿਦੈ ਬਿਚਾਰਾ। 'ਸੁਮਤਿਵੰਤ ਸੁਤ ਸਾਚ ਉਚਾਰਾ।
ਗੁਰੂ ਲਾਇਕ ਇਹੁ ਨਿਸ਼ਚੈ ਅਹਾ। ਤਊ ਆਨਿ ਕਰਿ ਪੀਵਹਿਂ ਕਹਾਂ?' ॥੨੬॥

ਜਲ ਨੂੰ ਬਹੁਤ ਠੰਡਾ ਵੇਖ ਕੇ ਹਿਰਦੇ ਵਿਚ ਵਿਚਾਰ ਕੀਤੀ, ''ਮੇਰੇ ਸਮਝਦਾਰ ਪੁੱਤਰ ਨੇ ਸੱਚਾ ਬਚਨ ਉਚਾਰਨ ਕੀਤਾ ਹੈ, ਉਸਦਾ ਨਿਸ਼ਚਾ ਹੈ ਕਿ ਇਹ ਪਾਣੀ ਗੁਰੂ ਜੀ ਦੇ ਪੀਣ ਲਾਇਕ ਹੈ, ਫਿਰ ਉਹ ਆ ਕੇ ਕਿਥੇ ਪਾਣੀ ਪੀਵੇਗਾ ?'' ॥੨੬॥

ਜਲ ਕੋ ਤਜਿ ਬੈਠਜੋ ਸੁਤ ਪਾਸ। ਲਾਗੀ ਬਹੁ ਦੋਨਹੁਂ ਕੋ ਪਯਾਸ।
ਸੁਸ਼ਕ ਕੰਠ ਮੁਖ ਓਸ਼ਟ ਭਏ। ਰਸਨਾ ਚਲਤਿ ਨ ਬਹੁ ਮੁਰਝਏ॥ ੨੭॥

ਜਲ ਨੂੰ ਛੱਡ ਕੇ ਪੁੱਤਰ ਦੇ ਪਾਸ ਬੈਠ ਗਿਆ, ਦੋਵਾਂ ਨੂੰ ਹੀ ਬਹੁਤ ਪਿਆਸ ਲੱਗੀ ਹੋਈ ਸੀ। ਗਲਾ, ਹੋਂਟ ਤੇ ਮੂੰਹ ਸੁਕ ਗਏ ਸਨ, ਬੋਲਿਆ ਜਾਂਦਾ ਨਹੀਂ ਸੀ ਤੇ ਬਹੁਤ ਮੁਰਝਾ ਗਏ॥੨੭॥

ਸਨੇ ਸਨੇ ਤਬਿ ਨੀਠਹਿ ਨੀਠ। ਬੋਲਹਿਂ ਦਿਸ਼ਠਿ ਚਲਾਵਹਿਂ ਡੀਠਿ।
'ਸਤਿਗੁਰੂ ਡਾਰਿ ਡਰੋਲੀ ਡੇਰਾ। ਤੀਸ ਕੋਸ ਕੋ ਪੰਥ ਘਨੇਰਾ॥ ੨੮॥

ਮਸਾਂ-ਮਸਾਂ ਬੋਲਦੇ ਹਨ ਤੇ ਚਾਰੇ ਪਾਸੇ ਵੇਖਦੇ ਹਨ ਕਿ ਕਿਤੇ ਸਤਿਗੁਰੂ ਜੀ ਆਉਂਦੇ ਹੋਣ, ਪਰ ਫਿਰ ਸੋਚਦੇ ਹਨ, ਸਤਿਗੁਰੂ ਜੀ ਦਾ ਡੇਰਾ ਤਾਂ ਡਰੋਲੀ ਵਿਚ ਹੈ, ਜਿਹੜਾ ਇਸ ਥਾਂ ਤੋਂ ਤੀਹ ਕੋਹ ਦੂਰ ਹੈ॥੨੮॥

ਪਰਹਿ ਸਮੇ ਇਸ ਘਾਮ ਬਿਸਾਲਾ। ਕਿਮ ਅਬਿ ਐਹੈਂ ਗੁਰੂ ਕ੍ਰਿਪਾਲਾ।
ਤਬਿ ਰੂਪੇ ਪਿਤ ਕੋ ਸਮੁਝਾਯੋ। 'ਇਮ ਸੰਸੈ ਨ ਕਰਨਿ ਬਨਿਆਯੋ॥ ੨੯॥

ਇਸ ਸਮੇਂ ਬਹੁਤ ਗਰਮੀ ਪੈ ਰਹੀ ਹੈ, ਕ੍ਰਿਪਾਲ ਗੁਰੂ ਜੀ ਇਸ ਸਮੇਂ ਕਿਵੇਂ ਆ ਸਕਦੇ ਹਨ। ਫਿਰ ਰੂਪੇ ਨੇ ਆਪਣੇ ਪਿਤਾ ਜੀ ਨੂੰ ਸਮਝਾਇਆ, ''ਇਸ ਤਰ੍ਹਾਂ ਸ਼ੰਕਾ ਕਰਨਾ ਬਣਦਾ ਨਹੀਂ ਹੈ'' ॥੨੯॥

ਸਰਬ ਸ਼ਕਤਿ ਮਾਲਿਕ ਗੁਰੁ ਪੂਰਾ। ਜਹਿਂ ਸਿਮਰੈ ਸਭਿ ਥਾਨ ਹਜ਼ੂਰਾ।
ਹਮਰੋ ਪ੍ਰੇਮ ਪਰਣ ਨਿਰਬਾਹੈਂ। ਪਾਨ ਹਰਹਿਂ ਲਾਯਕ ਨਿਜ ਚਾਹੈਂ ॥ ੩੦ ॥

ਗੁਰੂ ਜੀ ਸਰਬ ਸ਼ਕਤੀਮਾਨ ਅਤੇ ਪੂਰਨ ਮਾਲਕ ਹਨ, ਜਿਥੇ ਵੀ ਕੋਈ ਯਾਦ ਕਰੇ ਉਥੇ ਹਜ਼ੂਰ ਪਹੁੰਚ ਜਾਂਦੇ ਹਨ, ਸਾਡਾ ਪ੍ਰੇਮ ਪ੍ਰਣ ਭਾਵ ਪ੍ਰੇਮ ਦੀ ਪ੍ਰਤਿਗਿਆ ਜ਼ਰੂਰ ਨਿਬਾਹੁਣਗੇ। ਗੁਰੂ ਜੀ ਇਸ ਪਾਣੀ ਨੂੰ ਆਪਣੇ ਲਾਇਕ ਵੇਖਣ ਤਾਂ ਆਪ ਜ਼ਰੂਰ ਪੀਣ ਆਉਣਗੇ' ॥੩੦॥

ਇਮ ਕਹਿ ਗਏ ਕਾਰ ਕੋ ਕਰਿਬੇ। ਕਰੀ ਨ ਗਈ, ਹਟੇ ਪੁਨ ਪਰਿਬੇ।
ਭਏ ਤ੍ਰਿਖਾਤੁਰ ਲਕਰੀ ਕਾਟੀ। ਸੂਕ ਓਠ, ਲਾਗਿ ਮੁਖ ਲਾਟੀ॥ ੩੧ ॥

ਇਸ ਤਰ੍ਹਾਂ ਕਹਿ ਕੇ ਫਿਰ ਆਪਣਾ ਕੰਮ ਕਰਨ ਲੱਗ ਗਏ, ਪਰ ਕਾਰ ਕੀਤੀ ਨਾ ਗਈ ਤੇ ਫਿਰ ਲੰਮੇ ਪੈ ਗਏ। ਬੜੀ ਪਿਆਸ ਲੱਗੀ ਸੀ, ਫਿਰ ਵੀ ਲਕੜੀ ਕੱਟੀ। ਹੋਂਟ, ਮੂੰਹ ਤੇ ਥੁੱਕ ਖੁਸ਼ਕ ਹੋ ਗਿਆ॥੩੧॥

ਅਤਿ ਸੀਤਲ ਜਲ ਉੱਤਮ ਜਾਨਿ। ਚਹਿਤਿ ਕਰਾਯੋ ਸ੍ਰੀ ਗੁਰ ਪਾਨ।
ਖਿੰਨ ਬਦਨ ਮਨ ਉਮਗ ਬਡੇਰੀ। ਪਿਤਾ ਪੁੱਤ੍ਰ ਬ੍ਯਾਕੁਲ ਤਿਸ ਬੇਰੀ॥ ੩੨ ॥

ਜਲ ਨੂੰ ਅਤਿ ਸੀਤਲ ਅਤੇ ਉੱਤਮ ਜਾਣ ਕੇ, ਗੁਰੂ ਜੀ ਨੂੰ ਪਿਆਉਣਾ ਚਾਹੁੰਦੇ ਸਨ। ਚਿਹਰਾ ਕੁਮਲਾਇਆ ਸੀ, ਪਰ ਮਨ ਵਿਚ ਵੱਡਾ ਉਤਸ਼ਾਹ ਅਤੇ ਉਮੰਗ ਸੀ, ਉਸ ਸਮੇਂ ਪਿਤਾ ਪੁੱਤਰ ਵਿਆਕੁਲ ਹੋ ਗਏ॥੩੨॥

ਸ੍ਰੀ ਹਰਿ ਗੋਬਿੰਦ ਮੰਦਿਰ ਅੰਦਰ। ਥਿਰੇ ਪ੍ਰਯੰਕ ਪੀਠ ਮ੍ਰਿਦੁ ਸੁੰਦਰ।
ਖਸ ਟਾਟੀ ਕੀਨੇ ਛਿਰਕਾਵ। ਜਲ ਸੀਂਚਤਿ ਸੀਤਲ ਮਹਿਕਾਵ॥ ੩੩ ॥

ਸ੍ਰੀ ਗੁਰੂ ਹਰਿਗੋਬਿੰਦ ਜੀ ਆਪਣੇ ਘਰ ਦੇ ਅੰਦਰ ਪਲੰਘ ਦੀ ਪਿੱਠ ਤੇ ਭਾਵ ਸੇਜਾ ਤੇ ਲੇਟੇ ਹੋਏ ਸਨ। ਖਸ ਦੀ ਟਾਟੀ ਲੱਗੀ ਹੋਈ ਸੀ ਤੇ ਉਸ ਉਤੇ ਠੰਡੇ ਜਲ ਦਾ ਛਿੜਕਾਅ ਕੀਤਾ ਹੋਇਆ ਸੀ, ਖੁਸ਼ਬੂਦਾਰ ਤੇ ਠੰਡਾ ਜਲ ਮਹਿਕ ਰਿਹਾ ਸੀ॥੩੩॥

ਅਰਕ ਗੁਲਾਬਨ ਕੰਧ ਉਲੀਚੇ। ਅਤਰ ਸੁਗੰਧਤਿ ਬਸਤ੍ਰਨ ਬੀਚੇ।
ਰਾਮੋ ਖਰੀ ਬਿਜਨ ਕੋ ਕਰੈ। ਸਾਂਈ ਦਾਸਹਿ ਬਾਤ ਉਚਰੈ॥ ੩੪ ॥

ਗੁਲਾਬ ਦਾ ਅਰਕ ਕੰਧਾਂ ਉੱਤੇ ਛਿੜਕਾਇਆ ਹੋਇਆ ਸੀ ਤੇ ਬਸਤ੍ਰਾਂ ਵਿਚ ਅਤਰ ਦੀ ਸੁਗੰਧੀ ਆ ਰਹੀ ਸੀ। ਬੀਬੀ ਰਾਮੋ ਖੜੀ ਪੱਖਾ ਝਲ ਰਹੀ ਸੀ ਤੇ ਭਾਈ ਸਾਈਂ ਦਾਸ ਗੱਲਾਂ ਕਰ ਰਹੇ ਸਨ॥੩੪॥

ਕਰੀ ਪ੍ਰੇਮ ਨੇ ਖੈਂਚ ਬਡੇਰੀ। ਸਭਿ ਕਿਛ ਤਜਾਗ ਦੀਨਿ ਤਿਸ ਬੇਰੀ।
ਕਹਤਿ ਸ਼ੀਘ੍ਰ ਹੀ ਜ਼ੀਨ ਪਵਾਯੋ। ਚਢਿਬੇ ਹੇਤੁ ਤੁਰੰਗ ਮੰਗਾਯੋ॥ ੩੫ ॥

ਜਦ ਪ੍ਰੇਮ ਨੇ ਵੱਡੀ ਖਿੱਚ ਪਾਈ, ਉਸ ਸਮੇਂ ਗੁਰੂ ਜੀ ਨੇ ਸਭ ਕੁਝ ਛੱਡ ਦਿੱਤਾ। ਕਹਿਕੇ ਤੁਰਤ ਘੋੜੇ ਤੇ ਕਾਠੀ ਪਵਾਈ ਤੇ ਸਵਾਰੀ ਵਾਸਤੇ ਘੋੜਾ ਮੰਗਵਾਇਆ॥੩੫॥

ਭਏ ਇਕਾਕੀ ਤਬਿ ਅਸਵਾਰ। ਨਹਿਂ ਦਾਸਨਿ ਦੁਖ ਸਕੇ ਸਹਾਰ।
ਤੀਸ ਕੋਸ ਪਹੁਂਚੇ ਛਿਨ ਮਾਂਹੀ। ਹੋਇ ਤ੍ਰਿਖਾਤੁਰ ਇਤ ਉਤ ਜਾਂਹੀ॥ ੩੬ ॥

ਫਿਰ ਇਕੱਲੇ ਹੀ ਘੋੜੇ ਤੇ ਅਸਵਾਰ ਹੋ ਗਏ, ਆਪਣੇ ਦਾਸਾਂ ਦਾ ਦੁਖ ਸਹਾਰ ਨਾ ਸਕੇ। ਛੇਤਨ ਤੀਹ ਕੋਹ ਤੇ ਜਾ ਕੇ ਪਹੁੰਚ ਗਏ, ਪਿਆਸੇ ਹੋ ਕੇ ਇੱਧਰ ਉਧਰ ਜਾਂਦੇ ਸਨ॥੩੬॥

ਜਿਮ ਜਲ ਪ੍ਰਾਪਤਿ ਕਹੂੰ ਨ ਹੋਵਾ। ਜੰਗਲ ਬਿਖੈ ਭ੍ਰਮਤਿ ਥਲ ਜੋਵਾ।
ਪਿਤਾ ਪੂਤ ਬ੍ਯਾਕੁਲ ਛਿਤ ਪਰੇ। ਸ਼ੁਸ਼ਕ ਬਦਨ ਓਸ਼ਠ ਜੁਗ ਜੁਰੇ॥ ੩੭ ॥

ਜਿਵੇਂ ਕਿਸੇ ਥਾਂ ਵੀ ਪਾਣੀ ਪ੍ਰਾਪਤ ਨਾ ਹੋਇਆ ਹੋਵੇ, ਜੰਗਲ ਵਿਚ ਫਿਰ ਕੇ ਪਾਣੀ ਵਾਲਾ ਸਥਾਨ ਵੇਖ ਰਹੇ ਸਨ। ਪਿਤਾ ਪੁੱਤਰ ਪਿਆਸ ਨਾਲ ਵਿਆਕੁਲ ਹੋਏ ਧਰਤੀ ਤੇ ਲੇਟੇ ਹੋਏ ਸਨ, ਮੂੰਹ ਗਲ੍ਹਾ ਅਤੇ ਦੋਵੇਂ ਹੋਂਟ ਜੁੜੇ ਹੋਏ ਸਨ॥੩੭॥

ਇਕ ਸਤਿਗੁਰੁ ਕੀ ਆਸਾ ਲਾਗੇ। ਪਾਨਿ ਪਿਆਵਨ ਪਰ ਅਨੁਰਾਗੇ।
ਪੂਰਬ ਅਰਪ ਦੀਨਿ ਜਲ ਸੀਤਲ। 'ਬਿਨ ਗੁਰੁ ਪਿਯੈਂ ਨਾ' ਹਠ ਧਰਿ ਹੀਤਲ॥੩੮॥

ਇਕ ਸਤਿਗੁਰੂ ਜੀ ਦੀ ਆਸ ਲੱਗੀ ਸੀ, ਉਨ੍ਹਾਂ ਨੂੰ ਜਲ ਪਿਆਉਣ ਦਾ ਪ੍ਰੇਮ ਜਾਗਿਆ ਸੀ। ਪਹਿਲਾਂ ਹੀ ਸੀਤਲ ਜਲ ਗੁਰੂ ਜੀ ਨੂੰ ਅਰਪਣ ਕਰ ਦਿੱਤਾ ਸੀ ਤੇ ਕਹਿੰਦੇ ਸਨ, "ਗੁਰੂ ਜੀ ਬਗੈਰ ਪੀਵਾਂਗੇ ਨਹੀਂ" ਮਨ ਵਿਚ ਇਹ ਹੱਠ ਧਾਰਨ ਕੀਤਾ ਹੋਇਆ ਸੀ॥੩੮॥

ਪ੍ਰਾਨ ਅੰਤ ਲੌ ਪ੍ਰੇਮ ਨਿਬਾਹਾ। ਕਿਮ ਗੁਰੁ ਨਹਿਂ ਆਵਹਿਂ ਤਿਨ ਪਾਹਾ।
ਦੇਖਿ ਦੂਰ ਤੇ ਦੋਇਨ ਦਾਸਾ। ਊਚੇ ਸਤਿਗੁਰ ਬਾਕ ਪ੍ਰਕਾਸ਼ਾ॥ ੩੯॥

ਪ੍ਰਾਣਾਂ ਦੇ ਅੰਤ ਤਕ ਪ੍ਰੇਮ ਨਿਬਾਹਿਆ, ਕਿਵੇਂ ਗੁਰੂ ਜੀ ਉਨ੍ਹਾਂ ਦੇ ਪਾਸ ਨਹੀਂ ਆਉਂਣਗੇ। ਗੁਰੂ ਜੀ ਨੇ ਆਪਣੇ ਦੋਹਾਂ ਦਾਸਾਂ ਨੂੰ ਦੂਰ ਤੋਂ ਵੇਖ ਕੇ, ਗੁਰੂ ਜੀ ਨੇ ਉੱਚੀ ਆਵਾਜ਼ ਵਿਚ ਬਚਨ ਕੀਤਾ॥੩੯॥

'ਕੋ ਤੁਮ ਪਰੇ ਬਤਾਵਹੁ ਹਮੈ?। ਤ੍ਰਿਖਾ ਬਿਖਾਦ ਦੇਤਿ ਇਹੁ ਸਮੈ।
ਜਲ ਜੰਗਲ ਮਹਿਂ ਨਾਂਹਿਨ ਪਾਵੈਂ। ਖੋਜਤਿ ਫਿਰੈਂ ਹਾਥ ਨਹਿਂ ਆਵੈ'॥੪੦॥

"ਤੁਸੀਂ ਲੰਮੇ ਕਿਉਂ ਪਏ ਹੋ, ਸਾਨੂੰ ਦੱਸੋ। ਇਸ ਸਮੇਂ ਪਿਆਸ ਬਹੁਤ ਦੁਖੀ ਕਰਦੀ ਹੈ, ਜੰਗਲ ਵਿਚ ਕਿਤੇ ਵੀ ਪਾਣੀ ਨਹੀਂ ਮਿਲਦਾ ਹੈ ਅਸੀਂ ਲਭਦੇ ਫਿਰੇ ਹਾਂ ਕਿਤੇ ਵੀ ਹੱਥ ਨਹੀਂ ਆਇਆ ਹੈ"॥੪੦॥

ਸੁਨ ਗੁਹਾਰ ਕੋ ਆਂਖ ਉਘਾਰੀ। ਉਠਿ ਸਾਧੂ ਬਯਾਕੁਲ ਤਿਖ ਭਾਰੀ।
'ਕੌਨ ਪੁਕਾਰਤਿ ਜੰਗਲ ਮਾਂਹੀ। ਜੇਠ ਦੁਪਹਿਰੇ ਥਿਰ ਕਯੋਂ ਨਾਂਹੀ?'॥੪੧॥

ਗੁਰੂ ਜੀ ਦੀ ਉਚੀ ਆਵਾਜ਼ ਸੁਣ ਕੇ ਅੱਖ ਖੋਲ੍ਹੀ, ਸਾਧੂ ਵਿਆਕੁਲ ਹੋ ਕੇ ਉਠਿਆ, ਪਿਆਸ ਬਹੁਤ ਲੱਗੀ ਹੋਈ ਸੀ। ਕਹਿਣ ਲੱਗਾ, "ਇਸ ਜੰਗਲ ਵਿਚ ਕੌਣ ਪੁਕਾਰ ਰਿਹਾ ਹੈ, ਜੇਠ ਮਹੀਨੇ ਦੀ ਦੁਪਹਿਰ ਵਿਚ ਕਿਤੇ ਬੈਠਦਾ ਕਿਉਂ ਨਹੀਂ ਹੈ"॥੪੧॥

ਚਢੇ ਤੁਰੰਗ ਪਰ ਆਵਤਿ ਹੇਰੇ। ਸ੍ਰੀ ਹਰਿ ਗੋਵਿੰਦ ਹੈਂ ਇਸ ਬੇਰੇ।
ਜਿਮ ਬਹੁ ਤਪਤ ਗਯੋ ਸੁਕ ਨੀਰ।ਅਲਪ ਤਾਲ ਜੁਗ ਮੀਨ ਸਰੀਰ॥੪੨॥

ਜਦ ਇਸ ਸਮੇਂ ਸ੍ਰੀ ਗੁਰੂ ਹਰਿਗੋਬਿੰਦ ਜੀ ਘੋੜੇ ਤੇ ਚੜ੍ਹੇ ਆਉਂਦੇ ਵੇਖੇ ਜਿਵੇਂ ਬੜੀ ਗਰਮੀ ਨਾਲ ਛੋਟੇ ਸਰੋਵਰ ਦਾ ਪਾਣੀ ਸੁਕ ਗਿਆ ਹੋਵੇ ਤੇ ਉਸ ਵਿਚਲੀਆਂ ਮੱਛੀਆਂ ਤੜਪਦੀਆਂ ਹੋਣ, ਉਸ ਤਰ੍ਹਾਂ ਹੀ ਦੋਵੇਂ ਸਰੀਰ ਪਿਉ-ਪੁੱਤਰ ਤੜਪ ਰਹੇ ਸਨ॥੪੨॥

ਤਰਫਤਿ, ਇਕ ਪਰਮੇਸੁਰ ਆਸ। ਹੁਇ ਜਲਧਰ ਗੁਰ ਪਹੁੰਚੇ ਪਾਸ।
ਜਥਾ ਕਮਲ ਜੁਗ, ਘਾਮ ਤਪਾਏ। ਜਲ ਬਿਹੀਨ ਹੁਇ ਕਰਿ ਮੁਰਝਾਏ॥੪੩॥

ਤੜਪਦਿਆਂ ਨੂੰ ਇਕ ਪਰਮੇਸ਼ਰ ਦੀ ਆਸ ਸੀ, ਤੇ ਗੁਰੂ ਜੀ ਬੱਦਲ ਦੇ ਰੂਪ ਵਿਚ ਉਥੇ ਪਹੁੰਚ ਗਏ। ਜਿਵੇਂ ਦੋ ਕੰਵਲਾਂ ਨੂੰ ਗਰਮੀ ਨੇ ਤਪਾਇਆ ਹੋਵੇ ਤੇ ਜਲ ਵਿਹੀਣ ਹੋ ਕੇ ਮੁਰਝਾ ਗਏ ਹੋਣ॥੪੩॥

ਨਦੀ ਰੂਪ ਗੁਰੁ ਪਹੁੰਚੇ ਆਇ। ਬਿਨ ਜਲ ਪਾਨ, ਉਠੇ ਹਰਖਾਇ।
ਸੁਤ ਰੂਪੇ ਸੰਗ ਸਾਧੂ ਕਹਯੋ। 'ਉਠਹੁ, ਗੁਰੂ ਮੈਂ ਆਵਤਿ ਲਹਯੋ॥ ੪੪॥

ਨਦੀ ਰੂਪ ਗੁਰੂ ਜੀ ਉਥੇ ਆ ਪਹੁੰਚੇ, ਜਲ ਪੀਣ ਤੋਂ ਬਗੈਰ ਹੀ ਪ੍ਰਸੰਨ ਹੋ ਕੇ ਉਠ ਪਏ। ਪੁੱਤਰ ਰੂਪੇ ਨੂੰ ਭਾਈ ਸਾਧੂ ਨੇ ਕਿਹਾ, "ਉਠੋ ਪੁੱਤਰ! ਗੁਰੂ ਜੀ ਨੂੰ ਮੈਂ ਆਉਂਦਿਆਂ ਵੇਖ ਲਿਆ ਹੈ॥੪੪॥

ਭਏ ਤ੍ਰਿਖਾਤੁਰ ਜਾਚਤਿ ਨੀਰ। ਕਰਹੁ ਪਿਆਵਨਿ ਧਰਿ ਕਰਿ ਧੀਰ'।
ਮ੍ਰਿਤਕ ਸਮਾਨ ਹੁਤੇ ਮੁਰਝਾਯੋ। ਉਠਯੋ ਸੁਨਤਿ ਜਨੁ ਅਮੀ ਪਿਲਾਯੋ॥ ੪੫॥

ਉਨ੍ਹਾਂ ਨੂੰ ਪਿਆਸ ਲੱਗੀ ਹੈ, ਪਾਣੀ ਮੰਗਦੇ ਹਨ ਤੇ ਧੀਰਜ ਧਾਰਨ ਕਰਕੇ ਪਾਣੀ ਛਕਾਓ।" ਦੋਵੇਂ ਮੌਤ ਸਮਾਨ ਮੁਰਝਾਏ ਹੋਏ ਸਨ, ਸੁਣ ਕੇ ਰੂਪਾ ਉਠ ਪਿਆ ਜਿਵੇਂ ਕਿਸੇ ਅੰਮ੍ਰਿਤ ਪਿਲਾਇਆ ਹੋਵੇ॥੪੫॥

ਦੋਨਹੁਂ ਖਰੇ ਦੂਰ ਕਰ ਜੋਰੇ। ਗੁਰ ਹਯ ਪ੍ਰੇਰਿ ਗਏ ਤਿਨ ਓਰੇ।
ਬਾਰ ਬਾਰ ਬਚ ਬਦਨ ਬਖਾਨੇ। 'ਹਮ ਕੋ ਲਾਗੀ ਤ੍ਰਿਖਾ ਮਹਾਨੇ॥ ੪੬॥

ਦੋਵੇਂ ਹੱਥ ਜੋੜ ਕੇ ਖੜੇ ਹੋ ਗਏ, ਗੁਰੂ ਜੀ ਘੋੜੇ ਨੂੰ ਹਿਕ ਕੇ ਉਨ੍ਹਾਂ ਦੇ ਪਾਸ ਆ ਗਏ, ਬਾਰ-ਬਾਰ ਮੁੱਖ ਵਿਚੋਂ ਬਚਨ ਕਹਿ ਰਹੇ ਸਨ। "ਸਾਨੂੰ ਬਹੁਤ ਪਿਆਸ ਲੱਗੀ ਹੈ॥੪੬॥

ਖੋਜ ਰਹੇ ਜਲ ਕਤਹੂੰ ਨ ਪਾਯੋ। ਜੇਠ ਦੁਪਹਿਰੇ ਬਹੁ ਤਪਤਾਯੋ'।
ਗਏ ਸਮੀਪ ਦੋਨ ਪਗ ਪਰੇ। 'ਪ੍ਰਭੁ ਜੀ! ਜਲ ਸੁ ਤਯਾਰ ਹਮ ਕਰੇ॥ ੪੭॥

ਬਹੁਤ ਲੱਭ ਰਹੇ ਹਾਂ, ਪਰ ਜਲ ਕਿਤੇ ਵੀ ਨਹੀਂ ਪਾਇਆ ਹੈ, ਜੇਠ ਦੀ ਦੁਪਹਿਰ ਸਮੇਂ ਬਹੁਤ ਗਰਮੀ ਹੈ।" ਦੋਵੇਂ ਪਾਸ ਜਾ ਕੇ ਗੁਰੂ ਜੀ ਦੇ ਚਰਨਾਂ ਤੇ ਢਹਿ ਪਏ ਤੇ ਕਹਿਣ ਲੱਗੇ, "ਪ੍ਰਭੂ ਜੀ ਜਲ ਅਸੀਂ ਤਿਆਰ ਕੀਤਾ ਹੈ॥੪੭॥

ਕੂੰਨ੍ਹਾ ਜੰਡ ਬ੍ਰਿੱਛ ਲਟਕਾਯੋ। ਲਗ ਲੋਵਾ ਅਤਿ ਹੀ ਸਿਤਲਾਯੋ।
ਉਚਿਤ ਆਪ ਕੇ ਪਾਨੀ ਜਾਨਾ। ਭਏ ਤ੍ਰਿਖਾਤੁਰ ਕਰਯੋ ਨ ਪਾਨਾ॥ ੪੮॥

ਕਪੜੇ ਦੀ ਛੋਟੀ ਮਸ਼ਕ ਪਾਣੀ ਨਾਲ ਭਰ ਕੇ ਅਸੀਂ ਜੰਡ ਦੇ ਬ੍ਰਿੱਛ ਨਾਲ ਲਟਕਾਈ ਹੈ, ਲੋਆਂ ਲੱਗਣ ਨਾਲ ਪਾਣੀ ਅਤਿ ਠੰਡਾ ਹੋਇਆ ਹੈ ਅਸੀਂ ਇਸ ਪਾਣੀ ਨੂੰ ਆਪ ਜੀ ਦੇ ਪੀਣ ਦੇ ਉਚਿਤ ਜਾਣਿਆ ਹੈ, ਸਾਨੂੰ ਬਹੁਤ ਪਿਆਸ ਲੱਗੀ ਸੀ, ਪਰ ਅਸੀਂ ਨਹੀਂ ਪੀਤਾ ਹੈ"॥੪੮॥

ਗਹਿ ਰਕਾਬ ਸਤਿਗੁਰੂ ਉਤਾਰੇ। ਤਨ ਕੋ ਬਸਨ ਪ੍ਰਿਥੀ ਪਰ ਡਾਰੇ।
ਹਾਥ ਜੋਰਿ ਊਪਰ ਬੈਠਾਏ। ਪਾਤਨਿ ਕੋ ਡੋਨਾ ਕਰਿ ਲਯਾਏ॥ ੪੯॥

ਰਕਾਬ ਫੜ ਕੇ ਸਤਿਗੁਰੂ ਜੀ ਨੂੰ ਉਤਾਰਿਆ, ਆਪਣੇ ਸਰੀਰ ਤੇ ਪਹਿਣੇ ਕਪੜੇ ਲਾਹ ਕੇ ਧਰਤੀ ਤੇ ਵਿਛਾ ਦਿੱਤੇ, ਹੱਥ ਜੋੜ ਕੇ ਗੁਰੂ ਜੀ ਨੂੰ ਉਨ੍ਹਾਂ ਕਪੜਿਆਂ ਤੇ ਬੈਠਾਇਆ ਤੇ ਪਤਿਆਂ ਦਾ ਡੂੰਨਾ ਬਣਾ ਲਿਆਏ॥੪੯॥

ਤਬਿ ਰੂਪੇ ਜਲ ਤਰੇ ਉਤਾਰਾ। ਭਰਿ ਡੋਨਾ ਸਾਧੂ ਕਰ ਧਾਰਾ।
ਸ੍ਰੀ ਹਰਿਗੋਵਿੰਦ ਕੋ ਪਕਰਾਯੋ। ਕਰਯੋ ਪਾਨ, ਪੁਨ ਬਾਕ ਅਲਾਯੋ॥ ੫੦॥

ਫਿਰ ਰੂਪੇ ਨੇ ਜਲ ਨੂੰ ਥੱਲੇ ਉਤਾਰਿਆ, ਡੂੰਨਾ ਭਰ ਕੇ ਸਾਧੂ ਨੇ ਆਪਣੇ ਹੱਥ ਵਿਚ ਫੜਿਆ ਤੇ ਸ੍ਰੀ ਹਰਿਗੋਬਿੰਦ ਜੀ ਨੂੰ ਫੜਾਇਆ ਗੁਰੂ ਜੀ ਨੇ ਜਲ ਛਕਿਆ ਤੇ ਫਿਰ ਕਿਹਾ॥੫੦॥

'ਜਲ ਐਸੋ ਕਬਿ ਪੀਯੋ ਨ ਆਗੇ। ਕਿਨਹੂੰ ਨ ਦੀਨਸਿ ਕਰਿ ਅਨੁਰਾਗੇ।
ਅਧਿਕ ਤ੍ਰਿਖਾ ਕਰਿ ਪਾਨ ਮਿਟਾਈ। ਅਬਿ ਤੁਮ ਪਿਯਹੁ ਜਿਯਹੁ ਸੁਖਦਾਈ॥੫੧॥

"ਮੈਂ ਐਸਾ ਜਲ ਪਹਿਲਾਂ ਕਿਤੇ ਨਹੀਂ ਪੀਤਾ ਹੈ, ਕਿਸੇ ਨੇ ਵੀ ਏਨਾਂ ਪਿਆਰ ਕਰਕੇ ਜਲ ਨਹੀਂ ਦਿੱਤਾ ਹੈ, ਪਾਣੀ ਪੀ ਕੇ ਮੈਂ ਸਖਤ ਪਿਆਸ ਨੂੰ ਦੂਰ ਕਰ ਲਿਆ ਹੈ, ਹੁਣ ਤੁਸੀਂ ਪੀਵੋ ਜਿਵੇਂ ਸੁਖਦਾਈ ਹੈ॥੫੧॥

ਹਿਮ ਅਰੁ ਸ਼ੋਰੇ ਮਹਿਂ ਧਰਿ ਰਾਖਾ। ਅਤਿ ਸੀਤਲ ਕਰਿਬੇ ਅਭਿਲਾਖਾ।
ਇਸ ਜਲ ਸਮ ਹਮ ਕਬਹੂੰ ਨ ਪਿਯੋ। ਬਰੰਬਾਰ ਸਰਾਹਿਨ ਕਿਯੋ॥ ੫੨ ॥

ਪਾਣੀ ਨੂੰ ਅਤਿ ਠੰਡਾ ਕਰਨ ਦੀ ਅਭਿਲਾਸ਼ਾ ਨਾਲ ਮਾਨੋਂ ਸ਼ੋਰੇ ਵਿਚ ਜਾਂ ਬਰਫ ਵਿਚ ਰੱਖ ਕੇ ਠੰਡਾ ਕੀਤਾ ਹੋਵੇ, ਇਸ ਜਲ ਵਰਗਾ ਅਸੀਂ ਕਦੀ ਨਹੀਂ ਪੀਤਾ ਹੈ।'' ਗੁਰੂ ਜੀ ਬਾਰ-ਬਾਰ ਜਲ ਦੀ ਸ਼ਲਾਘਾ ਕਰਦੇ ਸਨ॥੫੨॥

ਪਿਤਾ ਪੁੱਤ੍ਰ ਗੁਰ ਆਇਸੁ ਪਾਈ। ਕਰਜੋ ਪਾਨਿ ਜਲ ਤ੍ਰਿਖਾ ਮਿਟਾਈ।
ਹਰਖਤਿ ਪੌਨ ਕਰਨਿ ਪੁਨ ਲਾਗੇ। ਪੂਰਬ ਜਨਮ ਪੁੰਨ ਜਿਨ ਜਾਗੇ॥ ੫੩ ॥

ਪਿਤਾ-ਪੁੱਤਰ ਨੇ ਗੁਰੂ ਜੀ ਦੀ ਆਗਿਆ ਪਾ ਕੇ ਪਾਣੀ ਪੀ ਕੇ ਪਿਆਸ ਮਿਟਾਈ। ਪ੍ਰਸੰਨ ਹੋ ਕੇ ਫਿਰ ਗੁਰੂ ਜੀ ਨੂੰ ਪੱਖਾ ਝਲਣ ਲੱਗ ਗਏ, ਜਿਨ੍ਹਾਂ ਦੇ ਪਿਛਲੇ ਜਨਮ ਦੇ ਪੁੰਨ ਜਾਗ ਪਏ ਸਨ॥੫੩॥

*ਸੱਤਵੀਂ ਰਾਸ ਦਾ ਉੱਨੀਵਾਂ ਅਧਿਆਇ ਸਮਾਪਤ ਹੋਇਆ॥੧੯॥*

# *ਅਧਿਆਇ ਵੀਹਵਾਂ*

### *ਭਾਈ ਸਾਧੂ ਤੇ ਭਾਈ ਰੂਪਾ*

ਦੋਹਰਾ- ਸਾਧੂ ਧਰਿ ਆਨੰਦ ਉਰ 'ਮਹਾਰਾਜ ! ਕਿਸ ਥਾਨ ?।
ਬਿਚਰਤਿ ਹੁਤੇ ਸਮੀਪ ਕਿਤ ਕੀਨਿ ਪਾਨ ਜਲ ਆਨਿ॥ ੧ ॥

ਭਾਈ ਸਾਧੂ ਨੇ ਹਿਰਦੇ ਵਿਚ ਅਨੰਦ ਧਾਰ ਕੇ ਕਿਹਾ, ''ਮਹਾਰਾਜ ! ਕਿਸ ਸਥਾਨ ਤੇ ਵਿਚਰ ਰਹੇ ਸੀ ? ਕਿਤੇ ਨੇੜੇ ਹੀ ਸੀ, ਜਿਹੜੇ ਏਨੀਂ ਛੇਤੀ ਆ ਕੇ ਜਲ ਛੱਕ ਲਿਆ॥੧॥

ਚੌਪਈ- ਉਚਿਤ ਆਪ ਕੇ ਹਮ ਨੇ ਜਾਨਾ। ਤੁਮ ਹਿਤ ਧਰਜੋ, ਕਿਯੋ ਨਹਿਂ ਪਾਨਾ।
ਕ੍ਰਿਪਾ ਧਾਰਿ ਕਰਿ ਪੁਰਵੀ ਆਸ। ਦਾਸ ਜਾਨ ਕਰਿ ਪਹੁਚੇ ਪਾਸ' ॥੨॥

ਅਸੀਂ ਇਸ ਜਲ ਨੂੰ ਆਪ ਜੀ ਦੇ ਪੀਣ ਦੇ ਉਚਿਤ ਜਾਣਿਆ ਸੀ, ਤੁਹਾਡੇ ਵਾਸਤੇ ਰਖਿਆ ਸੀ, ਕਿਸੇ ਨੇ ਨਹੀਂ ਪੀਤਾ ਹੈ। ਤੁਸੀਂ ਕਿਰਪਾ ਧਾਰ ਕੇ ਆਸ ਪੂਰੀ ਕੀਤੀ ਤੇ ਸਾਨੂੰ ਸੇਵਕ ਜਾਣ ਕੇ ਸਾਡੇ ਪਾਸ ਪਹੁੰਚੇ ਹੋ॥੨॥

ਸੁਨਿ ਸਤਿਗੁਰੂ ਬ੍ਰਿਤਾਂਤ ਬਖਾਨਾ। 'ਤੀਸ ਕੋਸ ਹਮ ਕੀਨਿ ਪਯਾਨਾ।
ਧਾਏ ਪੀਵਨ ਨੀਰ ਤੁਮਾਰਾ। ਜੇਠ ਦੁਪਹਿਰੀ ਅਬਿ ਕਛੁ ਢਾਰਾ॥ ੩ ॥

ਇਹ ਸੁਣ ਕੇ ਸਤਿਗੁਰੂ ਜੀ ਨੇ ਬ੍ਰਿਤਾਂਤ ਸੁਣਾਇਆ, 'ਅਸੀਂ ਤੀਹ ਕੋਹ ਦਾ ਪੈਂਡਾ ਚਲ ਕੇ ਆਏ ਹਾਂ, ਤੁਹਾਡਾ ਪਾਣੀ ਪੀਣ ਵਾਸਤੇ ਬੜੀ ਤੇਜ਼ ਰਫਤਾਰ ਨਾਲ ਆਏ ਹਾਂ। ਜੇਠ ਮਹੀਨੇ ਦੀ ਸਖਤ ਦੁਪਹਿਰ ਸੀ, ਹੁਣ ਕੁਝ ਦਿਨ ਢਲ ਗਿਆ ਹੈ॥ ੩॥

ਕਾਰ ਤਿਖਾਨਨਿ ਕੀ ਅਬਿ ਤਜਾਗਹੁ। ਕਰਹੁ ਦੇਗ ਗੁਰੂ ਕੀ ਅਨੁਰਾਗਹੁ।
ਹਮ ਪ੍ਰਸੰਨ ਬਰ ਜਾਚਨ ਕੀਜੈ। ਅਭਿਲਾਖਤਿ ਸੁਖ ਪਾਇ ਸੁ ਲੀਜੈ' ॥੪॥

ਹੁਣ ਤਰਖਾਣਾਂ ਦੀ ਕਾਰ ਨੂੰ ਛੱਡੋ, ਹੁਣ ਪ੍ਰੇਮ ਨਾਲ ਗੁਰੂ ਜੀ ਦਾ ਲੰਗਰ ਚਲਾਓ। ਅਸੀਂ ਤੁਹਾਡੇ ਉਤੇ ਪ੍ਰਸੰਨ ਹੋਏ ਹਾਂ, ਕੋਈ ਵਰ ਮੰਗ ਲਵੋ ਜੋ ਵੀ ਅਭਿਲਾਸ਼ਾ ਹੈ ਸੁਖ ਪਾ ਕੇ ਪ੍ਰਾਪਤ ਕਰੋ' ॥੪॥

ਪਿਤਾ ਪੁੱਤ੍ਰ ਕਰ ਜੋਰਿ ਉਚਾਰੇ। 'ਆਨਿ ਆਪਨੇ ਦਾਸ ਉਧਾਰੇ।
ਦਿਹੁ ਨਿਜ ਸਿੱਖੀ ਕੋ ਅਬਿ ਦਾਨ। ਜਿਸ ਤੇ ਜਨਮ ਮਰਨ ਦੁਖ ਹਾਨਿ॥੫॥

ਪਿਤਾ ਪੁੱਤਰ ਨੇ ਹੱਥ ਜੋੜ ਕੇ ਕਿਹਾ, "ਤੁਸੀਂ ਆ ਕੇ ਆਪਣੇ ਦਾਸਾਂ ਦਾ ਉਧਾਰ ਕੀਤਾ ਹੈ, ਹੁਣ ਆਪਣੀ ਸਿੱਖੀ ਦਾ ਸਾਨੂੰ ਦਾਨ ਬਖਸ਼ੋ ਜਿਸ ਕਾਰਨ ਜਨਮ ਮਰਨ ਦੇ ਦੁੱਖ ਦੂਰ ਹੋ ਜਾਣ॥੫॥

ਤੁਮਰੇ ਚਰਨਨ ਕੋ ਹੁਇ ਪ੍ਰੇਮ। ਬਿਸਰਹਿਂ ਨਹਿਂ ਕਬਿ ਦਾਤਾ ਛੇਮ।
ਜੋ ਤੁਮ ਟਹਿਲ ਦੇਹੁ ਹਮ ਤਾਂਈ। ਕਰਹਿਂ ਦੇਗ ਨਿਤ, ਬਨਹੁ ਸਹਾਈ॥੬॥

ਤੁਹਾਡੇ ਚਰਨਾਂ ਨਾਲ ਸਾਡਾ ਪ੍ਰੇਮ ਹੋ ਜਾਵੇ, ਹੇ ਮੁਕਤੀ ਦਾਤੇ! ਅਸੀਂ ਕਦੀ ਵੀ ਤੁਹਾਡੇ ਚਰਨਾ ਨੂੰ ਨਾ ਵਿਸਾਰੀਏ। ਜੇ ਤੁਸੀਂ ਸਾਨੂੰ ਆਪਣੀ ਸੇਵਾ ਬਖਸ਼ੋ ਤਾਂ ਅਸੀਂ ਨਿਤ ਲੰਗਰ ਚਲਾਵਾਂਗੇ, ਤੁਸੀਂ ਸਾਡੀ ਸਹਾਇਕ ਬਣੋ॥੬॥

ਅਪਰ ਨ ਬਾਂਛਾ ਹਮਰੇ ਕੋਈ। ਕਰਹਿਂ ਅਚਾਵਨ ਦਿਹੁ ਤੁਮ ਜੋਈ।
ਪੁਰਿ ਮੈਂ ਗੁਰ ਸਿਖ ਅਹੈਂ ਨ, ਮੂੜੇ। ਮਤਸਰ ਅਗਨਿ ਜਰਹਿਂ ਨਿਤ ਕੂੜੇ॥੭॥

ਸਾਨੂੰ ਹੋਰ ਕੋਈ ਇੱਛਾ ਨਹੀਂ ਹੈ, ਜੋ ਵੀ ਤੁਸੀਂ ਦੇਵੋਗੇ ਉਹ ਹੀ ਛਕ ਲਵਾਂਗੇ। ਨਗਰ ਵਿਚ ਮੂਰਖ ਪੁਰਖ ਰਹਿੰਦੇ ਹਨ, ਝੂਠੇ ਸਦਾ ਹੰਕਾਰ ਦੀ ਅਗਨੀ ਵਿਚ ਸੜਦੇ ਹਨ॥੭॥

ਤਿਨ ਮਹੁਂ ਬਾਸ ਅਹੈ ਦੁਖਿਆਰਾ। ਇਕ ਅਲੰਬ ਤੁਮ ਅਹੋ ਹਮਾਰਾ।
ਜਿਮ ਰਾਖਹੁ ਤਿਮ ਰਹੈਂ, ਗੁਸਾਈਂ!। ਬਿਨਾ ਸੇਵ ਅਪਰ ਨ ਚਤੁਰਾਈ'॥੮॥

ਉਨ੍ਹਾਂ ਦੇ ਵਿਚ ਵਸਣਾ ਬੜਾ ਦੁਖਦਾਇਕ ਹੈ, ਇਕ ਤੁਸੀਂ ਹੀ ਸਾਡਾ ਆਸਰਾ ਹੋ। ਹੇ ਮਾਲਕ! ਜਿਵੇਂ ਰਖੋਗੇ, ਤਿਵੇਂ ਰਹਾਂਗੇ, ਸੇਵਾ ਤੋਂ ਬਗੈਰ ਸਾਡੇ ਵਿਚ ਹੋਰ ਕੋਈ ਚਤੁਰਾਈ ਨਹੀਂ ਹੈ'॥੮॥

ਸੁਨਿ ਸਤਿਗੁਰੂ ਦੇ ਧੀਰਜ ਕਹੈਂ। 'ਨਰ ਦੋਖੀ ਤੁਮਰੇ ਨਹਿਂ ਰਹੈਂ।
ਉਜਰ ਜਾਇਗੋ ਗ੍ਰਾਮ ਮਹਾਨਾ। ਰਚਹੁ ਗ੍ਰਾਮ ਅਪਨੋ ਸੁਭ ਥਾਨਾ॥੯॥

ਇਹ ਸੁਣ ਕੇ ਸਤਿਗੁਰੂ ਜੀ ਨੇ ਧੀਰਜ ਦੇ ਕੇ ਕਿਹਾ, "ਮਨੁੱਖ ਤੁਹਾਡੇ ਦੋਖੀ ਨਹੀਂ ਰਹਿਣਗੇ, ਉਹ ਪਿੰਡ ਸਾਰਾ ਹੀ ਉੱਜੜ ਜਾਵੇਗਾ ਤੇ ਕਿਸੇ ਸ਼ੁਭ ਸਥਾਨ ਤੇ ਆਪਣੇ ਪਿੰਡ ਦੀ ਰਚਨਾ ਕਰੋ॥੯॥

ਵਧਹਿ ਬੰਸ ਤੇਰੋ ਤਹਿਂ ਰਹੈ। ਬਹੁਤ ਬਡਾਈ ਬਿਦਤਿ ਸੁ ਲਹੈ'।
ਸੁਨਿ ਗੁਰ ਤੇ ਸਾਧੂ ਪੁਰਿ ਗਯੋ। ਗੁਰ ਬ੍ਰਿਤੰਤ ਸਭਿ ਭਾਖਤਿ ਭਯੋ॥੧੦॥

ਤੁਹਾਡਾ ਵੰਸ਼ ਵੱਧ ਕੇ ਉਥੇ ਹੀ ਰਹੇਗਾ, ਜਗਤ ਵਿਚ ਤੁਹਾਡੀ ਬਹੁਤ ਵਡਿਆਈ ਪ੍ਰਗਟ ਹੋਵੇਗੀ।" ਇਹ ਸੁਣ ਕੇ ਭਾਈ ਸਾਧੂ ਆਪਣੇ ਨਗਰ ਵਿਚ ਗਿਆ ਤੇ ਗੁਰੂ ਜੀ ਦਾ ਸਾਰਾ ਬ੍ਰਿਤਾਂਤ ਸੁਣਾਇਆ॥੧੦॥

ਸੁਨਤਿ ਭਾਰਜਾ ਉਰ ਹਰਿਖਾਈ। ਹਿਤ ਦਰਸ਼ਨ ਪਤਿ ਕੇ ਸੰਗ ਆਈ।
ਦੇਖਤਿ ਹੀ ਪਾਇਨ ਪਰ ਪਰੀ। 'ਧੰਨ ਗੁਰੂ! ਹਮਰੀ ਕੁਲ ਤਰੀ॥੧੧॥

ਪਤਨੀ ਸੁਣ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਈ ਤੇ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆਪਣੇ ਪਤੀ ਜੀ ਦੇ ਨਾਲ ਆਈ। ਵੇਖਦੀ ਹੀ ਚਰਨਾਂ ਤੇ ਡਿੱਗ ਪਈ ਤੇ ਕਹਿਣ ਲੱਗੀ, "ਧੰਨ ਗੁਰੂ ਜੀ! ਸਾਡੀ ਕੁਲ ਤਾਰ ਦਿੱਤੀ ਹੈ॥੧੧॥

ਹਮ ਸਮ ਦੀਨਨ ਕੀ ਕੋ ਸੁਨੈ। ਅਸ ਕਾਰਜ ਰਾਵਰ ਕੋ ਬਨੈ'।
ਰੂਪ ਚੰਦ ਕੋ ਹੇਰਨਿ ਕੀਨ। ਬਸਤ੍ਰ ਸ਼ਸਤ੍ਰ ਅਪਨੇ ਗੁਰ ਦੀਨਿ॥੧੨॥

ਸਾਡੇ ਵਰਗੇ ਗਰੀਬਾਂ ਦੀ ਕੌਣ ਸੁਣਦਾ ਹੈ, ਅਜਿਹਾ ਕਾਰਜ ਆਪ ਨੂੰ ਹੀ ਬਣ ਆਉਂਦਾ ਹੈ।" ਗੁਰੂ ਜੀ ਨੇ ਰੂਪ ਚੰਦ ਨੂੰ ਵੇਖਿਆ ਤੇ ਉਸ ਨੂੰ ਆਪਣੇ ਵਸਤਰ ਅਤੇ ਸ਼ਸਤਰ ਦੇ ਦਿੱਤੇ॥੧੨॥

ਗੁਰੂ ਡਰੋਲੀ ਤੇ ਜਬਿ ਧਾਏ। ਬਿਧੀ ਚੰਦ ਸੁਨਿ ਜ਼ੀਨ ਪਵਾਏ।
ਪ੍ਰਬਲ ਤੁਰੰਗਮ ਤਬਿਹੂੰ ਪ੍ਰੇਰਾ। ਕਿਤ ਧਵਾਇ ਕਿਤ ਪੋਈਆ ਛੇਰਾ॥ ੧੩॥

ਜਦ ਗੁਰੂ ਜੀ ਡਰੋਲੀ ਤੋਂ ਬੜੀ ਕਾਹਲੀ ਕਾਹਲੀ ਚਲੇ ਸਨ ਤਾਂ ਇਹ ਸੁਣ ਕੇ ਬਿਧੀ ਚੰਦ ਨੇ ਵੀ ਆਪਣੇ ਘੋੜੇ ਤੇ ਕਾਠੀ ਪਵਾਈ। ਵੱਡੇ ਸ਼ਕਤੀਸ਼ਾਲੀ ਘੋੜੇ ਨੂੰ ਉਸ ਛੇੜਿਆ, ਕਿਤੇ ਤੇਜ਼ ਭਜਾਉਂਦਾ ਸੀ ਤੇ ਕਿਤੇ ਹਲਕੀ ਚਾਲੇ ਛੱਡ ਦਿੰਦਾ ਸੀ॥੧੩॥

ਪੁਨ ਪੈਂਦੇ ਖਾਂ ਆਦਿਕ ਸੁਨੇ। ਚਢੇ ਤੁਰਤ ਸ਼ਸਤ੍ਰਨ ਸੋਂ ਸਨੇ।
'ਸੋਝੀ ਨਹੀਂ ਗੁਰੂ ਕਿਤ ਗਏ'। ਸੁਨਿ ਸੁਨਿ ਸੁਭਟ ਅਰੂਢਤਿ ਭਏ॥ ੧੪॥

ਫਿਰ ਪੈਂਦੇ ਖਾਂ ਆਦਿਕ ਨੇ ਜਦ ਸੁਣਿਆ ਤਾਂ ਉਹ ਸ਼ਸਤਰ ਪਹਿਣ ਕੇ ਤੁਰੰਤ ਘੋੜੇ ਤੇ ਚੜ੍ਹ ਬੈਠਾ। ਕਹਿੰਦੇ ਸਨ, "ਪਤਾ ਨਹੀਂ ਗੁਰੂ ਜੀ ਕਿਧਰ ਗਏ ਹਨ।" ਸੁਣ-ਸੁਣ ਕੇ ਸਾਰੇ ਸੂਰਬੀਰ ਘੋੜਿਆਂ ਤੇ ਸਵਾਰ ਹੋ ਗਏ॥੧੪॥

ਨਹਿਂ ਕੋ ਕਿਸ ਹੂੰ ਸੰਗ ਮਿਲਾਵੈ। ਖੋਜ ਦੇਖਿ ਕਰਿ ਹਯਨ ਧਵਾਵੈਂ।
ਆਗੇ ਪਾਛੇ ਲੇਹਾ ਦੇਹੁ। ਆਵਤਿ ਚਮੂੰ ਚਢੀ ਗੁਰ ਨੇਹੁ॥ ੧੫॥

ਕੋਈ ਵੀ ਕਿਸੇ ਨੂੰ ਆਪਣੇ ਨਾਲ ਨਹੀਂ ਸੀ ਮਿਲਾਉਂਦਾ ਸੀ, ਗੁਰੂ ਜੀ ਦੇ ਘੋੜੇ ਦਾ ਖੁਰਾ ਵੇਖ ਕੇ ਆਪਣੇ ਘੋੜਿਆਂ ਨੂੰ ਭਜਾਉਂਦੇ ਸਨ। ਇਕ ਦੂਸਰੇ ਦੇ ਅੱਗੇ ਪਿੱਛੇ ਦਿਖਾਈ ਦੇ ਰਹੇ ਸਨ। ਗੁਰੂ ਜੀ ਦੇ ਪਿਆਰ ਵਿਚ ਫੌਜ ਚੜ੍ਹੀ ਆ ਰਹੀ ਸੀ॥੧੫॥

ਕੁਛਕੁ ਰਹੇ ਦਿਨ ਬਿਧੀਆ ਆਯੋ। ਦਰਸ ਦੇਖਿ ਕਰਿ ਸੀਸ ਨਿਵਾਯੋ।
ਨਿਜ ਸਿੱਖਨਿ ਸੰਗ ਬਾਕ ਬਖਾਨਤਿ। 'ਇਨ ਹਿਤ ਧਾਏ' ਰਿਦੈ ਪਛਾਨਤਿ ॥੧੬॥

ਕੁਝ ਦਿਨ ਰਹਿੰਦਿਆਂ ਬਿਧੀ ਚੰਦ ਆਇਆ ਤੇ ਦਰਸ਼ਨ ਕਰਕੇ ਉਸ ਸੀਸ ਨਿਵਾਇਆ। ਆਪਣੇ ਸਿੱਖਾਂ ਨੂੰ ਗੁਰੂ ਜੀ ਨੇ ਕਿਹਾ, 'ਹਿਰਦੇ ਵਿਚ ਪਛਾਣ ਕੇ ਇਨ੍ਹਾਂ ਵਾਸਤੇ ਕਾਹਲੀ ਵਿਚ ਆਏ ਹਾਂ' ॥੧੬॥

'ਮਹਾਂਰਾਜ ! ਏਕਲ ਹੀ ਆਏ। ਤੁਰਤ ਚਢ੍ਯੋ ਮੈਂ, ਨਹਿਂ ਦਰਸਾਏ'।
ਸਤਿਗੁਰ ਕਹ੍ਯੋ 'ਨ ਮੈਂ ਇਮ ਆਵਤਿ। ਸਿੱਖਨਿ ਪ੍ਰਾਨ ਅੰਤ ਹੁਇ ਜਾਵਤਿ ॥੧੭॥

ਬਿਧੀ ਚੰਦ ਨੇ ਕਿਹਾ, "ਮਹਾਰਾਜ ! ਇਕੱਲੇ ਹੀ ਆਏ ਹੋ, ਮੈਂ ਤਾਂ ਤੁਰਤ ਘੋੜੇ ਤੇ ਚੜ੍ਹ ਗਿਆ ਸੀ ਪਰ ਤੁਸੀਂ ਕਿਤੇ ਦਿਖਾਈ ਹੀ ਨਹੀਂ ਦਿੱਤੇ।" ਸਤਿਗੁਰੂ ਜੀ ਨੇ ਕਿਹਾ, "ਜੇ ਮੈਂ ਇਸ ਤਰ੍ਹਾਂ ਨਾ ਆਉਂਦਾ ਤਾਂ ਸਿੱਖਾਂ ਦੇ ਪ੍ਰਾਣਾਂ ਦਾ ਅੰਤ ਹੋ ਜਾਣਾ ਸੀ॥੧੭॥

ਇਨਹੁਂ ਉਬਾਰਨ ਕੇ ਹਿਤ ਧਾਏ। ਜੇਠ ਦੁਪਹਿਰੀ ਮਹਿਂ ਉਤਲਾਏ'।
ਦਯਾ ਸਿੰਧੁ ਤਹਿਂ ਤੇ ਚਢਿ ਚਾਲੇ। ਸਾਧੂ ਸੁਤ ਬਨਿਤਾ ਜੁਤਿ ਨਾਲੇ॥ ੧੮॥

ਇਨ੍ਹਾਂ ਨੂੰ ਬਚਾਉਣ ਵਾਸਤੇ ਤੇਜ਼ ਰਫਤਾਰ ਨਾਲ ਆਏ ਸੀ, ਜੇਠ ਮਹੀਨੇ ਦੀ ਦੁਪਹਿਰ ਵਿਚ ਵਿਆਕੁਲ ਹੋ ਗਏ ਸਨ।" ਦਇਆ ਦੇ ਸਾਗਰ ਭਾਵ ਗੁਰੂ ਜੀ ਘੋੜੇ ਤੇ ਚੜ੍ਹ ਕੇ ਚਲ ਪਏ, ਭਾਈ ਸਾਧੂ, ਉਸ ਦਾ ਪੁੱਤਰ ਤੇ ਪਤਨੀ ਵੀ ਨਾਲ ਹੀ ਸਨ॥੧੮॥

ਗੁਰ ਕੇ ਸ਼ਸਤ੍ਰ ਬਸਤ੍ਰ ਜੋ ਲੀਏ। ਸੋ ਸੁਧਾਰਿ ਸਿਰ ਧਾਰਨ ਕੀਏ।
ਚਲਤਿ ਸੰਗ ਮਹਿਂ ਪ੍ਰਭੁ ਨਿਹਾਰੇ। ਕ੍ਰਿਪਾ ਸਹਤ ਬਿਕਸੰਤਿ ਉਚਾਰੇ॥ ੧੯॥

ਗੁਰੂ ਜੀ ਦੇ ਜਿਹੜੇ ਸ਼ਸਤਰ ਬਸਤਰ ਲਏ ਉਹ ਸਵਾਰ ਕੇ ਸਿਰ ਉੱਤੇ ਧਾਰਨ ਕਰ ਲਏ। ਜਦ ਗੁਰੂ ਜੀ ਨੂੰ ਆਪਣੇ ਨਾਲ ਚਲਦਿਆਂ ਰੂਪ ਚੰਦ ਨੂੰ ਵੇਖਿਆ ਤਾਂ ਕਿਰਪਾ ਸਹਿਤ ਪ੍ਰਸੰਨ ਹੋ ਕੇ ਕਿਹਾ॥੧੯॥

'ਰੂਪ ਚੰਦ ! ਤੈਂ ਬਸਤ੍ਰ ਨ ਪਾਏ। ਦਿਯੇ ਸ਼ਸਤ੍ਰ ਜੋ ਅੰਗ ਨ ਲਾਏ।
ਸਿਰ ਪਰ ਧਰਿ ਉਠਾਇ ਕਰਿ ਚਾਲਾ। ਕਜੋਂ ਨ ਪਹਿਰ, ਭਾ ਬੀਰ ਬਿਸਾਲਾ ?' ॥੨੦॥

'ਰੂਪ ਚੰਦ ! ਤੂੰ ਬਸਤਰ ਪਹਿਣੇ ਨਹੀਂ ਹਨ, ਜਿਹੜੇ ਤੈਨੂੰ ਸ਼ਸਤਰ ਦਿੱਤੇ ਹਨ, ਉਹ ਤੂੰ ਆਪਣੇ ਸਰੀਰ ਨੂੰ ਨਹੀਂ ਛੁਹਾਏ ਹਨ। ਸਿਰ ਉੱਤੇ ਧਾਰਨ ਕਰਕੇ ਉਠਾ ਕੇ ਚਲ ਪਿਆ ਹੈਂ, ਕਿਉਂ ਨਹੀਂ ਪਹਿਣਦਾ, ਤੂੰ ਵੱਡਾ ਸੂਰਬੀਰ ਹੈਂ' ॥੨੦॥

ਰੂਪ ਚੰਦ ਕਰਿ ਜੋਰਿ ਉਦਾਰਾ। 'ਮੈਂ ਦਾਸਨ ਕੋ ਦਾਸ ਬਿਚਾਰਾ।
ਤੁੱਛ ਜੀਵ ਮਤਿਮੰਦ ਮਲੀਨਾ। ਭਗਤਿ ਗਜਾਨ ਗੁਨ ਗਨ ਤੇ ਹੀਨਾ॥ ੨੧ ॥

ਰੂਪ ਚੰਦ ਨੇ ਹੱਥ ਜੋੜ ਕੇ ਕਿਹਾ, ''ਮੈਂ ਆਪਣੇ ਆਪ ਨੂੰ ਦਾਸਾਂ ਦਾ ਦਾਸ ਵਿਚਾਰਿਆ ਹੈ, ਮੈਂ ਤੁੱਛ ਜੀਵ ਮਲੀਨ ਅਤੇ ਮਾੜੀ ਮੱਤ ਵਾਲਾ ਹਾਂ, ਭਗਤੀ ਗਿਆਨ ਦੇ ਗੁਣਾਂ ਤੋਂ ਖਾਲੀ ਹਾਂ॥੨੧॥

ਸਭਿ ਜਗ ਕਰਤਾ ਹਰਤਾ ਸ੍ਵਾਮੀ। ਚਹਹੁ ਸੁ ਕਰਿਹੋ ਅੰਤਰਜਾਮੀ।
ਸ਼ਸਤ੍ਰ ਬਸਤ੍ਰ ਜੋ ਤੁਮ ਤਨ ਕੇਰੇ। ਸੁਖਦ ਸੁ ਪੂਜਜਮਾਨ ਹੈਂ ਮੇਰੇ॥ ੨੨ ॥

ਆਪ ਜੀ ਸਾਰੇ ਜਗਤ ਦੇ ਕਰਤਾ ਹਰਤਾ ਹੋ, ਹੇ ਅੰਤਰਜਾਮੀ ! ਜੋ ਚਾਹੁੰਦੇ ਹੋ ਸੋ ਕਰਦੇ ਹੋ। ਤੁਹਾਡੇ ਸਰੀਰ ਦੇ ਜੋ ਸ਼ਸਤਰ ਬਸਤਰ ਹਨ, ਉਹ ਸੁਖਦਾਇਕ ਮੇਰੇ ਵਾਸਤੇ ਪੂਜਨੀਕ ਹਨ॥੨੨॥

ਇਤੀ ਬਿਅਦਬੀ ਕਿਮ ਬਨਿ ਆਵੈ। ਤੁਮ ਸਮ ਜਾਨਿ ਪੂਜਿਬੋ ਭਾਵੈ'।
ਸ੍ਰੀ ਹਰਿ ਗੋਵਿੰਦ ਭਗਤਿ ਪਛਾਨੇ। ਸੁਨਿ ਪ੍ਰਸੰਨ ਹੁਇ ਬਾਕ ਬਖਾਨੇ॥ ੨੩ ॥

ਮੇਰੇ ਪਾਸੋਂ ਇਨ੍ਹਾਂ ਦੀ ਏਨੀ ਬੇਅਦਬੀ ਕਿਵੇਂ ਹੋ ਸਕਦੀ ਹੈ, ਤੁਹਾਡੇ ਬਰਾਬਰ ਜਾਣ ਕੇ ਪੂਜਣਾ ਚੰਗਾ ਲੱਗਦਾ ਹੈ।'' ਸ੍ਰੀ ਹਰਿਗੋਬਿੰਦ ਜੀ ਨੇ ਉਸ ਨੂੰ ਭਗਤ ਪਛਾਣਿਆ ਤੇ ਸੁਣ ਕੇ ਪ੍ਰਸੰਨ ਹੋ ਕੇ ਇਕ ਬਚਨ ਕਿਹਾ॥੨੩॥

'ਧਰਹੁ ਨ ਤੇਗ਼ ਜੁ ਦਈ ਹਮਾਰੀ। ਤੋ ਹੁਇ ਰਸਨਾ ਤੇਗ਼ ਤੁਮਾਰੀ।
ਜਿਸ ਕੋ ਸ੍ਰਾਪਹੁ ਬਿਲਮ ਨ ਹੋਇ। ਪ੍ਰਾਨ ਅੰਤ ਤਤਛਿਨ ਹੀ ਸੋਇ' ॥ ੨੪ ॥

ਜਿਹੜੀ ਅਸੀਂ ਤੁਹਾਨੂੰ ਤੇਗ਼ ਦਿੱਤੀ ਹੈ, ਇਸ ਨੂੰ ਧਾਰਨ ਨਾ ਕਰੋ, ਤੁਹਾਡੀ ਜ਼ਬਾਨ ਹੀ ਤੇਗ਼ ਦੇ ਬਰਾਬਰ ਹੋਵੇਗੀ। ਜਿਸ ਨੂੰ ਵੀ ਵਰ ਸਰਾਪ ਦੇਵੋਗੇ, ਪੂਰੇ ਹੋਣ ਵਿਚ ਕੋਈ ਦੇਰ ਨਹੀਂ ਲੱਗੇਗੀ, ਤੁਰਤ ਉਨ੍ਹਾਂ ਦੇ ਪ੍ਰਾਣਾਂ ਦਾ ਅੰਤ ਹੋ ਜਾਵੇਗਾ'' ॥੨੪॥

ਤਹਿਂ ਤੇ ਚਤੁਰ ਕੋਸ ਚਲਿ ਆਏ। ਸੁੰਦਰ ਧਰਨੀ ਤਹਿਂ ਦਰਸਾਏ।
ਡੇਰਾ ਕਰਤਿ ਭਏ ਗੁਨ ਖਾਨੀ। 'ਰਚਹੁ ਗ੍ਰਾਮ ਇਹ ਠਾਂ' ਕਹਿ ਬਾਨੀ॥ ੨੫ ॥

ਉਥੋਂ ਚਾਰ ਕੋਹ ਚਲ ਕੇ ਆ ਗਏ, ਤੇ ਉਥੇ ਆ ਕੇ ਸੁੰਦਰ ਧਰਤੀ ਵੇਖੀ। ਗੁਰੂ ਜੀ ਨੇ ਉਥੇ ਆਪਣਾ ਡੇਰਾ ਕਰ ਲਿਆ ਤੇ ਬਚਨ ਕੀਤੇ, 'ਇਸ ਥਾਂ ਇਕ ਪਿੰਡ ਦੀ ਰਚਨਾ ਕਰੋ''॥੨੫॥

ਜਬਿ ਸੰਧਯਾ ਹੋਈ ਤਹਿਂ ਆਇ। ਪੈਂਦਖਾਨ ਸੋਂ ਭਟ ਸਮੁਦਾਇ।
ਹਯਨ ਭਜਾਵਤਿ ਪਹੁੰਚੇ ਤਹਾਂ। ਪਿਖਿ ਸਤਿਗੁਰੁ ਪਾਯੋ ਸੁਖ ਮਹਾਂ॥ ੨੬ ॥

ਜਦ ਸ਼ਾਮ ਹੋ ਗਈ ਤਾਂ ਪੈਂਦੇ ਖਾਨ ਤੇ ਹੋਰ ਸੂਰਮੇ ਇਕੱਠੇ ਹੋ ਕੇ ਘੋੜੇ ਭਜਾਉਂਦੇ ਉਥੇ ਪਹੁੰਚੇ। ਸਤਿਗੁਰੂ ਜੀ ਨੂੰ ਵੇਖ ਕੇ ਬੜਾ ਸੁੱਖ ਪਾਇਆ॥੨੬॥

ਕਿਤਿਕ ਚਮੂੰ ਮਗ ਮਹਿਂ ਕਿਯ ਡੇਰਾ। ਪਸਰਯੋ ਅੰਧਕਾਰ ਜਬਿ ਹੇਰਾ।
ਤਹਿਂ ਬਸਿ ਕਰਿ ਗੁਰ ਨਿਸਾ ਬਿਤਾਈ। ਜਾਗੇ ਸਕਲ ਪ੍ਰਾਤਿ ਹੁਇ ਆਈ॥੨੭॥

ਕੁਝ ਸੈਨਾ ਨੇ ਰਾਹ ਵਿਚ ਹੀ ਡੇਰਾ ਕਰ ਲਿਆ, ਜਦ ਇਹ ਵੇਖਿਆ ਕਿ ਹਨ੍ਹੇਰਾ ਹੋ ਗਿਆ ਹੈ। ਗੁਰੂ ਜੀ ਨੇ ਉਥੇ ਠਹਿਰ ਕੇ ਰਾਤ ਬਤੀਤ ਕੀਤੀ ਤੇ ਸਵੇਰ ਹੋਣ ਤੇ ਸਾਰੇ ਜਾਗ ਗਏ॥੨੭॥

ਨਿਜ ਕਰ ਸੋਂ ਗੁਰ ਟੱਕ ਲਗਾਇਵ। ਮੋਹੜਾ ਗਾਡ ਰਿਦੇ ਹਰਖਾਇਵ।
ਸਾਧੂ ਸੰਗ ਕਹਯੋ 'ਹੁਇ ਗ੍ਰਾਮੂ। ਅਪਨ ਨਾਮ ਪਰ ਧਰਿ ਇਸ ਨਾਮੂ' ॥੨੮॥

ਗੁਰੂ ਜੀ ਨੇ ਆਪਣੇ ਹੱਥਾਂ ਨਾਲ ਉਸ ਪਿੰਡ ਦਾ ਟੱਕ ਲਾਇਆ, ਤੇ ਮੋਹੜਾ ਗੱਡ ਕੇ ਹਿਰਦੇ ਵਿਚ ਪ੍ਰਸੰਨ ਹੋਏ। ਫਿਰ ਸਾਧੂ ਨੂੰ ਕਿਹਾ, "ਇਹ ਜਿਹੜਾ ਪਿੰਡ ਆਬਾਦ ਹੋਵੇਗਾ, ਆਪਣੇ ਨਾਂ ਤੇ ਇਸ ਦਾ ਨਾਮ ਰੱਖੋ" ॥੨੮॥

ਸੁਨਿ ਸਾਧੂ ਕਰ ਜੋਰਿ ਉਚਾਰਾ। 'ਮੁਝ ਤੇ ਮਮ ਸੁਤ ਸਿੱਖ ਉਦਾਰਾ।
ਨਿਸ਼ਚਾ ਅਧਿਕ ਆਪ ਕੇ ਮਾਂਹੀ। ਬਸਹੁ ਰਿਦੇ ਕਬਿ ਬਿਸਰਤਿ ਨਾਂਹੀ॥੨੯॥

ਇਹ ਸੁਣ ਕੇ ਸਾਧੂ ਨੇ ਹੱਥ ਜੋੜ ਕੇ ਕਿਹਾ, "ਮੇਰੇ ਨਾਲੋਂ ਮੇਰਾ ਪੁੱਤਰ ਵੱਡਾ ਸਿੱਖ ਹੈ। ਉਸ ਦਾ ਆਪ ਜੀ ਉਤੇ ਜ਼ਿਆਦਾ ਨਿਸ਼ਚਾ ਹੈ, ਹਰ ਵੇਲੇ ਉਸ ਦੇ ਹਿਰਦੇ ਵਿਚ ਵੱਸਦੇ ਹੋ, ਕਦੇ ਵੀ ਵਿਸਰਦੇ ਨਹੀਂ॥੨੯॥

ਪੁੱਤ੍ਰ ਨਾਮ ਪਰ ਰਾਖਹੁ ਨਾਮੂ'। ਸੁਨਿ ਗੁਰ ਭਾਖਯੋ 'ਰੂਪਾ ਗ੍ਰਾਮੂ'।
ਕਹਯੋ ਬਹੁਰ 'ਅਬਿ ਸਦਨ ਬਨੀਜੈ। ਬਿਦਤਹਿ ਦੇਸ਼ਨਿ ਬਿਖੈ ਜਨੀਜੈ॥੩੦॥

ਇਸ ਕਰਕੇ ਪੁੱਤਰ ਦੇ ਨਾਂ ਤੇ ਪਿੰਡ ਦਾ ਨਾਮ ਰੱਖੋ"। ਇਹ ਸੁਣ ਕੇ ਗੁਰੂ ਜੀ ਕਿਹਾ, "ਰੂਪਾ ਪਿੰਡ" ਬਾਅਦ ਵਿਚ ਕਿਹਾ, "ਹੁਣ ਘਰ ਬਣਾਓ, ਜਿਹੜਾ ਪਿੰਡ ਦੇਸ਼ਾਂ ਵਿਦੇਸ਼ਾਂ ਵਿਚ ਪ੍ਰਗਟ ਹੋਵੇਗਾ॥੩੦॥

ਹਮ ਭੀ ਪੁਨ ਆਵਹਿਂ ਇਸ ਥਾਨ। ਕੇਤਿਕ ਦਯੋਸ ਕਰਹਿਂ ਗੁਜ਼ਰਾਨਾ'।
ਇਮ ਕਹਿ ਸਤਿਗੁਰ ਭੇ ਅਸਵਾਰ। ਸਨੇ ਸਨੇ ਚਲਿ ਖਿਲਤਿ ਸ਼ਿਕਾਰ॥੩੧॥

ਅਸੀਂ ਵੀ ਫਿਰ ਇਸ ਥਾਂ ਆਵਾਂਗੇ ਤੇ ਏਥੇ ਕਈ ਦਿਨ ਠਹਿਰਾਂਗੇ।" ਇਸ ਤਰ੍ਹਾਂ ਕਹਿ ਕੇ ਸਤਿਗੁਰੂ ਜੀ ਘੋੜੇ ਤੇ ਸਵਾਰ ਹੋ ਗਏ ਤੇ ਹੌਲੀ-ਹੌਲੀ ਸ਼ਿਕਾਰ ਖੇਡਦੇ ਜਾਂਦੇ ਸਨ॥੩੧॥

ਸਾਧੂ ਰੂਪਚੰਦ ਮਿਲਿ ਦੋਊ। ਗ੍ਰਾਮ ਬਸਾਵਨਿ ਕੀਨਸਿ ਸੋਊ।
ਗੁਰ ਬਰ ਕਰਿ ਨਰ ਗਨ ਤਬਿ ਬਾਸੇ। ਆਨਿ ਆਪਨੇ ਰਚੇ ਅਵਾਸੇ॥੩੨॥

ਭਾਈ ਸਾਧੂ ਅਤੇ ਭਾਈ ਰੂਪ ਚੰਦ ਦੋਹਾਂ ਨੇ ਮਿਲਕੇ ਨਗਰ ਨੂੰ ਵਸਾਉਣਾ ਸ਼ੁਰੂ ਕੀਤਾ। ਗੁਰੂ ਜੀ ਦਾ ਵਰ ਕਰਕੇ ਉਥੇ ਬਹੁਤ ਮਨੁੱਖ ਆ ਕੇ ਵੱਸੇ ਤੇ ਉਨ੍ਹਾਂ ਨੇ ਆ ਕੇ ਆਪਣੇ ਘਰ ਬਣਾ ਲਏ॥੩੨॥

ਸੇਵ ਦੇਗ਼ ਕੀ ਕਰਿਬੇ ਲਾਗੇ। ਗੁਰੂ ਪ੍ਰੇਮ ਮਹਿਂ ਰਹਿਂ ਨਿਤ ਪਾਗੇ।
ਇਸਤ੍ਰੀ ਪੁਰਸ਼ ਟਹਿਲ ਕੋ ਕਰਿਹੀਂ। ਛੁਧਿਤਿ ਅਸਨ ਦੇ ਭਾਉ ਸੁ ਧਰਿਹੀਂ॥੩੩॥

ਲੰਗਰ ਦੀ ਸੇਵਾ ਕਰਨ ਲੱਗੇ, ਤੇ ਸਦਾ ਹੀ ਗੁਰੂ ਜੀ ਦੇ ਪ੍ਰੇਮ ਵਿਚ ਰੰਗੇ ਰਹਿੰਦੇ ਸਨ। ਇਸਤਰੀ ਪੁਰਸ਼ਾਂ ਦੀ ਟਹਿਲ ਸੇਵਾ ਕਰਦੇ ਸਨ ਤੇ ਭੁੱਖੇ ਨੂੰ ਭੋਜਨ ਦੇ ਕੇ ਬੜਾ ਪ੍ਰੇਮ ਧਾਰਨ ਕਰਦੇ ਸਨ॥੩੩॥

ਅਬਿ ਲਗਿ ਤਿਨ ਕੇ ਹੈ ਇਹੁ ਰੀਤਿ। ਸੇਵਹਿਂ ਦੇਗ਼ ਧਰਹਿਂ ਉਰ ਪ੍ਰੀਤ।
ਬਡੇ ਸਮ੍ਰਿੱਧਵਾਨ ਭੀ ਭਏ। ਸੇਵਕ ਅੱਗ੍ਰ ਬ੍ਰਿੰਦ ਹੁਇ ਗਏ॥ ੩੪॥

ਹੁਣ ਤਕ ਉਨ੍ਹਾਂ ਦੀ ਇਹ ਰੀਤ ਹੈ ਕਿ ਹਿਰਦੇ ਵਿਚ ਪ੍ਰੇਮ ਧਾਰ ਕੇ ਲੰਗਰ ਦੀ ਸੇਵਾ ਕਰਦੇ ਹਨ। ਵੱਡੇ ਪ੍ਰਤਾਪੀ ਵੀ ਹੋਏ, ਉਨ੍ਹਾਂ ਦੇ ਅੱਗੋਂ ਬਹੁਤ ਸੇਵਕ ਹੋਏ॥੩੪॥

ਤਊ ਆਪ ਹੀ ਤ੍ਰਿਯ ਜੁਤਿ ਸਾਰੇ। ਕਰਹਿਂ ਦੇਗ ਕੀ ਟਹਿਲ ਸੁਧਾਰੇ।
ਗਰਬ ਹੀਨ ਸੰਤਤਿ ਸਭਿ ਹੋਈ। ਅਸਨ ਅਚਾਵਹਿਂ ਛੁਧਤਿ ਜਿ ਕੋਈ॥੩੫॥

ਫਿਰ ਵੀ ਆਪ ਹੀ ਇਸਤਰੀਆਂ ਸਹਿਤ ਮਿਲਕੇ ਲੰਗਰ ਦੀ ਟਹਿਲ ਸੇਵਾ ਕਰਦੇ ਸਨ। ਸਾਰੀ ਸੰਤਾਨ ਹੰਕਾਰ ਰਹਿਤ ਪੈਦਾ ਹੋਈ, ਜਿਹੜਾ ਵੀ ਕੋਈ ਭੁੱਖਾ ਹੁੰਦਾ ਸੀ, ਉਸ ਨੂੰ ਭੋਜਨ ਛਕਾਉਂਦੇ ਸਨ॥੩੫॥

ਪੈਂਦਖਾਂਨ ਤਬਿ ਜੋਰੇ ਹਾਥ। 'ਹੇ ਪ੍ਰਭੁ ! ਕੋਇ ਨ ਲੀਨੋ ਸਾਥ।
ਸੁਨਿ ਸੁਨਿ ਸੁਧਿ ਪਾਛੈ ਸਭਿ ਆਏ। ਕੇਤਿਕ ਆਜ ਮਿਲੇ ਦਰਸਾਏ'॥੩੬॥

ਪੈਂਦੇ ਖਾਨ ਨੇ ਫਿਰ ਹੱਥ ਜੋੜ ਕੇ ਕਿਹਾ, 'ਹੇ ਪ੍ਰਭੂ ਜੀ ! ਤੁਸੀਂ ਕਿਸੇ ਨੂੰ ਵੀ ਆਪਣੇ ਨਾਲ ਨਹੀਂ ਲਿਆ ਹੈ। ਸਾਰੇ ਖਬਰ ਸੁਣ-ਸੁਣ ਕੇ ਬਾਅਦ ਵਿਚ ਆਏ ਹਨ, ਕਈਆਂ ਨੇ ਅੱਜ ਮਿਲਕੇ ਦਰਸ਼ਨ ਕੀਤੇ ਹਨ'॥੩੬॥

ਬਿਧੀ ਚੰਦ ਸਭਿ ਕਹ੍ਯੋ ਪ੍ਰਸੰਗ। 'ਸਿੱਖਨਿ ਵਤਸਲ ਬਿਰਦ ਉਤੰਗ।
ਬਿਸ਼ਨੁ ਰੂਪ ਮਹਿਂ ਬਰਤਹਿਂ ਜੈਸੇ। ਨਹੀਂ ਸੁਭਾਉ ਮਿਟਤਿ ਸੋ ਕੈਸੇ॥੩੭॥

ਬਿੱਧੀ ਚੰਦ ਨੇ ਸਾਰਾ ਪ੍ਰਸੰਗ ਕਿਹਾ, 'ਗੁਰੂ ਜੀ ਆਪਣੇ ਸਿੱਖਾਂ ਨਾਲ ਪਿਆਰ ਰੱਖਣ ਵਾਲੇ ਹਨ, ਉਸ ਧਰਮ ਨੂੰ ਆਪ ਨੇ ਨਿਭਾਹਿਆ ਹੈ, ਵਿਸ਼ਨੂੰ ਰੂਪ ਵਿਚ ਜਿਵੇਂ ਵਰਤਦੇ ਹਨ, ਉਹ ਸੁਭਾਅ ਕਿਵੇਂ ਦੂਰ ਹੋ ਸਕਦਾ ਹੈ॥੩੭॥

ਭਗਤਨਿ ਕੀ ਸਹਾਇਤਾ ਹੇਤੁ। ਤਜਾਗਤਿ ਸਭਿ ਕੋ ਰਮਾ ਸਮੇਤ।
ਜਬਿ ਸਹਾਇ ਨਿਜ ਜਨ ਕੀ ਕਰੈਂ। ਤਿਹ ਪਸ਼ਚਾਤ ਸਭਿਨਿ ਸੁਧਿ ਧਰੈਂ॥੩੮॥

ਆਪਣੇ ਭਗਤਾਂ ਦੀ ਸਹਾਇਤਾ ਵਾਸਤੇ, ਵਿਸ਼ਨੂੰ ਰਮਾ ਸਮੇਤ ਸਭ ਨੂੰ ਤਿਆਗ ਦਿੰਦੇ ਹਨ। ਜਦ ਆਪਣੇ ਕਿਸੇ ਸੇਵਕ ਦੀ ਸਹਾਇਤਾ ਕਰਦੇ ਹਨ, ਉਸ ਤੋਂ ਬਾਅਦ ਸਭ ਦੀ ਖਬਰ ਲੈਂਦੇ ਹਨ॥੩੮॥

ਸਹਿਜ ਸੁਭਾਇ ਇਨਹੁ ਕੋ ਐਸੇ। ਜਨ ਕੋ ਰੱਛੈਂ ਜੈਸੇ ਕੈਸੇ।
ਸੋ ਗਤਿ ਈਹਾਂ ਕੀਨਿ ਗੁਸਾਈਂ। ਤਪਤ ਜੇਠ ਤੂਰਨ ਕਰਿ ਧਾਈ॥੩੯॥

ਸਹਿਜ ਸੁਭਾਵ ਇਨ੍ਹਾਂ ਦਾ ਅਜਿਹਾ ਧਰਮ ਹੈ ਜਿਵੇਂ ਕਿਵੇਂ ਆਪਣੇ ਸੇਵਕਾਂ ਦੀ ਰੱਖਿਆ ਕਰਦੇ ਹਨ। ਉਹੋ ਗਤੀ ਏਥੇ ਮਾਲਕ ਨੇ ਕੀਤੀ ਹੈ, ਜੇਠ ਦੇ ਮਹੀਨੇ ਦੀ ਤਪਸ਼ ਦੇ ਬਾਵਜੂਦ ਵੀ ਤੁਰਤ ਧਾ ਕੇ ਆਏ ਹਨ॥੩੯॥

ਸੁਨਿ ਸਭਿਹਿਨਿ ਗੁਰ ਚਰਿਤ ਉਦਾਰਾ। ਸ਼ਰਧਾ ਭਾਉ ਅਧਿਕ ਉਰ ਧਾਰਾ।
ਕਰਤਿ ਬਤਕ ਇਮ ਖਿਲਤਿ ਅਖੇਰ। ਸਨੇ ਸਨੇ ਚਲਿ ਪੰਥ ਬਡੇਰ॥੪੦॥

ਸਾਰਿਆਂ ਨੇ ਗੁਰੂ ਜੀ ਦਾ ਉੱਤਮ ਚਰਿੱਤਰ ਬਾਰੇ ਸੁਣ ਕੇ, ਹਿਰਦੇ ਵਿਚ ਬਹੁਤ ਸ਼ਰਧਾ ਭਾਉ ਧਾਰਨ ਕੀਤਾ। ਗੱਲਾ ਕਰਦੇ ਇਸ ਤਰ੍ਹਾਂ ਸ਼ਿਕਾਰ ਖੇਡ ਰਹੇ ਸਨ, ਹੌਲੀ-ਹੌਲੀ ਲੰਮੇ ਸਫਰ ਚਲ ਕੇ ਆ ਗਏ॥੪੦॥

ਏਕ ਜਾਮਨੀ ਮਗ ਮਹਿਂ ਰਹੇ। ਬਿਚਰਤਿ ਜੰਗਲ ਮਹਿਂ ਮੁਦ ਲਹੇ।
ਬਹੁਰ ਡਰੋਲੀ ਪਹੁੰਚੇ ਜਾਇ। ਸਾਂਈਦਾਸ ਮਿਲ੍ਯੋ ਹਰਿਖਾਇ॥੪੧॥

ਇਕ ਰਾਤ ਰਾਹ ਵਿਚ ਰਹੇ, ਜੰਗਲ ਵਿਚ ਘੁੰਮ ਫਿਰ ਕੇ ਪ੍ਰਸੰਨਤਾ ਪ੍ਰਾਪਤ ਕਰ ਰਹੇ ਸਨ। ਫਿਰ ਡਰੋਲੀ ਪਿੰਡ ਵਿਚ ਪਹੁੰਚ ਗਏ, ਸਾਈਂ ਦਾਸ ਬੜਾ ਪ੍ਰਸੰਨ ਹੋ ਕੇ ਮਿਲਿਆ॥੪੧॥

ਬਿਥਰ੍ਯੋ ਸਭਿਹਿਨਿ ਬਿਖੈ ਪ੍ਰਸੰਗ। ਏਕ ਕਹਹਿ ਦੂਸਰ ਕੇ ਸੰਗ।
'ਛਿਨ ਮਹਿਂ ਤੀਸ ਕੋਸ ਗੁਰ ਧਾਏ। ਮਰਹਿਂ ਤ੍ਰਿਖਾਤੁਰ ਸਿੱਖ ਬਚਾਏ॥੪੨॥

ਸਾਰਿਆਂ ਦੇ ਵਿਚ ਇਹ ਪ੍ਰਸੰਗ ਫੈਲ ਗਿਆ, ਇਕ ਜਣਾ ਦੂਸਰੇ ਨੂੰ ਸੁਣਾਉਂਦਾ ਸੀ, 'ਛਿਣ ਵਿਚ ਗੁਰੂ ਜੀ ਤੀਹ ਕੋਹ ਤੇ ਚਲੇ ਗਏ, ਪਿਆਸ ਨਾਲ ਮਰ ਰਹੇ ਸਿੱਖਾਂ ਨੂੰ ਬਚਾਇਆ॥੪੨॥

ਤੀਸ ਕੋਸ ਪਰ ਤਿਸ ਸੁਧਿ ਜਾਨੀ। ਪਿਯਤਿ ਨ ਗੁਰੂ ਉਚਿਤ ਲਖਿ ਪਾਨੀ।
ਪਰਖਿ ਪ੍ਰੇਮ ਕੋ ਬਹੁ ਉਤਲਾਏ। ਪਿਯੋ ਜਾਇ ਜਲ, ਬਨੇ ਤਿਸਾਏ' ॥ ੪੩ ॥

ਤੀਹ ਕੋਹ ਦੀ ਦੂਰੀ ਤੇ ਖਬਰ ਜਾਣ ਲਈ, ਗੁਰੂ ਜੀ ਦੇ ਪੀਣ ਦੇ ਉਚਿਤ ਜਲ ਵੇਖ ਕੇ ਸਿੱਖ ਪੀਂਦੇ ਨਹੀਂ ਸਨ। ਪ੍ਰੇਮ ਨੂੰ ਪਰਖ ਕੇ ਬਹੁਤ ਉਤਾਵਲੇ ਹੋ ਗਏ; ਜਾ ਕੇ ਤਿਹਾਏ ਬਣ ਕੇ ਪਾਣੀ ਪੀਤਾ' ॥੪੩॥

*ਸੱਤਵੀਂ ਰਾਸ ਦਾ ਵੀਹਵਾਂ ਅਧਿਆਇ ਸਮਾਪਤ ਹੋਇਆ॥੨੦॥*

## *ਅਧਿਆਇ ਇੱਕੀਵਾਂ*

*ਮਾਤਾ ਦਮੋਦਰੀ ਜੀ ਪਰਲੋਕ ਗਮਨ*

ਦੋਹਰਾ-ਬਸਤਿ ਡਰੋਲੀ ਸਤਿਗੁਰੂ ਕੇਤਿਕ ਦਿਵਸ ਬਿਤਾਇ।
ਸਿਖ ਸੰਗਤ ਆਵਤਿ ਅਨਿਕ ਦਰਸਤਿ ਅਨਿਕ ਸਿਧਾਇ॥ ੧॥

ਸਤਿਗੁਰੂ ਜੀ ਨੇ ਡਰੋਲੀ ਵਿਚ ਰਹਿ ਕੇ ਕਈ ਦਿਨ ਬਤੀਤ ਕੀਤੇ, ਸਿੱਖ ਸੰਗਤ ਆਉਂਦੀ ਸੀ, ਅਨੇਕਾਂ ਦਰਸ਼ਨ ਕਰਦੇ ਸਨ ਅਤੇ ਅਨੇਕਾਂ ਚਲੇ ਜਾਂਦੇ ਸਨ॥੧॥

ਚੌਪਈ-ਸ੍ਰੀ ਗੁਰਦਿੱਤੇ ਨਗਰ ਬਸਾਯੋ। ਬਨਿਕ ਆਦਿ ਨਰ ਬ੍ਰਿੰਦ ਟਿਕਾਯੋ।
ਸਭਿ ਬਿਧਿ ਕੀ ਸੁਧਿ ਪੁਰਿ ਜਨ ਕੇਰੀ। ਲੇ ਕਰਿ ਖਾਤਰ ਕੀਨਿ ਘਨੇਰੀ ॥੨ ॥

ਸ੍ਰੀ ਗੁਰਦਿੱਤੇ ਨੇ ਕੀਰਤਪੁਰ ਦਾ ਨਗਰ ਵਸਾਇਆ, ਬਾਣੀਏ ਆਦਿ ਅਨੇਕਾਂ ਲੋਕਾਂ ਦਾ ਵਾਸਾ ਕਰਵਾਇਆ। ਸਾਰੀਆਂ ਵਿਧੀਆਂ ਨਾਲ ਨਗਰ ਵਿਚ ਆ ਕੇ ਵੱਸੇ ਲੋਕਾਂ ਦੀ ਖਬਰਦਾਰੀ ਕਰਦੇ ਸਨ ਤੇ ਉਨ੍ਹਾਂ ਦੀ ਬਹੁਤ ਖਾਤਰ ਕਰਦੇ ਸਨ॥੨॥

ਬਹੁਰ ਪਿਤਾ ਕਹੁ ਦਰਸ਼ਨ ਚਾਹਾ। ਚਲਿਬੇ ਕਾਰਨ ਕੀਨਿ ਉਮਾਹਾ।
ਅਸੁਵਾਰੀ ਕਰਵਾਇਸਿ ਤਜਾਰੀ। ਸਜੰਦਨ ਆਇ ਮੋਲ ਕੇ ਭਾਰੀ ॥ ੩ ॥

ਫਿਰ ਪਿਤਾ ਜੀ ਦੇ ਦਰਸ਼ਨ ਕਰਨੇ ਚਾਹੇ ਤੇ ਚਲਣ ਵਾਸਤੇ ਵੱਡੀ ਉਮੰਗ ਪੈਦਾ ਹੋਈ। ਸਵਾਰੀਆਂ ਤਿਆਰ ਕਰਵਾਈਆਂ ਗਈਆਂ, ਬੜੇ ਕੀਮਤੀ ਰੱਥ ਆਏ॥੩॥

ਨੱਤੀ ਜੁਗ ਪੁੱਤ੍ਰਨ ਕੋ ਲੀਨੇ। ਆਨੰਦ ਸਹਤ ਅਰੂਢਨ ਕੀਨੇ।
ਧੀਰ ਮੱਲ ਕੁਛ ਭਯੋ ਬਡੇਰਾ। ਸ੍ਰੀ ਹਰਿਰਾਇ ਅੰਕ ਤਿਸ ਬੇਰਾ॥ ੪ ॥

ਆਪਣੀ ਪਤਨੀ ਅਤੇ ਦੋਹਾਂ ਪੁੱਤਰਾਂ ਨੂੰ ਲਿਆ, ਤੇ ਬੜੇ ਅਨੰਦ ਨਾਲ ਸਵਾਰ ਹੋ ਗਏ। ਸ੍ਰੀ ਧੀਰ ਮਲ ਕੁਝ ਵੱਡਾ ਹੋ ਗਿਆ ਸੀ, ਸ੍ਰੀ ਹਰਿਰਾਇ ਉਸ ਸਮੇਂ ਹਾਲੇ ਗੋਦ ਵਿਚ ਹੀ ਸਨ॥੪॥

ਬਹਿਲਨਿ ਮਹਿਂ ਦਾਸੀ ਚਢਿਵਾਈ। ਗਮਨੇ ਦਾਸ ਸਾਥ ਸਮੁਦਾਈ।
ਸ੍ਰੀ ਗੁਰਦਿੱਤਾ ਚਢੇ ਤੁਰੰਗ। ਚੰਚਲ ਫਾਂਦਤਿ ਮਨਹੁਂ ਕੁਰੰਗ॥ ੫ ॥

ਬੈਲ ਗੱਡੀਆਂ ਤੇ ਦਾਸੀਆਂ ਚੜ੍ਹਵਾ ਲਈਆਂ ਤੇ ਸਾਰੇ ਸੇਵਕ ਨਾਲ ਚਲ ਪਏ। ਸ੍ਰੀ ਗੁਰਦਿੱਤਾ ਜੀ ਘੋੜੇ ਤੇ ਚੜ੍ਹ ਗਏ ਜਿਹੜਾ ਬੜਾ ਚੰਚਲ ਸੀ ਤੇ ਨੱਚਦਾ ਟਪਦਾ ਚਲਦਾ ਸੀ॥੫॥

ਇਮ ਕੁਟੰਬ ਲੇ ਕਰਿ ਨਿਜ ਸਾਥ। ਗਮਨੇ ਦਰਸ਼ਨਿ ਹਿਤ ਪਿਤ ਨਾਥ।
ਨਗਰ ਬਿਖੈ ਇਕ ਤਜਾਗਜੇ ਦਾਸ। ਸੁਮਤਿਵੰਤ ਰੱਛਕ ਚਹੁੰ ਪਾਸ॥ ੬॥

ਇਸ ਤਰ੍ਹਾਂ ਸਾਰੇ ਪਰਿਵਾਰ ਨੂੰ ਆਪਣੇ ਨਾਲ ਲੈ ਕੇ ਆਪਣੇ ਪਿਤਾ ਜੀ ਦੇ ਦਰਸ਼ਨ ਕਰਨ ਵਾਸਤੇ ਚਲ ਪਏ। ਨਗਰ ਵਿਚ ਇਕ ਸੇਵਕ ਨੂੰ ਛੱਡ ਦਿੱਤਾ, ਜਿਹੜਾ ਸ੍ਰੇਸ਼ਟ ਮੱਤ ਵਾਲਾ ਚਾਰੇ ਪਾਸੇ ਦਾ ਰਖਵਾਲਾ ਸੀ॥੬॥

ਪੁਰਿ ਜਨ ਮਿਲੇ ਧੀਰ ਕੋ ਦੀਨਿ। ਪੁਨ ਮਗ ਬਿਖੈ ਪਯਾਨੋ ਕੀਨਿ।
ਸ੍ਰੀ ਅੰਮ੍ਰਿਤਸਰ ਨਹਿਂ ਗਮਨਏ। ਸੂਧੇ ਪੰਥ ਆਵਤੇ ਭਏ॥ ੭॥

ਨਗਰ ਦੇ ਲੋਕਾਂ ਨੂੰ ਮਿਲ ਕੇ ਧੀਰਜ ਦਿੱਤਾ, ਫਿਰ ਆਪਣੇ ਰਸਤੇ ਪੈ ਗਏ। ਸ੍ਰੀ ਅੰਮ੍ਰਿਤਸਰ ਨੂੰ ਨਾ ਗਏ, ਸਿੱਧੇ ਡਰੋਲੀ ਵਲ ਹੀ ਆ ਰਹੇ ਸਨ॥੭॥

ਦਿਨ ਕੇਤਿਕ ਮਗ ਬਿਖੈ ਬਿਤਾਏ। ਬਹੁਰ ਡਰੋਲੀ ਕਹੁ ਚਲਿ ਆਏ।
ਪਿਤ ਕੇ ਪਾਇਨ ਬੰਦਨ ਕੀਨਿ। ਬੂਝੀ ਕੁਸ਼ਲ ਬਤਾਇ ਸੁ ਦੀਨਿ॥ ੮॥

ਕਈ ਦਿਨ ਰਾਹ ਵਿਚ ਬਤੀਤ ਕੀਤੇ, ਫਿਰ ਡਰੌਲੀ ਚਲ ਕੇ ਆ ਗਏ, ਆ ਕੇ ਪਿਤਾ ਜੀ ਨੂੰ ਮਿਲ ਕੇ ਉਨ੍ਹਾਂ ਦੇ ਚਰਨਾਂ ਤੇ ਬੰਧਨਾ ਕੀਤੀ। ਗੁਰੂ ਜੀ ਸੁਖ ਸਾਂਦ ਪੁੱਛੀ, ਜਿਸ ਨੂੰ ਸ੍ਰੀ ਗੁਰਦਿਤਾ ਜੀ ਨੇ ਦੱਸ ਦਿੱਤਾ॥੮॥

ਬੁੱਢਣ ਸ਼ਾਹਿ ਮਿਲਣ ਜਿਮ ਜੋਵਾ। ਨਗਰ ਬਸਾਵਨ ਕੋ ਜਿਮ ਹੋਵਾ।
ਸਭਿ ਸਤਿਗੁਰ ਕੇ ਨਿਕਟਿ ਬਖਾਨੀ। 'ਸੈਲ ਸਮੀਪੀ ਸੁਭ ਇਸਥਾਨੀ॥ ੯॥

ਜਿਵੇਂ ਬੁੱਢਣ ਸ਼ਾਹ ਨਾਲ ਮੇਲ ਹੋਇਆ ਸੀ ਤੇ ਜਿਵੇਂ ਨਗਰ ਵਸਾਇਆ ਹੈ, ਉਹ ਸਭ ਕੁਝ ਸਤਿਗੁਰੂ ਜੀ ਨੂੰ ਦੱਸ ਦਿੱਤਾ, ''ਪਹਾੜਾਂ ਦੇ ਨੇੜੇ ਸ਼ੁਭ ਅਸਥਾਨ ਹੈ''॥੯॥

ਚਰਨ ਆਪ ਚਲਿ ਪਾਵਹੁ ਜਬੈ। ਸ਼ੋਭਹਿ ਪਾਵਨ ਹ੍ਵੈ ਕਰਿ ਤਬੈ'।
ਸੁਨਤਿ ਪੁੱਤ੍ਰ ਤੇ 'ਸਾਧ' ਬਖਾਨਾ। ਕਰਜੋ ਕਰਮ ਸਗਰੋ ਸਨਮਾਨਾ॥ ੧੦॥

ਜਦ ਵੀ ਤੁਸੀਂ ਜਾ ਕੇ ਉਥੇ ਚਰਨ ਪਾਵੋਗੇ ਤਦ ਉਹ ਸਥਾਨ ਪਵਿੱਤਰ ਹੋ ਕੇ ਸ਼ੋਭਨੀਕ ਬਣ ਜਾਵੇਗਾ।'' ਪੁੱਤਰ ਪਾਸੋਂ ਇਹ ਸੁਣ ਕੇ ਗੁਰੂ ਜੀ ਨੇ 'ਸ਼ਾਬਾਸ਼' ਕਿਹਾ ਤੇ ਸਾਰੇ ਕੀਤੇ ਕੰਮ ਦਾ ਬੜੇ ਪ੍ਰੇਮ ਨਾਲ ਸਤਿਕਾਰ ਕੀਤਾ॥੧੦॥

ਸ੍ਰੀ ਹਰਰਾਇ ਅੰਕ ਮੈਂ ਲਏ। ਨੱਤੀ ਚਰਨ ਬੰਦਨਾ ਕਿਏ।
ਜੁਗ ਪੌਤ੍ਰਨ ਪਾਇਨ ਪਰ ਪਾਏ। ਪਿਖਿ ਪੋਤ੍ਰਨ ਸਤਿਗੁਰ ਹਰਖਾਏ॥ ੧੧॥

ਬਾਲਕ ਸ੍ਰੀ ਹਰਿ ਰਾਇ ਨੂੰ ਗੁਰੂ ਜੀ ਨੇ ਗੋਦ ਵਿਚ ਚੁੱਕ ਲਿਆ ਸ੍ਰੀ ਗੁਰਦਿੱਤਾ ਜੀ ਦੀ ਪਤਨੀ ਨੇ ਗੁਰੂ ਜੀ ਨੂੰ ਬੰਦਨਾ ਕੀਤੀ। ਦੋਹਾਂ ਪੁੱਤਰਾਂ ਨੂੰ ਗੁਰੂ ਦੇ ਚਰਨਾਂ ਤੇ ਪਾਇਆ, ਸਤਿਗੁਰੂ ਜੀ ਪੋਤਰਿਆਂ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ॥੧੧॥

ਬੈਠਾਰੇ ਨਿਜ ਅੰਕ ਮਝਾਰੇ। ਮ੍ਰਿਦੁ ਬਾਨੀ ਕੇ ਸਹਤ ਦੁਲਾਰੇ।
ਗੁਰੁਤਾ ਉਚਿਤ ਲਖੇ ਹਰਿਰਾਇ। ਕ੍ਰਿਪਾ ਦ੍ਰਿਸ਼ਟਿ ਤਿਨ ਪਰ ਅਧਿਕਾਇ॥੧੨॥

ਦੋਵੇਂ ਆਪਣੀ ਗੋਦ ਵਿਚ ਬੈਠਾ ਲਏ ਤੇ ਮਿੱਠੇ ਬਚਨਾਂ ਨਾਲ ਉਨ੍ਹਾਂ ਨੂੰ ਲਾਡ ਪਿਆਰ ਕੀਤਾ। ਸ੍ਰੀ ਹਰਿ ਰਾਇ ਜੀ ਨੂੰ ਗੁਰਤਾ ਦੇ ਉਚਿਤ ਸਮਝਿਆ। ਉਨ੍ਹਾਂ ਦੇ ਉੱਪਰ ਜ਼ਿਆਦਾ ਕ੍ਰਿਪਾ ਦ੍ਰਿਸ਼ਟੀ ਕੀਤੀ॥੧੨॥

ਸ੍ਰੀ ਗੁਰਦਿੱਤਾ ਅੰਤਰ ਗਯੋ। ਤੀਨ ਮਾਤ ਕੋ ਬੰਦਤਿ ਭਯੋ।
ਪਿਖਿ ਦਮੋਦਰੀ ਸੁਤ ਹਰਖਾਈ। ਸੁਧਾ ਸਮਾਨ ਆਸ਼ਿਖਾ ਗਾਈ॥ ੧੩ ॥

ਫਿਰ ਸ੍ਰੀ ਗੁਰਦਿੱਤਾ ਜੀ ਘਰ ਦੇ ਅੰਦਰ ਗਏ ਤੇ ਤਿੰਨਾਂ ਮਾਤਾਵਾਂ ਨੂੰ ਬੰਦਨਾ ਕੀਤੀ। ਮਾਤਾ ਦਮੋਦਰੀ ਜੀ ਆਪਣੇ ਪੁੱਤਰ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਈ, ਅਤੇ ਅੰਮ੍ਰਿਤ ਵਾਂਗ ਅਸੀਸ ਦਿੱਤੀ॥੧੩॥

ਬਹੁਰ ਨਾਨਕੀ ਅਰੁ ਮਰਵਾਹੀ। ਦਈ ਅਸੀਸ 'ਰਹਹੁ ਮੁਦ ਮਾਂਹੀ'।
ਮਿਲਿ ਕਰਿ ਵਹਿਰ ਨਿਕਸਿ ਤਬਿ ਆਏ। ਮਿਲੇ ਸਕਲ ਹੀ ਬੰਦਨ ਗਾਏ ॥੧੪ ॥

ਫਿਰ ਮਾਤਾ ਨਾਨਕੀ ਜੀ ਅਤੇ ਮਾਤਾ ਮਰਵਾਹੀ ਜੀ ਨੇ ਅਸੀਸ ਦਿੱਤੀ, "ਸਦਾ ਅਨੰਦ ਪ੍ਰਸੰਨ ਰਹੋ।" ਸਾਰਿਆ ਨੂੰ ਮਿਲ ਕੇ ਫਿਰ ਬਾਹਰ ਆ ਗਏ। ਸਾਰਿਆਂ ਨੂੰ ਮਿਲ ਕੇ ਬੰਦਨਾ ਕੀਤੀ॥੧੪॥

ਸਾਂਈਦਾਸ ਆਦਿ ਬਿਧੀ ਆਦਿ। ਮਿਲੇ ਕੁਸ਼ਲ ਬੂਝਤਿ ਅਹਿਲਾਦਿ।
ਗੁਰ ਸੁਤ ਸਕਲ ਬਾਤ ਕੇ ਲਾਇਕ। ਮਿੱਤ੍ਰਨ ਹਰਖਤਿ, ਸ਼ਤ੍ਰਨਿ ਘਾਇਕ ॥੧੫ ॥

ਸਾਂਈ ਦਾਸ, ਬਿਧੀ ਚੰਦ ਆਦਿ ਮਿਲਕੇ ਸੁੱਖ ਸਾਂਦ ਬਾਰੇ ਪੁੱਛਦੇ ਸਨ। ਗੁਰੂ ਜੀ ਦੇ ਪੁੱਤਰ ਸਾਰੀਆਂ ਗੱਲਾਂ ਦੇ ਲਾਇਕ ਸਨ: ਵੇਖਕੇ ਮਿੱਤਰ ਪ੍ਰਸੰਨ ਹੁੰਦੇ ਸਨ ਤੇ ਵੈਰੀ ਦੁਖੀ ਹੁੰਦੇ ਸਨ॥੧੫॥

ਪੁਨ ਨੱਤੀ ਘਰ ਅੰਤਰ ਬਰੀ। ਸਭਿ ਸਾਸਨ ਕੋ ਬੰਦਨ ਕਰੀ।
ਪੋਤ੍ਰੇ ਪਿਖਤਿ ਪਰਮ ਹੁਲਸਾਈ। ਗਹਿ ਬਾਹੁਨਿ ਲੇ ਅੰਕ ਬਿਠਾਈ॥ ੧੬ ॥

ਫਿਰ ਉਨ੍ਹਾਂ ਦੀ ਪਤਨੀ ਘਰ ਦੇ ਅੰਦਰ ਗਈ ਤੇ ਸਾਰੀਆਂ ਸੱਸਾਂ ਨੂੰ ਉਸ ਬੰਦਨਾ ਕੀਤੀ, ਪੋਤਰਿਆਂ ਨੂੰ ਵੇਖ ਕੇ ਉਹ ਬਹੁਤ ਪ੍ਰਸੰਨ ਹੋਈਆਂ ਤੇ ਬਾਹਾਂ ਨਾਲ ਚੁੱਕ ਕੇ ਗੋਦ ਵਿਚ ਬਿਠਾ ਲਏ॥੧੬॥

ਕਰੀ ਨਮੋ ਰਾਮੋ ਪਗ ਫੇਰ। 'ਜੁਗ ਪੁੱਤ੍ਰਨ ਹੁਇ ਬੈਸ ਬਡੇਰ'।
ਸਭਿ ਸਾਸਨ ਸੁਭ ਨੁਖਾ ਨਿਹਾਰੀ। ਸਨਮਾਨੀ ਬਹੁ ਨਿਕਟਿ ਬਿਠਾਰੀ॥ ੧੭ ॥

ਫਿਰ ਬੀਬੀ ਰਾਮੋ ਦੇ ਚਰਨਾਂ ਤੇ ਬੰਦਨਾ ਕੀਤੀ, ਉਸ ਨੇ ਅਸੀਸ ਦਿੱਤੀ, "ਦੋਹਾਂ ਪੁੱਤਰਾਂ ਦੀ ਉਮਰ ਲੰਮੀ ਹੋਵੇ।" ਸਾਰੀਆਂ ਸੱਸਾਂ ਨੇ ਸੁਭ ਨੂੰਹ ਨੂੰ ਵੇਖਿਆ ਤੇ ਸਨਮਾਨ ਕਰਕੇ ਆਪਣੇ ਨੇੜੇ ਬਿਠਾ ਲਈ॥੧੭॥

ਸਭਿਨਿ ਬਿਖੈ ਆਨੰਦ ਬਡ ਹੋਵਾ। ਗੁਰ ਪਰਿਵਾਰ ਏਕ ਥਲ ਜੋਵਾ।
ਕੇਤਿਕ ਦਿਨ ਪੁਨ ਬਸਤਿ ਬਿਤਾਏ। ਮੇਲਾ ਦਿਵਸ ਬਿਸੋਵਾ ਆਏ॥ ੧੮ ॥

ਸਾਰਿਆਂ ਵਿਚ ਬਹੁਤ ਅਨੰਦ ਹੋਇਆ, ਗੁਰੂ ਜੀ ਦਾ ਪਰਿਵਾਰ ਇਕ ਥਾਂ ਇਕੱਠਾ ਹੋਇਆ ਸੀ। ਕਈ ਦਿਨ ਉਥੇ ਰਹਿ ਕੇ ਬਤੀਤ ਕੀਤੇ, ਫਿਰ ਵਿਸਾਖੀ ਦੇ ਮੇਲੇ ਦਾ ਦਿਹਾੜਾ ਆ ਗਿਆ॥੧੮॥

ਚਹੁੰਦਿਸ਼ਿ ਕੀ ਸੰਗਤਿ ਸਮੁਦਾਈ। ਲਏ ਅਕੋਰਨ ਕੋ ਉਮਡਾਈ।
ਨਰ ਨਾਰੀ ਗੁਰ ਕੀਰਤਿ ਕਰਿਤੇ। ਆਨਿ ਆਨਿ ਕਰਿ ਦਰਸ ਨਿਹਰਿਤੇ ॥੧੯ ॥

ਚਾਰੇ ਪਾਸਿਆਂ ਦੀ ਸੰਗਤ ਇਕੱਠੀ ਹੋ ਗਈ, ਭੇਟਾਵਾਂ ਲੈ ਕੇ ਉਹ ਉਮਡ ਕੇ ਆ ਗਏ। ਇਸਤਰੀ ਪੁਰਸ਼ ਗੁਰੂ ਜੀ ਦੀ ਕੀਰਤੀ ਕਰਦੇ ਸਨ ਤੇ ਆ ਆ ਕੇ ਦਰਸ਼ਨ ਕਰਦੇ ਸਨ॥੧੯॥

ਬਡ ਮਸਨੰਦ ਬਿਛਾਵਨ ਕਰੈਂ। ਸ਼ਸਤ੍ਰ ਸਜਾਇ ਗੁਰੂ ਤਬਿ ਥਿਰੈਂ।
ਬਿਸਦ ਮਰਾਲਨਿ ਕੇਰ ਮਨਿੰਦ। ਢੁਰਤਿ ਚਮਰ ਦੁਤਿ ਹੋਤਿ ਬਿਲੰਦ॥ ੨੦ ॥

ਮਸੰਦ ਬੜੇ ਲੰਮੇ ਚੌੜੇ ਵਿਛਾਉਣੇ ਵਿਛਾ ਕੇ ਫਰਸ਼ ਤਿਆਰ ਕਰਦੇ ਸਨ, ਸ਼ਸਤਰ ਸਜਾ ਕੇ ਗੁਰੂ ਜੀ ਫਿਰ ਬੈਠ ਜਾਂਦੇ ਸਨ। ਚੌਰ ਝੁਲਦੇ ਵੱਡੀ ਸ਼ੋਭਾ ਪਾ ਰਹੇ ਸਨ ਮਾਨੋਂ ਹੰਸ ਉਡਾਰੀਆਂ ਮਾਰ ਰਹੇ ਹੋਣ॥੨੦॥

ਖਰੋ ਮੇਵਰੋ ਹੋਇ ਅਗਾਰੀ। ਸੰਗਤਿ ਕੀ ਅਰਦਾਸ ਉਚਾਰੀ।
ਬ੍ਰਿੰਦ ਮਸੰਦ ਬਿਲੰਦ ਧਨੀ ਹੈਂ। ਆਨਹਿਂ ਗੁਰ ਕੀ ਕਾਰ ਘਨੀ ਹੈਂ॥ ੨੧॥

ਅਰਦਾਸੀਆ ਅੱਗੇ ਖੜ੍ਹਾ ਹੋਇਆ ਸੀ ਤੇ ਉਹ ਸੰਗਤ ਦੀ ਅਰਦਾਸ ਉਚਾਰਨ ਕਰਦਾ ਸੀ। ਸਮੂਹ ਮਸੰਦ ਬਹੁਤ ਧਨੀ ਹਨ, ਉਹ ਗੁਰੂ ਜੀ ਵਾਸਤੇ ਬਹੁਤ ਕਾਰ ਭੇਟ ਲੈ ਕੇ ਆਉਂਦੇ ਸਨ॥੨੧॥

ਜਥਾਜੋਗ ਸਭਿ ਕੋ ਹਰਖਾਵਹਿਂ। ਦੇਸ਼ਨਿ ਕੀ ਦਸਤਾਰ ਬੰਧਾਵਹਿਂ।
ਕਿਤ ਤੇ ਲੱਛ, ਜੁਗਮ ਲਛ ਲਜਾਵਹਿਂ। ਗੁਰ ਕੀ ਕਾਰ ਚਲੀ ਨਿਤ ਆਵਹਿ॥੨੨॥

ਜਥਾ ਜੋਗ ਸਭ ਨੂੰ ਪ੍ਰਸੰਨ ਕਰਦੇ ਸਨ, ਤੇ ਵੱਖ-ਵੱਖ ਦੇਸ਼ਾਂ ਦੀਆਂ ਦਸਤਾਰਾਂ ਬੰਨ੍ਹਾਉਂਦੇ ਸਨ। ਕੋਈ ਲੱਖ ਤੇ ਕੋਈ ਦੋ-ਲੱਖ ਲਿਆਉਂਦਾ ਸੀ, ਗੁਰੂ ਜੀ ਦੀ ਕਾਰ ਭੇਟ ਨਿਤ ਚਲੀ ਆਉਂਦੀ ਸੀ॥੨੨॥

ਆਦਿ ਸੰਗਲਾਦੀਪ ਨਿਕਾਯਾ। ਚਹੁੰਦਿਸ਼ ਤੇ ਪਹੁੰਚਤਿ ਬਹੁ ਮਾਯਾ।
ਛਠੇ ਮਾਸ ਕੋ ਆਇ ਮਸੰਦ। ਕੋ ਸੰਮਤ ਮਹਿਂ ਲੇ ਧਨ ਬ੍ਰਿੰਦ॥ ੨੩॥

ਸੰਗਲਾਦੀਪ ਆਦਿ ਸਾਰੇ ਥਾਵਾਂ ਭਾਵ ਚਾਰੇ ਪਾਸਿਆਂ ਤੋਂ ਬਹੁਤ ਮਾਇਆ ਪਹੁੰਚ ਰਹੀ ਸੀ। ਕਈ ਮਸੰਦ ਛੇ ਮਹੀਨਿਆਂ ਪਿਛੋਂ ਆਏ ਸਨ ਕਈ ਸਾਲ ਪਿਛੋਂ ਵੀ ਬਹੁਤ ਧਨ ਲੈ ਕੇ ਆਏ ਸਨ॥੨੩॥

ਸਭਿ ਦੇਸ਼ਨਿ ਪਰ ਬੰਧ ਅਜਾਰੇ। ਨਿਤ ਹੀ ਆਨਤਿ ਧਨ ਗੁਰ ਕਾਰੇ।
ਕੋ ਸਿਖ ਲੇ ਪਹੁੰਚਤਿ ਹੈਂ ਆਪ। ਆਇ ਜਿ ਦਰਸਤਿ ਹੁਇ ਨਿਸ਼ਪਾਪ॥੨੪॥

ਸਭ ਦੇਸ਼ਾਂ ਵਿਚ ਵੱਖ-ਵੱਖ ਮਸੰਦ ਥਾਪੇ ਹੋਏ ਸਨ ਤੇ ਉਨ੍ਹਾਂ ਦੇ ਆਪਣੇ ਗੁਜ਼ਾਰੇ ਵਾਸਤੇ ਸਲਾਨਾ ਖਰਚੇ ਬੰਨ੍ਹੇ ਹੋਏ ਸਨ, ਉਹ ਨਿਤ ਗੁਰੂ ਕਾਰ ਦਾ ਧਨ ਲਿਆਉਂਦੇ ਸਨ। ਕਈ ਸਿੱਖ ਆਪ ਲੈ ਕੇ ਪਹੁੰਚ ਜਾਂਦੇ ਸਨ, ਜਿਹੜੇ ਆ ਕੇ ਦਰਸ਼ਨ ਕਰਕੇ ਨਿਸ਼ਪਾਪ ਹੋ ਜਾਂਦੇ ਸਨ॥੨੪॥

ਬੇਸ਼ੁਮਾਰ ਹੁਇ ਲੇਨਿ ਰੁ ਦੇਨਿ। ਅਰਪਹਿਂ ਵਸਤੂ ਜੇਨ ਰੁ ਕੇਨ।
ਜੋ ਮਸੰਦ ਜਿਸ ਦੇਸ਼ ਮਝਾਰਾ। ਸੋ ਲੇ ਸੰਗਤਿ ਸੰਗ ਉਦਾਰਾ॥ ੨੫॥

ਬੇਸ਼ੁਮਾਰ ਲੈਣ ਦੇਣ ਹੁੰਦਾ ਸੀ, ਹਰ ਕੋਈ ਵਸਤਾਂ ਅਰਪਣ ਕਰਦਾ ਸੀ। ਜਿਹੜਾ ਵੀ ਮਸੰਦ ਜਿਸ ਦੇਸ਼ ਵਿਚ ਰਹਿੰਦਾ ਸੀ, ਉਹ ਉਥੋਂ ਦੀ ਸੰਗਤ ਨੂੰ ਨਾਲ ਲੈ ਕੇ ਆਉਂਦਾ ਸੀ॥੨੫॥

ਆਨਿ ਕਰਹਿ ਦਰਸ਼ਨ ਗੁਰ ਕੇਰਾ। ਧਰਹਿ ਉਪਾਇਨ ਦਰਬ ਘਨੇਰਾ।
ਸੰਗਤਿ ਕੇ ਦਰਸ਼ਨ ਹਿਤ ਦੈਬੇ। ਜਬਿ ਬੈਠਹਿਂ ਸਤਿਗੁਰ ਦੁਤਿ ਲੈਬੇ॥੨੬॥

ਉਹ ਆ ਕੇ ਗੁਰੂ ਜੀ ਦੇ ਦਰਸ਼ਨ ਕਰਦੇ ਸਨ ਤੇ ਗੁਰੂ ਜੀ ਦੇ ਅੱਗੇ ਉਪਹਾਰ ਅਤੇ ਧਨ ਅਰਪਣ ਕਰਦੇ ਸਨ। ਸੰਗਤ ਨੂੰ ਦਰਸ਼ਨ ਦੇਣ ਵਾਸਤੇ ਜਦ ਗੁਰੂ ਜੀ ਆ ਕੇ ਸਸ਼ੋਭਤ ਹੋ ਜਾਂਦੇ ਸਨ॥੨੬॥

ਅਨਿਕ ਪਦਾਰਥ ਕੇ ਅੰਬਾਰ। ਹੋਤਿ ਜਾਤਿ ਨਹਿਂ ਪਰਹਿ ਸ਼ੁਮਾਰ।
ਧਰਿ ਧਰਿ ਸ਼ਰਧਾ ਸੰਗਤਿ ਆਵਹਿ। ਮਨੋ ਕਾਮਨਾ ਪਾਇ ਸਿਧਾਵਹਿ॥੨੭॥

ਤਾਂ ਅਨੇਕ ਪ੍ਰਕਾਰ ਦੇ ਪਦਾਰਥਾਂ ਦੇ ਅੰਬਾਰ ਲੱਗ ਜਾਂਦੇ ਸਨ ਤੇ ਉਨ੍ਹਾਂ ਦੀ ਕੋਈ ਗਿਣਤੀ ਨਹੀਂ ਸੀ ਕੀਤੀ ਜਾ ਸਕਦੀ। ਸੰਗਤ ਸ਼ਰਧਾ ਧਾਰ-ਧਾਰ ਕੇ ਆਉਂਦੀ ਸੀ ਤੇ ਆਪਣੀਆਂ ਮਨੋਕਾਮਨਾਵਾਂ ਪਾ ਕੇ ਚਲੇ ਜਾਂਦੀ ਸੀ॥੨੭॥

ਸਾਵਣ ਮਾਸ ਪ੍ਰਬਿਰਤਜੋ ਸਾਰੇ। ਗੁਰ ਪਰਿਵਾਰ ਮਿਲਜੋ ਮੁਦ ਧਾਰੇ।
ਸਰਬ ਇਕੱਤ੍ਰ ਮਿਲੇ ਤਿਸ ਥਾਨਾ। ਪਿਖਤਿ ਪਰਸਪਰ ਮਿਲਿ ਸੁਖ ਮਾਨਾ॥੨੮॥

ਸਾਵਣ ਦੇ ਮਹੀਨੇ ਵਿਚ ਗੁਰੂ ਜੀ ਦਾ ਸਾਰਾ ਪਰਿਵਾਰ ਮਿਲ ਕੇ ਇਕੱਠੇ ਹੋ ਕੇ ਪ੍ਰਸੰਨ ਹੋ ਰਹੇ ਸਨ। ਸਾਰੇ ਇਕੱਠੇ ਹੋ ਕੇ ਉਸ ਥਾਂ ਮਿਲ ਪਏ, ਆਪਸ ਵਿਚ ਮਿਲ ਕੇ ਸੁਖ ਮੰਨਿਆ॥੨੮॥

ਤਬਿ ਦਮੋਦਰੀ ਬੈਸ ਬਿਤਾਈ। ਪ੍ਰਾਨ ਅੰਤ ਅਪਨੋ ਲਖਿ ਪਾਈ।
ਪਤਿ ਸਤਿਗੁਰ ਕੋ ਦਰਸ਼ਨ ਕਰਜੋ। ਹਾਥ ਜੋਰਿ ਬਚ ਬਿਨੈ ਉਚਰਜੋ॥ ੨੯॥

ਤਦ ਮਾਤਾ ਦਮੋਦਰੀ ਜੀ ਦੀ ਉਮਰ ਪੂਰੀ ਹੋ ਗਈ, ਉਸ ਨੇ ਆਪਣੇ ਪ੍ਰਾਣਾਂ ਦਾ ਅੰਤ ਸਮਝ ਲਿਆ। ਆਪਣੇ ਪਤੀ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਤੇ ਹੱਥ ਜੋੜ ਕੇ ਬੇਨਤੀ ਉਚਾਰੀ॥੨੯॥

'ਤੁਮ ਪ੍ਰਭੁ ਹੋ ਸਭਿ ਹੀ ਬਿਧਿ ਲਾਇਕ। ਬਡੇ ਪੁੰਨ ਫਲ ਭਾ ਮਮ ਨਾਇਕ।
ਮੈਂ ਅਨਜਾਨ ਪਨੇ ਕੁਛ ਕਹਜੋ। ਨਹੀਂ ਮਹਾਤਮ ਨੀਕੇ ਲਹਜੋ॥ ੩੦॥

"ਹੇ ਪ੍ਰਭੂ ਜੀ! ਤੁਸੀਂ ਸਭ ਵਿਧੀਆਂ ਨਾਲ ਲਾਇਕ ਹੋ, ਵੱਡੇ ਪੁੰਨਾਂ ਦਾ ਫਲ ਹੋਣ ਕਰਕੇ ਮੇਰੇ ਮਾਲਕ ਬਣੇ ਹੋ। ਮੈਂ ਜੇ ਕਦੇ ਅਣਜਾਣਪੁਣੇ ਵਿਚ ਕੁਝ ਕਿਹਾ ਹੈ ਤਾਂ ਉਸਦਾ ਚੰਗਾ ਮਹਾਤਮ ਨਹੀਂ ਲਿਆ ਹੈ॥੩੦॥

ਕ੍ਰਿਪਾ ਧਾਰਿ ਸੋ ਬਖਸ਼ਨ ਕੀਜੈ। ਅੰਤ ਸਮਾਂ ਮੇਰੋ ਲਖਿ ਲੀਜੈ।
ਨਿਜ ਚਰਨਨ ਕੀ ਦਾਸੀ ਜਾਨੋ। ਬੀਚ ਪ੍ਰਲੋਕ ਮਿਲਾਵਨਿ ਠਾਨੋ॥ ੩੧॥

ਕਿਰਪਾ ਕਰਕੇ ਉਹ ਮੇਰੀ ਉਣਤਾਈ ਬਖਸ਼ ਦੇਵੋ ਤੇ ਮੇਰਾ ਹੁਣ ਅੰਤ ਸਮਾਂ ਆਇਆ ਸਮਝ ਲਵੋ। ਮੈਨੂੰ ਆਪਣੇ ਚਰਨਾਂ ਦੀ ਦਾਸੀ ਜਾਣੋ ਤੇ ਪ੍ਰਲੋਕ ਵਿਚ ਮੈਨੂੰ ਆਪਣੇ ਨਾਲ ਮਿਲਾ ਲੈਣਾ॥੩੧॥

ਮੈਂ ਅਜਾਨ ਪੁਨ ਤ੍ਰਿਯ ਮਤਿ ਅਹੈ। ਰਾਵਰਿ ਭੇਵ ਦੇਵ ਨਹਿਂ ਲਹੈਂ।
ਬਿਨੈ ਸੁਨੀ ਗੁਰ ਧੀਰਜ ਦੀਨਿ। 'ਸਦਾ ਸੰਗ ਤੂੰ ਹਮਰੇ ਚੀਨ॥ ੩੨॥

ਮੈਂ ਇਕ ਅਗਿਆਨੀ ਹਾਂ ਦੂਸਰੀ ਮੇਰੀ ਇਸਤਰੀ ਮੱਤ ਹੈ, ਆਪ ਜੀ ਦਾ ਭੇਦ ਦੇਵਤੇ ਵੀ ਨਹੀਂ ਪਾ ਸਕਦੇ।" ਗੁਰੂ ਜੀ ਨੇ ਬੇਨਤੀ ਸੁਣ ਕੇ ਧੀਰਜ ਦਿੱਤਾ, "ਸਦਾ ਹੀ ਤੂੰ ਆਪਣੇ ਆਪ ਨੂੰ ਸਾਡੇ ਪਾਸ ਸਮਝੋ॥੩੨॥

ਗੁਰ ਘਰ ਕੀ ਮਹਿਮਾ ਬਡਿ ਭਾਰੀ। ਸ਼ਰਧਾ ਧਰੀ ਸੁ ਨਰ ਕੈ ਨਾਰੀ।
ਪਰਮ ਗਤੀ ਸੋ ਪਹੁੰਚਤਿ ਜਾਇ। ਤੂੰ ਮਮ ਦਾਰਾ ਸਹਜ ਸੁਭਾਇ॥ ੩੩॥

ਗੁਰੂ ਘਰ ਦੀ ਵੱਡੀ ਭਾਰੀ ਮਹਿਮਾ ਹੈ, ਇਸਤਰੀ ਜਾਂ ਪੁਰਸ਼ ਸਾਰੇ ਸ਼ਰਧਾ ਧਾਰਨ ਕਰਦੇ ਹਨ। ਤੂੰ ਪਰਮਗਤੀ ਨੂੰ ਪ੍ਰਾਪਤ ਕਰੇਂਗੀ। ਤੂੰ ਮੇਰੀ ਸੁਸ਼ੀਲ, ਪਤੀਬ੍ਰਤ ਅਤੇ ਸਨਮਾਨ ਯੋਗ ਪਤਨੀ ਹੈਂ॥੩੩॥

ਸਦ ਸੰਗੀ ਕਿਮ ਬਿਛੁਰਹਿਂ ਨਾਂਹੀ। ਤਨੁ ਤਜਾਗਨ ਸਭਿ ਹੀ ਜਗ ਮਾਂਹੀ।
ਥਿਰ ਕੋ ਰਹੈ ਨ ਥੂਲ ਸਰੀਰ। ਨਿਜ ਬਾਰੀ ਸਭਿ ਪਾਇਂ ਬਹੀਰ॥ ੩੪॥

ਸਦਾ ਰਹਿਣ ਵਾਲੇ ਸੰਗੀ ਕਿਵੇਂ ਵਿਛੜਦੇ ਨਹੀਂ, ਇਸ ਜਗ ਵਿਚ ਸਭ ਨੇ ਤਨ ਤਿਆਗਣਾ ਹੈ। ਕੋਈ ਭਾਰੀ ਤੋਂ ਭਾਰੀ ਸਰੀਰ ਵੀ ਸਦਾ ਸਥਿਰ ਨਹੀਂ ਰਹੇਗਾ। ਆਪਣੀ ਵਾਰੀ ਤੇ ਸਭ ਚਲਾਣਾ ਕਰਦੇ ਹਨ॥੩੪॥

ਸੁਨਿ ਪਤਿ ਤੇ ਉਰ ਬਹੁ ਹਰਖਾਈ। ਬਹੁਰ ਕੁਟੰਬ ਮਿਲੀ ਸਮੁਦਾਈ।
ਕਰਿ ਸ਼ਨਾਨ ਕੋ ਪੋਢੀ ਤਹਾਂ। ਕੁਸ਼ ਕੇ ਆਸਤਰਨ ਰਚਿ ਜਹਾਂ॥ ੩੫॥

ਆਪਣੇ ਪਤੀ ਜੀ ਪਾਸੋਂ ਸੁਣ ਕੇ ਬਹੁਤ ਪ੍ਰਸੰਨ ਹੋਈ, ਫਿਰ ਸਾਰੇ ਪਰਿਵਾਰ ਨੂੰ ਮਿਲੀ, ਇਸ਼ਨਾਨ ਕਰਕੇ ਉਥੇ ਲੰਮੀ ਪੈ ਗਈ, ਜਿਥੇ ਕੁਸ਼ਾ ਦਾ ਵਿਛਾਵਣਾ ਬਣਾਇਆ ਸੀ॥੩੫॥

ਕੰਤ ਧਜਾਨ ਮਹਿਂ ਹੁਇ ਲੈ ਲੀਨ। ਤਨ ਕੋ ਤਜਾਗਨਿ ਤਤਛਿਨ ਕੀਨਿ।
ਗੰਗ ਸਾਸ ਕੇ ਪਾਸ ਪਧਾਰੀ। ਚਢਿ ਬਿਬਾਨ ਦੀਪਤ ਦੁਤਿ ਭਾਰੀ॥ ੩੬॥

ਆਪਣੇ ਪਤੀ ਦੇ ਧਿਆਨ ਵਿਚ ਲਿਵਲੀਨ ਹੋ ਕੇ ਆਪਣੇ ਤਨ ਨੂੰ ਤੁਰਤ ਛੱਡ ਦਿੱਤਾ। ਆਪਣੀ ਸੱਸ ਮਾਤਾ ਗੰਗਾ ਜੀ ਪਾਸ ਚਲੇ ਗਈ। ਬਿਬਾਣ ਤੇ ਚੜ੍ਹ ਕੇ ਚਲੇ ਗਈ ਜਿਸ ਦੀ ਭਾਰੀ ਸ਼ੋਭਾ ਅਤੇ ਚਮਕ ਦਮਕ ਸੀ॥੩੬॥

ਸਭਿ ਪਰਿਵਾਰ ਨਿਹਾਰਤਿ ਰਹਜੋ। ਪ੍ਰਾਨ ਅੰਤ ਹੋਯਸ ਜਬਿ ਲਹਜੋ।
ਸੋਲਾਂ ਸੈ ਅਠਾਸੀਏ ਮਾਂਹੀ। ਭਾ ਪਰਲੋਕ ਗੁਰੂ ਤ੍ਰਿਯ ਤਾਂਹੀ॥ ੩੭॥

ਸਾਰਾ ਪਰਿਵਾਰ ਵੇਖਦਾ ਹੀ ਰਹਿ ਗਿਆ, ਜਦ ਪ੍ਰਾਣਾਂ ਦਾ ਅੰਤ ਹੋਇਆ ਵੇਖਿਆ। ਸੋਲਾਂ ਸੈ ਅਠਾਸੀ ਬਿਕਰਮੀ ਨੂੰ ਗੁਰੂ ਜੀ ਦੀ ਪਤਨੀ ਪਰਲੋਕ ਚਲੇ ਗਈ॥੩੭॥

ਰੁਦਨ ਕੀਨਿ ਮਿਲਿ ਕੈ ਸਭਿ ਨਾਰੀ। ਰਾਮੋ ਸੁਸਾ ਸਨੇਹ ਦੁਖਾਰੀ।
'ਹੁਤੀ ਸੁਮਤਿ ਬਡਭਾਗਨ ਯਾਹੀ। ਸਭਿ ਪਰਿਵਾਰ ਉਧਾਰਜੋ ਜਾਂਹੀ॥ ੩੮॥

ਸਭ ਇਸਤਰੀਆਂ ਮਿਲ ਕੇ ਰੋਈਆਂ, ਬੀਬੀ ਰਾਮੋ ਆਪਣੀ ਭੈਣ ਦੇ ਪਿਆਰ ਕਰਕੇ ਬਹੁਤ ਦੁਖੀ ਹੋਈ, 'ਸ੍ਰੇਸ਼ਟ ਮੱਤ ਵਾਲੀ ਵੱਡੀ ਵਡਭਾਗਣ ਸੀ, ਜਿਸ ਨੇ ਸਾਰੇ ਪਰਿਵਾਰ ਦਾ ਉਧਾਰ ਕੀਤਾ॥੩੮॥

ਮਾਤਾ, ਪਿਤਾ, ਮੋਹਿ, ਬਹੁ ਆਨ। ਗੁਰਪਤਿ ਤੇ ਕੀਨਸਿ ਕੱਲਜਾਨ।
ਜਿਸ ਨੇ ਸ੍ਰੀ ਗੁਰਦਿੱਤਾ ਜਯੋ। ਜਗਤੇਸੁਰ ਪ੍ਰਿਯ ਭਰਤਾ ਭਯੋ॥ ੩੯॥

ਮਾਤਾ, ਪਿਤਾ, ਮੈਨੂੰ ਅਤੇ ਹੋਰ ਬਹੁਤ ਸੰਬੰਧੀਆਂ ਨੂੰ ਗੁਰੂ ਪਤੀ ਪਾਸੋਂ ਕਲਿਆਣ ਕਰਵਾਇਆ। ਜਿਸ ਨੇ ਸ੍ਰੀ ਗੁਰਦਿੱਤਾ ਜੀ ਵਰਗੇ ਪੁੱਤਰ ਨੂੰ ਜਨਮ ਦਿੱਤਾ ਅਤੇ ਜਗਤ ਦੇ ਈਸ਼ਵਰ ਪਿਆਰਾ ਪਤੀ ਹੋਏ ਹਨ॥੩੯॥

ਇਸ ਦੀ ਪਦਵੀ ਕਹਾਂ ਬਿਚਾਰੀ। ਤਰੇ ਸਬੰਧੀ ਸਭਿ ਨਰ ਨਾਰੀ'।
ਇੱਤਜਾਦਿਕ ਗੁਨ ਅਨਿਕ ਉਚਾਰਤਿ। ਰੋਦਤਿ ਸੁਸਾ ਪ੍ਰੀਤ ਪ੍ਰਤਿਪਾਰਤਿ॥੪੦॥

ਇਸ ਦੀ ਪਦਵੀ ਕਿਥੇ ਵਿਚਾਰੀ ਜਾ ਸਕਦੀ ਹੈ, ਸਾਰੇ ਸੰਬੰਧੀ ਇਸਤਰੀ ਪੁਰਖ ਤਰ ਗਏ। ਇਤਿਆਦਿ ਅਨੇਕਾਂ ਗੁਣ ਉਚਾਰਨ ਕਰਦੀ ਸੀ, ਰੋ ਕੇ ਭੈਣ ਦੀ ਪ੍ਰੀਤ ਦੀ ਪ੍ਰਤਿਪਾਲਣਾ ਕਰ ਰਹੀ ਸੀ॥੪੦॥

ਰੁਦਤਿ ਨਾਨਕੀ ਤਥਾ ਮ੍ਰਵਾਹੀ। ਨੁਖਾ ਖ੍ਰਿਲਾਪਤਿ ਬਹੁ ਦੁਖ ਮਾਂਹੀ।
ਰੋਦਨ ਨਾਦ ਉਠਜੋ ਅਧਿਕਾਈ। ਸ੍ਰੀ ਹਰਿ ਗੋਬਿੰਦ ਸਕਲ ਹਟਾਈ॥ ੪੧॥

ਮਾਤਾ ਨਾਨਕੀ ਅਤੇ ਮਾਤਾ ਮ੍ਰਵਾਹੀ ਵੀ ਰੋਂਦੀਆਂ ਸਨ, ਨੂੰਹ ਬਹੁਤ ਦੁੱਖੀ ਹੋ ਵਰਲਾਪ ਕਰਦੀ ਸੀ। ਜਦ ਰੋਣ ਦੀ ਆਵਾਜ਼ ਬਹੁਤ ਉਚੀ ਉੱਠੀ ਤਾਂ ਸ੍ਰੀ ਹਰਿਗੋਬਿੰਦ ਜੀ ਨੇ ਸਭ ਨੂੰ ਹਟਾ ਦਿੱਤਾ॥੪੧॥

'ਇਹੁ ਜਗ ਰੀਤਿ ਸਭਿਨਿ ਸਿਰ ਹੋਈ। ਮਤ ਰੁਦਨਹੁ ਅਚਰਜ ਨਹਿਂ ਕੋਈ'।
ਮ੍ਰਿਤੁ ਰੀਤਿ ਗੁਰਦਿੱਤਾ ਨੰਦ। ਕਰੀ ਸਕਲ ਜਿਮ ਭਨੀ ਬਿਲੰਦ॥ ੪੨॥

'ਇਹ ਜਗਤ ਦੀ ਰੀਤੀ ਹੈ ਸਾਰਿਆਂ ਦੇ ਸਿਰ ਆਉਣੀ ਹੈ, ਨਾ ਰੋਵੋ ਇਸ ਵਿਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ।' ਮ੍ਰਿਤੂ ਦੀਆਂ ਸਾਰੀਆਂ ਰੀਤਾਂ ਪੁੱਤਰ ਸ੍ਰੀ ਗੁਰਦਿੱਤਾ ਨੇ ਕੀਤੀਆਂ ਜਿਵੇਂ ਉਸ ਨੂੰ ਕਿਹਾ ਗਿਆ ਸੀ॥੪੨॥

ਸਾਈਂਦਾਸ ਪਰਜੋ ਮੁਰਛਾਇ। ਉਠਿਕੈ 'ਹਾਯ ਹਾਯ' ਬਿਲਲਾਇ।
'ਹੇ ਬਡਿਭਾਗਨਿ ! ਤੁਵ ਉਪਕਾਰਾ। ਭਯੋ ਸਬੰਧੀ ਗੁਰੂ ਹਮਾਰਾ॥ ੪੩॥

ਸਾਈਂ ਦਾਸ ਬੇਹੋਸ਼ ਹੋ ਗਿਆ ਤੇ ਉਠਕੇ 'ਹਾਇ ਹਾਇ' ਕਹਿ ਕੇ ਵਿਰਲਾਪ ਕਰਦਾ ਸੀ, "ਹੇ ਵੱਡੇ ਭਾਗਾਂ ਵਾਲੀ! ਤੇਰੇ ਉਪਕਾਰ ਸਦਕਾ ਗੁਰੂ ਜੀ ਸਾਡੇ ਸੰਬੰਧੀ ਬਣੇ ਹਨ॥੪੩॥

ਇੰਦ੍ਰਾਦਿਕ ਸੁਰ ਸਰਬ ਉਮਾਹਤਿ। ਕ੍ਰਿਪਾ ਦ੍ਰਿਸ਼ਟਿ ਜਿਸ ਕੀ ਨਿਤ ਚਾਹਤਿ।
ਨਿਸਬਾਸੁਰ ਮਿਲਿ ਕੈ ਤਿਹ ਸੰਗ। ਹਮ ਭੀ ਧੰਨ ਭਏ ਸਰਬੰਗ॥ ੪੪॥

ਇੰਦਰ ਆਦਿ ਸਾਰੇ ਦੇਵਤੇ ਬੜੇ ਉਮਾਹਿਤ ਹੋਏ ਹਨ, ਜਿਹੜੇ ਸਦਾ ਹੀ ਗੁਰੂ ਜੀ ਦੀ ਕ੍ਰਿਪਾ ਦ੍ਰਿਸ਼ਟੀ ਚਾਹੁੰਦੇ ਹਨ। ਉਨ੍ਹਾਂ ਦੇ ਨਾਲ ਦਿਨ ਰਾਤ ਮਿਲ ਕੇ ਅਸੀਂ ਸਭ ਪਖਾਂ ਤੋਂ ਧੰਨ ਹੋ ਗਏ ਹਾਂ॥੪੪॥

ਹਮ ਸਭਿ ਕੋ ਤਜਿ ਪ੍ਰਥਮ ਪਧਾਰੀ। ਹੇ ਪਤਿਬ੍ਰਤੇ! ਸ਼ੀਘ੍ਰਤਾ ਧਾਰੀ'।
ਗੁਰ ਕਹਿ ਸਭਿ ਕੋ ਰੁਦਨ ਹਟਾਯੋ। ਬਾਬਕ ਤੇ ਕਿਰਤਨੁ ਕਰਿਵਾਯੋ॥ ੪੫॥

ਸਾਨੂੰ ਸਾਰਿਆਂ ਨੂੰ ਛੱਡ ਕੇ ਪਹਿਲਾਂ ਚਲੇ ਗਈ, ਹੇ ਪਤੀਬ੍ਰਤੇ! ਕਿਉਂ ਏਨੀ ਸ਼ੀਘਰਤਾ ਧਾਰਨ ਕੀਤੀ ਹੈ।" ਗੁਰੂ ਜੀ ਨੇ ਕਹਿ ਕੇ ਸਭ ਨੂੰ ਰੋਣ ਤੋਂ ਹਟਾਇਆ ਤੇ ਰਬਾਬੀ ਬਾਬਕ ਪਾਸੋਂ ਕੀਰਤਨ ਕਰਵਾਇਆ॥੪੫॥

ਬਿਧੀਆ ਪੈਂਦੇ ਖਾਨ ਪੁਕਾਰਾ। 'ਅਹੋ ਮਾਤ! ਕਿਤ ਗੀ? ਇਸ ਬਾਰਾ'।
ਕਰਿ ਸ਼ਨਾਨ ਆਦਿਕ ਕ੍ਰਿਤ ਸਾਰੀ। ਰਚਯੋ ਬਿਵਾਨ ਮੋਲ ਕੋ ਭਾਰੀ॥ ੪੬॥

ਬਿਧੀ ਚੰਦ ਅਤੇ ਪੈਂਦੇ ਖਾਨ ਬਹੁਤ ਉੱਚੀ ਪੁਕਾਰੇ, "ਹੇ ਮਾਤਾ ਜੀ! ਤੁਸੀਂ ਇਸ ਸਮੇਂ ਕਿਥੇ ਚਲੇ ਗਏ ਹੋ?"। ਇਸ਼ਨਾਨ ਆਦਿ ਸਾਰੀ ਕ੍ਰਿਤ ਕਰਕੇ ਇਕ ਭਾਰੀ ਕੀਮਤ ਵਾਲੇ ਬਿਬਾਣ ਦੀ ਰਚਨਾ ਕੀਤੀ॥੪੬॥

ਬਹੁ ਕੀਮਤ ਕੇ ਬਸਤ੍ਰ ਸੁ ਪਾਇ। ਚਾਰਹੁੰ ਤਤਛਿਨ ਕੰਧ ਉਠਾਇ।
ਲੇ ਪੁਰਿ ਵਹਿਰ ਚਲੇ ਸਮੁਦਾਏ। ਧੀਰਮੱਲ ਤਬਿ ਚਵਰ ਢੁਰਾਏ॥ ੪੭॥

ਬਹੁਤ ਕੀਮਤੀ ਕਪੜੇ ਪਵਾਏ ਗਏ ਤੇ ਚਾਰ ਪੁਰਸ਼ਾਂ ਨੇ ਤੁਰਤ ਬਿਬਾਣ ਨੂੰ ਮੋਢੇ ਤੇ ਚੁੱਕ ਲਿਆ। ਸਾਰੇ ਇਕੱਠੇ ਹੋ ਕੇ ਬਾਹਰ ਚਲ ਪਏ। ਧੀਰ ਮਲ ਨੇ ਫਿਰ ਚਵਰ ਝੁਲਾਇਆ॥੪੭॥

ਬਹੁ ਸੰਖਨ ਕੇ ਸ਼ਬਦ ਬਜਾਵਤਿ। ਆਗੇ ਚਲਤਿ ਸੁ ਮਾਰੂ ਗਾਵਤਿ।
ਚੰਦਨ ਚਿਤਾ ਬਿਸਾਲ ਬਨਾਈ। ਧਰਿ ਕਰਿ ਊਪਰਿ ਅਗਨਿ ਲਗਾਈ॥੪੮॥

ਸੰਖ ਨੂੰ ਬਹੁਤ ਉੱਚੀ ਧੁਨੀ ਵਿਚ ਵਜਾਇਆ ਗਿਆ, ਜਿਹੜੇ ਅੱਗੇ-ਅੱਗੇ ਜਾ ਰਹੇ ਸਨ ਉਹ ਮਾਰੂ ਰਾਗ ਗਾ ਰਹੇ ਸਨ। ਚੰਦਨ ਦੀ ਵੱਡੀ ਚਿੱਤਾ ਤਿਆਰ ਕੀਤੀ ਤੇ ਉਸ ਦੇ ਉਤੇ ਧਰ ਕੇ ਅੱਗ ਲਾ ਦਿੱਤੀ॥੪੮॥

ਸ੍ਰੀ ਗੁਰਦਿੱਤਾ ਊਚ ਪੁਕਾਰਾ। ਨੀਰ ਬਿਲੋਚਨ ਮੋਚਿਤਿ ਧਾਰਾ।
ਕਰੀ ਕਪਾਲ ਕ੍ਰਿਯਾ ਤਿਸਿ ਕਾਲਾ। ਸਭਿ ਉਠਿ ਕੀਨਿ ਸ਼ਨਾਨ ਕਿਲਾਲਾ॥੪੯॥

ਸ੍ਰੀ ਗੁਰਦਿੱਤਾ ਜੀ ਬੜੀ ਉੱਚੀ ਆਵਾਜ਼ ਵਿਚ ਪੁਕਾਰਿਆ ਤੇ ਉਸ ਦੇ ਨੈਣਾਂ ਵਿਚੋਂ ਜਲ ਦੀਆਂ ਧਾਰਾਂ ਵਹਿ ਤੁਰੀਆਂ। ਉਸ ਸਮੇਂ ਕਪਾਲ ਕ੍ਰਿਆ ਕੀਤੀ ਤੇ ਸਾਰਿਆਂ ਨੇ ਉੱਠ ਕੇ ਜਲ ਵਿਚ ਇਸ਼ਨਾਨ ਕੀਤਾ॥੪੯॥

ਗਾਇ ਕੀਰਤਨ ਭੋਗ ਪਵਾਯਹੁ। ਪੰਚਾਂਮ੍ਰਿਤ ਬਹੁਰੋ ਬਰਤਾਯਹੁ।
ਸਨੈ ਸਨੈ ਆਏ ਨਿਜ ਡੇਰੇ। ਬੈਠ ਬੈਠ, ਨਰ ਉਠੇ ਘਨੇਰੇ॥ ੫੦॥

ਕੀਰਤਨ ਕਰਵਾ ਕੇ ਭੋਗ ਪਵਾਇਆ, ਤੇ ਬਾਅਦ ਵਿਚ ਕੜਾਹ ਪ੍ਰਸ਼ਾਦਿ ਵਰਤਾਇਆ। ਹੌਲੀ-ਹੌਲੀ ਆਪਣੇ ਡੇਰੇ ਆ ਗਏ ਤੇ ਬੈਠ-ਬੈਠ ਕੇ ਬਹੁਤ ਮਨੁੱਖ ਉੱਠ ਕੇ ਚਲੇ ਗਏ॥੫੦॥

*ਸੱਤਵੀਂ ਰਾਸ ਦਾ ਇੱਕੀਵਾਂ ਅਧਿਆਇ ਸਮਾਪਤ ਹੋਇਆ॥੨੧॥*

# ਅਧਿਆਇ ਬਾਈਵਾਂ

*ਰਾਮੋ, ਸਾਈਂਦਾਸ ਆਦਿ ਪਰਲੋਕ ਗਮਨ*

ਦੋਹਰਾ-ਜਹਿਂ ਜਹਿਂ ਹੁਤੇ ਸਬੰਧ ਗੁਰੁ ਤਹਿਂ ਤਹਿਂ ਸੁਧਿ ਪਹੁੰਚਾਇ।
ਆਇ ਨਰਾਇਣ ਦਾਸ ਤਬਿ ਦਾਰਾ ਜੁਤਿ ਰੁਦਨਾਇ॥ ੧॥

ਜਿਥੇ-ਜਿਥੇ ਗੁਰੂ ਜੀ ਦੇ ਸੰਬੰਧ ਸਨ, ਉਥੇ ਉਥੇ ਖਬਰ ਪਹੁੰਚਾ ਦਿੱਤੀ, ਫਿਰ ਨਰਾਇਣ ਦਾਸ ਆਪਣੀ ਪਤਨੀ ਸਮੇਤ ਰੋਂਦੇ ਹੋਏ ਆਏ॥੧॥

ਚੌਪਈ- ਰਾਮੋ ਪਤਿ ਕੇ ਸਹਤ ਦੁਖਾਰੀ। ਕੋ ਦਿਨ ਮਹਿਂ ਪਰਲੋਕ ਪਧਾਰੀ।
ਸਾਈਂ ਦਾਸ ਉਦਾਸ ਅਵਾਸਾ। ਪ੍ਰਾਨ ਤਯਾਗ ਕਰਿ ਗਯੋ ਤਮਾਸਾ॥੨॥

ਰਾਮੋ ਆਪਣੇ ਪਤੀ ਸਹਿਤ ਬਹੁਤ ਦੁੱਖੀ ਸੀ, ਕੁਝ ਦਿਨਾਂ ਬਾਅਦ ਉਹ ਪਰਲੋਕ ਚਲੀ ਗਈ। ਭਾਈ ਸਾਂਈਂ ਦਾਸ ਘਰ ਵਿਚ ਬਹੁਤ ਉਦਾਸ ਰਹਿੰਦਾ ਸੀ, ਉਹ ਵੀ ਪ੍ਰਾਣ ਛੱਡ ਕੇ ਤਮਾਸ਼ਾ ਰੂਪੀ ਸੰਸਾਰ ਤੋਂ ਚਲਾ ਗਿਆ॥੨॥

ਸ੍ਰੀ ਹਰਿਗੋਵਿੰਦ ਸੁਭ ਗਤਿ ਦੀਨਿ। ਮ੍ਰਿਤਕ ਕ੍ਰਿਯਾ ਗੁਰਦਿੱਤੇ ਕੀਨਿ।
ਏਕ ਸੁਤਾ ਮ੍ਰਿਤੁ ਸੁਨਿ ਕਰਿ ਆਏ। ਪਿਖ ਦੂਜੀ ਕੋ ਬਹੁ ਰੁਦਨਾਏ॥੩॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਉਨ੍ਹਾਂ ਨੂੰ ਸ਼ੁਭ-ਗਤੀ ਦਿੱਤੀ ਤੇ ਮ੍ਰਿਤਕ ਕ੍ਰਿਆ ਸ੍ਰੀ ਗੁਰਦਿੱਤਾ ਜੀ ਨੇ ਕੀਤੀ। ਨਰਾਇਣ ਦਾਸ ਜੀ ਇਕ ਪੁੱਤਰੀ ਦੀ ਮੌਤ ਸੁਣ ਕੇ ਆਏ ਸਨ, ਦੂਸਰੀ ਦੀ ਮ੍ਰਿਤੂ ਵੇਖ ਕੇ ਉਹ ਬਹੁਤ ਰੋਏ॥੩॥

ਤ੍ਰਿਯ ਜੁਤਿ ਬਸਯੋ ਨਰਾਇਨ ਦਾਸ। ਜਗਤਿ ਬਿਨਾਸੀ ਲਖਯੋ ਉਦਾਸ।
ਦਿਨ ਥੋਰਨ ਮਹਿਂ ਤਯਾਗੇ ਪ੍ਰਾਨਾ। ਭਯੋ ਤਥਾ ਪਰਮੇਸੁਰ ਭਾਨਾ॥੪॥

ਆਪਣੀ ਪਤਨੀ ਸਹਿਤ ਨਰਾਇਣ ਦਾਸ ਉਥੇ ਠਹਿਰ ਗਿਆ, ਨਾਸ਼ਵਾਨ ਜਗਤ ਨੂੰ ਵੇਖ ਕੇ ਉਦਾਸ ਹੋ ਗਿਆ, ਉਸ ਦੀਆਂ ਦੋਵੇਂ ਪੁਤਰੀਆਂ ਵਾਂਗ ਉਸ ਉਤੇ ਵੀ ਪ੍ਰਮੇਸ਼ਰ ਦਾ ਭਾਣਾ ਵਰਤਿਆ ਤੇ ਉਹ ਵੀ ਪਰਲੋਕ ਚਲੇ ਗਿਆ॥੪॥

ਦਯਾਕੌਰ ਜੁਤਿ ਸੁਭ ਗਤਿ ਪਾਈ। ਜਿਨ ਕੀ ਕੁਲ ਸਿੱਖੀ ਚਲਿ ਆਈ।
ਸਭਿ ਕੇ ਸਤਿਗੁਰੁ ਪੁਸ਼ਪ ਚੁਨਾਏ। ਧਰਿ ਡੋਰੇ ਸੁਰਸਰ ਪਹੁੰਚਾਏ॥੫॥

ਦਇਆ ਕੌਰ ਸਹਿਤ ਸ਼ੁਭ-ਗਤੀ ਪਾਈ, ਜਿਨ੍ਹਾਂ ਦੀ ਕੁਲ ਵਿਚ ਸਿੱਖੀ ਆਈ ਸੀ। ਸਤਿਗੁਰੂ ਜੀ ਨੇ ਸਾਰਿਆਂ ਦੇ ਫੁਲ ਚਿਣਾਏ ਤੇ ਡੋਲਿਆਂ ਵਿਚ ਧਰ ਕੇ ਮਾਨਸਰੋਵਰ ਪਹੁੰਚਾ ਦਿੱਤੇ॥੫॥

*ਨੋਟ : ਸੁਰਸਰ ਮਾਨਸਰੋਵਰ ਨੂੰ ਕਹਿੰਦੇ ਹਨ, ਏਨੀ ਦੂਰ ਫੁਲ ਕਿਵੇਂ ਪਹੁੰਚਾਏ ਜਾ ਸਕਦੇ ਸਨ, ਕਵੀ ਜੀ ਨੇ ਕੈਂਥਲ ਦੇ ਰਾਜੇ ਦਾ ਬ੍ਰਾਹਮਣੀ ਪ੍ਰਭਾਵ ਹੋਣ ਕਰਕੇ ਗੰਗਾ ਆਦਿ ਭੇਜਣ ਬਾਰੇ ਲਿਖਿਆ ਹੋਵੇਗਾ।*

ਸੁਨਿ ਸੁਨਿ ਜਿਤ ਕਿਤ ਤੇ ਚਲਿ ਆਏ। ਬਹੁ ਕੀ ਮ੍ਰਿਤੁ ਲਖਿ ਉਰ ਬਿਸਮਾਏ।
ਬੈਠਹਿਂ ਸਤਿਗੁਰੁ ਸਭਾ ਲਗਾਇ। ਹੋਤਿ ਕੀਰਤਨ ਸੁਨਿ ਸਮੁਦਾਇ॥੬॥

ਸੁਣ-ਸੁਣ ਕੇ ਜਿਥੋਂ-ਕਿਥੋਂ ਚਲ ਕੇ ਆ ਗਏ, ਬਹੁਤਿਆਂ ਦੀ ਮੌਤ ਵੇਖ ਕੇ ਹਿਰਦੇ ਵਿਚ ਬਹੁਤ ਹੈਰਾਨ ਹੋਏ। ਸਤਿਗੁਰੂ ਜੀ ਸਭਾ ਲਾ ਕੇ ਬੈਠੇ ਸਨ। ਕੀਰਤਨ ਹੋ ਰਿਹਾ ਸੀ ਤੇ ਲੋਕ ਸੁਣ ਰਹੇ ਸਨ॥੬॥

ਹਰੀਚੰਦ ਆਯੋ ਯੁਤਿ ਦਾਰਾ। ਸਹਤ ਭਾਰਜਾ ਆਯੋ ਦ੍ਵਾਰਾ।
ਪਹੁੰਚਯੋ ਸੁੰਦਰ ਪਰਮਾਨੰਦ। ਦਈ ਦਿਖਾਈ ਦਾਤੂ ਨੰਦ॥ ੭॥

ਭਾਈ ਹਰੀ ਚੰਦ ਵੀ ਆਪਣੀ ਪਤਨੀ ਸਹਿਤ ਆਇਆ ਤੇ ਭਾਈ ਦਵਾਰਾ ਵੀ ਆਪਣੀ ਪਤਨੀ ਨੂੰ ਨਾਲ ਲੈ ਕੇ ਪਹੁੰਚਿਆ। ਭਾਈ ਪਰਮਾਨੰਦ ਵੀ ਪੁੱਜ ਗਏ ਤੇ ਦਾਤੂ ਦੇ ਪੁੱਤਰ ਨੇ ਵੀ ਆ ਵਿਖਾਈ ਦਿੱਤੀ॥੭॥

ਰਾਮਾ ਤ੍ਰਿਯਾ ਸਹਤ ਚਲਿ ਆਯੋ। ਧਰਮਾ ਸਭਿ ਕਟੰਬ ਕੋ ਲਯਾਯੋ।
ਪ੍ਰੇਮਚੰਦ ਲੇ ਦਾਰਾ ਸਾਥ। ਆਇ ਬਿਲੋਕੇ ਸ੍ਰੀ ਗੁਰੁ ਨਾਥ॥ ੮॥

ਭਾਈ ਰਾਮਾ ਆਪਣੀ ਪਤਨੀ ਸਹਿਤ ਚਲ ਕੇ ਆ ਗਿਆ ਤੇ ਭਾਈ ਧਰਮਾ ਸਾਰੇ ਪਰਿਵਾਰ ਨੂੰ ਲੈ ਕੇ ਆਇਆ। ਭਾਈ ਪ੍ਰੇਮ ਚੰਦ ਆਪਣੀ ਪਤਨੀ ਨੂੰ ਨਾਲ ਲੈ ਕੇ ਆ ਕੇ ਗੁਰੂ ਜੀ ਦੇ ਦਰਸ਼ਨ ਕੀਤੇ॥੮॥

ਗੁਰੂ ਸੁਤਾ ਬੀਰੋ ਬਿਲਲਾਇ। 'ਹੇ ਜਨਨੀ ! ਮੈਂ ਪਿਖੀ ਨ ਆਇ।'
ਸਕਲ ਮੇਲ ਮਿਲਿ ਕਰੀ ਪੁਕਾਰਾ। ਜਨੁ ਕਰੁਨਾ ਸਰਿਤਾ ਕੀ ਧਾਰਾ॥ ੯॥

ਗੁਰੂ ਜੀ ਦੀ ਪੁੱਤਰੀ ਬੀਬੀ ਵੀਰੋ ਵਿਲਕ ਰਹੀ ਸੀ, "ਹੇ ਮੇਰੇ ਮਾਤਾ ਜੀ ! ਮੈਂ ਤੁਹਾਨੂੰ ਆ ਕੇ ਵੇਖ ਵੀ ਨਾ ਸਕੀ" ਸਾਰੇ ਮੇਲ ਨੇ ਮਿਲ ਕੇ ਪੁਕਾਰ ਕੀਤੀ, ਜਿਵੇਂ ਕਰੁਨਾ ਰਸ ਰੂਪ ਨਦੀ ਦੀ ਧਾਰਾ ਵਹਿ ਤੁਰੀ ਹੋਵੇ॥੯॥

ਸਿਮਰਿ ਸਿਮਰਿ ਗੁਨ ਕੋ ਰੁਦਨੰਤੇ। ਊਚ ਪੁਕਾਰਤਿ ਬਹੁ ਬਿਲਲੰਤੇ।
ਸਤਿਗੁਰ ਦਈ ਸਭਿਨਿ ਕੋ ਧੀਰ। 'ਗਤਿ ਐਸੀ, ਜੋ ਧਰਤਿ ਸਰੀਰ॥ ੧੦॥

ਗੁਣ ਯਾਦ ਕਰ-ਕਰ ਰੋ ਰਹੇ ਸਨ। ਕਈ ਉੱਚੀ ਉੱਚੀ ਪੁਕਾਰ ਕੇ ਬਹੁਤ ਵਿਰਲਾਪ ਕਰ ਰਹੇ ਸਨ। ਸਤਿਗੁਰੂ ਜੀ ਨੇ ਸਭ ਨੂੰ ਧੀਰਜ ਦਿੱਤਾ, "ਜਿਹੜਾ ਵੀ ਸਰੀਰ ਧਾਰਨ ਕਰਦਾ ਹੈ, ਉਸਦੀ ਇਹੋ ਹਾਲਤ ਹੁੰਦੀ ਹੈ॥੧੦॥

ਲਖਹੁ ਸਾਚ ਪਰਮੇਸੁਰ ਭਾਣਾ। ਜੋ ਆਯੋ ਤਿਸ ਸਰਪਰ ਜਾਣਾ।
ਅਪਨੋ ਆਪ ਨਹੀਂ ਥਿਰ ਹੋਇ। ਤੌ ਕਾਹੇ ਕੋ ਪਰ ਹਿਤ ਰੋਇ॥ ੧੧॥

ਪ੍ਰਮੇਸ਼ਵਰ ਦਾ ਭਾਣਾ ਸੱਚਾ ਮੰਨੋ, ਜੋ ਇਸ ਦੁਨੀਆਂ ਵਿਚ ਆਇਆ ਹੈ, ਉਸ ਪਰਲੋਕ ਜਾਣਾ ਹੈ। ਜਿਹੜਾ ਆਪਣੇ ਆਪ ਵਿਚ ਸਥਿਰ ਨਹੀਂ ਹੈ ਤਾਂ ਉਹ ਫਿਰ ਦੂਸਰੇ ਦੇ ਹਿਤ ਵਾਸਤੇ ਕਿਉਂ ਰੋਂਦਾ ਹੈ"॥੧੧॥

ਸ੍ਰੀ ਗ੍ਰਿੰਥ ਸਾਹਿਬ ਪਠਵਾਯੋ। ਦਿਨ ਤ੍ਰੌਦਸਮੇਂ ਭੋਗ ਪਵਾਯੋ।
ਪੰਚਾਂਮ੍ਰਿਤ ਅਧਿਕੈ ਕਰਿਵਾਯੋ। ਖੋਇ ਸ਼ੋਕ ਸਭਿ ਮਹਿਂ ਬਰਤਾਯੋ॥ ੧੨॥

ਸ੍ਰੀ ਗ੍ਰੰਥ ਸਾਹਿਬ ਦਾ ਪਾਠ ਕਰਵਾਇਆ ਤੇ ਤੇਰ੍ਹਵੇਂ ਦਿਨ ਭੋਗ ਪਵਾਇਆ। ਕੜਾਹ ਪ੍ਰਸ਼ਾਦ ਬਹੁਤ ਤਿਆਰ ਕਰਵਾਇਆ, ਤੇ ਦੁੱਖ ਭੁਲਾ ਕੇ ਸਭ ਵਿਚ ਵਰਤਾਇਆ॥੧੨॥

ਅਧਿਕ ਦਾਨ ਦੀਨਸਿ ਸਭਿ ਕਾਰਨ। ਪ੍ਰਿਥਕ ਪ੍ਰਿਥਕ ਕਰਿ ਨਾਮ ਉਚਾਰਨ।
ਸ੍ਰੀ ਗੁਰਦਿੱਤੇ ਪਾਗ ਬੰਧਾਈ। ਦਈ ਸਭਿਨਿ, ਹੋਈ ਸਮੁਦਾਈ॥ ੧੩॥

ਸਾਰਿਆਂ ਦੇ ਕਾਰਨ ਬਹੁਤ ਦਾਨ ਦਿੱਤਾ, ਤੇ ਵੱਖ-ਵੱਖ ਕਰਕੇ ਨਾਮ ਉਚਾਰਨ ਕੀਤਾ। ਸ੍ਰੀ ਗੁਰਦਿੱਤੇ ਜੀ ਨੂੰ ਪੱਗੜੀ ਬੰਨ੍ਹਵਾਈ, ਸਾਰਿਆਂ ਨੇ ਪੱਗੜੀਆਂ ਦਿੱਤੀਆਂ ਤੇ ਬਹੁਤ ਵੱਡਾ ਇਕੱਠ ਹੋਇਆ॥੧੩॥

ਰਹਜੋ ਮੇਲ ਕੇਤਿਕ ਦਿਨ ਪਾਸ। ਕਰੇ ਜੱਗਜ, ਭੋਜਨ ਦੇ ਰਾਸ।
ਬਿੱਪ੍ਰ, ਸਾਧ, ਸਿਖ, ਸੰਗਤਿ ਸਾਰੇ। ਖਸ਼ਟ ਰਸਨ ਕੇ ਸ੍ਵਾਦ ਅਹਾਰੇ॥ ੧੪॥

ਮੇਲ ਕਈ ਦਿਨ ਪਾਸ ਰਿਹਾ ਤੇ ਸਭ ਨੂੰ ਭੋਜਨ ਛਕਾ ਕੇ ਯੱਗ ਕੀਤਾ। ਬ੍ਰਾਹਮਣ, ਸਾਧ, ਸਿੱਖ ਤੇ ਸਾਰੀ ਸੰਗਤ ਨੇ ਖੱਟੇ ਮਿੱਠੇ ਰਸਦਾਇਕ ਸਵਾਦੀ ਭੋਜਨ ਖਾਧੇ॥੧੪॥

ਪੂਪ ਪੂਰਿਕਾ, ਬਰੇ, ਪਕੌਰੇ। ਮਿਰਚ ਧਨਿਜ ਸੋਂ ਦਧਿ ਮਹਿਂ ਬੋਰੇ।
ਗਨ ਪੰਕਤਿ ਬੈਠਾਇ ਅਚਾਵਤਿ। ਮਨ ਭਾਵਤਿ ਲੇ ਸਭਿ ਹੀ ਖਾਵਤਿ॥੧੫॥

ਮਾਲ ਪੂੜੇ, ਪੂੜੀਆਂ, ਵੜੇ, ਪਕੌੜੇ ਤਿਆਰ ਕੀਤੇ ਗਏ ਤੇ ਵੜਿਆਂ ਨੂੰ ਧਨੀਆਂ ਮਿਰਚ ਪਾ ਕੇ ਦਹੀਂ ਵਿਚ ਪਾਇਆ ਗਿਆ। ਬਹੁਤ ਪੰਗਤੀਆਂ ਵਿਚ ਬਿਠਾ ਕੇ ਭੋਜਨ ਛਕਾਇਆ। ਮਨ ਭਾਉਂਦਾ ਭੋਜਨ ਲੈ ਕੇ ਸਾਰੇ ਛੱਕਦੇ ਸਨ॥੧੫॥

ਪੁਨ ਸਭਿਹਿਨਿ ਕੋ ਦਰਬ ਦਿਵਾਯੋ। ਹਰਖਤਿ ਹੁਇ ਮੁਖ ਗੁਰ ਜਸ ਗਾਯੋ।
ਇਮ ਸਭਿ ਸ਼ੋਕ ਨਿਵਾਰਨ ਕੀਨੋ। ਸਕਲ ਮੇਲ ਕੋ ਧੀਰਜ ਦੀਨੋ॥ ੧੬॥

ਫਿਰ ਸਾਰਿਆਂ ਨੂੰ ਧਨ ਦਵਾਇਆ ਤੇ ਉਨ੍ਹਾਂ ਨੇ ਪ੍ਰਸੰਨ ਹੋ ਕੇ ਆਪਣੇ ਮੁੱਖ ਤੋਂ ਗੁਰੂ ਜੀ ਦਾ ਜੱਸ ਗਾਇਆ। ਇਸ ਤਰ੍ਹਾਂ ਸਭ ਦਾ ਦੁੱਖ ਦੂਰ ਕੀਤਾ ਤੇ ਸਾਰੇ ਇਕੱਠ ਨੂੰ ਧੀਰਜ ਦਿੱਤਾ॥੧੬॥

ਨਿਜ ਨਿਜ ਸਦਨ ਚਲੇ ਮਿਲਿ ਸਾਰੇ। ਗੁਰੂ ਬਿਸਰਜਨ ਕਰੇ, ਸਿਧਾਰੇ।
ਸੁੰਦਰ ਪਰਮਾਨੰਦ ਪਯਾਨੇ। ਹਰੀਚੰਦ ਦ੍ਵਾਰਾ ਪ੍ਰਸਥਾਨੇ॥ ੧੭॥

ਸਾਰੇ ਮਿਲ ਕੇ ਆਪਣੇ-ਆਪਣੇ ਘਰਾਂ ਨੂੰ ਚਲੇ ਗਏ, ਜਦ ਗੁਰੂ ਜੀ ਨੇ ਉਨ੍ਹਾਂ ਨੂੰ ਵਿਦਾ ਕੀਤਾ ਤਾਂ ਉਹ ਚਲੇ ਗਏ। ਬਾਬਾ ਸੁੰਦਰ ਅਤੇ ਬਾਬਾ ਪਰਮਾਨੰਦ ਵੀ ਚਲੇ ਗਏ ਤੇ ਭਾਈ ਹਰੀ ਚੰਦ ਤੇ ਭਾਈ ਦਵਾਰਾ ਵੀ ਚਲੇ ਗਏ॥੧੭॥

ਰਾਮਾ ਧਰਮਾ ਲੇ ਪਰਵਾਰੇ। ਆਪੋ ਅਪਨੇ ਸਦਨ ਸਿਧਾਰੇ।
ਗੁਰੂ ਸੁਤਾ ਕੋ ਧੀਰਜ ਦੀਨਿ। ਆਦਰ ਸੰਗ ਬਿਸਰਜਨ ਕੀਨਿ॥ ੧੮॥

ਭਾਈ ਰਾਮਾ ਤੇ ਭਾਈ ਧਰਮਾ ਆਪਣੇ ਪਰਿਵਾਰਾਂ ਨੂੰ ਲੈ ਕੇ ਆਪੋ ਆਪਣੇ ਘਰਾਂ ਨੂੰ ਚਲੇ ਗਏ। ਗੁਰੂ ਜੀ ਨੇ ਆਪਣੀ ਪੁੱਤਰੀ ਨੂੰ ਧੀਰਜ ਦਿੱਤਾ ਤੇ ਬੜੇ ਆਦਰ ਨਾਲ ਉਨ੍ਹਾਂ ਨੂੰ ਵਿਦਾ ਕੀਤਾ॥੧੮॥

ਸਕਲ ਮੇਲ ਨਿਜ ਨਿਜ ਘਰ ਗਏ। ਪੁਨ ਦਿਨ ਕਿਤਿਕ ਬਿਤਾਵਤਿ ਭਏ।
ਬੈਠਿ ਇਕਾਂਕੀ ਗੁਰ ਭਗਵਾਨ। ਸਮੈ ਭਵਿੱਖਜ ਵਿਚਾਰਨ ਠਾਨਿ॥ ੧੯॥

ਸਾਰਾ ਮੇਲ ਆਪਣੇ-ਆਪਣੇ ਘਰਾਂ ਨੂੰ ਚਲੇ ਗਿਆ, ਫਿਰ ਕਈ ਦਿਨ ਬਤੀਤ ਕੀਤੇ। ਗੁਰੂ ਜੀ ਇਕਾਂਤ ਵਿਚ ਬੈਠ ਕੇ ਭਵਿੱਖ ਦੇ ਬਾਰੇ ਵਿਚਾਰਾਂ ਕਰਦੇ ਸਨ॥੧੯॥

'ਕਰਿਬੇ ਚਹੀਅਹਿਂ ਜੰਗ ਅਖਾਰੇ। ਚਿਰ ਬੀਤਯੋ ਰਿਪੁ ਤੁਰਕਨ ਮਾਰੇ।
ਘਨੀ ਸੈਨ ਨਹਿਂ ਸ਼ਾਹੁ ਪਠਾਵੈ। ਖਾਂ ਵਜ਼ੀਰ ਸਿਖ ਕਹਿ ਸਮੁਝਾਵੈ॥ ੨੦॥

'ਹੁਣ ਸਾਨੂੰ ਜੰਗ ਦੇ ਅਖਾੜੇ ਲਾਉਣੇ ਚਾਹੀਦੇ ਹਨ, ਵੈਰੀ ਮੁਗਲਾਂ ਨੂੰ ਮਾਰਿਆਂ ਬੜਾ ਚਿਰ ਹੋ ਗਿਆ ਹੈ। ਬਾਦਸ਼ਾਹ ਬਹੁਤ ਵੱਡੀ ਸੈਨਾ ਨਹੀਂ ਭੇਜੇਗਾ, ਗੁਰੂ ਦਾ ਸਿੱਖ ਵਜ਼ੀਰ ਖਾਂ ਉਸ ਨੂੰ ਕਹਿ ਕੇ ਸਮਝਾ ਦਿੰਦਾ ਹੈ॥੨੦॥

ਅਬਿ ਕੇ ਅਸ ਕਰਿਹੋਂ ਘਮਸਾਨਾ। ਥਰਹਰ ਕੰਪ ਉਠਹਿ ਤੁਰਕਾਨਾ।
ਸਭਿ ਕੁਟੰਬ ਤੇ ਬਨਹਿਂ ਨਿਰਾਲੇ। ਤਬਿ ਕਰਿਹੈਂ ਨਿਜ ਸ਼ਸਤ੍ਰ ਉਠਾਲੇ॥੨੧॥

ਹੁਣ ਮੈਂ ਇਸ ਤਰ੍ਹਾਂ ਘਮਸਾਣ ਕਰਾਂਗਾ, ਕਿ ਤੁਰਕ ਥਰ-ਥਰ ਕਰਕੇ ਕੰਬ ਉਠਣਗੇ। ਸਭ ਪਰਿਵਾਰ ਤੋਂ ਨਿਰਾਲੇ ਬਣੀਏ ਤਦ ਅਸੀਂ ਆਪਣੇ ਸ਼ਸਤਰ ਉਠਾਈਏ'॥੨੧॥

ਇਮ ਬਿਚਾਰ ਬਡ ਪੁੱਤ੍ਰ ਹਕਾਰਾ। ਸਾਦਰ ਨਿਜ ਸਮੀਪ ਬੈਠਾਰਾ।
ਸਗਲ ਗਾਥ ਨੀਕੇ ਸਮੁਝਾਈ। 'ਇਹਾਂ ਰਹਿਨ ਅਬਿ ਨਹਿਂ ਮਨ ਭਾਈ॥੨੨॥

ਇਸ ਤਰ੍ਹਾਂ ਵਿਚਾਰ ਕੇ ਵੱਡੇ ਪੁੱਤਰ ਨੂੰ ਬੁਲਾਇਆ ਅਤੇ ਬੜੇ ਆਦਰ ਨਾਲ ਪਾਸ ਬੈਠਾਇਆ। ਸਾਰੀ ਗੱਲ ਚੰਗੀ ਤਰ੍ਹਾਂ ਸਮਝਾਈ, "ਏਥੇ ਰਹਿਣਾ ਹੁਣ ਸਾਡੇ ਮਨ ਨੂੰ ਚੰਗਾ ਨਹੀਂ ਲੱਗਦਾ ਹੈ॥੨੨॥

ਲੇ ਕਰਿ ਸੰਗ ਸਰਬ ਪਰਿਵਾਰਾ। ਬਸਹੁ ਛੇਮ ਸੋਂ ਪੁਰਿ ਕਰਤਾਰਾ।
ਸਭਿ ਕੀ ਸੁਧ ਲੇਵਤਿ ਤਹਿਂ ਰਹੀਯਹੁ। ਚਹਤਿ ਸੁ ਦੇਹੁ ਭਲੇ ਨਿਰਬਹੀਯਹੁ॥੨੩॥

ਸਾਰੇ ਪਰਿਵਾਰ ਨੂੰ ਲੈ ਕੇ ਹੁਣ ਕਰਤਾਰਪੁਰ ਨਗਰ ਵਿਚ ਜਾ ਕੇ ਵੱਸੋ। ਉਥੇ ਸਾਰਿਆਂ ਦੀ ਸੁਖ-ਸਾਂਦ ਲੈਂਦੇ ਰਹੀਏ, ਜੋ ਵੀ ਚਾਹੁੰਦੇ ਹਨ, ਉਹ ਭਲੀ ਪ੍ਰਕਾਰ ਨਿਰਬਾਹ ਕਰੋ॥੨੩॥

ਹਮਰੇ ਸੰਗ ਚਮੂੰ ਅਬਿ ਭਾਰੀ। ਬਿਚਰਹਿੰਗੇ ਇਸ ਦੇਸ਼ ਮਝਾਰੀ।
ਤ੍ਰਿਣ ਅਰੁ ਅੰਨ ਅਹੈ ਸਮੁਦਾਇ। ਸੁਭਟ ਸੁ ਬਾਹਨ ਸੁਖ ਕੋ ਪਾਇਂ॥੨੪॥

ਸਾਡੇ ਨਾਲ ਹੁਣ ਬਹੁਤ ਭਾਰੀ ਫੌਜ ਹੈ, ਅਸੀਂ ਇਸ ਦੇਸ਼ ਵਿਚ ਹੀ ਵਿਚਰਾਂਗੇ, ਘਾਹ ਤੇ ਅੰਨ੍ਹ ਏਥੇ ਬਹੁਤ ਹੈ, ਸੂਰਬੀਰ ਅਤੇ ਘੋੜੇ ਸੁਖੀ ਰਹਿਣਗੇ॥੨੪॥

ਸ੍ਰੀ ਗੁਰਦਿੱਤਾ ਜੋਰੇ ਹਾਥ। ਬੋਲਜੇ ਅਨੁਸਾਰੀ ਪਿਤ ਨਾਥ।
'ਜਿਮ ਰਾਵਰ ਕੀ ਮਰਜ਼ੀ ਹੋਇ। ਹਮ ਸਭਿ ਕੋ ਨੀਕੀ ਸਦ ਸੋਇ॥੨੫॥

ਸ੍ਰੀ ਗੁਰਦਿੱਤਾ ਜੀ ਨੇ ਹੱਥ ਜੋੜੇ ਤੇ ਪਿਤਾ ਜੀ ਦਾ ਅਨੁਸਾਰੀ ਹੋ ਕੇ ਬੋਲਿਆ, "ਜਿਵੇਂ ਵੀ ਆਪ ਜੀ ਦੀ ਮਰਜ਼ੀ ਹੋਵੇ, ਉਹ ਸਾਡੇ ਵਾਸਤੇ ਸਦਾ ਹੀ ਚੰਗੀ ਹੈ॥੨੫॥

ਤਊ ਬੇਨਤੀ ਕਹੌਂ ਸੁਨਾਈ। ਜਬਿ ਤੁਰਕਨ ਸੋਂ ਪਰਹਿ ਲਰਾਈ।
ਤੀਨ ਦਿਵਸ ਸੁਧ ਕਰਹੁ ਅਗਾਰੀ। ਚਲਿ ਆਵੌਂ ਮੈਂ ਨਿਕਟਿ ਤੁਮਾਰੀ॥੨੬॥

ਫਿਰ ਵੀ ਮੈਂ ਇਕ ਬੇਨਤੀ ਕਹਿ ਕੇ ਸੁਣਾਉਂਦਾ ਹਾਂ, ਜਦ ਤੁਰਕਾਂ ਨਾਲ ਲੜਾਈ ਛਿੜ ਜਾਵੇ, ਤਿੰਨ ਦਿਨ ਅੱਗੇ ਖ਼ਬਰ ਭੇਜਦੇ ਰਹੋ, ਮੈਂ ਚਲ ਕੇ ਤੁਹਾਡੇ ਪਾਸ ਆ ਜਾਵਾਂਗਾ॥੨੬॥

ਅਬਿ ਲੌ ਮੋਹਿ ਨ ਜੰਗ ਦਿਖਾਵਾ। ਕਰਿਬੇ ਕਹੁ ਮਮ ਮਨ ਲਲਚਾਵਾ।
ਸੁਨੇ ਬੀਰ ਰਸ ਕੇ ਸੁਤ ਬੈਨ। ਕਮਲ ਮਨਿੰਦ ਪ੍ਰਫੁੱਲਜਤਿ ਨੈਨ॥੨੭॥

ਮੈਨੂੰ ਹੁਣ ਤਕ ਜੰਗ ਨਹੀਂ ਵਿਖਾਈ ਹੈ, ਮੇਰਾ ਲੜਨ ਲਈ ਮਨ ਲਲਚਾਇਆ ਹੈ।" ਜਦ ਗੁਰੂ ਜੀ ਨੇ ਆਪਣੇ ਪੁੱਤਰ ਦੇ ਬੀਰ ਰਸ ਵਾਲੇ ਬਚਨ ਸੁਣੇ ਤਾਂ ਉਨ੍ਹਾਂ ਦੇ ਨੈਣ ਕੰਵਲ ਦੇ ਫੁੱਲ ਵਾਂਗ ਖਿੜ ਉਠੇ॥੨੭॥

ਹੁਇ ਪ੍ਰਸੰਨ ਮੁਖ ਬਾਕ ਉਚਾਰਾ। 'ਏਕ ਜੁੱਧ ਤੂੰ ਪਿਖਹਿਂ ਹਮਾਰਾ।
ਅਬਿ ਕੁਟੰਬ ਕੀ ਪਾਲਨ ਕਰੀਅਹਿ। ਸਭਿ ਲੇ ਪੁਰਿ ਕਰਤਾਰ ਸਿਧਰੀਅਹਿ'॥੨੮॥

ਪ੍ਰਸੰਨ ਹੋ ਕੇ ਮੁਖ ਤੋਂ ਬਚਨ ਕੀਤਾ, "ਸਾਡਾ ਤੂੰ ਇਕ ਯੁੱਧ ਵੇਖੇਂਗਾ, ਹੁਣ ਸਾਰੇ ਪਰਿਵਾਰ ਦੀ ਪਾਲਣਾ ਕਰੋ। ਸਾਰਿਆਂ ਨੂੰ ਲੈ ਕੇ ਕਰਤਾਰਪੁਰ ਚਲੇ ਜਾਵੋ॥੨੮॥

ਮਾਨਜੋ ਜਨਕ ਹੁਕਮ ਕਰ ਜੋਰਿ। ਮਨ ਕੀਨਸਿ ਨਿਜ ਪੁਰਿ ਕੀ ਓਰ।
ਗਮਨ ਹੇਤੁ ਤਜਾਰੀ ਕਰਿਵਾਏ। ਸਜੰਦਨ ਸੰਗ ਤੁਰੰਗ ਜੁਰਾਏ॥ ੨੯॥

ਆਪਣੇ ਪਿਤਾ ਜੀ ਦਾ ਹੁਕਮ ਹੱਥ ਜੋੜ ਕੇ ਮੰਨਿਆ ਤੇ ਆਪਣੇ ਮਨ ਨੂੰ ਆਪਣੇ ਨਗਰ ਵਾਲੇ ਪਾਸੇ ਕੀਤਾ। ਚੱਲਣ ਵਾਸਤੇ ਤਿਆਰੀ ਕਰਵਾਈ ਤੇ ਰੱਥਾਂ ਨਾਲ ਘੋੜੇ ਜੁੜਵਾਏ॥੨੯॥

ਡੋਰੇ ਕਰਿ ਕੈ ਸਭਿ ਬਿਧਿ ਤਜਾਰ। ਲੇ ਕਰਿ ਪਹੁੰਚੇ ਨਿਕਟਿ ਕਹਾਰ।
ਕੇਤਿਕ ਬਹਿਲ ਬ੍ਰਿਖਭ ਬਲਵਾਨਾ। ਸਕਟਨ ਲਾਦੀ ਵਸਤੁ ਨਾਨਾ॥ ੩੦॥

ਸਭ ਵਿਧੀਆਂ ਨਾਲ ਡੋਲੇ ਤਿਆਰ ਕਰਕੇ ਕਹਾਰ ਚੁੱਕ ਕੇ ਨੇੜੇ ਪਹੁੰਚ ਗਏ। ਕਈ ਬਹਿਲ ਗੱਡੀਆਂ ਨੂੰ ਬੜੇ ਸ਼ਕਤੀਸ਼ਾਲੀ ਬਲਦ ਜੁੱਤੇ ਸਨ ਤੇ ਛਕੜਿਆਂ ਉੱਤੇ ਬਹੁਤ ਪ੍ਰਕਾਰ ਦੀ ਵਸਤੂ ਲੱਦੀ ਸੀ॥੩੦॥

ਸ੍ਰੀ ਹਰਿਰਾਇ ਅੰਕ ਲੇ ਨਾਲੀ। ਨੱਤੀ ਡੋਰੇ ਪਰ ਚਢਿ ਚਾਲੀ।
ਖੇਮ ਕੁਇਰ ਸੂਰਜਮਲ ਦਾਰਾ। ਸੋ ਡੋਰੇ ਚਲਿ ਪੰਥ ਮਝਾਰਾ॥ ੩੧॥

ਸ੍ਰੀ ਹਰਿ ਰਾਇ ਜੀ ਨੂੰ ਗੋਦੀ ਵਿਚ ਚੁੱਕ ਕੇ ਪਤਨੀ ਡੋਲੇ ਵਿਚ ਚੜ੍ਹ ਕੇ ਚਲ ਪਈ। ਸੂਰਜ ਮਲ ਦੀ ਪਤਨੀ ਖੇਮ ਕੌਰ, ਡੋਲੇ ਵਿਚ ਚੜ੍ਹ ਕੇ ਰਾਹੇ ਰਾਹ ਚਲ ਪਈ॥੩੧॥

ਚਢੀ ਨਾਨਕੀ ਸਜੰਦਨ ਮਾਂਹੀ। ਦੂਸਰ ਪਰ ਅਰੂਢ ਮਰਵਾਹੀ।
ਸਾਹਿਬ ਤੇਗਬਹਾਦਰ ਚਲੇ। ਚਢਿ ਕਰਿ ਚਪਲ ਤੁਰੰਗਮ ਭਲੇ॥ ੩੨॥

ਮਾਤਾ ਨਾਨਕੀ ਜੀ ਰੱਥ ਵਿਚ ਚੜ੍ਹ ਗਈ, ਤੇ ਦੂਸਰੇ ਰੱਥ ਤੇ ਮਾਤਾ ਮਰਵਾਹੀ ਚੜ੍ਹ ਗਈ। ਸ੍ਰੀ ਤੇਗ ਬਹਾਦਰ ਸਾਹਿਬ ਇਕ ਚੰਚਲ ਘੋੜੇ ਤੇ ਚੜ੍ਹ ਕੇ ਚਲ ਪਏ॥੩੨॥

ਅਣੀਰਾਇ ਸੂਰਜਮਲ ਦੋਊ। ਚਢੇ ਹਯਨ ਪਰ ਗਮਨੇ ਸੋਊ।
ਸੁੰਦਰ ਖਾਸਾ ਗੁਰ ਮੰਗਵਾਯੋ। ਤਿਸ ਪਰ ਸ੍ਰੀ ਗ੍ਰਿੰਥ ਰਖਵਾਯੋ॥ ੩੩॥

ਬਾਬਾ ਅਣੀ ਰਾਇ ਅਤੇ ਸੂਰਜ ਮਲ ਘੋੜਿਆਂ ਤੇ ਚੜ੍ਹ ਕੇ ਨਾਲ ਚਲ ਪਏ। ਗੁਰੂ ਜੀ ਨੇ ਸੁੰਦਰ ਪਾਲਕੀ ਮੰਗਵਾਈ ਤੇ ਉਸ ਵਿਚ ਸ੍ਰੀ ਗ੍ਰੰਥ ਸਾਹਿਬ ਨੂੰ ਰਖਵਾਇਆ॥੩੩॥

ਚਲਨ ਸਮੇਂ ਬਡ ਸੁਤ ਕੇ ਸਾਥ। ਬਾਕ ਬਖਾਨਜੋ ਜਗ ਗੁਰ ਨਾਥ।
'ਚੰਦਨ ਚਰਚਹੁ ਧੂਪ ਧੁਖਾਵਹੁ। ਫੂਲਨ ਮਾਲਾ ਗ੍ਰੰਥਿ ਚਢਾਵਹੁ॥ ੩੪॥

ਚਲਣ ਸਮੇਂ ਵੱਡੇ ਪੁੱਤਰ ਦੇ ਨਾਲ ਗੁਰੂ ਜੀ ਨੇ ਬਚਨ ਕੀਤਾ, 'ਚੰਦਨ ਦਾ ਛਿੜਕਾ ਕਰੋ ਤੇ ਧੂਪ ਧੁਖਾਵੋ ਤੇ ਗ੍ਰੰਥ ਸਾਹਿਬ ਤੇ ਫੁੱਲਾਂ ਦੇ ਹਾਰ ਚੜ੍ਹਾਓ॥੩੪॥

ਘ੍ਰਿਤ ਦੀਪਕ ਕੋ ਨਿਸਾ ਜਰਾਵਹੁ। ਨਿਤ ਪ੍ਰਣਾਮ ਕਰਿ ਸੀਸ ਨਿਵਾਵਹੁ।
ਸ੍ਰੀ ਨਾਨਕ ਕੇ ਜਾਨਿ ਸਮਾਨਾ। ਪੂਜਹੁ ਗੁਰੂ ਗ੍ਰਿੰਥ ਕਹੁ ਨਾਨਾ॥ ੩੫॥

ਰਾਤ ਨੂੰ ਘਿਉ ਦਾ ਦੀਵਾ ਜਗਾਵੋ ਤੇ ਸਦਾ ਪ੍ਰਣਾਮ ਕਰਕੇ ਸਿਰ ਨਿਵਾਓ। ਇਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮਾਨ ਜਾਣੋ, ਨਾਨਾ ਪ੍ਰਕਾਰ ਨਾਲ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਕਰੋ॥੩੫॥

ਪੰਚਾਂਮ੍ਰਿਤ ਨਿਤ ਕਹਿ ਕਰਿਵਾਵਹੁ। ਪਠਹੁ ਬੈਠਿ ਕਰਿ ਮੁਦ ਉਪਜਾਵਹੁ।
ਹਮ ਭੀ ਕੇਤਿਕ ਦਿਨ ਮਹਿਂ ਆਵਹਿਂ। ਰਹੋ ਪ੍ਰਤੀਖਤਿ ਮਿਲਿ ਸੁਖ ਪਾਵਹਿਂ ॥੩੬॥

ਸਦਾ ਕਹਿ ਕੇ ਕੜਾਹ ਪ੍ਰਸ਼ਾਦਿ ਤਿਆਰ ਕਰਵਾਵੇ, ਬੈਠ ਕੇ ਪਾਠ ਕਰਕੇ ਅਨੰਦ ਉਪਜਾਵੇ। ਅਸੀਂ ਵੀ ਕੁਝ ਦਿਨਾਂ ਬਾਅਦ ਆਵਾਂਗੇ, ਇੰਤਜ਼ਾਰ ਕਰਦੇ ਰਹੋ, ਮਿਲ ਕੇ ਸੁਖ ਪਾਵਾਂਗੇ॥੩੬॥

ਅਸ ਕਹਿ ਧੀਰ ਦੀਨਿ ਪਰਿਵਾਰੇ। ਕਰੇ ਬਿਸਰਜਨ ਪੰਥ ਮਝਾਰੇ।
ਕਰਜੋ ਸੰਗ ਹੀ ਪੈਂਦੇ ਖਾਂਨ। 'ਰਹਹੁ ਸੁਚੇਤ ਨ ਆਲਸ ਠਾਨਿ' ॥ ੩੭॥

ਇਸ ਤਰ੍ਹਾਂ ਕਹਿ ਕੇ ਸਾਰੇ ਪਰਿਵਾਰ ਨੂੰ ਧੀਰਜ ਦਿੱਤਾ ਤੇ ਉਨ੍ਹਾਂ ਰਾਹ ਵਿਚ ਚੱਲਣ ਲਈ ਵਿਦਾ ਕੀਤਾ। ਪੈਂਦੇ ਖਾਨ ਨੇ ਵੀ ਉਨ੍ਹਾਂ ਦਾ ਸਾਥ ਕੀਤਾ, ਗੁਰੂ ਜੀ ਨੇ ਉਸ ਨੂੰ ਕਿਹਾ, "ਸੁਚੇਤ ਰਹੋ, ਕਿਸੇ ਪ੍ਰਕਾਰ ਦੀ ਆਲਸੀ ਨਹੀਂ ਕਰਨੀ ਹੈ"॥੩੭॥

ਬੀਵੀ ਸੰਗ ਹੁਤੀ ਲੇ ਚਾਲਾ। ਗੁਰ ਆਗਜਾ ਤੇ ਹਰਖ ਬਿਸਾਲਾ।
ਸਭਿਨਿ ਗੁਰੂ ਕੋ ਬੰਦਨ ਧਾਰੀ। ਅਪਨੀ ਅਪਨੀ ਬਿਨੈ ਉਚਾਰੀ॥ ੩੮॥

ਉਸ ਦੀ ਪਤਨੀ ਵੀ ਨਾਲ ਸੀ, ਉਸ ਨੂੰ ਵੀ ਲੈ ਕੇ ਚਲ ਪਿਆ ਤੇ ਗੁਰੂ ਜੀ ਦੀ ਆਗਿਆ ਪਾ ਕੇ ਬਹੁਤ ਪ੍ਰਸੰਨ ਹੋਇਆ। ਸਾਰਿਆਂ ਨੇ ਗੁਰੂ ਜੀ ਨੂੰ ਬੰਦਨਾ ਕੀਤੀ ਤੇ ਆਪਣੀ-ਆਪਣੀ ਬੇਨਤੀ ਉਚਾਰਨ ਕੀਤੀ॥੩੮॥

ਮ੍ਰਿਦੁਲ ਬਾਕ ਤੇ ਦੀਨਿ ਦਿਲਾਸਾ। ਸ੍ਰੀ ਨਾਨਕ ਕੋ ਦੇ ਭਰਵਾਸਾ।
ਉਲੰਘਿ ਪੰਥ ਸਗਰੋ ਪਰਵਾਰ। ਆਨਿ ਪਹੂੰਚੇ ਪੁਰਿ ਕਰਤਾਰ॥ ੩੯॥

ਗੁਰੂ ਜੀ ਨੇ ਬੜੇ ਮਿੱਠੇ ਬਚਨ ਬੋਲ ਕੇ ਦਿਲਾਸਾ ਦਿੱਤਾ ਤੇ ਗੁਰੂ ਨਾਨਕ ਦੇਵ ਜੀ ਦਾ ਭਰਵਾਸਾ ਦਿੱਤਾ। ਸਾਰਾ ਪੈਂਡਾ ਲੰਘ ਕੇ ਸਾਰਾ ਪਰਿਵਾਰ ਕਰਤਾਰਪੁਰ ਪਹੁੰਚ ਗਿਆ॥੩੯॥

ਸ੍ਰੀ ਗ੍ਰਿੰਥ ਸੁਭ ਥਾਨ ਰਖਾਯੋ। ਪੂਜਨ ਕਰਜੋ ਜਥਾ ਗੁਰੁ ਗਾਯੋ।
ਜਥਾ ਜੋਗ ਘਰ ਮਹਿਂ ਸਭਿ ਬਾਸੇ। ਗੁਰੂ ਕ੍ਰਿਪਾ ਤੇ ਬਿਬਿਧਿ ਬਿਲਾਸੇ॥ ੪੦॥

ਸ੍ਰੀ ਗ੍ਰੰਥ ਸਾਹਿਬ ਨੂੰ ਸ਼ੁਭ ਥਾਂ ਤੇ ਰਖਾਇਆ, ਜਿਵੇਂ ਗੁਰੂ ਜੀ ਨੇ ਕਿਹਾ ਸੀ, ਉਸ ਤਰ੍ਹਾਂ ਹੀ ਪੂਜਾ ਕਰਦੇ ਸਨ। ਯਥਾ ਯੋਗ ਸਾਰੇ ਘਰ ਵਿਚ ਰਹਿੰਦੇ ਸਨ ਤੇ ਗੁਰੂ ਜੀ ਦੀ ਕਿਰਪਾ ਨਾਲ ਕਈ ਪ੍ਰਕਾਰ ਦੇ ਅਨੰਦ ਵਿਲਾਸ ਕਰਦੇ ਸਨ॥੪੦॥

ਬਿਗਸਤਿ ਭਾ ਸਗਰੋ ਪਰਿਵਾਰੂ। ਮੰਗਲ ਕਰਤਿ ਅਨੇਕ ਪ੍ਰਕਾਰੂ।
ਬ੍ਰਿਧਤਿ ਸਰੀਰਨ ਸਾਹਿਬਜ਼ਾਦੇ। ਮਿਲਿ ਬੈਠਤਿ ਬੋਲਤਿ ਅਹਿਲਾਦੇ॥ ੪੧॥

ਸਾਰਾ ਪਰਿਵਾਰ ਫਿਰ ਖਿੜ ਉਠਿਆ ਤੇ ਅਨੇਕ ਪ੍ਰਕਾਰ ਦੇ ਅਨੰਦ ਮੰਗਲ ਕਰਦੇ ਸਨ। ਸਾਹਿਬਜ਼ਾਦਿਆਂ ਦੇ ਸਰੀਰ ਵੱਧ ਰਹੇ ਸਨ, ਮਿਲ ਬੈਠ ਕੇ ਅਨੰਦ ਸਹਿਤ ਬੋਲਦੇ ਸਨ॥੪੧॥

*ਸੱਤਵੀਂ ਰਾਸ ਦਾ ਬਾਈਵਾਂ ਅਧਿਆਇ ਸਮਾਪਤ ਹੋਇਆ॥੨੨॥*

❖❖❖

# ਅਧਿਆਇ ਤੇਈਵਾਂ

*ਡਰੋਲੀਓਂ ਭਾਈ ਰੂਪੇ ਪੁੱਜੇ*

ਦੋਹਰਾ- ਕਰਜੋ ਬਿਸਰਜਨ ਸਰਬ ਕੋ ਹਟਿ ਸ੍ਰੀ ਹਰਿਗੋਵਿੰਦ।
ਖਾਨ ਪਾਨ ਕਰਿ ਵਹਿਰ ਹੀ ਥਿਰੇ ਵਹਿਰਿ ਢਿਗ ਬ੍ਰਿੰਦ॥ ੧॥

ਸਾਰਿਆਂ ਨੂੰ ਵਿਦਾ ਕਰਕੇ ਗੁਰੂ ਹਰਿਗੋਬਿੰਦ ਜੀ ਵਾਪਸ ਆ ਗਏ, ਖਾ ਪੀ ਕੇ ਡਰੋਲੀ ਨਗਰ ਤੋਂ ਬਾਹਰ ਹੀ ਜਿੱਥੇ ਮੈਦਾਨ ਵਿਚ ਫੌਜਾਂ ਦੇ ਡੇਰੇ ਸਨ, ਉਥੇ ਹੀ ਬੈਠ ਗਏ॥੧॥

ਚੌਪਈ- ਸਭਾ ਬਿਖੇ ਥਿਰਤਾ ਗੁਰ ਲਈ। ਸੋਦਰ ਸੰਧਜਾ ਜਿਸ ਛਿਨ ਭਈ।
ਕੁਛਕ ਤਿਮਰ ਬਿਥਰਜੋ ਨਭ ਛਾਏ। ਸ੍ਰੀ ਹਰਗੋਵਿੰਦ ਮੰਦਿਰ ਆਏ॥੨॥

ਗੁਰੂ ਜੀ ਸਭ ਦੇ ਵਿਚ ਬੈਠ ਗਏ, ਉਸ ਸਮੇਂ ਸੰਧਿਆ ਹੋਣ ਕਰਕੇ ਸੋਦਰ ਦਾ ਪਾਠ ਪੜ੍ਹਿਆ। ਅਸਮਾਨ ਤੇ ਕੁਝ ਹਨੇਰਾ ਛਾ ਗਿਆ, ਸ੍ਰੀ ਹਰਿਗੋਬਿੰਦ ਜੀ ਘਰ ਦੇ ਅੰਦਰ ਆ ਗਏ॥੨॥

ਸਭਿ ਦਿਸ਼ਿ ਸੂੰਨ ਸਦਨ ਦਿਸਿ ਆਵੈਂ। ਨਏ ਚਿਨੇ ਜਨੁ ਅਬਹਿ ਬਸਾਵੈਂ।
ਸਾਈਂ ਦਾਸ ਅਵਾਸ ਨ ਕੋਈ। ਗੁਰ ਆਵਤਿ ਪਿਖਿ ਸਨਮੁਖ ਹੋਈ॥੩॥

ਸਾਰੇ ਪਾਸੇ ਘਰ ਸੁੰਨਾ-ਸੁੰਨਾ ਦਿੱਸਦਾ ਸੀ, ਨਵੇਂ ਬਣੇ ਹਨ, ਮਾਨੋਂ ਹੁਣੇ ਵੱਸਣ ਵਾਲੇ ਆਉਣਗੇ। ਸਾਈਂ ਦਾਸ ਘਰ ਵਿਚ ਨਹੀਂ ਸੀ, ਜਿਹੜਾ ਗੁਰੂ ਜੀ ਦੇ ਆਉਣ ਨਾਲ ਆ ਸਾਹਮਣੇ ਹੁੰਦਾ ਸੀ॥੩॥

ਬਿਜਨਾ ਪੌਨ ਕਰਨਿ ਤੇ ਆਦਿ। ਰਾਮੋ ਸੇਵ ਕਰਤਿ ਭੇ ਯਾਦਿ।
ਰਹਤਿ ਨਜੀਕੀ ਸਾਹਿਬਜ਼ਾਦੇ। ਨਹਿਂ ਚਾਰਹੁਂ ਮਹਿਂ ਕੋ ਅਹਿਲਾਦੇ॥੪॥

ਪੱਖਾ ਹਵਾ ਆਦਿ ਕਰਨ ਵਾਸਤੇ, ਰਾਮੋ ਸੇਵਾ ਕਰਦੀ ਯਾਦ ਆਈ, ਸਾਹਿਬਜ਼ਾਦੇ ਵੀ ਨਜ਼ਦੀਕ ਹੀ ਰਹਿੰਦੇ ਸਨ, ਚਾਰਾਂ ਦੇ ਵਿਚੋਂ ਕੋਈ ਵੀ ਨਹੀਂ ਸੀ ਦਿਖਾਈ ਦੇ ਰਿਹਾ॥੪॥

ਤੀਨਹੁਂ ਮਹਿਲਾ ਇਕ ਮ੍ਰਿਤੁ ਹੋਈ। ਗਮਨੀ ਪੁਰਿ ਦਾਸੀ ਜੁਤਿ ਦੋਈ।
ਪੋਤ੍ਰੇ ਨਿਕਟ ਜੁਗਮ ਕਬਿ ਆਵਤਿ। ਕਰਤਿ ਦੁਲਾਰ ਮੋਦ ਉਪਜਾਵਤਿ॥੫॥

ਤਿੰਨਾਂ ਮਹਿਲਾਵਾਂ ਵਿਚੋਂ ਇਕ ਦੀ ਮ੍ਰਿਤੂ ਹੋ ਗਈ ਸੀ ਤੇ ਦੂਸਰੀਆਂ ਦੋਵੇਂ ਦਾਸੀਆਂ ਸਹਿਤ ਕਰਤਾਰਪੁਰ ਨੂੰ ਚਲੀਆਂ ਗਈਆਂ ਸਨ। ਕਦੀ ਦੋਵੇਂ ਪੋਤਰੇ ਪਾਸ ਆਉਂਦੇ ਸੀ, ਉਨ੍ਹਾਂ ਨਾਲ ਲਾਡ ਲਡਾ ਕੇ ਪ੍ਰਸੰਨਤਾ ਪੈਦਾ ਹੁੰਦੀ ਸੀ॥੫॥

ਗਏ ਸਮਸਤ ਸਮੀਪ ਨ ਕੋਈ। ਸੂੰਨੇ ਸਦਨ ਉਦਾਸੀ ਹੋਈ।
ਬਿਧੀਚੰਦ ਕੋ ਨਿਕਟਿ ਨਿਹਾਰਾ। ਬਾਕ ਵਿਰਾਗ ਸਮੇਤ ਉਚਾਰਾ॥੬॥

ਸਾਰੇ ਚਲੇ ਗਏ ਸਨ ਤੇ ਕੋਈ ਵੀ ਪਾਸ ਨਹੀਂ ਸੀ। ਖਾਲੀ ਘਰ ਵਿਚ ਉਦਾਸੀ ਛਾਈ ਹੋਈ ਸੀ। ਜਦ ਬਿਧੀ ਚੰਦ ਨੂੰ ਪਾਸ ਵੇਖਿਆ ਤੇ ਵਿਰਾਗ ਸਹਿਤ ਬਚਨ ਉਚਾਰਨ ਕੀਤਾ॥੬॥

'ਦੇਖਹੁ ਜਗ ਸਨੇਹੁ ਕੀ ਚਾਲੀ। ਇਕ ਦਿਨ ਭਰੇ, ਏਕ ਦਿਨ ਖਾਲੀ।
ਕਬਹੂੰ ਹਰੇ, ਸੁਸ਼ਕ ਕਬਿ ਜਾਵਹਿਂ। ਕਬਹੂੰ ਜਨਮ, ਕਬਹੂੰ ਬਿਨਸਾਵਹਿਂ॥੭॥

''ਜਗਤ ਦੇ ਪਿਆਰ ਦੀ ਚਾਲ ਵੇਖੋ, ਇਕ ਦਿਨ ਭਰਿਆ ਸੀ ਤੇ ਇਕ ਦਿਨ ਸਭ ਖਾਲੀ ਹੈ। ਜਿਹੜੇ ਕਦੀ ਹਰੇ ਹੁੰਦੇ ਹਨ, ਉਹ ਕਦੀ ਸੁੱਕ ਜਾਂਦੇ ਹਨ। ਕਦੀ ਜਨਮ ਲੈਂਦੇ ਹਨ, ਕਦੀ ਮਰ ਜਾਂਦੇ ਹਨ॥੭॥

ਕਬਿ ਮੇਲਾ, ਕਬਿ ਬਿਰਹਿ ਦੁਹੇਲਾ। ਕਬਿ ਸੰਕਟ, ਕਬਿ ਹੋਤਿ ਸੁਹੇਲਾ।
ਸਦਾ ਪ੍ਰਣਾਮ ਵੰਤਿ ਜਗ ਅਹੈ। ਨਹੀਂ ਏਕ ਰਸ ਥਿਰਤਾ ਗਹੈ॥ ੮॥

ਕਦੀ ਮੇਲ ਕਦੀ ਦੁਖਦਾਇਕ ਵਿਛੋੜਾ, ਕਦੀ ਸੰਕਟ, ਕਦੀ ਸੁਖ ਇਹ ਜਗ ਸਦਾ ਬਦਲਣ ਵਾਲਾ ਹੈ ਕਦੀ ਵੀ ਇਕ ਰਸ ਸਥਿਰ ਨਹੀਂ ਰਹਿੰਦਾ ਹੈ॥੮॥

ਮਿਲਿਬੇ ਤੇ ਹਰਖਹਿ ਨਹਿਂ ਗਜਾਨੀ। ਬਿਛੁਰੇ ਸ਼ੋਕ ਨ ਦੁਖ ਕੋ ਜਾਨੀ।
ਲਖਹਿ ਕੂਰ ਨਹਿਂ ਕਰਹਿ ਸਨੇਹਾ। ਬਿਨਸ ਜਾਇ ਜਬਿ,ਕਜੋਂ ਦੁਖ ਲੇਹਾ॥੯॥

ਪਰ ਜਿਹੜਾ ਗਿਆਨਵਾਨ ਹੈ ਉਹ ਮਿਲਣ ਤੇ ਪ੍ਰਸੰਨ ਨਹੀਂ ਹੁੰਦਾ ਤੇ ਵਿਛੋੜੇ ਦੇ ਸ਼ੋਕ ਨੂੰ ਦੁਖ ਨਹੀਂ ਜਾਣਦਾ ਹੈ। ਇਨ੍ਹਾਂ ਨੂੰ ਝੂਠ ਸਮਝਦਾ ਹੈ ਤੇ ਪਿਆਰ ਨਹੀਂ ਕਰਦਾ ਹੈ, ਜਦ ਕੋਈ ਖਤਮ ਹੋ ਜਾਂਦਾ ਹੈ ਤਾਂ ਕਿਉਂ ਦੁੱਖ ਮੰਨੇਗਾ॥੯॥

ਜੋ ਵਸਤੂ ਨਿਤ ਇਕਰਸ ਰਹੈ। ਕਰਿ ਅਨੁਰਾਗ ਤਿਸਹਿ ਉਰ ਲਹੈ।
ਸਦਾ ਸ਼ਾਂਤਿ ਚਿਤ ਸੰਤ ਉਦਾਰਾ। ਤਿਨ ਕੋ ਬੰਦਨ ਅਹੈ ਹਮਾਰਾ॥ ੧੦॥

ਜਿਹੜੀ ਵਸਤੂ ਸਦਾ ਇਕ ਰਸ ਰਹਿੰਦੀ ਹੈ, ਪ੍ਰੇਮ ਕਰਕੇ ਉਸ ਨੂੰ ਹਿਰਦੇ ਵਿਚ ਵਸਾਉਂਦਾ ਹੈ, ਉਹ ਸਦਾ ਸ਼ਾਂਤ ਚਿਤ ਉੱਤਮ ਸੰਤ ਹੈ, ਅਜਿਹੇ ਵਿਅਕਤੀ ਨੂੰ ਸਾਡੀ ਬੰਦਨਾ ਹੈ॥੧੦॥

ਬਸਿਬੋ ਇਸ ਥਲ ਮੋਹਿ ਨ ਭਾਵੈ। ਸਾਂਈਦਾਸ ਦ੍ਰਿਸ਼ਟਿ ਨਹਿਂ ਆਵੈ।
ਰਾਮੋ ਸਹਤ ਸੇਵ ਕੋ ਠਾਨੈ। ਨਿਤ ਨੂਤਨ ਮਨ ਪ੍ਰੇਮ ਮਹਾਨੈ॥ ੧੧॥

ਮੈਨੂੰ ਹੁਣ ਇਸ ਥਾਂ ਰਹਿਣਾ ਚੰਗਾ ਨਹੀਂ ਲੱਗਦਾ ਹੈ, ਭਾਈ ਸਾਈਂ ਦਾਸ ਕਿਤੇ ਨਜ਼ਰ ਨਹੀਂ ਆਉਂਦਾ ਹੈ। ਬੀਬੀ ਰਾਮੋ ਸਹਿਤ ਉਹ ਸੇਵਾ ਕਰਦੇ ਸਨ। ਮਹਾਨ ਪ੍ਰੇਮ ਨਾਲ ਭਰਿਆ ਮਨ ਸਦਾ ਨਵੀਨ ਰਹਿੰਦਾ ਸੀ॥੧੧॥

ਭੋਰ ਹੋਤਿ ਹੀ ਕਰੀਯਹਿ ਤਯਾਰੀ। ਅਸ ਮਨਸਾ ਅਬਿ ਅਹੈ ਹਮਾਰੀ।
ਸੁਨਿ ਬਿਧੀਏ ਕਰ ਜੋਰਿ ਉਚਾਰਾ। 'ਦ੍ਰਿਸ਼ਟਿ ਪਰਤਿ ਇਹ ਧੁੰਧ ਪਸਾਰਾ॥੧੨॥

ਸਵੇਰ ਹੁੰਦਿਆਂ ਹੀ ਤਿਆਰੀ ਕਰੋ, ਹੁਣ ਸਾਡੀ ਇਹੋ ਹੀ ਖਾਹਿਸ਼ ਹੈ। ਇਹ ਸੁਣ ਕੇ ਬਿਧੀ ਚੰਦ ਨੇ ਹੱਥ ਜੋੜ ਕੇ ਕਿਹਾ, ''ਇਹ ਸੰਸਾਰ ਪਸਾਰਾ ਧੁੰਧ ਵਾਂਗ ਨਜ਼ਰ ਆਉਂਦਾ ਹੈ॥੧੨॥

ਕਾਲ ਬਾਯੁ ਕੇ ਬੇਗ ਬਹੰਤੇ। ਛਿਨ ਮਹਿਂ ਬਿਨਾ ਧੀਰ ਬਿਨਸੰਤੇ।
ਜਿਨ ਪਰ ਕਰੁਨਾ ਅਹੈ ਤੁਮਾਰੀ। ਲਾਭ ਲੇਤਿ ਜਪਿ ਨਾਮ ਮਰਾਰੀ॥ ੧੩॥

ਮੌਤ ਰੂਪ ਹਵਾ ਦੇ ਵਾਂਗ ਵਗਦੀ ਹੈ, ਖਿਣ ਵਿਚ ਧੀਰਜ ਰਹਿਤ ਹੋ ਕੇ ਬਿਨਸ ਜਾਂਦੇ ਹਨ ਤੇ ਕੋਈ ਵੀ ਸਥਿਰ ਨਹੀਂ ਹੈ। ਜਿਨ੍ਹਾਂ ਉੱਤੇ ਤੁਹਾਡੀ ਕਿਰਪਾ ਹੈ, ਉਹ ਪ੍ਰਭੂ ਦਾ ਨਾਮ ਜਪ ਕੇ ਲਾਭ ਪ੍ਰਾਪਤ ਕਰ ਲੈਂਦੇ ਹਨ॥੧੩॥

ਨਾਂਹਿ ਤ ਹਾਥ ਝਾਰਿ ਗਮਨੰਤੇ। ਚਲੇ ਜਾਤਿ, ਥਿਰ ਹ੍ਵੈ ਨ ਰਹੰਤੇ।
ਪ੍ਰਾਤਿ ਹੋਤਿ ਕੀਜਹਿ ਅਸਵਾਰੀ। ਬਿਚਰਹੁ ਇੱਛਾ ਜਹਾਂ ਤੁਮਾਰੀ॥ ੧੪॥

ਨਹੀਂ ਤਾਂ ਲੋਕ ਹੱਥ ਝਾੜ ਕੇ ਚਲੇ ਜਾਂਦੇ ਹਨ, ਕਿਸੇ ਤਰ੍ਹਾਂ ਵੀ ਸਥਿਰ ਨਹੀਂ ਹੁੰਦੇ, ਤੁਰ ਜਾਂਦੇ ਹਨ। ਸਵੇਰ ਹੁੰਦਿਆਂ ਹੀ ਸਵਾਰ ਹੋ ਜਾਵੋ ਤੇ ਵਿਚਰੋ ਜਿਥੇ ਤੁਹਾਡੇ ਜਾਣ ਦੀ ਇੱਛਾ ਹੈ॥੧੪॥

ਜਿਨਕੇ ਪ੍ਰੇਮ ਕਰੇ ਖਿਚ ਆਵਤਿ। ਸੋ ਦੰਪਤਿ ਅਬਿ ਨਹੀਂ ਦਿਸਾਵਤਿ।
ਇਮ ਕਹਿ ਖਾਨ ਪਾਨ ਕੁਛ ਕੀਨੋ। ਰਹਿ ਉਦਾਸ ਬਿਸਰਾਮ ਸੁ ਕੀਨੋ॥੧੫॥

ਜਿਨ੍ਹਾਂ ਦੇ ਪ੍ਰੇਮ ਕਰਕੇ ਖਿੱਚੇ ਆਉਂਦੇ ਸੀ, ਉਹ ਦੰਪਤੀ ਹੁਣ ਦਿਖਾਈ ਨਹੀਂ ਦਿੰਦੇ।" ਇਸ ਤਰ੍ਹਾਂ ਕਹਿ ਕੇ ਕੁਝ ਖਾਧਾ ਪੀਤਾ ਤੇ ਉਦਾਸ ਰਹਿ ਕੇ ਵਿਸਰਾਮ ਕੀਤਾ॥੧੫॥

ਪ੍ਰਾਤਿ ਹੋਤਿ ਹੀ ਬਜੇ ਨਗਾਰੇ। ਜਾਗੇ ਜੋਧਾ ਬਲੀ ਕਰਾਰੇ।
ਸੋਚ ਸ਼ਨਾਨ ਸ਼ੀਘ੍ਰ ਸਭਿ ਕੀਨਿ। ਡਾਰੇ ਸਰਬ ਤੁਰੰਗਮ ਜ਼ੀਨ॥ ੧੬॥

ਸਵੇਰ ਹੁੰਦਿਆਂ ਹੀ ਨਗਾਰੇ ਵੱਜ ਉਠੇ ਤੇ ਸਾਰੇ ਬਲਵਾਨ ਯੋਧੇ ਜਾਗ ਪਏ। ਸਾਰਿਆਂ ਨੇ ਛੇਤੀ ਹੀ ਸੋਚ ਇਸ਼ਨਾਨ ਕਰ ਲਿਆ ਤੇ ਸਾਰਿਆਂ ਘੋੜਿਆਂ ਉਤੇ ਕਾਠੀਆਂ ਪਾ ਲਈਆਂ॥੧੬॥

ਸ਼੍ਰੀ ਹਰਿਗੋਬਿੰਦ ਚਹਤਿ ਲਰਾਈ। ਬਸਤ੍ਰ ਸ਼ਸਤ੍ਰ ਪਹਿਰੇ ਸਮੁਦਾਈ।
ਪੁਰਿ ਜਨ ਲਖੇ ਕੂਚ ਗੁਰ ਡੇਰੇ। ਚਲਿ ਆਏ ਮਨ ਦੀਨ ਘਨੇਰੇ॥ ੧੭॥

ਸ੍ਰੀ ਹਰਿਗੋਬਿੰਦ ਜੀ ਜੰਗ ਕਰਨਾ ਚਾਹੁੰਦੇ ਸਨ, ਇਸ ਕਰਕੇ ਉਨ੍ਹਾਂ ਸਭ ਪ੍ਰਕਾਰ ਦੇ ਬਸਤਰ, ਸ਼ਸਤਰ ਪਹਿਣ ਲਏ। ਜਦ ਨਗਰ ਦੇ ਲੋਕਾਂ ਵੇਖਿਆ ਕਿ ਗੁਰੂ ਜੀ ਕੂਚ ਕਰਨ ਲੱਗੇ ਹਨ ਤਾਂ ਉਹ ਮਨਾਂ ਵਿਚ ਬੜੇ ਉਦਾਸ ਹੋ ਕੇ ਆਏ॥੧੭॥

ਹਾਥ ਜੋਰਿ ਕਰਿ ਸਭਿਹਿਨਿ ਕਹਜੋ। 'ਸਾਈਂਦਾਸ ਪਰਮ ਪਦ ਲਹਜੋ।
ਅਬਿ ਤੁਮ ਚਢੇ ਛੋਡਿ ਪੁਰਿ ਜਨ ਕੋ। ਮਹਾਰਾਜ! ਕੋ ਰੱਖਜਕ ਇਨ ਕੋ?॥੧੮॥

ਹੱਥ ਜੋੜ ਕੇ ਸਾਰਿਆਂ ਨੇ ਕਿਹਾ, "ਸਾਈਂ ਦਾਸ ਨੇ ਪਰਮ ਪਦਵੀ ਪ੍ਰਾਪਤ ਕੀਤੀ ਹੈ, ਹੁਣ ਤੁਸੀਂ ਸਵਾਰ ਹੋ ਕੇ ਨਗਰ ਅਤੇ ਇਸ ਦੇ ਵਸਨੀਕਾਂ ਨੂੰ ਛੱਡ ਕੇ ਚੱਲੇ ਹੋ। ਹੇ ਮਹਾਰਾਜ! ਇਨ੍ਹਾਂ ਦਾ ਹੁਣ ਕੌਣ ਰਖਵਾਲਾ ਹੈ?" ॥੧੮॥

ਨਿਕਟਿ ਕੌਨ ਕੇ ਬਿਨੈ ਉਚਾਰੈਂ। ਯਾਂਤੇ ਮਨ ਸਚਿੰਤ ਦੁਖ ਧਾਰੈਂ।
ਦਯਾਸਿੰਧੁ ਤਬਿ ਧੀਰਜ ਦੀਨਾ। 'ਬਸਹੁ ਸੁਖੇਨ ਸੰਦੇਹ ਬਿਹੀਨਾ॥ ੧੯॥

ਕਿਸ ਦੇ ਪਾਸ ਜਾ ਕੇ ਅਸੀਂ ਬੇਨਤੀ ਕਰੀਏ, ਨਹੀਂ ਤਾਂ ਸਾਡੇ ਮਨ ਚਿੰਤਾ ਸਹਿਤ ਦੁਖ ਧਾਰਨ ਕਰਨਗੇ।" ਦਇਆ ਦੇ ਸਾਗਰ ਭਾਵ ਗੁਰੂ ਜੀ ਨੇ ਫਿਰ ਧੀਰਜ ਦਿੱਤਾ, "ਸ਼ੰਕੇ ਰਹਿਤ ਹੋ ਕੇ ਸੁਖੀ-ਸੁਖੀ ਵਸੋ॥੧੯॥

ਸ੍ਰੀ ਗੁਰਦਿੱਤਾ ਜਨਮ ਸਥਾਨ। ਤਹਿਂ ਪੂਜਹੁ ਸ਼ਰਧਾ ਧਰਿ ਮਾਨ।
ਅਰੁ ਤਿਸ ਮਾਤ ਜਹਾਂ ਸਸਕਾਰੀ।ਰਚਹੁ ਦੇਹੁਰਾ ਤਹਿਂ ਸੁਖ ਕਾਰੀ॥ ੨੦॥

ਏਥੇ ਸ੍ਰੀ ਗੁਰਦਿੱਤੇ ਦਾ ਜਨਮ ਸਥਾਨ ਹੈ, ਉਸ ਨੂੰ ਪੂਜੋ ਤੇ ਸ਼ਰਧਾ ਧਰ ਕੇ ਮੰਨੋ ਅਤੇ ਜਿੱਥੇ ਮਾਤਾ ਜੀ ਦਾ ਸਸਕਾਰ ਹੋਇਆ ਹੈ ਉਥੇ ਸੁਖਦਾਇਕ ਦੇਹੁਰਾ ਬਣਾਓ॥੨੦॥

ਜਿਸ ਕੋ ਕਾਜ ਕਹੂੰ ਅਟਕਾਇ। ਕਰਹੁ ਬੇਨਤੀ ਤਿਸ ਥਲ ਜਾਇ।
ਮਨਹੁ ਕਾਮਨਾ ਪੁਰਹਿਂ ਤੁਮਾਰੀ। ਸੰਕਟ ਪਰਹਿਂ ਸੁ ਲੇਹਿਂ ਉਬਾਰੀ॥ ੨੧॥

ਜਿਸ ਦਾ ਕਿਤੇ ਵੀ ਕੋਈ ਕੰਮ ਰੁਕ ਜਾਵੇ, ਉਸ ਸਥਾਨ ਤੇ ਜਾ ਕੇ ਬੇਨਤੀ ਕਰੋ। ਤੁਹਾਡੀਆਂ ਸਾਰੀਆਂ ਮਨੋਕਾਮਨਾਵਾਂ ਪੂਰੀਆਂ ਹੋਣਗੀਆਂ, ਜੇ ਕੋਈ ਸੰਕਟ ਵੀ ਪੈ ਜਾਵੇ ਤਾਂ ਬਚਾ ਲੈਣਗੇ॥੨੧॥

ਸਿੱਖਜ ਸੰਤ ਕੀ ਕੀਜਹਿ ਸੇਵਾ। ਸਿੱਖੀ ਧਰਿ ਪੂਜਹੁ ਗੁਰਦੇਵਾ।
ਸੱਤਿਨਾਮ ਕੋ ਸਿਮਰਨ ਕਰਨੋ। ਸ਼੍ਰੀ ਸਤਿਗੁਰ ਬਾਨੀ ਨਿਤ ਰਰਨੋ॥ ੨੨॥

ਸਿੱਖ ਤੇ ਸੰਤਾ ਦੀ ਸੇਵਾ ਕਰੋ ਤੇ ਸਿੱਖੀ ਧਾਰਨ ਕਰਕੇ ਗੁਰੂ ਦੇਵ ਦੀ ਪੂਜਾ ਕਰੋ। ਸਤਿਨਾਮ ਦਾ ਸਿਮਰਨ ਕਰੋ ਤੇ ਸਤਿਗੁਰੂ ਦੀ ਬਾਣੀ ਸਦਾ ਪੜ੍ਹੋ॥੨੨॥

ਇਮ ਉਪਦੇਸ਼ ਲੇਹੁ ਰਿਦ ਧਾਰੇ। ਹਲਤ ਪਲਤ ਮਹਿ ਰਹਹੁ ਸੁਖਾਰੇ'।
ਇਮ ਕਹਿ ਸਤਿਗੁਰੁ ਹਯ ਮੰਗਵਾਯੋ। ਕੰਚਨ ਜ਼ੀਨ ਸਹਤ ਚਲਿ ਆਯੋ ॥੨੩॥

ਇਸ ਤਰ੍ਹਾਂ ਉਪਦੇਸ਼ ਲੈ ਕੇ ਹਿਰਦੇ ਵਿਚ ਧਾਰਨ ਕਰੋ ਤੇ ਲੋਕ ਪਰਲੋਕ ਵਿਚ ਸੁਖੀ ਰਹੋ।' ਇਸ ਤਰ੍ਹਾਂ ਕਹਿ ਕੇ ਸਤਿਗੁਰੂ ਜੀ ਨੇ ਘੋੜਾ ਮੰਗਵਾਇਆ, ਜਿਹੜਾ ਸੋਨੇ ਦੀ ਕਾਠੀ ਸਹਿਤ ਚਲ ਕੇ ਆਇਆ॥੨੩॥

ਬਾਰ ਬਾਰ ਫੁਰਕਤਿ ਬਲ ਐਨ। ਚੰਚਲ ਮਨਹੁ ਨਾਗਰੀ ਨੈਨ।
ਦਾਸ ਗਹੇ ਕਰਿ ਨੀਠ ਸੁ ਰੋਕੈ। ਬਹੁ ਸੁੰਦਰ, ਮਨ ਹਰਤਿ ਬਿਲੋਕੈ॥ ੨੪॥

ਘੋੜਾ ਜਿਹੜਾ ਸ਼ਕਤੀ ਦਾ ਘਰ ਸੀ, ਬਾਰ-ਬਾਰ ਫੁਰਕਾਰੇ ਮਾਰਦਾ ਸੀ, ਚੰਚਲ ਏਨਾ ਹੈ ਮਾਨੋਂ ਚਤੁਰ ਇਸਤਰੀ ਦੇ ਨੈਣ ਹੋਣ। ਸੇਵਕ ਫੜ ਕੇ ਬੜੀ ਮੁਸ਼ਕਲ ਨਾਲ ਰੋਕਦੇ ਸਨ, ਬਹੁਤ ਸੁੰਦਰ ਸੀ ਵੇਖਦਿਆਂ ਹੀ ਮਨ ਚੁਰਾ ਲੈਂਦਾ ਸੀ॥੨੪॥

ਉਠਿ ਸਤਿਗੁਰ ਹਯ ਕੋ ਕਰਿ ਨਮੋ। ਸ੍ਰੀ ਨਾਨਕ ਸਿਮਰੇ ਤਿਹ ਸਮੇ।
ਭਏ ਅਰੂਢ ਪਿਖਹਿਂ ਸਮੁਦਾਈ। ਬੰਦਨ ਕਰਤਿ ਭਏ ਅਗੁਵਾਈ॥ ੨੫॥

ਗੁਰੂ ਜੀ ਨੇ ਉਠ ਕੇ ਮਹਾਂਬਲੀ ਘੋੜੇ ਨੂੰ ਪ੍ਰੇਮ ਨਾਲ ਪੁਚਕਾਰਿਆ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਯਾਦ ਕੀਤਾ। ਸਾਰਿਆਂ ਦੇ ਵੇਖਦਿਆਂ ਘੋੜੇ ਤੇ ਚੜ੍ਹ ਗਏ, ਸਾਰੇ ਅੱਗੇ ਖਲੋਤੇ ਬੰਦਨਾ ਕਰ ਰਹੇ ਸਨ॥੨੫॥

ਪੁਰਿ ਜਨ ਹਟੇ ਸੁ ਪ੍ਰੇਰਯੋ ਘੋਰਾ। ਦੁੰਦਭਿ ਬਜੇ ਮਨੋ ਘਨ ਘੋਰਾ।
ਤੀਨ ਸਹੱਸ੍ਰ ਬਾਹਿਨੀ ਚਲੀ। ਖੜਗ ਤੁਫੰਗ ਧਰੇ ਕਲਮਲੀ॥ ੨੬॥

ਜਦ ਨਗਰ ਦੇ ਲੋਕ ਇਕ ਪਾਸੇ ਹੱਟ ਗਏ ਤਾਂ ਗੁਰੂ ਜੀ ਨੇ ਘੋੜੇ ਨੂੰ ਹਿਕਿਆ, ਵਾਜੇ ਇੰਝ ਵੱਜ ਰਹੇ ਸਨ, ਮਾਨੋਂ ਬਦਲ ਗੱਜ ਰਹੇ ਹੋਣ। ਤਿੰਨ ਹਜ਼ਾਰ ਸੈਨਾ ਚਲ ਪਈ, ਤਲਵਾਰਾਂ ਬੰਦੂਕਾਂ ਉਨ੍ਹਾਂ ਸ਼ਕਤੀਸ਼ਾਲੀ ਚੰਚਲ ਅੰਗਾਂ ਤੇ ਧਾਰਨ ਕੀਤੀਆਂ ਹੋਈਆਂ ਸਨ॥੨੬॥

ਚਲਤਿ ਸੁਭਟ ਕੋ ਤੁਰੰਗ ਨਚਾਵੈਂ। ਕੋ ਧਵਾਇ ਕਰਿ ਤੁਪਕ ਚਲਾਵੈਂ।
ਬਲੀ ਏਕ ਤੇ ਏਕ ਬਿਸਾਲਾ। ਫੇਰਤਿ ਹਯ ਕੋ ਚਲਿ ਭਟ ਜਾਲਾ॥ ੨੭॥

ਚਲਦੇ ਹੋਏ ਕਈ ਸੂਰਮੇ ਘੋੜਿਆਂ ਨੂੰ ਨਚਾਉਂਦੇ ਸਨ, ਕਈ ਘੋੜੇ ਨੂੰ ਭਜਾ ਕੇ ਬੰਦੂਕ ਚਲਾਉਂਦੇ ਸਨ। ਇਕ ਨਾਲੋਂ ਇਕ ਵਧ ਬਲਵਾਨ ਸੂਰਮਾ ਸੀ। ਕਈ ਸੂਰਮੇ ਚਲਦੇ ਹੋਏ ਘੋੜਿਆਂ ਨੂੰ ਫੇਰਦੇ ਸਨ॥੨੭॥

ਨਾਮ ਧਰਯੋ ਰੂਪਾ ਜਿਸ ਗ੍ਰਾਮ। ਨਿਜ ਸੇਵਕ ਲਖਿ ਕਰਿ ਅਭਿਰਾਮੂ।
ਅਧਿਕ ਕ੍ਰਿਪਾ ਕਰਿਬੇ ਕਹੁ ਤਹਾਂ। ਪ੍ਰਸਥਾਨੇ ਸਤਿਗੁਰੁ ਬਲਿ ਮਹਾਂ॥ ੨੮॥

ਜਿਸ ਪਿੰਡ ਦਾ ਨਾਂ ਰੂਪਾ ਧਰਿਆ ਸੀ, ਉਥੇ ਆਪਣੇ ਚੰਗੇ ਸਿੱਖ ਜਾਣ ਕੇ, ਉਨ੍ਹਾਂ ਉਤੇ ਹੋਰ ਕ੍ਰਿਪਾ ਕਰਨ ਵਾਸਤੇ ਮਹਾ-ਬਲੀ ਸਤਿਗੁਰੂ ਜੀ ਉਸ ਪਿੰਡ ਵੱਲ ਚਲ ਪਏ॥੨੮॥

ਮਗ ਮਹਿਂ ਏਕ ਨਿਸਾ ਕਰਿ ਡੇਰਾ। ਅਗਲੇ ਦਿਵਸ ਗ੍ਰਾਮ ਸੋ ਹੇਰਾ।
ਪਿਤਾ ਪੁੱਤ੍ਰ ਸਾਧੂ ਅਰੁ ਰੂਪਾ। ਜਿਨ ਕੇ ਮਨ ਗੁਰ ਪ੍ਰੇਮ ਅਨੂਪਾ॥ ੨੯॥

ਰਸਤੇ ਵਿਚ ਇਕ ਰਾਤ ਡੇਰਾ ਕੀਤਾ ਤੇ ਅਗਲੇ ਦਿਨ ਉਹ ਪਿੰਡ ਜਾ ਵੇਖਿਆ। ਪਿਤਾ-ਪੁੱਤਰ ਸਾਧੂ ਅਤੇ ਰੂਪਾ, ਜਿਨ੍ਹਾਂ ਦੇ ਮਨ ਵਿਚ ਗੁਰੂ ਜੀ ਵਾਸਤੇ ਅਨੂਪਮ ਪ੍ਰੇਮ ਸੀ॥੨੯॥

ਗ੍ਰਾਮ ਬਸਾਇ ਰਚੇ ਸੁਭ ਮੰਦਿਰ। ਬਾਂਛਤਿ 'ਗੁਰੂ ਬਸਹਿਂ ਇਨ ਅੰਦਰ'।
ਕਰਿ ਲੀਪਨ ਬਿਧਿ ਨੀਕ ਸੁਧਾਰੇ। ਮਨ ਪ੍ਰਸੰਨ ਹੁਇ ਜਿਨਹੁਂ ਨਿਹਾਰੇ॥੩੦॥

ਉਨ੍ਹਾਂ ਨੇ ਪਿੰਡ ਵਸਾ ਕੇ ਕੁਝ ਘਰਾਂ ਦੀ ਚਿਣਵਾਈ ਕੀਤੀ ਸੀ। ਉਹ ਚਾਹੁੰਦੇ ਸਨ ਕਿ ''ਪਹਿਲਾਂ ਇਨ੍ਹਾਂ ਘਰਾਂ ਵਿਚ ਗੁਰੂ ਜੀ ਆ ਕੇ ਵਾਸ ਕਰਨ।'' ਲਿਪਾਈ ਕਰਕੇ ਬੜੀ ਚੰਗੀ ਤਰ੍ਹਾਂ ਸੁਧਾਰੇ ਸਨ, ਜਿਨ੍ਹਾਂ ਨੂੰ ਵੇਖ ਕੇ ਮਨ ਪ੍ਰਸੰਨ ਹੋ ਜਾਂਦਾ ਸੀ॥੩੦॥

ਦੁੰਦਭਿ ਬਾਜਤਿ ਆਵਤਿ ਸੁਨੇ। ਗੁਰ ਡੇਰਾ ਲਖਿ ਹਰਖਤਿ ਘਨੇ।
ਦੋਨਹੁਂ ਦੌਰਿ ਦਰਸ ਕੋ ਧਾਏ। ਮਨਹੁਂ ਮਿਲਜੋ ਜਲ ਅਧਿਕ ਤਿਹਾਏ॥੩੧॥

ਜਦ ਉਨ੍ਹਾਂ ਨਗਾਰੇ ਵੱਜਦੇ ਆਉਂਦੇ ਸੁਣੇ ਤਾਂ ਗੁਰੂ ਜੀ ਦਾ ਡੇਰਾ ਸਮਝ ਕੇ ਬਹੁਤ ਪ੍ਰਸੰਨ ਹੋਏ। ਦੋਵੇਂ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਦੌੜੇ, ਮਾਨੋਂ ਬਹੁਤ ਪਿਆਸਿਆਂ ਨੂੰ ਜਲ ਮਿਲਿਆ ਹੋਵੇ॥੩੧॥

ਚਰਨ ਕਮਲ ਜੁਤਿ ਸ਼ੁਭਤਿ ਰਕਾਬ। ਧਰਜੋਂ ਸੀਸ ਗਹਿ ਜਾਇ ਸ਼ਿਤਾਬ।
ਕੁਸ਼ਲ ਪ੍ਰਸ਼ਨ ਕਰਿ ਗਮਨੇ ਸੰਗ। ਘਰ ਮਹਿਂ ਆਨੇ ਮੋਦ ਉਮੰਗ॥੩੨॥

ਚਰਨ ਕੰਵਲਾਂ ਸਹਿਤ ਰਕਾਬ ਸ਼ੋਭ ਰਹੀ ਸੀ, ਤੁਰਤ ਜਾ ਕੇ ਉਨ੍ਹਾਂ ਰਕਾਬਾਂ ਉਤੇ ਆਪਣੇ ਸਿਰ ਧਰ ਦਿੱਤੇ। ਸੁਖ-ਸਾਂਦ ਪੁੱਛ ਕੇ ਅੱਗੇ ਚਲ ਪਏ, ਖੁਸ਼ੀ ਤੇ ਉਤਸ਼ਾਹ ਨਾਲ ਗੁਰੂ ਜੀ ਨੂੰ ਘਰ ਲੈ ਆਏ॥੩੨॥

ਦਯਾ ਸਿੰਧੁ ਕੋ ਗ੍ਰਾਮ ਦਿਖਾਯੋ। 'ਕ੍ਰਿਪਾ ਆਪ ਇਹਾਂ ਬਸਾਯੋ'।
'ਆਛੋ ਕੀਨਿ' ਗੁਰੂ ਪਿਖਿ ਕਹਜੋ। ਪੁਨ ਬਿਸਰਾਮ ਪ੍ਰਯੰਕਹਿ ਲਹਜੋ॥੩੩॥

ਦਇਆ ਦੇ ਸਾਗਰ ਭਾਵ ਗੁਰੂ ਜੀ ਨੂੰ ਪਿੰਡ ਵਿਖਾਇਆ ਤੇ ਕਿਹਾ, ''ਤੁਸੀਂ ਕਿਰਪਾ ਕਰਕੇ ਇਹ ਪਿੰਡ ਏਥੇ ਵਸਾਇਆ ਹੈ''। ਗੁਰੂ ਜੀ ਨੇ ਵੇਖ ਕੇ ਕਿਹਾ, ''ਚੰਗਾ ਬਣਾਇਆ ਹੈ''। ਫਿਰ ਪਲੰਘ ਤੇ ਲੇਟ ਕੇ ਵਿਸਰਾਮ ਕੀਤਾ॥੩੩॥

ਹਿਤ ਸੇਵਾ ਦੋਨੋ ਰਹਿ ਖਰੇ। ਦੇਖਤਿ ਦਰਸ ਹੋਤਿ ਜਨ ਹਰੇ।
'ਹਮ ਸੇ ਰੰਕਨ ਕੈ ਗੁਰੁ ਆਵਨਿ। ਦੀਨ ਬੰਧੁਤਾ ਕਰਹਿਂ ਜਨਾਵਨ'॥੩੪॥

ਸੇਵਾ ਵਾਸਤੇ ਦੋਵੇਂ ਖੜੇ ਰਹੇ, ਜਿਨ੍ਹਾਂ ਦੇ ਦਰਸ਼ਨ ਕਰਨ ਨਾਲ ਮਨੁੱਖ ਖਿੜ ਉੱਠਦੇ ਹਨ। ਸੋਚਦੇ ਸਨ, ''ਸਾਡੇ ਵਰਗੇ ਗਰੀਬਾਂ ਦੇ ਘਰ ਗੁਰੂ ਜੀ ਦਾ ਆਉਣਾ ਉਨ੍ਹਾਂ ਦੀ ਦੀਨ ਬੰਧੁਤਾ ਨੂੰ ਜਤਾਉਂਦਾ ਹੈ''॥੩੪॥

ਹਾਕਹਿਂ ਪੌਨ ਆਨਿ ਸੁਭ ਬਾਰੀ। ਚਰਨ ਕਮਲ ਕਰ ਧਰਹਿਂ ਪਖਾਰੀ।
ਇੱਤਜਾਦਿਕ ਸਭਿ ਸੇਵਾ ਕਰੈਂ। ਭਾਉ ਅਧਿਕ ਹੀ ਨਿਤ ਪ੍ਰਤਿ ਧਰੈਂ॥੩੫॥

ਸ਼ੁਭ ਪਾਣੀ ਲਿਆ ਕੇ ਪੱਖਾ ਝਲਦੇ ਸਨ ਤੇ ਗੁਰੂ ਜੀ ਦੇ ਚਰਨ ਕੰਵਲਾਂ ਅਤੇ ਹੱਥਾਂ ਨੂੰ ਧੋਂਦੇ ਸਨ। ਇਤਿਆਦਿ ਸਭ ਪ੍ਰਕਾਰ ਦੀ ਸੇਵਾ ਕਰ ਰਹੇ ਸਨ। ਨਿਤਾਪ੍ਰਤੀ ਬਹੁਤ ਪ੍ਰੇਮ ਧਾਰਨ ਕਰਦੇ ਸਨ॥੩੫॥

ਜਜੋਂ ਜਜੋਂ ਅਧਿਕ ਪ੍ਰੇਮ ਗੁਰ ਹੇਰੈਂ। ਤਜੋਂ ਤਜੋਂ ਠਾਨਤਿ ਕ੍ਰਿਪਾ ਘਨੇਰੈ।
ਕਿਯੋ ਬਾਸ ਕੇਤਿਕ ਦਿਨ ਤਹਾਂ। ਕਰਿ ਗੁਰਸੇਵ ਰਿਝਾਏ ਮਹਾਂ॥੩੬॥

ਜਿਵੇਂ-ਜਿਵੇਂ ਗੁਰੂ ਜੀ ਬਹੁਤ ਪ੍ਰੇਮ ਵੇਖਦੇ ਸਨ, ਤਿਵੇਂ-ਤਿਵੇਂ ਗੁਰੂ ਜੀ ਜ਼ਿਆਦਾ ਕਿਰਪਾ ਕਰਦੇ ਸਨ, ਉਥੇ ਕਈ ਦਿਨ ਵਾਸਾ ਕੀਤਾ। ਗੁਰ ਸੇਵਾ ਕਰਕੇ ਉਨ੍ਹਾਂ ਨੂੰ ਬਹੁਤ ਪ੍ਰਸੰਨ ਕੀਤਾ॥੩੬॥

ਬਿਧੀਚੰਦ ਸੋਂ ਕਹੀ ਗੁਸਾਈਂ। 'ਰੂਪਚੰਦ ਬਡ ਸੇਵ ਕਮਾਈ।
ਮੈਂ ਸੇਵਾ ਕੇ ਬਸਿ ਨਿਤ ਰਹੋਂ। ਮਨ ਤਨ ਕੋ ਦੈਬੋ ਚਹੋਂ॥੩੭॥

ਗੁਰੂ ਜੀ ਨੇ ਫਿਰ ਬਿਧੀ ਚੰਦ ਨੂੰ ਕਿਹਾ, "ਰੂਪ ਚੰਦ ਨੇ ਵੱਡੀ ਸੇਵਾ ਕਮਾਈ ਹੈ, ਮੈਂ ਸਦਾ ਸੇਵਾ ਦੇ ਵੱਸ ਵਿਚ ਰਹਿੰਦਾ ਹਾਂ, ਮਨ ਤਨ ਦੇਣਾ ਚਾਹੁੰਦਾ ਹਾਂ॥੩੭॥

ਸੇਵਕ ਤੇ ਅਦੇਯ ਨਹਿਂ ਮੇਰੇ। ਸਾਚ ਉਚਾਰਤਿ ਹੌਂ ਢਿਗ ਤੇਰੇ'।
ਇਮ ਕਹਿ ਰੂਪਾ ਨਿਕਟਿ ਹਕਾਰਾ। ਮੰਜੀ ਦੇਨਿ ਹੇਤੁ ਬੈਠਾਰਾ॥ ੩੮॥

ਸੇਵਕ ਵਾਸਤੇ ਕੋਈ ਐਸੀ ਵਸਤੂ ਨਹੀਂ ਹੈ, ਜਿਹੜੀ ਦਿੱਤੀ ਨਾ ਜਾ ਸਕਦੀ ਹੋਵੇ, ਮੈਂ ਤੇਰੇ ਪਾਸ ਸੱਚੀ ਗੱਲ ਕਹਿ ਰਿਹਾ ਹਾਂ।" ਇਸ ਤਰ੍ਹਾਂ ਕਹਿ ਕੇ ਰੂਪੇ ਨੂੰ ਪਾਸ ਬੁਲਾਇਆ ਤੇ ਉਸ ਇਲਾਕੇ ਦੀ ਪ੍ਰਚਾਰਕ ਦੀ ਮੰਜੀ ਦੇਣ ਵਾਸਤੇ ਕਿਹਾ॥੩੮॥

'ਸ਼ੂਦ੍ਰ ਜਾਤਿ ਮੇਰੀ' ਕਹਿ ਰੂਪਾ। 'ਮੰਜੀ ਬੈਠਹਿ ਊਚ ਅਨੂਪਾ।
ਮੈਂ ਨਿਤ ਚਹੌਂ ਦਾਸ ਬਹੁ ਸੇਵਾ। ਅਪਰ ਨ ਇੱਛਾ, ਸ੍ਰੀ ਗੁਰਦੇਵਾ !' ॥ ੩੯॥

ਪਰ ਰੂਪੇ ਨੇ ਕਿਹਾ, "ਮੇਰੀ ਸ਼ੂਦਰ ਜਾਤੀ ਹੈ, ਮੰਜੀ ਉਤੇ ਕੋਈ ਅਨੂਪਮ ਅਤੇ ਉੱਚਾ ਹੀ ਬੈਠਣਾ ਚਾਹੀਦਾ ਹੈ। ਮੈਂ ਸਦਾ ਆਪ ਜੀ ਦਾ ਦਾਸ ਬਹੁਤ ਸੇਵਾ ਕਰਨੀ ਚਾਹੁੰਦਾ ਹਾਂ ਹੇ ਗੁਰਦੇਵ ਜੀ ! ਮੇਰੀ ਹੋਰ ਕੋਈ ਇੱਛਾ ਨਹੀਂ ਹੈ"॥੩੯॥

ਸੁਨਿ ਬੋਲੇ ਸਤਿਗੁਰ ਸੁਖ ਆਕਰ। 'ਨੀਚਹੁਂ ਊਚ ਕਰੈ ਮਮ ਠਾਕੁਰ'।
ਅਸ ਕਹਿ ਮੰਜੀ ਬਖ਼ਸ਼ੀ ਨੀਕਾ। ਸੋਢੀ ਕੁਲ ਟੀਕਾ ਕਰਿ ਟੀਕਾ॥ ੪੦॥'

ਇਹ ਸੁਣ ਕੇ ਸੁਖਾਂ ਦੀ ਖਾਣ ਭਾਵ ਸਤਿਗੁਰੂ ਜੀ ਬੋਲੇ, "ਮੇਰਾ ਮਾਲਕ ਨੀਵਿਆਂ ਨੂੰ ਉੱਚਾ ਕਰ ਦਿੰਦਾ ਹੈ।" ਇਸ ਤਰ੍ਹਾਂ ਕਹਿ ਭਾਈ ਰੂਪੇ ਨੂੰ ਮੰਜੀ ਬਖ਼ਸ਼ ਦਿੱਤੀ। ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਉਸ ਨੂੰ ਤਿਲਕ ਲਾਇਆ ਤੇ ਉਸ ਇਲਾਕੇ ਦਾ ਪ੍ਰਚਾਰਕ ਬਣਾ ਦਿੱਤਾ॥੪੦॥

'ਅਬਿ ਜਿਮ ਕਰਹੁ ਸਾਚ ਹੁਇ ਜਾਈ। ਤੀਖੀ ਤੇਗ਼ ਨ ਜਿਮ ਅਟਕਾਈ।
ਤੁਝ ਤੇ ਸਪਤ ਪੁੱਤ੍ਰ ਉਪਜੈ ਹੈਂ। ਆਗੇ ਬਡੋ ਬੰਸ ਬਿਰਧੈ ਹੈ॥ ੪੧॥

ਹੁਣ ਜਿਵੇਂ ਵੀ ਕਰੋਗੇ ਸੱਚ ਹੋ ਜਾਵੇਗਾ, ਜਿਵੇਂ ਤਿੱਖੀ ਤਲਵਾਰ ਕਿਤੇ ਅਟਕਦੀ ਨਹੀਂ ਹੈ। ਤੇਰੇ ਘਰ ਸੱਤ ਪੁੱਤਰ ਪੈਦਾ ਹੋਣਗੇ ਅੱਗੇ ਜਾ ਕੇ ਬਹੁਤ ਵੱਡਾ ਵੰਸ ਵਧੇਗਾ॥੪੧॥

ਕਰਹੁ ਦੇਗ ਗੁਰ ਕੀ ਸੁਖ ਪਾਵਹੁ। ਨਿਰਹੰਕਾਰ ਹੋਇ ਫਲ ਪਾਵਹੁ।
ਭਾਉ ਸਦੇਗ ਰਹਹਿ ਕੁਲ ਜਬਿ ਲੌ। ਸ਼ਕਤਿ ਸਮੇਤ ਹੋਇੰਗੇ ਤਬਿ ਲੌ॥੪੨॥

ਗੁਰੂ ਜੀ ਦਾ ਲੰਗਰ ਚਲਾਵੇ ਤੇ ਸੁਖ ਪਾਵੇ ਤੇ ਹੰਕਾਰ ਰਹਿਤ ਹੋ ਕੇ ਫਲ ਪਾਵੇ। ਜਦ ਤਕ ਵੰਸ਼ ਵਿਚ ਲੰਗਰ ਤੇ ਪ੍ਰੇਮ ਰਹੇਗਾ ਤਦ ਤਕ ਤੁਹਾਡੀ ਵੰਸ਼ ਵਾਲੇ ਸ਼ਕਤੀ ਸਮੇਤ ਰਹਿਣਗੇ॥੪੨॥

ਜਬਿ ਦੋਨਹੁਂ ਨਹਿਂ ਰਹਹਿਂ ਤੁਮਾਰੇ। ਮਿਲਹਿਂ ਤਿਖਾਨਨਿ ਮਹਿਂ ਜਿਮ ਸਾਰੇ।
ਕਰਿ ਗੁਰ ਕੀ ਸੇਵਾ ਤੁਮ ਪਾਈ। ਕਰੀ ਉਧਾਰਨ ਕੁਲ ਸਮੁਦਾਈ' ॥ ੪੩॥

ਜਦ ਇਹ ਦੋਵੇਂ ਨਹੀਂ ਰਹਿਣਗੇ ਤਦ ਸਾਰੇ ਫਿਰ ਤ੍ਰਿਖਾਣਾਂ ਨਾਲ ਜਾ ਮਿਲੇਗੇ। ਤੁਸੀਂ ਗੁਰੂ ਜੀ ਦੀ ਸੇਵਾ ਕਰਕੇ ਇਹ ਵਡਿਆਈ ਪਾਈ ਹੈ ਤੇ ਆਪਣੀ ਸਾਰੀ ਕੁੱਲ ਦਾ ਉਧਾਰ ਕਰ ਦਿੱਤਾ ਹੈ"॥੪੩॥

ਸੁਨਿ ਕਰਿ ਪਿਤਾ ਪੁੱਤ੍ਰ ਹਰਖਾਏ। ਮਨ ਨਿੰਮ੍ਰੀ ਹੁਇ ਸੇਵ ਕਮਾਏ।
ਜਨਨੀ ਰੂਪੇ ਕੀ ਹਰਖਾਈ। ਸਿਖ ਦੀਰਘ ਸੁਭ ਆਕੁਲ ਜਾਈ॥ ੪੪॥

ਇਹ ਸੁਣ ਕੇ ਪਿਤਾ ਪੁੱਤਰ ਬਹੁਤ ਪ੍ਰਸੰਨ ਹੋਏ ਤੇ ਮਨ ਨੀਵਾਂ ਰਖਕੇ ਸੇਵਾ ਕਮਾਈ। ਭਾਈ ਰੂਪੇ ਦੀ ਮਾਤਾ ਬਹੁਤ ਖ਼ੁ ਹੋਈ ਜਿਹੜੀ ਮਹਾਨ ਸਿੱਖ ਆਕਲ ਦੀ ਸੁਭ ਪੁੱਤਰੀ ਸੀ॥੪੪॥

ਮਾਸ ਭਾਦ੍ਰਪਦ ਅਰਧ ਬਿਤਾਯੋ। ਸ੍ਰੀ ਹਰਿਗੋਵਿੰਦ ਬਸਿ ਸੁਖ ਪਾਯੋ।
ਨਿਜ ਸੇਵਕ ਬਹੁ ਕਰੇ ਨਿਹਾਲ। ਹਲਤਿ ਪਲਤਿ ਸੁਖ ਦਏ ਬਿਸਾਲ॥ ੪੫ ॥

ਭਾਦੋਂ ਦਾ ਅੱਧਾ ਮਹੀਨਾ ਬਤੀਤ ਕੀਤਾ, ਸ੍ਰੀ ਹਰਿਗੋਬਿੰਦ ਜੀ ਨੇ ਉਥੇ ਵੱਸ ਕੇ ਸੁੱਖ ਪਾਇਆ। ਆਪਣੇ ਸੇਵਕਾਂ ਨੂੰ ਬਹੁਤ ਨਿਹਾਲ ਕੀਤਾ ਤੇ ਲੋਕ ਪ੍ਰਲੋਕ ਦਾ ਬਹੁਤ ਸੁੱਖ ਦਿੱਤਾ॥੪੫॥

*ਸੱਤਵੀਂ ਰਾਸ ਦਾ ਤੇਈਵਾਂ ਅਧਿਆਏ ਸਮਾਪਤ ਹੋਇਆ॥੨੩॥*

## ਅਧਿਆਇ ਚਵੀਵਾਂ

### ਰਾਇ ਜੋਧ

ਦੋਹਰਾ-ਪਸਰਜੋ ਦੇਸ਼ ਬਿਦੇਸ਼ ਮਹਿਂ 'ਰੂਪਾ' ਕੀਯੋ ਨਿਹਾਲ।
ਕਰੈਂ ਗਰੀਬ ਨਿਵਾਜ ਗੁਰੁ ਰਜ ਕਨ ਸੈਲ ਬਿਸਾਲ॥ ੧ ॥

ਦੇਸ਼ਾਂ ਵਿਦੇਸ਼ਾਂ ਵਿਚ ਇਹ ਖਬਰ ਫੈਲ ਗਈ ਕਿ ਗੁਰੂ ਜੀ ਨੇ 'ਰੂਪੇ' ਨੂੰ ਨਿਹਾਲ ਕੀਤਾ ਹੈ। ਗਰੀਬ ਨਿਵਾਜ ਗੁਰੂ ਜੀ ਧੂੜੀ ਦੇ ਕਿਣਕਿਆਂ ਨੂੰ ਪਹਾੜ ਬਣਾ ਦਿੰਦੇ ਹਨ॥੧॥

ਚੌਪਈ-ਰਿਸਹਿਂ ਸੈਲ ਕਨ ਧੂਲ ਕਰਾਵੈਂ। ਹੋਇ ਪ੍ਰਸੰਨ ਸੁਰੇਸ਼ ਬਨਾਵੈਂ।
ਸਰਬ ਸ਼ਕਤਿ ਧਰਿ ਸ੍ਰੀ ਗੁਰ ਦੇਵ। ਸੁਰ ਗਨ ਭੀ ਨ ਲਖਹਿਂ ਜਿਸ ਭੇਵ ॥੨ ॥

ਜੇ ਗੁੱਸੇ ਹੋ ਜਾਣ ਤਾਂ ਪਹਾੜ ਨੂੰ ਧੂੜੀ ਦਾ ਕਿਣਕਾ ਬਣਾ ਸਕਦੇ ਹਨ ਤੇ ਪ੍ਰਸੰਨ ਹੋ ਕੇ ਰਾਜਾ ਬਣਾ ਸਕਦੇ ਹਨ। ਸ੍ਰੀ ਗੁਰੂ ਜੀ ਨੇ ਸਰਬ ਸ਼ਕਤੀ ਧਾਰਨ ਕੀਤੀ ਹੋਈ ਹੈ, ਦੇਵਤੇ ਵੀ ਜਿਸ ਦਾ ਭੇਤ ਨਹੀਂ ਸਮਝ ਸਕਦੇ' ॥੨॥

ਨਿਕਟਿ ਬਸਹਿ ਕਾਂਗੜ ਪੁਰਿ ਭਾਰਾ। ਤਹਿਂ ਬਸਿ ਜੋਧ ਸ਼ਾਹੁ ਸਰਦਾਰਾ।
ਸੈਨ ਚਢਹਿ ਤਿਹ ਸਾਥ ਘਨੇਰੀ। ਅਧਿਕ ਸੂਰਮਾ ਮਾਰਤਿ ਬੈਰੀ॥ ੩ ॥

ਨੇੜੇ ਹੀ ਕਾਂਗੜ ਨਾਮੀ ਵੱਡਾ ਨਗਰ ਵੱਸਦਾ ਸੀ, ਉਥੇ ਰਾਇ ਜੋਧ ਨਾਮ ਵੱਡਾ ਸਰਦਾਰ ਰਹਿੰਦਾ ਸੀ। ਉਸਦੇ ਨਾਲ ਵੱਡੀ ਸੈਨਾ ਚੜ੍ਹਦੀ ਸੀ ਤੇ ਵੱਡਾ ਸੂਰਮਾ ਆਪਣੇ ਵੈਰੀਆਂ ਨੂੰ ਮਾਰਦਾ ਸੀ॥੩॥

ਮਿੱਠਾ ਮਹਿਰ ਬਡੋ ਤਿਨ ਕੇਰਾ। ਤਿਨਹੂੰ ਪਾਯਸ ਰਾਜ ਬਡੇਰਾ।
ਅਕਬਰ ਸ਼ਾਹੁ ਭਯੋ ਜਿਸ ਕਾਲਾ। ਚੱਕ੍ਰਵਰਤਿ ਕਿਯ ਰਾਜ ਬਿਸਾਲਾ ॥੪ ॥

ਮਿੱਠਾ ਮਹਿਰ ਉਨ੍ਹਾਂ ਦਾ ਵਡੇਰਾ ਸੀ, ਜਿਸ ਨੇ ਬਹੁਤ ਵੱਡਾ ਰਾਜ ਪਾਇਆ ਸੀ। ਜਿਸ ਸਮੇਂ ਬਾਦਸ਼ਾਹ ਅਕਬਰ ਹੋਇਆ ਤੇ ਉਸ ਨੇ ਚੱਕਰਵਰਤੀ ਰਾਜ ਸਥਾਪਤ ਕੀਤਾ ਸੀ॥੪॥

ਮਿੱਠੇ ਮਹਿਰ ਸੁਤਾ ਉਪਜਾਈ। ਬਹੁ ਸੁੰਦਰ ਕੁਛ ਕਹੀ ਨ ਜਾਈ।
ਸੁਨਿ ਅਕਬਰ ਸੋ ਜਾਚਨ ਕੀਨਿ। 'ਮੁਝ ਕੋ ਬਯਾਹੁ ਦੇਹੁ ਸ਼ੁਭ ਚੀਨਿ' ॥੫ ॥

ਮਿੱਠੇ ਮਹਿਰ ਦੇ ਘਰ ਇਕ ਪੁੱਤਰੀ ਨੇ ਜਨਮ ਲਿਆ, ਜਿਹੜੀ ਏਨੀ ਸੁੰਦਰ ਸੀ ਕਿ ਉਸ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ। ਇਹ ਸੁਣ ਕੇ ਅਕਬਰ ਨੇ ਉਸ ਪਾਸੋਂ ਪੁੱਤਰੀ ਮੰਗੀ ਤੇ ਕਿਹਾ, "ਸ਼ੁਭ ਸਮਝ ਕੇ ਮੇਰੇ ਨਾਲ ਵਿਆਹ ਦੇਵੋ"॥੫॥

ਸੁਨਿ ਕਰਿ ਮਿੱਠੇ ਮਹਿਰ ਬਿਚਾਰੀ। 'ਪਾਤਸ਼ਾਹੁ ਦੇਸ਼ਨ ਪਤਿ ਭਾਰੀ।
ਨਹਿਂ ਦੈਹੋਂ ਤਬਿ ਲੈ ਹੈ ਛੀਨ। ਨਹਿਂ ਕੁਛ ਬਸ ਬਸਾਇ ਹਮ ਦੀਨ'॥੬॥

ਇਹ ਸੁਣ ਕੇ ਮਿੱਠੇ ਮਹਿਰ ਨੇ ਵਿਚਾਰ ਕੀਤੀ, "ਬਾਦਸ਼ਾਹ ਬਹੁਤ ਦੇਸ਼ਾਂ ਦਾ ਮਾਲਕ ਹੈ, ਜੇ ਮੈਂ ਨਹੀਂ ਦੇਵਾਂਗਾ ਤਾਂ ਉਹ ਖੋਹ ਲਵੇਗਾ, ਮੇਰੇ ਗਰੀਬ ਦਾ ਫਿਰ ਕੋਈ ਵੱਸ ਨਹੀਂ ਚਲੇਗਾ" ॥੬॥

ਬਲੀ ਬਿਸਾਲ ਜਾਨਿ ਕਰਿ ਕਹਯੋ। 'ਜੇ ਮਮ ਤਨੁਜਾ ਬਯਾਹਨਿ ਚਹਯੋ।
ਤੌ ਘਰ ਆਵਹਿ ਦੂਲਹੁ ਹੋਇ। ਫੇਰੇ ਫਿਰਿ, ਲੇ ਗਮਨਹਿ ਸੋਇ'॥ ੭॥

ਵੱਡਾ ਬਲਵਾਨ ਜਾਣ ਕੇ ਕਿਹਾ, "ਜੇ ਮੇਰੀ ਪੁੱਤਰੀ ਨਾਲ ਵਿਆਹ ਕਰਨਾ ਚਾਹੁੰਦੇ ਹੋ ਤਾਂ ਲਾੜਾ ਬਣ ਕੇ ਮੇਰੇ ਘਰ ਆਵੇ ਤੇ ਫਿਰ ਫੇਰੇ ਲੈ ਕੇ ਚਲੇ ਜਾਵੇ" ॥੭॥

ਸੁਨਿ ਅਕਬਰ ਮਾਨਯੋ ਤਿਸ ਬੈਨ। ਬਨਿ ਦੂਲਹੁ ਗਮਨਯੋ ਤਬਿ ਐਨ।
ਮਿੱਠੇ ਕੀ ਦੁਹਿਤਾ ਕੋ ਬਯਾਹਿ। ਦਿਯੋ ਖਿਤਾਬ ਪ੍ਰਸੰਨ ਉਮਾਹਿ॥ ੮॥

ਅਕਬਰ ਨੇ ਸੁਣ ਕੇ ਉਸ ਦੇ ਬਚਨ ਮੰਨ ਲਏ ਤੇ ਲਾੜਾ ਬਣ ਕੇ ਉਸ ਦੇ ਘਰ ਚਲਾ ਗਿਆ। ਮਿੱਠੇ ਦੀ ਪੁੱਤਰੀ ਵਿਆਹ ਕੇ ਬਹੁਤ ਪ੍ਰਸੰਨ ਹੋ ਕੇ ਖਿਤਾਬ ਦਿੱਤਾ॥੮॥

ਨਿਕਟਿ ਗ੍ਰਾਮ ਗਨ ਸਗਰੇ ਦੀਨਿ। ਐਸ਼੍ਵਰਜ ਅਧਿਕ ਬਧਾਵਨਿ ਕੀਨਿ।
ਤਬਿ ਕੋ ਰਾਜ ਤਹਾਂ ਕੋ ਕਰੈ। ਬ੍ਰਿੰਦ ਬਾਹਿਨੀ ਸੰਗੈ ਚਰੈ॥ ੯॥

ਨੇੜੇ ਦੇ ਸਾਰੇ ਪਿੰਡ ਮਿੱਠੇ ਨੂੰ ਦੇ ਦਿੱਤੇ ਤੇ ਆਰਾਮ ਦਾ ਸਾਜ਼-ਸਾਮਾਨ ਬਹੁਤ ਵਧਾ ਦਿੱਤਾ। ਤਦ ਦੇ ਉਹ ਉਥੇ ਰਾਜ ਕਰਦੇ ਹਨ ਤੇ ਉਨ੍ਹਾਂ ਦੇ ਨਾਲ ਬਹੁਤ ਫੌਜ ਚੜ੍ਹਦੀ ਹੈ॥੯॥

ਮਿੱਠੇ ਮਹਿਰ ਪੁੱਤ੍ਰ ਉਪਜਾਯੋ। ਚੈਨ ਬੇਗ ਤਿਹ ਨਾਮ ਅਲਾਯੋ।
ਸੋ ਭੀ ਰਾਜ ਕਰਤਿ ਤਹਿਂ ਰਹਯੋ। ਗਨ ਗ੍ਰਾਮਨਿ ਤੇ ਧਨ ਕੋ ਲਹਯੋ॥ ੧੦॥

ਮਿੱਠੇ ਮਹਿਰ ਦੇ ਘਰ ਪੁੱਤਰ ਪੈਦਾ ਹੋਇਆ, ਜਿਸ ਦਾ ਨਾਮ ਚੈਨ ਬੇਗ ਰਖਿਆ। ਉਹ ਵੀ ਉਥੇ ਰਾਜ ਕਰਦਾ ਰਿਹਾ ਬਹੁਤ ਪਿੰਡਾਂ ਤੋਂ ਧਨ ਪ੍ਰਾਪਤ ਕਰਦਾ ਸੀ॥੧੦॥

ਚੈਨ ਬੇਗ ਕੇ ਸੁਤ ਜਨਮਯੋ। ਸ਼ਾਹ ਉਮਰ ਸੁ ਨਾਮ ਧਰਿ ਦਯੋ।
ਸੋ ਭੀ ਪਿਤਾ ਪਿਤਾਮੇ ਕੇਰਾ। ਸਰਬ ਸਮਾਜ ਸੰਭਾਰਿ ਬਡੇਰਾ॥ ੧੧॥

ਚੈਨ ਬੇਗ ਦੇ ਘਰ ਵੀ ਪੁੱਤਰ ਨੇ ਜਨਮ ਲਿਆ ਤੇ ਉਸ ਦਾ ਨਾਮ ਉਮਰ ਸ਼ਾਹ ਰੱਖ ਦਿੱਤਾ। ਉਸ ਨੇ ਵੀ ਪਿਤਾ ਪਿਤਾਮੇ ਵਾਂਗ ਸਾਰਾ ਸਾਜ਼-ਸਾਮਾਨ ਸੰਭਾਲ ਲਿਆ॥੧੧॥

ਸੁਤ ਭਾ ਉਮਰਸ਼ਾਹੁ ਕੇ ਧਾਮ। ਜੋਧਸ਼ਾਹੁ ਜੋਧਾ ਅਭਿਰਾਮ।
ਹੁਤੋ ਗੁਰੂ ਸਿਖ ਅਧਿਕ ਉਮਾਹਾ। ਤਿਸ ਕੀ ਸੁਤਾ ਸੰਗ ਇਹ ਬਯਾਹਾ॥੧੨॥

ਫਿਰ ਉਮਰ ਸ਼ਾਹ ਦੇ ਘਰ ਪੁੱਤਰ ਪੈਦਾ ਹੋਇਆ, ਉਹ ਜੋਧ ਸ਼ਾਹ ਭਾਰੀ ਯੋਧਾ ਸੀ। ਇਕ ਗੁਰੂ ਜੀ ਦਾ ਵੱਡਾ ਉਤਸ਼ਾਹੀ ਸਿੱਖ ਸੀ, ਉਸ ਦੀ ਪੁੱਤਰੀ ਨਾਲ ਇਹ ਵਿਆਇਆ ਹੋਇਆ ਸੀ॥੧੨॥

ਪਿਤਾ ਨਿਕਟਿ ਤੇ ਗੁਰਮਤਿ ਪਾਈ। ਗੁਰਸਿੱਖੀ ਕੋ ਧਰਤਿ ਸਦਾਈ।
ਸ਼੍ਰੀ ਹਰਿਗੋਵਿੰਦ ਕੋ ਆਗਵਨੂ। ਸੁਨਯੋ ਕਿਸੂ ਤੇ ਅਪਨੇ ਭਵਨੂ॥ ੧੩॥

ਰਾਏ ਜੋਧ ਦੀ ਪਤਨੀ ਨੇ ਪਿਤਾ ਜੀ ਪਾਸੋਂ ਗੁਰਮਤਿ ਪਾਈ ਸੀ ਤੇ ਸਦਾ ਹੀ ਗੁਰਸਿੱਖੀ ਨੂੰ ਉਸ ਧਾਰਨ ਕੀਤਾ। ਜਦ ਉਸ ਨੂੰ ਕਿਸੇ ਪਾਸੋਂ ਇਹ ਪਤਾ ਲੱਗਾ ਕਿ ਸ੍ਰੀ ਹਰਿਗੋਬਿੰਦ ਜੀ ਆਏ ਹਨ॥੧੩॥

ਕੰਤ ਜੋਧ ਕੋ ਮਹਿਮਾ ਕਹਿ ਕਹਿ। ਕਰਜੋ ਪ੍ਰਬੋਧਨ ਗੁਰ ਦਿਸ਼ਿ ਚਹਿ ਚਹਿ।
'ਭਯੋ ਨਿਕਟਿ ਆਗਵਨ ਅਚਾਨਕ। ਜੋ ਸਰੂਪ ਖਸ਼ਟਮ ਗੁਰ ਨਾਨਕ॥੧੪॥

ਤਾਂ ਉਸ ਆਪਣੇ ਪਤੀ ਪਾਸ ਗੁਰੂ ਜੀ ਦੀ ਮਹਿਮਾ ਕਹਿ-ਕਹਿ ਕੇ ਗੁਰੂ ਜੀ ਦੇ ਪਾਸੇ ਦਾ ਉਸ ਨੂੰ ਉਪਦੇਸ਼ ਦਿੱਤਾ ਤਾਂਕਿ ਉਸ ਵਿਚ ਗੁਰੂ ਬਾਰੇ ਚਾਹਤ ਜਾਗ ਪਵੇ। ਉਸ ਨੇ ਆਪਣੇ ਪਤੀ ਨੂੰ ਕਿਹਾ, "ਗੁਰੂ ਜੀ ਅਚਾਨਕ ਹੀ ਨੇੜੇ ਆ ਗਏ ਹਨ ਜਿਹੜੇ ਗੁਰੂ ਨਾਨਕ ਦੇਵ ਜੀ ਦੇ ਛੇਵੇਂ ਸਰੂਪ ਹਨ॥੧੪॥

ਜੇ ਕੁਛ ਭਾਗ ਉਦੈ ਤੁਵ ਮਾਥੇ। ਚਲਿ ਕਰਿ ਮਿਲਹੁ ਸਤਿਗੁਰੂ ਸਾਥੇ।
ਮਨ ਬਾਂਛਿਤ ਫਲ ਪਾਵਨ ਕਰੋ। ਪਿਖਿ ਕੈ ਸਿੱਖੀ ਧਾਰਨ ਕਰੋ॥੧੫॥

ਜੇ ਤੁਹਾਡੇ ਮੱਥੇ ਦੇ ਭਾਗ ਜਾਗੇ ਹਨ ਤਾਂ ਚਲ ਕੇ ਸਤਿਗੁਰੂ ਜੀ ਨੂੰ ਮਿਲੋ ਤੇ ਮਨ ਭਾਉਂਦਾ ਫਲ ਪ੍ਰਾਪਤ ਕਰੋ ਤੇ ਵੇਖ ਕੇ ਸਿੱਖੀ ਧਾਰਨ ਕਰੋ॥੧੫॥

ਦਾਤਾ ਹਲਤਿ ਪਲਤਿ ਸੁਖ ਕੇਰੇ। ਅਹੈਂ ਕਰੋਰਹੁੰ ਜਿਨ ਪਗ ਚੇਰੇ।
ਜੇ ਸੇਵਾ ਮਨ ਕਰਿ ਤਿਨ ਕਰੈਂ। ਬਹੁਰਨ ਚਿੰਤਾ ਕੁਛ ਉਰ ਧਰੈਂ॥੧੬॥

ਦਾਤਾ ਗੁਰੂ ਜੀ ਲੋਕ ਪਰਲੋਕ ਵਿਚ ਸੁੱਖ ਦਿੰਦੇ ਹਨ, ਜਿਨ੍ਹਾਂ ਦੇ ਚਰਨ ਕੰਵਲਾਂ ਦੇ ਕਰੋੜਾਂ ਚੇਲੇ ਹਨ। ਜੇ ਕੋਈ ਮਨ ਕਰਕੇ ਉਨ੍ਹਾਂ ਦੀ ਸੇਵਾ ਕਰਦਾ ਹੈ, ਫਿਰ ਉਹ ਮਨ ਵਿਚ ਕੋਈ ਵੀ ਚਿੰਤਾ ਧਾਰਨ ਨਹੀਂ ਕਰਦਾ ਹੈ" ॥੧੬॥

ਨਿਜ ਪਤਨੀ ਤੇ ਸੁਨਿ ਸੁਨਿ ਗਾਥ। ਚਾਹਿਤ ਭਯੋ ਮਿਲਿਨਿ ਗੁਰ ਸਾਥ।
ਆਛੀ ਕਰੀ ਉਪਾਇਨ ਤਯਾਰ। ਜ਼ੀਨ ਤੁਰੰਗਮ ਪਰ ਸ਼ਿੰਗਾਰ॥੧੭॥

ਆਪਣੀ ਪਤਨੀ ਪਾਸੋਂ ਗੁਰੂ ਜੀ ਦੀ ਗਾਥਾ ਸੁਣ-ਸੁਣ ਕੇ, ਰਾਇ ਜੋਧ ਵਿਚ ਗੁਰੂ ਜੀ ਨੂੰ ਮਿਲਣ ਦੀ ਚਾਹਤ ਪੈਦਾ ਹੋਈ। ਉਸ ਵਧੀਆ ਉਪਹਾਰ ਤਿਆਰ ਕਰਵਾਏ। ਘੋੜੇ ਨੂੰ ਸ਼ਿੰਗਾਰ ਕੇ ਕਾਠੀ ਪਵਾਈ॥੧੭॥

ਬਸਤ੍ਰ ਬਿਭੂਖਨ ਧਨ ਕੋ ਲੀਨਿ। ਚਲਜੋ ਮਿਲਿਨਿ ਸੰਗ ਸੈਨਾ ਕੀਨਿ।
ਦੁੰਦਭਿ ਕੋ ਬਜਵਾਵਤਿ ਆਯੋ। ਭ੍ਰਾਤ ਸਲੇਮਸ਼ਾਹ ਸੰਗ ਲਯਾਯੋ॥੧੮॥

ਵਸਤਰ, ਗਹਿਣੇ ਅਤੇ ਧਨ ਲਿਆ ਤੇ ਗੁਰੂ ਜੀ ਨੂੰ ਮਿਲਣ ਵਾਸਤੇ ਨਾਲ ਸੈਨਾ ਲੈ ਕੇ ਚਲ ਪਿਆ। ਨਗਾਰੇ ਵਜਾਉਂਦਾ ਆਇਆ ਤੇ ਆਪਣੇ ਭਰਾ ਸਲੇਮ ਸ਼ਾਹ ਨੂੰ ਨਾਲ ਲਿਆਇਆ॥੧੮॥

ਦਾਰਾ ਆਨਿ ਸਾਥ ਨਿਜ ਪਯਾਰੀ। ਪੂਰਬ ਹੀ ਗੁਰਮਤ ਜਿਨ ਧਾਰੀ।
ਸ੍ਰੀ ਹਰਿ ਗੋਬਿੰਦ ਨਿਕਟਿ ਪਠਾਯੋ। ਆਨਿ ਦੂਤ ਪਗ ਮਾਥ ਨਿਵਾਯੋ॥੧੯॥

ਆਪਣੀ ਪਿਆਰੀ ਪਤਨੀ ਨੂੰ ਵੀ ਨਾਲ ਲਿਆਇਆ, ਜਿਸ ਨੇ ਪਹਿਲਾਂ ਹੀ ਗੁਰਮਤਿ ਧਾਰਨ ਕੀਤੀ ਹੋਈ ਸੀ। ਉਸ ਇਕ ਦੂਤ ਨੂੰ ਸ੍ਰੀ ਹਰਿਗੋਬਿੰਦ ਜੀ ਪਾਸ ਭੇਜਿਆ ਤੇ ਦੂਤ ਨੇ ਆ ਕੇ ਚਰਨਾਂ ਤੇ ਮੱਥਾ ਟੇਕਿਆ॥੧੯॥

'ਜੋਧਸ਼ਾਹ ਆਯੋ ਮਹਾਰਾਜ!। ਇਕ ਰਾਵਰਿ ਦਰਸ਼ਨ ਕੇ ਕਾਜ।
ਜਬਿ ਆਇਸੁ ਕੋ ਕਰਹੁ ਗੁਸਾਈਂ!। ਆਨਿ ਲਗਹਿ ਤਬਿ ਪੰਕਜ ਪਾਈ' ॥੨੦॥

'ਹੇ ਮਹਾਰਾਜ! ਜੋਧ ਸ਼ਾਹ ਆਇਆ ਹੈ, ਉਹ ਆਪ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਹਨ। ਹੇ ਮਾਲਕ! ਜਦ ਤੁਸੀਂ ਆਗਿਆ ਕਰੋ ਤਾਂ ਉਹ ਆਪ ਜੀ ਦੇ ਚਰਨਾਂ ਨਾਲ ਆ ਲਗਣਗੇ' ॥੨੦॥

ਸੁਨਿ ਗੁਰ ਕਹਜੋ 'ਪ੍ਰਾਤਿ ਹੁਇ ਮੇਲਾ। ਕੇਤਿਕ ਲਸ਼ਕਰ ਸੰਗ ਸਕੇਲਾ?'।
ਦੂਤ ਬਤਾਵਨ ਕੀਨਿ ਤਦਾਈ। 'ਰਹੈਂ ਪੰਚ ਸੈ ਸੂਰ ਸਦਾਈ'॥ ੨੧॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਸਵੇਰੇ ਮੇਲ ਹੋ ਜਾਵੇਗਾ, ਕਿੰਨੀ ਸੈਨਾ ਨਾਲ ਲਿਆਇਆ ਹੈ?" ਤਦ ਦੂਤ ਨੇ ਦੱਸਿਆ "ਸਦਾ ਉਨ੍ਹਾਂ ਨਾਲ ਪੰਜ ਸੌ ਸੂਰਬੀਰ ਰਹਿੰਦੇ ਹਨ"॥੨੧॥

ਇਮ ਕਹਿ ਸੁਨਿ ਕਰਿ ਨਿਸਾ ਬਿਤਾਈ। ਹੋਤਿ ਪ੍ਰਾਤਿ ਗੁਰੁ ਸਭਾ ਲਗਾਈ।
ਸੁਭਟ ਮਸੰਦ ਬ੍ਰਿੰਦ ਥਿਤ ਪਾਸ। ਖਰੋ ਮੇਵਰੋ ਹਿਤ ਅਰਦਾਸ॥ ੨੨॥

ਇਸ ਤਰ੍ਹਾਂ ਕਹਿ ਸੁਣ ਕੇ ਗੁਰੂ ਜੀ ਨੇ ਰਾਤ ਬਤੀਤ ਕੀਤੀ, ਸਵੇਰ ਹੋਣ ਤੇ ਗੁਰੂ ਜੀ ਨੇ ਸਭਾ ਲਾਈ। ਬਹੁਤ ਸੂਰਬੀਰ ਅਤੇ ਮਸੰਦ ਪਾਸ ਬੈਠੇ ਸਨ ਤੇ ਅਰਦਾਸੀਆ ਅਰਦਾਸ ਕਰਨ ਵਾਸਤੇ ਖੜਾ ਸੀ॥੨੨॥

ਸ਼ਬਦ ਰਬਾਬੀ ਰਾਗ ਅਜਾਬ। ਬਜਤਿ ਮ੍ਰਿਦੰਗੈ ਸੰਗ ਰਬਾਬ।
ਚਮਰ ਚਾਰੁ ਢੋਰਤਿ ਚਹੁੰ ਓਰ। ਸਿੱਖ ਟੇਕਤਿ ਮਸਤਕ ਕਰ ਜੋਰਿ॥ ੨੩॥

ਰਬਾਬੀ ਰਾਗਾਂ ਵਿਚ ਸ਼ਬਦਾਂ ਦਾ ਗਾਇਣ ਕਰਦੇ ਸਨ ਅਤੇ ਰਬਾਬ ਦੇ ਨਾਲ ਮ੍ਰਿਦੰਗ ਵੀ ਵੱਜ ਰਹੀ ਸੀ। ਸੁੰਦਰ ਚੌਰ ਚਾਰੇ ਪਾਸੇ ਝੁਲ ਰਿਹਾ ਸੀ ਤੇ ਸਿੱਖ ਹੱਥ ਜੋੜ ਕੇ ਮੱਥਾ ਟੇਕਦੇ ਸਨ॥੨੩॥

ਸੂਰਜ ਮੁਖੀ ਬੀਜਨਾ ਫਿਰਿਹੀ। ਸਰਬ ਸਰੀਰਨ ਸ੍ਵੇਦ ਸੁ ਹਰਿਹੀ।
ਖਰੇ ਨਕੀਬ ਅਗਾਰੀ ਬੋਲਤਿ। ਅਰਪਤਿ ਲੋਕ ਅਗਾਰੀ ਦੌਲਤ॥ ੨੪॥

ਸੂਰਜ ਮੁਖੀ ਪੱਖਾ ਫਿਰ ਰਿਹਾ ਸੀ ਤੇ ਸਾਰੇ ਸਰੀਰਾਂ ਦਾ ਮੁੜ੍ਹਕਾ ਦੂਰ ਕਰ ਰਿਹਾ ਸੀ। ਨਕੀਬ ਖੜੇ ਬੋਲ ਰਹੇ ਸਨ ਤੇ ਲੋਕ ਆ ਕੇ ਗੁਰੂ ਜੀ ਅੱਗੇ ਧਨ ਅਰਪਣ ਕਰ ਰਹੇ ਸਨ॥੨੪॥

ਬਸਤ੍ਰ ਸ਼ਸਤ੍ਰ ਕੋ ਜੋਧ ਸਜਾਇ। ਸੰਗ ਲੀਏ ਜੋਧਾ ਸਮੁਦਾਇ।
ਅਰਪਨ ਹਿਤ ਅਕੋਰ ਕਰਿ ਆਗੇ। ਆਯੋ ਦਰਸ਼ਨ ਹਿਤ ਅਨੁਰਾਗੇ॥ ੨੫॥

ਰਾਏ ਜੋਧ ਨੇ ਵਸਤਰ ਸ਼ਸਤਰ ਸਜਾਇ ਤੇ ਆਪਣੇ ਨਾਲ ਯੋਧਿਆਂ ਦਾ ਸਮੂਹ ਲਿਆ ਤੇ ਗੁਰੂ ਜੀ ਅੱਗੇ ਉਪਹਾਰ ਅਰਪਣ ਕਰਨ ਲਈ ਅੱਗੇ ਕਰਕੇ ਬੜੇ ਪ੍ਰੇਮ ਨਾਲ ਦਰਸ਼ਨ ਕਰਨ ਵਾਸਤੇ ਆਇਆ॥੨੫॥

ਗੁਰ ਕੇ ਚਰਨ ਕਮਲ ਧਰਿ ਹਾਥ। ਹੋਇ ਨਿੰਮ੍ਰਿ ਪੁਨ ਟੇਕਜੋ ਮਾਥ।
'ਚਿਤ ਆਵਹਿ ਸਤਿਗੁਰ' ਗੁਰ ਕਹਜੋ। ਦੇਖਤਿ ਹੀ ਪ੍ਰਸੰਨ ਹ੍ਵੈ ਰਹਜੋ॥ ੨੬॥

ਗੁਰੂ ਜੀ ਦੇ ਚਰਨ ਕੰਵਲਾਂ ਉੱਤੇ ਹੱਥ ਧਰ ਕੇ ਸਨਿੰਮਰ ਹੋ ਕੇ ਮੱਥਾ ਟੇਕਿਆ। ਗੁਰੂ ਜੀ ਨੇ ਕਿਹਾ, "ਸਤਿਗੁਰੂ ਚਿੱਤ ਆਵੇ" ਵੇਖਦਿਆਂ ਹੀ ਪ੍ਰਸੰਨ ਹੋ ਗਿਆ॥੨੬॥

ਇਕ ਤੋ ਡੀਲ ਸ਼ਰੀਰ ਬਿਲੰਦ। ਜਰੇ ਜਰਾਉ ਬਿਭੂਖਨ ਬ੍ਰਿੰਦ।
ਕਮਲ ਪੱਤ੍ਰ ਸਮ ਆਯੁਤ ਲੋਚਨ। ਕ੍ਰਿਪਾ ਕਟਾਖਨਿ ਸੋਚ ਬਿਮੋਚਨ॥ ੨੭॥

ਇਕ ਤਾਂ ਗੁਰੂ ਜੀ ਦੇ ਸਰੀਰ ਦਾ ਡੀਲ-ਡੌਲ ਬਹੁਤ ਵੱਡਾ ਸੀ, ਦੂਸਰੇ ਉਨ੍ਹਾਂ ਹੀਰੇ ਜਵਾਹਰਾਤ ਨਾਲ ਜੜੇ ਬਹੁਤ ਸੋਨੇ ਦੇ ਗਹਿਣੇ ਪਹਿਣੇ ਹੋਏ ਸਨ। ਕਮਲ ਦੇ ਪੱਤਿਆਂ ਵਾਂਗ ਚੌੜੇ ਨੈਣ ਸਨ, ਜਿਨ੍ਹਾਂ ਨਾਲ ਕ੍ਰਿਪਾ-ਦ੍ਰਿਸ਼ਟੀ ਕਰਕੇ ਹਰ ਪ੍ਰਕਾਰ ਦੀਆਂ ਸੋਚਾਂ ਤੋਂ ਅਜ਼ਾਦ ਕਰ ਦਿੰਦੇ ਸਨ॥੨੭॥

ਸਤਿਗੁਰ ਬੂਝੀ ਕੁਸ਼ਲ ਬਤਾਈ। ਪੁਨ ਸ਼ਸਤ੍ਰਨ ਕੀ ਬਾਤ ਚਲਾਈ।
ਬਹੁਰ ਜੁੱਧ ਕੋ ਚਲਜੋ ਪ੍ਰਸੰਗ। ਜੈਸੇ ਭਏ ਸ਼ਾਹੁ ਕੇ ਸੰਗਿ॥ ੨੮॥

ਸਤਿਗੁਰੂ ਜੀ ਨੇ ਸੁਖ-ਸਾਂਦ ਪੁੱਛੀ ਅਤੇ ਦੱਸੀ ਫਿਰ ਸ਼ਸਤਰਾਂ ਦੀ ਗੱਲ ਚਲਾਈ, ਫਿਰ ਯੁੱਧ ਦਾ ਪ੍ਰਸੰਗ ਚਲਿਆ, ਜਿਵੇਂ ਬਾਦਸ਼ਾਹ ਨਾਲ ਜੰਗ ਹੋਈ ਸੀ॥੨੮॥

ਇੱਤਜਾਦਿਕ ਬਹੁ ਬਾਕ ਬਿਲਾਸ। ਕਰਤਿ ਰਹੇ ਬਿੱਦਜਾ ਅੱਭਜਾਸ।
ਘਰੀ ਦੋਇ ਬੈਠਜੋ ਪੁਨ ਗਯੋ। ਗੁਰ ਕੇ ਭਟ ਹਯ ਦੇਖਤਿ ਭਯੋ॥ ੨੯॥

ਇਤਿਆਦਿ ਬਹੁਤ ਬਚਨ ਬਿਲਾਸ ਹੋਏ ਤੇ ਵਿੱਦਿਆ ਤੇ ਚਰਚਾ ਕਰਦੇ ਰਹੇ। ਦੋ ਘੜੀਆਂ ਬੈਠ ਕੇ ਫਿਰ ਚਲੇ ਗਿਆ, ਗੁਰੂ ਜੀ ਦੇ ਸੂਰਮਿਆਂ ਅਤੇ ਘੋੜਿਆਂ ਨੂੰ ਦੇਖ ਰਿਹਾ ਸੀ॥੨੯॥

ਲਰਨ ਉਚਿਤ ਆਛੇ ਸਭਿ ਹੇਰੇ। ਭਯੋ ਅਨੰਦ ਜੋਧ ਤਿਸ ਬੇਰੇ।
ਨਿਜ ਡੇਰੇ ਮਹਿਂ ਪਹੁੰਚਜੋ ਜਾਈ। ਲਗੀ ਲਗਨ ਗੁਰ ਕੀ ਸੁਖਦਾਈ॥ ੩੦॥

ਜੰਗ ਵਿਚ ਲੜਨ ਵਾਸਤੇ ਸੂਰਮਿਆਂ ਅਤੇ ਘੋੜਿਆਂ ਨੂੰ ਭਲੀ ਪ੍ਰਕਾਰ ਉਚਿਤ ਜਾਣਿਆ, ਤੇ ਉਸ ਸਮੇਂ ਰਾਇ ਜੋਧ ਅਨੰਦ ਨਾਲ ਭਰ ਗਿਆ। ਫਿਰ ਆਪਣੇ ਡੇਰੇ ਵਿਖੇ ਪਹੁੰਚ ਗਿਆ, ਗੁਰੂ ਜੀ ਨਾਲ ਸੁਖਦਾਇਕ ਲਗਨ ਲੱਗ ਗਈ॥੩੦॥

ਸਮੈਂ ਇਕੰਤ ਪਾਇ ਤਿਸ ਦਾਰਾ। ਆਨਿ ਗੁਰੂ ਕੋ ਦਰਸ ਨਿਹਾਰਾ।
'ਮੈਂ ਤੁਮਰੇ ਸਿਖ ਕੀ ਹੌਂ ਤਨਿਯਾ। ਗੁਰੂ ਮਹਾਤਮ ਦੀਰਘ ਸੁਨਿਯਾ॥ ੩੧॥

ਉਸ ਦੀ ਪਤਨੀ ਨੇ ਜਦ ਇਕਾਂਤ ਸਮਾਂ ਪਾਇਆ ਤਾਂ ਆ ਕੇ ਗੁਰੂ ਜੀ ਦੇ ਦਰਸ਼ਨ ਕੀਤੇ ਤੇ ਬੋਲੀ, "ਮੈਂ ਤੁਹਾਡੇ ਸਿੱਖ ਦੀ ਪੁੱਤਰੀ ਹਾਂ, ਗੁਰੂ ਜੀ ਦਾ ਵੱਡਾ ਮਹਾਤਮ ਸੁਣਿਆ ਹੈ॥੩੧॥

ਮਨ ਬਾਂਛਤਿ ਹੀ ਕੇਤਿਕ ਬਾਰ। ਮਮ ਪਿਤ ਪਾਯਹੁ ਗੁਰ ਦਰਬਾਰ।
ਰਾਵਰਿ ਪਿਤਾ ਨਿਕਟਿ ਸੋ ਜਾਇ। ਚਿਰੰਕਾਲ ਕੇ ਸਿਖ ਸੁਖ ਪਾਇ॥ ੩੨॥

ਮੇਰੇ ਪਿਤਾ ਜੀ ਨੇ ਕਈ ਵਾਰ ਮਨ ਦੀ ਇੱਛਾ ਅਨੁਸਾਰ ਗੁਰੂ ਦਰਬਾਰ ਦੇ ਦਰਸ਼ਨ ਕੀਤੇ ਹਨ। ਆਪ ਜੀ ਦੇ ਪਿਤਾ ਜੀ ਦੇ ਪਾਸ ਜਾ ਕੇ ਬੜੇ ਚਿਰਾਂ ਤੋਂ ਉਨ੍ਹਾਂ ਦੇ ਸਿੱਖ ਹੋ ਕੇ ਆਪ ਦੇ ਦਰੋਂ ਸੁਖ ਪਾ ਰਹੇ ਹਾਂ॥੩੨॥

ਨਹਿਂ ਸਸੁਰਾਰ ਹੁਤੇ ਸਿਖ ਗੁਰ ਕੇ। ਬਾਰ ਬਾਰ ਗੁਰ ਗੁਨ ਕਹਿ ਕਰਿ ਕੇ।
ਆਨਿ ਆਪ ਕੇ ਪਗ ਦਰਸਾਏ। ਕਰਹੁ ਸਿੱਖ ਅਬਿ ਇਹ ਸਮੁਝਾਏ' ॥ ੩੩॥

ਮੇਰੇ ਸਹੁਰੇ ਗੁਰੂ ਜੀ ਦੇ ਸਿੱਖ ਨਹੀਂ ਹਨ, ਮੈਂ ਬਾਰ-ਬਾਰ ਗੁਰੂ ਜੀ ਦੇ ਗੁਣ ਕਹਿ-ਕਹਿ ਕੇ ਉਨ੍ਹਾਂ ਨੂੰ ਲਿਆ ਕੇ ਆਪ ਜੀ ਦੇ ਚਰਨਾਂ ਦੇ ਦਰਸ਼ਨ ਕਰਵਾਏ ਹਨ, ਇਨ੍ਹਾਂ ਨੂੰ ਉਪਦੇਸ਼ ਦੇ ਕੇ ਹੁਣ ਗੁਰੂ ਜੀ ਦੇ ਸਿੱਖ ਬਣਾਓ" ॥੩੩॥

ਸੁਨਿ ਸਤਿਗੁਰੂ ਖੁਸ਼ੀ ਬਹੁ ਕਰਿਕੈ। ਦੀਨਸਿ ਬਰ ਬਚ ਮ੍ਰਿਦੁਲ ਉਚਰਿਕੈ।
'ਤੋਹਿ ਬੰਸ ਬਡ ਸਿੱਖੀ ਪਾਵੈ। ਵਧਹਿ ਜਗਤ ਮਹਿਂ ਬਹੁ ਬਿਦਤਾਵੈ॥ ੩੪॥

ਇਹ ਸੁਣ ਕੇ ਸਤਿਗੁਰੂ ਜੀ ਨੇ ਬੜੀ ਖੁਸ਼ੀ ਕਰਕੇ ਮਿੱਠੇ ਬਚਨ ਉਚਾਰਨ ਕਰਕੇ ਵਰ ਦਿੱਤਾ, "ਤੇਰਾ ਵੰਸ਼ ਵੱਡੀ ਸਿੱਖੀ ਪਾਵੇਗਾ, ਉਨ੍ਹਾਂ ਦਾ ਜਗਤ ਵਿਚ ਬਹੁਤ ਵਾਧਾ ਹੋਵੇਗਾ ਤੇ ਬਹੁਤ ਮਸ਼ਹੂਰ ਹੋਣਗੇ॥੩੪॥

ਦਸਮ ਰੂਪ ਮੇਰੋ ਜਬਿ ਹੋਇ। ਤੁਵ ਪਰਪੋਤ੍ਰ ਗੁਰ ਸਿਖ ਜੋਇ।
ਲੇ ਆਵਹਿੰਗੇ ਸਦਨ ਮਝਾਰੇ। ਸੇਵਾ ਕਰਿ ਹੈਂ ਸੰਝ ਸਕਾਰੇ॥ ੩੫॥

ਜਦ ਮੇਰਾ ਦਸਵਾਂ ਰੂਪ ਹੋਵੇਗਾ ਤਾਂ ਤੇਰੇ ਪੜਪੋਤੇ, ਜਿਹੜੇ ਗੁਰਸਿੱਖ ਹੋਣਗੇ, ਉਹ ਉਨ੍ਹਾਂ ਨੂੰ ਆਪਣੇ ਘਰ ਵਿਚ ਲੈ ਆਉਣਗੇ ਤੇ ਸ਼ਾਮ ਸਵੇਰੇ ਸੇਵਾ ਕਰਨਗੇ॥੩੫॥

ਤਬਿ ਮੈਂ ਤੁਮਰੋ ਬੰਸ ਉਧਾਰੋਂ। ਬਹੁ ਬਡਿਆਈ ਦੇਸ਼ ਬਿਥਾਰੋਂ'।
ਸੁਨਿ ਕਰਿ ਰਿਦੇ ਅਨੰਦਤਿ ਹੋਈ। ਨਮੋ ਕੀਨਿ ਪਗ ਪੰਕਜ ਦੋਈ॥ ੩੬॥

ਤਦ ਮੈਂ ਤੁਹਾਡੇ ਵੰਸ਼ ਦਾ ਉਧਾਰ ਕਰ ਦੇਵਾਂਗਾ ਤੇ ਤੁਹਾਡੀ ਬਹੁਤ ਵਡਿਆਈ ਵਿਸਤ੍ਰਿਤ ਕਰਾਂਗਾ।'' ਇਹ ਸੁਣ ਕੇ ਰਾਇ ਜੋਧ ਦੀ ਪਤਨੀ ਬਹੁਤ ਪ੍ਰਸੰਨ ਹੋਈ ਤੇ ਦੋਹਾਂ ਚਰਨ ਕੰਵਲਾਂ ਤੇ ਨਮਸਕਾਰ ਕੀਤੀ॥੩੬॥

ਕੇਤਿਕ ਦਿਨ ਰਹਿ ਕਰਿ ਗੁਰ ਪਾਸ। ਪਤਿ ਕੋ ਤਜਿ ਪੁਨ ਗਈ ਅਵਾਸ।
ਰਹਜੋ ਜੋਧ, ਗੁਰੂ ਢਿਗ ਨਿਤ ਆਵੈ। ਅਨਿਕ ਪ੍ਰਸੰਗਨ ਸੁਨਹਿ ਸੁਨਾਵੈਂ॥ ੩੭॥

ਕਈ ਦਿਨ ਗੁਰੂ ਜੀ ਪਾਸ ਰਹਿ ਕੇ, ਫਿਰ ਆਪਣੇ ਪਤੀ ਦੇਵ ਨੂੰ ਉਥੇ ਹੀ ਛੱਡ ਕੇ ਆਪਣੇ ਘਰ ਨੂੰ ਚਲੇ ਗਈ। ਰਾਇ ਜੋਧ ਨਿਤ ਗੁਰੂ ਜੀ ਪਾਸ ਆਉਂਦਾ ਰਹਿੰਦਾ ਸੀ ਤੇ ਅਨੇਕ ਪ੍ਰਸੰਗ ਸੁਣਦਾ ਤੇ ਸੁਣਾਉਂਦਾ ਸੀ॥੩੭॥

ਪੁਰਸ਼ਾਰਥ ਸੁਨਿ ਸੁਭਟਨ ਕੇਰੇ। 'ਮਾਰਜੋ ਲਸ਼ਕਰ ਸ਼ਾਹੁ ਘਨੇਰੇ।
ਸਪਤ ਹਜ਼ਾਰ ਸੁਧਾਸਰ ਮਾਰੇ। ਗਏ ਭਗੈਲ ਬਚੇ ਰਣ ਹਾਰੇ॥ ੩੮॥

ਸੂਰਬੀਰ ਗੁਰੂ ਜੀ ਦਾ ਪੁਰਸ਼ਾਰਥ ਸੁਣਿਆ, ''ਬਾਦਸ਼ਾਹ ਦੇ ਵੱਡੇ ਲਸ਼ਕਰਾਂ ਨੂੰ ਮਾਰਿਆ। ਸਤ ਹਜ਼ਾਰ ਅੰਮ੍ਰਿਤਸਰ ਵਿਖੇ ਮਾਰੇ, ਜਿਹੜੇ ਰਣਖੇਤਰ ਵਿਚ ਹਾਰ ਕੇ ਬਚ ਗਏ ਸਨ, ਉਹ ਭੱਜ ਗਏ॥੩੮॥

ਦਸ ਅਰੁ ਪੰਚ ਹਜ਼ਾਰ ਬਹੋਰੀ। ਰਿਸ ਕਰਿ ਚਢਿ ਆਏ ਹਮ ਓਰੀ।
ਤਹਾਂ ਖੇਤ ਐਸੋ ਕੁਛ ਭਯੋ। ਭਾਜਯੋ ਬਚਯੋ, ਅਰਯੋ ਮਰਿ ਗਯੋ॥ ੩੯॥

ਬਾਅਦ ਵਿਚ ਪੰਦਰ੍ਹਾਂ ਹਜ਼ਾਰ, ਬੜਾ ਕ੍ਰੋਧ ਧਾਰ ਕੇ ਸਾਡੇ ਉਤੇ ਚੜ੍ਹਾਈ ਕਰਕੇ ਆ ਗਏ, ਉਥੇ ਜੰਗ ਕੁਝ ਇਸ ਪ੍ਰਕਾਰ ਹੋਇਆ ਕਿ ਜਿਹੜਾ ਭੱਜ ਗਿਆ ਉਹ ਬਚ ਗਿਆ, ਜਿਹੜਾ ਅੜਿਆ ਉਹ ਮਾਰਿਆ ਗਿਆ'॥੩੯॥

ਜੋਧਸ਼ਾਹੁ ਸੁਨਿ ਬੀਰ ਬਿਸਾਲਾ। ਕਹੈ 'ਜਿ ਮੈਂ ਹੋਵਤਿ ਤਿਸ ਕਾਲਾ।
ਤੁਮ ਬਲ ਤੇ ਘਮਸਾਨ ਘਨੇਰਾ। ਰਚਿ ਸੰਘਰ ਕੋ ਕਰਤਿ ਨਿਬੇਰਾ॥ ੪੦॥

ਜੋਧ ਸ਼ਾਹ ਜਿਹੜਾ ਆਪ ਵੱਡਾ ਸੂਰਬੀਰ ਸੀ, ਇਹ ਸੁਣ ਕੇ ਬੋਲਿਆ, ''ਜੇ ਮੈਂ ਉਸ ਸਮੇਂ ਹੁੰਦਾ ਤਾਂ ਤੁਹਾਡੇ ਬਲ ਨਾਲ ਵੱਡਾ ਘਮਸਾਣ ਕਰਦਾ ਤੇ ਸੰਘਰਸ਼ ਕਰਕੇ ਨਬੇੜਾ ਕਰ ਦਿੰਦਾ॥੪੦॥

ਤੁਮ ਸਮਤਾ ਕੋ ਕਰਹਿ ਨ ਕੋਈ। ਸੇਵਤਿ ਮੈਂ ਜੇਤੋ ਬਲ ਹੋਈ'।
ਸ੍ਰੀ ਹਰਿਗੋਬਿੰਦ ਚੰਦ ਬਖਾਨਾ। 'ਜੋਧਸ਼ਾਹੁ ! ਤੂੰ ਜੋਧ ਮਹਾਨਾ॥ ੪੧॥

ਤੁਹਾਡੀ ਕੋਈ ਬਰਾਬਰੀ ਨਹੀਂ ਕਰ ਸਕਦਾ, ਮੇਰੇ ਵਿਚ ਜਿੰਨਾ ਬਲ ਹੈ ਮੈਂ ਸੇਵਾ ਕਰਾਂਗਾ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਕਿਹਾ, ''ਹੇ ਜੋਧ ਸ਼ਾਹ ! ਤੂੰ ਮਹਾਨ ਯੋਧਾ ਹੈਂ॥੪੧॥

ਹਮਰੋ ਕਾਰ ਪਰਹਿ ਜਬਿ ਆਈ। ਉਚਿਤ ਤੋਹਿ ਕੋ ਹੋਨਿ ਸਹਾਈ।
ਤੁਰਕ ਸ਼ੱਤ੍ਰ ਹਤਿਬੇ ਕੇ ਜੋਗ। ਰਾਜ ਤੇਜ ਇਨ ਸਭਿ ਛੈ ਹੋਗ॥ ੪੨॥

ਸਾਨੂੰ ਜਦ ਕੋਈ ਕਾਰਜ ਆ ਪਵੇ ਤਾਂ ਤੁਹਾਡੇ ਵਾਸਤੇ ਉਚਿਤ ਬਣਦਾ ਹੈ ਕਿ ਸਾਡੀ ਸਹਾਇਤਾ ਕਰੇ। ਤੁਰਕ ਵੈਰੀ ਮਾਰਨ ਦੇ ਯੋਗ ਹੈ, ਇਨ੍ਹਾਂ ਦੇ ਰਾਜ ਦੇ ਤੇਜ ਦਾ ਖ਼ਾਤਮਾ ਹੋ ਜਾਵੇਗਾ॥੪੨॥

ਗੁਰੂ ਪੀਰ ਕੋ ਲੱਖਹਿਂ ਨ ਮੂੜੇ। ਛਿਤ ਛੀਨੈਂ ਕਰਿ ਤੁਰਕਨ ਕੂੜੇ।
ਸਨੇ ਸਨੇ ਮਮ ਸਿਖ ਹ੍ਵੈਂ ਰਾਜੇ। ਰਚਹਿਂ ਜੰਗ, ਰਿਪੁ ਬਚਹਿਂ ਜੁ ਭਾਜੇ॥ ੪੩॥

ਮੂਰਖ ਗੁਰੂ ਪੀਰ ਨੂੰ ਸਮਝਦੇ ਨਹੀਂ ਹਨ, ਤੁਰਕਾਂ ਦਾ ਨਾਸ ਕਰਕੇ ਧਰਤੀ ਖੇਹ ਲਵਾਂਗਾ। ਹੌਲੀ-ਹੌਲੀ ਮੇਰੇ ਸਿੱਖ ਰਾਜੇ ਬਣ ਜਾਣਗੇ। ਜੰਗ ਕਰਨਗੇ, ਦੁਸ਼ਮਣ ਉਹੀ ਬਚੇਗਾ ਜਿਹੜਾ ਭੱਜ ਜਾਵੇਗਾ''॥੪੩॥

**ਜੋਧਸ਼ਾਹੁ ਸੁਨਿ ਬਚ ਸਨਮਾਨੇ। 'ਰਾਵਰਿ ਕਹਿਬੋ ਹੈ ਫਲ ਦਾਨੇ।**
**ਚਹਹੁ ਮਸ਼ਕ ਤੇ ਗਰੁੜ ਬਨਾਵਹੁ। ਸੈਲ ਬਡੇ ਕੋ ਗਰਦ ਮਿਲਾਵਹੁ॥ ੪੪॥**

ਜੋਧ ਸ਼ਾਹ ਨੇ ਸੁਣ ਸਨਮਾਨ ਵਾਲੇ ਬਚਨ ਕਹੇ, ''ਜੋ ਵੀ ਆਪ ਜੀ ਕਹਿੰਦੇ ਹੋ, ਉਹ ਜ਼ਰੂਰ ਫਲਦਾਇਕ ਹੋਵੇਗਾ, ਤੁਸੀਂ ਜੇ ਚਾਹੋ ਤਾਂ ਮੱਛਰ ਨੂੰ ਗਰੁੜ ਬਣਾ ਸਕਦੇ ਹੋ ਤੇ ਵੱਡੇ ਪਹਾੜ ਨੂੰ ਮਿੱਟੀ ਵਿਚ ਮਿਲਾ ਸਕਦੇ ਹੋ॥੪੪॥

**ਜੰਬੁਕ ਕੋ ਕੇਹਰਿ ਕਰਿ ਦੈਹੋ। ਬਡ ਮਤੰਗ ਢਿਗ ਕੀਟ ਹਤੈ ਹੋ।**
**ਕਰਹੁ ਬਸਾਵਨ ਬਸੇ ਉਜਾਰਹੁ। ਕਹਨ ਮਾਤ੍ਰ ਤੇ ਸਰਬ ਸੁਧਾਰਹੁ॥ ੪੫॥**

ਗਿੱਦੜ ਨੂੰ ਸ਼ੇਰ ਬਣਾ ਸਕਦੇ ਹੋ ਤੇ ਵੱਡੇ ਹਾਥੀ ਨੂੰ ਇਕ ਕੀੜੀ ਪਾਸੋਂ ਮਰਵਾ ਸਕਦੇ ਹੋ। ਉਜੜਿਆਂ ਨੂੰ ਵਸਾ ਸਕਦੇ ਹੋ ਤੇ ਵਸਦਿਆਂ ਨੂੰ ਉਜਾੜਨਯੋਗ ਹੋ, ਕੇਵਲ ਕਹਿਣ ਨਾਲ ਸਭ ਕੁਝ ਸੁਧਾਰ ਸਕਦੇ ਹੋ''॥੪੫॥

**ਇੱਤਜਾਦਿਕ ਨਿਤ ਚਲਹਿਂ ਪ੍ਰਸੰਗ। ਸੈਨਾ ਸਹਤ ਚਹਤਿ ਬਡ ਜੰਗ।**
**ਰਹਜੋ ਗੁਰੂ ਢਿਗ-ਡੇਰਾ ਪਾਇ। ਪਰਮ ਪ੍ਰੀਤ ਤੇ ਨਹਿਂ ਬਿਛੁਰਾਇ॥ ੪੬॥**

ਇਤਿਆਦਿ ਨਿਤ ਪ੍ਰਸੰਗ ਚਲਦੇ ਸਨ, ਸੈਨਾ ਸਹਿਤ ਵੱਡੀ ਜੰਗ ਚਾਹੁੰਦੇ ਸਨ। ਆਪਣਾ ਡੇਰਾ ਬਣਾ ਕੇ ਉਹ ਗੁਰੂ ਜੀ ਪਾਸ ਰਿਹਾ, ਪਰਮ ਪ੍ਰੀਤ ਕਰਕੇ ਵਿਛੜਨਾ ਨਹੀਂ ਸੀ ਚਾਹੁੰਦਾ॥੪੬॥

*ਸੱਤਵੀਂ ਰਾਸ ਦਾ ਚੌਵੀਵਾਂ ਅਧਿਆਇ ਸਮਾਪਤ ਹੋਇਆ॥੨੪॥*

## ਅਧਿਆਇ ਪੰਝੀਵਾਂ

*ਮਸੰਦ ਬਖਤ ਮਲ ਤਾਰਾ ਚੰਦ*

**ਦੋਹਰਾ-ਕੇਤਿਕ ਦਿਵਸ ਬਿਤੀਤ ਭੇ ਤਹਾਂ ਸਿਵਰ ਕੋ ਘਾਲਿ।**
**ਦੇਸ਼ ਬਿਦੇਸ਼ਨ ਸੰਗਤਾਂ ਸੁਨਿ ਇਤ ਪਹੁੰਚਹਿਂ ਚਾਲਿ॥ ੧॥**

ਉਥੇ ਡੇਰਾ ਰੱਖ ਕੇ ਕਈ ਦਿਨ ਬਤੀਤ ਕੀਤੇ, ਇਸ ਟਿਕਾਣੇ ਬਾਰੇ ਸੁਣ ਕੇ ਦੇਸ਼ਾਂ ਵਿਦੇਸ਼ਾਂ ਤੋਂ ਸੰਗਤਾਂ ਪਹੁੰਚ ਗਈਆਂ॥੧॥

**ਚੌਪਈ- ਅਨਗਨ ਸਿੱਖਨਿ ਕੀ ਬਹੁ ਭੀਰ। ਇਕ ਪਹੁੰਚਤਿ ਹੈਂ ਪਾਇ ਬਹੀਰ।**
**ਏਕ ਬਿਸਰਜਨ ਹੋਤਿ ਪਯਾਨੈਂ। ਚਲਤਿ ਪੰਥ ਗੁਰ ਸੁਜਸੁ ਬਖਾਨੈਂ॥੨॥**

ਅਣਗਿਣਤ ਸਿੱਖਾਂ ਦੀ ਬਹੁਤ ਭੀੜ ਲੱਗੀ ਹੋਈ ਸੀ। ਕਈ ਵਹੀਰਾਂ ਘੱਤ ਕੇ ਪਹੁੰਚ ਰਹੇ ਸਨ। ਕਈ ਵਿਦਾਇਗੀ ਲੈ ਕੇ ਚਲੇ ਜਾਂਦੇ ਸਨ ਤੇ ਰਾਹ ਵਿਚ ਜਾਂਦੇ ਗੁਰੂ ਜੀ ਦਾ ਜੱਸ ਗਾਉਂਦੇ ਸਨ॥੨॥

**ਧਨ ਸਮੁਦਾਇ ਚਲਜੋ ਨਿਤ ਆਵੈ। ਸ਼ਸਤ੍ਰ ਤੁਰੰਗ ਅਨਿਕ ਅਰਪਾਵੈਂ।**
**ਬਸਤ੍ਰ ਅਜਾਇਬ ਆਇਂ ਅਪੂਰਬ। ਉੱਤਰ, ਪਸ਼ਚਮ, ਦੱਖਨ, ਪੂਰਬ॥੩॥**

ਬਹੁਤ ਧਨ ਨਿਤ ਚਲਿਆ ਆ ਰਿਹਾ ਸੀ, ਸ਼ਸਤਰ ਘੋੜੇ ਬਹੁਤ ਅਰਪਣ ਕਰਦੇ ਸਨ, ਅਨੋਖੇ ਬਸਤਰ ਆਉਂਦੇ ਸਨ। ਉੱਤਰ, ਪੱਛਮ ਦੱਖਣ ਅਤੇ ਪੂਰਬ ਸਭ ਪਾਸਿਆਂ ਤੋਂ ਸੰਗਤਾਂ ਆ ਰਹੀਆਂ ਸਨ॥੩॥

ਸੰਗਤਿ ਚਲਿ ਕਾਬਲ ਤੇ ਆਈ। ਜਿਸ ਮਹਿਂ ਧਨੀ ਮਨੁਜ ਸਮੁਦਾਈ।
ਤਿਨ ਮਹਿਂ ਦੋਇ ਮਸੰਦ ਬਿਲੰਦ। ਨਾਮ ਬਖਤ ਮਲ, ਤਾਰਾ ਚੰਦ॥ ੪ ॥

ਸੰਗਤ ਚਲ ਕੇ ਕਾਬਲ ਤੋਂ ਆਈ, ਜਿਸ ਵਿਚ ਬਹੁਤ ਧਨੀ ਮਨੁੱਖ ਇਕੱਠੇ ਹੋਏ ਸਨ। ਉਨ੍ਹਾਂ ਵਿਚ ਦੋ ਮਸੰਦ ਬਹੁਤ ਅਮੀਰ ਸਨ, ਉਨ੍ਹਾਂ ਦੇ ਨਾਂ ਬਖਤ ਮਲ ਅਤੇ ਤਾਰਾ ਚੰਦ ਸੀ॥੪॥

ਪ੍ਰਥਮ ਸਿਵਰ ਕਰਿ ਕੈ ਸ਼ੁਭ ਥਾਨ। ਕਰ ਪਦ ਬਦਨ ਪਖਾਰੇ ਪਾਨ।
ਨਿਜ ਨਿਜ ਭੇਟ ਲੀਏ ਕਰ ਨੀਕੀ। ਕਰਨਿ ਭਾਵਨਾ ਪੂਰਨ ਜੀ ਕੀ॥ ੫ ॥

ਪਹਿਲਾਂ ਉਨ੍ਹਾਂ ਨੇ ਸ਼ੁਭ ਸਥਾਨ ਤੇ ਆਪਣਾ ਡੇਰਾ ਕੀਤਾ, ਫਿਰ ਪਾਣੀ ਲੈ ਕੇ ਹੱਥ ਪੈਰ ਅਤੇ ਮੂੰਹ ਧੋਤਾ। ਆਪਣੀਆਂ ਆਪਣੀਆਂ ਚੰਗੀਆਂ ਭੇਟਾਵਾਂ ਲੈ ਕੇ, ਆਪਣੇ ਜੀਅ ਦੀ ਭਾਵਨਾ ਪੂਰੀ ਕਰਨ ਵਾਸਤੇ ਆਏ॥੫॥

ਸਤਿਗੁਰ ਕੇ ਦਰਸ਼ਨ ਕੌ ਚਾਲੇ। ਜਿਸ ਹਿਤ ਗਮਨੇ ਪੰਥ ਬਿਸਾਲੇ।
ਸ਼੍ਰੀ ਹਰਿਗੋਵਿੰਦ ਸਭਾ ਲਗਾਏ। ਜਨੁ ਉਡਗਨ ਮਹਿਂ ਚੰਦ ਸੁਹਾਏ॥ ੬ ॥

ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਚਲ ਪਏ, ਜਿਸ ਵਾਸਤੇ ਉਨ੍ਹਾਂ ਬਹੁਤ ਲੰਮਾ ਪੈਂਡਾ ਤਹਿ ਕੀਤਾ ਸੀ। ਸ੍ਰੀ ਹਰਿਗੋਬਿੰਦ ਜੀ ਸਭਾ ਲਾ ਕੇ ਬੈਠੇ ਸਨ, ਜਿਵੇਂ ਤਾਰਿਆਂ ਵਿਚ ਚੰਦ ਸ਼ੋਭ ਰਿਹਾ ਹੋਵੇ॥੬॥

ਸਿੱਖ ਸੁਰਨਿ ਮਹਿਂ ਇੰਦ੍ਰ ਸਮਾਨਾ। ਕੈ ਜਾਦਵ ਮਹਿਂ ਸ਼੍ਰੀ ਭਗਵਾਨਾ।
ਚਹੁੰਦਿਸ਼ਿ ਕਰਿ ਜੋਰਤਿ ਨਰ ਖਰੇ। ਬੰਦਨ ਹੋਤਿ ਦ੍ਰਿਸ਼ਟਿ ਜਿਤ ਕਰੈਂ॥ ੭ ॥

ਸਿੱਖ ਰੂਪ ਦੇਵਤਿਆਂ ਵਿਚ ਉਹ ਇੰਦਰ ਸਮਾਨ ਸਨ ਜਾਂ ਯਾਦਵਾਂ ਵਿਚ ਜਿਵੇਂ ਕ੍ਰਿਸ਼ਨ ਭਗਵਾਨ ਸ਼ੋਭਦੇ ਸਨ। ਚਾਰੇ ਪਾਸੇ ਖੜੇ ਮਨੁੱਖ ਹੱਥ ਜੋੜ ਰਹੇ ਸਨ। ਗੁਰੂ ਜੀ ਜਿਸ ਵਲ ਵੀ ਦ੍ਰਿਸ਼ਟੀ ਕਰਦੇ ਸਨ, ਉਹ ਬੰਦਨਾ ਕਰਦਾ ਸੀ॥੭॥

ਰਿਦੈ ਗਜਾਨ ਘਨ ਅੰਤਰਜਾਮੀ। ਵਹਿਰ ਕ੍ਰਿਤ ਨਰਪਤਿ ਜਿਮ ਸ੍ਵਾਮੀ।
ਚਮਰ ਚਾਰੁ ਢੋਰਤਿ ਹੈਂ ਖਰੇ। ਅੱਗ੍ਰ ਅਰਦਾਸ ਮੇਵਰੋ ਕਰੇ॥ ੮ ॥

ਅੰਤਰਜਾਮੀ ਗੁਰੂ ਜੀ ਦੇ ਹਿਰਦੇ ਵਿਚ ਬੱਦਲ ਵਾਂਗ ਗਿਆਨ ਸੀ, ਬਾਹਰਲੀ ਕ੍ਰਿਆ ਸਵਾਮੀ ਗੁਰੂ ਜੀ ਦੀ ਰਾਜਿਆਂ ਵਾਲੀ ਹੈ। ਖੜੇ ਹੋ ਕੇ ਸੇਵਕ ਸੁੰਦਰ ਚੌਰ ਕਰ ਰਹੇ ਹਨ, ਅੱਗੇ ਖਲੋ ਕੇ ਅਰਦਾਸੀਆ ਅਰਦਾਸ ਕਰਦਾ ਹੈ॥੮॥

ਜਿਤ ਦਿਸ਼ਿ ਕੀ ਸੰਗਤਿ ਲੇ ਨਾਮ। ਕਰਹਿਂ ਬਿਲੋਚਨ ਤਿਤ ਅਭਿਰਾਮ।
ਇਤਨੇ ਮਹਿਂ ਦੋਨਹੁਂ ਚਲਿ ਆਏ। ਜਿਨ ਕੇ ਥੂਲ ਦੇਹਿ ਦ੍ਰਿਸ਼ਟਾਏ॥ ੯ ॥

ਜਿਸ ਪਾਸੇ ਦੀ ਸੰਗਤ ਨਾਮ ਲੈਂਦੀ ਹੈ, ਗੁਰੂ ਜੀ ਉਸ ਪਾਸੇ ਹੀ ਅਨੰਦ ਦ੍ਰਿਸ਼ਟੀ ਪਾਉਂਦੇ ਹਨ। ਇੰਨੇ ਵਿਚ ਉਹ ਦੋਵੇਂ ਧਨੀ ਚਲ ਕੇ ਆ ਗਏ, ਜਿਨ੍ਹਾਂ ਦੀਆਂ ਭਾਰੀ ਦੇਹਾਂ ਦਿਖਾਈ ਦੇ ਰਹੀਆਂ ਸਨ॥੯॥

ਜੋਰਤਿ ਹਾਥਨਿ ਆਇ ਅਗਾਰੀ। ਮਨੁਜ ਹਜ਼ਾਰਹੁਂ ਸਿੱਖ ਪਿਛਾਰੀ।
ਚਰਨ ਕਮਲ ਪਰ ਸਿਰ ਨਿਜ ਧਾਰੇ। ਹਾਥਨਿ ਸਾਥ ਪਲੋਸਤਿ ਪਜਾਰੇ॥੧੦॥

ਹੱਥ ਜੋੜ ਕੇ ਉਹ ਅੱਗੇ ਆ ਖਲੋਤੇ, ਹਜ਼ਾਰਾਂ ਸਿੱਖ ਉਨ੍ਹਾਂ ਦੇ ਪਿਛਾੜੀ ਖੜੇ ਸਨ। ਉਨ੍ਹਾਂ ਨੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਆਪਣੇ ਸਿਰ ਰੱਖੇ ਤੇ ਪਿਆਰੇ ਚਰਨਾਂ ਨੂੰ ਆਪਣੇ ਹੱਥਾਂ ਨਾਲ ਪਲੋਸਦੇ ਸਨ॥੧੦॥

ਤਿਮ ਹੀ ਸਭਿ ਸੰਗਤਿ ਪਰ ਪਾਇਨ। ਅਪਨੀ ਅਪਨੀ ਅਰਪਿ ਉਪਾਇਨ।
ਸਫਲ ਬਿਲੋਚਨ ਕਰਤਿ ਨਿਹਾਰੇ। ਨਹਿਂ ਤ੍ਰਿਪਤਹਿਂ ਹੋਵਤਿ ਬਲਿਹਾਰੇ ॥੧੧॥

ਉਸ ਤਰ੍ਹਾਂ ਹੀ ਸਾਰੀ ਸੰਗਤ ਚਰਨੀਂ ਪਈ ਤੇ ਸਾਰਿਆਂ ਨੇ ਆਪਣੇ ਉਪਹਾਰ ਅਰਪਣ ਕੀਤੇ। ਗੁਰੂ ਜੀ ਨੂੰ ਵੇਖ ਕੇ ਆਪਣੇ ਨੈਣਾਂ ਨੂੰ ਸਫਲ ਕਰਦੇ ਸਨ। ਉਹ ਤ੍ਰਿਪਤ ਨਹੀਂ ਸੀ ਹੁੰਦੇ ਬਲਿਹਾਰ ਜਾਂਦੇ ਸਨ ॥੧੧॥

'ਧੰਨ ਧੰਨ' ਚਹੁੰਦਿਸ਼ਿ ਤੇ ਕਰੈਂ। 'ਹਲਤਿ ਪਲਤਿ ਕੇ ਰੱਖਯਕ ਅਹੈਂ'।
ਜੁਗਲ ਮਸੰਦਨ ਕੇ ਜੁਤਿ ਬੈਸੇ। ਬ੍ਰਿੰਦ ਚਕੋਰ ਚੰਦ ਪਿਖਿ ਜੈਸੇ॥ ੧੨॥

'ਧੰਨ ਧੰਨ' ਚਾਰੇ ਪਾਸੇ ਕਰਦੇ ਸਨ ਤੇ ਕਹਿੰਦੇ ਸਨ, "ਲੋਕ ਪਰਲੋਕ ਦੇ ਇਹੋ ਰਖਵਾਲੇ ਹਨ।" ਦੋ ਮਸੰਦਾਂ ਸਹਿਤ ਬੈਠੇ ਸਨ, ਜਿਵੇਂ ਬਹੁਤ ਚਕੋਰ ਇਕੱਠੇ ਹੋ ਕੇ ਚੰਦ ਨੂੰ ਵੇਖਦੇ ਹਨ ॥੧੨॥

ਬੂਝੀ ਸਤਿਗੁਰ ਕੁਸ਼ਲ ਬਤਾਈ। ਮਨੋ ਕਾਮਨਾ ਸਭਿ ਨੇ ਪਾਈ।
ਦ੍ਰਿਸ਼ਟਿ ਮਿਹਰ ਕੀ ਤਿਨ ਪਰ ਡਾਰੀ। ਖੁਸ਼ੀ ਕਰੀ ਸੰਗਤਿ ਲਖਿ ਪਯਾਰੀ ॥੧੩॥

ਸਤਿਗੁਰੂ ਜੀ ਨੇ ਸੁੱਖ-ਸਾਂਦ ਪੁੱਛੀ ਅਤੇ ਦੱਸੀ, ਸਾਰਿਆਂ ਨੇ ਆਪਣੀਆਂ ਮਨੋਕਾਮਨਾਵਾਂ ਪਾਈਆਂ। ਉਨ੍ਹਾਂ ਉਤੇ ਮਿਹਰ ਦੀ ਦ੍ਰਿਸ਼ਟੀ ਪਾਈ ਤੇ ਆਪਣੀ ਪਿਆਰੀ ਸੰਗਤ ਵੇਖ ਕੇ ਸਾਰਿਆਂ ਤੇ ਖੁਸ਼ੀ ਕੀਤੀ ॥੧੩॥

ਜਿਨ ਕੇ ਰਿਦੈ ਪ੍ਰੇਮ ਨਹਿਂ ਥੋਰਾ। ਬਾਰ ਬਾਰ ਪਿਖਿ ਸਭਿ ਕੀ ਓਰਾ।
ਬੂਝਯੋ ਬਹੁਰ ਮਸੰਦਨ ਸੰਗ। 'ਕਹਹੁ ਸਕਲ ਜਸ ਪੰਥ ਪ੍ਰਸੰਗ॥ ੧੪॥

ਜਿਨ੍ਹਾਂ ਦੇ ਹਿਰਦਿਆਂ ਵਿਚ ਬਹੁਤ ਪ੍ਰੇਮ ਹੈ, ਬਾਰ ਬਾਰ ਉਨ੍ਹਾਂ ਸਾਰੇ ਪਾਸੇ ਵੇਖਿਆ। ਬਾਅਦ ਵਿਚ ਮਸੰਦਾਂ ਨੂੰ ਪੁਛਿਆ, 'ਜਿਵੇਂ ਚਲ ਕੇ ਆਏ, ਆਪਣੇ ਮਾਰਗ ਦਾ ਸਾਰਾ ਹਾਲ ਦੱਸੋ ॥੧੪॥

ਕੌਨ ਦੇਸ਼ ਕੇ ਚਲਿ ਕਰਿ ਆਏ?। ਸ੍ਰੀ ਅੰਮ੍ਰਿਤਸਰ ਕੋ ਦਰਸਾਏ?।
ਕਿਧੋਂ ਅਪਰ ਹੀ ਮਾਰਗ ਆਏ?। ਤੁਮ ਤੇ ਸੁਧਿ ਚਾਹਤਿ ਹੈਂ ਪਾਏ' ॥੧੫॥

ਕਿਹੜੇ ਦੇਸ਼ ਤੋਂ ਚਲ ਕੇ ਆਏ ਹੋ? ਕੀ ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਕੀਤੇ ਹਨ? ਜਾਂ ਕਿਸੇ ਹੋਰ ਮਾਰਗ ਰਾਹੀਂ ਆਏ ਹੋ? ਤੁਹਾਡੇ ਪਾਸੋਂ ਸਾਰੀ ਖਬਰਸਾਰ ਸੁਣਨੀ ਚਾਹੁੰਦੇ ਹਾਂ" ॥੧੫॥

ਸੁਨਤਿ ਬਖਤ ਮਲ ਤਾਰਾ ਚੰਦ। ਦੂੰਦ ਮਸੰਦ ਕਹਤਿ ਕਰ ਬੰਦਿ।
'ਕ੍ਰਿਪਾ ਨਿਧਾਨ! ਸੁਨੀਜਹਿ ਅਰਜ਼ੀ। ਭਈ ਜਥਾ ਸਭਿ ਸੰਗਤਿ ਮਰਜ਼ੀ ॥੧੬॥

ਬਖਤ ਮਲ ਅਤੇ ਤਾਰਾ ਚੰਦ ਸੁਣ ਰਹੇ ਸਨ, ਦੋਵੇਂ ਮਸੰਦ ਹੱਥ ਜੋੜ ਕੇ ਕਹਿਣ ਲੱਗੇ, "ਹੇ ਕਿਰਪਾ ਨਿਧਾਨ! ਸਾਡੀ ਬੇਨਤੀ ਸੁਣੋ, ਜਿਵੇਂ ਸਭ ਸੰਗਤ ਦੀ ਮਰਜ਼ੀ ਨਾਲ ਹੋਇਆ ਹੈ ॥੧੬॥

ਸੂਧੇ ਮਗ ਲਵਪੁਰਿ ਕੋ ਆਏ। ਹਟਤਿ ਚਹਤਿ ਅੰਮ੍ਰਿਤਸਰ ਜਾਏ।
ਰਾਵਰ ਕੇ ਦਰਸ਼ਨ ਬਹੁ ਚਾਹਾ। ਇਸੀ ਹੇਤੁ ਪੂਰਬ ਤੁਮ ਪਾਹਾ' ॥ ੧੭॥

ਸਿੱਧੇ ਲਾਹੌਰ ਦੇ ਰਾਹ ਆਏ, ਵਾਪਸ ਜਾਂਦਿਆਂ ਅੰਮ੍ਰਿਤਸਰ ਰਾਹੀਂ ਜਾਣਾ ਚਾਹੁੰਦੇ ਹਾਂ। ਆਪ ਜੀ ਦੇ ਦਰਸ਼ਨਾਂ ਦੀ ਬਹੁਤ ਚਾਹਤ ਹੈ, ਇਸ ਕਰਕੇ ਪਹਿਲਾਂ ਤੁਹਾਡੇ ਪਾਸ ਆਏ ਹਾਂ" ॥੧੭॥

ਇੱਤਯਾਦਿਕ ਪ੍ਰਸੰਗ ਮਗ ਕੇਰਾ। ਸੁਨਿ ਬੋਲੇ ਸਤਿਗੁਰ ਤਿਸ ਬੇਰਾ।
'ਲਵਪੁਰਿ ਸ਼ਾਹਿਜਹਾਂ ਕੀ ਬਾਤ। ਕਿਮ ਦੇਖੀ ਕਹੀਜਹਿ ਬੱਖਯਾਤ? ॥੧੮॥

ਇੱਤਿਆਦਿ ਰਾਹ ਦਾ ਪ੍ਰਸੰਗ, ਉਸ ਸਮੇਂ ਸਤਿਗੁਰੂ ਜੀ ਸੁਣ ਕੇ ਬੋਲੇ, "ਲਾਹੌਰ ਵਿਚ ਸ਼ਾਹ ਜਹਾਂ ਦੀ ਕੋਈ ਗੱਲ ਕਿਵੇਂ ਵੇਖੀ ਹੈ, ਉਸ ਨੂੰ ਪ੍ਰਗਟ ਰੂਪ ਵਿਚ ਕਹੋ?॥੧੮॥

ਕਿਤਿਕ ਬਾਹਿਨੀ ਬਾਹਰ ਪਰੀ?। ਕੇਤਿਕ ਤੀਰ ਬਿਲੋਕਨ ਕਰੀ?'।
ਜੁਗਲ ਮਸੰਦ ਕਹਨਿ ਪੁਨ ਲਾਗੇ। 'ਜਥਾ ਪਿਖੀ ਸੋ ਕਹਿਂ ਤੁਮ ਆਗੇ॥੧੯॥

ਕਿੰਨੀ ਘੋੜ-ਸਵਾਰ ਸੈਨਾ ਬਾਹਰ ਪਈ ਹੈ? ਕਿੰਨੀ ਸੈਨਾ ਉਨ੍ਹਾਂ ਦੇ ਪਾਸ ਵੇਖੀ ਹੈ?" ਫਿਰ ਦੋਵੇਂ ਮਸੰਦ ਕਹਿਣ ਲੱਗੇ, "ਜਿਵੇਂ ਅਸੀਂ ਵੇਖੀ ਹੈ ਉਸ ਤਰ੍ਹਾਂ ਹੀ ਤੁਹਾਡੇ ਪਾਸ ਕਹਿੰਦੇ ਹਾਂ॥੧੯॥

ਜਿਸ ਦਿਨ ਹਮ ਲਵਪੁਰਿ ਮਹਿਂ ਆਏ। ਡੇਰਾ ਕੀਨਿ ਦੇਖਿ ਸੁਭ ਥਾਏਂ।
ਤੁਰਕਨ ਤੇ ਹਮ ਤਬਹੂੰ ਸੁਨਜੋ। 'ਹੈ ਬਕਰੀਦ ਪ੍ਰਾਤਿ ਕੋ' ਭਨਜੋ॥ ੨੦॥

ਜਿਸ ਦਿਨ ਅਸੀਂ ਲਾਹੌਰ ਆਏ ਸੀ ਤਾਂ ਉਥੇ ਸੁਭ ਥਾਂ ਵੇਖ ਕੇ ਡੇਰਾ ਕੀਤਾ ਸੀ। ਤਦ ਅਸੀਂ ਤੁਰਕਾਂ ਤੋਂ ਸੁਣਿਆ, "ਸਵੇਰੇ ਬਕਰੀਦ ਹੈ" ਉਨ੍ਹਾਂ ਨੇ ਕਿਹਾ॥੨੦॥

'ਸ਼ਾਹਜਹਾਂ ਨਿਕਸਹਿਗੋ ਬਾਹਰ। ਕਰਹਿ ਨਿਵਾਜ ਸਭਿਨਿ ਮਹਿਂ ਜ਼ਾਹਰ।
ਬ੍ਰਿੰਦ ਗ੍ਰਾਮ ਕੇ ਨਰ ਸਮੁਦਾਏ। ਸ਼ਾਹੁ ਬਿਲੋਕਨ ਕੇ ਹਿਤ ਆਏ'॥ ੨੧॥

"ਸ਼ਾਹ ਜਹਾਂ ਉਸ ਸਮੇਂ ਬਾਹਰ ਨਿਕਲਣਗੇ ਤੇ ਸਾਰਿਆਂ ਵਿਚ ਪ੍ਰਗਟ ਰੂਪ ਵਿਚ ਨਿਮਾਜ਼ ਪੜ੍ਹਨਗੇ। ਪਿੰਡਾਂ ਦੇ ਬਹੁਤ ਲੋਕ ਇਕੱਠੇ ਹੋਏ ਹਨ ਜਿਹੜੇ ਸ਼ਾਹ ਜਹਾਨ ਨੂੰ ਵੇਖਣ ਆਏ ਹਨ।"॥੨੧॥

ਤਬਿ ਸੁਨਿਕੈ ਸੰਗਤਿ ਕਹਿ ਬਾਤ। 'ਨਿਕਸਤਿ ਸ਼ਾਹੁ ਨਿਹਾਰਹੁ ਪ੍ਰਾਤਿ'।
ਪੁਰਿ ਮਹਿਂ ਬਸ ਕਰਿ ਨਿਸਾ ਬਿਤਾਈ। ਜਾਗੇ ਸਗਲ ਭੋਰ ਹੁਇ ਆਈ॥੨੨॥

ਤਦ ਸੁਣ ਕੇ ਸੰਗਤ ਨੇ ਇਹ ਸਲਾਹ ਕੀਤੀ, "ਸਵੇਰੇ ਬਾਦਸ਼ਾਹ ਨੂੰ ਨਿਕਲਦੇ ਨੂੰ ਵੇਖਾਂਗੇ।" ਨਗਰ ਵਿਚ ਰਹਿ ਕੇ ਰਾਤ ਬਤੀਤ ਕੀਤੀ, ਜਦ ਸਵੇਰ ਹੋਈ ਤਾਂ ਸਾਰੇ ਜਾਗ ਪਏ॥੨੨॥

ਸਮਾਂ ਭਯੋ ਨਿਕਸਨਿ ਕੋ ਸ਼ਾਹੂ। ਲੋਕ ਹਜ਼ਾਰਹੁਂ ਮਿਲੇ ਉਮਾਹੂ।
ਸੁੰਦਰ ਤੁੰਗ ਮਤੰਗ ਸੰਗਾਰੇ। ਕੰਚਨ ਜਰਤਿ ਸ਼੍ਰਿੰਖਲਾ ਡਾਰੇ॥ ੨੩॥

ਜਦ ਬਾਦਸ਼ਾਹ ਦੇ ਨਿਕਲਣ ਦਾ ਸਮਾਂ ਆਇਆ ਤਾਂ ਹਜ਼ਾਰਾਂ ਲੋਕ ਬੜੇ ਉਤਸ਼ਾਹ ਨਾਲ ਇਕੱਠੇ ਹੋਏ। ਸੁੰਦਰ ਉੱਚੇ ਹਾਥੀ ਸ਼ਿੰਗਾਰੇ ਗਏ ਤੇ ਉਨ੍ਹਾਂ ਉੱਤੇ ਸੋਨੇ ਨਾਲ ਜੜ੍ਹਤ ਸੰਗਲ ਪਾਏ ਗਏ॥੨੩॥

ਝਾਲਰ ਜ਼ਰੀ ਝੂਲ ਝਮਕੰਤ। ਹੌਦਾ ਅੰਬਾਰੀ ਦਮਕੰਤ।
ਗਜ ਗਾਹਿਨ ਜਿਨ ਕੇ ਲਟਕੰਤੀ। ਰੇਸ਼ਮ ਕੀ ਡੋਰੈਂ ਦੁਤਿਵੰਤੀ॥ ੨੪॥

ਜ਼ਰੀ ਦੀਆਂ ਝਾਲਰਾਂ ਝੁਲਦੀਆ ਝਮਝਮ ਕਰਦੀਆਂ ਸਨ, ਤੇ ਹੌਦੇ ਤੇ ਅੰਬਾਰੀਆਂ ਚਮਕਦੀਆਂ ਸਨ। ਇਕ ਪ੍ਰਕਾਰ ਦੇ ਲਟਕਣ ਚੌਰ ਦੇ ਵਾਲਾਂ ਦੇ ਬਣਾ ਕੇ ਹਾਥੀ ਦੀ ਗਰਦਨ ਦੇ ਦੋਵੀਂ ਪਾਸੀਂ ਲਟਕਾਏ ਹੋਏ ਸਨ ਤੇ ਰੇਸ਼ਮ ਦੀਆਂ ਡੋਰਾਂ ਬਹੁਤ ਚਮਕਦੀਆਂ ਸਨ॥੨੪॥

ਗਿਨਤੀ ਕੁਛ ਨ ਚਮੂੰ ਕੀ ਆਈ। ਇਤ ਉਤ ਤੇ ਬਹੁਤੀ ਉਮਡਾਈ।
ਬਹੁਰ ਸ਼ਾਹੁ ਕੇ ਕੋਤਲ ਆਏ। ਰੇਸ਼ਮ ਜ਼ਰੀ ਡੋਰ ਡੁਰਿਆਏ॥ ੨੫॥

ਫੌਜ ਦੀ ਕੋਈ ਗਿਣਤੀ ਨਹੀਂ ਹੋ ਸਕੀ, ਏਧਰੋਂ ਓਧਰੋਂ ਬਹੁਤ ਸੈਨਾ ਉਮਡ ਕੇ ਆਈ ਸੀ। ਫਿਰ ਬਾਦਸ਼ਾਹ ਦੀ ਖਾਸ ਸਵਾਰੀ ਦੇ ਘੋੜੇ ਆਏ ਜਿਹੜੇ ਰੇਸ਼ਮ ਤੇ ਜ਼ਰੀ ਦਿਆਂ ਰਸਿਆਂ ਨਾਲ ਲਿਜਾਏ ਜਾ ਰਹੇ ਸਨ॥੨੫॥

ਜ਼ੀਨ ਅਨੇਕ ਭਾਂਤਿ ਕੇ ਸੋਹੈਂ। ਰਤਨ ਖਚਤਿ ਦਮਕਤਿ ਮਨ ਮੋਹੈਂ।
ਚਾਂਮੀਕਰ ਕੇ ਚਮਕਤਿ ਚਾਰੂ। ਬਲੀ ਚਪਲ ਤਨ ਪੀਨ ਉਦਾਰੂ॥ ੨੬॥

ਉਨ੍ਹਾਂ ਉਤੇ ਅਨੇਕ ਪ੍ਰਕਾਰ ਦੀਆਂ ਸੁੰਦਰ ਕਾਠੀਆਂ ਸ਼ੋਭ ਰਹੀਆਂ ਸਨ ਜਿਹੜੀਆਂ ਰਤਨਾਂ ਨਾਲ ਜੜੀਆਂ ਇੰਝ ਚਮਕਦੀਆਂ ਸਨ ਕਿ ਮਨ ਨੂੰ ਮੋਹ ਲੈਂਦੀਆਂ ਸਨ ਤੇ ਸੋਨੇ ਦੇ ਬਣੇ ਗਹਿਣੇ ਸੁੰਦਰ ਚਮਕ ਰਹੇ ਸਨ। ਬਲੀ ਘੋੜੇ ਵੱਡੇ ਭਾਰੀ ਸਰੀਰ ਵਾਲੇ ਸਨ॥੨੬॥

ਥਈ ਥਈ ਕਰਿ ਨਚਿ ਥਲ ਚਾਲਤਿ। ਅਧਿਕ ਉਤਾਇਲ ਲੇ ਪਗ ਡਾਲਤਿ।
ਨਿਕਸ੍ਯੋ ਸ਼ਾਹਜੁਹਾਂ ਤਬਿ ਬਾਹਿਰ। ਸਭਿਨਿ ਬਿਲੋਕ੍ਯੋ ਮਗ ਮਹਿਂ ਜ਼ਾਹਿਰ॥੨੭॥

ਉਹ ਠੁਮਕ-ਠੁਮਕ ਨੱਚਦੇ ਧਰਤੀ ਤੇ ਚਲਦੇ ਸਨ, ਬਹੁਤ ਉਤਾਵਲੇ ਹੋ ਕੇ ਪੈਰ ਪੁੱਟਦੇ ਸਨ। ਫਿਰ ਸ਼ਾਹਜਹਾਂ ਬਾਹਰ ਨਿਕਲਿਆ, ਸਾਰਿਆਂ ਨੇ ਜ਼ਾਹਰਾ ਰੂਪ ਵਿਚ ਰਾਹ ਵਿਚ ਵੇਖਿਆ॥੨੭॥

ਦੋਇ ਤੁਰੰਗ ਚਲਤਿ ਭੇ ਆਗੇ। ਜਿਨ ਕੇ ਸਾਥ ਮਹਾਂ ਅਨੁਰਾਗੇ।
ਨਿਜ ਆਂਖਨਿ ਕੇ ਆਗੇ ਰਾਖਹਿ। ਮਗ ਮਹਿਂ ਬਿਛੁਰਨ ਨਹੀਂ ਅਭਿਲਾਖਹਿ॥੨੮॥

ਦੋ ਘੋੜੇ ਉਸ ਦੇ ਅੱਗੇ ਚਲ ਰਹੇ ਸਨ, ਜਿਨ੍ਹਾਂ ਨਾਲ ਸ਼ਾਹਜਹਾਂ ਦਾ ਬਹੁਤ ਪਿਆਰ ਹੈ। ਆਪਣੀ ਅੱਖਾਂ ਦੇ ਸਾਹਮਣੇ ਰੱਖਦੇ ਸਨ ਤੇ ਰਾਹ ਵਿਚ ਵਿਛੜਣ ਦੀ ਅਭਿਲਾਸ਼ਾ ਨਹੀਂ ਸੀ ਕਰਦੇ॥੨੮॥

ਤਹਾਂ ਲੋਕ ਹਮ ਪੂਛੇ ਜਬੈ। ਭਾਖੇ ਗੁਨ ਅਰੁ ਕੀਮਤ ਸਬੈ।
ਮਨਹੁ ਕਾਮ ਕਾਰੀਗਰ ਹੋਇ। ਘਰੀ ਸੁ ਮੂਰਤਿ ਸੁੰਦਰ ਦੋਇ॥ ੨੯॥

ਉਥੇ ਜਦ ਅਸੀਂ ਉਨ੍ਹਾਂ ਘੋੜਿਆਂ ਬਾਰੇ ਪੁਛਿਆ ਤਾਂ ਉਨ੍ਹਾ ਨੇ ਘੋੜਿਆਂ ਦੇ ਗੁਣ ਅਤੇ ਮੁੱਲ ਬਾਰੇ ਸਭ ਕੁਝ ਦੱਸਿਆ। ਮਾਨੋਂ ਕਾਮਦੇਵ ਨੇ ਉਹ ਘੜ ਕੇ ਬਣਾਏ ਹੋਣ, ਦੋਹਾਂ ਦੀਆਂ ਸੁੰਦਰ ਮੂਰਤਾਂ ਘੜੀਆਂ ਸਨ॥੨੯॥

ਹਮਰੀ ਮਤਿ ਮੈਂ ਤਬਿ ਇਮ ਆਵੈ। ਪਿਖਹਿ ਇੰਦ੍ਰ ਤੇ ਚਿਤ ਬਿਰਮਾਵੈ।
ਤਿਨ ਕੇ ਗੁਨ ਕਿਛੁ ਗਿਨੇ ਨ ਜਾਈ। ਸੁਨੇ ਕਹਿਤ ਨਰ, ਹਯ ਦਰਿਆਈ॥੩੦॥

ਸਾਡੀ ਬੁੱਧੀ ਵਿਚ ਤਦ ਇਸ ਤਰ੍ਹਾਂ ਆਇਆ, ਜੇ ਇਨ੍ਹਾਂ ਨੂੰ ਇੰਦਰ ਵੀ ਵੇਖ ਲਵੇ ਤੇ ਚਿੱਤ ਵਿਚ ਭਰਮ ਜਾਵੇ ਉਨ੍ਹਾ ਦੇ ਗੁਣ ਗਿਣੇ ਨਹੀ ਜਾਂਦੇ, ਅਸੀਂ ਸੁਣਿਆ ਮਨੁੱਖ ਕਹਿ ਰਹੇ ਸਨ ਕਿ ਇਹ ਦਰਿਆਈ ਘੋੜੇ ਹਨ॥੩੦॥

ਇਕ ਗੁਲਬਾਗ, ਦੁਤਿਯ ਦਿਲਬਾਗ। ਸੁਨੇ ਨਾਮ ਉਪਜਹਿ ਅਨੁਰਾਗ।
ਭਰੇ ਨਦੀ ਨਦ ਹੋਵਤਿ ਪਾਰ। ਨਹਿਂ ਭੀਗਨਿ ਦੇਂ ਜਲ ਅਸੁਵਾਰ॥ ੩੧॥

ਇਕ ਦਾ ਨਾਂ ਗੁਲਬਾਗ ਹੈ ਤੇ ਦੂਸਰਾ ਦਿਲਬਾਗ, ਨਾਂ ਸੁਣ ਕੇ ਹੀ ਪਿਆਰ ਪੈਦਾ ਹੋ ਜਾਂਦਾ ਹੈ, ਦਰਿਆ ਕਿੰਨਾ ਵੀ ਭਰਿਆ ਹੋਵੇ ਪਾਰ ਕਰ ਜਾਂਦੇ ਹਨ ਤੇ ਸਵਾਰ ਨੂੰ ਪਾਣੀ ਤੱਕ ਨਹੀਂ ਲੱਗਣ ਦਿੰਦੇ॥੩੧॥

ਛਿਤ ਪਰ ਚਰਣ ਰਖਹਿਂ ਕੈ ਨਾਂਹੀ। ਲਖੇ ਨ ਪਰਹਿਂ ਚਲਤਿ ਮਗ ਮਾਂਹੀ।
ਘਨੀ ਆਰਜਾ ਹਮਹੁਂ ਬਿਤਾਈ। ਅਸ ਅਸੁ ਪਿਖੇ ਨਹੀਂ ਕਿਸ ਥਾਈਂ॥ ੩੨॥

ਧਰਤੀ ਤੇ ਪੈਰ ਧਰਦੇ ਹਨ ਕਿ ਨਹੀਂ, ਜਦ ਰਾਹ ਵਿਚ ਚਲਦੇ ਹਨ ਤਾਂ ਪੈਰ ਦਿਖਾਈ ਨਹੀਂ ਦਿੰਦੇ। ਅਸੀ ਬਹੁਤ ਉਮਰ ਬਤੀਤ ਕੀਤੀ ਹੈ, ਐਸੇ ਘੋੜੇ ਕਿਸੇ ਥਾਂ ਵੀ ਵੇਖੇ ਨਹੀਂ ਹਨ॥੩੨॥

ਪਿਖਿ ਸੰਗਤਿ ਆਨੰਦਤਿ ਹੋਈ। ਕਹ੍ਯੋ ਗੁਰੂ ਢਿਗ ਚਹੀਅਤਿ ਦੋਈ।
ਜਿਨ ਕੇ ਚਿਤ ਮਹਿਂ ਸ਼ੌਕ ਬਿਸਾਲਾ। ਚਢਹਿਂ, ਕਰਹਿਂ ਰਣ ਰਿਪੁਨਿ ਕਰਾਲਾ॥੩੩॥

ਸੰਗਤ ਘੋੜਿਆਂ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਈ, ਕਹਿੰਦੇ ਸਨ, "ਇਹ ਦੋਵੇਂ ਗੁਰੂ ਜੀ ਦੀ ਸਵਾਰੀ ਵਾਸਤੇ ਚਾਹੀਦੇ ਹਨ। ਜਿਨ੍ਹਾਂ ਦੇ ਚਿੱਤ ਵਿਚ ਵਿਸ਼ਾਲ ਸ਼ੌਕ ਹੈ, ਉਹ ਇਨ੍ਹਾਂ ਘੋੜਿਆਂ ਤੇ ਚੜ੍ਹਨ ਤੇ ਰਣਖੇਤਰ ਵਿਚ ਵੈਰੀਆਂ ਦਾ ਨਾਸ਼ ਕਰਨ॥੩੩॥

ਤੁਰਕੇਸੁਰ ਢਿਗ ਹੈ ਤੋ ਸਹੀ। ਲਰਨ ਅਰੂਢਨ ਜਾਨਹਿ ਨਹੀਂ।
ਸ੍ਰੀ ਸਤਿਗੁਰ ਕੋ ਡੀਲ ਬਡੇਰੋ। ਹੋਹਿਂ ਅਰੂਢਨ ਸੁਭਹਿਂ ਘਨੇਰੋ॥ ੩੪ ॥

ਤੁਰਕਾਂ ਦੇ ਬਾਦਸ਼ਾਹ ਪਾਸ ਇਹ ਘੋੜੇ ਹਨ ਤਾਂ ਜ਼ਰੂਰ, ਪਰ ਉਹ ਸਵਾਰੀ ਕਰਕੇ ਲੜਨ ਨਹੀਂ ਜਾਣਦਾ ਹੈ। ਸ੍ਰੀ ਸਤਿਗੁਰੂ ਜੀ ਦਾ ਡੀਲ ਡੌਲ ਵੱਡਾ ਹੈ, ਜੇ ਇਨ੍ਹਾਂ ਘੋੜਿਆਂ ਤੇ ਚੜ੍ਹਨਗੇ ਤਾਂ ਬੜੇ ਸ਼ੋਭਨੀਕ ਲੱਗਣਗੇ॥੩੪॥

ਚਢਿ ਸੰਗਤਿ ਕੋ ਦਰਸ਼ਨ ਦੈਹੈਂ। ਸਭਿ ਸਿੱਖਨਿ ਆਨੰਦ ਉਪਜੈਹੈਂ।
ਹਮ ਸੁਨਿ ਕੈ ਸਭਿ ਕੇ ਸੰਗ ਕਹੀ। 'ਚਹੈਂ ਜਿ ਗੁਰੂ ਕਠਨ ਕੁਛ ਨਹੀਂ' ॥ ੩੫ ॥

ਇਨ੍ਹਾਂ ਘੋੜਿਆਂ ਤੇ ਚੜ੍ਹ ਕੇ ਜਦ ਸੰਗਤ ਨੂੰ ਦਰਸ਼ਨ ਦੇਣਗੇ ਤਾਂ ਸਭ ਸਿੱਖਾਂ ਦੇ ਮਨ ਵਿਚ ਅਨੰਦ ਪ੍ਰਗਟ ਹੋਵੇਗਾ।" ਅਸੀਂ ਇਹ ਸੁਣ ਕੇ ਸਾਰੀ ਸੰਗਤ ਨੂੰ ਕਿਹਾ, "ਜੇ ਗੁਰੂ ਜੀ ਚਾਹੁਣ ਤਾਂ ਉਨ੍ਹਾਂ ਵਾਸਤੇ ਕੁਝ ਵੀ ਮੁਸ਼ਕਲ ਨਹੀਂ ਹੈ"॥੩੫॥

ਨਿਸ਼ਚੇ ਉਚਿਤ ਤੁਮਾਰੇ ਅਹੈਂ। ਸਿਖ ਸੰਗਤਿ ਸਗਰੇ ਹੀ ਕਹੈਂ।
ਸ੍ਰੀ ਗੁਰ ਜੀ ! ਜਬਿ ਦੇਖਹੁ ਤਿਨਕੋ। ਲਖਹੁ ਤਬਹਿ ਸੁਖ ਹੁਇ ਜਿਮ ਮਨ ਕੋ ॥੩੬ ॥

ਤੁਹਾਡਾ ਨਿਸ਼ਚਾ ਬਿਲਕੁਲ ਉਚਿਤ ਹੈ, ਸਾਰੀ ਸਿੱਖ ਸੰਗਤ ਇਹ ਕਹਿ ਰਹੀ ਸੀ। ਹੇ ਗੁਰੂ ਜੀ ! ਜਦ ਤੁਸੀਂ ਉਨ੍ਹਾਂ ਨੂੰ ਵੇਖੋਗੇ, ਤਦ ਹੀ ਸਮਝੋਗੇ ਜਿਵੇਂ ਮਨ ਨੂੰ ਸੁਖ ਹੋਵੇਗਾ"॥੩੬॥

ਇੱਤ੍ਯਾਦਿਕ ਗੁਨ ਕਹਿ ਸਮੁਦਾਏ। ਜਜੋਂ ਕਜੋਂ ਕਰਿ ਸ੍ਰੀ ਗੁਰ ਬਿਰਮਾਏ।
ਇਮ ਪ੍ਰਸੰਗ ਕਰਿ ਸਰਬ ਸੁਨਾਯੋ। ਸੰਗਤਿ ਸਿਵਰ ਕਿਤਿਕ ਦਿਨ ਛਾਯੋ॥੩੭॥

ਇੱਤਿਆਦਿ ਸਾਰੀ ਸਿੱਖ ਸੰਗਤ ਨੇ ਘੋੜਿਆਂ ਦੀ ਸ਼ਲਾਘਾ ਕੀਤੀ, ਜਿਵੇਂ-ਜਿਵੇਂ ਸਿਫਤਾਂ ਕਰਕੇ ਗੁਰੂ ਜੀ ਘੋੜਿਆਂ ਤੇ ਮੋਹਤ ਕਰ ਲਏ, ਇਸ ਤਰ੍ਹਾਂ ਪ੍ਰਸੰਗ ਕਰਕੇ ਸਭ ਨੂੰ ਸੁਣਾਇਆ, ਕਈ ਦਿਨ ਸੰਗਤ ਨੇ ਉਥੇ ਡੇਰਾ ਲਾਈ ਰੱਖਿਆ॥੩੭॥

ਜਬਿ ਗੁਰ ਢਿਗ ਬੈਠਤਿ ਹੈਂ ਜਾਇ। ਜੁਗਮ ਤੁਰੰਗ ਪ੍ਰਸੰਗ ਚਲਾਇਂ।
'ਤਿਨ ਸਮਾਨ ਜਗ ਮਹਿਂ ਕਿਤ ਨਾਂਹੀ। ਫਿਰੀਅਹਿ ਦੇਸ਼ ਬਿਦੇਸ਼ ਜਿ ਮਾਂਹੀ॥੩੮॥

ਜਦ ਜਾ ਕੇ ਗੁਰੂ ਜੀ ਪਾਸ ਬੈਠਦੇ ਸਨ ਤਾਂ ਦੋਹਾਂ ਘੋੜਿਆਂ ਦਾ ਪ੍ਰਸੰਗ ਚਲਾ ਲੈਂਦੇ ਸਨ, "ਉਨ੍ਹਾਂ ਵਰਗੇ ਘੋੜੇ ਜੱਗ ਵਿਚ ਕਿਤੇ ਨਹੀਂ, ਭਾਵੇਂ ਦੇਸ਼ਾਂ ਵਿਦੇਸ਼ਾਂ ਵਿਚ ਫਿਰੀਏ॥੩੮॥

ਉਚਿਤ ਆਪ ਕੇ ਸਭਿ ਹੂੰ ਜਾਨੇ। ਚਪਲ ਚਲਾਕ ਚਾਰੁ ਪਹਿਚਾਨੇ।
ਇਮ ਕਹਿ ਕਰਿ ਗੁਰੁ ਨਿਕਟਿ ਸੁਨਾਵੈਂ। 'ਅਹੈਂ ਜਥਾਰਥ' ਸੁਨਿ ਹੁਲਸਾਵੈਂ॥੩੯॥

ਸਾਰੇ ਇਹ ਜਾਣਦੇ ਹਨ ਕਿ ਉਹ ਘੋੜੇ ਆਪ ਜੀ ਦੇ ਉਚਿਤ ਹਨ, ਚੰਚਲ, ਚਾਲਾਕ ਅਤੇ ਸੁੰਦਰ ਪਛਾਣੇ ਹਨ।" ਇਸ ਤਰ੍ਹਾਂ ਕਹਿ ਕੇ ਗੁਰੂ ਜੀ ਪਾਸ ਸੁਣਾਉਂਦੇ ਸਨ, "ਇਹ ਸੱਚ ਹੈ", ਸੁਣ ਕੇ ਪ੍ਰਸੰਨ ਹੁੰਦੇ ਸਨ॥੩੯॥

ਕੇਤਿਕ ਦਿਨ ਗੁਰ ਨਿਕਟਿ ਗੁਜ਼ਾਰੇ। ਚਲਨਿ ਸਦਨ ਕੋ ਉਮਗੇ ਸਾਰੇ।
ਜਥਾਜੋਗ ਸਿਰੁਪਾਉਨਿ ਦੀਨਿ। ਸੰਗਤਿ ਸਗਲ ਬਿਸਰਜਨ ਕੀਨਿ॥ ੪੦ ॥

ਕਈ ਦਿਨ ਗੁਰੂ ਜੀ ਪਾਸ ਬਤੀਤ ਕੀਤੇ, ਸਾਰੇ ਆਪਣੇ ਘਰਾਂ ਨੂੰ ਜਾਣਾ ਚਾਹੁੰਦੇ ਸਨ, ਯਥਾ-ਯੋਗ ਗੁਰੂ ਜੀ ਨੇ ਸਭ ਨੂੰ ਸਿਰੋਪੇ ਭੇਟ ਕੀਤੇ ਅਤੇ ਸਾਰੀ ਸੰਗਤ ਨੂੰ ਵਿਦਾ ਕੀਤਾ॥੪੦॥

ਮਨੋ ਕਾਮਨਾ ਪਾਇ ਪਯਾਨੇ। ਮਾਰਗ ਮਹਿਂ ਗੁਰ ਸੁਜਸ ਬਖਾਨੇ।
ਬਾਪੀ ਮੱਜੇ ਗੋਇੰਦਵਾਲ। ਦਰਸ ਖਡੂਰ ਸੁ ਪੁੰਨ ਬਿਸਾਲ॥ ੪੧॥

ਮਨੋਂ ਕਾਮਨਾਵਾਂ ਪਾ ਕੇ ਚਲੇ ਗਏ ਤੇ ਮਾਰਗ ਵਿਚ ਗੁਰੂ ਜੀ ਦਾ ਜਸ ਕਰਦੇ ਜਾਂਦੇ ਸਨ। ਰਸਤੇ ਵਿਚ ਗੋਇੰਦਵਾਲ ਜਾ ਕੇ ਬਾਉਲੀ ਵਿਚ ਇਸ਼ਨਾਨ ਕੀਤਾ, ਫਿਰ ਖਡੂਰ ਸਾਹਿਬ ਦੇ ਦਰਸ਼ਨ ਕਰਕੇ ਵਿਸ਼ਾਲ ਪੁੰਨ ਪ੍ਰਾਪਤ ਕੀਤਾ॥੪੧॥

ਜਾਇ ਤਰਨ ਤਾਰਨ ਇਸ਼ਨਾਨੇ। ਬਹੁਰ ਸੁਧਾਸਰ ਮੱਜਨ ਠਾਨੇ।
ਜਥਾ ਸ਼ਕਤਿ ਅਰਦਾਸ ਕਰਾਇ। ਕਿਤਿਕ ਦਿਵਸ ਰਹਿ ਕਰਿ ਹਰਖਾਇ॥੪੨॥

ਫਿਰ ਤਰਨ ਤਾਰਨ ਜਾ ਕੇ ਇਸ਼ਨਾਨ ਕੀਤਾ, ਬਾਅਦ ਅੰਮ੍ਰਿਤ ਸਰੋਵਰ ਜਾ ਕੇ ਇਸ਼ਨਾਨ ਕੀਤਾ। ਜਥਾ ਸ਼ਕਤੀ ਅਰਦਾਸ ਕਰਾਈ ਤੇ ਕਈ ਦਿਨ ਉਥੇ ਰਹਿ ਕੇ ਪ੍ਰਸੰਨ ਹੋਏ॥੪੨॥

ਕਾਬਲ ਕੋ ਸੰਗਤਿ ਪੁਨ ਗਈ। ਮਨੋ ਕਾਮਨਾ ਪੂਰਨ ਭਈ।
ਦੇਸ਼ ਬਿਦੇਸ਼ਨ ਗੁਰ ਕੀ ਕੀਰਤਿ। ਜਿਮ ਦੇਖੀ ਕੀਨੀ ਬਿਸਤੀਰਤਿ॥ ੪੩॥

ਫਿਰ ਸਾਰੀ ਸੰਗਤ ਕਾਬਲ ਨੂੰ ਚਲੇ ਗਈ ਤੇ ਉਨ੍ਹਾਂ ਦੀ ਮਨੋਂਕਾਮਨਾ ਪੂਰੀ ਹੋਈ। ਦੇਸ਼ਾਂ ਵਿਦੇਸ਼ਾਂ ਵਿਚ ਗੁਰੂ ਜੀ ਦੀ ਕੀਰਤੀ ਜਿਵੇਂ ਵੇਖੀ ਸੀ ਉਸ ਤਰ੍ਹਾਂ ਪ੍ਰਗਟ ਕਰਦੇ ਸਨ॥੪੩॥

*ਸੱਤਵੀਂ ਰਾਸ ਦਾ ਪੰਝੀਵਾਂ ਅਧਿਆਇ ਸਮਾਪਤ ਹੋਇਆ॥੨੫॥*

## *ਅਧਿਆਇ ਛੱਬੀਵਾਂ*

*ਦਰਿਆਈ ਘੋੜੇ*

ਦੋਹਰਾ- ਸੁਨਿ ਸਤਿਗੁਰ ਚਿਤ ਚੌਂਪ ਕਰਿ ਹਯ ਚਾਹਤਿ ਜਿਮ ਆਇ।
ਰਿਦੇ ਬਿਚਾਰਤਿ ਭੇ ਬਹੁਤ ਕਿਸ ਪ੍ਰਕਾਰ ਕੋ ਲਜਾਇ?॥ ੧॥

ਇਹ ਸੁਣ ਕੇ ਸਤਿਗੁਰੂ ਜੀ ਦੇ ਮਨ ਵਿਚ ਸ਼ੌਕ ਪੈਦਾ ਹੋਇਆ ਕਿ ਕਿਸੇ ਤਰ੍ਹਾਂ ਵੀ ਘੋੜੇ ਲਿਆਂਦੇ ਜਾਣ। ਹਿਰਦੇ ਵਿਚ ਬਹੁਤ ਵਿਚਾਰਦੇ ਸਨ, ਕਿਸ ਪ੍ਰਕਾਰ ਉਨ੍ਹਾਂ ਨੂੰ ਲਿਆਈਏ?॥੧॥

ਚੌਪਈ- ਧਨ ਖਰਚਹਿਂ ਜੇਤੋ ਮਨ ਭਾਵਤਿ। ਮੋਲ ਦਿਏ ਸੋ ਹਾਥ ਨ ਆਵਤਿ।
ਸ਼ਾਹੁਜਹਾਂ ਕੇ ਕਮੀ ਨ ਕਾਈ। ਲੇਹਿਂ ਤੁਰੰਗ ਸੁਕਵਨ ਉਪਾਈ॥ ੨॥

ਮਨ-ਭਾਉਂਦਾ ਜਿੰਨਾ ਵੀ ਹੋਵੇ ਧਨ ਖਰਚਣ ਨੂੰ ਤਿਆਰ ਹਾਂ, ਪਰ ਕੀਮਤ ਤਾਰਨ ਨਾਲ ਉਹ ਹੱਥ ਨਹੀਂ ਆਉਣ ਵਾਲੇ। ਸ਼ਾਹਜਹਾਂ ਦੇ ਪਾਸ ਧਨ ਦੀ ਕੋਈ ਘਾਟ ਨਹੀਂ ਹੈ, ਜਿਹੜੇ ਮੁਲ ਤਾਰ ਕੇ ਘੋੜੇ ਲੈ ਲਈਏ॥੨॥

*ਨੋਟ : ਹੋਰ ਇਤਿਹਾਸਕਾਰਾਂ ਅਨੁਸਾਰ ਇਕ ਗੁਰੂ ਦਾ ਸਿੱਖ, ਇਨ੍ਹਾਂ ਘੋੜਿਆਂ ਨੂੰ ਲੈ ਕੇ ਆਇਆ ਸੀ, ਪਰ ਹਾਕਮਾਂ ਨੇ ਉਹ ਘੋੜੇ ਰਾਹ ਵਿਚ ਹੀ ਖੋਹ ਲਏ ਸਨ, ਗੁਰੂ ਜੀ ਆਪਣੇ ਘੋੜਿਆਂ ਨੂੰ ਪ੍ਰਾਪਤ ਕਰਨਾ ਚਾਹੁੰਦੇ ਸਨ। ਗੁਰੂ ਜੀ ਨੇ ਆਪਣੇ ਘੋੜੇ ਪ੍ਰਾਪਤ ਕਰਨ ਵਾਸਤੇ ਬਿਧੀ ਚੰਦ ਨੂੰ ਭੇਜਿਆ ਸੀ।*

ਅਤਿ ਪ੍ਰਿਯ ਰਖਹਿ ਤਕਰਾਈ। ਲਾਖਹੁਂ ਭਟ ਨਿਤ ਰਹਤਿ ਸਹਾਈ।
ਜੇਕਰਿ ਲਰਹਿਂ ਹਾਥ ਨਹਿਂ ਆਵਤਿ। ਮਹਾਂ ਦੁਰਗ ਮਹਿਂ ਤਿਨਹਿ ਰਖਾਵਤਿ॥੩॥

ਸ਼ਾਹਜਹਾਂ ਨੂੰ ਇਹ ਘੋੜੇ ਅਤਿ ਪਿਆਰੇ ਹਨ, ਇਸ ਕਰਕੇ ਉਨ੍ਹਾਂ ਬੜੀ ਸਖਤ ਨਿਗਰਾਨੀ ਰੱਖੀ ਹੈ, ਲੱਖਾਂ ਸੂਰਮੇ ਸਦਾ ਹੀ ਉਨ੍ਹਾਂ ਦੀ ਸਹਾਇਤਾ ਲਈ ਰਹਿੰਦੇ ਹਨ। ਜੇ ਲੜਾਈ ਕਰਾਂਗੇ ਤਾਂ ਘੋੜੇ ਹੱਥ ਨਹੀਂ ਆਉਣਗੇ, ਉਨ੍ਹਾਂ ਘੋੜਿਆ ਨੂੰ ਵੱਡੇ ਕਿਲ੍ਹੇ ਵਿਚ ਰਖਿਆ ਹੋਇਆ ਹੈ॥੩॥

ਸਭਾ ਬਿਖੈ ਗੁਰ ਬਾਤ ਚਲਾਈ। ਹਯਨਿ ਪ੍ਰਸੰਸ਼ਾ ਅਧਿਕ ਸੁਨਾਈ।
'ਕਿਮ ਦੇਖਨਿ ਮੈਂ ਆਇ ਹਮਾਰੇ ?। ਸੁਮਤਿਵੰਤ ਸਭਿ ਕਰਹੁ ਬਿਚਾਰੇ ?' ॥੪॥

ਗੁਰੂ ਜੀ ਨੇ ਸਾਰਿਆਂ ਵਿਚ ਇਹ ਗੱਲ ਚਲਾਈ, ਘੋੜਿਆਂ ਦੀ ਬਹੁਤ ਪ੍ਰਸੰਸਾ ਸੁਣਾਈ, "ਕਿਵੇਂ ਅਸੀਂ ਉਨ੍ਹਾਂ ਘੋੜਿਆਂ ਨੂੰ ਵੇਖ ਸਕਦੇ ਹਾਂ ? ਸ੍ਰੇਸ਼ਟ ਮੱਤ ਵਾਲੇ ਸਾਰੇ ਹੀ ਵਿਚਾਰ ਕਰੋ ?" ॥੪॥

ਚਿਤਵਹਿਂ ਜਤਨ ਅਨੇਕ ਪ੍ਰਕਾਰੀ। ਤਬਿ ਇਕ ਸਿਖ ਨੇ ਗਿਰਾ ਉਚਾਰੀ।
'ਮਹਾਂਰਾਜ ! ਤੁਮ ਸੁਮਤਿ ਨਿਧਾਨੇ। ਅੱਗ੍ਰ ਆਪ ਕੇ ਕੌਨ ਬਖਾਨੇ॥ ੫॥

ਅਨੇਕ ਪ੍ਰਕਾਰ ਦੇ ਯਤਨ ਸੋਚਦੇ ਸਨ, ਤਦ ਇਕ ਸਿੱਖ ਬੋਲਿਆ, "ਮਹਾਰਾਜ ! ਤੁਸੀਂ ਗਿਆਨ ਦਾ ਖਜ਼ਾਨਾ ਹੋ, ਤੁਹਾਡੇ ਸਾਹਮਣੇ ਕੋਈ ਕੀ ਕਹਿ ਸਕਦਾ ਹੈ ॥੫॥

ਤਊ ਦੇਖੀਯਹਿ ਭਲੇ ਬਿਚਾਰਿ। ਹੋਇ ਨ ਬਿਨ ਬਿਧੀਏ ਨਿਰਧਾਰ।
ਤੁਮ ਸਹਾਇਤਾ ਪਾਇ ਸੁ ਲਯਾਵਹਿ। ਅਪਰ ਉਪਾਇ ਨਹੀਂ ਕਿਮ ਆਵਹਿ ॥੬॥

ਫਿਰ ਵੀ ਭਲੀ ਪ੍ਰਕਾਰ ਵਿਚਾਰ ਕੇ ਵੇਖ ਲਵੋ, ਬਿੱਧੀ ਚੰਦ ਬਗੈਰ ਇਹ ਕਾਰਜ ਪੂਰਾ ਨਹੀਂ ਹੋਣਾ। ਤੁਹਾਡੀ ਸਹਾਇਤਾ ਪਾ ਕੇ ਉਹ ਲੈ ਆਉਣਗੇ। ਹੋਰ ਕੋਈ ਉਪਾਅ ਕਰਨ ਨਾਲ ਕਿਸੇ ਤਰ੍ਹਾਂ ਵੀ ਨਹੀਂ ਆਉਣਗੇ॥੬॥

ਜਿਸ ਬਿਧਿ ਕੀ ਬੁਧਿ ਇਸ ਮਹਿਂ ਅਹੈ। ਸਕਲ ਜਗਤ ਨਰ ਦੁਸਕਰ ਲਹੈਂ।
ਜਿਮ ਤਿਨ ਹਯਨਿ ਸਮਾਨ ਨ ਹੋਈ। ਤਿਮ ਲਯਾਵਨਿ ਇਸ ਸਮ ਨਹਿਂ ਕੋਈ ॥੭॥

ਜਿਸ ਪ੍ਰਕਾਰ ਦੀ ਬੁੱਧੀ ਇਨ੍ਹਾਂ ਵਿਚ ਹੈ, ਸਾਰੇ ਜਗਤ ਦੇ ਲੋਕਾਂ ਵਾਸਤੇ ਉਹ ਮੁਸ਼ਕਲ ਹੈ। ਜਿਵੇਂ ਉਨ੍ਹਾਂ ਘੋੜਿਆਂ ਵਰਗਾ ਹੋਰ ਕੋਈ ਘੋੜਾ ਨਹੀਂ, ਉਸ ਤਰ੍ਹਾਂ ਇਨ੍ਹਾਂ ਵਾਂਗ ਹੋਰ ਕੋਈ ਘੋੜੇ ਨਹੀਂ ਲਿਆ ਸਕਦਾ ਹੈ॥੭॥

ਤੁਮ ਸਮ ਨਹੀਂ ਸਹਾਇਕ ਦੂਵਾ। ਤੀਨਹੁਂ ਮੇਲ ਏਕ ਸਮ ਹੂਵਾ।
ਜੇ ਕਰਿ ਲਯਾਵਹਿ ਹਯ ਬਲ ਭਾਰੀ। ਅਚਰਜ ਬਿਥਰਹਿ ਜਗਤ ਮਝਾਰੀ' ॥੮॥

ਤੁਹਾਡੇ ਵਰਗਾ ਕੋਈ ਦੂਸਰਾ ਸਹਾਇਕ ਨਹੀਂ ਹੈ। ਤਿੰਨਾਂ ਦਾ ਮੇਲ ਇਕ ਬਰਾਬਰ ਹੋਇਆ ਹੈ। ਜੇ ਉਹ ਭਾਰੀ ਸ਼ਕਤੀਸ਼ਾਲੀ ਘੋੜੇ ਲੈ ਆਉਣਗੇ ਤਾਂ ਜਗਤ ਵਿਚ ਅਸਚਰਜ ਫੈਲ ਜਾਵੇਗਾ" ॥੮॥

ਸੁਨਿ ਗੁਰੁ ਬਿਧੀਏ ਓਰ ਨਿਹਾਰਾ। 'ਹਯ ਗੁਨ ਸੁਨਿ ਮਨ ਹਰਜੋ ਹਮਾਰਾ।
ਜਯੋਂ ਕਯੋਂ ਕਰਹੁ ਦਿਖਾਵਨ ਸੋਈ। ਤੁਵ ਸਮਾਨ ਦੂਸਰ ਨਹਿਂ ਕੋਈ॥ ੯॥

ਇਹ ਸੁਣ ਕੇ ਗੁਰੂ ਜੀ ਨੇ ਬਿਧੀ ਚੰਦ ਵਲ ਵੇਖਿਆ ਅਤੇ ਕਿਹਾ, "ਘੋੜਿਆਂ ਦੇ ਗੁਣ ਸੁਣ ਕੇ ਸਾਡਾ ਮਨ ਜਿਤਿਆ ਗਿਆ ਹੈ, ਜਿਵੇਂ ਕਿਵੇਂ ਸਾਨੂੰ ਉਹ ਘੋੜੇ ਵਿਖਾਓ, ਤੁਹਾਡੇ ਵਰਗਾ ਹੋਰ ਕੋਈ ਦੂਸਰਾ ਨਹੀਂ ਹੈ॥੯॥

ਇਹੁ ਕਾਰਜ ਤੁਝ ਤੇ ਬਨਿ ਆਵੈ'। ਬਿਧੀਚੰਦ ਕਰ ਜੋਰਿ ਅਲਾਵੈ।
'ਕਾਰਜ ਕਠਨ ਜਥਾ ਤੁਮ ਜਾਨਹੁ। ਸਿਧ ਹੁਇ ਰਾਵਰ ਤੇ ਸਭਿ ਮਾਨਹੁਂ ॥੧੦॥

ਇਹ ਕਾਰਜ ਤੇਰੇ ਪਾਸੋਂ ਹੀ ਹੋਣਾ ਹੈ।" ਬਿਧੀ ਚੰਦ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਜਿਵੇਂ ਤੁਸੀਂ ਜਾਣਦੇ ਹੋ, ਇਹ ਕਾਰਜ ਕਠਨ ਹੈ, ਮੈਂ ਇਹ ਮੰਨਦਾ ਹਾਂ ਕਿ ਇਹ ਕਾਰਜ ਆਪ ਜੀ ਪਾਸੋਂ ਹੀ ਸਿੱਧ ਹੋਣਾ ਹੈ॥੧੦॥

ਮੈ ਤੌ ਬਨਿ ਹੌਂ ਏਕ ਬਹਾਨਾ। ਕਰਹੁ ਕਾਜ ਤੁਮ ਆਪ ਸੁਜਾਨਾ।
ਸੁਨਿ ਪ੍ਰਸੰਨ ਸ੍ਰੀ ਸਤਿਗੁਰ ਹੋਏ। 'ਬਿਧੀਆ! ਤੁਵ ਮਾਨਿੰਦ ਨ ਕੋਏ॥ ੧੧ ॥

ਮੈਂ ਤਾਂ ਕੇਵਲ ਇਕ ਬਹਾਨਾ ਹੀ ਬਣਾਂਗਾ, ਸਾਰਾ ਕਾਰਜ ਤੁਸੀਂ ਆਪ ਹੀ ਕਰੋਗੇ।" ਇਹ ਸੁਣ ਕੇ ਗੁਰੂ ਜੀ ਪ੍ਰਸੰਨ ਹੋ ਗਏ ਤੇ ਬਚਨ ਕੀਤਾ, "ਹੇ ਬਿਧੀ ਚੰਦ! ਤੁਹਾਡੇ ਵਰਗਾ ਹੋਰ ਕੋਈ ਨਹੀਂ ਹੈ॥੧੧॥

ਰਾਮਚੰਦ ਜਿਮ ਲੰਕ ਪਠਾਵਨ। ਸਭਿ ਕਪਿ ਮਹਿਂ ਖੋਜਜੋ ਮਨ ਪਾਵਨ।
ਹਨੂਮਾਨ ਬਡ ਸੁਮਤਿ ਪ੍ਰਬੀਨਾ। ਜਾਇ ਤਹਾਂ ਸਭਿ ਕਾਰਜ ਕੀਨਾ॥ ੧੨ ॥

ਸ੍ਰੀ ਰਾਮ ਚੰਦਰ ਜੀ ਨੇ ਸਭ ਬਾਂਦਰਾਂ ਵਿਚੋਂ ਸ਼੍ਰੇਸ਼ਟ ਅਤੇ ਚਤੁਰ ਮੱਤ ਵਾਲਾ ਹਨੂੰਮਾਨ ਖੋਜ ਕੇ ਲੰਕਾ ਭੇਜਿਆ ਸੀ ਤੇ ਉਥੇ ਜਾ ਕੇ ਉਸ ਸਭ ਕਾਰਜ ਕੀਤੇ ਸਨ॥੧੨॥

ਤਸਕਰ ਸਮ ਸਭਿ ਲੋਕ ਨਿਹਾਰੀ। ਪਿਖਿ ਸੀਤਾ, ਹਤਿ ਰਾਖਸ਼ ਭਾਰੀ।
ਆਗ ਲਗਾਇ ਸਿੰਧੁ ਉਲੰਘਾਵਾ। ਤਿਮ ਹੀ ਅਬਿ ਕਾਰਜ ਬਨਿ ਆਵਾ॥੧੩ ॥

ਚੋਰ ਸਮਾਨ ਸਭ ਲੋਕਾਂ ਨੇ ਵੇਖਿਆ ਤੇ ਭਾਰੀ ਰਾਖਸ਼ਾਂ ਨੂੰ ਮਾਰ ਕੇ ਉਸ ਮਾਤਾ ਸੀਤਾ ਨੂੰ ਵੇਖਿਆ। ਲੰਕਾ ਨੂੰ ਅੱਗ ਲਾ ਕੇ ਸਾਗਰ ਲੰਘ ਆਇਆ, ਉਸ ਤਰ੍ਹਾਂ ਹੀ ਹੁਣ ਤੁਹਾਡੇ ਵਾਸਤੇ ਕਾਰਜ ਕਰਨਾ ਬਣਦਾ ਹੈ॥੧੩॥

ਅਬਿ ਲੌ ਜਸੁ ਜਗ ਮਹਿਂ ਹਨੁਮਾਨਾ। ਕਾਜ ਕਠਨ ਤਿਮ ਬਨਹਿ ਸਮਾਨਾ।
ਅਪਨਿ ਪ੍ਰਸ਼ੰਸ਼ਾ ਸੁਨੀ ਬਿਸਾਲਾ। ਬਿਧੀ ਚੰਦ ਬੋਲਜੋ ਤਿਸ ਕਾਲਾ॥ ੧੪ ॥

ਹੁਣ ਤਕ ਹਨੂੰਮਾਨ ਦਾ ਜੱਗ ਵਿਚ ਜਸ ਹੋ ਰਿਹਾ ਹੈ, ਉਸ ਤਰ੍ਹਾਂ ਹੀ ਇਕ ਕਠਨ ਕਾਰਜ ਕਰਨਾ ਬਣਦਾ ਹੈ।" ਆਪਣੀ ਵਿਸ਼ਾਲ ਪ੍ਰਸ਼ੰਸਾ ਸੁਣ ਕੇ ਭਾਈ ਬਿਧੀ ਚੰਦ ਉਸ ਸਮੇਂ ਬੋਲਿਆ॥੧੪॥

'ਸ੍ਰੀ ਗੁਰੂ ! ਤੁਮ ਸਹਾਇ ਜੇ ਪਾਊਂ। ਕਹਾਂ ਸ਼ਾਹੁ, ਅਸੁ ਰਵਿ ਕੇ ਲਜਾਊਂ।
ਸੁਨੇ ਬਰੁਨ ਢਿਗ ਸੁੰਦਰ ਘੋਰੇ। ਤਹਿਂ ਤੇ ਲਜਾਇ ਸਕੌਂ ਤੁਮ ਜੋਰੇ॥ ੧੫ ॥

"ਹੇ ਗੁਰੂ ਜੀ! ਜੇ ਤੁਹਾਡੀ ਸਹਾਇਤਾ ਪਾਵਾਂਗਾ ਤੇ ਫਿਰ ਸ਼ਾਹਜਹਾਂ ਬਾਦਸ਼ਾਹ ਤਾਂ ਕਿਤੇ ਰਿਹਾ, ਮੈਂ ਸੂਰਜ ਦੇ ਰੱਥ ਦੇ ਘੋੜੇ ਲੈ ਆਵਾਂਗਾ। ਇਹ ਸੁਣਿਆ ਹੈ ਵਰੁਨ ਦੇਵਤੇ ਪਾਸ ਬੜੇ ਸੁੰਦਰ ਘੋੜੇ ਹਨ, ਤੁਹਾਡੀ ਬਖਸ਼ੀ ਸ਼ਕਤੀ ਨਾਲ ਮੈਂ ਉਸ ਦੇ ਘੋੜੇ ਵੀ ਲਿਆ ਸਕਦਾ ਹਾਂ॥੧੫॥

ਰਾਵਰ ਕੀ ਸਹਾਇਤਾ ਪਾਇ। ਕੋ ਅਸ ਕਾਜ ਜੋ ਨ ਬਨਿ ਜਾਇ ?'।
ਸੁਨਿ ਬਿਧੀਏ ਤੇ ਭਏ ਪ੍ਰਸੰਨ। 'ਹਨੁਮਤ ਸਮ ਤੁਮ, ਕੋ ਨਹਿਂ ਅੰਨ॥ ੧੬ ॥

ਆਪ ਜੀ ਦੀ ਸਹਾਇਤਾ ਪਾ ਕੇ, ਕਿਹੜਾ ਐਸਾ ਕੰਮ ਹੈ, ਜਿਹੜਾ ਹੋ ਨਹੀਂ ਸਕਦਾ ਹੈ ?" ਭਾਈ ਬਿਧੀ ਚੰਦ ਦੀ ਗੱਲ ਸੁਣ ਕੇ ਗੁਰੂ ਜੀ ਪ੍ਰਸੰਨ ਹੋ ਗਏ, "ਹਨੂੰਮਾਨ ਸਮਾਨ ਤੁਹਾਡੇ ਵਰਗਾ ਹੋਰ ਕੋਈ ਨਹੀਂ॥੧੬॥

ਕਲੀਕਾਲ ਕੋ ਜੈਸੋ ਸਮੈਂ। ਤੈਸੋ ਕਰਨ ਬਨਤਿ ਹੈ ਤੁਮੈਂ।
ਸੋ ਤੁਰੰਗ ਕੋ ਲੇ ਕਰਿ ਆਵਹੁ। ਅਚਲ ਸੁਜਸੁ ਜਗ ਸੁਭ ਗਤਿ ਪਾਵਹੁ॥੧੭ ॥

ਜਿਸ ਤਰ੍ਹਾਂ ਇਕ ਕਲਿਜੁਗ ਦਾ ਸਮਾਂ ਹੈ, ਉਸ ਤਰ੍ਹਾਂ ਹੀ ਤੁਹਾਨੂੰ ਕਰਨਾ ਬਣਦਾ ਹੈ। ਉਨ੍ਹਾਂ ਘੋੜਿਆਂ ਨੂੰ ਲੈ ਕੇ ਆਵੋ ਤੇ ਜਗ ਵਿਚ ਸਥਾਈ ਸ੍ਰੇਸ਼ਟ ਜੱਸ ਤੇ ਸ਼ੁਭ ਗਤੀ ਪਾਵੋ॥੧੭॥

ਪੀਛੇ ਗ੍ਰੰਥਨ ਮੈਂ ਤੁਵ ਗਾਥਾ। ਪਠਹਿਂ ਸੁਨਹਿਂ ਹੁਇ ਅਚਰਜ ਸਾਥਾ।
ਪੁੰਨਜਾਤਮ ਤੇਰੋ ਜਸੁ ਕਰੈਂ। ਇਹੁ ਕਾਰਜ ਤੁਮ ਬਿਨ ਨਹਿਂ ਸਰੈ॥ ੧੮ ॥

ਬਾਅਦ ਵਿਚ ਗ੍ਰੰਥਾਂ ਵਿਚ ਤੇਰੀ ਗਾਥਾ ਚਲੇਗੀ, ਲੋਕ ਪੜ੍ਹ ਸੁਣ ਕੇ ਹੈਰਾਨ ਹੋਣਗੇ। ਪਵਿੱਤਰ ਲੋਕ ਤੇਰਾ ਜੱਸ ਕਰਨਗੇ, ਇਹ ਕਾਰਜ ਤੇਰੇ ਬਗੈਰ ਨਹੀਂ ਹੋ ਸਕਦਾ" ॥੧੮॥

*ਨੋਟ: ਜੇ ਆਪਣੇ ਘੋੜਿਆਂ ਨੂੰ ਪ੍ਰਾਪਤ ਕਰਨ ਦਾ ਕਾਰਜ ਨਾ ਹੁੰਦਾ ਤਾਂ ਗੁਰੂ ਜੀ ਕਿਵੇਂ ਕਹਿ ਸਕਦੇ ਸਨ ਕਿ ਇਹ ਪੁੰਨ ਦਾ ਕੰਮ ਕਰਨ ਨਾਲ ਜਗ ਦੇ ਲੋਕ ਤੁਹਾਡਾ ਜੱਸ ਕਰਨਗੇ ? ਇਸ ਲਈ ਘੋੜੇ ਗੁਰੂ ਜੀ ਦੇ ਸਿੱਖ ਲਿਆਏ ਸੀ ਜਿਨ੍ਹਾਂ ਨੂੰ ਹਾਕਮਾਂ ਖੋਹ ਲਿਆ ਸੀ।*

ਬਹੁ ਅਭਿਲਾਖਾ ਗੁਰ ਕੀ ਜਾਨਿ। ਬਿਧੀਚੰਦ ਹ੍ਵੈ ਕੈ ਸਵਧਾਨ।
'ਪ੍ਰਾਪਤ ਹੋਤਿ ਅਧਿਕ ਬਡਿਆਈ'। ਭਯੋ ਤਯਾਰ ਨਹਿਂ ਬਿਲਮ ਲਗਾਈ ॥੧੯॥

ਗੁਰੂ ਜੀ ਦੀ ਵੱਡੀ ਅਭਿਲਾਸ਼ਾ ਜਾਣ ਕੇ, ਬਿਧੀ ਚੰਦ ਨੇ ਸਾਵਧਾਨ ਹੋ ਕੇ ਸੋਚਿਆ, "ਬਹੁਤ ਵਡਿਆਈ ਪ੍ਰਾਪਤ ਹੋਵੇਗੀ।" ਝਟ ਤਿਆਰ ਹੋ ਗਿਆ ਤੇ ਕੋਈ ਦੇਰ ਨਾ ਲਾਈ॥੧੯॥

ਸਨਮੁਖ ਖਰੋ ਹੋਇ ਮਤਿ ਧਾਮੂ। ਸਰਬ ਗੁਰਨ ਕੇ ਲੇ ਕਰਿ ਨਾਮੂ।
ਹਾਥ ਜੋਰਿ ਕੀਨੀ ਅਰਦਾਸ। 'ਅੰਗ ਸੰਗ ਨਿਤ ਕ੍ਰਿਪਾ ਅਵਾਸ॥ ੨੦॥

ਬੁੱਧੀਵਾਨ ਨੇ ਗੁਰੂ ਜੀ ਦੇ ਸਾਹਮਣੇ ਖੜੇ ਹੋ ਕੇ ਸਾਰੇ ਗੁਰੂ ਸਾਹਿਬਾਨ ਦਾ ਨਾਮ ਲੈ ਕੇ ਹੱਥ ਜੋੜ ਕੇ ਅਰਦਾਸ ਕੀਤੀ। "ਹੇ ਕਿਰਪਾ ਦੇ ਘਰ ਗੁਰੂ ਸਾਹਿਬਾਨ ਜੀ ! ਸਦਾ ਮੇਰੇ ਅੰਗ ਸੰਗ ਰਹੋ॥੨੦॥

ਬਾਟ ਘਾਟ ਮਹਿਂ ਬਨਹੁ ਸਹਾਈ'। ਗੁਰ ਆਗੇ ਤਬਿ ਗ੍ਰੀਵ ਨਿਵਾਈ।
ਚਰਨ ਕਮਲ ਪ੍ਰਿਯ ਪਰਸਨ ਕਰੇ। ਸਭਿ ਤੇ ਖੁਸ਼ੀ ਲੀਨਿ ਬਲ ਧਰੇ॥ ੨੧॥

ਘਰ ਰਹਿੰਦੇ ਅਤੇ ਚਲਦੇ ਸਮੇਂ ਮੇਰੇ ਸਹਾਇਕ ਬਣੋ।" ਫਿਰ ਗੁਰੂ ਜੀ ਅੱਗੇ ਸਿਰ ਨਿਵਾਇਆ ਤੇ ਪਿਆਰੇ ਚਰਨ ਕੰਵਲਾਂ ਨੂੰ ਪਲੋਸਿਆ ਤੇ ਸਭ ਪਾਸੋਂ ਖੁਸ਼ੀਆਂ ਲੈ ਕੇ ਬਲ ਧਾਰਨ ਕੀਤਾ॥੨੧॥

ਉਰ ਮਹਿਂ ਗੁਰ ਬਸਾਇ ਕਰਿ ਚਾਲਾ। ਲਵਪੁਰਿ ਕੋ ਸਨਮੁਖ ਤਿਸ ਕਾਲਾ।
ਰਿਦੇ ਬਿਚਾਰਤਿ ਹਰਖਤਿ ਜਾਤੋ। ਸਭਿ ਤੇ ਅਧਿਕ ਮੋਹਿ ਗੁਰੁ ਜਾਤੋ॥੨੨॥

ਹਿਰਦੇ ਵਿਚ ਗੁਰੂ ਜੀ ਨੂੰ ਵਸਾ ਕੇ ਚਲ ਪਿਆ ਤੇ ਉਸ ਸਮੇਂ ਲਾਹੌਰ ਵੱਲ ਆਪਣਾ ਮੁਖ ਕਰ ਲਿਆ। ਹਿਰਦੇ ਵਿਚ ਵਿਚਾਰਦਾ ਪ੍ਰਸੰਨ ਚਿੱਤ ਜਾ ਰਿਹਾ ਸੀ, "ਗੁਰੂ ਜੀ ਨੇ ਮੈਨੂੰ ਸਭ ਤੋਂ ਵੱਡਾ ਜਾਣਿਆ ਹੈ॥੨੨॥

ਕਰਜੋ ਪ੍ਰਚਾਰਨ ਸਭਾ ਸਮਾਜ। ਕਯੋਂ ਨ ਕਰੋਂ ਮੈਂ ਦੁਸ਼ਤਰ ਕਾਜ'।
ਤੀਨ ਦਿਵਸ ਮਹਿਂ ਪਹੁੰਚਯੋ ਜਾਈ। ਪੁਰਿ ਦਰ ਢਿਗ ਅਰਦਾਸ ਅਲਾਈ॥੨੩॥

ਸਾਰੀ ਸਭਾ ਨੇ ਮੈਨੂੰ ਵੰਗਾਰਿਆ ਹੈ, ਫਿਰ ਮੈਂ ਕਿਉਂ ਇਹ ਮੁਸ਼ਕਲ ਕੰਮ ਨਹੀਂ ਕਰਾਂਗਾ।" ਤਿੰਨਾਂ ਦਿਨਾਂ ਵਿਚ ਲਾਹੌਰ ਪਹੁੰਚ ਗਿਆ ਤੇ ਨਗਰ ਦੇ ਦਰਵਾਜ਼ੇ ਤੇ ਪੁੱਜ ਕੇ ਅਰਦਾਸ ਕੀਤੀ॥੨੩॥

ਸਰਬ ਗੁਰਨਿ ਕੋ ਬੰਦਨ ਕਰੀ। ਤਤਛਿਨ ਕਿਯੋ ਪ੍ਰਵੇਸ਼ਨ ਪੁਰੀ।
ਕਰਤਿ ਬਿਚਾਰਨ ਅਨਿਕ ਉਪਾਈ। 'ਕਿਮ ਤੁਰੰਗ ਢਿਗ ਪਹੁਚੋਂ ਜਾਈ॥੨੪॥

ਸਾਰੇ ਗੁਰੂ ਸਾਹਿਬਾਨ ਨੂੰ ਬੰਦਨਾ ਕੀਤੀ ਤੇ ਤੁਰਤ ਨਗਰ ਅੰਦਰ ਦਾਖਲ ਹੋ ਗਿਆ, ਅਨੇਕਾਂ ਉਪਾਅ ਵਿਚਾਰ ਰਿਹਾ ਸੀ, 'ਕਿਵੇਂ ਘੋੜੇ ਪਾਸ ਪਹੁੰਚਿਆ ਜਾਵੇ ॥੨੪॥

ਦਿਯੋ ਜਾਇ ਨਹਿਂ ਸੰਨ੍ਹਿ ਕਦਾਈ। ਗਾਢੀ ਕੱਧ ਰਹਿਤ ਚੁਕਸਾਈ।
ਨਹਿਂ ਓਪਰੋ ਪ੍ਰਵੇਸ਼ਨ ਪਾਵੈ। ਪੌਰ ਅਨਿਕ ਪਰ ਨਰ ਥਿਰਤਾਵੈਂ॥ ੨੫॥

ਕਿਸੇ ਤਰ੍ਹਾਂ ਸੰਨ੍ਹ ਵੀ ਨਹੀਂ ਲਾਈ ਜਾ ਸਕਦੀ, ਬਹੁਤ ਮੋਟੀ ਦੀਵਾਰ ਹੈ ਤੇ ਹਰ ਵੇਲੇ ਚੌਕਸੀ ਰਹਿੰਦੀ ਹੈ। ਓਪਰਾ ਆਦਮੀ ਅੰਦਰ ਦਾਖਲ ਨਹੀਂ ਹੋ ਸਕਦਾ, ਸਾਰੇ ਦਰਵਾਜ਼ਿਆਂ ਤੇ ਪਹਿਰੇਦਾਰ ਖੜੇ ਹਨ॥੨੫॥

ਨਿਕਟਿ ਦਰੋਗੇ ਬਨ ਕਰਿ ਦਾਸ। ਜੇ ਕਰਿ ਰਹੋਂ ਜਾਉਂ ਹਉਂ ਪਾਸ।
ਸੋ ਨਹਿਂ ਰਾਖਹਿ ਬਿਨਾ ਚਿਨਾਰੀ। ਬਿਨਾ ਰਹੇ ਹੁਇ ਕਾਜ ਨ ਭਾਰੀ ॥੨੬॥

ਜੇ ਦਰੋਗੇ ਦੇ ਪਾਸ ਸੇਵਕ ਬਣ ਕੇ ਰਹਾਂਗਾ ਤਾਂ ਘੋੜੇ ਦੇ ਪਾਸ ਜਾ ਸਕਦਾ ਹਾਂ। ਉਹ ਪਹਿਚਾਣ ਤੋਂ ਬਗੈਰ ਮੈਨੂੰ ਰਖੇਗਾ ਨਹੀਂ ਤੇ ਰਹਿਣ ਤੋਂ ਬਗੈਰ ਭਾਰੀ ਕਾਰਜ ਨਹੀਂ ਹੋਵੇਗਾ॥੨੬॥

ਯਾਂਤੇ ਜਤਨ ਰਹਿਨ ਹਿਤ ਕਰੌਂ। ਜਿਸ ਤੇ ਅਪਨੀ ਮਨਸਾ ਪੂਰੌਂ।
ਏਵ ਬਿਚਾਰਤਿ ਪੁਰੀ ਪ੍ਰਵੇਸ਼ਾ। ਖਾਤੀ ਜੀਵਣ ਸਿੱਖ ਵਿਸ਼ੇਸ਼ਾ॥ ੨੭॥

ਇਸ ਕਰਕੇ ਰਹਿਣ ਦਾ ਯਤਨ ਕਰਦਾ ਹਾਂ, ਜਿਸ ਨਾਲ ਆਪਣੀ ਮਨਸ਼ਾ ਪੂਰੀ ਕਰਾਂ।" ਇਸ ਤਰ੍ਹਾਂ ਵਿਚਾਰ ਕਰਦਾ ਨਗਰ ਦੇ ਅੰਦਰ ਚਲਾ ਗਿਆ। ਲਾਹੌਰ ਵਿਚ ਇਕ ਜੀਵਣ ਨਾਮੀ ਤਰਖਾਣ ਸਿੱਖ ਰਹਿੰਦਾ ਸੀ॥੨੭॥

ਤਿਸ ਕੇ ਸਦਨ ਪ੍ਰਵੇਸ਼ਜੋ ਜਾਈ। ਨਿਕਟਿ ਹੋਇ ਕਹਿ 'ਪਰਨੌ ਪਾਈ'।
ਰਹਤਿ ਗੁਰੂ ਕੇ ਨਿਕਟਿ ਨਿਹਾਰਾ। ਜੀਵਣ ਉਠਜੋ ਜਾਨਿ ਗੁਰ ਪਜਾਰਾ ॥੨੮॥

ਉਸ ਦੇ ਘਰ ਦੇ ਅੰਦਰ ਚਲਾ ਗਿਆ, ਨੇੜੇ ਹੋ ਕੇ ਕਿਹਾ, "ਪੈਰੀਂ ਪੈਂਦਾ ਹਾਂ।" ਜੀਵਣ ਨੇ ਉਸ ਨੂੰ ਗੁਰੂ ਜੀ ਦੇ ਪਾਸ ਰਹਿੰਦਾ ਵੇਖਿਆ ਸੀ, ਉਹ ਗੁਰੂ ਜੀ ਦਾ ਪਿਆਰਾ ਜਾਣ ਕੇ ਝਟ ਉੱਠ ਬੈਠਾ॥੨੮॥

ਕਰ ਜੋਰਤਿ ਹੀ ਕਰੀ ਪ੍ਰਣਾਮੁ। ਕਹਜੋ 'ਕਰਹੁ ਪਾਵਨ ਮਮ ਧਾਮੁ।
ਸ੍ਰੀ ਸਤਿਗੁਰੂ ਮੁਸਾਹਿਬ ਭਾਰਾ। ਆਨਿ ਚਰਨ ਮਮ ਘਰ ਮਹਿਂ ਧਾਰਾ ॥੨੯॥

ਹੱਥ ਜੋੜ ਕੇ ਉਸ ਪ੍ਰਣਾਮ ਕੀਤੀ ਤੇ ਕਿਹਾ, "ਮੇਰੇ ਘਰ ਨੂੰ ਪਵਿੱਤਰ ਕਰੋ। ਤੁਸੀਂ ਸਤਿਗੁਰੂ ਜੀ ਦੇ ਵੱਡੇ ਮੁਸਾਹਿਬ ਹੋ, ਮੇਰੇ ਘਰ ਵਿਚ ਆ ਕੇ ਚਰਨ ਪਾਏ ਹਨ"॥੨੯॥

ਮੰਚ ਡਸਾਇ ਬਸਾਇ ਅਨੰਦ। ਸਭਿ ਬਿਧਿ ਕੀਨੀ ਸੇਵ ਬਿਲੰਦ।
ਜਲ ਤਾਤੋ ਕਰਿ ਪਾਂਇ ਪਖਾਰੇ। ਜਥਾਸ਼ਕਤਿ ਕਰਿ ਬਿਬਿਧਿ ਅਹਾਰੇ॥ ੩੦॥

ਮੰਜਾ ਡ੍ਹਹਾ ਕੇ ਬੜੇ ਪ੍ਰਸੰਨ ਹੋ ਕੇ ਉਤੇ ਬਿਸਤਰਾ ਵਿਛਾ ਦਿੱਤਾ। ਗਰਮ ਜਲ ਕਰਕੇ ਪੈਰ ਧਵਾਏ ਤੇ ਯਥਾ ਸ਼ਕਤੀ ਅਨੁਸਾਰ ਕਈ ਪ੍ਰਕਾਰ ਦੇ ਭੋਜਨ ਤਿਆਰ ਕਰਵਾਏ॥੩੦॥

ਕਰਿ ਉਰ ਹਰਖ ਪਰਸਪਰ ਬੈਸੇ। ਕਹਿ ਜੀਵਣ 'ਆਗਵਨੁ ਕੈਸੇ ?।
ਸ੍ਰੀ ਸਤਿਗੁਰ ਕੇ ਕਾਰਜ ਆਏ ?। ਕਿਧੋਂ ਚਹੈਂ ਕੁਛ ਅਪਨਿ ਬਨਾਏ ? ॥੩੧॥

ਹਿਰਦੇ ਵਿਚ ਪ੍ਰਸੰਨ ਹੋ ਕੇ ਆਪਸ ਵਿਚ ਬੈਠ ਗਏ, ਫਿਰ ਜੀਵਣ ਨੇ ਕਿਹਾ, "ਕੈਸੇ ਆਉਣਾ ਹੋਇਆ ਹੈ ? ਸ੍ਰੀ ਸਤਿਗੁਰੂ ਜੀ ਦੇ ਕਾਰਜ ਆਏ ਹੋ ਜਾਂ ਆਪਣਾ ਕੁਝ ਬਣਾਉਣਾ ਚਾਹੁੰਦੇ ਹੋ ? ॥੩੧॥

ਭਾਗ ਬਿਸਾਲ ਪ੍ਰਥਮ ਕੇ ਮੇਰੇ। ਰਾਵਰ ਕਰਜੋ ਆਨਿ ਕਰਿ ਡੇਰੇ।
ਬਿਧੀਚੰਦ ਸਭਿ ਗਾਥ ਸੁਨਾਈ। 'ਸਤਿਗੁਰ ਉਚਿਤਿ ਵਸਤੁ ਇਸ ਥਾਈਂ ॥੩੨॥

ਮੇਰੇ ਚੰਗੇ ਭਾਗ ਹਨ, ਜਿਹੜਾ ਆਪ ਜੀ ਨੇ ਮੇਰੇ ਘਰ ਡੇਰਾ ਕੀਤਾ ਹੈ।" ਬਿਧੀ ਚੰਦ ਨੇ ਫਿਰ ਸਾਰੀ ਗੱਲ ਸੁਣਾਈ, "ਇਸ ਥਾਂ ਸਤਿਗੁਰੂ ਜੀ ਵਾਸਤੇ ਉਚਿਤ ਵਸਤੂ ਹੈ॥੩੨॥

ਮੈਂ ਜਾਨੌਂ ਕੈ ਤੂੰ ਲਖਿ ਪਾਵਹੁ। ਨਹੀਂ ਪ੍ਰੰਚਮੇ ਕਰਨ ਸੁਨਾਵਹੁ।
ਬਲੀ ਤੁਰੰਗ ਸ਼ਾਹੁ ਕੇ ਪਜਾਰੇ। ਹੁਜੇ ਚਹੈਂ ਸ੍ਰੀ ਗੁਰ ਅਸਵਾਰੇ॥ ੩੩॥

ਮੈਂ ਜਾਣਾ ਜਾਂ ਤੁਸੀ ਸਮਝ ਲਵੋ, ਪਰ ਪੰਜਵੇਂ ਕੰਨ ਨੂੰ ਨਾ ਸੁਣਾਵੋ। ਇਕ ਬੜਾ ਸ਼ਕਤੀਸ਼ਾਲੀ ਘੋੜਾ, ਬਾਦਸ਼ਾਹ ਨੂੰ ਬਹੁਤ ਪਿਆਰਾ ਹੈ ਗੁਰੂ ਜੀ ਉਸ ਘੋੜੇ ਦੀ ਸਵਾਰੀ ਕਰਨਾ ਚਾਹੁੰਦੇ ਹਨ॥੩੩॥

ਕਿਮ ਪਹੁੰਚਹੁਂ ਮੈਂ? ਜੁਗਤਿ ਬਤਾਵਹੁ। ਕਿਮ ਨਿਕਸਹਿਂ ਸਭਿ ਭੇਦ ਬੁਝਾਵਹੁ।
ਤੂੰ ਪੁਰਿ ਬਸਹਿਂ ਲਖਹਿਂ ਸਭਿ ਕਾਹੂ। ਕਿਸ ਬਲ ਖਰੇ,ਰਹਿਤ ਕੋ ਪਾਹੂ? ॥੩੪॥

ਮੈਂ ਉਸ ਘੋੜੇ ਪਾਸ ਕਿਵੇਂ ਪਹੁੰਚਾ, ਇਹ ਮੈਨੂੰ ਜੁਗਤੀ ਦੱਸੋ, ਕਿਵੇਂ ਘੋੜੇ ਨੂੰ ਬਾਹਰ ਕਢਾਂ ਸਾਰੇ ਭੇਦ ਸਮਝਾਵੋ। ਤੁਸੀਂ ਨਗਰ ਵਿਚ ਵਸਦੇ ਹੋ ਤੇ ਸਭ ਕੁਝ ਸਮਝਦੇ ਹੋ, ਕਿਸ ਥਾਂ ਖਲੋ ਕੇ ਅੰਦਰ ਜਾਣਾ ਪਾਵਾਂ ? ॥੩੪॥

ਕਹਾਂ ਨਾਮ ਜੋ ਰਹੈ ਦਰੋਗਾ?। ਤਕਰਾਈ ਹਿਤ ਕੇਤਿਕ ਲੋਗਾ?'।
ਸੁਨਿ ਜੀਵਨ ਮਨ ਮਹਿਂ ਬਿਸਮਾਯੋ। 'ਦੁਸ਼ਤਰ ਕਾਜ ਕਰਨ ਹਿਤ ਆਯੋ॥੩੫॥

ਜਿਹੜਾ ਦਰੋਗਾ ਹੈ ਉਸ ਦਾ ਕੀ ਨਾਮ ਹੈ, ਤਕੜਾਈ ਵਾਸਤੇ ਉਸ ਕਿੰਨੇ ਬੰਦੇ ਲਾਏ ਹਨ ?'' ਇਹ ਸੁਣ ਕੇ ਜੀਵਣ ਮਨ ਵਿਚ ਬੜਾ ਹੈਰਾਨ ਹੋਇਆ, ''ਬਹੁਤ ਵੱਡਾ ਮੁਸ਼ਕਲ ਕੰਮ ਇਹ ਕਰਨ ਵਾਸਤੇ ਆਏ ਹੋ॥੩੫॥

ਸੰਮਨ ਬੁਰਜ ਸ਼ਾਹੁ ਕੋ ਬਾਸਾ। ਚਪਲ ਤੁਰੰਗਨ ਪਾਸ ਨਿਵਾਸਾ।
ਨਰਨ ਸੈਂਕਰੇ ਕੀ ਰਖਵਾਰੀ। ਸੇਵਕ ਸੇਵ ਕਰਹਿਂ ਤਿਨ ਭਾਰੀ॥ ੩੬॥

ਸੰਮਨ ਬੁਰਜ ਵਿਚ ਬਾਦਸ਼ਾਹ ਰਹਿੰਦਾ ਹੈ, ਚੰਚਲ ਘੋੜਿਆਂ ਦਾ ਨਿਵਾਸ ਪਾਸ ਹੀ ਹੈ। ਸੈਂਕੜੇ ਮਨੁੱਖ ਰਖਵਾਲੀ ਕਰਦੇ ਹਨ, ਸੇਵਕ ਉਨ੍ਹਾਂ ਦੀ ਬਹੁਤ ਸੇਵਾ ਕਰਦੇ ਹਨ॥੩੬॥

ਪੌਰ ਅਨੇਕਨਿ ਕੇ ਰਹਿਂ ਅੰਤਰ। ਗਨ ਭਟ ਸ਼ਸਤ੍ਰਨਿ ਸਹਤਿ ਨਿਰੰਤਰ।
ਸੰਧੇਖਾਨ ਜੁ ਨਾਮ ਦਰੋਗਾ। ਜਿਸ ਕੇ ਅਨੁਸਾਰੀ ਬਹੁ ਲੋਗਾ॥ ੩੭॥

ਬਹੁਤ ਦਰਵਾਜ਼ਿਆਂ ਦੇ ਅੰਦਰ ਰਹਿੰਦੇ ਹਨ, ਬਹੁਤ ਸੂਰਮੇਂ ਸ਼ਸਤਰਾਂ ਸਹਿਤ ਸਦਾ ਉਥੇ ਪਹਿਰਾ ਦਿੰਦੇ ਹਨ। ਸੰਧੇ ਖਾਨ ਦਰੋਗੇ ਦਾ ਨਾਮ ਹੈ, ਜਿਸ ਦੀ ਆਗਿਆ ਵਿਚ ਬਹੁਤ ਲੋਕ ਹਨ॥੩੭॥

ਕਿਸ ਹੀ ਬਿਧਿ ਜੋ ਨਹਿਂ ਬਨਿ ਆਵੈ। ਤੂੰ ਕਰਿ ਲੇਹਿਂ ਜਿ ਸਤਿਗੁਰ ਭਾਵੈ।
ਅਗਮ ਥਾਨ ਕਿਮ ਪਹੁੰਚਨਿ ਪਾਸ। ਕਹਾਂ ਸੁ ਲੈ ਕੇ ਜਾਨਿ ਅਵਾਸ॥ ੩੮॥

ਕਿਸੇ ਵੀ ਵਿਧੀ ਨਾਲ ਇਹ ਕੰਮ ਬਣੇਗਾ ਨਹੀਂ, ਤੁਸੀ ਕਰ ਲਵੋਗੇ ਜੇ ਸਤਿਗੁਰੂ ਜੀ ਨੂੰ ਭਾਵੇਗਾ। ਬੜਾ ਅਗਮ ਅਗਾਧ ਸਥਾਨ ਹੈ, ਉਸ ਪਾਸ ਕਿਵੇਂ ਪਹੁੰਚੋਗੇ ਤੇ ਘੋੜੇ ਨੂੰ ਲੈ ਕੇ ਘਰ ਜਾਣਾ ਕਿਵੇਂ ਬਣੇਗਾ॥੩੮॥

ਗੁਰ ਦੁਰਗਮ ਕੋ ਸੁਗਮ ਬਨਾਵੈਂ। ਅਬਲ ਬਲੀ ਕਰਿ ਬਲ ਨਿਬਲਾਵੈ।
ਅਪਰ ਕੌਨ ਪਹੁੰਚਹਿ ਤਹਿਂ ਜਾਈ। ਹੁਇ ਤਸਕਰ ਲੇ ਚਲਹਿ ਪਲਾਈ ॥੩੯॥

ਗੁਰੂ ਜੀ ਮੁਸ਼ਕਲ ਨੂੰ ਵੀ ਆਸਾਨ ਬਣਾ ਦਿੰਦੇ ਹਨ, ਬਲ ਰਹਿਤ ਨੂੰ ਬਲੀ ਬਣਾ ਕੇ ਸਾਰਾ ਕਾਰਜ ਕਰਵਾ ਦਿੰਦੇ ਹਨ, ਹੋਰ ਉਥੇ ਕੌਣ ਪਹੁੰਚ ਸਕਦਾ ਹੈ, ਜੇ ਕੋਈ ਚੋਰ ਹੋਵੇ ਤਾਂ ਫੜ ਕੇ ਲੈ ਜਾਂਦੇ ਹਨ"॥੩੯॥

ਸੁਨਿ ਬਿਧੀਆ ਕਹਿ 'ਗੁਰੂ ਭਰੋਸੇ। ਮੈਂ ਚਲਿ ਆਯੋ ਏਤਿਕ ਕੋਸੇ।
ਸਭਿ ਕਾਰਜ ਕਰਿ ਲੇਹਿਂ ਸੁਧਾਰੇ। ਕਹਾਂ ਹਰਨ ਹਯ ਸ਼ਾਹੁ ਬਿਚਾਰੇ॥ ੪੦॥

ਇਹ ਸੁਣ ਕੇ ਬਿਧੀ ਚੰਦ ਨੇ ਕਿਹਾ, ''ਗੁਰੂ ਜੀ ਦੇ ਭਰੋਸੇ ਮੈਂ ਏਨੇ ਕੋਹ ਚਲ ਕੇ ਆ ਗਿਆ ਹਾਂ, ਉਹ ਸਾਰੇ ਕਾਰਜ ਸੁਖਾਲੇ ਬਣਾ ਦੇਣਗੇ, ਬਾਦਸ਼ਾਹ ਦੇ ਵਿਚਾਰੇ ਘੋੜੇ ਖੋਹਣਾ ਕਿਹੜੀ ਐਡੀ ਵੱਡੀ ਗੱਲ ਹੈ॥੪੦॥

ਦੂਬ ਖੁਰਚਨਾ ਇਕ ਕਰਿ ਦੀਜੈ। 'ਪੁਰਹੁ ਮਨੋਰਥ' ਬਾਕ ਕਹੀਜੈ'।
ਜੀਵਣ ਕਹਜੋ 'ਦੇਉਂ ਕਰਿ ਆਛੇ। ਅਪਰ ਵਸਤੁ ਲੀਜਹਿ ਚਿਤ ਬਾਂਛੇ' ॥੪੧॥

ਮੈਨੂੰ ਘਾਹ ਖੋਤਣ ਵਾਲਾ ਇਕ ਰੰਬਾ ਬਣਾ ਦੇਵੋ, ਮੇਰਾ ਇਹ ਮਨੋਰਥ ਪੂਰਾ ਹੋਵੇ ਬਚਨ ਕਰੋ।'' ਜੀਵਣ ਨੇ ਕਿਹਾ, ''ਮੈਂ ਚੰਗਾ ਰੰਬਾ ਬਣਾ ਦੇਵਾਂਗਾ, ਹੋਰ ਵੀ ਕਿਸੇ ਚੀਜ਼ ਦੀ ਇੱਛਾ ਹੋਵੇ ਤਾਂ ਲੈ ਲਵੋ'' ॥੪੧॥

ਬਿਧੀਆ ਕਹੈ 'ਅਪਰ ਨਹਿਂ ਚਾਹੂ। ਬਾਂਛਤਿ ਹੁਤੋ ਕਹਜੋ ਤੁਵ ਪਾਹੂ'।
ਇਮ ਕਹਿ ਸੁਪਤਜੋ ਸੁਖ ਕੋ ਪਾਇ। ਜੀਵਣ ਲਗਜੋ ਕਰਨਿ ਹਰਖਾਇ ॥੪੨॥

ਬਿਧੀ ਚੰਦ ਨੇ ਕਿਹਾ, ''ਹੋਰ ਕੁਝ ਨਹੀਂ ਚਾਹੁੰਦਾ ਹਾਂ, ਜਿਸ ਚੀਜ਼ ਦੀ ਲੋੜ ਹੈ ਤੁਹਾਡੇ ਪਾਸ ਕਹਿ ਦਿੱਤੀ ਹੈ।'' ਇਸ ਤਰ੍ਹਾਂ ਕਹਿ ਕੇ ਸੁਖ ਪਾ ਕੇ ਸੌਂ ਗਿਆ, ਜੀਵਣ ਪ੍ਰਸੰਨ ਹੋ ਕੇ ਰੰਬਾ ਬਣਾਉਣ ਲੱਗਾ ॥੪੨॥

ਲੇ ਆਛੇ ਲੋਹਾ ਤਿਨ ਘਰਜੋ। ਦਸਤਾ ਕਾਸ਼ਟ ਕੋ ਕਰਿ ਜਰਜੋ।
ਪ੍ਰਾਤਿ ਹੋਤਿ ਲੋ ਕਰਿ ਕੈ ਤਜਾਰੀ। ਬਿਧੀਚੰਦ ਕੇ ਧਰਜੋ ਅਗਾਰੀ ॥੪੩॥

ਉਸ ਨੇ ਚੰਗਾ ਲੋਹਾ ਲੈ ਕੇ ਘੜਿਆ, ਤੇ ਲੱਕੜ ਦਾ ਦਸਤਾ ਲੈ ਕੇ ਜੜ ਦਿੱਤਾ। ਸਵੇਰ ਹੋਣ ਤਕ ਰੰਬਾ ਤਿਆਰ ਕਰ ਦਿੱਤਾ ਤੇ ਬਿਧੀ ਚੰਦ ਦੇ ਅੱਗੇ ਧਰ ਦਿੱਤਾ ॥੪੩॥

ਦੇਖਤਿ ਹਰਖਜੋ 'ਆਛੇ ਕਰਜੋ'। 'ਸੱਤਿਨਾਮ' ਕਹਿ ਕਰ ਮਹਿਂ ਧਰਜੋ।
ਹਿਤ ਬੰਧਨ ਕੇ ਲੇ ਇਕ ਜਾਰੀ। ਨਗਰ ਵਹਿਰ ਗਮਨਜੋ ਮਤਿ ਭਾਰੀ ॥੪੪॥

ਰੰਬੇ ਨੂੰ ਵੇਖ ਕੇ ਬਿਧੀ ਚੰਦ ਬੜਾ ਪ੍ਰਸੰਨ ਹੋਇਆ ਤੇ ਕਿਹਾ, ''ਚੰਗਾ ਬਣਾਇਆ ਹੈ।'' 'ਸਤਿਨਾਮ' ਕਹਿ ਕੇ ਧਰਤੀ ਤੇ ਧਰ ਦਿੱਤਾ। ਘਾਹ ਬੰਨ੍ਹਣ ਵਾਸਤੇ ਇਕ ਜਾਲ ਵਾਲਾ ਤਪੜ ਲਿਆ, ਤੇ ਭਾਰੀ ਬੁਧੀ ਵਾਲਾ ਨਗਰ ਤੋਂ ਬਾਹਰ ਚਲਾ ਗਿਆ ॥੪੪॥

ਐਰਾਵਤੀ ਕੀਨਿ ਇਸ਼ਨਾਨਾ। ਮੁਖ ਤੇ ਜਪੁਜੀ ਪਾਠ ਬਖਾਨਾ।
ਨਿਸ ਕੀ ਜਮੀ ਦੂਰਬਾ ਜਹਾਂ। ਖੁਰਚਨ ਲਗਜੋ ਜਾਇ ਕਰਿ ਤਹਾਂ ॥੪੫॥

ਰਾਵੀ ਨਦੀ ਵਿਚ ਜਾ ਕੇ ਇਸ਼ਨਾਨ ਕੀਤਾ ਤੇ ਮੁਖ ਨਾਲ ਜਪੁਜੀ ਸਾਹਿਬ ਦਾ ਪਾਠ ਕੀਤਾ। ਜਿਥੇ ਰਾਤ ਦਾ ਫੁੱਟਿਆ ਹੋਇਆ ਨਰਮ ਦੂਬ ਦਾ ਘਾਹ ਸੀ, ਉਹ ਘਾਹ ਨੂੰ ਜਾ ਕੇ ਰੰਬੇ ਨਾਲ ਖੋਤਣ ਲੱਗਾ ॥੪੫॥

ਉਰ ਗੁਰ ਧਜਾਨ, ਬਦਨ ਗੁਰ ਬਾਨੀ। ਗੁਰ ਕੋ ਹਯ ਲਖਿ ਸੇਵਾ ਠਾਨੀ।
ਅਧਿਕ ਪ੍ਰੀਤਿ ਤੇ ਕਰਤਿ ਬਟੋਰਨ। ਹਰਿਤ, ਰੁਚਿਰ ਕੀਨਸਿ ਹਿਤ ਥੋਰ ਨ ॥੪੬॥

ਹਿਰਦੇ ਵਿਚ ਗੁਰੂ ਵਲ ਧਿਆਨ ਸੀ, ਤੇ ਮੁਖ ਵਿਚ ਗੁਰੂ ਦੀ ਬਾਣੀ ਸੀ, ਗੁਰੂ ਜੀ ਦੇ ਘੋੜੇ ਸਮਝ ਕੇ ਸੇਵਾ ਕਰਨੀ ਆਰੰਭ ਦਿੱਤੀ। ਬੜੀ ਪ੍ਰੀਤ ਨਾਲ ਘਾਹ ਇਕੱਠਾ ਕਰਦਾ ਸੀ, ਸੁੰਦਰ ਹਰੇ ਤੇ ਸੁਹਣੇ ਘਾਹ ਨੂੰ ਬੜੇ ਪ੍ਰੇਮ ਨਾਲ ਇਕੱਠਾ ਕੀਤਾ ॥੪੬॥

*ਸੱਤਵੀਂ ਰਾਸ ਦਾ ਛੱਬੀਵਾਂ ਅਧਿਆਇ ਸਮਾਪਤ ਹੋਇਆ ॥੨੬॥*

❖❖❖

# ਅਧਿਆਇ ਸਤਾਈਵਾਂ

### *ਭਾਈ ਬਿਧੀ ਚੰਦ ਘਾਹੀ ਦੇ ਰੂਪ ਵਿਚ*

*ਦੋਹਰਾ-* ਗੁਰਬਾਨੀ ਪਢਿ ਖੁਰਚਤੋ ਜਮੀ ਜਾਮਨੀ ਜੋਇ।
ਕਰਤਿ ਬਟੋਰਨ ਟੇਰ ਕਰਿ ਬਹੁ ਠੌਰਨ ਤੇ ਸੋਇ॥ ੧॥

ਗੁਰਬਾਣੀ ਪੜ੍ਹਦੇ ਰਾਤ ਦੇ ਉੱਗੇ ਹੋਏ ਨਰਮ ਘਾਹ ਨੂੰ ਖੋਤਦੇ ਸਨ ਤੇ ਬਹੁਤ ਥਾਵਾਂ ਤੋਂ ਲੱਭ ਕੇ ਇਕੱਠਾ ਕਰਦੇ ਸਨ॥੧॥

*ਚੌਪਈ-* ਜਥਾ ਬਿਦ੍ਰੁਰਜਮਣਿ ਕੋ ਬਰਣ। ਤਥਾ ਦੂਰਬਾ ਸੁਭ ਮਨ ਹਰਣ।
ਕਰਿ ਇਕੱਤ੍ਰ ਸਿਰ ਲੀਨਿ ਉਠਾਇ। ਸਨੇ ਸਨੇ ਚਲਿ ਪੁਰਿ ਮਹਿਂ ਆਇ॥੨॥

ਹਰੇ ਹਰੇ ਰੰਗ ਦਾ ਤਿੜਾਂ ਵਾਲਾ ਖੱਬਲ ਘਾਹ ਜਿਹੜਾ ਸੁਭ ਮਨ ਨੂੰ ਚੁਰਾ ਰਿਹਾ ਸੀ, ਇਕੱਠਾ ਕਰਕੇ ਸਿਰ ਤੇ ਚੁੱਕ ਲਿਆ ਤੇ ਹੌਲੀ-ਹੌਲੀ ਚਲ ਕੇ ਨਗਰ ਵਿਚ ਆਏ॥੨॥

ਗਮਨਯੋ ਪੁਨ ਬਜ਼ਾਰ ਕੀ ਓਰ। ਸਨਮੁਖ ਮਹਾਂ ਦੁਰਗ ਕੇ ਪੌਰ।
ਤ੍ਰਿਣ ਕੋਮਲ ਅਰੁ ਸੁੰਦਰ ਰੰਗ। ਨਰ ਬਿਰਮਾਇ ਕਹੈਂ ਇਹ ਸੰਗ॥ ੩॥

ਫਿਰ ਬਾਜ਼ਾਰ ਵਾਲੇ ਪਾਸੇ ਚਲ ਪਿਆ ਤੇ ਕਿਲ੍ਹੇ ਦੇ ਵੱਡੇ ਦਰਵਾਜ਼ੇ ਦੇ ਸਾਹਮਣੇ ਪਹੁੰਚ ਗਿਆ। ਘਾਹ ਬੜਾ ਕੋਮਲ ਅਤੇ ਸੁੰਦਰ ਹਰੇ ਰੰਗਾ ਸੀ ਤੇ ਮਨੁੱਖ ਲੁਭਾ ਕੇ ਉਸ ਨੂੰ ਕਹਿੰਦੇ ਸਨ॥੩॥

'ਜੇ ਬੇਚਤਿ ਹੈ ਮੋਲ ਭਨੀਜੈ। ਲੇਹੁ ਨਗਦ, ਇਹੁ ਹਮ ਕੋ ਦੀਜੈ'।
ਸੁਨਿ ਬਿਧੀਆ ਤਿਨ ਕੇ ਸੰਗ ਕਹੈ। 'ਇਸ ਕੋ ਮੋਲ ਰਜਤਪਣ ਅਹੈ'॥੪॥

"ਜੇ ਵੇਚਣਾ ਹੈ ਤਾਂ ਮੁੱਲ ਦੱਸੋ, ਨਕਦ ਪੈਸੇ ਲਵੋ ਤੇ ਸਾਨੂੰ ਦੇ ਦੇਵੋ" ਬਿਧੀ ਚੰਦ ਨੇ ਸੁਣ ਕੇ ਉਨ੍ਹਾਂ ਨੂੰ ਕਿਹਾ, "ਇਸ ਦਾ ਮੁੱਲ ਇਕ ਚਾਂਦੀ ਦਾ ਰੁਪਈਆ ਹੈ"॥੪॥

ਤੂਸ਼ਨ ਹੋਤਿ ਦੇਤਿ ਨਹਿਂ ਕੋਈ। ਚਲਯੋ ਜਾਤਿ ਆਗੇ ਕਹੁ ਸੋਈ।
ਰਹਯੋ ਦਿਵਸ ਜਬਿ ਘਟਿਕਾ ਚਾਰੀ। ਪਹੁੰਚ ਦੁਰਗ ਕੇ ਪੌਰ ਅਗਾਰੀ॥੫॥

ਇਹ ਸੁਣ ਕੇ ਸਾਰੇ ਚੁੱਪ ਹੋ ਜਾਂਦੇ ਸਨ ਤੇ ਕੋਈ ਵੀ ਇਕ ਰੁਪਈਆ ਨਹੀਂ ਸੀ ਦਿੰਦਾ। ਜਦ ਦਿਨ ਚਾਰ ਘੜੀ ਰਹਿ ਗਿਆ ਤਾਂ ਕਿਲ੍ਹੇ ਦੀ ਡਿਉਢੀ ਤੇ ਪਹੁੰਚ ਗਿਆ॥੫॥

ਇਤਨੇ ਮਹਿਂ ਸੌਂਧੇ ਖਾਂ ਆਯੋ। ਹਯਨਿ ਸੇਵ ਪਰ ਜੋ ਠਹਿਰਾਯੋ।
ਨਰ ਗਨ ਸੰਗ ਸੁ ਨਿਕਸਯੋ ਪੌਰ। ਬਿਧੀਚੰਦ ਦੇਖਯੋ ਤਿਸ ਓਰ॥ ੬॥

ਏਨੇ ਵਿਚ ਉਥੇ ਦਰੋਗਾ ਸੌਂਧੇ ਖਾਂ ਆਇਆ, ਜਿਸ ਨੂੰ ਘੋੜਿਆਂ ਦੀ ਸੇਵਾ ਤੇ ਲਾਇਆ ਸੀ। ਉਸ ਦੇ ਨਾਲ ਹੋਰ ਬਹੁਤ ਮਨੁੱਖ ਡਿਉਢੀ ਵਿਚੋਂ ਨਿਕਲੇ, ਬਿਧੀ ਚੰਦ ਨੇ ਉਨ੍ਹਾਂ ਵੱਲ ਵੇਖਿਆ॥੬॥

ਬੂਝਯੋ ਨਰਨ ਸੰਗ 'ਇਹੁ ਕੌਨ?। ਆਵਤਿ ਧਰੇ ਭਲੇ ਪਟ ਜੌਨ'।
ਲੋਗਨ ਕਹਯੋ 'ਦਰੋਗਾ ਅਹੈ। ਸ਼ਾਹੁ ਤੁਰੰਗਨ ਪਰ ਇਹੁ ਰਹੈ'॥ ੭॥

ਬਿਧੀ ਚੰਦ ਨੇ ਮਨੁੱਖਾਂ ਨੂੰ ਪੁਛਿਆ, "ਇਹ ਕੌਣ ਹੈ ਜੋ ਭਲੇ ਭਲੇ ਕੱਪੜੇ ਪਾਈ ਆਉਂਦਾ ਹੈ।" ਲੋਕਾਂ ਨੇ ਕਿਹਾ, "ਇਹ ਦਰੋਗਾ ਹੈ, ਬਾਦਸ਼ਾਹ ਦੇ ਘੋੜਿਆਂ ਦੀ ਇਹ ਨਿਗਰਾਨੀ ਕਰਦਾ ਹੈ" ॥੭॥

ਸੁਨਿ ਕਰਿ ਉਰ ਮਹਿਂ ਭਯੋ ਅਨੰਦ। ਕਹਯੋ 'ਧੰਨ ਸ੍ਰੀ ਹਰਿਗੋਵਿੰਦ।
ਪ੍ਰਥਮ ਦਿਵਸ ਹੀ ਮੇਲਾ ਕਿਯੋ। ਸਨੈ ਸਨੈ ਚਲਿ ਤਿਸ ਢਿਗ ਗਯੋ ॥ ੮ ॥

ਭਾਈ ਬਿਧੀ ਚੰਦ ਸੁਣ ਕੇ ਬੜਾ ਪ੍ਰਸੰਨ ਹੋਇਆ ਤੇ ਕਿਹਾ, "ਧੰਨ ਸ੍ਰੀ ਗੁਰੂ ਹਰਿਗੋਬਿੰਦ ਜੀ ਹਨ। ਪਹਿਲੇ ਦਿਨ ਹੀ ਮੇਲ ਹੋ ਗਿਆ ਹੈ ਤੇ ਹੌਲੀ-ਹੌਲੀ ਚਲ ਕੇ ਉਸ ਦੇ ਪਾਸ ਗਿਆ ॥੮॥

ਸੌਂਧੇਖਾਨ ਪਿਖੇ ਤ੍ਰਿਣ ਐਸੇ। ਬ੍ਰਿੰਦ ਬਿਡੂਰਯਮਣਿ ਹ੍ਵੈ ਜੈਸੇ।
ਮਨ ਬਿਰਮਾਯੋ ਨਿਕਟਿ ਹਕਾਰਾ। ਨਿਜ ਸੰਗਨਿ ਕੇ ਸੰਗ ਉਚਾਰਾ ॥ ੯ ॥

ਸੌਂਧੇਖਾਨ ਇਸ ਤਰ੍ਹਾਂ ਘਾਹ ਨੂੰ ਵੇਖਣ ਲੱਗਾ ਜਿਵੇਂ ਬਿਡੂਰਜ ਮਣੀ ਹੋਵੇ, ਮਨ ਵਿਚ ਭਰਮ ਗਿਆ ਤੇ ਬਿਧੀ ਚੰਦ ਨੂੰ ਆਪਣੇ ਪਾਸ ਬੁਲਾਇਆ ਤੇ ਆਪਣੇ ਸਾਥੀ ਨੂੰ ਕਹਿਣ ਲੱਗਾ ॥੯॥

'ਇਹੁ ਤ੍ਰਿਣ ਚਾਰੁ, ਨ ਅਸ ਕਬਿ ਹੇਰੇ। ਨਫਰ ਨ ਆਨਹਿਂ, ਅਹੈਂ ਘਨੇਰੇ।
ਇਹ ਦਿਲਬਾਗ ਉਚਿਤ ਹੈਂ ਖੈਬੇ। ਮੋਲ ਕਰਾਇ ਕਰਹੁ ਨਿਜ ਲੈਬੇ' ॥ ੧੦ ॥

"ਇਹ ਘਾਹ ਬੜਾ ਸੁੰਦਰ ਹੈ, ਅਜਿਹਾ ਘਾਹ ਪਹਿਲਾਂ ਕਦੇ ਨਹੀਂ ਵੇਖਿਆ, ਚਾਹੇ ਨੌਕਰ ਬਹੁਤ ਹਨ, ਪਰ ਉਹ ਅਜਿਹਾ ਘਾਹ ਨਹੀਂ ਲਿਆਉਂਦੇ। ਇਹ ਦਿਲਬਾਗ ਦੇ ਖਾਣ ਵਾਸਤੇ ਉਚਿਤ ਹੈ, ਮੁੱਲ ਕਰਾ ਕੇ ਇਸ ਨੂੰ ਖਰੀਦ ਲਵੋ" ॥੧੦॥

ਬਿਧੀਏ ਨਿਕਟਿ ਗਯੋ ਸੁਖ ਮਾਨ। ਲੇ ਕਰ ਮਹਿਂ ਪਿਖਿ ਸੌਂਧੇਖਾਨ।
ਰਿਦੇ ਪ੍ਰਸੰਨ ਹੋਇ ਕਰਿ ਬੋਲਾ। 'ਕਹੁ ਘਾਹੀ ! ਕਤਾ ਦਿਹਿਂ ਇਸ ਮੋਲਾ ? ॥੧੧॥

ਬੜਾ ਸੁਖ ਮੰਨ ਕੇ ਉਹ ਬਿਧੀ ਚੰਦ ਪਾਸ ਗਿਆ, ਹੱਥ ਵਿਚ ਫੜ ਕੇ ਸੌਂਧੇ ਖਾਨ ਨੇ ਵੇਖਿਆ। ਹਿਰਦੇ ਵਿਚ ਪ੍ਰਸੰਨ ਹੋ ਕੇ ਬੋਲਿਆ, "ਹੇ ਘਾਹੀ ! ਕਹੋ, ਇਸ ਦਾ ਕੀ ਮੁੱਲ ਦੇਈਏ ? ॥੧੧॥

ਨੀਕੇ ਥਾਨ ਕਹੂੰ ਤੇ ਲਯਾਵਾ। ਹਮ ਆਗੇ ਨਹਿਂ ਕਬਿ ਦਰਸਾਵਾ।
ਸ਼ਾਹੁ ਹਯਨਿ ਕੇ ਖੈਬੇ ਜੋਗ। ਅਰੁ ਤੂੰ ਦਿਖੀਯਤਿ ਆਛੋ ਲੋਗ ॥ ੧੨ ॥

ਕਿਸੇ ਚੰਗੇ ਸਥਾਨ ਤੋਂ ਲੈ ਕੇ ਆਇਆ ਹੈਂ, ਅਸੀਂ ਪਹਿਲਾਂ ਅਜਿਹਾ ਘਾਹ ਨਹੀਂ ਵੇਖਿਆ ਹੈ। ਇਹ ਬਾਦਸ਼ਾਹ ਦੇ ਘੋੜਿਆਂ ਦੇ ਖਾਣ ਦੇ ਲਾਇਕ ਹੈ ਅਤੇ ਤੂੰ ਕੋਈ ਚੰਗਾ ਬੰਦਾ ਲੱਗਦਾ ਹੈਂ" ॥੧੨॥

ਕਹਿ ਬਿਧੀਆ 'ਤੁਮ ਕਦਰ ਸ਼ਨਾਸ। ਬਡ ਬੁਧਿ ਰਹਹੁ ਸ਼ਾਹੁ ਕੇ ਪਾਸ।
ਮਮ ਉਰ ਬਿਖੈ ਕਾਮਨਾ ਘਨੀ। ਸਾਚੋ ਪਾਤਿਸ਼ਾਹ ਜਗ ਧਨੀ ॥ ੧੩ ॥

ਬਿਧੀ ਚੰਦ ਨੇ ਕਿਹਾ, "ਤੁਸੀਂ ਕਦਰ ਸ਼ਨਾਸ ਹੋ, ਵੱਡੀ ਬੁਧੀ ਕਰਕੇ ਬਾਦਸ਼ਾਹ ਦੇ ਪਾਸ ਰਹਿੰਦੇ ਹੋ, ਮੇਰੇ ਹਿਰਦੇ ਵਿਚ ਵੀ ਵੱਡੀ ਕਾਮਨਾ ਹੈ, ਸੱਚਾ ਪਾਤਿਸ਼ਾਹ ਜਗਤ ਦਾ ਧਨੀ ਹੈ ॥੧੩॥

ਤਿਨ ਕੋ ਤੁਰੰਗ ਤ੍ਰਿਣਨ ਕੋ ਖਾਇਂ। ਇਸ ਹਿਤ ਕੀਨੋ ਅਧਿਕ ਉਪਾਇ।
ਸਲਿਤਾ ਤਟ ਜਹਿਂ ਸ਼ੁਭ ਥਲ ਹੇਰੇ। ਤਹਿਂ ਚਿਰਕਾਲ ਸੁ ਪ੍ਰੇਮ ਬਡੇਰੇ ॥ ੧੪ ॥

ਉਨ੍ਹਾਂ ਦਾ ਘੋੜਾ ਘਾਹ ਨੂੰ ਖਾਵੇਗਾ, ਇਸ ਕਰਕੇ ਮੈਂ ਬਹੁਤ ਯਤਨ ਕੀਤੇ ਹਨ। ਰਾਵੀ ਕਿਨਾਰੇ ਜਾ ਕੇ ਚੰਗਾ ਸਥਾਨ ਵੇਖਿਆ ਹੈ, ਉਸ ਨਾਲ ਬੜੀ ਦੇਰ ਤੋਂ ਬੜਾ ਪ੍ਰੇਮ ਹੈ ॥੧੪॥

ਜਮੀ ਜਾਮਨੀ ਦੂਬ ਨਵੀਨ। ਬੁਧਿ ਬਲ ਧਰੇ ਬਟੋਰਨ ਕੀਨਿ।
ਮਮ ਉਰ ਭਈ ਭਾਵਨਾ ਪੂਰੀ। ਪਹੁਚੈ ਉਚਿਤ ਥਾਨ ਇਹ ਰੂਰੀ॥ ੧੫॥

ਰਾਤ ਦਾ ਜੰਮਿਆ ਹੋਇਆ ਜਿਹੜਾ ਨਵਾਂ ਘਾਹ ਪੁੰਗਰਦਾ ਹੈ, ਬੁੱਧੀ ਦਾ ਬਲ ਕਰਕੇ ਉਸ ਨੂੰ ਇਕੱਠਾ ਕੀਤਾ ਹੈ। ਮੇਰੇ ਹਿਰਦੇ ਦੀ ਭਾਵਨਾ ਪੂਰੀ ਹੋਈ ਹੈ, ਇਹ ਸੁੰਦਰ ਘਾਹ ਉਚਿਤ ਥਾਂ ਤੇ ਪਹੁੰਚਿਆ ਹੈ॥੧੫॥

ਦੋਹਰਾ- ਤੁਰੰਗ ਸਚੇ ਪਤਿਸ਼ਾਹ ਕੇ ਜੇ ਕਰਿ ਮਮ ਤ੍ਰਿਣ ਖਾਹਿ।
ਦੇਹੁ ਸੁ ਲੇਵੋਂ ਹਰਖ ਧਰਿ ਨਾਂਹਿ ਕਰੋਂ ਮੈ ਨਾਂਹਿ॥ ੧੬॥

ਸੱਚੇ ਪਾਤਿਸ਼ਾਹ ਦੇ ਘੋੜੇ ਜੇ ਮੇਰਾ ਘਾਹ ਖਾਣਗੇ ਤਾਂ ਬੜਾ ਪ੍ਰਸੰਨ ਹੋ ਕੇ ਜੋ ਦੇਵੋਗੇ ਸੋਈ ਲੈ ਲਵਾਂਗਾ ਤੇ ਮੈਂ ਨਾਹ ਨਹੀਂ ਕਰਾਂਗਾ'॥੧੬॥

ਚੌਪਈ- ਸੁਨਿ ਪ੍ਰਸੰਨ ਸੌਂਧੇ ਖਾਂ ਭਯੋ। ਗਿਰਾ ਮਧੁਰਜਨੁ ਮੋਹਨਿ ਕਯੋ।
ਲੇ ਨਿਜ ਸੰਗ ਦੁਰਗ ਮੈਂ ਗਮਨਜੋ। ਲਖਿ ਘਾਹੀ ਟੋਕਜੋ ਨਹਿਂ ਕਵਨਜੋ॥੧੭॥

ਇਹ ਸੁਣ ਕੇ ਸੌਂਧੇ ਖਾਂ ਬੜਾ ਪ੍ਰਸੰਨ ਹੋਇਆ, ਬੜੇ ਮਿੱਠੇ ਮੋਹ ਲੈਣ ਵਾਲੇ ਸ਼ਬਦ ਸੁਣ ਕੇ ਆਪਣੇ ਨਾਲ ਲੈ ਕੇ ਕਿਲ੍ਹੇ ਅੰਦਰ ਚਲੇ ਗਿਆ, ਘਾਹੀ ਸਮਝ ਕੇ ਕਿਸੇ ਵੀ ਰੋਕਿਆ ਟੋਕਿਆ ਨਹੀਂ॥੧੭॥

ਜਹਿਂ ਗੁਲਬਾਗ ਦੁਤਿਯ ਦਿਲਬਾਗ। ਰੇਸ਼ਮ ਡੋਰਨ ਕੇ ਸੰਗ ਲਾਗ।
ਮ੍ਰਿਦੁਲ ਸਥਾਨ ਖਰੇ ਗੁਨ ਖਰੇ। ਤਨ ਕੋ ਚਹੁ ਨਹਿਂ ਲਾਗਨਿ ਪਰੇ॥੧੮॥

ਜਿਥੇ ਗੁਲਬਾਗ ਤੇ ਦੂਸਰਾ ਦਿਲਬਾਗ ਰੇਸ਼ਮ ਦੇ ਰੱਸਿਆਂ ਨਾਲ ਬੰਨ੍ਹੇ ਸਨ, ਤੇ ਬੜੇ ਸੁੰਦਰ ਸਥਾਨ ਤੇ ਚੰਗੇ ਗੁਣਾਂ ਵਾਲੇ ਘੋੜੇ ਖੜੇ ਸਨ, ਤਾਂਕਿ ਤਨ ਨੂੰ ਦਾਗ ਨਾ ਲੱਗ ਜਾਵੇ॥੧੮॥

ਮੂਤ੍ਰ, ਪੁਰੀਖ ਦਾਸ ਲੇਂ ਊਚੇ। ਲਗਨ ਨ ਦੇਤਿ, ਥਾਨ ਰਖਿ ਸੂਚੇ।
ਸੌਂਧੇ ਖਾਨ ਭਨਜੋ 'ਇਨ ਪਾਵਹੁ। ਝਾਰਿ ਭਲੇ ਇਨ,ਹਟਿ ਕਰਿ ਆਵਹੁ'॥੧੯॥

ਨੌਕਰ ਮੂਤਰ ਤੇ ਲਿੱਦ ਨੂੰ ਉੱਚੇ ਥਾਂ ਲੈ ਜਾਂਦੇ ਸਨ ਤੇ ਉਨ੍ਹਾਂ ਨੂੰ ਲੱਗਣ ਨਹੀਂ ਸੀ ਦਿੰਦੇ ਤੇ ਥਾਂ ਨੂੰ ਸਦਾ ਸੁੱਚਾ ਰੱਖਦੇ ਸਨ। ਸੌਂਧੇ ਖਾਨ ਨੇ ਕਿਹਾ, ''ਇਨ੍ਹਾਂ ਨੂੰ ਘਾਹ ਪਾਵੋ, ਚੰਗੀ ਤਰ੍ਹਾਂ ਝਾੜ ਕੇ ਫਿਰ ਵਾਪਸ ਆਵੋ''॥੧੯॥

ਬਿਧੀਏ ਸੁਨਿ ਢਿਗ ਹ੍ਵੈ ਤ੍ਰਿਣ ਡਾਰੇ। ਬਾਰ ਬਾਰ ਨੀਕੇ ਤਬਿ ਝਾਰੇ।
ਗੁਰੁ ਪ੍ਰੇਰੇ, ਹਯ ਖਾਵਤਿ ਐਸੇ। ਹੁਤੇ ਛੁਧਤਿ ਇਕ ਬਾਸੁਰ ਜੈਸੇ॥੨੦॥

ਬਿਧੀ ਚੰਦ ਨੇ ਪਾਸ ਹੋ ਕੇ ਘਾਹ ਪਾਇਆ ਤੇ ਬਾਰ-ਬਾਰ ਘਾਹ ਨੂੰ ਚੰਗੀ ਤਰ੍ਹਾਂ ਝਾੜਿਆ। ਗੁਰੂ ਜੀ ਦੇ ਪ੍ਰੇਰੇ ਹੋਏ, ਇਸ ਤਰ੍ਹਾਂ ਘਾਹ ਨੂੰ ਖਾਣ ਲੱਗੇ ਜਿਵੇਂ ਇਕ ਦਿਨ ਦੇ ਭੁੱਖੇ ਹੋਣ॥੨੦॥

ਉਠਜੋ ਤੁਰੰਗਨ ਕੇ ਪਗ ਪਰਜੋ। ਸਭਿਨਿ ਸੁਨਾਵਤਿ ਬਾਕ ਉਚਰਜੋ।
'ਸਾਚੇ ਪਾਤਸ਼ਾਹਿ ਕੇ ਘੋਰੇ। ਬੰਦਨੀਯ ਹਮ ਕੋ ਕਰ ਜੋਰੇ'॥ ੨੧॥

ਬਿਧੀ ਚੰਦ ਉਠ ਕੇ ਘੋੜਿਆਂ ਦੇ ਪੈਰੀਂ ਪੈ ਗਿਆ ਤੇ ਸਾਰਿਆਂ ਨੂੰ ਸੁਣਾ ਕੇ ਬਚਨ ਕੀਤਾ, ''ਸੱਚੇ ਪਾਤਸ਼ਾਹ ਦੇ ਘੋੜੇ, ਅਸੀਂ ਇਨ੍ਹਾਂ ਨੂੰ ਹੱਥ ਜੋੜ ਕੇ ਬੰਦਨਾ ਕਰਦੇ ਹਾਂ''॥੨੧॥

ਏਕ ਰਜਤਪਣ ਦੀਨਿ ਦਰੋਗੇ। ਆਛੋ ਜਾਨਿ ਅਧਿਕ ਹੀ ਜੋਗੇ।
ਨਿਕਸਤਿ ਦੁਰਗ ਦੇਖਿ ਚਹੁਂ ਓਰੇ। 'ਮੁਸ਼ਕਲ ਮਹਾਂ ਨਿਕਸਨੇ ਘੋਰੇ'॥੨੨॥

ਦਰੋਗੇ ਨੇ ਉਸ ਨੂੰ ਇਕ ਰੁਪਈਆ ਦਿੱਤਾ, ਘਾਹ ਬਹੁਤ ਹੀ ਚੰਗਾ ਤੇ ਘੋੜਿਆਂ ਦੇ ਖਾਣ ਦੇ ਲਾਇਕ ਜਾਣ ਕੇ ਜ਼ਿਆਦਾ ਪੈਸੇ ਦੇ ਦਿੱਤੇ। ਭਾਈ ਬਿਧੀ ਚੰਦ ਨੇ ਕਿਲ੍ਹੇ ਵਿਚੋਂ ਬਾਹਰ ਨਿਕਲ ਕੇ ਚਾਰੇ ਪਾਸੇ ਵੇਖਿਆ ਤੇ ਸੋਚਿਆ, "ਬੜੀ ਮੁਸ਼ਕਲ ਨਾਲ ਇਹ ਘੋੜੇ ਨਿਕਲਣਗੇ" ॥੨੨॥

ਆਨਿ ਬਜ਼ਾਰ ਟਕੇ ਤਿਸ ਲੀਨਿ। ਰੰਕਨ ਬ੍ਰਿੰਦ ਖਰਾਇਤ ਦੀਨਿ।
ਤਿਮਰ ਭਏ ਜੀਵਣ ਕੇ ਧਾਮ। ਖਾਨ ਪਾਨ ਕੀਨਸਿ ਬਿਸਰਾਮ॥ ੨੩॥

ਬਾਜ਼ਾਰ ਵਿਚ ਆ ਕੇ ਉਸ ਰੁਪਏ ਦੇ ਟੱਕੇ ਲੈ ਲਏ ਤੇ ਬਹੁਤ ਗਰੀਬਾਂ ਵਿਚ ਖਰਾਇਤ ਦੇ ਤੌਰ ਤੇ ਵੰਡ ਦਿੱਤੇ। ਜੀਵਣ ਦੇ ਘਰ ਉਸ ਸਮੇਂ ਹਨੇਰਾ ਹੋ ਗਿਆ ਤੇ ਖਾ ਪੀ ਕੇ ਵਿਸ਼ਰਾਮ ਕੀਤਾ॥੨੩॥

ਜਾਗਜੋ ਰਹੀ ਜਾਮਨੀ ਜਾਮੂ। ਸਿਮਰਤਿ ਸ੍ਰੀ ਸਤਿਗੁਰੁ ਸਤਿਨਾਮੂ।
ਅਰਣੋਦੈ ਨਿਕਸਜੋ ਪੁਰਿ ਛੋਰਿ। ਗਯੋ ਤ੍ਰਿਣਨਿ ਕੋ ਸਲਿਤਾ ਓਰ॥ ੨੪॥

ਜਦ ਇਕ ਪਹਿਰ ਰਾਤ ਰਹਿ ਗਈ ਤਾਂ ਜਾਗ ਪਿਆ ਤੇ ਸ੍ਰੀ ਸਤਿਗੁਰੂ ਸਤਿਨਾਮ ਦਾ ਸਿਮਰਨ ਕਰਨ ਲੱਗਾ। ਸੂਰਜ ਚੜ੍ਹੇ ਨਗਰ ਨੂੰ ਛੱਡ ਕੇ ਚਲਾ ਗਿਆ ਤੇ ਘਾਹ ਖੋਤਣ ਵਾਸਤੇ ਰਾਵੀ ਨਦੀ ਵਲ ਚਲਾ ਗਿਆ॥੨੪॥

ਮਨ ਕੋ ਹਰਤਿ ਹਰਿਤ ਮ੍ਰਿਦੁ ਖੂਬ। ਦੇਖਿ ਸੁਥਲ ਕੋ ਖੁਰਚਤਿ ਦੂਬ।
ਖੋਜਿ ਖੋਜਿ ਕਰਿ ਫਿਰਿ ਸ਼ੁਭ ਠੌਰੀ। ਖੋਦਿ ਖੋਦਿ ਕਰਿ ਅਖਲ ਬਟੋਰੀ॥ ੨੫॥

ਮਨ ਨੂੰ ਹਰਨ ਵਾਲਾ, ਹਰਾ, ਕੂਲਾ ਤੇ ਚੰਗਾ ਘਾਹ ਵੇਖ ਕੇ ਖੋਤਣ ਲੱਗਾ। ਚੰਗੀਆਂ ਥਾਵਾਂ ਲੱਭ ਲੱਭ ਕੇ ਤੇ ਖੋਤ ਖੋਤ ਬਹੁਤ ਘਾਹ ਇਕੱਠਾ ਕਰ ਲਿਆ॥੨੫॥

ਸਿਰ ਧਰਿ ਕਰਿ ਪੁਰਿ ਮਹਿਂ ਚਲਿ ਆਯੋ। ਪੌਰ ਦੁਰਗ ਕੇ ਅੱਗ੍ਰ ਸਿਧਾਯੋ।
ਪਿਖਿ ਜੋ ਮੋਲ ਲੇਨਿ ਹਿਤ ਚਹੈ। 'ਏਕ ਰਜਤਪਣ ਦਿਹੁ' ਤਿਸ ਕਹੈ॥੨੬॥

ਪੰਡ ਬੰਨ੍ਹ ਕੇ ਸਿਰ ਤੇ ਧਰ ਕੇ ਨਗਰ ਨੂੰ ਚਲ ਕੇ ਆ ਗਿਆ ਤੇ ਕਿਲ੍ਹੇ ਦੇ ਦਰਵਾਜ਼ੇ ਵੱਲ ਚਲਾ ਗਿਆ। ਘਾਹ ਵੇਖ ਕੇ ਜਿਹੜਾ ਵੀ ਮੁੱਲ ਲੈਣਾ ਚਾਹੁੰਦਾ ਸੀ ਤਾਂ ਉਸ ਨੂੰ ਕਹਿੰਦਾ ਸੀ, "ਇਕ ਰੁਪਈਆ ਦੇਵੋਂ" ॥੨੬॥

ਨਹਿਂ ਕੋ ਲੇਤਿ ਚਲਜੋ ਤਹਿਂ ਆਯੋ। ਜਹਾਂ ਦੁਰਗ ਕੋ ਪੌਰ ਸੁਹਾਯੋ।
ਜਬਿ ਦਿਨ ਬਾਕੀ ਘਟਿਕਾ ਚਾਰੀ। ਸੌਂਧੇ ਖਾਂ ਨਿਕਸਜੋ ਤਬਿ ਦ੍ਵਾਰੀ॥੨੭॥

ਕੋਈ ਵੀ ਨਹੀਂ ਲੈਂਦਾ, ਫਿਰ ਚਲ ਕੇ ਉਥੇ ਆ ਗਿਆ ਜਿਥੇ ਕਿਲ੍ਹੇ ਦਾ ਦਰਵਾਜ਼ਾ ਸ਼ੋਭ ਰਿਹਾ ਸੀ। ਜਦ ਦਿਨ ਚਾਰ ਘੜੀ ਰਹਿ ਗਿਆ ਤਾਂ ਸੌਂਧੇ ਖਾਂ ਦਰਵਾਜ਼ੇ ਤੋਂ ਬਾਹਰ ਨਿਕਲਿਆ॥੨੭॥

ਖਰੋ ਰਹਜੋ ਤ੍ਰਿਣ ਸੀਸ ਉਠਾਏ। ਧਰਿ ਉਡੀਕ ਨਿਜ ਦਾਵ ਲਗਾਏ।
ਪਿਖੇ ਦਰੋਗੇ ਦ੍ਰਿਗ ਤ੍ਰਿਣ ਹਰੇ। ਉਚਿਤ ਹਯਨਿ ਕੇ ਪੈਖੇ ਖਰੇ॥ ੨੮॥

ਸਿਰ ਤੇ ਘਾਹ ਚੁੱਕ ਕੇ ਖੜਾ ਰਿਹਾ, ਉਡੀਕ ਕਰਕੇ ਆਪਣਾ ਦਾਅ ਲਾ ਰਿਹਾ ਸੀ। ਜਦ ਦਰੋਗੇ ਨੇ ਬਹੁਤ ਹਰਾ ਘਾਹ ਵੇਖਿਆ ਤੇ ਘੋੜਿਆਂ ਦੇ ਖਾਣ ਵਾਸਤੇ ਖਰਾ ਜਾਣਿਆ॥੨੮॥

ਕਰਿ ਗੁਹਾਰ ਕੋ ਨਿਕਟਿ ਬੁਲਾਯੋ। ਕੀਨਿ ਚਿਨਾਰਿ 'ਪ੍ਰਥਮ ਇਹੁ ਲਜਾਯੋ'।
'ਸਾਧ ਸਾਧ' ਹਰਖਾਇ ਬਖਾਨੈ। 'ਤ੍ਰਿਣ ਸ਼ੁਭ ਠੋਰ ਬਟੋਰਤਿ ਆਨੈ'॥ ੨੯॥

ਤਾਂ ਆਵਾਜ਼ ਮਾਰ ਕੇ ਪਾਸ ਬੁਲਾਇਆ, ਪਛਾਣ ਕੀਤੀ ਕਿ ਇਹ ਤਾਂ ਪਹਿਲਾਂ ਵੀ ਲਿਆਇਆ ਸੀ ਤਾਂ 'ਸ਼ਾਬਾਸ਼ ਸ਼ਾਬਾਸ਼' ਪ੍ਰਸੰਨ ਹੋ ਕੇ ਕਿਹਾ, "ਸ਼ੁਭ ਸਥਾਨ ਤੋਂ ਘਾਹ ਖੋਤ ਕੇ ਲਿਆਇਆ ਹੈਂ" ॥੨੯॥

ਲੇ ਕਰਿ ਸੰਗ ਗਯੋ ਹਯ ਪਾਹੀ। ਪਾਯਹੁ ਭਾਰ ਚਾਹਿ ਕਰਿ ਖਾਹੀਂ।
'ਸਾਚੇ ਪਾਤਸ਼ਾਹੁ ਕੇ ਘੋਰੇ'। ਇਮ ਕਹਿ ਨਮੋ ਕੀਨਿ ਪਗ ਓਰੇ॥ ੩੦॥

ਦਰੋਗਾ ਭਾਈ ਬਿਧੀ ਚੰਦ ਨੂੰ ਲੈ ਕੇ ਘੋੜਿਆਂ ਪਾਸ ਚਲਾ ਗਿਆ, ਘਾਹ ਨੂੰ ਚੰਗੀ ਤਰ੍ਹਾਂ ਝਾੜ ਕੇ ਘੋੜਿਆਂ ਨੂੰ ਪਾਇਆ ਤੇ ਉਨ੍ਹਾਂ ਬੜੇ ਚਾਹ ਕੇ ਖਾਧਾ। ਭਾਈ ਬਿਧੀ ਚੰਦ ਨੇ ਕਿਹਾ, "ਇਹ ਸੱਚੇ ਪਾਤਸ਼ਾਹ ਦੇ ਘੋੜੇ ਹਨ" ਇਸ ਤਰ੍ਹਾਂ ਕਹਿ ਕੇ ਘੋੜਿਆਂ ਦੇ ਪੈਰਾਂ ਤੇ ਨਮਸਕਾਰ ਕੀਤੀ॥੩੦॥

ਸਹਿਤ ਦਿਲਾਸੇ ਕਰ ਕੋ ਫੇਰਾ। ਰੁਖ਼ ਕਰਿ ਫੁਰਕਤਿ ਭਾ ਤਿਸ ਬੇਰਾ।
ਜਾਨਿ ਸ਼ਕੁਨ ਸੁਭ ਪੁਨ ਕਰਿ ਨਮੋ। ਮੋਲ ਦਰੋਗੇ ਦਿਯ ਤਿਸ ਸਮੇ॥ ੩੧॥

ਦਿਲਾਸੇ ਵਾਸਤੇ ਆਪਣਾ ਹੱਥ ਘੋੜੇ ਦੀ ਪਿੱਠ ਉੱਤੇ ਫੇਰਿਆ, ਘੋੜੇ ਨੇ ਵੇਖਕੇ ਉਸ ਸਮੇਂ ਫੁਰਕਾਰਾ ਮਾਰਿਆ, ਘੋੜੇ ਦੇ ਪਿਆਰ ਨੂੰ ਸ਼ੁਭ ਸ਼ਗੁਨ ਸਮਝ ਕੇ ਫਿਰ ਪ੍ਰਣਾਮ ਕੀਤਾ, ਦਰੋਗੇ ਨੇ ਉਸ ਸਮੇਂ ਘਾਹ ਦਾ ਮੁੱਲ ਦੇ ਦਿੱਤਾ॥੩੧॥

ਆਨਿ ਬਜ਼ਾਰ ਟਕੇ ਤਬਿ ਲੀਨਿ। ਹੇਤੁ ਖਰਾਇਤ ਰੰਕਨ ਦੀਨਿ।
'ਨਹੀਂ ਤੁਰਕ ਘਰ ਕੋ ਕੁਛ ਖਾਊਂ। ਲੂਣਹਰਾਮੀ ਖਾਇ ਕਹਾਊਂ'॥ ੩੨॥

ਭਾਈ ਜੀ ਨੇ ਫਿਰ ਬਾਜ਼ਾਰ ਵਿਚ ਆ ਕੇ ਰੁਪਏ ਦੇ ਟਕੇ ਲੈ ਲਏ ਤੇ ਖਰਾਇਤ ਵਾਸਤੇ ਗਰੀਬਾਂ ਵਿਚ ਵੰਡ ਦਿੱਤੇ। ਉਨ੍ਹਾਂ ਮਨ ਬਣਾਇਆ, "ਮੈਂ ਤੁਰਕ ਘਰ ਦਾ ਕੁਝ ਵੀ ਨਹੀਂ ਖਾਵਾਂਗਾ, ਨਹੀਂ ਤਾਂ ਖਾ ਕੇ ਲੂਣ ਹਰਾਮੀ ਕਹਾਵਾਂਗਾ"॥੩੨॥

ਮੈਂ ਗੁਰ ਹੇਤੁ ਲਿਜਾਨੋ ਘੋਰਾ। ਅਚੌਂ ਨ ਬਦਨ ਸ਼ਾਹੁ ਕੋ ਥੋਰਾ।
ਤਨਕ ਪਾਪ ਭੀ ਜੋ ਕ੍ਰਿਤ ਮਾਂਹੀ। ਸੁਮਤਿ ਬਿਚਾਰਤਿ, ਕਰਹਿਂ ਸੁ ਨਾਂਹੀ॥੩੩॥

ਮੈਂ ਗੁਰੂ ਜੀ ਵਾਸਤੇ ਘੋੜਾ ਲੈ ਕੇ ਜਾਣਾ ਹੈ, ਮੈਂ ਬਾਦਸ਼ਾਹ ਦਾ ਕੋਈ ਪਦਾਰਥ ਥੋੜ੍ਹਾ ਮਾਤ੍ਰ ਵੀ ਆਪਣੇ ਮੂੰਹ ਵਿਚ ਨਹੀਂ ਪਾਵਾਂਗਾ। ਤਨਕ ਪਾਪ ਵੀ ਜੇ ਮੇਰੀ ਕ੍ਰਿਤ ਹੋਵੇਗੀ, ਤਾਂ ਸ੍ਰੇਸ਼ਟ ਮੱਤ ਵਿਚਾਰ ਕੇ, ਉਹ ਮੈਂ ਕਦੀ ਨਹੀਂ ਕਰਾਂਗਾ॥੩੩॥

ਕਰਿ ਹੰਕਾਰ ਸ਼ਾਹੁ ਬਡ ਜ਼ੋਰਾ। ਛੀਨਜੋ ਪ੍ਰਥਮ ਗੁਰੂ ਕੋ ਘੋਰਾ।
ਮੈਂ ਬੁਧਿ ਬਲ ਕਰਿ ਪਲਟਾ ਲੈ ਹੌਂ। ਮਹਾਂ ਤੁਰੰਗ ਜਾਇ ਕਰਿ ਦੈ ਹੌਂ॥੩੪॥

ਬਾਦਸ਼ਾਹ ਨੇ ਹੰਕਾਰ ਕਰਕੇ ਬੜੇ ਜ਼ੋਰ ਨਾਲ ਗੁਰੂ ਜੀ ਦਾ ਪਹਿਲਾ ਘੋੜਾ ਖੋਹ ਲਿਆ ਸੀ, ਮੈਂ ਆਪਣੀ ਬੁਧੀ ਦੇ ਬਲ ਨਾਲ ਬਦਲਾ ਲਵਾਂਗਾ, ਮਹਾਨ ਘੋੜਾ ਜਾ ਕੇ ਗੁਰੂ ਜੀ ਨੂੰ ਦੇਵਾਂਗਾ॥੩੪॥

ਰਾਖਨਿ ਕੋ ਸਮਰਥ ਗੁਰ ਪੂਰੇ। ਹਤਹਿਂ ਸ਼ੱਤ੍ਰੂ ਚਢਿ ਕਰਿ ਅਸੁ ਰੂਰੇ।
ਇੱਤਜਾਦਿਕ ਬਿਚਾਰ ਕਰਿ ਉਰ ਮੈਂ। ਘਰ ਜੀਵਣ ਕੇ ਜਾਇ ਤਿਮਰ ਮੈਂ॥੩੫॥

ਗੁਰੂ ਜੀ ਰੱਖਣ ਦੇ ਸਮਰੱਥ ਹਨ, ਐਸੇ ਸੁੰਦਰ ਘੋੜੇ ਤੇ ਚੜ੍ਹ ਕੇ ਉਹ ਵੈਰੀ ਦਾ ਨਾਸ਼ ਕਰਨਗੇ।" ਇੱਤਆਦਿ ਹਿਰਦੇ ਵਿਚ ਵਿਚਾਰ ਕੇ ਹਨੇਰਾ ਹੋਣ ਤੇ ਜੀਵਨ ਦੇ ਘਰ ਚਲਾ ਗਿਆ॥੩੫॥

ਖਾਨ ਪਾਨ ਕਰਿ ਨਿਸਾ ਬਿਤਾਵੈ। ਅਰਣੋਦੈ ਕੋ ਵਹਿਰ ਸਿਧਾਵੈ।
ਦਿਵਸ ਰਹੇ ਜਬਿ ਘਟਿਕਾ ਚਾਰੀ। ਤ੍ਰਿਣ ਲੇ ਪਹੁੰਚਹਿ ਪੌਰ ਅਗਾਰੀ॥ ੩੬॥

ਖਾ ਪੀ ਕੇ ਰਾਤ ਬਤੀਤ ਕਰਦਾ ਸੀ ਤੇ ਸੂਰਜ ਨਿਕਲਦਿਆਂ ਹੀ ਬਾਹਰ ਚਲਾ ਜਾਂਦਾ ਸੀ। ਜਦ ਦਿਨ ਚਾਰ ਘੜੀ ਰਹਿੰਦਾ ਸੀ ਤਾਂ ਘਾਹ ਲੈ ਕੇ ਕਿਲ੍ਹੇ ਦੇ ਦਰਵਾਜ਼ੇ ਤੇ ਪਹੁੰਚ ਜਾਂਦਾ ਸੀ॥੩੬॥

ਪਿਖਿ ਉੱਤਮ ਕੋ ਲੇਤਿ ਦਰੋਗਾ। ਕਰਹਿਂ ਸਰਾਹਨਿ ਸਗਰੇ ਲੋਗਾ।
ਜਬਹਿ ਦਿਵਸ ਖਟ ਸਪਤ ਬਿਤਾਏ। ਹਯ ਬੋਲਹਿਂ ਪਿਖਿ ਘਾਸ,ਲਿਜਾਏ॥੩੭॥

ਉੱਤਮ ਘਾਹ ਵੇਖ ਕੇ ਦਰੋਗਾ ਲੈ ਲੈਂਦਾ ਸੀ ਤੇ ਸਾਰੇ ਲੋਕ ਸ਼ਲਾਘਾ ਕਰਦੇ ਸਨ। ਜਦ ਪੰਦਰ੍ਹਾਂ ਦਿਨ ਬਤੀਤ ਕੀਤੇ ਤਾਂ ਜਦ ਘਾਹ ਲੈ ਕੇ ਘੋੜਿਆਂ ਦੇ ਪਾਸ ਜਾਂਦਾ ਸੀ ਤਾਂ ਉਹ ਅਗੋਂ ਖੁਸ਼ੀ ਵਿਚ ਹਿਣਕਦੇ ਸਨ॥੩੭॥

ਦੇਤਿ ਦਿਲਾਸੇ ਨਿਤ ਕਰ ਫੇਰਹਿ। ਸੈਂਧੇ ਖਾਂ ਹਰਖਤਿ ਹਿਤ ਹੇਰਹਿ।
ਬੂਝਤਿ 'ਨਾਮ ਬਤਾਵਹੁ ਮੋਹੀ। ਰਹੈਂ ਕਿ ਨਹੀਂ ਜਿ ਰਾਖਹਿਂ ਤੋਹੀ ?' ॥ ੩੮ ॥

ਦਿਲਾਸਾ ਦੇ ਕੇ ਸਦਾ ਪਿੱਠ ਉੱਤੇ ਹੱਥ ਫੇਰਦਾ ਸੀ, ਸੈਂਧੇ ਖਾਂ ਨੇ ਖੁਸ਼ ਹੋ ਕੇ ਪੁਛਿਆ: "ਮੈਨੂੰ ਆਪਣਾ ਨਾਮ ਦੱਸੋ, ਜੇ ਤੈਨੂੰ ਅਸੀਂ ਨੌਕਰ ਰਖੀਏ ਤਾਂ ਕੀ ਤੂੰ ਰਹਿਣ ਨੂੰ ਤਿਆਰ ਹੈਂ?" ॥੩੮॥

ਬਿਧੀਚੰਦ ਤਬਿ ਸੁਨਤਿ ਬਖਾਨ। 'ਨਾਮ ਕਸੇਰਾ ਕਹੈਂ ਸੁਜਾਨਾ।
ਪੁਰਿ ਮਹਿਂ ਜਬਿ ਕੋ ਆਨਿ ਪ੍ਰਵੇਸ਼ਾ। ਤ੍ਰਿਣ ਆਨਤਿ ਮ੍ਰਿਦੁ ਹਰਿਤ ਵਿਸ਼ੇਸ਼ਾ ॥੩੯ ॥

ਬਿਧੀ ਚੰਦ ਨੇ ਫਿਰ ਸੁਣ ਕੇ ਕਿਹਾ: "ਚਤੁਰ ਲੋਕ ਮੈਨੂੰ ਕਸੇਰਾ ਕਹਿੰਦੇ ਹਨ, ਜਦ ਦਾ ਨਗਰ ਵਿਚ ਆ ਕੇ ਪ੍ਰਵੇਸ਼ ਕੀਤਾ ਹੈ ਤਾਂ ਮੈਂ ਬਹੁਤ ਹਰਾ ਅਤੇ ਸੁੰਦਰ ਘਾਹ ਲਿਆਉਂਦਾ ਹਾਂ॥੩੯॥

ਸਾਚੇ ਪਾਤਿਸ਼ਾਹੁ ਹਯ ਜੋਗ। ਬਿਰਮਹਿਂ ਅਪਰ ਹੇਰ ਕਰਿ ਲੋਗ।
ਸੁਨਹਿਂ ਮੋਲ ਤਬਿ ਕੋਇ ਨ ਲੇਤਿ। ਨਿਤ ਪ੍ਰਤਿ ਆਇ ਤੁਮਹਿਂ ਕੋ ਦੇਤਿ ॥੪੦ ॥

ਇਹ ਘੋੜੇ ਸੱਚੇ ਪਾਤਿਸ਼ਾਹ ਦੇ ਲਾਇਕ ਹਨ, ਹੋਰ ਲੋਕ ਇਸ ਘਾਹ ਨੂੰ ਵੇਖ ਕੇ ਲਲਚਾ ਜਾਂਦੇ ਹਨ। ਜਦ ਕੋਈ ਇਸ ਦਾ ਮੁੱਲ ਸੁਣਦਾ ਹੈ ਤਾਂ ਕੋਈ ਵੀ ਲੈਣ ਨੂੰ ਤਿਆਰ ਨਹੀਂ ਹੁੰਦਾ। ਇਸ ਕਰਕੇ ਰੋਜ਼ ਆ ਕੇ ਇਹ ਘਾਹ ਤੁਹਾਨੂੰ ਹੀ ਦਿੰਦਾ ਹਾਂ॥੪੦॥

ਯਾਂਤੇ ਚਾਕਰ ਰਖਹੁ ਬਨਾਈ। ਨਿਤ ਪ੍ਰਤਿ ਹੇਰਹੁ ਸੇਵ ਸਵਾਈ।
ਦਰਬ ਲੋਭ ਤੇ ਮੈਂ ਨਹਿਂ ਕਰਿਹੂੰ। ਅਪਰ ਨ ਲਾਲਚ ਮਨ ਮਹਿਂ ਧਰਿ ਹੂੰ ॥੪੧ ॥

ਇਸ ਕਰਕੇ ਆਪਣਾ ਨੌਕਰ ਬਣਾ ਕੇ ਰਖੋ ਤੇ ਨਿਰੰਤਰ ਸਵਾਈ ਸੇਵਾ ਵੇਖੋ। ਧਨ ਦੇ ਲਾਲਚ ਨਾਲ ਮੈਂ ਇਹ ਨੌਕਰੀ ਨਹੀਂ ਕਰ ਰਿਹਾ ਹਾਂ, ਹੋਰ ਕੋਈ ਲਾਲਚ ਮਨ ਵਿਚ ਨਹੀਂ ਧਾਰਿਆ ਹੈ॥੪੧॥

ਲਖਿ ਸਾਚੇ ਪਤਿਸ਼ਾਹੁ ਤੁਰੰਗ। ਸੇਵਾ ਕਰਹੁਂ ਪ੍ਰੇਮ ਕੇ ਸੰਗ।
ਕਬਿਹੂੰ ਹਾਸਲ ਹੋਇ ਮੁਰਾਦ। ਟਹਿਲ ਹਯਨਿ ਕੀ ਜਾਇ ਨ ਬਾਦ ॥ ੪੨ ॥

ਸੱਚੇ ਪਾਤਿਸ਼ਾਹ ਦੇ ਘੋੜੇ ਵੇਖ ਕੇ ਬੜੇ ਪ੍ਰੇਮ ਨਾਲ ਸੇਵਾ ਕਰਾਂਗਾ। ਕਦੀ ਤਾਂ ਮੇਰੀ ਮੁਰਾਦ ਪੂਰੀ ਹੋਵੇਗੀ, ਘੋੜਿਆਂ ਦੀ ਸੇਵਾ ਵਿਰਥਾ ਨਹੀਂ ਜਾਵੇਗੀ' ॥੪੨॥

ਸੁਨਤਿ ਦਰੋਗਾ ਹਰਖਿਤਿ ਹੋਵਾ। ਸੇਵ ਹਯਨਿ ਕੀ ਲਾਇਕ ਜੋਵਾ।
ਰੋਜ਼ ਰਜਤਪਣ ਤਬਿ ਕਰਿ ਰਾਖਾ। ਕਰਿ ਤਾਗੀਦ ਫੇਰ ਬਚ ਭਾਖਾ॥ ੪੩ ॥

ਇਹ ਸੁਣ ਕੇ ਦਰੋਗਾ ਬਹੁਤ ਪ੍ਰਸੰਨ ਹੋਇਆ, ਘੋੜਿਆਂ ਦੀ ਸੇਵਾ ਦੇ ਲਾਇਕ ਸਮਝਿਆ। ਫਿਰ ਚਾਂਦੀ ਦਾ ਸਿੱਕਾ ਰੋਜ਼ ਦੀ ਦਿਹਾੜੀ ਕਰ ਲਈ, ਤਾਕੀਦ ਕਰਕੇ ਫਿਰ ਕਿਹਾ॥੪੩॥

'ਕਰਿਬੇ ਟਹਿਲ ਹਯਨਿ ਕੇ ਜੋਗ। ਤੁਝ ਰਾਖਜੇ ਲਖਿ ਆਛੇ ਲੋਗ।
ਖਰੀ ਚਾਕਰੀ ਅਪਨੀ ਲੇਹੋ। ਸੇਵ ਤੁਰੰਗਨ ਕੀ ਸ਼ੁਭ ਦੇਹੋ'॥ ੪੪ ॥

"ਤੂੰ ਘੋੜਿਆਂ ਦੀ ਸੇਵਾ ਕਰਨ ਦੇ ਯੋਗ ਹੈਂ, ਤੈਨੂੰ ਮੈਂ ਚੰਗਾ ਆਦਮੀ ਸਮਝ ਕੇ ਨੌਕਰ ਰਖਿਆ ਹੈ, ਆਪਣੀ ਮਜ਼ਦੂਰੀ ਖਰੀ ਲਵੋ ਤੇ ਘੋੜਿਆਂ ਦੀ ਸ਼ੁਭ ਸੇਵਾ ਕਰੋ॥੪੪॥

ਕਹਿ ਬਿਧੀਆ 'ਕਹਿਬੇ ਮੈਂ ਕਹਾਂ। ਦੇਖਿ ਲੇਹੁ ਜਬਿ ਹੋਵਹਿ ਮਹਾਂ।
ਭਲੇ ਨਰਨਿ ਕੋ ਕਹਿਬੋ ਥੋਰਾ। ਅਪਨੋ ਕਹਜੋ ਨਿਬਾਹਤਿ ਓਰਾ ॥ ੪੫ ॥

ਬਿਧੀ ਚੰਦ ਨੇ ਕਿਹਾ, "ਆਖਣ ਵਿਚ ਕੀ ਹੈ, ਇਹ ਵੇਖ ਲੈਣਾ ਜਦ ਮਹਾਨ ਸੇਵਾ ਹੋਵੇਗੀ। ਭਲੇ ਲੋਕ ਥੋੜ੍ਹਾ ਕਹਿਣ ਤੇ ਵੀ ਉਹ ਓੜਕ ਤਕ ਨਿਬਾਹੁੰਦੇ ਹਨ"॥੪੫॥

ਰਹਜੋ ਹਯਨਿ ਢਿਗ ਸੇਵ ਕਮਾਵਹਿ। ਹਰਿਤ ਦੂਰਬਾ ਮ੍ਰਿਦੁ ਬਹੁ ਲਜਾਵਹਿ।
ਜਬਿ ਲੌ ਵਹਿਰ ਰਹਿਤਿ, ਤ੍ਰਿਣ ਆਨਤਿ। ਪੁਨ ਅਹਿਨਿਸ ਸੇਵਾ ਹਯ ਠਾਨਤਿ ॥੪੬॥

ਬਿਧੀ ਚੰਦ ਘੋੜਿਆਂ ਦੇ ਪਾਸ ਹੀ ਰਹਿ ਕੇ ਸੇਵਾ ਕਰਦਾ ਸੀ, ਹਰਾ ਤੇ ਸੁੰਦਰ ਘਾਹ ਬਹੁਤ ਲਿਆਉਂਦਾ ਸੀ। ਜਦ ਘਾਹ ਲੈਣ ਜਾਂਦਾ ਸੀ ਤਦ ਤਕ ਬਾਹਰ ਰਹਿੰਦਾ ਸੀ, ਫਿਰ ਦਿਨ ਰਾਤ ਘੋੜਿਆਂ ਦੀ ਸੇਵਾ ਕਰਦਾ ਸੀ॥੪੬॥

*ਸੱਤਵੀਂ ਰਾਸ ਦਾ ਸਤਾਈਵਾਂ ਅਧਿਆਇ ਸਮਾਪਤ ਹੋਇਆ॥੨੭॥*

# *ਅਧਿਆਇ ਅਠਾਈਵਾਂ*

*ਕਸੇਰੇ ਨੂੰ ਸ਼ਾਹ ਜਹਾਨ ਵਲੋਂ ਇਨਾਮ*

ਦੋਹਰਾ-ਰਹਜੋ ਹਯਨਿ ਢਿਗ ਤਬਿ ਕਹਜੋ 'ਪੌਰਦਾਰ ਜੇ ਬ੍ਰਿੰਦ।
ਆਵਤਿ ਜਾਤਿ ਨ ਹਟਕ ਕੋ ਤੁਮ ਕਹਿ ਦੇਹੁ ਨਿਚਿੰਦ' ॥ ੧ ॥

ਜਦ ਸਦਾ ਘੋੜਿਆਂ ਦੇ ਪਾਸ ਰਹਿੰਦਾ ਸੀ ਤਾਂ ਉਸ ਦਰੋਗੇ ਨੂੰ ਕਿਹਾ, "ਸਾਰੇ ਡਿਉਢੀ ਬਰਦਾਰਾਂ ਨੂੰ ਬੇਫਿਕਰ ਹੋ ਕੇ ਇਹ ਕਹਿ ਦੇਵੋ, ਮੈਨੂੰ ਆਉਂਦੇ ਜਾਂਦੇ ਨੂੰ ਕੋਈ ਵੀ ਨਾ ਰੋਕੇ"॥੧॥

ਚੌਪਈ- ਸੰਗ ਦਰੋਗੇ ਕੇ ਸਭਿ ਪੌਰ। ਕਹਿਵਾਯਹੁ 'ਇਹ ਚਾਕਰ ਔਰ।
ਖਾਸ ਸ਼ਾਹੁ ਕੇ ਹਯ ਪਰ ਰਹਜੋ। ਨੀਕੇ ਉਚਿਤ ਸੇਵ ਕੋ ਲਹਜੋ ॥ ੨ ॥

ਦਰੋਗੇ ਨੇ ਸਭ ਡਿਉਢੀ ਬਰਦਾਰਾਂ ਨੂੰ ਕਹਿ ਦਿੱਤਾ, "ਇਹ ਨੌਕਰ ਹੋਰ ਪ੍ਰਕਾਰ ਦਾ ਹੈ, ਇਹ ਬਾਦਸ਼ਾਹ ਦੇ ਖਾਸ ਘੋੜਿਆਂ ਦੇ ਪਾਸ ਰਹਿੰਦਾ ਹੈ, ਤੇ ਬਹੁਤ ਵਧੀਆ ਸੇਵਾ ਇਸ ਦੀ ਵੇਖੀ ਹੈ॥੨॥

ਆਵਹਿ ਜਾਹਿ ਅਬੇਰ ਸਵੇਰ। ਨਹਿਂ ਬਰਜਹੁ ਇਸਕੋ ਕਬਿ ਹੇਰਿ'।
ਪੌਰਨ ਤੇ ਨਿਸ਼ੰਗ ਤਬਿ ਹੋਵਾ। ਮਨਹੁਂ ਮਾਤਬਰ ਘਰ ਕੋ ਜੋਵਾ ॥ ੩ ॥

ਇਹ ਜੇ ਵੇਲੇ-ਕੁਵੇਲੇ ਵੀ ਆਵੇ ਤੇ ਇਸ ਨੂੰ ਵੇਖ ਕੇ ਕਦੀ ਵੀ ਨਾ ਰੋਕੋ।" ਸਾਰੇ ਦਰਵਾਜ਼ਿਆਂ ਰਾਹੀਂ ਆਉਣ ਜਾਣ ਵਿਚ ਫਿਰ ਉਹ ਨਿਸ਼ੰਗ ਹੋ ਗਿਆ, ਮਾਨੋ ਸਾਰਿਆਂ ਦੇ ਭਰੋਸੇ-ਯੋਗ ਇਕ ਘਰ ਦੇ ਮੈਂਬਰ ਵਾਂਗ ਹੋ ਗਿਆ॥੩॥

ਲਾਗਜੋ ਨਿਸ ਦਿਨ ਸੇਵਾ ਮਾਂਹਿ। ਹਯਨਿ ਪਾਸ ਕੋ ਛੋਰਹਿ ਨਾਂਹਿ।
ਜੇਤਿਕ ਸੇਵਕ ਸੇਵਾ ਧਰੈਂ। ਸਭਿ ਕੇ ਥਾਉਂ ਆਪ ਹੀ ਕਰੈ ॥ ੪ ॥

ਦਿਨ ਰਾਤ ਘੋੜਿਆਂ ਦੀ ਸੇਵਾ ਵਿਚ ਲੱਗ ਗਿਆ, ਘੋੜਿਆਂ ਦੀ ਨਜ਼ਦੀਕੀ ਛੱਡਦਾ ਹੀ ਨਹੀਂ ਸੀ, ਜਿੰਨੇ ਸੇਵਕ ਸੇਵਾ ਕਰਦੇ ਸਨ, ਸਾਰਿਆਂ ਦੀ ਥਾਂ ਆਪ ਹੀ ਸੇਵਾ ਕਰਦਾ ਸੀ॥੪॥

ਸਭਿ ਕੋ ਸੁਖ ਹੋਯਹੁ ਹਰਖਾਵੈਂ। 'ਭਲੋ ਪੁਰਖ ਇਹੁ' ਕਹੈਂ ਸੁਨਾਵੈਂ।
ਖਰੋ ਖਰਖਰਾ ਖਰੋ ਕਰੰਤਾ। ਲੇ ਗਾਦੀ ਪਰ ਹਾਥ ਫਿਰੰਤਾ॥ ੫॥

ਇਹ ਵੇਖ ਕੇ ਸਾਰੇ ਨੌਕਰਾਂ ਨੂੰ ਸੁਖ ਮਿਲਣ ਕਰਕੇ ਉਹ ਬਹੁਤ ਪ੍ਰਸੰਨ ਹੋਏ, ਤੇ ਉਹ ਇਕ ਦੂਸਰੇ ਨੂੰ ਕਹਿ ਕੇ ਸੁਣਾਉਂਦੇ ਸਨ, "ਇਹ ਕੋਈ ਭਲਾ ਪੁਰਸ਼ ਹੈ, ਖੜਾ ਹੋ ਕੇ ਘੋੜੇ ਦੀ ਪਿੱਠ ਬੜੀ ਚੰਗੀ ਤਰ੍ਹਾਂ ਖਰਖਰਾ ਕਰਦਾ ਹੈ ਤੇ ਗੱਦੀ ਹੱਥ ਵਿਚ ਲੈ ਕੇ ਘੋੜਿਆਂ ਦੇ ਸਰੀਰ ਤੇ ਫੇਰਦਾ ਹੈ॥੫॥

ਬਦਨ ਨਾਸਕਾ ਪੋਂਛਤਿ ਆਛੇ। ਸੁੰਬ ਉਠਾਇ ਅੱਗ੍ਰ ਅਰੁ ਪਾਛੇ।
ਮਸਤਕ, ਕਰਨ, ਜਾਤ, ਦ੍ਰਿਗ, ਗ੍ਰੀਵਾ। ਪੋਂਛਤਿ ਉਦਰ ਹੋਇ ਬਹੁ ਨੀਵਾ॥ ੬॥

ਘੋੜਿਆਂ ਦੇ ਮੂੰਹ ਅਤੇ ਨਾਸਾਂ ਨੂੰ ਬੜੀ ਚੰਗੀ ਤਰ੍ਹਾਂ ਪੂੰਝਦਾ ਹੈ, ਤੇ ਅਗਲੇ ਪਿਛਲੇ ਸੁੰਮਾਂ ਨੂੰ ਚੁੱਕ ਕੇ ਸਾਫ ਕਰਦਾ ਹੈ। ਮੱਥਾ, ਕੰਨ, ਜੱਤ, ਨੇਤਰ ਅਤੇ ਗਰਦਨ ਨੂੰ ਸਾਫ ਕਰਦਾ ਹੈ ਤੇ ਨੀਵਾਂ ਹੋ ਕੇ ਢਿੱਡ ਪੂੰਝਦਾ ਹੈ॥੬॥

ਆਯੁਤ ਛਾਤੀ, ਪੀਠ ਬਡੇਰੀ। ਫੇਰਤਿ ਕਰ, ਦੇ ਜੋਰ ਹਥੇਰੀ।
ਪੁੱਠੇ ਬਡੇ, ਪੁੰਛਸਟਕਾਰੀ। ਬਾਰਬਾਰ ਕਰ ਧਾਰਿ ਸੁਧਾਰੀ॥ ੭॥

ਘੋੜਿਆਂ ਦੀ ਚੌੜੀ ਛਾਤੀ ਅਤੇ ਵੱਡੀ ਪਿੱਠ ਨੂੰ ਤਲੀ ਦਾ ਜ਼ੋਰ ਦੇ ਕੇ ਸਾਫ ਕਰਦਾ ਹੈ। ਘੋੜਿਆਂ ਦੀ ਵੱਡੀ ਪੁੱਠ ਅਤੇ ਲਮਕਦੀ ਪੂਛ ਨੂੰ ਬਾਰ-ਬਾਰ ਹੱਥ ਵਿਚ ਫੜ ਕੇ ਸੁਧਾਰਦਾ ਹੈ॥੭॥

ਦਸਕ ਦਾਸ ਕੀ ਸੇਵ ਬਿਸਾਲਾ। ਸੰਭਾਰੀ ਠਾਨਤਿ ਸਭਿ ਕਾਲਾ।
ਸਭਿਨਿ ਭਯੋ ਸੁਖ, ਕਰਇਂ ਸਰਾਹੂ। 'ਇਹੁ ਆਛੋ ਆਯੋ ਹਮ ਮਾਹੂ'॥ ੮॥

ਦਸਾਂ ਸੇਵਕਾਂ ਦੀ ਵਿਸ਼ਾਲ ਸੇਵਾ, ਉਹ ਇਕੱਲਾ ਹੀ ਹਰ ਸਮੇਂ ਸੰਭਾਲੀ ਰਖਦਾ ਹੈ। ਸਾਰਿਆਂ ਨੂੰ ਸੁਖ ਮਿਲ ਗਿਆ, ਜਿਸ ਕਰਕੇ ਉਹ ਉਸਦੀ ਬੜੀ ਸ਼ਲਾਘਾ ਕਰਦੇ ਸਨ, ਇਹ ਚੰਗਾ ਪੁਰਸ਼ ਸਾਡੇ ਪਾਸ ਆਇਆ ਹੈ"॥੮॥

ਦ੍ਵੈ ਤੀਨਕ ਦਿਨ ਕਰਤਿ ਨਿਹਾਰਾ। ਸੈਂਧੇਖਾਨ ਪ੍ਰਸੰਨ ਉਚਾਰਾ।
'ਕਵਿਕਾ ਦੇਨਿ ਉਤਾਰਨ ਧਰਨ। ਰਹੈ ਕਸੇਰੇ ਕੇ ਅਬਿ ਕਰਨਿ॥ ੯॥

ਜਦ ਦੋ ਤਿੰਨ ਦਿਨ ਕੰਮ ਕਰਦਿਆਂ ਵੇਖਿਆ ਤੇ ਸੈਂਧੇ ਖਾਨ ਨੇ ਪ੍ਰਸੰਨ ਹੋ ਕੇ ਕਿਹਾ, "ਘੋੜਿਆਂ ਨੂੰ ਲਗਾਮ ਦੇਣੀ ਅਤੇ ਲਾਹੁਣੀ ਹੁਣ ਕਸੇਰੇ ਦੇ ਹੱਥਾਂ ਵਿਚ ਹੀ ਰਹਿ ਗਈ ਹੈ॥੯॥

ਇਸ ਕੇ ਸੰਗ ਕਰਹਿਂ ਰੁਖ਼ ਘੋਰੇ। ਬਾਸੁਰ ਨਿਸਾ ਨ ਸੇਵਹਿ ਥੋਰੇ।
ਦੂਬ ਖੁਰਚਨੇ ਕਬਿ ਕਬਿ ਜਾਵਹੁ। ਮਰਦਨ ਪੋਂਛਨ ਸੇਵ ਕਮਾਵਹੁ॥ ੧੦॥

ਘੋੜੇ ਹੁਣ ਇਸ ਦੇ ਨਾਲ ਬਹੁਤ ਪਿਆਰ ਕਰਦੇ ਹਨ, ਇਹ ਵੀ ਦਿਨ ਰਾਤ ਕੋਈ ਥੋੜ੍ਹੀ ਸੇਵਾ ਨਹੀਂ ਕਰਦਾ ਹੈਂ। ਜਦ ਕਦ ਘਾਹ ਖੋਤਨ ਜਾਂਦਾ ਹੈਂ, ਨਹੀਂ ਤਾਂ ਬਾਕੀ ਦਾ ਸਮਾਂ ਘੋੜਿਆਂ ਦੀ ਸੇਵਾ ਸਵਾਈ ਕਮਾਉਣ ਤੇ ਹੀ ਲਾ ਦਿੰਦਾ ਹੈਂ"॥੧੦॥

ਹਰਖਤਿ ਉਰ ਮਹਿਂ ਕਹਤਿ ਕਸੇਰਾ। 'ਸੁਨਹੁਂ ਦਰੋਗਾ! ਕਹਿਬੋ ਮੇਰਾ।
ਸੇਵ ਕਰਨ ਲਗਿ ਕਾਰਜ ਮੋਹੀ। ਜਾਉਂ ਵਹਿਰ, ਕੈ ਅਸੁ ਢਿਗ ਹੋਹੀ॥ ੧੧॥

ਕਸੇਰੇ ਨੇ ਦਿਲ ਵਿਚ ਪ੍ਰਸੰਨ ਹੋ ਕੇ ਕਿਹਾ, "ਹੇ ਦਰੋਗਾ ਜੀ! ਮੇਰਾ ਕਹਿਣਾ ਸੁਣੋ, ਸੇਵਾ ਕਰਨ ਤਕ ਮੇਰਾ ਕੰਮ ਹੈ, ਭਾਵੇਂ ਮੈਂ ਬਾਹਰ ਜਾਵਾਂ ਭਾਵੇਂ ਘੋੜਿਆਂ ਕੋਲ ਹੋਵਾਂ॥੧੧॥

ਸਾਚੇ ਪਾਤਸ਼ਾਹੁ ਹਜ ਸੇਵੋਂ। ਨਿਜ ਮੁਰਾਦ ਹਾਸਲ ਕਰਿ ਲੇਵੋਂ।
ਅਪਰ ਕਰਹੁਂ ਕੈ ਨਾਂਹਿਨ ਕਰਹੁਂ। ਬੈਠੋ ਰਹਹੁਂ ਕਿਧੌਂ ਉਠਿ ਫਿਰਹੁਂ॥ ੧੨॥

ਸੱਚੇ ਪਾਤਸ਼ਾਹ ਦੀ ਸੇਵਾ ਕਰਦਾ ਹਾਂ, ਆਪਣੀ ਨਿਜੀ ਮੁਰਾਦ ਪ੍ਰਾਪਤ ਕਰ ਲਵਾਂਗਾ, ਹੋਰ ਕੋਈ ਕੰਮ ਕਰਾਂ ਕਿ ਨਾ ਕਰਾਂ, ਬੈਠ ਰਹਾਂ ਜਾਂ ਉਠ ਕੇ ਫਿਰਾਂ॥੧੨॥

ਮੈਂ ਤੁਰੰਗ ਕੋ ਤੀਰ ਨ ਤਜਾਗੋਂ। ਇਕ ਸੇਵਾ ਕੇ ਤਤਪਰ ਲਾਗੋਂ'।
ਸੌਂਧੇ ਆਦਿਕ ਮਾਨਵ ਸਾਰੇ। ਸੁਨਹਿਂ ਬਾਕ ਅਰੁ ਸੇਵ ਨਿਹਾਰੇਂ॥ ੧੩॥

ਮੈਂ ਘੋੜਿਆਂ ਦਾ ਸੰਗ ਨਹੀਂ ਛੱਡਾਂਗਾ, ਇਕ ਸੇਵਾ ਵਿਚ ਮੈਂ ਤੁਰਤ ਲੱਗ ਜਾਂਦਾ ਹਾਂ।'' ਸੌਂਧੇ ਖਾਂ ਤੇ ਹੋਰ ਜਿੰਨੇ ਮਨੁੱਖ ਸਨ, ਉਹ ਗੱਲਬਾਤ ਸੁਣਦੇ ਤੇ ਸੇਵਾ ਨੂੰ ਵੇਖਦੇ ਸਨ॥੧੩॥

ਕਰਜੋ ਭਰੋਸਾ ਸੌਂਪਤਿ ਸੇਵ। ਮੂਰਖ ਅਪਰ ਨ ਜਾਨਹਿਂ ਭੇਵ।
ਮਧੁਰ ਬਚਨ ਸਭਿ ਕੇ ਸੰਗ ਉਚਰੇ। ਬਿਨਾ ਦਿਏ ਸਕਲਨਿ ਮਨ ਹਰੇ॥੧੪॥

ਭਰੋਸਾ ਕਰਕੇ ਭਾਈ ਬਿਧੀ ਚੰਦ ਨੂੰ ਸੇਵਾ ਸੌਂਪ ਦਿੱਤੀ, ਮੂਰਖ ਹੋਰ ਅਸਲੀ ਭੇਦ ਨਹੀਂ ਸੀ ਜਾਣਦੇ। ਭਾਈ ਬਿਧੀ ਚੰਦ ਸਾਰਿਆਂ ਦੇ ਨਾਲ ਬੜੇ ਮਿੱਠੇ ਬਚਨ ਬੋਲਦੇ ਸਨ, ਕੁਝ ਦਿੱਤੇ ਤੋਂ ਬਗੈਰ ਹੀ ਸਭ ਦੇ ਮਨ ਜਿੱਤ ਲਏ॥੧੪॥

ਸਰਬ ਸਰਾਹਹਿਂ 'ਆਛੋ ਆਛੋ'। ਰਹਨਿ ਕਸੇਰੋ ਕੋ ਸੁਭ ਬਾਂਛੋ।
ਕਵਿਕਾ ਦੇਨ ਰੁ ਕਾਜੈ ਕਰਿਬੇ। ਕਾਜ ਸੰਭਾਰਤਿ ਭਾ ਜਬਿ ਸਰਬੇ॥ ੧੫॥

ਸਾਰੇ ਸ਼ਲਾਘਾ ਕਰਦੇ ਸਨ, ''ਬਹੁਤ ਚੰਗਾ ਹੈ, ਬਹੁਤ ਚੰਗਾ ਹੈ'', ਕਸੇਰੇ ਨੂੰ ਸਾਰੇ ਹੀ ਚਾਹੁੰਦੇ ਸਨ। ਘੋੜਿਆਂ ਨੂੰ ਲਗਾਮ ਦੇਣ ਅਤੇ ਲਗਾਮ ਉਤਾਰਨ ਦੇ ਸਾਰੇ ਕਾਰਜ ਬਿੱਧੀ ਚੰਦ ਨੇ ਸੰਭਾਲ ਲਏ॥੧੫॥

ਲੇਨਿ ਦੂਰਬਾ ਬਾਹਿਰ ਗਯੋ। ਇਕ ਖਿੰਘਰ ਤਬਿ ਆਨਤਿ ਭਯੋ।
ਦਿਨ ਤ੍ਰਿਣ ਗਨ ਮਹਿਂ ਰਾਖਿ ਛਪਾਈ। ਭਈ ਜਾਮਨੀ ਅਰਧ ਲਖਾਈ॥੧੬॥

ਘਾਹ ਲੈਣ ਵਾਸਤੇ ਬਾਹਰ ਗਿਆ ਤਾਂ ਇਕ ਵੱਡਾ ਪੱਥਰ ਘਾਹ ਦੇ ਵਿਚ ਰੱਖ ਲਿਆਇਆ, ਦਿਨ ਦੇ ਸਮੇਂ ਘਾਹ ਵਿਚ ਹੀ ਲੁਕਾਈ ਰਖਿਆ। ਰਾਤ ਪਈ ਤਾਂ ਬਾਹਰ ਕਢਿਆ॥੧੬॥

ਕਰਿ ਬਾਹਨ ਬਲ ਬੇਗ ਬਗਾਯੋ। ਪਰਯੋ ਨਦੀ ਮਹਿਂ ਜਲ ਉਛਲਾਯੋ।
ਸ਼ਬਦ ਬਿਲੰਦ ਦੁਰਗ ਮਹਿਂ ਸੁਨਯੋ। ਜਾਗੇ ਸੁਪਤਿ, 'ਸ਼ੋਰ ਕੋ' ਭਨਯੋ॥੧੭॥

ਤੇ ਬਾਹਾਂ ਦੀ ਤਾਕਤ ਨਾਲ ਚੁੱਕ ਕੇ ਕਿਲ੍ਹੇ ਤੋਂ ਬਾਹਰ ਸੁੱਟ ਦਿੱਤਾ, ਉਹ ਦਰਿਆ ਵਿਚ ਜਾ ਕੇ ਡਿੱਗ ਪਿਆ ਤੇ ਨਦੀ ਦਾ ਜਲ ਬਹੁਤ ਉਛਲਿਆ। ਕਿਲ੍ਹੇ ਵਿਚ ਬਹੁਤ ਉੱਚੀ ਆਵਾਜ਼ ਸੁਣਾਈ ਦਿੱਤੀ, ਸਾਰੇ ਸੁੱਤੇ ਹੋਏ ਜਾਗ ਪਏ ਤੇ ਉਨ੍ਹਾਂ ਕਿਹਾ, ''ਕੀ ਸ਼ੋਰ ਹੋਇਆ ਹੈ ?''॥੧੭॥

ਪਿਖਤਿ ਪਾਹਰੂ ਜਾਰਿ ਮਸਾਲੈਂ। 'ਕੋ ਜਲ ਮਹਿਂ ਬਡ ਸ਼ਬਦ ਉਠਾਲੈ ?'।
ਖੋਜ ਰਹੇ ਪਾਯਹੁ ਕੁਛ ਨਾਂਹੀ। ਕਹੈਂ ਪਾਹਰੂ ਆਪਸ ਮਾਂਹੀ॥ ੧੮॥

ਪਹਿਰੇਦਾਰਾਂ ਨੇ ਵੇਖ ਕੇ ਮਸ਼ਾਲਾਂ ਜਗਾਈਆਂ, ''ਪਾਣੀ ਵਿਚ ਕਿਸ ਵੱਡਾ ਸ਼ੋਰ ਕੀਤਾ ਹੈ?'' ਉਹ ਲੱਭਦੇ ਰਹੇ, ਪਰ ਕੁਝ ਵੀ ਨਾ ਪਾਇਆ ਤੇ ਫਿਰ ਪਹਿਰੇਦਾਰ ਆਪਸ ਵਿਚ ਕਹਿਣ ਲੱਗੇ॥੧੮॥

'ਕੋ ਜਲ ਜੰਤੁ ਮੱਛ ਤੇ ਆਦਿ। ਨੀਰ ਉਛਾਲਿ ਉਠਾਯਹੁ ਨਾਦ'।
ਸ਼ਾਹੁਜਹਾਂ ਸਹਿ ਬੇਗਮ ਜਾਗਾ। ਰੌਰਾ ਪਰਯੋ ਸੁਨਨਿ ਸਭਿ ਲਾਗਾ॥ ੧੯॥

''ਕੋਈ ਜਲ ਜੀਵ ਮੱਛ ਆਦਿ ਨੇ, ਪਾਣੀ ਉਛਾਲ ਕੇ ਏਨੀ ਆਵਾਜ਼ ਪੈਦਾ ਕੀਤੀ ਹੈ।'' ਸ਼ਾਹਜਹਾਨ ਸਹਿਤ ਬੇਗਮ ਵੀ ਜਾਗ ਪਈ, ਬਹੁਤ ਰੌਲਾ ਪਿਆ ਸਾਰੇ ਸੁਣਨ ਲੱਗ ਗਏ॥੧੯॥

ਸਰਬ ਦੁਰਗ ਮਹਿਂ ਹ੍ਵੈ ਕਰਿ ਰੇਰਾ। ਨਹਿਂ ਕੁਛ ਲਖ੍ਯੋ ਪਰੈ, ਨਿਜ ਠੇਰਾ।
ਕੇਤਿਕ ਕਹਤਿ 'ਕਿੰਗੁਰਾ ਚਹ੍ਯੋ'। 'ਕੰਧ ਪੁਰਾਨੀ' ਕੇਚਿਤ ਕਹ੍ਯੋ॥ ੨੦॥

ਸਾਰੇ ਕਿਲ੍ਹੇ ਵਿਚ ਰੌਲਾ ਪੈ ਕੇ, ਜਦ ਕੁਝ ਨਾ ਵੇਖਿਆ ਤਾਂ ਆਪਣੇ-ਆਪਣੇ ਥਾਂ ਤੇ ਲੰਮੇ ਪੈ ਗਏ। ਕਈ ਕਹਿੰਦੇ ਸਨ, ''ਕਿਨਾਰੇ ਤੇ ਵੇਖਣਾ ਚਾਹੀਦਾ ਹੈ'', ਕਈ ਕਹਿੰਦੇ ਸੀ, ''ਦੀਵਾਰ ਬਹੁਤ ਪੁਰਾਣੀ ਹੋ ਗਈ ਹੈ'' ॥੨੦॥

ਦ੍ਵੈ ਘਟਿਕਾ ਲਗਿ ਸ਼ੋਰ ਮਚਾਏ। ਬਿਨ ਜਾਨੇ ਪੁਨ ਸਭਿ ਸੁਪਤਾਏ।
ਰਹੇ ਪਾਹਰੂ ਬੋਲਤਿ ਘਨੇ। ਸ਼ਾਹਜਹਾਂ ਕੀ ਚੌਕੀ ਸਨੇ॥ ੨੧॥

ਦੋ ਘੜੀਆਂ ਤੱਕ ਸ਼ੋਰ ਮਚਦਾ ਰਿਹਾ, ਕੁਝ ਜਾਣੇ ਦੇ ਬਗੈਰ ਹੀ ਸਾਰੇ ਫਿਰ ਸੌਂ ਗਏ। ਕਈ ਪਹਿਰੇਦਾਰ ਬਹੁਤ ਦੇਰ ਤੱਕ ਬੋਲਦੇ ਰਹੇ, ਇਸ ਵਿਚ ਸ਼ਾਹਜਹਾਨ ਦੀ ਚੌਕੀ ਦੇ ਬੰਦੇ ਵੀ ਵਿਚੇ ਸ਼ਾਮਲ ਸਨ॥੨੧॥

ਬਿਧੀਚੰਦ ਬਹੁ ਦਾਵ ਬਿਚਾਰੇ। 'ਨਿਕਸਿ ਨ ਸਕਹਿ ਤੁਰੰਗਮ ਦ੍ਵਾਰੇ।
ਦੁਰਗ ਕੰਧ ਕੋ ਫਾਂਦਹਿ ਜਬੈ। ਪਰਹਿ ਬੀਚ ਰਾਵੀ ਕੇ ਤਬੈ॥ ੨੨॥

ਬਿਧੀ ਚੰਦ ਨੇ ਬਹੁਤ ਦਾਅ ਵਿਚਾਰੇ ਸਨ, 'ਇਹ ਘੋੜੇ ਦਰਵਾਜ਼ੇ ਰਾਹੀਂ ਨਹੀਂ ਨਿਕਲ ਸਕਦੇ ਹਨ। ਕਿਲ੍ਹੇ ਦੀ ਕੰਧ ਨੂੰ ਜਦ ਟੱਪਾਂਗੇ ਤਾਂ ਫਿਰ ਰਾਵੀ ਦਰਿਆ ਵਿਚ ਜਾ ਕੇ ਪਵਾਂਗੇ॥੨੨॥

ਤਹਾਂ ਸੰਭਾਰਿ ਚਲਹਿ ਜਬਿ ਘੋਰਾ। ਲੇ ਪਹੁਚੋਂ ਸਤਿਗੁਰ ਕੀ ਓਰਾ।
ਇਸ ਬਿਨ ਅਪਰ ਉਪਾਇ ਨ ਕੋਊ। ਬਡ ਤਕਰਾਈ ਸਭਿ ਥਲ ਜੋਊ॥੨੩॥

ਉਥੋਂ ਸੰਭਾਲ ਕੇ ਜਦ ਘੋੜਾ ਚਲ ਪਵੇਗਾ ਤਾਂ ਸਤਿਗੁਰੂ ਜੀ ਦੇ ਪਾਸ ਲੈ ਕੇ ਪਹੁੰਚ ਜਾਵਾਂਗੇ। ਇਸ ਬਗੈਰ ਹੋਰ ਕੋਈ ਉਪਾਅ ਨਹੀਂ ਹੈ, ਸਾਰੇ ਥਾਵਾਂ ਤੇ ਵੱਡੀ ਤਕੜਾਈ ਹੈ॥੨੩॥

ਲਾਖਹੁਂ ਸੈਨਾ ਅੰਤਰ ਬਾਹਰ। ਜੇ ਸੁਧਿ ਹੋਇ ਚਢਹਿਂ ਸਮਿ ਆਹਰ।
ਜੇ ਤੁਰੰਗ ਕੀ ਪੀਠ ਰਹੌਂ ਮੈਂ। ਢਿਗ ਢੁਕਨ ਨਹਿਂ ਦੇਉਂ ਕਿਸੁ ਮੈਂ॥ ੨੪॥

ਲੱਖਾਂ ਦੀ ਸੈਨਾ ਕਿਲ੍ਹੇ ਦੇ ਅੰਦਰ ਤੇ ਬਾਹਰ ਹੈ, ਜੇ ਉਨ੍ਹਾਂ ਨੂੰ ਖਬਰ ਹੋ ਗਈ ਤਾਂ ਬੜੇ ਉਦਮ ਨਾਲ ਚੜ੍ਹ ਪੈਣਗੇ। ਜੇ ਮੈਂ ਘੋੜੇ ਦੀ ਪਿੱਠ ਤੇ ਰਹਾਂਗਾ ਫਿਰ ਮੈਂ ਕਿਸੇ ਨੂੰ ਆਪਣੇ ਪਾਸ ਢੁੱਕਣ ਤਕ ਨਹੀਂ ਦੇਵਾਂਗਾ॥੨੪॥

ਕੰਧ ਆਦਿ ਤੇ ਹਯ ਨ ਰੁਕਹਿ ਜੋ। ਕੋ ਦ੍ਵੈ ਮਾਥ ਪਹੂਚ ਸਕਹਿ ਜੋ।
ਸਤਿਗੁਰ ਹੁਇ ਹੈਂ ਆਪ ਸਹਾਈ। ਸੰਸੈ ਕਰਨਿ ਨ ਮੁਹਿ ਬਨਿਆਈ॥ ੨੫॥

ਜੇ ਕੰਧ ਆਦਿ ਤੋਂ ਘੋੜਾ ਨਾ ਰੁਕਿਆ ਤਾਂ ਐਸਾ ਕੌਣ ਦੋ ਸਿਰਾਂ ਵਾਲਾ ਜੰਮਿਆ ਹੈ ਜੋ ਮੇਰੇ ਨੇੜੇ ਢੁਕ ਸਕੇਗਾ। ਸਤਿਗੁਰੂ ਜੀ ਆਪ ਮੇਰੀ ਸਹਾਇਤਾ ਕਰਨਗੇ, ਸ਼ੰਕਾ ਕਰਨਾ ਮੈਨੂੰ ਬਣਦਾ ਨਹੀਂ ਹੈ॥੨੫॥

ਥੋਰੇ ਦਿਨ ਮਹਿਂ ਮੈਂ ਢਿਗ ਹੋਵਾ। ਅੰਤਰ ਵਹਿਰ ਭੇਵ ਸਭਿ ਜੋਵਾ।
ਆਪਹਿ ਬਨਤਿ ਜਾਤਿ ਸਭਿ ਕਾਰਜ। ਗੁਰੂ ਭਰੋਸਾ ਤਜਹਿ ਨ ਆਰਜ' ॥੨੬॥

ਥੋੜ੍ਹੇ ਦਿਨਾਂ ਵਿਚ ਮੈਂ ਉਨ੍ਹਾਂ ਦੇ ਪਾਸ ਹੋਵਾਂਗਾ, ਅੰਦਰ ਬਾਹਰ ਭੇਦ ਸਾਰਾ ਜਾਣ ਲਿਆ ਹੈ। ਸਾਰਾ ਕਾਰਜ ਆਪੇ ਬਣਦਾ ਜਾਣਾ ਹੈ, ਸ੍ਰੇਸ਼ਟ ਪੁਰਸ਼ ਗੁਰੂ ਜੀ ਦਾ ਭਰੋਸਾ ਨਹੀਂ ਛੱਡਦੇ ਹਨ' ॥੨੬॥

ਨਿਤਪ੍ਰਤਿ ਏਵ ਬਿਚਾਰਤਿ ਦਾਵ। 'ਗੁਰ ਢਿਗ ਲੇ ਪਹੁਚੋਂ' ਚਿਤ ਚਾਵ।
ਇਕ ਦਿਨ ਸ਼ਾਹੁਜਹਾਂ ਚਲਿ ਆਯੋ। ਦਮਕਤਿ ਦੇਹਿ ਤੁਰੰਗ ਦਰਸਾਯੋ॥੨੭॥

ਨਿਤਾਪ੍ਰਤਿ ਇਸ ਤਰ੍ਹਾਂ ਬਾਹਰ ਨਿਕਲਣ ਦੇ ਦਾਅ ਬਾਰੇ ਵਿਚਾਰਦਾ ਰਹਿੰਦਾ ਸੀ। ਮਨ ਵਿਚ ਬੜਾ ਚਾਅ ਭਰਿਆ ਸੀ, "ਗੁਰੂ ਜੀ ਪਾਸ ਲੈ ਕੇ ਪਹੁੰਚਾਂ"। ਇਕ ਦਿਨ ਬਾਦਸ਼ਾਹ ਸ਼ਾਹ ਜਹਾਨ ਚਲ ਕੇ ਆ ਗਿਆ, "ਘੋੜਿਆਂ ਨੂੰ ਬੜੇ ਦਮਕਦੇ ਅਤੇ ਚਮਕਦੇ ਵੇਖਿਆ ॥੨੭॥

ਕਰਤਿ ਕਸੇਰਾ ਸੇਵ ਖਰੋਵਾ। ਹਰਖਤਿ ਹਜ਼ਰਤ ਲੋਚਨ ਜੋਵਾ।
'ਕਬਿ ਕੋ ਇਹੁ ਚਾਕਰ ਤੁਮ ਰਾਖਾ?'। ਹਾਥਨਿ ਜੋਰ ਦਰੋਗੋ ਭਾਖਾ ॥ ੨੮ ॥

ਕਸੇਰਾ ਖੜਾ ਹੋ ਕੇ ਸੇਵਾ ਕਰ ਰਿਹਾ ਸੀ, ਬਾਦਸ਼ਾਹ ਆਪਣੀਆਂ ਅੱਖਾਂ ਨਾਲ ਵੇਖ ਕੇ ਬਹੁਤ ਪ੍ਰਸੰਨ ਹੋਇਆ ਤੇ ਦਰੋਗੇ ਨੂੰ ਪੁਛਿਆ, "ਕਦ ਦਾ ਤੁਸੀਂ ਇਹ ਨੌਕਰ ਰਖਿਆ ਹੈ ?" ਹੱਥ ਜੋੜ ਕੇ ਦਰੋਗੇ ਨੇ ਕਿਹਾ ॥੨੮॥

'ਦਿਨ ਈਖਦ ਬੀਤੇ ਇਸ ਰਹੇ। ਸੇਵਾ ਕਰਨਿ ਉਚਿਤ ਬਹੁ ਲਹੇ।
ਮਧੁਰ ਬੋਲਨੋ ਭਲੋ ਸੁਭਾਊ। ਟਹਿਲ ਹਯਨਿ ਕੀ ਮਹਿਂ ਚਿਤ ਚਾਊ ॥ ੨੯ ॥

"ਇਸ ਨੂੰ ਰੱਖੇ ਨੂੰ ਥੋੜ੍ਹੇ ਦਿਨ ਹੋਏ ਹਨ, ਸੇਵਾ ਕਰਨ ਵਿਚ ਬੜਾ ਉਚਿਤ ਜਾਣਿਆ ਹੈ, ਬੜਾ ਮਿੱਠਾ ਬੋਲਦਾ ਹੈ ਤੇ ਭਲਾ ਸੁਭਾਅ ਹੈ, ਘੋੜਿਆਂ ਦੀ ਸੇਵਾ ਬੜੇ ਚਾਅ ਨਾਲ ਕਰਦਾ ਹੈ ॥੨੯॥

ਜਬਿ ਕੋ ਰਾਖਜੋ, ਦਿਖੈਂ ਸਵਾਏ। ਮਾਲਸ਼ ਕਰਤਿ ਪਹਿਰਿ ਹਥਵਾਏ।
ਮੁਕਤਾ ਸਮ ਦਮਕਤਿ ਦੁਤਿਤਨ ਕੀ। ਅਸ ਦੀਪਤਿ ਇਨ ਕੀਨਿ ਹਯਨਿ ਕੀ ॥੩੦॥

ਜਦ ਤੋਂ ਰਖਿਆ ਹੈ, ਘੋੜੇ ਸਵਾਏ ਦਿੱਸਦੇ ਹਨ, ਗੱਦੀ ਪਹਿਣ ਕੇ ਘੋੜਿਆਂ ਦੀ ਮਾਲਸ਼ ਕਰਦਾ ਹੈ, ਸਰੀਰ ਦੀ ਆਭਾ ਮੋਤੀਆਂ ਵਾਂਗ ਚਮਕਦੀ ਹੈ, ਇਸ ਤਰ੍ਹਾਂ ਇਸ ਨੇ ਘੋੜਿਆਂ ਦੀ ਆਭਾ ਚਮਕਾ ਦਿੱਤੀ ਹੈ ॥੩੦॥

'ਸਾਚੇ ਪਾਤਸ਼ਾਹ ਕੇ ਘੋਰੇ'। ਕਹਿ ਬਹੁ ਬਾਰ ਨਮੋ ਕਰ ਜੋਰੇ।
ਇਸ ਕੋ ਰੁਖ ਬਹੁ ਕਰਹਿਂ ਤੁਰੰਗ। ਮਿਲਜੋ ਰਹੈ ਸੰਗੈ ਜਨੁ ਅੰਗ' ॥ ੩੧ ॥

"ਇਹ ਸੱਚੇ ਪਾਤਿਸ਼ਾਹ ਦੇ ਘੋੜੇ ਹਨ।" ਕਹਿ ਕੇ ਬਹੁਤ ਵਾਰ ਹੱਥ ਜੋੜ ਕੇ ਨਮਸਕਾਰ ਕਰਦਾ ਹੈ। ਘੋੜੇ ਵੀ ਇਸ ਨਾਲ ਬਹੁਤ ਪਿਆਰ ਕਰਦੇ ਹਨ ਤੇ ਘੋੜਿਆਂ ਦੇ ਅੰਗਾਂ ਵਾਂਗ ਉਨ੍ਹਾਂ ਨਾਲ ਮਿਲਿਆ ਰਹਿੰਦਾ ਹੈ" ॥੩੧॥

ਸ਼ਾਹੁ ਬਦਨ ਬਿਧੀਏ ਕੋ ਦੇਖਾ। ਪਰਖਜੋ 'ਇਹੁ ਮਤਿ ਚਤੁਰ ਵਿਸ਼ੇਖਾ'।
ਕਹਜੋ 'ਚਪਲ ਹੀ ਦ੍ਰਿਸ਼ਟੀ ਪਰੇ। ਰਾਖਹੁ ਸਾਦਰ ਸੇਵਾ ਕਰੈ' ॥ ੩੨ ॥

ਬਾਦਸ਼ਾਹ ਨੇ ਬਿਧੀ ਚੰਦ ਦਾ ਮੁੱਖ ਵੇਖਿਆ ਤੇ ਪਰਖ ਕੇ ਕਿਹਾ, "ਇਹ ਬੜੀ ਚਤੁਰ ਬੁਧੀ ਵਾਲਾ ਹੈ।" ਬਾਦਸ਼ਾਹ ਨੇ ਕਿਹਾ, "ਦ੍ਰਿਸ਼ਟੀ ਵੀ ਬੜੀ ਚੰਚਲ ਹੈ, ਆਦਰ ਨਾਲ ਰਖੋ ਤਾਂਕਿ ਸੇਵਾ ਕਰੇ" ॥੩੨॥

ਭਾ ਪ੍ਰਸੰਨ ਤਨ ਤੁਰੰਗ ਨਿਹਾਰੇ। ਕਰੀ ਬਖਸ਼ ਤਬਿ ਏਕ ਹਜ਼ਾਰੇ।
ਸ਼ਾਹੁਜਹਾਂ ਨਿਜ ਸਦਨ ਸਿਧਾਰਾ। ਤਬਹਿ ਕਸੇਰੇ ਤਾਂਹਿ ਉਚਾਰਾ ॥ ੩੩ ॥

ਬਾਦਸ਼ਾਹ ਘੋੜਿਆਂ ਦੇ ਸਰੀਰ ਵੇਖ ਕੇ ਬਹੁਤ ਪ੍ਰਸੰਨ ਹੋਇਆ, ਤਦ ਉਸ ਨੇ ਬਿਧੀ ਚੰਦ ਨੂੰ ਇਕ ਹਜ਼ਾਰ ਦੀ ਬਖਸ਼ੀਸ਼ ਦਿੱਤੀ। ਸ਼ਾਹਜਹਾਨ ਫਿਰ ਆਪਣੇ ਘਰ ਨੂੰ ਚਲਾ ਗਿਆ, ਤਦ ਕਸੇਰੇ ਨੇ ਦਰੋਗੇ ਨੂੰ ਕਿਹਾ ॥੩੩॥

'ਸੁਨਹੁ ਦਰੋਗ਼ਾ ! ਦਰਬ ਹਜ਼ਾਰੇ। ਮੈਂ ਰਾਖਜੋ ਸਭਿ ਨਿਕਟਿ ਤੁਮਾਰੇ।
ਅਪਰ ਚਾਕਰੀ ਕੋ ਧਨ ਜੋਇ। ਜਾਹੁ ਸੰਭਾਰਤਿ ਆਪੇ ਸੋਇ ॥ ੩੪ ॥

"ਹੇ ਦਰੋਗਾ ਜੀ ! ਸੁਣੋ, ਇਹ ਹਜ਼ਾਰਾਂ ਦਾ ਧਨ, ਮੈਂ ਸਾਰਾ ਤੁਹਾਡੇ ਪਾਸ ਰਖਦਾ ਹਾਂ, ਹੋਰ ਨੌਕਰੀ ਦਾ ਵੀ ਜੋ ਧਨ ਹੈ, ਉਹ ਵੀ ਆਪ ਹੀ ਸੰਭਾਲਦੇ ਜਾਵੋ ॥੩੪॥

ਜਿਸ ਦਿਨ ਮੋਕਹੁ ਬਨਿ ਹੈ ਲੇਨਾ। ਜਿਤਿਕ ਚਹੌਂ ਤਬਿ ਕੀਜੈ ਦੇਨਾ।
ਮੋ ਕਹੁ ਕੁਛ ਕ੍ਰਿਤਘਨ ਨਹਿਂ ਜਾਨਹੁ। ਰਾਵਰਿ ਕੋ ਉਪਕਾਰ ਪਛਾਨਹੁਂ ॥੩੫॥

ਜਿਸ ਦਿਨ ਮੈਨੂੰ ਲੈਣਾ ਬਣ ਜਾਵੇ, ਜਿੰਨਾ ਚਾਹਾਂ ਤਦ ਉਸ ਦਿਨ ਦੇ ਦੇਣਾ। ਮੈਨੂੰ ਕੁਝ ਕ੍ਰਿਤਘਣ ਨਾ ਜਾਣੋ, ਆਪ ਜੀ ਦਾ ਇਹ ਉਪਕਾਰ ਪਛਾਣੋ॥੩੫॥

ਤਨ ਮਨ ਧਨ ਤੇ ਹੌਂ ਅਨੁਸਾਰੀ। ਆਨ ਸਮੀਪੀ ਲਗੇ ਤੁਮਾਰੀ'।
ਸੁਨਿ ਮ੍ਰਿਦੁ ਬਾਕ ਦਰੋਗਾ ਹਰਖਜੇ। 'ਲੋਭੀ ਹੋਇ, ਅਲੋਭੀ ਪਰਖਜੋ' ॥੩੬॥

ਤਨ, ਮਨ ਅਤੇ ਧਨ ਨਾਲ ਮੈਂ ਆਪ ਜੀ ਦਾ ਆਗਿਆਕਾਰ ਹਾਂ, ਤੁਹਾਡੇ ਪਾਸ ਆ ਕੇ ਨੌਕਰੀ ਕਰ ਲਈ ਹੈ।" ਭਾਈ ਬਿਧੀ ਚੰਦ ਦੇ ਇਹ ਮਿੱਠੇ ਬਚਨ ਸੁਣ ਕੇ ਦਰੋਗਾ ਬੜਾ ਪ੍ਰਸੰਨ ਹੋਇਆ ਤੇ ਮਨ ਵਿਚ ਸੋਚਣ ਲੱਗਾ, "ਮੈਂ ਤਾਂ ਸਮਝਿਆ ਸੀ ਇਹ ਧਨ ਦਾ ਬੜਾ ਲਾਲਚੀ ਹੋਵੇਗਾ, ਪਰ ਹੁਣ ਪਰਖ ਹੋਈ ਹੈ ਤਾਂ ਇਹ ਨ੍ਰਿਲੋਭੀ ਨਿਕਲਿਆ ਹੈ"॥੩੬॥

ਲੇ ਧਨ ਕੋ ਨਿਜ ਸਦਨ ਪਠਾਯੋ। ਬਿਧੀਏ ਪਰ ਭਰੋਸ ਬਹੁ ਪਾਯੋ।
ਗਨ ਦਾਸਨ ਤੇ ਆਛੇ ਠਾਨਾ। ਸਭਿ ਅਨੁਸਾਰ ਕਰੇ ਹਿਤੁ ਮਾਨਾ ॥੩੭॥

ਦਰੋਗੇ ਨੇ ਧਨ ਲੈ ਕੇ ਆਪਣੇ ਘਰ ਨੂੰ ਭੇਜ ਦਿੱਤਾ ਤੇ ਬਿਧੀ ਚੰਦ ਉਤੇ ਬਹੁਤ ਭਰੋਸਾ ਕੀਤਾ, ਉਸ ਨੂੰ ਆਪਣਾ ਹਿਤੂ ਮੰਨ ਕੇ ਹੋਰ ਸਾਰੇ ਨੌਕਰ ਉਸ ਦੇ ਅਧੀਨ ਕਰ ਦਿੱਤੇ॥੩੭॥

ਸਭਿ ਪਰ ਹੁਕਮ ਕਰਨ ਕੋ ਲਾਗਾ। ਮਿਲਜੋ ਰਹੈ ਕਰਿ ਕਰਿ ਅਨੁਰਾਗਾ।
ਜਥਾ ਸਥਾਪਨ ਤਿਨ ਸਮ ਹੋਇ। ਤਥਾ ਕਰਹਿ ਬੋਲਨ ਮ੍ਰਿਦੁ ਸੋਇ॥ ੩੮॥

ਭਾਈ ਬਿਧੀ ਚੰਦ ਸਾਰਿਆਂ ਉਤੇ ਆਪਣਾ ਹੁਕਮ ਚਲਾਉਣ ਲੱਗਾ, ਤੇ ਪਿਆਰ ਕਰਕੇ ਉਨ੍ਹਾਂ ਦੇ ਨਾਲ ਮਿਲਿਆ ਰਹਿੰਦਾ, ਸਾਰਿਆਂ ਨੇ ਉਸ ਨਾਲ ਉਸ ਵਾਂਗ ਹੀ ਮਿੱਤ੍ਰਤਾਈ ਕਰ ਲਈ। ਜਿਵੇਂ ਉਹ ਮਿੱਠਾ ਬੋਲਦਾ ਸੀ, ਉਸ ਤਰ੍ਹਾਂ ਉਹ ਵੀ ਮਿੱਠਾ ਬੋਲਣ ਲੱਗੇ॥੩੮॥

ਤਿਮਰ ਭਏ ਜੀਵਣ ਘਰ ਜਾਵੈ। ਕਰਜੋ ਕ੍ਰਿਤ ਕੋ ਭੋਜਨ ਖਾਵੈ।
ਸੁਪਤਹਿ ਆਨਿ ਹਯਨਿ ਕੇ ਪਾਸਾ। ਛਿਨ ਛਿਨ ਕਰਿ ਤਿਹ ਦੇਹਿ ਦਿਲਾਸਾ ॥੩੯॥

ਹਨੇਰਾ ਹੋਣ ਤੇ ਜੀਵਣ ਦੇ ਘਰ ਚਲਾ ਜਾਂਦਾ ਸੀ, ਜੋ ਕ੍ਰਿਤ ਕਰਦਾ ਸੀ ਉਸ ਦਾ ਭੋਜਨ ਖਾਂਦਾ ਸੀ। ਫਿਰ ਆ ਕੇ ਘੋੜਿਆਂ ਦੇ ਪਾਸ ਸੌਂ ਜਾਂਦਾ ਸੀ, ਪਿਆਰ ਕਰ ਕਰ ਉਨ੍ਹਾਂ ਨੂੰ ਦਿਲਾਸਾ ਦਿੰਦਾ ਸੀ॥੩੯॥

ਘ੍ਰਾਣ, ਬਿਲੋਚਨ ਪੋਂਛਹਿ ਚੀਰ। ਕਰ ਕੋ ਫੇਰਹਿ ਸਰਬ ਸਰੀਰ।
ਸੁੰਬ, ਗਾਮਚੀ, ਦੁਮਚੀ ਚਾਰੂ। ਬਾਰ ਬਾਰ ਕਰਿ ਧਾਰਿ ਸੁਧਾਰੂ॥ ੪੦॥

ਘੋੜਿਆਂ ਦੀਆਂ ਨਾਸਾਂ, ਅੱਖਾਂ ਕਪੜੇ ਨਾਲ ਪੂੰਝਦਾ ਸੀ ਤੇ ਉਨ੍ਹਾਂ ਦੇ ਸਾਰੇ ਸਰੀਰ ਤੇ ਹੱਥ ਫੇਰਦਾ ਸੀ। ਸੁੰਮ, ਗਿੱਟੇ ਤੇ ਸੁੰਮ ਦਾ ਵਿਚਲਾ ਹਿੱਸਾ ਤੇ ਸੁੰਦਰ ਪੂਛ ਨੂੰ ਬਾਰ-ਬਾਰ ਹੱਥ ਨਾਲ ਸੁਧਾਰਦਾ ਸੀ॥੪੦॥

ਨਿਸ ਮਹਿਂ ਨਿੰਦ੍ਰਾ ਤਜਾਗਨ ਕੀਨਿ। ਬਾਸੁਰ ਮਹਿਂ ਆਲਸ ਤਜਿ ਦੀਨਿ।
ਮਨ ਮਹਿਂ ਕਰਹਿ ਬਿਚਾਰਨ ਘਨੋ। 'ਨੀਕੋ ਕਾਮ ਸਗਲ ਹੀ ਬਨੋ॥ ੪੧॥

ਰਾਤ ਸਮੇਂ ਦੀ ਨੀਂਦ ਛੱਡ ਦਿੱਤੀ ਤੇ ਦਿਨ ਵੇਲੇ ਦਾ ਆਲਸ ਛੱਡ ਦਿੱਤਾ ਤੇ ਮਨ ਵਿਚ ਬਹੁਤ ਵਿਚਾਰ ਕਰਦਾ ਸੀ, "ਸਾਰਾ ਕੰਮ ਹੁਣ ਚੰਗਾ ਬਣ ਗਿਆ ਹੈ॥੪੧॥

ਬਿਨਾ ਜ਼ੀਨ ਹੋਇ ਨ ਅਸਵਾਰੀ। ਕਿਸ ਥਲ ਅਹੈ, ਨ ਤਿਹ ਸੁਧ ਸਾਰੀ।
ਜਬਿ ਲੌ ਜ਼ੀਨ ਨ ਕਰ ਮਹਿਂ ਪਾਵੈਂ। ਤਬਿ ਲੌ ਕਾਰਜ ਨਹਿਂ ਬਨਿ ਆਵੈ ॥੪੨॥

ਪਰ ਕਾਠੀ ਤੋਂ ਬਗੈਰ ਸਵਾਰੀ ਨਹੀਂ ਹੋ ਸਕਦੀ, ਉਹ ਕਿਥੇ ਪਈ ਹੈ, ਇਸ ਬਾਰੇ ਮੈਨੂੰ ਸਾਰੀ ਜਾਣਕਾਰੀ ਨਹੀਂ ਹੈ, ਜਦ ਤਕ ਕਾਠੀ ਹੱਥ ਵਿਚ ਨਹੀਂ ਆਉਂਦੀ ਹੈ ਤਦ ਤਕ ਕਾਰਜ ਨਹੀਂ ਬਣੇਗਾ" ॥੪੨॥

ਇਮ ਤਰਕਤਿ ਚਿਤ ਦਾਵ ਬਿਚਾਰਾ। ਮਿਲਜੋ ਸਖਾ ਸਮ ਜਿਸ ਢਿਗ ਤਾਰਾ।
ਕਹਿ ਕਹਿ ਮ੍ਰਿਦੁ ਬਾਕਨਿ ਅਪਨਾਯੋ। ਹਾਸ ਬਿਲਾਸਨ ਕਰਿ ਹਰਿਖਾਯੋ ॥੪੩॥

ਇਸ ਤਰ੍ਹਾਂ ਦਲੀਲਾਂ ਕਰਦਿਆਂ ਉਸ ਇਕ ਦਾਅ ਵਿਚਾਰਿਆ, ਉਸ ਵਿਅਕਤੀ ਨੂੰ ਬੜੇ ਪ੍ਰੇਮ ਨਾਲ ਮਿਲਿਆ ਜਿਸ ਪਾਸ ਸਟੋਰ ਦਾ ਜੰਦਰਾ ਕੁੰਜੀ ਸੀ। ਬੜੇ ਮਿੱਠੇ ਬਚਨ ਬੋਲ ਬੋਲ ਉਸ ਨੂੰ ਆਪਣਾ ਬਣਾ ਲਿਆ ਤੇ ਹਾਸ ਬਿਲਾਸ ਕਰਕੇ ਉਸ ਨੂੰ ਬਹੁਤ ਪ੍ਰਸੰਨ ਕੀਤਾ॥੪੩॥

ਮਿਲਿ ਸਭਿ ਸੋਂ ਕਹਿ ਬਾਤਨ ਭੋਰੀ। ਲਖਹਿਂ ਗਵਾਰ ਜਾਟ ਮਤਿ ਥੋਰੀ।
ਸੁਨਿ ਸੁਨਿ ਹਸਹਿਂ ਮੋਦ ਉਪਜਾਵੈਂ। ਲਗਜੋ ਸਭਿਨਿ ਪ੍ਰਿਯ ਰਿਦੇ ਰਿਝਾਵੈ ॥੪੪॥

ਸਾਰਿਆਂ ਨੂੰ ਮਿਲ ਕੇ ਹਾਸ ਰਸ ਦੀਆਂ ਗੱਲਾਂ ਕਰਦਾ ਸੀ, ਉਹ ਉਸਨੂੰ ਗਵਾਰ ਜੱਟ ਥੋੜੀ ਅਕਲ ਵਾਲਾ ਸਮਝਦੇ ਸਨ, ਉਸ ਦੀਆਂ ਗੱਲਾਂ ਸੁਣ ਸੁਣ ਹੱਸਦੇ ਸਨ ਤੇ ਬੜੇ ਪ੍ਰਸੰਨ ਹੁੰਦੇ ਸਨ, ਸਾਰਿਆਂ ਨੂੰ ਬਹੁਤ ਪਿਆਰਾ ਲੱਗਦਾ ਸੀ ਤੇ ਉਨ੍ਹਾਂ ਦੇ ਚਿੱਤ ਪ੍ਰਸੰਨ ਕਰਦਾ ਸੀ॥੪੪॥

*ਸੱਤਵੀਂ ਰਾਸ ਦਾ ਅਠਾਈਵਾਂ ਅਧਿਆਇ ਸਮਾਪਤ ਹੋਇਆ॥੨੮॥*

## *ਅਧਿਆਇ ਉਣੱਤੀਵਾਂ*

*ਕਸੇਰੇ ਨੇ ਹੋਰ ਭੇਤ ਲੈਣੇ*

ਦੋਹਰਾ- ਇਕ ਦਿਨ ਬੈਠਜੋ ਸਭਿਨਿ ਮਹਿਂ ਭਨਤਿ ਅਜਾਨ ਸਮਾਨ।
'ਘੋਰੇ ਸਚ ਪਤਿਸ਼ਾਹਿ ਕੇ ਬਲੀ ਚਲਾਕ ਮਹਾਨ॥ ੧॥

ਭਾਈ ਬਿਧੀ ਚੰਦ ਇਕ ਦਿਨ ਸਾਰਿਆਂ ਵਿਚ ਬੈਠਾ ਸੀ ਤੇ ਅਣਜਾਣਾਂ ਵਾਂਗ ਗੱਲਾਂ ਕਰ ਰਿਹਾ ਸੀ, "ਸੱਚੇ ਪਾਤਿਸ਼ਾਹ ਦੇ ਘੋੜੇ ਮਹਾਨ ਬਲਵਾਨ ਅਤੇ ਚਾਲਾਕ ਹਨ॥੧॥

ਚੌਪਈ- ਹਜ਼ਰਤ ਹੇਰਨ ਹੇਤੁ ਰਖਾਏ। ਜਿਨ ਦਰਸ਼ਨ ਤੇ ਉਰ ਹਰਖਾਏ।
ਇਸ ਬਿਧਿ ਰਹਹਿਂ ਇਸੀ ਥਲ ਖਰੇ। ਕਿਧੌਂ ਜ਼ੀਨ ਭੀ ਡਾਰਨ ਕਰੇਂ ?' ॥੨॥

ਬਾਦਸ਼ਾਹ ਨੇ ਇਨ੍ਹਾਂ ਨੂੰ ਵੇਖਣ ਵਾਸਤੇ ਰਖਿਆ ਹੈ, ਜਿਨ੍ਹਾਂ ਦੇ ਦਰਸ਼ਨ ਕਰਕੇ ਦਿਲ ਵਿਚ ਬੜਾ ਪ੍ਰਸੰਨ ਹੁੰਦਾ ਹੈ, ਇਸ ਤਰ੍ਹਾਂ ਇਹ ਇਸ ਥਾਂ ਹੀ ਖੜੇ ਰਹਿਣਗੇ, ਕਦੀ ਇਨ੍ਹਾਂ ਤੇ ਕਾਠੀ ਵੀ ਪਾਉਂਦੇ ਹਨ ?॥੨॥

ਸੁਨਿ ਇਕ ਬੋਲਜੋ 'ਭੋ ਮਤਿ ਭੋਰੇ। ਇਨ ਕੇ ਜ਼ੀਨ ਨਹੀਂ ਮੁਲ ਥੋਰੇ।
ਜਬਰ ਜਵਾਹਰ ਜ਼ਾਹਰ ਜਰੇ। ਚਾਮੀਕਰ ਮਹਿਂ ਦੀਪਤਿ ਖਰੇ॥ ੩॥

ਇਹ ਸੁਣ ਕੇ ਇਕ ਬੋਲਿਆ, "ਤੁਸੀਂ ਤਾਂ ਮੱਤ ਦੇ ਬੜੇ ਭੋਲੇ ਹੋ, ਕੀ ਇਨ੍ਹਾਂ ਦੀਆਂ ਕਾਠੀਆਂ ਕੋਈ ਥੋੜ੍ਹੇ ਮੁੱਲ ਦੀਆਂ ਹਨ, ਉਹ ਕਾਠੀਆਂ ਤਾਂ ਹੀਰੇ ਜਵਾਹਰਾਤ ਨਾਲ ਜੜੀਆਂ ਹਨ, ਸੋਨੇ ਵਿਚ ਜੜੇ ਨਗ ਬਹੁਤ ਚਮਕਦੇ ਹਨ॥੩॥

ਮੁਕਤਾ ਕੋਰਦਾਰ ਬਰ ਹੀਰੇ। ਕਾਰੀਗਰਨ ਚੁਕੋਰਨ ਚੀਰੇ।
ਤਿਨ ਕੀ ਪੰਕਤਿ ਸ਼ੋਭਤਿ ਐਸੀ। ਦਿਪਤਿ ਗਗਨ ਮੈਂ ਤਾਰਨ ਜੈਸੀ॥ ੪ ॥

ਮੋਤੀ ਅਤੇ ਕੋਰਦਾਰ ਸ੍ਰੇਸ਼ਟ ਹੀਰੇ ਕਾਰੀਗਰਾ ਨੇ ਚਕੋਰ ਚੀਰੇ ਹਨ। ਉਨ੍ਹਾਂ ਦੀਆ ਪੰਕਤੀਆਂ ਇਸ ਤਰ੍ਹਾਂ ਸ਼ੋਭਦੀਆਂ ਹਨ, ਜਿਵੇਂ ਅਕਾਸ਼ ਵਿਚ ਤਾਰੇ ਚਮਕਦੇ ਹੋਣ॥੪॥

ਕਬਹੁੰ ਨ ਤੈਂ ਦੇਖਯੋ ਕਿਮ ਕੋਈ। ਜ਼ੀਨ ਤੁਰੰਗਨ ਇਨ ਸਮ ਜੋਈ।
ਸਵਾਲਾਖ ਕੀਮਤ ਤਿਨ ਕੇਰੀ। ਤੁਮ ਸਮਾਨ ਕਬਿ ਹੋਇ ਨ ਹੇਰੀ॥ ੫ ॥

ਕਦੀ ਵੀ ਤੂੰ ਐਸਾ ਨਹੀਂ ਵੇਖਿਆ ਹੋਵੇਗਾ ਕਿ ਘੋੜੇ ਦੀ ਕਾਠੀ ਵੀ ਐਸੀ ਹੋ ਸਕਦੀ ਹੈ। ਉਨ੍ਹਾਂ ਦੀ ਸਵਾ ਲੱਖ ਰੁਪਏ ਕੀਮਤ ਹੈ, ਤੇਰੇ ਵਰਗੇ ਨੇ ਤਾਂ ਐਸੀ ਪਹਿਲਾਂ ਕਦੀ ਵੇਖੀ ਨਹੀਂ ਹੋਣੀ॥੫॥

ਕੌਨ ਗਵਾਰਨ ਕੋ ਦਿਖਰਾਵੈ। ਸ਼ਾਹੁ ਸਮੀਪ ਹੋਨਿ ਨਹਿੰ ਪਾਵੈਂ।
ਬਿਨਾ ਸ਼ਾਹੁ ਕੇ ਕੌਨ ਬਨਾਵੈਂ?। ਏਤੋ ਧਨ ਕੋ ਖਰਚ ਲਗਾਵੈ?' ॥ ੬ ॥

ਗਵਾਰਾਂ ਨੂੰ ਕੌਣ ਵਿਖਾਉਂਦਾ ਹੈ, ਬਾਦਸ਼ਾਹ ਦੇ ਨੇੜੇ ਉਹ ਹੋ ਨਹੀਂ ਸਕਦੇ ਤੇ ਬਾਦਸ਼ਾਹ ਤੋਂ ਬਗੈਰ ਹੋਰ ਕੌਣ ਬਣਵਾਉਂਦਾ ਹੈ, ਏਨੇ ਧਨ ਦਾ ਖਰਚ ਕੌਣ ਲਾਉਂਦਾ ਹੈ" ॥੬॥

ਸੁਨਿ ਕਰਿ ਬਿਧੀ ਚੰਦ ਘਿਘਿਆਨੋ। 'ਮੈਂ ਤੁਮ ਬਿਖੈ ਮਿਲਯੋ ਅਬਿ ਮਾਨੋ।
ਸਚ ਪਤਿਸ਼ਾਹਿ ਹਯਨਿ ਕੋ ਦਾਸ। ਨਿਸਬਾਸੁਰ ਬਾਸੌਂ ਤੁਮ ਪਾਸ॥ ੭ ॥

ਇਹ ਸੁਣ ਕੇ ਬਿਧੀ ਚੰਦ ਘਿਘਿਆ ਕੇ ਬੋਲਿਆ, "ਮੈਂ ਤੁਹਾਡੇ ਵਿਚ ਆ ਕੇ ਹੁਣ ਮਿਲਿਆ ਹਾਂ, ਮੈਂ ਸੱਚੇ ਪਾਤਿਸ਼ਾਹ ਦੇ ਘੋੜਿਆਂ ਦਾ ਦਾਸ ਹਾਂ ਤੇ ਦਿਨ ਰਾਤ ਤੁਹਾਡੇ ਪਾਸ ਰਹਿੰਦਾ ਹਾਂ॥੭॥

ਅਸ ਮਨਸਾ ਭੀ ਹੋਹਿ ਨ ਪੂਰੀ। ਤੌ ਸਭਿ ਕਾਰ ਕਰਵ ਮੈਂ ਕੂਰੀ।
ਪਾਂਚ ਕਿ ਸਾਤ ਰਜਤਪਣ ਕੇਰੀ। ਕੀਮਤਿ ਇਤਕ ਵਸਤੁ ਹਮ ਹੇਰੀ॥ ੮ ॥

ਜੇ ਹਾਲੇ ਵੀ ਮੇਰੀ ਮਨਸ਼ਾ ਪੂਰੀ ਨਹੀਂ ਹੋਵੇਗੀ ਤਾਂ ਜਿਹੜੀ ਵੀ ਸਾਰੀ ਕਾਰ ਕਰਦਾ ਹਾਂ ਇਹ ਝੂਠੀ ਹੈ, ਪੰਜ ਜਾਂ ਸੱਤ ਰੁਪਈਆਂ ਦੀ ਘੋੜੇ ਦੀ ਕਾਠੀ ਹੁਣ ਤਕ ਮੈਂ ਵੇਖੀ ਹੈ॥੮॥

ਸਵਾਲਾਖ ਕੋ ਕਹਾਂ ਬਨਾਯਹੁ?। ਸੁਨਤਿ ਰਿਦੈ ਮਮ ਅਚਰਜ ਆਯਹੁ।
ਜ਼ੀਨ ਬਿਲੋਕਨ ਕੀ ਬਹੁ ਚਾਹੀ। ਇਹੈ ਸ੍ਵਾਲ ਮੇਰੋ ਤੁਮ ਪਾਹੀ' ॥ ੯ ॥

ਸਵਾ ਲੱਖ ਦੀ ਕਿਸ ਬਣਾਈ ਹੈ, ਇਹ ਸੁਣ ਕੇ ਮੇਰੇ ਹਿਰਦੇ ਵਿਚ ਬਹੁਤ ਹੈਰਾਨੀ ਹੋਈ ਹੈ। ਅਜਿਹੀ ਕਾਠੀ ਵੇਖਣ ਦੀ ਮੇਰੀ ਬੜੀ ਚਾਹਤ ਹੈ, ਇਹ ਮੇਰਾ ਸਵਾਲ ਹੁਣ ਤੁਹਾਡੇ ਪਾਸ ਹੈ" ॥੯॥

ਇਕ ਬੋਲਯੋ 'ਸੋ ਕੁਲਫਨ ਅੰਤਰ। ਧਰਯੋ ਰਹੈ ਸੰਭਾਰਿ ਨਿਰੰਤਰ।
ਸਦਾ ਕਲੀਦ ਰਹੈ ਜਿਸ ਹਾਥ। ਕਰਹਿ ਦਿਖਾਵਨ, ਕਹੁ ਇਹ ਸਾਥ' ॥੧੦॥

ਇਕ ਬੋਲਿਆ, "ਉਹ ਤਾਲਿਆਂ ਦੇ ਅੰਦਰ, ਸਦਾ ਸੰਭਾਲ ਕੇ ਪਈਆਂ ਰਹਿੰਦੀਆਂ ਹਨ। ਜਿਸ ਦੇ ਹੱਥ ਵਿਚ ਸਦਾ ਚਾਬੀ ਰਹਿੰਦੀ ਹੈ, ਉਹ ਤੁਹਾਨੂੰ ਕਾਠੀਆਂ ਵਿਖਾ ਸਕਦਾ ਹੈ, ਉਸ ਨੂੰ ਕਹੋ" ॥੧੦॥

ਸੁਨਿ ਕਰਿ ਕਹਯੋ ਕਲੀਦਨਿ ਵਾਰੇ। 'ਹਮ ਤੇ ਸਦਾ ਖਾਨ ਅਨੁਸਾਰੇ।
ਬਿਨਾ ਦਰੋਗੇ ਬਾਕ ਉਚਾਰੇ। ਜ਼ੀਨ ਨਿਕਾਸਹਿੰ ਕੌਨ ਬਿਚਾਰੈ॥ ੧੧ ॥

ਇਹ ਸੁਣ ਕੇ ਕੁੰਜੀਆਂ ਵਾਲੇ ਨੂੰ ਕਿਹਾ, "ਅਸੀਂ ਤਾਂ ਸਦਾ ਖਾਨ ਦੀ ਆਗਿਆ ਵਿਚ ਹਾਂ, ਦਰੋਗੇ ਦੀ ਆਗਿਆ ਤੋਂ ਬਗੈਰ ਅਸੀਂ ਵਿਚਾਰੇ ਕੌਣ ਹਾਂ, ਜਿਹੜੇ ਕਾਠੀਆਂ ਨੂੰ ਬਾਹਰ ਕੱਢੀਏ॥੧੧॥

ਕਹੈ ਕਸੇਰਾ ਜੇ ਤਿਸ ਪਾਸ। ਕੁਲਫ ਕੁਸ਼ਾਦਹਿਂ ਲੇਹਿਂ ਨਿਕਾਸਿ।
ਆਛੀ ਰੀਤਿ ਇਸੈ ਦਿਖਰਾਵੈਂ। ਏਕ ਬਾਰ ਜੇ ਆਇਸੁ ਪਾਵੈਂ॥ ੧੨॥

ਜੇ ਕਸੇਰਾ ਉਸ ਦਰੋਗੇ ਨੂੰ ਕਹੇ ਤਾਂ ਤਾਲਾ ਖੋਲ੍ਹ ਕੇ ਅਸੀਂ ਕਾਠੀਆਂ ਬਾਹਰ ਕੱਢ ਸਕਦੇ ਹਾਂ, ਫਿਰ ਚੰਗੀ ਰੀਤੀ ਅਨੁਸਾਰ ਇਸ ਨੂੰ ਵਿਖਾਵਾਂਗੇ, ਇਕ ਵਾਰ ਜੇ ਆਗਿਆ ਪਾ ਲਈਏ॥੧੨॥

ਖਾਨ ਤ੍ਰਾਸ ਕੋ ਜੇ ਨਹਿਂ ਧਰੈਂ। ਤੌ ਹਮ ਤੁਰਤ ਦਿਖਾਵਨ ਕਰੈਂ।
ਇਮ ਉਚਾਰਿ ਕਰਿ ਆਪਸ ਮਾਂਹੀ। ਖਾਨ ਕਹਾਵਨ ਤੇ ਸਭਿ ਚਾਹੀ॥ ੧੩॥

ਜੇ ਖਾਨ ਦੇ ਡਰ ਨੂੰ ਧਾਰਨ ਨਾ ਕਰੀਏ ਤਾਂ ਅਸੀਂ ਤੁਰੰਤ ਵਿਖਾ ਸਕਦੇ ਹਾਂ।" ਇਸ ਤਰ੍ਹਾਂ ਆਪਸ ਵਿਚ ਉਚਾਰਨ ਕਰਕੇ ਖਾਨ ਤੋਂ ਕਹਾਉਣਾ ਸਭ ਨੇ ਚਾਹਿਆ॥੧੩॥

ਇਤਨੇ ਬਿਖੈ ਦਰੋਗ਼ਾ ਆਯੋ। ਸਭਿ ਮਿਲਿ ਹਾਸ ਬਿਲਾਸ ਰਚਾਯੋ।
ਦੇਖਤਿ ਸੌਂਧੇਖਾਨ ਅਲਾਯੋ। 'ਕਹਾ ਤੁਮ ਮਿਲਿ ਕੈ ਮਤਾ ਪਕਾਯੋ?' ॥ ੧੪॥

ਏਨੇ ਵਿਚ ਦਰੋਗਾ ਆ ਗਿਆ, ਸਾਰਿਆਂ ਮਿਲ ਕੇ ਹਾਸ ਵਿਲਾਸ ਰਚਾਇਆ ਸੀ; ਇਹ ਵੇਖ ਕੇ ਦਰੋਗਾ ਸੌਂਧੇਖਾਨ ਬੋਲਿਆ, "ਤੁਸੀਂ ਮਿਲ ਕੇ ਕੀ ਮਤਾ ਪਕਾਇਆ ਹੈ?" ॥੧੪॥

'ਸੁਨਹੁ ਖਾਨ ਤੁਮ ਰਖਯੋ ਕਸੇਰਾ। ਭੋਰਾ ਬਡ ਸੁਭਾਵ ਕੋ ਹੇਰਾ।
ਅਨਿਕ ਬਾਰਤਾ ਐਸੀ ਕਹੈ। ਸਦਾ ਹਸਾਵਤਿ ਹੀ ਬਹੁ ਰਹੈ॥ ੧੫॥

ਇਕ ਨੇ ਕਿਹਾ, "ਹੇ ਖਾਨ! ਜਿਹੜਾ ਤੁਸੀਂ ਕਸੇਰਾ ਰਖਿਆ ਹੈ, ਉਹ ਸੁਭਾਅ ਦਾ ਬਹੁਤ ਭੋਲਾ ਵੇਖਿਆ ਹੈ, ਕਈ ਗੱਲਾਂ ਐਸੀਆਂ ਕਰਦਾ ਹੈ ਕਿ ਸਦਾ ਹੀ ਬਹੁਤ ਹਸਾਉਂਦਾ ਰਹਿੰਦਾ ਹੈ॥੧੫॥

ਅਬਿ ਹੀ ਹਟੇ ਹਾਸ ਬਹੁ ਕੀਨਿ। ਕੀਮਤ ਸਵਾ ਲਾਖ ਕਹਾ ਚੀਨ।
ਦਸ ਬੀਸਕ ਕੈ ਸੌ ਲਗਿ ਜਾਵੈ। ਦਰਬ ਇਤੋ ਲਗਿ ਕਹਾਂ ਬਨਾਵੈਂ ॥ ੧੬॥

ਹੁਣ ਹੀ ਹਟੇ ਉਸ ਨੇ ਬਹੁਤ ਹਸਾਇਆ ਹੈ, ਕਹਿੰਦਾ ਹੈ ਕੀ ਸਵਾ ਲੱਖ ਦੀ ਘੋੜੇ ਦੀ ਕਾਠੀ ਵੀ ਹੋ ਸਕਦੀ ਹੈ। ਦਸਾਂ ਵੀਹਾਂ ਰੁਪਈਆਂ ਵਿਚ ਉਹ ਤਿਆਰ ਹੋ ਜਾਂਦੀ ਹੈ, ਏਨਾ ਰੁਪਈਆ ਲਾ ਕੇ ਕੌਣ ਕਾਠੀ ਬਣਵਾਉਂਦਾ ਹੈ' ॥੧੬॥

ਸੁਨਤਿ ਕਸੇਰੇ ਬਾਕ ਬਖਾਨਾ। 'ਮੈਂ ਸੁਨਿ ਮਨ ਮਹਿਂ ਭਯੋ ਹਿਰਾਨਾ।
ਦੇਖਨ ਚਹਤਿ ਦਿਖਾਹਿਂ ਨ ਸੋਈ। ਕਹਤਿ ਰਹਯੋ, ਨਹਿਂ ਮਾਨਹਿ ਕੋਈ॥੧੭॥

ਇਹ ਸੁਣ ਕੇ ਕਸੇਰੇ ਨੇ ਕਿਹਾ, "ਮੈਂ ਤਾਂ ਇਹ ਸੁਣ ਕੇ ਮਨ ਵਿਚ ਬਹੁਤ ਹੈਰਾਨ ਹੋਇਆ ਹਾਂ, ਵੇਖਣਾ ਚਾਹੁੰਦਾ ਹਾਂ ਪਰ ਇਹ ਮੈਨੂੰ ਵਿਖਾਉਂਦੇ ਨਹੀਂ, ਮੈਂ ਬਹੁਤ ਕਹਿ ਰਿਹਾ ਹਾਂ, ਪਰ ਕੋਈ ਵੀ ਮੰਨਦਾ ਨਹੀਂ ਹੈ॥੧੭॥

ਸਕਲ ਆਪ ਕੋ ਨਾਮ ਬਤਾਵਤਿ। ਕਹੇ ਤੁਮਾਰੇ ਬਿਨ ਨ ਦਿਖਾਵਤਿ।
ਮੋਕਹੁ ਭੀ ਅਭਿਲਾਖ ਮਹਾਨਾ। ਜਬਿ ਲੌ ਪਿਖੌਂ ਨ ਮਾਨ ਹਿਰਾਨਾ' ॥ ੧੮॥

ਸਾਰੇ ਆਪ ਜੀ ਦਾ ਨਾਂ ਦੱਸਦੇ ਹਨ, ਕਹਿੰਦੇ ਹਨ ਤੁਹਾਡੇ ਬਗੈਰ ਉਹ ਕਾਠੀਆਂ ਨੂੰ ਵਿਖਾ ਨਹੀਂ ਸਕਦੇ, ਪਰ ਮੈਨੂੰ ਵੇਖਣ ਦੀ ਮਹਾਨ ਅਭਿਲਾਸ਼ਾ ਹੈ, ਜਦ ਤਕ ਮੈਂ ਵੇਖਦਾ ਨਹੀਂ, ਅਸਚਰਜ ਮੰਨਦਾ ਹਾਂ' ॥੧੮॥

ਸੌਂਧੇ ਭਨਜੋ 'ਈਦ ਜਬਿ ਆਵੈ। ਤਿਸ ਦਿਨ ਜੁਗਲ ਹਯਨਿ ਪਰ ਪਾਵੈਂ।
ਲੇਹੁ ਬਿਲੋਕਿ ਅਜਾਇਬ ਭਾਰੇ। ਜਿਨ ਕੇ ਸਮ ਕਬਿਹੂੰ ਨ ਨਿਹਾਰੇ' ॥ ੧੯ ॥

ਸੌਂਧੇ ਨੇ ਕਿਹਾ, "ਜਦ ਈਦ ਆਵੇਗੀ, ਉਸ ਦਿਨ ਦੋਹਾਂ ਘੋੜਿਆਂ ਉਤੇ ਕਾਠੀਆਂ ਪਾਵਾਂਗੇ, ਇਨ੍ਹਾਂ ਅਲੌਕਿਕ ਕਾਠੀਆਂ ਨੂੰ ਵੇਖ ਲੈਣਾ ਜਿਨ੍ਹਾਂ ਦੇ ਸਮਾਨ ਪਹਿਲਾਂ ਕਦੀ ਨਹੀਂ ਵੇਖੀਆਂ ਹਨ" ॥੧੯॥

ਸੁਨਤਿ ਕਸੇਰੇ ਬਾਕ ਪ੍ਰਕਾਸ਼ਾ। 'ਇਸ ਦਮ ਕਾ ਕਹੁ ਕਯਾ ਭਰਵਾਸਾ।
ਘਰੀ ਨ ਲਾਗਹਿ ਹੋਹਿ ਬਿਨਾਸ਼ਾ। ਨਿਕਸਤਿ ਆਇ ਕਿ ਨਹਿਂ ਪੁਨ ਸ੍ਵਾਸਾ ॥੨੦ ॥

ਇਹ ਸੁਣ ਕੇ ਕਸੇਰੇ ਨੇ ਬਚਨ ਕੀਤਾ, "ਇਸ ਦਮ ਦਾ ਕੀ ਭਰਵਾਸਾ ਹੈ, ਘੜੀ ਨਹੀਂ ਲੱਗਦੀ ਤੇ ਵਿਨਾਸ਼ ਹੋ ਜਾਂਦਾ ਹੈ, ਇਕ ਵਾਰ ਸਾਹ ਬਾਹਰ ਨਿਕਲਿਆ ਮੁੜ ਕੇ ਆਵੇ ਕਿ ਨਾ ਆਵੇ ॥੨੦॥

ਕੀਨਿ ਤਰੀਫ ਜ਼ੀਨ ਕੀ ਸਭਿਹੂੰ। ਮੋਹਿ ਰਿਦਾ ਸੁਨਿ ਬਿਸਮਜੋ ਤਬਿਹੂੰ।
ਚੈਨ ਨ ਪਰਹਿ ਬਿਲੋਕੇ ਬਿਨਾ। ਸਵਾ ਲਾਖ ਧਨ ਅਚਰਜ ਸੁਨਾ ॥ ੨੧ ॥

ਸਾਰਿਆਂ ਨੇ ਕਾਠੀਆਂ ਦੀ ਬਹੁਤ ਸਿਫਤ ਕੀਤੀ ਹੈ, ਉਸ ਸਮੇਂ ਤੋਂ ਮੇਰਾ ਹਿਰਦਾ ਸੁਣ ਕੇ ਬਹੁਤ ਹੈਰਾਨ ਹੈ। ਵੇਖਣ ਤੋਂ ਬਗੈਰ ਚੈਨ ਨਹੀਂ ਆਉਂਦਾ ਹੈ, ਸਵਾ ਲੱਖ ਧਨ, ਮੁੱਲ, ਅਸਚਰਜ ਸੁਣਿਆ ਹੈ ॥੨੧॥

ਤੁਮਰੇ ਨਿਕਟਿ ਸਦੀਵ ਰਹਾਊਂ। ਅਸ ਭੀ ਨਹੀਂ ਕਾਮਨਾ ਪਾਊਂ।
ਯਾਂਤੇ ਆਇਸੁ ਦੀਜਹਿ ਖਾਨ। ਜਿਸ ਤੇ ਜ਼ੀਨ ਦਿਖਾਵਹਿਂ ਆਨਿ' ॥ ੨੨ ॥

ਤੁਹਾਡੇ ਪਾਸ ਸਦਾ ਰਹਿੰਦਾ ਹਾਂ, ਹਾਲੇ ਵੀ ਆਪਣੀ ਕਾਮਨਾ ਪੂਰੀ ਨਹੀਂ ਕਰਾਂਗਾ? ਹੇ ਖਾਨ! ਇਸ ਕਰਕੇ ਆਗਿਆ ਦੇਵੋ, ਜਿਸ ਕਰਕੇ ਉਹ ਆ ਕੇ ਅਸਚਰਜ ਕਾਠੀ ਨੂੰ ਵਿਖਾਉਣ" ॥੨੨॥

ਦੇਖਿ ਦਰੋਗੇ ਅਸ ਅਭਿਲਾਖਾ। ਖਰੇ ਕਲੀਦਵਾਰ, ਤਿਹ ਭਾਖਾ।
'ਜ਼ੀਨ ਨਿਕਾਸਿ ਦੇਹੁ ਦਿਖਰਾਇ। ਰਿਦੇ ਕਸੇਰਾ ਜੇ ਹਰਖਾਇ ॥ ੨੩ ॥

ਦਰੋਗੇ ਨੇ ਐਸੀ ਅਭਿਲਾਸ਼ਾ ਵੇਖ ਕੇ, ਉਥੇ ਕੁੰਜੀਬਰਦਾਰ ਨੂੰ ਖੜਾ ਵੇਖ ਕੇ ਕਿਹਾ, "ਕਾਠੀ ਕੱਢ ਕੇ ਇਸ ਨੂੰ ਵਿਖਾ ਦੇਵੇ, ਕਸੇਰੇ ਦਾ ਜਿਹੜਾ ਹਿਰਦਾ ਪ੍ਰਸੰਨ ਹੋ ਜਾਵੇ ॥੨੩॥

ਤਿਸੀ ਰੀਤਿ ਸਭਿ ਫੇਰ ਸੰਭਾਰਹੁ। ਅੰਤਰ ਧਰਿ ਤਾਰੋ ਤਹਿਂ ਮਾਰਹੁ'।
ਲੇ ਆਇਸੁ ਕੋ ਲਾਇ ਕਲੀਦ। ਕੁਲਫ ਖੋਲਿ ਕਰਿ ਲਖੀ ਤਗੀਦ ॥ ੨੪ ॥

ਤਿਸੀ ਰੀਤੀ ਉਸ ਨੂੰ ਫਿਰ ਸੰਭਾਲ ਲਵੇ ਤੇ ਅੰਦਰ ਧਰ ਕੇ ਤਾਲਾ ਮਾਰ ਦੇਵੇ।" ਦਰੋਗੇ ਦੀ ਆਗਿਆ ਸੁਣ ਕੇ ਕੁੰਜੀਬਰਦਾਰ ਨੇ ਕੁੰਜੀ ਲਾ ਕੇ ਤਾਲਾ ਖੋਲ੍ਹਿਆ ਤੇ ਦਰੋਗੇ ਦੀ ਤਾਕੀਦ ਸਮਝੀ ॥੨੪॥

ਅੰਤਰ ਹੁਇ ਪ੍ਰਵੇਸ਼, ਲੈ ਆਯੋ। ਆਨ ਵਹਿਰ ਧਰਿ ਬੈਠਿ ਖੁਲ੍ਹਾਯੋ।
ਜਬਿ ਵਸਤ੍ਰਨਿ ਤੇ ਵਹਿਰ ਨਿਕਾਰਾ। ਜਰੇ ਜਵਾਹਿਰ ਦਮਕ ਉਦਾਰਾ ॥ ੨੫ ॥

ਕਮਰੇ ਦੇ ਅੰਦਰ ਦਾਖਲ ਹੋ ਕੇ ਕਾਠੀ ਲੈ ਆਇਆ, ਬਾਹਰ ਆ ਕੇ ਬੈਠ ਕੇ ਉਸ ਨੂੰ ਖੁਲ੍ਹਵਾਇਆ। ਜਦ ਬਸਤਰਾਂ ਵਿਚੋਂ ਬਾਹਰ ਕੱਢਿਆ, ਤਾਂ ਹੀਰੇ ਜਵਾਹਰਾਤ ਬਹੁਤ ਚਮਕੇ ॥੨੫॥

ਹੇਰਿ ਕਸੇਰੇ ਫੇਰ ਉਚਾਰੇ। 'ਇਹੁ ਤੋ ਪਾਹਨ ਉੱਜਲ ਸਾਰੇ।
ਹਮਰੇ ਜਬਿ ਜਵਾਰ ਪਕ ਜਾਇ। ਇਨ ਮੁਕਤਾ ਸਮ ਕਹਤਿ ਚਬਾਇ ॥ ੨੬ ॥

ਕਸੇਰੇ ਨੇ ਵੇਖ ਕੇ ਫਿਰ ਕਿਹਾ, 'ਇਹ ਪੱਥਰ ਤਾਂ ਬੜੇ ਉੱਜਲ ਹਨ, ਸਾਡੇ ਪਿੰਡਾਂ ਵਿਚ ਜਦ ਜਵਾਰ ਪੱਕ ਜਾਂਦੀ ਹੈ, ਇਨ੍ਹਾਂ ਮੁਕਤਿਆਂ ਵਰਗੇ ਦਾਣਿਆਂ ਨੂੰ ਚੱਬ ਲੈਂਦੇ ਹਾਂ॥੨੬॥

ਮੈਂ ਜਾਨਤਿ ਕੁਛ ਆਛੋ ਹੋਇ। ਇਨ ਸਮ ਹਮ ਚਰਬਤਿ ਦੇ ਖੋਇ।
ਕਹਾਂ ਜਵਾਹਰਿ ਲਗਿ ਇਸ ਮਾਂਹੀ। ਮੁਝ ਕੋ ਤੌ ਭਾਸਤਿ ਕੁਛ ਨਾਂਹੀ॥ ੨੭॥

ਮੈਂ ਸਮਝਦਾ ਸੀ ਕੁਝ ਚੰਗਾ ਹੋਵੇਗਾ, ਇਨ੍ਹਾਂ ਵਰਗੇ ਤਾਂ ਅਸੀਂ ਦਾਣੇ ਚੱਬ ਕੇ ਗਵਾ ਦਿੰਦੇ ਹਾਂ। ਇਸ ਵਿਚ ਜਵਾਹਰ ਕਿਥੇ ਲੱਗੇ ਹਨ, ਮੈਨੂੰ ਤਾਂ ਕੁਝ ਵੀ ਵਿਖਾਈ ਨਹੀਂ ਦਿੰਦਾ॥੨੭॥

ਸਵਾਲਾਖ ਧਨ ਕਹਾਂ ਲਗਾਯੋ। ਉੱਜਲ ਪਾਹਨ ਬਹੁ ਖਚਿਵਾਯੋ।
ਕੈ ਜੁਵਾਰ ਸਮ ਦਾਨੇ ਪੋਏ। ਗੁੱਛੇ ਲਰਕਤਿ ਹੈਂ ਗਨ ਜੋਏ'॥ ੨੮॥

ਸਵਾ ਲੱਖ ਧਨ ਕਿਥੇ ਲਾ ਦਿੱਤਾ ਹੈ, ਉੱਜਲ ਪੱਥਰ ਬਹੁਤ ਜੜਾਏ ਹਨ ਜਾਂ ਜਵਾਰ ਵਰਗੇ ਦਾਣੇ ਪਰੋਏ ਹਨ, ਜਿਵੇਂ ਉਨ੍ਹਾਂ ਦੇ ਬਹੁਤ ਗੁੱਛੇ ਲਟਕਦੇ ਹੋਣ'॥੨੮॥

ਸੁਨਤਿ ਹਸੇ ਸਭਿ ਕਹਿਂ 'ਮਤਿ ਭੋਰੇ! ਹੀਰੇ ਚਾਰੂ ਚੀਰ ਚੁਕੋਰੇ।
ਕਈ ਹਜ਼ਾਰਨ ਖਰਚੇ ਪਾਵੈਂ। ਜਿਸ ਕੋ ਤੂੰ ਪਾਹਨ ਬਤਰਾਵੈਂ॥ ੨੯॥

ਇਹ ਸੁਣ ਕੇ ਸਾਰੇ ਬਹੁਤ ਹੱਸੇ ਤੇ ਕਹਿਣ ਲੱਗੇ, "ਇਸ ਦੀ ਮੱਤ ਭੋਲੀ ਹੈ, ਸੁੰਦਰ ਹੀਰੇ ਚਕੋਰ ਚੀਰੇ ਹਨ। ਜਿਨ੍ਹਾਂ ਦਾ ਕਈ ਹਜ਼ਾਰ ਮੁੱਲ ਹੈ, ਜਿਸ ਨੂੰ ਤੂੰ ਪੱਥਰ ਕਹਿੰਦਾ ਹੈਂ॥੨੯॥

ਲਿਏ ਨ ਦੀਏ ਕਹਾਂ ਤੂ ਜਾਨਹਿਂ। ਇਨ ਕੀ ਕੀਮਤ ਕਹਾਂ ਪਛਾਨਹਿਂ।
ਇਹ ਸ਼ਾਹੁਨਿ ਕੇ ਹੋਤਿ ਸਮੀਪ। ਨਹੀਂ ਮਵੱਸਰ ਅਪਰ ਮਹੀਪ'॥ ੩੦॥

ਕਦੀ ਲਏ ਨਾ ਦਿੱਤੇ ਤੂੰ ਕਿਸ ਤਰ੍ਹਾਂ ਜਾਣ ਸਕਦਾ ਹੈਂ ਤੇ ਇਨ੍ਹਾਂ ਦੀ ਕੀਮਤ ਕਿਵੇਂ ਪਛਾਣ ਸਕਦਾ ਹੈਂ। ਇਹ ਬਾਦਸ਼ਾਹਾਂ ਦੇ ਪਾਸ ਹੁੰਦੇ ਹਨ, ਰਾਜਿਆਂ ਤੋਂ ਬਿਨਾਂ ਹੋਰ ਕਿਸੇ ਨੂੰ ਪ੍ਰਾਪਤ ਨਹੀਂ ਹੁੰਦੇ'॥੩੦॥

ਨਿਜ ਕਰ ਲਾਇ ਕਸੇਰੇ ਹੇਰੇ। ਕਹੈ 'ਨ ਮ੍ਰਿਦੁਲ, ਕਠੋਰ ਘਨੇਰੇ।
ਚੁਭੈਂ ਸ਼ਾਹੁ ਕੇ ਤਨ ਜਬਿ ਛ੍ਵੈ ਹੈਂ। ਇਨ ਲਾਗੇ ਸੁਖ ਕਹਾ ਤਿਸ ਹ੍ਵੈ ਹੈ?'॥ ੩੧॥

ਆਪਣੇ ਹੱਥ ਲਾ ਕੇ ਕਸੇਰੇ ਨੇ ਵੇਖੇ ਤੇ ਕਹਿਣ ਲੱਗਾ, "ਇਹ ਤਾਂ ਨਰਮ ਨਹੀਂ ਹਨ, ਬੜੇ ਸਖ਼ਤ ਹਨ। ਇਹ ਬਾਦਸ਼ਾਹ ਦੇ ਸਰੀਰ ਨੂੰ ਚੁਭਦੇ ਹੋਣਗੇ, ਜਦ ਉਨ੍ਹਾਂ ਨੂੰ ਛੂੰਹਦੇ ਹੋਣਗੇ, ਇਨ੍ਹਾਂ ਨੂੰ ਲਾਉਣ ਨਾਲ ਉਸਨੂੰ ਕੀ ਸੁਖ ਪ੍ਰਾਪਤ ਹੈ"?॥੩੧॥

ਕਹਿ ਸੌਂਧਾ 'ਇਨ ਮ੍ਰਿਦੁ ਸ਼ੁਭਿ ਜਾਨੇ। ਲੇ ਕਰਿ ਪਾਨ ਨਹੀਂ ਕੁਛ ਖਾਨੇ।
ਇਨ ਤੇ ਸ਼ੋਭਾ ਹੋਤਿ ਬਿਸਾਲਾ। ਸੁੰਦਰ ਦੀਖਤਿ ਅਧਿਕ ਉਜਾਲਾ॥ ੩੨॥

ਦਰੋਗੇ ਸੌਂਧੇ ਨੇ ਕਿਹਾ, "ਇਸ ਨੂੰ ਸਾਰੇ ਕੋਮਲ ਜਾਣਦੇ ਹਨ, ਲੈ ਕੇ ਪਹਿਣਦੇ ਹਨ, ਹੱਥ ਵਿਚ ਲੈ ਕੇ ਕੁਝ ਖਾਣੇ ਤਾਂ ਨਹੀਂ। ਇਨ੍ਹਾਂ ਨਾਲ ਬੜੀ ਸ਼ੋਭਾ ਵਧਦੀ ਹੈ, ਸੁੰਦਰ ਤੇ ਬੜੇ ਉੱਜਲ ਵਿਖਾਈ ਦਿੰਦੇ ਹਨ॥੩੨॥

ਤੂੰ ਭੋਰਾ ਕਛੁ ਜਾਨੇ ਨਾਂਹੀ। ਨਹੀਂ ਨਿਹਾਰੇ ਆਗੇ ਕਾਹੀ।
ਵਸਤੂ ਅਪਰ ਜਿ ਪਾਇ ਨ ਕੋਇ। ਸੋ ਸ਼ਾਹੁਨਿ ਢਿਗ ਉੱਤਮ ਹੋਇ'॥ ੩੩॥

ਤੂੰ ਭੋਲਾ ਹੈਂ ਕੁਝ ਜਾਣਦਾ ਨਹੀਂ, ਤੂੰ ਕਦੀ ਅੱਗੇ ਨਹੀਂ ਵੇਖੇ ਹਨ, ਜਿਹੜੀਆਂ ਵਸਤਾਂ ਨੂੰ ਹੋਰ ਕੋਈ ਪਾ ਨਹੀਂ ਸਕਦਾ ਹੈ ਉਹ ਬਾਦਸ਼ਾਹਾਂ ਪਾਸ ਉੱਤਮ ਹੁੰਦੀਆਂ ਹਨ'॥੩੩॥

ਸੁਨਤਿ ਕਸੇਰੇ ਬਾਕ ਉਚਾਰੇ। 'ਹਮ ਸਮ ਜੇ ਧਨ ਪਾਹਿਂ ਹਜ਼ਾਰੇ।
ਸਭਿ ਬਯ ਲੌ ਠਾਨੈਂ ਗੁਜ਼ਰਾਨ। ਨਿਜ ਅਰੁ ਸੁਤ ਕਰਿ ਬਯਾਹੁ ਮਹਾਨ॥ ੩੪॥

ਇਹ ਸੁਣ ਕੇ ਕਸੇਰੇ ਨੇ ਕਿਹਾ, ''ਅਸੀਂ ਜੇ ਆਪਣੇ ਪਾਸ ਹਜ਼ਾਰਾਂ ਦਾ ਧਨ ਪਾਈਏ, ਸਾਰੀ ਉਮਰ ਤਕ ਗੁਜ਼ਾਰਾ ਕਰਾਂਗੇ, ਆਪਣੇ ਪੁੱਤਰ ਦਾ ਮਹਾਨ ਵਿਆਹ ਰਚਾਵਾਂਗੇ॥੩੪॥

ਇਹ ਤੋ ਦਰਬ ਜਿ ਬਾਦ ਲੁਟਾਵੈਂ। ਇਹੁ ਸ਼ਾਹਨਿ ਕੋ ਹੀ ਬਨਿ ਆਵੈਂ।
ਬਸਤ੍ਰ ਲਪੇਟੇ ਪ੍ਰਥਮ ਸਮਾਨਾ। ਭਲੇ ਸੰਭਾਰਯੋ ਸੌਂਧੇ ਖਾਨਾ॥ ੩੫॥

ਇਹ ਜਿਹੜਾ ਧਨ ਵਿਅਰਥ ਲੁਟਾਉਂਦੇ ਹਨ, ਇਹ ਕੇਵਲ ਬਾਦਸ਼ਾਹਾਂ ਨੂੰ ਬਣ ਆਉਂਦਾ ਹੈ।'' ਕਾਠੀ ਨੂੰ ਪਹਿਲਾਂ ਵਾਂਗ ਵਸਤਰ ਲਪੇਟ ਕੇ ਸੌਂਧੇ ਖਾਨ ਨੇ ਭਲੇ ਢੰਗ ਨਾਲ ਸੰਭਾਲ ਲਿਆ॥੩੫॥

ਹਾਥ ਕਸੇਰੇ ਕੇ ਉਚਵਾਏ। ਗਏ ਸੰਗ ਲੇ ਅੰਤਰ ਥਾਏਂ।
ਆਛੀ ਰੀਤਿ ਸੰਭਾਰਿ ਧਰਾਯੋ। ਬਿਧੀਏ ਦੇਖਿ ਭੇਵ ਸਭਿ ਪਾਯੋ॥ ੩੬॥

ਕਸੇਰੇ ਦੇ ਹੱਥ ਵਿਚ ਚੁਕਵਾਇਆ ਤੇ ਨਾਲ ਲੈ ਕੇ ਸਟੋਰ ਦੇ ਅੰਦਰ ਚਲੇ ਗਏ, ਚੰਗੀ ਰੀਤੀ ਨਾਲ ਸੰਭਾਲ ਕੇ ਧਰਾਇਆ ਤੇ ਬਿਧੀ ਚੰਦ ਨੇ ਵੇਖ ਕੇ ਭੇਦ ਸਾਰਾ ਪਾ ਲਿਆ॥੩੬॥

ਇਤ ਉਤ ਪਿਖਿ ਕਰਿ ਬਾਹਰ ਆਵਾ। ਕਰ ਕਲੀਦ ਜਿਸ ਕੁਲਫ ਲਗਾਵਾ।
ਸੌਂਧੇ ਖਾਨ ਗਯੋ ਨਿਜ ਕਾਜ। ਜਾਨਿ ਲੀਨਿ ਮਨ, ਸਕਲ ਸਮਾਜ॥ ੩੭॥

ਏਧਰ ਓਧਰ ਵੇਖ ਕੇ ਬਾਹਰ ਆ ਗਿਆ, ਚਾਬੀ ਲਾ ਕੇ ਤਾਲਾ ਮਾਰ ਦਿੱਤਾ। ਸੌਂਧੇ ਖਾਨ ਆਪਣੇ ਕੰਮ ਚਲਾ ਗਿਆ, ਮਨ ਵਿਚ ਸਾਰਾ ਸਾਜ਼ੋ-ਸਾਮਾਨ ਜਾਣ ਲਿਆ॥੩੭॥

ਨਿਜ ਕਰ ਤੇ ਕਲੀਦ ਜਹਿਂ ਰਖੀ। ਸੋ ਭੀ ਥਾਇ ਕਸੇਰੇ ਲਖੀ।
ਦਿਵਸ ਬਿਤਾਇ ਭਯੋ ਅੰਧਕਾਰਾ। ਘਰ ਜੀਵਣ ਕੇ ਕੀਨਿ ਅਹਾਰਾ॥ ੩੮॥

ਜਿਸ ਥਾਂ ਦਰੋਗੇ ਨੇ ਚਾਬੀ ਰੱਖੀ ਸੀ, ਉਹ ਥਾਂ ਵੀ ਕਸੇਰੇ ਭਾਵ ਬਿਧੀ ਚੰਦ ਨੇ ਵੇਖ ਲਈ। ਦਿਨ ਬੀਤ ਗਿਆ ਤੇ ਜਦ ਹਨੇਰਾ ਹੋ ਗਿਆ ਤਾਂ ਬਿਧੀ ਚੰਦ ਨੇ ਜੀਵਣ ਦੇ ਘਰ ਜਾ ਕੇ ਭੋਜਨ ਛਕਿਆ॥੩੮॥

ਨਿਸ ਬਿਤਾਇ ਕਰਿ ਵਹਿਰ ਪਯਾਨਾ। ਖ਼ੁਰਦੀ ਦੂਬ ਦੇਖਿ ਸ਼ੁਭ ਥਾਨਾ।
ਆਨਿ ਹਯਨਿ ਕੇ ਆਗੇ ਪਾਈ। ਹਰਖਤਿ ਧਾਰਤਿ ਸੇਵ ਸਵਾਈ॥ ੩੯॥

ਰਾਤ ਬਤੀਤ ਕਰਕੇ ਬਾਹਰ ਚਲਾ ਗਿਆ ਤੇ ਸ਼ੁਭ ਥਾਂ ਵੇਖ ਕੇ ਹਰਾ ਘਾਹ ਖੋਤਿਆ ਤੇ ਲਿਆ ਕੇ ਘੋੜਿਆਂ ਦੇ ਅੱਗੇ ਪਾਇਆ, ਬੜੇ ਪ੍ਰਸੰਨ ਹੋ ਕੇ ਅੱਗੇ ਨਾਲੋਂ ਵੀ ਸਵਾਈ ਸੇਵਾ ਕੀਤੀ॥੩੯॥

ਦੇਖਿ ਦਰੋਗੋ ਗਿਰਾ ਉਚਾਰੀ। 'ਤੁਹੀਂ ਕਸੇਰੇ! ਦੇਇ ਨਿਹਾਰੀ।
ਖਾਨ ਪਾਨ ਤੁਰੰਗਨ ਕੋ ਸਾਰਾ। ਦੇਹੁ ਤੁਹੀਂ ਲਿਹੁ ਨਿਸ ਦਿਨ ਸਾਰਾ॥ ੪੦॥

ਇਹ ਵੇਖ ਕੇ ਦਰੋਗੇ ਨੇ ਕਿਹਾ, "ਹੇ ਕਸੇਰੇ! ਘੋੜਿਆਂ ਨੂੰ ਨਿਹਾਰੀ ਵੀ ਤੂੰ ਹੀ ਦਿਆ ਕਰ। ਉਨ੍ਹਾਂ ਦੇ ਦਿਨ ਰਾਤ ਦੇ ਅੰਨ ਦਾਣੇ ਦਾ ਸਾਮਾਨ ਲੈ ਕੇ ਤੂੰ ਹੀ ਸਭ ਕੁਝ ਖਵਾਇਆ ਪਿਆਇਆ ਕਰ।"॥੪੦॥

ਬਿਧੀਆ ਦੇਨਿ ਲਗਯੋ ਤਬਿ ਤੈਸੇ। ਆਗੇ ਸੇਵਕ ਚਾਰਤਿ ਜੈਸੇ।
ਲੇਨੀ ਖਾਨ ਪਾਨ ਸੁਧਿ ਸਾਰੀ। ਧਰੇ ਪ੍ਰੇਮ ਕੋ ਸਰਬ ਸੰਭਾਰੀ॥ ੪੧॥

ਬਿਧੀ ਚੰਦ ਫਿਰ ਉਸ ਤਰ੍ਹਾਂ ਹੀ ਅੰਨ ਦਾਣਾ ਖਵਾਉਣ ਲੱਗਾ ਜਿਵੇਂ ਪਹਿਲਾਂ ਸੇਵਕ ਚਾਰਦੇ ਹੁੰਦੇ ਸਨ। ਉਸ ਨੇ ਘੋੜਿਆਂ ਦੇ ਖਾਣ ਪੀਣ ਦੀ ਸਾਰੀ ਦੇਖ-ਭਾਲ ਬੜਾ ਪ੍ਰੇਮ ਧਾਰ ਕੇ ਸੰਭਾਲ ਲਈ॥੪੧॥

ਜਬੈ ਕਸੇਰੇ ਹੇਰਹਿਂ ਘੋਰੇ। ਹਿਹਨਾਵੈਂ ਉਰ ਮੁਦਤਿ ਨ ਥੋਰੇ।
ਲਖਿ ਸੇਵਾ ਕੋ ਬਹੁ ਅਨੁਰਾਗੇ। ਪੌਰ ਉਠਾਵਤਿ ਪਿਖਿ ਕਰਿ ਆਗੇ॥ ੪੨॥

ਜਦ ਘੋੜੇ ਕਸੇਰੇ ਨੂੰ ਵੇਖਦੇ ਸਨ ਤਾਂ ਦਿਲ ਵਿਚ ਬੜੀ ਪ੍ਰਸੰਨਤਾ ਧਾਰ ਕੇ ਹਿਣਕਦੇ ਸਨ। ਬਿਧੀ ਚੰਦ ਦੀ ਸੇਵਾ ਵੇਖ ਕੇ ਉਹ ਬਹੁਤ ਪ੍ਰੇਮ ਕਰਨ ਲੱਗੇ, ਸਾਹਮਣੇ ਵੇਖ ਕੇ ਪੌੜ ਚੁਕਦੇ ਸਨ॥੪੨॥

ਬਦਨ ਬਿਲੋਚਨ ਪਰ ਕਰ ਫੇਰੈ। ਦੇਤਿ ਦਿਲਾਸਾ ਬੋਲਿ ਘਨੇਰੈ।
ਮਾਲਸ਼ ਕਰਹਿ ਪਹਿਰਿ ਹਥਵਾਈ। ਨਖ ਸਿਖ ਲੌ ਤਨ ਦੈ ਦਮਕਾਈ॥ ੪੩॥

ਬਿਧੀ ਚੰਦ ਉਨ੍ਹਾਂ ਦੇ ਮੁਖ ਅਤੇ ਅੱਖਾਂ ਤੇ ਹੱਥ ਫੇਰਦਾ ਸੀ ਤੇ ਬੜੇ ਪ੍ਰੇਮ ਨਾਲ ਬੋਲ ਕੇ ਦਿਲਾਸਾ ਦਿੰਦਾ ਸੀ। ਹੱਥਾਂ ਵਿਚ ਗੱਦੀ ਪਹਿਣ ਕੇ ਮਾਲਸ਼ ਕਰਦਾ ਸੀ, ਨੌਹਾਂ ਤੋਂ ਲੈ ਕੇ ਸਰੀਰ ਤਕ ਸਭ ਚਮਕਾ ਦਿੰਦਾ ਸੀ॥੪੩॥

ਖਿੰਘਰ ਏਕ ਵਹਿਰ ਤੇ ਆਨੈ। ਆਧੀ ਰਾਤਿ ਪਰੀ ਜਬਿ ਜਾਨੈ।
ਬਡੇ ਬੇਗ ਤੇ ਨਦੀ ਗਿਰਾਵੈ। ਜਲ ਉਛਾਲ ਕਰਿ ਨਾਦ ਉਠਾਵੈ॥ ੪੪॥

ਰੋਜ਼ ਇਕ ਵੱਡਾ ਪੱਥਰ ਬਾਹਰ ਤੋਂ ਲਿਆਉਂਦਾ ਸੀ, ਤੇ ਜਦ ਅੱਧੀ ਰਾਤ ਹੋ ਗਈ ਜਾਣਦਾ ਸੀ ਤਾਂ ਬੜੀ ਫੁਰਤੀ ਨਾਲ ਨਦੀ ਵਿਚ ਸੁੱਟ ਦਿੰਦਾ ਸੀ ਤੇ ਪਾਣੀ ਉਛਾਲ ਕੇ ਉੱਚੀ ਆਵਾਜ਼ ਪੈਦਾ ਕਰਦਾ ਸੀ॥੪੪॥

ਤੀਨ ਚਾਰ ਦਿਨ ਜਾਗ ਨਿਹਾਰੇ। ਕੁਛ ਨਹਿਂ ਲਖਹਿਂ ਸੁਪਤ ਹੁਇਂ ਸਾਰੇ।
ਪੰਦ੍ਰਹਿ ਦਿਵਸ ਕਰਤਿ ਇਮ ਰਹਜੋ। ਕੋ ਜਲਜੰਤੁ ਹੋਇ ਅਸ ਲਹਜੇ॥ ੪੫॥

ਤਿੰਨ ਚਾਰ ਦਿਨ ਤਕ ਪਹਿਰੇਦਾਰ ਜਾਗ ਪੈਂਦੇ ਤੇ ਵੇਖਦੇ, ਪਰ ਕੁਝ ਨਹੀਂ ਸੀ ਦਿੱਸਦਾ, ਫਿਰ ਸਾਰੇ ਜਾ ਕੇ ਸੌਂ ਜਾਂਦੇ ਸਨ। ਪੰਦਰ੍ਹਾਂ ਦਿਨ ਇਸ ਤਰ੍ਹਾਂ ਕਰਦਾ ਰਿਹਾ, "ਕੋਈ ਜਲ ਜੀਵ ਹੋਵੇਗਾ" ਇਹੋ ਸਮਝਦੇ ਸਨ॥੪੫॥

ਬਹੁਰ ਦੇਖਿਬੋ ਨਾਂਹਿਨ ਕਰੈਂ। ਪਹਿਰਾ ਦੇਤਿ ਪਾਹਰੂ ਪਰੈਂ।
ਘੋਰਾ ਲੈ ਨਿਕਸਨਿ ਬਲ ਭਾਰੀ। ਅਚਰਜ ਕਰਿਬੇ ਸਭਿਨਿ ਮਝਾਰੀ॥ ੪੬॥

ਫਿਰ ਉਹ ਵੇਖਣ ਤੋਂ ਹੀ ਹੱਟ ਗਏ, ਪਹਿਰੇਦਾਰ ਪਹਿਰਾ ਦਿੰਦੇ ਰਹਿੰਦੇ ਸਨ। ਵੱਡੇ ਸ਼ਕਤੀਸ਼ਾਲੀ ਘੋੜੇ ਨੂੰ ਲੈ ਕੇ ਬਾਹਰ ਨਿਕਲਣਾ ਸਾਰਿਆਂ ਦੇ ਵਿਚ ਅਸਚਰਜ ਕਰਨ ਵਾਲੀ ਗੱਲ ਸੀ॥੪੬॥

ਅਪਨੀ ਦ੍ਰਿਸ਼ਟਿ ਤਰੇ ਸਭਿ ਕੀਨਾ। ਬਾਰ ਬਾਰ ਫਾਂਦਨ ਥਲ ਚੀਨਾ।
ਆਪਨੀ ਘਾਤ ਲਾਇਬੇ ਹੇਤੁ। ਕਰਤਿ ਰਹਤਿ ਬਿਧਿ ਸੁਮਤਿ ਸਮੇਤ॥ ੪੭॥

ਆਪਣੀ ਨਜ਼ਰ ਥੱਲੇ ਸਭ ਕੁਝ ਕੀਤਾ, ਬਾਰ-ਬਾਰ ਘੋੜਾ ਲੈ ਕੇ ਟਪਾਉਣ ਵਾਲੇ ਥਾਂ ਨੂੰ ਵੇਖਿਆ। ਆਪਣਾ ਦਾਅ ਲਾਉਣ ਵਾਸਤੇ ਸ੍ਰੇਸ਼ਟ ਬੁੱਧੀ ਨਾਲ ਵਿਧੀਆਂ ਸੋਚਦਾ ਰਹਿੰਦਾ ਸੀ॥੪੭॥

*ਸੱਤਵੀਂ ਰਾਸ ਦਾ ਉਣੱਤੀਵਾਂ ਅਧਿਆਇ ਸਮਾਪਤ ਹੋਇਆ॥੨੯॥*

❖❖❖

# ਅਧਿਆਇ ਤੀਹਵਾਂ

## ਸਾਥੀਆਂ ਨੂੰ ਦਾਅਵਤ

ਦੋਹਰਾ- ਸਰਬ ਭੇਵ ਕੋ ਜਾਨਿ ਕਰਿ ਨਿਕਸਨਿ ਹੇਤੁ ਉਪਾਵ।
ਰਚਤਿ ਸੁਮਤਿ ਕਰਿ ਆਪਨੀ ਜਯੋਂ ਲਾਗਹਿ ਨਿਜ ਦਾਵ॥ ੧ ॥

ਸਾਰੇ ਭੇਦਾਂ ਨੂੰ ਜਾਣ ਕੇ ਘੋੜੇ ਨੂੰ ਲੈ ਕੇ ਬਾਹਰ ਨਿਕਲਣ ਦੇ ਉਪਾਅ ਬਾਰੇ ਆਪਣੀ ਸ੍ਰੇਸ਼ਟ ਬੁੱਧੀ ਨਾਲ ਸੋਚਣ ਲੱਗਾ ਕਿ ਜਿਵੇਂ ਕਿਵੇਂ ਦਾਅ ਲੱਗ ਸਕੇ॥੧॥

ਚੌਪਈ- 'ਕਿਸ ਪ੍ਰਕਾਰ ਇਹੁ ਸੁਪਤਹਿਂ ਸਾਰੇ। ਲਖਹਿਂ ਨ ਜ਼ੀਨ ਤੁਰੰਗਮ ਡਾਰੇ।
ਸੋ ਉਪਾਵ ਮੋਕਹੁ ਬਨਿ ਆਵਹਿ। ਜਾਗਹਿਂ ਜਬਿ ਸਭਿ ਬਹੁਤ ਜਗਾਵਹਿਂ' ॥੨ ॥

"ਕਿਸ ਪ੍ਰਕਾਰ ਇਹ ਸਾਰੇ ਸੌਂ ਜਾਣ ਤੇ ਘੋੜੇ ਤੇ ਕਾਠੀ ਪਾਉਂਦੇ ਨੂੰ ਨਾ ਵੇਖ ਸਕਣ, ਉਹ ਉਪਾਅ ਮੈਨੂੰ ਕਰਨਾ ਚਾਹੀਦਾ ਹੈ, ਜਦ ਜਾਗਦੇ ਹੋਣਗੇ ਤਾਂ ਸਭ ਨੂੰ ਜਗਾ ਲੈਣਗੇ"॥੨॥

ਰਿਦੈ ਬਿਚਾਰਿ ਉਪਾਵ ਅਰੰਭਾ। ਜਿਸ ਤੇ ਹੋਵਹਿ ਸਭਿਨਿ ਅਚੰਭਾ।
ਸਤਿਗੁਰ ਕੋ ਧਰਿ ਧਯਾਨ ਮਨਾਵਹਿ। ਅਪਨੋ ਕਾਰਜ ਆਪ ਬਨਾਵਹਿਂ ॥੩ ॥

ਹਿਰਦੇ ਵਿਚ ਇਸ ਤਰ੍ਹਾਂ ਵਿਚਾਰ ਕੇ ਉਪਾਅ ਆਰੰਭ ਦਿੱਤਾ, ਜਿਸ ਨਾਲ ਸਾਰਿਆਂ ਨੂੰ ਹੈਰਾਨੀ ਹੋਵੇ। ਸਤਿਗੁਰੂ ਜੀ ਦਾ ਧਿਆਨ ਧਾਰ ਕੇ ਬੇਨਤੀ ਕਰਦਾ ਸੀ, "ਆਪਣਾ ਕਾਰਜ ਆਪ ਹੀ ਬਣਾ ਲੈਣਗੇ"॥੩॥

ਹੁਤੇ ਹਯਨਿ ਕੇ ਸੇਵਕ ਸਾਰੇ। ਰਾਗ ਰੰਗ ਕਰਿ ਮੋਦਤਿ ਭਾਰੇ।
ਕੈਫ ਕੰਚਨੀ ਮਹਿਂ ਧਨ ਖੋਵਹਿਂ। ਬਾਰੰਬਾਰ ਤਮਾਸ਼ੇ ਜੋਵਹਿਂ॥ ੪ ॥

ਸਾਰੇ ਹੀ ਘੋੜਿਆਂ ਦੇ ਸੇਵਕ ਸਨ, ਰਾਗਾਂ ਰੰਗਾਂ ਵਿਚ ਬੜੇ ਖੁਸ਼ ਰਹਿਣ ਵਾਲੇ ਸਨ। ਸ਼ਰਾਬ, ਵੇਸਵਾ ਤੇ ਸਾਰਾ ਧਨ ਗਵਾ ਦਿੰਦੇ ਸਨ ਤੇ ਬਾਰ-ਬਾਰ ਤਮਾਸ਼ੇ ਵੇਖਦੇ ਸਨ॥੪॥

ਇਕ ਦਿਨ ਬੈਠਿ ਸਭਾ ਮਹਿਂ ਸਾਰੇ। ਹਾਸ ਬਿਲਾਸਨ ਬਾਕ ਉਚਾਰੇ।
ਦਾਸ ਕਹੈਂ 'ਸੁਨਿ ਭ੍ਰਾਤ ਕਸੇਰੇ!। ਰਹਯੋ ਨਵੀਨ ਆਇ ਇਸ ਡੇਰੇ॥ ੫ ॥

ਇਕ ਦਿਨ ਸਾਰੇ ਸੇਵਕ ਇਕੱਠੇ ਹੋ ਕੇ ਬੈਠ ਕੇ ਹਾਸੇ ਦੀਆਂ ਗੱਲਾਂ ਕਰਦੇ ਕਹਿਣ ਲੱਗੇ, "ਹੇ ਭਾਈ ਕਸੇਰੇ ! ਸੁਣੋ, ਤੁਸੀਂ ਇਸ ਡੇਰੇ ਵਿਚ ਨਵੇਂ-ਨਵੇਂ ਆ ਕੇ ਰਹੇ ਹੋ॥੫॥

ਅਧਿਕ ਚਾਕਰੀ ਸਭਿ ਤੇ ਭਈ। ਸ਼ਾਹੁ ਨਿਕਟਿ ਤੇ ਬਖਸ਼ਿਸ਼ ਲਈ।
ਨਹਿਂ ਭ੍ਰਾਤਨਿ ਮਹਿਂ ਜ਼ਯਾਫਤ ਕਰੀ। ਇਹੁ ਆਛੀ ਨਹਿਂ ਤੁਝ ਤੇ ਸਰੀ' ॥੬ ॥

ਤੁਹਾਡੀ ਪਦਵੀ ਸਭ ਤੋਂ ਵੱਡੀ ਹੋ ਗਈ ਹੈ, ਬਾਦਸ਼ਾਹ ਪਾਸੋਂ ਤੁਹਾਨੂੰ ਬਖਸ਼ੀਸ਼ ਵੀ ਮਿਲੀ ਹੈ, ਪਰ ਤੂੰ ਆਪਣੇ ਭਰਾਵਾਂ ਨੂੰ ਦਾਅਵਤ ਨਹੀਂ ਕੀਤੀ ਹੈ, ਇਹ ਗੱਲ ਤੁਹਾਡੇ ਵਾਸਤੇ ਚੰਗੀ ਨਹੀਂ"॥੬॥

ਸੁਨਿ ਬਿਧੀਏ ਉਰ ਹਰਖ ਉਪੰਨਾ। 'ਕਾਰਜ ਬਨਯੋ ਭੁਲੋ' ਮਨ ਮੰਨਾ।
ਕਹਨਿ ਲਗਯੋ 'ਭ੍ਰਾਤਨਿ ਅਨੁਸਾਰੀ। ਕਯੋਂ ਨ ਕਰੋਂ ਮੈਂ ਖੁਸ਼ੀ ਤੁਮਾਰੀ॥੭॥

ਇਹ ਸੁਣ ਕੇ ਬਿਧੀ ਚੰਦ ਦਿਲ ਵਿਚ ਬਹੁਤ ਪ੍ਰਸੰਨ ਹੋਇਆ, ਉਸ ਆਪਣੇ ਮਨ ਵਿਚ ਮੰਨਿਆ, "ਇਹ ਚੰਗਾ ਕੰਮ ਬਣਿਆ ਹੈ। ਫਿਰ ਕਹਿਣ ਲੱਗਾ, "ਮੈਂ ਆਪਣੇ ਭਰਾਵਾਂ ਦੀ ਆਗਿਆ ਅਨੁਸਾਰ ਹਾਂ ਮੈਂ ਤੁਹਾਡੀ ਖੁਸ਼ੀ ਵਾਸਤੇ ਦਾਅਵਤ ਕਿਉਂ ਨਹੀਂ ਕਰਾਂਗਾ॥੭॥

ਮੈਂ ਨਹਿਂ ਜਾਨੀ, ਸਭਿ ਤੁਮ ਕਹੀ। ਆਛੀ ਕਰੌਂ, ਅਬਹਿ ਉਰ ਲਹੀ।
ਇਕ ਅਜੋਗ ਮੁਹਿ ਬਹੁਤ ਬਿਚਾਰਾ। ਜਨਮ ਹਿੰਦੁ ਮਮ, ਤੁਰਕ ਤੁਮਾਰਾ॥ ੮॥

ਮੈਨੂੰ ਆਪਣੇ ਆਪ ਨੂੰ ਇਹ ਗੱਲ ਸੁਝੀ ਨਹੀਂ ਸੀ, ਚੰਗਾ ਹੋਇਆ ਹੈ ਜਿਹੜੀ ਇਹ ਸਾਰੀ ਗੱਲ ਤੁਸੀਂ ਕਹਿ ਦਿੱਤੀ ਹੈ, ਹੁਣ ਮੈਂ ਚੰਗੀ ਦਾਅਵਤ ਕਰਾਂਗਾ, ਇਹ ਮੈਂ ਦਿਲ ਵਿਚ ਜਾਣ ਲਿਆ ਹੈ। ਇਕ ਅਯੋਗ ਗੱਲ ਤੇ ਮੈਂ ਬਹੁਤ ਵਿਚਾਰ ਕੀਤੀ ਹੈ, ਮੇਰਾ ਹਿੰਦੂਆਂ ਦੇ ਘਰ ਜਨਮ ਹੋਇਆ ਹੈ ਤੇ ਤੁਸੀਂ ਸਾਰੇ ਮੁਸਲਮਾਨ ਹੋ॥੮॥

ਜ਼ਾਫਤ ਨਹਿਂ ਅਹਾਰ ਕੀ ਬਨੈ। ਅਪਰ ਕਰਵ, ਤੁਮ ਸਭਿ ਜਿਮ ਭਨੈ।
ਧਨ ਲਾਲਚ ਮੇਰੇ ਕੁਛ ਨਾਂਹੀ। ਖਾਇ ਖੁਲਾਇ ਦੇਉਂ ਤੁਮ ਮਾਂਹੀ॥ ੯॥

ਦਾਅਵਤ ਭੋਜਨ ਦੀ ਨਹੀਂ ਬਣਦੀ ਹੈ, ਉਸ ਤਰ੍ਹਾਂ ਕਰਾਂਗਾ ਜਿਵੇਂ ਤੁਸੀਂ ਸਾਰੇ ਕਹੋਗੇ, ਮੈਨੂੰ ਧਨ ਦਾ ਕੋਈ ਲਾਲਚ ਨਹੀਂ ਹੈ, ਤੁਹਾਡੇ ਵਿਚ ਖਾ ਖਿਲਾ ਦੇਵਾਂਗਾ॥੯॥

ਮੈਂ ਨਿਜ ਭਨੌਂ ਮਨੋਰਥ ਮਨ ਕੋ। ਜ਼ਾਫਤ ਕਰੌਂ ਕੈਫ ਸਭਿਹਿਨਿ ਕੋ।
ਜੇਤਿਕ ਚਾਹੋ ਤੇਤਿਕ ਪੀਓ। ਬਨਹੁਂ ਅਨੰਦਤਿ ਅਮਲੀ ਥੀਓ॥ ੧੦॥

ਮੈਂ ਆਪਣੇ ਮਨ ਦਾ ਮਨੋਰਥ ਸਾਰਿਆਂ ਨੂੰ ਦੱਸਦਾ ਹਾਂ, ਮੈਂ ਸਾਰਿਆਂ ਨੂੰ ਸ਼ਰਾਬ ਦੀ ਦਾਅਵਤ ਦਿਆਂਗਾ, ਜਿੰਨੀ ਚਾਹੋ ਓਨੀ ਪੀਵੋ, ਨਸ਼ਾ ਪੀ ਕੇ ਅਨੰਦ ਲਵੋ॥੧੦॥

ਮਿਲਿ ਬੈਠਹੁ ਤੁਮ ਇਕ ਥਲ ਸਾਰੇ। ਭਰਿ ਭਰਿ ਘਟ ਮਹਿਂ ਧਰੌਂ ਮਝਾਰੇ।
ਰਾਗ ਰੰਗ ਕਰਿ ਕਰਿ ਹਰਖਾਵਹੁ। ਅਮਲੀ ਹੋਇ ਅਪਨ ਥਲ ਜਾਵਹੁ॥੧੧॥

ਸਾਰੇ ਇਕ ਥਾਂ ਮਿਲ ਕੇ ਬੈਠੋ, ਮੈਂ ਸੁਰਾਹੀ ਵਿਚੋਂ ਭਰ ਭਰ ਕੇ ਤੁਹਾਡੇ ਅੱਗੇ ਧਰਦਾ ਜਾਵਾਂਗਾ। ਰਾਗ ਰੰਗ ਕਰ ਕੇ ਪ੍ਰਸੰਨ ਹੋਵੋ ਤੇ ਨਸ਼ਈ ਹੋ ਕੇ ਆਪਣੇ ਆਪਣੇ ਸਥਾਨਾਂ ਤੇ ਚਲੇ ਜਾਵੋ॥੧੧॥

ਨਿਜ ਕਰ ਭਰਿ ਭਰਿ ਪਜਾਲੇ ਦੈਹੌਂ। ਸਭਿ ਤ੍ਰਿਪਤਾਇ ਖੁਸ਼ੀ ਮੈਂ ਲੈਹੌਂ।
ਕਰਹੁ ਪਰਸਪਰ ਬਾਕ ਬਨਾਇ। ਕਰਹੁ ਮਜਾ ਤੁਮ ਦਿਯੋ ਖ਼ੁਦਾਇ॥ ੧੨॥

ਆਪਣੇ ਹੱਥਾਂ ਨਾਲ ਪਿਆਲੇ ਭਰ ਭਰ ਕੇ ਦੇਵਾਂਗਾ, ਸਾਰਿਆਂ ਨੂੰ ਤ੍ਰਿਪਤ ਕਰਕੇ ਖੁਸ਼ੀ ਪ੍ਰਾਪਤ ਕਰਾਂਗਾ, ਆਪਸ ਵਿਚ ਖੂਬ ਗੱਪਾਂ ਮਾਰੋ। ਖੁਦਾ ਦੇ ਦਿੱਤੇ ਮਜ਼ੇ ਕਰਨੇ ਚਾਹੀਦੇ ਹਨ॥੧੨॥

ਨਹਿਂ ਇਸ ਦਮ ਕੋ ਕੁਛ ਭਰਵਾਸਾ। ਇਹੀ ਲਾਭ, ਕਰਿ ਲੇਹੁ ਬਿਸਾਲਾ।
ਸੁਨਿ ਹਯ ਸੇਵਕ ਸਭਿ ਹਰਖਾਏ। 'ਸਾਧ ਸਾਧ' ਮੁਖ ਬਾਕ ਅਲਾਏ॥ ੧੩॥

ਇਸ ਸਾਹ ਦਾ ਕੋਈ ਭਰਵਾਸਾ ਨਹੀਂ, ਇਹੋ ਹੀ ਲਾਭ ਹੈ, ਮਜ਼ੇ ਲੈ ਲਵੋ।" ਇਹ ਸੁਣ ਘੋੜਿਆਂ ਦੇ ਸੇਵਕ ਬਹੁਤ ਪ੍ਰਸੰਨ ਹੋਏ, ਤੇ 'ਸ਼ਾਬਾਸ਼ ਸ਼ਾਬਾਸ਼' ਉਨ੍ਹਾਂ ਨੇ ਮੁੱਖ ਤੋਂ ਸ਼ਬਦ ਕਹੇ॥੧੩॥

ਇਮ ਪ੍ਰਸੰਨਤਾ ਧਾਰਹਿਂ ਸਾਰੇ। 'ਪੀ ਪੀ ਕੈਫ ਬਨਹਿਂ ਮਤਵਾਰੇ।
ਖਾਨੇ ਕੋ ਖਾਨਾ ਕਜਾ ਅਹੈ। ਨਿਜ ਨਿਜ ਸਦਨ ਹਮੇਸ਼ੈਂ ਲਹੈਂ॥ ੧੪॥

ਇੰਞ ਸਾਰਿਆਂ ਨੇ ਪ੍ਰਸੰਨਤਾ ਧਾਰਨ ਕੀਤੀ ਤੇ ਸੋਚਦੇ ਸਨ, "ਸ਼ਰਾਬ ਪੀ ਪੀ ਮਤਵਾਲੇ ਹੋ ਜਾਵਾਂਗੇ। ਖਾਣਾ ਤੇ ਰੋਜ਼ ਆਪੋ ਆਪਣੇ ਘਰੀਂ ਖਾਂਦੇ ਹੀ ਹਾਂ॥੧੪॥

ਮਿਲਿ ਸ਼ਰਾਬ ਨਹਿਂ ਪੀਵਤਿ ਕਬਿਹੂੰ। ਬਚਨ ਬਿਲਾਸ ਨ ਹੋਯਹੁ ਸਭਿਹੂੰ।
ਜ਼ਾਫਤ ਇਸਤੇ ਨਾਂਹਿਨ ਨੀਕੀ। ਇਹੈ ਖੁਸ਼ੀ ਹੈ ਸਭਿ ਕੇ ਜੀ ਕੀ ॥ ੧੫ ॥

ਕਦੀ ਵੀ ਇਕੱਠਿਆਂ ਮਿਲ ਕੇ ਸ਼ਰਾਬ ਨਹੀਂ ਪੀਤੀ ਹੈ, ਕਦੀ ਵੀ ਸਾਡੇ ਵਿਚ ਮਿਲ ਕੇ ਗੱਪ-ਛੱਪ ਨਹੀਂ ਹੋਈ ਹੈ। ਇਸ ਨਾਲੋਂ ਚੰਗੀ ਦਾਅਵਤ ਨਹੀਂ ਹੋ ਸਕਦੀ, ਸਾਰਿਆਂ ਦੇ ਦਿਲ ਦੀ ਇਹੋ ਖੁਸ਼ੀ ਹੈ' ॥੧੫॥

ਸੁਨਿ ਬਿਧੀਏ ਮਨ ਘਾਤ ਬਿਚਾਰੀ। 'ਅਸ਼ਟਮ ਵਦੀ ਆਜ ਸੁਖਕਾਰੀ।
ਪ੍ਰਥਮ ਨਿਸਾ ਮਹਿਂ ਬਡ ਅੰਧਕਾਰਾ। ਉਦਹਿ ਚੰਦ ਪੁਨ ਗਗਨ ਮਝਾਰਾ ॥੧੬ ॥

ਇਹ ਸੁਣ ਕੇ ਬਿਧੀ ਚੰਦ ਨੇ ਆਪਣੇ ਦਾਅ ਤੇ ਵਿਚਾਰ ਕੀਤੀ, "ਅੱਜ ਚੰਦ ਦੀ ਸੁਖਦਾਇਕ ਵਦੀ ਅਸ਼ਟਮੀ ਹੈ, ਰਾਤ ਦੇ ਪਹਿਲੇ ਪਹਿਰ ਬਹੁਤ ਹਨੇਰਾ ਹੋਵੇਗਾ, ਫਿਰ ਅਕਾਸ਼ ਵਿਚ ਚੰਦ ਨਿਕਲ ਆਵੇਗਾ ॥੧੬॥

ਤਮ ਮਹਿਂ ਦੁਰਗ ਤੁਰੰਗ ਫੰਦਾਵੌਂ। ਹੁਇ ਪ੍ਰਕਾਸ਼ ਪਿਖਿ ਪੰਥ ਸਿਧਾਵੌਂ।
ਕਰੌਂ ਆਜ ਹੀ ਜ਼ਾਫਤ ਕੈਫ। ਹੋਤਿ ਪ੍ਰਭਾਤ ਮਿਲੈ ਇਨ ਹੈਫ ॥ ੧੭ ॥

ਹਨੇਰੇ ਵਿਚ ਮੈਂ ਕਿਲ੍ਹੇ ਤੋਂ ਘੋੜਾ ਟਪਾਵਾਂਗਾ, ਤੇ ਚੰਦ ਚੜ੍ਹਨ ਤੇ ਰਾਹ ਵੇਖ ਕੇ ਗੁਰੂ ਜੀ ਵੱਲ ਚਲਾ ਜਾਵਾਂਗਾ। ਅੱਜ ਹੀ ਸ਼ਰਾਬ ਦੀ ਦਾਅਵਤ ਕਰਦਾ ਹਾਂ, ਸਵੇਰ ਹੁੰਦਿਆਂ ਇਨ੍ਹਾਂ ਨੂੰ ਅਫਸੋਸ ਹੋਵੇਗਾ" ॥੧੭॥

ਇਮ ਬਿਚਾਰ ਕਰਿ ਬੋਲਯੋ ਸੋਇ। 'ਖਾਣਾ ਖਾਹੁ ਆਜ ਨਹਿਂ ਕੋਇ।
ਤੁਮ ਸਭਿ ਕੋ ਹੈ ਕਸਮ ਖ਼ੁਦਾਇ। ਜੇ ਨ ਮਿਲਹੁ ਇਹਠਾਂ ਸਮੁਦਾਇ ॥੧੮ ॥

ਇਸ ਤਰ੍ਹਾਂ ਵਿਚਾਰ ਕਰਕੇ ਬਿਧੀ ਚੰਦ ਬੋਲਿਆ, "ਅੱਜ ਕੋਈ ਵੀ ਖਾਣਾ ਨਾ ਖਾਵੇ, ਤੁਹਾਨੂੰ ਸਾਰਿਆਂ ਨੂੰ ਖੁਦਾ ਦੀ ਕਸਮ ਹੈ, ਜੇ ਇਕੱਠੇ ਹੋ ਕੇ ਇਸ ਥਾਂ ਨਹੀਂ ਮਿਲੋਗੇ ॥੧੮॥

ਮੈਂ ਅਬਿ ਜਾਇ ਬਾਰਨੀ ਲਜਾਊਂ। ਅਤਿ ਨੀਕੀ ਨਿਜ ਹਾਥ ਪਿਲਾਊਂ।
ਪ੍ਰਥਮ ਪਾਨ ਕਰਿ ਮਿਲਿ ਇਸ ਥਾਨ। ਮਨ ਭਾਵਤਿ ਲੇ ਅਮਲ ਮਹਾਨ ॥੧੯ ॥

ਹੁਣ ਮੈਂ ਜਾ ਕੇ ਸ਼ਰਾਬ ਲਿਆਉਂਦਾ ਹਾਂ, ਅਤਿ ਵਧੀਆ ਆਪਣੇ ਹੱਥਾਂ ਨਾਲ ਪਿਆਵਾਂਗਾ, ਪਹਿਲਾਂ ਸਾਰੇ ਇਸ ਥਾਂ ਮਿਲ ਕੇ ਪੀਵੋ ਤੇ ਮਨ-ਭਾਉਂਦਾ ਮਹਾਨ ਨਸ਼ਾ ਪ੍ਰਾਪਤ ਕਰੋ ॥੧੯॥

ਬਹੁਰ ਜਥਾ ਰੁਚਿ ਖਾਨ ਕਰੀਜੈ। ਬੇਸਵਾ ਰਮਹੁ ਕਿ ਘਰ ਗਮਨੀਜੈ।
ਨਹੀਂ ਜਾਉਂ ਇਹਠਾਂ ਪਰ ਰਹੋਂ। ਆਜ ਚਿੰਤ ਨਹਿਂ ਕਿਸ ਬਿਧਿ ਲਹੋ ॥੨੦ ॥

ਫਿਰ ਜਿਵੇਂ ਵੀ ਰੁਚੀ ਹੋਵੇ ਖਾਣਾ ਖਾਵੋ, ਵੇਸਵਾ ਨਾਲ ਰਮਨ ਕਰੋ ਜਾਂ ਆਪਣੇ ਘਰ ਨੂੰ ਜਾਵੋ, ਨਹੀਂ ਜਾਣਾ ਹੋਵੇ ਤਾਂ ਏਥੇ ਹੀ ਪਏ ਰਹੋ, ਅੱਜ ਕਿਸੇ ਤਰ੍ਹਾਂ ਵੀ ਚਿੰਤਾ ਨਾ ਲਵੋ ॥੨੦॥

ਸਭਿ ਬਿਧਿ ਬਿਲਸਹੁ ਐਸ਼ ਬਿਸਾਲਾ। ਮੈਂ ਸਭਿ ਕਾਰਜ ਲੇਹੁਂ ਸੰਭਾਲਾ।
ਇਮ ਕਹਿਤੇ ਸੰਧਯਾ ਹੁਇ ਆਈ। ਪਸਰਯੋ ਤਿਮਰ ਗਗਨ ਲਿਯ ਛਾਈ ॥੨੧ ॥

ਸਭ ਪ੍ਰਕਾਰ ਪ੍ਰਸੰਨ ਹੋ ਕੇ ਐਸ਼ ਮਨਾਓ, ਮੈਂ ਸਾਰੇ ਕੰਮ ਸੰਭਾਲ ਲਵਾਂਗਾ।" ਇਸ ਤਰ੍ਹਾਂ ਕਹਿੰਦਿਆਂ ਸ਼ਾਮ ਹੋ ਗਈ, ਅਕਾਸ਼ ਤੇ ਸਾਰੇ ਹਨੇਰਾ ਪਸਰ ਗਿਆ ॥੨੧॥

ਤਿਸ ਥਲ ਕਰਿ ਇਕਠੇ ਸਮੁਦਾਇਆ। ਆਪ ਲੈਨਿ ਹਿਤ ਕੈਫ ਸਿਧਾਇਆ।
ਘਰ ਤਿਖਾਨ ਜੀਵਨ ਕੇ ਗਯੋ। ਬੀਸ ਰਜਤਪਣ ਲੇਤਿ ਸੁ ਭਯੋ ॥ ੨੨ ॥

ਉਥੇ ਸਾਰਿਆਂ ਨੂੰ ਇਕੱਠੇ ਕਰਕੇ, ਆਪ ਸ਼ਰਾਬ ਲੈਣ ਵਾਸਤੇ ਚਲਾ ਗਿਆ। ਜੀਵਨ ਤ੍ਰਿਖਾਣ ਦੇ ਘਰ ਗਿਆ ਤੇ ਉਸ ਪਾਸੋਂ ਵੀਹ ਰੁਪਏ ਲੈ ਲਏ ॥੨੨॥

ਬੂਝਯੋ ਸੌਂਡਕ ਸਦਨ ਬਿਸਾਲਾ। ਹਿਤ ਸ਼ਰਾਬ ਕੇ ਤਤਛਿਨ ਚਾਲਾ।
ਮਿਲਯੋ ਜਾਇ ਕਰਿ ਬੋਲਯੋ ਤਾਂਹੀ। 'ਸਾਰ ਬਾਰਨੀ ਹੈ ਤੁਵ ਪਾਹੀ ? ॥੨੩॥

ਫਿਰ ਸ਼ਰਾਬ ਵੇਚਣ ਵਾਲੇ ਦਾ ਘਰ ਪੁਛਿਆ ਤੇ ਸ਼ਰਾਬ ਲੈਣ ਵਾਸਤੇ ਤੁਰਤ ਚਲਾ ਗਿਆ। ਸ਼ਰਾਬ ਵੇਚਣ ਵਾਲੇ ਨੂੰ ਜਾ ਕੇ ਮਿਲਿਆ ਤੇ ਕਿਹਾ, "ਕੀ ਤੇਰੇ ਪਾਸ ਚੰਗੀ ਸ਼ਰਾਬ ਹੈ ? ॥੨੩॥

ਆਛੀ ਦੇਹੁ ਮੋਲ ਬਹੁ ਲੀਜਹਿ। ਅਮਲ ਘਨੋ ਜਿਸ ਥੋਰੀ ਪੀਜਹਿ'।
ਕਹਯੋ 'ਮੋਲ ਡਿਉਢਾ ਮੈਂ ਲੈ ਹੌਂ। ਸਾਰ ਬਾਰਨੀ ਘਰ ਤੇ ਦੈ ਹੌਂ॥ ੨੪॥

ਚੰਗੀ ਸ਼ਰਾਬ ਦੇਵੋ, ਮੁਲ ਬੇਸ਼ਕ ਜ਼ਿਆਦਾ ਲੈ ਲਵੋ, ਥੋੜ੍ਹੀ ਪੀਣ ਨਾਲ ਵੀ ਜਿਸ ਨਾਲ ਜ਼ਿਆਦਾ ਨਸ਼ਾ ਹੋ ਜਾਵੇ।" ਕਲਾਲ ਨੇ ਕਿਹਾ, "ਮੈਂ ਡਿਉਢਾ ਮੁੱਲ ਲਵਾਂਗਾ ਤੇ ਚੰਗੀ ਸ਼ਰਾਬ ਘਰ ਤੋਂ ਦੇਵਾਂਗਾ ॥੨੪॥

ਪੀਜੈ ਅਲਪ ਹੂਜੀਏ ਬੌਰਾ। ਖੋਜਹਿ ਪਾਇ ਨ ਘਰ ਕੋ ਪੌਰਾ।
ਔਰ ਤਰੀਫ ਕਹਾਂ ਕਰਿ ਕਹੈਂ। ਨਿਕਸਹਿ ਮੂਤ੍ਰ ਨਹੀਂ ਸੁਧਿ ਲਹੈਂ' ॥ ੨੫॥

ਥੋੜ੍ਹੀ ਪੀ ਕੇ ਪਾਗਲ ਹੋ ਜਾਉਗੇ ਤੇ ਘਰ ਦਾ ਦਰਵਾਜ਼ਾ ਵੀ ਨਹੀਂ ਲੱਭ ਸਕੋਗੇ, ਹੋਰ ਮੈਂ ਇਸ ਦੀ ਕਿਥੇ ਤੱਕ ਸਿਫਤ ਕਰਾਂ, ਪਿਸ਼ਾਬ ਨਿਕਲ ਜਾਣ ਦੀ ਵੀ ਸੋਝੀ ਨਹੀਂ ਰਹੇਗੀ॥੨੫॥

ਬਿਧੀਆ ਕਹੈ 'ਮੋਲ ਲਿਹੁ ਦੂਨਾ। ਦਿਹੁ ਸ਼ਰਾਬ ਜਿਸ ਅਮਲ ਚਊਨਾ'।
ਇਮ ਕਹਿ ਬੀਸ ਰਜਤਪਣ ਦੀਨਿ। ਸਾਰਬਾਰਨੀ ਘਟ ਭਰਿ ਲੀਨਿ॥੨੬॥

ਬਿਧੀ ਚੰਦ ਨੇ ਕਿਹਾ, "ਦੂਣਾ ਮੁੱਲ ਲੈ ਲਵੋ, ਉਹ ਸ਼ਰਾਬ ਦੇਵੋ ਜਿਸ ਵਿਚ ਚਾਰ ਗੁਣਾ ਨਸ਼ਾ ਹੋਵੇ।" ਇਹ ਕਹਿ ਕੇ ਵੀਹ ਰੁਪਏ ਦਿੱਤੇ ਤੇ ਚੰਗੀ ਸ਼ਰਾਬ ਘੜੇ ਵਿਚ ਭਰ ਲਈ॥੨੬॥

ਨਿਜ ਦਾਸਨ ਕੇ ਸਿਰ ਉਚਵਾਇ। ਬਿਧੀਏ ਸੰਗ ਸੁ ਦਏ ਪਠਾਇ।
ਬੀਤੀ ਜਾਮਨਿ ਘਟਿਕਾ ਚਾਰੀ। ਪਹੁੰਚਯੋ ਨਿਕਟਿ ਜਾਇ ਮਤਿ ਭਾਰੀ॥੨੭॥

ਕਲਾਲ ਨੇ ਆਪਣੇ ਸੇਵਕ ਦੇ ਸਿਰ ਤੇ ਚੁਕਵਾ ਦਿੱਤੀ ਤੇ ਉਸ ਨੂੰ ਬਿਧੀ ਚੰਦ ਦੇ ਨਾਲ ਭੇਜ ਦਿੱਤਾ। ਜਦ ਚਾਰ ਘੜੀਆਂ ਬੀਤ ਗਈਆਂ ਤਾਂ ਵੱਡੀ ਬੁਧੀ ਵਾਲਾ ਆਪਣੇ ਸਾਥੀਆਂ ਪਾਸ ਪਹੁੰਚ ਗਿਆ॥੨੭॥

ਆਗੈ ਦਾਸਨਿ ਕੋ ਸਮੁਦਾਯਾ। ਮਿਲੇ ਸਕਲ ਸਠ ਲਖਹਿਂ ਨ ਮਾਯਾ।
ਥਿਰੇ ਪ੍ਰਤੀਖਤਿ 'ਅਜਹੁੰ ਨ ਆਯੋ'। ਭਏ ਮੁਦਿਤ ਚਿਤ ਜਬਿ ਦਰਸਾਯੋ॥੨੮॥

ਅੱਗੇ ਸਾਰੇ ਘੋੜ-ਸੇਵਕਾਂ ਦਾ ਸਮੂਹ ਮਿਲ ਕੇ ਇਕੱਠਾ ਹੋਇਆ ਸੀ, ਪਰ ਮੂਰਖ ਅਸਲ ਗੱਲ ਨੂੰ ਨਹੀਂ ਸੀ ਜਾਣਦੇ। ਬੈਠੇ ਇੰਤਜ਼ਾਰ ਕਰ ਰਹੇ ਸਨ। "ਹਾਲੇ ਤਕ ਨਹੀਂ ਆਇਆ", ਬਹੁਤ ਪ੍ਰਸੰਨ ਹੋਏ ਜਦ ਉਨ੍ਹਾਂ ਨੇ ਬਿਧੀ ਚੰਦ ਨੂੰ ਵੇਖਿਆ॥੨੮॥

ਫਰਕ ਸਾਥ ਪੰਕਤਿ ਬੈਠਾਈ। ਪਿਖਿ ਬਿਧੀਏ ਸਭਿਹੂੰਨ ਸੁਨਾਈ।
'ਸਾਰਬਾਰਨੀ ਟੋਰਿ ਘਨੇਰੀ। ਮੈਂ ਆਨੀ ਫਿਰਿਕੈ ਬਹੁਤੇਰੀ॥ ੨੯॥

ਥੋੜ੍ਹੀ ਥੋੜ੍ਹੀ ਵਿਥ ਤੇ ਪੰਗਤ ਬੈਠਾਈ ਤੇ ਵੇਖ ਕੇ ਬਿਧੀ ਚੰਦ ਨੇ ਸਭ ਨੂੰ ਸੁਣਾਇਆ, "ਮੈਂ ਬਹੁਤ ਮੁਸ਼ਕਲ ਨਾਲ ਸ਼ਰਾਬ ਲੱਭ ਕੇ ਲਿਆਇਆ ਹਾਂ, ਮੈਂ ਬਹੁਤ ਘਰ ਫਿਰੇ ਹਨ॥੨੯॥

ਸਨੇ ਸਨੇ ਥੋਰੀ ਕਰਿ ਪਾਨ। ਕਰਹੁ ਬਾਰਤਾਲਾਪ ਸੁਜਾਨ।
ਪੰਚ ਰਜਤਪਨ ਇਹ ਅਬਿ ਲਹੀਅਹਿ। ਨੁਕਲ ਅਨਾਵਹੁ ਜੋ ਚਿਤ ਚਹੀਅਹਿ॥੩੦॥

ਹੇ ਚਤੁਰ ਪੁਰਸ਼ੋ! ਹੌਲੀ-ਹੌਲੀ ਥੋੜ੍ਹੀ ਥੋੜ੍ਹੀ ਪੀ ਕੇ, ਸ੍ਰੇਸ਼ਟ ਗੱਲਬਾਤ ਕਰੋ, ਪੰਜ ਰੁਪਏ ਇਹ ਹੁਣ ਲਵੋ, ਜੋ ਵੀ ਚਿਤ ਵਿਚ ਚਾਹੁੰਦੇ ਹੋ ਸ਼ਰਾਬ ਦੇ ਨਾਲ ਖਾਣ ਲਈ ਮੰਗਵਾ ਲਵੋ॥੩੦॥

ਮੈਂ ਭਰਿ ਭਰਿ ਦੇਵੋਂ ਤੁਮ ਪਜਾਲੇ। ਕੀਜਹਿ ਆਜ ਬਿਨੋਦ ਬਿਸਾਲੇ।
ਬਿਛੁਰਹਿ ਯਾਦ ਰਖੋਗੇ ਸਾਰੇ। ਇੱਤਜਾਦਿਕ ਬਚ ਕਹਿ ਕਹਿ ਪਜਾਰੇ॥ ੩੧॥

ਮੈਂ ਤੁਹਾਨੂੰ ਪਿਆਲੇ ਭਰ ਭਰ ਦੇਵਾਂਗਾ, ਅੱਜ ਵਿਸ਼ਾਲ ਅਨੰਦ ਮੰਗਲ ਕਰੋ, ਜਦ ਵਿਛੜਾਂਗੇ ਤਾਂ ਸਾਰੇ ਯਾਦ ਰਖੋਗੇ, ਇੱਤਆਦਿ ਪਿਆਰੇ ਬਚਨ ਕਹੇ॥੩੧॥

ਨੁਕਲ ਘਟੀ ਦੋ ਇਕ ਮਹਿਂ ਆਈ। ਤਨਕ ਤਨਕ ਦੇ ਪ੍ਰਥਮ ਪਿਆਈ।
ਬਤਰਸ ਕੇ ਲਾਲਚ ਤਬਿ ਲਾਏ। ਹੰਕਾਰਤਿ ਕੇਤੇ ਹੁਲਸਾਏ॥ ੩੨॥

ਇਕ ਦੋ ਘੜੀਆਂ ਵਿਚ ਸ਼ਰਾਬ ਦੇ ਨਾਲ ਖਾਣ ਵਾਲਾ ਨੁਕਲ ਵੀ ਆ ਗਿਆ। ਪਹਿਲਾਂ ਥੋੜ੍ਹੀ-ਥੋੜ੍ਹੀ ਦੇ ਕੇ ਪਿਆਈ। ਫਿਰ ਗੱਲਾਂ ਦੇ ਰਸ ਵਿਚ ਲਾਏ, ਕਈ ਹੰਕਾਰ ਕਰਕੇ ਬਹੁਤ ਪ੍ਰਸੰਨ ਹੋਏ॥੩੨॥

ਮਾਦਕ ਚਢਜੋ ਭਭੂਕੇ ਜੈਸਾ। ਕੋ ਬਿਹਸਤਿ, ਕੋ ਬਹਿਸਤਿ ਬੈਸਾ।
ਚਰਬਹਿਂ ਨੁਕਲਨ, ਪੀਵੇਂ ਪਜਾਲੇ। ਭਏ ਗਵਾਰ ਦਾਸ ਮਤਵਾਲੇ॥ ੩੩॥

ਸ਼ਰਾਬ ਅੱਗ ਦੇ ਭਭੂਕੇ ਵਾਂਗ ਚੜ੍ਹ ਗਈ। ਕੋਈ ਮੁਸਕਰਾਉਂਦਾ ਹੈ ਤੇ ਕੋਈ ਬੈਠਾ ਝਗੜਦਾ ਹੈ। ਨੁਕਲ ਖਾਂਦੇ ਸਨ ਤੇ ਪਿਆਲੇ ਪੀ ਜਾਂਦੇ ਸਨ ਤੇ ਸਾਰੇ ਮੂਰਖ ਸੇਵਕ ਨਸ਼ਈ ਹੋ ਗਏ॥੩੩॥

ਡੇਢ ਜਾਮ ਨਿਸ ਜਬੈ ਬਿਤਾਈ। ਕੈਫ ਛੂਟ ਕੀ ਤਬੈ ਪਿਲਾਈ।
ਤਹਿਂ ਕੇ ਹੁਤੇ ਪਾਹਰੂ ਸਬੈ। ਭਰਿ ਕਰਿ ਦੇਨਿ ਲਗਜੋ ਤਿਨ ਜਬੈ॥ ੩੪॥

ਜਦ ਡੇਢ ਪਹਿਰ ਰਾਤ ਬੀਤ ਗਈ, ਤਦ ਤਕ ਖੁਲ੍ਹੀ ਸ਼ਰਾਬ ਪਿਆਈ। ਉਥੇ ਦੇ ਜਿਹੜੇ ਸਾਰੇ ਪਹਿਰੇਦਾਰ ਸਨ ਜਦ ਉਨ੍ਹਾਂ ਨੂੰ ਪਿਆਲੇ ਭਰ ਕੇ ਦੇਣ ਲੱਗੇ॥੩੪॥

ਕਹੈਂ ਬਾਤ 'ਸੁਨਿ ਭ੍ਰਾਤ ਕਸੇਰਾ !। ਪਹਿਰਾ ਦੇਨਿ ਆਜ ਕ੍ਰਿਤ ਤੇਰਾ।
ਹਮ ਤੇ ਜਾਗਜੋ ਜਾਇ ਨ ਕੋਈ। ਦਈ ਸ਼ਰਾਬ ਤ ਸਾਂਭਹ ਸੋਈ'॥ ੩੫॥

ਤਾਂ ਉਨ੍ਹਾਂ ਨੇ ਕਿਹਾ, 'ਹੇ ਭਾਈ ਕਸੇਰੇ! ਸੁਣੋ, ਪਹਿਰਾ ਦੇਣਾ ਅਜ ਤੁਹਾਡਾ ਕੰਮ ਹੈ, ਸਾਥੋਂ ਹੁਣ ਜਾਗਿਆ ਨਹੀਂ ਜਾਣਾ ਹੈ, ਹੁਣ ਸ਼ਰਾਬ ਦਿੱਤੀ ਹੈ ਤਾਂ ਸੰਭਾਲੋ ਵੀ'॥੩੫॥

ਕਹਿ ਬਿਧੀਆ 'ਤਜਿ ਦਿਹੁ ਦੁਚਿਤਾਈ। ਜਾਗੋਂ ਜਾਮਨਿ ਆਜ ਸਬਾਈ।
ਸਾਹੁ ਪ੍ਰਤਾਪ ਆਦਿ ਕੋ ਸਕੈ। ਹੈ ਇਕ ਰਾਜ ਆਨ ਕੋ ਤਕੈ?'॥ ੩੬॥

ਬਿਧੀ ਚੰਦ ਨੇ ਕਿਹਾ, ਚਿੰਤਾ ਛੱਡ ਦੇਵੋ, ਅੱਜ ਸਾਰੀ ਰਾਤ ਮੈਂ ਜਾਗਦਾ ਰਹਾਂਗਾ, ਬਾਦਸ਼ਾਹ ਦੇ ਪ੍ਰਤਾਪ ਨਾਲ ਕੌਣ ਆ ਸਕਦਾ ਹੈ, ਉਸ ਦੇ ਰਾਜ ਵਲ ਹੋਰ ਕੌਣ ਤੱਕ ਸਕਦਾ ਹੈ?॥੩੬॥

ਖਾਤਰ ਜਮਾ ਭਈ ਤਿਨ ਮਨਿ ਕੀ। ਕੀਨਸਿ ਛੂਟ ਸ਼ਰਾਬ ਪਿਯਨ ਕੀ।
ਦਿਯੋ ਕਲੀਦਦਾਰ ਕੋ ਭਰਿ ਕੈ। ਲੇ ਕਰਿ ਕਹਤਿ ਭਯੋ ਹਸ ਕਰਿਕੈ॥ ੩੭॥

ਉਨ੍ਹਾਂ ਦੇ ਮਨ ਦੀ ਤਸੱਲੀ ਹੋ ਗਈ, ਤੇ ਉਨ੍ਹਾਂ ਨੂੰ ਸ਼ਰਾਬ ਪੀਣ ਦੀ ਖੁਲ੍ਹ ਦੇ ਦਿੱਤੀ। ਚਾਬੀਬਰਦਾਰ ਨੂੰ ਭਰ-ਭਰ ਕੇ ਪਿਆਲੇ ਦਿੱਤੇ। ਪਿਆਲੇ ਲੈ ਕੇ ਹੱਸ ਹੱਸ ਕੇ ਕਹਿੰਦੇ ਸਨ॥੩੭॥

'ਸੁਨਹੁ ਕਸੇਰਾ ! ਮੈਂ ਇਸ ਬੇਰਾ। ਕਰੌਂ ਪਾਨ ਇਹੁ ਲਖਿ ਹਿਤ ਤੇਰਾ।
ਮਮ ਕੋਠੇ ਕੀ ਸਭਿ ਤਕਰਾਈ। ਤੋਰ ਹਵਾਲੇ, ਦੇਊਂ ਸੁਨਾਈ॥ ੩੮॥

'ਹੇ ਕਸੇਰੇ! ਸੁਣੋ, ਮੈਂ ਇਸ ਸਮੇਂ ਤੁਹਾਡਾ ਹਿਤ ਵੇਖ ਕੇ ਪੀ ਰਿਹਾ ਹਾਂ। ਮੇਰੇ ਕੋਠੇ ਦੀ ਰਾਖੀ ਦੀ ਪੂਰੀ ਤਕੜਾਈ ਤੁਹਾਡੇ ਹਵਾਲੇ ਹੈ, ਇਹ ਮੈਂ ਤੁਹਾਨੂੰ ਸੁਣਾ ਕੇ ਕਹਿੰਦਾ ਹਾਂ॥੩੮॥

ਜਾਗਤਿ ਰਹਹੁ ਨ ਤੈਂ ਕਰਿ ਪਾਨੂ। ਸਭਿ ਬਿਧਿ ਤੇ ਰਹੀਐ ਸਵਧਾਨੂ।
ਸੁਨਿ ਬਿਧੀਏ ਬਹੁ ਦੀਨਿ ਭਰੋਸਾ। 'ਕਜਾ ਤੁਮ ਕਲਪਤਿ ਹੋ ਅਸ ਦੋਸ਼ਾ॥੩੯॥

ਜਾਗਦੇ ਰਹੋ ਤੇ ਤੁਸੀਂ ਨਾ ਪੀਵੋ ਤੇ ਹਰ ਤਰ੍ਹਾਂ ਨਾਲ ਸਾਵਧਾਨ ਰਹੋ।" ਇਹ ਸੁਣ ਕੇ ਬਿਧੀ ਚੰਦ ਨੇ ਬਹੁਤ ਭਰੋਸਾ ਦਿੱਤਾ, 'ਕੀ ਤੁਸੀਂ ਐਸਾ ਦੋਸ਼ ਕਲਪਿਤ ਕਰਦੇ ਹੋ?॥੩੯॥

ਤਪਹਿ ਪ੍ਰਤਾਪ ਸ਼ਾਹੁ ਕੋ ਭਾਰੀ। ਕੋ ਇਤ ਆਨਿ ਸਕੈ ਮਤਿ ਭਾਰੀ।
ਨਹੀਂ ਗੰਮਤਾ ਖਗ ਕੀ ਆਵਨ। ਧਰਹਿਂ ਤ੍ਰਾਸ ਕੋ ਹੋਹਿਂ ਪਲਾਵਨ॥੪੦॥

ਬਾਦਸ਼ਾਹ ਦਾ ਭਾਰੀ ਪ੍ਰਤਾਪ ਜਗ ਰਿਹਾ ਹੈ, ਕਿਹੜਾ ਭਾਰੀ ਮੂਰਖ ਏਧਰ ਆ ਸਕਦਾ ਹੈ, ਇਥੇ ਤਾਂ ਪੰਛੀ ਵੀ ਪੱਰ ਨਹੀਂ ਮਾਰ ਸਕਦਾ, ਡਰ ਧਾਰਨ ਕਰਕੇ ਭੱਜ ਜਾਵੇਗਾ॥੪੦॥

ਅਰੁ ਮੈਂ ਜਾਗੋਂ ਜਾਮਨਿ ਸਾਰੀ। ਤੁਮ ਸੁਪਤਹੁ ਅਬਿ ਨੀਂਦ ਸੁਖਾਰੀ'।
ਇਮ ਕਹਿ ਸਭਿ ਕੋ ਕਰਿ ਨਿਸ਼ਚਿੰਤ। ਦੇਨਿ ਲਗਜੋ ਬਹੁ ਪਾਤ੍ਰ ਭਰੰਤਿ॥੪੧॥

ਅਤੇ ਮੈਂ ਸਾਰੀ ਰਾਤ ਜਾਗਦਾ ਰਹਾਂਗਾ, ਤੁਸੀਂ ਸਾਰੇ ਹੁਣ ਸੁਖ ਦੀ ਨੀਂਦ ਸੌਵੋਂ'। ਇਸ ਤਰ੍ਹਾਂ ਸਾਰਿਆਂ ਨੂੰ ਚਿੰਤਾ-ਰਹਿਤ ਕਰਕੇ ਸਾਰਿਆਂ ਨੂੰ ਪਿਆਲੇ ਭਰ ਭਰ ਦੇਣ ਲੱਗਾ॥੪੧॥

ਅਲਪ ਬਿਸਾਲ ਬ੍ਰਿੱਧ ਕੈ ਜ੍ਵਾਨ। ਸਭਿਨਿ ਪਿਲਾਈ ਏਕ ਸਮਾਨ।
ਜਬਿ ਪੀਛੇ ਪਜਾਲੇ ਭਰਿ ਦਏ। ਸੁਧਿ ਤਨ ਧਨ ਕੀ ਬਿਸਰਤਿ ਭਏ॥੪੨॥

ਛੋਟਾ ਵੱਡਾ, ਬੁਢਾ ਜਾਂ ਜਵਾਨ, ਸਾਰਿਆਂ ਨੂੰ ਇਕ ਸਮਾਨ ਪਿਲਾਈ। ਜਦ ਪਿਛੋਂ ਪਿਆਲੇ ਭਰ ਕੇ ਦਿੱਤੇ ਤਾਂ ਤਨ ਧਨ ਦੀ ਸੋਝੀ ਵਿਸਰ ਗਈ॥੪੨॥

ਬਾਤਨ ਕਰਤਿ ਗਿਰੇ ਤਬਿ ਐਸੇ। ਜਿਸ ਤੇ ਸੁਧਿ ਬੁਧਿ ਰਹੀ ਨ ਕੈਸੇ।
ਮੁਖ ਬੋਲਨ ਤੇ ਰਹੇ ਬਿਚਾਰੇ। ਪਗੀਆ ਬਸਤ੍ਰ ਉਤਾਰਤਿ ਡਾਰੇ॥੪੩॥

ਗੱਲਾਂ ਕਰਦੇ-ਕਰਦੇ ਫਿਰ ਇਸ ਤਰ੍ਹਾਂ ਡਿੱਗੇ, ਜਿਸ ਨਾਲ ਕਿਸੇ ਪ੍ਰਕਾਰ ਵੀ ਸੁੱਧ ਬੁੱਧ ਨਾ ਰਹੀ। ਮੂੰਹ ਨਾਲ ਬੋਲਣ ਤੋਂ ਵੀ ਰਹਿ ਗਏ, ਪੱਗਾਂ ਤੇ ਕੱਪੜੇ ਉਤਾਰ ਦਿੱਤੇ॥੪੩॥

ਬਾਹੁ ਪਕਰਿ ਬੂਝਤਿ ਸਭਿ ਸੰਗ। ਬੋਲਹਿਂ ਜਬਹਿ ਨ ਰਹਿ ਸੁਧ ਅੰਗ।
ਤੌ ਤਜਿ ਦੇਤਿ 'ਸਰਬ ਸੁਪਤਾਏ। ਨਹਿਂ ਸੁਧਿ ਰਹੀ' ਭਲੇ ਪਤੀਆਏ॥੪੪॥

ਬਾਂਹ ਫੜ ਕੇ ਸਾਰਿਆਂ ਨੂੰ ਪੁੱਛਦਾ ਸੀ, ਜਦ ਬੋਲਦੇ ਨਹੀਂ ਸਨ ਤਾਂ ਬਿਧੀ ਚੰਦ ਸਮਝ ਜਾਂਦਾ ਸੀ ਕਿ ਉਨ੍ਹਾਂ ਦੇ ਅੰਗਾਂ ਵਿਚ ਸੁੱਧ ਬੁੱਧ ਨਹੀਂ ਸੀ ਤਾਂ ਉਸ ਨੂੰ ਛੱਡ ਦਿੰਦਾ ਸੀ, "ਸਾਰੇ ਸੌਂ ਗਏ ਸੀ ਤੇ ਕਿਸੇ ਨੂੰ ਵੀ ਸੋਝੀ ਨਾ ਰਹੀ', ਉਸ ਨੇ ਚੰਗੀ ਤਰ੍ਹਾਂ ਪਰਖ ਲਏ॥੪੪॥

ਸ੍ਰੀ ਹਰਿਗੋਬਿੰਦ ਸਿਮਰਨ ਕਰਿਕੈ। ਬਾਰਿਬਾਰਿ ਧਰ ਪਰ ਸਿਰ ਧਰਿ ਕੈ।
ਭਯੋ ਮੁਦਿਤਿ ਮਨ ਇਸ ਬਿਧਿ ਜਬੈ। ਜਨੁ ਕਾਰਜ ਕਰਿ ਲੀਨਹੁ ਸਬੈ॥੪੫॥

ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਸਿਮਰਨ ਕਰਕੇ ਤੇ ਬਾਰ-ਬਾਰ ਧਰਤੀ ਤੇ ਸਿਰ ਧਰਦਾ ਸੀ। ਫਿਰ ਮਨ ਇਸ ਤਰ੍ਹਾਂ ਪ੍ਰਸੰਨ ਹੋ ਗਿਆ ਮਾਨੋਂ ਸਾਰੇ ਕਾਰਜ ਕਰ ਲਏ ਹਨ॥੪੫॥

ਸਾਵਧਾਨ ਹੁਇ ਸਭਿ ਕੋ ਛੋਰਾ। ਚਿਤ ਮਹਿਂ ਚਹਜੋ ਲੇਨਿ ਹਿਤ ਘੋਰਾ।
ਇਤ ਉਤ ਫਿਰ ਕਰਿ ਦੁਰਗ ਨਿਹਾਰਾ। ਦੂਰ ਪਾਹਰੂ ਕਰਤਿ ਪੁਕਾਰਾ॥੪੬॥

ਸਾਵਧਾਨ ਹੋ ਕੇ ਸਭ ਨੂੰ ਛੱਡ ਦਿੱਤਾ। ਆਪਣੇ ਚਿਤ ਵਿਚ ਘੋੜਾ ਲੈਣਾ ਚਾਹੁੰਦਾ ਸੀ। ਏਧਰ ਓਧਰ ਫਿਰ ਕੇ ਕਿਲ੍ਹਾ ਵੇਖਿਆ, ਦੂਰ ਪਹਿਰੇਦਾਰ ਪੁਕਾਰ ਕਰ ਰਹੇ ਸਨ॥੪੬॥

*ਸੱਤਵੀਂ ਰਾਸ ਦਾ ਤੀਹਵਾਂ ਅਧਿਆਇ ਸਮਾਪਤ ਹੋਇਆ॥ ੩੦॥*

# ਅਧਿਆਇ ਇਕੱਤੀਵਾਂ

*ਪਹਿਲਾ ਘੋੜਾ ਦਿਲਬਾਗ*

ਦੋਹਰਾ-ਪਟ ਕਟ ਸੋਂ ਕਸ ਕਰਿ ਤਬਹਿ ਪਰੀਆ ਭਲੇ ਸੁਧਾਰਿ।
ਆਰੇ ਮਹਿਂ ਤਾਰੀ ਧਰੀ, ਗਮਨਜੋ ਦਾਵ ਬਿਚਾਰਿ॥ ੧॥

ਵਸਤਰਾਂ ਨੂੰ ਕਮਰਕਸੇ ਨਾਲ ਬੰਨ੍ਹ ਕੇ ਆਪਣੀ ਪਗੜੀ ਸੁਧਾਰੀ ਤੇ ਭਲੀ ਪ੍ਰਕਾਰ ਬੰਨ੍ਹੀ, ਫਿਰ ਦਾਅ ਵਿਚਾਰ ਕੇ ਆਲੇ ਵਿਚੋਂ ਚਾਬੀ ਲੈਣ ਵਾਸਤੇ ਗਿਆ॥੧॥

ਚੌਪਈ- ਡਾਰਜੋ ਜਹਾਂ ਪ੍ਰਥਮ ਹੀ ਹਾਥ। ਗੁਰ ਰਜ਼ਾਇ ਲਾਗੀ ਕਰ ਸਾਥ।
ਲੇ ਕਰਿ ਕੁਲਫ ਤੁਰਤ ਹੀ ਛੋਰਾ। ਜਾਨਹਿਂ ਜ਼ੀਨ ਧਰੈਂ ਜਿਸ ਓਰਾ॥੨॥

ਪਹਿਲੀ ਵਾਰ ਹੀ ਹੱਥ ਪਾਉਣ ਨਾਲ ਗੁਰੂ ਜੀ ਦੀ ਰਜ਼ਾ ਨਾਲ ਚਾਬੀ ਉਸ ਦੇ ਹੱਥ ਨੂੰ ਲੱਗ ਗਈ। ਚਾਬੀ ਲੈ ਕੇ ਤੁਰਤ ਤਾਲਾ ਖੋਲ੍ਹਿਆ, ਜਾਣਦਾ ਸੀ ਜਿਸ ਪਾਸੇ ਕਾਠੀ ਰੱਖੀ ਸੀ॥੨॥

ਕਰਤਿ ਸ਼ੀਘ੍ਰ ਹੀ ਲੀਨਿ ਉਠਾਇ। ਹਯ ਦਿਲਬਾਗ ਨਿਕਟਿ ਤਬਿ ਜਾਇ।
ਰੇਸ਼ਮ ਡੋਰਹਿਂ ਛੋਰਨ ਕਰੀ। ਦੇਤਿ ਦਿਲਾਸੋ ਧੀਰਜ ਧਰੀ॥ ੩॥

ਸ਼ੀਘਰਤਾ ਨਾਲ ਤੁਰਤ ਕਾਠੀ ਚੁੱਕ ਲਈ, ਫਿਰ ਘੋੜੇ ਦਿਲਬਾਗ ਦੇ ਪਾਸ ਗਿਆ। ਰੇਸ਼ਮ ਦਾ ਰੱਸਾ ਖੋਲ੍ਹਿਆ, ਦਿਲਾਸਾ ਦੇ ਕੇ ਉਸ ਨੂੰ ਧੀਰਜ ਦਿੱਤਾ॥੩॥

ਤਤਛਿਨ ਕਵਿਕਾ ਮੁਖ ਪਹਿਰਾਈ। ਗਹਿ ਗ੍ਰੀਵਾ ਪਰ ਬਾਗ ਟਿਕਾਈ।
ਤਾਹਰੂ ਡਾਰਿ, ਜ਼ੀਨ ਕਰ ਲੀਨਿ। ਪੀਠ ਤੁਰੰਗਮ ਕੀ ਧਰਿ ਦੀਨਿ॥ ੪॥

ਤੁਰਤ ਲਗਾਮ ਉਸ ਦੇ ਮੂੰਹ ਨੂੰ ਪਹਿਨਾਈ ਤੇ ਧੌਣ ਤੇ ਵਾਗਾ ਟਿਕਾ ਦਿੱਤੀਆਂ। ਘੋੜੇ ਤੇ ਤਾਹਰੂ ਪਾ ਕੇ ਕਾਠੀ ਨੂੰ ਹੱਥ ਵਿਚ ਫੜਿਆ ਤੇ ਘੋੜੇ ਦੀ ਪਿੱਠ ਤੇ ਧਰ ਦਿੱਤੀ॥੪॥

ਹੁਤੋ ਪਟੰਬਰ ਕੋ ਮ੍ਰਿਦੁ ਤੰਗ। ਖੈਂਚ ਡਾਰਿ ਖ਼ੈਚੰਜੋ ਬਲ ਸੰਗ।
ਚਾਂਮੀਕਰ ਰਕਾਬ ਨਗ ਜਰੀ। ਦੋਨਹੁਂ ਦਿਸ਼ਿ ਲਰਕਾਵਨ ਕਰੀ॥ ੫॥

ਘੋੜੇ ਦੀ ਕਾਠੀ ਦਾ ਤੰਗ ਬੜਾ ਕੋਮਲ ਸੀ, ਉਸ ਨੂੰ ਬੜੇ ਜ਼ੋਰ ਨਾਲ ਖਿੱਚ ਕੇ ਕੱਸਿਆ। ਚਾਂਦੀ ਦੀਆਂ ਰਕਾਬਾਂ ਨਗਾਂ ਨਾਲ ਜੜੀਆਂ ਸਨ, ਉਨ੍ਹਾਂ ਨੂੰ ਦੋਵੇਂ ਪਾਸੇ ਲਮਕਾ ਦਿੱਤਾ॥੫॥

ਦੁਮਚੀ ਦੁਮਚੀ ਮਹਿਂ ਪਹਿਰਾਈ। ਚਰਨ ਪਿਛਾਰੀ ਤੁਰਤ ਛੁਰਾਈ।
ਧਰਿ ਗੁਰ ਧ੍ਯਾਨ ਸਿਮਰਿ ਸਤਿਨਾਮੂ। 'ਕਰਹੁ ਸਪੂਰਨ ਅਪਨੋ ਕਾਮੂ॥ ੬ ॥

ਦੁਮਚੀ ਨੂੰ ਘੋੜੇ ਦੀ ਦੁੰਮ ਵਿਚ ਪਹਿਨਾ ਦਿੱਤਾ ਤੇ ਘੋੜੇ ਦੇ ਪਿਛਲੇ ਪੈਰ, ਜਿਹੜੇ ਬੱਧੇ ਹੋਏ ਸਨ, ਤੁਰਤ ਖੋਲ੍ਹ ਦਿੱਤੇ। ਗੁਰੂ ਜੀ ਵੱਲ ਧਿਆਨ ਧਾਰਨ ਕਰਕੇ ਸਤਿਨਾਮ ਦਾ ਸਿਮਰਨ ਕੀਤਾ ਤੇ ਬੇਨਤੀ ਕੀਤੀ, "ਹੇ ਗੁਰੂ ਜੀ! ਆਪਣਾ ਕੰਮ ਸੰਪੂਰਣ ਕਰਵਾਓ॥੬॥

ਹੋਤਿ ਬਿਅਦਬੀ ਮੋਤੇ ਜੋਇ। ਦਿਹੁਂ ਤਨਖਾਹ ਬੰਦਿ ਕਰ ਦੋਇ।
ਪੰਚ ਰਜਤਪਣ ਕੋ ਪੰਚਾਂਮ੍ਰਿਤ। ਅਰਪੋਂ ਮੈਂ ਬਖਸ਼ਾਵਨ ਕੇ ਹਿਤ॥ ੭ ॥

ਜਿਹੜੀ ਮੈਥੋਂ ਬੇਅਦਬੀ ਹੋਈ ਹੈ (ਭਾਵ ਘੋੜੇ ਤੇ ਗੁਰੂ ਜੀ ਦੇ ਸਵਾਰ ਹੋਣ ਤੋਂ ਪਹਿਲਾਂ ਮੈਂ ਸਵਾਰ ਹੋਣ ਲੱਗਾ ਹਾਂ, ਇਹ ਬੇਅਦਬੀ ਹੈ) ਮੈਂ ਦੋਵੇਂ ਹੱਥ ਜੋੜ ਜੁਰਮਾਨਾ ਦੇਵਾਂਗਾ, ਤੇ ਸਜ਼ਾ ਬਖਸ਼ਾਉਣ ਵਾਸਤੇ ਮੈਂ ਪੰਜਾਂ ਰੁਪਈਆਂ ਦਾ ਕੜਾਹ ਪ੍ਰਸ਼ਾਦ ਅਰਪਣ ਕਰਾਂਗਾ॥੭॥

ਗੁਰ ਹਯ ਪਰ ਮੈਂ ਪੂਰਬ ਚਰਿਹੋਂ। ਕਾਜ ਸਰੈ ਨਹਿਂ ਯਾਂਤੇ ਕਰਿ ਹੋਂ।
ਦਈ ਪ੍ਰਦਛਨਾ ਫਿਰ ਚਹੁਂ ਆਸਾ। ਬੰਦਤਿ ਭਯੋ ਚਰਨ ਕੇ ਪਾਸਾ॥ ੮ ॥

ਗੁਰੂ ਜੀ ਦੇ ਘੋੜੇ 'ਤੇ ਮੈਂ ਪਹਿਲਾ ਸਵਾਰ ਹੋ ਰਿਹਾ ਹਾਂ, ਇਸ ਬਗੈਰ ਕੰਮ ਨਹੀਂ ਸਰਦਾ ਹੈ, ਇਸ ਕਰਕੇ ਕਰ ਰਿਹਾ ਹਾਂ।" ਫਿਰ ਚਾਰੇ ਪਾਸੇ ਪਰਿਕਰਮਾਂ ਕਰਕੇ ਚਰਨਾਂ ਦੇ ਪਾਸ ਬੰਦਨਾ ਕੀਤੀ॥੮॥

ਲੇ ਸਤਿਨਾਮ ਤੁਰੰਗ ਅਰੂੜਾ। ਹੁਤੋ ਜ਼ੀਨ ਮਹਿਂ ਚਾਬੁਕ ਰੂੜਾ।
ਕੰਚਨ ਦੰਡ ਜਵਾਹਰ ਜਰਿਓ। ਸੋ ਬਿਧੀਏ ਕਰ ਧਾਰਨ ਕਰਿਓ॥ ੯ ॥

ਸਤਿਨਾਮ ਦਾ ਨਾਂ ਲੈ ਕੇ ਘੋੜੇ ਤੇ ਚੜ੍ਹ ਗਿਆ, ਕਾਠੀ ਵਿਚ ਬੜਾ ਸੁੰਦਰ ਚਾਬਕ ਟੰਗਿਆ ਸੀ, ਜਿਹੜਾ ਇਕ ਸੋਨੇ ਦੇ ਡੰਡੇ ਦੇ ਰੂਪ ਵਿਚ ਸੀ, ਹੀਰੇ ਜਵਾਹਰਾਂ ਨਾਲ ਜੜਿਆ ਹੋਇਆ ਸੀ॥੯॥

ਇਤ ਉਤ ਕੁਛ ਫੇਰਯੋ ਤਬਿ ਘੋਰਾ। ਤੁੰਦ ਬਿਸਾਲ ਕੀਨਿ ਬਡ ਜੋਰਾ।
ਦੁਰਗ ਕੰਧ ਜੋ ਹੁਤੀ ਟਪਾਵਨ। ਤਿਸ ਕੇ ਕਰਿ ਸਨਮੁਖ ਚਲਿ ਜਾਵਨ॥੧੦॥

ਤਦ ਘੋੜੇ ਨੂੰ ਏਧਰ ਓਧਰ ਫੇਰਿਆ, ਜਿਹੜਾ ਬਹੁਤ ਫੁਰਤੀਲਾ ਸੀ, ਉਸ ਨੂੰ ਸ਼ਕਤੀਸ਼ਾਲੀ ਬਣਾਇਆ। ਕਿਲ੍ਹੇ ਦੀ ਜਿਸ ਕੰਧ ਨੂੰ ਟਪਾਉਣਾ ਸੀ, ਉਸ ਦੇ ਸਾਹਮਣੇ ਚਲੇ ਗਿਆ॥੧੦॥

ਏਕ ਹਾਥ ਚਾਬੁਕ ਕੋ ਮਾਰਾ। ਰਿਸ ਤੁਰੰਗ ਤਨ ਓਜ ਸੰਭਾਰਾ।
ਜਿਸ ਕੋ ਫੂਲ ਛਰੀ ਨਹਿਂ ਲਾਈ। ਲਗਤਿ ਉਠਯੋ, ਕਰ ਬਾਗ ਉਠਾਈ॥੧੧॥

ਇਕ ਹੱਥ ਨਾਲ ਘੋੜੇ ਨੂੰ ਚਾਬਕ ਮਾਰਿਆ, ਘੋੜੇ ਨੇ ਆਪਣੀ ਸਰੀਰਕ ਸ਼ਕਤੀ ਨੂੰ ਸੰਭਾਲਿਆ। ਜਿਸ ਨੂੰ ਕਦੀ ਫੁਲ ਦੀ ਛਟੀ ਵੀ ਨਹੀਂ ਸੀ ਲੱਗੀ, ਚਾਬੁਕ ਲਗਦਿਆਂ ਹੀ ਚਮਕ ਉਠਿਆ ਤੇ ਬਿਧੀ ਚੰਦ ਨੇ ਦੂਸਰੇ ਹੱਥ ਨਾਲ ਵਾਗ ਨੂੰ ਉਪਰ ਚੁਕਿਆ॥੧੧॥

ਇਕ ਦੁਇ ਛਾਲ ਕੰਧ ਲਗਿ ਕੀਨਿ। ਰਿਸ ਤੇ ਊਚੀ ਕਛੂ ਨ ਚੀਨਿ।
ਚਾਰਹੁਂ ਚਰਨ ਉਚਾਇ ਉਚੇਰੇ। ਭਯੋ ਕੰਧ ਤੇ ਊਚ ਬਡੇਰੇ॥ ੧੨ ॥

ਇਕ ਦੋ ਛਾਲਾਂ ਕੰਧ ਲਾਗੇ ਮਾਰੀਆਂ, ਬੜੇ ਗੁੱਸੇ ਵਿਚ ਹੋਣ ਕਰਕੇ, ਉਸ ਕੰਧ ਨੂੰ ਬਹੁਤੀ ਉੱਚੀ ਨਾ ਜਾਣਿਆ। ਚਾਰੇ ਪੈਰ ਬਹੁਤ ਉੱਚੇ ਚੁੱਕੇ ਤੇ ਕੰਧ ਤੋਂ ਬਹੁਤ ਉੱਚਾ ਹੋ ਗਿਆ॥੧੨॥

ਸਟਕਾਰੀ ਦੁਮਚੀ ਭਰਮਾਈ। ਸਰਿਤਾ ਬਿਖੈ ਪਰਜੋ ਤਬਿ ਜਾਈ।
ਹੁਤੋ ਗੰਭੀਰ ਨੀਰ ਤਿਸ ਥਾਨ। ਭੀਗਯੋ ਏਕ ਬਾਰ ਬਲਵਾਨ॥ ੧੩॥

ਆਪਣੀ ਗਰਦਨ ਦੇ ਵਾਲਾਂ ਨੂੰ ਝਾੜਿਆ ਤੇ ਨਦੀ ਵਿਚ ਜਾ ਪਿਆ। ਉਸ ਥਾਂ ਪਾਣੀ ਬਹੁਤ ਡੂੰਘਾ ਸੀ, ਇਕ ਵਾਰ ਬਲਵਾਨ ਘੋੜਾ ਭਿੱਜ ਗਿਆ॥੧੩॥

ਹਯ ਅਰੂਢਬੇ ਮਹਿਂ ਮਤਿ ਮਹਾਂ। ਵਾਗ ਉਸਾਰਿ ਸੰਭਰਯੋ ਤਹਾਂ।
ਜ਼ਾਨੂ ਲਗਿ ਜਲ ਕਰਿ ਕੈ ਤਰਯੋ। ਭਯੋ ਪਾਰ ਬਲ ਤਨ ਸੰਭਾਰਯੋ॥ ੧੪॥

ਬਿੱਧੀ ਚੰਦ ਜਿਹੜਾ ਘੋੜ-ਸਵਾਰੀ ਵਿਚ ਮਹਾਨ ਚਤੁਰ ਸੀ, ਉਸ ਨੇ ਉਥੇ ਵਾਗ ਉਭਾਰ ਕੇ ਘੋੜੇ ਨੂੰ ਸੰਭਾਲਿਆ। ਕਾਠੀ ਤਕ ਜਲ ਕਰਕੇ ਤਰਿਆ, ਦਰਿਆ ਪਾਰ ਕਰਕੇ ਆਪਣੇ ਸਰੀਰ ਨੂੰ ਸੰਭਾਲਿਆ॥੧੪॥

ਜਬਿਹੂੰ ਛਾਰ ਬਾਰ ਮੈਂ ਮਾਰੀ। ਉਛਰਯੋ ਬਡੇ ਬੇਗ ਤੇ ਬਾਰੀ।
ਸ਼ਬਦ ਬਿਲੰਦ ਭਯੋ ਤਬਿ ਐਸੇ। ਜਰ ਖਰ ਗਿਰਹਿ ਅਟਾਰੀ ਜੈਸੇ॥ ੧੫॥

ਜਦ ਪਾਣੀ ਵਿਚ ਛਾਲ ਮਾਰੀ ਸੀ ਤਾਂ ਬੜੇ ਜ਼ੋਰ ਨਾਲ ਪਾਣੀ ਉਛਲਿਆ ਸੀ, ਬੜੀ ਉੱਚੀ ਦਿੱਤੀ ਐਸਾ ਖੜਾਕ ਹੋਇਆ ਮਾਨੋ ਨੀਂਹ ਦੇ ਖੁਰ ਜਾਣ ਨਾਲ ਚੁਬਾਰਾ ਡਿੱਗ ਪਵੇ॥੧੫॥

ਹੁਤੇ ਪਾਹਰੂ ਜਾਗਤਿ ਜੋਈ। ਨਿਤ ਜਲ ਜੰਤੁ ਬਿਚਾਰਹਿ ਤੇਈ।
ਸੁਨਿ ਕੈ ਨਾਦ ਤੂਸ਼ਨੀ ਰਹੇ। ਕਛੁ ਨਹਿਂ ਲਹੇ ਨ ਬਚ ਮੁਖ ਕਹੇ॥ ੧੬॥

ਜਿਹੜੇ ਪਹਿਰੇਦਾਰ ਜਾਗਦੇ ਸਨ, ਉਨ੍ਹਾਂ ਨਿਤ ਵਾਂਗ ਕਿਸੇ ਜਲ ਜੀਵ ਵਲੋਂ ਕੀਤਾ ਖੜਾਕ ਹੀ ਸਮਝਿਆ। ਖੜਾਕ ਸੁਣ ਕੇ ਵੀ ਚੁੱਪ ਹੀ ਰਹੇ, ਕੁਝ ਨਾ ਸਮਝੇ ਤੇ ਨਾ ਹੀ ਮੁੱਖ ਤੋਂ ਕੋਈ ਬਚਨ ਕਹੇ॥੧੬॥

ਬਿਧੀਚੰਦ ਬਡ ਸੁਮਤਿ ਪ੍ਰਬੀਨਾ। ਤਟ ਥਿਰ ਤੁਰੰਗ ਦਿਲਾਸੋ ਦੀਨਾ।
ਗ੍ਰੀਵਾ ਪਰ ਧਰਿ ਧਰਿ ਕਰਿ ਹਾਥ। ਹੁਤੋ ਤੇਜ ਕਰਿ ਧੀਰਜ ਸਾਥ॥ ੧੭॥

ਭਾਈ ਬਿਧੀਚੰਦ ਵੱਡੀ ਸ੍ਰੇਸ਼ਟ ਬੁੱਧੀ ਵਾਲਾ ਚਤੁਰ ਵਿਅਕਤੀ ਸੀ, ਦਰਿਆ ਦੇ ਕਿਨਾਰੇ ਖੜਾ ਹੋ ਕੇ ਉਸ ਘੋੜੇ ਨੂੰ ਦਿਲਾਸਾ ਦਿੱਤਾ। ਘੋੜੇ ਦੀ ਧੌਣ ਤੇ ਹੱਥ ਧਰ ਧਰ ਕੇ, ਜਿਹੜਾ ਬੜਾ ਜੋਸ਼ੀਲਾ ਸੀ, ਉਸ ਨੂੰ ਧੀਰਜ ਸਹਿਤ ਕੀਤਾ॥੧੭॥

ਨਿਤ ਦਿਨ ਮਹਿਂ ਪਿਖਿ ਘਾਤ ਬਿਚਾਰਤਿ। ਕੰਧ ਨਦੀ ਪਿਖਿ ਪੰਥ ਨਿਹਾਰਤਿ।
ਸੋ ਸਭਿ ਕਰਿ ਨਿਰਨੈ ਮਗ ਚਾਲਾ। ਗੁਰ ਸਨਮੁਖ ਮੁਖ ਕਰਿ ਤਿਸ ਕਾਲਾ॥੧੮॥

ਸਦਾ ਦਿਨ ਵੇਲੇ ਵੇਖ ਕੇ ਨਿਕਲਣ ਦੇ ਦਾਅ-ਪੇਚ ਵਿਚਾਰਦਾ ਰਹਿੰਦਾ ਸੀ, ਦੀਵਾਰ ਅਤੇ ਨਦੀ ਨੂੰ ਵੇਖ ਨਿਕਲਣ ਦਾ ਰਾਹ ਵੇਖਦਾ ਸੀ। ਇਸ ਲਈ ਸਭ ਨਿਰਣੇ ਕਰਕੇ ਰਸਤੇ ਰਸਤੇ ਚਲ ਪਿਆ, ਉਸ ਸਮੇਂ ਉਸ ਨੇ ਆਪਣਾ ਮੂੰਹ ਗੁਰੂ ਜੀ ਵੱਲ ਕੀਤਾ॥੧੮॥

ਅਧਿਕ ਅਨੰਦਤਿ ਸੁਮਤਿ ਬਿਲੰਦ। ਚਲਹਿ ਤੁਰੰਗ ਪੌਨ ਮਾਨਿੰਦ।
ਸਤਿਗੁਰ ਸ਼ਬਦ ਬਦਨ ਤੇ ਗਾਵੈ। ਭਾ ਪ੍ਰਮੋਦ ਸੋ ਰਿਦੇ ਨ ਮਾਵੈ॥ ੧੯॥

ਸ੍ਰੇਸ਼ਟ ਮਹਾਨ ਬੁੱਧੀ ਵਾਲਾ ਬਹੁਤ ਪ੍ਰਸੰਨ ਸੀ, ਘੋੜਾ ਹਵਾ ਵਾਂਗ ਚਲ ਰਿਹਾ ਸੀ। ਘੋੜੇ ਤੇ ਸਵਾਰ ਗੁਰੂ ਜੀ ਦੇ ਸ਼ਬਦ ਗਾਉਂਦਾ ਸੀ, ਬਹੁਤ ਪ੍ਰਸੰਨ ਹੋਣ ਕਰਕੇ ਹਿਰਦੇ ਵਿਚ ਸਮਾਉਂਦਾ ਨਹੀਂ ਸੀ॥੧੯॥

*ਸ੍ਰੀ ਮੁਖਵਾਕ॥*

*ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥ ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ॥ ੧॥*

*(ਪੰਨਾ ੩੯੪)*

ਇੱਤਜਾਦਿਕ ਤੁਕ ਗਾਵਤਿ ਆਵੈ। ਹਯ ਕੀ ਪੀਠ ਚਢਨਿ ਸੁਖ ਪਾਵੈ।
ਇਮ ਬਡ ਬਲ ਤੇ ਗਮਨਜੋ ਘੋਰਾ। ਨਹਿੰ ਬਿਧੀਏ ਤਨ ਹਾਲਹਿ ਥੋਰਾ॥੨੦॥

ਇਤਿਆਦਿ ਤੁਕਾਂ ਗਾਉਂਦਾ ਆਉਂਦਾ ਸੀ, ਘੋੜੇ ਦੀ ਪਿੱਠ ਤੇ ਚੜ੍ਹ ਕੇ ਸੁਖ ਪਾ ਰਿਹਾ ਸੀ। ਇਸ ਤਰ੍ਹਾਂ ਵੱਡੀ ਸ਼ਕਤੀ ਨਾਲ ਘੋੜਾ ਚਲਿਆ ਕਿ ਬਿਧੀ ਚੰਦ ਦਾ ਸਰੀਰ ਥੋੜ੍ਹਾ ਵੀ ਨਾ ਹਿਲਿਆ॥੨੦॥

ਉਦਯੋ ਚੰਦ ਜੁਗ ਘਟਿਕਾ ਪਾਛੇ। ਦੀਖਨ ਲਗਯੋ ਪੰਥ ਸਭਿ ਆਛੇ।
ਦੇਤਿ ਦਿਲਾਸਾ ਮਾਰਗ ਚਾਲਹਿ। ਭੂਲਨ ਤੇ ਨਭ ਉਡੀਨ ਸੰਭਾਲਹਿ॥੨੧॥

ਦੋ ਘੜੀਆਂ ਬਾਅਦ ਚੰਦ ਚੜ੍ਹ ਪਿਆ ਤੇ ਰਾਹ ਚੰਗੀ ਤਰ੍ਹਾਂ ਦਿੱਸਣ ਲੱਗ ਪਿਆ। ਘੋੜੇ ਨੂੰ ਦਿਲਾਸਾ ਦਿੰਦਿਆਂ ਰਾਹੇ-ਰਾਹ ਜਾ ਰਹੇ ਸਨ, ਰਸਤਾ ਭੁੱਲ ਨਾ ਜਾਵੇ ਇਸ ਕਰਕੇ ਆਕਾਸ਼ ਦੇ ਤਾਰੇ ਪਰਖ ਕੇ ਰਸਤਾ ਤੇ ਸਮਾਂ ਪਛਾਣਦਾ ਸੀ॥੨੧॥

ਗ੍ਰਾਮ ਕਿ ਨਗਰੀ ਆਇ ਅਗਾਰੀ। ਨਹੀਂ ਪ੍ਰਵੇਸ਼ਹਿ ਕਿਸੂ ਮਝਾਰੀ।
ਵਹਿਰ ਵਹਿਰ ਹੀ ਮਾਰਗ ਚਲੇ। ਆਇ ਨਦੀ ਜਹਿੰ ਦੋਨੋ ਮਿਲੇ॥੨੨॥

ਜੇ ਅੱਗੇ ਕੋਈ ਪਿੰਡ ਜਾਂ ਨਗਰੀ ਆ ਜਾਂਦੀ ਸੀ, ਤਾਂ ਉਸ ਅੰਦਰ ਦਾਖਲ ਨਹੀਂ ਸੀ ਹੁੰਦੇ, ਬਾਹਰ ਬਾਹਰ ਦੇ ਰਸਤੇ ਜਾਂਦੇ ਸਨ। ਰਸਤੇ ਵਿਚ ਦੋ ਨਦੀਆਂ ਸਤਲੁਜ ਤੇ ਬਿਆਸ ਆਈਆਂ॥੨੨॥

ਦੇਖਿ ਘਾਟ ਕੋ ਠੇਲਯੋ ਬਾਰੀ। ਜ਼ੀਨ ਸੁਸ਼ਕ ਰਖਿ ਹੋਯੋ ਪਾਰੀ।
ਆਯੁਤ ਛਾਤੀ ਲਗਿ ਜਲ ਛੁਯੋ। ਸੂਕੋ ਰਾਖ ਤੀਰ ਪਰ ਗਯੋ॥੨੩॥

ਘਾਟ ਨੂੰ ਵੇਖ ਕੇ ਘੋੜੇ ਨੂੰ ਜਲ ਵਿਚ ਠੇਲ੍ਹ ਦਿੱਤਾ, ਕਾਠੀ ਨੂੰ ਸੁੱਕਾ ਰੱਖ ਕੇ ਘੋੜਾ ਪਾਰ ਹੋ ਗਿਆ। ਛਾਤੀ ਤਕ ਜਲ ਛੂਹਿਆ ਤੇ ਸੁੱਕਾ ਰੱਖ ਕੇ ਹੀ ਪਾਰਲੇ ਕਿਨਾਰੇ ਤੇ ਚਲੇ ਗਏ॥੨੩॥

ਬਾਂਧਿ ਬ੍ਰਿੱਛ ਸੋਂ ਮੱਜਨ ਕਰਯੋ। ਧਰਿ ਗੁਰ ਧਯਾਨ ਹਯ ਊਪਰ ਚਰਯੋ।
ਬਲ ਤੇ ਜਲ ਥਲ ਮਹਿੰ ਤੁਲ ਚਾਲਹਿ। ਸੁਖ ਅਸੁਵਾਰੀ ਕਰਤਿ ਨ ਹਾਲਹਿ॥੨੪॥

ਘੋੜੇ ਨੂੰ ਬ੍ਰਿੱਛ ਨਾਲ ਬੰਨ੍ਹ ਕੇ ਇਸ਼ਨਾਨ ਕੀਤਾ ਤੇ ਫਿਰ ਗੁਰੂ ਜੀ ਦਾ ਧਿਆਨ ਧਰ ਕੇ ਘੋੜੇ ਉਪਰ ਚੜ੍ਹ ਗਿਆ। ਸ਼ਕਤੀਸ਼ਾਲੀ ਹੋਣ ਕਰਕੇ ਜਲ ਤੇ ਥਲ ਵਿਚ ਇਕੋ ਜਿਹਾ ਚਲਦਾ ਸੀ। ਸੁੱਖ ਦੀ ਸਵਾਰੀ ਕਰ ਰਿਹਾ ਸੀ ਤੇ ਹਿਲ ਨਹੀਂ ਸੀ ਰਿਹਾ॥੨੪॥

ਬਡੇ ਬੇਗ ਤੇ ਗਮਨਹਿ ਘਨੋ। ਗਗਨ ਬਿਮਾਨ ਪਯਾਨਤਿ ਮਨੋ।
ਧਯਾਨ ਗੁਰੂ ਕੋ ਧਾਰਤਿ ਮਨ ਮੈਂ। ਕਾਰਜ ਬਨਯੋ ਅਲਪ ਹੀ ਦਿਨ ਮੈਂ॥੨੫॥

ਬੜੀ ਤੇਜ਼ੀ ਨਾਲ ਬਹੁਤ ਦੂਰ ਚਲੇ ਗਏ, ਮਾਨੋ ਗਗਨ ਵਿਚ ਵਿਮਾਨ ਉਡ ਰਿਹਾ ਹੋਵੇ। ਮਨ ਵਿਚ ਗੁਰੂ ਜੀ ਦਾ ਧਿਆਨ ਧਾਰਨ ਕਰਦਾ ਸੀ, ਕੁਝ ਹੀ ਦਿਨਾਂ ਵਿਚ ਕਾਰਜ ਬਣ ਗਿਆ ਸੀ॥੨੫॥

ਬਿਧੀਚੰਦ ਕੋ ਦੇਤਿ ਅਨੰਦ। ਨਹਿਨ ਹੋਨਿ ਦੇ ਤੁੰਦ ਬਿਲੰਦ।
ਪਹਿਲੇ ਦਿਨ ਮਹਿੰ ਮਜਲ ਬਿਸਾਲਾ। ਇਕ ਥਲ ਖਰੇ ਬਿਤਾ ਚਿਰ ਕਾਲਾ॥੨੬॥

ਘੋੜਾ ਬਿਧੀ ਚੰਦ ਨੂੰ ਬੜਾ ਅਨੰਦ ਦੇ ਰਿਹਾ ਸੀ, ਹੌਲੀ ਨਹੀਂ ਸੀ ਹੋਣ ਦਿੰਦਾ, ਬਹੁਤ ਫੁਰਤੀਲਾ ਸੀ। ਪਹਿਲੇ ਦਿਨ ਵਿਚ ਲੰਮੀ ਮੰਜ਼ਿਲ ਪੂਰੀ ਕਰ ਲਈ। ਇਕ ਥਾਂ ਖੜੇ ਰਹਿ ਕੇ ਘੋੜੇ ਨੇ ਕਾਫੀ ਸਮਾਂ ਬਤੀਤ ਕੀਤਾ ਸੀ॥੨੬॥

ਹੋਇ ਨ ਅਸ, ਅਸੁ ਹੁਸ ਨਹਿੰ ਜਾਇ। ਗੁਰ ਢਿਗ ਏਕ ਬਾਰ ਪਹੁੰਚਾਇ।
ਧੀਰਾ ਕਰਤੇ ਦੇਤਿ ਦਿਲਾਸਾ। ਚਢਿਬੇ ਮਹਿੰ ਚਾਤੁਰ ਮਤਿ ਰਾਸਾ॥੨੭॥

ਐਸਾ ਨਾ ਹੋਵੇ ਕਿ ਘੋੜਾ ਘਬਰਾ ਜਾਵੇ, ਇਕ ਵਾਰ ਗੁਰੂ ਜੀ ਪਾਸ ਪਹੁੰਚਾ ਦੇਵਾਂ। ਹੌਲੀ ਕਰਕੇ ਦਿਲਾਸਾ ਦਿੱਤਾ, ਘੋੜ-ਸਵਾਰੀ ਵਿਚ ਬੜਾ ਚਤੁਰ ਅਤੇ ਬੁੱਧੀ ਦਾ ਘਰ ਸੀ॥੨੭॥

ਦੇਤਿ ਬਾਗ ਕੋ ਚਾਲ ਚਲਾਵੈ। ਤਊ ਬੇਗ ਤੇ ਬਹੁਤ ਸਿਧਾਵੈ।
ਥੋਰੇ ਚਲਹਿ, ਲਖਹਿ ਅਸਵਾਰ। ਪਹੁੰਚਹਿ ਦੂਰ ਨ ਲਾਗਿ ਅਵਾਰ॥ ੨੮॥

ਵਾਗ ਹਿਲਾ ਕੇ ਚਾਲੇ ਪਾਉਂਦਾ ਸੀ, ਫਿਰ ਵੀ ਬਹੁਤ ਤੇਜ਼ ਜਾਂਦਾ ਸੀ। ਅਸਵਾਰ ਨੂੰ ਜਾਪਦਾ ਸੀ ਕਿ ਘੋੜਾ ਥੋੜ੍ਹਾ ਚਲ ਰਿਹਾ ਹੈ, ਪਰ ਅਸਲ ਵਿਚ ਬਹੁਤ ਤੇਜ਼ੀ ਨਾਲ ਚਲਦਾ ਸੀ॥੨੮॥

ਆਨ ਰਹਜੋ ਦਿਨ ਘਟਿਕਾ ਚਾਰੇ। ਰੂਪੇ ਪੁਰਿ ਕੇ ਚਿੰਨ੍ਹ ਨਿਹਾਰੇ।
ਦੇਖਤਿ ਹੀ ਆਨੰਦਤਿ ਹੋਵਾ। ਕੁਸ਼ਲ ਸਮੇਤ ਪਹੁੰਚਬੋ ਜੋਵਾ॥ ੨੯॥

ਜਦ ਦਿਨ ਚਾਰ ਘੜੀਆਂ ਰਹਿ ਗਿਆ ਤਾਂ ਰੂਪੇ ਪਿੰਡ ਦੇ ਚਿੰਨ੍ਹ ਦਿਖਾਈ ਦਿੱਤੇ। ਵੇਖਦਿਆਂ ਹੀ ਭਾਈ ਬਿਧੀ ਚੰਦ ਪ੍ਰਸੰਨ ਹੋ ਗਿਆ, ਜਦ ਆਪਣੇ ਆਪ ਨੂੰ ਕੁਸ਼ਲਤਾ ਸਹਿਤ ਪਹੁੰਚਿਆ ਵੇਖਿਆ॥੨੯॥

ਉਤਰ ਪਰਜੋ ਘੋਰਾ ਛੁਰਿਰਾਯੋ। ਅਦਬ ਹੇਤੁ ਮਗ ਚਰਨਨਿ ਆਯੋ।
ਆਗੇ ਸਤਿਗੁਰ ਲਗੇ ਦਿਵਾਨ। ਸ਼ਬਦ ਰਬਾਬੀ ਕਰਤੇ ਗਾਨ॥ ੩੦॥

ਘੋੜੇ ਤੋਂ ਉਤਰ ਪਿਆ ਤੇ ਘੋੜੇ ਦੀ ਵਾਗ ਤੇ ਰੱਸਾ ਹੱਥ ਵਿਚ ਫੜ ਕੇ ਘੋੜੇ ਨੂੰ ਤੋਰਿਆ, ਆਦਰ ਹਿਤ ਆਪ ਵੀ ਪੈਰੀਂ ਚਲ ਪਿਆ। ਅੱਗੇ ਸਤਿਗੁਰੂ ਜੀ ਦਾ ਦੀਵਾਨ ਲੱਗਿਆ ਸੀ ਤੇ ਰਬਾਬੀ ਸ਼ਬਦਾਂ ਦਾ ਗਾਇਣ ਕਰ ਰਹੇ ਸਨ॥੩੦॥

ਦਿਖਜੋ ਦੂਰ ਤੇ ਸੰਗ ਤੁਰੰਗ। ਆਵਤਿ ਬਿਧੀਚੰਦ ਮੁਦ ਅੰਗ।
ਕਮਲ ਬਿਲੋਚਨ ਜੁਗ ਬਿਗਸਾਏ। ਉਠੇ ਹੇਰਿਬੇ ਹੇਤੁ ਲੁਭਾਏ॥ ੩੧॥

ਬਿਧੀ ਚੰਦ ਨੂੰ ਦੂਰ ਤੋਂ ਹੀ ਘੋੜੇ ਦੇ ਨਾਲ ਵੇਖਿਆ, ਉਹ ਬਹੁਤ ਪ੍ਰਸੰਨ-ਚਿੱਤ ਆ ਰਿਹਾ ਸੀ। ਦੋਵੇਂ ਕੰਵਲ ਨੈਣ ਖਿੜ ਗਏ, ਤੇ ਘੋੜੇ ਨੂੰ ਵੇਖਣ ਵਾਸਤੇ ਉੱਠੇ॥੩੧॥

ਜਿਮ ਸੀਤਾ ਸੁਧਿ ਕੋ ਹਨੂਮਾਨ। ਰਾਮ ਸਮਾਨ ਪ੍ਰਤੀਖਤਿਵਾਨ।
ਪਰਜੋ ਪਾਇਂ ਪੰਕਜ ਪਰ ਦੌਰਿ। ਰਘੁਬਰ ਸਮ ਉਠਾਇ ਭਰਿ ਕੌਰ॥ ੩੨॥

ਜਿਵੇਂ ਮਾਤਾ ਸੀਤਾ ਦੀ ਖਬਰ ਲੈਣ ਵਾਸਤੇ ਹਨੂਮਾਨ ਗਿਆ ਸੀ ਤੇ ਰਾਮ ਵਾਂਗ ਉਡੀਕਵਾਨ ਸੀ। ਉਸ ਤਰ੍ਹਾਂ ਹੀ ਬਿਧੀ ਚੰਦ ਗੁਰੂ ਜੀ ਨੂੰ ਵੇਖ ਕੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਡਿੱਗ ਪਿਆ ਤੇ ਗੁਰੂ ਜੀ ਨੇ ਰਾਮ ਵਾਂਗ ਜੱਫੀ ਭਰ ਕੇ ਉਠਾਲ ਲਿਆ॥੩੨॥

ਕ੍ਰਿਪਾਦ੍ਰਿਸ਼ਟਿ ਤੇ ਕਰਜੋ ਨਿਹਾਲ। ਬਿਧੀਆ ਹਨੂਮਾਨ ਕੇ ਢਾਲ।
ਤਿਨ ਦੋਇਨ ਸਮ ਕੋ ਬਡਭਾਗੀ। ਦੁਸ਼ਕਰ ਕਰਜੋ ਭਏ ਅਨੁਰਾਗੀ॥ ੩੩॥

ਗੁਰੂ ਜੀ ਨੇ ਕ੍ਰਿਪਾ-ਦ੍ਰਿਸ਼ਟੀ ਕਰਕੇ ਨਿਹਾਲ ਕਰ ਦਿੱਤਾ। ਬਿਧੀ ਚੰਦ ਵੀ ਹਨੂਮਾਨ ਦੀ ਰੀਤੀ ਵਾਂਗ ਸੀ। ਇਨ੍ਹਾਂ ਦੋਹਾਂ ਵਰਗਾ ਕੌਣ ਵਡਭਾਗੀ ਹੈ, ਬੜਾ ਔਖਾ ਕੰਮ ਕਰਕੇ ਪ੍ਰੇਮ-ਮਈ ਹੋ ਗਏ ਸਨ॥੩੩॥

ਨਹੀਂ ਅਪਰ ਤੇ ਜੋ ਬਨਿ ਆਯੋ। ਗੁਰ ਪ੍ਰਭੁ ਹਿਤ ਸੋ ਕਾਜ ਬਨਾਯੋ।
ਨਹੀਂ ਪ੍ਰਾਨ ਪਜਾਰੇ ਜੁਗ ਕੀਨੇ। ਕਰਨ ਕਾਜ ਕੇ ਰਸ ਮਹਿਂ ਭੀਨੇ॥ ੩੪॥

ਇਹ ਕਾਰਜ ਕੋਈ ਹੋਰ ਨਹੀਂ ਸੀ ਕਰ ਸਕਦਾ, ਗੁਰੂ ਪ੍ਰਭੂ ਹਿਤ ਉਨ੍ਹਾਂ ਨੇ ਕਾਰਜ ਬਣਾਇਆ ਸੀ। ਆਪਣੇ ਪ੍ਰਾਣ ਪਿਆਰੇ ਨਹੀਂ ਕੀਤੇ, ਕਾਰਜ ਕਰਨ ਦੇ ਰਸ ਵਿਚ ਭਿੱਜ ਗਿਆ॥੩੪॥

ਬੂਝੀ ਕੁਸ਼ਲ ਸਰਸ ਰਘੁਬਰ ਕੇ। ਕਹੀ ਸਕਲ ਹਨੁਮਤਿ ਸਮਸਰ ਕੇ।
ਜਿਨ ਕੋ ਮੁਨਿ ਜਨ ਜੋਗੀ ਧਜਾਵੈਂ। ਅਨਿਕ ਜਤਨ ਕਰਿ ਉਰ ਠਹਿਰਾਵੈਂ ॥੩੫॥

ਰਾਮ ਵਾਂਗ ਗੁਰੂ ਜੀ ਨੇ ਕੁਸ਼ਲਤਾ ਪੁੱਛੀ, ਬਿਧੀ ਚੰਦ ਨੇ ਵੀ ਹਨੂਮਾਨ ਵਾਂਗ ਸਾਰੀ ਗੱਲ ਸੁਣਾਈ। ਜਿਨ੍ਹਾਂ ਨੂੰ ਮੁਨੀ ਜੋਗੀ ਧਿਆਉਂਦੇ ਹਨ ਤੇ ਅਨੇਕਾਂ ਯਤਨ ਕਰਕੇ ਹਿਰਦੇ ਵਿਚ ਠਹਿਰਾਉਂਦੇ ਹਨ॥੩੫॥

ਕ੍ਰਿਪਾ ਦ੍ਰਿਸ਼ਟਿ ਕਰਿ ਅੰਕ ਭਰੇ ਜੋ। ਤਿਨ ਕੀ ਸਮਤਾ ਕੌਨ ਕਰੈ ਜੋ।
ਕਹਿ ਬਿਧੀਆ 'ਤੁਮ ਸਦਾ ਸਹਾਇ। ਸੰਕਟ ਨਿਕਟਿ ਹੋਨਿ ਨਹਿਂ ਪਾਇ ॥੩੬॥

ਕ੍ਰਿਪਾ-ਦ੍ਰਿਸ਼ਟੀ ਕਰਕੇ ਜੱਫੀ ਪਾ ਕੇ ਆਪਣੇ ਗਲ ਨਾਲ ਲਾਇਆ, ਉਨ੍ਹਾਂ ਦੀ ਬਰਾਬਰੀ ਕੌਣ ਕਰ ਸਕਦਾ ਹੈ। ਬਿਧੀ ਚੰਦ ਨੇ ਕਿਹਾ, "ਤੁਸੀਂ ਸਦਾ ਸਹਾਇਕ ਹੋ, ਕੋਈ ਵੀ ਸੰਕਟ ਨੇੜੇ ਨਹੀਂ ਆਉਂਦਾ ਹੈ॥੩੬॥

ਨਿਜ ਕਰੁਨਾ ਕਰਿ ਕਾਜ ਕਰਾਯੋ। ਬਿਖਮ ਦੁਰਗ ਤੇ ਹਯ ਨਿਕਸਾਯੋ।
ਸਕਲ ਦੇਸ਼ ਬ੍ਰਿੰਦਨ ਕੋ ਮਾਲਿਕ। ਲਾਖਹੁਂ ਸੈਨਾ ਜਿਸ ਕੇ ਤਾਲਿਕ ॥੩੭॥

ਆਪਣੀ ਕਿਰਪਾ ਕਰਕੇ ਕਾਰਜ ਕਰਵਾਇਆ, ਔਖੇ ਕਿਲ੍ਹੇ ਵਿਚੋਂ ਘੋੜੇ ਨੂੰ ਕਢਿਆ। ਜਿਹੜਾ ਸਾਰੇ ਦੇਸ਼ਾਂ ਦੇ ਸਮੂਹ ਦਾ ਮਾਲਕ ਹੈ, ਤੇ ਲੱਖਾਂ ਦੀ ਗਿਣਤੀ ਵਿਚ ਜਿਸ ਦੇ ਅਧੀਨ ਸੈਨਾ ਹੈ॥੩੭॥

ਖਰੇ ਹਜ਼ਾਰਹੁ ਪਾਹਰੂ ਰਾਖੇ। ਰੱਖਜਾ ਸ਼ਾਹੁ ਕਰਨਿ ਅਭਿਲਾਖੇ।
ਤਿਸ ਕੋ ਅਤਿ ਪ੍ਰਿਯ ਹਯ ਹਰਿ ਆਨਾ। ਤੁਮ ਬਿਨ ਕਰਤਿ ਕਾਜ ਕੋ ਆਨਾ?' ॥੩੮॥

ਜਿਥੇ ਹਜ਼ਾਰਾਂ ਦੀ ਗਿਣਤੀ ਵਿਚ ਪਹਿਰੇਦਾਰ ਤੇ ਰਾਖੇ ਖੜੇ ਹਨ ਤੇ ਬਾਦਸ਼ਾਹ ਰੱਖਿਆ ਕਰਨ ਦੀ ਅਭਿਲਾਸ਼ਾ ਕਰਦਾ ਹੈ। ਜਿਹੜਾ ਬਾਦਸ਼ਾਹ ਦਾ ਅਤਿ ਪਿਆਰਾ ਘੋੜਾ ਹੈ, ਉਸ ਘੋੜੇ ਨੂੰ ਖੋਹ ਲਿਆਂਦਾ ਹੈ। ਤੁਹਾਡੇ ਬਗੈਰ ਹੋਰ ਐਸਾ ਕਾਰਜ ਕੌਣ ਕਰਵਾ ਸਕਦਾ ਹੈ?"॥੩੮॥

ਸਤਿਗੁਰ ਸਹਤ ਜੋਧ ਤੇ ਆਦਿ। ਹਯ ਕੋ ਪਿਖਿਨਿ ਉਠੇ ਅਹਿਲਾਦਿ।
ਨਖ ਸ਼ਿਖ ਲੌ ਪਿਖਿ ਹਰਖਤਿ ਸਾਰੇ। ਸਹਿਤ ਜ਼ੀਨ ਜ਼ੇਵਰ ਸਭਿ ਡਾਰੇ ॥੩੯॥

ਸਤਿਗੁਰੂ ਸਹਿਤ ਰਾਏ ਜੋਧ ਤੇ ਆਦਿ ਬੜੀ ਜਲਦੀ ਘੋੜਾ ਵੇਖਣ ਲਈ ਉੱਠੇ, ਨੌਹਾਂ ਤੋਂ ਲੈ ਕੇ ਸਿਰ ਤੱਕ ਘੋੜਾ ਵੇਖ ਕੇ ਬਹੁਤ ਪ੍ਰਸੰਨ ਹੋਏ। ਕਾਠੀ ਸਹਿਤ ਸਾਰੇ ਗਹਿਣੇ ਪਾਏ ਹੋਏ ਸਨ॥੩੯॥

ਸੁੰਦਰ ਮੂਰਤਿ ਹਯ ਕੀ ਹੇਰੇ। ਜਿਮ ਕਾਗਦ ਪਰ ਲਿਖੀ ਚਿਤੇਰੇ।
ਜਨੁ ਸੁੰਦਰਤਾ ਸਕਲ ਬਟੋਰੀ। ਅੰਗ ਅੰਗ ਪ੍ਰਤਿ ਬਿਧ ਕਰਿ ਜੋਰੀ ॥੪੦॥

ਘੋੜੇ ਦੀ ਸੁੰਦਰ ਮੂਰਤੀ ਵੇਖਦੇ ਸਨ, ਜਿਵੇਂ ਕਾਗਜ਼ ਤੇ ਤਸਵੀਰ ਚਿੱਤਰੀ ਹੋਵੇ। ਮਾਨੋਂ ਉਸ ਨੇ ਸਾਰੀ ਸੁੰਦਰਤਾ ਬਟੋਰ ਲਈ ਹੋਵੇ ਤੇ ਅੰਗ ਅੰਗ ਸੁੰਦਰ ਵਿਧੀ ਕਰ ਕੇ ਜੋੜਿਆ ਹੋਵੇ॥੪੦॥

ਰੂਪ ਸਮੁੰਦ੍ਰ ਸੁ ਛਬਿ ਕਰਿ ਨੇਤੀ। ਮਹਾਂ ਬੀਰ ਰਸ ਮੰਦਰ ਸੇਤੀ।
ਕਰ ਅਰਬਿੰਦ ਮਦਨ ਗਹਿ ਕਰਿਕੈ। ਅਦਭੁਤ ਮਥਨ ਕੀਨਿ ਬਲ ਧਰਿਕੇ ॥੪੧॥

ਸੁੰਦਰਤਾ ਰੂਪੀ ਸਾਗਰ ਵਿਚ ਛਵੀ ਦਾ ਨੇਤ੍ਰਾ ਪਾ ਕੇ ਮੰਦਰਾਚਲ ਸਮਾਨ ਮਹਾਂ ਬੀਰ ਰਸ ਰੂਪੀ ਮਧਾਣੀ ਨਾਲ ਕਾਮਦੇਵ ਨੇ ਆਪਣੇ ਹੱਥਾਂ ਨਾਲ ਨੇਤ੍ਰਾ ਫੜ ਕੇ, ਬਲ ਨਾਲ ਅਸਚਰਜ ਤਰ੍ਹਾਂ ਰਿੜਕਿਆ॥੪੧॥

ਮਨਹੁਂ ਤੁਰੰਗਮ ਇਹੁ ਨਿਪਜਾਯੋ। ਸਪਤਮੁਖਾ ਰਵਿ ਕੋ ਦਰਸਾਯੋ।
ਇਸ ਕੀ ਸਮਤਾ ਲਹੈ ਨ ਸੋਈ। ਅਪਰ ਸਮੀਪ ਕਹਾਂ, ਕਿਮ ਹੋਈ ॥੪੨॥

ਮਾਨੋਂ ਉਸ ਸਮੁੰਦਰ ਵਿਚੋਂ ਇਹ ਘੋੜਾ ਰਿੜਕ ਕੇ ਕਢਿਆ ਸੀ। ਸੂਰਜ ਦਾ ਸੱਤਮੁਖਾ ਘੋੜਾ ਵੀ ਇਸ ਦੀ ਬਰਾਬਰੀ ਨਹੀਂ ਕਰ ਸਕਦਾ, ਹੋਰ ਕਿਸੇ ਦੇ ਪਾਸ ਐਸਾ ਘੋੜਾ ਕਿਵੇਂ ਹੋ ਸਕਦਾ ਹੈ॥੪੨॥

ਸ੍ਰੀ ਗੁਰ ਹਰਿਗੋਬਿੰਦ ਕਰ ਧਰਿਓ। ਅੰਗ ਅੰਗ ਅਵਿਲੋਕਨਿ ਕਰਿਓ।
ਜਿਮ ਸੰਗਤਿ ਹਯ ਕੀਨਿ ਬਤਾਵਨਿ। ਬਿਧੀਚੰਦ ਤਿਮ ਕਰਜੋ ਦਿਖਾਵਨ ॥੪੩॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਘੋੜੇ ਉਤੇ ਆਪਣਾ ਹੱਥ ਧਰਿਆ ਤੇ ਉਸ ਦੇ ਅੰਗ-ਅੰਗ ਨੂੰ ਵੇਖਿਆ। ਜਿਵੇਂ ਸੰਗਤ ਨੇ ਘੋੜੇ ਬਾਰੇ ਦੱਸਿਆ ਸੀ, ਭਾਈ ਬਿਧੀ ਚੰਦ ਨੇ ਵੈਸਾ ਘੋੜਾ ਹੀ ਉਨ੍ਹਾਂ ਨੂੰ ਵਿਖਾ ਦਿੱਤਾ॥੪੩॥

'ਤੁਰਕੇਸੁਰ ਤੇ ਪਲਟਾ ਲਿਯੋ। ਹਰਜੋ ਹਮਾਰੋ ਹਯ ਬਲ ਕਿਯੋ।
ਤਿਮ ਬਿਧੀਏ ਬਧਿ ਬਲ ਕੋ ਠਾਨਾ। ਤਿਸ ਪਲਟੇ ਕਰਿ ਹਯ ਕੋ ਆਨਾ' ॥੪੪॥

ਤੁਰਕਾਂ ਪਾਸੋਂ ਬਦਲਾ ਲਿਆ ਹੈ, ਉਨ੍ਹਾਂ ਨੇ ਜ਼ਬਰਦਸਤੀ ਸਾਡਾ ਘੋੜਾ ਖੋਹ ਲਿਆ ਸੀ। ਉਸ ਤਰ੍ਹਾਂ ਬਿਧੀ ਚੰਦ ਨੇ ਉਨ੍ਹਾਂ ਨਾਲੋਂ ਵੱਧ ਬਲ ਧਾਰਨ ਕੀਤਾ ਹੈ, ਤੇ ਉਸ ਬਦਲੇ ਕਾਰਨ ਘੋੜੇ ਨੂੰ ਲਿਆਂਦਾ ਹੈ'॥੪੪॥

ਰੂਪਚੰਦ ਸਾਧੂ ਅਰੁ ਜੋਧ। ਇਨ ਤੇ ਆਦਿ ਗੁਰੂ ਕੇ ਜੋਧ।
ਹੇਰਿ ਹੇਰਿ ਸਗਲੇ ਬਿਸਮਾਏ। 'ਬਿਖਮ ਸਬਲ ਤੇ ਕਿਮ ਨਿਕਸਾਏ?' ॥੪੫॥

ਰੂਪ ਚੰਦ, ਸਾਧੂ ਅਤੇ ਰਾਇ ਜੋਧ 'ਤੇ ਇਨ੍ਹਾਂ ਤੋਂ ਇਲਾਵਾ ਹੋਰ ਗੁਰੂ ਜੀ ਦੇ ਯੋਧੇ ਵੀ ਸਨ। ਵੇਖ-ਵੇਖ ਕੇ ਸਾਰੇ ਬੜੇ ਹੈਰਾਨ ਹੋਏ, ਉਹ ਕਹਿੰਦੇ ਸਨ, "ਔਖੀ ਥਾਂ ਤੋਂ ਕਿਵੇਂ ਕੱਢ ਲਿਆਏ ਹਨ"॥੪੫॥

ਸਭਿਹਿਨਿ ਜਾਨਜੋ 'ਗੁਰੂ ਪ੍ਰਤਾਪ। ਕਰਨ ਕਰਾਵਨ ਆਪੇ ਆਪ।
ਮਾਨਸ ਬਪੁਰੇ ਤੇ ਕਜਾ ਹੋਇ। ਕਰੀਯਤਿ ਬੀਚ ਬਹਾਨਾ ਸੋਇ' ॥੪੬॥

ਸਾਰਿਆਂ ਨੇ ਜਾਣਿਆ, "ਗੁਰੂ ਜੀ ਦੇ ਪ੍ਰਤਾਪ ਨਾਲ ਲੈ ਆਇਆ ਹੈ, ਗੁਰੂ ਜੀ ਕਰਨ ਕਰਾਵਨ ਆਪੇ ਆਪ ਹਨ, ਵਿਚਾਰੇ ਮਨੁੱਖ ਤੋਂ ਕੀ ਹੋ ਸਕਦਾ ਹੈ, ਮਨੁੱਖ ਨੂੰ ਤਾਂ ਵਿਚ ਐਵੇਂ ਬਹਾਨਾ ਬਣਾਉਂਦੇ ਹਨ"॥੪੬॥

ਜੇਠਾ ਨਿਕਟਿ ਗੁਰੂ ਤਬਿ ਹੇਰਾ। ਸੌਂਪ ਤੁਰੰਗਮ ਦੀਨਿ ਬਡੇਰਾ।
'ਬਿਧੀਚੰਦ ਜਿਮ ਕਰਹਿ ਬਤਾਵਨ। ਤਿਮ ਸੇਵਾ ਕੀਜੈ ਮਨ ਭਾਵਨ' ॥੪੭॥

ਤਦ ਗੁਰੂ ਜੀ ਨੇ ਆਪਣੇ ਨੇੜੇ ਜੇਠੇ ਨੂੰ ਵੇਖਿਆ ਤੇ ਉਸ ਨੂੰ ਵੱਡਾ ਘੋੜਾ ਸੌਂਪ ਦਿੱਤਾ ਤੇ ਕਿਹਾ, "ਜਿਵੇਂ ਬਿਧੀ ਚੰਦ ਦੱਸੇ ਉਸ ਤਰ੍ਹਾਂ ਮਨ-ਭਾਉਂਦੀ ਸੇਵਾ ਕਰੋ"॥੪੭॥

ਨਫਰ ਦੋਇ ਮਾਲਸ਼ ਪਰ ਲਾਏ। ਖਰੇ ਖਰਖਰੇ ਖਰੇ ਕਰਾਏ।
ਬਹੁਤ ਦਿਵਸ ਕੋ ਹੁਤੋ ਖਰੋਵਾ। ਮਜਲ ਬਿਸਾਲ ਕਰੇ ਸ੍ਰਮ ਹੋਵਾ॥ ੪੮॥

ਦੋ ਨੌਕਰ ਮਾਲਸ਼ ਉਤੇ ਲਾਏ, ਉਹ ਖੜੇ ਹੋ ਕੇ ਚੰਗੀ ਤਰ੍ਹਾਂ ਘੋੜੇ ਦੀ ਪਿੱਠ ਤੇ ਖਰਖਰਾ ਫੇਰਦੇ ਸਨ। ਬਹੁਤ ਦਿਨਾਂ ਦਾ ਖਲੋਤਾ ਹੋਇਆ ਸੀ, ਬੜੀ ਲੰਮੀ ਮੰਜ਼ਲ ਤੈਅ ਕੀਤੀ ਸੀ, ਇਸ ਲਈ ਬੜਾ ਥੱਕਿਆ ਹੋਇਆ ਸੀ॥੪੮॥

ਬਦਨ ਨਾਸਕਾ ਆਦਿਕ ਅੰਗ। ਸਰਬ ਸੁਧਾਰਨ ਕਰੇ ਤੁਰੰਗ।
ਬਿਤੇ ਜਾਮ ਤੇ ਜ਼ੀਨ ਉਤਾਰਾ। ਹੀਰਨਿ ਕੇ ਜਰਾਵ ਕਰਿ ਸਾਰਾ॥ ੪੯॥

ਘੋੜੇ ਦਾ ਮੁਖੜਾ, ਨਾਸਾਂ ਤੇ ਹੋਰ ਅੰਗਾਂ ਦਾ ਚੰਗੀ ਤਰ੍ਹਾਂ ਸੁਧਾਰ ਕੀਤਾ। ਇਕ ਪਹਿਰ ਬੀਤਣ ਤੇ ਕਾਠੀ ਉਤਾਰ ਦਿੱਤੀ, ਜਿਹੜੀ ਸਾਰੀ ਹੀਰਿਆਂ ਨਾਲ ਜੜੀ ਸੀ॥੪੯॥

ਖੈਬੇ ਉਚਿਤ ਹਰੇ ਤ੍ਰਿਨ ਪਾਏ। ਖਰੇ ਹੋਨਿ ਥਲ ਖਰੋ ਬਨਾਏ।
ਕੀਨਿ ਤਿਹਾਵਲ ਦੀਨਿ ਨਿਹਾਰੀ। ਊਪਰ ਸੁਭ ਪਟ ਰਾਖਜੋ ਡਾਰੀ॥ ੫੦॥

ਖਾਣ ਵਾਸਤੇ ਉਚਿਤ ਹਰਿਆ ਘਾਹ ਪਾਇਆ, ਖੜੇ ਹੋਣ ਵਾਸਤੇ ਚੰਗਾ ਥਾਂ ਬਣਾਇਆ, ਕੜ੍ਹਾ ਤਿਆਰ ਕਰਕੇ ਨਿਹਾਰੀ ਦਿੱਤੀ ਤੇ ਉਪਰ ਸੁੰਦਰ ਰੇਸ਼ਮ ਦਾ ਕਪੜਾ ਪਾਇਆ॥੫੦॥

*ਸੱਤਵੀਂ ਰਾਸ ਦਾ ਇਕੱਤੀਵਾਂ ਅਧਿਆਇ ਸਮਾਪਤ ਹੋਇਆ॥੩੧॥*

# ਅਧਿਆਇ ਬੱਤੀਵਾਂ

### *ਘੋੜਾ ਦਿਲਬਾਗ*

ਦੋਹਰਾ- ਇਤ ਐਸੇ ਪਹੁੰਚਜੋ ਤੁਰੰਗ ਉਤ ਲਵਪੁਰਿ ਕੀ ਗਾਥ।
ਜਿਮ ਹੋਈ, ਸੰਤਹੁ ! ਸੁਨਹੁ, ਕਹਤਿ ਕਵੀ ਤੁਮ ਸਾਥ॥ ੧॥

ਏਧਰ ਇਸ ਤਰ੍ਹਾਂ ਦਿਲਬਾਗ ਨਾਮੀ ਘੋੜਾ ਗੁਰੂ ਜੀ ਪਾਸ ਪਹੁੰਚ ਗਿਆ। ਹੇ ਸੰਤੋ ! ਓਧਰ ਜਿਵੇਂ ਲਾਹੌਰ ਵਿਚ ਹੋਈ, ਉਸ ਦੀ ਗਾਥਾ ਸੁਣੋ, ਕਵੀ ਸੰਤੋਖ ਸਿੰਘ ਤੁਹਾਨੂੰ ਸੁਣਾਉਂਦਾ ਹੈ॥੧॥

ਚੌਪਈ-ਨਿਜ ਖਾਨੇ ਮਹਿਂ ਸੌਂਧੇਖਾਨ। ਖਾਨਾ ਖਾਨ ਕਰਜੋ ਸੁਪਤਾਨ।
ਨਿਸ ਬਿਤਾਇ ਬਡ ਪ੍ਰਾਤਿ ਸਿਧਾਰਾ। ਇਕ ਹਯ ਨਹਿਂ,ਇਕ ਖਰਜੋ ਨਿਹਾਰਾ॥੨॥

ਸੌਂਧੇ ਖਾਂ ਦਰੋਗਾ ਆਪਣੇ ਘਰ ਖਾਣਾ ਖਾ ਕੇ ਸੌਂ ਗਿਆ। ਰਾਤ ਬਤੀਤ ਕਰਕੇ ਸਵੇਰੇ ਸਵੇਖਤੇ ਹੀ ਆ ਗਿਆ, ਇਕ ਘੋੜਾ ਹੈ ਨਹੀਂ ਸੀ, ਇਕ ਘੋੜਾ ਖੜਾ ਵੇਖਿਆ॥੨॥

ਦੇਖਿ ਭਯੋ ਸੰਦੇਹ ਮਹਾਨਾ। ਸਭਿ ਦਾਸਨ ਸੌਂ ਊਚ ਬਖਾਨਾ।
'ਕਹਾਂ ਸੁਪਤ ਹੋ ਸਭਿ ਮਤਿ ਅੰਧੇ ?। ਇਕ ਹਯ ਲੈ ਤੁਮ ਕਿਸ ਥਲ ਬੰਧੇ ?'॥੩॥

ਇਹ ਵੇਖ ਕੇ ਉਸ ਨੂੰ ਬੜਾ ਸ਼ੰਕਾ ਹੋਇਆ, ਉਸ ਨੇ ਸੇਵਕਾਂ ਨੂੰ ਉੱਚੀ-ਉੱਚੀ ਆਵਾਜ਼ਾਂ ਮਾਰੀਆਂ, "ਅਕਲ ਦੇ ਅੰਨ੍ਹਿਓ ਕਿਥੇ ਸੌਂ ਗਏ ਹੋ ? ਇਕ ਘੋੜੇ ਨੂੰ ਲੈ ਕੇ ਤੁਸੀਂ ਕਿਥੇ ਬੱਧਾ ਹੈ ?"॥੩॥

ਹਤੇ ਕੈਫ ਕੇ ਪਰੇ ਬਿਹਾਲਾ। ਸੁਨਿ ਸੁਨਿ ਅਪਨੋ ਕੀਨਿ ਸੰਭਾਲਾ।
'ਘਰ ਤੇ ਚਲਜੋ ਦਰੋਗਾ ਆਯੋ'। ਉਠੇ ਤੁਰਤ ਹੀ ਇਮ ਲਖਿ ਪਾਯੋ॥੪॥

ਸਾਰੇ ਨੌਕਰ ਸ਼ਰਾਬ ਦੇ ਮਾਰੇ ਹੋਏ ਬੇਹਾਲ ਪਏ ਸਨ, ਦਰੋਗੇ ਦੀ ਆਵਾਜ਼ ਸੁਣ ਸੁਣ ਕੇ ਆਪਣੇ ਆਪ ਨੂੰ ਸੰਭਾਲਿਆ ਤੇ ਸੋਚਿਆ, "ਦਰੋਗਾ ਆਪਣੇ ਘਰੋਂ ਚਲ ਕੇ ਆ ਗਿਆ ਹੈ" ਤੁਰਤ ਉੱਠ ਕੇ ਦਰੋਗੇ ਨੂੰ ਆਇਆ ਵੇਖਿਆ॥੪॥

ਸਭਿਨਿ ਆਨਿ ਸੋ ਥਾਨ ਨਿਹਾਰਾ। ਘੋਰਾ ਨਹੀਂ, ਪਿਖਜੋ ਘਰ ਸਾਰਾ।
ਹੋਲੇ ਹਹਿਰ 'ਕਹਾਂ ਚਲਿ ਗਯੋ ?। ਨਹੀਂ ਸੰਨ੍ਹਿ ਕਿਤ,ਜਹਿਂ ਨਿਕਸਯੋ॥੫॥

ਸਾਰਿਆਂ ਨੇ ਆ ਕੇ ਉਹ ਥਾਂ ਵੇਖਿਆ, ਘੋੜਾ ਨਹੀਂ ਸੀ, ਸਾਰਾ ਘਰ ਵੇਖਿਆ, ਡਰੇ ਤੇ ਬੜੇ ਹੈਰਾਨ ਹੋਏ, "ਕਿਥੇ ਚਲੇ ਗਿਆ ? ਕਿਤੇ ਸੰਨ੍ਹ ਨਹੀਂ ਲੱਗੀ ਹੈ, ਜਿਥੋਂ ਨਿਕਲਿਆ ਹੋਵੇ॥੫॥

ਦ੍ਵਾਰ ਕਿਵਾਰ ਅਸੰਜਤਿ ਸਾਰੇ। ਲਘੁ ਤਾਕੀ ਬਿਨ ਨਹੀਂ ਉਘਾਰੇ'।
ਸ਼ਾਹੁ ਸਮੀਪੀ ਸੁਧਿ ਪਹੁੰਚਾਈ। 'ਕਹਾਂ ਭਯੋ ਹਯ ਨਹਿਂ ਇਸ ਥਾਈਂ ?' ॥੬॥

ਦਰਵਾਜ਼ੇ ਅਤੇ ਕਿਵਾੜ ਸਾਰੇ ਬੰਦ ਸਨ, ਛੋਟੀਆਂ ਤਾਕੀਆਂ ਬਗੈਰ ਕੋਈ ਵੀ ਖੁਲ੍ਹਾ ਨਹੀਂ ਸੀ। ਬਾਦਸ਼ਾਹ ਦੇ ਪਾਸ ਖਬਰ ਪਹੁੰਚਾਈ, "ਘੋੜਾ ਕਿਥੇ ਚਲੇ ਗਿਆ, ਇਸ ਥਾਂ ਨਹੀਂ ਹੈ ?"॥੬॥

ਸੁਨਿ ਸੰਭ੍ਰਮ ਤੇ ਤਬਿ ਚਲਿ ਆਯੋ। 'ਇਕ ਹਯ ਖਰੋ ਨ ਇਕ ਦਰਸਾਯੋ'।
ਮਿਲੇ ਲੋਕ ਗਨ ਇਤ ਉਤ ਹੇਰੇ। ਲਖਯੋ ਖੋਜ 'ਹਯ ਘਰ ਮਹਿਂ ਫੇਰੇ' ॥੭॥

ਸੁਣ ਕੇ ਬੜੀ ਵਿਆਕੁਲਤਾ ਨਾਲ ਚਲ ਕੇ ਆਇਆ, "ਇਕ ਘੋੜਾ ਖੜਾ ਸੀ, ਇਕ ਦਿਖਾਈ ਨਾ ਦਿੱਤਾ।" ਲੋਕ ਇਕੱਠੇ ਹੋ ਕੇ ਏਧਰ ਓਧਰ ਵੇਖਦੇ ਸਨ, ਖੋਜ ਵੇਖਿਆ, "ਘੋੜਾ ਘਰ ਵਿਚ ਹੀ ਫੇਰਿਆ ਗਿਆ ਸੀ"॥੭॥

ਪੁਨ ਨਿਕਸਨਿ ਕੇ ਥਾਨ ਨ ਜਾਨੈਂ। 'ਕਹਾਂ ਗਯੋ?' ਨਹਿਂ ਭੇਵ ਪਛਾਨੈ॥
ਬੂਝੇ ਦਾਸ ਬੁਲਾਇ ਬਹੋਰੀ। 'ਤੁਮ ਨੇ ਕਯੋਂ ਨ ਪਿਖੀ ਹਯ ਚੋਰੀ?' ॥੮॥

ਫਿਰ ਨਿਕਲਣ ਦਾ ਰਾਹ ਨਹੀਂ ਸੀ ਜਾਣਦੇ, "ਕਿਥੇ ਗਿਆ ?" ਇਹ ਭੇਦ ਨਹੀਂ ਸੀ ਪਛਾਣਦੇ। ਫਿਰ ਸੇਵਕਾਂ ਨੂੰ ਬੁਲਾ ਕੇ ਪੁੱਛਿਆ, "ਤੁਸੀਂ ਘੋੜਾ ਚੋਰੀ ਹੁੰਦਾ ਕਿਉਂ ਨਹੀਂ ਵੇਖਿਆ ਹੈ?"॥੮॥

ਹਾਥ ਜੋਰਿ ਸਭਿਹੂੰਨਿ ਸੁਨਾਯੋ। 'ਪੌਰ ਪੰਥ ਹਮ ਕਰਿ ਤਕਰਾਯੋ।
ਭਯੋ ਨਿਕੇਤ ਬਿਖੈ ਹਯ ਲੀਨਿ। ਵਹਿਰ ਆਨਿ ਨਹਿਂ ਕਿਨਹੂੰ ਲੀਨਿ॥੯॥

ਹੱਥ ਜੋੜ ਕੇ ਸਾਰਿਆਂ ਨੇ ਸੁਣਾਇਆ, "ਦਰਵਾਜ਼ੇ ਤੇ ਰਸਤੇ ਦੀ ਅਸੀਂ ਤਕੜਾਈ ਰੱਖੀ ਹੈ, ਘੋੜਾ ਘਰ ਦੇ ਵਿਚ ਹੀ ਸੀ, ਬਾਹਰ ਤੋਂ ਆ ਕੇ ਕਿਸੇ ਨਹੀਂ ਲਿਆ ਹੈ॥੯॥

ਕਿਧੌਂ ਭੂਮਕਾ ਛਿੱਦ੍ਰ ਉਘਾਰਾ। ਬਰਯੋ ਬੀਚ, ਨਹਿਂ ਕਿਨਹੂੰ ਨਿਹਾਰਾ।
ਕਿਧੌਂ ਗਗਨ ਮੈਂ ਉਡਿ ਕਰਿ ਗਯੋ। ਕੈ ਪਤਾਲ ਕੋ ਗਮਨਤਿ ਭਯੋ॥੧੦॥

ਜਾਂ ਕਿਤੇ ਧਰਤੀ ਵਿਚ ਛੇਕ ਕਰਕੇ ਧੱਸ ਗਿਆ ਹੈ, ਧਰਤੀ ਵਿਚ ਵੜ ਗਿਆ ਹੈ ਤੇ ਕਿਸੇ ਨੇ ਵੇਖਿਆ ਨਹੀਂ ਹੈ, ਜਾਂ ਅਕਾਸ਼ ਵਿਚ ਉੱਡ ਕੇ ਚਲੇ ਗਿਆ ਹੈ ਜਾਂ ਪਾਤਾਲ ਵਿਚ ਹੇਠਾਂ ਚਲਾ ਗਿਆ ਹੈ॥੧੦॥

ਮਾਨੁਖ ਕੀ ਇਤ ਗੰਮਿਜ ਨ ਕੋਈ। ਆਵਹਿ ਤਸਕਰ ਬਨਿ ਕਰਿ ਜੋਈ'।
ਸੁਨਿ ਸੁਨਿ ਸਜਾਨੇ ਗਨ ਚਲਿ ਆਏ। ਸੁਮਤਿ ਕਰਤਿ ਕਛੁ ਲਖਯੋ ਨ ਜਾਏ॥੧੧॥

ਮਨੁੱਖ ਏਥੇ ਆ ਹੀ ਨਹੀਂ ਸਕਦਾ ਹੈ, ਜਿਹੜਾ ਚੋਰ ਬਣ ਕੇ ਆ ਜਾਵੇ।" ਸੁਣ ਸੁਣ ਕੇ ਬਹੁਤ ਸਿਆਣੇ ਚਲ ਕੇ ਆਏ ਸ੍ਰੇਸ਼ਟ ਮੰਤ੍ਰ ਕਰਦੇ ਸਨ, ਪਰ ਕੁਝ ਵੀ ਸਮਝਿਆ ਨਹੀਂ ਸੀ ਜਾਂਦਾ॥੧੧॥

ਅਟਕਲ ਕਰਹਿਂ ਪੇਸ਼ ਨਹਿਂ ਜਾਇ। ਹੇਰਹਿਂ ਸੁਨਹਿ ਸ਼ਾਹੁ ਪਛੁਤਾਇ।
'ਅਤਿ ਪ੍ਰਿਯ ਹਯ ਮੇਰੋ ਕਿਨ ਲਯੋ ?। ਅਪਨ ਬਿਨਾਸ਼ ਕਾਹਿ ਉਪਜਯੋ॥੧੨॥

ਅਟਕਲਾਂ ਲਾਉਂਦੇ ਸਨ, ਪਰ ਪੇਸ਼ ਨਹੀਂ ਸੀ ਜਾਂਦੀ, ਵੇਖ ਸੁਣ ਕੇ ਬਾਦਸ਼ਾਹ ਪਛਤਾਉਂਦਾ ਸੀ। "ਮੇਰਾ ਅਤਿ ਪਿਆਰਾ ਘੋੜਾ ਕਿਸ ਨੇ ਲਿਆ ਹੈ ? ਉਸ ਨੇ ਆਪਣਾ ਵਿਨਾਸ਼ ਕਿਉਂ ਉਪਜਾ ਲਿਆ ਹੈ॥੧੨॥

ਮਹਿ ਮੰਡਲ ਮਹਿਂ ਕੋ ਅਸ ਅਹੈ। ਮੇਰੋ ਤ੍ਰਾਸ ਜੁ ਨਹਿਂ ਉਰ ਲਹੈ।
ਅਪਰ ਵਲਾਇਤ ਕੇ ਪਤਿਸ਼ਾਹੂ। ਮੋਹਿ ਵਸਤੁ ਰਖਿ ਸਕਹਿਂ ਨ ਪਾਹੂ॥੧੩॥

ਇਹ ਭੂ-ਮੰਡਲ ਵਿਚ ਕੌਣ ਐਸਾ ਹੈ, ਜਿਹੜਾ ਮੇਰੇ ਡਰ ਨੂੰ ਆਪਣੇ ਹਿਰਦੇ ਵਿਚ ਨਹੀਂ ਮੰਨਦਾ ਹੈ। ਹੋਰ ਵਲਾਇਤ ਦੇ ਬਾਦਸ਼ਾਹ ਮੇਰੀ ਕਿਸੇ ਵਸਤੂ ਨੂੰ ਆਪਣੇ ਪਾਸ ਨਹੀਂ ਰੱਖ ਸਕਦੇ ਹਨ॥੧੩॥

ਕਿਸ ਕੇ ਸੀਸ ਉਭੇ ਹੁਇ ਗਏ। ਨ੍ਰਿਭੈ ਹੋਇ ਘੋਰਾ ਜਿਨਿ ਲਏ।
ਛਪਹਿ ਪਹਾਰਨ ਮੈਂ ਕੋ ਜਾਇ। ਤਹਾਂ ਸੈਨ ਮਮ ਆਨਹਿ ਧਾਇ॥੧੪॥

ਕਿਸ ਦੇ ਦੋ ਸਿਰ ਹੋ ਗਏ ਭਾਵ ਮਰਨ ਦੀ ਇੱਛਾ ਧਾਰਨ ਕਰ ਲਈ ਹੈ, ਜਿਸ ਨੇ ਨਿਰਭੈ ਹੋ ਕੇ ਘੋੜਾ ਲੈ ਲਿਆ ਹੈ, ਜਿਹੜੇ ਪਹਾੜਾਂ ਵਿਚ ਜਾ ਕੇ ਛੁੱਪ ਗਏ ਹਨ, ਮੇਰੀ ਫੌਜ ਉਥੇ ਵੀ ਧਾਵਾ ਕਰਕੇ ਜਾਵੇਗੀ ਤੇ ਘੋੜਾ ਲੈ ਕੇ ਆਵੇਗੀ॥੧੪॥

ਮਰੂ, ਦੁਰਗ ਮਹਿਂ ਹੋਇ ਪ੍ਰਵੇਸ਼। ਛੋਰਹਿ ਤਹਾਂ ਨ ਚਮੂੰ ਵਿਸ਼ੇਸ਼।
ਸ਼ੱਤ੍ਰ ਬਿਸਾਲ ਮੋਹਿ ਅਬਿ ਸੋਇ। ਹਤੌਂ ਸਹੀ ਕਰਿ, ਕੋ ਕਿਤ ਹੋਇ॥੧੫॥

ਜਾਂ ਮਾਰੂਥਲ ਤੇ ਕਿਲ੍ਹੇ ਵਿਚ ਪ੍ਰਵੇਸ਼ ਹੋ ਗਏ ਹਨ, ਉਥੇ ਵੀ ਮੇਰੀ ਵਿਸ਼ੇਸ਼ ਸੈਨਾ ਨਹੀਂ ਛੱਡੇਗੀ। ਉਹ ਮੇਰਾ ਹੁਣ ਵੱਡਾ ਦੁਸ਼ਮਣ ਹੈ। ਉਸ ਨੂੰ ਸਹੀ ਕਰਕੇ ਮਾਰਾਂਗਾ, ਕੋਈ ਭਾਵੇਂ ਕਿਤੇ ਹੋਵੇ"॥੧੫॥

ਰਿਸਹਿ ਸ਼ਾਹੁ ਘੋਰਾ ਚਿਤ ਆਵੈ। ਨਿਜ ਬਲ ਕਹਿਕੈ ਸਭਿਨਿ ਸੁਨਾਵੈ।
'ਨਹਿਂ ਕਿਸ ਥਲ ਅਸ ਅਸੁ ਦਰਯਾਈ। ਨਹਿਂ ਪ੍ਰਾਪਤਿ, ਗਨ ਕਰਹਿਂ ਉਪਾਈ॥੧੬॥

ਜਦ ਬਾਦਸ਼ਾਹ ਨੂੰ ਘੋੜਾ ਚੇਤੇ ਆਉਂਦਾ ਸੀ ਤਾਂ ਉਹ ਬਹੁਤ ਗੁੱਸੇ ਵਿਚ ਆ ਜਾਂਦਾ ਸੀ, ਆਪਣੀ ਸ਼ਕਤੀ ਕਹਿ ਕੇ ਸਾਰਿਆਂ ਨੂੰ ਸੁਣਾਉਂਦਾ ਸੀ। "ਕਿਸੇ ਸਥਾਨ ਤੇ ਵੀ ਐਸੇ ਦਰਿਆਈ ਘੋੜੇ ਨਹੀਂ ਹਨ, ਬਹੁਤ ਲੋਕ ਉਪਾਅ ਕਰਦੇ ਹਨ, ਪਰ ਐਸੇ ਘੋੜੇ ਪ੍ਰਾਪਤ ਨਹੀਂ ਹੁੰਦੇ"॥੧੬॥

ਪਿਖਯੋ ਦਰੋਗਾ ਖਰੋ ਅਗਾਰੀ। ਕੋਪ ਸ਼ਾਹੁ ਕਰਿ ਗਿਰਾ ਉਚਾਰੀ।
'ਖੋਜੀ ਅਬਹਿ ਹਕਾਰਹੁ ਸਾਰੇ। ਨਿਜ ਬੁਧਿ ਬਲ ਤੇ ਖੋਜ ਨਿਕਾਰੇ॥੧੭॥

ਜਦੋਂ ਦਰੋਗੇ ਨੂੰ ਅੱਗੇ ਖੜਾ ਵੇਖਿਆ ਤਾਂ ਬਾਦਸ਼ਾਹ ਨੇ ਗੁੱਸੇ ਵਿਚ ਆ ਕੇ ਕਿਹਾ, "ਹੁਣ ਸਾਰੇ ਖੋਜੀ ਮੰਗਵਾਉ, ਜਿਹੜੇ ਆਪਣੀ ਬੁੱਧੀ ਦੇ ਬਲ ਨਾਲ ਖੋਜ ਕੱਢਣ॥੧੭॥

ਸੈਨਾ ਦਿਹੁ ਖੋਜੀ ਕੇ ਸੰਗ। ਚਲਯੋ ਜਾਇ ਜਹਿਂ ਖੋਜਿ ਤੁਰੰਗ।
ਬਹੁਰ ਆਇ ਸੁਧਿ ਜਬਹਿ ਸੁਨਾਵੈ। ਤਬਿ ਭਾਰੀ ਲਸ਼ਕਰ ਚਢਿ ਜਾਵੈ॥੧੮॥

ਖੋਜੀ ਦੇ ਨਾਲ ਸੈਨਾ ਦੇਵੋ, ਜਿਥੋਂ ਤੱਕ ਘੋੜੇ ਦਾ ਖੋਜ ਚਲਿਆ ਜਾਵੇ ਬਾਅਦ ਵਿਚ ਆ ਕੇ ਜਦ ਖ਼ਬਰ ਸੁਣਾਉਣ ਤਾਂ ਭਾਰੀ ਲਸ਼ਕਰ ਚੜ੍ਹ ਕੇ ਜਾਵੇਗਾ॥੧੮॥

ਪ੍ਰਾਨ ਬਿਨਾਸ਼ਨਿ ਪਲਟਾ ਲੈ ਹੌਂ। ਅਪਰ ਦੰਡ ਨਹਿਂ ਕੋ ਤਿਸ ਦੈ ਹੌਂ।
ਇਮ ਕਹਿ ਸ਼ਾਹੁ ਮਹਿਲ ਨਿਜ ਗਯੋ। ਲਖਿ ਅਪਰਾਧ ਕ੍ਰੋਧ ਬਹੁ ਭਯੋ॥੧੯॥

ਉਸ ਦੇ ਪ੍ਰਾਣਾਂ ਦਾ ਨਾਸ਼ ਕਰਕੇ ਬਦਲਾ ਲਵਾਂਗਾ, ਉਸ ਨੂੰ ਹੋਰ ਕੋਈ ਦੰਡ ਨਹੀਂ ਦੇਵਾਂਗਾ।" ਇਸ ਤਰ੍ਹਾਂ ਕਹਿ ਕੇ ਬਾਦਸ਼ਾਹ ਆਪਣੇ ਮਹਿਲਾਂ ਵਿਚ ਚਲੇ ਗਿਆ, ਅਪਰਾਧ ਵੇਖ ਕੇ ਬਹੁਤ ਕ੍ਰੋਧ ਵਿਚ ਆਇਆ ਸੀ॥੧੯॥

ਤਿਸ ਛਿਨ ਖੋਜੀ ਸਭਿ ਚਲਿ ਆਏ। ਨਿਜ ਨਿਜ ਬੁਧਿ ਬਲ ਕੋ ਉਪਜਾਏ।
ਘੋਰਾ ਅਜਰ ਫਿਰਯੋ ਉਤਲਾਯੋ। ਇਹ ਤੇ ਖੋਜ ਸਭਿਨਿ ਹੀ ਪਾਯੋ॥੨੦॥

ਉਸੇ ਵੇਲੇ ਬਹੁਤ ਖੋਜੀ ਚਲ ਕੇ ਆਏ ਤੇ ਉਨ੍ਹਾਂ ਆਪਣੀ ਬੁੱਧੀ ਦੀ ਸ਼ਕਤੀ ਪ੍ਰਗਟ ਕੀਤੀ। ਘੋੜਾ ਵਿਆਕੁਲ ਹੋ ਕੇ ਵਿਹੜੇ ਵਿਚ ਫਿਰਿਆ ਹੈ, ਇਹ ਖੋਜ ਸਾਰਿਆਂ ਨੇ ਲੱਭ ਲਿਆ॥੨੦॥

ਨਿਕਸਨਿ ਵਹਿਰ ਭੇਵ ਨਹਿਂ ਜਾਨਾ। ਗੁਰ ਮਾਯਾ ਤੇ ਮਤਿ ਭਈ ਹਾਨਾ।
ਪ੍ਰਵਿਸ਼ਜੋ ਭੂਮਿ ਕਿ ਨਭ ਉਡਿ ਗਯੋ। ਆਗੇ ਖੋਜ ਨ ਕਤ ਹੂੰ ਭਯੋ॥ ੨੧॥

ਪਰ ਬਾਹਰ ਨਿਕਲਣ ਦਾ ਭੇਦ ਨਾ ਜਾਣਿਆ, ਗੁਰੂ ਜੀ ਦੀ ਮਾਇਆ ਨੇ ਉਨ੍ਹਾਂ ਦੀ ਮੱਤ ਮਾਰ ਲਈ। ਧਰਤੀ ਵਿਚ ਪ੍ਰਵੇਸ਼ ਕਰ ਗਿਆ ਹੈ ਜਾਂ ਅਕਾਸ਼ ਵਿਚ ਉਡ ਗਿਆ ਹੈ, ਅੱਗੇ ਖੋਜ ਕਿਤੇ ਵੀ ਨਹੀਂ ਜਾਂਦਾ ਹੈ॥੨੧॥

ਨਿਕਸੇ ਦੁਰਗ ਵਹਿਰ ਚਲਿ ਆਏ। ਚਹੁੰਦਿਸ਼ਿ ਬਿਚਰਹਿਂ ਖੋਜ ਨ ਪਾਏ।
ਕੋਸ ਕੋਸ ਲਗਿ ਫਿਰੇ ਚੁਫੇਰੇ। ਨਿਸ ਗਮਨਜੋ ਅਸੁ ਖੋਜ ਨ ਹੇਰੇ॥ ੨੨॥

ਕਿਲ੍ਹੇ ਵਿਚੋਂ ਨਿਕਲ ਕੇ ਬਾਹਰ ਆ ਗਏ, ਚਾਰੇ ਪਾਸੇ ਫਿਰਦੇ ਰਹੇ ਪਰ ਖੋਜ ਕਿਤੇ ਨਾ ਪਾਇਆ, ਕੋਹ ਕੋਹ ਤਕ ਚਾਰ-ਚੁਫੇਰੇ ਫਿਰੇ, ਰਾਤੀਂ ਗਏ ਘੋੜੇ ਦਾ ਖੋਜ ਦਿੱਸਦਾ ਨਹੀਂ ਸੀ॥੨੨॥

ਮਿਲਹਿਂ ਬਿਚਾਰਹਿਂ ਬਿਸਮਹਿਂ ਸਾਰੇ। 'ਇਸ ਅਚਰਜ ਕੀ ਪਰਹਿ ਨ ਸਾਰੇ।
ਕਹਾਂ ਭਯੋ, ਪੰਛੀ ਕੋ ਆਇ। ਉਡ ਕਰਿ ਗਯੋ ਤੁਰੰਗ ਉਠਾਇ'॥ ੨੩॥

ਮਿਲ ਕੇ ਸਾਰੇ ਵਿਚਾਰ ਕਰਦੇ ਸਨ ਤੇ ਹੈਰਾਨ ਹੁੰਦੇ ਸਨ, "ਇਸ ਅਸਚਰਜ ਦੀ ਖਬਰ ਨਹੀਂ ਮਿਲਦੀ ਹੈ, ਕੀ ਹੋਇਆ ਹੈ। ਕੀ ਕੋਈ ਪੰਛੀ ਆ ਕੇ ਉੱਡ ਕੇ ਘੋੜੇ ਨੂੰ ਚੁੱਕ ਕੇ ਲੈ ਗਿਆ ਹੈ"॥੨੩॥

ਹਾਰ ਪਰੇ ਜਬਿ, ਸ਼ਾਹੁ ਬੁਲਾਏ। 'ਕਹਹੁ, ਕਹਾਂ ਮਤਿ ਮੈਂ ਤੁਮ ਲਜਾਏ?।
ਪਾਯਹੁ ਖੋਜ ਕਿ ਨਹਿਂ ਕਿਸ ਦਿਸ਼ਿ ਮੈਂ?। ਕਿਮ ਲੇ ਗਮਨਜੋ ਅਸੁ ਅਸ, ਬਿਸਮੈ' ॥੨੪॥

ਜਦ ਹਾਰ ਗਏ ਤਾਂ ਬਾਦਸ਼ਾਹ ਨੇ ਬੁਲਾਏ, "ਦੱਸੋ ਤੁਸੀਂ ਆਪਣੀ ਮੱਤ ਵਿਚ ਕੀ ਸਮਝੇ ਹੋ? ਤੁਸੀਂ ਕਿਸੇ ਦਿਸ਼ਾ ਵਿਚ ਖੋਜ ਪਾਇਆ ਹੈ ਕਿ ਨਹੀਂ? ਘੋੜੇ ਨੂੰ ਕਿਵੇਂ ਲੈ ਕੇ ਚਲੇ ਗਿਆ ਹੈ, ਇਹ ਬੜੀ ਹੈਰਾਨੀ ਦੀ ਗੱਲ ਹੈ"॥੨੪॥

ਹਾਥ ਜੋਰਿ ਕਰਿ ਸਭਿਨਿ ਸੁਨਾਈ। 'ਹਜ਼ਰਤ ਜੀ! ਕੁਛ ਲਖੀ ਨ ਜਾਈ।
ਲੇ ਫਰੇਸ਼ਤੇ ਗੇ ਅਸਮਾਨ। ਕੈ ਪਤਾਲ ਪ੍ਰਵਿਸ਼ਜੋ ਇਸ ਥਾਨ॥ ੨੫॥

ਹੱਥ ਜੋੜ ਕੇ ਸਾਰਿਆਂ ਨੇ ਸੁਣਾਇਆ, "ਹਜ਼ਰਤ ਜੀ! ਕੁਝ ਸਮਝ ਨਹੀਂ ਆਉਂਦੀ ਹੈ, ਕੀ ਫਰਿਸ਼ਤੇ ਆਸਮਾਨ ਵਿਚ ਲੈ ਗਏ ਹਨ, ਕੀ ਇਸ ਥਾਂ ਪਾਤਾਲ ਵਿਚ ਪ੍ਰਵੇਸ਼ ਕਰ ਗਿਆ ਹੈ॥੨੫॥

ਏਕ ਅਕਲ ਮੈਂ ਆਵਹਿ ਔਰ। ਨਿਕਸਜੋ ਨਹੀਂ ਤੁਰੰਗਮ ਪੌਰ।
ਦਿਸ਼ਿ ਦਰਿਆਉ ਦੁਰਗ ਦੀਵਾਰ। ਹੁਇ ਅਸਵਾਰ ਕਰਾਇਵ ਛਾਰ॥ ੨੬॥

ਇਕ ਗੱਲ ਹੀ ਸਾਨੂੰ ਹੋਰ ਸਮਝ ਆਉਂਦੀ ਹੈ, ਕਿ ਘੋੜਾ ਦਰਵਾਜ਼ੇ ਰਾਹੀਂ ਬਾਹਰ ਨਹੀਂ ਨਿਕਲਿਆ ਹੈ, ਦਰਿਆ ਵਾਲੇ ਪਾਸੇ ਕਿਲ੍ਹੇ ਦੀ ਦੀਵਾਰ ਹੈ, ਘੋੜੇ ਤੇ ਅਸਵਾਰ ਹੋ ਕੇ ਛਾਲ ਮਰਵਾਈ ਹੈ॥੨੬॥

ਨੀਰ ਨੀਰ ਹੀ ਸਰਿਤਾ ਮਾਂਹਿ। ਲੇ ਗਮਨਜੋ ਕੋ ਤਸਕਰ ਤਾਂਹਿ।
ਔਰ ਭੇਵ ਕੋ ਲਖਜੋ ਨ ਜਾਈ। ਹਾਰੇ ਬੁਧਿ ਕੋ ਕਰਿ ਸਮੁਦਾਈ॥ ੨੭॥

ਨਦੀ ਵਿਚ ਪਾਣੀ ਹੀ ਪਾਣੀ ਹੈ, ਕੋਈ ਚੋਰ ਉਸ ਨੂੰ ਲੈ ਕੇ ਚਲੇ ਗਿਆ ਹੈ। ਹੋਰ ਭੇਦ ਕੋਈ ਜਾਣਿਆ ਨਹੀਂ ਜਾਂਦਾ, ਸੋਚ ਸੋਚ ਕੇ ਸਾਰਿਆਂ ਦੀ ਬੁੱਧੀ ਹਾਰ ਗਈ ਹੈ"॥੨੭॥

ਸੁਨਿ ਕੈ ਕੇਤਿਕ ਬਾਤ ਹਟਾਈ। 'ਦੀਰਘ ਦੁਰਗ ਦਿਵਾਰ ਉਚਾਰੀ।
ਨੀਰ ਗਹੀਰ ਅਗਾਰੀ ਫੇਰ। ਕੋ ਤਸਕਰ ਇਮ ਹੋਇ ਦਿਲੇਰ?॥ ੨੮॥

ਇਹ ਸੁਣ ਕਈਆਂ ਨੇ ਇਹ ਗੱਲ ਹਟਾਈ, "ਕਿਲ੍ਹੇ ਦੀ ਦੀਵਾਰ ਬਹੁਤ ਉੱਚੀ ਹੈ, ਅੱਗੇ ਫਿਰ ਪਾਣੀ ਬਹੁਤ ਡੂੰਘਾ ਹੈ, ਕਿਹੜਾ ਚੋਰ ਏਨਾ ਦਲੇਰ ਹੋਵੇਗਾ ?॥੨੮॥

ਅਨਬਨ ਹੈ, ਮਨ ਲਗੈ ਨ ਕੈਸੇ। ਹਯ ਕੇ ਪੰਖ ਲਗੇ ਹੁਇਂ ਜੈਸੇ'।
ਅਪਰ ਕਹਾਂ ਲਗ ਕਹੌਂ ਬਨਾਈ। ਇੱਤਯਾਦਿਕ ਬਹੁ ਅਕਲ ਦ੍ਰਿਢਾਈ॥੨੯॥

ਇਹ ਅਨਹੋਣੀ ਗੱਲ ਹੈ, ਮਨ ਦੇ ਕਿਸੇ ਤਰ੍ਹਾਂ ਵੀ ਮੰਨਣ ਵਿਚ ਨਹੀਂ ਆਉਂਦੀ, ਜਿਵੇਂ ਘੋੜੇ ਨੂੰ ਖੰਭ ਲੱਗੇ ਹੋਣ।" ਹੋਰ ਕਿਥੋਂ ਤੱਕ ਬਣਾ ਕੇ ਕਹਾਂ, ਇਤਿਆਦਿ ਬਹੁਤ ਅਕਲ ਦੇ ਘੋੜੇ ਭਜਾਏ॥੨੯॥

ਸੁਨਿ ਕੈ ਸ਼ਾਹੁ ਕਹਯੋ ਸਭਿ ਸੰਗ। 'ਜਯੋਂ ਕਯੋਂ ਖੋਜਨ ਕਰਹੁ ਤੁਰੰਗ।
ਰਮਲੀ ਗਣਕ ਸ਼ਕੁਨ ਤੇ ਆਦਿ। ਜਿਨ ਪੁਰਖਨਿ ਕੋ ਵਿੱਦਯਾ ਯਾਦਿ॥੩੦॥

ਇਹ ਸੁਣ ਕੇ ਬਾਦਸ਼ਾਹ ਨੇ ਸਾਰਿਆਂ ਨੂੰ ਕਿਹਾ, "ਜਿਵੇਂ ਕਿਵੇਂ ਘੋੜੇ ਦੀ ਭਾਲ ਕਰੋ, ਰਮਲੀ ਤੇ ਜੋਤਸ਼ੀ ਆਦਿ ਜਿਨ੍ਹਾਂ ਪੁਰਖਾਂ ਨੂੰ ਇਹ ਵਿਦਿਆ ਆਉਂਦੀ ਹੋਵੇ॥੩੦॥

ਦੇਸ਼ ਬਿਦੇਸ਼ਨ ਤੇ ਚਲਿ ਆਵੈਂ। ਤਿਨ ਬੂਝਹੁ ਬਿਧਿ ਜਥਾ ਬਤਾਵੈਂ।
ਜਹਿਂ ਕਹਿਂ ਤੇ ਸੁਧਿ ਕੋ ਮੰਗਵਾਵਹੁ। ਸਭਿ ਸੂਬਨਿ ਪਰ ਲਿਖਯੋ ਪਠਾਵਹੁ॥੩੧॥

ਦੇਸ਼ਾਂ ਵਿਦੇਸ਼ਾਂ ਤੋਂ ਚਲ ਕੇ ਆਉਣ, ਉਨ੍ਹਾਂ ਨੂੰ ਪੁੱਛੋ ਜਿਹੜੇ ਯੋਗ ਵਿਧੀ ਅਨੁਸਾਰ ਜੋਤਸ਼ ਲਾ ਕੇ ਦੱਸਣ। ਜਿਥੋਂ ਕਿਥੋਂ ਖਬਰ ਮੰਗਵਾਵੋ, ਸਾਰੇ ਸੂਬਿਆਂ ਨੂੰ ਲਿਖ ਕੇ ਭੇਜੋ"॥੩੧॥

ਬਹੁ ਤਾਗੀਦ ਕੀਨਿ ਇਮ ਸ਼ਾਹੂ। ਖੋਜ ਕਰਤਿ ਭੇ ਦੇਸ਼ਨਿ ਮਾਂਹੂ।
ਕਹਯੋ ਦਰੋਗੇ 'ਕਹਾਂ ਕਸੇਰਾ?। ਨਹਿਂ ਦੀਖਤਿ ਕਿਤਹੂੰ ਇਸ ਬੇਰਾ'॥੩੨॥

ਇਸ ਤਰ੍ਹਾਂ ਬਾਦਸ਼ਾਹ ਨੇ ਬਹੁਤ ਤਾਕੀਦ ਕੀਤੀ, ਉਹ ਦੇਸ਼ਾਂ ਵਿਚ ਖੋਜ ਕਰਦੇ ਪਏ ਸਨ। ਦਰੋਗੇ ਨੇ ਕਿਹਾ, "ਕਸੇਰਾ ਕਿਥੇ ਹੈ ? ਇਸ ਸਮੇਂ ਕਿਤੇ ਵੀ ਦਿੱਸਦਾ ਨਹੀਂ ਹੈ"॥੩੨॥

ਸਭਿ ਦਾਸਨ ਫਿਰ ਇਤ ਉਤ ਦੇਖਾ। ਨਹਿਂ ਪਾਯੋ ਤਬਿ, ਕਰਤਿ ਪਰੇਖਾ।
'ਘੋਰਾ ਗਯੋ ਪ੍ਰਥਮ ਤਿਨ ਜਾਨਾ। ਤੁਮ ਤੇ ਅਧਿਕ ਤ੍ਰਾਸ ਕੋ ਮਾਨਾ॥੩੩॥

ਸਾਰਿਆਂ ਨੌਕਰਾਂ ਨੇ ਫਿਰ ਏਧਰ ਓਧਰ ਵੇਖਿਆ, ਜਦ ਕਿਤੇ ਵੀ ਨਾ ਲੱਭਾ ਤਾਂ ਫਿਰ ਅਨੁਮਾਨ ਲਾਉਣ ਲੱਗੇ, "ਘੋੜੇ ਦੇ ਜਾਣ ਬਾਰੇ ਉਸ ਸਭ ਤੋਂ ਪਹਿਲਾਂ ਜਾਣਿਆ, ਇਸ ਕਰਕੇ ਤੁਹਾਡਾ ਬਹੁਤ ਡਰ ਮੰਨਿਆ ਹੈ॥੩੩॥

'ਮੁਝ ਤੇ ਭਈ ਨ ਹਯ ਤਕਰਾਈ। ਹਤਹਿ ਦਰੋਗਾ ਗਯੋ ਪਲਾਈ'।
ਸਭਿ ਕੀ ਮਤਿ ਸਤਿਗੁਰ ਬਿਚਲਾਈ। ਹਯ ਕੀ ਸੁਧਿ ਕਿਸ ਬਿਧਿ ਨਹਿਂ ਪਾਈ॥੩੪॥

ਮੈਥੋਂ ਘੋੜੇ ਦੀ ਤਕੜਾਈ ਨਹੀਂ ਕੀਤੀ ਗਈ ਹੈ, ਇਸ ਕਰਕੇ ਦਰੋਗਾ ਮੈਨੂੰ ਮਾਰ ਦੇਵੇਗਾ, ਡਰਦਾ ਭੱਜ ਗਿਆ ਹੈ।" ਸਾਰਿਆਂ ਦੀ ਮੱਤ ਸਤਿਗੁਰੂ ਜੀ ਨੇ ਵਿਗਾੜ ਦਿੱਤੀ, ਘੋੜੇ ਦੀ ਖਬਰ ਕਿਸੇ ਪ੍ਰਕਾਰ ਵੀ ਨਾ ਪਾਈ॥੩੪॥

ਇਤਿ ਸ਼੍ਰੀ ਹਰਿਗੋਬਿੰਦ ਅਨੰਦੇ। ਪਿਖਹਿਂ ਤੁਰੰਗਮ ਬਲੀ ਬਿਲੰਦੇ।
ਬਿਧੀ ਚੰਦ ਤੇ ਗਾਥਾ ਸੁਨਿ ਸੁਨਿ। 'ਸਾਧਸਾਧ' ਭਨਿ 'ਬਡ ਬੁਧਿ' ਗੁਨਿ ਗੁਨਿ॥੩੫॥

ਏਧਰ ਸਤਿਗੁਰੂ ਹਰਿਗੋਬਿੰਦ ਜੀ ਬਹੁਤ ਪ੍ਰਸੰਨ ਸਨ, ਬੜੇ ਸ਼ਕਤੀਸ਼ਾਲੀ ਘੋੜੇ ਨੂੰ ਵੇਖਦੇ ਸਨ, ਬਿਧੀ ਚੰਦ ਪਾਸੋਂ ਗਾਥਾ ਸੁਣ ਸੁਣ ਕੇ ਕਹਿ ਰਹੇ ਸਨ, "ਸ਼ਾਬਾਸ਼ ਸ਼ਾਬਾਸ਼, ਤੂੰ ਵੱਡੀ ਬੁੱਧੀ ਵਾਲਾ ਹੈਂ।" ਇਸ ਤਰ੍ਹਾਂ ਬਿਧੀ ਚੰਦ ਦੇ ਗੁਣਾਂ ਦੀ ਸ਼ਲਾਘਾ ਕਰਦੇ ਸਨ॥੩੫॥

'ਕ੍ਰਿਪਾ ਆਪਕੀ ਤੇ ਸਭਿ ਬੰਚੇ। ਮੂੜ੍ਹ ਭਏ, ਲਖਿ ਭੇਵ ਨ ਰੰਚੇ।
ਅਪਨੀ ਵਸਤੁ ਆਪ ਅਨਿਵਾਈ। ਦਾਸ ਜਾਨਿ ਮੁਝ ਦੇਹੁ ਬਡਾਈ' ॥ ੩੬ ॥

ਬਿਧੀ ਚੰਦ ਨੇ ਕਿਹਾ, "ਆਪ ਦੀ ਕਿਰਪਾ ਕਾਰਨ ਸਾਰੇ ਮੋਹੇ ਗਏ, ਬਹੁਤ ਮੂਰਖ ਹੋ ਗਏ, ਰੰਚ ਭਰ ਵੀ ਭੇਦ ਨਾ ਜਾਣ ਸਕੇ। ਤੁਸੀਂ ਆਪਣੀ ਵਸਤੂ ਆਪ ਮੰਗਵਾਈ ਹੈ ਅਤੇ ਦਾਸ ਜਾਣ ਕੇ ਮੈਨੂੰ ਵਡਿਆਈ ਦਿੱਤੀ ਹੈ'॥੩੬॥

*ਨੋਟ : ਉਪਰੋਕਤ ਤੋਂ ਇਹ ਸਿੱਧ ਹੁੰਦਾ ਹੈ ਕਿ ਘੋੜੇ ਅਸਲ ਵਿਚ ਸੰਗਤ ਗੁਰੂ ਜੀ ਨੂੰ ਭੇਟ ਕਰਨ ਵਾਸਤੇ ਲਿਆਏ ਸਨ, ਜਿਨ੍ਹਾਂ ਨੂੰ ਬਾਦਸ਼ਾਹ ਨੇ ਖੋਹ ਲਿਆ ਸੀ, ਇਸ ਲਈ ਗੁਰੂ ਜੀ ਨੇ ਆਪਣੀ ਵਸਤੂ ਹੀ ਮੰਗਵਾਈ ਸੀ।*

ਨਿਸ ਮਹਿੰ ਖਾਨਪਾਨ ਕਰਿ ਸੋਏ। ਪੂਰ ਮਨੋਰਥ ਸੁਖ ਸੋਂ ਹੋਏ।
ਜਾਮ ਜਾਮਨੀ ਰਹੀ ਸੁ ਜਾਗੇ। ਸੌਚ ਸ਼ਨਾਨ ਕਰਨਿ ਸਭਿ ਲਾਗੇ॥ ੩੭ ॥

ਰਾਤ ਨੂੰ ਖਾ ਪੀ ਕੇ ਸੌਂ ਗਏ, ਸੁਖ ਨਾਲ ਮਨੋਰਥ ਪੂਰਨ ਹੋਇਆ। ਪਹਿਰ ਰਾਤ ਰਹਿੰਦਿਆਂ ਜਾਗ ਪਏ ਤੇ ਸੌਚ ਇਸ਼ਨਾਨ ਸਭ ਕਰਨ ਲੱਗ ਗਏ॥੩੭॥

ਪਠਹਿੰ ਕੰਠ ਤੇ ਸ੍ਰੀ ਗੁਰੁ ਬਾਨੀ। ਜਪੁਜੀ, ਸੁਖਮਨਿ ਆਦਿ ਮਹਾਨੀ।
ਆਸਾਵਾਰ ਰਬਾਬੀ ਗਾਵੈਂ। ਭਾਂਤਿ ਭਾਂਤਿ ਕੇ ਰਾਗ ਸੁਨਾਵੈਂ॥ ੩੮ ॥

ਗੁਰੂ ਜੀ ਨੇ ਕੰਠ ਕੀਤੀ ਹੋਈ ਗੁਰਬਾਣੀ ਪੜ੍ਹੀ, ਜਪੁਜੀ, ਸੁਖਮਨੀ ਆਦਿ ਜਿਹੜੀਆਂ ਮਹਾਨ ਬਾਣੀਆਂ ਹਨ। ਆਸਾ ਦੀ ਵਾਰ ਰਬਾਬੀ ਗਾਉਂਦੇ ਹਨ ਤੇ ਭਾਂਤ-ਭਾਂਤ ਦੇ ਰਾਗ ਸੁਣਾਉਂਦੇ ਹਨ॥੩੮॥

ਸੱਤਿਨਾਮ ਕੋ ਹੋਤਿ ਉਚਾਰਿ। ਸ੍ਰੀ ਕਰਤਾਰ ਕੇਰ ਜੈਕਾਰ।
ਹੁਇ ਅੰਮ੍ਰਿਤ ਵੇਲੇ ਚਿਤ ਸ਼ਾਂਤੀ। ਪਠਤਿ ਸੁਨਤਿ ਮਨ ਬਨਹਿੰ ਇਕਾਂਤੀ॥੩੯॥

ਸਤਿਨਾਮ ਦਾ ਉਚਾਰਨ ਹੁੰਦਾ ਹੈ ਤੇ ਸ੍ਰੀ ਕਰਤਾਰ ਦੀ ਜੈ ਜੈ ਕਾਰ ਕਰ ਰਹੇ ਹਨ। ਅੰਮ੍ਰਿਤ ਵੇਲੇ ਚਿਤ ਸ਼ਾਂਤ ਹੋ ਜਾਂਦਾ ਹੈ, ਪੜ੍ਹ ਸੁਣ ਕੇ ਮਨ ਇਕਾਗਰ ਹੋ ਜਾਂਦਾ ਹੈ॥੩੯॥

ਮਨਹੁ ਬਿਕੁੰਠ ਗੁਰੂ ਦਰਬਾਰ। ਹਤੇ ਕਾਮ ਕ੍ਰੋਧਾਦਿ ਬਿਕਾਰ।
ਬਹੁਰ ਪ੍ਰਕਾਸ਼ ਭਯੋ ਦਿਸ਼ਿ ਬੀਚ। ਗਗਨ ਦੁਰੇ ਉਡ ਊਚ ਅਰੁ ਨੀਚ॥ ੪੦ ॥

ਮਾਨੋ ਗੁਰੂ ਜੀ ਦਾ ਦਰਬਾਰ ਬਿਕੁੰਠ ਹੈ, ਕਾਮ, ਕ੍ਰੋਧ ਆਦਿ ਵਿਕਾਰਾਂ ਦਾ ਨਾਸ਼ ਕਰਦੇ ਹਨ, ਫਿਰ ਪੂਰਬ ਦਿਸ਼ਾ ਵਿਚ ਪ੍ਰਕਾਸ਼ ਹੋ ਗਿਆ ਭਾਵ ਦਿਨ ਚੜ੍ਹ ਗਿਆ ਤੇ ਉੱਚੇ ਨੀਵੇਂ ਤਾਰੇ ਅਕਾਸ਼ ਵਿਚ ਲੁਕ ਗਏ॥੪੦॥

ਆਸਾਵਾਰ ਭੋਗ ਕੋ ਪਾਯੋ। ਚਲਿ ਜੇਠਾ ਸਤਿਗੁਰ ਢਿਗ ਆਯੋ।
ਹਾਥ ਜੋਰਿ ਕਰਿ ਅਰਜ਼ ਗੁਜ਼ਾਰੀ। 'ਮਹਾਰਾਜ! ਘੋਰਾ ਬਲ ਭਾਰੀ॥ ੪੧ ॥

ਆਸਾ ਦੀ ਵਾਰ ਦਾ ਭੋਗ ਪਿਆ ਤੇ ਜੇਠਾ ਚਲ ਕੇ ਸਤਿਗੁਰੂ ਜੀ ਦੇ ਪਾਸ ਆਇਆ। ਉਸ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਮਹਾਰਾਜ! ਵੱਡਾ ਸ਼ਕਤੀਸ਼ਾਲੀ ਘੋੜਾ ਹੈ॥੪੧॥

ਰੁਖ ਕਰਿ ਤ੍ਰਿਣ ਦਾਨਾ ਨਹਿੰ ਖਾਇ। ਬਹੁਤ ਬਿਲੋਚਨ ਤੇ ਜਲ ਜਾਇ।
ਖਰੋ ਅਚੰਚਲ ਮਨ ਮੁਰਝਾਯੋ। ਜਾਨਜੋ ਜਾਇ ਨ, ਕਿਮ ਨਿਬਲਾਯੋ ?॥੪੨॥

ਉਹ ਪ੍ਰੇਮ ਨਾਲ ਘਾਹ ਤੇ ਦਾਣਾ ਨਹੀਂ ਖਾਂਦਾ ਹੈ, ਤੇ ਅੱਖਾਂ ਵਿਚੋਂ ਬਹੁਤ ਜਲ ਜਾਂਦਾ ਹੈ। ਸੁਸਤ ਖੜਾ ਹੈ ਤੇ ਮਨ ਮੁਰਝਾਇਆ ਹੈ, ਜਾਣਿਆ ਨਹੀਂ ਜਾਂਦਾ ਕਿਉਂ ਕਮਜ਼ੋਰ ਹੋ ਗਿਆ ਹੈ ?॥੪੨॥

ਸੇਵਤਿ ਰਹ੍ਯੋ ਦੀਪ ਨਿਸ ਬਾਰੇ। ਨਹੀਂ ਨਿਹਾਰੀ ਕੋ ਮੁਖ ਧਾਰੇ।
ਸ਼੍ਰਮਤਿ ਹੁਤੋ ਮਾਲਸ਼ ਬਹੁ ਕੀਨਿ। ਫੇਰਤਿ ਹਾਥ ਦਿਲਾਸਾ ਦੀਨਿ॥ ੪੩ ॥

ਮੈਂ ਰਾਤ ਨੂੰ ਦੀਵਾ ਬਾਲ ਕੇ ਸੇਵਾ ਕਰਦਾ ਰਿਹਾ ਹਾਂ, ਪਰ ਨਿਹਾਰੀ ਨੂੰ ਮੂੰਹ ਨਹੀਂ ਲਾਉਂਦਾ ਹੈ, ਥੱਕਾ ਹੋਇਆ ਸੀ ਇਸ ਲਈ ਬਹੁਤ ਮਾਲਸ਼ ਕੀਤੀ ਹੈ ਤੇ ਹੱਥ ਫੇਰ ਕੇ ਦਿਲਾਸਾ ਦਿੱਤਾ ਹੈ॥੪੩॥

ਲੇਹੁ ਆਪ ਸੁਧ ਫੇਰਹੁ ਹਾਥ। ਕ੍ਰਿਪਾ ਧਾਰਿ ਤਿਹ ਕਰੋ ਸਨਾਥ।
ਸੁਨਿ ਕਰਿ ਜੋਧਸ਼ਾਹੁ ਤਬਿ ਬੋਲਾ। 'ਬਹੁ ਦਿਨ ਬਿਤੇ ਥਾਨ ਤੇ ਖੋਲਾ॥ ੪੪ ॥

ਆਪ ਜੀ ਖਬਰ ਲੈ ਕੇ ਹੱਥ ਫੇਰੋ, ਕਿਰਪਾ ਧਾਰ ਕੇ ਘੋੜੇ ਨੂੰ ਸਨਾਥ ਬਣਾਓ।" ਇਹ ਸੁਣ ਕੇ ਰਾਇ ਜੋਧ ਬੋਲਿਆ, "ਬਹੁਤ ਦਿਨ ਬਾਅਦ ਇਕ ਥਾਂ ਤੋਂ ਖੋਲ੍ਹਿਆ ਹੈ॥੪੪॥

ਮਜਲ ਬਿਸਾਲ ਪਹਿਲ ਹੀ ਆਯੋ। ਹੁਯੋ ਸ਼੍ਰਮਤਿ ਯਾਤੇ ਮੁਰਝਾਯੋ।
ਸ੍ਰੀ ਹਰਿ ਗੋਬਿੰਦ ਚੰਦ ਬਖਾਨਾ। 'ਸੁਨਹੁ ਜੋਧ ! ਇਮ ਪਰੈ ਪਛਾਨਾ॥ ੪੫ ॥

ਪਹਿਲਾਂ ਹੀ ਇਕ ਲੰਮੀ ਮੰਜ਼ਲ ਤਹਿ ਕਰਕੇ ਆਇਆ ਹੈ, ਬਹੁਤ ਥੱਕਿਆ ਹੈ, ਇਸ ਕਰਕੇ ਮੁਰਝਾਇਆ ਹੈ।" ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਕਿਹਾ, "ਹੇ ਜੋਧ ! ਸੁਣੋ, ਇਸ ਤਰ੍ਹਾਂ ਜਾਣ ਪੈਂਦਾ ਹੈ॥੪੫॥

ਬਹੁਤ ਬਿਲੋਚਨ ਤੇ ਬਹਿ ਬਾਰੀ। ਉਰ ਪੀਰਾ ਜਨੁ ਵਹਿਰ ਪਸਾਰੀ।
ਹੁਯੋ ਹੋਇਗੋ ਬ੍ਰਿਹੁ ਇਸ ਤਾਈਂ। ਜਿਸ ਢਿਗ ਰਹਤਿ ਸਮੀਪ ਸਦਾਈ ॥ ੪੬ ॥

ਅੱਖਾਂ ਤੋਂ ਬਹੁਤ ਪਾਣੀ ਵੱਗਦਾ ਹੈ, ਹਿਰਦੇ ਦੀ ਪੀੜਾ ਜਿਵੇਂ ਬਾਹਰ ਵਿਖਾਈ ਹੈ, ਇਸ ਨੂੰ ਵਿਛੋੜੇ ਦੀ ਪੀੜ ਹੋਈ ਹੈ, ਜਿਸ ਘੋੜੇ ਦੇ ਪਾਸ ਸਦਾ ਹੀ ਰਹਿੰਦਾ ਸੀ" ॥੪੬॥

ਬਿਧੀ ਚੰਦ ਸਭਿ ਗਾਥ ਸੁਨਾਈ। ਘੋੜੇ ਦੋਇ ਹੁਤੇ ਦਰਿਆਈ।
ਇਹ ਦਿਲਬਾਗ, ਦੁਤਿਯ ਗੁਲਬਾਗ। ਬੰਧਤਿ ਨਿਕਟਿ ਬਢ੍ਯੋ ਅਨੁਰਾਗ॥ ੪੭ ॥

ਬਿਧੀ ਚੰਦ ਨੇ ਸਾਰੀ ਕਹਾਣੀ ਸੁਣਾਈ ਹੈ, ਉਥੇ ਦੋ ਦਰਿਆਈ ਘੋੜੇ ਸਨ। ਇਸ ਦਾ ਨਾਂ ਦਿਲਬਾਗ ਹੈ ਤੇ ਦੂਸਰਾ ਗੁਲਬਾਗ ਹੈ। ਇਕ ਦੂਸਰੇ ਦੇ ਨੇੜੇ ਬੰਨ੍ਹਣ ਕਾਰਨ ਆਪਸ ਵਿਚ ਬਹੁਤ ਪ੍ਰੇਮ ਸੀ॥੪੭॥

ਤ੍ਰਿਣ ਦਾਣਾ ਬਹੁ ਭਾਂਤਿ ਨਿਹਾਰੀ। ਦੋਨਹੁਂ ਖਾਤਿ ਖਰੇ ਇਕ ਸਾਰੀ।
ਈਦ ਆਦਿ ਦਿਨ ਖੋਲਹਿਂ ਕਬੈ। ਨਤੁ ਰਹਿਂ ਖਰੇ ਜਿ ਸੰਬਤ ਸਬੈ॥ ੪੮ ॥

ਘਾਹ, ਦਾਣੇ ਅਤੇ ਬਹੁਤ ਪ੍ਰਕਾਰ ਦੀਆਂ ਨਿਹਾਰੀਆਂ, ਦੋਵੇਂ ਖੜੇ ਹੋ ਕੇ ਇਕ ਸਾਥ ਖਾਂਦੇ ਸਨ। ਈਦ ਆਦਿ ਦੇ ਦਿਨ ਕਦੇ ਖੋਲ੍ਹਦੇ ਸਨ, ਨਹੀਂ ਤਾਂ ਸਾਰਾ ਸਾਲ ਬੰਨ੍ਹੇ ਖੜੇ ਰਹਿੰਦੇ ਸਨ॥੪੮॥

ਤਿਸ ਹਯ ਕੋ ਬ੍ਰਿਹੁ ਜਾਨ੍ਯੋ ਜਾਇ। ਸੰਕਟ ਤੇ ਦ੍ਰਿਗ ਜਲ ਚਲਿ ਆਇ।
ਇਮ ਸੁਨਿ ਸਭਿ ਕੈ ਨਿਸ਼ਚੈ ਭਯੋ। 'ਬ੍ਰਿਹਾ ਤੁਰੰਗਮ ਤੇ ਦੁਖ ਥਿਯੋ' ॥ ੪੯ ॥

ਉਸ ਘੋੜੇ ਦਾ ਵੀ ਬ੍ਰਿਹਾ ਜਾਣਿਆ ਜਾਂਦਾ ਹੈ, ਦੁਖ ਹੋਣ ਤੇ ਹੀ ਅੱਖਾਂ ਵਿਚ ਜਲ ਆਉਂਦਾ ਹੈ।" ਇਹ ਸੁਣ ਕੇ ਸਭ ਨੂੰ ਨਿਸਚਾ ਹੋ ਗਿਆ, "ਸਾਥੀ ਘੋੜੇ ਤੋਂ ਵਿਛੜਣ ਕਰਕੇ ਦੁੱਖ ਪਾਇਆ ਹੈ" ॥੪੯॥

*ਸੱਤਵੀਂ ਰਾਸ ਦਾ ਬੱਤੀਵਾਂ ਅਧਿਆਇ ਸਮਾਪਤ ਹੋਇਆ॥੩੨॥*

# ਅਧਿਆਇ ਤੇਤੀਵਾਂ

## ਦੂਸਰਾ ਘੋੜਾ ਗੁਲਬਾਗ

ਦੋਹਰਾ-ਇਮ ਨਿਸ਼ਚੈ ਕਰਿ ਤੁਰੰਗ ਦੁਖ ਉਠੇ ਗੁਰੂ ਮਹਾਰਾਜ।
ਕੌਤਕ ਕਰਤਿ ਅਨੇਕ ਬਿਧਿ ਬਡੇ ਗ਼ਰੀਬ ਨਵਾਜ॥ ੧॥

ਇਸ ਤਰ੍ਹਾਂ ਘੋੜੇ ਦਾ ਦੁੱਖ ਨਿਸ਼ਚੇ ਕਰਕੇ ਗੁਰੂ ਮਹਾਰਾਜ ਜੀ ਉੱਠ ਪਏ, ਅਨੇਕ ਪ੍ਰਕਾਰ ਦੇ ਕੌਤਕ ਕਰਦੇ ਹਨ, ਗੁਰੂ ਜੀ ਵੱਡੇ ਗ਼ਰੀਬ-ਨਿਵਾਜ਼ ਹਨ॥੧॥

ਚੌਪਈ-ਜਾਇ ਤੁਰੰਗਮ ਕੋ ਤਬਿ ਹੇਰਾ। ਬਹੁਤਿ ਬਿਲੋਚਨ ਬਾਰਿ ਬਡੇਰਾ।
ਇਤ ਉਤ ਨਹਿਂ ਦੇਖਤਿ, ਮੁਰਝਾਯੋ। ਤ੍ਰਿਣ ਦਾਨਾ ਈਖਦ ਹੀ ਖਾਯੋ॥੨॥

ਫਿਰ ਘੋੜੇ ਨੂੰ ਜਾ ਕੇ ਵੇਖਿਆ, ਉਸ ਦੀਆਂ ਅੱਖਾਂ ਵਿਚੋਂ ਬਹੁਤ ਪਾਣੀ ਵਹਿ ਰਿਹਾ ਸੀ। ਏਧਰ ਓਧਰ ਵੇਖਦਾ ਨਹੀਂ ਸੀ, ਤੇ ਬੜਾ ਮੁਰਝਾਇਆ ਹੋਇਆ ਸੀ, ਘਾਹ ਅਤੇ ਦਾਣੇ ਬਹੁਤ ਥੋੜ੍ਹੇ ਖਾਧੇ ਸਨ॥੨॥

ਜੋਧ ਸੰਗ ਤਬਿ ਗੁਰੂ ਬਖਾਨੀ। 'ਬ੍ਰਿਹੁ ਕੀ ਪੀਰ ਇਸੇ ਹਮ ਜਾਨੀ।
ਅਪਰ ਨ ਤਨ ਮਹਿਂ ਸੰਕਟ ਕੋਈ। ਏਕ ਥਾਨ ਬੰਧੇ ਰਹਿਂ ਦੋਈ॥ ੩॥

ਫਿਰ ਰਾਇ ਜੋਧ ਨੂੰ ਗੁਰੂ ਜੀ ਨੇ ਕਿਹਾ, "ਇਸ ਨੂੰ ਬ੍ਰਿਹਾ ਦੀ ਪੀੜ ਹੈ, ਇਹ ਅਸੀਂ ਜਾਣ ਲਿਆ ਹੈ, ਇਸ ਦੇ ਸਰੀਰ ਵਿਚ ਹੋਰ ਕੋਈ ਰੋਗ ਨਹੀਂ ਹੈ। ਦੋਵੇਂ ਘੋੜੇ ਇਕ ਥਾਂ ਬੱਧੇ ਰਹੇ ਹਨ"॥੩॥

ਸ੍ਰੀ ਗੁਰ ਬੈਨ ਜੋਧ ਸਨਮਾਨਾ। 'ਨਿਸ਼ਚੈ ਆਪ ਪ੍ਰਥਮ ਹੀ ਜਾਨਾ।
ਸਰਬ ਸ਼ਕਤਿ ਕੇ ਮਾਲਿਕ ਰਾਵਰ। ਕਹਜੋ ਜੁ ਤਰਕਹਿ ਸੋ ਮਤਿ ਬਾਵਰ॥੪॥

ਗੁਰੂ ਜੀ ਦੇ ਬਚਨਾਂ ਨੂੰ ਸਨਮਾਨਦੇ ਹੋਏ ਰਾਏ ਜੋਧ ਨੇ ਕਿਹਾ, "ਨਿਸ਼ਚੇ ਰੂਪ ਵਿਚ ਆਪ ਨੇ ਪਹਿਲਾਂ ਜਾਣ ਲਿਆ ਹੈ, ਆਪ ਜੀ ਸਰਬ ਸ਼ਕਤੀ ਦੇ ਮਾਲਕ ਹੋ, ਜਿਹੜਾ ਤੁਹਾਡੇ ਕਹੇ ਤੇ ਤਰਕ ਕਰੇ ਪਾਗਲ ਮੱਤ ਵਾਲਾ ਹੈ॥੪॥

ਅਬਿ ਕਰ ਫੇਰ ਧੀਰ ਕਹੁ ਦੈ ਹੋ। ਮਨ ਇਸ ਕੋ ਥਿਰ ਭਲੇ ਕਰੈ ਹੋ'।
ਤਬਿ ਸਤਿਗੁਰ ਨਿਜ ਪੰਕਜ ਹਾਥ। ਫੇਰਨਿ ਕੀਨਿ ਦਿਲਾਸੇ ਸਾਥ॥ ੫॥

ਤੁਸੀਂ ਹੱਥ ਫੇਰ ਕੇ ਇਸ ਨੂੰ ਧੀਰਜ ਦੇਵੋ ਤੇ ਇਸ ਦਾ ਮਨ ਭਲੇ ਸਥਿਰ ਕਰ ਦੇਵੋ।" ਤਦ ਸਤਿਗੁਰੂ ਜੀ ਨੇ ਆਪਣੇ ਕੰਵਲ ਹੱਥ ਨੂੰ ਘੋੜੇ ਦੇ ਸਰੀਰ ਤੇ ਫੇਰ ਦਿਲਾਸਾ ਦਿੱਤਾ॥੫॥

ਬਦਨ ਬਿਲੋਚਨ ਪੀਠ ਉਦਾਰਾ। ਧਰ ਕਰਿ ਕਰ ਕੋ ਰੁਚਿਰ ਉਚਾਰਾ।
ਨਾਮ 'ਜਾਨ ਭਾਈ!' ਕਹਿ ਕਰਿ ਕੈ। 'ਤ੍ਰਿਣ ਦਾਨਾ ਅਚਵਹੁ ਹਿਤ ਧਰਿ ਕੈ॥੬॥

ਮੁੱਖ, ਨੈਣ ਅਤੇ ਪਿੱਠ ਬਹੁਤ ਵੱਡੀ ਸੀ ਤੇ ਗੁਰੂ ਜੀ ਨੇ ਉਸ ਦੇ ਉੱਤੇ ਹੱਥ ਧਰ ਬੜੇ ਸੁੰਦਰ ਬਚਨ ਕਹੇ। ਨਾਮ 'ਜਾਨ ਭਾਈ' ਕਹਿ ਕੇ ਕਿਹਾ "ਘਾਹ ਅਤੇ ਦਾਣੇ ਹਿਤ ਧਾਰ ਕੇ ਖਾਓ॥੬॥

ਗੁਰ ਘਰ ਆਇ ਕਸ਼ਟ ਨਹਿਂ ਪਾਵਹੁ। ਤਨ ਮਨ ਕੀ ਸਭਿ ਪੀਰ ਮਿਟਾਵਹੁ।
ਜਿਸ ਕੋ ਚਹੈਂ ਆਇ ਸੋ ਜੈਹੈ। ਪ੍ਰਿਯ ਪ੍ਰੇਮੀ ਕੋ ਪ੍ਰਭੁ ਮਿਲੈ ਹੈ॥ ੭॥

ਗੁਰੂ ਘਰ ਵਿਚ ਆਏ ਹੋ, ਕਸ਼ਟ ਨਹੀਂ ਪਾਵੇਂਗੇ ਤੇ ਤਨ ਮਨ ਦੀ ਸਾਰੀ ਪੀੜਾ ਮਿਟਾਵੇ, ਜਿਸ ਨੂੰ ਚਾਹੁੰਦੇ ਹੋ ਉਹ ਜ਼ਰੂਰ ਆ ਜਾਵੇਗਾ, ਪਿਆਰੇ ਪ੍ਰੇਮੀ ਨੂੰ ਪ੍ਰਭੂ ਮਿਲਾ ਦਿੰਦੇ ਹਨ' ॥੭॥

ਸੁਨਿ ਸਤਿਗੁਰ ਕੇ ਬਾਕ ਸੁਹਾਏ। ਫੁਰਕਜੋ ਘੋਰਾ ਉਰ ਹਰਖਾਏ।
ਆਗੇ ਪਰੇ ਤ੍ਰਿਣਨਿ ਮੁਖ ਡਾਰੇ। ਜੋਧ ਆਦਿ ਤਿਹ ਸਰਬ ਨਿਹਾਰੇ॥ ੮॥

ਗੁਰੂ ਜੀ ਦੇ ਸੁਹਾਵਣੇ ਬਚਨ ਸੁਣ ਕੇ, ਘੋੜੇ ਨੇ ਦਿਲ ਵਿਚ ਪ੍ਰਸੰਨ ਹੋ ਕੇ ਫੁਰਕਾਰਾ ਮਾਰਿਆ। ਅੱਗੇ ਪਏ ਘਾਹ ਨੂੰ ਮੂੰਹ ਵਿਚ ਪਾਇਆ, ਜੋਧ ਆਦਿ ਸਭ ਨੇ ਵੇਖਿਆ॥੮॥

ਖਾਨ ਲਗਜੋ ਲਖਿ ਰਿਦੇ ਅਨੰਦੇ। 'ਧੰਨ ਧੰਨ ਸ੍ਰੀ ਹਰਿਗੋਬਿੰਦੇ'।
ਪੁਨ ਇਕਾਂਤ ਮਹਿਂ ਬੈਠੇ ਜਾਇ। ਜੋਧਰਾਇ ਕੋ ਲੀਨਿ ਬੁਲਾਇ॥ ੯॥

ਘੋੜਾ ਹਿਰਦੇ ਵਿਚ ਆਨੰਦ ਪਛਾਣ ਕੇ ਘਾਹ ਖਾਣ ਲੱਗ ਗਿਆ। ਸਾਰੇ ਕਹਿਣ ਲੱਗੇ, "ਧੰਨ ਧੰਨ ਸ੍ਰੀ ਹਰਿਗੋਬਿੰਦ ਜੀ।" ਫਿਰ ਗੁਰੂ ਜੀ ਇਕਾਂਤ ਵਿਚ ਬੈਠ ਗਏ ਤੇ ਜੋਧ ਰਾਇ ਨੂੰ ਆਪਣੇ ਪਾਸ ਬੁਲਾ ਲਿਆ॥੯॥

ਬਿਧੀਚੰਦ ਪੁਨ ਨਿਕਟਿ ਹਕਾਰਾ। ਸਾਦਰ ਕਹਿ ਕਰਿ ਤਿਹ ਬੈਠਾਰਾ।
'ਭੋ ਸੁਮਤੇ! ਘੋਰਾ ਹਰਿ ਲਜਾਯੋ। ਕਰਿ ਅਚਰਜ ਸਭਿ ਕੋ ਦਿਖਰਾਯੋ॥ ੧੦॥

ਫਿਰ ਬਿਧੀ ਚੰਦ ਨੂੰ ਆਪਣੇ ਪਾਸ ਬੁਲਾਇਆ, ਆਦਰ ਨਾਲ ਬੁਲਾ ਕੇ ਪਾਸ ਬੈਠਾਇਆ ਤੇ ਕਹਿਣ ਲੱਗੇ, "ਹੇ ਸ੍ਰੇਸ਼ਟ ਮੱਤ ਵਾਲੇ! ਤੂੰ ਘੋੜਾ ਖੋਹ ਲਿਆਇਆ ਹੈਂ ਤੇ ਸਭ ਨੂੰ ਅਸਚਰਜ ਕਾਰਜ ਕਰ ਕੇ ਵਿਖਾ ਦਿੱਤਾ ਹੈ॥੧੦॥

ਇਹੁ ਪੁਰਸ਼ਾਰਥ ਇਕ ਤੁਮ ਮਾਂਹੀ। ਅਪਰ ਨਰਨ ਕਿਸ ਮਹਿਂ ਅਸ ਨਾਂਹੀ।
ਹਯ ਦੂਜੇ ਬਿਨ ਭਈ ਅਜੋਗ। ਮੁਰਝਾਯੋ ਜਨ ਉਪਜਯੋ ਰੋਗ॥ ੧੧॥

ਇਹ ਸ਼ਕਤੀ ਇਕ ਤੇਰੇ ਵਿਚ ਹੀ ਹੈ, ਹੋਰ ਕਿਸੇ ਮਰਦ ਵਿਚ ਅਜਿਹਾ ਬਲ ਨਹੀਂ ਹੈ। ਦੂਸਰੇ ਘੋੜੇ ਬਗੈਰ ਕਾਰਜ ਅਯੋਗ ਹੋ ਗਿਆ ਹੈ। ਇਹ ਘੋੜਾ ਏਨਾ ਮਾਯੂਸ ਹੋ ਗਿਆ ਹੈ ਜਿਵੇਂ ਕੋਈ ਰੋਗ ਲੱਗ ਗਿਆ ਹੋਵੇ॥੧੧॥

ਪਰਮ ਦੁਖੀ ਬਨਿ ਰੋਦਤਿ ਇਹਾਂ। ਦੂਸਰ ਐਸੋ ਹੁਇ ਹੈ ਤਹਾਂ।
ਭਯੋ ਸੰਤਾਪ ਦੁਹਿਨ ਕੇ ਮਨ ਕੋ। ਰਿਸ਼ਟ ਪੁਸ਼ਟ ਕਿਮ ਹੋਇ ਨ ਤਨ ਕੋ॥੧੨॥

ਪਰਮ ਦੁੱਖੀ ਹੋ ਕੇ ਏਥੇ ਰੋਂਦਾ ਹੈ, ਉਥੇ ਦੂਸਰਾ ਘੋੜਾ ਵੀ ਇਸ ਤਰ੍ਹਾਂ ਦਾ ਹੀ ਦੁਖੀ ਹੋ ਗਿਆ ਹੈ। ਦੋਹਾਂ ਦੇ ਮਨ ਨੂੰ ਬਹੁਤ ਸੰਤਾਪ ਹੋਇਆ ਹੈ, ਇਨ੍ਹਾਂ ਦੇ ਸਰੀਰ ਕਿਵੇਂ ਵੀ ਰਿਸ਼ਟ-ਪੁਸ਼ਟ ਨਹੀਂ ਹੋਣਗੇ॥੧੨॥

ਕਰਹੁ ਜਤਨ ਦੂਸਰ ਕੋ ਲਜਾਵਹੁ। ਨਾਂਹਿ ਤ ਇਸ ਕੋ ਤਹਿਂ ਪਹੁਂਚਾਵਹੁ।
ਜੋਰੀ ਰਹੈ ਏਕ ਥਲ ਮਿਲੀ। ਹਮਰੇ ਉਰ ਭਾਵਤਿ ਇਮ ਭਲੀ' ॥ ੧੩॥

ਇਹ ਯਤਨ ਕਰੋ ਕਿ ਦੂਸਰੇ ਨੂੰ ਵੀ ਲੈ ਆਓ, ਨਹੀਂ ਤਾਂ ਇਸ ਨੂੰ ਉਥੇ ਪਹੁੰਚਾ ਦੇਵੋ। ਇਹ ਜੋੜੀ ਇਕ ਥਾਂ ਮਿਲ ਕੇ ਰਹੇ। ਸਾਡੇ ਮਨ ਵਿਚ ਇਸ ਤਰ੍ਹਾਂ ਭਲੀ ਲੱਗਦੀ ਹੈ' ॥੧੩॥

ਸੁਨਤਿ ਜੋਧਿ ਕਹਿ 'ਲਜਾਵਨ ਠਾਨੋ। ਇਹ ਪਹੁਂਚਾਵਹੁ ਮੁਖ ਨ ਬਖਾਨੋ।
ਹੈ ਅਤਿ ਕਠਨ ਹਰਨ ਹਯ ਕੇਰਾ। ਮੁਸ਼ਕਲ ਤੇ ਮੁਸ਼ਕਲ ਬਹੁਤੇਰਾ॥ ੧੪॥

ਇਹ ਸੁਣ ਕੇ ਰਾਇ ਜੋਧ ਨੇ ਕਿਹਾ, "ਲਿਆਉਣ ਦਾ ਮਨ ਬਣਾਓ, ਇਸ ਨੂੰ ਪਹੁੰਚਾਉਣ ਦੀ ਗੱਲ ਮੁੱਖ ਤੋਂ ਨਾ ਕਹੋ। ਘੋੜਾ ਚੁਰਾਉਣਾ ਬਹੁਤ ਕਠਨ ਹੈ, ਇਹ ਬਹੁਤ ਮੁਸ਼ਕਲ ਤੋਂ ਮੁਸ਼ਕਲ ਕਾਰਜ ਹੈ॥੧੪॥

ਤਊ ਆਪ ਕੀ ਕਰੁਨਾ ਪਾਇ। ਲਜਾਯਹੁ ਬਿਧੀਆ ਬੁਧਿ ਉਪਜਾਇ।
ਹਮ ਕੋ ਮਹਾਂ ਚਤੁਰ ਇਹ ਦੀਖਾ। ਅਪਰ ਨ ਜਗ ਮਹਿਂ ਇਸੀ ਸਰੀਖਾ ॥੧੫॥

ਫਿਰ ਵੀ ਆਪ ਜੀ ਦੀ ਕਿਰਪਾ ਪਾ ਕੇ ਬਿਧੀ ਚੰਦ ਆਪਣੀ ਬੁਧੀ ਦਾ ਉਪਯੋਗ ਕਰਕੇ ਲੈ ਆਵੇਗਾ। ਅਸੀਂ ਉਸ ਨੂੰ ਮਹਾਂ ਚਤਰ ਵੇਖਿਆ ਹੈ, ਜਗਤ ਵਿਚ ਇਸ ਦਾ ਕੋਈ ਸਾਨੀ ਨਹੀਂ ਹੈ॥੧॥

ਪੂਰਬ ਤੇ ਦੂਸਰ ਹਯ ਲਜਾਵਨ। ਅਧਿਕ ਕਠਨ ਤੇ ਕਠਨ ਸੁ ਆਵਨਿ।
ਤਊ ਮੋਹਿ ਨਿਸ਼ਚੈ ਅਸ ਹੋਵਾ। ਤੁਮ ਚਿਤ ਚਹਹੁ ਤ ਆਵਤਿ ਜੋਵਾ ॥੧੬॥

ਪਹਿਲੇ ਨਾਲੋਂ ਦੂਸਰਾ ਘੋੜਾ ਲਿਆਉਣਾ, ਬਹੁਤ ਕਠਨ ਤੋਂ ਕਠਨ ਮਿਹਨਤ ਕਰਕੇ ਆਉਣਾ ਹੈ। ਫਿਰ ਵੀ ਮੈਨੂੰ ਇਸ ਤਰ੍ਹਾਂ ਨਿਸ਼ਚਾ ਹੋਇਆ ਹੈ ਕਿ ਜੇ ਤੁਸੀਂ ਚਿੱਤ ਵਿਚ ਚਾਹੋ ਤਾਂ ਘੋੜਾ ਆਉਂਦਾ ਹੋਇਆ ਦਿੱਸਦਾ ਹੈ' ॥੧੬॥

ਸੁਨਿ ਬਿਧੀਏ ਕਰ ਜੋਰਿ ਬਖਾਨਾ।'ਅਪਰ ਨਰਨ ਕੋ ਕਠਨ ਮਹਾਨਾ।
ਤੁਰੰਗ ਸ਼ਾਹੁ ਕੇ ਅਤਿ ਤਕਰਾਈ। ਸੁਭਟ ਹਜ਼ਾਰਹੁੰ ਸਦਾ ਸਹਾਈ॥ ੧੭॥

ਇਹ ਸੁਣ ਕੇ ਬਿਧੀ ਚੰਦ ਨੇ ਹੱਥ ਜੋੜ ਕੇ ਕਿਹਾ, 'ਹੋਰ ਮਨੁੱਖਾਂ ਵਾਸਤੇ ਮਹਾਨ ਕਠਨ ਹੈ, ਬਾਦਸ਼ਾਹ ਦੇ ਘੋੜਿਆਂ ਉਤੇ ਬਹੁਤ ਤਕੜਾਈ ਹੈ, ਹਜ਼ਾਰਾਂ ਸੂਰਮੇ ਸਦਾ ਉਨ੍ਹਾਂ ਦੀ ਸਹਾਇਤਾ ਵਿਚ ਰਹਿੰਦੇ ਹਨ॥੧੭॥

ਬਹੁਰ ਦੁਰਗ ਮਹਿਂ ਘੋਰਾ ਖਰਜੋ। ਅਧਿਕ ਸਭਿਨਿ ਸਵਧਾਨੀ ਕਰਜੋ।
ਗੁਰ ਪ੍ਰਤਾਪ ਤੇ, ਮੈਂ ਨਹਿਂ ਜਾਨੋਂ। ਲੋਹੁ ਦੁਰਗ ਤੇ ਮੈਂ ਹਰਿ ਆਨੋਂ॥ ੧੮॥

ਫਿਰ ਕਿਲ੍ਹੇ ਵਿਚੋਂ ਇਕ ਘੋੜਾ ਚਲਾ ਗਿਆ ਹੈ, ਸਾਰਿਆਂ ਨੇ ਸਖਤ ਸਾਵਧਾਨੀ ਕਰ ਦਿੱਤੀ ਹੈ। ਗੁਰੂ ਜੀ ਦੇ ਪ੍ਰਤਾਪ ਕਰਕੇ ਮੈਂ ਅਜਿਹੀ ਚੌਕਸੀ ਨੂੰ ਨਹੀਂ ਜਾਣਦਾ ਹਾਂ, ਜੇ ਉਹ ਲੋਹੇ ਦਾ ਵੀ ਕਿਲ੍ਹਾ ਬਣਾ ਲੈਣ ਤਾਂ ਫਿਰ ਵੀ ਮੈਂ ਘੋੜਾ ਚੁਰਾ ਲਿਆਵਾਂਗਾ॥੧੮॥

ਪ੍ਰਥਮ ਸਭਿਨਿ ਕੀ ਅਸ ਮਤਿ ਮਾਰੀ। ਲਖੀ ਨ ਕਿਨਹੂੰ ਛਲ ਕ੍ਰਿਤ ਭਾਰੀ।
ਸੁਨਹੁਂ ਪ੍ਰਭੁ ਕਜੋਂ ਦੈਬੇ ਘੋਰਾ। ਆਨਿ ਮਿਲਾਵੌਂ ਮੈਂ ਇਸ ਜੋਰਾ॥ ੧੯॥

ਪਹਿਲਾਂ ਮੈਂ ਉਨ੍ਹਾਂ ਦੀ ਅਜਿਹੀ ਮੱਤ ਮਾਰੀ ਸੀ ਕਿ ਮੇਰੇ ਭਾਰੀ ਛਲ ਨੂੰ ਕੋਈ ਵੀ ਸਮਝ ਨਾ ਸਕਿਆ। ਹੇ ਪ੍ਰਭੂ ਜੀ! ਸੁਣੋ, ਘੋੜਾ ਕਿਉਂ ਦੇਣਾ ਹੈ, ਮੈਂ ਇਸ ਦੇ ਜੋੜੇ ਨੂੰ ਲਿਆ ਕੇ ਮਿਲਾ ਦੇਵਾਂਗਾ॥੧੯॥

ਆਯੁਧਪਾਨੀ ਜੇ ਭਟ ਲਾਖੇ। ਹੁਇ ਸਵਧਾਨ ਬਨਹਿਂ ਸਭਿ ਰਾਖੇ।
ਐਸੀ ਕਰੌਂ ਬੰਚਨਾ ਤਿਨ ਕੀ। ਚਹੌਂ ਸੁ ਲਜਾਵੌਂ ਅੱਗ੍ਰ ਨਯਨ ਕੀ॥ ੨੦॥

ਹੱਥਾਂ ਵਿਚ ਸ਼ਸਤ੍ਰਧਾਰੀ ਹੋ ਕੇ ਜੇ ਲੱਖਾਂ ਸੂਰਮੇ ਵੀ ਹੋਣ ਤੇ ਚੌਕਸ ਹੋ ਕੇ ਸਾਰੇ ਰਾਖੇ ਬਣ ਜਾਣ ਤਾਂ ਵੀ ਮੈਂ ਉਨ੍ਹਾਂ ਨੂੰ ਇਸ ਤਰ੍ਹਾਂ ਮੋਹ ਲਵਾਂਗਾ ਕਿ ਉਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਘੋੜੇ ਨੂੰ ਲੈ ਆਵਾਂਗਾ॥੨੦॥

ਪ੍ਰਭ ਜੀ! ਆਗਯਾ ਦੇਹੁ ਸਿਧਾਵੌਂ। ਲਜਾਇ ਤੁਰਤ ਹਯ ਦਰਸ਼ਨ ਪਾਵੌਂ।
ਮੁਖ ਮੁਸਕਾਵਤਿ ਕਹਜੋ ਗੁਸਾਈਂ। 'ਗਮਨਹੁ ਬਿਧੀਆ! ਗੁਰੂ ਸਹਾਈ॥੨੧॥

ਹੇ ਪ੍ਰਭੂ ਜੀ! ਆਗਿਆ ਦੇਵੋ, ਮੈਂ ਜਾਂਦਾ ਹਾਂ, ਮੈਂ ਤੁਰਤ ਘੋੜੇ ਨੂੰ ਲਿਆਉਂਦਾ ਹਾਂ, ਉਸ ਦੇ ਦਰਸ਼ਨ ਕਰੋ।' ਗੁਰੂ ਜੀ ਨੇ ਮੁੱਖ ਤੋਂ ਮੁਸਕਰਾ ਕੇ ਕਿਹਾ, ''ਹੇ ਬਿਧੀ ਚੰਦ! ਜਾਵੋ ਗੁਰੂ ਜੀ ਤੁਹਾਡੇ ਸਹਾਈ ਹੋਣਗੇ॥੨੧॥

ਕਰਿ ਕਾਰਜ ਤੂਰਨ ਹੀ ਆਵਹੁ। ਬਹੁਰ ਜੰਗ ਕਰਿ ਤੁਰਕ ਖਪਾਵਹੂ।
ਸੁਨਤਿ ਉਠਜੋ ਪਗ ਪੰਕਜ ਹਾਥ। ਧਰ ਕਰਿ ਪ੍ਰਿਯ ਉਰ ਟੇਕਜੋ ਮਾਥ॥ ੨੨॥

ਕਾਰਜ ਕਰਕੇ ਤੁਰਤ ਆ ਜਾਵੇ, ਫਿਰ ਜੰਗ ਕਰਕੇ ਤੁਰਕਾਂ ਨੂੰ ਮਾਰੇ।" ਇਹ ਸੁਣ ਕੇ ਬਿਧੀ ਚੰਦ ਉਠਿਆ ਤੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਹੱਥ ਧਰ ਕੇ ਮੱਥਾ ਟੇਕਿਆ॥੨੨॥

ਅਤਿ ਉਤਸਾਹੁ ਧਾਰਿ ਪ੍ਰਸਥਾਨਾ। ਅਦਭੁਤ ਕੌਤਕ ਕਰਨਿ ਮਹਾਨਾ।
ਪ੍ਰਥਮ ਕ੍ਰਿਤ ਹਨੁਮਾਨ ਸਮਾਨਾ। ਅਧਿਕ ਕਰਨ ਕਹੁ ਅਬਹਿ ਪਯਾਨਾ॥੨੩॥

ਅਤਿ ਉਤਸ਼ਾਹ ਧਾਰ ਕੇ ਚਲੇ ਗਿਆ, ਮਹਾਨ ਅਦਭੁਤ ਕੌਤਕ ਕਰਨ ਗਿਆ। ਪਹਿਲਾ ਹਨੂਮਾਨ ਵਾਂਗ ਕਾਰਜ ਕੀਤਾ ਸੀ, ਹੁਣ ਹਨੂਮਾਨ ਨਾਲੋਂ ਵੀ ਵੱਡਾ ਕਾਰਜ ਕਰਨ ਚਲਾ ਗਿਆ॥੨੩॥

ਜਬਿ ਬੰਦਨ ਕਰਿ ਝੁਕਯੋ ਅਗਾਰੀ। ਥਾਪੀ ਦੀਨਿ ਗੁਰੂ ਬਲ ਭਾਰੀ।
'ਜਿਮ ਚਿਤ ਚਹਹਿ ਕਰਹਿਗੋ ਸੋਊ। ਤੁਵ ਕ੍ਰਿਤ ਕੋ ਅਟਕਾਇ ਨ ਕੋਊ॥੨੪॥

ਜਦ ਗੁਰੂ ਜੀ ਨੂੰ ਬੰਦਨਾ ਕਰਕੇ ਉਨ੍ਹਾਂ ਦੇ ਅੱਗੇ ਝੁਕਿਆ ਤਾਂ ਗੁਰੂ ਜੀ ਨੇ ਭਾਰੀ ਬਲ ਨਾਲ ਥਾਪੀ ਦਿੱਤੀ ਤੇ ਕਿਹਾ, "ਜਿਵੇਂ ਚਿੱਤ ਵਿਚ ਚਾਹੋਗੇ ਉਸ ਤਰ੍ਹਾਂ ਹੀ ਕਰੋਗੇ, ਤੁਹਾਡੀ ਕੀਤੀ ਨੂੰ ਕੋਈ ਵੀ ਰੋਕ ਨਹੀਂ ਪਾ ਸਕੇਗਾ॥੨੪॥

ਤੁਵ ਬੁਧਿ ਸਭਿ ਕੇ ਊਪਰ ਛਾਵੈ। ਨਰ ਬਪੁਰੇ ਸੁਰ ਨਹਿਂ ਲਖਿ ਪਾਵੈ'।
ਲੇ ਬਰ ਲਵਪੁਰਿ ਮਾਰਗ ਪਰਯੋ। ਉਰ ਨਿਸ਼ੰਕ ਕਿਸ ਤ੍ਰਾਸਨ ਧਰਯੋ॥੨੫॥

ਤੁਹਾਡੀ ਬੁੱਧੀ ਸਾਰਿਆਂ ਦੇ ਉਪਰ ਛਾ ਜਾਵੇਗੀ, ਮਨੁੱਖ ਵਿਚਾਰੇ ਕੀ ਹਨ, ਦੇਵਤੇ ਵੀ ਸਮਝ ਨਹੀਂ ਸਕਣਗੇ"। ਭਾਈ ਬਿਧੀ ਚੰਦ ਵਰ ਲੈ ਕੇ ਲਾਹੌਰ ਨੂੰ ਚਲਾ ਗਿਆ, ਹਿਰਦੇ ਵਿਚ ਸ਼ੰਕਾ ਰਹਿਤ ਹੋ ਗਿਆ ਤੇ ਕਿਸੇ ਦਾ ਡਰ ਨਾ ਧਾਰਨ ਕੀਤਾ॥੨੫॥

ਤਿਸ ਪੀਛੇ ਸ਼੍ਰੀ ਸਤਿਗੁਰ ਰਹੇ। ਜੋਧਾ ਜੋਧ ਬਿਨੈ ਬਚ ਕਹੇ।
'ਡੇਰਾ ਪਰਯੋ ਭਯੋ ਚਿਰਕਾਲਾ। ਮੋਰ ਕਾਮਨਾ ਰਿਦੇ ਬਿਸਾਲਾ॥੨੬॥

ਉਸ ਤੋਂ ਬਾਅਦ ਸਤਿਗੁਰੂ ਜੀ ਉਥੇ ਰਹੇ। ਫਿਰ ਸੂਰਬੀਰ ਜੋਧ ਰਾਇ ਨੇ ਬਚਨ ਕਹੇ, "ਏਥੇ ਡੇਰਾ ਲਾਏ ਨੂੰ ਤੁਹਾਨੂੰ ਕਾਫ਼ੀ ਸਮਾਂ ਬੀਤ ਗਿਆ ਹੈ, ਮੇਰੇ ਹਿਰਦੇ ਵਿਚ ਇਕ ਵੱਡੀ ਕਾਮਨਾ ਹੈ॥੨੬॥

ਤੀਨ ਕੋਸ ਇਸ ਥਲ ਤੇ ਪੁਰਿ ਹੈ। ਤਹਿਂ ਤੁਮਰੇ ਸੇਵਕ ਕੋ ਘਰ ਹੈ।
ਕਰੁਨਾ ਕਰਹੁ ਚਰਨ ਨਿਜ ਪਾਵਹੁ। ਪਾਵਨ ਹੋਹਿ, ਮੋਹਿ ਮਨ ਭਾਵਹੁ॥੨੭॥

ਇਸ ਸਥਾਨ ਤੋਂ ਮੇਰਾ ਨਗਰ ਤਿੰਨ ਕੋਹ ਦੂਰ ਹੈ, ਉਥੇ ਤੁਹਾਡੇ ਸੇਵਕ ਦਾ ਘਰ ਹੈ। ਮੇਰੇ 'ਤੇ ਕਿਰਪਾ ਕਰੋ ਤੇ ਮੇਰੇ ਘਰ ਵਿਚ ਆਪਣੇ ਚਰਨ ਪਾਵੋ, ਮੇਰਾ ਘਰ ਪਵਿੱਤਰ ਹੋਵੇ, ਮੇਰੇ ਮਨ ਨੂੰ ਭਾਵੋ॥੨੭॥

ਦੇਹੁ ਦਾਸ ਕੋ ਚਲਿ ਬਡਿਆਈ। ਤਹਾਂ ਕਰਹੁ ਕੁਛ ਦਿੰਵਸ ਬਿਤਾਈ'।
ਆਗੇ ਕਹਤਿ ਰਹਯੋ ਬਹੁ ਬਾਰੀ। ਦੇਖਿ ਭਾਉ ਬਹੁ ਕੀਨਸਿ ਤਯਾਰੀ॥੨੮॥

ਉਥੇ ਚਲ ਕੇ ਦਾਸ ਨੂੰ ਵਡਿਆਈ ਬਖਸ਼ੋ, ਉਥੇ ਕੁਝ ਦਿਨ ਬਤੀਤ ਕਰੋ।" ਪਹਿਲਾਂ ਵੀ ਉਹ ਬਹੁਤ ਵਾਰ ਕਹਿੰਦਾ ਰਿਹਾ ਸੀ, ਪ੍ਰੇਮ ਵੇਖ ਕੇ ਗੁਰੂ ਜੀ ਨੇ ਜਾਣ ਦੀ ਤਿਆਰੀ ਕਰ ਦਿੱਤੀ ॥੨੮॥

ਸਾਧੂ ਰੂਪਚੰਦ ਤਬਿ ਜਾਨੀ। ਆਇ ਜੋਰਿ ਕਰ ਗਿਰਾ ਬਖਾਨੀ।
'ਹਮ ਭੀ ਰਾਵਰਿ ਸਾਥ ਸਿਧਰਿ ਹੈਂ। ਗਨ ਸੇਵਕ ਸਮ ਸੇਵਾ ਕਰਿਹੈਂ॥੨੯॥

ਤਦ ਭਾਈ ਸਾਧੂ ਅਤੇ ਰੂਪ ਚੰਦ ਨੂੰ ਪਤਾ ਲੱਗਾ ਤੇ ਉਨ੍ਹਾਂ ਨੇ ਆ ਕੇ ਹੱਥ ਜੋੜ ਕੇ ਬੇਨਤੀ ਕੀਤੀ, "ਅਸੀਂ ਵੀ ਆਪ ਜੀ ਦੇ ਨਾਲ ਚੱਲਾਂਗੇ, ਆਪ ਜੀ ਦੇ ਸੇਵਕਾਂ ਵਾਂਗ ਸੇਵਾ ਕਰਾਂਗੇ॥੨੯॥

ਦਰਸ਼ਨ ਕਰਤਿ ਰਹੈਂ ਆਨੰਦਹਿੰ। ਹੋਹਿ ਜਨਮ ਨਰ ਸਫਲ ਬਿਲੰਦਹਿ।
ਬਿਛੁਰਨ ਨਹਿੰ ਮਨ ਭਾਇ ਹਮਾਰੇ। ਰਾਵਰਿ ਸੰਗ ਸਦਾ ਸੁਖ ਭਾਰੇ' ॥ ੩੦ ॥

ਆਪ ਜੀ ਦੇ ਦਰਸ਼ਨ ਕਰਕੇ ਅਨੰਦ ਲੈਂਦੇ ਹਨ ਤੇ ਮਨੁੱਖਾਂ ਦੇ ਜਨਮ ਬਹੁਤ ਸਫਲ ਹੁੰਦੇ ਹਨ। ਸਾਡੇ ਮਨ ਨੂੰ ਵਿਛੜਨਾ ਚੰਗਾ ਨਹੀਂ ਲੱਗਦਾ ਹੈ, ਆਪ ਜੀ ਦੇ ਸੰਗ ਸਦਾ ਹੀ ਵੱਡਾ ਸੁੱਖ ਪ੍ਰਾਪਤ ਹੁੰਦਾ ਹੈ' ॥੩੦॥

ਸ੍ਰੀ ਸਤਿਗੁਰ ਕਹਿ ਧੀਰਜ ਦੀਨਾ। 'ਮੇਰੋ ਸੰਗ ਸਦਾ ਤੁਮ ਲੀਨਾ।
ਅਬਿ ਤੁਮ ਕਹਜੋ ਮਾਨਿ ਪੁਰ ਵਾਸਹੁ। ਕਰਹੁ ਦੇਗ ਨਿਤ ਜਗਤ ਪ੍ਰਕਾਸ਼ਹੁ ॥੩੧॥

ਸਤਿਗੁਰੂ ਜੀ ਨੇ ਕਹਿ ਕੇ ਧੀਰਜ ਦਿੱਤਾ, "ਮੇਰਾ ਸੰਗ ਸਦਾ ਹੀ ਤੁਸੀਂ ਮਾਣਿਆ ਹੈ, ਹੁਣ ਸਾਡਾ ਕਹਿਣਾ ਮੰਨ ਕੇ ਆਪਣੇ ਪਿੰਡ ਵਿਚ ਵੱਸੋ, ਸਦਾ ਲੰਗਰ ਲਾਵੋ ਤੇ ਜਗਤ ਵਿਚ ਪ੍ਰਕਾਸ਼ਮਾਨ ਹੋਵੋ॥੩੧॥

ਕਹਜੋ ਤੁਮਾਰੋ ਹੋਵਹਿ ਸਾਚਾ। ਵਸ ਮਹਿੰ ਰਾਖਹੁ ਅਪਨੋ ਬਾਚਾ।
ਜੇਨ ਕੇਨ ਥਲ ਕਹੀਅਹਿ ਨਾਂਹੀ। ਇਮ ਨਿਸ਼ਚੈ ਠਾਨਹੁ ਮਨ ਮਾਂਹੀ ॥ ੩੨ ॥

ਤੁਹਾਡਾ ਕਿਹਾ ਸਦਾ ਸੱਚਾ ਹੋਵੇਗਾ, ਇਸ ਕਰਕੇ ਆਪਣੇ ਬਚਨਾਂ ਨੂੰ ਵੱਸ ਵਿਚ ਰਖੋ, ਕਿਸੇ ਵੀ ਸਥਾਨ ਤੇ ਕੁਝ ਵੀ ਨਾ ਕਹੋ। ਇਸ ਤਰ੍ਹਾਂ ਮਨ ਵਿਚ ਨਿਸ਼ਚਾ ਧਾਰਨ ਕਰੋ॥੩੨॥

ਅਪਨੇ ਗ੍ਰਾਮ ਕੀਜੀਜਹਿ ਵਾਸਾ। ਹੁਇ ਹੈ ਦੀਰਘ ਬੰਸ ਪ੍ਰਕਾਸ਼ਾ।
ਬਿਦਤਹਿ ਜਗ ਮਹਿੰ ਬਹੁ ਬਡਿਆਈ। ਹਲਤ ਪਲਤ ਲਿਹੁ ਸੁਖ ਸੁਮਦਾਈ ॥੩੩॥

ਆਪਣੇ ਪਿੰਡ ਵਿਚ ਵਾਸਾ ਕਰੋ, ਤੁਹਾਡਾ ਵੱਡਾ ਵੰਸ਼ ਪ੍ਰਗਟ ਹੋਵੇਗਾ, ਤੁਹਾਡੀ ਜੱਗ ਵਿਚ ਬਹੁਤ ਵਡਿਆਈ ਮਸ਼ਹੂਰ ਹੋਵੇਗੀ ਤੇ ਸਾਰੇ ਲੋਕ ਪਰਲੋਕ ਵਿਚ ਸੁੱਖ ਪ੍ਰਾਪਤ ਕਰੋ॥੩੩॥

ਕਈ ਰੀਤਿ ਕੇ ਚਲਿਤ ਹਮਾਰੇ। ਕਰਿਬੇ ਜੰਗ ਅਨੇਕ ਪ੍ਰਕਾਰੇ।
ਤੁਰਕ ਸੰਗ ਸੰਗ੍ਰਾਮ ਹਮਾਰਾ। ਬਜਹਿ ਲੋਹ ਪਰ ਲੋਹ ਕਰਾਰਾ॥ ੩੪॥

ਸਾਡੇ ਕਈਆਂ ਰੀਤੀਆਂ ਦੇ ਚਰਿੱਤਰ ਹਨ, ਅਸੀਂ ਅਨੇਕ ਪ੍ਰਕਾਰ ਦੇ ਜੰਗ ਕਰਨੇ ਹਨ। ਤੁਰਕਾਂ ਨਾਲ ਸਾਡੀ ਲੜਾਈ ਹੈ, ਕਰਾਰਾ ਲੋਹੇ ਤੇ ਲੋਹਾ ਵੱਜੇਗਾ॥੩੪॥

ਸੁਭ ਸੰਤਨ ਕੀ ਰੀਤਿ ਤੁਮਾਰੀ। ਸੇਵਹੁ ਦੇਗ਼ ਸਕਲ ਨਰ ਨਾਰੀ'।
ਸੁਨਿ ਗੁਰ ਆਗਜਾ ਰਿਦੇ ਅਨੰਦੇ। ਹਾਥ ਜੋਰਿ ਪਦ ਪੁਨ ਪੁਨ ਬੰਦੇ॥ ੩੫॥

ਸੁਭ ਸੰਤਾਂ ਦੀ ਤੁਹਾਡੀ ਰੀਤੀ ਹੈ, ਸਭ ਇਸਤਰੀ ਪੁਰਸ਼ਾਂ ਦੀ ਲੰਗਰ ਛਕਾ ਕੇ ਸੇਵਾ ਕਰੋ।" ਗੁਰੂ ਜੀ ਦੀ ਆਗਿਆ ਸੁਣ ਕੇ ਉਹ ਹਿਰਦੇ ਵਿਚ ਬਹੁਤ ਪ੍ਰਸੰਨ ਹੋਏ ਤੇ ਹੱਥ ਜੋੜ ਕੇ ਬਾਰ-ਬਾਰ ਚਰਨਾਂ ਤੇ ਬੰਦਨਾ ਕੀਤੀ॥੩੫॥

ਰੂਪਚੰਦ ਕੀ ਜਨਨੀ ਆਈ। ਪਦ ਅਰਬਿੰਦਨਿ ਸੋ ਲਪਟਾਈ।
ਦੇ ਕਰਿ ਧੀਰਜ ਪ੍ਰਭੂ ਉਦਾਰੇ। ਭਏ ਤੁਰੰਗਮ ਪਰ ਅਸਵਾਰੇ॥ ੩੬॥

ਫਿਰ ਰੂਪ ਚੰਦ ਦੇ ਮਾਤਾ ਜੀ ਆਏ, ਉਸ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ। ਗੁਰੂ ਜੀ ਨੇ ਉਸ ਨੂੰ ਬਹੁਤ ਧੀਰਜ ਦਿੱਤਾ, ਫਿਰ ਘੋੜੇ ਉੱਤੇ ਸਵਾਰ ਹੋ ਗਏ॥੩੬॥

ਨਾਮ 'ਜਾਨ ਭਾਈ' ਗੁਰ ਧਰਜੋ। ਤਿਸ ਪਰ ਜ਼ੀਨ ਪਾਇਬੋ ਕਰਜੋ।
ਜਬਰ ਜਵਾਹਿਰ ਜ਼ਾਹਰ ਜਰੇ। ਜਗਮਗ ਜੋਤਿ ਹੋਤਿ ਛਬਿ ਭਰੇ॥ ੩੭॥

ਗੁਰੂ ਜੀ ਨੇ ਦਿਲਬਾਗ ਘੋੜੇ ਦਾ ਨਾ 'ਜਾਨ ਭਾਈ' ਧਰਿਆ ਸੀ, ਉਸ ਉਤੇ ਕਾਠੀ ਪਵਾਈ, ਜਿਹੜੀ ਸੋਨੇ ਦੀ ਕਾਠੀ ਹੀਰੇ ਜਵਾਹਰਾਤ ਨਾਲ ਜੜੀ ਹੋਈ ਸੀ, ਜਿਹੜੇ ਜਗਮਗ ਕਰਕੇ ਚਮਕਦੇ ਸਨ॥੩੭॥

ਨਗ ਮਾਨਿਕ ਹੀਰੇ ਬਹੁ ਬਰਣ। ਲਗੇ ਕਿਰਣ ਤੇ ਛੂਟਤਿ ਕਿਰਣ।
ਬਾਂਧੀ ਜਿਗਾ ਜਰਾਊ ਮਾਥੇ। ਕਲਗੀ ਤੁਰੰਗ ਦਿਪਤਿ ਦੁਤਿ ਸਾਥੇ॥ ੩੮॥

ਨਗ, ਮਾਣਕ ਤੇ ਹੀਰੇ ਬਹੁਤ ਰੰਗਾਂ ਦੇ ਸਨ, ਸੂਰਜ ਦੀ ਕਿਰਣ ਪੈਣ ਤੇ ਉਸ ਦੇ ਵਿਚੋਂ ਕਈ ਤਰ੍ਹਾਂ ਦੀਆਂ ਪ੍ਰਕਾਸ਼ਮਈ ਕਿਰਣਾਂ ਨਿਕਲਦੀਆਂ ਸਨ। ਗੁਰੂ ਜੀ ਨੇ ਮੱਥੇ ਤੇ ਜਰਾਊ ਜਿਗ੍ਹਾ ਬੰਨ੍ਹੀ ਹੋਈ ਸੀ, ਕਲਗੀ ਤੁਰੰਗ ਬੜੇ ਪ੍ਰਕਾਸ਼ ਨਾਲ ਚਮਕਦੀ ਸੀ॥੩੮॥

ਬਰ ਅੰਬਰ ਬਸਤਰੀ ਬਿਰਾਜੈ। ਝਾਲਰ ਜ਼ਰੀ ਝੁਲਤਿ ਸੁਭ ਸਾਜੈ।
ਮਨਹੁ ਚਪਲਤਾ ਸਕਲ ਸਕੇਲੀ। ਸਹਤ ਚਾਤੁਰੀ ਬਿਧਿ ਹਯਮੇਲੀ॥ ੩੯॥

ਸੋਹਣੇ ਕਪੜੇ ਦੀ ਬਸਤਰੀ ਕਾਠੀ ਉਤੇ ਬਿਰਾਜ ਰਹੀ ਸੀ, ਜ਼ਰੀ ਦੀ ਝਾਲਰ ਬਹੁਤ ਸੋਹਣੀ ਸੱਜ ਰਹੀ ਸੀ, ਮਾਨੋ ਸਾਰੀ ਚੰਚਲਤਾ ਵਿਧਾਤਾ ਨੇ ਇਸ ਘੋੜੇ ਵਿਚ ਇਕੱਠੀ ਕੀਤੀ ਹੈ॥੩੯॥

ਰੇਸ਼ਮ ਡੋਰ ਸੰਗ ਡੁਰਿਆਯਹੁ। ਚਲੇ ਦਾਸ ਕੇ ਹਾਥ ਗਹਾਯਹੁ।
'ਜਬਿ ਜੁਗ ਮਿਲੈਂ ਹਰਖ ਉਰ ਭਰੈਂ। ਤੇ ਅਸਵਾਰੀ ਹਮ ਇਸ ਕਰੈਂ' ॥ ੪੦॥

ਰੇਸ਼ਮ ਦਾ ਰੱਸਾ ਗਲ ਵਿਚ ਪਾਇਆ ਸੀ ਤੇ ਇਕ ਸੇਵਕ ਰੱਸਾ ਹੱਥ ਵਿਚ ਫੜ ਕੇ ਨਾਲ-ਨਾਲ ਚਲ ਰਿਹਾ ਸੀ। ਗੁਰੂ ਜੀ ਨੇ ਕਿਹਾ, "ਜਦ ਦੋਵੇਂ ਘੋੜੇ ਪ੍ਰਸੰਨ ਹੋ ਕੇ ਇਕ ਦੂਸਰੇ ਨੂੰ ਮਿਲਣਗੇ ਫਿਰ ਅਸੀਂ ਇਸ ਦੀ ਅਸਵਾਰੀ ਕਰਾਂਗੇ" ॥੪੦॥

ਕਰਿ ਆਗੇ ਸਤਿਗੁਰੂ ਪਯਾਨੇ। ਬਜਜੋ ਦਮਾਮਾ ਬਡਿ ਧੁਨਿ ਠਾਨੇ।
ਕਰਤਿ ਬਤਕ ਹੀ ਮੁਖ ਮੁਸਕਾਵਤਿ। ਜੋਧ ਸੰਗ ਇਮ ਪੰਥ ਸੁਹਾਵਤਿ॥ ੪੧॥

ਘੋੜੇ ਨੂੰ ਅੱਗੇ ਲਾ ਕੇ ਸਤਿਗੁਰੂ ਜੀ ਚਲ ਪਏ, ਨਗਾਰਾ ਵੱਜਿਆ ਤੇ ਵੱਡੀ ਧੁੰਨ ਪੈਦਾ ਹੋਈ। ਗੁਰੂ ਜੀ ਗੱਲਾਂ ਕਰਦੇ ਮੁਸਕਰਾਉਂਦੇ ਸਨ, ਰਾਇ ਜੋਧ ਦੇ ਨਾਲ ਇਸ ਤਰ੍ਹਾਂ ਰਾਹ ਦੇ ਵਿਚ ਸ਼ੋਭ ਰਹੇ ਸਨ॥੪੧॥

ਚਢੇ ਲੰਕ ਪਰ ਰਘੁਬਰ ਨਾਥ। ਕਰਤਿ ਬਾਰਤਾ ਕਪਿਪਤਿ ਸਾਥ।
ਤੀਨ ਕੋਸ ਕਾਂਗੜਿਪੁਰਿ ਅਹੇ। ਗਏ ਤੁਰਤ ਹੀ ਦ੍ਰਿਸ਼ਟੀ ਲਹੇ॥ ੪੨॥

ਜਿਵੇਂ ਰਾਮ ਚੰਦਰ ਲੰਕਾ ਤੇ ਚੜ੍ਹਾਈ ਕਰਨ ਚਲੇ ਹੋਣ ਤੇ ਬਾਂਦਰਾਂ ਦੇ ਰਾਜੇ ਸੁਗ੍ਰੀਵ ਨਾਲ ਗੱਲਾਂਬਾਤਾਂ ਕਰਦੇ ਜਾ ਰਹੇ ਹੋਣ। ਉਥੋਂ ਕਾਂਗੜਪੁਰ ਤਿੰਨ ਕੋਹ ਦੂਰ ਸੀ, ਤੁਰਤ ਹੀ ਜਾ ਕੇ ਨਗਰ ਨੂੰ ਵੇਖ ਲਿਆ॥੪੨॥

ਜੋਧਰਾਇ ਕੇ ਮੰਦਿਰ ਊਚੇ। ਸਤਿਗੁਰ ਹੇਰੇ ਨਿਕਟਿ ਪਹੂਚੇ।
ਉੱਤਮ ਥਲ ਪੁਰਿ ਤੇ ਜਿਸ ਦਿਸ਼ਿ ਮੈਂ। ਲੇ ਡੇਰਾ ਉਤਰਾਯੋ ਤਿਸ ਮੈਂ॥ ੪੩॥

ਜੋਧ ਰਾਇ ਦੇ ਘਰ ਬਹੁਤ ਉੱਚੇ ਸਨ, ਨੇੜੇ ਪਹੁੰਚ ਕੇ ਸਤਿਗੁਰੂ ਜੀ ਨੇ ਵੇਖੇ, ਨਗਰ ਵਿਚ ਜਿਸ ਪਾਸੇ ਉੱਤਮ ਸਥਾਨ ਸੀ, ਉਸ ਸਥਾਨ ਵਿਖੇ ਜਾ ਕੇ ਡੇਰਾ ਉਤਾਰ ਦਿੱਤਾ॥੪੩॥

ਸੁਨਿ ਕਰਿ ਜੋਧ ਰਾਇ ਕੀ ਨਾਰੀ। ਪਹੁੰਚੀ ਲੇ ਬਹੁ ਭੇਟ ਅਗਾਰੀ।
ਦਰਸ਼ਨ ਕੀਨਿ ਬੰਦਨਾ ਚਰਣ। ਜਨਮ ਮਰਨ ਦੁਖ ਜਿਨ ਤੇ ਹਰਨ॥ ੪੪॥

ਇਹ ਸੁਣ ਕੇ ਜੋਧ ਰਾਇ ਦੀ ਇਸਤਰੀ ਬਹੁਤ ਭੇਟਾਵਾਂ ਲੈ ਕੇ ਅੱਗੇ ਪਹੁੰਚੀ। ਚਰਨਾਂ ਤੇ ਬੰਦਨਾ ਕਰਕੇ ਦਰਸ਼ਨ ਕੀਤੇ, ਜਿਸ ਨਾਲ ਜਨਮ ਮਰਨ ਦੇ ਦੁੱਖ ਦੂਰ ਹੋ ਜਾਂਦੇ ਹਨ॥੪੪॥

ਜੋਧਰਾਇ ਕਰਿਵਾਇਵ ਡੇਰਾ। ਸੇਵਾ ਸਰਬ ਸੰਭਾਰਿ ਬਡੇਰਾ।
ਨਿਤ ਨੂਤਨ ਚਿਤ ਧਾਰਤਿ ਭਾਊ। ਗੁਰੂ ਪ੍ਰੇਮ ਬਸਿ ਸਹਿਜ ਸੁਭਾਊ॥ ੪੫॥

ਜੋਧ ਰਾਇ ਨੇ ਡੇਰਾ ਕਰਵਾਇਆ, ਸਰਬ ਪ੍ਰਕਾਰ ਦੀ ਵੱਡੀ ਸੇਵਾ ਸੰਭਾਲ ਕੀਤੀ। ਨਿਤ ਚਿੱਤ ਵਿਚ ਨਵੀਨ ਪ੍ਰੇਮ ਧਾਰਨ ਕਰਦਾ ਸੀ ਤੇ ਸਹਿਜ ਸੁਭਾਅ ਗੁਰੂ ਜੀ ਦੇ ਪ੍ਰੇਮ ਵੱਸ ਹੋ ਗਿਆ ਸੀ॥੪੫॥

ਬਸਿ ਕਰਿ ਬਾਸੁਰ ਕਿਤਿਕ ਬਿਤਾਏ। ਬਨਹਿਂ ਸਿੱਖ ਬਹੁ ਦਰਸ਼ਨ ਪਾਏ।
ਜੋਧ ਸੰਗ ਸ੍ਰੀ ਸਤਿਗੁਰ ਆਪ। ਕਰਤੇ ਰਹਤਿ ਬਾਰਤਾਲਾਪ॥ ੪੬॥

ਉਥੇ ਰਹਿ ਕੇ ਕਈ ਦਿਨ ਬਤੀਤ ਕੀਤੇ ਤੇ ਦਰਸ਼ਨ ਪਾ ਕੇ ਬਹੁਤ ਮਨੁੱਖ ਸਿੱਖ ਬਣਦੇ ਸਨ। ਗੁਰੂ ਜੀ ਆਪ ਜੋਧ ਰਾਇ ਦੇ ਨਾਲ ਵਾਰਤਾਲਾਪ ਕਰਦੇ ਰਹਿੰਦੇ ਸਨ॥੪੬॥

ਕਰਹਿਂ ਪ੍ਰਤੀਖਨ ਬਿਧੀਏ ਕੇਰੀ। 'ਹਯ ਕੋ ਲਜਾਵਹਿਗੋ ਜਿਸ ਬੇਰੀ।
ਲਸ਼ਕਰ ਤਰਕਨ ਕੋ ਬਹੁ ਐਹੈ। ਹਮ ਰਿਪੁ ਹਤਿ ਘਮਸਾਨ ਮਚੈ ਹੈਂ'॥ ੪੭॥

ਬਿਧੀ ਚੰਦ ਦਾ ਇੰਤਜ਼ਾਰ ਕਰ ਰਹੇ ਸਨ ਤੇ ਕਹਿੰਦੇ ਸਨ, "ਜਿਸ ਸਮੇਂ ਬਿਧੀ ਚੰਦ ਘੋੜੇ ਨੂੰ ਲੈ ਕੇ ਆਵੇਗਾ, ਤਦ ਤੁਰਕਾਂ ਦਾ ਬਹੁਤ ਵੱਡਾ ਲਸ਼ਕਰ ਆਵੇਗਾ, ਅਸੀਂ ਵੈਰੀ ਨੂੰ ਮਾਰ ਕੇ ਵੱਡੇ ਘਮਸਾਣ ਦਾ ਯੁੱਧ ਮਚਾਵਾਂਗੇ"॥੪੭॥

*ਸੱਤਵੀਂ ਰਾਸ ਦਾ ਤੇਤੀਵਾਂ ਅਧਿਆਇ ਸਮਾਪਤ ਹੋਇਆ॥੩੩॥*

## *ਅਧਿਆਇ ਚੌਂਤੀਵਾਂ*

*ਭਾਈ ਬਿਧੀਚੰਦ ਰਮਲੀ ਦੇ ਭੇਸ*

ਦੋਹਰਾ- ਉਤ ਬਿਧੀਏ ਕੀ ਕਥਾ ਜਿਮ ਲਜਾਵਨ ਦੁਤਿਯ ਤੁਰੰਗ।
ਸੁਨਿਯਹਿ ਸ਼੍ਰੋਤਾ ਪ੍ਰੇਮ ਧਰਿ ਗੁਰ ਕੋ ਸੁਜਸੁ ਉਤੰਗ॥ ੧॥

ਹੇ ਸ੍ਰੋਤਾ ਜਨ! ਪ੍ਰੇਮ ਧਾਰ ਕੇ ਗੁਰੂ ਜੀ ਦਾ ਮਹਾਨ ਸ੍ਰੇਸ਼ਟ ਜਸ ਅਤੇ ਬਿਧੀ ਚੰਦ ਦੀ ਕਥਾ ਸੁਣੋ, ਜਿਵੇਂ ਉਹ ਦੂਸਰਾ ਘੋੜਾ ਲੈਣ ਗਿਆ॥੧॥

ਚੌਪਈ- ਸਤਿਗੁਰ ਤੇ ਹੁਇ ਬਿਦਾ ਪਯਾਨਾ। ਗਮਨਤਿ ਦਾਵ ਬਿਚਾਰਤਿ ਨਾਨਾ।
ਤੀਨ ਦਿਵਸ ਮਹਿਂ ਪਹੁੰਚਯੋ ਜਾਈ। ਪੁਰਿ ਕੇ ਪੌਰ ਸਮੀਪ ਸਥਾਈ॥ ੨॥

ਸਤਿਗੁਰੂ ਜੀ ਪਾਸੋਂ ਵਿਦਾ ਹੋ ਕੇ ਚਲੇ ਗਿਆ, ਜਾਂਦਾ ਹੋਇਆ ਕਈ ਪ੍ਰਕਾਰ ਦੇ ਦਾਅ-ਪੇਚਾਂ ਤੇ ਵਿਚਾਰ ਕਰ ਰਿਹਾ ਸੀ। ਤਿੰਨਾਂ ਦਿਨਾਂ ਵਿਚ ਲਾਹੌਰ ਪਹੁੰਚ ਗਿਆ। ਨਗਰ ਦੇ ਦਰਵਾਜ਼ੇ ਪਾਸ ਖੜਾ ਹੋ ਗਿਆ॥੨॥

ਸਭਿ ਸਤਿਗੁਰ ਕੇ ਨਾਮ ਉਚਾਰੇ। ਕਰਿ ਅਰਦਾਸ ਧਰਾ ਸਿਰ ਧਾਰੇ।
'ਅੰਗ ਸੰਗ ਪ੍ਰਭੁ ਬਨਹੁ ਸਹਾਈ। ਪੂਰਵਹੁ ਇਹੁ ਕਾਰਜ ਸਹਿਸਾਈ'॥ ੩॥

ਸਭ ਗੁਰੂ ਸਾਹਿਬਾਨ ਦੇ ਨਾਵਾਂ ਦਾ ਉਚਾਰਨ ਕੀਤਾ ਤੇ ਅਰਦਾਸ ਕਰਕੇ ਧਰਤੀ ਤੇ ਮੱਥਾ ਟੇਕਿਆ। "ਹੇ ਪ੍ਰਭੂ ਜੀ! ਮੇਰੇ ਸੰਗ ਹੋ ਕੇ ਸਹਾਇਕ ਬਣੋ ਤੇ ਛੇਤੀ ਹੀ ਇਹ ਕਾਰਜ ਸੰਪੂਰਣ ਕਰਵਾਉ"॥੩॥

ਇਮ ਕਹਿ ਅੰਤਰ ਜਾਇ ਪ੍ਰਵੇਸਾ। ਗਯੋ ਜਹਾਂ ਧ੍ਰਮਸਾਲ ਵਿਸ਼ੇਸ਼ਾ।
ਪੈਰੀ ਪੈਣਾ ਕਹਿ ਸਭਿ ਸਾਥ। ਬੈਠਯੋ ਸਿਮਰਤਿ ਸਤਿਗੁਰ ਨਾਥ॥ ੪॥

ਇੰਝ ਕਹਿ ਕੇ ਸ਼ਹਿਰ ਦੇ ਅੰਦਰ ਪ੍ਰਵੇਸ਼ ਕਰ ਗਿਆ, ਉਥੇ ਚਲੇ ਗਿਆ ਜਿਥੇ ਵੱਡੀ ਧਰਮਸ਼ਾਲਾ ਸੀ। ਸਾਰਿਆਂ ਨੂੰ ਪੈਰੀ ਪੈਣਾ ਕਹਿ ਕੇ ਬੈਠ ਕੇ ਸਤਿਗੁਰੂ ਮਾਲਕ ਨੂੰ ਯਾਦ ਕਰਨ ਲੱਗਾ॥੪॥

ਜਿਤਿਕ ਸਿੱਖ ਤਹਿਂ ਕਰਿ ਕਰਿ ਨਮੋ। ਸਨਮਾਨਯੋ ਸਭਿ ਨੇ ਤਿਹ ਸਮੋ।
ਆਯੋ ਸੰਧਯਾ ਮੈਂ ਬੁਧਿਵਾਨ। ਪਸਰ ਪਰਯੋ ਤਮ ਤੁਰਤ ਮਹਾਨ॥ ੫॥

ਉਥੇ ਜਿੰਨੇ ਵੀ ਸਿੱਖ ਸਨ, ਉਨ੍ਹਾਂ ਸਾਰਿਆਂ ਨੇ ਨਮਸਕਾਰ ਕਰ-ਕਰ, ਉਸ ਸਮੇਂ ਸਭ ਨੇ ਸਨਮਾਨਿਤ ਕੀਤਾ। ਬੁਧੀਵਾਨ ਬਿਧੀ ਚੰਦ ਸ਼ਾਮ ਦੇ ਸਮੇਂ ਆਇਆ ਸੀ, ਫਿਰ ਛੇਤੀ ਮਹਾਨ ਹਨੇਰਾ ਸਾਰੇ ਪਸਰ ਗਿਆ॥੫॥

ਕੁਸ਼ਲ ਛੇਮ ਬੂਝੀ ਰੁ ਬਤਾਈ। ਖਾਨ ਪਾਨ ਸ਼ੁਭ ਕੀਨਿ ਤਦਾਈ।
ਇਤਨੇ ਬਿਖੈ ਫਿਰਤਿ ਢੰਡੋਰਾ। ਆਯਹੁ ਧਰਮਸਾਲ ਕੀ ਓਰਾ॥ ੬॥

ਸੁੱਖ-ਸਾਂਦ ਪੁੱਛੀ ਤੇ ਦੱਸੀ ਤੇ ਉਸ ਸਮੇਂ ਸ਼ੁਭ ਖਾਣ-ਪੀਣ ਕੀਤਾ। ਏਨੇ ਵਿਚ ਢੰਡੋਰਾ ਫਿਰਦਾ ਧਰਮਸ਼ਾਲਾ ਦੇ ਪਾਸੇ ਵੱਲ ਆਇਆ॥੬॥

ਕਹਤਿ ਫਿਰਤਿ ਇਮ ਊਚ ਪੁਕਾਰੈ। 'ਜੋ ਨਰ ਖੋਜ ਤੁਰੰਗਮ ਡਾਰੈ।
ਮੁਖ ਮਾਂਗਯੋ ਹਜ਼ਰਤ ਤੇ ਪਾਵੈ। ਜੋ ਚਾਹਹਿ, ਕਾਰਜ ਬਨਿਵਾਵੈ'॥ ੭॥

ਬੜੀ ਉੱਚੀ ਆਵਾਜ਼ ਵਿਚ ਇੰਝ ਕਹਿੰਦੇ ਫਿਰਦੇ ਸਨ, "ਜਿਹੜਾ ਮਨੁੱਖ ਘੋੜੇ ਦੀ ਖੋਜ ਕਰੇ, ਉਹ ਬਾਦਸ਼ਾਹ ਪਾਸੋਂ ਮੂੰਹ ਮੰਗਿਆ ਇਨਾਮ ਪਾਵੇ, ਜਿਹੜਾ ਚਾਹੇ ਉਹ ਕਾਰਜ ਬਣਵਾਵੇ"॥੭॥

ਬਿਧੀਚੰਦ ਬੂਝੇ ਸਿਖ ਤਹਾਂ। 'ਇਹ ਕਯਾ ਬੋਲਤਿ ਊਚੇ ਮਹਾਂ?'।
ਤਿਨਹੁਂ ਸਰਬ ਬਿਰਤਾਂਤ ਸੁਨਾਯੋ। 'ਸ਼ਾਹੁ ਤੁਰੰਗਮ ਕਿਸੇ ਚੁਰਾਯੋ॥ ੮॥

ਬਿਧੀ ਚੰਦ ਨੇ ਉਥੇ ਬੈਠੇ ਸਿੱਖਾਂ ਨੂੰ ਪੁਛਿਆ, "ਇਹ ਏਨੀ ਉੱਚੀ ਆਵਾਜ਼ ਵਿਚ ਕੀ ਬੋਲਦੇ ਹਨ?" ਉਨ੍ਹਾਂ ਨੇ ਸਾਰਾ ਬ੍ਰਿਤਾਂਤ ਸੁਣਾਇਆ, "ਬਾਦਸ਼ਾਹ ਦਾ ਘੋੜਾ ਕਿਸੇ ਚੁਰਾ ਲਿਆ ਹੈ"॥੮॥

ਸਪਤ ਦਿਵਸ ਬੀਤੇ ਹਯ ਗਏ। ਦਿਨ ਚਾਰਿਕ ਇਹੁ ਕਹਤਿ ਸੁਨਏ।
ਖੋਜ ਨ ਪਾਇ ਹਾਰ ਸਭਿ ਰਹੇ। ਪੀਛੇ ਡਿੰਡਮ ਦੇ ਇਮ ਕਹੇ॥ ੯॥

ਘੋੜੇ ਗਏ ਨੂੰ ਸੱਤ ਦਿਨ ਬੀਤ ਗਏ ਹਨ, ਚਾਰ ਦਿਨਾਂ ਤੋਂ ਇਹ ਕਹਿ ਕੇ ਸੁਣਾ ਰਹੇ ਹਨ, ਖੋਜ ਨਹੀਂ ਲਭਿਆ ਹੈ, ਸਭ ਹਾਰ ਗਏ ਹਨ, ਪਿਛੋਂ ਡੋਂਡੀ ਪਿਟ ਕੇ ਇੰਝ ਕਹਿੰਦੇ ਹਨ॥੯॥

'ਮੁਖ ਮਾਂਗਯੋ ਹਜ਼ਰਤ ਤੇ ਲੇਹਿ। ਜੋ ਨਰ ਖੋਜ ਤੁਰੰਗਮ ਦੇਹਿ'।
ਸੁਨਿ ਬਿਧੀਆ ਬਹੁ ਭਾਂਤਿ ਬਿਚਾਰੈ। ਕੌਨ ਦਾਵ ਤੇ ਦੂਤੀ ਨਿਕਾਰੈਂ॥ ੧੦॥

"ਬਾਦਸ਼ਾਹ ਪਾਸੋਂ ਮੂੰਹ ਮੰਗਿਆ ਇਨਾਮ ਲਵੇ, ਜਿਹੜਾ ਮਨੁੱਖ ਘੋੜਾ ਲੱਭ ਦੇਵੇ।" ਇਹ ਸੁਣ ਕੇ ਬਿਧੀ ਚੰਦ ਨੇ ਬਹੁਤ ਪ੍ਰਕਾਰ ਵਿਚਾਰ ਕੀਤੀ, ਕਿਹੜੇ ਦਾਅ ਨਾਲ ਦੂਸਰਾ ਘੋੜਾ ਕਢੀਏ॥੧੦॥

ਪੂਰਬ ਸਮ ਅਬਿ ਰਹਯੋ ਨ ਜਾਈ। ਕਿਮ ਗਮਨੋਂ ਬਾਜ਼ੀ ਜਿਸ ਥਾਈਂ।
ਨਿਸ ਮੈਂ ਨਹੀਂ ਪ੍ਰਵੇਸ਼ਨਿ ਪਾਵੈਂ। ਜਿਮ ਕਿਮ ਬਰੌਂ ਨ ਪੁਨ ਨਿਕਸਾਵੈਂ॥ ੧੧॥

ਪਹਿਲਾ ਵਾਂਗ ਤਾਂ ਹੁਣ ਰਿਹਾ ਨਹੀਂ ਜਾ ਸਕਦਾ, ਜਿਸ ਥਾਂ ਘੋੜਾ ਬੱਝਾ ਹੈ, ਉਥੇ ਕਿਵੇਂ ਜਾਇਆ ਜਾ ਸਕਦਾ ਹੈ। ਰਾਤ ਸਮੇਂ ਮੈਂ ਅੰਦਰ ਦਾਖਲ ਨਹੀਂ ਹੋ ਸਕਦਾ, ਜਿਵੇਂ-ਕਿਵੇਂ ਜੇ ਅੰਦਰ ਚਲਾ ਵੀ ਜਾਵਾਂਗਾ ਤਾਂ ਨਿਕਲ ਨਹੀਂ ਸਕਾਂਗਾ॥੧੧॥

ਸਾਵਧਾਨ ਹੈਂ ਸੁਭਟ ਹਜ਼ਾਰੋਂ। ਅਟਕਾਵਹਿਂ, ਕੇਤਿਕ ਤਬਿ ਮਾਰੋਂ?।
ਨਹੀਂ ਜਾਨ ਦੈ ਹੈਂ ਇਸ ਰੀਤਿ। ਪਕਰੇ ਪਰਹਿ ਗਰੇ ਬਿੱਪ੍ਰੀਤ॥ ੧੨॥

ਹਜ਼ਾਰਾਂ ਸੂਰਮੇ ਸੁਚੇਤ ਬੈਠੇ ਹਨ, ਰੋਕਣਗੇ ਤਾਂ ਕਿੰਨਿਆਂ ਨੂੰ ਮਾਰਾਂਗਾ? ਨਹੀਂ ਤਾਂ ਇਸ ਰੀਤੀ ਨਾਲ ਜਾਨ ਗਵਾ ਬੈਠਾਂਗਾ। ਮੇਰੇ ਫੜੇ ਜਾਣ ਨਾਲ ਉਲਟੀ ਬਲਾ ਗਲ ਪੈ ਜਾਵੇਗੀ॥੧੨॥

ਸੋ ਬਲ ਮਤਿ ਉਪਾਇ ਹੁਇ ਰੂਰਾ। ਜਿਸ ਤੇ ਕਾਜ ਲੇਹਿਂ ਕਰਿ ਪੂਰਾ।
ਬਿਗਰ ਜਾਇ ਕਾਰਜ ਮੈਂ ਮਰੋਂ। ਗੁਰ ਅਪਵਾਦ ਜਗਤ ਮੈਂ ਕਰੋਂ॥ ੧੩॥

ਇਸ ਲਈ ਬੁੱਧੀ ਦੀ ਸ਼ਕਤੀ ਲਾਉਂਦਾ ਹਾਂ ਤਾਂਕਿ ਕੋਈ ਸੋਹਣਾ ਉਪਾਅ ਬਣ ਜਾਵੇ, ਜਿਸ ਨਾਲ ਕਾਰਜ ਵੀ ਪੂਰਾ ਕਰ ਲਵਾਂ। ਜੇ ਕਾਰਜ ਵਿਗੜ ਜਾਵੇਗਾ ਤਾਂ ਮੈਂ ਮਰ ਜਾਵਾਂਗਾ, ਤੇ ਮੈਂ ਗੁਰੂ ਜੀ ਦੀ ਜਗਤ ਵਿਚ ਨਿੰਦਿਆ ਕਰਵਾਵਾਂਗਾ॥੧੩॥

ਯਾਂਤੇ ਨੀਕੇ ਬਨੈ ਬਿਚਾਰਨ। ਕਰੌਂ ਤੁਰੰਗ ਸੁਖੇਨ ਨਿਕਾਰਨਿ।
ਪਲਟੌਂ ਬੇਸ ਪਛਾਨੈਂ ਨਾਂਹੀ। ਬੁਧਿ ਬਲ ਕਰਿ ਮਿਲਿ ਤੁਰਕਨ ਮਾਂਹੀ॥ ੧੪॥

ਇਸ ਲਈ ਚੰਗੀ ਤਰ੍ਹਾਂ ਵਿਚਾਰ ਲੈਣਾ ਚਾਹੀਦਾ ਹੈ, ਜਿਸ ਨਾਲ ਸੌਖੇ ਢੰਗ ਨਾਲ ਹੀ ਘੋੜਾ ਨਿਕਾਲ ਲਵਾਂ। ਭੇਸ ਬਦਲਦਾ ਹਾਂ ਤਾਂਕਿ ਪਛਾਣਿਆ ਨਾ ਜਾਵਾਂ ਤੇ ਬੁੱਧੀ ਦੀ ਸ਼ਕਤੀ ਨਾਲ ਤੁਰਕਾਂ ਵਿਚ ਜਾ ਕੇ ਮਿਲਦਾ ਹਾਂ॥੧੪॥

ਅਬਿ ਖੋਜੀ ਕੀ ਚਾਹਿ ਘਨੇਰੋ। ਰੋਜ ਪੁਕਾਰਤਿ ਕਰਤੇ ਫੇਰੋ।
ਸੋ ਸਰੂਪ ਧਰਿ ਪਹੁੰਚੋਂ ਜਾਈ। ਪਿਖੋਂ ਸ਼ਾਹੁ, ਹਯ ਕੋ ਨਿਕਸਾਈ॥ ੧੫॥

ਹੁਣ ਖੋਜੀ ਦੀ ਬਹੁਤ ਲੋੜ ਹੈ, ਰੋਜ ਢੰਡੋਰਾ ਪਿਟਦੇ ਫਿਰਦੇ ਹਨ। ਇਸ ਕਰਕੇ ਉਹ ਸਰੂਪ ਬਣਾ ਕੇ ਪਹੁੰਚਦਾ ਹਾਂ, ਬਾਦਸ਼ਾਹ ਨੂੰ ਮਿਲਦਾ ਹਾਂ, ਘੋੜੇ ਨੂੰ ਕੱਢਦਾ ਹਾਂ॥੧੫॥

ਇਮ ਨਿਸ਼ਚੈ ਕਰਿ ਸੁਪਤਜੋ ਰਾਤੀ। ਸਤਿਗੁਰ ਸਿਮਰਤਿ ਜਾਗਜੋ ਪ੍ਰਾਤੀ।
ਸਲਿਤਾ ਕੂਲ ਦੂਰ ਹੀ ਜਾਇ। ਸ਼ੌਚ ਸ਼ਨਾਨ ਕੀਨਿ ਮਨ ਭਾਇ॥ ੧੬॥

ਇਸ ਤਰ੍ਹਾਂ ਨਿਸ਼ਚਾ ਕਰਕੇ ਰਾਤ ਨੂੰ ਸੌਂ ਗਿਆ ਤੇ ਸਤਿਗੁਰੂ ਨੂੰ ਯਾਦ ਕਰਦਾ ਹੋਇਆ ਸਵੱਖਤੇ ਜਾਗ ਪਿਆ। ਦਰਿਆ ਦੇ ਕਿਨਾਰੇ ਬਹੁਤ ਦੂਰ ਚਲਾ ਗਿਆ ਤੇ ਮਨ-ਭਾਉਂਦਾ ਸੋਚ ਇਸਨਾਨ ਕੀਤਾ॥੧੬॥

ਢਰੇ ਦੁਪਹਿਰੇ ਪੁਰਿ ਕੋ ਮੁਰਜੋ। ਦਾਵ ਆਪ ਕੋ ਨਿਸ਼ਚੈ ਕਰਜੋ।
ਖੱਤ੍ਰੀ ਸਿੱਖ ਬਹੋੜਾ ਨਾਮੂ। ਕਰਹਿ ਬਜਾਜੀ ਕੋ ਬਹੁ ਕਾਮੂ॥ ੧੭॥

ਦੁਪਹਿਰ ਢਲੇ ਨਗਰ ਨੂੰ ਮੁੜ ਆਇਆ ਤੇ ਆਪਣੇ ਦਾਅ ਨੂੰ ਨਿਸ਼ਚਿਤ ਕੀਤਾ। ਲਾਹੌਰ ਵਿਚ ਇਕ ਬਹੋੜਾ ਨਾਮੀ ਖੱਤਰੀ ਸਿੱਖ ਰਹਿੰਦਾ ਸੀ, ਉਹ ਬਜਾਜੀ ਦਾ ਕੰਮ ਕਰਦਾ ਸੀ॥੧੭॥

ਤਿਸ ਕੇ ਸਦਨ ਪ੍ਰਵੇਸ਼ਜੋ ਜਾਇ। ਦੇਖਤਿ ਉਠਜੋ ਭਾਉ ਅਧਿਕਾਇ।
ਕਰੀ ਪਰਸਪਰ ਬੰਦਨ ਦੋਊ। ਰਿਦੈ ਅਨੰਦਤਿ ਖੱਤ੍ਰੀ ਸੋਊ॥ ੧੮॥

ਉਸ ਦੇ ਘਰ ਵਿਚ ਜਾ ਦਾਖਲ ਹੋਇਆ, ਉਹ ਵੇਖ ਕੇ ਬੜਾ ਪ੍ਰੇਮ ਵਧਾ ਕੇ ਉਠਿਆ। ਦੋਵਾਂ ਨੇ ਆਪਸ ਵਿਚ ਬੰਦਨਾ ਕੀਤੀ, ਖੱਤਰੀ ਵੇਖ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ॥੧੮॥

'ਗੁਰੂ ਮੁਸਾਹਿਬ ਤੂੰ ਮਤਿ ਭਾਰਾ। ਪਾਵਨ ਕੀਨੋ ਸਦਨ ਹਮਾਰਾ।
ਰੁਚਿਰ ਪ੍ਰਯੰਕ ਡਸਾਵਨ ਕੀਨਾ। ਤਹਿਂ ਬਿਠਾਇ ਬਹੁ ਆਦਰ ਦੀਨਾ॥੧੯॥

"ਤੁਸੀਂ ਭਾਰੀ ਬੁੱਧੀ ਵਾਲੇ ਗੁਰੂ ਜੀ ਦੇ ਮੁਸਾਹਿਬ ਹੋ, ਸਾਡੇ ਘਰ ਨੂੰ ਆ ਕੇ ਪਵਿੱਤਰ ਕੀਤਾ ਹੈ।" ਸੁੰਦਰ ਪਲੰਘ ਡੁਹਾਇਆ, ਉਸ ਉਤੇ ਬਿਠਾ ਕੇ ਬਹੁਤ ਆਦਰ ਕੀਤਾ॥੧੯॥

ਦੰਪਤਿ ਮਿਲਿ ਕਰਿ ਪਾਂਇ ਪਖਾਰੇ। ਸੋ ਜਲ ਸੀਸ ਬਦਨ ਮਹਿਂ ਡਾਰੇ।
ਸਕਲ ਸਦਨ ਕੋ ਸਿੰਚਨ ਕਰਿ ਕੈ। ਅਪਨੇ ਦੀਰਘ ਭਾਗ ਬਿਚਰਿਕੈ॥੨੦॥

ਪਤੀ ਪਤਨੀ ਨੇ ਮਿਲ ਕੇ ਪੈਰ ਧੋਤੇ ਤੇ ਉਸ ਜਲ ਨੂੰ ਸਿਰ ਅਤੇ ਮੂੰਹ ਤੇ ਪਾਇਆ ਅਤੇ ਸਾਰੇ ਘਰ ਵਿਚ ਉਸ ਦਾ ਛਿੜਕਾ ਕੀਤਾ ਅਤੇ ਆਪਣੇ ਵੱਡੇ ਭਾਗ ਸਮਝੇ॥੨੦॥

ਖਟ ਰਸ ਕੇ ਭੋਜਨ ਕਰਿਵਾਏ। ਸਨਮਾਨਤਿ ਧਰਿ ਭਾਉ ਅਚਾਏ।
ਤ੍ਰਿਪਤਿ ਹੋਇ ਕਰਿ ਪਾਨ ਪਖਾਰੇ। ਬਹੁਰ ਬਹੋੜਾ ਬਿਨੈ ਉਚਾਰੇ॥੨੧॥

ਛੇ ਰਸਾਂ ਵਾਲੇ ਭੋਜਨ ਤਿਆਰ ਕਰਵਾਏ ਤੇ ਬੜੇ ਸਨਮਾਨ ਪ੍ਰੇਮ ਨਾਲ ਖਵਾਏ, ਤ੍ਰਿਪਤ ਹੋ ਕੇ ਹੱਥ ਧੋਤੇ ਫਿਰ ਬਹੋੜੇ ਨੇ ਬੇਨਤੀ ਕੀਤੀ॥੨੧॥

'ਮਮ ਲਾਇਕ ਜੋ ਸੇਵਾ ਹੋਇ। ਫੁਰਮਾਵੋ ਸਭਿ ਕਰਿਹੋਂ ਸੋਇ।
ਗੁਰ ਸਮ ਤੁਮਰੀ ਟਹਿਲ ਪਛਾਨੋ। ਅਧਿਕ ਸ਼੍ਰੇਯ ਮੈਂ ਅਪਨੀ ਜਾਨੋਂ॥੨੨॥

"ਮੇਰੇ ਲਾਇਕ ਜੇ ਕੋਈ ਸੇਵਾ ਹੋਵੇ ਤਾਂ ਫੁਰਮਾਓ, ਮੈਂ ਸਭ ਕੁਝ ਕਰਾਂਗਾ। ਗੁਰੂ ਜੀ ਬਰਾਬਰ ਤੁਹਾਡੀ ਟਹਿਲ ਪਛਾਣਦਾ ਹਾਂ, ਇਸ ਨਾਲ ਮੈਂ ਆਪਣਾ ਵੱਡਾ ਕਲਿਆਣ ਜਾਣਦਾ ਹਾਂ॥੨੨॥

ਕਹਿਤਿ ਨ ਸੁਕਚਹੁ ਚਹੀਅਹਿ ਲੇਹੀ। ਤੂੰ ਪੂਰਨ ਸਿਖ ਗੁਰੂ ਸਨੇਹੀ'।
ਬਿਧੀਚੰਦ ਪਿਖਿ ਭਾਉ ਬਖਾਨੀ। 'ਸੁਭ ਪੋਸ਼ਿਸ਼ ਇਕ ਹਿੰਦੁਸਤਾਨੀ॥੨੩॥

ਕਹਿਣ ਤੋਂ ਸੰਕੋਚ ਨਾ ਕਰੋ, ਜੋ ਚਾਹੀਦਾ ਹੈ ਲਵੋ, ਤੁਸੀਂ ਪੂਰਨ ਸਿੱਖ ਤੇ ਗੁਰੂ ਜੀ ਦੇ ਸਨੇਹੀ ਹੋ।" ਬਿਧੀ ਚੰਦ ਨੇ ਪ੍ਰੇਮ ਵੇਖ ਕੇ ਕਿਹਾ, "ਇਕ ਸੁੰਦਰ ਹਿੰਦੁਸਤਾਨੀ ਪੋਸ਼ਾਕਾ ਚਾਹੀਦਾ ਹੈ॥੨੩॥

ਸੋ ਬਨਿਵਾਇ ਦੇਹੁ ਅਬਿ ਮੋਹੀ। ਇਹੀ ਸੇਵ ਸੁਭ ਲਾਇਕ ਤੋਹੀ'।
ਸੁਨਤਿ ਬੰਦਿ ਕਰ ਭਨਹਿ ਬਹੋਰਾ। 'ਮੈਂ ਬਨਿਵਾਇ ਦੇਊਂ ਹੁਇ ਭੋਰਾ'॥੨੪॥

ਉਹ ਹੁਣ ਮੈਨੂੰ ਬਣਵਾ ਦੇਵੋ, ਇਹੀ ਸੁਭ ਸੇਵਾ ਆਪ ਜੀ ਦੇ ਲਾਇਕ ਹੈ।" ਇਹ ਸੁਣ ਕੇ ਹੱਥ ਜੋੜ ਕੇ ਬਹੋੜੇ ਨੇ ਕਿਹਾ, ਮੈਂ ਸਵੇਰ ਹੁੰਦਿਆਂ ਤਕ ਬਣਵਾ ਦੇਵਾਂਗਾ"॥੨੪॥

ਪਰਿ ਕੈ ਸੁਪਤੇ ਨਿਸਾ ਬਿਤਾਈ। ਜਾਗੇ ਤਬਿ ਪ੍ਰਭਾਤਿ ਹੁਇ ਆਈ।
ਸਾਥ ਬਹੋੜੇ ਉਠਿ ਕਰਿ ਭਾਖਾ। 'ਅਸ ਪੋਸ਼ਿਸ਼ ਕੀ ਮੁਝ ਅਭਿਲਾਖਾ॥੨੫॥

ਲੰਮੇ ਪੈ ਕੇ ਸੌਂ ਗਏ ਤੇ ਰਾਤ ਬਤੀਤ ਕੀਤੀ, ਉਸ ਸਮੇਂ ਜਾਗੇ ਜਦ ਸਵੇਰ ਹੋ ਗਈ। ਫਿਰ ਬਹੋੜੇ ਨੂੰ ਉੱਠ ਕੇ ਕਿਹਾ, "ਐਸੇ ਪੋਸ਼ਾਕੇ ਦੀ ਮੈਨੂੰ ਅਭਿਲਾਸ਼ਾ ਹੈ॥੨੫॥

ਸੂਖਮ ਸੂਤ ਬਸਤ੍ਰ ਬਰ ਝੀਨੋ। ਤਿਸ ਕੇ ਕਰਹੁ ਪਿਰਾਹਨ ਤੀਨੋ।
ਏਕ ਬਡੋ ਜਾਨੂ ਤੇ ਤਰੇ। ਦੁਤੀਓ ਛੋਟਾ ਤਿਸਤੇ ਕਰੇ॥੨੬॥

ਨਰਮ ਸੂਤ ਅਤੇ ਸ੍ਰੇਸ਼ਟ ਬਰੀਕ ਕਪੜੇ ਦੇ ਤਿੰਨ ਪੋਸ਼ਾਕੇ ਬਣਾਓ, ਇਕ ਇਰਾਨੀ ਤਰੀਕੇ ਦਾ ਲੰਮਾ ਚੋਲਾ ਹੋਵੇ ਗੋਡਿਆਂ ਦੇ ਹੇਠਾਂ ਤਕ ਲੰਮਾ ਹੋਵੇ, ਦੂਸਰਾ ਉਸ ਤੋਂ ਛੋਟਾ ਬਣਾਓ॥੨੬॥

ਤਿਸਤੇ ਛੋਟਾ ਤੀਸਰ ਹੋਇ। ਪਾਇਨ ਹੇਤੁ ਪਜਾਮਾ ਜੋਇ।
ਗੁਲਫ ਲਗੇ ਹੋਵਹਿ ਬਡ ਚੋਰਾ। ਘੇਰ ਦਾਰ ਦੀਖਹਿ ਜਿਮ ਗੋਰਾ॥ ੨੭॥

ਉਸ ਤੋਂ ਛੋਟਾ ਤੀਸਰਾ ਹੋਵੇ ਭਾਵ ਤੇੜ ਪਾਉਣ ਲਈ ਪਜਾਮਾ ਹੋਵੇ, ਉਹ ਗਿਟਿਆਂ ਤੱਕ ਲੰਮਾ ਹੋਵੇ ਤੇ ਬਹੁਤ ਚੋੜਾ ਹੋਵੇ ਤੇ ਘੇਰੇਦਾਰ ਦਿਖਾਈ ਦੇਵੇ॥੨੭॥

ਸੁੰਦਰ ਤਿਹ ਇਜ਼ਾਰਬੰਦ ਪਾਇ। ਆਜ ਤਯਾਰ ਇਹੁ ਦਿਹੁ ਕਰਿਵਾਇ।
ਲਾਂਬੀ ਗਜਨ ਬਿਖੈ ਇਕ ਪਾਗ। ਜਿਸ ਕੇ ਛੋਰ ਜ਼ਰੀ ਬਡ ਲਾਗ॥ ੨੮॥

ਉਸ ਵਿਚ ਸੁੰਦਰ ਨਾਲਾ ਪਾ ਕੇ, ਅੱਜ ਹੀ ਇਨ੍ਹਾਂ ਨੂੰ ਤਿਆਰ ਕਰਵਾ ਦੇਵੋ, ਕਈ ਗਜ ਲੰਮੀ ਇਕ ਪਗ ਤਿਆਰ ਕਰਵਾਓ ਜਿਸ ਦੇ ਪਲਿਆਂ ਨੂੰ ਜ਼ਰੀ ਲੱਗੀ ਹੋਵੇ॥੨੮॥

ਪੀਛੇ ਹੀਨੋ, ਨੋਕ ਦਰਾਜ਼। ਜੋਰਾ ਜ਼ਰੀ ਜੁਗਤਿ ਲਿਹੁ ਆਜ।
ਰਹੇ ਜਾਮ ਦਿਨ ਮੈਂ ਤਬਿ ਆਊਂ। ਸੌਚ ਸ਼ਨਾਨ ਕਰਨਿ ਅਬਿ ਜਾਊਂ॥ ੨੯॥

ਅੱਡੀ ਤੋਂ ਬਿਨਾਂ ਲੰਮੀ ਨੋਕ ਵਾਲਾ ਜਰੀ ਵਾਲਾ ਜੁਤੀਆਂ ਦਾ ਜੋੜਾ ਅੱਜ ਲੈ ਲਵੋ। ਜਦ ਪਹਿਰ ਦਿਨ ਰਹਿ ਜਾਵੇਗਾ ਤਦ ਮੈਂ ਆਵਾਂਗਾ, ਹੁਣ ਮੈਂ ਸ਼ੌਚ ਇਸ਼ਨਾਨ ਕਰਨ ਜਾਵਾਂਗਾ"॥੨੯॥

'ਆਛੀ ਬਾਤ' ਬਹੋਰੇ ਕਹੀ। 'ਬਨਹਿਂ ਤਯਾਰ ਕਿਮ ਬਿਲਮਹਿ ਨਹੀਂ'।
ਬਿਧੀਏ ਬਡੇ ਚਾਦਰੇ ਸੰਗ। ਕਰੇ ਅਛਾਦਨ ਸਗਰੇ ਅੰਗ॥ ੩੦॥

ਬਹੋੜੇ ਕਿਹਾ, "ਚੰਗੀ ਗੱਲ ਹੈ, ਤੁਹਾਨੂੰ ਕਪੜੇ ਤਿਆਰ ਮਿਲਣਗੇ ਇਸ ਵਿਚ ਕੋਈ ਦੇਰ ਨਹੀਂ ਹੈ।" ਬਿਧੀ ਚੰਦ ਨੇ ਵੱਡੇ ਚਾਦਰੇ ਨਾਲ ਸਾਰੇ ਅੰਗਾਂ ਨੂੰ ਢੱਕ ਲਿਆ॥੩੦॥

ਨਿਕਸਜੋ ਸਦਨ ਗਯੋ ਪੁਰਿ ਛੋਰਿ। ਰਾਵੀ ਤੀਰ ਦੂਰ ਕਿਤ ਓਰ।
ਸੌਚ ਸ਼ਨਾਨ ਠਾਨਿ ਕਰਿ ਬਾਰੀ। ਗੁਰੂ ਗਿਰਾ ਜਪੁ ਆਦਿ ਉਚਾਰੀ॥ ੩੧॥

ਘਰ ਵਿਚੋਂ ਨਿਕਲ ਕੇ ਨਗਰ ਨੂੰ ਛੱਡ ਕੇ ਚਲਾ ਗਿਆ, ਰਾਵੀ ਦੇ ਕਿਨਾਰੇ ਕਿਤੇ ਦੂਰ ਚਲੇ ਗਿਆ। ਪਾਣੀ ਨਾਲ ਸੋਚ ਇਸ਼ਨਾਨ ਕਰਕੇ ਗੁਰੂ ਜੀ ਦੀ ਬਾਣੀ ਜਪੁਜੀ ਸਾਹਿਬ ਆਦਿ ਦਾ ਪਾਠ ਕੀਤਾ॥੩੧॥

ਤੀਨ ਪਹਿਰ ਪੁਨ ਵਹਿਰ ਬਿਤਾਇ। ਸਦਨ ਬਹੋਰੇ ਪ੍ਰਵਿਸ਼ਜੋ ਆਇ।
ਮੰਚ ਬਸਾਇ ਸਹਿਤ ਸਨਮਾਨਾ। ਤਯਾਰ ਅਹਾਰ ਕਰਜੋ ਰਸ ਨਾਨਾ॥ ੩੨॥

ਤਿੰਨ ਪਹਿਰ ਫਿਰ ਬਾਹਰ ਬਤੀਤ ਕੀਤੇ ਤੇ ਫਿਰ ਬਹੋੜੇ ਦੇ ਘਰ ਵਿਚ ਆ ਦਾਖਲ ਹੋਇਆ। ਉਨ੍ਹਾਂ ਮੰਜੇ ਤੇ ਬਿਠਾ ਕੇ ਸਨਮਾਨ ਕੀਤਾ ਤੇ ਕਈ ਪ੍ਰਕਾਰ ਦਾ ਸਵਾਦੀ ਭੋਜਨ ਤਿਆਰ ਕਰਵਾਇਆ॥੩੨॥

ਹੁਤੀ ਬਹੋਰੇ ਕੀ ਤਬਿ ਤ੍ਰੀਆ। ਭੋਜਨ ਸਭਿ ਅਚਿਵਾਵਨ ਕੀਆ।
ਸੰਧਜਾ ਲਗੌਂ ਤਯਾਰ ਕਰਿਵਾਇ। ਸਭਿ ਪੋਸ਼ਿਸ਼ ਕੋ ਸੁਭ ਬਨਿਵਾਇ॥ ੩੩॥

ਉਸ ਸਮੇਂ ਉਥੇ ਬਹੋੜੇ ਦੀ ਪਤਨੀ ਸੀ, ਉਸ ਨੇ ਭੋਜਨ ਛਕਾਇਆ। ਸ਼ਾਮ ਤੱਕ ਸਾਰੇ ਕਪੜੇ ਤਿਆਰ ਕਰਵਾਏ ਤੇ ਸਭ ਪੋਸ਼ਾਕੇ ਬੜੇ ਵਧੀਆ ਤਿਆਰ ਕਰਵਾਏ॥੩੩॥

ਆਨਿ ਬਹੋਰੇ ਧਰੀ ਅਗਾਰੀ। ਪਿਖਿ ਪ੍ਰਸੰਨ ਹ੍ਵੈ ਖੁਸ਼ੀ ਉਚਾਰੀ।
'ਸਿੱਖਨ ਕੀ ਸੇਵਾ ਸਿਖ ਕਰੈ। ਨਿਜ ਤੇ ਵਧਿ ਗੁਰੁ ਲੇਖੇ ਧਰੈ॥ ੩੪॥

ਬਹੋੜੇ ਨੇ ਲਿਆ ਕੇ ਅੱਗੇ ਧਰ ਦਿੱਤੇ, ਬਿਧੀ ਚੰਦ ਵੇਖ ਕੇ ਬਹੁਤ ਪ੍ਰਸੰਨ ਹੋਇਆ ਤੇ ਖੁਸ਼ ਹੋ ਕੇ ਕਿਹਾ, "ਸਿੱਖਾਂ ਦੀ ਸੇਵਾ ਸਿੱਖ ਕਰਦੇ ਹਨ, ਆਪਣੇ ਨਾਲੋਂ ਵੱਧ ਗੁਰੂ ਜੀ ਦੇ ਲੇਖੇ ਧਾਰਨ ਕਰਦੇ ਹਨ॥੩੪॥

ਮੇਰੋ ਜਾਨਿ ਮਾਨ ਇਨ ਕੀਨਿ। ਪਿਖਹਿਂ ਭਾਉ ਹੁਇਂ ਗੁਰੂ ਪ੍ਰਸੀਨ।
ਸੁੰਦਰ ਇਕ ਗੁੱਛਾ ਸਗਰੀਨ। ਦਿਹੁ ਘਰਿਵਾਇ ਲੁਹਾਰ ਪ੍ਰਬੀਨ॥ ੩੫॥

ਮੇਰਾ ਸਿੱਖ ਜਾਣ ਕੇ ਏਨਾ ਮਾਣ ਕੀਤਾ ਹੈ, ਇਹ ਪਿਆਰ ਵੇਖ ਕੇ ਗੁਰੂ ਜੀ ਪ੍ਰਸੰਨ ਹੋਣਗੇ। ਹੁਣ ਇਕ ਸੋਹਣਾ ਸੰਗਲਿਆਂ ਦਾ ਗੁਛਾ ਕਿਸੇ ਚਤੁਰ ਲੁਹਾਰ ਤੋਂ ਘੜਵਾ ਦੇਵੇ॥੩੫॥

ਪ੍ਰਾਤਿ ਭਏ ਮੁਝ ਪਾਸ ਪਠਾਵਹੁ। ਅਪਰ ਭੇਵ ਨਹਿਂ ਕਿਸੁ ਸੁਨਾਵਹੁ'।
ਇਮ ਕਹਿ ਪੋਸ਼ਿਸ਼ ਲੀਨਿ ਬਿਸਾਲਾ। ਤਿਮਰ ਭਏ ਆਯੋ ਧ੍ਰਮਸਾਲਾ॥ ੩੬॥

ਸਵੇਰ ਹੁੰਦਿਆਂ ਮੇਰੇ ਪਾਸ ਭੇਜ ਦੇਵੇ ਤੇ ਇਸ ਬਾਰੇ ਭੇਦ ਕਿਸੇ ਨੂੰ ਨਾ ਸੁਣਾਵੇ।" ਇਸ ਤਰ੍ਹਾਂ ਕਹਿ ਪੋਸ਼ਾਕੇ ਲੈ ਲਏ ਤੇ ਹਨੇਰੇ ਹੋਏ ਧਰਮਸ਼ਾਲਾ ਵਿਚ ਆ ਗਿਆ॥੩੬॥

ਸੁਪਤ ਹੋਇ ਕਰਿ ਨਿਸਾ ਬਿਤਾਈ। ਸੌਚ ਸ਼ਨਾਨ ਕੀਨਿ ਸਹਿਸਾਈ।
ਆਨ ਆਪਨਾ ਭੇਸ ਬਨਾਯਹੁ। ਚਾਰੁ ਚਿਕਰ ਚੋਪਰ ਚਮਕਾਯਹੁ॥ ੩੭॥

ਉਥੇ ਸੌਂ ਕੇ ਰਾਤ ਬਤੀਤ ਕੀਤੀ ਤੇ ਛੇਤੀ ਹੀ ਸੌਚ ਇਸ਼ਨਾਨ ਕੀਤਾ ਤੇ ਆ ਕੇ ਆਪਣਾ ਭੇਸ ਬਣਾਇਆ ਤੇ ਸੋਹਣੇ ਕੇਸ ਚੋਪੜ ਕੇ ਚਮਕਾ ਲਏ॥੩੭॥

ਸਾਫ ਸ਼ਮਸ਼ ਕੇ ਕਰ ਬਿਚ ਚੀਰੇ। ਦਿਸ਼ ਦੋਨਹੁਂ ਕਰਣੰਤਿ ਉਚੀਰੇ।
ਚਿਬੁਕ ਸਬਲ ਕੋ ਕਾਢਿ ਦਿਖਾਵਾ। ਜੁਗ ਮੂਛਨ ਕਰਿ ਊਚ ਮਿਲਾਵਾ॥ ੩੮॥

ਸਾਫ ਕੀਤੀ ਦਾੜ੍ਹੀ ਨੂੰ ਵਿਚੋਂ ਚੀਰ ਕੇ ਦੋਵਾਂ ਪਾਸਿਆਂ ਤੋਂ ਕੰਨਾਂ ਤੱਕ ਉਚੀ ਕੀਤੀ ਤਾਂਕਿ ਵਿਚੋਂ ਠੋਡੀ ਦਿੱਸ ਪਵੇ। ਦੋਵਾਂ ਮੁੱਛਾਂ ਨੂੰ ਉਚਿਆਂ ਕਰਕੇ ਮਿਲਾ ਦਿੱਤਾ॥੩੮॥

ਪੂਰਬ ਪਹਿਰ ਪਿਰਾਹਨ ਨੀਵਾ। ਬਹੁਰ ਦੂਸਰੋ ਪਹਿਰ ਊਚੀਵਾ।
ਅਲਪ ਸਭਿਨਿ ਕੇ ਊਪਰਿ ਪਾਇ। ਉਤਰੋਤਰ ਤਬਿ ਤੀਨ ਬਨਾਇ॥ ੩੯॥

ਪਹਿਲਾਂ ਨੀਵਾਂ ਪੋਸ਼ਾਕਾ ਪਹਿਣ ਲਿਆ, ਫਿਰ ਦੂਸਰਾ ਉਚਾ ਪੋਸ਼ਾਕਾ ਪਾ ਲਿਆ। ਛੋਟੇ ਨੂੰ ਸਭ ਦੇ ਉਤੇ ਪਾਇਆ, ਇਕ ਦੂਸਰੇ ਦੇ ਉਪਰ ਫਿਰ ਤਿੰਨੇ ਪਹਿਣ ਲਏ॥੩੯॥

ਚੌਰੀ ਤਰ੍ਹਾਂ ਬੰਧਿ ਦਸਤਾਰ। ਸਿਪਰ ਸਮਾਨ ਸੁ ਕੀਨਿ ਅਕਾਰ।
ਪਾਇਨ ਪਰਮ ਪਜਾਮਾ ਪਾਯੋ। ਬੰਧ ਇਜ਼ਾਰਬੰਦ ਦਿਖਰਾਯੋ॥ ੪੦॥

ਚੌੜੀ ਤਰ੍ਹਾਂ ਫਿਰ ਪੱਗ ਬੰਨ੍ਹ ਲਈ ਤੇ ਢਾਲ ਵਾਂਗ ਉਸ ਦਾ ਅਕਾਰ ਬਣਾ ਲਿਆ, ਲੱਤਾਂ ਵਿਚ ਪਰਮ ਪਜਾਮਾ ਪਾਇਆ ਤੇ ਨਾਲਾ ਇਸ ਤਰ੍ਹਾਂ ਬੰਨ੍ਹਿਆ ਕਿ ਲਮਕਦਾ ਹੋਇਆ ਹੇਠਾਂ ਨਜ਼ਰ ਆਵੇ॥੪੦॥

ਜੋਰਾ ਨੋਕਦਾਰ ਪਗ ਪਹਿਰਾ। ਹਿੰਦੁਸਤਾਨੀ ਬਨਿ ਕੈ ਗਹਿਰਾ।
ਬੈਠਜੋ ਹੁਤੋ ਸੰਗਰੀ ਆਈ। ਲੇ ਕਰ ਬਿਖੈ ਅੱਗ੍ਰ ਲਟਕਾਈ॥ ੪੧॥

ਨੋਕਦਾਰ ਜੁਤੀਆਂ ਦਾ ਜੋੜਾ ਪੈਰਾਂ ਵਿਚ ਪਾ ਲਿਆ ਤੇ ਪੂਰਾ ਹਿੰਦੋਸਤਾਨੀ ਬਣ ਗਿਆ। ਜਦ ਉਥੇ ਬੈਠਾ ਹੀ ਸੀ ਤਾਂ ਸੰਗਲੀ ਆ ਗਈ ਤੇ ਲੈ ਕੇ ਅੱਗੇ ਲਟਕਾ ਲਈ॥੪੧॥

ਸਨੈ ਸਨੈ ਪਗ ਧਰਹਿ ਅਗਾਰੀ। ਗਰੀ ਬਜ਼ਾਰਨ ਕੇਰਿ ਮਝਾਰੀ।
ਦ੍ਰਿਸ਼ਟਿ ਅਚੰਚਲ ਧੀਰਜ ਧਾਰੀ। ਸੂਛਮ ਛਰੀ ਖਰੀ ਦੁਤਿਵਾਰੀ॥ ੪੨॥

ਗਲੀਆਂ ਬਜ਼ਾਰਾਂ ਦੇ ਵਿਚ ਹੌਲੀ ਹੌਲੀ ਪੈਰ ਧਰਦਾ ਅੱਗੇ ਜਾ ਰਿਹਾ ਸੀ। ਦ੍ਰਿਸ਼ਟੀ ਬਿਲਕੁਲ ਚੰਚਲਤਾ ਰਹਿਤ ਅਤੇ ਧੀਰਜ ਧਾਰਨ ਕੀਤੀ ਹੋਈ ਸੀ। ਸੂਖਮ ਛੜੀ ਬੜੀ ਸੁੰਦਰ ਲੱਗ ਰਹੀ ਸੀ॥੪੨॥

*ਨੋਟ : ਇਹ ਉਸ ਸਮੇਂ ਦੇ ਪੂਰਬੀਏ ਰਮਲੀਏ ਦਾ ਭੇਸ ਵਿਖਾਇਆ ਹੈ।*

ਨਰਨ ਅਜਾਇਬ ਬੇਸ ਨਿਹਾਰਾ। ਹੇਰਨ ਹੇਤੁ ਆਇਂ ਚਲਿ ਲਾਰਾ।
'ਕੌਨ ਦੇਸ਼ ਤੇ ਇਹੁ ਚਲਿ ਆਯੋ? ਆਗੇ ਪੁਰਿ ਮਹਿਂ ਨਹਿਂ ਦਰਸਾਯੋ' ॥ ੪੩ ॥

ਲੋਕਾਂ ਨੇ ਅਜੀਬ ਭੇਸ ਵੇਖਿਆ ਤੇ ਕਤਾਰਾਂ ਬੰਨ੍ਹ ਕੇ ਵੇਖਣ ਵਾਸਤੇ ਆਏ, "ਇਹ ਕਿਹੜੇ ਦੇਸ਼ ਤੋਂ ਚਲ ਕੇ ਆਇਆ ਹੈ? ਪਹਿਲਾਂ ਤਾਂ ਅਜਿਹਾ ਕੋਈ ਨਗਰ ਵਿਚ ਨਹੀਂ ਵੇਖਿਆ ਹੈ" ॥੪੩॥

ਕੇਚਿਤ ਬੂਝਤਿ ਹੈਂ ਹੁਇ ਪਾਸ। 'ਕੌਨ ਨਾਮ ਅਰੁ ਕਹਾਂ ਨਿਵਾਸ?'।
'ਸਾਹਿਬ ਲੋਕ ਦੂਰ ਹਮ ਦੇਸ਼। ਗੁਨੀ ਮਹਾਂ ਗੁਨ ਧਰਹਿਂ ਵਿਸ਼ੇਸ਼' ॥ ੪੪ ॥

ਕਈ ਪਾਸ ਆ ਕੇ ਪੁੱਛਦੇ ਸਨ, "ਤੁਹਾਡਾ ਕੀ ਨਾਮ ਹੈ ਅਤੇ ਕਿਥੇ ਨਿਵਾਸ ਹੈ?" ਬਿਧੀ ਚੰਦ ਜਵਾਬ ਦਿੰਦਾ ਸੀ, "ਅਸੀਂ ਸਾਹਿਬ ਲੋਕ ਹਾਂ, ਸਾਡਾ ਦੇਸ਼ ਬਹੁਤ ਦੂਰ ਹੈ, ਅਸੀਂ ਮਹਾਨ ਗੁਣੀ ਹਾਂ, ਤੇ ਵਿਸ਼ੇਸ਼ ਗੁਣ ਧਾਰਨ ਕਰਦੇ ਹਾਂ" ॥੪੪॥

ਧੀਰਜ ਸਹਿਤ ਕਹਤਿ ਇਮ ਜਾਇ। ਜਹਾਂ ਦੁਰਗ ਕੋ ਪੌਰ ਸੁਹਾਇ।
ਹੇਰਨ ਹੇਤੁ ਅਨਿਕ ਨਰ ਸੰਗ। ਚਲਯੋ ਜਾਤਿ ਕਰਿ ਗ੍ਰੀਵ ਉਤੰਗ॥ ੪੫॥

ਧੀਰਜ ਸਹਿਤ ਇੰਝ ਕਹਿੰਦਾ ਜਾਂਦਾ ਸੀ, ਜਿਥੇ ਕਿਲ੍ਹੇ ਦਾ ਦਰਵਾਜ਼ਾ ਸ਼ੋਭ ਰਿਹਾ ਸੀ। ਵੇਖਣ ਵਾਸਤੇ ਅਨੇਕਾਂ ਹੀ ਮਨੁੱਖ ਨਾਲ ਸਨ, ਧੌਣ ਉਪਰ ਚੁੱਕ ਚਲਿਆ ਜਾ ਰਿਹਾ ਸੀ॥੪੫॥

*ਸੱਤਵੀਂ ਰਾਸ ਦਾ ਚੌਤੀਵਾਂ ਅਧਿਆਇ ਸਮਾਪਤ ਹੋਇਆ॥੩੪॥*

## ਅਧਿਆਇ ਪੈਂਤੀਵਾਂ

### *ਭਾਈ ਬਿਧੀ ਚੰਦ ਦੀ ਦਰਬਾਰ ਵਿਚ ਪਹੁੰਚ*

*ਦੋਹਰਾ-* ਦੁਰਗ ਪੌਰ ਕੇ ਨਿਕਟਿ ਇਕ ਕੰਧ ਉਚੇਰੀ ਥੋਰ।
ਤਿਸ ਪਰ ਚਢਿ ਬੈਠਯੋ ਸੁਮਤਿ ਦਾਵ ਕਰਨ ਕੋ ਔਰ॥ ੧॥

ਕਿਲ੍ਹੇ ਦੇ ਦਰਵਾਜ਼ੇ ਦੇ ਨੇੜੇ ਇਕ ਥੋੜ੍ਹੀ ਉੱਚੀ ਦੀਵਾਰ ਸੀ ਸ੍ਰੇਸ਼ਟ ਮੱਤ ਵਾਲਾ ਉਸ ਕੰਧ ਤੇ ਚੜ੍ਹ ਕੇ ਬੈਠ ਗਿਆ ਜਿਹੜਾ ਕੋਈ ਹੋਰ ਦਾਅ ਲਾਉਣਾ ਚਾਹੁੰਦਾ ਸੀ॥੧॥

*ਚੌਪਈ-* ਭਲੇ ਭਲੇ ਕੇਤਿਕ ਨਰ ਆਏ। ਤਿਨ ਬੂਝਯੋ ਸਭਿ ਕਹਤਿ ਸੁਨਾਏ।
'ਖੋਜੀ, ਗਣਕ, ਗੁਣੀ ਬਡਿ ਮੈ ਹੌਂ। ਗਈ ਵਸਤੁ ਕੋ ਸੋਧਿ ਬਤੈ ਹੌਂ' ॥ ੨ ॥

ਕਈ ਭਲੇ-ਭਲੇ ਮਨੁੱਖ ਆਏ, ਉਨ੍ਹਾਂ ਨੇ ਆ ਕੇ ਜਦ ਪੁੱਛਿਆ ਤਾਂ ਸਾਰਿਆਂ ਨੂੰ ਕਹਿ ਕੇ ਸੁਣਾਇਆ, "ਮੈਂ ਖੋਜੀ, ਜੋਤਸ਼ੀ, ਵੱਡਾ ਗੁਣਵਾਨ ਹਾਂ, ਗਵਾਚੀ ਹੋਈ ਵਸਤੂ ਨੂੰ ਜੋਤਸ਼ ਲਾ ਕੇ ਦੱਸ ਸਕਦਾ ਹਾਂ" ॥੨॥

ਕੇਚਿਤ ਭਾਖਤਿ 'ਗਯੋ ਹਮਾਰੋ। ਦਿਹੁ ਬਤਾਇ ਜੇ ਗਣਕ ਉਚਾਰੋ'।
ਸੁਨਿ ਕਰਿ ਸੰਗਰੀ ਹਾਥ ਲਗਾਵੈ। ਸੂੰਘਤਿ ਤਿਸ ਕੋ ਬਹੁਰ ਬਤਾਵੈ॥ ੩॥

ਕਈ ਕਹਿਣ ਲੱਗੇ, "ਸਾਡੀ ਇਹ ਚੀਜ਼ ਗਵਾਚੀ ਹੈ, ਜੇ ਆਪਣੇ ਆਪ ਨੂੰ ਜੋਤਸ਼ੀ ਕਹਿੰਦੇ ਹੋ ਤਾਂ ਸਾਨੂੰ ਦੱਸ ਦੇਵੋ।" ਉਨ੍ਹਾਂ ਦੀ ਗੱਲ ਸੁਣ ਕੇ ਸੰਗਲੀ ਨੂੰ ਹੱਥ ਲਾਉਂਦਾ ਸੀ ਤੇ ਫਿਰ ਉਸ ਨੂੰ ਸੁੰਘ ਕੇ ਬਾਅਦ ਵਿਚ ਗੱਲ ਦੱਸਦਾ ਸੀ॥੩॥

'ਬਡੇ ਉਪਾਇ ਕਰਹਿ ਧਨ ਪਾਯੋ। ਬਿਖਮ ਸਥਾਨ ਗਯੋ ਕਿਤ ਧਾਯੋ'।
ਕਿਹ ਕੋ ਕੁਛ, ਕਿਹ ਕੋ ਕੁਛ ਕਹੈ। ਸੁਨਿ ਸੁਨਿ ਲੋਕ ਅਚੰਭੋ ਲਹੈਂ॥ ੪॥

ਤਾਂ ਜਵਾਬ ਦਿੰਦਾ ਸੀ "ਵੱਡਾ ਉਪਾਅ ਕਰਕੇ ਧਨ ਪਾਇਆ ਹੈ, ਬੜੇ ਔਖੇ ਸਥਾਨ ਵਿਚ ਕੋਈ ਲੈ ਕੇ ਦੌੜ ਗਿਆ ਹੈ", ਕਿਸੇ ਨੂੰ ਕੁਝ ਕਹਿੰਦਾ ਸੀ ਤੇ ਕਿਸੇ ਨੂੰ ਕੁਝ ਕਹਿੰਦਾ ਸੀ, ਸਾਰੇ ਲੋਕ ਸੁਣ-ਸੁਣ ਕੇ ਹੈਰਾਨ ਹੋ ਰਹੇ ਸਨ॥੪॥

ਹੇਰਨ ਵੇਸ਼ ਹੇਤੁ ਬਹੁ ਮਿਲੇ। ਖਰੇ ਕਿਤਿਕ ਬਾਤਨਿ ਰਸ ਢਲੇ।
ਬੈਠਿ ਦਿਖਾਵਤਿ ਆਪਾ ਊਚੇ। ਲਗੈ ਬਿਲੋਕਨ ਤਹਿਂ ਜੁ ਪਹੂਚੇ॥ ੫॥

ਲਿਬਾਸ ਵੇਖਣ ਵਾਸਤੇ ਬਹੁਤ ਲੋਕ ਆ ਕੇ ਮਿਲੇ, ਕਈ ਗੱਲਾਂ ਦਾ ਰਸ ਲੈਣ ਵਾਸਤੇ ਹੀ ਆ ਕੇ ਖੜੇ ਹੋ ਗਏ ਸਨ ਉੱਚੇ ਬੈਠ ਕੇ ਆਪਣੇ ਆਪ ਨੂੰ ਵਿਖਾਉਂਦਾ ਹੈ, ਜਿਹੜੇ ਉਥੇ ਪਹੁੰਚਦੇ ਸਨ, ਉਹ ਵੇਖਣ ਲੱਗਦੇ ਸਨ॥੫॥

ਚਾਰੁ ਮੁਕਰ ਇਕ ਧਰਜੋ ਅਗਾਰੇ। ਬਾਰ ਬਾਰ ਮੁਖ ਚਾਰੁ ਨਿਹਾਰੇ।
ਸ਼ਮਸ਼ ਸੁਧਾਰਹਿ ਊਚ ਚਢਾਇ। ਪਕਰਹਿ ਸੰਗਰੀ ਹਾਥ ਕਢਾਇ॥ ੬॥

ਇਕ ਸੁੰਦਰ ਸ਼ੀਸ਼ਾ ਅੱਗੇ ਧਰਿਆ ਸੀ, ਬਾਰ-ਬਾਰ ਸੁੰਦਰ ਮੁਖੜੇ ਨੂੰ ਵੇਖਦਾ ਸੀ, ਜਿਹੜਾ ਦਾੜ੍ਹਾ ਉਪਰ ਚੜ੍ਹਾਇਆ ਹੋਇਆ ਸੀ, ਉਸ ਨੂੰ ਠੀਕ ਕਰਦਾ ਸੀ ਤੇ ਕਦੀ ਸੰਗਲੀ ਨੂੰ ਹੱਥ ਵਿਚ ਫੜ ਲੈਂਦਾ ਸੀ॥੬॥

ਦਾਸ ਦਰੋਗੇ ਕੋ ਇਕ ਆਯੋ। ਭੀਰ ਹੇਰਿ ਲਖਿਬੇ ਬਿਰਮਾਯੋ।
ਗਯੋ ਨਿਕਟਿ ਬੂਝਜੋ 'ਇਹ ਕੋਨ ?। ਬੇਸ ਅਜਾਇਬ, ਕਿਸ ਪੁਰਿ ਭੋਨ ?' ॥੭॥

ਇਕ ਦਰੋਗੇ ਦਾ ਸੇਵਕ ਆਇਆ, ਭੀੜ ਵੇਖ ਕੇ ਬਹੁਤ ਹੈਰਾਨ ਹੋਇਆ। ਨੇੜੇ ਜਾ ਕੇ ਪੁਛਿਆ, "ਇਹ ਕੋਣ ਹੈ ? ਇਸ ਨੇ ਅਜੀਬ ਲਿਬਾਸ ਪਾਇਆ ਹੈ, ਇਸ ਦਾ ਘਰ ਕਿਥੇ ਹੈ ?" ॥੭॥

ਸੁਨਿ ਕੈ ਬੋਲਤਿ ਭਾ ਤਿਸ ਬੇਰਾ। 'ਖੋਜੀ ਗਣਕ ਨਾਮ ਹੈ ਮੇਰਾ।
ਦੂਰ ਦੇਸ਼ ਜੰਗਲ ਹਮ ਰਹੈਂ। ਗੁਣ ਅਪਨੇ ਦਿਖਰਾਯੋ ਚਹੈਂ'॥ ੮॥

ਇਹ ਸੁਣ ਕੇ ਬਿਧੀ ਚੰਦ ਉਸ ਸਮੇਂ ਬੋਲਿਆ, "ਖੋਜੀ ਜੋਤਸ਼ੀ ਮੇਰਾ ਨਾਂ ਹੈ, ਦੂਰ ਦੇਸ਼ ਜੰਗਲ ਵਿਚ ਅਸੀਂ ਰਹਿੰਦੇ ਹਾਂ ਤੇ ਆਪਣਾ ਗੁਣ ਵਿਖਾਉਣਾ ਚਾਹੁੰਦੇ ਹਾਂ" ॥੮॥

ਸੁਨਿ ਕਰਿ ਦਾਸ ਅਚੰਭੋ ਗਯੋ। ਬੋਲਨ ਬੇਸ, ਬੇਸ ਬਪੁ ਨਯੋ।
'ਇਹ ਠਾਂ ਹਜ਼ਰਤ ਕੋ ਇਕ ਘੋਰਾ। ਲੇ ਤਸਕਰ ਗਮਨਜੋ ਕਿਤ ਓਰਾ॥ ੯॥

ਇਹ ਸੁਣ ਕੇ ਦਾਸ ਬਹੁਤ ਹੈਰਾਨ ਹੋਇਆ, ਬੋਲਣ ਦਾ ਢੰਗ ਅਤੇ ਸਰੀਰ ਦਾ ਭੇਸ ਵੀ ਨਵਾਂ ਹੈ। "ਇਸ ਥਾਂ ਤੋਂ ਬਾਦਸ਼ਾਹ ਦਾ ਇਕ ਘੋੜਾ, ਚੋਰ ਕਿਸੇ ਪਾਸੇ ਲੈ ਗਿਆ ਹੈ॥੯॥

ਸਰਬ ਰੀਤ ਕੇ ਗੁਣੀ ਬੁਲਾਏ। ਕਿਸਹੂੰ ਤੇ ਨਹਿਂ ਗਯੋ ਬਤਾਏ।
ਜੋ ਹੁਇ ਤੁਰੰਗ ਬਤਾਵਨ ਹਾਰ। ਤਿਸ ਕੋ ਚਾਹਤਿ ਸ਼ਾਹੁ ਉਦਾਰ॥ ੧੦॥

ਸਰਬ ਰੀਤ ਦੇ ਗੁਣੀ ਬੁਲਾਏ ਹਨ, ਪਰ ਕਿਸੇ ਪਾਸੋਂ ਵੀ ਦਸਿਆ ਨਹੀਂ ਗਿਆ ਹੈ, ਜੇ ਘੋੜੇ ਬਾਰੇ ਦੱਸ ਸਕਦਾ ਹੋਵੇਂ ਤਾਂ ਉਸ ਬਾਰੇ ਬਾਦਸ਼ਾਹ ਬਹੁਤ ਚਾਹਤ ਰਖਦਾ ਹੈ॥੧੦॥

ਤੋ ਮਹਿਂ ਜੋ ਗੁਨ, ਦੇਹੁ ਬਤਾਇ। ਕਰਹਿਂ ਸ਼ਾਹੁ ਕੋ ਸੁਧਿ ਹਮ ਜਾਇ'।
ਕਹਤਿ ਭਯੋ 'ਜੋ ਖੋਜੀ ਬ੍ਰਿੰਦ। ਨਹਿਂ ਮੁਹਿ ਜਾਨਹੁ ਤਿਨ ਮਾਨਿੰਦ॥ ੧੧॥

ਤੇਰੇ ਵਿਚ ਜਿਹੜੇ ਗੁਣ ਹਨ, ਉਹ ਦੱਸ ਦੇਵੇਂ, ਤਾਂਕਿ ਅਸੀਂ ਬਾਦਸ਼ਾਹ ਨੂੰ ਜਾ ਕੇ ਖਬਰ ਕਰੀਏ' ਬਿਧੀ ਚੰਦ ਨੇ ਕਿਹਾ, 'ਜਿਨ੍ਹਾ ਖੋਜੀਆਂ ਦੀ ਤੁਸੀਂ ਗੱਲ ਕਰਦੇ ਹੋ, ਉਨ੍ਹਾਂ ਵਰਗਾ ਮੈਨੂੰ ਨਾ ਜਾਣੋ॥੧੧॥

ਮੈਂ ਸੁਗੰਧਿ ਥਲ ਲੇਤਿ ਬਤਾਵੋਂ। ਸੁਧਿ ਪਾਤਾਲ ਗਗਨ ਕੀ ਪਾਵੋਂ।
ਮਹਿ ਮਹਿਂ ਖੋਜਨ ਕਹਾ ਮੁਹਿ ਆਗੇ। ਦੇਹੁਂ ਬਤਾਇ ਚੋਰ ਜਿਮ ਲਾਗੇ॥੧੨॥

ਮੈਂ ਥਾਂ ਸੁੰਘ ਕੇ ਦੱਸ ਦਿੰਦਾ ਹਾਂ ਤੇ ਪਾਤਾਲ ਅਕਾਸ਼ ਦੀ ਖਬਰ ਜਾਣਦਾ ਹਾਂ, ਧਰਤੀ ਤੇ ਖੋਜਣਾ ਮੇਰੇ ਅੱਗੇ ਕੀ ਹੈ, ਉਹ ਵੀ ਦੱਸ ਸਕਦਾ ਹਾਂ ਜਿਵੇਂ ਚੋਰ ਲੱਗੇ ਸੀ॥੧੨॥

ਹਜ਼ਰਤ ਕੋ ਜਹਿਂ ਪਹੁੰਚਯੋ ਘੋੜਾ। ਸਭਿ ਸੁਧਿ ਕਹੋਂ ਗਯੋ ਜਿਸ ਓਰਾ।
ਅਬਿ ਜਹਿਂ ਖਰੋ ਬਤਾਵੋਂ ਥਾਨ। ਜਿਮ ਲੇ ਗਮਨਯੋ ਕਰੋਂ ਬਖਾਨ॥ ੧੩॥

ਬਾਦਸ਼ਾਹ ਦਾ ਜਿਥੇ ਘੋੜਾ ਪਹੁੰਚਿਆ ਹੈ, ਸਭ ਸਾਰੀ ਸੂਝ ਦੇ ਦਵਾਂਗਾ ਜਿਸ ਪਾਸ ਪਹੁੰਚਿਆ ਹੈ, ਹੁਣ ਮੈਨੂੰ ਉਹ ਥਾਂ ਦੱਸੋ ਜਿਥੇਂ ਘੋੜਾ ਖੜਿਆ ਹੈ, ਜਿਸ ਤਰ੍ਹਾਂ ਲੈ ਕੇ ਗਿਆ ਹੈ ਉਹ ਮੈਨੂੰ ਸੁਣਾਵੇ॥੧੩॥

ਬਿਨ ਗੁਨ ਹੇਰੇ ਤਰਕ ਨ ਕਰੀਅਹਿ। ਬਡੇ ਬਡੇ ਨਰ ਜਗਤ ਬਿਚਰੀਅਹਿ।
ਮਹਿ ਮਹਿਂ ਰਤਨ ਅਹੈਂ ਸਭਿ ਬਿਧਿ ਕੇ। ਖੋਜੇ ਪਾਵਹਿਂ ਗੁਨੀ ਬਿਬਿਧਿ ਕੇ॥੧੪॥

ਕਿਸੇ ਦੇ ਗੁਣ ਵੇਖ ਲੈਣ ਤੋਂ ਪਹਿਲਾਂ ਹੁਜਤਾਂ ਨਾ ਕਰੀਏ, ਜਗਤ ਵਿਚ ਵੱਡੇ-ਵੱਡੇ ਗੁਣੀ ਮਨੁੱਖ ਹਨ ਵਿਚਾਰ ਕਰ ਲਵੋ। ਧਰਤੀ ਤੇ ਸਭ ਪ੍ਰਕਾਰ ਦੇ ਗੁਣੀਆਂ ਰੂਪ ਰਤਨ ਹਨ, ਪਰ ਅਜਿਹੇ ਭਾਂਤ ਦੇ ਗੁਣੀ ਖੋਜ ਕਰਨ ਨਾਲ ਹੀ ਮਿਲਦੇ ਹਨ॥੧੪॥

ਲਜਾਇ ਸੁ ਦੇਨੋ ਹਮ ਬਸਿ ਨਾਂਹਿ। ਕਰੋਂ ਬਤਾਵਨ ਜਿਸ ਥਲ ਮਾਂਹਿ।
ਨਿਜ ਬਲ ਤੇ ਹਜ਼ਰਤ ਹਯ ਲੇਹਿ। ਹਮ ਕੋ ਦੋਸ਼ ਨਹੀਂ ਪੁਨ ਦੇਹਿ'॥੧੫॥

ਘੋੜੇ ਨੂੰ ਲਿਆ ਕੇ ਦੇਣਾ ਮੇਰੇ ਵੱਸ ਵਿਚ ਨਹੀਂ ਹੈ, ਪਰ ਜਿਸ ਥਾਂ ਘੋੜਾ ਮੌਜੂਦ ਹੈ, ਉਹ ਥਾਂ ਮੈਂ ਦੱਸ ਦੇਵਾਂਗਾ। ਆਪਣੀ ਸ਼ਕਤੀ ਨਾਲ ਬਾਦਸ਼ਾਹ ਘੋੜਾ ਲੈ ਲਵੇ, ਸਾਨੂੰ ਮੁੜ ਕੇ ਦੋਸ਼ ਨਾ ਦੇਵੇ'॥੧੫॥

ਸੁਨਿ ਕੈ ਸੇਵਕ ਨਿਸ਼ਚੈ ਜਾਨਯੋ। ਜਾਇ ਦਰੋਗੇ ਨਿਕਟਿ ਬਖਾਨਯੋ।
'ਸੁਨਹੁਂ ਖਾਨ ਜੀ ! ਖੋਜੀ ਭਲੋ। ਤੁਮ ਖੋਜਤਿ ਸੋ ਅਬਿ ਹੈ ਮਿਲੋ॥ ੧੬॥

ਇਹ ਸੁਣ ਕੇ ਸੇਵਕਾਂ ਨੇ ਵਿਸ਼ਵਾਸ ਕਰ ਲਿਆ ਤੇ ਜਾ ਕੇ ਦਰੋਗੇ ਨੂੰ ਕਹਿਣ ਲੱਗੇ, 'ਹੇ ਖਾਨ ਜੀ ! ਸੁਣੋ, ਜਿਹੜਾ ਇਕ ਚੰਗਾ ਖੋਜੀ ਤੁਸੀਂ ਲੱਭ ਰਹੇ ਸੀ, ਵੈਸਾ ਖੋਜੀ ਹੁਣ ਮਿਲ ਗਿਆ ਹੈ॥੧੬॥

ਦੂਰ ਦੇਸ਼ ਕੋ ਸੋ ਦਿਸ ਆਵੈ। ਗੁਨ ਖੋਜਨਿ ਕੋ ਅਧਿਕ ਬਤਾਵੈ।
ਕਹੈ-ਸੁਗੰਧਿ ਸੁ ਲੇਯ ਬਤਾਊਂ। ਜਹਾਂ ਖਰੋ ਹਯ ਥਾਨ ਜਨਾਊਂ'॥ ੧੭॥

ਉਹ ਕਿਸੇ ਦੂਰ ਦੇਸ਼ ਦਾ ਨਜ਼ਰੀਂ ਆਉਂਦਾ ਹੈ ਤੇ ਖੋਜੀਆਂ ਵਾਲੇ ਗੁਣ ਬਹੁਤ ਦੱਸਦਾ ਹੈ, ਕਹਿੰਦਾ ਹੈ, "ਮੈਂ ਸੁੰਘ ਕੇ ਹੀ ਦੱਸ ਦਿੰਦਾ ਹਾਂ, ਜਿਥੇ ਘੋੜਾ ਖੜਿਆ ਹੈ, ਉਹ ਥਾਂ ਦੱਸ ਦੇਵਾਂਗਾ" ॥੧੭॥

ਸੁਨਤਿ ਦਰੋਗਾ ਹਰਖਤਿ ਗਯੋ। ਹਜ਼ਰਤ ਨਿਕਟਿ ਬਤਾਵਤਿ ਭਯੋ।
'ਟੋਰਨਿ ਖੋਜੀ ਕੋ ਤੁਮ ਕਹ੍ਯੋ। ਏਕ ਅਚਾਨਕ ਹੀ ਅਬਿ ਲਹ੍ਯੋ॥ ੧੮ ॥

ਇਹ ਸੁਣ ਕੇ ਦਰੋਗਾ ਬਹੁਤ ਪ੍ਰਸੰਨ ਹੋਇਆ ਤੇ ਉਸ ਜਾ ਕੇ ਬਾਦਸ਼ਾਹ ਨੂੰ ਦੱਸ ਦਿੱਤਾ, ਤੁਸੀਂ ਖੋਜੀ ਲੱਭਣ ਵਾਸਤੇ ਕਿਹਾ ਸੀ, ਹੁਣ ਇਕ ਅਚਾਨਕ ਖੋਜੀ ਮਿਲ ਗਿਆ ਹੈ॥੧੮॥

ਭਾਖਤਿ 'ਜਹਾਂ ਖਰੇ ਹੁਇ ਘੋਰਾ। ਕਰੌਂ ਬਤਾਵਨਿ ਸੋ ਅਬਿ ਠੋਰਾ'।
ਹਰਖ ਸ਼ਾਹੁ ਕਹਿ 'ਤਿਸਹਿ ਬੁਲਾਵਹੁ। ਜਾਹੁ ਆਪ ਤੂੰ ਅਬਿ ਹੀ ਲਜਾਵਹੁ ॥੧੯॥

ਕਹਿੰਦਾ ਹੈ "ਜਿਥੇ ਘੋੜਾ ਖੜਾ ਹੋਵੇ, ਉਹ ਥਾਂ ਮੈਂ ਹੁਣੇ ਹੀ ਦੱਸ ਸਕਦਾ ਹਾਂ"। ਬਾਦਸ਼ਾਹ ਨੇ ਪ੍ਰਸੰਨ ਹੋ ਕੇ ਕਿਹਾ, "ਤੂੰ ਆਪ ਜਾ ਕੇ ਉਸਨੂੰ ਹੁਣੇ ਹੀ ਲਿਆਵੋ" ॥੧੯॥

ਲੇ ਸੰਗ ਦਾਸ ਦਰੋਗਾ ਗਯੋ। ਭੀਰ ਸਮੇਤ ਬਿਲੋਕਤਿ ਭਯੋ।
ਦੇਸ਼ ਦੂਰ ਕੋ ਹਿੰਦੁਸਤਾਨੀ। ਨਿਕਟਿ ਹੋਇ ਕਰਿ ਖਾਨ ਬਖਾਨੀ॥ ੨੦ ॥

ਨੌਕਰਾਂ ਨੂੰ ਨਾਲ ਲੈ ਕੇ ਦਰੋਗਾ ਗਿਆ ਤੇ ਭੀੜ ਸਮੇਤ ਬਿਧੀ ਚੰਦ ਨੂੰ ਵੇਖਿਆ, ਦੂਰ ਦੇਸ਼ ਦਾ ਇਕ ਹਿੰਦੋਸਤਾਨੀ ਦਿਖਾਈ ਦਿੱਤਾ, ਨੇੜੇ ਹੋ ਕੇ ਖਾਨ ਨੇ ਕਿਹਾ॥੨੦॥

'ਚਲਿ ਖੋਜੀ ! ਤੁਝ ਸ਼ਾਹੁ ਬੁਲਾਵੈ। ਖੋਜ ਤੁਰੰਗਮ ਕੋ ਨਿਕਸਾਵੈ'।
ਗੁਰ ਕੋ ਸਿਮਰਿ ਹਰਖ ਹੁਇ ਖਰ੍ਯੋ। ਸੰਗ ਦਰੋਗੇ ਅੰਤਰ ਬਰ੍ਯੋ॥ ੨੧ ॥

"ਹੇ ਖੋਜੀ ! ਚਲੋ ਤੁਹਾਨੂੰ ਬਾਦਸ਼ਾਹ ਬੁਲਾਉਂਦਾ ਹੈ, ਉਹ ਖੋਜ ਕਢਾ ਕੇ ਘੋੜੇ ਨੂੰ ਲਭਣਾ ਚਾਹੁੰਦੇ ਹਨ।" ਗੁਰੂ ਜੀ ਨੂੰ ਯਾਦ ਕਰਕੇ ਬੜਾ ਪ੍ਰਸੰਨ ਹੋ ਕੇ ਖੜਾ ਹੋ ਗਿਆ ਤੇ ਦਰੋਗੇ ਦੇ ਨਾਲ ਅੰਦਰ ਚਲਾ ਗਿਆ॥੨੧॥

ਗਯੋ ਕਚਹਿਰੀ ਮਹਿਂ ਹੁਇ ਠਾਂਢੋ। ਤਸਲੀਮਾਤ ਕਰੀ ਮਨ ਗਾਢੋ।
ਗੁਰ ਮਾਯਾ ਸਭਿ ਕੀ ਮਤਿ ਮਾਰੀ। ਤਬਿ ਕੋਇ ਨ ਕਰਿ ਸਕੈ ਚਿਨਾਰੀ॥੨੨॥

ਕਚਹਿਰੀ ਵਿਚ ਜਾ ਕੇ ਖੜਾ ਹੋ ਗਿਆ ਤੇ ਦ੍ਰਿੜ ਮਨ ਨਾਲ ਨਮਸਕਾਰ ਕੀਤੀ। ਗੁਰੂ ਜੀ ਦੀ ਮਾਇਆ ਨੇ ਸਭ ਦੀ ਮੱਤ ਮਾਰ ਦਿੱਤੀ ਤਦ ਕੋਈ ਵੀ ਪਹਿਚਾਣ ਨਾ ਸਕਿਆ॥੨੨॥

ਸਭਿ ਮਹਿਂ ਬਹੁ ਦਿਨ ਰਹਿ ਕਰਿ ਆਛੇ। ਬੋਲ੍ਯੋ ਮਿਲ੍ਯੋ, ਲਯੋ ਹਯ ਗਾਛੇ।
ਤਊ ਨ ਜਾਨ ਸਕਹਿਂ ਮਤਿ ਮੰਦੇ। ਖਰੋ ਸਭਿਨਿ ਮਹਿਂ ਧੀਰ ਬਿਲੰਦੇ॥੨੩॥

ਸਾਰਿਆਂ ਦੇ ਵਿਚ ਬਹੁਤ ਦਿਨ ਚੰਗੀ ਤਰ੍ਹਾਂ ਰਹਿ ਕੇ, ਬੋਲਿਆ, ਮਿਲਿਆ ਸੀ ਤੇ ਫਿਰ ਘੋੜਾ ਲੈ ਕੇ ਚਲਾ ਗਿਆ ਸੀ। ਮਾੜੀ ਮੱਤ ਵਾਲੇ ਫਿਰ ਵੀ ਪਹਿਚਾਣ ਨਾ ਸਕੇ, ਸਾਰਿਆਂ ਦੇ ਵਿਚ ਬੜਾ ਧੀਰਜ ਧਾਰ ਕੇ ਖੜਾ ਸੀ॥੨੩॥

ਬੂਝ੍ਯੋ ਸ਼ਾਹੁ 'ਕਹਾਂ ਤੂੰ ਰਹੈਂ?। ਕੌਨ ਦੇਸ਼ ਤੇਰੋ? ਕਹੁ ਲਹੈਂ।
ਕੋ ਗੁਨ ਤੋ ਮਹਿਂ, ਕਿਮ ਚਲਿ ਆਯੋ?। ਕੌਨ ਨਾਮ ਅਪਨੋ ਕਹਿਵਾਯੋ?' ॥੨੪॥

ਬਾਦਸ਼ਾਹ ਨੇ ਪੁਛਿਆ, "ਤੂੰ ਕਿਥੇ ਰਹਿੰਦਾ ਹੈਂ ? ਤੇਰਾ ਕਿਹੜਾ ਦੇਸ਼ ਹੈ ? ਦੱਸ ਤਾਂਕਿ ਅਸੀਂ ਜਾਣੀਏ। ਤੇਰੇ ਵਿਚ ਕਿਹੜਾ ਗੁਣ ਹੈ, ਕਿਵੇਂ ਤੂੰ ਚਲ ਕੇ ਆਇਆ ਹੈਂ ? ਆਪਣਾ ਕਿਹੜਾ ਨਾਂ ਤੂੰ ਕਹਿਵਾਇਆ ਹੈ?" ॥੨੪॥

ਸੁਨਿ ਕਰਿ ਕਹਜੋ ਸਧੀਰਜ ਬੈਨ। 'ਜੰਗਲ ਦੇਸ਼ ਹਮਾਰੇ ਐਨ।'
ਖੋਜੀ ਗਣਕ ਨਾਮ ਨਰ ਕਹਜੋ। ਅਪਨੇ ਗੁਣ ਬਿਸਾਲ ਤੇ ਲਹਜੋ॥ ੨੫॥

ਬਿਧੀ ਚੰਦ ਨੇ ਸੁਣਕੇ ਬੜੇ ਧੀਰਜ ਨਾਲ ਬਚਨ ਕਹੇ, ''ਮਾਲਵੇ ਦੇਸ਼ ਵਿਚ ਮੇਰਾ ਘਰ ਹੈ, ਖੋਜੀ ਗਣਕ ਨਾਂ ਨਾਲ ਮੈਨੂੰ ਮਨੁੱਖ ਬੁਲਾਉਂਦੇ ਹਨ, ਆਪਣੇ ਵਿਸ਼ਾਲ ਗੁਣਾਂ ਕਰਕੇ ਜਾਣਿਆ ਜਾਂਦਾ ਹਾਂ॥੨੫॥

ਸ਼ਕੁਨ ਵਿਚਾਰੋਂ, ਖੋਜ ਬਤਾਵੋਂ। ਕਰੋਂ ਗਣਕ, ਲੇ ਗੀਧਿ ਜਨਾਵੋਂ।
ਇਸ ਕਾਰਨ ਆਗਵਨ ਹਮਾਰਾ:-ਕਰਹਿਂ ਸ਼ਰੀਕ ਬੈਰ ਕੋ ਭਾਰਾ॥ ੨੬॥

ਸ਼ਗੁਣ ਵਿਚਾਰ ਕੇ ਖੋਜ ਦੱਸਦਾ ਹਾਂ, ਜੋਤਸ਼ ਲਾਉਂਦਾ ਹਾਂ ਤਾਂ ਸੁੰਘ ਕੇ ਹੀ ਦੱਸ ਦਿੰਦਾ ਹਾਂ। ਇਸ ਕਰਕੇ ਮੈਂ ਏਥੇ ਆਇਆ ਹਾਂ ਸ਼ਰੀਕ ਮੇਰੇ ਨਾਲ ਭਾਰੀ ਵੈਰ ਰੱਖਦੇ ਹਨ॥੨੬॥

ਸੋ ਬਹੁਤੇ ਮੈਂ ਏਕਲ ਰਹਜੋ। ਤਿਨ ਤੇ ਬਡੋ ਕਸ਼ਟ ਨਿਤ ਲਹਜੋ।
ਹੇਤ ਨਜਾਂਵ ਕੇ ਇਤ ਚਲਿ ਆਯੋ। ਦੇਊਂ ਤਾਂਹਿ ਸੁਧਿ,ਹਯ ਜੁ ਗਵਾਯੋ ॥੨੭॥

ਉਹ ਜ਼ਿਆਦਾ ਹਨ, ਮੈਂ ਇਕੱਲਾ ਹੀ ਰਹਿੰਦਾ ਹਾਂ, ਉਨ੍ਹਾਂ ਪਾਸੋਂ ਨਿਤ ਬੜਾ ਦੁੱਖ ਪਾਉਂਦਾ ਹਾਂ, ਨਿਆਂ ਵਾਸਤੇ ਏਧਰ ਚਲ ਕੇ ਆਇਆ ਹਾਂ ਜਿਹੜਾ ਤੁਸੀਂ ਘੋੜਾ ਗਵਾਇਆ ਹੈ, ਉਸ ਦੀ ਮੈਂ ਖ਼ਬਰ ਦੇਵਾਂਗਾ'' ॥੨੭॥

ਸੁਨਿ ਹਜ਼ਰਤ ਜਾਨਜੋ 'ਨਰ ਭਲੇ। ਇਸਤੇ ਖੋਜ ਤੁਰੰਗ ਕੋ ਮਿਲੇ'।
ਘਨੇ ਮੋਲ ਜੋ ਪੋਸ਼ਿਸ਼ ਲਈ। ਤਤਛਿਨ ਮੁਦਿਤ ਬਖਸ਼ ਕਰਿ ਦਈ॥ ੨੮॥

ਬਾਦਸ਼ਾਹ ਨੇ ਸੁਣ ਕੇ ਜਾਣਿਆ, ''ਇਹ ਭਲਾ ਮਨੁੱਖ ਹੈ, ਇਸ ਪਾਸੋਂ ਘੋੜੇ ਦੀ ਸੂਹ ਮਿਲ ਜਾਵੇਗੀ'' ਬੜੇ ਮਹਿੰਗੇ ਮੁੱਲ ਦੇ ਕਪੜੇ ਲਏ, ਤੁਰਤ ਖ਼ੁਸ਼ ਹੋ ਕੇ ਉਹ ਬਖਸ਼ ਦਿੱਤੇ॥੨੮॥

'ਦਰਬ ਦਿਵਾਵੋਂ ਹਿਤ ਮਿਹਮਾਨੀ। ਖੋਜਿ ਬਤਾਵਹੁ ਹਯ ਜਿਸ ਥਾਨੀ।
ਜਬਿ ਤੂੰ ਹਮ ਕੋ ਖੋਜ ਬਤਾਵੈਂ। ਲਾਖਨਿ ਲਗਿ ਗਿਨਤੀ ਧਨ ਪਾਵੈਂ' ॥੨੯॥

''ਪ੍ਰਾਹੁਣਚਾਰੀ ਵਾਸਤੇ ਧਨ ਦਿਵਾਵਾਂਗਾ, ਖੋਜ ਕੇ ਦੱਸੋ ਘੋੜਾ ਕਿਸ ਥਾਂ ਹੈ। ਜਦ ਤੂੰ ਸਾਨੂੰ ਖੋਜ ਦੱਸ ਦੇਵੇਂਗਾ ਤਾਂ ਲੱਖਾਂ ਦੀ ਗਿਣਤੀ ਤੱਕ ਧਨ ਪਾਵੇਂਗਾ'' ॥੨੯॥

ਸੁਨਿ ਬਿਧੀਏ ਕਰਿ ਸੰਗਰੀ ਡਾਰੀ। ਧਰਾ ਹਾਥ ਧਰਿ ਸਿਰ ਤ੍ਰੈ ਬਾਰੀ।
ਨਮੋ ਕਰਤਿ ਸਭਿ ਕੋ ਦਿਖਰਾਇ। ਅਪਨੋ ਮੁਰਸ਼ਦ ਬਹੁਰ ਮਨਾਇ॥ ੩੦॥

ਇਹ ਸੁਣ ਕੇ ਬਿਧੀ ਚੰਦ ਨੇ ਹੱਥ ਵਿਚ ਸੰਗਲੀ ਪਾਈ ਤੇ ਧਰਤੀ ਤੇ ਹੱਥ ਧਰ ਕੇ ਤਿੰਨ ਵਾਰ ਸਿਰ ਨਿਵਾਇਆ। ਨਮਸਕਾਰ ਕਰਕੇ ਸਭ ਨੂੰ ਵਿਖਾਇਆ ਤੇ ਬਾਅਦ ਵਿਚ ਆਪਣੇ ਮੁਰਸ਼ਦ ਭਾਵ ਗੁਰੂ ਜੀ ਦੀ ਪੂਜਾ ਕੀਤੀ॥੩੦॥

ਸੰਗ ਅੰਗੁਸ਼ਠ ਅੰਗੁਰਿਨਿ ਪੋਰੀ। ਗਿਨਿ ਗਿਨਿ ਦਿਖਰਾਵਤਿ ਸਭਿ ਓਰੀ।
ਇਤ ਉਤ ਊਚ ਰੁ ਨੀਚੇ ਦੇਖੈ। ਨਰਨਿ ਜਨਾਵਤਿ ਸ਼ਕੁਨ ਪਰੇਖੈ॥ ੩੧॥

ਫਿਰ ਉਂਗਲੀਆਂ ਦੀਆਂ ਗੰਢਾਂ ਤੇ ਗਿਣ-ਗਿਣ ਕੇ ਸਭ ਨੂੰ ਵਿਖਾਉਂਦਾ ਸੀ। ਏਧਰ ਉਧਰ ਹੇਠਾਂ ਉਤੇ ਵੇਖਦਾ ਸੀ ਤੇ ਮਨੁੱਖਾਂ ਨੂੰ ਇਹ ਵਿਖਾ ਰਿਹਾ ਸੀ ਕਿ ਉਹ ਸ਼ਗੁਨ ਪਰਖ ਰਿਹਾ ਸੀ॥੩੧॥

ਕਿਤਿਕ ਬਾਰ ਲਗਿ ਰਹਜੋ ਬਿਚਾਰਤਿ। ਸ਼ਾਹੁ ਸਹਿਤ ਸਭਿ ਇਸੇ ਨਿਹਾਰਤਿ।
ਕਹਨਿ ਲਗਜੋ 'ਹਜ਼ਰਤ ! ਜਹਿਂ ਘੋਰਾ। ਮੈਂ ਸਭਿ ਜਾਨਿ ਲੀਨਿ ਜਿਸ ਠੋਰਾ॥੩੨॥

ਕਈ ਵਾਰ ਇਸ ਤਰ੍ਹਾਂ ਕਰਕੇ ਵਿਚਾਰਦਾ ਰਿਹਾ, ਬਾਦਸ਼ਾਹ ਸਹਿਤ ਸਾਰੇ ਉਸ ਨੂੰ ਵੇਖ ਰਹੇ ਸਨ ਤੇ ਫਿਰ ਕਹਿਣ ਲੱਗਾ, "ਬਾਦਸ਼ਾਹ ਦਾ ਜਿਹੜਾ ਘੋੜਾ ਹੈ, ਮੈਂ ਸਭ ਜਾਣ ਲਿਆ ਹੈ, ਜਿਸ ਥਾਂ ਉਹ ਮੌਜੂਦ ਹੈ॥੩੨॥

ਜਿਸ ਥਲ ਹਰਜੋ ਗਯੋ ਲੇ ਜੈਸੇ। ਚਹੋਂ ਪਿਖਿਨਿ ਇਕ ਬਾਰੀ ਤੈਸੇ।
ਪੁਨ ਮੈਂ ਨੀਕੇ ਦੇਉਂ ਬਤਾਇ। ਤਸਕਰ ਕੋ ਕਹਿ ਨਾਮ ਸੁਨਾਇ॥ ੩੩॥

ਜਿਸ ਥਾਂ ਤੋਂ ਜਿਸ ਤਰ੍ਹਾਂ ਘੋੜਾ ਚੋਰੀ ਕਰਕੇ ਲੈ ਕੇ ਗਿਆ ਹੈ, ਮੈਂ ਉਸ ਥਾਂ ਨੂੰ ਇਕ ਵਾਰ ਵੇਖਣਾ ਚਾਹੁੰਦਾ ਹਾਂ। ਫਿਰ ਮੈਂ ਠੀਕ ਠਾਕ ਦੱਸ ਦੇਵਾਂਗਾ ਤੇ ਚੋਰ ਦਾ ਨਾਮ ਲੈ ਕੇ ਸੁਣਾ ਦੇਵਾਂਗਾ॥੩੩॥

ਜਿਮ ਨਿਕਸਜੋ ਹਯ, ਕਹਿਬੋ ਕਰੋਂ। ਇਤੀ ਸ਼ਕਤਿ ਅਪਨੇ ਮਹਿਂ ਧਰੋਂ।
ਤਹਿਂ ਤੇ ਲੇਨੋ ਬਸੀ ਤੁਮਾਰੇ। ਬਲ ਕਰਿ ਲਰੋ ਕਿ ਲੇਹੁ ਸੁਖਾਰੇ' ॥ ੩੪॥

ਜਿਵੇਂ ਘੋੜਾ ਨਿਕਲਿਆ ਹੈ, ਉਹ ਮੈਂ ਦੱਸ ਦੇਵਾਂਗਾ, ਮੈਂ ਆਪਣੇ ਵਿਚ ਏਨੀ ਸ਼ਕਤੀ ਰੱਖਦਾ ਹਾਂ। ਉਨ੍ਹਾਂ ਪਾਸੋਂ ਘੋੜਾ ਲੈਣਾ ਤੁਹਾਡੇ ਵੱਸ ਹੈ, ਸ਼ਕਤੀ ਲਾ ਕੇ ਲੜਾਈ ਕਰੋ ਜਾਂ ਸੌਖੇ ਹੀ ਲੈ ਲਵੋ" ॥੩੪॥

ਸੁਨਤਿ ਸ਼ਾਹੁ ਮਨ ਮਾਨਿ ਅਚੰਭਾ। ਗੁਰ ਮਾਯਾ ਕਰਿ ਲਖਹਿ ਨ ਦੰਭਾ।
'ਜੇ ਕਰਿ ਤੁਰੰਗ ਬਤਾਵੈਂ ਮੋਹੀ। ਮਨਸਬਦਾਰ ਕਰੌਂ ਢਿਗ ਤੋਹੀ॥ ੩੫॥

ਇਹ ਸੁਣ ਕੇ ਬਾਦਸ਼ਾਹ ਮਨ ਵਿਚ ਬੜਾ ਹੈਰਾਨ ਹੋਇਆ, ਗੁਰੂ ਜੀ ਦੀ ਮਾਇਆ ਕਾਰਨ ਦੰਭ ਨੂੰ ਨਹੀਂ ਸੀ ਜਾਣ ਸਕਿਆ। ਬਾਦਸ਼ਾਹ ਕਹਿਣ ਲੱਗਾ, "ਜੇ ਮੈਨੂੰ ਘੋੜੇ ਬਾਰੇ ਦੱਸ ਦੇਵੇਂਗੇ ਤਾਂ ਤੈਨੂੰ ਮੈਂ ਆਪਣੇ ਪਾਸ ਮਨਸਬਦਾਰ ਦੇ ਤੌਰ ਤੇ ਰੱਖ ਲਵਾਂਗਾ॥੩੫॥

ਚਾਰ ਲਾਖ ਤੁਵ ਗੁਨ ਕੋ ਦੇਉਂ। ਤੋਹਿ ਸ਼ਰੀਕ ਬਸੀ ਕਰਿ ਦੇਉਂ।
ਏਕ ਬਾਰ ਹਯ ਦੇਹੁ ਬਤਾਇ। ਮੈਂ ਲੇਵੋਂ ਨਿਜ ਓਜ ਲਗਾਇ' ॥ ੩੬॥

ਚਾਰ ਲੱਖ ਤੇਰੇ ਗੁਣ ਕਰਕੇ ਦੇਵਾਂਗਾ ਤੇ ਤੇਰੇ ਸ਼ਰੀਕ ਤੇਰੇ ਵੱਸ ਕਰ ਦੇਵਾਂਗਾ। ਇਕ ਵਾਰ ਘੋੜੇ ਬਾਰੇ ਦੱਸ ਦੇਵ, ਮੈਂ ਆਪਣੀ ਸ਼ਕਤੀ ਲਾ ਕੇ ਲੈ ਲਵਾਂਗਾ" ॥੩੬॥

ਕਹਿ ਬਿਧੀਆ 'ਤੁਮ ਬਲੀ ਬਡੇਰੇ। ਕਾਗਦ ਪਰ ਲਿਖਿ ਦਿਹੁ ਇਸ ਬੇਰੇ।
ਕਹਹਿ ਕਚਹਿਰੀ ਸਭਿ ਕਰ ਜੋਰੇ। 'ਬਿਛੁਰੇ ਮਿਲਹਿਂ ਉਭੈ ਅਬਿ ਘੋਰੇ' ॥ ੩੭॥

ਬਿਧੀ ਚੰਦ ਨੇ ਕਿਹਾ, "ਤੁਸੀਂ ਵੱਡੇ ਸ਼ਕਤੀਸ਼ਾਲੀ ਹੋ, ਇਸ ਸਮੇਂ ਮੈਨੂੰ ਕਾਗਜ਼ ਤੇ ਲਿਖ ਕੇ ਦੇ ਦੇਵੋ। ਕਚਹਿਰੀ ਵਿਚ ਸਭ ਹੱਥ ਜੋੜ ਕੇ ਕਹਿਣ ਲੱਗੇ "ਹੁਣ ਵਿਛੜੇ ਹੋਏ ਦੋਵੇਂ ਘੋੜੇ ਮਿਲ ਪੈਣ" ॥੩੭॥

ਬਹੁਤਨਿਕੀ ਭਾਖਾ ਫੁਰਿ ਜਾਇ। ਸਾਹਿਬ ਬੀਚ ਨਰਨਿ ਸਮੁਦਾਇਸ।
'ਹਾਸਲ ਹੁਇ ਮੁਰਾਦ ਉਰ ਮੋਰੀ'। ਬਿਨੈ ਸੁ ਕਰਿ ਖੁਦਾਇ ਕੀ ਓਰੀ' ॥ ੩੮॥

ਕਈਆਂ ਦੇ ਬੋਲ ਹੀ ਪੂਰੇ ਹੋ ਜਾਂਦੇ ਹਨ, ਬਹੁਤ ਮਨੁੱਖਾਂ ਦੇ ਵਿਚ ਪਰਮੇਸ਼ਰ ਹੁੰਦਾ ਹੈ। "ਮੇਰੇ ਦਿਲ ਦੀ ਮੁਰਾਦ ਪੂਰੀ ਹੋਵੇ", ਇਸ ਲਈ ਖੁਦਾ ਦੇ ਪਾਸ ਬੇਨਤੀ ਕਰੋ" ॥੩੮॥

ਸੁਨਿ ਖੁਸ਼ਾਮਤੀ ਨਰ ਜੇ ਨੇਰੇ। ਹਾਥ ਜੋਰਿ ਭਾਖਜੋ ਤਿਸ ਬੇਰੇ।
ਲਿਖਿ ਦੀਨਸਿ ਕਾਗਦ ਪਰ ਸ਼ਾਹੂ। ਚਾਹਤਿ ਮੂਢ 'ਆਇ ਅਸੁ ਪਾਹੂ' ॥ ੩੯॥

ਇਹ ਸੁਣ ਕੇ ਜਿਹੜੇ ਖੁਸ਼ਾਮਦੀ ਬੰਦੇ ਬਾਦਸ਼ਾਹ ਪਾਸ ਸਨ ਉਨ੍ਹਾਂ ਨੇ ਹੱਥ ਜੋੜ ਕੇ ਉਸ ਸਮੇਂ ਉਸ ਤਰ੍ਹਾਂ ਹੀ ਕਿਹਾ। ਬਾਦਸ਼ਾਹ ਨੇ ਕਾਗਜ਼ ਉਤੇ ਲਿਖ ਦਿੱਤਾ, ਮੂਰਖ ਚਾਹੁੰਦੇ ਸਨ ਕਿ ਇਸ ਤਰ੍ਹਾਂ "ਘੋੜਾ ਉਨ੍ਹਾਂ ਦੇ ਪਾਸ ਆ ਜਾਵੇਗਾ" ॥੩੯॥

'ਅਬਿ ਤੁਰੰਗ ਕੋ ਖੋਜ ਨਿਕਾਰੋ। ਸਭਿ ਮਾਨੀ ਹਮ, ਜਥਾ ਉਚਾਰੋ'।
ਬਿਧੀਆ ਕਹੈ 'ਚਲਹੁ ਤਿਸ ਥਾਨ। ਜਹਿਂ ਤੇ ਚੋਰਜੋ ਤੁਰੰਗ ਮਹਾਨ॥ ੪੦॥

ਫਿਰ ਬਾਦਸ਼ਾਹ ਨੇ ਕਿਹਾ, "ਹੁਣ ਘੋੜੇ ਦਾ ਖੋਜ ਕੱਢੋ, ਜਿਵੇਂ ਵੀ ਤੂੰ ਕਿਹਾ ਹੈ, ਅਸੀਂ ਉਸ ਤਰ੍ਹਾਂ ਹੀ ਮੰਨ ਲਿਆ ਹੈ।" ਬਿਧੀ ਚੰਦ ਨੇ ਕਿਹਾ, "ਉਸ ਥਾਂ ਚਲੋ, ਜਿਥੋਂ ਮਹਾਨ ਘੋੜਾ ਚੋਰੀ ਹੋਇਆ ਹੈ॥੪੦॥

ਤਹਾਂ ਸੰਗਰੀ ਡਾਰਿ ਨਿਹਾਰੋਂ। ਰਮਲ ਗਣਕ ਅਰੁ ਸ਼ਕੁਨ ਬਿਚਾਰੋਂ।
ਜਹਿਂ ਘੋਰਾ ਸੋ ਪੁਰੀ ਬਤਾਵੋਂ। ਤਸਕਰ ਕੌ ਲੇ ਨਾਮ ਸੁਨਾਵੋਂ॥ ੪੧॥

ਉਥੇ ਸੰਗਲੀ ਪਾ ਕੇ ਵੇਖਾਂਗਾ, ਰਮਲ, ਜੋਤਸ਼ ਅਤੇ ਸ਼ਗੁਨ ਵਿਚਾਰਾਂਗਾ। ਜਿਥੇ ਘੋੜਾ ਗਿਆ ਉਹ ਨਗਰ ਦਸਾਂਗਾ ਤੇ ਚੋਰ ਦਾ ਨਾਮ ਲੈ ਕੇ ਦਸਾਂਗਾ॥੪੧॥

ਹਮ ਗੁਰ ਸਿੱਖ ਨ ਬੋਲਹਿਂ ਕੂਰ। ਬਹੁਰ ਕਚਹਿਰੀ ਸ਼ਾਹੁ ਹਜ਼ੂਰ'।
ਸੁਨਿ ਕਰਿ ਸ਼ਾਹੁ ਤਹਾਂ ਕੋ ਚਾਲਾ। ਜਿਸ ਥਲ ਖਰੋ ਤੁਰੰਗ ਬਿਸਾਲਾ॥ ੪੨॥

ਅਸੀਂ ਗੁਰ ਸਿੱਖ ਝੂਠ ਨਹੀਂ ਬੋਲਦੇ ਹਾਂ, ਫਿਰ ਬਾਦਸ਼ਾਹ ਦੇ ਹਜ਼ੂਰ ਉਨ੍ਹਾਂ ਦੀ ਕਚਹਿਰੀ ਇਹ ਕਿਵੇਂ ਹੋ ਸਕਦਾ ਹੈ।" ਬਾਦਸ਼ਾਹ ਇਹ ਸੁਣ ਕੇ ਉਸ ਤਰਫ ਚਲ ਪਿਆ, ਜਿਸ ਥਾਂ ਦੂਸਰਾ ਵੱਡਾ ਘੋੜਾ ਖੜਾ ਸੀ॥੪੨॥

ਸੰਗ ਦਰੋਗਾ ਅਪਨੇ ਲੀਨਿ। ਬਹੁਤ ਲੋਕ ਕੋ ਬਰਜਨ ਕੀਨਿ।
ਥੋਰਨਿ ਸਾਥ ਸ਼ਾਹੁ ਚਲਿ ਗਯੋ। ਹਯਨਿ ਤਬੇਲੇ ਮਹਿਂ ਪ੍ਰਵਿਸ਼ਯੋ॥ ੪੩॥

ਆਪਣੇ ਨਾਲ ਦਰੋਗੇ ਨੂੰ ਲੈ ਲਿਆ ਤੇ ਬਹੁਤੇ ਲੋਕਾਂ ਨੂੰ ਨਾਲ ਜਾਣ ਤੋਂ ਰੋਕ ਦਿੱਤਾ। ਥੋੜ੍ਹੇ ਲੋਕਾਂ ਨਾਲ ਚਲ ਕੇ ਬਾਦਸ਼ਾਹ ਉਥੇ ਗਿਆ ਤੇ ਘੋੜਿਆਂ ਦੇ ਤਬੇਲੇ ਵਿਚ ਦਾਖਲ ਹੋ ਗਿਆ॥੪੩॥

*ਸੱਤਵੀਂ ਰਾਸ ਦਾ ਪੈਂਤੀਵਾਂ ਅਧਿਆਇ ਸਮਾਪਤ ਹੋਇਆ॥੩੫॥*

# ਅਧਿਆਇ ਛੱਤੀਵਾਂ

## ਦੂਸਰਾ ਘੋੜਾ ਲੈ ਕੇ ਜਾਣਾ

ਦੋਹਰਾ- ਹਯਨਿ ਸਥਾਨ ਪ੍ਰਵੇਸ਼ਿਓ ਕਹਿ ਬਿਧੀਏ ਕੇ ਸੰਗ।
'ਇਸ ਘਰ ਮਹਿਂ ਤੇ ਲੈ ਗਯੋ ਤਸਕਰ ਬਲੀ ਤੁਰੰਗ॥ ੧॥

ਜਦ ਬਾਦਸ਼ਾਹ ਘੋੜਿਆਂ ਦੇ ਅਸਤਬਲ ਵਿਚ ਦਾਖਲ ਹੋਇਆ ਤਾਂ ਕਹਿਣ ਲੱਗਾ, "ਇਸ ਘਰ ਵਿਚੋਂ ਚੋਰ ਬਲਵਾਨ ਘੋੜੇ ਨੂੰ ਲੈ ਕੇ ਗਿਆ ਹੈ॥੧॥

ਚੌਪਈ- ਨਿਜ ਬਿੱਦਯਾ ਇਤ ਦੇਖਿ ਬਿਚਾਰੋ। ਜਹਾਂ ਗਯੋ ਅਬਿ ਨਾਮ ਉਚਾਰੋ'।
ਸੁਨਿ ਬਿਧੀਆ ਇਤ ਉਤ ਮਹਿਂ ਫਿਰਯੋ। ਸਦਨ ਕੋਨ ਕੋ ਸੂੰਘਨ ਕਰਯੋ॥੨॥

ਆਪਣੀ ਵਿਦਿਆ ਵੇਖ ਕੇ ਵਿਚਾਰ ਕਰੋ ਤੇ ਜਿਥੇ ਗਿਆ ਹੈ ਉਸ ਸਥਾਨ ਦਾ ਨਾਂ ਦੱਸੋ।" ਇਹ ਸੁਣ ਕੇ ਬਿਧੀ ਚੰਦ ਏਧਰ ਓਧਰ ਫਿਰਿਆ ਤੇ ਮਕਾਨ ਦੀਆਂ ਨੁਕਰਾਂ ਨੂੰ ਸੁੰਘਿਆ॥੨॥

ਖੁਲਯੋ ਤੁਰੰਗ ਸੋ ਸੁੰਘਯੋ ਥਾਨ। ਐਂਠਤਿ ਨਾਕ ਬਿਲੋਕਿ ਸੁਜਾਨ।
ਸੂੰਘੀ ਸਭਿ ਦਿਵਾਰ ਫਿਰ ਕਰਿ ਕੈ। ਡਾਰਿ ਸੰਗਰੀ ਧਰਨੀ ਧਰਿ ਕੈ॥ ੩ ॥

ਜਿਥੋਂ ਘੋੜਾ ਖੁਲ੍ਹਾ ਸੀ, ਉਸ ਥਾਂ ਨੂੰ ਸੁੰਘਿਆ ਤੇ ਨੱਕ ਵੱਟ ਕੇ ਚਤੁਰ ਵੇਖ ਰਿਹਾ ਸੀ। ਫਿਰਕੇ ਸਾਰੀ ਦੀਵਾਰ ਨੂੰ ਸੰਗਲੀ ਪਹਿਣ ਕੇ ਅਤੇ ਧਰਤੀ ਉਤੇ ਧਰ ਕੇ ਸੁੰਘਿਆ॥੩॥

ਬਾਰ ਬਾਰ ਪੋਰੀ ਅੰਗੁਰੀਨ। ਧਰਿ ਅੰਗੁਸ਼ਟ ਸੁ ਗਿਨਨਾ ਕੀਨ।
ਕਿਤਿਕ ਦੇਰ ਮਹਿਂ ਊਚੇ ਕਹਯੋ। 'ਲਿਯੋ ਖੋਜ ਪਰ ਸੰਸੈ ਰਹਯੋ॥ ੪ ॥

ਬਾਰ-ਬਾਰ ਉਂਗਲਾਂ ਦੀਆਂ ਪੋਰੀਆਂ ਤੇ ਅੰਗੂਠਾ ਧਰ ਕੇ ਗਿਣਤੀ ਕਰਦਾ ਸੀ, ਕਾਫੀ ਦੇਰ ਦੇ ਬਾਅਦ ਉੱਚੀ ਦਿੱਤੀ ਕਿਹਾ, "ਖੋਜ ਤਾਂ ਮੈਂ ਕਰ ਲਈ ਹੈ, ਪਰ ਇਕ ਸ਼ੰਕਾ ਰਹਿ ਗਿਆ ਹੈ॥੪॥

ਜ਼ੀਨ ਤੁਰੰਗਮ ਪਾਇ ਨਿਕਾਰਾ। ਕਿਧੌਂ ਉਲਾਣਾ ਲੀਨਿ ਸਿਧਾਰਾ?।
ਅਰੁ ਕਿਸ ਕਾਲ ਹਰਯੋ? ਸੁ ਬਤਾਵੋ। ਇਹੁ ਸੁਧਿ ਦੇ ਹਯ ਕੀ ਸੁਧਿ ਪਾਵੋਂ ॥੫ ॥

ਘੋੜੇ ਉਤੇ ਕਾਠੀ ਪਾ ਕੇ ਕਢਿਆ ਹੈ ਜਾਂ ਉਲਾਣਾ ਹੀ ਲੈ ਕੇ ਚਲਾ ਗਿਆ ਹੈ ? ਅਤੇ ਘੋੜਾ ਕਿਸ ਸਮੇਂ ਚੋਰੀ ਹੋਇਆ ਹੈ, ਇਹ ਦੱਸੋ, ਇਹ ਸੂਝ ਨਾਲ ਮੈਂ ਘੋੜੇ ਦੀ ਸੂਝ ਪਾਵਾਂਗਾ" ॥੫॥

ਕਹਯੋ ਸ਼ਾਹੁ 'ਨਿਸ ਅਰਧ ਮਝਾਰਾ। ਪਾਇ ਜ਼ੀਨ ਕੋ ਤੁਰੰਗ ਨਿਕਾਰਾ।
ਫਿਰਯੋ ਅਜਰ ਮਹਿਂ ਖੋਜ ਨਿਹਾਰਾ। ਵਹਿਰ ਨ ਹੇਰਯੋ ਕਹਾਂ ਸਿਧਾਰਾ ॥ ੬ ॥

ਬਾਦਸ਼ਾਹ ਨੇ ਕਿਹਾ, "ਅੱਧੀ ਰਾਤ ਨੂੰ ਘੋੜੇ ਉਤੇ ਕਾਠੀ ਪਾ ਕੇ ਕਢਿਆ ਹੈ। ਚਾਰ ਚੁਫੇਰੇ ਫਿਰ ਕੇ ਖੋਜ ਵੇਖਿਆ ਹੈ, ਪਰ ਕਿਤੇ ਵੀ ਘੋੜਾ ਜਾਂਦਾ ਹੋਇਆ ਨਹੀਂ ਵੇਖਿਆ ਹੈ" ॥੬॥

ਦੋਹਰਾ- 'ਸੁਨਹੁ ਸ਼ਾਹੁ ਇਸ ਹੇਤੁ ਤੇ ਖੋਜ ਨਹੀਂ ਮੁਝ ਪਾਇ।
ਜੇ ਹੋਤੋ ਬਿਨ ਜ਼ੀਨ ਤੇ ਤਾਤਕਾਲ ਸੁਧਿ ਆਇ॥ ੭ ॥

ਬਿਧੀ ਚੰਦ ਨੇ ਕਿਹਾ, 'ਹੇ ਬਾਦਸ਼ਾਹ ਹਜ਼ੂਰ ! ਮੈਨੂੰ ਇਸ ਕਰਕੇ ਖੋਜ ਨਹੀਂ ਮਿਲਿਆ ਹੈ, ਜੇ ਕਾਠੀ ਤੋਂ ਬਗੈਰ ਹੁੰਦਾ ਤਾਂ ਮੈਨੂੰ ਤੁਰਤ ਪਤਾ ਲੱਗ ਜਾਣਾ ਸੀ॥੭॥

ਚੌਪਈ- ਅਬਿ ਉਪਾਇ ਇਕ ਇਮ ਕਰਿ ਲੈਹੋਂ। ਦੁਤੀਏ ਹਯ ਪਰ ਜ਼ੀਨ ਪਵੈ ਹੋਂ।
ਕਵਿਕਾ ਮੁਖ ਦੈ ਤਯਾਰ ਕਰੀਜੈ। ਜਬਿ ਲਗਿ ਹਯ ਕੋ ਖੋਜ ਨ ਲੀਜੈ ॥ ੮ ॥

ਹੁਣ ਮੈਂ ਇਕ ਇਸ ਤਰ੍ਹਾਂ ਉਪਾਅ ਕਰ ਲੈਂਦਾ ਹਾਂ, ਦੂਸਰੇ ਘੋੜੇ ਉਤੇ ਕਾਠੀ ਪਵਾਉਂਦਾ ਹਾਂ, ਲਗਾਮ ਮੂੰਹ ਵਿਚ ਦੇ ਕੇ ਤਿਆਰ ਰਖੋ, ਜਦ ਤਕ ਦੂਸਰਾ ਘੋੜਾ ਲੱਭ ਨਹੀਂ ਜਾਂਦਾ॥੮॥

ਅਰਧ ਨਿਸਾ ਲੌ ਅਬਹਿ ਬਿਚਾਰੋਂ। ਉਠੋਂ ਤਬਹਿ, ਜਬਿ ਖੋਜ ਨਿਕਾਰੋਂ।
ਸ਼ੁਭ ਗੁਨ ਕੀ ਕੀਮਤ ਹੁਇ ਤੁਮ ਤੇ। ਲੇਹੁ ਤੁਰੰਗਮ ਕੀ ਸੁਧਿ ਹਮ ਤੇ ॥ ੯ ॥

ਅੱਧੀ ਰਾਤ ਤਕ ਹੁਣ ਵਿਚਾਰ ਕਰਾਂਗਾ, ਉਸ ਵੇਲੇ ਹੀ ਉਠਾਂਗਾ ਜਦ ਖੋਜ ਕੱਢ ਲਵਾਂਗਾ। ਸ਼ੁਭ ਗੁਣਾਂ ਦੀ ਤੁਸੀਂ ਕੀਮਤ ਪਾਓ ਤੇ ਘੋੜੇ ਦੀ ਮੈਥੋਂ ਖ਼ਬਰ ਲੈ ਲਵੋ" ॥੯॥

ਹਜ਼ਰਤ ਨੇ ਕਹਿ ਜ਼ੀਨ ਪਵਾਯੋ। ਕਵਿਕਾ ਦੇ ਕਰਿ ਤਯਾਰ ਕਰਾਯੋ।
'ਸੁਨਿ ਖੋਜੀ ! ਤੈਂ ਬਿਲਮ ਬਤਾਇ। ਅਰਧ ਨਿਸਾ ਜਿਸ ਕਾਲ ਬਿਤਾਇ ॥੧੦ ॥

ਬਾਦਸ਼ਾਹ ਨੇ ਕਹਿ ਕੇ ਘੋੜੇ ਤੇ ਕਾਠੀ ਪਵਾਈ, ਤੇ ਘੋੜੇ ਦੇ ਮੂੰਹ ਵਿਚ ਲਗਾਮ ਦੇ ਕੇ ਤਿਆਰ ਕਰਵਾਇਆ ਤੇ ਕਿਹਾ, "ਹੇ ਖੋਜੀ! ਸੁਣੋ, ਤੂੰ ਬਹੁਤ ਦੇਰ ਦੱਸੀ ਹੈ, ਅੱਧੀ ਰਾਤ ਜਿਸ ਸਮੇਂ ਬੀਤੇਗੀ॥੧੦॥

ਨਿਸ ਕੇ ਸਮ ਜੇ ਦਿਵਸ ਬਿਤਾਵੈਂ। ਸਵਾ ਲਾਖ ਬਖ਼ਸ਼ਿਸ਼ ਵਧ ਪਾਵੈਂ।
ਤਸਕਰ ਕੋ ਇਕ ਵਾਰ ਬਤਾਵੇ। ਥਾਨ ਬਿਖਮ ਤੇ ਬਿਖਮ ਜਨਾਵੇ॥ ੧੧॥

ਰਾਤ ਵਾਂਗ ਜੇ ਦਿਨ ਸਮੇਂ ਦੱਸੇਂ ਤਾਂ ਸਵਾ ਲੱਖ ਬਖਸ਼ਿਸ਼ ਵੱਧ ਪਾਵੇਂਗਾ। ਚੋਰ ਦਾ ਇਕ ਵਾਰ ਨਾਂ ਦੱਸੇ, ਭਾਵੇਂ ਔਖੀ ਤੋਂ ਔਖੀ ਥਾਂ ਦੱਸੇ॥੧੧॥

ਬਹੁਰ ਨ ਮੈਂ ਕੈਸੇ ਬਿਲਮਾਊਂ। ਪਠੌਂ ਬਾਹਨੀ ਤੁਰਤ ਮੰਗਾਊਂ।
ਬਿਧੀਆ ਕਹੈ 'ਸ਼ੀਘ੍ਰਤਾ ਐਸੇ। ਪੁਰਿ ਜਨ ਸਭਿ ਟਿਕਾਇ ਨਿਸ ਜੈਸੇ॥ ੧੨॥

ਫਿਰ ਮੈਂ ਕਿਸੇ ਤਰ੍ਹਾਂ ਵੀ ਦੇਰ ਨਹੀਂ ਲਾਵਾਂਗਾ, ਫੌਜ ਭੇਜ ਕੇ ਤੁਰਤ ਮੰਗਵਾ ਲਵਾਂਗਾ।" ਬਿਧੀ ਚੰਦ ਨੇ ਕਿਹਾ, "ਛੇਤੀ ਇਸ ਤਰ੍ਹਾਂ ਹੋ ਸਕਦੀ ਹੈ, ਜੇ ਨਗਰ ਦੇ ਸਾਰੇ ਲੋਕਾਂ ਨੂੰ ਰਾਤ ਵਾਂਗ ਟਿਕਾਉ॥੧੨॥

ਨਿਜ ਨਿਜ ਘਰ ਬਰ ਮਾਰਹਿਂ ਤਾਰੇ। ਕੋਟ ਦੁਰਗ ਦਰ ਭੇੜਹੁ ਸਾਰੇ'।
ਸੁਨਤਿ ਸ਼ਾਹੁ ਚਿਤ ਚੌਂਪ ਘਨੇਰੀ। ਕਹਜੋ ਜਥਾ ਨਰ ਪਠਿ ਤਿਸ ਬੇਰੀ॥ ੧੩॥

ਨਿਜ-ਨਿਜ ਘਰ ਤੇ ਤਾਲੇ ਮਾਰੇ ਜਾਣ, ਕਿਲ੍ਹੇ ਦੇ ਸਾਰੇ ਦਰਵਾਜ਼ੇ ਬੰਦ ਕਰ ਦਿੱਤੇ ਜਾਣ।" ਇਹ ਸੁਣ ਕੇ ਬਾਦਸ਼ਾਹ ਬਹੁਤ ਪ੍ਰਸੰਨ ਹੋਇਆ, ਤੇ ਉਸੇ ਸਮੇਂ ਮਨੁੱਖਾਂ ਨੂੰ ਬੁਲਾ ਕੇ ਉਸ ਤਰ੍ਹਾਂ ਕਰਨ ਵਾਸਤੇ ਕਿਹਾ॥੧੩॥

ਗਰੀ ਗਰੀ ਅਰੁ ਸਗਰੇ ਪੌਰ। ਆਦਿ ਦੁਰਗ ਜੇਤੀ ਸਭਿ ਠੌਰ।
'ਵਹਿਰ ਨ ਨਿਕਸਹਿ ਪੁਰਿ ਤੇ ਕੋਇ। ਨਿਜ ਨਿਜ ਘਰ ਮੈਂ ਥਿਰ ਕੈ ਸੋਇ' ॥੧੪॥

ਗਲੀ-ਗਲੀ ਅਤੇ ਸਾਰੇ ਦਰਵਾਜ਼ਿਆਂ ਆਦਿ ਕਿਲ੍ਹੇ ਅਤੇ ਹੋਰ ਜਿਥੇ-ਜਿਥੇ ਵੀ ਸਨ ਇਹ ਕਹਿ ਦਿੱਤਾ, "ਕੋਈ ਵੀ ਬਾਹਰ ਨਾ ਨਿਕਲੇ, ਸਾਰੇ ਆਪਣੇ-ਆਪਣੇ ਘਰਾਂ ਵਿਚ ਟਿਕੇ ਰਹੋ' ॥੧੪॥

ਤਤਛਿਨ ਫਿਰੇ ਕਹਤਿ ਪੁਰਿ ਸਾਰੇ। 'ਸ਼ਾਹੁ ਤੁਰੰਗ ਕੋ ਖੋਜ ਨਿਕਾਰੇ'।
ਪੁਰਿ ਕੇ ਪੌਰ ਜਾਇ ਕਰਿ ਸਾਰੇ। ਕਰੇ ਕਿਵਾਰ ਅਸੰਜਤਿ ਭਾਰੇ॥ ੧੫॥

ਤੁਰਤ ਸਾਰੇ ਨਗਰ ਵਿਚ ਕਹਿੰਦੇ ਫਿਰਦੇ ਸਨ, "ਬਾਦਸ਼ਾਹ ਘੋੜੇ ਨੂੰ ਖੋਜ ਕੇ ਕੱਢਣਗੇ।" ਨਗਰ ਦੇ ਘਰਾਂ ਦੇ ਸਾਰੇ ਦਰਵਾਜ਼ੇ ਚੰਗੀ ਤਰ੍ਹਾਂ ਬੰਦ ਕਰ ਦਿੱਤੇ॥੧੫॥

ਕੁਲਫਨਿ ਮਾਰਿ ਸੁ ਲੀਨਿ ਕਲੀਦ। ਸਭਿ ਕੀ ਲੀਨੀ ਸ਼ਾਹੁ ਰਸੀਦ।
ਪਿਖਿ ਬਿਧੀਏ ਤਬਿ ਗਿਰਾ ਉਚਾਰੀ। 'ਹਜ਼ਰਤ! ਦਿਹੁ ਕਲੀਦ ਮੁਝ ਸਾਰੀ॥੧੬॥

ਤਾਲੇ ਮਾਰ ਕੇ ਚਾਬੀਆਂ ਲੈ ਲਈਆਂ ਤੇ ਬਾਦਸ਼ਾਹ ਨੇ ਸਭ ਦੀ ਰਸੀਦ ਲੈ ਲਈ। ਬਿਧੀ ਚੰਦ ਨੇ ਫਿਰ ਵੇਖ ਕੇ ਕਿਹਾ, "ਹਜ਼ਰਤ! ਸਾਰੀਆਂ ਚਾਬੀਆਂ ਮੈਨੂੰ ਦੇ ਦੇਵੋ॥੧੬॥

ਹਯ ਕੇ ਹਰਤਿ ਜਹਾਂ ਤੁਮ ਸੋਵਹੁ। ਸੁਖ ਸੋਂ ਜਾਇ ਤਹਾਂ ਥਿਰ ਹੋਵਹੁ।
ਅਬਿ ਮੈਂ ਲਾਗੌਂ ਕਰਨ ਬਿਚਾਰ। ਖੋਜਿ ਪਾਇ ਤਬਿ ਕਹੌਂ ਪੁਕਾਰ॥ ੧੭॥

ਘੋੜੇ ਦੇ ਚੋਰੀ ਹੋਣ ਵਾਲੇ ਦਿਨ ਜਿਥੇ ਤੁਸੀਂ ਸੁਤੇ ਸੀ, ਉਥੇ ਹੀ ਹੁਣ ਸੁਖ ਨਾਲ ਜਾ ਕੇ ਟਿਕ ਜਾਵੋ। ਹੁਣ ਮੈਂ ਵਿਚਾਰ ਕਰਨ ਲਗਾਂਗਾ ਖੋਜ ਕੇ ਫਿਰ ਉੱਚੀ ਦਿੱਤੀ ਪੁਕਾਰ ਕੇ ਕਹਾਂਗਾ॥੧੭॥

ਕੋ ਲਾਗ੍ਯੋ ਬਡ ਚੋਰ ਹਠੀਲਾ। ਖੋਜਤਿ ਖੋਜ ਲਾਗਤੀ ਢੀਲਾ।
ਮੁਰਸ਼ਦ ਪੂਰਾ ਤਸਕਰ ਕੇਰਾ। ਜਿਸ ਤੇ ਤੁਮ ਭੀ ਖੋਜ ਨ ਹੇਰਾ॥ ੧੮॥

ਕਿਹੜਾ ਏਨਾ ਹੱਠੀ ਚੋਰ ਲਗਿਆ ਹੈ, ਖੋਜਣ ਲਗਿਆਂ ਖੋਜ ਵੀ ਬੜੀ ਢਿੱਲੀ ਹੁੰਦੀ ਹੈ, ਭਾਵ ਖੋਜ ਕਰਨੀ ਬੜੀ ਮੁਸ਼ਕਲ ਹੈ। ਚੋਰ ਦਾ ਕੋਈ ਪੂਰਾ ਮੁਰਸ਼ਦ ਹੈ, ਜਿਸ ਕਰਕੇ ਤੁਸੀਂ ਵੀ ਖੋਜ ਕਰਕੇ ਨਹੀਂ ਵੇਖ ਸਕੇ ਹੋ॥੧੮॥

ਸੋ ਮੁਰਸ਼ਦ ਹੀ ਅਬਿ ਬਿਲਮਾਵੈ। ਪਰੇ ਨਿਸਾ ਕਾਰਜ ਬਨਿ ਜਾਵੈ।
ਸੁਨਤਿ ਸ਼ਾਹੁ ਗਮਨ੍ਯੋ ਤਿਸ ਬਾਰੀ। ਥਿਰ੍ਯੋ ਬੁਰਜ ਸੰਮਨ ਕੀ ਬਾਰੀ॥ ੧੯॥

ਉਹ ਮੁਰਸ਼ਦ ਹੀ ਹੁਣ ਦੇਰ ਪਾ ਰਿਹਾ ਹੈ, ਰਾਤ ਪੈਣ ਨਾਲ ਕਾਰਜ ਬਣ ਜਾਵੇਗਾ।'' ਇਹ ਸੁਣ ਕੇ ਬਾਦਸ਼ਾਹ ਉਸ ਸਮੇਂ ਚਲੇ ਗਿਆ ਤੇ ਆਪਣੇ ਮਹਿਲ ਬੁਰਜ ਸੰਮਣ ਵਿਚ ਜਾ ਠਹਿਰਿਆ॥੧੯॥

ਗੁਰ ਮਾਯਾ ਐਸੇ ਭਰਮਾਏ। ਤਥਾ ਕਰਹਿਂ ਸਭਿ ਜਥਾ ਬਤਾਏ।
ਟਿਕ੍ਯੋ ਦਰੋਗਾ ਅਪਨ ਠਿਕਾਨੇ। ਤਹਾਂ ਕੁਲਫ ਦੀਨਸਿ ਨਿਜ ਪਾਨੇ॥ ੨੦॥

ਗੁਰੂ ਜੀ ਦੀ ਮਾਇਆ ਨੇ ਐਸਾ ਭਰਮਾਇਆ, ਜਿਸ ਤਰ੍ਹਾਂ ਵੀ ਬਿਧੀ ਚੰਦ ਕਹਿੰਦਾ ਸੀ, ਬਾਦਸ਼ਾਹ ਉਸ ਤਰ੍ਹਾਂ ਹੀ ਕਰਦਾ ਸੀ, ਦਰੋਗਾ ਆਪਣੇ ਟਿਕਾਣੇ ਜਾ ਠਹਿਰਿਆ, ਉਥੇ ਆਪਣੇ ਹੱਥਾਂ ਨਾਲ ਤਾਲਾ ਮਾਰ ਦਿੱਤਾ॥੨੦॥

ਪੁਰਿ ਕੋ ਪੌਰ ਦੁਰਗ ਕੋ ਪੌਰ। ਕੁਲਫ ਦੀਏ ਇੱਤ੍ਯਾਦਿਕ ਔਰ।
ਬ੍ਰਿੰਦ ਕਲੀਦ ਬਿਧੀ ਚੰਦ ਲੀਨਿ। ਪਾਇ ਜੇਬ ਮਹਿਂ ਸੁਮਤਿ ਪ੍ਰਬੀਨ॥ ੨੧॥

ਨਗਰ ਦੇ ਦਰਵਾਜ਼ਿਆਂ ਤੇ ਕਿਲ੍ਹੇ ਦੇ ਦਰਵਾਜ਼ਿਆ ਨੂੰ ਤਾਲੇ ਆਦਿ ਲਾ ਦਿੱਤੇ। ਸਾਰੀਆਂ ਚਾਬੀਆਂ ਬਿਧੀ ਚੰਦ ਨੇ ਲੈ ਲਈਆਂ, ਤੇ ਸ੍ਰੇਸ਼ਟ ਬੁਧੀ ਵਾਲੇ ਚਤੁਰ ਨੇ ਸਾਰੀਆਂ ਆਪਣੀ ਜੇਬ ਵਿਚ ਪਾ ਲਈਆਂ॥੨੧॥

ਭੌਨ ਭੌਨ ਮੈਂ ਸਭਿ ਨਰ ਮੌਨ। ਸ਼ਾਹੁ ਤ੍ਰਾਸ ਤੇ ਕਹਹਿ ਨ ਕੌਨ।
'ਖੋਜ ਤੁਰੰਗਮ ਕੋ ਨਿਕਸਾਵੈ'। ਇਮ ਲਖਿ ਥਿਰੇ, ਨ ਬਾਹਰ ਆਵੈਂ॥ ੨੨॥

ਘਰ-ਘਰ ਵਿਚ ਲੋਕ ਚੁੱਪ ਬੈਠੇ ਸਨ, ਬਾਦਸ਼ਾਹ ਦੇ ਡਰ ਨੂੰ ਕੋਣ ਨਹੀਂ ਸੀ ਮੰਨਦਾ। ਕਹਿੰਦੇ ਸਨ, ''ਬਾਦਸ਼ਾਹ ਖੋਜ ਕੇ ਘੋੜਾ ਲੱਭੇਗਾ'' ਇਸ ਤਰ੍ਹਾਂ ਸਮਝ ਕੇ ਸਾਰੇ ਬੈਠੇ ਸਨ ਤੇ ਕੋਈ ਵੀ ਘਰ ਤੋਂ ਬਾਹਰ ਨਹੀਂ ਸੀ ਆਉਂਦਾ॥੨੨॥

ਕਹਤਿ ਸੁਨਤਿ ਇਮ ਸੰਧ੍ਯਾ ਪਈ। ਬੋਲ੍ਯੋ ਸ਼ਾਹੁ ਕੁਛਕ ਰਿਸ ਅਈ।
'ਕ੍ਯੋਂ ਅਬਿ ਲੌ ਖੋਜ ਨਿਕਾਰਤਿ?। ਬਿਤੇ ਜਾਮ ਇਮ ਗਿਨਤਿ ਬਿਚਾਰਤਿ'॥੨੩॥

ਕਹਿੰਦਿਆਂ ਸੁਣਦਿਆਂ ਇਸ ਤਰ੍ਹਾਂ ਸ਼ਾਮ ਹੋ ਗਈ, ਬਾਦਸ਼ਾਹ ਕੁਝ ਗੁੱਸੇ ਵਿਚ ਆ ਕੇ ਬੋਲਿਆ, 'ਹੁਣ ਤੱਕ ਖੋਜ ਕੇ ਕਿਉਂ ਨਹੀਂ ਲੱਭਾ ਹੈ ? ਇਸ ਤਰ੍ਹਾਂ ਗਿਣਤੀਆਂ ਵਿਚਾਰਦਿਆਂ ਕਈ ਪਹਿਰ ਬੀਤ ਗਏ ਹਨ'॥੨੩॥

ਬਿਧੀ ਚੰਦ ਤਬਿ ਬਾਕ ਬਖਾਨੇ। 'ਹਜ਼ਰਤ ਜੀ ! ਅਬਿ ਦੇਰ ਨ ਜਾਨੋ।
ਮੋਹਿ ਰਿਦੈ ਸੁਧਿ ਸਭਿ ਹੁਇ ਆਈ। ਤਸਕਰ ਨਾਮ ਨ ਜਾਨ੍ਯੋ ਜਾਈ॥ ੨੪॥

ਬਿਧੀ ਚੰਦ ਨੇ ਤਦ ਕਿਹਾ, 'ਹਜ਼ਰਤ ਜੀ ! ਹੁਣ ਕੋਈ ਜ਼ਿਆਦਾ ਦੇਰ ਨਾ ਜਾਣੋ, ਮੇਰੇ ਹਿਰਦੇ ਵਿਚ ਸਾਰੀ ਸੂਝ ਆ ਗਈ ਹੈ, ਚੋਰ ਦੇ ਨਾਮ ਦਾ ਪਤਾ ਨਹੀਂ ਲੱਗ ਰਿਹਾ ਹੈ॥੨੪॥

ਜਬਿ ਲੌ ਨਾਮ ਨ ਜਾਇ ਬਖਾਨੇ। ਤਬਿ ਲੌ ਨਿਜ ਬਿੱਦ੍ਯਾ ਲਘੁ ਜਾਨੋਂ।
ਜਿਸ ਬਿਧਿ ਗਯੋ ਅਹੈ ਜਹਿਂ ਘੋਰਾ। ਜਾਨਿ ਲੀਨਿ ਮਨ ਮਾਨ੍ਯੋ ਮੋਰਾ॥ ੨੫॥

ਜਦ ਤਕ ਨਾਮ ਹੀ ਨਾ ਦਸਿਆ ਜਾਵੇ ਤਦ ਤਕ ਮੈਂ ਆਪਣੀ ਵਿਦਿਆ ਨੂੰ ਛੋਟੀ ਜਾਣਦਾ ਹਾਂ। ਇਹ ਘੋੜਾ ਜਿਸ ਵਿਧੀ ਅਨੁਸਾਰ ਗਿਆ ਹੈ, ਮੈਂ ਜਾਣ ਲਿਆ ਹੈ. ਇਹ ਮੇਰਾ ਮਨ ਮੰਨ ਗਿਆ ਹੈ॥੨੫॥

ਕਠਨ ਅਹੈ ਇਹ ਗਿਨਤੀ ਕਾਮ। ਤੁਮ ਕੀਜੈ ਸੁਖ ਸੰਗ ਅਰਾਮ।
ਚਾਰ ਘਰੀ ਕੈ ਜਾਮ ਬਿਤਾਊਂ। ਨਾਮ ਠਾਮ ਤੁਮ ਪਾਸ ਬਤਾਊਂ॥ ੨੬॥

ਇਹ ਗਿਣਤੀ ਦਾ ਕੰਮ ਬੜਾ ਕਠਨ ਹੈ, ਤੁਸੀਂ ਸੁਖ ਨਾਲ ਆਰਾਮ ਕਰੋ, ਚਾਰ ਘੜੀਆਂ ਜਾਂ ਇਕ ਪਹਿਰ ਬਤੀਤ ਕਰਾਂਗਾ, ਫਿਰ ਨਾਂ ਥਾਂ ਤੁਹਾਡੇ ਪਾਸ ਦਸਾਂਗਾ' ॥੨੬॥

ਭਈ ਨਿਸਾ ਪਸਰਜੋ ਅੰਧਕਾਰਾ। ਲਖਜੋ ਸ਼ਾਹੁ 'ਇਹ ਖੋਜੀ ਭਾਰਾ।
ਜੇਕਰਿ ਥਾਨ ਰੁ ਨਾਮ ਬਤਾਵੈ। ਤੌ ਮੇਰੋ ਹਯ ਕਹੂੰ ਨ ਜਾਵੈ॥ ੨੭॥

ਰਾਤ ਪੈ ਗਈ ਤੇ ਸਾਰੇ ਹਨੇਰਾ ਪਸਰ ਗਿਆ, ਬਾਦਸ਼ਾਹ ਸਮਝਿਆ "ਇਹ ਵੱਡਾ ਭਾਰੀ ਖੋਜੀ ਹੈ। ਜੇ ਥਾਂ ਅਤੇ ਨਾਂ ਵੀ ਦੱਸ ਦੇਵੇਗਾ ਤਾਂ ਮੇਰਾ ਘੋੜਾ ਕਿਤੇ ਨਹੀਂ ਜਾਵੇਗਾ॥੨੭॥

ਅਪਨੋ ਕੋਪ ਨਿਕਾਰੋਂ ਸਾਰਾ। ਕੈਸੋ ਹੋਹਿ ਪ੍ਰਾਨ ਦਿਹੁਂ ਮਾਰਾ।
ਤੂਸ਼ਨ ਹੋਇ ਪ੍ਰਤੀਖਤਿ ਫੇਰ। ਅਚਰਜ ਬਰਤ ਹਿਰਿਦੈ ਬਡੇਰ॥ ੨੮॥

ਮੈਂ ਆਪਣਾ ਸਾਰਾ ਗੁੱਸਾ ਕਢਾਂਗਾ, ਕਿਸ ਤਰ੍ਹਾਂ ਦਾ ਵੀ ਹੋਵੇ ਪ੍ਰਾਣਾਂ ਤੋਂ ਹੀ ਮਾਰ ਦੇਵਾਂਗਾ।" ਚੁੱਪ ਹੋ ਕੇ ਫਿਰ ਇੰਤਜ਼ਾਰ ਕਰਨ ਲੱਗਾ ਹਿਰਦੇ ਵਿਚ ਬੜਾ ਅਸਚਰਜ ਵਰਤਾਰਾ ਹੋ ਰਿਹਾ ਸੀ॥੨੮॥

ਕਹਤਿ ਸੁਨਤਿ ਲਾਰਾ ਇਮ ਦੇਤਿ। ਹੋਤਿ ਭਯੋ ਸਭਿ ਰੀਤਿ ਸੁਚੇਤ।
ਰੇਸ਼ਮ ਡੋਰ ਬਧਯੋ ਸੁਭ ਘੋਰਾ। ਗੰਠ ਛੋਰਿ ਤੂਰਨ ਬਡ ਜੋਰਾ॥ ੨੯॥

ਕਹਿ ਸੁਣ ਕੇ ਇਸ ਤਰ੍ਹਾਂ ਲਾਰੇ ਲਾਈ ਜਾਂਦਾ ਸੀ ਤੇ ਸਭ ਰੀਤੀਆਂ ਨਾਲ ਸੁਚੇਤ ਹੋ ਗਿਆ। ਦੂਸਰਾ ਘੋੜਾ ਰੇਸ਼ਮ ਦੇ ਰੱਸੇ ਨਾਲ ਬੰਨ੍ਹਿਆ ਸੀ। ਵੱਡੇ ਜ਼ੋਰ ਨਾਲ ਤੁਰਤ ਗੰਢ ਖੋਲ੍ਹ ਲਈ॥੨੯॥

ਖਸ਼ਟ ਗੁਰਨਿ ਕੇ ਨਾਮ ਪ੍ਰਕਾਸ਼। ਹਾਥ ਜੋਰਿ ਕੀਨਸਿ ਅਰਦਾਸ।
'ਅਪਨਾ ਕਾਰਜ ਆਪ ਬਨਾਵਹੁ। ਦਾਸ ਜਾਨਿ ਮੁਹਿ ਜਸੁ ਬਿਦਤਾਵਹੁ' ॥੩੦॥

ਛੇ ਗੁਰੂ ਸਾਹਿਬਾਨ ਦਾ ਨਾਮ ਲਿਆ ਤੇ ਫਿਰ ਹੱਥ ਜੋੜ ਕੇ ਅਰਦਾਸ ਕੀਤੀ, "ਹੇ ਸਤਿਗੁਰੂ ਜੀ! ਆਪਣਾ ਕਾਰਜ ਆਪ ਹੀ ਬਣਾਵੋ ਦਾਸ ਜਾਣ ਕੇ ਮੇਰਾ ਜੱਸ ਪ੍ਰਗਟ ਕਰਦੇ ਹੋ" ॥੩੦॥

ਇਮ ਕਹਿ ਧਰਨੀ ਪਰ ਸਿਰ ਧਰਜੋ। ਬਹੁਰ ਪ੍ਰਣਾਮ ਤੁਰੰਗ ਪਗ ਕਰਯੋ।
ਚਰਣ ਰਕਾਬ ਸਿਮਰਿ ਸਤਿਨਾਮ। ਭਯੋ ਅਰੂਢਨਿ ਹਯ ਅਭਿਰਾਮ॥ ੩੧॥

ਇਸ ਤਰ੍ਹਾਂ ਕਹਿ ਕੇ ਧਰਤੀ ਤੇ ਸਿਰ ਧਰਿਆ, ਫਿਰ ਘੋੜੇ ਦੇ ਪੈਰਾਂ ਤੇ ਪ੍ਰਣਾਮ ਕੀਤਾ। ਸਤਿਨਾਮ ਦਾ ਸਿਮਰਨ ਕਰਕੇ ਰਕਾਬਾਂ ਵਿਚ ਪੈਰ ਧਰਿਆ ਤੇ ਸੁੰਦਰ ਘੋੜੇ ਉਤੇ ਚੜ੍ਹ ਗਿਆ॥੩੧॥

ਇਤ ਉਤ ਫੇਰਜੋ ਕੀਨਸਿ ਤੁੰਦ। ਉਠਿ ਪਾਇਨਿ ਤੇ ਸ਼ਬਦ ਬਿਲੰਦ।
ਸ਼ਾਹੁ ਜਹਾਂ ਸੁਨਿ ਉਚ ਉਚਾਰਾ। 'ਕੋ ਹਯ ਛੂਟਜੋ ਹੋਇ ਨਿਰਧਾਰਾ' ॥ ੩੨॥

ਏਧਰ ਓਧਰ ਫੇਰ ਕੇ ਤੇਜ਼ ਕੀਤਾ, ਘੋੜੇ ਦੇ ਪੈਰਾਂ ਨਾਲ ਵੱਡੀ ਉੱਚੀ ਆਵਾਜ਼ ਪੈਦਾ ਹੋਈ। ਸ਼ਾਹ ਜਹਾਨ ਨੇ ਇਹ ਸੁਣਕੇ ਉੱਚੀ ਆਵਾਜ਼ ਵਿਚ ਕਿਹਾ, "ਕੋਈ ਘੋੜਾ ਖੁਲ੍ਹ ਗਿਆ ਜਾਪਦਾ ਹੈ?" ॥੩੨॥

ਬਿਧੀਏ ਕਹ੍ਯੋ 'ਨ ਛੂਟ੍ਯੋ ਆਪ। ਮੈਂ ਖੋਲ੍ਯੋ ਬਲ ਗੁਰੁ ਪ੍ਰਤਾਪ।
ਤੋ ਸੰਗ ਬਚਨ ਕਹ੍ਯੋ ਮੈਂ ਜੋਈ। ਅਬਿ ਮੈਂ ਕਰੋਂ ਸਾਚ ਸੁਨਿ ਸੋਈ॥ ੩੩॥

ਬਿਧੀ ਚੰਦ ਨੇ ਕਿਹਾ, 'ਘੋੜਾ ਆਪ ਨਹੀਂ ਖੁਲ੍ਹਿਆ ਹੈ, ਮੈਂ ਗੁਰੂ ਜੀ ਦੇ ਪ੍ਰਤਾਪ ਦੀ ਸ਼ਕਤੀ ਨਾਲ ਖੋਲ੍ਹਿਆ ਹੈ। ਜਿਹੜੇ ਤੇਰੇ ਨਾਲ ਮੈਂ ਬਚਨ ਕੀਤੇ ਹਨ, ਉਹ ਹੁਣ ਮੈਂ ਸੱਚੇ ਕਰਾਂਗਾ, ਇਸ ਕਰਕੇ ਉਨ੍ਹਾਂ ਸ਼ਬਦਾਂ ਨੂੰ ਸੁਣੋ॥੩੩॥

ਖੋਜਿ ਨਿਕਾਸਿ ਦੇਨਿ ਹਯ ਕੇਰਾ। ਥਾਨ ਬਤਾਵਨ ਕਾਰਜ ਮੇਰਾ।
ਸੋ ਮੈਂ ਕਹੌਂ ਦੋਸ਼ ਨਹਿਂ ਰਹੈ। ਜਿਹ ਸੁਨਿਬੇ ਕੋ ਤੁਵ ਚਿਤ ਚਹੈ॥ ੩੪॥

ਮੈਂ ਘੋੜੇ ਦਾ ਖੋਜ ਕੱਢ ਦਿੱਤਾ ਹੈ, ਹੁਣ ਥਾਂ ਪਤਾ ਦੱਸਣਾ ਹੀ ਮੇਰਾ ਕਾਰਜ ਹੈ। ਉਹ ਹੁਣ ਮੈਂ ਕਹਿੰਦਾ ਹਾਂ ਤਾਂਕਿ ਮੇਰੇ ਸਿਰ ਕੋਈ ਦੋਸ਼ ਨਾ ਰਹੇ, ਜਿਸ ਦੇ ਸੁਣਨ ਨੂੰ ਤੇਰਾ ਚਿੱਤ ਚਾਹੁੰਦਾ ਹੈ'॥੩੪॥

ਹਰਖ੍ਯੋ ਸ਼ਾਹੁ ਖੋਜ ਜਨੁ ਪਾਯੋ। ਕਹਿ ਸੌਂਧੇ ਕੋ ਊਚ ਸੁਨਾਯੋ।
'ਜਹਾਂ ਤੁਰੰਗਮ ਪੁਰਿ ਅਰੁ ਧਾਮ। ਤਸਕਰ ਅਰੁ ਤਸਕਰ ਪਤਿ ਨਾਮ॥ ੩੫॥

ਬਾਦਸ਼ਾਹ ਇਹ ਸੁਣ ਕੇ ਬੜਾ ਪ੍ਰਸੰਨ ਹੋਇਆ ਜਿਵੇਂ ਉਸ ਖੋਜ ਪਾ ਹੀ ਲਿਆ ਸੀ, ਉਹ ਸੌਂਧੇ ਖਾਨ ਨੂੰ ਉਚੀ ਸੁਣਾ ਕੇ ਕਹਿਣ ਲੱਗਾ। "ਜਿਸ ਨਗਰੀ ਜਾਂ ਘਰ ਵਿਚ ਘੋੜਾ ਹੈ, ਉਸ ਚੋਰ ਅਤੇ ਚੋਰ ਦਾ ਨਾਮ ਪਤਾ ਲਿਖ ਲਵੋ॥੩੫॥

ਸੁਨਿ ਕਰਿ ਲਿਖਹੁ ਕਿ ਯਾਦ ਰਖੀਜੈ। ਪ੍ਰਾਤਿ ਕਚਹਿਰੀ ਮਹਿਂ ਕਹਿ ਦੀਜੈ'।
ਬਿਧੀਆ ਕਹਿ 'ਸਭਿ ਹੂੰ ਸੁਨਿ ਲੀਜੈ। ਬਿਸਰਨ ਹਾਰੋ ਨਹੀਂ ਜਨੀਜੈ॥ ੩੬॥

ਸੁਣ ਕੇ ਲਿਖ ਲਵੋ ਜਾਂ ਯਾਦ ਰੱਖ ਲਵੋ, ਸਵੇਰੇ ਕਚਹਿਰੀ ਦੇ ਵਿਚ ਕਹਿ ਦੇਵੋ।" ਬਿਧੀ ਚੰਦ ਨੇ ਕਿਹਾ, 'ਸਾਰੇ ਹੀ ਸੁਣ ਲਵੋ, ਭੁਲਣ ਵਾਲਾ ਨਾ ਸਮਝੋ॥੩੬॥

ਬੰਦਨੀਯ ਸ੍ਰੀ ਹਰਿ ਗੋਬਿੰਦ। ਜਸੁ ਬਿਲੰਦ ਜਿਨ ਚੰਦ ਮਨਿੰਦ।
ਪ੍ਰਥਮ ਤਿਨਹੁਂ ਕੋ ਹਯ ਬਲ ਪੀਨਾ। ਤੈਂ ਦਲ ਬਲ ਤੇ ਛੀਨਿ ਸੁ ਲੀਨਾ॥੩੭॥

ਆਦਰਯੋਗ ਸ੍ਰੀ ਗੁਰੂ ਹਰਿਗੋਬਿੰਦ ਜੀ, ਜਿਨ੍ਹਾਂ ਦਾ ਚੰਦ ਵਾਂਗ ਉੱਚਾ ਜੱਸ ਹੈ। ਪਹਿਲਾਂ ਉਨ੍ਹਾਂ ਦਾ ਹੀ ਬੜਾ ਬਲਵਾਨ ਘੋੜਾ ਤੂੰ ਆਪਣੀ ਫੌਜ ਦੀ ਸ਼ਕਤੀ ਨਾਲ ਖੋਹਿਆ ਸੀ॥੩੭॥

ਸੋ ਪਲਟਾ ਸਤਿਗੁਰ ਅਬਿ ਕਿਯੋ। ਪ੍ਰਥਮ ਤੁਰੰਗ ਬੁੱਧਿ ਕਰਿ ਲਯੋ।
ਮੈਂ ਗੁਰਦਾਸ ਬਿਧੀ ਚੰਦ ਨਾਮੂ। ਲੇ ਗਮਨ੍ਯੋ ਪੂਰਬ ਅਭਿਰਾਮੂ॥ ੩੮॥

ਸਤਿਗੁਰੂ ਜੀ ਨੇ ਹੁਣ ਉਸ ਦਾ ਬਦਲਾ ਲਿਆ ਹੈ, ਪਹਿਲਾ ਘੋੜਾ ਬੁੱਧੀ ਕਰਕੇ ਮੈਂ ਗੁਰੂ ਜੀ ਦਾ ਦਾਸ ਬਿਧੀ ਚੰਦ ਮੇਰਾ ਨਾਮ ਹੈ, ਲੈ ਕੇ ਗਿਆ ਸੀ॥੩੮॥

ਹਯ ਦਿਲਬਾਗ ਰੁਦਨ ਬਹੁ ਕੀਨਾ। ਖਾਨ ਪਾਨ ਰੁਖ਼ ਕਰਿ ਨਹਿਂ ਲੀਨਾ।
ਯਾਂਤੇ ਇਸ ਘੋਰੇ ਹਿਤ ਆਯੋ। ਤਨ ਖੋਜੀ ਕਹੁ ਭੇਸ ਬਨਾਯੋ॥ ੩੯॥

ਘੋੜਾ ਦਿਲਬਾਗ ਬਹੁਤ ਰੋਇਆ, ਖਾਣ ਪੀਣ ਰੁਚੀ ਕਰਕੇ ਨਹੀਂ ਖਾਦਾ, ਇਸ ਕਰਕੇ ਮੈਂ ਇਹ ਦੂਸਰਾ ਘੋੜਾ ਲੈਣ ਵਾਸਤੇ ਆਇਆ ਹਾਂ ਤੇ ਆਪਣੇ ਸਰੀਰ ਦਾ ਭੇਸ ਖੋਜੀ ਵਾਲਾ ਬਣਾਇਆ ਹੈ॥੩੯॥

ਮੈਂ ਤਸਕਰ ਸਤਿਗੁਰ ਪਤਿ ਮੇਰਾ। ਨਹਿਂ ਬਿਸਰਹੁ ਲਖਿ ਨਾਮ ਬਡੇਰਾ।
ਅਬਿ ਗੁਲਬਾਗ ਜ਼ੀਨ ਕੋ ਪਾਇ। ਤੁਮ ਨੇ ਦੀਨਸਿ ਮਤਿ ਉਪਜਾਇ॥ ੪੦॥

ਮੈਂ ਚੋਰ ਹਾਂ ਤੇ ਸਤਿਗੁਰੂ ਜੀ ਮੇਰੇ ਮਾਲਕ ਹਨ, ਵੱਡਾ ਨਾਮ ਸਮਝ ਕੇ ਭੁਲੇਂਗੇ ਨਹੀਂ। ਹੁਣ ਤੁਸੀਂ ਗੁਲਬਾਗ ਤੇ ਕਾਠੀ ਪਾ ਕੇ ਆਪਣੀ ਬੁਧੀ ਅਨੁਸਾਰ ਸਮਝ ਕੇ ਦਿੱਤਾ ਹੈ॥੪੦॥

ਸਕਲ ਕਚਹਿਰੀ ਕੀ ਬੁਧਿ ਘਨੀ। ਪਰਖਨਿ ਕੀਨਿ, ਪਿਖੀ ਅਰੁ ਸੁਨੀ।
ਜਿਸ ਪੁਰਿ ਬਾਜ਼ੀ ਅਹੈ ਉਚਾਰੋਂ। ਕਹਿ ਸਭਿ ਅਪਨੋ ਦੋਸ਼ ਉਤਾਰੋਂ॥ ੪੧॥

ਸਾਰੀ ਕਚਹਿਰੀ ਦੀ ਵੱਡੀ ਬੁਧੀ ਪਰਖੀ, ਵੇਖੀ ਅਤੇ ਸੁਣੀ ਹੈ ਜਿਸ ਨਗਰ ਵਿਚ ਘੋੜਾ ਗਿਆ ਹੈ, ਉਸ ਦਾ ਨਾਮ ਲੈ ਕੇ ਆਪਣਾ ਸਾਰਾ ਦੋਸ਼ ਦੂਰ ਕਰਦਾ ਹਾਂ॥੪੧॥

'ਭਾਈ ਰੂਪਾ' ਗ੍ਰਾਮ ਨਵੀਨ। ਕਿਯ ਡੇਰਾ ਸਤਿਗੁਰੂ ਪ੍ਰਬੀਨ।
ਤਹਿਂ ਦਿਲਬਾਗ ਖਰੋ ਹਯ ਜਾਨਿ। ਅਬਿ ਗੁਲਬਾਗ ਜਾਇ ਤਿਸ ਥਾਨ' ॥੪੨॥

'ਭਾਈ ਰੂਪਾ' ਨਾਂ ਦਾ ਇਕ ਨਵਾਂ ਪਿੰਡ ਹੈ, ਉਥੇ ਸਤਿਗੁਰੂ ਹਰਿਗੋਬਿੰਦ ਜੀ ਨੇ ਡੇਰਾ ਕੀਤਾ ਹੈ, ਉਥੇ ਦਿਲਬਾਗ ਘੋੜਾ ਖੜਾ ਜਾਣੋ, ਹੁਣ ਗੁਲਬਾਗ ਵੀ ਉਸੇ ਥਾਂ ਜਾਵੇਗਾ' ॥੪੨॥

ਸ਼ਾਹਜਹਾਂ ਰਿਸ ਕਰਿ ਕਹਿ ਊਚੋ। 'ਗਹਹੁ ਦਰੋਗ਼ਾ ! ਨਿਕਟਿ ਪਹੂੰਚੋ।
ਇਹੁ ਤਸਕਰ ਲੇ ਜਾਇ ਨ ਘੋਰਾ। ਸੁਭਟ ਹਕਾਰਿ ਘੇਰਿ ਚਹੂੰ ਓਰਾ' ॥੪੩॥

ਸ਼ਾਹਜਹਾਂ ਗੁੱਸੇ ਵਿਚ ਆ ਕੇ ਬੜਾ ਉੱਚੀ ਆਵਾਜ਼ ਵਿਚ ਬੋਲਿਆ, 'ਹੇ ਦਰੋਗੇ ! ਇਸ ਦੇ ਨੇੜੇ ਪਹੁੰਚ ਕੇ ਇਸ ਨੂੰ ਫੜੋ। ਇਹ ਚੋਰ ਘੋੜਾ ਨਾ ਲੈ ਜਾਵੇ, ਸੂਰਮੇ ਬੁਲਾ ਕੇ ਇਸ ਨੂੰ ਚਾਰੇ ਪਾਸਿਆਂ ਤੋਂ ਘੇਰ ਲਵੋ' ॥੪੩॥

ਸੋਂਧਾ ਕਹੈ 'ਕਲੀਦ ਨ ਪਾਏ। ਸਰਬ ਪੋਰ ਕੋ ਕੁਲਫ ਲਗਾਏ।
ਸੁਭਟ ਸਹਿਤ ਮੈਂ ਪਹੁਚੋਂ ਕੈਸੇ। ਪ੍ਰਥਮ ਕਰੇ ਇਨ ਕੈਦੀ ਜੈਸੇ॥ ੪੪॥

ਸੋਂਧੇ ਦਰੋਗੇ ਨੇ ਕਿਹਾ, ''ਮੇਰੇ ਪਾਸ ਚਾਬੀ ਨਹੀਂ ਹੈ, ਸਾਰੇ ਦਰਵਾਜ਼ਿਆਂ ਨੂੰ ਤਾਲੇ ਲੱਗੇ ਹਨ। ਸੂਰਮਿਆਂ ਸਹਿਤ ਮੈਂ ਕਿਵੇਂ ਪਹੁੰਚ ਜਾਵਾਂ, ਪਹਿਲਾਂ ਇਸ ਨੇ ਕੈਦੀਆਂ ਵਾਂਗ ਬਣਾ ਲਿਆ ਹੈ॥੪੪॥

ਰਸਰਨਿ ਸੋਂ ਜਨੁ ਬੰਧਿ ਬਿਠਾਏ। ਬਨਹਿਂ ਉਪਾਇ ਨ ਕੋ ਬਲਲਾਏ'।
ਖਿਝ ਕਰਿ ਹਜ਼ਰਤ ਗਾਰਿ ਨਿਕਾਰੈ। 'ਕੋ ਨਰ ਪਹੁੰਚਹੁ' ਊਚ ਪੁਕਾਰੈ॥ ੪੫॥

ਮਾਨੋਂ ਰੱਸਿਆਂ ਨਾਲ ਮਨੁੱਖ ਬੰਨ੍ਹ ਕੇ ਬਿਠਾ ਲਏ ਹਨ, ਕੋਈ ਉਪਾਅ ਨਹੀਂ ਬਣੇਗਾ ਭਾਵੇਂ ਕੋਈ ਕਿੰਨਾ ਵੀ ਵਿਲਕਦਾ ਰਹੇ।'' ਬਾਦਸ਼ਾਹ ਖਿਝ ਕੇ ਗਾਲ੍ਹਾਂ ਕੱਢਣ ਲੱਗਾ, 'ਕੋਈ ਮਨੁੱਖ ਪਹੁੰਚ ਜਾਵੇ', ਇਸ ਲਈ ਉੱਚੀ-ਉੱਚੀ ਪੁਕਾਰ ਕਰਦਾ ਸੀ॥੪੫॥

ਸੁਨਿ ਬਿਧੀਏ ਪੁਨ ਊਚ ਬਖਾਨਾ। 'ਅਹੋ ਸ਼ਾਹੁ! ਕਜੋਂ ਕੁਪਤਿ ਮਹਾਨਾ ?।
ਘੋਰੇ ਜਥਾ ਜੋਗ ਮੈਂ ਲੀਨੇ। ਸਿਮਰੋ ਬਚ ਜੋ ਤੁਮ ਕਹਿ ਦੀਨੇ॥ ੪੬॥

ਇਹ ਸੁਣ ਕੇ ਫਿਰ ਬਿਧੀ ਚੰਦ ਨੇ ਉੱਚੀ ਦਿੱਤੀ ਕਿਹਾ, 'ਹੇ ਬਾਦਸ਼ਾਹ ਹਜ਼ੂਰ ! ਕਿਉਂ ਐਡਾ ਗੁੱਸਾ ਕਰਦੇ ਹੋ ? ਘੋੜੇ ਯਥਾਯੋਗ ਮੈਂ ਲਏ ਹਨ, ਮੇਰੇ ਬਚਨ ਯਾਦ ਕਰੋ, ਜੋ ਮੈਂ ਤੁਹਾਨੂੰ ਕਹਿ ਦਿੱਤੇ ਹਨ॥੪੬॥

ਪ੍ਰਥਮ ਚਾਕਰੀ ਮੇਰੀ ਰਹੀ। ਬਖਸ਼ਿਸ਼ ਦਈ, ਨ ਸੋ ਮੈਂ ਲਹੀ।
ਖੋਜ ਦੇਨਿ ਕੇ ਚਾਰਹੁਂ ਲਾਖਾ। ਰਹੇ ਇਹਾਂ, ਜੋ ਤੁਮ ਤਬਿ ਭਾਖਾ॥ ੪੭॥

ਪਹਿਲਾਂ ਮੈਂ ਤੁਹਾਡੀ ਨੌਕਰੀ ਕੀਤੀ ਹੈ, ਤੁਸੀਂ ਜਿਹੜੀ ਬਖਸ਼ਿਸ਼ ਦਿੱਤੀ ਸੀ, ਉਹ ਮੈਂ ਨਹੀਂ ਲਈ। ਘੋੜੇ ਦਾ ਖੋਜ ਦੱਸਣ ਵਾਸਤੇ ਚਾਰ ਲੱਖ ਦੇਣਾ ਮੰਨਿਆ ਸੀ, ਉਹ ਤੁਹਾਡੇ ਪਾਸ ਹੀ ਰਹੇਗਾ ਜੋ ਤੁਸੀਂ ਪਹਿਲਾਂ ਕਿਹਾ ਸੀ॥੪੭॥

ਸਵਾ ਲਾਖ ਤੁਮ ਫੇਰ ਬਤਾਏ। ਇਕ ਬਿਰਾਟਕਾ ਮੋਹਿ ਨ ਪਾਏ।
ਲੀਨੇ ਮੋਲ ਸਮਾਨ ਕਿਕਾਨ। ਜ਼ੀਨ ਸਮੇਤ ਇਤੇ ਹੀ ਜਾਨਿ॥ ੪੮ ॥

ਸਵਾ ਲੱਖ ਤੁਸੀਂ ਫਿਰ ਦੇਣਾ ਕੀਤਾ, ਮੈਂ ਉਸ ਵਿਚੋਂ ਇਕ ਕੌਡੀ ਵੀ ਨਹੀਂ ਲਈ ਹੈ। ਇਹ ਜੋ ਘੋੜੇ ਦਾ ਸਾਮਾਨ ਹੈ, ਸਮਝੋ ਇਹ ਮੈਂ ਮੁਲ ਲੈ ਲਏ ਹਨ, ਕਾਠੀਆਂ ਸਮੇਤ ਮਸਾ ਏਨੇ ਮੁੱਲ ਦੇ ਹੀ ਲੱਗਦੇ ਹਨ॥੪੮॥

ਰਹੀ ਕੁਛਕੁ ਬਾਕੀ ਮਮ ਜੋਇ। ਬਨਹੁ ਅਰਿਣੀ ਪੁਚਾਵਹੁ ਸੋਇ।
ਨਤੁ ਲੇਖਾ ਮੇਰਾ ਅਰੁ ਤੇਰਾ। ਹੁਇ ਦਰਗਾਹ ਬੀਚ ਬਡ ਝੇਰਾ॥ ੪੯ ॥

ਮੇਰਾ ਜਿਹੜਾ ਕੁਝ ਬਾਕੀ ਨਿਕਲਦਾ ਹੈ, ਉਹ ਕਰਜ਼ ਰਹਿਤ ਹੋਵੋ ਤੇ ਮੈਨੂੰ ਅਦਾ ਕਰ ਦੇਵੋ। ਨਹੀਂ ਤਾਂ ਮੇਰਾ ਅਤੇ ਤੇਰਾ ਲੇਖਾ ਦਰਗਾਹ ਵਿਚ ਵੱਡਾ ਝਗੜਾ ਪੈਦਾ ਕਰ ਦੇਵੇਗਾ॥੪੯॥

ਜੇ ਅਬਿ ਚਹਹੁ ਰੋਕਿਬੇ ਮੋਹੀ। ਧਨ ਕੋ ਦੇਨਿ ਮਤੋ ਨਹਿਂ ਤੋਹੀ।
ਮੈਂ ਗਮਨੋਂ ਨੀਕੇ ਕਰਿ ਕੂਰਾ। ਸਦਾ ਸਹਾਇਕ ਸ੍ਰੀ ਗੁਰ ਪੂਰਾ॥ ੫੦ ॥

ਜੇ ਹੁਣ ਚਾਹੁੰਦੇ ਹੋ ਤਾਂ ਮੈਨੂੰ ਰੋਕ ਲਵੋ, ਧਨ ਨੂੰ ਦੇਣ ਦਾ ਤੇਰਾ ਕੋਈ ਇਰਾਦਾ ਨਹੀਂ। ਮੈਂ ਚੰਗੀ ਤਰ੍ਹਾਂ ਝੂਠਾ ਕਰਕੇ ਜਾਂਦਾ ਹਾਂ, ਪੂਰਨ ਗੁਰੂ ਜੀ ਸਦਾ ਮੇਰੇ ਸਹਾਇਕ ਹਨ॥੫੦॥

ਇਹੁ ਕਲੀਦ ਸਭਿ ਹੈਂ ਮਮ ਤੀਰ। ਗੇਰੋਂ ਸਰਿਤਾ ਨੀਰ ਗਹੀਰ।
ਕਰਹੁ ਸ਼ੀਘ੍ਰਤਾ ਘੇਰਾ ਪਾਵਨ। ਪ੍ਰਥਮ ਤਾਰੀਅਨ ਕਰਿ ਨਿਕਸਾਵਨ॥ ੫੧ ॥

ਇਹ ਸਾਰੀਆਂ ਚਾਬੀਆਂ ਮੇਰੇ ਪਾਸ ਹਨ, ਮੈਂ ਇਨ੍ਹਾਂ ਨੂੰ ਦਰਿਆ ਦੇ ਡੂੰਘੇ ਪਾਣੀ ਵਿਚ ਸੁੱਟ ਦੇਵਾਂਗਾ। ਛੇਤੀ ਨਾਲ ਘੇਰਾ ਪਾ ਲਵੋ, ਪਹਿਲਾਂ ਚਾਬੀਆਂ ਨਦੀ ਵਿਚੋਂ ਕੱਢੋ"॥੫੧॥

ਇਮ ਸਭਿ ਕਹਿ ਕੇ ਧੀਰਜ ਸਾਥ। ਨ੍ਰਿਭੈ ਬੀਰ ਸਿਮਰਜੋ ਗੁਰ ਨਾਥ।
ਪੰਚਾਂਮ੍ਰਿਤ ਪੰਚਨ ਕੋ ਮਾਨਾ। ਕੀਨਿ ਬੰਦਨਾ ਧਰਿ ਗੁਰ ਧਯਾਨਾ॥ ੫੨ ॥

ਇਸ ਤਰ੍ਹਾਂ ਕਹਿ ਕੇ ਬੜੇ ਧੀਰਜ ਨਾਲ, ਨਿਰਭੈ ਯੋਧੇ ਨੇ ਮਾਲਕ ਗੁਰੂ ਜੀ ਨੂੰ ਯਾਦ ਕੀਤਾ, ਪੰਜਾਂ ਰੁਪਈਆਂ ਦਾ ਕੜਾਹ ਪ੍ਰਸਾਦ ਕਰਵਾਉਣਾ ਮੰਨਿਆ ਤੇ ਗੁਰੂ ਜੀ ਵੱਲ ਧਿਆਨ ਧਰ ਕੇ ਬੰਦਨਾ ਕੀਤੀ॥੫੨॥

'ਅਬਿ ਮੈਂ ਜਾਉਂ, ਫੇਰ ਸੁਨਿ ਲੀਜੈ। ਕਰਿਬੇ ਹੋਇ ਜਤਨ ਸੋ ਕੀਜੈ।
ਬਹੁਰ ਨ ਪਛੁਤਾਵਹੁ ਮਮ ਪਾਛੇ। ਕਹਹੁ ਕਿ ਸੁਧਿ ਹੋਈ ਨਹਿਂ ਆਛੇ'॥ ੫੩ ॥

"ਹੁਣ ਮੈਂ ਚਲਿਆ ਹਾਂ, ਫਿਰ ਸੁਣ ਲਵੋ, ਜਿਹੜਾ ਵੀ ਤੇਰੇ ਪਾਸੋਂ ਯਤਨ ਹੁੰਦਾ ਹੈ, ਕਰ ਲਵੋ। ਮੇਰੇ ਬਾਅਦ ਵਿਚ ਨਾ ਪਛਤਾਉਣਾ, ਦੱਸੋ ਕਿ ਚੰਗੀ ਤਰ੍ਹਾਂ ਖ਼ਬਰ ਮਿਲੀ ਹੈ ਕਿ ਨਹੀਂ"॥੫੩॥

ਹਾਥ ਗਹਜੋ ਗੁੱਛਾ ਗਨ ਤਾਰੀ। ਕਹਿ ਕੈ ਊਚੈ ਇਕ ਦ੍ਵੈ ਬਾਰੀ।
ਡਾਰੀ ਸਰਿਤਾ ਨੀਰ ਗਹੀਰ। 'ਤੁਮ ਖੁਜਵਾਇ ਲੇਹੁ ਧਰਿ ਧੀਰ'॥ ੫੪ ॥

ਹੱਥ ਵਿਚ ਚਾਬੀਆਂ ਦਾ ਵੱਡਾ ਗੁੱਛਾ ਫੜ ਕੇ, ਇਕ ਦੋ ਵਾਰ ਬੜੀ ਉੱਚੀ ਆਵਾਜ਼ ਵਿਚ ਕਹਿ ਕੇ ਉਸ ਨੂੰ ਦਰਿਆ ਦੇ ਡੂੰਘੇ ਪਾਣੀ ਵਿਚ ਸੁੱਟ ਦਿੱਤਾ ਤੇ ਕਿਹਾ, "ਧੀਰਜ ਧਾਰ ਕੇ ਇਨ੍ਹਾਂ ਚਾਬੀਆਂ ਦੀ ਖੋਜ ਕਰਵਾ ਲਵੋ"॥੫੪॥

ਤਬਿ ਘੋੜੇ ਕਹੁ ਚਾਬੁਕ ਮਾਰਾ। ਰਿਸ ਕਰਿ ਅਪਨੋ ਬਲ ਸੰਭਾਰਾ।
ਉਛਰਜੋ ਛਾਰ ਪਾਰਿ ਦੀਵਾਰ। ਪਰਜੋ ਜਾਇ ਵਿਚ ਦੀਰਘ ਬਾਰਿ॥ ੫੫ ॥

ਘੋੜੇ ਨੂੰ ਫਿਰ ਚਾਬਕ ਮਾਰਿਆ, ਉਸ ਨੇ ਗੁੱਸੇ ਵਿਚ ਆ ਕੇ ਆਪਣੇ ਬਲ ਨੂੰ ਸੰਭਾਲਿਆ ਤੇ ਉੱਛਲ ਕੇ ਛਾਲ ਮਾਰ ਕੇ ਦੀਵਾਰ ਪਾਰ ਕਰ ਗਿਆ ਤੇ ਵੱਡੇ ਡੂੰਘੇ ਪਾਣੀ ਵਿਚ ਜਾ ਪਿਆ॥੫੫॥

ਹਯ ਅਰੂਢਬੇ ਬਿਖੇ ਪ੍ਰਬੀਨ। ਬਿਧੀਏ ਭਲੇ ਸੰਭਾਰਨ ਕੀਨਿ।
ਏਕ ਬਾਰ ਭੀਗੇ ਸਭਿ ਅੰਗ। ਪੁਨ ਜ਼ਾਨੂ ਲਗਿ ਨੀਰ ਤੁਰੰਗ॥ ੫੬॥

ਬਿਧੀ ਚੰਦ ਘੋੜ-ਸਵਾਰੀ ਵਿਚ ਬੜਾ ਚਤੁਰ ਸੀ, ਉਸ ਭਲੀ ਪ੍ਰਕਾਰ ਆਪਣੇ ਆਪ ਨੂੰ ਸੰਭਾਲ ਲਿਆ। ਇਕ ਵਾਰ ਸਾਰੇ ਅੰਗ ਭਿੱਜ ਗਏ, ਫਿਰ ਗੋਡਿਆਂ ਤੱਕ ਪਾਣੀ ਰਹਿ ਗਿਆ॥੫੬॥

ਬਹੁ ਬਲ ਤੇ ਪਹੁਂਚਯੋ ਜਲ ਪਾਰ। ਰੋਕ ਬਾਗ ਕਰ ਗ੍ਰੀਵਾ ਧਾਰਿ।
ਦੀਨਿ ਦਿਲਾਸਾ ਭਲੇ ਟਿਕਾਯੋ। ਚਾਬਕ ਤੇ ਰਿਸ ਕਰਿ ਚਪਲਾਯੋ॥ ੫੭॥

ਬੜੇ ਬਲ ਨਾਲ ਉਹ ਪਾਣੀ ਨੂੰ ਪਾਰ ਕਰ ਗਿਆ। ਲਗਾਮ ਨਾਲ ਰੋਕ ਕੇ ਧੌਣ ਤੇ ਹੱਥ ਫੇਰ ਕੇ ਦਿਲਾਸਾ ਦੇ ਕੇ ਚੰਗੀ ਤਰ੍ਹਾਂ ਖੜਾ ਕੀਤਾ। ਚਾਬਕ ਵੱਜਣ ਕਰਕੇ ਗੁੱਸੇ ਵਿਚ ਆ ਕੇ ਉਹ ਬੜਾ ਚੰਚਲ ਹੋ ਗਿਆ ਸੀ॥੫੭॥

ਸਨੇ ਸਨੇ ਕਰਿ ਪੰਥ ਚਲਾਯੋ। ਨੀਠ ਨੀਠ ਕਰਿ ਸੁਭ ਗਤਿ ਪਾਯੋ।
ਕਰਿ ਤਾਰਨ ਕੀ ਸੇਧ ਪਯਾਨੋ। ਚੀਨਤਿ ਚਿੰਨ੍ਹ ਜਾਤਿ ਸੁਖ ਠਾਨੋ॥ ੫੮॥

ਹੌਲੀ-ਹੌਲੀ ਜਿਵੇਂ-ਤਿਵੇਂ ਕਰਕੇ ਸੋਹਣੀ ਚਾਲੇ ਪਾ ਲਿਆ। ਤਾਰਿਆਂ ਦੀ ਸੇਧ ਤੇ ਚਲ ਪਿਆ। ਸੁੱਖ ਧਾਰ ਕੇ ਨਿਸ਼ਾਨੀਆਂ ਨੂੰ ਵੇਖਦਾ ਜਾਂਦਾ ਸੀ॥੫੮॥

*ਸੱਤਵੀਂ ਰਾਸ ਦਾ ਛੱਤੀਵਾਂ ਅਧਿਆਇ ਸਮਾਪਤ ਹੋਇਆ॥੩੬॥*

## ਅਧਿਆਇ ਸੈਂਤੀਵਾਂ

### ਗੁਰੂ ਜੀ ਦੇ ਹਜ਼ੂਰ

ਦੋਹਰਾ- ਲੇ ਗਮਨਯੋ ਪਿਖਿ ਪੰਥ ਕੋ ਹੋਵਤਿ ਰਿਦੈ ਅਨੰਦ।
ਗਾਵਤਿ ਸਤਿਗੁਰ ਕੇ ਸਬਦ ਉਮਗੇ ਪ੍ਰੇਮ ਬਿਲੰਦ॥ ੧॥

ਹਿਰਦੇ ਵਿਚ ਬੜਾ ਆਨੰਦਮਈ ਹੋ ਕੇ ਰਾਹ ਵੇਖਦਾ ਚਲਾ ਗਿਆ। ਸਤਿਗੁਰੂ ਜੀ ਦੇ ਸ਼ਬਦ ਗਾਉਂਦਾ ਸੀ ਤੇ ਬੜਾ ਪ੍ਰੇਮ ਠਾਠਾਂ ਮਾਰ ਰਿਹਾ ਸੀ॥੧॥

*ਆਸਾ ਮਹਲਾ ੫॥*

*ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥*
*ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥ ੧॥*
*ਸੇਵਕ ਕਉ ਨਿਕਟੀ ਹੋਇ ਦਿਖਾਵੈ॥*
*ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ॥ ੧॥ ਰਹਾਉ॥*

*ਤਿਸੁ ਸੇਵਕ ਕੈ ਹਉ ਬਲਿਹਾਰੀ ਜੋ ਅਪਨੇ ਪ੍ਰਭ ਭਾਵੈ ॥*

*ਤਿਸ ਕੀ ਸੋਇ ਸੁਣੀ ਮਨੁ ਹਰਿਆ ਤਿਸੁ ਨਾਨਕ ਪਰਸਣਿ ਆਵੈ ॥ ੨ ॥ ੭ ॥ ੧੨੯ ॥ (ਪੰਨਾ ੪੦੩)*

ਵਾਹਿਗੁਰੂ ਆਪ ਆਪਣੇ ਸੇਵਕ ਦੀ ਇਜ਼ਤ ਰਖਦਾ ਹੈ ਅਤੇ ਆਪ ਹੀ ਉਸ ਪਾਸੋਂ ਆਪਣਾ ਨਾਮ ਜਪਾਉਂਦਾ ਹੈ।
ਜਿਥੇ ਕਿਤੇ ਆਪਣੇ ਸੇਵਕ ਦਾ ਕੰਮ ਕਾਜ ਵੇਖਦਾ ਹੈ, ਉਥੇ ਹੀ ਸਵਾਮੀ ਭੱਜ ਕੇ ਜਾਂਦਾ ਹੈ ॥੧॥
ਆਪਣੇ ਸੇਵਕ ਨੂੰ ਮਾਲਕ ਆਪਣੇ ਆਪ ਨੂੰ ਨੇੜੇ ਹੋ ਕੇ ਵਿਖਾਉਂਦਾ ਹੈ।
ਜੋ ਜੋ ਸੇਵਕ ਆਪਣੇ ਮਾਲਕ ਨੂੰ ਕਹਿੰਦਾ ਹੈ, ਉਹ ਤੁਰਤ ਹੀ ਹੋ ਜਾਂਦਾ ਹੈ ॥੧॥ ਠਹਿਰਾਉ ॥
ਮੈਂ ਉਸ ਸੇਵਕ ਦੇ ਕੁਰਬਾਨ ਜਾਂਦਾ ਹਾਂ, ਜਿਹੜੇ ਆਪਣੇ ਪ੍ਰਭੂ ਨੂੰ ਚੰਗਾ ਲੱਗਦਾ ਹੈ।
ਉਸ ਸੇਵਕ ਦੀ ਸ਼ੋਭਾ ਸੁਣ ਕੇ ਨਾਨਕ ਦਾ ਹਿਰਦਾ ਹਰਿਆ ਭਰਿਆ ਹੋ ਜਾਂਦਾ ਹੈ।
ਉਸ ਦੇ ਪੈਰਾਂ ਨੂੰ ਪਰਸਣ ਲਈ ਨਾਨਕ ਉਸ ਪਾਸ ਜਾਂਦਾ ਹੈ ॥੨॥੭॥੧੨੯॥

ਚੌਪਈ-ਇੱਤਜਾਦਿਕ ਗੁਰ ਸਬਦਨਿ ਗਾਵੈ। ਊਚੀ ਧੁਨੀ ਪ੍ਰੇਮ ਉਮਗਾਵੈ।
ਗ੍ਰਾਮ ਨਗਰ ਜੋ ਮਗ ਮਹਿਂ ਆਵੈ। ਵਹਿਰ ਵਹਿਰ ਬਿਨ ਤ੍ਰਾਸ ਸਿਧਾਵੈ ॥੨॥

ਇਤਿਆਦਿ ਗੁਰੂ ਜੀ ਦੇ ਸ਼ਬਦ ਗਾਉਂਦਾ ਸੀ, ਉੱਚੀ ਧੁੰਨ ਵਿਚ ਬੜਾ ਉਛਾਲੇ ਮਾਰ ਰਿਹਾ ਸੀ। ਜਿਹੜਾ ਪਿੰਡ ਨਗਰ ਰਾਹ ਵਿਚ ਆਉਂਦਾ ਸੀ, ਬਗੈਰ ਕਿਸੇ ਡਰ ਦੇ ਉਸ ਦੇ ਬਾਹਰ-ਬਾਹਰ ਦੀ ਚਲੇ ਜਾਂਦਾ ਸੀ ॥੨॥

ਧੀਰਜ ਦੇਤਿ ਚਲਾਵਤਿ ਘੋਰਾ। ਜਿਸ ਤੇ ਸ਼੍ਰਮਤਿ ਹੋਹਿ ਤਨ ਥੋਰਾ।
ਮਜਲ ਪ੍ਰਥਮ ਕੀ ਚਲਨਿ ਬਿਸਾਲਾ। ਰਹਜੋ ਬੰਦ ਹਯ ਭਾ ਬਹੁ ਕਾਲਾ ॥੩॥

ਘੋੜੇ ਨੂੰ ਧੀਰਜ ਦੇ ਕੇ ਚਲਾ ਰਿਹਾ ਸੀ, ਜਿਸ ਨਾਲ ਉਸ ਦੇ ਸਰੀਰ ਦਾ ਥਕੇਵਾਂ ਘਟਦਾ ਸੀ। ਪਹਿਲੀ ਵਾਰ ਲੰਮੀ ਮੰਜ਼ਲ ਤੇ ਚਲਿਆ ਸੀ, ਕਿਉਂਕਿ ਘੋੜੇ ਨੂੰ ਬੰਨ੍ਹਿਆ ਰਖਿਆਂ ਬਹੁਤ ਸਮਾਂ ਹੋ ਗਿਆ ਸੀ ॥੩॥

ਮਹਾਂ ਚਤੁਰ ਸੁਭ ਬੁਧਿ ਉਪਜਾਵਤਿ। ਆਛੀ ਰੀਤਿ ਚਲਜੋ ਮਗ ਜਾਵਤਿ।
ਸਰਿਤਾ ਜੁਗਲ ਏਕ ਥਲ ਬਹੈਂ। ਪਹੁੰਚਜੋ ਤਹਾਂ ਨੀਰ ਬਡ ਅਹੈ ॥ ੪ ॥

ਮਹਾਨ ਚਤੁਰ ਸੀ ਤੇ ਸੁਭ ਬੁੱਧੀ ਪ੍ਰਗਟ ਕਰਦਾ ਸੀ, ਤੇ ਚੰਗੀ ਰੀਤੀ ਅਨੁਸਾਰ ਰਾਹੇ-ਰਾਹ ਚਲਿਆ ਜਾ ਰਿਹਾ ਸੀ। ਇਕ ਥਾਂ ਦੋ ਨਦੀਆਂ ਵਗਦੀਆਂ ਸਨ, ਉਥੇ ਪਹੁੰਚਿਆ ਜਿਥੇ ਪਾਣੀ ਬਹੁਤ ਡੂੰਘਾ ਸੀ ॥੪॥

ਲਖਿ ਸੁਭ ਘਾਟ ਉਤਾਰਜੋ ਘੋਰਾ। ਚਰਨਨ ਕੋ ਜ਼ਾਨੂ ਲਗਿ ਬੋਰਾ।
ਤਰਿ ਕਰਿ ਪਾਰ ਭਯੋ ਸਭਿ ਬਾਰੀ। ਲਖਹਿ ਭੇਵ ਸਭਿ ਦੂਸਰ ਬਾਰੀ ॥ ੫ ॥

ਸ਼ੁਭ ਘਾਟ ਵੇਖ ਕੇ ਘੋੜੇ ਨੂੰ ਉਤਾਰਿਆ, ਚਰਨਾਂ ਨੂੰ ਗੋਡਿਆਂ ਤੱਕ ਪਾਣੀ ਲੱਗਾ। ਸਾਰਾ ਜਲ ਤਰ ਕੇ ਪਾਰ ਹੋ ਗਿਆ। ਕਿਉਂਕਿ ਦੂਸਰੀ ਵਾਰੀ ਘੋੜਾ ਲੈ ਕੇ ਆਇਆ ਹੈ, ਇਸ ਕਰਕੇ ਸਾਰਾ ਭੇਦ ਜਾਣਦਾ ਹੈ ॥੫॥

ਚਲਜੋ ਜਾਤਿ ਬਿਨ ਭੈ ਬੁਧਿਵਾਨ। ਆਸਮਾਨ ਮਹਿਂ ਜਥਾ ਬਿਮਾਨ।
ਪੀਠ ਤੁਰੰਗਮ ਕੋ ਆਨੰਦ। ਮਨਹੁਂ ਸੁਰਗ ਸੁਖ ਲਹਜੋ ਬਿਲੰਦ ॥ ੬ ॥

ਬੁਧੀਵਾਨ ਬਿਧੀ ਚੰਦ ਭੈ-ਰਹਿਤ ਚਲਿਆ ਜਾ ਰਿਹਾ ਸੀ, ਜਿਵੇਂ ਅਕਾਸ਼ ਤੇ ਵਿਮਾਣ ਉਡ ਰਿਹਾ ਹੋਵੇ। ਘੋੜੇ ਦੀ ਪਿੱਠ ਤੇ ਬੜੇ ਅਨੰਦ ਨਾਲ ਬੈਠਾ ਸੀ, ਮਾਨੋਂ ਸਵਰਗਾਂ ਦਾ ਮਹਾਨ ਸੁਖ ਲੈ ਰਿਹਾ ਸੀ ॥੬॥

ਬਿਨਾ ਡੋਲ ਥਲ ਤੇ ਕਲ ਚਾਲੇ। ਥੋਰੇ ਕਾਲ ਪਯਾਨ ਬਿਸਾਲੇ।
ਰੋਕਿ ਰੋਕਿ ਹਯ ਪੰਥ ਚਲਾਵੈ। 'ਸ਼੍ਰਮਤਿ ਨ ਹੋਇ' ਸਧੀਰਜ ਜਾਵੈ ॥ ੭ ॥

ਅਡੋਲ ਸ਼ਕਤੀ ਨਾਲ ਸੋਹਣੀ ਚਾਲੇ ਚਲਿਆ ਜਾ ਰਿਹਾ ਹੈ, ਥੋੜ੍ਹੇ ਸਮੇਂ ਵਿਚ ਬਹੁਤਾ ਚਲਦਾ ਹੈ। ਘੋੜੇ ਨੂੰ ਰੋਕ-ਰੋਕ ਕੇ ਰਸਤੇ ਵਿਚ ਚਲਾਉਂਦਾ ਸੀ, 'ਥੱਕ ਨਾ ਜਾਵੇ' ਇਸ ਲਈ ਸ੍ਰੇਸ਼ਟ ਧੀਰਜ ਨਾਲ ਜਾਂਦਾ ਸੀ॥੭॥

ਰਹਯੋ ਕਿਤਿਕ ਦਿਨ ਜਬਿ ਹੀ ਆਇ। ਰੂਪਾ ਗ੍ਰਾਮ ਦ੍ਰਿਸ਼ਟਿ ਤਬਿ ਥਾਇਂ।
ਤੰਬੂ ਨਹੀਂ ਸੰਬੂਹ ਨਿਹਾਰੇ। 'ਕਿਤ ਗਮਨੇ ਗੁਰ' ਰਿਦੈ ਬਿਚਾਰੇ॥ ੮॥

ਜਦ ਕਈ ਦਿਨ ਸਫਰ ਤੇ ਰਿਹਾ ਤਾਂ ਫਿਰ ਰੂਪਾ ਪਿੰਡ ਨਜ਼ਰੀਂ ਆਇਆ। ਉਥੇ ਜਾ ਕੇ ਵੇਖਿਆ, ਕੋਈ ਵੀ ਤੰਬੂ ਨਹੀਂ ਸੀ। "ਗੁਰੂ ਜੀ ਕਿਥੇ ਚਲੇ ਗਏ" ਹਿਰਦੇ ਵਿਚ ਵਿਚਾਰਦਾ ਸੀ॥੮॥

'ਕੂਚ ਕਰਯੋ ਇਹ ਥਲ ਤੇ ਕੈਸੇ ?। ਕਾਰਨ ਕਵਨ ਰਹੇ ਨਹਿਂ ਤੈਸੇ ?"।
ਗ੍ਰਾਮ ਬਿਖੈ ਤੂਰਨ ਹੀ ਆਯੋ। ਬੂਝਨ ਕੀਨੋ ਨਰ ਦ੍ਰਿਸ਼ਟਾਯੋ॥ ੯॥

"ਇਸ ਥਾਂ ਤੋਂ ਡੇਰਾ ਕਿਵੇਂ ਕੂਚ ਕਰ ਗਏ ਹਨ ? ਕੋਈ ਐਸਾ ਕਾਰਨ ਦਿਖਾਈ ਨਹੀਂ ਦਿੰਦਾ ਹੈ ?" ਤੁਰਤ ਪਿੰਡ ਦੇ ਵਿਚ ਆਇਆ, ਜਿਹੜਾ ਵੀ ਮਨੁੱਖ ਦਿਖਾਈ ਦਿੱਤਾ, ਉਸ ਤੋਂ ਪੁਛਿਆ॥੯॥

ਤਿਸ ਤਬਿ ਭਨਯੋ 'ਗੁਰੂ ਕੇ ਆਗੇ। ਬਿਨਤੀ ਕੀਨੀ ਜੋਧ ਸਭਾਗੇ।
ਕਾਂਗੜ ਪੁਰਿ ਨਿਜ ਘਰ ਲੈ ਗਯੋ। ਇਸ ਹਿਤ ਡੇਰਾ ਗਮਨਤਿ ਭਯੋ' ॥੧੦॥

ਉਸ ਮਨੁੱਖ ਨੇ ਕਿਹਾ, "ਗੁਰੂ ਜੀ ਪਾਸ ਭਾਗਾਂ ਵਾਲੇ ਜੋਧ ਰਾਇ ਨੇ ਬੇਨਤੀ ਕੀਤੀ ਸੀ। ਉਨ੍ਹਾਂ ਨੂੰ ਕਾਂਗੜ ਪੁਰ ਆਪਣੇ ਘਰ ਲੈ ਗਿਆ ਹੈ, ਇਸ ਕਰਕੇ ਡੇਰਾ ਉਥੇ ਚਲੇ ਗਿਆ ਹੈ" ॥੧੦॥

ਸੁਨਿ ਪ੍ਰਸੰਨ ਮਨ ਹ੍ਵੈ ਕਰਿ ਚਾਲਾ। ਕਹਤਿ 'ਧੰਨ ਗੁਰ, ਧੰਨ ਬਿਸਾਲਾ'।
ਜੁਗ ਕੋਸਨ ਤੇ ਉਤਰਿ ਚਲਾਯੋ। ਰੇਸ਼ਮ ਡੋਰਨਿ ਤੇ ਫੁਰਿਆਯੋ॥ ੧੧॥

ਇਹ ਸੁਣ ਕੇ ਮਨ ਵਿਚ ਬੜਾ ਪ੍ਰਸੰਨ ਹੋ ਕੇ ਚਲਿਆ ਤੇ ਕਹਿਣ ਲੱਗਾ, "ਧੰਨ ਗੁਰੂ ਜੀ ਧੰਨ ਉਨ੍ਹਾਂ ਦੀ ਮਹਾਨਤਾ ਹੈ।" ਦੋ ਕੋਹਾਂ ਤੋਂ ਘੋੜੇ ਤੋਂ ਉਤਰ ਕੇ ਚਲ ਪਿਆ ਤੇ ਘੋੜੇ ਨੂੰ ਰੇਸ਼ਮ ਦੇ ਰੱਸੇ ਨਾਲ ਫੜ ਲਿਆ॥੧੧॥

ਜਗ ਮਗ ਜ਼ੀਨ ਕਰੈ ਜਿਸ ਕੇਰਾ। ਸਨੇ ਸਨੇ ਚਲਿ ਕਰਿ ਤਿਸ ਬੇਰਾ।
ਗੁਰ ਡੇਰੇ ਕਹੁ ਜਬਿ ਨਿਯਰਾਯੋ। ਦੇਖਤਿ ਨਮੋ ਕੀਨਿ ਸਿਰ ਨਜਾਯੋ॥ ੧੨॥

ਜਿਸ ਘੋੜੇ ਦੀ ਕਾਠੀ ਜਗਮਗ ਜਗਮਗ ਕਰਦੀ ਸੀ, ਉਸ ਸਮੇਂ ਉਹ ਹੌਲੀ-ਹੌਲੀ ਚਲ ਰਿਹਾ ਸੀ। ਜਦ ਗੁਰੂ ਜੀ ਦੇ ਡੇਰੇ ਨੂੰ ਵੇਖਿਆ ਤਾਂ ਸਿਰ ਨਿਵਾ ਕੇ ਨਮਸਕਾਰ ਕੀਤੀ॥੧੨॥

ਆਗੇ ਲਗਯੋ ਦਿਵਾਨ ਮਹਾਨੂ। ਰਾਗ ਰੰਗ ਕਰਿ ਰਹੇ ਸੁਜਾਨੂ।
ਜੋਧੁ ਮਹੀਪ ਸਮੀਪ ਗੁਸਾਈਂ। ਸਿਮਰਤਿ ਸੇਵਕ 'ਹਯ ਲੇ ਆਈ' ॥ ੧੩॥

ਅੱਗੇ ਮਹਾਨ ਦਿਵਾਨ ਲੱਗਾ ਸੀ, ਚਤੁਰ ਮਨੁੱਖ ਰਾਗ ਰੰਗ ਕਰ ਰਹੇ ਸਨ। ਰਾਜਾ ਜੋਧ ਗੁਰੂ ਜੀ ਪਾਸ ਬੈਠੇ ਸਨ, ਸੇਵਕ ਨੂੰ ਯਾਦ ਕਰ ਰਹੇ ਸਨ ਕਿ "ਘੋੜਾ ਲੈ ਕੇ ਆਵੇਗਾ" ॥੧੩॥

ਇਤਨੇ ਮਹਿਂ ਆਵਤਿ ਕੋ ਹੇਰਾ। ਸੰਗ ਤੁਰੰਗਮ ਚਪਲ ਬਡੇਰਾ।
ਉਠਿ ਦਿਵਾਨ ਤੇ ਆਗੂ ਆਏ। ਦੇਖਨਿ ਕੋ ਬਾਜੀ ਲਲਚਾਏ॥ ੧੪॥

ਏਨੇ ਵਿਚ ਬਿਧੀ ਚੰਦ ਨੂੰ ਆਉਂਦੇ ਨੂੰ ਵੇਖਿਆ, ਨਾਲ ਬਹੁਤ ਵੱਡਾ ਚੰਚਲ ਘੋੜਾ ਸੀ। ਦੀਵਾਨ ਵਿਚੋਂ ਉਠ ਕੇ ਅੱਗੇ ਆਏ ਤੇ ਘੋੜੇ ਨੂੰ ਵੇਖਣ ਲਈ ਲਲਚਾ ਗਏ॥੧੪॥

ਉਤਲਾਵਤਿ ਬਿਧੀਏ ਪਗ ਗਹੇ। ਸੀਸ ਧਰਜੋ ਬਡ ਆਨੰਦ ਲਹੇ।
ਭੁਜਾ ਪਕਰਿ ਗੁਰ ਉਰਧ ਉਠਾਯੋ। ਅਪਨੇ ਅੰਗ ਸੰਗ ਗੁਰ ਲਾਯੋ॥ ੧੫ ॥

ਬਿਧੀ ਚੰਦ ਨੇ ਬੜੇ ਉਤਾਵਲੇ ਹੋ ਕੇ ਚਰਨਾ ਨੂੰ ਫੜਿਆ ਤੇ ਉਨ੍ਹਾਂ ਉਤੇ ਆਪਣਾ ਸਿਰ ਧਰ ਕੇ ਬੜਾ ਅਨੰਦ ਪਾਇਆ। ਬਾਂਹ ਫੜ ਕੇ ਗੁਰੂ ਜੀ ਨੇ ਉਪਰ ਚੁਕਿਆ ਤੇ ਉਸ ਨੂੰ ਆਪਣੇ ਅੰਗ ਸੰਗ ਲਾਇਆ॥੧੫॥

ਕਹਜੋ 'ਕੀਨ ਤੈਂ ਬਡ ਉਪਕਾਰਾ। ਜੋ ਦੁਸ਼ਕਰ ਅਤਿ ਕਠਨ ਕਰਾਰਾ।
ਭਯੋ ਅਧਿਕ ਰਿਣ ਸੀਸ ਹਮਾਰੇ। ਜਾਚਹੁ ਬਰ ਅਬਿ ਦੇਹਿਂ ਉਤਾਰੇ' ॥ ੧੬ ॥

ਗੁਰੂ ਜੀ ਨੇ ਕਿਹਾ, "ਤੂੰ ਵੱਡਾ ਉਪਕਾਰ ਕੀਤਾ ਹੈ ਜੋ ਬੜਾ ਔਖਾ ਤੇ ਕਰੜਾ ਕਠਨ ਕੰਮ ਸੀ। ਸਾਡੇ ਸਿਰ ਤੇ ਤੇਰਾ ਬਹੁਤ ਕਰਜ਼ ਚੜ੍ਹ ਗਿਆ ਹੈ, ਹੁਣ ਕੋਈ ਵਰ ਮੰਗ ਲਵੋ ਤਾਂਕਿ ਅਸੀਂ ਕਰਜ਼ ਉਤਾਰ ਦੇਈਏ" ॥੧੬॥

ਸੁਨਿ ਕਰਿ ਬਿਧੀ ਚੰਦ ਕਰ ਜੋਰੇ। 'ਪ੍ਰਭੁ ਜੀ ! ਬਰਤਹੁ ਸਭਿ ਹੀ ਠੋਰੇ।
ਕਰਜ਼ ਆਪ ਅਰੁ ਆਪ ਚਢਾਵੈਂ। ਬਹੁਰ ਦੇਨ ਆਪੇ ਲਲਚਾਵੈਂ॥ ੧੭॥

ਇਹ ਸੁਣ ਕੇ ਬਿਧੀ ਚੰਦ ਨੇ ਹੱਥ ਜੋੜੇ ਤੇ ਕਿਹਾ, 'ਹੇ ਪ੍ਰਭੂ ਜੀ ! ਆਪ ਜੀ ਦਾ ਸਭ ਥਾਂ ਵਰਤਾਰਾ ਹੈ। ਕਰਜ਼ ਵੀ ਆਪ ਹੋ ਤੇ ਕਰਜ਼ ਚੜ੍ਹਾਉਣ ਵਾਲੇ ਵੀ ਆਪ ਹੋ। ਫਿਰ ਕਰਜ਼ ਦੇਣਾ ਵੀ ਆਪ ਹੀ ਚਾਹੁੰਦੇ ਹੋ॥੧੭॥

ਇਹ ਸਭਿ ਤੁਮਰੇ ਚੋਜ ਵਿਡਾਨਾ। ਕਰਹੁ ਆਪ ਅਰੁ ਆਪਹਿ ਠਾਨਾ।
ਮੁਝ ਪਰ ਤੇ ਬਹੁ ਕਰੁਨਾ ਕਰੀ। ਜਾਚਨ ਕੀ ਅਭਿਲਾਖਾ ਹਰੀ॥ ੧੮॥

ਇਹ ਸਭ ਤੁਹਾਡੇ ਮਾਇਆਵੀ ਚੋਜ ਹਨ, ਆਪੇ ਕਾਰਜ ਆਰੰਭ ਕਰਦੇ ਤੇ ਆਪੇ ਉਸ ਨੂੰ ਕਰ ਵੀ ਦਿੰਦੇ ਹੋ, ਮੇਰੇ ਤੇ ਤਾਂ ਬਹੁਤ ਕਿਰਪਾ ਕੀਤੀ ਹੈ, ਮੰਗਣ ਦੀ ਇੱਛਾ ਦੂਰ ਕੀਤੀ ਹੈ॥੧੮॥

ਦਿਹੁ ਗੁਰ ! ਸੰਗ ਨਾਮ ਕੋ ਰੰਗ। ਬੀਤਹਿ ਬੈਸ ਸੰਤ ਕੇ ਸੰਗ'।
ਸੁਨਿ ਕਰਿ ਸਤਿਗੁਰ ਭਏ ਪ੍ਰਸੀਨਾ। ਸਭਿਨਿ ਸੁਨਾਵਤਿ ਉਚਰਨ ਕੀਨਾ ॥੧੯॥

ਹੇ ਗੁਰੂ ਜੀ ! ਮੈਨੂੰ ਨਾਮ ਦੇ ਨਾਲ ਪ੍ਰੇਮ ਬਖਸ਼ੋ ਤਾਂਕਿ ਮੇਰੀ ਉਮਰ ਸੰਤਾਂ ਦੇ ਸੰਗ ਬਤੀਤ ਹੋਵੇ'। ਇਹ ਸੁਣ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ, ਸਾਰਿਆਂ ਨੂੰ ਸੁਣਾ ਕੇ ਉਚਾਰਨ ਕੀਤਾ॥੧੯॥

'ਬਿਧੀ ਚੰਦ ਛੀਨਾ ਗੁਰ ਸੀਨਾ। ਸਦਾ ਗੁਰੂ ਕੇ ਰਸ ਮਹਿਂ ਭੀਨਾ।
ਸਰਬ ਬਿਕਾਰਨ ਤੇ ਉਰ ਹੀਨਾ। ਹਮਰੇ ਉਰ ਅਨੰਦ ਕੋ ਦੀਨਾ॥ ੨੦॥

"ਬਿਧੀ ਚੰਦ ਛੀਨਾ, ਗੁਰਾਂ ਦਾ ਸੀਨਾ ਹੈ ਭਾਵ ਬਿਧੀ ਚੰਦ ਛੀਨਾ ਬੜਾ ਪਿਆਰਾ ਹੈ, ਛੀਨਾ ਬਿਧੀ ਚੰਦ ਦੀ ਗੋਤ ਹੈ। ਉਹ ਸਦਾ ਗੁਰੂ ਜੀ ਦੇ ਜੱਸ ਵਿਚ ਭਿੱਜਾ ਰਹਿੰਦਾ ਹੈ। ਸਭ ਵਿਕਾਰਾਂ ਤੋਂ ਉਸ ਦਾ ਹਿਰਦਾ ਖਾਲੀ ਹੈ, ਸਾਡੇ ਦਿਲ ਨੂੰ ਉਹ ਅਨੰਦ ਦਿੰਦਾ ਹੈ॥੨੦॥

ਦੁਸ਼ਕਰ ਕਾਜ ਸੁਗਮ ਕਰਿ ਲੀਨਾ। ਗੁਰੂ ਸੇਵ ਮਹਿਂ ਸੁਮਤਿ ਪ੍ਰਬੀਨਾ।
ਇਸਕੇ ਸਮਸਰ ਅਪਰ ਨ ਚੀਨਾ। ਸਭਿ ਕੋ ਮਨ ਬਿਸਮਾਵਨ ਕੀਨਾ॥ ੨੧ ॥

ਔਖੇ ਕਾਰਜ ਨੂੰ ਵੀ ਸੌਖਾ ਕਰ ਲਿਆ ਹੈ, ਗੁਰਾਂ ਦੀ ਸੇਵਾ ਵਿਚ ਉਸ ਦੀ ਸ੍ਰੇਸ਼ਟ ਬੁੱਧੀ ਨਿਪੁੰਨ ਹੈ। ਇਸ ਦੇ ਬਰਾਬਰ ਹੋਰ ਕੋਈ ਨਹੀਂ ਵੇਖਿਆ ਹੈ, ਸਾਰਿਆਂ ਦੇ ਮਨਾਂ ਨੂੰ ਇਸ ਹੈਰਾਨ ਕੀਤਾ ਹੈ॥੨੧॥

ਕਹੈਂ ਕਹਾਂ ਲਗਿ ਤੋਹਿ ਬਡਾਈ। ਅਤਿ ਚਾਤੁਰਤਾ ਚਿਤ ਉਪਜਾਈ।
ਛਲੇ ਸ਼ਾਹੁ ਜੁਤਿ ਤੁਰਕ ਘਨੇਰੇ। ਅਚਰਜ ਚਲਿਤ ਲਖੇ ਨਹਿਂ ਤੇਰੇ' ॥ ੨੨ ॥

ਕਿਥੋਂ ਤੱਕ ਤੇਰੀ ਵਡਿਆਈ ਕਰੀਏ, ਅੱਤਿ ਚਾਤੁਰਤਾ ਤੇਰੇ ਚਿੱਤ ਵਿਚ ਪ੍ਰਗਟ ਹੋਈ ਹੈ। ਬਾਦਸ਼ਾਹ ਸਮੇਤ ਬਹੁਤ ਤੁਰਕਾਂ ਨੂੰ ਛਲਿਆ ਹੈ ਤੇਰੇ ਅਸਚਰਜ ਚਰਿਤਰਾਂ ਨੂੰ ਸਮਝ ਨਹੀਂ ਸਕੇ ਹਨ''॥੨੨॥

ਜੋਧ ਰੁ ਜੇਠਾ ਬਿਧੀਆ ਮਿਲੇ। ਸਭਿਹਿਨਿ ਕਰਜੋ ਸਰਾਹਨਿ ਭਲੇ।
'ਸਾਧ ਸਾਧ' ਸਭਿ ਸਭਾ ਸੁਨਾਵੈ। 'ਇਹ ਕਾਰਜ ਤੋਹੀ ਬਨਿ ਆਵੈ॥ ੨੩॥

ਰਾਏ ਜੋਧ ਅਤੇ ਭਾਈ ਜੇਠਾ ਬਿਧੀ ਚੰਦ ਨੂੰ ਮਿਲੇ ਤੇ ਸਾਰਿਆਂ ਨੇ ਉਸ ਦੀ ਬਹੁਤ ਸ਼ਲਾਘਾ ਕੀਤੀ। 'ਸ਼ਾਬਾਸ਼ ਸ਼ਾਬਾਸ਼' ਸਾਰੀ ਸਭਾ ਕਹਿ ਰਹੀ ਸੀ, ''ਇਹ ਕਾਰਜ ਤੈਨੂੰ ਹੀ ਬਣ ਆਉਂਦਾ ਹੈ॥੨੩॥

ਅਪਰ ਕੌਨ ਕਰਿ ਸਾਕਹਿ ਐਸੇ। ਛਲੇ ਤੁਰਕ ਤੁਰਕੇਸੁਰ ਜੈਸੇ।
ਮਨਹੁਂ ਕਲੰਕਤਿ ਕੀਨੇ ਸਾਰੇ। ਰਹੇ ਬਿਸੂਰਤਿ ਕੁਮਤਿ ਬਿਚਾਰੇ' ॥ ੨੪॥

ਹੋਰ ਕੌਣ ਇਸ ਤਰ੍ਹਾਂ ਕਰ ਸਕਦਾ ਹੈ ਜਿਹੜਾ ਤੁਰਕਾਂ ਤੇ ਤੁਰਕਾਂ ਦੇ ਬਾਦਸ਼ਾਹ ਵਰਗਿਆਂ ਨੂੰ ਛਲ ਲਵੇ। ਮਾਨੋਂ ਸਾਰਿਆਂ ਨੂੰ ਕਲੰਕਤ ਕਰ ਦਿੱਤਾ ਹੈ, ਮਾੜੀ ਮੱਤ ਵਾਲੇ ਵਿਚਾਰੇ ਝੂਰਦੇ ਰਹਿ ਗਏ ਹਨ॥੨੪॥

ਹਯ ਗੁਲਬਾਗ ਲਿਯੇ ਗੁਰ ਸੰਗ। ਮੇਲਜੋ ਜਹਿਂ ਦਿਲਬਾਗ ਤੁਰੰਗ।
ਪਿਖਤਿ ਪਰਸਪਰ ਜੁਗ ਹਿਹਨਾਏ। ਕਰੇ ਨੇਰ ਦ੍ਵੈ ਘ੍ਰਾਣ ਮਿਲਾਏ॥ ੨੫॥

ਗੁਰੂ ਜੀ ਦੇ ਨਾਲ ਗੁਲਬਾਗ ਘੋੜੇ ਨੂੰ ਲੈ ਕੇ, ਦਿਲਬਾਗ ਘੋੜੇ ਨਾਲ ਮਿਲਾ ਦਿੱਤਾ, ਦੋਵੇਂ ਇਕ ਦੂਸਰੇ ਨੂੰ ਵੇਖ ਕੇ ਹਿਣਕੇ, ਜਦ ਨੇੜੇ ਕੀਤੇ ਤਾਂ ਦੋਵਾਂ ਨੇ ਨਾਸਾਂ ਮਿਲਾਈਆਂ॥੨੫॥

ਮ੍ਰਿਦੁਲ ਹਿਰੇਖਾ ਬੋਲਤਿ ਭਲੇ। ਜਨੁ ਜੁਗ ਭ੍ਰਾਤ, ਬਿਛੁਰਿ ਬਹੁ, ਮਿਲੇ।
ਦਾਸਨ ਕੋ ਤਾਗੀਦ ਬਖਾਨੀ। 'ਹਯ ਕੀ ਸੇਵਾ ਕਰਹੁ ਮਹਾਨੀ॥ ੨੬॥

ਕੋਮਲ ਸੁਰ ਵਿਚ ਹਿਣਕ ਕੇ ਇਕ ਦੂਸਰੇ ਨਾਲ ਗੱਲਾਂ ਕਰਦੇ ਸਨ, ਮਾਨੋਂ ਦੋ ਭਰਾ ਵਿਛੜ ਕੇ ਦੁਬਾਰਾ ਮਿਲੇ ਹੋਣ। ਸੇਵਕਾਂ ਨੂੰ ਤਾਕੀਦ ਕਰ ਦਿੱਤੀ, ਘੋੜੇ ਦੀ ਮਹਾਨ ਸੇਵਾ ਕਰੋ॥੨੬॥

ਅਹੈ ਸ਼੍ਰਮਤਿ ਬਹੁ ਮਾਲਸ਼ ਕਰੀਅਹਿ। ਖਾਨ ਪਾਨ ਸਭਿ ਆਗੇ ਧਰੀਅਹਿ'।
ਸੌਂਪਨਿ ਕਰਿ ਜੇਠੇ ਕਹੁ ਤਬੈ। 'ਰਾਖਨੁ ਤਕਰਾਈ ਬਿਧਿ ਸਬੈ' ॥ ੨੭॥

ਬਹੁਤ ਥੱਕਿਆ ਹੋਇਆ ਹੈ, ਇਸ ਦੀ ਮਾਲਸ਼ ਕਰੋ, ਖਾਣਾ ਦਾਣਾ ਸਭ ਇਸ ਦੇ ਅੱਗੇ ਧਰੋ।'' ਭਾਈ ਜੇਠੇ ਨੂੰ ਉਸ ਦੀ ਸੌਂਪਣਾ ਕਰਕੇ ਕਿਹਾ, ''ਸਭ ਵਿਧੀਆਂ ਅਨੁਸਾਰ ਤਕੜਾਈ ਰਖੋ'' ॥੨੭॥

ਬਿਧੀ ਚੰਦ ਕੀ ਗਹਿ ਕਰਿ ਬਾਹੂ। ਆਏ ਪੁਨ ਦਿਵਾਨ ਕੇ ਮਾਂਹੂ।
ਬਿਕਸਤਿ ਬੋਲਤਿ ਬੂਝਤਿ ਬਾਤ। 'ਸਭਿਨਿ ਸੁਨਾਵਹੁ ਸਰਬ ਬ੍ਰਿਤਾਂਤ॥ ੨੮॥

ਗੁਰੂ ਜੀ ਫਿਰ ਬਿਧੀ ਚੰਦ ਦਾ ਹੱਥ ਫੜ ਕੇ ਦਿਵਾਨ ਦੇ ਵਿਚ ਆ ਗਏ। ਸਾਰਾ ਬਿਰਤਾਂਤ ਪੁੱਛਣ ਵਾਸਤੇ ਗੁਰੂ ਜੀ ਮੁਸਕਰਾ ਕੇ ਬੋਲੇ, ''ਸਾਰਿਆਂ ਨੂੰ ਸਭ ਬ੍ਰਿਤਾਂਤ ਸੁਣਾਵੋ॥੨੮॥

ਕਿਮ ਤੁਰੰਗ ਪੂਰਬ ਕੋ ਆਨਜੋ?। ਮਿਲਜੋ ਸ਼ਾਹ ਸੋਂ ਕਹਾਂ ਬਖਾਨਜੋ?।
ਹਯ ਦੂਸਰ ਕੋ ਕੈਸੇ ਹਰਜੋ?। ਮਤਿ ਅੰਧੇ ਸਭਿ ਕੋ ਕਿਮ ਕਰਜੋ?॥ ੨੯॥

ਪਹਿਲਾ ਘੋੜਾ ਕਿਸ ਤਰ੍ਹਾਂ ਲਿਆਂਦਾ ਸੀ? ਬਾਦਸ਼ਾਹ ਨੂੰ ਮਿਲ ਕੇ ਕੀ ਕਿਹਾ? ਦੂਸਰੇ ਘੋੜੇ ਨੂੰ ਕਿਵੇਂ ਚੁਰਾਇਆ, ਸਾਰਿਆਂ ਨੂੰ ਅਕਲ ਦੇ ਅੰਨ੍ਹੇ ਕਿਵੇਂ ਕੀਤਾ?॥੨੯॥

ਬਿਖਮ ਸਥਾਨ ਦੁਰਗ ਬਡ ਗਾਢੇ। ਰਹਤਿ ਹਜ਼ਾਰਹੁਂ ਨਰ ਜਹਿਂ ਠਾਂਢੇ।
ਅਨਿਕ ਰੀਤਿ ਕਰਿ ਜਹਿਂ ਤਕਰਾਈ। ਕਿਮ ਉਲੰਘ ਆਯੋ ਇਸ ਥਾਈਂ ? ॥੩੦॥

ਬੜੇ ਔਖੇ ਥਾਂ ਵੱਡੇ ਕਿਲ੍ਹੇ ਵਿਚ ਘੋੜੇ ਬੱਝੇ ਸਨ, ਹਜ਼ਾਰਾਂ ਲੋਕ ਜਿਥੇ ਹਰ ਵੇਲੇ ਖੜੇ ਹੋ ਕੇ ਪਹਿਰਾ ਦਿੰਦੇ ਹਨ। ਅਨੇਕ ਤਰੀਕਿਆਂ ਨਾਲ ਜਿਥੇ ਤਕੜਾਈ ਕੀਤੀ ਹੈ, ਉਨ੍ਹਾਂ ਨੂੰ ਕਿਵੇਂ ਲੰਘ ਕੇ ਇਸ ਥਾਂ ਪਹੁੰਚ ਗਿਆ ਹੈਂ ? ॥੩੦॥

ਜਿਨ ਦੇਖੀ ਸੋ ਅਤਿ ਬਿਸਮਾਏ। ਸੁਨਹਿਂ ਜਹਾਂ ਕਹਿਂ ਨਰ ਸਮੁਦਾਏ।
ਸੋ ਭੀ ਸਗਰੇ ਲਖਹਿਂ ਅਚੰਭਾ। ਬਿਦਤਹਿ ਜਗ ਜੋ ਦੰਭ ਅਰੰਭਾ॥ ੩੧ ॥

ਜਿਸ ਵੀ ਵੇਖਿਆ ਹੈ, ਬਹੁਤ ਹੈਰਾਨ ਹੋਇਆ ਹੈ, ਜਿਥੇ-ਕਿਥੇ ਮਨੁੱਖ ਇਕੱਠੇ ਹੋ ਕੇ ਸੁਣਦੇ ਹਨ। ਉਹ ਵੀ ਸਾਰੇ ਅਚੰਭਾ ਸਮਝਦੇ ਹਨ ਜੋ ਬਣਾਵਟ ਕੀਤੀ ਹੈ, ਉਹ ਸਾਰੇ ਜੱਗ ਵਿਚ ਉਜਾਗਰ ਹੋਵੇਗੀ॥੩੧॥

ਅਪਰ ਕੌਨ ਕਰਿ ਸਾਕਹਿ ਐਸੇ। ਅਚਰਜ ਲਖਿ ਕਹਿਂ 'ਕੀਨਸਿ ਕੈਸੇ ?'।
ਬ੍ਰਿੰਦ ਮਸੰਦ ਜੋਧ ਤੇ ਆਦਿ। ਕਹੁ ਗਾਥਾ, ਸੁਨਿ ਹੁਇਂ ਬਿਸਮਾਦਿ' ॥ ੩੨ ॥

ਹੋਰ ਕੌਣ ਇਸ ਤਰ੍ਹਾਂ ਕਰ ਸਕਦਾ ਹੈ, ਅਸਚਰਜ ਸਮਝ ਕੇ ਕਹਿੰਦੇ ਹਨ, "ਕਿਵੇਂ ਕੀਤਾ" ਬਹੁਤ ਮਸੰਦ ਤੇ ਰਾਇ ਜੋਧ ਆਦਿ, ਕਹਿਣ ਲੱਗੇ ਕਿ ਸਾਨੂੰ ਸਾਰੀ ਵਾਰਤਾ ਸੁਣਾਓ, ਅਸੀਂ ਸੁਣ ਕੇ ਬਹੁਤ ਹੈਰਾਨ ਹੋਏ ਹਾਂ॥੩੨॥

ਬਿਧੀਆ ਕਹਤਿ ਭਯੋ 'ਸੁਨ ਸ੍ਵਾਮੀ! ਤੁਮ ਸਭਿ ਜਾਨਤਿ ਅੰਤਰਜਾਮੀ।
ਮੋਹਿ ਬਦਨ ਤੇ ਸਭਿ ਕੇ ਸ਼੍ਰੌਨ। ਚਹਹੁ ਸੁਨਾਵਨ ਕਰੁਨਾ ਭੌਨ !॥ ੩੩ ॥

ਬਿਧੀ ਚੰਦ ਕਹਿਣ ਲੱਗਾ, "ਹੇ ਸਵਾਮੀ ਜੀ ! ਸੁਣੋ, ਤੁਸੀਂ ਅੰਤਰਜਾਮੀ ਹੋ ਸਭ ਕੁਝ ਜਾਣਦੇ ਹੋ, ਹੇ ਕ੍ਰਿਪਾ ਦੇ ਘਰ ! ਤੁਸੀਂ ਮੇਰੇ ਮੁੱਖ ਤੋਂ ਸਭ ਨੂੰ ਸੁਣਵਾਉਣਾ ਚਾਹੁੰਦੇ ਹੋ॥੩੩॥

ਤੌ ਮੈਂ ਕਹੌਂ ਬ੍ਰਿਤੰਤ ਅਬਿ ਸਾਰਾ। ਪ੍ਰਥਮ ਰਹਯੋ ਬਨਿ ਕਰਿ ਘਸਿਆਰਾ।
ਸੇਵ ਹਯਨਿ ਕੀ ਇਸ ਬਿਧਿ ਕਿਏ। ਜਿਸ ਕੋ ਦੇਖਿ ਰੀਝ ਸਭਿ ਗਏ॥ ੩੪ ॥

ਤਾਂ ਮੈਂ ਹੁਣ ਸਾਰਾ ਬ੍ਰਿਤਾਂਤ ਕਹਿੰਦਾ ਹਾਂ, ਪਹਿਲਾਂ ਮੈਂ ਘਸਿਆਰਾ ਬਣ ਕੇ ਰਿਹਾ ਸੀ, ਘੋੜਿਆਂ ਦੀ ਮੈਂ ਇਸ ਤਰ੍ਹਾਂ ਸੇਵਾ ਕੀਤੀ, ਜਿਸ ਨੂੰ ਵੇਖ ਕੇ ਸਭ ਪ੍ਰਸੰਨ ਹੋ ਗਏ॥੩੪॥

ਧਰਯੋ ਜ਼ੀਨ ਸੋ ਥਾਨ ਨਿਹਾਰਾ। ਨਿਕਸਨਿ ਹੇਤੁ ਭੇਤ ਲੇ ਸਾਰਾ।
ਕਰਿ ਇਕੱਤ੍ਰ ਸੇਵਕ ਸਮੁਦਾਈ। ਸਾਰਬਾਰਨੀ ਆਨਿ ਪਿਲਾਈ॥ ੩੫ ॥

ਜਿਥੇ ਘੋੜੇ ਦੀ ਕਾਠੀ ਪਈ ਸੀ, ਉਸ ਥਾਂ ਨੂੰ ਵੇਖਿਆ, ਕੱਢਣ ਵਾਸਤੇ ਸਾਰਾ ਭੇਦ ਲਿਆ, ਸਾਰੇ ਸੇਵਕਾਂ ਨੂੰ ਇਕੱਠੇ ਕਰਕੇ ਚੰਗੀ ਸ਼ਰਾਬ ਲਿਆ ਕੇ ਪਿਲਾ ਦਿੱਤੀ॥੩੫॥

ਸਭਿ ਅਚੇਤ ਭੇ, ਲੇ ਨਿਸ ਘੋਰਾ। ਪਾਇ ਜ਼ੀਨ ਰਸਰਨਿ ਤੇ ਛੋਰਾ।
ਦਿਸ਼ਿ ਦਰੀਆਉ ਦੁਰਗ ਦੀਵਾਰ। ਹਯ ਚਢਿ ਚਾਬੁਕ ਹਤਿ ਕਿਯ ਛਾਰ॥੩੬॥

ਜਦ ਸਭ ਬੇਹੋਸ਼ ਹੋ ਗਏ, ਤਾਂ ਰਾਤ ਨੂੰ ਘੋੜਾ ਲੈ ਕੇ ਕਾਠੀ ਪਾ ਕੇ ਰਸਿਆਂ ਨਾਲੋਂ ਖੋਲ੍ਹਿਆ। ਦਰਿਆ ਵਾਲੇ ਪਾਸੇ ਕਿਲ੍ਹੇ ਦੀ ਦੀਵਾਰ ਸੀ, ਘੋੜੇ ਤੇ ਚੜ੍ਹ ਕੇ ਚਾਬੁਕ ਮਾਰ ਕੇ ਤੇਜ਼ ਕੀਤਾ॥੩੬॥

ਸੁਨੋ ਪ੍ਰਭੂ ਜੀ! ਕੂਦਯੋ ਐਸੇ। ਪੰਛੀ ਉਡਯੋ ਜਾਤਿ ਕੋ ਜੈਸੇ।
ਏਕ ਬਾਰ ਭੀਗਯੋ ਲਗਿ ਬਾਰੀ। ਪੁਨ ਜ਼ਾਨੂੰ ਲਗਿ ਰਖਿ ਭਾ ਪਾਰੀ॥ ੩੭ ॥

ਹੇ ਪ੍ਰਭੂ ਜੀ ! ਸੁਣੋ, ਘੋੜਾ ਇਸ ਤਰ੍ਹਾਂ ਉਛੱਲਿਆ, ਜਿਵੇਂ ਪੰਛੀ ਜਾਣ ਵਾਸਤੇ ਉਡਿਆ ਹੋਵੇ। ਇਕ ਵਾਰ ਪਾਣੀ ਲੱਗ ਕੇ ਭਿੱਜ ਗਿਆ, ਫਿਰ ਗੋਡਿਆਂ ਤੱਕ ਪਾਣੀ ਰੱਖ ਕੇ ਪਾਰ ਹੋ ਗਿਆ॥੩੭॥

ਮਗ ਨਿਚਿੰਤ ਸਲਿਤਾ ਤਰਿ ਆਯੋ। ਸਿਰ ਧੁਨਿ ਧੁਨਿ ਹਜ਼ਰਤ ਪਛੁਤਾਯੋ।
ਅਤਿ ਪ੍ਰਿਯ ਗਏ ਰਿਸ ਜੋ ਕਹਿ ਤਬੈ। ਚਾਰ ਲੱਛ ਲਿਹੁ ਖੋਜਹਿ ਜਬੈ॥ ੩੮॥

ਰਾਹ ਦੇ ਵਿਚ ਨਿਚਿੰਤ ਹੋ ਕੇ ਦਰਿਆ ਤਕ ਆਇਆ, ਸਿਰ ਮਾਰ-ਮਾਰ ਕੇ ਬਾਦਸ਼ਾਹ ਪਛੁਤਾਇਆ। ਅਤਿ ਪਿਆਰਾ ਘੋੜਾ ਚਲਾ ਗਿਆ ਵੇਖ ਕੇ ਬਹੁਤ ਗੁੱਸੇ ਵਿਚ ਆਇਆ ਤੇ ਜਿਹੜਾ ਘੋੜਾ ਖੋਜ ਕੇ ਲਿਆਵੇ ਉਸ ਵਾਸਤੇ ਚਾਰ ਲੱਖ ਦਾ ਇਨਾਮ ਰੱਖ ਦਿੱਤਾ॥੩੮॥

ਮੈਂ ਪੁਨ ਗਯੋ ਦੂਸਰੇ ਹੇਤੁ। ਉਤਰਯੋ ਧਰਮਸਾਲ ਹਿਤ ਭੇਤ।
ਡਿੰਡਮ ਫਿਰਤਿ ਸੁਨਯੋ ਮੈਂ ਜਬੈ। ਖੋਜੀ ਬਨਯੋ ਚਹਤਿ ਜਿਹ ਤਬੈ॥ ੩੯॥

ਮੈਂ ਫਿਰ ਦੁਬਾਰਾ ਦੂਸਰੇ ਘੋੜੇ ਵਾਸਤੇ ਗਿਆ ਤੇ ਭੇਦ ਲੈਣ ਵਾਸਤੇ ਇਕ ਧਰਮਸਾਲਾ ਵਿਚ ਉਤਾਰਾ ਕੀਤਾ, ਡੌਂਡੀ ਪਿਟਦੇ ਜਦੋਂ ਮੈਂ ਸੁਣੇ ਤਾਂ ਮੈਂ ਉਸ ਸਮੇਂ ਖੋਜੀ ਬਣਨਾ ਚਾਹਿਆ॥੩੯॥

ਸੁਨੀ ਸ਼ਾਹੁ ਸੁਧਿ ਖੋਜੀ ਆਯੋ। ਬਾਂਛਤਿ ਹੁਤੋ ਸਮੀਪ ਬੁਲਾਯੋ।
ਭੇਸ ਧਰਯੋ ਅਸ ਹਿੰਦੁਸਤਾਨੀ। ਨਹਿਂ ਕਿਸ ਹੂੰ ਤੇ ਗਯੋ ਪਛਾਨੀ॥ ੪੦॥

ਬਾਦਸ਼ਾਹ ਨੇ ਜਦ ਖੋਜੀ ਆਉਣ ਦੀ ਖ਼ਬਰ ਸੁਣੀ, ਕਿਉਂਕਿ ਉਹ ਪਹਿਲਾਂ ਹੀ ਖੋਜੀ ਲੱਭਣਾ ਚਾਹੁੰਦਾ ਸੀ, ਇਸ ਲਈ ਮੈਨੂੰ ਪਾਸ ਬੁਲਾ ਲਿਆ। ਮੈਂ ਹਿੰਦੁਸਤਾਨੀ ਰਮਲੀ ਦਾ ਭੇਸ ਧਾਰਨ ਕੀਤਾ ਸੀ ਤੇ ਕਿਸੇ ਪਾਸੋਂ ਵੀ ਪਹਿਚਾਣਿਆ ਨਾ ਗਿਆ॥੪੦॥

ਰਮਲ ਗਨਕ ਅਰੁ ਸ਼ਗੁਨ ਬਿਚਾਰਨ। ਇਹ ਗੁਨ ਮੋ ਮਹਿਂ ਕੀਨਿ ਉਚਾਰਨ।
ਸ਼ਾਹੁ ਰਿਦੇ ਬਹੁ ਭਾਂਤਿ ਦ੍ਰਿੜਾਯੋ। ਹਯ ਕੋ ਖੋਜ ਲੇਹੁ ਮਨ ਭਾਯੋ॥ ੪੧॥

ਰਮਲ, ਜੋਤਸ਼ ਅਤੇ ਸ਼ਗੁਨ ਵਿਚਾਰਨਾ, ਇਹ ਗੁਣ ਮੈਂ ਆਪਣੇ ਵਿਚ ਦੱਸੇ। ਬਾਦਸ਼ਾਹ ਦੇ ਹਿਰਦੇ ਵਿਚ ਬਹੁਤ ਭਾਂਤ ਦ੍ਰਿੜ੍ਹ ਕਰਵਾ ਦਿੱਤਾ ਕਿ ਇਹ ਮਨ-ਭਾਉਂਦੇ ਘੋੜੇ ਨੂੰ ਲਭ ਲਵੇਗਾ॥੪੧॥

ਅਸੁ ਗੁਲਬਾਗ ਪਾਸ ਲੇ ਗਯੋ। ਜਿਮ ਮੈਂ ਕਹਤਿ ਰਹਯੋ, ਤਿਮ ਕਿਯੋ।
ਜ਼ੀਨ ਪਵਾਇ ਪਠਾਯਹੁ ਡੇਰੇ। ਸੰਮਨ ਬੁਰਜ ਗਯੋ ਤਿਸ ਬੇਰੇ॥ ੪੨॥

ਮੈਨੂੰ ਗੁਲਬਾਗ ਘੋੜੇ ਪਾਸ ਲੈ ਗਏ, ਜਿਵੇਂ ਮੈਂ ਕਹਿੰਦਾ ਸੀ, ਉਸ ਤਰ੍ਹਾਂ ਹੀ ਕੀਤਾ। ਘੋੜੇ ਤੇ ਕਾਠੀ ਪਵਾ ਕੇ ਬਾਦਸ਼ਾਹ ਡੇਰੇ ਭੇਜ ਦਿੱਤਾ ਤੇ ਉਹ ਉਸ ਸਮੇਂ ਸੰਮਨ ਬੁਰਜ ਆਪਣੇ ਮਹਿਲਾਂ ਵਿਚ ਚਲਾ ਗਿਆ॥੪੨॥

ਤਿਸ ਨੀਚੇ ਢਿਗ ਮੈਂ ਅਰੁ ਘੋਰਾ। ਤਾਰੇ ਮਾਰਿ ਦਿਏ ਸਭਿ ਪੌਰਾ।
ਭਯੋ ਇਕਾਂਕੀ ਸਭਿ ਅਟਕਾਏ। ਕਰੇ ਕੈਦ ਜਨੁ ਬਸ ਨ ਬਸਾਏ॥ ੪੩॥

ਉਸ ਦੇ ਥੱਲੇ ਮੈਂ ਅਤੇ ਘੋੜਾ ਸੀ, ਸਾਰੇ ਦਰਵਾਜ਼ਿਆਂ ਨੂੰ ਤਾਲੇ ਮਾਰ ਦਿੱਤੇ ਸਨ, ਸਭ ਇਕਾਂਤ ਹੋ ਗਈ, ਸਭ ਨੂੰ ਆਪਣੇ-ਆਪਣੇ ਘਰਾਂ ਵਿਚ ਡੱਕ ਦਿੱਤਾ, ਸਾਰੇ ਕੈਦ ਕਰ ਲਏ, ਕਿਸੇ ਦਾ ਵੀ ਵੱਸ ਨਹੀਂ ਸੀ ਚਲਦਾ॥੪੩॥

ਸ਼ਾਹੁ ਸੰਗ ਮੈਂ ਬੋਲਤਿ ਰਹਯੋ। ਦੇਊਂ ਖੋਜ ਮੈਂ ਸਭਿ ਹੀ ਲਹਯੋ।
ਲਾਰਾ ਦੇਤਿ ਨਿਸਾ ਬਡ ਬੀਤੇ। ਘੋਰਾ ਛੋਰਿ ਚਢਯੋ ਨਿਰਭੀਤੇ॥ ੪੪॥

ਬਾਦਸ਼ਾਹ ਦੇ ਨਾਲ ਮੈਂ ਬੋਲਦਾ ਰਿਹਾ, ਮੈਂ ਖੋਜ ਲਭ ਦੇਵਾਂਗਾ ਮੈਂ ਸਭ ਕੁਝ ਵੇਖ ਲਿਆ ਹੈ। ਲਾਰੇ ਲਾਉਂਦਿਆਂ ਬਹੁਤ ਰਾਤ ਬੀਤ ਗਈ, ਘੋੜੇ ਨੂੰ ਖੋਲ੍ਹ ਕੇ ਮੈਂ ਨਿਰਭੈ ਹੋ ਕੇ ਉਪਰ ਸਵਾਰ ਹੋ ਗਿਆ॥੪੪॥

ਬੂਝਨਿ ਲਗ੍ਯੋ ਸ਼ਾਹੁ ਅਸੁ ਖੋਜ। ਕਹ੍ਯੋ ਸਾਚ ਤਬਿ ਸਤਿਗੁਰ ਓਜ।
ਸਕਲ ਜਥਾਰਥ ਕਹਿ ਸਮੁਝਾਯੋ। 'ਗਹਹੁ ਗਹਹੁ' ਸੁਨ ਸ਼ਾਹੁ ਅਲਾਯੋ॥੪੫॥

ਬਾਦਸ਼ਾਹ ਘੋੜੇ ਦੀ ਖੋਜ ਪੁੱਛਦਾ ਰਿਹਾ, ਫਿਰ ਮੈਂ ਸਤਿਗੁਰੂ ਜੀ ਦੀ ਸ਼ਕਤੀ ਨਾਲ ਸਭ ਕੁਝ ਸੱਚ ਕਹਿ ਦਿੱਤਾ। ਸਾਰਾ ਸੱਚ ਕਹਿ ਕੇ ਸਮਝਾ ਦਿੱਤਾ, ਇਹ ਸੁਣ ਕੇ ਬਾਦਸ਼ਾਹ ਕਹਿਣ ਲੱਗਾ, "ਫੜੋ ਫੜੋ।"

'ਹਯ ਪਲਟੇ ਹਯ ਸ੍ਰੀ ਗੁਰੁ ਲੀਨਾ। ਮੋਹਿ ਨਾਂਮ ਕਹਿ ਬਿਧੀਆ ਛੀਨਾ।
ਆਦਿ ਚਾਕਰੀ ਧਨ ਭਾ ਮੇਰੋ। ਲਿਯੋ ਮੋਲ ਸਮ ਆਛੇ ਹੇਰੋ॥ ੪੬॥

ਮੈਂ ਕਿਹਾ, "ਘੋੜੇ ਦੇ ਬਦਲੇ ਵਿਚ ਗੁਰੂ ਜੀ ਨੇ ਘੋੜਾ ਲਿਆ ਹੈ ਤੇ ਮੇਰਾ ਨਾਂ ਬਿਧੀ ਚੰਦ ਛੀਨਾ ਹੈ। ਨੌਕਰੀ ਆਦਿ ਜੋ ਧਨ ਖੋਜ ਕਰਨ ਦੇ ਇਵਜ਼ਾਨੇ ਵਜੋਂ ਬਣਦਾ ਹੈ, ਉਸ ਨਾਲ ਇਹ ਘੋੜੇ ਮੁੱਲ ਲੈਣ ਦੇ ਬਰਾਬਰ ਹਨ, ਇਸ ਲਈ ਚੰਗੀ ਤਰ੍ਹਾਂ ਸਮਝੋ॥੪੬॥

ਸ਼ਾਹੁ! ਕੋਪ ਕਜੋਂ ਬਾਦ ਕਰੰਤਾ? ਜੇ ਅਬਿ ਮੋ ਕੋ ਗਹ੍ਯੋ ਚਹੰਤਾ।
ਸਭਿ ਤਾਰੀ ਮੈਂ ਪ੍ਰਥਮ ਮੰਗਾਈ। ਕਰ ਮਹਿਂ ਧਰਿ ਕਰਿ ਸ਼ਾਹੁ ਦਿਖਾਈ॥੪੭॥

ਹੇ ਬਾਦਸ਼ਾਹ! ਗੁੱਸੇ ਵਿਚ ਆ ਕੇ ਝਗੜਾ ਕਿਉਂ ਕਰਦਾ ਹੈਂ। ਜੇ ਮੈਨੂੰ ਹੁਣ ਫੜਨਾ ਚਾਹੁੰਦਾ ਹੈਂ ਤਾਂ ਸਭ ਚਾਬੀਆਂ ਮੈਂ ਪਹਿਲਾਂ ਹੀ ਮੰਗਵਾ ਲਈਆਂ ਹਨ।" ਮੈਂ ਉਹ ਚਾਬੀਆਂ ਹੱਥ ਵਿਚ ਫੜ ਕੇ ਬਾਦਸ਼ਾਹ ਨੂੰ ਵਿਖਾਈਆਂ॥੪੭॥

'ਇਹੁ ਸਭਿ ਪਰੀ ਨਿਕਾਸਨ ਕੀਜੈ। ਖੋਲ ਕੁਲਫ ਮੋਕਹੁ ਗਹਿ ਲੀਜੈ'।
ਇਮ ਕਹਿ ਘੋਰਾ ਤੇਜ ਕੁਦਾਯੋ। ਉਲੰਘਿ ਦਿਵਾਰ ਬਾਰਿ ਮਹਿਂ ਆਯੋ॥੪੮॥

"ਇਹ ਸਭ ਦਰਿਆ ਵਿਚ ਪਈਆਂ ਹਨ, ਇਨ੍ਹਾਂ ਨੂੰ ਕੱਢ ਲਵੋ ਤੇ ਤਾਲੇ ਖੋਲ੍ਹ ਕੇ ਮੈਨੂੰ ਫੜ ਲਵੋ।" ਇਹ ਕਹਿ ਕੇ ਮੈਂ ਘੋੜੇ ਨੂੰ ਬਹੁਤ ਤੇਜ਼ ਕੁਦਵਾਇਆ, ਉਹ ਕਿਲ੍ਹੇ ਦੀ ਦੀਵਾਰ ਟੱਪ ਕੇ ਦਰਿਆ ਦੇ ਪਾਣੀ ਵਿਚ ਆ ਗਿਆ॥੪੮॥

ਪੀਛੇ ਹਾਇ ਹਾਇ ਬਡ ਰੋਰਾ। ਬਸਿ ਨ ਬਸਾਇ ਭਿਰੇ ਸਭਿ ਪੌਰਾ।
ਸਤਿਗੁਰ ਸ਼ਬਦ ਪ੍ਰੇਮ ਉਮਗਾਯੋ। ਮਗ ਸੁਖੇਨ ਗਾਵਤਿ ਚਲਿ ਆਯੋ॥੪੯॥

ਪਿੱਛੇ 'ਹਾਏ ਹਾਏ' ਕਰਕੇ ਬਹੁਤ ਰੌਲਾ ਪਿਆ, ਪਰ ਦਰਵਾਜ਼ੇ ਬੰਦ ਹੋਣ ਕਰਕੇ ਕਿਸੇ ਦਾ ਵੱਸ ਨਾ ਚਲਿਆ। ਸਤਿਗੁਰੂ ਜੀ ਦੇ ਸ਼ਬਦ ਨਾਲ ਪ੍ਰੇਮ ਜਾਗਿਆ, ਰਾਹ ਵਿਚ ਮੈਂ ਆਰਾਮ ਨਾਲ ਸ਼ਬਦ ਗਾਉਂਦਾ ਚਲਿਆ ਆਇਆ ਹਾਂ॥੪੯॥

ਹੇ ਪ੍ਰਭੁ ! ਅਸ ਦੁਸ਼ਕਰ ਜੋ ਕਾਰਾ। ਤੁਮ ਬਿਨ ਕੋ ਕਰਿ ਸਕੈ ਬਿਚਾਰਾ।
ਸਰਬ ਸ਼ਕਤਿ ਧਰਿ ਮਾਨੁਖ ਲੀਲਾ। ਤ੍ਰੈ ਲੋਕਨ ਪਤਿ ਕਰਹੁ ਸੁਸ਼ੀਲਾ!॥੫੦॥

ਹੇ ਪ੍ਰਭੂ ਜੀ! ਐਡਾ ਔਖਾ ਕੰਮ, ਤੁਹਾਡੇ ਬਗੈਰ ਹੋਰ ਵਿਚਾਰਾ ਕੌਣ ਕਰ ਸਕਦਾ ਹੈ। ਸਰਬ ਸ਼ਕਤੀ ਧਾਰਨ ਕਰਕੇ ਤੁਸੀਂ ਮਨੁੱਖ ਲੀਲ੍ਹਾ ਖੇਡ ਰਹੇ ਹੋ, ਤਿੰਨਾਂ ਲੋਕਾਂ ਦੇ ਮਾਲਕ, ਚੰਗੇ ਸੁਭਾਵ ਵਾਲੇ ਗੁਰੂ ਜੀ! ਤੁਸੀਂ ਆਪ ਸਾਰੇ ਕਾਰਜ ਕਰ ਰਹੇ ਹੋ॥੫੦॥

ਭਏ ਸਹਾਇਕ ਜਹਿਂ ਕਹਿਂ ਜਾਈ। ਤੋ ਇਹ ਕਾਰ ਕਰਨ ਬਨਿ ਆਈ।
ਪੰਚਾਂਮ੍ਰਿਤ ਮਾਨ੍ਯੋ ਸਮੁਦਾਯੋ। ਸੋ ਚਹੀਐ ਗੋ ਅਬਿ ਕਰਿਵਾਯੋ॥ ੫੧॥

ਜਿਥੇ ਕਿਥੇ ਜਾ ਕੇ ਮੇਰੀ ਸਹਾਇਤਾ ਕੀਤੀ ਹੈ, ਤਦ ਹੀ ਇਹ ਕਾਰਜ ਸੰਪੂਰਣ ਹੋ ਸਕਿਆ ਹੈ। ਮੈਂ ਪੰਜ ਰੁਪਏ ਦਾ ਕੜਾਹ ਪ੍ਰਸ਼ਾਦਿ ਸੁਖਿਆ ਹੈ, ਉਹ ਹੁਣ ਕਰਵਾਉਣਾ ਚਾਹੀਦਾ ਹੈ"॥੫੧॥

*ਸੱਤਵੀਂ ਰਾਸ ਦਾ ਸੈਂਤੀਵਾਂ ਅਧਿਆਇ ਸਮਾਪਤ ਹੋਇਆ॥੩੭॥*

# ਅਧਿਆਇ ਅਠੱਤੀਵਾਂ

## ਯੁੱਧ ਦੀਆਂ ਤਿਆਰੀਆਂ

ਦੋਹਰਾ- ਅਸ ਪ੍ਰਸੰਗ ਬਿਧੀਏ ਸਕਲ ਕਹਜੋ ਸਹਿਤ ਵਿਸਤਾਰ।
ਮੈਂ ਸੰਛੇਪ ਬਰਨਨ ਕਰਜੋ ਸੁਨਹੁ ਕਥਾ ਸੁਖ ਸਾਰ॥ ੧॥

ਇਸ ਤਰ੍ਹਾਂ ਬਿਧੀ ਚੰਦ ਨੇ ਸਾਰਾ ਪ੍ਰਸੰਗ ਵਿਸਥਾਰ ਸਹਿਤ ਕਿਹਾ। ਮੈਂ ਸੰਖੇਪ ਵਿਚ ਵਰਣਨ ਕੀਤਾ ਹੈ, ਸੁਖ ਦੇਣ ਵਾਲੀ ਕਥਾ ਸੁਣੋ॥੧॥

ਚੌਪਈ- 'ਇਹ ਚਰਿੱਤ੍ਰ ਸਭਿ ਤੁਮ ਹੀ ਕੀਨਿ। ਦਾਸ ਜਾਨਿ ਜਸੁ ਮੋਕਹੁ ਦੀਨਿ'।
ਇਮ ਕਹਿ ਬੰਦੇ ਪਦ ਅਰਬਿੰਦ। ਸੁਨਜੋ ਪ੍ਰਸੰਗ ਸਭਾ ਨਰ ਬਿੰਦ॥੨॥

ਬਿਧੀ ਚੰਦ ਨੇ ਕਿਹਾ, "ਇਹ ਸਾਰਾ ਚਰਿਤਰ ਤੁਸੀਂ ਹੀ ਕੀਤਾ ਹੈ ਮੈਨੂੰ ਸੇਵਕ ਜਾਣ ਕੇ ਜੱਸ ਬਖਸ਼ਿਆ ਹੈ।" ਇਸ ਤਰ੍ਹਾਂ ਕਹਿ ਕੇ ਚਰਨ ਕੰਵਲਾਂ ਤੇ ਨਮਸਕਾਰ ਕੀਤੀ, ਬਹੁਤ ਮਨੁੱਖਾਂ ਨੇ ਸਭਾ ਵਿਚ ਇਹ ਪ੍ਰਸੰਗ ਸੁਣਿਆ॥੨॥

ਅਚਰਜ ਭਏ ਸੁਨਤਿ ਚਤੁਰਾਈ। 'ਸਾਧ ਸਾਧ' ਸਭਿਹੂੰਨਿ ਸੁਨਾਈ।
'ਇਹੁ ਕਾਰਜ ਤੁਝ ਹੀ ਤੇ ਹੋਇ। ਕਰਿ ਨ ਸਕਹਿ ਜਗ ਮਾਨਵ ਕੋਇ'॥੩॥

ਭਾਈ ਬਿਧੀ ਚੰਦ ਦੀ ਚਤੁਰਾਈ ਬਾਰੇ ਸੁਣ ਕੇ ਸਾਰੇ ਬਹੁਤ ਹੈਰਾਨ ਰਹੇ "ਸ਼ਾਬਾਸ਼ ਸ਼ਾਬਾਸ਼" ਸਾਰਿਆਂ ਨੇ ਸੁਣਾਇਆ। "ਇਹ ਕਾਰਜ ਤੇਰੇ ਪਾਸੋਂ ਹੀ ਹੋ ਸਕਦਾ ਹੈ, ਜੱਗ ਵਿਚ ਹੋਰ ਕੋਈ ਮਨੁੱਖ ਨਹੀਂ ਕਰ ਸਕਦਾ ਹੈ"॥੩॥

ਪੰਚਾਂਮ੍ਰਿਤ ਬਿਧੀਏ ਕਰਿਵਾਯੋ। ਤਤਛਿਨ ਕਰਿਬੇ ਸਿੱਖ ਪਠਾਯੋ।
ਸ੍ਰੀ ਹਰਿ ਗੋਵਿੰਦ ਚੰਦ ਬਖਾਨਾ। 'ਇਕ ਹਜ਼ਾਰ ਕੋ ਹਮ ਨੇ ਮਾਨਾ॥੪॥

ਬਿਧੀ ਚੰਦ ਨੇ ਕੜਾਹ ਪ੍ਰਸ਼ਾਦ ਕਰਵਾਇਆ, ਤੁਰਤ ਸਿੱਖਾਂ ਨੂੰ ਤਿਆਰ ਕਰਨ ਵਾਸਤੇ ਭੇਜ ਦਿੱਤਾ। ਫਿਰ ਸ੍ਰੀ ਹਰਿਗੋਬਿੰਦ ਜੀ ਨੇ ਕਿਹਾ, "ਇਕ ਹਜ਼ਾਰ ਰੁਪਏ ਦਾ ਕੜਾਹ ਪ੍ਰਸ਼ਾਦਿ ਅਸੀਂ ਵੀ ਸੁਖਿਆ ਹੈ॥੪॥

ਅਬਿ ਹੀ ਲਜਾਵੋ ਸਭਿ ਕਰਿਵਾਇ'। ਸੁਨਤਿ ਕਰਤਿ ਭੇ ਨਰ ਸਮੁਦਾਇ।
ਸੁਨਿ ਸੁਨਿ ਕਰਿ ਪੁਰਿ ਗ੍ਰਾਮ ਜੁ ਨੇਰੇ। ਲੇਨਿ ਹੇਤੁ ਚਲਿ ਆਇ ਘਨੇਰੇ॥੫॥

ਹੁਣੇ ਹੀ ਸਾਰਾ ਤਿਆਰ ਕਰਵਾ ਕੇ ਲੈ ਆਉ।" ਇਹ ਸੁਣ ਕੇ ਬਹੁਤ ਮਨੁੱਖ ਇਕੱਠੇ ਹੋ ਕੇ ਤਿਆਰ ਕਰਨ ਲੱਗੇ। ਜਿਹੜੇ ਨੇੜਲੇ ਪਿੰਡ ਦੇ ਮਨੁੱਖ ਸਨ, ਉਹ ਸੁਣ-ਸੁਣ ਕੇ ਲੈਣ ਵਾਸਤੇ ਚਲ ਕੇ ਆਏ॥੫॥

ਹੁਕਮ ਦਿਯੋ ਦੁੰਦਭਿ ਬਜਵਾਏ। ਉਤਸਵ ਅਧਿਕ ਭਯੋ ਨਰ ਆਏ।
ਕਈ ਹਜ਼ਾਰਨਿ ਕੀ ਹੁਇ ਭੀਰ। ਦਰਸਹਿੰ ਸ੍ਰੀ ਸੋਢੀ ਬਰ ਬੀਰ॥੬॥

ਨਗਾਰੇ ਵਜਾਉਣ ਦਾ ਹੁਕਮ ਦਿੱਤਾ, ਬਹੁਤ ਵੱਡਾ ਉਤਸਵ ਹੋਇਆ ਤੇ ਬਹੁਤ ਮਨੁੱਖ ਇਕੱਠੇ ਹੋਏ। ਕਈ ਹਜ਼ਾਰਾਂ ਦੀ ਭੀੜ ਹੋ ਗਈ, ਸਾਰੇ ਆ ਕੇ ਸ੍ਰੇਸ਼ਟ ਸੂਰਬੀਰ ਸੋਢੀ ਪਾਤਿਸ਼ਾਹ ਦੇ ਦਰਸ਼ਨ ਕਰਦੇ ਸਨ॥੬॥

ਕੇਤਿਕ ਕੌਤਕ ਕਰਨੇ ਹਾਰੇ। ਰਚਹਿੰ ਤਮਾਸ਼ਾ ਬਿਬਿਧਿ ਪ੍ਰਕਾਰੇ।
ਬਾਦਿਤ ਅਪਰ ਨਗਰ ਕੇ ਆਏ। ਡਫ, ਢੋਲਾਦਿਕ ਬਹੁਤ ਬਜਾਏ॥੭॥

ਕਈ ਪ੍ਰਕਾਰ ਦੇ ਕੌਤਕ ਕਰਨ ਵਾਲੇ ਹਨ ਤੇ ਕਈ ਪ੍ਰਕਾਰ ਦੇ ਤਮਾਸ਼ਿਆਂ ਦੀ ਰਚਨਾ ਕਰਦੇ ਹਨ। ਕਈ ਹੋਰ ਨਗਰਾਂ ਦੇ ਵਾਜੇ ਵੀ ਆਏ ਸਨ, ਡਫਾਂ, ਢੋਲ ਆਦਿ ਬਹੁਤ ਵਜਾਏ॥੭॥

ਅਧਿਕ ਮੁਦਿਤਿ ਚਿਤ ਹ੍ਵੈ ਨਰ ਨਾਰੀ। ਦਰਸਹਿਂ ਸਤਿਗੁਰ ਹ੍ਵੈ ਬਲਿਹਾਰੀ।
ਮਹਾਂ ਕਲਾਹਲ ਸਭਿ ਮਹਿਂ ਹੋਵਾ। ਸੁਨੈ ਪ੍ਰਸੰਗ ਸੁ ਅਚਰਜ ਜੋਵਾ॥ ੮ ॥

ਇਸਤਰੀ ਪੁਰਸ਼ ਚਿੱਤ ਵਿਚ ਬਹੁਤ ਪ੍ਰਸੰਨ ਸਨ ਤੇ ਬਲਿਹਾਰ ਹੋ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਦੇ ਸਨ। ਬਹੁਤ ਉੱਚੀ ਰੌਲਾ ਮਚਿਆ ਹੋਇਆ ਸੀ, ਜਿਹੜਾ ਬਹੁਤ ਦੂਰ ਤਕ ਸੁਣਾਈ ਦੇ ਰਿਹਾ ਸੀ। ਜਿਹੜਾ ਵੀ ਬਿਧੀ ਚੰਦ ਦਾ ਪ੍ਰਸੰਗ ਸੁਣਦਾ ਸੀ ਬਹੁਤ ਹੈਰਾਨ ਹੁੰਦਾ ਸੀ॥੮॥

ਪੰਚਾਂਮ੍ਰਿਤ ਆਯੋ ਸਮੁਦਾਇ। ਪੰਕਤਿ ਕਰਿ ਕਰਿ ਦਿਯੋ ਬਿਠਾਇ।
ਦੂਰ ਦੂਰ ਲਾਗੀ ਗਨ ਪਾਂਤੀ। ਗੁਰ ਪ੍ਰਤਾਪ ਬੈਠੇ ਚਿਤ ਸ਼ਾਂਤੀ॥ ੯ ॥

ਕੜਾਹ ਪ੍ਰਸ਼ਾਦਿ ਤਿਆਰ ਕਰਕੇ ਸਾਰੇ ਸਿੱਖਾਂ ਨੂੰ ਪੰਗਤੀਆਂ ਲਾ ਲਾ ਕੇ ਬਿਠਾ ਦਿੱਤਾ। ਬਹੁਤ ਦੂਰ-ਦੂਰ ਤਕ ਪੰਗਤਾਂ ਲੱਗੀਆਂ ਸਨ, ਸਾਰੇ ਗੁਰੂ ਜੀ ਦੇ ਪ੍ਰਤਾਪ ਨਾਲ ਸ਼ਾਂਤ ਚਿੱਤ ਬੈਠੇ ਸਨ॥੯॥

ਬਹੁ ਬਰਤਾਵੇ ਤਬੈ ਲਗਾਏ। ਦਿਯੋ ਇਤੋ ਜਿਹ ਅਚਿ ਤ੍ਰਿਪਤਾਏ।
ਚਾਰ ਘਟੀ ਲਗਿ ਇਤਿਕ ਬ੍ਰਤਾਯੋ। ਲੇ ਜਿਨ ਅਚਯੋ ਰਹਯੋ ਤ੍ਰਿਪਤਾਯੋ॥੧੦॥

ਫਿਰ ਬਹੁਤ ਵਰਤਾਵੇ ਲਾ ਦਿੱਤੇ, ਉਨ੍ਹਾਂ ਪ੍ਰਸ਼ਾਦਿ ਦਿੱਤਾ ਜਿਸ ਨੂੰ ਖਾ ਕੇ ਤ੍ਰਿਪਤ ਹੋ ਗਏ। ਚਾਰ ਘੜੀਆਂ ਤਕ ਏਨਾ ਪ੍ਰਸ਼ਾਦਿ ਵਰਤਾ ਦਿੱਤਾ ਕਿ ਜਿਸ ਨੇ ਵੀ ਲੈ ਕੇ ਖਾਧਾ ਉਹ ਤ੍ਰਿਪਤ ਹੀ ਗਿਆ॥੧੦॥

ਮਿਲੇ ਹਜ਼ਾਰਨ ਕੇ ਸਮੁਦਾਏ। ਨਹਿਂ ਨਿਖੁਟਯੋ ਸਗਰੇ ਤ੍ਰਿਪਤਾਏ।
ਲੀਨਿ ਤਿਹਾਵਲ ਸਦਨ ਸਿਧਾਏ। ਗੁਰ ਜਸੁ ਪੁਰਿ ਪੁਰਿ ਘਰ ਘਰ ਛਾਏ॥੧੧॥

ਮਿਲ ਕੇ ਹਜ਼ਾਰਾਂ ਲੋਕ ਇਕੱਠੇ ਹੋਏ ਸਨ, ਕੋਈ ਵੀ ਭੁੱਖਾ ਨਾ ਰਿਹਾ ਸਾਰੇ ਤ੍ਰਿਪਤ ਹੋ ਗਏ। ਕੜਾਹ ਪ੍ਰਸ਼ਾਦਿ ਲੈ ਕੇ ਆਪਣੇ ਘਰਾਂ ਨੂੰ ਚਲੇ ਗਏ ਤੇ ਗੁਰੂ ਜੀ ਦਾ ਜਸ ਨਗਰ-ਨਗਰ ਘਰ-ਘਰ ਛਾ ਗਿਆ॥੧੧॥

ਜੋਧ ਸੁ ਜੋਧਾ ਗਨ ਢਿਗ ਬੈਸੇ। ਬਿਧੀਏ ਕਹਯੋ ਗੁਰੂ ਸੰਗ ਐਸੇ।
'ਮਹਾਂਰਾਜ! ਅਬਿ ਦੇਰ ਨ ਕੋਈ। ਸ਼ਾਹੁ ਜਹਾਂ ਕੇ ਰਿਸ ਅਤਿ ਹੋਈ॥ ੧੨ ॥

ਰਾਇ ਜੋਧ ਤੇ ਹੋਰ ਬਹੁਤ ਯੋਧੇ ਪਾਸ ਬੈਠੇ ਸਨ, ਬਿਧੀ ਚੰਦ ਨੇ ਗੁਰੂ ਜੀ ਨੂੰ ਇਸ ਤਰ੍ਹਾਂ ਕਿਹਾ, 'ਮਹਾਰਾਜ! ਹੁਣ ਕੋਈ ਦੇਰ ਨਹੀਂ ਹੈ, ਸ਼ਾਹ ਜਹਾਨ ਬਹੁਤ ਗੁੱਸੇ ਨਾਲ ਭਰਿਆ ਹੈ॥੧੨॥

ਆਪ ਚਢਹਿ ਤੂਰਨ ਹੀ ਆਵਹਿ। ਕੈ ਗਾਢੇ ਉਮਰਾਵ ਚਢਾਵਹਿ।
ਆਇ ਲਰਹਿ ਲਸ਼ਕਰ ਅਬਿ ਭਾਰਾ। ਇਮ ਜਾਨਹੁ ਜਿਮ ਮੋਹਿ ਨਿਹਾਰਾ॥੧੩॥

ਆਪ ਚੜ੍ਹਾਈ ਕਰਕੇ ਤੁਰਤ ਆ ਜਾਵੇਗਾ ਜਾਂ ਵੱਡੇ ਜਰਨੈਲਾਂ ਨੂੰ ਚਾੜ੍ਹ ਕੇ ਭੇਜੇਗਾ, ਭਾਰੀ ਲਸ਼ਕਰ ਆ ਕੇ ਲੜੇਗਾ, ਇਸ ਤਰ੍ਹਾਂ ਜਾਣੋ ਜਿਵੇਂ ਮੈਨੂੰ ਛੇਤੀ ਆਏ ਨੂੰ ਤਕਦੇ ਹੋ, ਇੰਝ ਬਾਦਸ਼ਾਹ ਦੀ ਸੈਨਾ ਆਈ ਸਮਝੋ॥੧੩॥

ਪਹੁੰਚੇ ਹੀ ਸ਼ੱਤ੍ਰੂ ਗਨ ਲਖੋ। ਬਨਿ ਸੁਚੇਤ ਨਹਿਂ ਆਲਸ ਰਖੋ।
ਡਾਰੇ ਰਹੈਂ ਤੁਰੰਗਮ ਜ਼ੀਨ। ਸਕਲ ਤੁਫੰਗਨਿ ਤਜਾਰੀ ਕੀਨਿ॥ ੧੪ ॥

ਅਣਗਿਣਤ ਵੈਰੀਆਂ ਨੂੰ ਪਹੁੰਚੇ ਹੀ ਸਮਝੋ, ਸੁਚੇਤ ਹੋ ਜਾਵੋ ਤੇ ਆਲਸ ਨਾ ਰਖੋ। ਘੋੜਿਆਂ ਤੇ ਕਾਠੀਆਂ ਪਾ ਕੇ ਰਖੀਏ, ਸਭ ਬੰਦੂਕਾਂ ਤਿਆਰ ਬਰ ਤਿਆਰ ਕਰਵਾਈਏ'॥੧੪॥

ਸੁਨਿ ਗਨ ਤੁਰਕਨ ਕੋ ਆਗਵਨੂ। ਜਗਜੋ ਬੀਰ ਰਸ ਉਰ ਅਰਿਦਵਨੂ।
ਬੂਝਜੋ ਤਬੈ ਜੋਧ ਕੇ ਸੰਗ। 'ਇਹਾਂ ਕਰਹੁ ਤੁਮ ਕਿਸ ਬਿਧਿ ਜੰਗ ? ॥ ੧੫ ॥

ਵੈਰੀ ਦਾ ਨਾਸ਼ ਕਰਨ ਵਾਲੇ ਭਾਵ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਤੁਰਕਾਂ ਦੇ ਆਉਣ ਬਾਰੇ ਜਦ ਸੁਣਿਆ ਤਾਂ ਉਨ੍ਹਾਂ ਦੇ ਹਿਰਦੇ ਵਿਚ ਬੀਰ ਰਸ ਜਾਗ ਪਿਆ। ਫਿਰ ਰਾਇ ਜੋਧ ਨੂੰ ਪੁੱਛਣ ਲੱਗੇ, "ਏਥੇ ਤੁਸੀਂ ਜੰਗ ਕਿਸ ਵਿਧੀ ਅਨੁਸਾਰ ਲੜਦੇ ਹੋ ? ॥੧੫॥

ਅਪਨੇ ਹੋਹਿਂ ਅਲਪ ਭਟ ਨਾਲ। ਸ਼ੱਤ੍ਰੁ ਬ੍ਰਿੰਦ ਚਢਿ ਅਏ ਬਿਸਾਲ।
ਕਠਨ ਦੁਰਗ ਮਹਿਂ ਹੋਇ ਪ੍ਰਵੇਸ਼ੂ। ਕੈ ਜੰਗਲ ਥਲ ਪਿਖਹੁ ਵਿਸ਼ੇਸ਼ੂ॥ ੧੬ ॥

ਸਾਡੇ ਨਾਲ ਬਹੁਤ ਥੋੜ੍ਹੇ ਸੂਰਮੇ ਹਨ, ਵੈਰੀ ਬਹੁਤ ਵੱਡੀ ਗਿਣਤੀ ਵਿਚ ਚੜ੍ਹ ਕੇ ਆਵੇਗਾ, ਕਿਸੇ ਕਠਨ ਕਿਲ੍ਹੇ ਵਿਚ ਪ੍ਰਵੇਸ਼ ਹੋਵੇ ਜਾਂ ਕੋਈ ਜੰਗਲ ਵਿਚ ਵਿਸ਼ੇਸ਼ ਥਾਂ ਵੇਖੋ॥੧੬॥

ਕਿਧੋਂ ਮਰੂ ਥਲ ਹੈ ਇਤ ਕੋਇ। ਕਿਸ ਬਿਧਿ ਰਹਹੁ ਮਵਾਸੇ ਹੋਇ ?'।
ਜੋਧ ਕਹਜੋ ਕਰ ਜੋਰਿ ਬਹੋਰ। 'ਮਹਾਰਾਜ! ਹੁਇ ਸੰਘਰ ਘੋਰ॥ ੧੭॥

ਜਾਂ ਜੇ ਕੋਈ ਏਥੇ ਮਾਰੂਥਲ ਹੈ, ਕਿਸੇ ਵਿਧੀ ਨਾਲ ਰਖਿਆਤਮਕ ਹੋ ਕੇ ਰਹੀਏ ?" ਫਿਰ ਰਾਇ ਜੋਧ ਨੇ ਹੱਥ ਜੋੜ ਕੇ ਕਿਹਾ, "ਮਹਾਰਾਜ ! ਬੜਾ ਵੱਡਾ ਸੰਘਰਸ਼ ਹੋਵੇਗਾ॥੧੭॥

ਅਹੈ ਦਿਲੇਸ਼ੁਰ ਕੀ ਬਹੁ ਸੈਨਾ। ਰਾਜ ਜਗਤ ਕੋ, ਗਿਨਤੀ ਹੈ ਨਾ।
ਟਰਹੁ ਆਪ ਕਿਮ ਸਰਬਰ ਹੋਵਹੁ। ਤੋਪ ਜੰਬੂਰਨ ਕੋ ਗਨ ਜੋਵਹੁ॥ ੧੮ ॥

ਦਿੱਲੀ ਦੇ ਬਾਦਸ਼ਾਹ ਦੀ ਬਹੁਤ ਵੱਡੀ ਸੈਨਾ ਹੈ, ਸਾਰੇ ਜਗਤ ਤੇ ਰਾਜ ਹੈ, ਕੋਈ ਗਿਣਤੀ ਨਹੀਂ ਹੈ। ਆਪ ਟਲ ਜਾਓ, ਕਿਵੇਂ ਮੁਕਾਬਲਾ ਹੋ ਸਕੇਗਾ, ਅਣਗਿਣਤ ਤੋਪਾਂ ਬੰਦੂਕਾਂ ਨਾਲ ਮੁਕਾਬਲਾ ਕਰਨਾ ਪਵੇਗਾ॥੧੮॥

ਜੰਗਲ ਬਿਖੈ ਪ੍ਰਵੇਸ਼ਹੁ ਦੂਰ। ਤਾਲ ਬਿਲੋਕਹੁ ਜਹਿਂ ਜਲ ਰੂਰ।
ਤਿਸਕੇ ਤੀਰ ਰਾਖੀਅਹਿ ਡੇਰਾ। ਭੇਜਹਿ ਲਸ਼ਕਰ ਸ਼ਾਹੁ ਘਨੇਰਾ॥ ੧੯ ॥

ਦੂਰ ਜੰਗਲ ਵਿਚ ਪ੍ਰਵੇਸ਼ ਕਰ ਜਾਵੋ, ਕੋਈ ਸਰੋਵਰ ਵੇਖੋ, ਜਿਸ ਵਿਚ ਸੁੰਦਰ ਜਲ ਹੋਵੇ, ਉਸ ਦੇ ਕਿਨਾਰੇ ਡੇਰਾ ਰਖੀਏ, ਜਦ ਬਾਦਸ਼ਾਹ ਵੱਡੀ ਗਿਣਤੀ ਵਿਚ ਲਸ਼ਕਰ ਭੇਜੇਗਾ॥੧੯॥

ਖੋਜਿ ਖੋਜਿ ਕਰਿ ਇਤ ਉਤ ਥਾਨ। ਹਟਿ ਜੈ ਹੈ ਹੁਇ ਕਰਿ ਵੈਰਾਨ।
ਜੰਗਲ ਵਿਖੈ ਸੁ ਪ੍ਰਵਿਸ਼ੈ ਨਾਂਹੀ। ਜਲ ਕੇ ਥਲ ਭੇਵ ਨ ਤਿਨ ਪਾਹੀ॥ ੨੦ ॥

ਏਧਰ ਉਧਰ ਥਾਂ ਲੱਭ-ਲੱਭ ਕੇ ਵੈਰਾਨ ਹੋ ਕੇ ਵਾਪਸ ਮੁੜ ਜਾਣਗੇ, ਜੰਗਲ ਵਿਚ ਉਹ ਦਾਖਲ ਨਹੀਂ ਹੋਣਗੇ, ਉਨ੍ਹਾਂ ਨੂੰ ਜਲ ਦੇ ਥਾਂ ਦਾ ਪਤਾ ਨਹੀਂ ਹੈ॥੨੦॥

ਲਵਪੁਰਿ ਕੈ ਦਿੱਲੀ ਚਲਿ ਜਾਇ। ਬਹੁਰ ਪ੍ਰਵੇਸ਼ਹੁ ਇਸ ਥਲ ਆਇ।
ਬਿਬਿਧ ਬਿਲਾਸ ਕਰਹੁ ਹਰਖਾਵਹੁ। ਸਿਖ ਸੰਗਤ ਕੋ ਸੁਖ ਉਪਜਾਵਹੁ॥ ੨੧ ॥

ਜਦ ਲਾਹੌਰ ਜਾਂ ਦਿੱਲੀ ਚਲਾ ਜਾਵੇਗਾ, ਬਾਅਦ ਵਿਚ ਇਸ ਥਾਂ ਆ ਪ੍ਰਵੇਸ਼ ਕਰੋ, ਕਈ ਪ੍ਰਕਾਰ ਦੇ ਵਿਲਾਸ ਕਰਕੇ ਪ੍ਰਸੰਨ ਹੋਵੋ ਤੇ ਸਿੱਖ ਸੰਗਤ ਨੂੰ ਸੁਖ ਉਪਜਾਵੋ॥੨੧॥

ਇਸ ਪ੍ਰਕਾਰ ਕੋ ਮਤਿ ਹੈ ਏਕ। ਬਿਨ ਬਿਖਾਦ, ਹੇ ਜਲਧਿ ਬਿਬੇਕ !'।
ਸ੍ਰੀ ਹਰਿ ਗੋਬਿੰਦ ਸੁਮਤਿ ਨਿਧਾਨ। ਸੁਨਤਿ ਜੋਧ ਤੇ ਕੀਨਿ ਬਖਾਨਿ॥ ੨੨ ॥

ਹੇ ਗਿਆਨ ਦੇ ਸਾਗਰ! ਬਿਨਾਂ ਝਗੜੇ ਤੋਂ ਇਕ ਮੱਤ ਇਹ ਵੀ ਹੈ। ਸ੍ਰੀ ਹਰਿਗੋਬਿੰਦ ਜੀ ਸ੍ਰੇਸ਼ਟ ਬੁੱਧੀ ਦੇ ਖਜ਼ਾਨੇ ਹਨ, ਉਨ੍ਹਾਂ ਰਾਇ ਜੋਧ ਪਾਸੋਂ ਇਹ ਸੁਣ ਕੇ ਕਿਹਾ॥੨੨॥

'ਇਹ ਮਤਿ ਨਹੀਂ ਪਸੰਦ ਹਮਾਰੇ। ਹੋਹਿ ਨ ਜੰਗ, ਨ ਸ਼ੱਤ੍ਰੂ ਮਾਰੇ।
ਸ਼ਾਹੁ ਸਹਿਤ ਗਨ ਤੁਰਕ ਬਖਾਨੈਂ। 'ਲਰਹਿ ਨ ਅਬਿ ਉਰ ਮਹਿਂ ਡਰ ਮਾਨੈਂ ॥੨੩॥

"ਇਹ ਮੱਤ ਸਾਡੇ ਪਸੰਦ ਨਹੀਂ ਹੈ, ਨਾ ਜੰਗ ਹੋਵੇ ਤੇ ਨਾ ਵੈਰੀ ਨੂੰ ਮਾਰੀਏ। ਬਾਦਸ਼ਾਹ ਸਮੇਤ ਸਾਰੇ ਤੁਰਕ ਇਹ ਕਹਿਣਗੇ, "ਹੁਣ ਲੜਦੇ ਨਹੀਂ, ਦਿਲ ਵਿਚ ਡਰ ਮੰਨਦੇ ਹਨ" ॥੨੩॥

ਪਲਟਾ ਲੇਨਿ ਤੁਰੰਗਮ ਕੇਰਾ। ਤੋ ਰਣ ਚਹੀਅਤਿ ਕਰਨਿ ਬਡੇਰਾ।
ਸ਼ਸਤ੍ਰ ਤੁਰੰਗਮ ਸੈਨਾ ਰਾਖਨ। ਹੋਤਿ ਸਫਲ ਸੰਘਰ ਕੇ ਕਾਂਖਨ॥ ੨੪॥

ਘੋੜਿਆਂ ਦਾ ਬਦਲਾ ਲੈਣ ਲਈ, ਵੱਡਾ ਜੰਗ ਲੜਨਾ ਚਾਹੀਦਾ ਹੈ। ਸ਼ਸਤਰ, ਘੋੜੇ ਅਤੇ ਸੈਨਾ ਰਖਣੀ ਯੁੱਧ ਦੇ ਚਾਹਤ ਨਾਲ ਹੀ ਪੂਰੀ ਹੁੰਦੀ ਹੈ॥੨੪॥

ਤੁਰਕਨਿ ਸਾਥ ਲਰਨ ਗੁਨ ਘਨੇ। ਮਰੇ ਦੇਵ ਪੁਰਿ ਬਾਸਾ ਬਨੇ।
ਅਨਿਕ ਪ੍ਰਕਾਰਨਿ ਕੇ ਸੁਖ ਪਾਇ। ਜਨਮ ਜਨਮ ਕੇ ਕਸ਼ਟ ਮਿਟਾਇ॥੨੫॥

ਤੁਰਕਾਂ ਨਾਲ ਲੜਨ ਦੇ ਬੜੇ ਗੁਣ ਹਨ, ਮਰਨ ਨਾਲ ਸਵਰਗ ਲੋਕ ਵਿਚ ਵਾਸਾ ਮਿਲਦਾ ਹੈ। ਅਨੇਕ ਪ੍ਰਕਾਰ ਦੇ ਸੁੱਖ ਪਾਉਣਗੇ ਤੇ ਜਨਮਾਂ-ਜਨਮਾਂ ਦੇ ਕਸ਼ਟ ਮਿਟ ਜਾਣਗੇ॥੨੫॥

ਜੀਵਤਿ ਜਸੁ ਥੀਵਤਿ ਜਗ ਮਾਂਹੀ। ਸੁਖ ਭੋਗਤਿ ਹੁਇ ਬਿਘਨ ਬਿਨਾ ਹੀ।
ਲੋਕ ਜਿ ਦੋਨਹੁਂ ਹਲਤਿ ਪਲੰਤੇ। ਸੁਭਟਨਿ ਕੀ ਭੁਜ ਸੋਂ ਲਟਕੰਤੇ॥ ੨੬॥

ਜੀਉਂਦਿਆਂ ਜਗ ਵਿਚ ਜੱਸ ਹੋਵੇਗਾ, ਕਿਸੇ ਵਿਘਨ ਤੋਂ ਬਗੈਰ ਸੁੱਖ ਭੋਗਣਗੇ। ਲੋਕ ਪਰਲੋਕ ਜਿਹੜੇ ਦੋਵੇਂ ਲੋਕ ਹਨ, ਸੂਰਮਿਆਂ ਦੀਆਂ ਬਾਹਾਂ ਨਾਲ ਲਮਕਦੇ ਹਨ॥੨੬॥

ਹਮ ਛੱਤ੍ਰੀ ਕਿਮ ਛੋਰਹਿਂ ਰਨ ਕੋ। ਅਬਹਿ ਮਨੋਰਥ ਹੋਯਸਿ ਮਨ ਕੋ।
ਦੇਖਹੁ ਜਬਹਿ ਪਰਹਿ ਸੰਗ੍ਰਾਮੂ। ਸ਼ੱਤ੍ਰ ਪਠਾਵੋਂ ਜਮ ਕੇ ਧਾਮੂ॥ ੨੭॥

ਅਸੀਂ ਖੱਤਰੀ ਕਿਵੇਂ ਰਣਖੇਤਰ ਨੂੰ ਛੱਡ ਦੇਈਏ, ਹੁਣੇ ਮਨ ਦਾ ਮਨੋਰਥ ਪੂਰਾ ਹੋ ਜਾਵੇਗਾ, ਵੇਖੋ ਜਦ ਸੰਗ੍ਰਾਮ ਪਵੇਗਾ ਤਾਂ ਦੁਸ਼ਮਣ ਨੂੰ ਜਮ ਦੇ ਘਰ ਭੇਜਾਂਗੇ॥੨੭॥

ਭਯੋ ਯੁੱਧ ਜੁਗ ਸਮੈ ਹਮਾਰਾ। ਅਬਿ ਬਿਸਾਲ ਹੀ ਪਰਹਿ ਅਖਾਰਾ।
ਸ਼ਸਤ੍ਰ ਸਮੇਤ ਬਡੇ ਉਮਰਾਵ। ਮਾਰਹਿਂ ਪੁਨ ਦਫਨਹਿਂ ਰਣ ਥਾਵ॥ ੨੮॥

ਦੋ ਵਾਰ ਸਾਡੇ ਨਾਲ ਯੁੱਧ ਹੋਇਆ ਹੈ, ਹੁਣ ਬਹੁਤ ਵਿਸ਼ਾਲ ਅਖਾੜਾ ਲਗੇਗਾ। ਸ਼ਸਤਰਾਂ ਸਮੇਤ ਵੱਡੇ-ਵੱਡੇ ਹਾਕਮਾਂ ਨੂੰ ਮਾਰਾਂਗੇ ਫਿਰ ਰਣਖੇਤਰ ਵਿਚ ਹੀ ਦਫਨ ਕਰਾਂਗੇ॥੨੮॥

ਊਪਰ ਬੈਠਕ ਬਨਹਿ ਹਮਾਰੀ। ਬੈਠਹਿਂ ਬੋਲਹਿਂ ਸਾਥ ਤੁਮਾਰੀ।
ਲਰਿਬੇ ਹੇਤੁ ਬਤਾਵਹੁ ਥਾਨ। ਜਹਾਂ ਪਰਹਿ ਤੁਰਕਨ ਘਮਸਾਨ॥ ੨੯॥

ਉਸ ਦੇ ਉਪਰ ਸਾਡਾ ਬੈਠਣ ਦਾ ਥੜਾ ਬਣੇਗਾ ਤੇ ਉਥੇ ਬੈਠ ਕੇ ਤੁਹਾਡੇ ਨਾਲ ਗੱਲਾਂ ਕਰਾਂਗੇ। ਲੜਨ ਵਾਸਤੇ ਚੰਗਾ ਸਥਾਨ ਦੱਸੋ, ਜਿਥੇ ਸਾਡਾ ਤੁਰਕਾਂ ਨਾਲ ਘਮਸਾਣ ਦਾ ਯੁੱਧ ਹੋਵੇ॥੨੯॥

ਰਣ ਤਜਿਬੋ ਮੁਹਿ ਨਹਿਂ ਮਨ ਭਾਵੈ। ਅਹੈ ਉਚਿਤ ਲਰਿਬੇ ਜਸੁ ਪਾਵੈਂ।
ਜੋਧਰਾਇ ਲਖਿ ਸਤਿਗੁਰੁ ਆਸ਼ੈ। ਹਰਖਤਿ ਮੁਖ ਤੇ ਬਾਕ ਪ੍ਰਕਾਸ਼ੈਂ॥ ੩੦॥

ਰਣਖੇਤਰ ਨੂੰ ਛੱਡਣਾ ਮੇਰੇ ਮਨ ਨੂੰ ਚੰਗਾ ਨਹੀਂ ਲੱਗਦਾ, ਇਹੋ ਉਚਿਤ ਹੈ ਕਿ ਲੜ ਕੇ ਜੱਸ ਪਾਈਏ।'' ਜੋਧ ਰਾਇ ਗੁਰੂ ਜੀ ਦਾ ਆਸ਼ਾ ਸਮਝ ਕੇ, ਪ੍ਰਸੰਨ ਹੋ ਕੇ ਮੁੱਖ ਤੋਂ ਬਚਨ ਕੀਤਾ॥੩੦॥

'ਧੰਨ ਗੁਰੂ ਸਭਿ ਕੁਛ ਤੁਮ ਹਾਥ। ਚਹਹੁ ਸੁ ਕਰਹੁ ਬਾਕ ਕੇ ਸਾਥ।
ਲਰਿਬੇ ਤੇ ਕਿਉਂ ਹੋਇ ਨ ਸੱਕਈ ?। ਮਰਹਿਂ ਸ਼ੱਤ੍ਰੂ ਰਿਸ ਕਰਿ ਜੋ ਤੱਕਈ॥੩੧॥

''ਧੰਨ ਗੁਰੂ ਜੀ, ਸਭ ਕੁਝ ਤੁਹਾਡੇ ਹੱਥ ਵੱਸ ਹੈ, ਜੇ ਚਾਹੋ ਤਾਂ ਇਕ ਸ਼ਬਦ ਨਾਲ ਹੀ ਸਭ ਕੁਝ ਕਰ ਸਕਦੇ ਹੋ। ਲੜਨਾ ਕਿਉਂ ਨਹੀਂ ਹੋ ਸਕੇਗਾ ? ਜੇ ਵੈਰੀ ਨੂੰ ਗੁੱਸੇ ਨਾਲ ਤਕੋਗੇ ਵੀ ਤਾਂ ਵੀ ਉਹ ਮਰ ਜਾਵੇਗਾ॥੩੧॥

ਇਹਾਂ ਲਰਨ ਕੋ ਘਾਤ ਸੁਨੀਜੈ। ਭਰਜੋ ਤਾਲ ਜਲ ਜਹਾਂ ਲਖੀਜੈ।
ਚਹੁੰ ਦਿਸ਼ਿ ਮਹਿਂ ਉਜਾਰ ਹੁਇ ਭਾਰੀ। ਖੋਜਜੋ ਪਾਇ ਨਹੀਂ ਕਿਤ ਬਾਰੀ॥੩੨॥

ਇਥੇ ਲੜਨ ਦਾ ਦਾਅ ਸੁਣ ਲਵੋ, ਜਿਥੇ ਵੀ ਭਰਿਆ ਹੋਇਆ ਜਲ ਦਾ ਸਰੋਵਰ ਵੇਖੋ ਅਤੇ ਚਾਰੇ ਪਾਸੇ ਭਾਰੀ ਉਜਾੜ ਹੋਵੇ ਕਿਤੇ ਵੀ ਢੂੰਡਣ ਨਾਲ ਪਾਣੀ ਪ੍ਰਾਪਤ ਨਾ ਹੁੰਦਾ ਹੋਵੇ॥੩੨॥

ਸੋ ਸਰੁਵਰੁ ਘੇਰਹੁ ਚਹੁੰ ਓਰ। ਪਾਇ ਨ ਹਲਹਿਂ ਪਰੇ ਬਡ ਜੋਰਿ।
ਕਿਤਿਕ ਕਾਲ ਜਬਿ ਜੁੱਧ ਪ੍ਰਕਾਸ਼ੇ। ਰਿਪੁ ਗਨ ਕੋ ਬਹੁ ਲਾਗਹਿ ਪਜਾਸੇ॥੩੩॥

ਉਸ ਸਰੋਵਰ ਨੂੰ ਚਾਰੇ ਪਾਸਿਆਂ ਤੋਂ ਘੇਰ ਲਵੋ, ਵੱਡਾ ਜ਼ੋਰ ਪੈਣ ਤੇ ਵੀ ਪੈਰ ਨਾ ਹਿਲਾਈਏ। ਕਾਫ਼ੀ ਸਮੇਂ ਤਕ ਜਦ ਯੁੱਧ ਹੁੰਦਾ ਰਹੇਗਾ ਤਾਂ ਵੈਰੀ ਨੂੰ ਬਹੁਤ ਪਿਆਸ ਲਗੇਗੀ॥੩੩॥

ਕੇਤਿਕ ਮਰਹਿਂ ਸ਼ਸਤ੍ਰ ਕੇ ਮਾਰੇ। ਕਿਤਿਕ ਚਹਤਿ ਜਲ ਕੋ ਤਿਸ ਬਾਰੇ।
ਖੋਜਜੋ ਪਾਇਂ ਨਹੀਂ ਜਿਸ ਕਾਲਾ। ਤਬਿ ਭਾਜਹਿਂ ਧਰਿ ਤ੍ਰਾਸ ਬਿਸਾਲਾ॥੩੪॥

ਕਈ ਤਾਂ ਸ਼ਸਤਰਾਂ ਦੇ ਮਾਰਨ ਨਾਲ ਮਰ ਜਾਣਗੇ, ਕਈ ਉਸ ਸਮੇਂ ਜਲ ਨੂੰ ਚਾਹੁਣਗੇ, ਜਦ ਕਿਤੇ ਵੀ ਜਲ ਲਭ ਨਹੀਂ ਸਕਣਗੇ ਤਾਂ ਬਹੁਤ ਡਰ ਕੇ ਭੱਜ ਜਾਣਗੇ॥੩੪॥

ਬਹੁਰ ਨ ਜਾਨਿ ਦੇਹਿਂ ਸੁਖ ਸੇਤੀ। ਕਟਹਿਂ ਖੜਗ ਸੋਂ ਜਜੋਂ ਪਕਿ ਖੇਤੀ।
ਲੂਟ ਲੇਹਿਂਗੇ ਸ਼ਸਤ੍ਰ ਤੁਰੰਗ। ਰਾਖਹਿਂ ਮਾਰਿ ਸ਼ੱਤ੍ਰੂ ਗਨ ਜੰਗ'॥ ੩੫॥

ਫਿਰ ਉਨ੍ਹਾਂ ਨੂੰ ਸੁਖ ਨਾਲ ਨਾ ਜਾਣ ਦੇਵੋ, ਉਨ੍ਹਾਂ ਨੂੰ ਤਲਵਾਰ ਨਾਲ ਇਸ ਤਰ੍ਹਾਂ ਕੱਟ ਦੇਵੋ ਜਿਵੇਂ ਪੱਕੀ ਖੇਤੀ ਨੂੰ ਕਟੀਦਾ ਹੈ। ਉਨ੍ਹਾ ਦੇ ਸ਼ਸਤਰ ਤੇ ਘੋੜੇ ਲੁੱਟ ਲਵਾਂਗੇ, ਵੱਡੀ ਗਿਣਤੀ ਵਿਚ ਵੈਰੀ ਨੂੰ ਮਾਰ ਕੇ ਜੰਗ ਦੇ ਮੈਦਾਨ ਵਿਚ ਰਖਾਂਗੇ॥ ੩੫॥

ਕਹੇ ਬਚਨ ਉਤਸਾਹਿ ਸਮੇਤ। ਸੁਨਿ ਪ੍ਰਸੰਨ ਭੇ ਕ੍ਰਿਪਾ ਨਿਕੇਤ।
'ਸੁਨਹੁ ਜੋਧ ! ਐਸੋ ਅਬਿ ਥਾਨੋ। ਕਰਹੁ ਬਤਾਵਨ ਤੂੰ ਸਭਿ ਜਾਨੇ॥ ੩੬॥

ਰਾਇ ਜੋਧ ਨੇ ਇਹ ਬਚਨ ਬੜੇ ਉਤਸ਼ਾਹ ਨਾਲ ਕਹੇ ਤਾਂ ਕਿਰਪਾ ਦੇ ਘਰ ਭਾਵ ਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਕਹਿਣ ਲੱਗੇ, ''ਹੇ ਜੋਧ ! ਸੁਣੋ, ਅਜਿਹਾ ਥਾਂ ਹੁਣ ਦੱਸੋ, ਤੂੰ ਇਸ ਇਲਾਕੇ ਨੂੰ ਚੰਗੀ ਤਰ੍ਹਾਂ ਜਾਣਦਾ ਹੈਂ॥੩੬॥

ਗਾਹਜੋ ਜੰਗਲ ਦੇਸ਼ ਘਨੇਰਾ। ਬਿਖਮ ਸੁਗਮ ਥਲ ਤੈਂ ਸਭਿ ਹੇਰਾ'।
ਜੋਧਰਾਇ ਮਨ ਮੈਂ ਕਰਿ ਗਿਨਤੀ। ਸਭਿ ਥਲ ਕੀ ਲਖਿ, ਭਾਖਤਿ ਬਿਨਤੀ॥੩੭॥

ਤੂੰ ਮਾਲਵੇ ਦੇਸ਼ ਨੂੰ ਬਹੁਤ ਗਾਹਿਆ ਹੈ, ਔਖੇ ਸੌਖੇ ਸਾਰੇ ਸਥਾਨ ਤੂੰ ਵੇਖੇ ਹਨ।'' ਜੋਧ ਰਾਇ ਨੇ ਮਨ ਵਿਚ ਗਿਣਤੀ ਗਿਣੀ, ਸਭ ਥਾਵਾਂ ਨੂੰ ਸੋਚ-ਸਮਝ ਕੇ ਬੇਨਤੀ ਕੀਤੀ॥੩੭॥

'ਸੁਨਹੁ ਪ੍ਰਭੂ ! ਮੈਂ ਜਾਨਹੇ ਥਾਨ। ਜਹਾਂ ਕਰਹੁ ਤੁਮ ਜੰਗ ਮਹਾਨ।
ਹਤਹਿੰ ਤੁਰਕ ਅਰੁ ਰਹਹਿੰ ਸੁਖਾਰੇ। ਭਾਜਹਿੰ ਰਿਪੁ ਕਰਿ ਪ੍ਰਾਨਨਿ ਪਜਾਰੇ ॥੩੮॥

ਉਸ ਨੇ ਕਿਹਾ, "ਹੇ ਪ੍ਰਭੂ ਜੀ ! ਸੁਣੋ, ਮੈਂ ਉਸ ਸਥਾਨ ਨੂੰ ਜਾਣਦਾ ਹਾਂ ਜਿਥੇ ਤੁਸੀਂ ਮਹਾਨ ਜੰਗ ਕਰੋਗੇ। ਤੁਰਕਾਂ ਨੂੰ ਮਾਰਾਂਗੇ ਵੀ ਤੇ ਸੌਖੇ ਵੀ ਰਹਾਂਗੇ, ਦੁਸ਼ਮਣ ਪ੍ਰਾਣ ਪਿਆਰੇ ਕਰ ਕੇ ਭੱਜ ਜਾਵੇਗਾ ॥੩੮॥

ਪੰਚ ਰੁ ਚਾਰ ਕੋਸ ਇਸ ਥਲ ਤੇ। ਭਰਜੋ ਸਰੋਵਰ ਸੁੰਦਰ ਜਲ ਤੇ।
ਤਿਸ ਕੇ ਗਿਰਦ ਕਰਹੁ ਚਲਿ ਡੇਰਾ। ਹਮ ਤੇ ਦੱਖਨ ਦਿਸ਼ਿ ਮਹਿੰ ਹੇਰਾ ॥੩੯॥

ਉਹ ਸਥਾਨ ਇਸ ਥਾਂ ਨਾਲੋਂ ਪੰਜ ਚਾਰ ਕੋਹ ਦੂਰ ਹੈ, ਉਥੇ ਇਕ ਸਰੋਵਰ ਸੁੰਦਰ ਜਲ ਨਾਲ ਭਰਿਆ ਹੈ। ਉਸ ਦੇ ਦੁਆਲੇ ਜਾ ਕੇ ਡੇਰਾ ਲਾ ਲਵੋ, ਸਾਡੇ ਤੋਂ ਦੱਖਣ ਵਾਲੇ ਪਾਸੇ ਉਹ ਦਿਖਾਈ ਦਿੰਦਾ ਹੈ ॥੩੯॥

ਚਾਰਕਿ ਪੰਚ ਕੋਸ ਇਕ ਗ੍ਰਾਮ। ਜਿਹ ਕੋ ਕਹੈਂ ਨਿਥਾਣਾ ਨਾਮ।
ਹਮ ਨਹਿੰ ਤਜਾਗਹਿੰ ਗੇ ਜਲ ਸੋਇ। ਸ਼ੱਤ੍ਰ ਪਲਾਇ ਤ੍ਰਿਖਾਤੁਰ ਹੋਇ ॥੪੦॥

ਚਾਰ ਪੰਜ ਕੋਹ ਤੇ ਇਕ ਪਿੰਡ ਹੈ, ਜਿਸ ਦਾ ਨਿਥਾਣਾ ਨਾਮ ਕਹਿੰਦੇ ਹਨ, ਅਸੀਂ ਉਸ ਜਲ ਨੂੰ ਨਹੀਂ ਛੱਡਾਂਗੇ, ਵੈਰੀ ਪਿਆਸ ਨਾਲ ਆਤਰ ਹੋ ਕੇ ਭੱਜ ਜਾਵੇਗਾ ॥੪੦॥

ਸੁਨਤਿ ਜੋਧ ਤੇ ਸਤਿਗੁਰ ਮਾਨੀ। 'ਇਹੁ ਤੈਂ ਆਛੀ ਬਾਤ ਬਖਾਨੀ।
ਅਬਿ ਤੌ ਪਰੀ ਸੰਝ ਲਖਿ ਲੀਜੈ। ਪ੍ਰਾਤਿ ਹੋਇ ਪ੍ਰਸਥਾਨੋ ਕੀਜੈ ॥੪੧॥

ਰਾਇ ਜੋਧ ਪਾਸੋਂ ਸੁਣ ਕੇ ਗੁਰੂ ਜੀ ਨੇ ਮੰਨ ਲਈ, "ਇਹ ਤੂੰ ਚੰਗੀ ਗੱਲ ਕਹੀ ਹੈ। ਹੁਣ ਤਾਂ ਸ਼ਾਮ ਪੈ ਗਈ ਹੈ, ਵੇਖ ਲਵੋ, ਸਵੇਰੇ ਉਸ ਸਥਾਨ ਵੱਲ ਚਲੇ ਜਾਵਾਂਗੇ ॥੪੧॥

ਆਵਹਿ ਸ਼ਾਹੁ ਕਿ ਲਸ਼ਕਰ ਭਾਰੇ। ਹੱਥਜਾਰਨ ਕੋ ਪਕਰਿ ਸੰਘਾਰੋ'।
ਮਸਲਤ ਜਬਿ ਨੀਕੇ ਕਰਿ ਲੀਨਿ। ਬਹੁ ਬਾਰੂਦ ਅਨਾਵਨਿ ਕੀਨਿ ॥੪੨॥

ਬਾਦਸ਼ਾਹ ਦਾ ਭਾਰੀ ਲਸ਼ਕਰ ਆਵੇਗਾ, ਹਥਿਆਰ ਫੜ ਕੇ ਮਾਰ ਦੇਵੋ।" ਜਦ ਸਲਾਹ ਚੰਗੀ ਤਰ੍ਹਾਂ ਪੱਕੀ ਕਰ ਲਈ ਤਾਂ ਬਹੁਤ ਬਾਰੂਦ ਮੰਗਵਾਇਆ ॥੪੨॥

ਮਣ ਹਜ਼ਾਰ ਸਿੱਕਾ ਮੰਗਵਾਯੋ। ਬ੍ਰਿੰਦ ਸੁਨਾਰਨਿ ਤੇ ਢਲਿਵਾਯੋ।
ਦੀਨੀ ਸੁਭਟਨਿ ਕੋ ਮਨ ਭਾਵਤਿ। ਡਾਰਤਿ ਗੋਰੀ ਤੁਪਕ ਚਲਾਵਤਿ ॥੪੩॥

ਹਜ਼ਾਰ ਮਣ ਸਿੱਕਾ ਮੰਗਵਾਇਆ ਤੇ ਬਹੁਤ ਸੁਨਿਆਰਿਆਂ ਪਾਸੋਂ ਢਲਵਾਇਆ ਤੇ ਗੋਲੀਆਂ ਸੂਰਮਿਆਂ ਨੂੰ ਵੰਡ ਦਿੱਤੀਆਂ ਤਾਂਕਿ ਗੋਲੀਆਂ ਪਾ ਕੇ ਉਹ ਬੰਦੂਕਾਂ ਚਲਾਉਣ ॥੪੩॥

ਜਿਸ ਢਿਗ ਧਨੁਖ, ਤੀਰ ਕੋ ਛੋਰਤਿ। ਨਿਜ ਵਿੱਦਯਾ ਕਰਿ ਅਰਿ ਉਰ ਫੋਰਤਿ।
ਤਿਨ ਕੋ ਤਰਕਸ਼ ਬਖ਼ਸ਼ਨ ਕਰੇ। ਤੀਛਨ ਭੀਛਨ ਸਰ ਗਨ ਭਰੇ ॥੪੪॥

ਜਿਸ ਪਾਸ ਧਨੁੱਖ ਸੀ, ਉਹ ਤੀਰ ਛੱਡੇ ਤੇ ਨਿਜੀ ਵਿਦਿਆ ਨਾਲ ਵੈਰੀ ਦਾ ਹਿਰਦਾ ਵਿੰਨ੍ਹ ਦੇਵੇ, ਉਨ੍ਹਾਂ ਨੂੰ ਤੀਰਾਂ ਦੇ ਭੱਥੇ ਬਖਸ਼ ਦਿੱਤੇ ਜਿਹੜੇ ਤਿੱਖੇ ਤੀਰਾਂ ਨਾਲ ਭਰੇ ਪਏ ਸਨ ॥੪੪॥

ਕੇਤਿਕ ਕੋ ਤੋਮਰ ਖਰ ਦਏ। ਸਰਬ ਲੋਹ ਕੀ ਸ਼ਕਤੀ ਲਏ।
ਸੈਫ, ਸਰੋਹੀ, ਤੇਗ਼ੇ ਚੋਰੇ। ਖੰਡੇ, ਖੜਗ ਦੁਧਾਰੇ ਗੋਰੇ ॥੪੫॥

ਕਈਆਂ ਨੂੰ ਨੇਜੇ ਦਿੱਤੇ, ਸਰਬ ਲੋਹ ਦੀਆਂ ਬਰਛੀਆਂ ਦਿੱਤੀਆਂ ਅਤੇ ਸੈਫ ਅਤੇ ਸਰੋਹੀ ਦੀਆਂ ਬਣੀਆਂ ਚੌੜੀਆਂ ਤਲਵਾਰਾਂ ਵੰਡੀਆਂ। ਖੰਡੇ, ਖੜਗ ਅਤੇ ਭਾਰੀ ਦੁਧਾਰੇ ਫੜਾਏ॥੪੫॥

ਹੁਤੇ ਤਬੇਲੇ ਖਰੇ ਤੁਰੰਗ। ਬਖ਼ਸ਼ਿ ਦਿਏ ਤਿਸ ਛਿਨ ਹਿਤ ਜੰਗ।
ਕਰਾਬੀਨ ਬਹੁ ਤੁਪਕ ਤਮਾਂਚੇ। ਜਿਸ ਕੇ ਲਗਤਿ ਨ ਸ਼ੱਤ੍ਰੂ ਬਾਚੇ॥ ੪੬॥

ਤਬੇਲੇ ਵਿਚ ਘੋੜੇ ਖੜੇ ਸਨ, ਉਹ ਸੂਰਮਿਆਂ ਨੂੰ ਜੰਗ ਵਾਸਤੇ ਬਖਸ਼ ਦਿੱਤੇ। ਕਾਰਬਾਈਨ, ਬੰਦੂਕਾਂ ਅਤੇ ਪਸਤੋਲ ਦਿੱਤੇ ਜਿਨ੍ਹਾਂ ਦੇ ਲੱਗਣ ਨਾਲ ਵੈਰੀ ਨਾ ਬਚ ਸਕੇ॥੪੬॥

ਕੋਸ਼ ਬਿਖੈ ਤੇ ਸਭਿ ਮੰਗਵਾਏ। ਬਖ਼ਸ਼ ਦਏ ਸੁਭਟਨਿ ਸਮੁਦਾਏ।
ਲੇ ਰਜ਼ਾਇ ਘਰ ਜੋਧ ਸਿਧਾਰਾ। ਤਿਨ ਭੀ ਤਜਾਰ ਕਰਜੋ ਦਲ ਸਾਰਾ॥ ੪੭॥

ਜ਼ਖੀਰੇ ਵਿਚੋਂ ਸਭ ਮੰਗਵਾਏ ਤੇ ਉਹ ਸਾਰੇ ਸੂਰਬੀਰਾਂ ਨੂੰ ਬਖਸ਼ ਦਿੱਤੇ। ਆਗਿਆ ਲੈ ਕੇ ਰਾਇ ਜੋਧ ਆਪਣੇ ਘਰ ਨੂੰ ਗਿਆ, ਉਸ ਵੀ ਆਪਣਾ ਸਾਰਾ ਦਲ ਤਿਆਰ ਕਰ ਲਿਆ॥੪੭॥

ਕੇਤਿਕ ਚਾਕਰ, ਕੇਤਿਕ ਭਾਈ। ਸਰਬ ਬਟੋਰਿ ਕਰੇ ਸਮੁਦਾਈ।
ਸੁਭਟ ਹਜ਼ਾਰ ਏਕ ਤਿਹ ਸੰਗ। ਤਿਨ ਭੀ ਬਖਸ਼ੇ ਸ਼ਸਤ੍ਰ ਤੁਰੰਗ॥ ੪੮॥

ਕਈ ਨੌਕਰ, ਕਈ ਭਰਾ ਸਾਰਿਆਂ ਨੇ ਲਿਆ-ਲਿਆ ਇਕੱਠੇ ਕੀਤੇ। ਜੋਧ ਦੇ ਨਾਲ ਇਕ ਹਜ਼ਾਰ ਸੂਰਮਾ ਸੀ, ਉਨ੍ਹਾਂ ਨੂੰ ਵੀ ਉਸ ਹਥਿਆਰ ਅਤੇ ਘੋੜੇ ਸੌਂਪ ਦਿੱਤੇ॥੪੮॥

ਸਾਵਧਾਨ ਲਰਿਬੇ ਹਿਤ ਕਰੇ। ਗੋਰੀ ਬਹੁ ਬਰੂਦ ਲੈ ਭਰੇ।
ਸਰਬ ਜਾਮਨੀ ਮਹਿਂ ਕਰਿ ਤਜਾਰੀ। ਭਈ ਸੁਚੇਤ ਬਾਹਿਨੀ ਸਾਰੀ॥ ੪੯॥

ਸਾਰੇ ਲੜਾਈ ਵਾਸਤੇ ਸਾਵਧਾਨ ਕੀਤੇ, ਗੋਲੀ ਬਾਰੂਦ ਬਹੁਤ ਲੈ ਕੇ ਭਰ ਲਿਆ। ਸਾਰੀ ਰਾਤ ਵਿਚ ਤਿਆਰੀ ਕਰਕੇ ਸਾਰੀ ਘੋੜ ਸਵਾਰ ਫੌਜ ਤਿਆਰ ਹੋ ਗਈ॥੪੯॥

*ਸੱਤਵੀਂ ਰਾਸ ਦਾ ਅਠੱਤੀਵਾਂ ਅਧਿਆਇ ਸਮਾਪਤ ਹੋਇਆ॥੩੮॥*

## *ਅਧਿਆਇ ਉਣਤਾਲੀਵਾਂ*

*ਕਾਂਗੜ ਪਿੰਡ ਤੋਂ ਕੂਚ*

ਦੋਹਰਾ-ਸੁਨਿਆਰੇ ਆਦਿਕ ਸਕਲ ਨਿਸ ਮਹਿਂ ਕਰੀ ਸੁ ਕਾਰ।
ਖਾਨ ਪਾਨ ਕਰਿ ਸਤਿਗੁਰੂ ਪੌਢੇ ਨਿੰਦ੍ਰਾਧਾਰਿ॥ ੧॥

ਸੁਨਿਆਰਿਆਂ ਆਦਿ ਨੇ ਸਾਰੀ ਰਾਤ ਕਾਰ ਕੀਤੀ ਤੇ ਗੁਰੂ ਜੀ ਖਾ ਪੀ ਕੇ ਲੰਮੇ ਪੈ ਕੇ ਸੌਂ ਗਏ॥੧॥

ਚੌਪਈ-ਜਾਮ ਜਾਮਨੀ ਸਤਿਗੁਰ ਜਾਗੇ। ਸੌਚ ਸ਼ਨਾਨ ਕਰਨਿ ਅਨੁਰਾਗੇ।
ਕਹਿ ਕਰਿ ਦੁੰਦਭਿ ਕੋ ਬਜਵਾਯੋ। ਮਹਾਂ ਧੁਨੀ ਜਨੁ ਘਨੁ ਗਰਜਾਯੋ॥੨॥

ਪਹਿਰ ਰਾਤ ਰਹਿੰਦਿਆਂ ਸਤਿਗੁਰੂ ਜੀ ਜਾਗ ਪਏ ਤੇ ਬੜੇ ਪ੍ਰੇਮ ਨਾਲ ਸੋਚ ਇਸ਼ਨਾਨ ਕੀਤਾ। ਕਹਿ ਕੇ ਨਗਾਰੇ ਵਜਾਏ, ਜਿਹੜੇ ਬੜੀ ਉੱਚੀ ਆਵਾਜ਼ ਵਿਚ ਗੂੰਜੇ ਜਿਵੇਂ ਬਦਲ ਗੱਜਦਾ ਹੈ॥੨॥

ਸੁਨਤਿ ਜੋਧ ਪੁਰਿ ਮਹਿਂ ਤਬਿ ਜਾਗਾ। ਸੋਚ ਸ਼ਨਾਨ ਕਰਨ ਕਹੁ ਲਾਗਾ।
ਦੋਨਹੁ ਧੁਜਨੀ ਕੇ ਭਟ ਭਾਰੇ। ਜਾਗ੍ਰਿਤਿ ਕੀਨਿ ਸੁਚੇਤਾ ਸਾਰੇ॥ ੩॥

ਨਗਾਰੇ ਦੀ ਆਵਾਜ਼ ਸੁਣ ਕੇ ਰਾਇ ਜੋਧ ਆਪਣੇ ਨਗਰ ਵਿਚ ਜਾਗ ਪਿਆ ਤੇ ਸੋਚ ਇਸ਼ਨਾਨ ਕਰਨ ਲੱਗਾ। ਦੋਵਾਂ ਸੈਨਾਵਾਂ ਦੇ ਸੂਰਮੇ ਬਹੁਤ ਬਲਵਾਨ ਸਨ, ਜਾਗ ਕੇ ਸਾਰਿਆਂ ਨੇ ਸੋਚ ਇਸ਼ਨਾਨ ਕੀਤਾ॥੩॥

ਸ਼ਸਤ੍ਰ ਬਸਤ੍ਰ ਪਹਿਰੇ ਨਿਜ ਅੰਗਾ। ਡਾਰੇ ਸੁੰਦਰ ਜ਼ੀਨ ਤੁਰੰਗਾ।
ਸੁਭਟ ਸਕਲ ਉਤਸਾਹੁ ਸਮੇਤ। ਚਾਹਤਿ ਬਿਜੈ ਕਰਜੋ ਰਣ ਖੇਤ॥ ੪॥

ਆਪਣੇ ਸਰੀਰ ਤੇ ਬਸਤਰ ਸ਼ਸਤਰ ਪਹਿਣੇ ਹੋਏ ਸਨ ਤੇ ਘੋੜਿਆਂ ਤੇ ਸੁੰਦਰ ਕਾਠੀਆਂ ਪਾਈਆਂ ਹੋਈਆਂ ਸਨ। ਸਾਰੇ ਸੂਰਮੇ ਉਤਸ਼ਾਹ ਨਾਲ ਭਰੇ ਹੋਏ ਸਨ, ਰਣਖੇਤਰ ਵਿਚ ਵਿਜੇ ਪ੍ਰਾਪਤ ਕਰਨੀ ਚਾਹੁੰਦੇ ਸਨ॥੪॥

ਸ੍ਰੀ ਹਰਿ ਗੋਬਿੰਦ ਚੰਦ ਅਨੰਦੇ। ਹਿਤ ਰਣ ਕੇ ਉਤਸਾਹਿ ਬਿਲੰਦੇ।
ਬਸਤ੍ਰ ਨਵੀਨ ਸਰਬ ਹੀ ਪਾਏ। ਦੀਰਘ ਜਾਮਾ ਗਰਹਿ ਸੁਹਾਏ॥ ੫॥

ਸ੍ਰੀ ਹਰਿਗੋਬਿੰਦ ਜੀ ਬਹੁਤ ਅਨੰਦਿਤ ਸਨ, ਯੁੱਧ ਵਾਸਤੇ ਉਹ ਬੜੇ ਉਤਸ਼ਾਹ ਨਾਲ ਭਰੇ ਸਨ। ਸਾਰੇ ਕਪੜੇ ਨਵੇਂ ਪਾਏ ਸਨ, ਗੱਲ ਵਿਚ ਪਾਇਆ ਵੱਡਾ ਜਾਮਾ ਬੜਾ ਸ਼ੋਭ ਰਿਹਾ ਸੀ॥੫॥

ਸੁੰਦਰ ਸੇਤ ਬਡੀ ਦਸਤਾਰ। ਜ਼ਰੀਦਾਰ ਜੁਗ ਛੋਰ ਉਦਾਰ।
ਪੇਚ ਅਨੂਠੇ ਕਰਿ ਕਰਿ ਲਾਏ। ਊਪਰ ਬਾਂਧੀ ਜਿਗਾ ਸੁਹਾਏ॥ ੬॥

ਸੁੰਦਰ ਸਫੇਦ ਵੱਡੀ ਦਸਤਾਰ ਬੰਨ੍ਹੀ ਹੋਈ ਸੀ ਤੇ ਜ਼ਰੀਦਾਰ ਦੋਵੇਂ ਪੱਲੇ ਸਨ। ਅਸਚਰਜ ਪੇਚ ਕਰ ਕਰ ਕੇ ਲਾਏ ਸਨ, ਉਪਰ ਬੱਧੀ ਹੋਈ ਕਲਗੀ ਬਹੁਤ ਸ਼ੋਭ ਰਹੀ ਸੀ॥੬॥

ਜਰੇ ਜਵਾਹਰ ਜਾਗਤਿ ਜੋਤਿ। ਦੀਪਤਿ ਦਿਪਤਿ ਸੁ ਦੀਪਤਿ ਹੋਤਿ।
ਤੀਖਨ ਖੰਡਾ ਖਰੋ ਦੁਧਾਰਾ। ਲੇਕਰ ਬਿਖੇ ਗਰੇ ਮਹਿਂ ਡਾਰਾ॥ ੭॥

ਹੀਰੇ ਜਵਾਹਰਾਤ ਜੜੇ ਜਗਮਗ ਕਰ ਰਹੇ ਸਨ, ਜਿਵੇਂ ਦੀਵੇ ਪ੍ਰਕਾਸ਼ਦੇ ਹਨ ਤਿਵੇਂ ਉਹ ਪ੍ਰਕਾਸ਼ ਰਹੇ ਸਨ। ਦੋ-ਧਾਰਾ ਤਿੱਖਾ ਖੰਡਾ ਖੜਾ ਸੀ ਜਿਸ ਨੂੰ ਲੈ ਕੇ ਗਲ੍ਹ ਵਿਚ ਪਾਇਆ ਸੀ॥੭॥

ਤਰਕਸ਼ ਖਰ ਖਪਰੇ ਭਰਿਵਾਯੋ। ਊਪਰ ਹੀਰਨ ਤੇ ਦਿਪਤਾਯੋ।
ਗਰ ਮਹਿਂ ਡਾਰਿ ਸੁ ਬਾਂਧਜੋ ਕਟਸੋਂ। ਕਸਿ ਕਟਿ ਬਹੁ ਸੂਖਮ ਦਿਢ ਪਟ ਸੋਂ॥੮॥

ਤਿੱਖੇ ਤੀਰਾਂ ਦੇ ਭੱਥੇ ਭਰਵਾਏ ਸਨ, ਭੱਥਿਆਂ ਉਪਰ ਹੀਰੇ ਚਮਕ ਰਹੇ ਸਨ। ਗਲ੍ਹ ਵਿਚ ਪਾ ਕੇ ਲੱਕ ਨਾਲ ਬੰਨ੍ਹ ਲਏ ਬੜੇ ਸੂਖਮ ਪਟ ਨਾਲ ਲੱਕ ਕੱਸਿਆ ਹੋਇਆ ਸੀ॥੮॥

ਜਮਧਰ ਤਿਸ ਮਹਿਂ ਕਰੀ ਸਜਾਵਨ। ਧਨੁਖ ਕਠੋਰ ਲੀਨਿ ਮਨ ਭਾਵਨ।
ਭਏ ਅਰੂਢਨਿ ਕੌ ਜਬਿ ਤਯਾਰੀ। ਜੋਧ ਪਠਜੋ ਨਰ ਬਿਨੈ ਉਚਾਰੀ॥ ੯॥

ਉਸ ਵਿਚ ਕਟਾਰ ਨੂੰ ਸਜਾ ਲਿਆ ਤੇ ਮਨ ਭਾਉਂਦੇ ਸਖ਼ਤ ਧਨੁੱਖ ਨੂੰ ਫੜ ਲਿਆ। ਜਦ ਘੋੜੇ ਤੇ ਚੜ੍ਹਨ ਦੀ ਤਿਆਰੀ ਕੀਤੀ ਤਾਂ ਰਾਇ ਜੋਧ ਨੇ ਇਕ ਆਦਮੀ ਨੂੰ ਭੇਜ ਕੇ ਬੇਨਤੀ ਕੀਤੀ॥੯॥

'ਪ੍ਰਭੂ ਜੀ! ਮੋਕਹੁ ਲੇ ਕਰਿ ਸੰਗ। ਆਪ ਅਰੋਹੇ ਤੇਜ ਤੁਰੰਗ।
ਸ਼ਸਤ੍ਰ ਬਸਤ੍ਰ ਜੈਸੇ ਗੁਰ ਪਹਿਰੇ। ਜੋਧ ਪ੍ਰਤੀਖਤਿ ਹੈਂ ਕੁਛ ਠਹਿਰੇ॥ ੧੦॥

"ਹੇ ਪ੍ਰਭੂ ਜੀ! ਮੈਨੂੰ ਆਪਣੇ ਨਾਲ ਲੈ ਕੇ ਜਾਵੋ ਆਪ ਇਕ ਤੇਜ਼ ਰਫ਼ਤਾਰ ਘੋੜੇ ਤੇ ਸਵਾਰ ਹੋ ਜਾਵੋ।" ਗੁਰੂ ਜੀ ਸ਼ਸਤਰ ਬਸਤਰ ਪਹਿਣ ਕੇ ਬੈਠ ਗਏ ਤੇ ਰਾਇ ਜੋਧ ਦੀ ਇੰਤਜ਼ਾਰ ਵਿਚ ਕੁਝ ਦੇਰ ਠਹਿਰ ਗਏ॥੧੦॥

ਸਿਖ ਕੀ ਤਨੁਜਾ ਸੁਨਜੋ ਪ੍ਰਸੰਗ। 'ਤੁਰਕਨ ਸੰਗ ਪਰਹਿ ਗੁਰ ਜੰਗ'।
ਜੋਧ ਆਪਨੋ ਪਤਿ ਸਮੁਝਾਯੋ। 'ਭਲੀ ਕਰੀ ਤੁਮ, ਮਮ ਮਨ ਭਾਯੋ॥ ੧੧ ॥

ਜਦ ਸਿੱਖ ਦੀ ਪੁੱਤਰੀ ਨੇ ਪ੍ਰਸੰਗ ਸੁਣਿਆ, "ਗੁਰੂ ਜੀ ਦਾ ਤੁਰਕਾਂ ਨਾਲ ਜੰਗ ਹੋ ਰਿਹਾ ਹੈ।" ਤਾਂ ਉਸ ਆਪਣੇ ਪਤੀ ਰਾਇ ਜੋਧ ਨੂੰ ਸਮਝਾਇਆ, "ਤੁਸੀਂ ਬਹੁਤ ਚੰਗਾ ਕੀਤਾ ਹੈ, ਇਹ ਗੱਲ ਮੇਰੇ ਮਨ ਨੂੰ ਚੰਗੀ ਲੱਗੀ ਹੈ॥੧੧॥

ਸਰਬ ਕਲਾ ਸਮਰਥ ਗੁਰ ਪੂਰਾ। ਕਰਮ ਕਰਤਿ ਮਾਨਵ ਸਮ ਰੂਰਾ।
ਕਬਹੁੰ ਨ ਹੂਜਹਿ ਇਨ ਪ੍ਰਤਿਕੂਲ। ਹਾਥ ਜੋਰਿ ਰਹੀਅਹਿ ਅਨਕੂਲ॥ ੧੨ ॥

ਪੂਰਨ ਗੁਰੂ ਜੀ ਸਰਬਕਲਾ ਸਮਰੱਥ ਹਨ, ਮਨੁੱਖ ਵਾਂਗ ਉਹ ਸੁੰਦਰ ਕਰਮ ਕਰਦੇ ਹਨ, ਕਦੀ ਵੀ ਇਨ੍ਹਾਂ ਦੇ ਉਲਟ ਨਾ ਹੋਣਾ ਤੇ ਹੱਥ ਜੋੜ ਕੇ ਸਦਾ ਉਨ੍ਹਾਂ ਦੀ ਆਗਿਆ ਅਨੁਸਾਰ ਰਹਿਣਾ॥੧੨॥

ਨਹਿਂ ਸੰਗ੍ਰਾਮ ਬਿਖੈ ਡਰ ਕੋਈ। ਲਸ਼ਕਰ ਤੁਰਕ ਜਿ ਦਸ ਗੁਨ ਹੋਈ।
ਨਰ ਬਪੁਰੇ ਇਹ ਕਹਾਂ ਅਗਾਰੀ। ਸੁਰਪਤਿ ਲਰਹਿ ਜਿ ਲੇ ਸੁਰ ਭਾਰੀ॥ ੧੩ ॥

ਜੰਗ ਵਿਚ ਕੋਈ ਡਰ ਨਹੀਂ ਹੈ, ਬੇਸ਼ਕ ਤੁਰਕਾਂ ਦਾ ਲਸ਼ਕਰ ਦਸ ਗੁਣਾਂ ਵੀ ਜ਼ਿਆਦਾ ਹੋਵੇ, ਵਿਚਾਰੇ ਮਨੁੱਖ ਇਨ੍ਹਾਂ ਅੱਗੇ ਕੀ ਹਨ ਜੇ ਦੇਵਤਿਆਂ ਦਾ ਰਾਜਾ ਇੰਦਰ ਵੀ ਸਾਰੇ ਦੇਵਤੇ ਲੈ ਕੇ ਆ ਲੜੇ॥੧੩॥

ਸ਼੍ਰੀ ਹਰਿਗੋਬਿੰਦ ਸਭਿਨਿ ਪਲਾਵਹਿਂ। ਸ਼ੱਤ੍ਰੂ ਹਤਹਿਂ ਜੀਤ ਕੋ ਪਾਵਹਿਂ।
ਨਹੀਂ ਸ਼ਾਹੁ ਤੇ ਕੀਜਹਿ ਤ੍ਰਾਸ। ਗੁਰੂ ਸਹਾਇ, ਤੇ ਸਦਾ ਬਿਲਾਸ॥ ੧੪ ॥

ਸ੍ਰੀ ਹਰਿਗੋਬਿੰਦ ਜੀ ਸਾਰਿਆਂ ਨੂੰ ਭਜਾ ਦੇਣਗੇ, ਸਾਰੇ ਵੈਰੀਆਂ ਨੂੰ ਮਾਰ ਕੇ ਜਿੱਤ ਪ੍ਰਾਪਤ ਕਰਨਗੇ। ਬਾਦਸ਼ਾਹ ਪਾਸੋਂ ਡਰੋ ਨਹੀਂ, ਗੁਰੂ ਜੀ ਜਿਸ ਦੇ ਸਹਾਇਕ ਹਨ, ਉਹ ਸਦਾ ਅਨੰਦ ਵਿਚ ਰਹਿੰਦਾ ਹੈ॥੧੪॥

ਸਨਮੁਖ ਹਤਹੁ ਸ਼ੱਤ੍ਰੂ ਰਣ ਬਿਖੈ। ਹੁਇ ਪ੍ਰਸੰਨ ਜਿਸ ਤੇ ਗੁਰੁ ਪਿਖੈਂ।
ਨਿਜ ਕੁਲ ਓਰ ਨਿਹਾਰਨਿ ਕਰੀਅਹਿ। ਸੁਜਸੁ ਜਗਤ ਜ਼ਾਹਰ ਬਿਸਤਰੀਅਹਿ ॥੧੫ ॥

ਰਣਖੇਤਰ ਵਿਚ ਸਾਹਮਣੇ ਹੋ ਕੇ ਵੈਰੀਆਂ ਨੂੰ ਮਾਰੋ, ਜਿਸ ਨੂੰ ਵੇਖ ਕੇ ਗੁਰੂ ਜੀ ਪ੍ਰਸੰਨ ਹੋਣ। ਆਪਣੀ ਕੁਲ ਵੱਲ ਵੇਖੋ, ਸ੍ਰੇਸ਼ਟ ਜੱਸ ਜਗਤ ਵਿਚ ਪ੍ਰਗਟ ਰੂਪ ਵਿਚ ਵਿਸਥਾਰੋ'॥੧੫॥

ਨਿਜ ਤ੍ਰਿਯ ਤੇ ਸੁਨਿ ਜੋਧ ਉਚਾਰੀ। 'ਮਮ ਉਰ ਉਪਜੀ ਸ਼ਰਧਾ ਭਾਰੀ।
ਗੁਰ ਕੋ ਸੰਗ ਨ ਤਜੋਂ ਕਦਾਈਂ। ਇਨ ਪਦ ਤਰ ਦਿਉਂ ਪ੍ਰਾਨ ਗਵਾਈ॥ ੧੬ ॥

ਆਪਣੀ ਪਤਨੀ ਪਾਸੋਂ ਸੁਣਕੇ ਰਾਇ ਜੋਧ ਨੇ ਕਿਹਾ, 'ਮੇਰੇ ਹਿਰਦੇ ਵਿਚ ਭਾਰੀ ਸ਼ਰਧਾ ਪੈਦਾ ਹੋਈ ਹੈ, ਮੈਂ ਕਦੀ ਵੀ ਗੁਰੂ ਜੀ ਦਾ ਸਾਥ ਨਹੀਂ ਛੱਡਾਂਗਾ, ਉਨ੍ਹਾਂ ਦੇ ਚਰਨਾਂ ਦੇ ਹੇਠ ਆਪਣੇ ਪ੍ਰਾਣ ਗਵਾ ਦੇਵਾਂਗਾ॥੧੬॥

ਦੋਨਹੁਂ ਲੋਕ ਭਲਾ ਜੋ ਕਰਿਹੀਂ। ਮੂਰਖ ਇਨ ਕੀ ਸ਼ਰਨ ਪ੍ਰਹਰਿਹੀਂ।
ਜਜੋਂ ਜਜੋਂ ਰਣ ਮਹਿਂ ਆਇਸੁ ਦੈ ਹੈਂ। ਜਹਾਂ ਪਠਹਿਂ, ਜਿਹ ਸੰਗ ਲਰੈ ਹੈਂ॥੧੭ ॥

ਜੋ ਗੁਰੂ ਸਾਹਿਬ ਦੋਵਾਂ ਲੋਕਾਂ ਵਿਚ ਭਲਾ ਕਰਦੇ ਹਨ, ਮੂਰਖ ਲੋਕ ਇਨ੍ਹਾਂ ਦੀ ਸ਼ਰਨ ਕਿਉਂ ਛੱਡਦੇ ਹਨ। ਜਿਵੇਂ-ਜਿਵੇਂ ਰਣਖੇਤਰ ਵਿਚ ਆਗਿਆ ਕਰਨਗੇ, ਜਿਥੇ ਵੀ ਭੇਜਣਗੇ ਉਸ ਅਨੁਸਾਰ ਹੀ ਲੜਾਂਗਾ॥੧੭॥

ਤਹਿਂ ਘਾਲੋਂ ਘਮਸਾਨ ਘਨੇਰਾ। ਸੁਨੀਅਹਿ ਇਹਾਂ ਜਥਾ ਬਲ ਮੇਰਾ।
ਇਮ ਦੰਪਤਿ ਕਹਿ ਆਪਸ ਮਾਂਹੀ। ਸ਼ਸਤ੍ਰ ਬਸਤ੍ਰ ਪਹਿਰੇ ਤਨ ਤਾਂਹੀ॥੧੮॥

ਉਥੇ ਵੱਡਾ ਘਮਸਾਣ ਦਾ ਯੁੱਧ ਕਰਾਂਗਾ, ਜਿਵੇਂ ਏਥੇ ਸੁਣੀ ਜਾਂਦੀ ਹੈ, ਉਸ ਤਰ੍ਹਾਂ ਦੀ ਮੇਰੀ ਸ਼ਕਤੀ ਹੈ।" ਇਸ ਤਰ੍ਹਾਂ ਆਪਣੀ ਪਤਨੀ ਨਾਲ ਗੱਲਾਂ ਕਰਕੇ, ਰਾਇ ਜੋਧ ਨੇ ਸ਼ਸਤਰ ਬਸਤਰ ਸਰੀਰ ਤੇ ਪਹਿਣ ਲਏ॥੧੮॥

ਚਢਿ ਤੁਰੰਗ ਪਰ ਤਬਿ ਚਲਿ ਆਯੋ। ਗੁਰ ਪਗ ਪੰਕਜ ਸੀਸ ਨਿਵਾਯੋ।
ਭ੍ਰਾਤ ਸਲੇਮ ਸ਼ਾਹੁ ਕੋ ਆਨਾ। ਦੋਨਹੁਂ ਜੋਧਾ ਬਲੀ ਮਹਾਨਾ॥ ੧੯॥

ਫਿਰ ਘੋੜੇ ਤੇ ਚੜ੍ਹ ਕੇ ਚਲ ਕੇ ਆ ਗਿਆ ਤੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਸਿਰ ਨਿਵਾਇਆ। ਆਪਣੇ ਭਰਾ ਸਲੇਮ ਸ਼ਾਹ ਨੂੰ ਵੀ ਨਾਲ ਲਿਆਇਆ, ਦੋਵੇਂ ਯੋਧੇ ਮਹਾਨ ਬਲਵਾਨ ਸਨ॥੧੯॥

ਸਾਦਰ ਸਤਿਗੁਰ ਪਾਸ ਬਿਠਾਏ। ਏਕ ਹਜ਼ਾਰ ਸੈਨ ਸੰਗ ਲਜਾਏ।
ਜੋਧ ਰਾਇ ਕਹਿ 'ਸੁਨਿ ਗੁਰ ਪੂਰੇ !। ਅਬਿ ਅਰੂਢਿਬੋ ਬਨਹਿਂ ਜ਼ਰੂਰੇ'॥੨੦॥

ਗੁਰੂ ਜੀ ਨੇ ਬੜੇ ਆਦਰ ਨਾਲ ਆਪਣੇ ਪਾਸ ਬਿਠਾਏ, ਇਕ ਹਜ਼ਾਰ ਸੈਨਾ ਨਾਲ ਲਿਆਏ ਸਨ। ਜੋਧ ਰਾਇ ਨੇ ਕਿਹਾ, "ਹੇ ਪੂਰਨ ਗੁਰੂ ਜੀ! ਸੁਣੋ, ਹੁਣ ਘੋੜੇ ਤੇ ਸਵਾਰ ਹੋਣਾ ਜ਼ਰੂਰੀ ਬਣਦਾ ਹੈ"॥੨੦॥

ਸ੍ਰੀ ਹਰਿਗੋਵਿੰਦ ਗਿਰਾ ਉਚਾਰੀ। 'ਹਮ ਬੈਠੇ ਬਨਿ ਕਰਿ ਅਬਿ ਤਯਾਰੀ।
ਪਹਿਲੇ ਪਹਿਰ ਦਿਵਸ ਕੇ ਡੇਰਾ। ਗਮਨਹਿਂ, ਕਰਹਿਂ ਤਾਲ ਜਲ ਘੇਰਾ॥੨੧॥

ਸ੍ਰੀ ਹਰਿਗੋਬਿੰਦ ਜੀ ਨੇ ਬਚਨ ਕੀਤਾ, "ਅਸੀਂ ਤਾਂ ਹੁਣ ਬਿਲਕੁਲ ਤਿਆਰ ਹੋ ਕੇ ਬੈਠੇ ਹਾਂ। ਦਿਨ ਦੇ ਪਹਿਲੇ ਪਹਿਰ ਉਥੇ ਚਲੀਏ ਤੇ ਜਾ ਕੇ ਸਰੋਵਰ ਨੂੰ ਘੇਰਾ ਪਾਈਏ"॥੨੧॥

ਨਾਮ 'ਜਾਨ ਭਾਈ' ਹਯ ਮੇਲਾ। ਧਰਿ ਦੂਸਰ ਕੋ ਨਾਮ 'ਸੁਹੇਲਾ'।
ਜਬਰ ਜਵਾਹਰ ਜ਼ੀਨ ਜਰਾਊ। ਦੋਨਹੁਂ ਪਰ ਸ਼ੋਭਤਿ ਦੁਤਿ ਦਾਊ॥੨੨॥

ਦਿਲਬਾਗ ਘੋੜੇ ਦਾ ਨਾਮ 'ਜਾਨ ਭਾਈ' ਰਖਿਆ ਹੈ ਤੇ ਦੂਸਰੇ ਗੁਲਬਾਗ ਦਾ ਨਾਮ 'ਸੁਹੇਲਾ' ਹੈ। ਹੀਰੇ ਜਵਾਹਰਾਤ ਨਾਲ ਜੜੀਆਂ ਕਾਠੀਆਂ ਦੋਹਾਂ ਉੱਤੇ ਸ਼ੋਭਾ ਦੇ ਰਹੀਆਂ ਹਨ॥੨੨॥

ਕਹ੍ਯੋ 'ਜਾਨ ਭਾਈ' ਮੰਗਵਾਯੋ। ਸ਼੍ਰਮਤਿ ਸੁਹੇਲਾ ਲਖਿ ਨ ਅਨਾਯੋ।
'ਕੋਤਲ ਚਲਹਿ ਸੰਗ ਡੁਰਿਆਯੋ'। ਸੁਨਿ ਗੁਰ ਹੁਕਮ ਤੁਰਤ ਲੇ ਆਯੋ॥੨੩॥

ਕਹਿ ਕੇ 'ਜਾਨ ਭਾਈ' ਮੰਗਵਾਇਆ ਹੈ, ਸੁਹੇਲਾ ਥਕਿਆ ਜਾਣ ਕੇ ਨਹੀਂ ਮੰਗਵਾਇਆ ਹੈ। "ਦੂਸਰਾ ਘੋੜਾ ਵਾਗ ਫੜ ਕੇ ਨਾਲ ਖਾਲੀ ਤੋਰੀ ਲਿਆਵੋ।" ਗੁਰੂ ਜੀ ਦਾ ਹੁਕਮ ਸੁਣ ਕੇ ਤੁਰਤ ਉਸ ਘੋੜੇ ਨੂੰ ਵੀ ਲੈ ਆਏ॥੨੩॥

ਜੋਧਾਰਾਇ ਕੋ ਕਰ ਗੁਰ ਗਹ੍ਯੋ। ਆਗੇ ਹੋਇ ਤੁਰੰਗਮ ਲਹ੍ਯੋ।
ਕਰਹਿਂ ਸਰਾਹਿਨ ਤਬਿ ਆਰੋਹੇ। ਮਨਹੁਂ ਬਿਸ਼ਨੁ ਖਗਪਤਿ ਪਰ ਸੋਹੇ॥੨੪॥

ਗੁਰੂ ਜੀ ਨੇ ਜੋਧ ਰਾਇ ਦਾ ਹੱਥ ਫੜਿਆ ਤੇ ਅੱਗੇ ਹੋ ਕੇ ਘੋੜਾ ਵੇਖਿਆ, ਗੁਰੂ ਜੀ ਘੋੜੇ ਤੇ ਚੜ੍ਹ ਕੇ ਉਸ ਦੀ ਸ਼ਲਾਘਾ ਕਰਦੇ ਸਨ ਮਾਨੋਂ ਵਿਸ਼ਨੂੰ ਗਰੁੜ ਦੀ ਸਵਾਰੀ ਕਰ ਰਹੇ ਸਨ॥੨੪॥

ਕਹ੍ਯੋ, ਰਾਇ ਤਬਿ ਨਿਜ ਹਯ ਚਢ੍ਯੋ। ਉਰ ਉਤਸਾਹੁ ਸਭਿਨਿ ਕੇ ਬਢ੍ਯੋ।
ਪਰੀ ਚੋਬ ਧੌਂਸਾ ਧੁੰਕਾਰਾ। ਸੁਨਤਿ ਅਰੂਢ੍ਯੋ ਤਬਿ ਦਲ ਸਾਰਾ॥ ੨੫॥

ਕਹਿ ਕੇ ਜੋਧ ਰਾਇ ਆਪਣੇ ਘੋੜੇ ਤੇ ਚੜ੍ਹ ਗਿਆ, ਸਾਰਿਆਂ ਦੇ ਹਿਰਦਿਆਂ ਦਾ ਉਤਸ਼ਾਹ ਵਧ ਗਿਆ। ਨਗਾਰੇ ਤੇ ਡੱਗਾ ਲੱਗਣ ਨਾਲ ਧੁੰਕਾਰ ਪੈਦਾ ਹੋਈ ਤੇ ਉਸ ਦੀ ਆਵਾਜ਼ ਸੁਣ ਕੇ ਸਾਰਾ ਦਲ ਘੋੜਿਆਂ ਤੇ ਸਵਾਰ ਹੋ ਗਿਆ॥੨੫॥

ਤੀਨ ਹਜ਼ਾਰ ਚਮੂੰ ਗੁਰ ਕੇਰੀ। ਕਾਂਗੜ ਪਤਿ ਹਜ਼ਾਰ ਤਿਸ ਬੇਰੀ।
ਚਤਰ ਸਹੰਸ੍ਰ ਸੰਗ ਚਢਿ ਚਾਲੀ।ਲਰਿਬੇ ਹਿਤ ਚਿਤ ਚੌਂਪ ਬਿਸਾਲੀ॥ ੨੬॥

ਗੁਰੂ ਜੀ ਪਾਸ ਤਿੰਨ ਹਜ਼ਾਰ ਫੌਜ ਸੀ, ਤੇ ਕਾਂਗੜ ਦੇ ਮਾਲਕ ਦੀ ਇਕ ਹਜ਼ਾਰ ਫੌਜ ਸੀ। ਇਸ ਤਰ੍ਹਾਂ ਚਾਰ ਹਜ਼ਾਰ ਫੌਜ ਚੜ੍ਹ ਕੇ ਚਲ ਪਈ, ਲੜਨ ਵਾਸਤੇ ਉਨ੍ਹਾ ਦੇ ਚਿੱਤ ਵਿਚ ਬੜਾ ਚਾਅ ਸੀ॥ ੨੬॥

ਮਾਰਗ ਗਮਨੇ ਗੁਰੂ ਅਗਾਰੀ। ਜੋਧ ਬਰਾਬਰ ਕਰਜੋ ਹਕਾਰੀ।
ਚਲੇ ਸਰਾਹਤਿ ਚਪਲ ਤੁਰੰਗ। ਅਰੁ ਲਜਾਵਨ ਕੋ ਕਹਤਿ ਪ੍ਰਸੰਗ॥ ੨੭॥

ਮਾਰਗ ਵਿਚ ਗੁਰੂ ਜੀ ਸਭ ਦੇ ਅੱਗੇ ਚਲ ਪਏ ਤੇ ਰਾਇ ਜੋਧ ਨੂੰ ਬੁਲਾ ਕੇ ਬਰਾਬਰ ਤੋਰਿਆ। ਚੰਚਲ ਘੋੜਿਆਂ ਦੀ ਸ਼ਲਾਘਾ ਕਰਦੇ ਚੱਲ ਪਏ ਤੇ ਉਨ੍ਹਾਂ ਨੂੰ ਲਿਆਉਣ ਦਾ ਪ੍ਰਸੰਗ ਕਹਿੰਦੇ ਸਨ॥੨੭॥

'ਬਿਖਮ ਸਥਾਨ ਸ਼ਾਹੁ ਕੇ ਤੀਰ। ਰਹਹਿ ਸੁਭਾਇਕ ਬਹੁ ਭਟ ਭੀਰ।
ਬਲ ਬੁਧਿ ਤੇ ਬਡ ਕਰੀ ਦਲੇਰੀ। ਬਨਜੋ ਘਸੇਰਾ ਸੇਵ ਘਨੇਰੀ॥ ੨੮॥

'ਬਾਦਸ਼ਾਹ ਦੇ ਪਾਸ ਬੜੇ ਕਠਨ ਸਥਾਨ ਤੇ ਬੱਝੇ ਸਨ, ਸਹਿਜ ਸੁਭਾਵਿਕ ਹੀ ਉਥੇ ਬਹੁਤ ਸੂਰਮੇ ਰਹਿੰਦੇ ਹਨ। ਸ਼ਕਤੀ ਅਤੇ ਬੁੱਧੀ ਨਾਲ ਵੱਡੀ ਦਲੇਰੀ ਕੀਤੀ ਹੈ ਤੇ ਘਾਹੀ ਬਣ ਕੇ ਘੋੜਿਆਂ ਦੀ ਬਹੁਤ ਸੇਵਾ ਕੀਤੀ ਹੈ'॥੨੮॥

ਹਯ ਗੁਨ ਬਡੇ ਸ਼ਾਹੁ ਕੋ ਪਜਾਰੇ। ਪ੍ਰਥਮ ਕਰੇ ਸੇਵਕ ਮਤਿਵਾਰੇ।
ਆਨਜੋ ਘੋਰਾ ਪ੍ਰਥਮ ਕੁਦਾਇ। ਸਭਿ ਕੇ ਬਦਨ ਕਲੰਕ ਲਗਾਇ॥ ੨੯॥

ਗੁਣੀ ਘੋੜੇ ਬਾਦਸ਼ਾਹ ਨੂੰ ਬਹੁਤ ਪਿਆਰੇ ਸਨ, ਪਹਿਲਾ ਤਾਂ ਸੇਵਕਾਂ ਨੂੰ ਸ਼ਰਾਬ ਪਿਆ ਕੇ ਮਤਵਾਲੇ ਕਰ ਲਿਆ ਤੇ ਪਹਿਲੇ ਘੋੜੇ ਨੂੰ ਟਪਾ ਕੇ ਲੈ ਆਂਦਾ, ਤੇ ਸਾਰਿਆਂ ਦੇ ਮੂੰਹ ਕਲੰਕ ਮੜ੍ਹ ਆਇਆ॥੨੯॥

ਜੋਧਰਾਇ ਤੁਮ ਕਰਹੁ ਬਿਚਾਰਾ। ਜਜੋਂ ਜਜੋਂ ਪੂਰਬ ਤੁਰੰਗ ਨਿਕਾਰਾ।
ਗਯੋ ਬਹੁਰ ਇਹੁ ਲਜਾਇ ਸੁਹੇਲਾ। ਪਹੁੰਚਨਿ ਭੀ ਫਿਰ ਹੁਤੋ ਦੁਹੇਲਾ॥ ੩੦॥

ਹੇ ਜੋਧ ਰਾਇ ! ਤੁਸੀਂ ਵਿਚਾਰ ਕਰੋ, ਜਿਵੇਂ ਜਿਵੇਂ ਪਹਿਲਾ ਘੋੜਾ ਕੱਢ ਕੇ ਲਿਆਂਦਾ। ਫਿਰ ਬਾਅਦ ਵਿਚ ਗਿਆ ਤੇ ਸੁਹੇਲਾ ਨਾਮੀ ਘੋੜਾ ਲੈ ਆਂਦਾ, ਜਿਸ ਘੋੜੇ ਦੇ ਪਾਸ ਪਹੁੰਚਣਾ ਵੀ ਸਭ ਤੋਂ ਮੁਸ਼ਕਲ ਸੀ॥੩੦॥

ਬੇਸ ਬਨਾਯੋ ਹਿੰਦੁਸਤਾਨੀ। ਨਹਿੰ ਪਰਖਨ ਤੇ ਇਹੁ ਬਿਧਿ ਠਾਨੀ।
ਖੋਜੀ ਬਨਿ ਕੀਨੋ ਸੰਬਾਦਿ। ਸਭਿ ਕੇ ਸੰਗ ਸ਼ਾਹੁ ਤੇ ਆਦਿ॥ ੩੧॥

ਹਿੰਦੁਸਤਾਨੀ ਰਮਲੀ ਦਾ ਭੇਸ ਬਣਾਇਆ, ਪਹਿਚਾਣ ਨਾ ਕਰ ਲੈਣ ਇਸ ਕਰਕੇ ਇਹ ਵਿਧੀ ਧਾਰਨ ਕੀਤੀ। ਖੋਜੀ ਬਣ ਕੇ ਬਹਿਸ ਕੀਤੀ, ਬਾਦਸ਼ਾਹ ਤੇ ਹੋਰ ਸਭ ਨਾਲ ਸੰਵਾਦ ਕੀਤਾ॥੩੧॥

ਕਹਜੋ ਰਜਤਪਣ ਲਾਖਹੁਂ ਦੈਨਿ। ਹਮਰੇ ਹਿਤ ਕਰਿ ਚਹੇ ਨ ਲੇਨਿ।
ਕੂਰ ਪਦਾਰਥ ਸਗਰੇ ਜਾਨੇ। ਸਿੱਖੀ ਰਖੀ ਸਾਚ ਕੋ ਮਾਨੇ॥ ੩੨॥

ਲੱਖਾਂ ਰੁਪਏ ਦੇਣੇ ਕੀਤੇ ਸਨ, ਸਾਡਾ ਹਿਤ ਕਰਕੇ ਉਹ ਲੈਣੇ ਨਹੀਂ ਚਾਹੇ ਹਨ। ਸਾਰੇ ਪਦਾਰਥਾਂ ਨੂੰ ਝੂਠਾ ਸਮਝਿਆ ਤੇ ਸਿੱਖੀ ਨੂੰ ਸੱਚੀ ਮੰਨ ਕੇ ਧਾਰੀ ਰੱਖਿਆ॥੩੨॥

ਤਹਿਂ ਦੇਖਹੁ ਬੁਧਿ ਬਲ ਇਸ ਕੇਰਾ। ਤਿਨ ਤੇ ਜ਼ੀਨ ਪਵਾਯਹੁ ਫੇਰਾ।
ਕੁਲਫ ਲਗਾਇ ਕੈਦ ਸਭਿ ਕਰੇ। ਹਯ ਲਜਾਯਹੁ ਮੂਰਖ ਸਭਿ ਛਰੇ॥ ੩੩ ॥

ਤੁਸੀਂ ਇਸ ਦੇ ਬੁਧੀ ਬਲ ਨੂੰ ਵੇਖੋ, ਉਨ੍ਹਾਂ ਪਾਸੋਂ ਹੀ ਫਿਰ ਘੋੜੇ ਤੇ ਕਾਠੀ ਪਵਾਈ ਤੇ ਤਾਲੇ ਮਾਰ ਕੇ ਸਭ ਨੂੰ ਕੈਦ ਕਰ ਦਿੱਤਾ, ਤੇ ਸਾਰਿਆਂ ਨੂੰ ਮੂਰਖ ਬਣਾ ਕੇ ਘੋੜਾ ਲੈ ਆਇਆ॥੩੩॥

ਇਸ ਬਿਧਿ ਕੀ ਬੁਧਿ ਬਿਧੀਏ ਮਾਂਹਿ। ਅਪਰ ਕਿਸੀ ਕੇ ਲਖੀਯਤਿ ਨਾਂਹਿ।
ਸੁਨਤਿ ਜੋਧ ਕਹਿ 'ਕ੍ਰਿਪਾ ਤੁਮਾਰੀ। ਸੁਮਤਿਵੰਤ ਮਹਿਂ ਉੱਤਮ ਭਾਰੀ॥ ੩੪ ॥

ਇਸ ਤਰ੍ਹਾਂ ਦੀ ਬਿਧੀ ਚੰਦ ਵਿਚ ਬੁੱਧੀ ਹੈ, ਹੋਰ ਕਿਸੇ ਵਿਚ ਅਜਿਹੀ ਬੁੱਧੀ ਵਿਖਾਈ ਨਹੀਂ ਦਿੰਦੀ।'' ਇਹ ਸੁਣ ਕੇ ਜੋਧ ਰਾਇ ਨੇ ਕਿਹਾ, ''ਇਹ ਸਭ ਤੁਹਾਡੀ ਕਿਰਪਾ ਹੈ, ਸ੍ਰੇਸ਼ਟ ਬੁਧੀਵਾਨਾਂ ਵਿਚ ਇਹ ਬੜਾ ਉਤਮ ਹੈ॥੩੪॥

ਭਯੋ ਨ ਹ੍ਵੈਹੈ ਕਬਿ ਅਸ ਦੰਭਾ। ਦੇਖਤਿ ਸੁਨਤੇ ਹੋਤਿ ਅਚੰਭਾ।
ਇੱਤ੍ਯਾਦਿਕ ਗਮਨਤਿ ਕਰਿ ਬਾਤੀ। ਨਿਸ ਬਿਤੀਤ ਪ੍ਰਗਟੀ ਪੁਨ ਪ੍ਰਾਤੀ॥੩੫॥

ਅਜਿਹਾ ਢੋਂਗ ਪਹਿਲੇ ਕਿਸੇ ਨੇ ਵੀ ਨਹੀਂ ਰਚਿਆ ਹੈ, ਵੇਖ ਸੁਣ ਕੇ ਹੀ ਹੈਰਾਨੀ ਹੁੰਦੀ ਹੈ।'' ਇੱਤਆਦਿ ਗੱਲਾਂ ਕਰਦੇ ਚਲੇ ਜਾ ਰਹੇ ਸਨ, ਰਾਤ ਬਤੀਤ ਕਰਕੇ ਫਿਰ ਸਵੇਰ ਪ੍ਰਗਟ ਹੋ ਗਈ॥੩੫॥

ਤੇਜ 'ਜਾਨ ਭਾਈ' ਕਰਿ ਛੇਰਾ। ਗਿਨ ਗਿਨ ਚਰਨ ਧਰਹਿ ਤਿਸ ਬੇਰਾ।
ਲਘੁ ਛਾਲਨਿ ਤੇ ਸੋਹਤਿ ਬਾਜੀ। ਜਨੁ ਉੱਤਮ ਨਟ ਕੀਨਸਿ ਬਾਜ਼ੀ॥ ੩੬ ॥

ਜਾਨ ਭਾਈ ਘੋੜੇ ਨੂੰ ਛੇੜ ਕੇ ਤੇਜ ਕੀਤਾ, ਉਹ ਉਸ ਸਮੇਂ ਗਿਣ ਗਿਣ ਕੇ ਪੈਰ ਧਰਦਾ ਸੀ, ਛੋਟੀਆਂ ਛਾਲਾਂ ਨਾਲ ਬਹੁਤ ਸੋਭਦਾ ਸੀ ਮਾਨੋਂ ਉਤਮ ਬਾਜ਼ੀਗਰ ਬਾਜ਼ੀਆਂ ਪਾ ਰਿਹਾ ਹੋਵੇ॥੩੬॥

ਸੁੰਮ ਆਗਲੇ ਛੁਵਤਿ ਸੁ ਛਾਤੀ। ਕਰਤਿ ਕੁੰਡਲੀ ਜੁਗ ਇਕ ਭਾਂਤੀ।
ਫਿਤ ਛੁਹਾਇ ਪਾਛਲ ਪਗ ਜਾਨੂ। ਉਠਿ ਉਠਿ ਪਰਤਿ ਸੁਭਤਿ ਬਲਵਾਨੂ॥੩੭॥

ਘੋੜੇ ਦੇ ਅਗਲੇ ਸੁੰਮ ਛਾਤੀ ਨੂੰ ਛੂੰਹਦੇ ਸਨ, ਇਕੱਠੇ ਦੋਹਾਂ ਪੈਰਾਂ ਨਾਲ ਇਕੋ ਤਰ੍ਹਾਂ ਕੁੰਡਲੀ ਪਾਉਂਦਾ ਹੈ। ਪਿਛਲੇ ਪੈਰ ਗੋਡਿਆਂ ਤੱਕ ਧਰਤੀ ਨੂੰ ਛੁਹਾ ਕੇ ਚਲਦਾ ਹੈ। ਬਲਵਾਨ ਪੈਰ ਉਠ-ਉਠ ਧਰਤੀ ਤੇ ਪੈਂਦੇ ਬਹੁਤ ਸ਼ੋਭਦੇ ਹਨ॥੩੭॥

ਚਪਲਤਿ ਚਲਤਿ, ਕਹਾਂ ਮ੍ਰਿਗਛੌਨਾ। ਧਾਇ ਪਿਛਾਰੀ ਡਾਰਤਿ ਪੌਨਾ।
ਇਕ ਦੁਇ ਛਾਰ ਕਰਾਇ ਬਡੇਰੀ। ਧੀਰ ਦੇਤਿ ਰੋਕਯੋ ਤਿਸ ਬੇਰੀ॥ ੩੮ ॥

ਬੜੀ ਚੰਚਲ ਚਾਲ ਚਲਦਾ ਹੈ, ਹਿਰਨੀ ਦਾ ਬੱਚਾ ਵੀ ਉਸ ਦਾ ਕੀ ਮੁਕਾਬਲਾ ਕਰ ਸਕਦਾ ਹੈ, ਜਦ ਭੱਜਦਾ ਹੈ ਤਾਂ ਹਵਾ ਨੂੰ ਵੀ ਪਿੱਛੇ ਛੱਡ ਜਾਂਦਾ ਹੈ। ਇਕ ਦੋ ਵੱਡੀਆਂ ਛਾਲਾਂ ਲਵਾਈਆਂ, ਉਸ ਸਮੇਂ ਫਿਰ ਧੀਰਜ ਦੇ ਕੇ ਰੋਕਿਆ॥੩੮॥

ਚੰਚਲਿ ਚਲਤਿ ਚਾਲ ਚਤੁਰਾਈ। ਚਾਰੁ ਬਿਲੋਚਨ ਚਤੁਰ ਨਚਾਈ।
ਚਿਤਵਤਿ ਚਾਹਿ ਚਕਤਿ ਚਿਤ ਸਾਰੇ। ਹਰਖਤਿ ਕਹਿਂ 'ਬਿਧਿ ਆਪ ਸੁਧਾਰੇ॥੩੯॥

ਬੜੀ ਚਤੁਰਾਈ ਨਾਲ ਚੰਚਲ ਚਾਲ ਚਲਦਾ ਹੈ, ਸੋਹਣੇ ਨੈਣ ਚਾਰ ਚੁਫੇਰੇ ਨਚਾਉਂਦਾ ਹੈ। ਸਾਰੇ ਬੜੀ ਚਾਹ ਨਾਲ ਵੇਖਦੇ ਹਨ, ਵੇਖਕੇ ਹੈਰਾਨ ਹੋ ਜਾਂਦੇ ਹਨ ਪ੍ਰਸੰਨ ਹੋ ਕੇ ਕਹਿੰਦੇ ਹਨ, 'ਵਿਧਾਤਾ ਨੇ ਆਪ ਸੁਧਾਰ ਕੇ ਬਣਾਇਆ ਹੈ'॥੩੯॥

ਅਪਰ ਕਹਾਂ ਲਗਿ ਕਰਵ ਬਡਾਈ। ਤੁਰੰਗਨ ਕੇ ਗੁਨ ਗਨ ਇਕ ਥਾਈਂ।
ਕਾਂਗੜ ਤੇ ਦੱਖਣ ਦਿਸ਼ਿ ਗਏ। ਮਹਾਂ ਉਜਾੜ ਬਿਲੋਕਤਿ ਭਏ॥ ੪੦ ॥

ਹੋਰ ਕਿਥੋਂ ਤਕ ਵਡਿਆਈ ਕਰਾਂ, ਜਿਵੇਂ ਘੋੜਿਆਂ ਦੇ ਸਾਰੇ ਗੁਣ ਇਕ ਥਾਂ ਇਕੱਠੇ ਹੋਏ ਹੋਣ। ਕਾਂਗੜ ਤੋਂ ਦੱਖਣ ਵਾਲੇ ਪਾਸੇ ਗਏ ਤੇ ਇਕ ਮਹਾਂ ਉਜਾੜ ਵਾਲਾ ਸਥਾਨ ਵੇਖਿਆ॥੪੦॥

ਭਰਜੋ ਬਿਮਲ ਜਲ ਤਾਲ ਨਿਹਾਰਾ। ਜੋਧਰਾਇ ਗੁਰ ਸੰਗ ਉਚਾਰਾ।
'ਮਹਾਰਾਜ ! ਇਹੁ ਥਾਨ ਮਹਾਨਾ। ਲਰਿਬੇ ਹਿਤ ਹਮ ਪਰਖਨਿ ਠਾਨਾ॥੪੧॥

ਇਕ ਤਾਲਾਬ ਵਿਚ ਬੜਾ ਨਿਰਮਲ ਜਲ ਵੇਖਿਆ ਤਾਂ ਜੋਧ ਰਾਇ ਨੇ ਗੁਰੂ ਜੀ ਨੂੰ ਕਿਹਾ, "ਮਹਾਰਾਜ! ਇਹ ਮਹਾਨ ਸਥਾਨ ਹੈ ਲੜਨ ਵਾਸਤੇ ਅਸੀਂ ਇਸ ਨੂੰ ਪਰਖਿਆ ਹੈ॥੪੧॥

ਦੂਰ ਦੂਰ ਲਗਿ ਬਡੀ ਉਜਾਰੀ। ਖੋਜਜੋ ਪਾਇ ਨਹੀਂ ਕਿਤ ਬਾਰੀ।
ਹਮ ਆਗੇ ਬਹੁ ਬਾਰ ਨਿਹਾਰਾ। ਖੇਲਤਿ ਪਹੁੰਚੇ ਅਧਿਕ ਸ਼ਿਕਾਰਾ॥ ੪੨॥

ਦੂਰ-ਦੂਰ ਤਕ ਬਹੁਤ ਉਜਾੜ ਪਈ ਹੈ, ਲੱਭਣ ਨਾਲ ਵੀ ਕਿਤੇ ਪਾਣੀ ਨਹੀਂ ਲਭਦਾ ਹੈ। ਅਸੀਂ ਪਹਿਲਾਂ ਵੀ ਕਈ ਵਾਰ ਵੇਖਿਆ ਹੈ, ਸ਼ਿਕਾਰ ਖੇਡਦੇ ਏਥੇ ਕਈ ਵਾਰ ਪਹੁੰਚੇ ਹਾਂ॥੪੨॥

ਰਹੇ ਬਿਚਾਰਤਿ ਕਬਿ ਇਸ ਥਾਂਈ। ਰਿਪੁ ਆਵਹਿਂ ਜਬਿ ਕਰਹਿਂ ਲਰਾਈ।
ਚਹਤਿ ਹੁਤੇ ਸੋਈ ਬਿਧਿ ਹੋਈ। ਹਤਹਿਂ ਸ਼ੱਤ੍ਰੁ ਚਲਿ ਪਹੁੰਚੈ ਕੋਈ॥ ੪੩॥

ਕਈ ਵਾਰ ਵਿਚਾਰਦੇ ਰਹੇ ਹਾਂ, ਕਦ ਇਸ ਥਾਂ ਵੈਰੀ ਆਵੇ ਜਦ ਲੜਾਈ ਕਰੀਏ, ਜਿਵੇਂ ਚਾਹੁੰਦੇ ਸੀ, ਉਸ ਤਰ੍ਹਾਂ ਹੀ ਹੋਇਆ ਹੈ, ਕੋਈ ਵੀ ਦੁਸ਼ਮਣ ਏਥੇ ਚਲ ਕੇ ਪਹੁੰਚੇ ਤਾਂ ਉਸ ਨੂੰ ਮਾਰੀਏ॥੪੩॥

ਪਿਖਿ ਸਥਾਨ ਗੁਰ ਹਰਖ ਨ ਥੋਰਾ। 'ਸਾਧ ਸਾਧ, ਆਛੇ ਥਲ ਟੋਰਾ'।
ਇਹ ਕਹਿ ਉਤਰ ਪਰੇ ਸਰ ਤੀਰ। ਨੈਨ ਨਿਹਾਰਜੋ ਨਿਰਮਲ ਨੀਰ॥ ੪੪॥

ਸਥਾਨ ਵੇਖ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਕਿਹਾ 'ਸ਼ਾਬਾਸ਼ ਸ਼ਾਬਾਸ਼' ਬਹੁਤ ਚੰਗਾ ਥਾਂ ਲਭਿਆ ਹੈ।" ਇਹ ਕਹਿ ਕੇ ਤਾਲਾਬ ਦੇ ਕਿਨਾਰੇ ਤੇ ਉਤਰ ਪਏ ਤੇ ਆਪਣੇ ਨੈਣਾਂ ਨਾਲ ਨਿਰਮਲ ਜਲ ਨੂੰ ਵੇਖਿਆ॥੪੪॥

ਕੀਨੋ ਸੈਨਾ ਸਿਵਰ ਪ੍ਰਸੋਦ। ਭਰੇ ਤਾਲ ਕੇ ਚਾਰਹੁਂ ਕੋਦ।
ਸਾਵਧਾਨ ਹ੍ਵੈ ਕੈ ਬਰ ਬੀਰ। ਖਰ ਆਯੁਧ ਕੀ ਜਹਿ ਕਹਿਂ ਭੀਰ॥ ੪੫॥

ਬੜੇ ਪ੍ਰਸੰਨ ਹੋ ਕੇ ਸੈਨਾ ਦਾ ਉਥੇ ਡੇਰਾ ਕਰਵਾਇਆ, ਭਰੇ ਤਾਲਾਬ ਦੇ ਚਾਰੇ ਪਾਸੇ ਤੰਬੂ ਲਾ ਲਏ। ਸ੍ਰੇਸ਼ਟ ਸੂਰਬੀਰ ਸਾਵਧਾਨ ਹੋ ਗਏ ਤੇ ਤਿੱਖੇ ਸ਼ਸਤਰਾਂ ਦੀ ਜਿਥੇ-ਕਿਥੇ ਭੀੜ ਲੱਗੀ ਹੋਈ ਸੀ॥੪੫॥

ਤਾਲ ਤੀਰ ਥਲ ਭਲ ਅਵਿਲੋਕਾ। ਗੁਰੁ ਤੰਬੁ ਲਗਿ ਚੋਬ ਸੁ ਦੋ ਕਾ।
ਬਿਚ ਸੁੰਦਰ ਪਰਯੰਕ ਡਸਾਏ। ਆਸਤਰਨ ਕਰਿ ਬੈਠਿ ਸੁਹਾਏ॥ ੪੬॥

ਤਾਲਾਬ ਦੇ ਪਾਸ ਇਕ ਭਲਾ ਥਾਂ ਵੇਖ ਕੇ ਗੁਰੂ ਜੀ ਦਾ ਦੋ ਚੋਬਾਂ ਵਾਲਾ ਸ੍ਰੇਸ਼ਟ ਤੰਬੂ ਲਾ ਦਿੱਤਾ। ਉਸ ਦੇ ਵਿਚ ਸੁੰਦਰ ਪਲੰਘ ਡੁਹਾਏ, ਉਨ੍ਹਾਂ ਉਪਰ ਸੁੰਦਰ ਬਿਸਤਰੇ ਵਿਛਾ ਕੇ ਗੁਰੂ ਜੀ ਬੈਠ ਕੇ ਸ਼ੋਭਨੀਕ ਹੋਏ॥੪੬॥

ਦਿਸ਼ਾ ਦੂਸਰੀ ਹੇਰਿ ਸਥਾਨ। ਲਗਜੋ ਰਾਇ ਤੰਬੂ ਦੁਤਿਵਾਨ।
ਨਿਜ ਨਿਜ ਸੁਭਟਨ ਬ੍ਰਿੰਦ ਲਗਾਏ। ਹਿਤ ਬਿਸ੍ਰਾਮ ਖਰੇ ਸਮੁਦਾਏ॥ ੪੭॥

ਦੂਸਰੇ ਪਾਸੇ ਇਕ ਸਥਾਨ ਵੇਖਿਆ, ਉਥੇ ਜੋਧ ਰਾਇ ਦਾ ਸੁੰਦਰ ਤੰਬੂ ਲਾਇਆ ਗਿਆ। ਆਪਣੇ ਆਪਣੇ ਬਹੁਤ ਯੋਧੇ ਤਾਇਨਾਤ ਕੀਤੇ, ਵਿਸ਼ਰਾਮ ਵਾਸਤੇ ਸਾਰੇ ਖੜੇ ਹੋ ਗਏ॥੪੭॥

*ਸੱਤਵੀਂ ਰਾਸ ਦਾ ਉਣਤਾਲੀਵਾਂ ਅਧਿਆਇ ਸਮਾਪਤ ਹੋਇਆ॥੩੯॥*

# ਅਧਿਆਇ ਚਾਲੀਵਾਂ

## ਬਾਦਸ਼ਾਹ ਵਲੋਂ ਜੰਗ ਦੀਆਂ ਤਿਆਰੀਆਂ

ਦੋਹਰਾ-ਤਿਸੀ ਤਾਲ ਕੇ ਦੁਇ ਦਿਸ਼ਾ ਲਹਿਰਾ ਔਰੁ ਮਰ੍ਹਾਜ।
ਪਹੁਚੇ ਸ੍ਰੀ ਹਰਿਰਾਇ ਜਬਿ ਗ੍ਰਾਮ ਬਸਾਏ ਸਾਜ॥ ੧॥

ਉਸੇ ਤਾਲਾਬ ਦੇ ਦੋਵੀਂ ਪਾਸੀਂ 'ਲਹਿਰਾ' ਤੇ ਮਰ੍ਹਾਜ ਪਿੰਡ ਆਬਾਦ ਹੋਏ ਹਨ, ਜਦ ਉਥੇ ਸ੍ਰੀ ਗੁਰੂ ਹਰਿਰਾਇ ਜੀ ਪਹੁੰਚੇ ਸਨ ਤਦ ਉਨ੍ਹਾਂ ਨੇ ਉਸਾਰੀ ਕਰਵਾਕੇ ਪਿੰਡ ਵਸਾਏ ਸਨ॥੧॥

ਚੌਪਈ- ਦੁਇ ਦੁਇ ਕੋਸ ਦੋਇ ਦਿਸ਼ ਗ੍ਰਾਮੂ। ਲਹਿਰਾ ਅਰੁ ਮਰ੍ਹਾਜ ਜਿਸ ਨਾਮੂ।
ਸ੍ਰੀ ਸਤਿਗੁਰ ਹਰਿਰਾਇ ਬਸਾਏ। ਅੱਗ੍ਰ ਕਥਾ ਇਹ ਦੇਉਂ ਸੁਨਾਏ॥੨॥

ਦੋ-ਦੋ ਕੋਹ ਤੇ ਦੋਵੀਂ ਪਾਸੀਂ ਅਜ ਕਲ੍ਹ ਇਹ ਦੋ ਪਿੰਡ ਆਬਾਦ ਹਨ, ਜਿਨ੍ਹਾਂ ਦੇ ਨਾਮ ਲਹਿਰਾ ਤੇ ਮਰ੍ਹਾਜ ਹਨ। ਉਨ੍ਹਾਂ ਨੂੰ ਸਤਿਗੁਰੂ ਹਰਿਰਾਇ ਜੀ ਨੇ ਵਸਾਇਆ, ਅਗਲੀ ਕਥਾ ਇਹ ਮੈਂ ਤੁਹਾਨੂੰ ਸੁਣਾ ਦਿੰਦਾ ਹਾਂ॥੨॥

ਸ੍ਰੀ ਹਰਿਗੋਵਿੰਦ ਪਹੁਚੇ ਜਾਇ। ਹੁਤੀ ਉਜਾਰ ਤਹਾਂ ਸਮੁਦਾਇ।
ਨਹੀਂ ਗ੍ਰਾਮ ਨੇਰੇ, ਨਹਿਂ ਪਾਨੀ। ਦਏ ਮਵਾਸ ਮਹਾਂ ਗੁਨਖਾਨੀ॥੩॥

ਸ੍ਰੀ ਹਰਿਗੋਬਿੰਦ ਜੀ ਉਥੇ ਪਹੁੰਚ ਗਏ, ਉਥੇ ਸਾਰੇ ਹੀ ਬਹੁਤ ਉਜਾੜ ਸੀ, ਨਾ ਕੋਈ ਪਿੰਡ ਨੇੜੇ ਸੀ ਅਤੇ ਨਾ ਹੀ ਹੋਰ ਕਿਤੇ ਪਾਣੀ ਸੀ। ਗੁਣਾਂ ਦੀ ਖਾਣ ਗੁਰੂ ਜੀ ਨੇ ਮਹਾਨ ਰੱਖਿਆ ਦੀ ਥਾਂ ਦਿੱਤੀ ਹੈ॥੩॥

ਸਭਿ ਸੁਭਟਨਿ ਕੋ ਦੀਨਿ ਸੁਨਾਈ। 'ਰਹਹੁ ਸੁਚੇਤ ਕਰਹੁ ਤਕਰਾਈ।
ਰਿਪੁ ਗਨ ਪਹੁਚੇ ਹੀ ਅਬਿ ਜਾਨੌਂ। ਦ੍ਵੈ ਗੁਲਕਾ ਭਰਿ ਹਤਹੁ ਨਿਸ਼ਾਨੌ॥੪॥

ਉਨ੍ਹਾਂ ਸਭ ਸੂਰਮਿਆਂ ਨੂੰ ਸੁਣਾ ਕੇ ਕਿਹਾ, 'ਸੁਚੇਤ ਰਹੋ ਅਤੇ ਤਕੜਾਈ ਰੱਖੋ, ਦੁਸ਼ਮਣ ਹੁਣ ਪਹੁੰਚਿਆ ਹੀ ਜਾਣੋ, ਦੋ ਗੋਲੀਆਂ ਭਰ ਕੇ ਨਿਸ਼ਾਨਾ ਲਾ ਕੇ ਮਾਰੋ॥੪॥

ਗੁਰ ਪ੍ਰਤਾਪ ਤੇ ਜਢ ਰਿਪੁ ਬਨੈ। ਆਇਂ ਸਮੂਹ ਸੁਗਮ ਹੀ ਹਨੈਂ।
ਜਿਮ ਹਯ ਲਜਾਇ ਲਗਾਇ ਕਲੰਕ। ਤਿਮ ਲਿਹੁ ਬਿਜੈ ਸੰਘਾਰਿ ਨਿਸ਼ੰਕ॥੫॥

ਗੁਰੂ ਜੀ ਦੇ ਪ੍ਰਤਾਪ ਨਾਲ ਦੁਸ਼ਮਣ ਮੂਰਖ ਬਣ ਜਾਵੇਗਾ ਜਦ ਏਥੇ ਆ ਜਾਣ ਤਾਂ ਸਭ ਨੂੰ ਮਾਰ ਦੇਵੋ। ਜਿਵੇਂ ਘੋੜੇ ਲਿਆ ਕੇ ਉਨ੍ਹਾ ਨੂੰ ਕਲੰਕ ਲਾਇਆ ਹੈ, ਉਸ ਤਰ੍ਹਾਂ ਹੀ ਉਨ੍ਹਾਂ ਨੂੰ ਨਿਸ਼ੰਕ ਮਾਰ ਕੇ ਵਿਜੇ ਪ੍ਰਾਪਤ ਕਰੋ'॥੫॥

ਸੁਨਿ ਉਤਸਾਹ ਭਟਨ ਕੋ ਹੋਵਾ। ਅਧਿਕ ਬੀਰ ਰਸ ਰਿਦੈ ਪਰੋਵਾ।
ਜ਼ੀਨ ਸਮੇਤ ਖਰੇ ਹਯ ਰਾਖੇ। ਆਪ ਸਨੱਧਬੱਧ ਰਿਪੁ ਕਾਂਖੇ॥ ੬॥

ਇਹ ਸੁਣ ਕੇ ਸਾਰੇ ਸੂਰਮੇ ਬਹੁਤ ਉਤਸ਼ਾਹਤ ਹੋਏ, ਹਿਰਦੇ ਵਿਚ ਬਹੁਤ ਬੀਰ ਰਸ ਪਰੋਇਆ ਗਿਆ। ਕਾਠੀਆਂ ਸਮੇਤ ਘੋੜਿਆਂ ਨੂੰ ਖੜੇ ਰਖਿਆ ਆਪ ਹਥਿਆਰ-ਬੱਧ ਹੋ ਕੇ ਦੁਸ਼ਮਣ ਦੀ ਇੰਤਜ਼ਾਰ ਕਰ ਰਹੇ ਸਨ॥੬॥

ਇਮ ਸਤਿਗੁਰ ਤਹਿਂ ਕੀਨਸਿ ਡੇਰਾ। ਅਬਿ ਪ੍ਰਸੰਗ ਸੁਨਿ ਤੁਰਕਨਿ ਕੇਰਾ।
ਜਬਿ ਬਿਧੀਏ ਹਯ ਕੀਨਿ ਕੁਦਾਵਨ। ਦੁਰਗ ਦਿਵਾਰ ਨਦੀ ਤਰਿ ਜਾਵਨ॥੭॥

ਇਸ ਤਰ੍ਹਾਂ ਸਤਿਗੁਰੂ ਜੀ ਨੇ ਉਥੇ ਡੇਰਾ ਕੀਤਾ, ਹੁਣ ਤੁਰਕਾਂ ਦਾ ਪ੍ਰਸੰਗ ਸੁਣੋ। ਜਦ ਬਿਧੀ ਚੰਦ ਨੇ ਘੋੜੇ ਨੂੰ ਨਦੀ ਦੇ ਕਿਨਾਰੇ ਲੈ ਜਾਣ ਵਾਸਤੇ ਕਿਲ੍ਹੇ ਦੀ ਕੰਧ ਟਪਾ ਲਈ॥੭॥

ਸ਼ਾਹ ਸਰਬ ਹੀ ਚਰਿਤ ਨਿਹਾਰੇ। ਹਾਕ ਪੁਕਾਰ ਪੁਕਾਰ ਉਚਾਰੇ।
'ਕਹਾਂ ਭਈ ਤੁਮ ਮਾਰ ਖੁਦਾਇ। ਪ੍ਰਿਯ ਤੁਰੰਗ ਲੇ ਚਲਜੋ ਧਵਾਇ॥ ੮॥

ਬਾਦਸ਼ਾਹ ਨੇ ਇਹ ਸਾਰੇ ਚਰਿੱਤਰ ਆਪਣੇ ਅੱਖੀਂ ਵੇਖੇ ਸਨ ਤੇ ਆਵਾਜ਼ਾਂ ਮਾਰ-ਮਾਰ ਬਹੁਤ ਉੱਚੀ-ਉੱਚੀ ਪੁਕਾਰ ਕੀਤੀ ਸੀ, "ਤੁਹਾਨੂੰ ਖੁਦਾ ਦੀ ਮਾਰ ਪੈ ਜਾਵੇ, ਕਿਥੇ ਚਲੇ ਗਏ ਹੋ ਪਿਆਰੇ ਘੋੜੇ ਨੂੰ ਭਜਾ ਕੇ ਲੈ ਚਲਿਆ ਹੈ॥੮॥

ਤੁਮ ਸਭਿਹਿਨਿ ਕੀ ਅਸਿ ਮਤਿ ਮਾਰੀ। ਨਹਿੰ ਤਸਕਰ ਕੀ ਕੀਨਿ ਚਿਨਾਰੀ'।
ਜਹਾਂ ਪਾਹਰੂ ਅਰੁ ਨਰ ਕੋਈ। ਸੁਨਹਿ ਸ਼ਾਹੁ ਬਾਨੀ ਦੁਖ ਭੋਈ॥ ੯॥

ਤੁਹਾਡੀ ਸਾਰਿਆਂ ਦੀ ਅਜਿਹੀ ਮੱਤ ਮਾਰੀ ਗਈ ਹੈ ਕਿ ਚੋਰ ਦੀ ਪਹਿਚਾਣ ਨਹੀਂ ਕਰ ਸਕੇ।" ਜਿਥੇ ਵੀ ਕੋਈ ਪਹਿਰੇਦਾਰ ਜਾਂ ਮਨੁੱਖ ਸੀ, ਉਸ ਨੇ ਬਾਦਸ਼ਾਹ ਦੀ ਦੁੱਖ ਭਰੀ ਆਵਾਜ਼ ਸੁਣੀ॥੯॥

ਉਤਰਹਿ ਤਰੇ ਬਹੁਰਿ ਚਢਿ ਜਾਇ। ਨਹਿੰ ਨਿਕਸਨਿ ਕੋ ਪਾਵਹਿ ਥਾਇਂ।
ਸਭਿ ਪੌਰਨ ਕੋ ਕੁਲਫ ਲਗਾਏ। ਇਤ ਉਤ ਬਿਚਰਹਿ ਬਸ ਨ ਬਸਾਏ॥੧੦॥

ਹੇਠਾਂ ਉਤੇ ਬਹੁਤ ਚੜ੍ਹ ਜਾਂਦੇ ਸਨ, ਪਰ ਬਾਹਰ ਨਿਕਲਣ ਦੀ ਥਾਂ ਨਹੀਂ ਸੀ ਪਾਉਂਦੇ, ਸਭ ਦਰਵਾਜ਼ਿਆਂ ਨੂੰ ਤਾਲੇ ਵੱਜੇ ਸਨ, ਏਧਰ ਓਧਰ ਫਿਰਦੇ ਸਨ, ਪਰ ਵੱਸ ਨਹੀਂ ਸੀ ਚਲਦਾ॥੧੦॥

ਜਥਾ ਬਿਹੰਗ ਪਿੰਜਰੇ ਕੋਇ। ਛੇਰੀਂ ਭਰਮੈ ਮੁਕਤਿ ਨ ਹੋਇ।
ਊਚੇ ਚਢਹਿ ਪੁਕਾਰਤਿ ਭਾਖੇ। ਕ੍ਰਿਖੀ ਮਨੋ ਜਿਮ ਬੋਲਤਿ ਰਾਖੇ॥ ੧੧॥

ਜਿਵੇਂ ਕੋਈ ਪੰਛੀ ਪਿੰਜਰੇ ਵਿਚ ਕੈਦ ਕੀਤਾ ਹੋਵੇ, ਪਿੰਜਰੇ ਦੇ ਛੇਕਾਂ ਵਿਚ ਸਿਰ ਦੇ-ਦੇ ਫਿਰਦਾ ਹੈ, ਪਰ ਉਹ ਬਾਹਰ ਨਹੀਂ ਨਿਕਲ ਸਕਦਾ। ਉੱਚੇ ਥਾਂ ਚੜ੍ਹ ਕੇ ਪੁਕਾਰ-ਪੁਕਾਰ ਕਹਿੰਦਾ ਹੈ, ਖੇਤੀ ਦਾ ਰਾਖਾ ਪੰਛੀਆਂ ਨੂੰ ਉਡਾਉਣ ਵਾਸਤੇ ਜਿਵੇਂ ਉੱਚੀ-ਉੱਚੀ ਹਾਕਾਂ ਮਾਰਦਾ ਹੈ॥੧੧॥

ਮਨਹੁਂ ਗਿਰਨ ਕੇ ਸਿਖਰ ਪਹਾਰੀ। ਉਤਰਜੋ ਜਾਇ ਨ ਕਰਤਿ ਪੁਕਾਰੀ।
ਸ਼ਾਹੁ ਜਹਾਂ ਹੁਇ ਕੋਪ ਬਿਸਾਲੇ। ਦੰਤਨਿ ਪੀਸਤਿ ਵਸ ਨਹਿੰ ਚਾਲੇ॥੧੨॥

ਮਾਨੋਂ ਪੱਥਰਾਂ ਦੀ ਪਹਾੜੀ ਦੇ ਸਿਰੇ ਤੇ ਚੜ੍ਹਿਆ ਹੋਵੇ, ਉਤਰਿਆ ਨਾ ਜਾਵੇ ਤਾਂ ਚੀਖ ਪੁਕਾਰ ਕਰਦਾ ਹੋਵੇ ਸ਼ਾਹਜਹਾਂ ਬਹੁਤ ਗੁੱਸੇ ਵਿਚ ਆਇਆ, ਦੰਦ ਪੀਂਹਦਾ ਸੀ, ਪਰ ਵੱਸ ਨਹੀਂ ਸੀ ਚਲਦਾ॥੧੨॥

ਮਰਦਤਿ ਹਾਥਨ ਕੋ ਦੁਖ ਭਰੇ। ਲੇ ਲੇ ਨਾਮ ਪੁਕਾਰਨ ਕਰੇ।
ਊਚੇ ਬੋਲਤਿ ਲੋਕ ਸੁਨਾਵੈਂ। 'ਹਜ਼ਰਤ ਜੀ! ਕੁਛ ਵਸ ਨ ਵਸਾਵੈ॥ ੧੩॥

ਹੱਥ ਮਲਦਾ ਦੁੱਖ ਪਾ ਰਿਹਾ ਸੀ ਤੇ ਆਪਣੇ ਅਹਿਲਕਾਰਾਂ ਦੇ ਨਾਂ ਲੈ-ਲੈ ਕੇ ਆਵਾਜ਼ਾਂ ਮਾਰਦਾ ਸੀ। ਲੋਕ ਉੱਚਾ ਬੋਲ ਕੇ ਕਹਿੰਦੇ ਸਨ, "ਹਜ਼ਰਤ ਜੀ! ਕੁਝ ਵੱਸ ਨਹੀਂ ਚਲ ਰਿਹਾ ਹੈ ॥੧੩॥

ਕਰਹਿੰ ਉਖੇਰਨਿ ਅਬਹਿ ਕਿਵਾਰ। ਨਿਕਸਹਿੰ ਵਹਿਰ ਸਰੈ ਨਹਿੰ ਕਾਰ।
ਹਯ ਗੁਲਬਾਗ, ਗਹੈ ਤਿਸ ਕੌਨ। ਜੋ ਪਾਛੈ ਹੀ ਛੋਰਤਿ ਪੌਨ॥ ੧੪॥

ਹੁਣ ਦਰਵਾਜ਼ਿਆਂ ਨੂੰ ਉਖਾੜਦੇ ਹਾਂ, ਬਾਹਰ ਨਿਕਲਣ ਤੋਂ ਬਗੈਰ ਕੰਮ ਨਹੀਂ ਸਰਦਾ ਹੈ, ਗੁਲਬਾਗ ਘੋੜੇ ਉਤੇ ਚੜ੍ਹ ਕੇ ਗਿਆ ਹੈ, ਉਸ ਨੂੰ ਹੁਣ ਕੌਣ ਫੜ ਸਕਦਾ ਹੈ, ਜਿਹੜਾ ਕਿ ਹਵਾ ਨੂੰ ਵੀ ਪਿੱਛੇ ਛੱਡ ਜਾਂਦਾ ਹੈ"॥੧੪॥

ਜ਼ੋਰ ਦਰੋਗੇ ਕਰਿ ਕਰਿ ਬਾਹੂੰ। ਕਰਜੋ ਕਿਵਾਰ ਉਖਾਰਨ ਤਾਹੂੰ।
ਨਿਕਸਜੋ ਵਹਿਰ ਸ਼ਾਹੁ ਦਿਸ਼ਿ ਗਯੋ। ਸੰਮਨ ਬੁਰਜ ਕੁਲਫ ਤਹਿਂ ਦਯੋ ॥੧੫॥

ਦਰੋਗੇ ਨੇ ਬਾਹਾਂ ਨਾਲ ਜ਼ੋਰ ਲਾ ਲਾ ਕੇ ਦਰਵਾਜ਼ੇ ਨੂੰ ਉਖਾੜ ਦਿੱਤਾ ਤੇ ਫਿਰ ਬਾਹਰ ਨਿਕਲ ਕੇ ਬਾਦਸ਼ਾਹ ਵਾਲੇ ਪਾਸੇ ਗਿਆ, ਸੰਮਣ ਬੁਰਜ ਨੂੰ ਤਾਲਾ ਲੱਗਾ ਹੋਇਆ ਸੀ ॥੧੫॥

ਲੇ ਕੁਠਾਰ ਕਹੁ ਤੋਰਜੋ ਤਾਰਾ। ਅੰਤਰਿ ਪਹੁੰਚਜੋ ਸ਼ਾਹੁ ਨਿਹਾਰਾ।
ਮਹਾਂ ਦੁਖਿਤ ਬਜਾਕੁਲ ਹੁਇ ਰਹਜੋ। ਦੇਖਿ ਦਰੋਗੇ ਕੋ ਤਬਿ ਕਹਜੋ ॥੧੬॥

ਦਰੋਗੇ ਨੇ ਕੁਹਾੜਾ ਲੈ ਕੇ ਤਾਲਾ ਤੋੜ ਦਿੱਤਾ ਤੇ ਅੰਦਰ ਪਹੁੰਚ ਕੇ ਬਾਦਸ਼ਾਹ ਨੂੰ ਵੇਖਿਆ ਜਿਹੜਾ ਮਹਾਂ ਦੁਖੀ ਅਤੇ ਅਤਿ ਵਿਆਕੁਲ ਹੋ ਰਿਹਾ ਸੀ। ਉਸ ਨੇ ਦਰੋਗੇ ਨੂੰ ਵੇਖ ਕੇ ਕਿਹਾ ॥੧੬॥

'ਕਹਾਂ ਭਯੋ ਅਚਰਜ, ਮਤਿ ਮੰਦਹੁ !। ਦੰਭ ਨ ਜਾਨਜੋ ਮਿਲਿ ਨਰ ਬ੍ਰਿੰਦਹੁ !।
ਬਿਨ ਤਾਰੀ ਤਾਰੇ ਤੁਰਵਾਵਹੁ। ਜਹਿਂ ਕਹਿਂ ਅਧਿਕ ਮਸਾਲ ਜਲਾਵਹੁ ॥੧੭॥

''ਮਾੜੀ ਮੱਤ ਵਾਲਿਓ ! ਇਹ ਕੀ ਅਸਚਰਜ ਹੋਇਆ ਹੈ, ਸਾਰੇ ਮਨੁੱਖ ਮਿਲ ਕੇ ਇਸ ਛਲ ਨੂੰ ਨਾ ਜਾਣ ਸਕੇ. ਬਿਨਾਂ ਚਾਬੀ ਤੋਂ ਸਾਰੇ ਤਾਲੇ ਤੁੜਵਾਦੋ, ਜਿਥੇ ਕਿਥੇ ਬਹੁਤ ਮਸ਼ਾਲਾਂ ਜਗਾਦੋ ॥੧੭॥

ਸੌਂਧੇ ਮਾਨਵ ਕਿਤਿਕ ਹਕਾਰੇ। ਜਾਰਿ ਮਸਾਲੈਂ ਤੋਰਤਿ ਤਾਰੇ।
ਕਹੂੰ ਸ਼ੀਘ੍ਰਤਾ ਅਧਿਕ ਕਰੰਤੇ। ਆਗ ਲਗਾਇ ਕਿਵਾਰ ਜਲੰਤੇ ॥ ੧੮॥

ਦਰੋਗੇ ਸੌਂਧੇ ਖਾਨ ਨੇ ਬਹੁਤ ਮਨੁੱਖਾਂ ਨੂੰ ਬੁਲਾਇਆ ਤੇ ਮਸ਼ਾਲਾਂ ਬਾਲ ਕੇ ਸਾਰੇ ਤਾਲੇ ਤੋੜ ਦਿੱਤੇ। ਕਿਤੇ ਬਹੁਤ ਸ਼ੀਘਰਤਾ ਕਰਦੇ ਸਨ, ਅੱਗ ਲਾ ਦੇ ਦਰਵਾਜ਼ੇ ਨੂੰ ਹੀ ਸਾੜ ਦਿੰਦੇ ਸਨ ॥੧੮॥

ਕਹੂੰ ਕੁਠਾਰਨਿ ਸੋਂ ਕਰਿ ਕਾਟੈਂ। ਡਰਤਿ ਸਰਬ ਹੀ, ਹਜ਼ਰਤ ਡਾਂਟੈ।
ਕਹੂੰ ਕੰਧ ਕੋ ਕਰਹਿਂ ਬਿਦਾਰਨ। ਫਸੇ ਜੁ ਨਰ ਸੋ ਕਰੇ ਨਿਕਾਰਨ ॥ ੧੯॥

ਕਿਤੇ ਕੁਹਾੜਿਆਂ ਨਾਲ ਦਰਵਾਜ਼ੇ ਵੱਢ ਦਿੰਦੇ ਸਨ, ਸਾਰੇ ਡਰਦੇ ਸਨ ਕਿ ਬਾਦਸ਼ਾਹ ਉਨ੍ਹਾਂ ਨੂੰ ਡਾਂਟੇਗਾ। ਕਿਤੇ ਕੰਧ ਹੀ ਢਾਹ ਦਿੰਦੇ ਸਨ, ਜਿਹੜੇ ਮਨੁੱਖ ਫਸੇ ਸਨ, ਉਨ੍ਹਾਂ ਨੂੰ ਬਾਹਰ ਕੱਢਦੇ ਸਨ ॥੧੯॥

ਹੁਤੇ ਕੈਦ ਜਨੁ ਕਰੇ ਖਲਾਸੀ। ਕੋ ਚਲਿ ਜਾਤਿ ਸ਼ਾਹੁ ਕੇ ਪਾਸੀ।
ਭਯੋ ਨਗਰ ਮਹਿਂ ਏਕ ਅਚੰਭਾ। ਪਿਖਜੋ ਨ ਅਸ ਕਬਿ ਕੌਤਕ ਦੰਭਾ ॥੨੦॥

ਜਿੰਨੇ ਵੀ ਕੈਦ ਸਨ, ਉਨ੍ਹਾਂ ਸਭ ਨੂੰ ਬਾਹਰ ਕੱਢਿਆ, ਕਈ ਚਲ ਕੇ ਬਾਦਸ਼ਾਹ ਦੇ ਪਾਸ ਜਾਂਦੇ ਸਨ। ਨਗਰ ਦੇ ਵਿਚ ਇਕ ਅਚੰਭਾ ਹੋਇਆ ਸੀ, ਕਿਸੇ ਨੇ ਵੀ ਐਸਾ ਛਲ ਭਰਿਆ ਕੌਤਕ ਪਹਿਲਾਂ ਨਹੀਂ ਸੀ ਵੇਖਿਆ ॥੨੦॥

ਜਾਗ ਪਰੇ ਸਗਰੇ ਨਰ ਨਾਰੀ। ਠੌਰ ਠੌਰ ਰੋਰਾ ਪਰਿ ਭਾਰੀ।
'ਕਹਾਂ ਭਯੋ ?' ਬੂਝਤਿ ਕੋ ਖਰੇ। ਕੋ ਕੋ ਲਖੈਂ, ਬਤਾਵਨ ਕਰੇ ॥ ੨੧॥

ਸਾਰੇ ਇਸਤਰੀ ਪੁਰਸ਼ ਜਾਗ ਪਏ, ਥਾਂ-ਥਾਂ ਭਾਰੀ ਰੌਲਾ ਮਚਿਆ ਹੋਇਆ ਸੀ ''ਕੀ ਹੋਇਆ ?'' ਕਈ ਖੜੇ ਹੋ ਕੇ ਪੁੱਛਦੇ ਸਨ, ਕਈ ਸਮਝ ਕੇ ਦੱਸਦੇ ਸਨ ॥੨੧॥

ਹੁਤੇ ਸਮੀਪੀ ਸੋ ਚਲਿ ਗਏ। ਸ਼ਾਹੁ ਜਹਾਂ ਕੋ ਬੂਝਤਿ ਭਏ।
'ਕਹਹੁ ਉਪਾਇ ਕੌਨ ਬਨਿ ਆਵੈ ?। ਲੇ ਅਬਿ ਗਯੋ ਨ ਪਕਰਜੋ ਜਾਵੈ ॥੨੨॥

ਜਿਹੜੇ ਨੇੜੇ ਸੀ, ਉਹ ਚਲ ਕੇ ਗਏ ਤੇ ਸ਼ਾਹ ਜਹਾਂ ਨੂੰ ਜਾ ਕੇ ਪੁੱਛਦੇ ਸਨ, "ਦੱਸੋ, ਹੁਣ ਕੀ ਉਪਾਅ ਕਰਨਾ ਬਣਦਾ ਹੈ, ਜਿਹੜਾ ਘੋੜੇ ਨੂੰ ਲੈ ਗਿਆ ਹੈ, ਉਹ ਹੁਣ ਫੜਿਆ ਨਹੀਂ ਜਾ ਸਕਦਾ॥੨੨॥

ਗ੍ਰਾਮ ਨਾਮ ਅਰੁ ਜੋ ਗੁਰ ਬਲੀ। ਕਹਿ ਇਹੁ ਗਯੋ ਲਖਹੁ ਬਹੁ ਭਲੀ।
ਅੰਧਕਾਰ ਫੈਲਯੋ ਨਿਸ ਮਹਾਂ। ਅਬਿ ਹਯ ਤਸਕਰ ਪ੍ਰਾਪਤਿ ਕਹਾਂ ॥ ੨੩ ॥

ਜਿਹੜਾ ਨਗਰ ਅਤੇ ਸ਼ਕਤੀਸ਼ਾਲੀ ਗੁਰੂ ਜੀ ਦਾ ਨਾਮ ਦੱਸ ਗਿਆ ਹੈ, ਇਹ ਵੀ ਬੜੀ ਚੰਗੀ ਗੱਲ ਜਾਣੋ। ਰਾਤ ਸਮੇਂ ਸਾਰੇ ਹਨੇਰਾ ਫੈਲ ਗਿਆ ਹੈ, ਹੁਣ ਘੋੜਾ ਤੇ ਚੋਰ ਕਿੱਥੇ ਮਿਲ ਸਕਦੇ ਹਨ"॥੨੩॥

ਸੁਨਤਿ ਸ਼ਾਹੁ ਬਹੁ ਰਿਸ ਕਰਿ ਕਹਯੋ। 'ਕਿਨਹੁਂ ਸੁਮਤਿ ਕਰਿ ਚੋਰ ਨ ਲਹਯੋ।
ਕੇਤਿਕ ਦਿਵਸ ਅਗਾਰੀ ਰਹਯੋ। ਅਬਿ ਲੇ ਗਯੋ ਰਿਦਾ ਮਮ ਦਹਯੋ॥ ੨੪ ॥

ਇਹ ਸੁਣ ਕੇ ਬਾਦਸ਼ਾਹ ਨੇ ਬਹੁਤ ਗੁੱਸੇ ਵਿਚ ਆ ਕੇ ਕਿਹਾ, "ਕਿਸੇ ਨੇ ਵੀ ਸ੍ਰੇਸ਼ਟ ਬੁੱਧੀ ਕਰਕੇ ਚੋਰ ਨੂੰ ਨਹੀਂ ਪਛਾਣਿਆ ਹੈ। ਕਈ ਦਿਨ ਉਹ ਪਹਿਲਾਂ ਵੀ ਏਥੇ ਰਿਹਾ ਸੀ, ਹੁਣ ਫਿਰ ਘੋੜਾ ਲੈ ਗਿਆ ਹੈ, ਮੇਰਾ ਹਿਰਦਾ ਸਾੜ ਗਿਆ ਹੈ॥੨੪॥

ਸਰਬ ਲੋਕ ਕਰਿ ਕੈ ਮਤਿ ਮੰਦੇ। ਲੇ ਗਮਨਯੋ ਮਮ ਤੁਰੰਗ ਬਿਲੰਦੇ।
ਅਬਿ ਤੇ ਹੋਤਿ ਉਪਾਵ ਨ ਕੋਈ। ਗਯੋ ਸੁ ਗਯੋ ਨ ਪ੍ਰਾਪਤਿ ਹੋਈ॥ ੨੫ ॥

ਸਾਰੇ ਲੋਕਾਂ ਨੂੰ ਮੂਰਖ ਬਣਾ ਕੇ, ਮੇਰੇ ਦੋਵੇਂ ਮਹਾਨ ਘੋੜੇ ਲੈ ਗਿਆ ਹੈ। ਹੁਣ ਤਾਂ ਕੋਈ ਉਪਾਅ ਨਹੀਂ ਹੋ ਸਕਦਾ, ਜਿਹੜਾ ਚਲੇ ਗਿਆ ਸੋ ਚਲੇ ਗਿਆ ਹੈ, ਹੁਣ ਪ੍ਰਾਪਤ ਨਹੀਂ ਹੋਵੇਗਾ॥੨੫॥

ਹੋਤਿ ਪ੍ਰਾਤਿ ਕੇ ਚਢਤਿ ਸਿਧਾਰੋਂ। ਕੈ ਗੁਰ ਗਹੋਂ ਕਿ ਰਣ ਕਰਿ ਮਾਰੋਂ।
ਮੁਝ ਤੇ ਤ੍ਰਾਸ ਨਹੀਂ ਕਬਿ ਕਰੈ। ਲਰਨ ਹੇਤੁ ਸਭਿ ਥਲ ਅਰਿ ਪਰੈ॥ ੨੬ ॥

ਮੈਂ ਸਵੇਰ ਹੁੰਦਿਆਂ ਹੀ ਚੜ੍ਹਾਈ ਕਰ ਕੇ ਜਾਵਾਂਗਾ, ਜਾਂ ਗੁਰੂ ਨੂੰ ਫੜਾਂਗਾ ਜਾਂ ਰਣਖੇਤਰ ਵਿਚ ਮਾਰ ਦੇਵਾਂਗਾ। ਮੇਰੇ ਪਾਸੋਂ ਕਦੀ ਵੀ ਡਰਿਆ ਨਹੀਂ ਹੈ, ਲੜਨ ਵਾਸਤੇ ਸਭ ਥਾਂ ਅੜ ਪੈਂਦਾ ਹੈ॥੨੬॥

ਅਬਿ ਕੇ ਲਸਕਰ ਲੇ ਕਰਿ ਭਾਰਾ। ਗਹੌਂ ਕਿ ਮਾਰੌਂ, ਬਨੌਂ ਸੁਖਾਰਾ'।
ਇੱਤਜਾਦਿਕ ਬਕਬਾਦ ਕਰੰਤਾ। ਰਿਸ ਅਗਨੀ ਤੇ ਮਨਹੁਂ ਜਰੰਤਾ॥ ੨੭ ॥

ਇਸ ਵਾਰ ਮੈਂ ਬਹੁਤ ਭਾਰੀ ਲਸ਼ਕਰ ਲੈ ਕੇ ਜਾਵਾਂਗਾ, ਫੜ ਕੇ ਜਾਂ ਮਾਰ ਕੇ ਸੁਖੀ ਹੋਵਾਂਗਾ।" ਇੱਤਆਦਿ ਬਕਵਾਸ ਕਰਦਾ ਸੀ, ਗੁੱਸੇ ਦੀ ਅੱਗ ਵਿਚ ਮਾਨੋਂ ਸੜ ਰਿਹਾ ਸੀ॥੨੭॥

ਸਭਿ ਲੋਕਨਿ ਕੋ ਕਹਯੋ 'ਸਿਧਾਵੋ। ਪ੍ਰਾਤਿ ਹੋਤਿ ਤਯਾਰੀ ਕਰਿਵਾਵੋ'।
ਇਮ ਸੁਨਿ ਗਮਨੇ ਸਭਿ ਨਿਜ ਧਾਮੂ। ਪਰੇ ਸੁਪਤਿ ਹ੍ਵੈ ਕੀਨਿ ਅਰਾਮੂ॥ ੨੮ ॥

ਸਭ ਲੋਕਾਂ ਨੂੰ ਕਿਹਾ, "ਜਾਵੋ, ਸਵੇਰ ਹੁੰਦਿਆਂ ਹੀ ਤਿਆਰੀ ਕਰਵਾਵੋ।" ਇਸ ਤਰ੍ਹਾਂ ਸੁਣ ਕੇ ਸਾਰੇ ਆਪਣੇ-ਆਪਣੇ ਘਰ ਚਲੇ ਗਏ ਤੇ ਸੌਂ ਕੇ ਆਰਾਮ ਕੀਤਾ॥੨੮॥

ਭਈ ਪ੍ਰਭਾਤਿ ਸ਼ਾਹੁ ਰਹਿ ਜਾਗਾ। ਪਲਕ ਬਿਲੋਚਨ ਕੈ ਨਹਿਂ ਲਾਗਾ।
ਨਿਤ ਨਵੀਨ ਸੋ ਪਾਲਨਿ ਜਾਮਾ। ਪਹਿਰਤਿ ਸੂਖਮ ਅਤਿ ਅਭਿਰਾਮਾ॥ ੨੯ ॥

ਸਵੇਰ ਹੋਣ ਤਕ ਬਾਦਸ਼ਾਹ ਜਾਗਦਾ ਰਿਹਾ, ਸਾਰੀ ਰਾਤ ਨੇਤਰਾਂ ਦੀ ਪਲਕ ਨਾ ਲੱਗੀ। ਨਿਤ ਨਵਾਂ ਸੁੰਦਰ ਅਤੇ ਮੁਲਾਇਮ ਜੋ ਪਲਿਆਂ ਵਾਲਾ ਜਾਮਾ ਪਹਿਣਦਾ ਹੈ॥੨੯॥

ਸੰਧਜਾ ਲਗਿ ਸੋ ਫਟਿ ਕਰਿ ਜਾਇ। ਅਗਲੇ ਪ੍ਰਾਤਿ ਨਵੋਂ ਪੁਨ ਪਾਇ।
ਆਮ ਖਾਸ ਮਹਿਂ ਚਲਿ ਕਰਿ ਆਯੋ। ਬੈਠਤਿ ਗਨ ਉਮਰਾਵ ਬੁਲਾਯੋ॥ ੩੦॥

ਸ਼ਾਮ ਤਕ ਉਹ ਫਟ ਜਾਂਦਾ ਹੈ, ਅਗਲੀ ਸਵੇਰ ਫਿਰ ਨਵਾਂ ਪਾਉਂਦਾ ਹੈ। ਆਮ ਖਾਸ ਦੀਵਾਨ ਵਿਚ ਚਲ ਕੇ ਆਇਆ ਤੇ ਬੈਠ ਕੇ ਸਭ ਉਮਰਾਵ ਨੂੰ ਬੁਲਾਇਆ॥੩੦॥

*ਨੋਟ: ਆਮ ਖਾਸ ਦੀਵਾਨ ਤੋਂ ਭਾਵ ਹੈ ਜਿਥੇ ਸਭ ਅਹਿਲਕਾਰ ਵੱਡੇ-ਛੋਟੇ ਤੇ ਦੂਸਰੇ ਲੋਕ ਆ ਸਕਦੇ ਹਨ।*

ਸੁਨਿ ਆਇਸੁ ਕੋ ਸਭਿ ਚਲਿ ਆਏ। ਬਡੇ ਬਡੇ ਜਾਮੇ ਗਰ ਪਾਏ।
ਹੁਤੇ ਦਿਵਾਨ ਮੁਸਾਹਿਬ ਜੇਈ। ਮਹਾਂ ਸੁਭਟ ਕਹਿਲਾਵਤਿ ਕੇਈ॥ ੩੧॥

ਆਗਿਆ ਸੁਣ ਕੇ ਸਭ ਚਲ ਕੇ ਆਏ, ਉਨ੍ਹਾਂ ਵੱਡੇ-ਵੱਡੇ ਜਾਮੇ ਗਲਾਂ ਵਿਚ ਪਾਏ ਸਨ। ਜਿਹੜੇ ਦੀਵਾਨ ਤੇ ਮੁਸਾਹਿਬ ਸਨ ਉਨ੍ਹਾਂ ਵਿਚ ਕਈ ਮਹਾਨ ਸੂਰਬੀਰ ਵੀ ਕਹਾਉਂਦੇ ਸਨ॥੩੧॥

ਹੁਤੇ ਸਲਾਹੀ ਬਾਕ ਪ੍ਰਬੀਨ। ਤਸਲੀਮਾਤ ਆਨਿ ਗਨ ਕੀਨਿ।
ਬਸਤ੍ਰ ਬਿਭੂਖਨ ਪਹਿਰੇ ਤਨ ਮੈਂ। ਜਰਤਿ ਜਵਾਹਰ ਜ਼ਾਹਰ ਗਨ ਮੈਂ॥ ੩੨॥

ਜਿਹੜੇ ਸਲਾਹ ਦੇਣ ਵਿਚ ਬਹੁਤ ਚਤੁਰ ਸਨ, ਉਨ੍ਹਾਂ ਸਾਰਿਆਂ ਨੇ ਆ ਕੇ ਸਲਾਮ ਕੀਤੀ। ਸਰੀਰ ਤੇ ਸੁੰਦਰ ਵਸਤਰ ਤੇ ਗਹਿਣੇ ਪਹਿਣੇ ਹੋਏ ਸਨ ਜਿਹੜੇ ਹੀਰੇ ਜਵਾਹਰਾਤ ਨਾਲ ਜੜੇ ਹੋਏ ਸਨ॥੩੨॥

ਸਤਿਗੁਰ ਸਿਖ ਵਜ਼ੀਰ ਖਾਂ ਆਯੋ। ਸੁਮਤਿਵੰਤਿ ਬਡ ਸਿਦਕ ਕਮਾਯੋ।
ਲਗੀ ਕਚਹਿਰੀ ਚਾਰਹੁ ਕੋਦ। ਬੈਠਜੋ ਹਜ਼ਰਤ ਹੀਨ ਪ੍ਰਮੋਦ॥ ੩੩॥

ਸਤਿਗੁਰੂ ਦਾ ਸਿੱਖ ਵਜ਼ੀਰ ਖਾਂ ਵੀ ਉਥੇ ਆਇਆ, ਸ੍ਰੇਸ਼ਟ ਬੁੱਧੀ ਵਾਲੇ ਨੇ ਬੜੀ ਸਿਦਕ ਦੀ ਕਮਾਈ ਕੀਤੀ ਸੀ। ਚਾਰੇ ਪਾਸੇ ਵੱਡੀ ਕਚਹਿਰੀ ਲੱਗੀ ਸੀ ਤੇ ਬਾਦਸ਼ਾਹ ਉਦਾਸ ਬੈਠਾ ਸੀ॥੩੩॥

ਅਤਰਨਿ ਕੀ ਛੂਟੀ ਮਹਿਕਾਰ। ਚਹੁੰ ਦਿਸ਼ਿ ਧਰੀ ਆਨਿ ਗੁਲਜ਼ਾਰ।
ਚਾਮੀਕਰ ਤੇ ਚਿੱਤ੍ਰਿਤਿ ਥਾਨ। ਤਿਸ ਹੇਰੇ ਉਰ ਹਰਖ ਮਹਾਨ॥ ੩੪॥

ਸਾਰੇ ਅਤਰ ਦੀ ਖੁਸ਼ਬੂ ਦੀ ਮਹਿਕ ਫੈਲੀ ਹੋਈ ਸੀ, ਚਾਰੇ ਪਾਸੇ ਲਿਆ ਕੇ ਗੁਲਦਸਤੇ ਰੱਖੇ ਸਨ। ਸਾਰਾ ਸਥਾਨ ਸੋਨੇ ਨਾਲ ਚਿਤ੍ਰਿਆ ਹੋਇਆ ਸੀ। ਉਸ ਨੂੰ ਵੇਖ ਕੇ ਹਿਰਦਾ ਪ੍ਰਸੰਨ ਹੋ ਜਾਂਦਾ ਸੀ॥੩੪॥

ਕਹਜੋ ਸ਼ਾਹੁ 'ਸਭਿ ਸੁਮਤਿ ਪ੍ਰਬੀਨ !। ਕਿਨਹੁਂ ਨ ਕਪਟ ਪਰਖਿਯੋ ਕੀਨਿ ?।
ਇਕ ਹਯ ਲੀਨਿ ਬਨਜੋ ਘਸਿਆਰੋ। ਕੈਫ ਪਿਲਾਇ ਕਰੇ ਮਤਵਾਰੋ॥ ੩੫॥

ਬਾਦਸ਼ਾਹ ਨੇ ਕਿਹਾ, 'ਹੇ ਸ੍ਰੇਸ਼ਟ ਬੁੱਧੀ ਵਾਲੇ ਚਤੁਰ ਅਹਿਲਕਾਰੋ ! ਤੁਹਾਡੇ ਵਿਚੋਂ ਕੋਈ ਵੀ ਛਲ ਨੂੰ ਪਰਖ ਨਹੀਂ ਸਕਿਆ ਹੈ ? ਇਕ ਘੋੜਾ ਲੈ ਜਾਣ ਵਾਸਤੇ ਉਹ ਘਾਹੀ ਬਣਿਆ ਤੇ ਸ਼ਰਾਬ ਪਿਆ ਕੇ ਸਾਰੇ ਨੌਕਰਾਂ ਨੂੰ ਮਸਤ ਕਰ ਦਿੱਤਾ॥੩੫॥

ਸੋ ਤੌ ਗਯੋ ਅਚਾਨਕ ਜਾਨਹੁ। ਦੂਸਰ ਕੋ ਬਡ ਅਚਰਜ ਮਾਨਹੁ।
ਜ਼ੀਨ ਪਾਇ ਹਮ ਆਪਹੁਂ ਦੀਨੋ। ਨਹਿਂ ਕਿਮ ਹੂੰ ਕਿਨ ਪਰਖਨਿ ਕੀਨੋ॥ ੩੬॥

ਉਹ ਤਾਂ ਸਮਝੋ ਅਚਾਨਕ ਚਲਾ ਗਿਆ, ਪਰ ਦੂਸਰੇ ਨੂੰ ਲੈ ਜਾਣਾ ਵੱਡਾ ਅਸਚਰਜ ਮੰਨੋ। ਅਸੀਂ ਆਪੇ ਉਸ ਨੂੰ ਕਾਠੀ ਪਾ ਕੇ ਦਿੱਤੀ ਹੈ, ਕਿਸੇ ਨੇ ਵੀ ਛਲ ਦੀ ਪਹਿਚਾਣ ਨਹੀਂ ਕੀਤੀ ਹੈ॥੩੬॥

ਹੇਰਹੁ ਤਸਕਰ ਕੇਰ ਦਿਲੇਰੀ। ਬਿਨ ਡਰ ਲੇ ਗਮਨਜੋ ਜੁਗ ਬੇਰੀ।
ਸੁਨਜੋ ਨ, ਹਮ ਨੇ ਆਂਖ ਨਿਹਾਰਾ। ਕੀਨਿ ਕਪਟ ਹਮ ਸਭਿਨਿ ਮਝਾਰਾ॥ ੩੭॥

ਇਸ ਚੋਰ ਦੀ ਦਲੇਰੀ ਵੇਖੋ, ਕਿਸੇ ਡਰ ਤੋਂ ਬਗੈਰ ਦੋਨੋਂ ਵਾਰ ਘੋੜੇ ਲੈ ਗਿਆ ਹੈ। ਅਜਿਹਾ ਨਾ ਮੈਂ ਕਿਤੇ ਸੁਣਿਆ ਹੈ ਅਤੇ ਨਾ ਹੀ ਅੱਖਾਂ ਨਾਲ ਵੇਖਿਆ ਹੈ, ਅਜਿਹਾ ਕਪਟ ਸਾਡੇ ਸਾਰਿਆਂ ਦੇ ਵਿਚ ਕੀਤਾ ਹੈ॥੩੭॥

ਬੋਲਤਿ ਬਾਤ ਕਰਤਿ ਲੇ ਗਯੋ। ਹਮਹੁਂ ਕੈਦ ਸਮ ਠਾਨਤਿ ਭਯੋ।
ਚਢਿ ਤੁਰੰਗ ਪਰ ਸਗਲ ਬਤਾਏ। 'ਹਰਿਗੋਬਿੰਦ ਗੁਰ ਹਯ ਨਿਕਰਾਏ' ॥ ੩੮ ॥

ਗੱਲਾਂ ਕਰਦਾ ਹੀ ਘੋੜਾ ਲੈ ਕੇ ਚਲਾ ਗਿਆ, ਸਾਨੂੰ ਕੈਦੀ ਵਾਂਗ ਬਣਾ ਕੇ ਚਲਾ ਗਿਆ। ਘੋੜੇ ਉੱਤੇ ਚੜ੍ਹ ਕੇ ਸਾਰੇ ਪਤੇ ਦੱਸੇ 'ਗੁਰੂ ਹਰਿਗੋਬਿੰਦ ਜੀ ਨੇ ਇਹ ਘੋੜੇ ਕਢਵਾਏ ਹਨ'॥੩੮॥

ਜੰਗਲ ਬਿਖੇ ਗ੍ਰਾਮ ਕੋ ਰੂਪਾ। ਤਹਿਂ ਲੇ ਪਹੁਂਚੇ ਤੁਰੰਗ ਅਨੂਪਾ।
ਅਬਿ ਨਹਿਂ ਬਿਲਮ ਸੁਹਾਵਤਿ ਮੋਹੀ। ਤਯਾਰੀ ਕਰਹੁ ਸ਼ੀਘ੍ਰ ਜਿਮ ਹੋਹੀ ॥ ੩੯ ॥

ਮਾਲਵੇ ਦੇਸ਼ ਵਿਚ 'ਰੂਪਾ' ਨਾਮ ਦਾ ਪਿੰਡ ਹੈ, ਉਥੇ ਅਨੂਪਮ ਘੋੜਿਆਂ ਨੂੰ ਲੈ ਕੇ ਚਲੇ ਗਿਆ ਹੈ। ਹੁਣ ਮੈਨੂੰ ਦੇਰ ਕਰਨੀ ਸੋਭਦੀ ਨਹੀਂ, ਜਿਸ ਤਰ੍ਹਾਂ ਵੀ ਹੋ ਸਕਦਾ ਹੈ, ਛੇਤੀ ਤਿਆਰੀ ਕਰੋ॥੩੯॥

ਜ਼ੀਨ ਜਵਾਹਰ ਜ਼ਾਹਰ ਜਰੇ। ਪ੍ਰਿਯ ਹਯ ਸਹਿਤ ਨਿਕਾਰਨਿ ਕਰੇ।
ਜਬਿ ਲੌ ਗੁਰ ਕੋ ਗਹੌਂ ਕਿ ਮਾਰੌਂ। ਤਬਿ ਲੌ ਨਿੰਦ੍ਰਾ ਨਹਿਂ ਸੁਖ ਧਾਰੌਂ ॥ ੪੦ ॥

ਸੋਨੇ ਤੇ ਹੀਰੇ ਜਵਾਹਰਾਤ ਨਾਲ ਜੜੀਆਂ ਕਾਠੀਆਂ ਸਹਿਤ ਪਿਆਰੇ ਘੋੜਿਆਂ ਨੂੰ ਕੱਢ ਕੇ ਲੈ ਗਿਆ ਹੈ। ਜਦ ਤਕ ਗੁਰੂ ਨੂੰ ਫੜਦਾ ਜਾਂ ਮਾਰਦਾ ਨਹੀਂ ਤਦ ਤਕ ਸੁੱਖ ਦੀ ਨੀਂਦ ਨਹੀਂ ਸੌਂਵਾਂਗਾ॥੪੦॥

ਕਹਹੁ ਅਰੂਢਹਿ ਲਸ਼ਕਰ ਸਾਰਾ। ਜਬਰ ਜੰਜੈਲ, ਜੰਬੂਰਨ ਵਾਰਾ।
ਦਿਹੁ ਸਭਿ ਕੋ ਬਾਰੂਦ ਰੁ ਗੋਰੀ। ਤੋਪ ਸਮੂਹ ਚਲਹਿ ਗੁਰ ਓਰੀ ॥ ੪੧ ॥

ਤੋਪਾਂ ਬੰਦੂਕਾਂ ਵਾਲੇ ਸਾਰੇ ਲਸ਼ਕਰ ਨੂੰ ਘੋੜਿਆਂ ਤੇ ਸਵਾਰ ਹੋਣ ਵਾਸਤੇ ਕਹੋ। ਸਾਰਿਆਂ ਨੂੰ ਬਾਰੂਦ ਅਤੇ ਗੋਲੀਆਂ ਦੇਵੋ, ਗੁਰੂ ਵਲ ਸਾਰੀਆਂ ਤੋਪਾਂ ਚਲਾਈਆਂ ਜਾਣ'॥੪੧॥

ਜਹਿਂ ਕਹਿਂ ਕਹਿਤਿ ਫਿਰੈਂ ਹਲਕਾਰੇ। 'ਸਾਮਾਂ ਜੰਗ ਲੇਹੁ ਕਰਿ ਤਯਾਰੇ'।
ਨਿਜ ਨਿਜ ਦਲ ਮੈਂ ਸਭਿਹਿਨਿ ਦੀਨਿ। ਗੋਰੀ ਅਰੁ ਬਾਰੂਦ ਮਹੀਨ ॥ ੪੨ ॥

ਜਿਥੇ ਕਿਥੇ ਹਲਕਾਰੇ ਕਹਿੰਦੇ ਫਿਰਦੇ ਸਨ, "ਜੰਗ ਦਾ ਸਾਮਾਨ ਲੈ ਕੇ ਤਿਆਰ ਹੋ ਜਾਵੋ।" ਆਪਣੇ ਆਪਣੇ ਦਲ ਵਿਚ ਸਾਰਿਆਂ ਨੂੰ ਗੋਲੀਆਂ ਅਤੇ ਬਾਰੀਕ ਬਾਰੂਦ ਦਿੱਤਾ॥੪੨॥

ਚਢਨਿ ਹੇਤੁ ਹਜ਼ਰਤ ਅਸਵਾਰੀ। ਸੁਨਿ ਆਇਸੁ ਤਤਛਿਨ ਕਰਿ ਤਯਾਰੀ।
ਇਤ ਉਤ ਦੌਰੇ ਮਾਨਵ ਫਿਰੈਂ। ਰਣ ਕੀ ਸਭਿ ਬਿਧਿ ਤਯਾਰੀ ਕਰੈਂ ॥ ੪੩ ॥

ਆਗਿਆ ਸੁਣ ਕੇ ਬਾਦਸ਼ਾਹ ਦੇ ਚੜ੍ਹਨ ਵਾਸਤੇ ਤੁਰਤ ਅਸਵਾਰੀ ਤਿਆਰ ਕਰਨ ਲੱਗੇ। ਮਨੁੱਖ ਏਧਰ ਓਧਰ ਭੱਜੇ ਫਿਰਦੇ ਸਨ ਤੇ ਜੰਗ ਦੀ ਸਭ ਵਿਧੀਆਂ ਨਾਲ ਤਿਆਰੀ ਕਰ ਰਹੇ ਸਨ॥੪੩॥

ਹਲਾਚਾਲ ਲਵਪੁਰਿ ਮਹਿਂ ਹੋਈ। 'ਭਯੋ ਅਚੰਭਾ' ਭਾਖਤਿ ਕੋਈ।
'ਪ੍ਰਥਮ ਹਯਨਿ ਕੀ ਸੋ ਬਿਧਿ ਭਈ। ਸ਼ਾਹੁ ਚਢਨਿ ਤਯਾਰੀ ਅਬਿ ਲਈ ॥ ੪੪ ॥

ਲਾਹੌਰ ਵਿਚ ਹਲਚਲ ਮਚ ਗਈ, ਕਈ ਕਹਿੰਦੇ ਸਨ, "ਬਹੁਤ ਅਚੰਭਾ ਹੋਇਆ ਹੈ, ਪਹਿਲਾਂ ਘੋੜਿਆਂ ਨਾਲ ਇਸ ਤਰ੍ਹਾਂ ਹੋਈ ਹੈ ਹੁਣ ਬਾਦਸ਼ਾਹ ਨੇ ਚੜ੍ਹਾਈ ਕਰਨ ਦੀ ਤਿਆਰੀ ਕਰ ਲਈ ਹੈ॥੪੪॥

ਨਹਿੰ ਸੁਧ ਕਿਸ ਕੋ ਕਹਾ ਹੁਇ ਜਾਇ। ਦੁਹਿ ਦਿਸ਼ ਭੇਰ ਪਰਹਿ ਸਮੁਦਾਇ।
ਉਤ ਸ੍ਰੀ ਨਾਨਕ ਕੋ ਘਰ ਭਾਰੀ। ਜਿਨ ਕੀ ਅਜ਼ਮਤ ਕਿਹ ਨ ਸਹਾਰੀ ॥ ੪੫ ॥

ਕਿਸੇ ਨੂੰ ਵੀ ਖਬਰ ਨਹੀਂ ਸੀ ਕਿ ਕੀ ਹੋ ਜਾਵੇਗਾ, ਦੋਵੀਂ ਪਾਸੀਂ ਸੈਨਾ ਦੇ ਭੇੜ ਹੋਣਗੇ। ਓਧਰ ਸ੍ਰੀ ਗੁਰੂ ਨਾਨਕ ਦਾ ਸ਼ਕਤੀਸ਼ਾਲੀ ਘਰ ਹੈ, ਜਿਨ੍ਹਾਂ ਦੀ ਕਰਾਮਾਤ ਕੋਈ ਵੀ ਸਹਾਰ ਨਹੀਂ ਸਕਿਆ ਹੈ ॥੪੫ ॥

ਇਤ ਸਭਿ ਦੇਸ਼ਨਿ ਕੋ ਬਡ ਮਾਲਿਕ। ਕਈ ਲਾਖ ਲਸ਼ਕਰ ਜਿਸ ਤਾਲਿਕ।
ਜਹਾਂਗੀਰ ਤੇ ਰਾਖਤੇ ਰੰਗ। ਇਹ ਬਿਗਰਤੇ ਸ੍ਰੀ ਸਤਿਗੁਰ ਸੰਗ ॥ ੪੬ ॥

ਏਧਰ ਸਾਰੇ ਦੇਸ਼ਾ ਦਾ ਵੱਡਾ ਮਾਲਕ ਹੈ, ਜਿਸ ਦੇ ਅਧੀਨ ਲੱਖਾਂ ਦੀ ਗਿਣਤੀ ਵਿਚ ਸੈਨਾ ਹੈ। ਜਹਾਂਗੀਰ ਨੇ ਤਾਂ ਪ੍ਰੇਮ ਰਖਿਆ ਸੀ। ਇਸ ਨੇ ਸਤਿਗੁਰੂ ਜੀ ਨਾਲ ਵਿਗਾੜ ਲਈ ਹੈ ॥੪੬ ॥

ਨਹੀਂ ਆਦਿ ਤੇ ਕਿਮ ਬਨਿ ਆਈ। ਰਖੀ ਨ ਗੁਰ ਘਰ ਕੀ ਬਡਿਆਈ।
ਛੀਨ ਲੀਨਿ ਹਯ ਪੂਰਬ ਸ਼ਾਹੂ। ਤਬਿ ਤੇ ਭਾ ਬਿਰੋਧ ਇਨ ਮਾਂਹੂ ॥ ੪੭ ॥

ਸ਼ੁਰੂ ਤੋਂ ਹੀ ਕਿਵੇਂ ਵੀ ਨਹੀਂ ਬਣੀ ਹੈ, ਗੁਰੂ ਜੀ ਦੀ ਵਡਿਆਈ ਨਹੀਂ ਰੱਖੀ ਹੈ। ਪਹਿਲਾਂ ਬਾਦਸ਼ਾਹ ਨੇ ਇਨ੍ਹਾਂ ਦਾ ਘੋੜਾ ਖੋਹ ਲਿਆ ਸੀ, ਤਦ ਤੋਂ ਇਨ੍ਹਾਂ ਵਿਚ ਵੈਰ ਵਿਰੋਧ ਵੱਧ ਗਿਆ ਹੈ ॥੪੭॥

ਸ੍ਰੀ ਹਰਿਗੋਵਿੰਦ ਚਾਰੁ ਛਬੀਲਾ। ਪੀਰ ਮੀਰ ਬਡ ਬੀਰੁ ਹਠੀਲਾ।
ਬਾਜ ਰੁ ਬਾਜੀ ਲੀਨਿ ਸੁ ਛੀਨਿ। ਨਿਜ ਤੁਰੰਗ ਕੇ ਪਲਟਾ ਕੀਨਿ ॥ ੪੮ ॥

ਸ੍ਰੀ ਹਰਿਗੋਬਿੰਦ ਸੁੰਦਰ ਛੈਲ ਛਬੀਲਾ ਹੈ, ਮੀਰੀ ਪੀਰੀ ਦਾ ਮਾਲਕ ਵੱਡਾ ਹੱਠੀ ਸੂਰਬੀਰ ਹੈ, ਉਨ੍ਹਾਂ ਨੇ ਬਾਦਸ਼ਾਹ ਦਾ ਬਾਜ਼ ਅਤੇ ਘੋੜੇ ਖੋਹ ਲਏ ਹਨ, ਤੇ ਆਪਣੇ ਘੋੜੇ ਦਾ ਬਦਲਾ ਲੈ ਲਿਆ ਹੈ ॥੪੮ ॥

ਪੁਰਿ ਮਹਿਂ ਨਰ ਨਾਰੀ ਸਭਿ ਕਹੈਂ। 'ਲਰਹਿਂ ਮਹਾਂ ਜੁਗ' ਸਗਲੇ ਲਹੈਂ।
ਇਮ ਤਯਾਰੀ ਸਾਰੀ ਕਰਿ ਭਾਰੀ। ਚਹਤਿ ਸ਼ਾਹੁ ਚਢਿਬੇ ਰਿਸ ਧਾਰੀ ॥ ੪੯ ॥

ਨਗਰ ਵਿਚ ਸਭ ਇਸਤਰੀ ਪੁਰਸ਼ ਕਹਿੰਦੇ ਸਨ, ਸਾਰੇ ਵੇਖਣਗੇ, "ਦੋਹਾਂ ਦਾ ਭਿਆਨਕ ਜੰਗ ਹੋਵੇਗਾ।" ਇਸ ਤਰ੍ਹਾਂ ਭਾਰੀ ਤਿਆਰੀ ਕਰਕੇ ਬਾਦਸ਼ਾਹ ਨੇ ਗੁੱਸੇ ਵਿਚ ਆ ਕੇ ਫੌਜ ਚਾੜ੍ਹਨ ਦੀ ਧਾਰ ਲਈ ॥੪੯ ॥

*ਸੱਤਵੀਂ ਰਾਸ ਦਾ ਚਾਲੀਵਾਂ ਅਧਿਆਇ ਸਮਾਪਤ ਹੋਇਆ ॥੪੦ ॥*

## *ਅਧਿਆਇ ਇਕਤਾਲੀਵਾਂ*

### *ਲਲਾਬੇਗ ਦੀ ਚੜ੍ਹਾਈ*

ਦੋਹਰਾ-ਤਬਿ ਵਜ਼ੀਰ ਖਾਂ ਦੇਖਿ ਕਰਿ: ਤਯਾਰੀ ਹਜ਼ਰਤ ਕੀਨਿ।
ਕਿੰਚਬੇਗ ਕਹਿ ਆਦਿ ਕੁਛ ਨਿਜ ਮਸਲਤ ਮਹਿਂ ਲੀਨਿ ॥ ੧ ॥

ਤਦ ਵਜ਼ੀਰ ਖਾਂ ਨੇ ਵੇਖਿਆ ਕਿ ਬਾਦਸ਼ਾਹ ਨੇ ਤਿਆਰੀ ਕਰ ਲਈ ਹੈ ਤਾਂ ਉਸ ਕਿੰਚ ਬੇਗ ਨੂੰ ਪਹਿਲਾਂ ਕੁਝ ਕਹਿ ਕੇ ਆਪਣੀ ਸਲਾਹ ਵਿਚ ਲੈ ਲਿਆ ॥੧ ॥

ਚੌਪਈ-'ਕਯੋਂ ਨ ਬਿਚਾਰਹੁ ਜਿਤਿਕ ਨਜੀਕੀ ?। ਤਯਾਰੀ ਨਹੀਂ ਸ਼ਾਹੁ ਕੀ ਨੀਕੀ।
ਹਮ ਇਸ ਕੇ ਹੈਂ ਸਭਿ ਸੁਖਦਾਈ। ਕਯੋਂ ਨ ਕਹਹੁ ਇਸ ਰਖਹੁ ਹਟਾਈ ॥੨॥

ਵਜ਼ੀਰ ਖਾਂ ਨੇ ਕਿਹਾ, "ਜਿੰਨੇ ਤੁਸੀਂ ਨਜ਼ਦੀਕ ਹੋ, ਕਿਉਂ ਨਹੀਂ ਵਿਚਾਰਦੇ ? ਬਾਦਸ਼ਾਹ ਦੀ ਤਿਆਰੀ ਚੰਗੀ ਨਹੀਂ ਹੈ। ਅਸੀਂ ਸਾਰੇ ਇਨ੍ਹਾਂ ਦੀ ਸੁਖ ਚਾਹੁੰਦੇ ਹਾਂ, ਕਿਉਂ ਨਾ ਕਹਿ ਕੇ ਇਨ੍ਹਾਂ ਨੂੰ ਲੜਾਈ ਕਰਨ ਤੋਂ ਰੋਕੀਏ॥੨॥

ਸ੍ਰੀ ਨਾਨਕ ਘਰ ਅਜ਼ਮਤ ਭਾਰੀ। ਤਿਨ ਸੋਂ ਕਰੇ ਜੰਗ, ਹੁਇ ਹਾਰੀ।
ਕਰਿ ਸੰਗੀ ਸਭਿ ਸ਼ਾਹੁ ਸਲਾਹੀ। ਕਹੀ ਮਿਟਹਿ ਜਿਸ ਤੇ ਕਿਮ ਨਾਂਹੀ ॥੩॥

ਸ੍ਰੀ ਗੁਰੂ ਨਾਨਕ ਦੇ ਘਰ ਵੱਡੀ ਕਰਾਮਾਤ ਹੈ, ਉਨ੍ਹਾਂ ਨਾਲ ਜੰਗ ਕਰਨ ਨਾਲ ਹਾਰ ਹੋਵੇਗੀ।" ਬਾਦਸ਼ਾਹ ਦੇ ਸਾਰੇ ਸਲਾਹਕਾਰ ਆਪਣੇ ਸੰਗੀ ਕਰ ਲਏ, ਜਿਸ ਤਰ੍ਹਾਂ ਕਿ ਕਹੀ ਗੱਲ ਕਿਵੇਂ ਵੀ ਨਾ ਮਿਟੇ, ਭਾਵ ਅਜਿਹੇ ਤਰੀਕੇ ਨਾਲ ਬਾਦਸ਼ਾਹ ਨੂੰ ਕਹਿਣ ਕਿ ਉਹ ਮੰਨ ਜਾਵੇ॥੩॥

ਹਾਥਨਿ ਜੋਰਿ ਗੁਜ਼ਾਰਤਿ ਅਰਜ਼ੀ। 'ਕਰੀ ਹਜ਼ੂਰ ਜਾਨਿ ਕੀ ਮਰਜ਼ੀ।
ਸੋ ਆਛੀ ਨਹਿ ਸਭਿਨਿ ਬਿਚਾਰੀ। ਤੁਮਰੋ ਚਢਨਿ ਅਹੈ ਅਤਿ ਭਾਰੀ ॥੪॥

ਹੱਥ ਜੋੜ ਕੇ ਬੇਨਤੀ ਕੀਤੀ, 'ਹਜ਼ੂਰ ਨੇ ਲੜਾਈ ਵਿਚ ਜਾਣ ਦੀ ਸਲਾਹ ਬਣਾਈ ਹੈ, ਉਹ ਸਾਰਿਆ ਨੇ ਵਿਚਾਰ ਕੀਤੀ ਹੈ ਕਿ ਚੰਗੀ ਗੱਲ ਨਹੀਂ ਹੈ। ਤੁਹਾਡਾ ਜੰਗ ਲਈ ਚੜ੍ਹਾਈ ਕਰਨਾ ਤੁਹਾਡੇ ਤੇ ਬੜਾ ਭਾਰੀ ਹੈ॥੪॥

ਬ੍ਰਿੰਦ ਬਲਾਇਤ ਲਿਖਜੇ ਸਿਧਾਰੇ। ਸਗਰੇ ਤੁਮਰੇ ਕਰਮ ਬਿਚਾਰੇਂ।
ਗੁਰ ਢਿਗ ਅਲਪ ਬਾਹਨੀ ਰਹੈ। ਤੁਮ ਕੋ ਮਾਲਿਕ ਮੁਲਖਨਿ ਕਹੈਂ ॥੫॥

ਬਹੁਤ ਵਲਾਇਤੀ ਲਿਖਤਾਂ ਦਾ ਅਧਿਐਨ ਕੀਤਾ ਹੈ ਅਤੇ ਤੁਹਾਡੇ ਸਾਰੇ ਕਰਮਾਂ ਤੇ ਵਿਚਾਰ ਕੀਤੀ ਹੈ। ਗੁਰੂ ਜੀ ਦੇ ਪਾਸ ਬਹੁਤ ਥੋੜ੍ਹੀ ਫੌਜ ਹੈ ਤੁਹਾਨੂੰ ਕਈ ਮੁਲਕਾਂ ਦੇ ਮਾਲਕ ਕਹਿੰਦੇ ਹਨ॥੫॥

ਹੋਹਿ ਬਰੋਬਰ ਤੋ ਬਨਿ ਆਵੈ। ਨਾਂਹਿ ਤ ਲਰਿਬੋ ਸੈਨ ਪਠਾਵੈ।
ਜੇ ਅਜ਼ਮਤ ਕਰਿ ਗੁਰੂ ਭਜਾਵੈ। ਹਜੋ ਆਪ ਕੀ ਜਗਤ ਅਲਾਵੈ ॥੬॥

ਜੇ ਅੱਗੋ ਲੜਨ ਵਾਲਾ ਬਰਾਬਰ ਦਾ ਹੋਵੇ ਤਾਂ ਤੁਹਾਡਾ ਜਾਣਾ ਬਣਦਾ ਹੈ, ਨਹੀਂ ਤਾਂ ਲੜਨ ਵਾਸਤੇ ਸੈਨਾ ਭੇਜੋ। ਜੇ ਕਰਾਮਾਤ ਕਰਕੇ ਗੁਰੂ ਜੀ ਭਜਾ ਦੇਣਗੇ ਤਾਂ ਸਾਰੇ ਜਗਤ ਵਿਚ ਤੁਹਾਡੀ ਨਿੰਦਿਆ ਹੋਵੇਗੀ॥੬॥

ਦੁਰਗ ਸਮੀਪ ਨ ਗੁਰ ਕੇ ਕੋਈ। ਜਿਸ ਹਿਤ ਬਡੇ ਜਤਨ ਕੋ ਜੋਈ।
ਕਿੰਚਬੇਗ ਤਬਿ ਗਿਰਾ ਬਖਾਨੀ। 'ਕਹਤਿ ਵਜ਼ੀਰ ਖਾਨ ਹਿਤ ਠਾਨੀ ॥੭॥

ਗੁਰੂ ਜੀ ਦੇ ਪਾਸ ਕੋਈ ਕਿਲ੍ਹਾ ਨਹੀਂ ਹੈ, ਜਿਸ ਵਾਸਤੇ ਕੋਈ ਵੱਡਾ ਯਤਨ ਕਰਕੇ ਵੇਖੋ।" ਕਿੰਚ ਬੇਗ ਨੇ ਫਿਰ ਕਿਹਾ, "ਵਜ਼ੀਰ ਖਾਂ ਤੁਹਾਡਾ ਹਿਤ ਜਾਣ ਕੇ ਕਹਿੰਦੇ ਹਨ॥੭॥

ਹਮ ਸਭਿ ਰਾਵਰ ਕੇ ਸੁਖਦਾਈ। ਬਿਗਰਤਿ ਕਾਰ ਸਹੀ ਨਹਿੰ ਜਾਈ।
ਰਿਸ ਕਰਿ ਆਪ ਚਢਨਿ ਕੋ ਚਹੈਂ। ਲਖਹਿੰ ਅਨੁਚਿਤੀ ਕਯੋਂ ਨਹਿੰ ਕਹੈਂ ॥੮॥

ਅਸੀਂ ਸਾਰੇ ਆਪ ਜੀ ਦਾ ਸੁਖ ਚਾਹੁੰਦੇ ਹਾਂ, ਵਿਗੜਦਾ ਕਾਰਜ ਸਾਥੋਂ ਬਰਦਾਸ਼ਤ ਨਹੀਂ ਹੁੰਦਾ। ਗੁੱਸੇ ਵਿਚ ਆ ਕੇ ਆਪ ਚੜ੍ਹਾਈ ਕਰਨਾ ਚਾਹੁੰਦੇ ਹੋ, ਅਨੁਚਿਤ ਸਮਝ ਕੇ ਵੀ ਫਿਰ ਕਿਉਂ ਨਾ ਕਹੀਏ" ॥੮॥

ਸ਼ਾਹੁ ਸਮੀਪੀ ਅਪਰ ਜਿ ਸਾਰੇ। ਬਾਕ ਵਜ਼ੀਰ ਖਾਨ ਸਤਿਕਾਰੇ।
'ਰਾਵਰ ਚਢਹੁ ਬਿਚਾਰਨ ਕਰਿਕੈ। ਲਾਇਕ ਅਨਲਾਇਕ ਉਰਿ ਧਰਿਕੈ ॥੯॥

ਬਾਦਸ਼ਾਹ ਦੇ ਨਜ਼ਦੀਕੀ ਜਿਹੜੇ ਹੋਰ ਅਹਿਲਕਾਰ ਵੀ ਸਨ, ਉਨ੍ਹਾਂ ਵੀ ਵਜ਼ੀਰ ਖਾਂ ਦੇ ਬਚਨਾਂ ਦਾ ਸਤਿਕਾਰ ਕੀਤਾ ਤੇ ਕਿਹਾ, ''ਆਪ ਜੀ ਦੀ ਚੜ੍ਹਾਈ ਨੂੰ ਵਿਚਾਰ ਕੇ ਯੋਗ, ਅਯੋਗ ਮਨ ਵਿਚ ਧਾਰਿਆ ਹੈ॥੯॥

ਤਨ ਤੁਮਰੇ ਕੀ ਹਮ ਸੁਖ ਚਹੈਂ। ਉਤ ਅਜ਼ਮਤ ਜੁਤਿ ਗੁਰ ਘਰ ਲਹੈਂ।
ਬਾਕ ਵਜ਼ੀਰ ਖਾਨ ਪੁਨ ਕਹਜੋ। 'ਲਸ਼ਕਰ ਪਠਹੁ ਜਿਤਿਕ ਚਿਤ ਚਹਜੋ॥੧੦॥

ਅਸੀਂ ਤੁਹਾਡੇ ਸਰੀਰ ਦੀ ਸੁਖ ਚਾਹੁੰਦੇ ਹਾਂ, ਉਧਰ ਕਰਾਮਾਤ ਸਹਿਤ ਗੁਰੂ ਜੀ ਦਾ ਘਰ ਵੇਖਦੇ ਹਾਂ।'' ਵਜ਼ੀਰ ਖਾਂ ਨੇ ਫਿਰ ਕਿਹਾ, ''ਫੌਜ ਭੇਜੋ, ਜਿੰਨੀ ਵੀ ਭੇਜਣੀ ਚਾਹੁੰਦੇ ਹੋ॥੧੦॥

ਬਹੁ ਤੋਪਨ ਕੋ ਨਹੀਂ ਪਠਾਵਹੁ। ਥੋਰੀ ਪਠਹੁ ਸੰਗ ਭਟ ਲਾਵਹੁ।
ਨੰਗੀ ਤੇਗ ਰਖਾਵਹੁ ਬੀਰਾ। ਆਨਿ ਉਠਾਵਹਿ ਜੋ ਬਰ ਬੀਰਾ॥ ੧੧॥

ਬਹੁਤੀਆਂ ਤੋਪਾਂ ਨਾ ਭੇਜੋ, ਥੋੜ੍ਹੀਆਂ ਭੇਜੋ ਨਾਲ ਸੂਰਬੀਰਾਂ ਨੂੰ ਲਾਵੋ। ਨੰਗੀ ਤਲਵਾਰ ਉਤੇ ਪਾਨ ਦਾ ਬੀੜਾ ਰਖਵਾਓ, ਜੋ ਵੱਡਾ ਸੂਰਬੀਰ ਹੈ ਉਹ ਬੀੜੇ ਨੂੰ ਆ ਕੇ ਚੁੱਕ ਲਵੇ॥੧੧॥

ਸੋ ਚਢਿ ਜਾਇ ਗੁਰੂ ਕੇ ਊਪਰ। ਲਰਹਿ ਮਰਹਿ ਕਟਿ ਕਰਿ ਰਣ ਭੂ ਪਰ।
ਪੀਛੇ ਲਖਹੁ ਕਰਹੁ ਜਿਮ ਲਾਇਕ। ਤੁਮ ਹੋ ਸਰਬ ਜਗਤ ਕੇ ਨਾਇਕ' ॥੧੨॥

ਉਹ ਯੋਧਾ ਗੁਰੂ ਜੀ ਉਪਰ ਚੜ੍ਹ ਕੇ ਜਾਵੇ, ਲੜੇ, ਮਰੇ ਤੇ ਕੱਟ ਕੇ ਰਣਭੂਮੀ ਵਿਚ ਡਿੱਗ ਪਵੇ। ਪਿਛੋਂ ਰਹਿ ਵੇਖੋ ਤੇ ਜਿਵੇਂ ਯੋਗ ਸਮਝਦੇ ਹੋ ਕਰੋ, ਤੁਸੀਂ ਸਾਰੇ ਜੱਗ ਦੇ ਮਾਲਕ ਹੋ' ॥੧੨॥

ਸ਼ਾਹੁ ਜਹਾਂ ਸੁਨਿ ਕਰਿ ਇਨ ਬਾਨੀ। ਆਛੀ ਜਾਨਿ ਲੀਨਿ ਮਨ ਮਾਨੀ।
ਸੈਨਾਪਤਿ ਉਮਰਾਵ ਬੁਲਾਏ। ਪਹੁੰਚੇ ਸੁਨਤਿ ਹੁਕਮ ਸਮੁਦਾਏ॥ ੧੩॥

ਸ਼ਾਹ ਜਹਾਂ ਨੇ ਇਸ ਤਰ੍ਹਾਂ ਉਨ੍ਹਾਂ ਦਾ ਵਾਰਤਾਲਾਪ ਸੁਣ ਕੇ ਚੰਗੀ ਜਾਣ ਕੇ ਮਨ ਵਿਚ ਮੰਨ ਲਈ। ਸੈਨਾਪਤੀ ਹਾਕਮ ਬੁਲਾਏ, ਉਹ ਸਾਰੇ ਹੁਕਮ ਸੁਣ ਕੇ ਪਹੁੰਚ ਗਏ॥੧੩॥

ਸਭਾ ਬਿਸਾਲ ਗਈ ਭਰਿ ਸਾਰੀ। ਗਨ ਉਮਰਾਵ ਬਡੇ ਹੰਕਾਰੀ।
ਤਬਹਿ ਸ਼ਾਹੁ ਤਰਵਾਰ ਨਿਕਾਰੀ। ਧਰ ਬੀਰੇ ਕੇ ਸਹਤ ਅਗਾਰੀ॥ ੧੪॥

ਸਾਰਿਆਂ ਨਾਲ ਵਿਸ਼ਾਲ ਸਭਾ ਭਰ ਗਈ, ਸਾਰੇ ਉਮਰਾਵ ਵੱਡੇ ਹੰਕਾਰੀ ਸਨ। ਫਿਰ ਬਾਦਸ਼ਾਹ ਨੇ ਤਲਵਾਰ ਕੱਢੀ, ਤੇ ਬੀੜੇ ਸਹਿਤ ਅੱਗੇ ਧਰ ਦਿੱਤੀ॥੧੪॥

ਖਰੋ ਅਰਜ਼ ਬੇਗੀ ਤਿਸ ਥਾਨੈ। ਨਾਮ ਸਲਾਬਤ ਖਾਨ ਬਖਾਨੈ।
ਸਭਿਨਿ ਸੁਨਾਵਤਿ ਐਸੇ ਕਹਜੋ। 'ਗੁਰ ਅਰਿ ਹਜ਼ਰਤ ਜੀਤਨਿ ਚਹਜੋ॥੧੫॥

ਉਸ ਸਥਾਨ ਤੇ ਜਿਹੜਾ ਅਰਜ਼ ਕਰਨ ਵਾਲਾ ਖੜਾ ਸੀ, ਉਸ ਨੂੰ ਸਲਾਬਤ ਖਾਂ ਕਹਿੰਦੇ ਸਨ। ਉਸ ਨੇ ਸਾਰਿਆਂ ਨੂੰ ਸੁਣਾ ਕੇ ਇਸ ਤਰ੍ਹਾਂ ਕਿਹਾ, 'ਗੁਰੂ ਜੀ ਨੂੰ ਬਾਦਸ਼ਾਹ ਸਲਾਮਤ ਜਿਤਣਾ ਚਾਹੁੰਦੇ ਹਨ॥੧੫॥

ਗਹਿ ਆਨਹੁ ਕੈ ਰਣਿ ਕਰਿ ਮਾਰਹੁ। ਤਿਨ ਤੇ ਅਧਿਕ ਜਿ ਓਜ ਨਿਹਾਰਹੁ।
ਨਗਨ ਤੇਗ ਸੋ ਲੇਹੁ ਉਠਾਈ। ਪਾਨਿਨ ਬੀਰਾ ਮੁਖ ਚਰਬਾਈ' ॥ ੧੬॥

ਉਨ੍ਹਾਂ ਨੂੰ ਫੜ ਕੇ ਲਿਆਵੇ ਜਾਂ ਰਣਭੂਮੀ ਵਿਚ ਮਾਰ ਦੇਵੇ, ਉਨ੍ਹਾਂ ਨਾਲੋਂ ਜੋ ਆਪਣੀ ਸ਼ਕਤੀ ਵੱਡੀ ਸਮਝਦੇ ਹੋ ਤਾਂ ਇਸ ਤਲਵਾਰ ਤੋਂ ਬੀੜਾ ਚੁੱਕ ਲਵੇ ਤੇ ਪਾਨ ਦਾ ਬੀੜਾ ਮੁਖ ਵਿਚ ਪਾ ਕੇ ਚਬਾਓ' ॥੧੬॥

ਗੁਰ ਪ੍ਰਤਾਪ ਜੋ ਜਾਨਤਿ ਜੇਈ। ਠਾਂਢੇ ਧਾਰਿ ਤੂਸ਼ਨੀ ਤੇਈ।
ਪ੍ਰਥਮ ਜੁੱਧ ਮਹਿਂ ਬਲ ਧਰਿ ਮਾਰੇ। ਜਿਨਹੁਂ ਸੁਨਯੋ ਸੋ ਨਹਿਂਨ ਉਠਾਰੇ॥੧੭॥

ਜਿਹੜੇ ਗੁਰੂ ਜੀ ਦੇ ਪ੍ਰਤਾਪ ਨੂੰ ਜਾਣਦੇ ਸਨ, ਉਹ ਚੁਪ ਧਾਰ ਕੇ ਖੜੇ ਰਹੇ। ਪਹਿਲੇ ਯੁੱਧ ਵਿਚ ਬਲ ਧਾਰ ਕੇ ਸਭ ਮਾਰ ਦਿੱਤੇ ਸਨ, ਜਿਨ੍ਹਾਂ ਨੇ ਗੁਰੂ ਜੀ ਸੁਣਿਆ ਸੀ ਉਨ੍ਹਾਂ ਨੇ ਬੀੜਾ ਨਾ ਚੁਕਿਆ॥੧੭॥

ਲਲਾ ਬੇਗ ਕਾਬਲ ਠਕੁਰਾਈ। ਸੋ ਗਰਬਤਿ ਚਿਤ ਲੀਨਿ ਉਠਾਈ।
ਗਹਿ ਤਰਵਾਰ ਮਜਾਨ ਕੋ ਕੀਨਾ। ਪਾਨਨਿ ਬੀਰਾ ਚਰਬ ਸੁ ਲੀਨਾ॥੧੮॥

ਲਲਾ ਬੇਗ ਕਾਬਲ ਦਾ ਹਾਕਮ ਸੀ, ਉਸ ਦੇ ਚਿੱਤ ਵਿਚ ਬੜਾ ਹੰਕਾਰ ਸੀ, ਉਸ ਬੀੜੇ ਨੂੰ ਚੁੱਕ ਲਿਆ। ਤਲਵਾਰ ਫੜ ਕੇ ਮਿਆਨ ਵਿਚ ਪਾ ਲਈ ਤੇ ਪਾਨ ਦਾ ਬੀੜਾ ਚੱਬ ਲਿਆ॥੧੮॥

ਪ੍ਰਥਮ ਜੁ ਹਯ ਕਾਬਲ ਤੇ ਲਯਾਯੋ। ਮਗ ਮਹਿਂ ਸਿਖ ਕਰਿ ਜਤਨ ਛੁਪਾਯੋ।
ਆਵਤਿ ਇਸਨੇ ਹੀ ਲਖਿ ਲੀਨਿ। ਲਿਖਿ ਕਰਿ ਹਜ਼ਰਤ ਕੋ ਸੁਧ ਦੀਨਿ॥੧੯॥

ਪਹਿਲਾ ਘੋੜਾ ਜਿਹੜਾ ਸਿੱਖ ਕਾਬਲ ਤੋਂ ਲਿਆਇਆ ਸੀ ਤੇ ਜਿਸ ਸਿੱਖ ਨੇ ਘੋੜੇ ਨੂੰ ਬੜੇ ਯਤਨ ਕਰਕੇ ਛੁਪਾ ਕੇ ਰਖਿਆ ਸੀ, ਉਸ ਘੋੜੇ ਨੂੰ ਆਉਂਦਿਆਂ ਇਸ ਲਲਾ ਬੇਗ ਨੇ ਹੀ ਵੇਖਿਆ ਸੀ ਤੇ ਲਿਖ ਕੇ ਬਾਦਸ਼ਾਹ ਨੂੰ ਖਬਰ ਦਿੱਤੀ ਸੀ॥੧੯॥

ਕਰੀ ਅਵੱਗਯਾ ਸ੍ਰੀ ਗੁਰ ਕੇਰੀ। ਹਤਨਿ ਹੇਤੁ ਇਸ ਕੀ ਮਤਿ ਪ੍ਰੇਰੀ।
ਲਖੀ ਸਾਹੁ ਤਰਵਾਰ ਉਠਾਈ। ਦੀਨੋ ਸਿਰੇ ਪਾਉ ਬਡਿਆਈ॥ ੨੦॥

ਉਸ ਨੇ ਗੁਰੂ ਜੀ ਦੀ ਵੱਡੀ ਅਵੱਗਿਆ ਕੀਤੀ ਸੀ, ਮਰਨ ਵਾਸਤੇ ਇਸ ਦੀ ਬੁੱਧੀ ਨੇ ਇਸ ਨੂੰ ਪ੍ਰੇਰਿਆ। ਬਾਦਸ਼ਾਹ ਨੇ ਜਦ ਤਲਵਾਰ ਚੁੱਕੀ ਵੇਖੀ ਤਾਂ ਉਸ ਨੂੰ ਵਡਿਆਈ ਦੇਣ ਵਾਸਤੇ ਸਿਰੋਪਾ ਦਿੱਤਾ॥੨੦॥

ਕੰਚਨ ਲਿਪਤਿ ਜਰੇ ਬਿਚ ਹੀਰੇ। ਦਈ ਤੁਫੰਗ ਕਹੇ ਬਚ ਧੀਰੇ।
ਬਹੁ ਮੋਲਾ ਇਕ ਦਿਯੋ ਤੁਰੰਗ। ਕੰਚਨ ਕਟਕ ਜਵਾਹਰ ਸੰਗ॥ ੨੧॥

ਸੋਨੇ ਦੀ ਲਿਪਾਈ ਕਰਕੇ ਵਿਚ ਹੀਰੇ ਜੜੇ ਹੋਏ ਸਨ, ਤੇ ਧੀਰਜ ਵਾਲੇ ਬਚਨ ਕਹਿ ਕੇ ਇਕ ਬੰਦੂਕ ਦਿੱਤੀ। ਇਕ ਬੜਾ ਕੀਮਤੀ ਘੋੜਾ ਦਿੱਤਾ ਤੇ ਹੀਰੇ ਜਵਾਹਰਾਤ ਸਮੇਤ ਇਕ ਸੋਨੇ ਦਾ ਕੜਾ ਦਿੱਤਾ॥੨੧॥

ਕਲਗੀ ਜਿਗਾ ਬਖਸ਼ਿ ਕਰਿ ਦੀਨਿ। ਹਿਤ ਸੰਘਰ ਕੇ ਹਰਖਤਿ ਕੀਨਿ।
ਕਹਯੋ ਸ਼ਾਹੁ 'ਲੀਜੈ ਦਲ ਭਾਰੇ। ਜਾਨਿ ਨ ਦੀਜੈ ਬਿਨ ਅਰਿ ਮਾਰੇ॥ ੨੨॥

ਕਲਗੀ ਜਿਗ੍ਹਾ ਬਖਸ਼ ਕੇ ਦਿੱਤੀ ਤੇ ਸੰਘਰਸ਼ ਕਰਨ ਵਾਸਤੇ ਪ੍ਰਸੰਨ ਕੀਤਾ। ਬਾਦਸ਼ਾਹ ਨੇ ਕਿਹਾ, 'ਭਾਰੀ ਫੌਜ ਲੈ ਜਾਵੇ, ਵੈਰੀ ਨੂੰ ਮਰਨ ਤੋਂ ਬਗੈਰ, ਜਾਣ ਨਾ ਦੇਵੇ॥੨੨॥

ਜੇ ਗੁਰੁ ਗਹਯੋ ਜਾਇ ਤੌ ਆਛੇ। ਪੁਨ ਮਾਰਨ ਕੋ ਨਾਂਹਿਨ ਬਾਂਛੇ।
ਚਹੂੰ ਓਰ ਤੇ ਲੀਜੈ ਘੇਰ। ਗਹਿ ਲੀਜੈ ਮਿਲਿ ਕੈ ਇਕ ਬੇਰ॥ ੨੩॥

ਜੇ ਗੁਰੂ ਫੜਿਆ ਜਾਵੇ ਤਾਂ ਚੰਗੀ ਗੱਲ ਹੈ, ਫਿਰ ਮਾਰਨ ਦੀ ਇੱਛਾ ਨਾ ਕਰੋ। ਚਾਰੇ ਪਾਸਿਆਂ ਤੋਂ ਘੇਰ ਲਵੋ, ਇਕ ਵਾਰ ਸਾਰੇ ਮਿਲ ਕੇ ਫੜ ਲਵੋ॥੨੩॥

ਜੋ ਆਨੈਂ ਮਨਸਬ ਲਿਹੁ ਦੂਨਾ। ਅਬਿ ਤੇ ਕਰਿ ਹੌਂ ਮਾਨ ਚਊਨਾ।
ਭਾਜ ਨ ਜਾਇ ਕਹੂੰ ਲੇ ਘੋਰੇ। ਪਰਹੁ ਅਚਾਨਕ ਰਣ ਕਰਿ ਘੋਰੇ॥ ੨੪॥

ਜੇ ਫੜ ਲਿਆਵੇਂ ਤਾਂ ਦੂਣਾ ਰੁਤਬਾ ਲਵੇ, ਹੁਣ ਨਾਲੋਂ ਤੇਰਾ ਚਾਰ ਗੁਣਾਂ ਮਾਣ ਵਧਾ ਦੇਵਾਂਗਾ। ਘੋੜੇ ਲੈ ਕੇ ਕਿਤੇ ਭੱਜ ਨਾ ਜਾਏ, ਘੋਰ ਯੁੱਧ ਕਰਕੇ ਅਚਾਨਕ ਪੈ ਜਾਵੇਂ" ॥੨੪॥

ਸੁਨਿ ਕਰਿ ਬੋਲਤਿ ਭਾ ਬਡ ਮਾਨੀ। 'ਕਹਾਂ ਗੁਰੂ ਹੈ ਮਮ ਅਗਵਾਨੀ।
ਏਕ ਬਾਰ ਭੀ ਹੇਰਨਿ ਪਾਵੌਂ। ਗਹਿ ਲੈਹੌਂ ਜੀਵਤਿ, ਨਤੁ ਘਾਵੌਂ' ॥ ੨੫ ॥

ਇਹ ਸੁਣ ਕੇ ਵੱਡਾ ਅਭਿਮਾਨੀ ਬੋਲਿਆ, "ਮੇਰੇ ਅੱਗੇ ਗੁਰੂ ਕੀ ਹੈ ? ਇਕ ਵਾਰ ਵੀ ਜੇ ਵੇਖ ਲਿਆ, ਜੀਉਂਦੇ ਨੂੰ ਫੜ ਲਵਾਂਗਾ, ਜ਼ਖਮੀ ਨਹੀਂ ਕਰਾਂਗਾ" ॥੨੫॥

ਲਲਾਬੇਗ ਕੋ ਭ੍ਰਾਤ ਖਰਜੋ ਹੈ। ਹਜ਼ਰਤ ਕੀ ਤਬਿ ਦ੍ਰਿਸ਼ਟਿ ਪਰਜੋ ਹੈ।
ਕੰਬਰ ਬੇਗ ਨਾਮ ਤਿਹ ਲੀਨਾ। ਦਾਨ ਮਾਨ ਦੇ ਕਰਿ ਸੰਗ ਕੀਨਾ ॥ ੨੬ ॥

ਲਲਾ ਬੇਗ ਦਾ ਭਰਾ ਖੜਾ ਸੀ, ਬਾਦਸ਼ਾਹ ਦੀ ਉਸ ਤੇ ਦ੍ਰਿਸ਼ਟੀ ਪੈ ਗਈ, ਉਸ ਦਾ ਕੰਬਰ ਬੇਗ ਨਾਮ ਲਿਆ ਤੇ ਉਸ ਨੂੰ ਵੀ ਦਾਨ ਮਾਨ ਦੇ ਕੇ ਨਾਲ ਕਰ ਦਿੱਤਾ॥੨੬॥

ਦੋਇ ਪੁੱਤ੍ਰ ਸੇ ਨਿਕਟਿ ਖਰੇ ਹੈਂ। ਤਿਨ ਕੋ ਭੀ ਪਿਖਿ ਸੰਗ ਕਰੇ ਹੈਂ।
'ਕਾਸਮ ਬੇਗ ਸ਼ੰਮਸਾ ਬੇਗ !। ਤੁਮ ਭੀ ਗਮਹੁ ਸੰਗ ਕਰਿ ਬੇਗ' ॥ ੨੭ ॥

ਦੋਵੇਂ ਪੁੱਤਰ ਵੀ ਉਸ ਦੇ ਪਾਸ ਖੜੇ ਸਨ, ਉਨ੍ਹਾਂ ਨੂੰ ਵੀ ਵੇਖ ਕੇ ਨਾਲ ਕਰ ਦਿੱਤਾ। ਬਾਦਸ਼ਾਹ ਨੇ ਕਿਹਾ, "ਕਾਸਮ ਬੇਗ, ਸ਼ੰਮਸਾ ਬੇਗ ! ਤੁਸੀਂ ਵੀ ਛੇਤੀ ਕਰਕੇ ਇਸ ਦੇ ਨਾਲ ਜਾਵੋ" ॥੨੭॥

ਬੇਗਲਲਾ ਭਗਨੀ ਕੋ ਨੰਦ। ਸਭਿ ਤੇ ਜਿਸ ਕੋ ਦੇਹਿ ਬਿਲੰਦ।
ਬਕਰਾ ਇਕ ਹਲਾਲ ਕਰਿ ਖਾਵੈ। ਕਿਤਿਕ ਅੰਨ ਜੁਤਿ ਤਬਿ ਤ੍ਰਿਪਤਾਵੈ ॥੨੮ ॥

ਲਲਾ ਬੇਗ ਦੀ ਇਕ ਭੈਣ ਦਾ ਪੁੱਤਰ ਸੀ, ਜਿਸ ਦਾ ਸਰੀਰ ਸਭ ਨਾਲੋਂ ਭਾਰਾ ਸੀ, ਰੋਜ਼ ਇਕ ਬਕਰਾ ਹਲਾਲ ਕਰਕੇ ਖਾ ਜਾਂਦਾ ਸੀ, ਬਹੁਤ ਅੰਨ ਖਾ ਕੇ ਫਿਰ ਤ੍ਰਿਪਤ ਹੁੰਦਾ ਸੀ॥੨੮॥

ਲਘੁ ਘਟਕਾ ਸਮ ਸਿਰ ਜਿਸ ਕੇਰਾ। ਸਭਿ ਮਹਿਂ ਗਿਨੀਅਤਿ ਓਜ ਬਡੇਰਾ।
ਗਹੇ ਰਜਤਪਣ ਹਰਫ ਮਿਟਾਵੈ। ਸਿਪਰ ਚੀਰ ਕਰਿ ਦੋਇ ਬਨਾਵੈ ॥ ੨੯ ॥

ਛੋਟੇ ਘੜੇ ਵਰਗਾ ਜਿਸ ਦਾ ਸਿਰ ਸੀ, ਸਾਰਿਆਂ ਵਿਚ ਉਸ ਨੂੰ ਵੱਡਾ ਸ਼ਕਤੀਸ਼ਾਲੀ ਸਮਝਿਆ ਜਾਂਦਾ ਸੀ। ਉਹ ਚਾਂਦੀ ਦਾ ਸਿੱਕਾ ਫੜ ਕੇ ਉਸ ਦੇ ਹਰਫ ਮਿਟਾ ਦਿੰਦਾ ਸੀ ਤੇ ਢਾਲ ਨੂੰ ਚੀਰ ਕੇ ਦੋ ਭਾਗ ਕਰ ਦਿੰਦਾ ਸੀ॥੨੯॥

ਇੱਤਜਾਦਿਕ ਬਡ ਬਲ ਜਿਸ ਮਾਂਹੀ। ਹਜ਼ਰਤ ਕਹਜੋ ਹੇਰਿ ਕਰਿ ਤਾਂਹੀ।
'ਤੂੰ ਮਾਤੁਲ ਕੇ ਸੰਗ ਸਿਧਾਰੋ। ਡੀਲ ਦਰਾਜ਼, ਗੁਰੂ ਗਹਿ ਮਾਰੋ' ॥ ੩੦ ॥

ਇੱਤਆਦਿ ਜਿਸ ਵਿਚ ਬਹੁਤ ਸ਼ਕਤੀ ਸੀ, ਉਸ ਨੂੰ ਵੇਖ ਕੇ ਬਾਦਸ਼ਾਹ ਨੇ ਕਿਹਾ, "ਤੂੰ ਵੀ ਆਪਣੇ ਮਾਮੇ ਦੇ ਨਾਲ ਜਾ, ਤੇਰਾ ਡੀਲ ਡੋਲ ਬਹੁਤ ਚੋੜਾ ਹੈ, ਗੁਰੂ ਨੂੰ ਫੜ ਕੇ ਮਾਰ ਦੇਵੇਂ" ॥੩੦॥

ਅਧਿਕ ਕਠੋਰ ਕਮਾਨ ਮੰਗਾਈ। ਜੁਗ ਤਰਕਸ਼ ਤੀਰਨਿ ਭਰਿਵਾਈ।
ਬਸਤ੍ਰ ਬਿਭੂਖਨ ਜੁਤਿ ਬਹੁ ਦੀਨਿ। ਮਾਨ ਬਡੋ ਹਜ਼ਰਤ ਨੇ ਕੀਨਿ ॥ ੩੧ ॥

ਬਹੁਤ ਸਖਤ ਧਨੁੱਖ ਮੰਗਵਾਈ, ਦੋ ਤੀਰਾਂ ਦੇ ਭੱਥੇ ਭਰਵਾਏ, ਵਸਤਰ ਗਹਿਣਿਆਂ ਸਹਿਤ ਬਹੁਤ ਕੁਝ ਦਿੱਤਾ ਬਾਦਸ਼ਾਹ ਨੇ ਉਸ ਦਾ ਬਹੁਤ ਮਾਣ ਕੀਤਾ॥੩੧॥

ਪੰਚਹੁੰ ਬੀਰਨ ਕੋ ਸਨਮਾਨਾ। ਲਸ਼ਕਰ ਦੀਨੋ ਸੰਗ ਮਹਾਨਾ।
ਸੁਭਟ ਸਹੰਸ੍ਰ ਪੰਚ ਅਰੁ ਤੀਸ। ਕਰੇ ਸੰਗ ਕਹਿ ਤੁਰਕਨ ਈਸ਼॥ ੩੨॥

ਪੰਜਾ ਸੂਰਮਿਆ ਨੂੰ ਸਨਮਾਨਤ ਕੀਤਾ ਤੇ ਨਾਲ ਵੱਡਾ ਲਸ਼ਕਰ ਦਿੱਤਾ। ਪੈਂਤੀ ਹਜ਼ਾਰ ਸੂਰਮੇ ਤੁਰਕਾਂ ਦੇ ਬਾਦਸ਼ਾਹ ਨੇ ਕਹਿ ਕੇ ਨਾਲ ਦਿੱਤੇ॥੩੨॥

ਲੇ ਬਡਿਆਈ ਨਿਕਸਜੋ ਬਾਹਿਰ। ਲਾਖਹੁੰ ਨਰ ਮੈਂ ਹੋਯਸਿ ਜ਼ਾਹਰ।
'ਲਲਾਬੇਗ ਸ੍ਰੀ ਗੁਰ ਪਰ ਚਢਿਓ। ਬਡੋ ਬਿਰੋਧ ਸ਼ਾਹੁ ਸੰਗ ਬਢਿਓ' ॥ ੩੩॥

ਬਾਦਸ਼ਾਹ ਪਾਸੋਂ ਵਡਿਆਈ ਲੈ ਕੇ ਲਲਾ ਬੇਗ ਬਾਹਰ ਨਿਕਲਿਆ, ਲੱਖਾਂ ਮਨੁੱਖਾਂ ਵਿਚ ਜ਼ਾਹਰ ਹੋਇਆ। ਲੋਕ ਕਹਿੰਦੇ ਸਨ, 'ਲਲਾ ਬੇਗ ਗੁਰੂ ਜੀ ਉਤੇ ਚੜ੍ਹਾਈ ਕਰਨ ਲੱਗਾ ਹੈ, ਉਨ੍ਹਾਂ ਦਾ ਬਾਦਸ਼ਾਹ ਨਾਲ ਬੜਾ ਵੈਰ ਵੱਧ ਗਿਆ ਹੈ' ॥੩੩॥

ਨਿਜ ਲਸ਼ਕਰ ਮੈਂ ਦਿਯੋ ਨਗਾਰਾ। ਸੁਨਿ ਕਰਿ ਤਯਾਰ ਹੋਇ ਦਲ ਸਾਰਾ।
ਸਭਿਹਿਨਿ ਜ਼ੀਨ ਤੁਰੰਗਮ ਡਾਰੇ। ਬਸਤ੍ਰ ਸ਼ਸਤ੍ਰ ਤੂਰਨ ਹੀ ਧਾਰੇ॥ ੩੪॥

ਆਪਣੇ ਲਸ਼ਕਰ ਵਿਚ ਫਿਰ ਨਗਾਰਾ ਵਜਾਇਆ ਤੇ ਸਾਰਾ ਦਲ ਸੁਣ ਕੇ ਤਿਆਰ ਹੋ ਗਿਆ। ਸਾਰਿਆਂ ਨੇ ਘੋੜਿਆਂ ਤੇ ਕਾਠੀਆਂ ਪਾ ਲਈਆਂ ਅਤੇ ਬਸਤਰ ਸ਼ਸਤਰ ਤੁਰਤ ਧਾਰਨ ਕਰ ਲਏ॥੩੪॥

ਪੁਨ ਹਜ਼ਰਤ ਨਰ ਭਲੋ ਪਠਾਯੋ। 'ਲਲਾਬੇਗ ਨੀਕੇ ਸਮੁਝਾਯੋ।
ਮਗ ਮਹਿਂ ਬਿਲਮ ਨ ਕਰੀਅਹਿ ਕੈਸੇ। ਗਮਨਹੁ ਤੂਰਨ ਪਹੁਚੋ ਜੈਸੇ॥ ੩੫॥

ਫਿਰ ਬਾਦਸ਼ਾਹ ਨੇ ਇਕ ਭਲੇ ਮਨੁੱਖ ਨੂੰ ਭੇਜਿਆ ਤੇ ਉਸ ਨੂੰ ਕਿਹਾ, "ਲਲਾ ਬੇਗ ਨੂੰ ਚੰਗੀ ਤਰ੍ਹਾਂ ਸਮਝਾਓ, ਰਾਹ ਵਿਚ ਕਿਸੇ ਤਰ੍ਹਾਂ ਵੀ ਦੇਰ ਨਾ ਕਰੇ, ਜਾਓ ਅਤੇ ਤੁਰਤ ਜਾ ਕੇ ਪਹੁੰਚ ਜਾਵੇ॥੩੫॥

ਤ੍ਰਾਸ ਪਾਇ ਕਰਿ ਜਾਇ ਪਲਾਇ। ਪਿਖਿ ਲਸ਼ਕਰ ਬਹੁ ਨਹਿਂ ਠਹਿਰਾਇ।
ਪ੍ਰਵਿਸ਼ਹਿ ਦੀਰਘ ਜੰਗਲ ਜਬੈ। ਮੁਸ਼ਕਲ ਹੋਇ ਖੋਜਨੋ ਤਬੈ॥ ੩੬॥

ਗੁਰੂ ਡਰ ਕੇ ਭੱਜ ਜਾਵੇਗਾ, ਬਹੁਤ ਲਸ਼ਕਰ ਵੇਖ ਕੇ ਠਹਿਰੇਗਾ ਨਹੀਂ। ਜਦ ਵੱਡੇ ਜੰਗਲ ਵਿਚ ਪ੍ਰਵੇਸ਼ ਕਰ ਜਾਵੇਗਾ ਤਦ ਲੱਭਣਾ ਬਹੁਤ ਮੁਸ਼ਕਲ ਹੋਵੇਗਾ॥੩੬॥

ਨਹਿਂ ਜਹਿਂ ਜਲ ਤਹਿਂ ਦਲ ਨਹਿਂ ਜਾਇ। ਬਨਹਿ ਮਵਾਸ ਕਹੂੰ ਸਰ ਪਾਇ।
ਜੇ ਨਹਿਂ ਭਾਜਹਿ ਬਨੈ ਦਲੇਰ। ਤੁਮਰੇ ਪਹੁਚਨਿ ਮਹਿਂ ਹੁਇ ਦੇਰ॥ ੩੭॥

ਜਿਥੇ ਪਾਣੀ ਨਾ ਹੋਵੇ, ਉਥੇ ਸੈਨਾ ਨਾ ਜਾਵੇ, ਕਿਤੇ ਤਾਲਾਬ ਲੱਭ ਕੇ ਡੇਰਾ ਲਾਵੇ। ਜੇ ਦਲੇਰ ਬਣ ਕੇ ਨਾ ਭੱਜੇ ਤੇ ਤੁਹਾਡੇ ਪਹੁੰਚਣ ਵਿਚ ਦੇਰ ਹੋ ਜਾਵੇ॥੩੭॥

ਸੈਨਾ ਲੇਹਿ ਸਕੇਲ ਬਿਸਾਲਾ। ਸਿਖ ਅਪਨੇ ਕੋ ਧਨ ਦੇ ਜਾਲਾ।
ਬਿਲਮ ਲਗਨ ਮਹਿਂ ਇਹੁ ਜੁਗ ਦੋਸ਼। ਨਿਫਲ ਹੋਇ ਤਬਿ ਹਜ਼ਰਤ ਰੋਸ॥੩੮॥

ਤਾਂ ਉਹ ਬਹੁਤ ਸੈਨਾ ਇਕੱਠੀ ਕਰ ਲਵੇਗਾ, ਆਪਣੇ ਸਿੱਖਾਂ ਨੂੰ ਬਹੁਤ ਧਨ ਦੇ ਦੇਵੇਗਾ। ਦੇਰ ਲੱਗਣ ਵਿਚ ਇਹੋ ਦੋ ਦੋਸ਼ ਹਨ। ਫਿਰ ਬਾਦਸ਼ਾਹ ਦਾ ਗੁੱਸਾ ਅਸਫਲ ਰਹੇਗਾ॥੩੮॥

ਤੋਕਹੁ ਭੀ ਆਛੀ ਇਹੁ ਨਾਂਹੀ। ਗਹਿ ਸ਼ਮਸ਼ੇਰ ਸਭਾ ਕੇ ਮਾਂਹੀ।
ਰਹਿ ਆਵਹਿ ਤੁਝ ਕੋ ਇਹੁ ਭਲੀ। ਗਮਨਹੁ ਹਤਹੁ ਕਿ ਗਹੁ ਗੁਰ ਬਲੀ ॥੩੯॥

ਤੇਰੇ ਵਾਸਤੇ ਵੀ ਇਹ ਚੰਗਾ ਨਹੀਂ, ਸਭਾ ਦੇ ਵਿਚ ਤਲਵਾਰ ਫੜੀ ਹੈ, ਤੇਰੀ ਇਹ ਭਲੀ ਪ੍ਰਕਾਰ ਕਿਸੇ ਤਰ੍ਹਾਂ ਰਹਿ ਆਵੇ, ਜਾਵੇ ਮਾਰੇ ਜਾਂ ਸ਼ਕਤੀਸ਼ਾਲੀ ਗੁਰੂ ਨੂੰ ਫੜ ਲਵੇ' ॥੩੯॥

ਲਲਾਬੇਗ ਤਬਿ ਕਹ੍ਯੋ ਸੁਨਾਇ। 'ਜਿਹਿਂ ਲਗਿ ਚਲ੍ਯੋ ਜਾਨਿ ਤਹਿਂ ਜਾਇ।
ਸ਼ਾਹੁ ਰਿਦੈ ਕਹੁ ਧੀਰਜ ਦੀਜੈ। ਦੁਸ਼ਮਨ ਅਲਪ ਜਾਇ ਜੀਅ ਲੀਜੈ॥ ੪੦॥

ਲਲਾ ਬੇਗ ਨੇ ਫਿਰ ਕਹਿ ਕੇ ਸੁਣਾਇਆ, ''ਜਿਥੋਂ ਤਕ ਵੀ ਉਸ ਪਾਸੋਂ ਚਲਿਆ ਜਾ ਸਕੇ ਉਥੋਂ ਤਕ ਚਲਿਆ ਜਾਵੇ; ਬਾਦਸ਼ਾਹ ਦੇ ਹਿਰਦੇ ਨੂੰ ਧੀਰਜ ਦੇਵੋ, ਦੁਸ਼ਮਣ ਥੋੜ੍ਹੀ ਗਿਣਤੀ ਵਿਚ ਹੈ, ਕਿਥੇ ਜਾ ਕੇ ਜੀਅ ਲਵੇਗਾ॥੪੦॥

ਅਧਿਕ ਜਤਨ ਕ੍ਯੋਂ ਠਾਨਤਿ ਐਸੇ। ਲਖਹੁ ਸ਼ੱਤ੍ਰੂ ਮਾਰ੍ਯੋ ਹੁਇ ਜੈਸੇ।
ਇਤੀ ਚਮੂੰ ਗਨ ਮੈਂ ਲੇ ਸੰਗ। ਦੁਰਗ ਮਵਾਸੇ ਕਰਿ ਹੌਂ ਭੰਗ॥ ੪੧॥

ਇਸ ਤਰ੍ਹਾਂ ਵਾਧੂ ਯਤਨ ਕਿਉਂ ਧਾਰਨ ਕਰ ਰਹੇ ਹਨ, ਇਸ ਤਰ੍ਹਾਂ ਸਮਝੋ ਜਿਵੇਂ ਕਿ ਦੁਸ਼ਮਣ ਮਾਰ ਲਿਆ ਹੈ। ਮੈਂ ਏਨੀ ਵੱਡੀ ਸੈਨਾ ਨਾਲ ਲਈ ਹੈ, ਕਿਲ੍ਹੇ ਤੇ ਪਨਾਹ ਸਥਾਨ ਸਭ ਢਾਹ ਦੇਵਾਂਗਾ॥੪੧॥

ਲਾਖਹੁਂ ਸੈਨਾ ਕੋ ਹਨਿ ਡਾਰੌਂ। ਥਿਰੌਂ ਜੰਗ ਮੈਂ ਨਾਹਿਨ ਹਾਰੌਂ।
ਆਗੇ ਕਰੀ ਅਨੇਕ ਲਰਾਈ। ਮਾਰਤਿ ਮਰਤੇ ਅਵਧ ਬਿਤਾਈ॥ ੪੨॥

ਲੱਖਾਂ ਦੀ ਸੈਨਾ ਨੂੰ ਮੈਂ ਮਾਰ ਸਕਦਾ ਹਾਂ, ਜੰਗ ਵਿਚ ਖੜਾ ਰਹਾਂਗਾ, ਹਾਰਾਂਗਾ ਨਹੀਂ। ਮੈਂ ਪਹਿਲਾਂ ਵੀ ਅਨੇਕ ਲੜਾਈਆਂ ਲੜੀਆਂ ਹਨ, ਮਾਰਦਿਆਂ ਮਰਦਿਆਂ ਸਾਰੀ ਉਮਰ ਬਤੀਤ ਕੀਤੀ ਹੈ॥੪੨॥

ਰਹਹਿ ਜੰਗ ਮਹਿਂ ਜੀਤ ਹਮਾਰੀ। ਪਰਖਨਿ ਕੀਨਸਿ ਕੇਤਿਕ ਬਾਰੀ।
ਕਹਹੁ ਸ਼ਾਹੁ ਸੋਂ 'ਮੈਂ ਅਬਿ ਜਾਊਂ। ਨਹਿਂ ਮਾਰਗ ਮਹਿਂ ਬਿਲਮ ਲਗਾਊਂ' ॥੪੩॥

ਜੰਗ ਵਿਚ ਸਾਡੀ ਜਿੱਤ ਹੁੰਦੀ ਹੈ, ਕਈ ਵਾਰ ਇਸ ਗੱਲ ਦੀ ਮੈਂ ਪਰਖ ਕੀਤੀ ਹੈ, ਬਾਦਸ਼ਾਹ ਨੂੰ ਜਾ ਕੇ ਕਹੋ, ''ਮੈਂ ਹੁਣ ਜਾਂਦਾ ਹਾਂ ਰਾਹ ਵਿਚ ਦੇਰ ਨਹੀਂ ਲਾਵਾਂਗਾ'' ॥੪੩॥

ਸੁਨਿ ਸੋ ਗਯੋ ਕਹ੍ਯੋ ਸਭਿ ਜਾਇ। 'ਨਿਸ਼ਚੇ ਜਾਨ੍ਯੋ ਗੁਰ ਗਹਿ ਲ੍ਯਾਇ।
ਕੈ ਸ਼ਸਤ੍ਰਨਿ ਸੋਂ ਮਾਰ੍ਯੋ ਜਾਇ। ਹਯ ਨਿਕਸਾਵਨ ਤਬਿ ਫਲ ਪਾਇ' ॥ ੪੪॥

ਉਹ ਮਨੁੱਖ ਲਲਾ ਬੇਗ ਪਾਸੋਂ ਸੁਣ ਕੇ ਬਾਦਸ਼ਾਹ ਪਾਸ ਗਿਆ ਤੇ ਕਿਹਾ, ''ਇਹ ਗੱਲ ਨਿਸ਼ਚੇ ਜਾਣੋ, ਗੁਰੂ ਜੀ ਨੂੰ ਫੜ ਕੇ ਲੈ ਆਵੇਗਾ ਜਾਂ ਸ਼ਸਤਰਾਂ ਨਾਲ ਮਾਰਿਆ ਜਾਵੇਗਾ, ਤਦ ਘੋੜਿਆਂ ਨੂੰ ਕੱਢਣ ਦਾ ਫਲ ਪਾਵੇਗਾ'' ॥੪੪॥

ਸਭਾ ਬਿਖੈ ਬਹੁ ਬਾਰਿ ਉਚਾਰਾ।'ਅਸ ਤਸਕਰ ਨਹਿਂ ਸੁਨ੍ਯੋ ਨਿਹਾਰਾ।
ਕਰਿ ਬਿਸਾਲ ਛਲ ਠਗ ਕਰਿ ਗਯੋ। ਅਧਿਕ ਅਚੰਭਾ ਚਿਤ ਮਹਿਂ ਕਿਯੋ' ॥੪੫॥

ਸਭਾ ਵਿਚ ਬਹੁਤ ਵਾਰ ਉਚਾਰਨ ਕੀਤਾ, ''ਐਸਾ ਚੋਰ ਨਾ ਕਿਤੇ ਸੁਣਿਆ ਨਾ ਵੇਖਿਆ ਹੈ। ਵੱਡਾ ਛਲ ਕਰਕੇ ਠੱਗ ਕੇ ਚਲੇ ਗਿਆ, ਬਹੁਤ ਅਚੰਭਾ ਦਿਲ ਵਿਚ ਅਨੁਭਵ ਕੀਤਾ ਹੈ'' ॥੪੫॥

*ਸੱਤਵੀਂ ਰਾਸ ਦਾ ਇਕਤਾਲੀਵਾਂ ਅਧਿਆਇ ਸਮਾਪਤ ਹੋਇਆ॥੪੧॥*

# ਅਧਿਆਇ ਬਤਾਲੀਵਾਂ

### *ਸ਼ਾਹੀ ਫੌਜ ਮਾਲਵੇ ਪੁੱਜੀ*

*ਦੋਹਰਾ-* ਬਜੇ ਨਗਾਰੇ ਕੂਚ ਕੇ ਕਰਿ ਸਮਾਜ ਸਭਿ ਜੰਗ।
ਲਲਾਬੇਗ ਭਟ ਚਢਿ ਚਲ੍ਯੋ ਅਤਿ ਗਰਬਤਿ ਦਲ ਸੰਗ॥ ੧ ॥

ਜੰਗ ਦਾ ਸਾਰਾ ਸਾਜ਼-ਸਾਮਾਨ ਇਕੱਠਾ ਕਰਕੇ ਕੂਚ ਦੇ ਨਗਾਰੇ ਵੱਜ ਪਏ, ਲਲਾ ਬੇਗ ਸੂਰਮਾ ਜਿਹੜਾ ਅਤਿ ਅਭਿਮਾਨੀ ਸੀ, ਫੌਜ ਸਹਿਤ ਚੜ੍ਹ ਕੇ ਚਲ ਪਿਆ॥੧॥

*ਚੌਪਈ-* ਚਲੇ ਤੁਰਕ ਜਿਨ ਜਾਤਿ ਅਨੇਕ। ਈਸੁਬਜ਼ਈ ਬਡੋ ਦਲ ਏਕ।
ਦਾਓਜ਼ਈ ਰੁਹੇਲੇ ਘਨੇ। ਮਹਾਂ ਸੁਭਟ ਸੰਜੋਇਨਿ ਸਨੇ॥ ੨ ॥

ਅਨੇਕ ਜਾਤਾਂ ਦੇ ਤੁਰਕ ਚਲੇ ਜਾ ਰਹੇ ਸਨ, ਮਰਦਾਨ ਦੇ ਇਲਾਕੇ ਦੇ ਈਸਬਜ਼ਾਈਆਂ ਦਾ ਇਕ ਵੱਡਾ ਦਲ ਸੀ। ਦਾਊਦਜ਼ਈ ਰੁਹੇਲੇ ਬਹੁਤ ਸਨ। ਮਹਾਨ ਸੂਰਬੀਰ ਸੰਜੋਆਂ ਸਮੇਤ ਸਨ॥੨॥

ਕਾਬਲ ਕੇ ਗਿਲਜੇ ਜਿਨ ਕਹੈਂ। ਡੀਲ ਦਰਾਜ਼ ਜਿਨਹੁ ਕੇ ਅਹੈਂ।
ਆਮਿਖ ਸਭਿ ਪਸੂਅਨਿ ਕੇ ਭੱਖਜਤਿ। ਇਕ ਸੂਕਰ ਤੇ ਰੱਖਜਾ ਰੱਖਜਤਿ॥੩॥

ਕਾਬਲ ਦੇ ਪਠਾਣ ਜਿਨ੍ਹਾਂ ਨੂੰ ਗਿਲਜੇ ਕਹਿੰਦੇ ਸਨ, ਜਿਨ੍ਹਾਂ ਦਾ ਡੀਲ ਡੌਲ ਬੜਾ ਚੌੜਾ ਹੁੰਦਾ ਹੈ। ਸਭ ਪਸ਼ੂਆਂ ਦਾ ਮਾਸ ਖਾਂਦੇ ਸਨ, ਇਕ ਸੂਰ ਦਾ ਮਾਸ ਨਹੀਂ ਸੀ ਖਾਂਦੇ॥੩॥

ਪਸੁਨਿ ਸਮਾਨ ਬ੍ਰਿਤੀ ਜਿਨ ਚੀਨੇ। ਬਹੁ ਨਿਰਦਈ ਮਹਾਂ ਮਤਿ ਹੀਨੇ।
ਹਫਸ ਵਲਾਇਤ ਕੇ ਤਨ ਕਾਰੇ। ਮਹਾਂ ਮਲੇਛ ਮਹਾਂ ਬਲਵਾਰੇ॥ ੪ ॥

ਪਸ਼ੂਆਂ ਵਰਗੀ ਜਿਨ੍ਹਾ ਦੀ ਬ੍ਰਿਤੀ ਜਾਣੀ ਜਾਂਦੀ ਹੈ, ਉਹ ਬਹੁਤ ਨਿਰਦਈ ਅਤੇ ਮਹਾਂ ਮੂਰਖ ਹਨ। ਹਫਸ ਵਲਾਇਤ ਦੇ ਹੋਣ ਕਰਕੇ ਉਨ੍ਹਾ ਦੇ ਸਰੀਰ ਕਾਲੇ ਹਨ, ਉਹ ਮਹਾਂ ਮਲੇਛ ਅਤੇ ਮਹਾਨ ਬਲਵਾਨ ਹਨ॥੪॥

ਮੋਟੇ ਨਾਕ ਓਠ ਜਿਨ ਕੇਰੇ। ਕਹ੍ਯੋ ਨ ਸਮੁਝਹਿਂ ਮੰਦ ਬਡੇਰੇ।
ਕੇਤਿਕ ਬਰਣ ਦੇਹ ਕੇ ਭੂਰੇ। ਪੁਰਿ ਕਸ਼ਮੀਰ ਆਦਿ ਬਸਿ ਭੂਰੇ॥ ੫ ॥

ਜਿਨ੍ਹਾਂ ਦੇ ਨੱਕ ਅਤੇ ਹੋਠ ਬਹੁਤ ਮੋਟੇ ਹਨ, ਕਿਹਾ ਹੋਇਆ ਸਮਝਦੇ ਨਹੀਂ, ਬਹੁਤ ਭੈੜੇ ਹਨ। ਕਈਆਂ ਦੇ ਸਰੀਰ ਦੇ ਰੰਗ ਭੂਰੇ ਹਨ, ਕਸ਼ਮੀਰ ਤੋਂ ਪਰੇ ਯਾਗਸਤਾਨ ਆਦਿ ਦੇ ਇਲਾਕਿਆਂ ਵਿਚ ਵੱਸਦੇ ਹਨ॥੫॥

ਕਾਚੇ ਮਾਸ ਖਾਹਿਂ ਸੁਖ ਕਰੈਂ। ਪਸ਼ਤੋ ਬੋਲਤਿ ਸਮੁਝਿ ਨ ਪਰੈ।
ਤੁਰਕੀ ਤਰੇ ਤੁਰੰਗਮ ਤੋਰੈਂ। ਗਮਨਹਿਂ ਬਡ ਮਗ, ਥਕਤਿ ਨ ਥੋਰੈ॥ ੬ ॥

ਕੱਚਾ ਮਾਸ ਖਾ ਕੇ ਸੁਖ ਪਾਉਂਦੇ ਹਨ, ਪਸ਼ਤੋ ਬੋਲਦੇ ਹਨ, ਜਿਸ ਦੀ ਸਮਝ ਨਹੀਂ ਪੈਂਦੀ ਹੈ। ਉਨ੍ਹਾਂ ਦੇ ਹੇਠਾਂ ਤੁਰਕੀ ਘੋੜੇ ਹਨ ਜਿਹੜੇ ਬਹੁਤ ਲੰਮਾ ਪੈਂਡਾ ਤਹਿ ਕਰ ਲੈਂਦੇ ਹਨ ਤੇ ਥੋੜ੍ਹੇ ਵੀ ਥੱਕਦੇ ਨਹੀਂ ਹਨ॥੬॥

ਟੰਮਕ ਬਾਂਧੇ ਸਭਿਨਿ ਅਗੇਰੇ। ਹੇਲਾ ਕਰਤਿ ਬਜਾਇਂ ਬਡੇਰੇ।
ਬਾਜੇ ਅਨਿਕ ਬਜਾਵਤਿ ਚਲੇ। ਤੂਰ, ਤੁਰਮ, ਰਣਸਿੰਙੇ ਭਲੇ॥ ੭ ॥

ਸਾਰਿਆਂ ਦੇ ਅੱਗੇ ਛੋਟੀਆਂ ਟੱਲੀਆਂ ਬੰਨ੍ਹੀਆਂ ਹੋਈਆਂ ਹਨ ਜਿਹੜੀਆਂ ਹਿਲ ਕੇ ਬਹੁਤ ਉੱਚੀ ਖੜਕਦੀਆਂ ਹਨ। ਅਨੇਕ ਪ੍ਰਕਾਰ ਦੇ ਵਾਜੇ ਵਜਾਉਂਦੇ ਜਾ ਰਹੇ ਸਨ, ਜਿਨ੍ਹਾਂ ਵਿਚ ਤੁਰੀਆਂ, ਤੁਰਮ ਅਤੇ ਰਣਸਿੰਗੇ ਭਲੇ ਵੱਜ ਰਹੇ ਸਨ॥੭॥

ਬਡੇ ਦਮਾਮੇ ਚੋਬ ਲਗੰਤੀ। ਲੇਹਾ ਦੇਹਿ ਸੈਨ ਗਮਨੰਤੀ।
ਚਲੇ ਤੁਰਕ ਮਤਿਮੰਦ ਗਵਾਰੇ। ਹਾਨ ਲਾਭ ਨਹੀਂ ਕਛੂ ਬਿਚਾਰੇ॥ ੮॥

ਵੱਡੇ ਨਗਾਰਿਆਂ ਨੂੰ ਡੱਗੇ ਲਾਉਂਦੇ ਸਨ ਤੇ ਮਾਰੋ ਮਾਰ ਕਰਦੀ ਸੈਨਾ ਚਲੀ ਜਾ ਰਹੀ ਸੀ। ਮੂਰਖ ਗੰਵਾਰ ਤੁਰਕ ਚਲੇ ਜਾ ਰਹੇ ਸਨ ਤੇ ਹਾਣ ਲਾਭ ਕੁਝ ਵੀ ਵਿਚਾਰ ਨਹੀਂ ਰਹੇ ਸਨ॥੮॥

ਭਏ ਕੁਸ਼ਗੁਨ ਅਗਨਿ ਮਿਲਿ ਆਗੇ। ਈਂਧਨ ਭਾਰ ਸਮੁਖ ਦ੍ਰਿਗ ਲਾਗੇ।
ਮੁਰਦਾ ਦਾਹ ਦੇਨਿ ਲੇ ਚਲੇ। ਇਨ ਕੇ ਚਢਤਿ ਅਗਾਰੀ ਮਿਲੈ॥ ੯॥

ਅੱਗੇ ਮਿਲ ਕੇ ਬਹੁਤ ਭੈੜੇ ਸ਼ਗੁਨ ਹੋਏ। ਲੱਕੜਾਂ ਦੀ ਪੰਡ ਸਾਹਮਣੇ ਨਜ਼ਰੀਂ ਆਈ, ਇਕ ਮੁਰਦੇ ਨੂੰ ਸਾੜਨ ਜਾ ਰਹੇ ਸਨ। ਇਨ੍ਹਾਂ ਦੇ ਘੋੜਿਆਂ ਤੇ ਚੜ੍ਹਦਿਆਂ ਹੀ ਅੱਗੋਂ ਮਿਲੇ॥੯॥

ਛੂਟੇ ਬਾਰ ਨਾਰਿ ਰੁਦਨਾਵੈਂ?। ਸ਼ਿਵਾ ਬਮਤਿ ਬੰਨੀ ਕੂਕਾਵੈਂ।
ਬੋਲਿ ਉਠੇ ਚਹੁੰ ਦਿਸ਼ਿ ਖਰ ਘੋਰ। ਲਖਤਿ ਨ ਮੰਦ ਜਾਹਿਂ ਗੁਰ ਓਰ॥੧੦॥

ਇਸਤਰੀਆਂ ਵਾਲ ਖੋਲ੍ਹ-ਖੋਲ੍ਹ ਰੋ ਰਹੀਆਂ ਸਨ, ਗਿੱਦੜੀਆਂ ਇੰਝ ਬੋਲ ਰਹੀਆਂ ਸਨ ਜਿਵੇਂ ਅੱਗ ਉਗਲ ਰਹੀਆਂ ਹੋਣ। ਚਾਰੇ ਪਾਸੇ ਖੋਤੇ ਹੀਂਗ ਰਹੇ ਸਨ। ਗੁਰੂ ਜੀ ਵੱਲ ਜਾਂਦੇ ਮੂਰਖ ਸਮਝ ਨਹੀਂ ਸੀ ਰਹੇ॥੧੦॥

ਕਹੂੰ ਚਾਲ ਕਹੂੰ ਪੋਈਆ ਪਾਏ। ਕਰਤਿ ਸ਼ੀਘ੍ਰਤਾ ਹਯ ਗਮਨਾਏ।
ਉਡੀ ਧੂਲ ਰਵਿ ਬੀਚ ਸਮਾਯੋ। ਮਗ ਮਹਿਂ ਪੁਰਿ ਗ੍ਰਾਮਨਿ ਕੋ ਛਾਯੋ॥੧੧॥

ਕਿਥੇ ਚਲੇ ਹਾਂ ਤੇ ਕਿਥੇ ਟਿਕਾਣਾ ਕਰਨਾ ਹੈ, ਘੋੜਿਆਂ ਨੂੰ ਚਲਾ ਕੇ ਛੇਤੀ ਕਰ ਰਹੇ ਸਨ। ਧੂੜ ਉੱਡ ਕੇ ਧੁੱਪ ਵਿਚ ਸਮਾ ਗਈ ਸੀ ਤੇ ਰਾਹ ਵਿਚ ਆਉਣ ਵਾਲੇ ਪਿੰਡਾਂ ਅਤੇ ਸ਼ਹਿਰਾਂ ਤੇ ਛਾ ਗਈ ਸੀ॥੧੧॥

ਹਿਮ ਰਿਤੁ ਹੁਤੀ ਪਰਹਿ ਬਹੁ ਪਾਰਾ। ਚਲਯੋ ਜਾਇ ਲਸ਼ਕਰ ਖਲ ਭਾਰਾ।
ਸਗਰੇ ਦਿਵਸ ਗਮਨਤੇ ਆਏ। ਰਾਤਿ ਪਰੀ ਤੇ ਨਹਿਂ ਠਹਿਰਾਏ॥ ੧੨॥

ਠੰਢ ਦੀ ਰੁੱਤ ਸੀ, ਇਸ ਕਰਕੇ ਬਹੁਤ ਪਾਲਾ ਪੈਂਦਾ ਸੀ, ਭਾਰੀ ਬੇਰਹਿਮ ਲਸ਼ਕਰ ਚਲਿਆ ਜਾ ਰਿਹਾ ਸੀ। ਸਾਰਾ ਦਿਨ ਚਲਦੇ ਆਏ ਤੇ ਰਾਤ ਪੈਣ ਤੇ ਵੀ ਕਿਤੇ ਨਾ ਠਹਿਰੇ॥੧੨॥

ਆਗੇ ਪਾਛੈ ਕੋ ਸਮ ਚਾਲੇ। ਪੀ ਪੀ ਕੈਫ ਭਏ ਮਤਵਾਲੇ।
ਮਾਰ ਬਕਾਰਾ ਕਰਤਿ ਸੁਨਾਵੈਂ। 'ਕਹਾਂ ਗੁਰੂ ਹਮ ਜੰਗ ਮਚਾਵੈਂ॥ ੧੩॥

ਅੱਗੇ ਪਿੱਛੇ ਤੇ ਕਈ ਬਰਾਬਰ ਚਲਦੇ ਸਨ ਤੇ ਸ਼ਰਾਬ ਪੀ ਪੀ ਕੇ ਮਸਤ ਹੋਏ ਸਨ। ਯੋਧੇ ਲਲਕਾਰਾ ਮਾਰ ਕੇ ਸੁਣਾਉਂਦੇ ਸਨ, ''ਗੁਰੂ ਸਾਡੇ ਨਾਲ ਕੀ ਜੰਗ ਕਰ ਸਕੇਗਾ॥੧੩॥

ਹਮ ਤੇ ਆਗੇ ਭਾਗ ਨ ਜਾਇ। ਹਾਸਲ ਕਰਹਿ ਮੁਰਾਦ ਖ਼ੁਦਾਇ।
ਹਜ਼ਰਤ ਕੇ ਹਯ ਦੇ ਕਰਿ ਮਿਲੇ। ਇਹ ਭੀ ਹਮ ਕੋ ਨਾਂਹਿਨ ਭਲੇ॥ ੧੪॥

ਸਾਥੋਂ ਪਹਿਲਾਂ ਹੀ ਭੱਜ ਨਾ ਜਾਵੇ, ਅਸੀਂ ਖ਼ੁਦਾ ਦੀ ਮੁਰਾਦ ਪ੍ਰਾਪਤ ਕਰੀਏ। ਬਾਦਸ਼ਾਹ ਦੇ ਘੋੜੇ ਦੇ ਕੇ ਮਿਲ ਪਵੇ, ਇਹ ਵੀ ਸਾਡੇ ਵਾਸਤੇ ਭਲਾ ਨਹੀਂ ਹੈ॥੧੪॥

ਬਜਹਿ ਲੋਹਿ ਸੋਂ ਲੋਹ ਕਰਾਰਾ। ਮਾਰਨ ਮਰਿਬੇ ਮਚਹਿ ਅਖਾਰਾ।
ਮਨ ਭਾਵਤਿ ਹਮ ਤਬਿ ਕਰਿ ਲੈ ਹੈਂ। ਮਾਰਹਿਂ ਗੁਰੂ ਕਿਧੋਂ ਪਕਰੈ ਹੈਂ ॥੧੫॥

ਲੋਹੇ ਨਾਲ ਕਰਾਰਾ ਲੋਹਾ ਖੜਕੇ, ਮਰਨ ਮਾਰਨ ਦਾ ਅਖਾਰਾ ਲੱਗੇ, ਫਿਰ ਅਸੀਂ ਮਨ ਭਾਉਂਦਾ ਕਾਰਜ ਕਰ ਲਵਾਂਗੇ, ਗੁਰੂ ਨੂੰ ਮਾਰਾਂਗੇ ਜਾਂ ਫੜ ਲਵਾਂਗੇ' ॥੧੫॥

ਸਤੁਦ੍ਰਵ ਮਿਲੀ ਬਿਪਾਸਾ ਦੋਊ। ਆਵਤਿ ਭਈ ਅਗਾਰੀ ਦੋਊ।
ਗਨ ਤਰਨੀ ਬਹੁ ਘਾਟਨਿ ਕੇਰੀ। ਗਹਿ ਮੰਗਵਾਇ ਬਟੋਰਿ ਘਨੇਰੀ ॥ ੧੬ ॥

ਸਤਲੁਜ ਤੇ ਬਿਆਸਾ ਨਦੀਆਂ ਰਾਹ ਵਿਚ ਮਿਲੀਆਂ, ਦੋਵੇਂ ਹੀ ਅੱਗੇ ਆਈਆਂ। ਕਈ ਘਾਟਾਂ ਦੀਆਂ ਬਹੁਤ ਬੇੜੀਆਂ ਇਕੱਠੀਆਂ ਕਰਵਾ ਕੇ ਮੰਗਵਾਈਆਂ ॥੧੬॥

ਲਗੀ ਰਾਤਿ ਕੇ ਹੋਵਨਿ ਪਾਰ। ਮੁਗ਼ਲ ਪਠਾਨ ਸੁ ਕਈ ਹਜ਼ਾਰ।
ਸਿਖ ਕੀ ਸੁਤਾ ਜੋਧ ਕੀ ਦਾਰਾ। ਤਿਨ ਦਲ ਕੋ ਆਗਵਨ ਬਿਚਾਰਾ ॥੧੭॥

ਰਾਤ ਨੂੰ ਹੀ ਕਈ ਹਜ਼ਾਰ ਮੁਗ਼ਲ ਅਤੇ ਪਠਾਣ ਸੈਨਾ ਪਾਰ ਹੋਈ। ਇਕ ਸਿੱਖ ਦੀ ਪੁੱਤਰੀ ਰਾਏ ਜੋਧ ਦੀ ਪਤਨੀ ਨੇ ਦਲ ਦੇ ਆਉਣ ਬਾਰੇ ਵਿਚਾਰਿਆ ॥੧੭॥

ਧਰਯੋ ਹੁਤੋ ਧਰਨੀ ਪਰ ਥਾਰ। ਤਿਸ ਮਹਿਂ ਮੁਕਤਾ ਚਾਰੁ ਸੁ ਡਾਰਿ।
ਧਰ ਕਰਿ ਨਾਥ ਸੁਧਾਰਤਿ ਸੋਇ। ਮੰਦ ਮੰਦ ਸੋ ਥਰਕਨ ਹੋਇ ॥ ੧੮ ॥

ਧਰਤੀ ਤੇ ਥਾਲ ਧਰਿਆ ਹੋਇਆ ਸੀ, ਉਸ ਵਿਚ ਸੋਹਣੇ ਮੋਤੀ ਪਾਏ ਹੋਏ ਸਨ। ਉਸ ਥਾਲ ਵਿਚ ਆਪਣੀ ਨੱਥ ਰੱਖ ਕੇ ਸੁਧਾਰ ਰਹੀ ਸੀ, ਥਾਲ ਵਿਚ ਹੌਲੀ-ਹੌਲੀ ਥੜਕਣ ਹੋਈ ॥੧੮॥

ਹੁਤੀ ਚਤਰ ਪੁਨ ਪਰਖਤਿ ਮੋਤੀ। ਕਯੋਂ ਨਹਿਂ ਇਨ ਕੀ ਥਿਰਤਾ ਹੋਤੀ ?।
ਬਾਰ ਬਾਰ ਸੋ ਨੀਕੇ ਦੇਖਿ। ਜਾਨਯੋ ਲਸ਼ਕਰ ਆਇ ਵਿਸ਼ੇਖ ॥ ੧੯ ॥

ਉਹ ਬੜੀ ਚਤਰ ਸੀ ਫਿਰ ਮੋਤੀਆਂ ਨੂੰ ਪਰਖਣ ਲੱਗੀ, ਸੋਚਣ ਲੱਗੀ ਇਹ ਮੋਤੀ ਸਥਿਰ ਕਿਉਂ ਨਹੀਂ ਹੁੰਦੇ ਹਨ ? ਬਾਰ-ਬਾਰ ਉਨ੍ਹਾਂ ਨੂੰ ਚੰਗੀ ਤਰ੍ਹਾਂ ਵੇਖ ਕੇ ਸਮਝਿਆ, ਭਾਰੀ ਲਸ਼ਕਰ ਆ ਗਿਆ ਹੈ ॥੧੯॥

ਧਰਾ ਇਹਾਂ ਲਗਿ ਹਾਲਤਿ ਮੰਦ। ਪਰਤੇ ਸੁੰਮ ਤੁਰੰਗਮ ਬ੍ਰਿੰਦ।
ਤਤਛਿਨ ਨੀਕੇ ਨਿਰਨੇ ਕੀਨਿ। ਸੁਧਿ ਹਿਤ ਨਰ ਪਠਾਇ ਕਰਿ ਦੀਨਿ ॥੨੦॥

ਧਰਤੀ ਏਥੇ ਤਕ ਹੌਲੀ-ਹੌਲੀ ਹਿਲਦੀ ਹੈ, ਬਹੁਤ ਘੋੜਿਆਂ ਦੇ ਸੁੰਮ ਧਰਤੀ ਤੇ ਪੈ ਰਹੇ ਹਨ। ਤੁਰਤ ਉਸ ਚੰਗਾ ਨਿਰਣਾ ਕਰ ਲਿਆ ਤੇ ਖਬਰ ਦੇਣ ਵਾਸਤੇ ਕੁਝ ਮਨੁੱਖਾਂ ਨੂੰ ਭੇਜ ਦਿੱਤਾ ॥੨੦॥

ਪ੍ਰਥਮ ਸੁ ਰਾਇ ਜੋਧ ਢਿਗ ਆਯੋ। ਘਰ ਕੇ ਕਹਯੋ ਸੰਦੇਸ ਸੁਨਾਯੋ।
ਜਿਮ ਪਰਖਯੋ ਸੋ ਰੀਤਿ ਬਤਾਈ। 'ਦੇਰਿ ਨ ਲਖਹੁ ਸੈਨ ਬਡ ਆਈ' ॥ ੨੧ ॥

ਪਹਿਲਾਂ ਉਹ ਰਾਇ ਜੋਧ ਪਾਸ ਆਇਆ ਤੇ ਘਰ ਵਲੋਂ ਕਿਹਾ ਗਿਆ ਸਾਰਾ ਸੁਨੇਹਾ ਸੁਣਾਇਆ। ਜਿਵੇਂ ਉਸ ਸਿੱਖ ਦੀ ਪੁੱਤਰੀ ਨੇ ਪਰਖ ਕੀਤੀ ਸੀ, ਉਹ ਸਾਰੀ ਰੀਤ ਦੱਸੀ "ਦੇਰ ਨਾ ਸਮਝੋ, ਬਹੁਤ ਵੱਡੀ ਸੈਨਾ ਆਈ ਹੈ" ॥੨੧॥

ਤਿਸ ਲੇ ਜੋਧ ਆਪਨੇ ਸਾਥ। ਪਹੁੰਚਯੋ ਜਹਿਂ ਬੈਠੇ ਗੁਰ ਨਾਥ।
ਸਿੱਖ ਮਸੰਦ ਬ੍ਰਿੰਦ ਬਰ ਬੀਰ। ਬੈਠੇ ਸ੍ਰੀ ਹਰਿ ਗੋਵਿੰਦ ਤੀਰ ॥ ੨੨ ॥

ਉਸ ਨੂੰ ਰਾਇ ਜੋਧ ਆਪਣੇ ਨਾਲ ਲੈ ਕੇ ਉਥੇ ਪਹੁੰਚ ਗਿਆ ਜਿਥੇ ਗੁਰੂ ਜੀ ਬੈਠੇ ਸਨ। ਸਿੱਖ, ਮਸੰਦ ਅਤੇ ਸੂਰਬੀਰ ਇਕੱਠੇ ਹੋ ਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਪਾਸ ਬੈਠੇ ਸਨ ॥੨੨॥

ਭਾਈ ਭਗਤੂ ਬਹਿਲੋ ਦੋਇ। ਇਹੁ ਬੈਠੇ ਸਤਿਗੁਰ ਢਿਗ ਹੋਇ।
ਜਬਿ ਕੇ ਜੰਗਲ ਕੋ ਗੁਰ ਆਏ। ਤਬਿ ਕੇ ਸੰਗ ਰਹਤਿ ਸੁਖ ਪਾਏ॥ ੨੩॥

ਭਾਈ ਭਗਤੂ ਅਤੇ ਭਾਈ ਬਹਿਲੋ ਦੋਵੇਂ ਸਤਿਗੁਰੂ ਜੀ ਦੇ ਪਾਸ ਹੋ ਕੇ ਬੈਠੇ ਸਨ। ਗੁਰੂ ਜੀ ਜਦ ਦੇ ਮਾਲਵੇ ਦੇਸ਼ ਵਿਚ ਆਏ ਸਨ, ਤਦ ਦੇ ਇਹ ਸੁਖ ਪਾ ਕੇ ਗੁਰੂ ਜੀ ਦੇ ਨਾਲ ਰਹਿੰਦੇ ਸਨ॥੨੩॥

ਦਰਸ਼ਨ ਲਾਭ ਲੇਤਿ ਹੈਂ ਲੋਚਨ। ਬੀਚ ਬਿਰਾਜਹਿਂ ਕਸ਼ਟ ਬਿਮੋਚਨ।
ਬੈਠਜੋ ਜੋਧ ਗੁਰੂ ਸਨਮਾਨਾ। 'ਲਸ਼ਕਰ ਆਯੋ ਪ੍ਰਭੂ! ਮਹਾਨਾ॥ ੨੪॥

ਨੇਤਰਾਂ ਨਾਲ ਗੁਰੂ ਜੀ ਦੇ ਦਰਸ਼ਨ ਕਰਕੇ ਲਾਭ ਲੈਂਦੇ ਹਨ, ਤੇ ਕਸ਼ਟਾਂ ਨੂੰ ਦੂਰ ਕਰਨ ਵਾਲੇ ਗੁਰੂ ਜੀ ਵਿਚ ਆ ਬਿਰਾਜਦੇ ਹਨ। ਗੁਰੂ ਜੀ ਨੇ ਜਦ ਬੜੇ ਆਦਰ ਨਾਲ ਜੋਧ ਨੂੰ ਬਿਠਾਇਆ ਤਾਂ ਉਸ ਕਿਹਾ, "ਹੇ ਪ੍ਰਭੂ ਜੀ! ਮਹਾਨ ਲਸ਼ਕਰ ਆ ਗਿਆ ਹੈ॥੨੪॥

ਇਹ ਨਰ ਸੁਧਿ ਲੇ ਕਰਿ ਅਬਿ ਆਵਾ। ਪਰਖਨਿ ਸਿੱਖ ਸੁਤਾ ਜਿਮ ਪਾਵਾ।
ਥਰਕਤਿ ਖਿਰਾ ਇਹਾਂ ਲਗਿ ਜਾਨੋਂ। ਯਾਂਤੇ ਜਾਨੀ ਸੈਨ ਮਹਾਨੋ॥ ੨੫॥

ਇਹ ਮਨੁੱਖ ਹੁਣ ਖਬਰ ਲੈ ਕੇ ਆਇਆ ਹੈ, ਜਿਵੇਂ ਮੇਰੀ ਸਿੱਖ ਪਤਨੀ ਨੇ ਪਰਖਿਆ ਹੈ। ਧਰਤੀ ਹੁਣ ਏਥੋਂ ਤਕ ਥੜਕਦੀ ਸਮਝੋ, ਇਸ ਕਰਕੇ ਬਹੁਤ ਫੌਜ ਆਉਂਦੀ ਜਾਣੀ ਹੈ॥੨੫॥

ਬਿਲਮ ਨਹੀਂ ਅਬਿ ਆਵਨ ਮਾਂਹੀ। ਪਰਹਿ ਜੰਗ ਘਮਸਾਨ ਮਹਾਂ ਹੀ'।
ਸੁਨਿ ਸ੍ਰੀ ਹਰਿਗੋਵਿੰਦ ਕਹਿਂ ਐਸੇ। 'ਹਮ ਭੀ ਤਯਾਰ ਅਗਾਰੀ ਬੈਸੇ॥ ੨੬॥

ਹੁਣ ਆਉਣ ਵਿਚ ਕੋਈ ਦੇਰ ਨਹੀਂ ਹੈ, ਹੁਣ ਮਹਾਨ ਘਮਸਾਣ ਦੀ ਜੰਗ ਹੋਵੇਗੀ।" ਇਹ ਸੁਣ ਕੇ ਗੁਰੂ ਹਰਿਗੋਬਿੰਦ ਜੀ ਨੇ ਕਿਹਾ, "ਅਸੀਂ ਵੀ ਅੱਗੇ ਤਿਆਰ ਬੈਠੇ ਹਾਂ॥੨੬॥

ਜ਼ਾਫਤ ਦੇਨਿ ਹੇਤੁ ਸਵਧਾਨਾ। ਸਮੁਖ ਸਿਪਰ ਇਹ ਪਾਤਰ ਨਾਨਾ।
ਗੋਰੀ ਗਨ ਜਨੁ ਸ਼ੱਕਰ ਪਾਰੇ। ਖਪਰੇ ਮਨਹੁਂ ਜਲੇਬ ਉਤਾਰੇ॥ ੨੭॥

ਅਸੀਂ (ਜ਼ਿਆਫਤ) ਭੋਜਨ ਦੇਣ ਵਾਸਤੇ ਚੋਕਸ ਬੈਠੇ ਹਾਂ, ਇਹ ਢਾਲਾਂ ਭੋਜਨ ਦੇਣ ਵਾਸਤੇ ਸਾਡੇ ਭਾਂਡੇ ਹਨ, ਗੋਲੀਆਂ ਮਾਨੋਂ ਸ਼ਕਰਪਾਰੇ ਤੇ ਤੀਰ ਮਾਨੋਂ ਜਲੇਬ ਹਨ॥੨੭॥

ਚੱਕ੍ਰ ਬੱਕ੍ਰ ਘੇਵਰ ਗਨ ਦੈ ਹੈਂ। ਬਡੇ ਸੁਹਾਰ ਕ੍ਰਿਪਾਨ ਖੁਐ ਹੈਂ'।
ਕਹਿ ਬਿਧੀਆ 'ਜਬਿ ਹੀ ਹਯ ਲਯਾਯੋ। ਤਬਿ ਕੇ ਤਯਾਰ ਚਹਤਿ ਹੈਂ ਧਾਯੋ॥੨੮॥

ਟੇਢੇ ਚੱਕਰ ਮਾਨੋਂ ਘੇਵਰ ਨਾਮੀ ਮਠਿਆਈ ਬਹੁਤ ਦੇਵਾਂਗੇ ਤੇ ਕਿਰਪਾਨਾਂ ਮਾਨੋਂ ਨਮਕੀਨ ਪਕਵਾਨ ਹਨ।" ਬਿਧੀ ਚੰਦ ਨੇ ਕਿਹਾ, "ਜਦ ਹੀ ਘੋੜੇ ਲਿਆਇਆ ਹਾਂ, ਉਸ ਸਮੇਂ ਤੋਂ ਤਿਆਰ ਹੋ ਕੇ ਧਾਵਾ ਕਰਨਾ ਚਾਹੁੰਦੇ ਹਨ॥੨੮॥

ਨਹਿਂ ਬਿਲਮਹਿਂ ਰਿਪੁ ਆਵਨ ਮਾਂਹੀ। ਆਵਹਿ ਸ਼ਾਹੁ ਕਿ ਲਸ਼ਕਰ ਤਾਂਹੀ।
ਮਗ ਮਹਿਂ ? ਨਹਿਂ ਸੁਧਿ,ਹੈਂ ਅਬਿ ਕਹਾਂ?। ਬਿਨਾ ਬਿਲਮ ਪਹੁਚੈਂਗੇ ਇਹਾਂ ॥੨੯॥

ਵੈਰੀ ਦੇ ਆਉਣ ਵਿਚ ਹੁਣ ਕੋਈ ਦੇਰੀ ਨਹੀਂ ਹੈ, ਬਾਦਸ਼ਾਹ ਜਾਂ ਉਸ ਦਾ ਲਸ਼ਕਰ ਆਵੇਗਾ। ਰਾਹ ਵਿਚ ਹੈ ? ਇਹ ਖ਼ਬਰ ਨਹੀਂ ਹੈ ਕਿ ਹੁਣ ਕਿਥੇ ਹੈ ? ਕਿਸੇ ਦੇਰ ਤੋਂ ਬਗੈਰ ਏਥੇ ਪਹੁੰਚ ਜਾਣਗੇ" ॥੨੯॥

ਸ੍ਰੀ ਹਰਿ ਗੋਵਿੰਦ ਦ੍ਰਿਸ਼ਟਿ ਚਲਾਏ। ਬਹਿਲੋ ਕੋ ਬੂਝਤਿ ਬਿਕਸਾਏ।
'ਭੂਤ ਪ੍ਰੇਤ ਚਾਰੋਂ ਦਿਸ਼ਿ ਕੇਰੇ। ਸ੍ਰੀ ਗੁਰ ਬਸੀ ਕਰੇ ਸਭਿ ਤੇਰੇ॥ ੩੦॥

ਸ੍ਰੀ ਹਰਿਗੋਬਿੰਦ ਨੇ ਫਿਰ ਦ੍ਰਿਸ਼ਟੀ ਚਲਾਈ ਤੇ ਮੁਸਕਰਾ ਕੇ ਭਾਈ ਬਹਿਲੋ ਨੂੰ ਪੁਛਣ ਲੱਗੇ, "ਚਾਰੇ ਪਾਸਿਆਂ ਦੇ ਭੂਤ ਪ੍ਰੇਤ, ਗੁਰੂ ਜੀ ਨੇ ਸਾਰੇ ਤੁਹਾਡੇ ਵੱਸ ਵਿਚ ਕੀਤੇ ਹਨ॥੩੦॥

ਤਿਨ ਤੇ ਸੁਧ ਮੰਗਵਾਇ ਸੁਨਾਵਹੁ। ਜਹਿਂ ਲਸ਼ਕਰਿ, ਅਬਿ ਤਹਾਂ ਬਤਾਵਹੁ।
ਸੁਨਿ ਬਹਿਲੋ ਇਕ ਪ੍ਰੇਤ ਧਵਾਯੋ। ਮਨ ਸਮ ਬੇਗ ਕਰਤਿ ਸੁਧਿ ਲਜਾਯੋ॥ ੩੧ ॥

ਉਨ੍ਹਾਂ ਪਾਸੋਂ ਖਬਰ ਲੈ ਕੇ ਸੁਣਾਵੋ, ਜਿਥੇ ਹੁਣ ਲਸ਼ਕਰ ਹੈ, ਉਹ ਥਾਂ ਦੱਸੋ।" ਇਹ ਸੁਣ ਕੇ ਬਹਿਲੋ ਨੇ ਇਕ ਪ੍ਰੇਤ ਨੂੰ ਭੇਜਿਆ, ਮਨ ਦੇ ਫੁਰਨੇ ਵਾਂਗ ਉਹ ਤੁਰਤ ਖਬਰ ਲੈ ਆਇਆ॥੩੧॥

ਬਾਤਨਿ ਕਰਤਿ ਤਹਾਂ ਤਬਿ ਕਹਜੋ। 'ਪ੍ਰਭੁ ਜੀ ! ਸਲਿਤਾ ਤਟ ਅਬਿ ਲਹਜੋ।
ਸਾਰੇ ਦਿਵਸ ਚਲੇ ਹੀ ਆਏ। ਨਿਸਾ ਪਰੀ ਬਹੁ ਤਹਾਂ ਥਿਰਾਏ॥ ੩੨ ॥

ਜਿੱਥੇ ਗੱਲਾਂ ਕਰਦੇ ਸਨ ਉਥੇ ਉਸ ਕਿਹਾ, "ਹੇ ਪ੍ਰਭੂ ਜੀ! ਹੁਣ ਨਦੀ ਦੇ ਕਿਨਾਰੇ ਪਹੁੰਚ ਗਏ ਹਨ। ਸਾਰਾ ਦਿਨ ਚਲਦੇ ਹੀ ਆਏ ਹਨ, ਬਹੁਤ ਰਾਤ ਪੈਣ ਤੇ ਉਥੇ ਖੜੇ ਹੋਏ ਹਨ॥੩੨॥

ਕੇਤਿਕ ਪਾਰ, ਉਰਾਰ ਕਿਤੇਕ। ਕੇਤਿਕ ਨੌਕਾ ਚਢੇ ਅਨੇਕ।
ਥਕਤਿ ਥਿਰੇ, ਕੋ ਸੁਪਤਿ ਪਰੇ ਹੈਂ। ਕੋ ਸ਼ਰਾਬ ਕਰਿ ਪਾਨ ਗਿਰੇ ਹੈਂ॥ ੩੩ ॥

ਕੁਝ ਪਾਰ ਹਨ ਤੇ ਕੁਝ ਉਰਾਰ ਹਨ ਤੇ ਅਨੇਕਾਂ ਹਾਲੇ ਬੇੜੀਆਂ ਵਿਚ ਚੜ੍ਹ ਰਹੇ ਹਨ। ਕੁਝ ਥੱਕ ਕੇ ਬੈਠੇ ਹਨ ਤੇ ਕਈ ਸੁੱਤੇ ਪਏ ਹਨ ਤੇ ਕਈ ਸ਼ਰਾਬ ਪੀ ਕੇ ਡਿੱਗੇ ਪਏ ਹਨ॥੩੩॥

ਕਿਤਿਕ ਮਿਲੇ ਬਹੁ ਪਾਵਕ ਜਾਰੀ। ਲਗਜੋ ਸੀਤ ਬਹੁ ਕੰਪਾ ਧਾਰੀ।
ਕਰ ਪਗ ਸੁੰਨ ਭਏ ਜਿਨ ਕੇਰੇ। ਸਲਿਤਾ ਤਟ ਕਰਿ ਸੀਤ ਘਨੇਰੇ ॥ ੩੪ ॥

ਕਈਆਂ ਨੇ ਮਿਲ ਕੇ ਅੱਗ ਬਾਲੀ ਹੈ, ਠੰਢ ਲੱਗਣ ਨਾਲ ਬਹੁਤ ਕੰਬ ਰਹੇ ਹਨ, ਜਿਨ੍ਹਾਂ ਦੇ ਹੱਥ ਪੈਰ ਸੁੰਨ ਹੋ ਗਏ ਹਨ, ਦਰਿਆ ਦੇ ਕਿਨਾਰੇ ਬਹੁਤ ਠੰਢ ਹੈ"॥੩੪॥

ਸੁਨਿ ਭਾਈ ਬਹਿਲੋ ਤੇ ਬੈਨ। 'ਪਰੀ ਨਦੀ ਤਟ ਸਗਰੀ ਸੈਨ'।
ਜੋਧ ਆਦਿ ਸਭਿ ਅਚਰਜ ਮਾਨਜੋ। ਸ੍ਰੀ ਹਰਿਗੋਬਿੰਦ ਬਹੁਰ ਬਖਾਨਜੋ ॥ ੩੫ ॥

ਭਾਈ ਬਹਿਲੋ ਪਾਸੋਂ ਇਹ ਬਚਨ ਸੁਣ ਕੇ, "ਸਾਰੀ ਸੈਨਾ ਨਦੀ ਕਿਨਾਰੇ ਪਈ ਹੈ" ਤਾਂ ਰਾਇ ਜੋਧ ਆਦਿ ਨੇ ਬਹੁਤ ਅਸਚਰਜ ਮੰਨਿਆ। ਸ੍ਰੀ ਹਰਿਗੋਬਿੰਦ ਜੀ ਨੇ ਬਾਅਦ ਵਿਚ ਕਿਹਾ॥੩੫॥

'ਅਬਿ ਤੂੰ ਪ੍ਰੇਤ ਪਠਾਵਹੁ ਕੋਈ। ਮਿਲਜੋ ਰਹੈ ਤਿਸ ਲਸ਼ਕਰ ਸੋਈ।
ਜਬਿ ਹੁਇ ਕੂਚ ਬਤਾਵਹਿ ਆਇ। ਬਨਿ ਸਵਧਾਨ ਰਹੈ ਸਮੁਦਾਇ ॥ ੩੬ ॥

"ਹੁਣ ਤੁਸੀਂ ਕਿਸੇ ਪ੍ਰੇਤ ਨੂੰ ਭੇਜੋ, ਜਿਹੜਾ ਉਸ ਲਸ਼ਕਰ ਦੇ ਨਾਲ ਮਿਲਿਆ ਰਹੇ, ਜਦ ਫੌਜ ਕੂਚ ਕਰੇ ਤਾਂ ਆ ਕੇ ਦੱਸੇ ਤਾਂਕਿ ਅਸੀਂ ਸਾਰੇ ਸਾਵਧਾਨ ਹੋ ਜਾਈਏ"॥੩੬॥

ਡੇਢ ਕੁ ਜਾਮ ਜਾਮਨੀ ਗਈ। ਇਹ ਬਾਤੈਂ ਸਤਿਗੁਰ ਸਭਿ ਕਈ।
ਕਰਿ ਨਿਸ਼ਚੈ ਪੁਨ ਪੌਢਿ ਪ੍ਰਯੰਕ। ਸੁਖ ਸੌਂ ਸੁਪਤੇ ਬਿਨਾ ਅਤੰਕ॥ ੩੭ ॥

ਜਦ ਡੇਢ ਪਹਿਰ ਰਾਤ ਗਈ, ਗੁਰੂ ਜੀ ਇਹ ਸਭ ਗੱਲਾਂ ਕੀਤੀਆਂ, ਫਿਰ ਨਿਸ਼ਚੇ ਕਰਕੇ ਪਲੰਘ ਤੇ ਲੇਟ ਗਏ ਤੇ ਡਰ ਤੋਂ ਬਗੈਰ ਆਰਾਮ ਨਾਲ ਸੁੱਤੇ॥੩੭॥

ਨਿਜ ਨਿਜ ਡੇਰੇ ਸਭਿ ਚਲਿ ਗਏ। ਅਰਧ ਸੁਭਟ ਸਵਧਾਨੀ ਕਏ।
ਅਰਧ ਸੁਪਤਿ ਭੇ ਨਿੰਦ੍ਰਾ ਪਾਈ। ਜਾਗੇ ਪ੍ਰਭੁ ਪ੍ਰਭਾਤਿ ਹੁਇ ਆਈ॥ ੩੮ ॥

ਸਾਰੇ ਆਪਣੇ-ਆਪਣੇ ਡੇਰੇ ਚਲੇ ਗਏ, ਅੱਧੇ ਸੂਰਮੇ ਸਾਵਧਾਨ ਰੱਖੇ। ਅੱਧਿਆਂ ਨੇ ਸੌਂ ਕੇ ਨੀਂਦ ਪਾਈ, ਜਦ ਸਵੇਰ ਹੋ ਗਈ ਤਾਂ ਗੁਰੂ ਜੀ ਜਾਗ ਪਏ॥੩੮॥

ਸੋਚ ਸ਼ਨਾਨ ਆਦਿ ਸਭਿ ਕੀਨਿ। ਸੁਨਿ ਕਰਿ ਆਸਾਵਾਰ ਪ੍ਰਬੀਨ।
ਬੈਠੇ ਹੁਤੇ ਸਕਲ ਚਲਿ ਆਇ। ਸੁਭਟ ਮਸੰਦ ਸਿੱਖ ਸਮੁਦਾਇ॥ ੩੯ ॥

ਸੋਚ ਇਸ਼ਨਾਨ ਆਦਿ ਸਭ ਕੀਤਾ ਤੇ ਆਸਾ ਦੀ ਵਾਰ ਦਾ ਪਾਠ ਸੁਣ ਕੇ ਬੈਠੇ ਹੋਏ ਸਨ, ਫਿਰ ਸਾਰੇ ਸੂਰਬੀਰ ਅਤੇ ਸਿੱਖ ਸਮੂਹ ਚਲ ਕੇ ਆ ਗਏ॥੩੯॥

ਗੁਰ ਕੇ ਕਹੇ ਭੂਤਨੀ ਪਹਿਲੇਂ। ਪਠੀ ਨਿਸਾ ਮਹਿਂ ਸੁਧ ਹਿਤ ਬਹਿਲੋ।
'ਜਬਿ ਲਸ਼ਕਰ ਕੋ ਹੋਵਹਿ ਕੂਚ। ਤਬਿ ਸੁਧਿ ਦਿਹੁ ਇਤ ਆਇ ਪਹੂਚਿ' ॥੪੦॥

ਗੁਰੂ ਜੀ ਦੇ ਕਹਿਣ ਤੇ ਪਹਿਲਾਂ ਭਾਈ ਬਹਿਲੋ ਨੇ ਰਾਤ ਨੂੰ ਇਕ ਭੂਤਨੀ ਨੂੰ ਖਬਰ ਲੈਣ ਵਾਸਤੇ ਭੇਜਿਆ ਸੀ ਤੇ ਉਸ ਨੇ ਕਿਹਾ, "ਜਦ ਲਸ਼ਕਰ ਕੂਚ ਕਰੇ ਤਾਂ ਉਸੇ ਵੇਲੇ ਪਹੁੰਚ ਕੇ ਏਥੇ ਖਬਰ ਦੇਵੇ"॥੪੦॥

ਸੋ ਤੁਰਕਨ ਕੇ ਦਲ ਮਹਿਂ ਗਈ। ਸੁਧ ਹਿਤ ਬੀਚ ਪ੍ਰਵੇਸ਼ਤਿ ਭਈ।
ਤਹਾਂ ਹੁਤੋ ਇਕ ਪਠਤਿ ਮੁਲਾਨਾ। ਭੂਤਨ ਬਿੱਦਜਾ ਬਿਖੈ ਮਹਾਨਾ॥ ੪੧ ॥

ਉਹ ਭੂਤਨੀ ਤੁਰਕਾਂ ਦੇ ਦਲ ਵਿਚ ਗਈ ਤੇ ਖਬਰ ਲੈਣ ਵਾਸਤੇ ਉਨ੍ਹਾਂ ਦੇ ਵਿਚ ਪ੍ਰਵੇਸ਼ ਕਰ ਗਈ। ਉਥੇ ਇਕ ਮੁਲਾਣਾ ਸੀ ਜਿਹੜਾ ਭੂਤਾਂ ਦੀ ਮਹਾਨ ਵਿਦਿਆ ਪੜ੍ਹਿਆ ਹੋਇਆ ਸੀ॥੪੧॥

ਲਖੀ ਭੂਤਨੀ ਕੀ ਗਤਿ ਤਾਂਹੂ। ਸੁਧਿ ਹਿਤ ਪਹੁੰਚੀ ਲਸ਼ਕਰ ਮਾਂਹੂ।
ਮੰਤ੍ਰਨ ਸੰਗ ਪਕਰਿ ਸੋ ਲਈ। ਭੂਤਨ ਸੌਂਪਿ ਕੈਦ ਕਰਿ ਦਈ॥ ੪੨ ॥

ਉਸ ਨੇ ਜਦ ਭੂਤਨੀ ਦੀ ਗਤੀ ਵੇਖੀ, ਜਿਹੜੀ ਖਬਰ ਲੈਣ ਵਾਸਤੇ ਲਸ਼ਕਰ ਵਿਚ ਪਹੁੰਚੀ ਸੀ। ਉਸ ਨੇ ਮੰਤਰ ਪੜ੍ਹ ਕੇ ਫੜ ਲਈ ਤੇ ਭੂਤਾਂ ਨੂੰ ਸੌਂਪ ਕੇ ਕੈਦ ਕਰ ਦਿੱਤੀ॥੪੨॥

ਬਹਿਲੋ ਕੋ ਸੁਧਿ ਭਈ ਨ ਆਇ। ਨਿਸ਼ਚੈ ਧਰਜੋ ਕਿ ਇਹੁ ਸੁਧ ਲ੍ਯਾਇ।
ਸ੍ਰੀ ਗੁਰ ਢਿਗ ਬੈਠਯੋ ਤਬਿ ਜਾਈ। ਚਹੁੰ ਦਿਸ਼ ਮਹਿਂ ਥਿਰ ਨਰ ਸਮੁਦਾਈ॥੪੩॥

ਪਰ ਬਹਿਲੋ ਨੂੰ ਇਹ ਪਤਾ ਨਾ ਲੱਗਾ ਕਿ ਭੂਤਨੀ ਹੁਣ ਨਹੀਂ ਆਵੇਗੀ। ਉਸ ਨੇ ਨਿਸ਼ਚਾ ਕੀਤਾ ਸੀ ਕਿ ਭੂਤਨੀ ਖਬਰ ਲਿਆਵੇਗੀ। ਤਦ ਗੁਰੂ ਜੀ ਦੇ ਪਾਸ ਜਾ ਕੇ ਬੈਠ ਗਿਆ, ਚਾਰੇ ਪਾਸੇ ਮਨੁੱਖ ਇਕੱਠੇ ਹੋ ਕੇ ਬੈਠੇ ਸਨ॥੪੩॥

ਸਾਦਰ ਨਿਕਟਿ ਬਿਠਾਯੋ ਜਬੈ। ਮੁਸਕਾਵਤਿ ਬੋਲੇ ਗੁਰ ਤਬੈ।
'ਕਹੁ ਭਾਈ ਸੁਧ ਲਸ਼ਕਰ ਕੇਰੀ। ਕੂਚ ਕਿ ਹੈ ਮੁਕਾਮ ਇਸ ਬੇਰੀ?' ॥੪੪॥

ਜਦ ਗੁਰੂ ਜੀ ਨੇ ਆਦਰ ਨਾਲ ਪਾਸ ਬਿਠਾਇਆ ਤੇ ਗੁਰੂ ਜੀ ਮੁਸਕਰਾ ਕੇ ਬੋਲੇ, "ਹੇ ਭਾਈ ਬਹਿਲੋ! ਲਸ਼ਕਰ ਦੀ ਖਬਰ ਦੇਵੇ ਕਿ ਇਸ ਸਮੇਂ ਕੂਚ ਹੈ ਕਿ ਮੁਕਾਮ?"॥੪੪॥

ਕਹਤਿ ਭਯੋ ਦੋਨਹੁ ਕਰ ਜੋਰੇ। 'ਤੁਰਕ ਜਿ ਕੂਚ ਕਰਹਿਂ ਇਤਿ ਓਰੇ।
ਤਤਛਿਨ ਹੀ ਸੁਧ ਮੋ ਢਿਗ ਆਇ। ਸਭਿ ਰਾਵਰ ਕੋ ਦੇਉਂ ਸੁਨਾਇ' ॥੪੫॥

ਭਾਈ ਬਹਿਲੋ ਨੇ ਦੋਵੇਂ ਹੱਥ ਜੋੜ ਕੇ ਕਿਹਾ, "ਜਦ ਤੁਰਕ ਇਸ ਪਾਸੇ ਕੂਚ ਕਰਨਗੇ ਤਾਂ ਤੁਰਤ ਮੇਰੇ ਪਾਸ ਖਬਰ ਆ ਜਾਵੇਗੀ, ਮੈਂ ਸਭ ਕੁਝ ਆਪ ਨੂੰ ਸੁਣਾ ਦੇਵਾਂਗਾ"॥੪੫॥

ਅੰਤਰਜਾਮੀ ਗੁਰੂ ਬਖਾਨਾ। 'ਭਯੋ ਕੂਚ ਲਸ਼ਕਰ ਪ੍ਰਸਥਾਨਾ।
ਤਹਾਂ ਭੂਤਨੀ ਤੈਂਹਿ ਪਠਾਈ। ਗਹੀ ਮੁਲਾਨੇ ਤਿਨ ਸੁਧ ਪਾਈ॥ ੪੬॥

ਅੰਤਰਜਾਮੀ ਗੁਰੂ ਜੀ ਨੇ ਕਿਹਾ, "ਲਸ਼ਕਰ ਨੇ ਉਹ ਥਾਂ ਛੱਡ ਕੂਚ ਕਰ ਦਿੱਤਾ ਹੈ, ਜਿਹੜੀ ਭੂਤਨੀ ਤੂੰ ਉਥੇ ਭੇਜੀ ਸੀ, ਉਹ ਮੁਲਾਣੇ ਨੇ ਪਤਾ ਲੱਗਣ ਤੇ ਫੜ ਲਈ ਹੈ॥੪੬॥

ਤਿਸ ਕੋ ਅਬਿ ਤਜਿ ਦਿਹੁ ਭਰਵਾਸਾ। ਸੋ ਨਹਿਂ ਛੂਟਹਿਂ ਕਰਸਿ ਬਿਨਾਸਾ'।
ਸੁਨਿ ਗੁਰ ਬਦਨ ਸਕਲ ਬਿਸਮਾਏ। ਤਬਿ ਬਹਿਲੋ ਬਹੁ ਭੂਤ ਪਠਾਏ॥ ੪੭॥

ਉਸ ਉਤੇ ਹੁਣ ਭਰਵਾਸਾ ਛੱਡ ਦੇਵੋ, ਉਹ ਨਹੀਂ ਛੁਟੇਗੀ, ਮੁਲਾਣਾ ਉਸ ਦਾ ਨਾਸ਼ ਕਰ ਦੇਵੇਗਾ।" ਗੁਰੂ ਜੀ ਦੇ ਮੁੱਖ ਤੋਂ ਇਹ ਸ਼ਬਦ ਸੁਣ ਕੇ ਸਾਰੇ ਬਹੁਤ ਹੈਰਾਨ ਹੋਏ। ਫਿਰ ਬਹਿਲੋ ਨੇ ਬਹੁਤ ਭੂਤ ਭੇਜੇ॥੪੭॥

ਤਿਨ ਤਤਛਿਨ ਸੁਧ ਆਨਿ ਸੁਨਾਈ। 'ਗਹੀ ਭੂਤਨੀ, ਸੈਨ ਸੁ ਆਈ'।
ਸਭਿਨਿ ਸੁਨਯੋ ਮਨ ਮੈਂ ਸੁਖ ਪਾਏ। 'ਧੰਨ ਧੰਨ ਸਤਿਗੁਰੂ' ਅਲਾਏ॥ ੪੮॥

ਉਨ੍ਹਾਂ ਨੇ ਤੁਰਤ ਆ ਕੇ ਖਬਰ ਸੁਣਾਈ, "ਭੂਤਣੀ ਫੜੀ ਗਈ ਹੈ ਤੇ ਸੈਨਾ ਆ ਰਹੀ ਹੈ।" ਸਾਰਿਆਂ ਨੇ ਮਨ ਵਿਚ ਸੁਖ ਪਾ ਕੇ ਸੁਣਿਆ ਤੇ ਬੋਲੇ, "ਸਤਿਗੁਰੂ ਜੀ ਧੰਨ ਹਨ"॥੪੮॥

*ਸੱਤਵੀਂ ਰਾਸ ਦਾ ਬਤਾਲੀਵਾਂ ਅਧਿਆਇ ਸਮਾਪਤ ਹੋਇਆ॥੪੨॥*

## *ਅਧਿਆਇ ਤਰਤਾਲੀਵਾਂ*

*ਹਸਨ ਖਾਂ ਦੂਤ*

ਦੋਹਰਾ-ਸਲਿਤਾ ਉਤਰੇ ਜਾਮਨੀ ਸਗਲੇ ਮੁਸ਼ਕਲ ਹੋਇ।
ਖਾਨ ਪਾਨ ਪ੍ਰਾਪਤਿ ਕਿਸੂ, ਰਹੇ ਛੂਛ ਹੀ ਕੋਇ॥ ੧॥

ਰਾਤ ਨੂੰ ਦਰਿਆ ਕਿਨਾਰੇ ਉਤਾਰਾ ਕਰਨ ਨਾਲ ਸਾਰੇ ਫੌਜੀ ਔਖੇ ਹੋਏ, ਕਿਸੇ ਨੂੰ ਖਾਣਾ ਪੀਣਾ ਪ੍ਰਾਪਤ ਹੋਇਆ ਤੇ ਕਈ ਖਾਲੀ ਹੀ ਰਹਿ ਗਏ॥੧॥

ਚੌਪਈ- ਜੁਗ ਤ੍ਰੈ ਜਾਮ ਕੀਨਿ ਬਿਸਰਾਮੇ। ਬਜੇ ਕੂਚ ਕੇ ਦੀਹ ਦਮਾਮੇ।
ਮਹਾਂ ਸੀਤ ਮਹਿਂ ਮੁਸ਼ਕਲ ਹੋਏ। ਸੁੰਨ ਚਰਨ ਅਰੁ ਕਰ ਸਭਿ ਕੋਏ॥ ੨॥

ਦੋ ਤਿੰਨ ਪਹਿਰ ਵਿਸ਼ਰਾਮ ਕੀਤਾ, ਫਿਰ ਕੂਚ ਦੇ ਭਿਆਨਕ ਨਗਾਰੇ ਵੱਜ ਉੱਠੇ। ਮਹਾਨ ਠੰਢ ਹੋਣ ਕਰਕੇ ਮੁਸ਼ਕਲ ਹੋ ਰਹੀ ਸੀ, ਸਾਰਿਆਂ ਦੇ ਹੱਥ ਪੈਰ ਸੁੰਨ ਹੋ ਗਏ ਸਨ॥੨॥

ਅਗਨੀ ਜਾਰਿ ਜਾਰਿ ਠਰ ਖੋਵੈਂ। ਡਾਰਿ ਜ਼ੀਨ ਹਯ ਤਯਾਰੀ ਹੋਵੈਂ।
ਪ੍ਰਾਤਿ ਹੋਤਿ ਹੀ ਸੈਨਾਂ ਚਾਲੀ। ਬਸਤ੍ਰ ਸ਼ਸਤ੍ਰ ਸਭਿ ਲੀਨਿ ਸੰਭਾਲੀ॥ ੩॥

ਅੱਗ ਬਾਲ-ਬਾਲ ਕੇ ਠੰਢ ਦੂਰ ਕਰਦੇ ਸਨ, ਤੇ ਘੋੜਿਆਂ ਤੇ ਕਾਠੀਆਂ ਪਾ ਕੇ ਤਿਆਰ ਹੁੰਦੇ ਸਨ। ਸਵੇਰ ਹੁੰਦਿਆਂ ਹੀ ਸੈਨਾ ਚਲ ਪਈ ਤੇ ਬਸਤਰ ਸ਼ਸਤਰ ਸਭ ਸੰਭਾਲ ਲਏ॥੩॥

ਉਦੈ ਭਯੋ ਸੂਰਜ ਭਗਵਾਨ। ਸੀਤ ਬਿਨਾਸ੍ਯੋ ਮਗ ਪ੍ਰਸਥਾਨ।
ਲਲਾ ਬੇਗ ਜਬਿ ਪੁਰਿ ਤੇ ਧਾਯੋ। ਭੇਤ ਹੇਤੁ ਇਕ ਦੂਤ ਪਠਾਯੋ॥ ੪॥

ਫਿਰ ਸੂਰਜ ਭਗਵਾਨ ਨਿਕਲ ਆਇਆ ਤੇ ਰਾਹ ਵਿਚ ਚਲਦਿਆਂ ਸੀਤ ਦੂਰ ਹੋ ਗਈ। ਲਲਾ ਬੇਗ ਜਦ ਨਗਰ ਵਲ ਧਾਇਆ ਤਾਂ ਭੇਦ ਲੈਣ ਵਾਸਤੇ ਪਹਿਲਾਂ ਉਸ ਇਕ ਦੂਤ ਨੂੰ ਭੇਜਿਆ॥੪॥

'ਡੇਰਾ ਕਹਾਂ ਸੈਨ ਹੈ ਕੇਤੀ?। ਬਿਚ ਪ੍ਰਵੇਸ਼ ਹੁਇ ਹੇਰਹੁ ਤੇਤੀ।
ਕਬਿ ਹਮ ਲਰਹਿਂ ਸੁ ਪਰਖਹੁ ਕਾਲ। ਇਸ ਕਾਰਨ ਆਗੇ ਤੂੰ ਚਾਲਿ'॥ ੫॥

"ਡੇਰਾ ਕਿਥੇ ਹੈ ਅਤੇ ਕਿੰਨੀ ਸੈਨਾ ਹੈ? ਉਨ੍ਹਾਂ ਵਿਚ ਪ੍ਰਵੇਸ਼ ਕਰਕੇ ਸਾਰੀ ਵੇਖੋ। ਅਸੀਂ ਕਦ ਲੜਾਈ ਕਰੀਏ ਉਸ ਸਮੇਂ ਦੀ ਪਰਖ ਕਰੋ, ਇਸ ਕਰਕੇ ਤੂੰ ਪਹਿਲਾਂ ਜਾ"॥੫॥

ਹਯ ਕੋ ਤਜਿਗਿ ਗ੍ਰਾਮ ਕਿਸ ਮਾਂਹੀ। ਬੇਖ ਆਪਨੋ ਰਾਖ੍ਯੋ ਨਾਂਹੀ।
ਸੇਵਕ ਏਕ ਸੰਗ ਜਿਹ ਲੀਨੋ। ਗੁਰ ਦਲ ਮਹਿਂ ਪ੍ਰਵੇਸ਼ ਕੋ ਕੀਨੋ॥ ੬॥

ਘੋੜੇ ਨੂੰ ਛੱਡ ਕੇ ਇਕ ਪਿੰਡ ਵਿਚ ਚਲੇ ਗਿਆ ਤੇ ਆਪਣਾ ਭੇਸ ਬਦਲ ਲਿਆ। ਜਿਹੜਾ ਇਕ ਸੇਵਕ ਨਾਲ ਲਿਆ ਸੀ, ਉਸ ਨੂੰ ਲੈ ਕੇ ਗੁਰੂ ਦਲ ਵਿਚ ਪ੍ਰਵੇਸ਼ ਕਰ ਗਿਆ॥੬॥

ਸੰਧ੍ਯਾ ਸਮੈ ਪਿਖਿਨਿ ਹਿਤ ਫਿਰ੍ਯੋ। ਦਲ ਗਨ ਨੀਰ ਤਾਲ ਕੋ ਘਿਰ੍ਯੋ।
ਫਿਰਤਿ ਫਿਰਤਿ ਸੈਨਾ ਕੇ ਮਾਂਹੀ। ਗਮਨ੍ਯੋ ਰਾਇ ਚਮੂੰ ਕੇ ਮਾਂਹੀ॥ ੭॥

ਸਵੇਰ ਵੇਲੇ ਗੁਰੂ ਜੀ ਦੀ ਸੈਨਾ ਵੇਖਣ ਵਾਸਤੇ, ਉਸ ਦੇ ਵਿਚ ਫਿਰਿਆ, ਗੁਰੂ ਦੀ ਸੈਨਾ ਨੇ ਪਾਣੀ ਦੇ ਤਾਲਾਬ ਨੂੰ ਘੇਰਿਆ ਹੋਇਆ ਸੀ। ਸੈਨਾ ਵਿਚ ਫਿਰਦਾ-ਫਿਰਦਾ, ਉਥੇ ਚਲੇ ਗਿਆ ਜਿਥੇ ਜੋਧ ਰਾਇ ਦੀ ਸੈਨਾ ਸੀ॥੭॥

ਤਿਨਹੂੰ ਪਰਖ੍ਯੋ ਮਨੁਖ ਬਿਗਾਨਾ। ਗਹਿ ਬੂਝ੍ਯੋ ਨਹਿਂ ਜਾਇ ਬਖਾਨਾ।
ਤਤਛਿਨ ਤਿਸਕੀ ਪਾਗ ਉਤਾਰੀ। ਮੁਸਕੈਂ ਬਾਂਧਿ ਕਰੀ ਬਹੁ ਮਾਰੀ॥ ੮॥

ਉਨ੍ਹਾਂ ਨੇ ਜਾਂਚ ਪਰਖ ਕੀਤੀ ਕਿ ਇਹ ਕੋਈ ਬਾਹਰਲਾ ਮਨੁੱਖ ਹੈ, ਜਦ ਫੜ ਕੇ ਪੁਛਿਆ ਤਾਂ ਉਸ ਪਾਸੋਂ ਕੁਝ ਦੱਸਿਆ ਨਹੀਂ ਸੀ ਜਾਂਦਾ। ਉਨ੍ਹਾਂ ਤੁਰਤ ਉਸ ਦੀ ਪੱਗ ਲਾਹ ਦਿੱਤੀ ਤੇ ਮੁਸ਼ਕਾਂ ਬੰਨ੍ਹ ਕੇ ਬਹੁਤ ਮਾਰਿਆ॥੮॥

ਦਈ ਕਸ਼ਟ ਤੇ ਬੂਰ ਦੁਹਾਈ। 'ਸ਼੍ਰੀ ਸਤਿਗੁਰ ਮੁਹਿ ਲੇਹੁ ਛੁਟਾਈ'।
ਪਰ੍ਯੋ ਸ਼ੋਰ ਸਗਰੇ ਨਰ ਧਾਏ। ਗਹ੍ਯੋ ਤਾੜ ਕਰਿ ਗੁਰ ਢਿਗ ਲ੍ਯਾਏ॥ ੯॥

ਜਦ ਕਸ਼ਟ ਦਿੱਤੇ ਤਾਂ ਬਹੁਤ ਦੁਹਾਈ ਦਿੱਤੀ, "ਹੇ ਸਤਿਗੁਰੂ ਜੀ ਮੈਨੂੰ ਛੁਡਵਾ ਲਵੋ।" ਜਦ ਬਹੁਤ ਸ਼ੋਰ ਮਚਿਆ ਤਾਂ ਬਹੁਤ ਮਨੁੱਖ ਉਸ ਪਾਸੇ ਦੌੜ ਕੇ ਗਏ, ਬੜੀ ਸਖਤੀ ਨਾਲ ਫੜ ਕੇ ਉਸ ਨੂੰ ਗੁਰੂ ਜੀ ਪਾਸ ਲਿਆਏ॥੯॥

ਸ੍ਰੀ ਹਰਿ ਗੋਵਿੰਦ ਸੁਨਤਿ ਦੁਹਾਈ। ਪਠਿ ਬਿਧੀਆ ਮੁਸ਼ਕੈਂ ਖੁਲਿਵਾਈ।
ਸੰਗ ਆਨਿ ਥਿਰ ਕਰ੍ਯੋ ਹਜੂਰੇ। ਹੇਰਤਿ ਬੋਲੇ ਸਤਿਗੁਰ ਪੂਰੇ॥ ੧੦॥

ਸ੍ਰੀ ਹਰਿਗੋਬਿੰਦ ਜੀ ਨੇ ਦੁਹਾਈ ਸੁਣ ਕੇ, ਬਿਧੀ ਚੰਦ ਨੂੰ ਭੇਜ ਕੇ ਉਸ ਦੀਆਂ ਮੁਸ਼ਕਾਂ ਖੁਲ੍ਹਵਾਈਆਂ ਤੇ ਨਾਲ ਲਿਆ ਕੇ ਗੁਰੂ ਜੀ ਦੀ ਹਜ਼ੂਰੀ ਵਿਚ ਖੜਾ ਕਰ ਦਿੱਤਾ॥੧੦॥

'ਕੋ ਹੈਂ ਤੂੰ? ਕਿਤ ਤੇ ਚਲਿ ਆਯੋ?। ਕਹਹੁ ਸਾਚ, ਨਤੁ ਦੇਂ ਮਰਿਵਾਯੋ'।
ਡਰਤਿ ਮਾਰ ਤੇ ਸਾਚ ਬਖਾਨਾ। 'ਪ੍ਰਭੁ ਜੀ! ਤਜਹੁ ਕਿ ਕਰ ਦਿਹੁ ਹਾਨਾ॥੧੧॥

ਗੁਰੂ ਜੀ ਨੇ ਪੁਛਿਆ, "ਤੂੰ ਕੌਣ ਹੈਂ ਤੇ ਕਿਥੋਂ ਚਲ ਕੇ ਆਇਆ ਹੈਂ? ਸੱਚ ਦੱਸੇਂ, ਨਹੀਂ ਤਾਂ ਮਰਵਾ ਦੇਵਾਂਗੇ।" ਮਾਰ ਤੋਂ ਡਰਦਿਆਂ ਸੱਚ ਕਿਹਾ, "ਪ੍ਰਭੂ ਜੀ ! ਛੱਡ ਦੇਵੋ ਜਾਂ ਮਾਰ ਦੇਵੋ॥੧੧॥

ਕਹੌਂ ਸਾਚ ਮੈਂ ਆਪ ਅਗਾਰੀ। ਲਲਾਬੇਗ ਕਾਬਲ ਪਤਿ ਭਾਰੀ।
ਭੇਤ ਹੇਤੁ ਹੇ ਕ੍ਰਿਪਾ ਨਿਕੇਤ!। ਪਠਜੋ ਮੋਹਿ ਬਡ ਸ਼ੀਘ੍ਰ ਸਮੇਤ॥ ੧੨॥

ਤੁਹਾਡੇ ਅੱਗੇ ਮੈਂ ਸੱਚ ਹੀ ਕਹਾਂਗਾ, ਲਲਾ ਬੇਗ ਕਾਬਲ ਦਾ ਮਾਲਕ ਹੈ, ਹੇ ਕਿਰਪਾ ਦੇ ਘਰ ! ਉਸ ਨੇ ਮੈਨੂੰ ਭੇਦ ਲੈਣ ਵਾਸਤੇ ਬੜੀ ਛੇਤੀ ਭੇਜਿਆ ਹੈ॥੧੨॥

ਦਲ ਪ੍ਰਵੇਸ਼ ਮੈਂ ਸਕਲ ਨਿਹਾਰਾ। ਭਟਨ ਪਛਾਨਿ ਲੀਨਿ ਬਹੁ ਮਾਰਾ।
ਸ੍ਰੀ ਗੁਰ ਤੁਮ ਪੀਰਨ ਕੇ ਪੀਰ। ਦੁਹ ਲੋਕਨ ਕੇ ਮੀਰਨ ਮੀਰ'॥ ੧੩॥

ਆਪ ਦੇ ਦਲ ਵਿਚ ਪ੍ਰਵੇਸ਼ ਕਰਕੇ ਮੈਂ ਸਾਰਾ ਵੇਖ ਲਿਆ ਹੈ, ਤੁਹਾਡੇ ਸੂਰਮਿਆਂ ਨੇ ਮੈਨੂੰ ਪਛਾਣ ਕੇ ਬਹੁਤ ਮਾਰਿਆ ਹੈ। ਹੇ ਗੁਰੂ ਜੀ ! ਤੁਸੀਂ ਪੀਰਾਂ ਦੇ ਪੀਰ ਹੋ ਅਤੇ ਦੋਵਾਂ ਲੋਕਾਂ ਦੇ ਬਾਦਸ਼ਾਹਾਂ ਦੇ ਬਾਦਸ਼ਾਹ ਹੋ"॥੧੩॥

ਸ੍ਰੀ ਹਰਿ ਗੋਵਿੰਦ ਬੂਝਨ ਠਾਨਾ। 'ਕਹਾਂ ਸੈਨ ਤੁਰਕਾਨ ਮਹਾਨਾ?।
ਕੇਤਿਕ ਗਿਨਤੀ ਮਹਿਂ ਚਢਿ ਧਾਈ। ਕਬਿ ਇਤ ਪਹੁੰਚਹਿ ਹੇਤੁ ਲਰਾਈ!'॥੧੪॥

ਸ੍ਰੀ ਹਰਿਗੋਬਿੰਦ ਜੀ ਨੇ ਪੁਛਿਆ, "ਤੁਰਕਾਂ ਦੀ ਮਹਾਨ ਸੈਨਾ ਕਿਥੇ ਹੈ? ਕਿੰਨੀ ਗਿਣਤੀ ਵਿਚ ਚੜ੍ਹ ਕੇ ਆਈ ਹੈ ਤੇ ਕਦ ਏਥੇ ਲੜਾਈ ਵਾਸਤੇ ਪਹੁੰਚੇਗੀ'॥੧੪॥

ਸੁਨਤਿ ਹਸਨ ਖਾਂ ਦੂਤ ਬਖਾਨਾ। 'ਕਾਬਲ ਕੇ ਉਮਰਾਵ ਮਹਾਨਾ।
ਲਸ਼ਕਰ ਪੰਚ ਰੁ ਤੀਸ ਹਜ਼ਾਰ। ਤੁਰਕੀ ਘੋਰੇ ਪਰ ਅਸਵਾਰ॥ ੧੫॥

ਇਹ ਸੁਣ ਕੇ ਹਸਨ ਖਾਂ ਦੂਤ ਨੇ ਕਿਹਾ, "ਕਾਬਲ ਦੇ ਮਹਾਨ ਉਮਰਾਵ ਹਨ ਜਿਨ੍ਹਾਂ ਹੇਠ ਪੈਂਤੀ ਹਜ਼ਾਰ ਫੌਜ ਹੈ ਅਤੇ ਸਾਰੀ ਫੌਜ ਤੁਰਕੀ ਘੋੜਿਆਂ ਤੇ ਸਵਾਰ ਹੈ॥੧੫॥

ਕਹਜੋ ਸ਼ਾਹੁ ਮਗ ਨਹਿਂ ਬਿਲਮਾਵਹੁ। ਲਰਹੁ ਸ਼ੀਘ੍ਰ, ਗੁਰ ਨਿਕਟਿ ਪਠਾਵਹੁ।
ਨਹੀਂ ਦੇਰ ਅਬਿ ਆਵਨ ਮਾਂਹੀ। ਪਹੁੰਚੀ ਲਖਹੁ ਚਮੂੰ ਨਿਜ ਪਾਹੀ॥ ੧੬॥

ਬਾਦਸ਼ਾਹ ਨੇ ਕਿਹਾ ਸੀ ਕਿ ਰਾਹ ਵਿਚ ਦੇਰੀ ਨਹੀਂ ਕਰਨੀ ਹੈ ਤੇ ਗੁਰੂ ਪਾਸ ਪਹੁੰਚ ਕੇ ਤੁਰਤ ਲੜਾਈ ਕਰੋ। ਹੁਣ ਫੌਜ ਦੇ ਆਉਣ ਵਿਚ ਕੋਈ ਦੇਰ ਨਹੀਂ ਹੈ, ਫੌਜ ਨੂੰ ਤੁਸੀਂ ਆਪਣੇ ਪਾਸ ਪਹੁੰਚੀ ਸਮਝੋ॥੧੬॥

ਮੈਂ ਪਿਖਿ ਪਰਖਨ ਕੀਨਿ ਬਿਚਾਰ। ਤੁਮਰੇ ਸਤ, ਸੋ ਆਇਂ ਹਜ਼ਾਰ।
ਮਾਰ ਲੇਹਿਂਗੇ ਦੇਹਿਂ ਨ ਜਾਨੇ। ਇਮ ਤੁਰਕਾਨਾ ਕਰਿ ਹੋ ਹਾਨੇ॥ ੧੭॥

ਮੈਂ ਵੇਖ ਕੇ ਪਰਖ ਪੜਤਾਲ ਕਰਕੇ ਵਿਚਾਰਿਆ ਹੈ ਕਿ ਤੁਹਾਡਾ ਸੌ, ਉਨ੍ਹਾਂ ਦੇ ਹਜ਼ਾਰ ਨੂੰ ਮਾਰ ਲਵੇਗਾ ਤੇ ਜਾਣ ਨਹੀਂ ਦੇਵੇਗਾ, ਇਸ ਤਰ੍ਹਾਂ ਤੁਸੀਂ ਤੁਰਕਾਂ ਨੂੰ ਮਾਰੋਗੇ॥੧੭॥

ਸਵਾਧਾਨ ਰਾਵਰ ਕੀ ਸੈਨਾ। ਬਿਸਰਾਮੀ, ਇਨ ਕੇ ਸ਼੍ਰਮ ਹੈ ਨਾ।
ਚਾਹਤਿ ਹੈਂ ਸੰਗ੍ਰਾਮ ਸੁ ਠਾਂਢੇ। ਬਹੁ ਅਨੰਦਤਾ ਜਿਨ ਮਹਿਂ ਬਾਢੈ॥ ੧੮॥

ਆਪ ਜੀ ਦੀ ਸੈਨਾ ਬਿਲਕੁਲ ਸਾਵਧਾਨ ਹੈ, ਇਹ ਤਰੋਤਾਜ਼ਾ ਵੀ ਹਨ ਤੇ ਇਨ੍ਹਾਂ ਨੂੰ ਕਿਸੇ ਪ੍ਰਕਾਰ ਦੀ ਥਕਾਵਟ ਵੀ ਨਹੀਂ ਹੈ, ਇਹ ਖੜੇ ਹੋ ਕੇ ਯੁੱਧ ਲੜਨਾ ਚਾਹੁੰਦੇ ਹਨ, ਜਿਨ੍ਹਾਂ ਦੇ ਹਿਰਦਿਆਂ ਵਿਚ ਬਹੁਤ ਅਨੰਦ ਵਧਿਆ ਹੈ"॥੧੮॥

ਸੁਨਿ ਪ੍ਰਸੰਨ ਸਤਿਗੁਰ ਹੁਇ ਆਯੋ। ਢਿਗ ਤੇ ਪਾਗ ਦਿਵਾਇ ਪਠਾਯੋ।
ਕਹਜੋ 'ਦੇਹੁ ਸੁਧਿ ਤਿਨ ਕਹੁ ਜਾਈ'। ਛੁਟਜੋ ਹਸਨ ਖਾਂ ਗਮਨਜੋ ਧਾਈ॥੧੯॥

ਇਹ ਸੁਣ ਕੇ ਸਤਿਗੁਰੂ ਜੀ ਪ੍ਰਸੰਨ ਹੋ ਗਏ ਤੇ ਆਪਣੇ ਪਾਸੋਂ ਪੱਗ ਦੇ ਕੇ ਭੇਜ ਦਿੱਤਾ ਤੇ ਕਿਹਾ, "ਉਨ੍ਹਾਂ ਨੂੰ ਜਾ ਕੇ ਖਬਰ ਦੇਵੀਂ।" ਹਸਨ ਖਾਂ ਛੁਟਕਾਰਾ ਮਿਲਣ ਤੇ ਬੜੀ ਤੇਜ਼ੀ ਨਾਲ ਚਲਾ ਗਿਆ॥੧੯॥

ਲਲਾਬੇਗ ਕੋ ਮਿਲਜੋ ਅਗਾਰੀ। ਆਵਤਿ ਲਿਏ ਜੁ ਲਸ਼ਕਰ ਭਾਰੀ।
ਕਰਜੋ ਸਲਾਮ ਖਰੋ ਤਬਿ ਭਯੋ। 'ਕਹੁ ਸੁਧ ਜਿਸ ਕਾਰਨ ਤੂੰ ਗਯੋ॥ ੨੦॥

ਅੱਗੋਂ ਜਾ ਕੇ ਲਲਾ ਬੇਗ ਨੂੰ ਮਿਲਿਆ, ਜਿਹੜਾ ਵੱਡੇ ਲਸ਼ਕਰ ਨੂੰ ਲੈ ਕੇ ਆ ਰਿਹਾ ਸੀ। ਖੜੇ ਹੋ ਕੇ ਉਸ ਨੂੰ ਸਲਾਮ ਕੀਤਾ, ਲਲਾ ਬੇਗ ਨੇ ਫਿਰ ਕਿਹਾ, "ਖਬਰ ਦੇਵੀਂ ਜਿਸ ਕਾਰਨ ਤੂੰ ਗਿਆ ਸੀ॥੨੦॥

ਕਿਤਿਕ ਸੈਨ ਸੋ ਗੁਰ ਹੈ ਕਹਾਂ?। ਭਾਜਿ ਕਿ ਨਹਿਂ ਪਿਖਿ ਲਸ਼ਕਰ ਮਹਾਂ?।
ਲਰਨ ਹੇਤੁ ਗਾਢੋ ਭੀ ਦੇਖਾ?। ਭਾਖਹੁ ਭੇਤ ਜੁ ਕੀਨਿ ਪਰੇਖਾ'॥ ੨੧॥

ਕਿੰਨੀ ਸੈਨਾ ਹੈ ਤੇ ਗੁਰੂ ਕਿੱਥੇ ਹੈ? ਵੱਡੇ ਲਸ਼ਕਰ ਨੂੰ ਵੇਖ ਕੇ ਭਜਿਆ ਹੈ ਕਿ ਨਹੀਂ? ਕੀ ਉਹ ਲੜਨ ਵਾਸਤੇ ਵੀ ਤਿਆਰ ਹੈ ਕੀ ਇਹ ਵੀ ਵੇਖਿਆ ਹੈ? ਉਹ ਭੇਦ ਦੱਸੋ ਜੋ ਕੁਝ ਤੂੰ ਵੇਖਿਆ ਹੈ"॥੨੧॥

ਸੁਨਤਿ ਹਸਨਖਾਂ ਭੇਵ ਬਤਾਯੋ। 'ਡੇਰਾ ਗੁਰ ਉਜਾਰ ਮਹਿਂ ਪਾਯੋ।
ਜਲ ਕੇ ਤਾਲ ਚੁਗਿਰਦੇ ਘੇਰਾ। ਲਰਨ ਹੇਤੁ ਉਤਸਾਹੁ ਘਨੇਰਾ॥ ੨੨॥

ਇਹ ਸੁਣ ਕੇ ਹਸਨ ਖਾਂ ਨੇ ਭੇਦ ਦੱਸਿਆ, "ਗੁਰੂ ਜੀ ਨੇ ਇਕ ਉਜਾੜ ਵਿਚ ਡੇਰਾ ਲਾਇਆ ਹੈ, ਸਾਰੀ ਸੈਨਾ ਨੇ ਸਰੋਵਰ ਦੇ ਚੌਗਿਰਦ ਘੇਰਾ ਪਾਇਆ ਹੈ ਤੇ ਲੜਨ ਵਾਸਤੇ ਉਨ੍ਹਾਂ ਵਿਚ ਬੜਾ ਉਤਸ਼ਾਹ ਹੈ॥੨੨॥

ਕਰਹਿਂ ਉਡੀਕਨਿ ਭਟ ਬਲਵਾਨਾ। ਤੁਰੰਗ ਜ਼ੀਨ ਧਰਿ ਆਯੁਧ ਨਾਨਾ।
ਤਿਨ ਕੈ ਕਹਾਂ ਪਲਾਵਨ ਬਾਤ। ਚਾਹਤਿ ਹੈਂ ਸਭਿ ਲਸ਼ਕਰ ਘਾਤ॥ ੨੩॥

ਉਨ੍ਹਾਂ ਦੇ ਬਲਵਾਨ ਸੂਰਮੇ ਤੁਹਾਡੀ ਇੰਤਜ਼ਾਰ ਕਰ ਰਹੇ ਹਨ, ਘੋੜਿਆਂ ਤੇ ਕਾਠੀਆਂ ਪਾ ਕੇ ਕਈ ਪ੍ਰਕਾਰ ਦੇ ਹਥਿਆਰ ਧਾਰਨ ਕੀਤੇ ਹਨ। ਉਨ੍ਹਾਂ ਵਿਚ ਭੱਜਣ ਵਾਲੀ ਕਿਹੜੀ ਗੱਲ ਹੈ, ਉਹ ਤਾਂ ਤੁਹਾਡੇ ਸਾਰੇ ਲਸ਼ਕਰ ਦਾ ਘਾਤ ਕਰਨਾ ਚਾਹੁੰਦੇ ਹਨ॥੨੩॥

ਮੋਹਿ ਰਿਦੇ ਮਹਿਂ ਐਸੀ ਆਵੈ। ਸੋ ਭਟ, ਤੁਮ ਹਜ਼ਾਰ ਕੋ ਘਾਵੈ।
ਗੁਰੂ ਬਿਲੰਦ ਬਲੀ ਸਮ ਸ਼ੇਰ। ਕਰਹਿ ਪ੍ਰਤੀਖਨਿ ਗਹਿ ਸ਼ਮਸ਼ੇਰ॥ ੨੪॥

ਮੇਰੇ ਹਿਰਦੇ ਵਿਚ ਇਸ ਤਰ੍ਹਾਂ ਆਉਂਦਾ ਹੈ, ਉਨ੍ਹਾਂ ਦਾ ਸੌ ਸੂਰਮਾ ਤੁਹਾਡੇ ਹਜ਼ਾਰ ਨੂੰ ਮਾਰੇਗਾ। ਗੁਰੂ ਜੀ ਸ਼ੇਰ ਵਾਂਗ ਵੱਡੇ ਬਲਵਾਨ ਸੂਰਬੀਰ ਹਨ, ਉਹ ਤਲਵਾਰ ਹੱਥ ਵਿਚ ਫੜ ਕੇ ਤੁਹਾਡਾ ਇੰਤਜ਼ਾਰ ਕਰ ਰਹੇ ਹਨ॥੨੪॥

ਮ੍ਰਿਗਨਿ ਮਨਿੰਦ ਬ੍ਰਿੰਦ ਤੁਵ ਸੈਨਾ। ਤੁਮ ਮਹਿਂ ਤਿਨ ਕੀ ਸਮਤਾ ਹੈ ਨਾ।
ਦਲ ਹੈ ਅਲਪ ਤਊ ਸਮ ਬਾਜ਼। ਕਾਕ ਬਟੇਰਾ ਤੋਹਿ ਸਮਾਜ॥ ੨੫॥

ਤੇਰੀ ਸੈਨਾ ਹਿਰਨਾਂ ਵਾਂਗ ਹੈ, ਤੇਰੇ ਵਿਚ ਉਨ੍ਹਾਂ ਦੀ ਬਰਾਬਰੀ ਨਹੀਂ ਹੈ, ਭਾਵੇਂ ਫੌਜ ਥੋੜ੍ਹੀ ਹੈ, ਫਿਰ ਵੀ ਉਹ ਬਾਜ਼ ਵਾਂਗ ਹਨ, ਤੇਰੀ ਸੈਨਾ ਕਾਂ ਬਟੇਰਿਆਂ ਵਰਗੀ ਹੈ॥੨੫॥

ਚਾਰ ਹਜ਼ਾਰ ਭਟਨਿ ਕੇ ਟੋਲ। ਚਾਰਹੁਂ ਕਰੇ ਸ਼ੇਰ ਸਮ ਬੋਲ'।
ਸੁਨਿ ਕਰਿ ਬਾਕ ਦੂਤ ਕੇ ਸਾਚੇ। ਤੁਰਕ ਤੁਰਕਪਤਿ ਸਭਿ ਰਿਸ ਰਾਚੇ॥ ੨੬॥

ਚਾਰ ਹਜ਼ਾਰ ਸੂਰਮਿਆਂ ਦਾ ਦਲ, ਚਾਰੇ ਸ਼ੇਰ ਸਮਾਨ ਬੋਲਦੇ ਹਨ।'' ਦੂਤ ਦੇ ਅਜਿਹੇ ਸੱਚੇ ਬੋਲ ਸੁਣ ਕੇ, ਤੁਰਕ ਤੇ ਤੁਰਕਾਂ ਦੇ ਸੈਨਾਪਤੀ ਗੁੱਸੇ ਨਾਲ ਭਰ ਗਏ॥੨੬॥

'ਇਹੁ ਕਜਾ ਮੂਰਖ ਕਰਤਿ ਬਖਾਨ। ਬਡ ਜੋਧਾ ਹੌਂ ਬਿਦਤਿ ਜਹਾਨ।
ਕਈ ਜੰਗ ਮੈਂ ਰਿਪੁ ਗਨ ਹਤੇ। ਕਰਿ ਪੁਰਸ਼ਾਰਥ ਲੀਨਸਿ ਫਤੇ' ॥ ੨੭॥

ਉਨ੍ਹਾਂ ਕਿਹਾ, ''ਇਹ ਮੂਰਖ ਕੀ ਬੋਲ ਰਿਹਾ ਹੈ, ਮੈਂ ਜਹਾਨ ਵਿਚ ਵੱਡੇ ਯੋਧੇ ਦੇ ਤੌਰ ਤੇ ਮਸ਼ਹੂਰ ਹਾਂ, ਕਈ ਜੰਗਾਂ ਵਿਚ ਮੈਂ ਬਹੁਤ ਵੈਰੀ ਮਾਰੇ ਹਨ ਅਤੇ ਉੱਦਮ ਕਰਕੇ ਕਈ ਜਿਤਾ ਪ੍ਰਾਪਤ ਕੀਤੀਆਂ ਹਨ॥੨੭॥

ਪਾਨ ਬਾਰਨੀ ਕੋ ਕਰਿ ਰਹ੍ਯੋ। ਸੁਨਤਿ ਦੂਤ ਤੇ ਰਿਸ ਕਰਿ ਕਹ੍ਯੋ।
'ਇਹ ਕੁਛ ਗੁਰ ਤੇ ਲੈ ਕਰਿ ਆਯੋ। ਕਹਿ ਕਰਿ ਚਾਹਤਿ ਹਮੈਂ ਡਰਾਯੋ ॥੨੮॥

ਉਸ ਸਮੇਂ ਸ਼ਰਾਬ ਪੀਤੀ ਹੋਈ ਸੀ, ਦੂਤ ਪਾਸੋਂ ਸੁਣ ਕੇ ਬਹੁਤ ਗੁੱਸਾ ਕਰਕੇ ਕਿਹਾ, ''ਇਹ ਗੁਰੂ ਪਾਸੋਂ ਕੁਝ ਲੈ ਕੇ ਆਇਆ ਹੈ, ਉਨ੍ਹਾਂ ਬਾਰੇ ਇਸ ਤਰ੍ਹਾਂ ਕਹਿ ਕੇ ਸਾਨੂੰ ਡਰਾਉਣਾ ਚਾਹੁੰਦਾ ਹੈ॥੨੮॥

ਦੁਸ਼ਮਨ ਕੋ ਪੱਖੀ ਇਹ ਜਾਨਾ। ਤਿਸ ਕੀ ਜੀਤ, ਹਮਹਿੰ ਚਹਿ ਹਾਨਾ।
ਪਨਹੀ ਮਾਰਹੁ ਦੇਹੁ ਨਿਕਾਸੀ। ਬਹੁਰ ਨ ਕਹੈ ਆਨਿ ਕੋ ਪਾਸੀ॥ ੨੯॥

ਅਸੀਂ ਇਸ ਨੂੰ ਦੁਸ਼ਮਣ ਦਾ ਪੱਖੀ ਜਾਣਿਆ ਹੈ, ਉਨ੍ਹਾਂ ਦੀ ਜਿੱਤ ਤੇ ਸਾਡਾ ਨੁਕਸਾਨ ਚਾਹੁੰਦਾ ਹੈ। ਇਸ ਨੂੰ ਜੁੱਤੀਆਂ ਮਾਰ ਕੇ ਕੱਢ ਦੇਵੋ, ਦੁਬਾਰਾ ਫਿਰ ਸਾਡੇ ਪਾਸ ਆ ਕੇ ਨਾ ਕਹੇ॥੨੯॥

ਗੁਰ ਤਰੀਫ, ਕਰਿ ਨਿੰਦ ਹਮਾਰੀ। ਕਹਾਂ ਮਤੀ ਇਨ ਮੂਢ ਬਿਚਾਰੀ।
ਇਮ ਕਹਿ ਮਾਰਤਿ ਖੇਦਿ ਖਦੇਰਾ। ਜਾਨਿ ਅਨਾਦਰ ਬਹੁ ਨਿਜ ਕੇਰਾ॥ ੩੦॥

ਗੁਰੂ ਦੀ ਸਿਫਤ ਕਰਦਾ ਹੈ ਤੇ ਸਾਡੀ ਨਿੰਦਿਆ, ਇਸ ਮੂਰਖ ਨੇ ਇਹ ਕੈਸੀ ਮੱਤ ਵਿਚਾਰੀ ਹੈ।'' ਇਸ ਤਰ੍ਹਾਂ ਕਹਿ ਕੇ ਮਾਰਿਆ ਤੇ ਦੁਖ ਦੇ ਕੇ ਨਸਾ ਦਿੱਤਾ। ਆਪਣਾ ਬੜਾ ਅਨਾਦਰ ਹੋਇਆ ਜਾਣ ਕੇ ਹਸਨ ਖਾਂ ਨੇ ਸੋਚਿਆ॥੩੦॥

'ਗੁਰੂ ਪੀਰ ਕੇ ਨਿਕਟਿ ਸਿਧਾਊਂ। ਮਨ ਬਾਂਛਤਿ ਤਿਨ ਤੇ ਬਰ ਪਾਊਂ।'
ਸੁਮਤਿਵੰਤ ਇਮ ਰਿਦੈ ਬਿਚਾਰਾ। ਸ਼ੀਘ੍ਰ ਗੁਰੂ ਕੇ ਨਿਕਟਿ ਸਿਧਾਰਾ॥ ੩੧॥

''ਗੁਰੂ ਪੀਰ ਦੇ ਪਾਸ ਜਾਂਦਾ ਹਾਂ, ਉਨ੍ਹਾਂ ਪਾਸੋਂ ਮਨ-ਇੱਛਤ ਵਰ ਪਾਵਾਂਗਾ।'' ਸ੍ਰੇਸ਼ਟ ਅਕਲਮੰਦ ਨੇ ਹਿਰਦੇ ਵਿਚ ਇਸ ਤਰ੍ਹਾਂ ਵਿਚਾਰ ਕੀਤੀ ਤੇ ਛੇਤੀ ਹੀ ਗੁਰੂ ਜੀ ਦੇ ਪਾਸ ਚਲਾ ਗਿਆ॥੩੧॥

ਕਹਿ ਨਿਜ ਨਾਮ ਬੂਝ ਕਰਿ ਕਹ੍ਯੋ। ਸੀਸ ਨਿਵਾਇ ਸਮੁਖ ਗੁਰ ਭਯੋ।
'ਆਨਿ ਪਰ੍ਯੋ ਮੈਂ ਰਾਵਰਿ ਸ਼ਰਨੀ। ਜਾਇ ਪ੍ਰਸੰਸਾ ਤਿਨ ਢਿਗ ਬਰਨੀ॥ ੩੨॥

ਸਿਰ ਨਿਵਾ ਗੁਰੂ ਜੀ ਸਾਹਮਣੇ ਹੋ ਗਿਆ ਤੇ ਆਪਣਾ ਨਾਂ ਕਹਿ ਕੇ ਕਿਹਾ, 'ਮੈਂ ਆਪ ਜੀ ਦੀ ਸ਼ਰਨ ਵਿਚ ਆ ਪਿਆ ਹਾਂ, ਮੈਂ ਉਨ੍ਹਾਂ ਪਾਸ ਜਾ ਕੇ ਜਦ ਤੁਹਾਡੀ ਪ੍ਰਸੰਸਾ ਕੀਤੀ॥੩੨॥

ਸਹਿ ਨ ਸਕੇ ਮਤਿਮੰਦ ਗੁਮਾਨੀ। ਮਾਰ੍ਯੋ ਮੋਹਿ ਕਟਕ ਕਹਿ ਬਾਨੀ।
ਰਾਖਹੁ ਲਾਜ ਪੀਰ ਜੀ ਮੋਰੀ। ਨਹੀਂ ਅਲੰਬ ਰਹ੍ਯੋ ਅਬਿ ਹੋਰੀ' ॥ ੩੩॥

ਮਾੜੀ ਮੱਤ ਵਾਲੇ ਘੁਮੰਡੀ ਉਸ ਨੂੰ ਸਹਿ ਨਾ ਸਕੇ ਤੇ ਕੌੜੇ ਬੋਲ ਬੋਲ ਕੇ ਮੈਨੂੰ ਮਾਰਿਆ। ਹੇ ਪੀਰ ਜੀ ! ਹੁਣ ਮੇਰੀ ਲਾਜ ਰਖੋ, ਮੇਰਾ ਹੁਣ ਕੋਈ ਹੋਰ ਆਸਰਾ ਨਹੀਂ ਰਿਹਾ ਹੈ' ॥੩੩॥

ਕ੍ਰਿਪਾ ਨਿਧਾਨ ਕ੍ਰਿਪਾ ਸੁਨਿ ਕਰੀ। 'ਹਮ ਹਿਤ ਲਖ੍ਯੋ ਮਾਰ ਇਸ ਪਰੀ'।
ਮ੍ਰਿਦੁਲ ਬਾਕ ਕਹਿ ਦੀਨਸਿ ਧੀਰ। 'ਪਿਖਹੁ ਜੰਗ ਰਹਿ ਕਰਿ ਹਮ ਤੀਰ' ॥੩੪॥

ਕ੍ਰਿਪਾ ਨਿਧਾਨ ਨੇ ਸੁਣ ਕੇ ਕ੍ਰਿਪਾ ਕੀਤੀ, "ਸਾਡਾ ਹਿਤੂ ਸਮਝ ਕੇ ਇਸ ਨੂੰ ਮਾਰ ਪਈ ਹੈ।" ਗੁਰੂ ਜੀ ਨੇ ਫਿਰ ਮਿੱਠੇ ਬਚਨ ਬੋਲ ਕੇ ਉਸ ਨੂੰ ਧੀਰਜ ਦਿੱਤਾ, "ਸਾਡੇ ਪਾਸ ਰਹਿ ਕੇ ਜੰਗ ਵੇਖੋ" ॥੩੪॥

ਜੋਧ ਨਿਕਟਿ ਬੈਠੇ ਤਬਿ ਭਾਖਜੋ। 'ਨੀਕੀ ਨਹੀਂ, ਨਿਕਟਿ ਇਸ ਰਾਖਜੋ।
ਛਲ ਕੋ ਕਰਤਿ ਰਹੈ ਦਲ ਬੀਚ। ਦੇਖਿ ਭੇਤ ਕਹਿ ਤੁਰਕਨਿ ਨੀਚ ॥ ੩੫ ॥

ਉਸ ਸਮੇਂ ਜੋਧ ਪਾਸ ਬੈਠਾ ਸੀ, ਉਸ ਕਿਹਾ, "ਇਸ ਨੂੰ ਪਾਸ ਰੱਖਣਾ ਠੀਕ ਨਹੀਂ, ਇਹ ਦਲ ਵਿਚ ਛਲ ਕਰਦਾ ਰਹੇਗਾ, ਤੇ ਵੇਖ ਕੇ ਨੀਚ ਤੁਰਕਾਂ ਨੂੰ ਭੇਦ ਦਿੰਦਾ ਰਹੇਗਾ॥੩੫॥

ਬਿਗਸਤਿ ਕਹਜੋ ਗੁਰੂ 'ਸੁਨਿ ਜੋਧ !। ਹਮ ਜਸੁ ਸੁਨਿ ਹੁਇ ਤੁਰਕ ਸਕ੍ਰੋਧ।
ਆਨਿ ਪਰੈ ਕੋ ਸ਼ਰਨ ਜਦਾਈ। ਨਹਿਂ ਤਜਾਗਹਿ ਮੈਂ ਕਰੌਂ ਕਦਾਈ॥ ੩੬ ॥

ਜੋਧ ਪਾਸੋਂ ਸੁਣ ਕੇ ਗੁਰੂ ਜੀ ਨੇ ਮੁਸਕਰਾ ਕੇ ਕਿਹਾ, "ਸਾਡਾ ਜੱਸ ਸੁਣ ਕੇ ਤੁਰਕ ਕ੍ਰੋਧ ਵਿਚ ਆਏ ਹਨ, ਜਿਹੜਾ ਕੋਈ ਮੇਰੀ ਇਕ ਵਾਰ ਸ਼ਰਨ ਆ ਪਵੇ, ਫਿਰ ਉਸ ਨੂੰ ਕਦੀ ਵੀ ਤਿਆਗਦਾ ਨਹੀਂ ਹਾਂ॥੩੬॥

ਇਹਾਂ ਨ ਰੱਛਜਾ ਕਰਿ ਦਿਖਰਾਵੌਂ। ਤੌ ਜਮ ਤੇ ਮੈਂ ਕਹਾਂ ਬਚਾਵੌਂ।
ਐਸੋ ਬਿਰਦ ਜਾਨੀਐ ਮੋਹਿ। ਸੋ ਸਭਿ ਸਾਚ ਸੁਨਾਵੌਂ ਤੋਹਿ॥ ੩੭ ॥

ਜੇ ਏਥੇ ਰਖਿਆ ਕਰਕੇ ਨਹੀਂ ਵਿਖਾਵਾਂਗਾ ਤਾਂ ਮੈਂ ਜਮ ਪਾਸੋਂ ਕਿਵੇਂ ਬਚਾਵਾਂਗਾ, ਐਸੇ ਮੇਰਾ ਧਰਮ ਜਾਣੋ, ਮੈਂ ਤੁਹਾਨੂੰ ਸਭ ਸੱਚ ਸੁਣਾਉਂਦਾ ਹਾਂ॥੩੭॥

ਬਿਨ ਅਲੰਬ ਹੁਇ ਦੀਨ, ਲਚਾਰੀ। ਕਹੈ ਜੁ ਮੈਂ ਅਬਿ ਸ਼ਰਨ ਤੁਮਾਰੀ।
ਤਿਸ ਕੀ ਰੱਛਜਾ ਉਰ ਅਭਿਲਾਖੌਂ। ਕਜਾ ਨਰ ਬਪੁਰਾ, ਜਮ ਤੇ ਰਾਖੌਂ॥ ੩੮ ॥

ਆਸਰੇ ਤੋਂ ਬਗੈਰ ਦੀਨ ਅਤੇ ਲਾਚਾਰ ਹੋ ਗਿਆ ਹੈ, ਇਸ ਨੇ ਜੋ ਹੁਣ ਕਿਹਾ ਹੈ ਕਿ ਮੈਂ ਤੁਹਾਡੀ ਸ਼ਰਨ ਵਿਚ ਆਇਆ ਹਾਂ। ਇਸ ਕਰਕੇ ਇਸ ਦੀ ਹੁਣ ਮੈਂ ਦਿਲੋਂ ਰਖਿਆ ਕਰਨੀ ਚਾਹੁੰਦਾ ਹਾਂ, ਮਨੁੱਖ ਵਿਚਾਰਾ ਕੀ ਹੈ, ਜਮ ਤੋਂ ਬਚਾ ਲਵਾਂਗਾ॥੩੮॥

ਲੇਯ ਭੇਤ ਤੌ ਕਜਾ ਹੁਇ ਮੇਰਾ। ਹਤੌਂ ਛਿਨਕ ਮਹਿਂ ਦਲ ਰਿਪੁ ਕੇਰਾ।
ਦੇਊਂ ਮਾਲਕੀ ਕਾਬਲ ਸਾਰੀ। ਇਹ ਉਮਰਾਵ ਕਰੋਂ ਤਿਨ ਮਾਰੀ॥ ੩੯ ॥

ਭੇਦ ਲੈਣ ਨਾਲ ਮੇਰਾ ਕੀ ਵਿਗੜ ਜਾਵੇਗਾ, ਮੈਂ ਕੁਝ ਸਮੇਂ ਵਿਚ ਹੀ ਵੈਰੀ ਦਾ ਦਲ ਮਾਰ ਦੇਵਾਂਗਾ। ਇਸ ਨੂੰ ਸਾਰੇ ਕਾਬਲ ਦੀ ਮਾਲਕੀ ਦੇਵਾਂਗਾ, ਉਨ੍ਹਾਂ ਨੂੰ ਮਾਰ ਕੇ ਇਸ ਨੂੰ ਉਮਰਾਵ ਬਣਾਵਾਂਗਾ॥੩੯॥

ਮਨਸਬ ਸ਼ਾਹੁ ਸਮੀਪ ਦਿਵਾਊਂ। ਇਸ ਤੇ ਕਾਬਲ ਰਾਜ ਕਰਾਊਂ।
ਬਿਸਮੇ ਸਭਿ ਸੁਨਿ ਕੈ ਬਚ ਐਸਾ। 'ਇਹੁ ਤੌ ਭਯੋ ਬਿਭੀਖਨ ਜੈਸਾ॥ ੪੦ ॥

ਬਾਦਸ਼ਾਹ ਦੇ ਪਾਸੋਂ ਇਸ ਨੂੰ ਰੁਤਬਾ ਦਵਾਵਾਂਗਾ, ਇਸ ਪਾਸੋਂ ਕਾਬਲ ਦਾ ਰਾਜ ਕਰਾਵਾਂਗਾ।" ਇਸ ਤਰ੍ਹਾਂ ਦੇ ਬਚਨ ਸੁਣ ਕੇ ਸਾਰੇ ਹੈਰਾਨ ਹੋਏ ਤੇ ਕਹਿਣ ਲੱਗੇ, "ਇਹ ਤਾਂ ਵਿਭੀਖਣ ਜੈਸਾ ਹੋ ਗਿਆ ਹੈ॥੪੦॥

ਆਨਿ ਮਿਲਜੋ ਸਲਿਤਾਪਤਿ ਉਰੇ। ਲੰਕਾਪਤਿ ਸ੍ਰੀ ਰਘੁਬਰ ਕਰੇ।
ਸੁਨਿ ਕਰਿ ਜੋਧ ਬੰਦਨਾ ਕੀਨਿ। ਰਾਮਚੰਦ ਇਹੁ ਰੂਪ ਸੁ ਚੀਨ॥ ੪੧ ॥

ਸਮੁੰਦਰ ਤੋਂ ਉਰੇ ਆ ਕੇ ਮਿਲ ਪਿਆ, ਤਾਂ ਸ੍ਰੀ ਰਾਮ ਨੇ ਲੰਕਾਪਤੀ ਬਣਾ ਦਿੱਤਾ।" ਇਹ ਸੁਣ ਕੇ ਰਾਇ ਜੋਧ ਨੇ ਬੰਦਨਾ ਕੀਤੀ, ਇਹ ਰਾਮ ਚੰਦਰ ਦਾ ਰੂਪ ਹਨ, ਇਹ ਸਮਝਿਆ॥੪੧॥

ਸਭਿ ਮਹਿਂ ਭਯੋ ਬਿਦਤਿ ਬਿਰਤਾਂਤ। ਸ੍ਰੀ ਸਤਿਗੁਰ ਕੀਨੋ ਜਿਸ ਭਾਂਤਿ।
'ਧੰਨ ਧੰਨ' ਸਭਿ ਬਦਨ ਉਚਾਰੇ। ਦੀਨਦਯਾਲ ਕੋ ਬਿਰਦ ਬਿਚਾਰੇ॥ ੪੨॥

ਸਾਰਿਆਂ ਵਿਚ ਇਹ ਬਿਰਤਾਂਤ ਮਸ਼ਹੂਰ ਹੋ ਗਿਆ, ਸ੍ਰੀ ਸਤਿਗੁਰੂ ਜੀ ਨੇ ਜਿਸ ਭਾਂਤ ਕੀਤਾ ਸੀ। ਸਾਰਿਆਂ ਨੇ ਮੁੱਖ ਤੋਂ ਉਚਾਰਿਆ, "ਧੰਨ ਧੰਨ ਸਤਿਗੁਰੂ ਜੀ" ਦੀਨ ਦਿਆਲ ਗੁਰੂ ਜੀ ਨੇ ਆਪਣੇ ਧਰਮ ਨੂੰ ਪਛਾਨਿਆ ਹੈ॥੪੨॥

ਅਰਧ ਰਾਤਿ ਹੋਈ ਤਬਿ ਆਇ। ਕਹਤਿ ਹਸਨ ਖਾਂ 'ਰਿਪੁ ਸਮੁਦਾਇ।
ਪਹੁੰਚੇ ਜਾਨਹੁ ਰਖੀਅਹਿ ਤਯਾਰੀ। ਬੀਚ ਤੁਫੰਗ ਦਰੋਗਨਿ ਡਾਰੀ'॥ ੪੩॥

ਤਦ ਅੱਧੀ ਰਾਤ ਹੋ ਗਈ, ਹਸਨ ਖਾਂ ਕਹਿਣ ਲੱਗਾ, "ਸਾਰੇ ਵੈਰੀ ਪਹੁੰਚੇ ਸਮਝੋ, ਇਸ ਲਈ ਤਿਆਰੀ ਰਖੋ ਤੇ ਬੰਦੂਕਾਂ ਵਿਚ ਦੋ ਗੋਲੀਆਂ ਭਰ ਲਵੋ"॥੪੩॥

ਸਭਿ ਦਲ ਮਹਿਂ ਨਰ ਸਤਿਗੁਰ ਫੇਰਾ। 'ਸੁਭਟ ਸੁਚੇਤ ਬਨਹੁ ਇਸ ਬੇਰਾ'।
ਸੋ ਸਊਰ ਕੋ ਪਠਜੋ ਅਗਾਰੀ। 'ਆਇ ਤੁਰਕ ਤਹਿਂ ਦਿਹੁ ਸੁਧਿ ਸਾਰੀ'॥੪੪॥

ਸਾਰੇ ਦਲ ਵਿਚ ਸਤਿਗੁਰੂ ਜੀ ਨੇ ਇਕ ਮਨੁੱਖ ਨੂੰ ਫੇਰਿਆ, ਤੇ ਕਿਹਾ, "ਇਸ ਸਮੇਂ ਸਾਰੇ ਸੂਰਮੇ ਸੁਚੇਤ ਹੋ ਜਾਵੋ।" ਸੋ ਸਵਾਰਾਂ ਨੂੰ ਅੱਗੇ ਭੇਜਿਆ ਤੇ ਕਿਹਾ, "ਜਦ ਤੁਰਕ ਆਵੇ ਤਾਂ ਸਾਰੀ ਖ਼ਬਰ ਦੇਵੋ"॥੪੪॥

ਗੁਰ ਦਲ ਮਹਿਂ ਅੰਗੀਠੇ ਲਾਗੇ। ਜਿਨਹੁਂ ਨਿਕਟਿ ਤੇ ਪਾਲੇ ਭਾਗੇ।
ਸ਼ਸਤ੍ਰਨਿ ਜੁਤਿ ਸਿਮਰਤਿ ਜਗਦੀਸ਼। ਮਿਲ ਥਿਤਿ ਕਿਤ ਦਸ, ਪੰਦ੍ਰਾਂ, ਬੀਸ॥੪੫॥

ਗੁਰੂ ਜੀ ਦੇ ਦਲ ਵਿਚ ਅੰਗੀਠੀਆਂ ਬਲ ਰਹੀਆਂ ਸਨ, ਜਿਨ੍ਹਾ ਦੇ ਪਾਸੋਂ ਪਾਲਾ ਦੂਰ ਹੋ ਗਿਆ ਸੀ। ਉਹ ਸ਼ਸਤਰਾਂ ਸਹਿਤ ਪ੍ਰਭੂ ਦਾ ਸਿਮਰਨ ਕਰ ਰਹੇ ਸਨ ਤੇ ਮਿਲ ਕੇ ਕਿਤੇ ਦਸ, ਕਿਤੇ ਪੰਦਰ੍ਹਾਂ ਤੇ ਵੀਹ ਬੈਠੇ ਸਨ॥੪੫॥

ਸਭਿ ਸੁਭਟਨਿ ਕੇ ਤਨ ਬਿਨ ਪਾਲੇ। ਹਤਨ ਰਿਪੁਨਿ ਸਵਧਾਨ ਬਿਸਾਲੇ।
ਨਿਸ ਮਹਿਂ ਤੁਰਕ ਚਢੇ ਸਭਿ ਆਏ। ਜੜ ਸਮ ਸੀਤ ਕਰੇ ਨਰ ਪਾਏ॥੪੬॥

ਸਾਰੇ ਸੂਰਮਿਆਂ ਦੇ ਸਰੀਰ ਠੰਢ ਰਹਿਤ ਸਨ, ਉਹ ਵੈਰੀਆਂ ਨੂੰ ਮਾਰਨ ਵਾਸਤੇ ਪੂਰਨ ਸਾਵਧਾਨ ਸਨ। ਰਾਤ ਸਮੇਂ ਸਭ ਤੁਰਕ ਚੜ੍ਹ ਕੇ ਆ ਗਏ ਤੇ ਠੰਢ ਨੇ ਉਨ੍ਹਾਂ ਦੇ ਹੱਥ ਪੈਰ ਠਾਰ ਕੇ ਜੜ੍ਹ ਵਾਂਗ ਕਰ ਦਿੱਤੇ ਸਨ॥੪੬॥

*ਸੱਤਵੀਂ ਰਾਸ ਦਾ ਤਰਤਾਲੀਵਾਂ ਅਧਿਆਇ ਸਮਾਪਤ ਹੋਇਆ॥੪੩॥*

## ਅਧਿਆਇ ਚਤਾਲੀਵਾਂ

*ਜੰਗ ਸ਼ੁਰੂ*

ਦੋਹਰਾ-ਜਾਮ ਦਿਵਸ ਕੇ ਚਢੇ ਤੇ ਲਵਪੁਰਿ ਤੇ ਪ੍ਰਸਥਾਨ।
ਤੀਨ ਜਾਮ ਮਾਰਗ ਚਲੇ ਪੁਨ ਨਿਸ ਕੀਨਿ ਪਯਾਨ॥ ੧॥

ਪਹਿਰ ਦਿਨ ਚੜ੍ਹਨ ਤੇ ਲਾਹੌਰ ਤੋਂ ਚਲੇ ਸਨ, ਤਿੰਨ ਪਹਿਰ ਰਾਹ ਵਿਚ ਚਲਦੇ ਰਹੇ ਤੇ ਰਾਤ ਨੂੰ ਫਿਰ ਚਲ ਪਏ॥੧॥

ਚੌਪਈ- ਕੁਛ ਬਿੱਸ੍ਰਾਮ ਕੀਨਿ ਸ੍ਰਮ ਹੋਏ। ਦੋ ਇਕ ਜਾਮ ਨੀਠਿ ਹੀ ਸੋਏ।
ਬਹੁਰ ਚਢੇ ਦਿਨ ਸਗਰੇ ਚਾਲੇ। ਚਾਰ ਜਾਮ ਮਹਿਂ ਪੰਥ ਬਿਸਾਲੇ॥ ੨ ॥

ਥੱਕਿਆ ਹੋਇਆ ਨੇ ਕੁਝ ਬਿਸ਼ਰਾਮ ਕੀਤਾ, ਦੋ ਇਕ ਪਹਿਰ ਮਸਾਂ ਹੀ ਸੁੱਤੇ ਸਨ, ਫਿਰ ਦਿਨ ਚੜ੍ਹਦਿਆਂ ਹੀ ਸਾਰੇ ਚਲ ਪਏ। ਚਾਰ ਪਹਿਰਾਂ ਵਿਚ ਸਾਰਾ ਪੈਂਡਾ ਤਹਿ ਕੀਤਾ॥੨॥

ਬਹੁਰ ਨਿਸਾ ਦੂਸਰਿ ਹੁਇ ਆਈ। ਕਿਸ ਕਿਸ ਖਾਨੋ ਕੀਨਿ ਬਨਾਈ।
ਦਾਨਾ ਦੀਨਸਿ ਕਿਨਹੁਂ ਨਿਹਾਰੀ। ਤਊ ਸ੍ਰਮਤਿ ਬਡ ਭੇ ਮਗ ਭਾਰੀ ॥ ੩ ॥

ਫਿਰ ਦੂਸਰੀ ਰਾਤ ਹੋ ਗਈ, ਕਿਸੇ-ਕਿਸੇ ਨੇ ਖਾਣਾ ਖਾਧਾ, ਘੋੜਿਆਂ ਨੂੰ ਕਿਸੇ ਦਾਣੇ ਖਵਾਏ, ਕਿਸੇ ਨੇ ਨਿਹਾਰੀ ਚਾਰੀ। ਫਿਰ ਵੀ ਵੱਡਾ ਪੈਂਡਾ ਤੈਅ ਕਰਨ ਕਰਕੇ ਬਹੁਤ ਥੱਕੇ ਸਨ॥੩॥

ਰੂਪਾ ਗ੍ਰਾਮ ਉਲੰਘਿ ਕਰਿ ਆਏ। ਬਹੁ ਗ੍ਰਾਮਨ ਕੇ ਆਗੂ ਲਜਾਏ।
ਕਹੈਂ ਕਿ 'ਜਿਸ ਥਲ ਗੁਰ ਕੋ ਡੇਰਾ। ਹਮਹਿਂ ਦਿਖਾਇ ਦੇਹੁ ਇਕ ਬੇਰਾ ॥੪ ॥

ਰੂਪਾ ਪਿੰਡ ਲੰਘ ਕੇ ਆਏ, ਫਿਰ ਬਹੁਤ ਪਿੰਡਾਂ ਦੇ ਆਗੂਆਂ ਨੂੰ ਲਿਆਏ, ਕਹਿੰਦੇ ਸਨ ''ਜਿਸ ਥਾਂ ਗੁਰੂ ਦਾ ਡੇਰਾ ਹੈ, ਸਾਨੂੰ ਉਹ ਥਾਂ ਇਕ ਵਾਰ ਵਿਖਾ ਦੇਵੋ'' ॥੪॥

ਗ੍ਰਾਮਨਿ ਕੇ ਨਰ ਕੋ ਬਹੁ ਤਾਰੈਂ। ਡਰਿ ਕਰਿ ਆਗੂ ਅੱਗ੍ਰ ਪਧਾਰੈ।
ਤ੍ਰੌਦਸ ਜਾਮ ਸੁ ਚਲਤਿ ਬਿਤਾਏ। ਚੌਦਸਮੇਂ ਮਹਿਂ ਗੁਰ ਨਿਯਰਾਏ॥ ੫ ॥

ਪਿੰਡਾਂ ਦੇ ਮਨੁੱਖਾਂ ਨੂੰ ਬਹੁਤ ਤਾੜਨਾ ਕਰਦੇ ਸਨ, ਡਰ ਕੇ ਉਹ ਆਗੂ ਬਣ ਅਗਵਾਈ ਕਰਦੇ ਸਨ। ਤੇਰਾਂ ਪਹਿਰ ਉਨ੍ਹਾਂ ਚਲ ਕੇ ਬਤੀਤ ਕੀਤੇ, ਚੌਦ੍ਹਵੇਂ ਪਹਿਰ ਵਿਚ ਗੁਰੂ ਜੀ ਦੇ ਨੇੜੇ ਆਏ॥੫॥

ਮਹਾਂ ਸ੍ਰਮਤਿ ਅਰੁ ਛੁਧਤਿ ਬਿਸਾਲੇ। ਠਰੇ ਚਰਨ ਕਰ ਲਾਗਤਿ ਪਾਲੇ।
ਤੀਨਹੁਂ ਕਾਰਨ ਤੇ ਤੁਰਕਾਨਾ। ਬਯਾਕੁਲ ਬਹੁ, ਕਿਮ ਹੁਇਂ ਸਵਧਾਨਾ ॥੬॥

ਬਹੁਤ ਥੱਕੇ ਅਤੇ ਭੁੱਖੇ ਸਨ, ਹੱਥ ਪੈਰ ਪਾਲਾ ਲੱਗਣ ਨਾਲ ਠਰ ਗਏ ਸਨ। ਤਿੰਨਾਂ ਕਾਰਨਾਂ ਕਰਕੇ ਤੁਰਕ ਬਹੁਤ ਵਿਆਕੁਲ ਹੋਏ ਸਨ, ਕਿਵੇਂ ਸਾਵਧਾਨ ਹੁੰਦੇ॥੬॥

ਲਲਾਬੇਗ ਯੁਤ ਸਭਿ ਸਰਦਾਰਾ। ਨਹਿਂ ਲਸ਼ਕਰ ਕੋ ਹਾਲ ਬਿਚਾਰਾ।
ਆਪ ਧਰੀ ਤਨ ਪਰ ਪੁਸਤੀਨ। ਤਯਾਰਿ ਕਰਾਇ ਖਾਨ ਕਰਿ ਲੀਨਿ ॥ ੭ ॥

ਲਲਾਬੇਗ ਸਮੇਤ ਸਾਰੇ ਸਰਦਾਰਾਂ ਨੇ ਲਸ਼ਕਰ ਦੇ ਹਾਲ ਬਾਰੇ ਨਾ ਵਿਚਾਰ ਕੀਤੀ। ਆਪ ਸਰੀਰ ਤੇ ਪੁਸਤੀਨ ਪਹਿਣੀ ਹੋਈ ਸੀ ਅਤੇ ਖਾਣਾ ਤਿਆਰ ਕਰਵਾ ਕੇ ਖਾ ਲਿਆ ਸੀ॥੭॥

*ਨੋਟ: ਪੁਸਤੀਨ, ਵਾਲਾਂ ਸਣੇ ਚਮੜੇ ਦਾ ਚੋਗੇ ਵਰਗਾ ਗਲ ਦਾ ਪਹਿਰਾਵਾ ਹੁੰਦਾ ਹੈ, ਜੋ ਠੰਢ ਤੋਂ ਬਚਾਉਂਦਾ ਹੈ।*

ਅਪਰ ਸੁਭਟ ਜਿਨ ਲਰਿਬੋ ਆਗੇ। ਤੀਨਹੁਂ ਕਾਰਨ ਤਿਨ ਤਨ ਲਾਗੇ।
ਕਹਿ ਬਹੁ ਰਹੇ ਨ ਕਿਨਹੂੰ ਮਾਨੀ। ਕਰੌਂ ਸ਼ੀਘ੍ਰਤਾ ਸ਼ਾਹੁ ਬਖਾਨੀ॥ ੮ ॥

ਹੋਰ ਸੂਰਮਿਆਂ ਜਿਨ੍ਹਾਂ ਅੱਗੇ ਹੋ ਕੇ ਲੜਨਾ ਸੀ, ਉਨ੍ਹਾਂ ਦੇ ਸਰੀਰਾਂ ਉਤੇ ਤਿੰਨੇ ਕਾਰਨ ਲਾਗੂ ਹੁੰਦੇ ਸਨ, ਭਾਵ ਉਹ ਥੱਕੇ ਸਨ, ਭੁੱਖੇ ਸਨ ਅਤੇ ਠੰਡ ਲੱਗਦੀ ਸੀ। ਬਹੁਤ ਕਹਿ ਰਹੇ, ਪਰ ਉਨ੍ਹਾਂ ਦੀ ਕਿਸੇ ਨੇ ਵੀ ਨਾ ਮੰਨੀ, ਛੇਤੀ ਕਰੀਏ, ਬਾਦਸ਼ਾਹ ਨੇ ਕਿਹਾ ਹੈ॥੮॥

ਪਰਮ ਦੁਖੀ ਕਰਿ ਲਸ਼ਕਰ ਲਜਾਏ। ਸੌ ਅਸਵਾਰਨਿ ਕੇ ਨਿਯਰਾਏ।
ਜਜੋਂ ਆਵਤਿ ਥੇ ਬਾਗ ਉਠਾਏ। ਤਯਾਰ ਤੁਰੰਗਨਿ ਸ਼ਲਖ ਚਲਾਏ॥ ੯ ॥

ਲਸ਼ਕਰ ਨੂੰ ਬਹੁਤ ਦੁੱਖੀ ਕਰ ਕੇ ਲਿਆਏ. ਉਹ ਸੌ ਅਸਵਾਰਾਂ ਦੇ ਨੇੜੇ ਆਏ। ਜਿਵੇਂ ਵਾਗਾਂ ਚੁੱਕੀ ਚਲੇ ਆਉਂਦੇ ਸੀ. ਉਨ੍ਹਾਂ ਨੇ ਬੰਦੂਕਾਂ ਤਿਆਰ ਕਰਕੇ ਗੋਲੀਆਂ ਚਲਾ ਦਿੱਤੀਆਂ ॥੯॥

ਕੜਾ ਕਾੜ ਜਬਿ ਇਕਠੀ ਛੋਰੀ। ਗਿਰੇ ਕਿਤਿਕ ਰਿਪੁ ਲਾਗਤਿ ਗੋਰੀ।
ਆਵਤਿ ਲਸ਼ਕਰ ਕੋ ਮੁਖ ਤੋਰਾ। ਦਿਖਤਿ ਨ ਜਾਮਨਿ ਕੋ ਤਮ ਘੋਰਾ ॥੧੦॥

ਕਾੜ-ਕਾੜ ਜਦ ਇਕੱਠੀਆਂ ਛੱਡੀਆਂ ਤਾਂ ਕਈ ਦੁਸ਼ਮਣ ਗੋਲੀਆਂ ਲੱਗਣ ਨਾਲ ਡਿੱਗ ਪਏ। ਆਉਂਦੇ ਲਸ਼ਕਰ ਦਾ ਮੂੰਹ ਤੋੜ ਦਿੱਤਾ. ਰਾਤ ਦੇ ਹਨ੍ਹੇਰੇ ਵਿਚ ਘੋੜਾ ਵੀ ਨਹੀਂ ਸੀ ਦਿਖਾਈ ਦਿੰਦਾ ॥੧੦॥

ਲਲਾਬੇਗ ਜਾਨਜੋ ਗੁਰ ਇਹਾਂ। ਝਾਰ ਮਤਾਬੀ ਜਾਰੇ ਮਹਾਂ।
ਅਨਿਕ ਮਸਾਲ ਜਲਾਵਨ ਕੀਨੇ। ਭਯੋ ਪ੍ਰਕਾਸ਼ ਦਿਸ਼ਿਨਿ ਤਮ ਹੀਨੇ ॥੧੧॥

ਲਲਾ ਬੇਗ ਨੇ ਸਮਝਿਆ ਕਿ ਗੁਰੂ ਜੀ ਏਥੇ ਹਨ, ਉਸ ਨੇ ਮਤਾਬੀਆਂ ਦੇ ਝਾੜ ਬਹੁਤ ਜਲਾਏ ਤੇ ਅਨੇਕਾਂ ਮਸ਼ਾਲਾਂ ਜਗਾਈਆਂ। ਹਰ ਪਾਸੇ ਚਾਨਣਾ ਹੋ ਗਿਆ ਤੇ ਹਨੇਰਾ ਦੂਰ ਹੋਇਆ ॥੧੧॥

ਇਮ ਕਹਿ ਸਤਿਗੁਰ ਜੋਧ ਚਢਾਯੋ। ਸੰਗੀ ਜਾਤੀ ਮਲਕ ਮਿਲਾਯੋ।
'ਪਰੇ ਹਾਥ ਇਮ ਰਿਪੁ ਮਤਿ ਮੋਟੇ। ਜਿਮ ਪ੍ਰਾਪਤਿ ਮੈਦਾਨ ਸੁ ਹੋਟੇ ॥੧੨॥

ਇਸ ਤਰ੍ਹਾਂ ਕਹਿ ਕੇ ਸਤਿਗੁਰੂ ਜੀ ਨੇ ਜੋਧ ਨੂੰ ਚੜ੍ਹਾਈ ਕਰਨ ਵਾਸਤੇ ਕਿਹਾ ਤੇ ਨਾਲ ਸਾਥੀ ਵਜੋਂ ਜਾਤੀ ਮਲਕ ਨੂੰ ਦਿੱਤਾ। ਗੁਰੂ ਜੀ ਕਿਹਾ, "ਮੱਤ ਦੇ ਮੋਟੇ ਸ਼ਤਰੂ ਇਸ ਤਰ੍ਹਾਂ ਹੱਥ ਆਏ ਹਨ ਜਿਵੇਂ ਹਾਰੇ ਹੋਏ ਮੈਦਾਨ ਵਿਚ ਵਾਪਸ ਆ ਕੇ ਮਿਲੇ ਹਨ ॥੧੨॥

ਛੁਧਤਿ ਸ੍ਰਮਤਿ, ਬਹੁ ਨੀਂਦ ਦਬਾਏ। ਪਾਰਾ ਪਰੇ ਠਰੇ ਕਰ ਪਾਏ।
ਜਾਹੁ ਬਾਜ਼ ਸਮ ਬੇਗ ਬਡੇਰੇ। ਹਤਹੁ ਤੁਰਕੁ ਜਨੁ ਲਵੇ ਬਟੇਰੇ ॥ ੧੩॥

ਭੁੱਖੇ, ਥੱਕੇ ਹੋਏ ਅਤੇ ਨੀਂਦ ਨੇ ਬਹੁਤ ਦੱਬੇ ਹੋਏ ਹਨ, ਬਹੁਤ ਠੰਢ ਪੈ ਰਹੀ ਹੈ ਤੇ ਹੱਥ ਪੈਰ ਠਰੇ ਹੋਏ ਹਨ। ਵੱਡੇ ਬਾਜ਼ ਵਾਂਗ ਬਹੁਤ ਤੇਜ਼ ਜਾ ਕੇ ਤੁਰਕਾਂ ਨੂੰ ਕੂਲੇ ਬਟੇਰਿਆਂ ਵਾਂਗ ਮਾਰ ਦੇਵੋ ॥੧੩॥

ਸਤਿਗੁਰ ਦੀਨੀ ਬਿਜੈ ਸੁਖੈਨ। ਬਜਾਕੁਲ ਜੇਨਿ ਕੇਨਿ ਅਰਿ ਸੈਨ'।
ਬ੍ਰਿੰਦ ਮਸਾਲੈਂ ਜੋਧ ਅਗਾਰੀ। ਗੁਰ ਕੋ ਹੁਕਮ ਪਾਇ ਕਰਿ ਜਾਰੀ ॥ ੧੪॥

ਸਤਿਗੁਰੂ ਜੀ ਨੇ ਆਸਾਨ ਵਿਜੈ ਦਿੱਤੀ ਹੈ. ਸਾਰੀ ਸੈਨਾ ਬਹੁਤ ਵਿਆਕੁਲ ਹੈ।" ਇਹ ਸੁਣ ਕੇ ਜੋਧ ਨੇ ਬਹੁਤ ਮਸ਼ਾਲਾਂ ਗੁਰੂ ਜੀ ਦਾ ਹੁਕਮ ਪਾ ਕੇ ਜਗਾਈਆਂ ॥੧੪॥

ਗੁਰ ਨਗਾਰਚੀ ਕੋ ਕਹਿ ਨਾਮਾ। 'ਦੈਂਹੇ ਦੈਂਹੇ ਦੀਹ ਦਮਾਮਾ'।
ਇਮ ਤੁਫੰਗ ਅਰੁ ਚਲਹਿਂ ਕ੍ਰਿਪਾਨਾਂ। ਸ਼੍ਰੋਣਤਿ ਅਵਨੀ ਬਹੈ ਮਹਾਨਾ ॥੧੫॥

ਗੁਰੂ ਜੀ ਨੇ ਨਗਾਰਚੀ ਦਾ ਨਾਮ ਲੈ ਕੇ ਕਿਹਾ, "ਦੈਂਹ ਦੈਂਹ ਕਰਕੇ ਨਗਾਰਾ ਵਜਾਓ।" ਇਸ ਤਰ੍ਹਾਂ ਬੰਦੂਕਾਂ ਅਤੇ ਕ੍ਰਿਪਾਨਾਂ ਚੱਲੀਆਂ, ਧਰਤੀ ਤੇ ਬਹੁਤ ਖ਼ੂਨ ਵਹਿ ਰਿਹਾ ਸੀ ॥੧੫॥

ਦੁਹਰਿ ਚੋਬ ਧੌਂਸਾ ਧੁੰਕਾਰੇ। ਵਧਜੋ ਬੀਰਰਸ ਭਟ ਲਲਕਾਰੇ।
ਚਢਜੋ ਜੋਧ ਚਲਿ ਆਗੈ ਗਯੋ। ਦੁਹਿ ਦਿਸ਼ਿ ਮਾਰੂ ਬਾਜਤਿ ਭਯੋ ॥ ੧੬॥

ਦੋਹਰਾ ਡੱਗਾ ਲੱਗਣ ਨਾਲ ਨਗਾਰਾ ਵੱਜ ਰਿਹਾ ਸੀ, ਬੀਰ ਰਸ ਵਧਿਆ ਤੇ ਸੂਰਮਿਆਂ ਨੇ ਲਲਕਾਰੇ ਮਾਰੇ। ਜੋਧ ਚੜ੍ਹ ਕੇ ਅੱਗੇ ਗਿਆ, ਦੋਵੀਂ ਪਾਸੀਂ ਮਾਰੂ ਵਾਜੇ ਵੱਜ ਰਹੇ ਸਨ ॥੧੬॥

ਭੁਯੰਗ ਪ੍ਰਯਾਤ ਛੰਦ- ਦਮਾਮੇ ਬਜੇ ਬ੍ਰਿੰਦ ਭੇਰੀ ਭੁੰਕਾਰੇ। ਤੁਫੰਗਾਨਿ ਗੋਰੀ ਕਸੇ ਫੇਰ ਮਾਰੇ।
ਕਰੇ ਤੇਜ ਘੋਰੇ ਅਗਾਰੀ ਧਵਾਏ। ਕਿਨੂੰ ਤੀਰ ਮਾਰੇ ਸੁ ਨੇਜ਼ੇ ਭ੍ਰਮਾਏ ॥੧੭॥

ਦਮਾਮੇ ਵੱਜੇ ਤੇ ਬਹੁਤ ਭੇਰੀਆਂ ਵੱਜੀਆਂ, ਬੰਦੂਕਾਂ ਨਾਲ ਗੋਲੀਆਂ ਕੱਸਦੇ ਸਨ, ਫਿਰ ਮਾਰਦੇ ਸਨ। ਘੋੜੇ ਤੇਜ਼ ਕਰਕੇ ਅੱਗੇ ਭਜਾਏ, ਕਿਸੇ ਨੇ ਤੀਰ ਮਾਰਿਆ ਤੇ ਕਿਸੇ ਨੇ ਨੇਜ਼ੇ ਭੰਵਾਏ॥੧੭॥

ਭਏ ਨੇਰ ਸ਼ੱਤ੍ਰੂ ਤਕੈਂ ਤਾਂਹਿ ਮਾਰੈਂ। ਲਗੈਂ ਅੰਗ ਜਾਂਕੇ ਗਿਰੈਂ, ਨ ਸੰਭਾਰੈਂ।
ਭਯੋ ਭੇੜ ਭਾਰੋ ਨ੍ਰਿਭੈ ਬੀਰ ਬਾਂਕੇ। ਸਹਾਈ ਗੁਰੂ ਜਾਨਿ ਦੌਰੇ ਚਲਾਕੇ ॥੧੮॥

ਵੈਰੀਆਂ ਦੇ ਨੇੜੇ ਹੋ ਗਏ ਤੇ ਜਿਸ ਨੂੰ ਤੱਕਦੇ ਸਨ, ਉਸਨੂੰ ਮਾਰਦੇ ਸਨ, ਜਿਸ ਦੇ ਅੰਗ ਨੂੰ ਲਗਦੀਆਂ ਸਨ, ਉਹ ਡਿੱਗ ਪੈਂਦਾ ਤੇ ਫਿਰ ਆਪਣੇ ਆਪ ਨੂੰ ਨਹੀਂ ਸੀ ਸੰਭਾਲਦਾ। ਬਾਂਕੇ ਸੂਰਬੀਰ ਨਿਰਭੈ ਯੋਧਿਆਂ ਦਾ ਭੇੜ ਹੋ ਗਿਆ, ਗੁਰੂ ਜੀ ਨੂੰ ਸਹਾਇਕ ਜਾਣ ਕੇ ਚਲਾਕੀ ਨਾਲ ਦੌੜੇ॥੧੮॥

ਉਡੀ ਧੂਲ ਗੈਨੰ ਦੁਰੇ ਬ੍ਰਿੰਦ ਤਾਰੇ। ਮਸਾਲੈਂ ਕਰੀ ਮੰਦ, ਭੇ ਅੰਧਕਾਰੇ।
ਪਲੀਤੇ ਧੁਖੇ ਪੁੰਜ ਤੋੜੇ ਲਗਾਏ। ਮਨੋ ਰੈਣ ਭਾਦੋਂ ਖਦਜੋਤੰ ਦਿਖਾਏ ॥੧੯॥

ਅਕਾਸ਼ ਵਿਚ ਏਨੀ ਧੂੜ ਉੱਡੀ ਕਿ ਸਮੂਹ ਤਾਰੇ ਵੀ ਛਿਪ ਗਏ, ਮਸਾਲਾਂ ਦੀ ਲੋਅ ਘਟ ਕਰ ਦਿੱਤੀ ਤੇ ਹਨੇਰਾ ਹੋ ਗਿਆ। ਤੋੜੇ ਲਾ ਕੇ ਫਿਰ ਪਲੀਤੇ ਧੁਖੇ, ਮਾਨੋਂ ਭਾਦੋਂ ਦੀ ਰਾਤ ਨੂੰ ਜੁਗਨੂੰ ਦਿੱਸਦੇ ਹਨ॥੧੯॥

ਮਹਾਂ ਨਾਦ ਹੋਯੋ ਸੁ ਬਾਜ਼ੀ ਹਿਰੇਖਾ। ਬਕੈਂ 'ਮਾਰ ਲੀਜੈ' ਸਕੋਪੰ ਵਿਸ਼ੇਖਾ।
'ਨਹੀਂ ਜਾਨਿ ਦੀਜੈ ਗਹੋ ਕਾਟਿ ਡਾਰੋ। ਚਲੋ ਸਾਮੁਹੇ ਬੀਰ ਸ਼ੰਕਾ ਨਿਵਾਰੋ' ॥੨੦॥

ਮਹਾਂ ਨਾਦ ਵਜਿਆ ਤੇ ਘੋੜੇ ਹਿਣਕੇ, ਬੜੇ ਕ੍ਰੋਧ ਨਾਲ ਬੋਲਦੇ ਸਨ, "ਮਾਰ ਲਵੋ, ਜਾਣ ਨਾ ਦੇਵੋ, ਫੜ ਕੇ ਕੱਟ ਦੇਵੋ, ਸਾਰੇ ਸੂਰਮੇ ਸ਼ੰਕੇ ਦੂਰ ਕਰਕੇ ਸਾਹਮਣੇ ਚਲੋ" ॥੨੦॥

ਬਜੈਂ ਬ੍ਰਿੰਦ ਬਾਜੇ ਹਕਾਹਾਕ ਬੋਲੈਂ। ਭਿੜੇ ਭੇੜ ਭਾਰੇ ਕਿਤੇ ਬਾਂਧਿ ਟੋਲੈਂ।
ਤੁਫੰਗਾਨਿ ਕੀ ਮਾਰ ਮਾਚੀ ਬਿਸਾਲਾ। ਗਜੰ ਕੇ ਠਨੰਕੇ ਉਠੈਂ ਠੋਕ ਜਾਲਾ ॥੨੧॥

ਬਹੁਤ ਵਾਜੇ ਵੱਜ ਰਹੇ ਸਨ, ਜਿਹੜੇ ਹਕਾਹੱਕ ਬੋਲ ਰਹੇ ਸਨ, ਕਿਤੇ ਟੋਲੇ ਬੰਨ੍ਹ ਕੇ ਭਾਰੀ ਭੇੜ ਭਿੜ ਰਹੇ ਸਨ, ਬੰਦੂਕਾਂ ਦੀ ਘੋਰ ਮਾਰ ਮੱਚ ਗਈ, ਬੰਦੂਕਾਂ ਵਿਚ ਗਜ਼ਾਂ ਦੇ ਠੋਕਣ ਨਾਲ ਬਹੁਤ ਠਣਕਾਰੇ ਉੱਠਦੇ ਸਨ॥੨੧॥

ਪਰੈਂ ਪੌਰ ਘੋਰੇ ਧਰਾ, ਨਾਦ ਠਾਨੈਂ। ਮਚਜੋ ਜੰਗ ਭੀਮੰ ਰਿਪੂ ਪ੍ਰਾਨ ਹਾਨੈਂ।
ਚਲਾਵੈਂ, ਕਸੈਂ ਫੇਰ ਬਾਰੂਦ ਡਾਲੈਂ। ਕਿਤੈ ਏਕ ਗੋਰੀ ਦੁਗੋਰੀਨ ਘਾਲੈਂ ॥੨੨॥

ਘੋੜਿਆਂ ਦੇ ਪੌੜ ਧਰਤੀ ਤੇ ਪੈ ਰਹੇ ਸਨ, ਵਾਜਿਆਂ ਦਾ ਨਾਦ ਉੱਠ ਰਿਹਾ ਸੀ, ਵੱਡਾ ਜੰਗ ਮਚਿਆ ਸੀ, ਵੈਰੀਆਂ ਦੇ ਪ੍ਰਾਣ ਨਾਸ਼ ਕਰ ਰਹੇ ਸਨ। ਬੰਦੂਕ ਵਿਚ ਬਾਰੂਦ ਭਰ ਕੇ ਗੋਲੀਆਂ ਕੱਸ ਕੇ ਫੇਰ ਚਲਾਉਂਦੇ ਸਨ, ਕਿਤੇ ਇਕ ਗੋਲੀ ਕਿਤੇ ਦੋ ਗੋਲੀਆਂ ਪਾਉਂਦੇ ਸਨ॥੨੨॥

ਕਲਾ ਪੈ ਜੜੇ ਮੋੜ ਤੋੜੇ ਭਖੰਤੇ। ਧਰੈਂ ਹਾਥ ਪੈ ਤਾਕਿ ਸ਼ੱਤ੍ਰੂ ਛਭੰਤੇ।
ਪਲੀਤਾ ਭਖੈਂ ਬ੍ਰਿੰਦ ਜ੍ਵਾਲਾ ਉਗਾਲੈਂ। ਚਲੈਂ ਸ਼ੂੰਕ ਗੋਰੀ ਤੜਾਕੇ ਉਠਾਲੈਂ ॥੨੩॥

ਕਲਾ ਤੇ ਜੜੇ ਤੋੜੇ ਭੱਖਦੇ ਹਨ ਤੇ ਫਿਰ ਵੈਰੀ ਦਾ ਨਿਸ਼ਾਨਾ ਬੰਨ੍ਹ ਕੇ ਤੋੜੇ ਛੱਡਦੇ ਹਨ। ਜਦ ਪਲੀਤੇ ਭੱਖਦੇ ਹਨ ਤਾਂ ਅੱਗ ਉਗਲਦੇ ਹਨ। ਗੋਲੀਆਂ ਸ਼ੂਕਦੀਆਂ ਜਾਂਦੀਆਂ ਹਨ ਤੇ ਕੜ-ਕੜ ਦੀ ਆਵਾਜ਼ ਹੁੰਦੀ ਹੈ॥੨੩॥

ਲਰੈਂ ਅੰਗ ਭੰਗੈਂ ਤੁਰੰਗਾਨਿ ਡਾਲੈਂ। ਕਿਤੇ ਸੂਰ ਘਾਏ ਹਲਾਚਾਲ ਘਾਲੈਂ।
ਕਿਤੇ ਘਾਇ ਘੂੰਮੇ ਗਿਰੈਂ ਬੀਰ ਭੂਮੈ। ਕਿਤੇ ਖਾਇ ਗੋਰੀ ਖਰੇ ਧੀਰ ਝੂੰਮੈ ॥੨੪॥

ਘੋੜਿਆਂ ਨੂੰ ਲੱਗ ਕੇ ਉਨ੍ਹਾਂ ਦੇ ਅੰਗ ਭੰਗ ਕਰਕੇ ਡੇਗ ਦਿੰਦੀਆਂ ਹਨ, ਕਿਤੇ ਸੂਰਮਿਆਂ ਨੂੰ ਘਾਇਲ ਕਰਕੇ ਹਲਚਲ ਮਚਾ ਦਿੰਦੀਆਂ ਹਨ। ਕਿਤੇ ਘਾਇਲ ਹੋਏ ਸੂਰਮੇ ਧਰਤੀ ਤੇ ਡਿੱਗ ਰਹੇ ਹਨ। ਕਿਤੇ ਗੋਲੀ ਖਾ ਕੇ ਧੀਰਜਵਾਨ ਖੜੇ ਹੋ ਕੇ ਝੂਮਦੇ ਹਨ॥੨੪॥

*ਸ੍ਵੈਯਾ-* ਯੌਂ ਜਬਿ ਮਾਰ ਮਚੀ ਸੁ ਘਨੀ ਤਬਿ ਬੇਗ ਲਲਾ ਸੁਧਿ ਜਾਨਿ ਲਰਾਈ।
ਕੰਬਰਬੇਗ ਸਮੀਪ ਪਿਖ੍ਯੋ ਬਡ ਬੀਰ ਬਲੀ ਤਿਹ ਸੰਗ ਸੁਨਾਈ।
'ਭ੍ਰਾਤ! ਸੁਨੋ ਘਮਸਾਨ ਘਨੋਂ ਰਣ ਹੋਇ ਰਹ੍ਯੋ ਸਭਿ ਕੇ ਅਗਵਾਈ।
ਪਾਨ ਸ਼ਰਾਬ ਕਰੋ ਕੁਛ ਥੋਰਈ, ਤੋ ਸਿਰ ਪਾਗ, ਕਰੋ ਅਬਿ ਧਾਈ' ॥੨੫॥

ਜਦ ਇਸ ਤਰ੍ਹਾਂ ਘਣੀ ਮਾਰ ਮੱਚੀ ਤਾਂ ਲਲਾ ਬੇਗ ਨੇ ਲੜਾਈ ਦੀ ਹਾਲਤ ਜਾਣ ਕੇ, ਆਪਣੇ ਲਾਗੇ ਖੜੇ ਵੱਡੇ ਬਲੀ ਸੂਰਬੀਰ ਕੰਬਰ ਬੇਗ ਨੂੰ ਵੇਖ ਕੇ ਕਿਹਾ। "ਭਰਾ ਜੀ! ਸੁਣੋ, ਸਾਰਿਆਂ ਦੇ ਅੱਗੇ ਬੜਾ ਘਮਸਾਣ ਦਾ ਜੰਗ ਹੋ ਰਿਹਾ ਹੈ, ਕੁਝ ਥੋੜ੍ਹੀ ਸ਼ਰਾਬ ਪੀਵੋ, ਤੇਰੇ ਸਿਰ ਤੇ ਇੱਜ਼ਤ ਦੀ ਪੱਗ ਹੈ, ਇਸ ਲਈ ਅੱਗੇ ਵੱਲ ਹੁਣ ਧਾਈ ਕਰੋ" ॥੨੫॥

ਆਇਸੁ ਭ੍ਰਾਤ ਬਡੇ ਕੀ ਸੁਨੀ ਤਬਿ ਕੰਬਰ ਬੇਗ ਨੇ ਬਾਕ ਕਹ੍ਯੋ।
'ਕ੍ਯਾ ਗੁਰ ਸੈਨ ਡਰੋ ਜਿਸ ਤੇ ਅਬਿ, ਮਾਰਿ ਸਭੈ ਨਿਸ ਅੰਤ ਲਹ੍ਯੋ।
ਆਪ ਖੁਦਾਇ ਨੇ ਬਾਂਧਿ ਦਯੋ, ਬਿਨ ਤ੍ਰਾਸ ਧਰੇ ਇਸ ਥਾਨ ਰਹ੍ਯੋ।
ਸ਼ਾਹੁ ਤੁਰੰਗਨਿ ਲੈ ਅਬਿ ਦੋਨਹੁ, ਜਾਇ ਮਿਲੈਂ, ਗੁਰ ਲੇਹਿਂ ਗਹ੍ਯੋ ॥੨੬॥

ਜਦ ਆਪਣੇ ਵੱਡੇ ਭਰਾ ਦੀ ਆਗਿਆ ਸੁਣੀ ਤਾਂ ਕੰਬਰ ਬੇਗ ਨੇ ਕਿਹਾ, "ਗੁਰੂ ਦੀ ਸੈਨਾ ਕੀ ਹੈ, ਜਿਸ ਤੋਂ ਮੈਂ ਹੁਣ ਡਰਾਂ, ਮੈਂ ਸਾਰੀ ਸੈਨਾ ਦਾ ਰਾਤ ਵਿਚ ਹੀ ਅੰਤ ਕਰ ਦੇਵਾਂਗਾ। ਉਸ ਨੂੰ ਆਪ ਹੀ (ਗੁਰੂ ਜੀ ਨੂੰ) ਖ਼ੁਦਾ ਨੇ ਬੰਨ੍ਹ ਦਿੱਤਾ ਹੈ ਜਿਹੜਾ ਡਰ ਧਾਰਨ ਦੇ ਬਗ਼ੈਰ ਇਸ ਥਾਂ ਰਿਹਾ ਹੈ। ਬਾਦਸ਼ਾਹ ਦੇ ਦੋਵੇਂ ਘੋੜੇ ਹੁਣ ਲੈ ਲਵਾਂਗੇ ਤੇ ਗੁਰੂ ਨੂੰ ਫੜ ਕੇ ਬਾਦਸ਼ਾਹ ਨੂੰ ਜਾ ਮਿਲਾਂਗੇ॥੨੬॥

ਸ਼ਾਹੁ ਕਰੈ ਬਖਸ਼ੀਸ਼ ਮਹਾਂ ਜਸੁ ਫੈਲਿ ਪਰੈ ਸਗਲੇ ਤੁਰਕਾਨਾ।
ਚਾਰ ਹਜ਼ਾਰ ਹੀ ਸੈਨ ਸੁਨੀ ਹਮਰੇ ਢਿਗ ਹੇਰਹੁ ਪੁੰਜ ਮਹਾਨਾ।
ਆਟੇ ਮੈਂ ਲੋਨ ਸਮਾਨ ਮਿਲਾਵਹੁ ਕੋਨ ਖਿਰੈ ਲਰਿਬੇ ਅਗਵਾਨਾ?।
ਏਕ ਗੁਰੂ ਸਿਖ, ਹੈਂ ਹਮਰੇ ਦਸ, ਕੋ ਬਲਵਾਨ ਜੁ ਹੋਇ ਨ ਹਾਨਾ?' ॥੨੭॥

ਬਾਦਸ਼ਾਹ ਬਹੁਤ ਬਖਸ਼ੀਸ਼ਾਂ ਦੇਵੇਗਾ ਤੇ ਸਾਰੇ ਤੁਰਕਾਂ ਵਿਚ ਸਾਡਾ ਜੱਸ ਫੈਲ ਜਾਵੇਗਾ, ਉਸ ਦੀ ਸਿਰਫ਼ ਚਾਰ ਹਜ਼ਾਰ ਹੀ ਸੈਨਾ ਸੁਣੀ ਹੈ, ਸਾਡੇ ਪਾਸ ਵੇਖੋ ਕਿੰਨੀ ਵੱਡੀ ਫ਼ੌਜ ਹੈ। ਉਸ ਦੀ ਫ਼ੌਜ ਸਾਡੀ ਸੈਨਾ ਸਾਹਮਣੇ ਆਟੇ ਵਿਚ ਲੂਣ ਸਮਾਨ ਹੈ, ਸਾਡੇ ਅੱਗੇ ਲੜਨ ਵਾਸਤੇ ਕੌਣ ਖੜੇਗਾ? ਗੁਰੂ ਦਾ ਇਕ ਸਿੱਖ ਹੈ, ਸਾਡੇ ਦਸ ਸੂਰਮੇ ਹਨ, ਕਿਹੜਾ ਬਲੀ ਹੈ ਜਿਹੜਾ ਇਕ ਦਸਾਂ ਤੋਂ ਨਾ ਮਰੇਗਾ॥੨੭॥

ਪਾਨ ਸ਼ਰਾਬ ਕਰੈਂ ਬਹੁਤੀ, ਪਿਖਿ ਬੇਗ ਲਲਾ ਰਣ ਫੇਰ ਉਚਾਰੀ।
'ਜੋਰ ਪਰ੍ਯੋ ਬਹੁ ਘੋਰ, ਸੁਨੈ ਰਵ, ਤੂੰ ਪ੍ਰਸਥਾਨਹੁ ਠੌਰ ਅਗਾਰੀ।
ਸਾਤ ਹਜ਼ਾਰ ਸਊਰ ਜਿ ਸੂਰ, ਕਰੋ ਅਪਨੇ ਸੰਗ ਮੈਂ ਬਲ ਭਾਰੀ।
ਆਗੇ ਕੋ ਰੋਕੋ ਜਾਇ ਬਿਲੋਕਹੁ ਰੋਰ ਮਹਾਂ, ਕਿਮ ਹੋਤਿ ਪੁਕਾਰੀ ॥੨੮॥

ਬਹੁਤ ਸ਼ਰਾਬ ਪੀਂਦੇ ਸਨ, ਲਲਾ ਬੇਗ ਨੇ ਰਣਖੇਤਰ ਨੂੰ ਫਿਰ ਵੇਖ ਕੇ ਕਿਹਾ, "ਬਹੁਤ ਘੋਰ ਸ਼ੋਰ ਪਿਆ ਹੈ, ਇਹ ਬੜੀ ਉੱਚੀ ਆਵਾਜ਼ ਸੁਣਾਈ ਦੇ ਰਹੀ ਹੈ, ਤੂੰ ਚਲ ਕੇ ਅੱਗੇ ਜਾ, ਜਿਹੜੇ ਸੱਤ ਹਜ਼ਾਰ ਸਵਾਰ ਸੂਰਮੇ ਹਨ, ਉਨ੍ਹਾਂ ਨੂੰ ਆਪਣੇ ਨਾਲ ਲੈ ਕੇ ਭਾਰੀ ਤਾਕਤ ਇਕੱਠੀ ਕਰੋ। ਅਗਲੇ ਪਾਸੇ ਨੂੰ ਜਾ ਕੇ ਰੋਕੋ, ਇਸ ਮਹਾਨ ਰੌਲੇ ਨੂੰ ਵੇਖੋ, ਕਿਵੇਂ ਚੀਖ ਪੁਕਾਰ ਹੋ ਰਹੀ ਹੈ" ॥੨੮॥

ਭ੍ਰਾਤ ਕੀ ਆਇਸੁ ਮਾਨਿ ਚਲ੍ਯੋ ਬਹੁ ਪਾਨਿ ਸੁਰਾ ਕਰਿ ਬੀਰ ਹੰਕਾਰੀ।
ਕੰਬਰਬੇਗ ਨੇ ਬੇਗ ਕਰ੍ਯੋ ਉਦਬੇਗ, ਸੁ ਬੇਗਲਲਾ ਨ ਸਹਾਰੀ।
ਦੀਹ ਦਮਾਮੇ ਸਮੂਹ ਬਜੇ, ਦਲ ਸਾਤ ਹਜ਼ਾਰ ਚਲੇ ਬਲ ਭਾਰੀ।
ਹੇਲਾ ਪੁਕਾਰਤਿ ਗੋਰਿਨਿ ਮਾਰਤਿ ਤੋਮਰ ਧਾਰਤਿ ਆਇ ਅਗਾਰੀ॥ ੨੯॥

ਘੁਮੰਡੀ ਸੂਰਮਾ ਭਰਾ ਦੀ ਆਗਿਆ ਮੰਨ ਕੇ, ਬਹੁਤ ਸ਼ਰਾਬ ਪੀ ਕੇ ਚਲ ਪਿਆ। ਕੰਬਰ ਬੇਗ ਨੇ ਅੱਗੇ ਜਾਣ ਵਿਚ ਬੜੀ ਛੇਤੀ ਕੀਤੀ ਤੇ ਲਲਾ ਬੇਗ ਦੀ ਗੱਲ ਨਾ ਸਹਾਰੀ। ਸਮੂਹ ਦਮਾਮੇ ਬਹੁਤ ਉੱਚੀ ਵੱਜ ਉੱਠੇ, ਸੱਤ ਹਜ਼ਾਰ ਦਾ ਭਾਰੀ ਬਲਵਾਨ ਦਲ ਅੱਗੇ ਚਲ ਪਿਆ। ਹੱਲਾ-ਹੱਲਾ ਪੁਕਾਰਦੇ, ਗੋਲੀਆਂ ਮਾਰਦੇ ਤੇ ਨੇਜੇ ਧਾਰ ਕੇ ਅੱਗੇ ਆ ਗਏ॥੨੯॥

ਸ੍ਰੀ ਹਰਿਗੋਬਿੰਦ ਧੀਰ ਬਲੀ ਬਰ 'ਬੀਰ ਸਮੀਰ' ਕੇ ਸੰਗ ਬਖਾਨਾ।
'ਆਇ ਸਹਾਇਕ ਹੋਇ ਅਬੈ, ਲਗਿ ਸੈਲ ਹਿਮਾਲਹਿ ਸੀਤ ਮਹਾਨਾ।
ਸ਼ੱਤ੍ਰਨਿ ਕੇ ਤਨ ਸੀਤ ਕਰੋ ਜਿਨ ਤੇ ਨ ਬਨੈ ਕੁਛ, ਹ੍ਵੈ ਠਰਵਾਨਾ।
ਕੰਪ ਉਠੈਂ ਸਭਿ ਕੇਰ ਸਰੀਰ ਅਧੀਰਜ ਬੀਰਜ ਕੋ ਕਰਿ ਹਾਨਾ॥ ੩੦॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਫਿਰ ਸ੍ਰੇਸ਼ਟ ਸੂਰਬੀਰ, ਹਵਾ ਦੇ ਬੀਰ ਨੂੰ ਕਿਹਾ, "ਹੁਣ ਆ ਕੇ ਸਾਡੀ ਸਹਾਇਤਾ ਕਰੋ, ਹਮਾਲਿਆ ਦੀ ਮਹਾਨ ਸੀਤ ਨਾਲ ਲੱਗ ਕੇ ਆਵੇ। ਵੈਰੀਆਂ ਦੇ ਸਰੀਰਾਂ ਨੂੰ ਆ ਕੇ ਠੰਢਿਆਂ ਕਰੋ ਤਾਂਕਿ ਉਹ ਠੰਡ ਨਾਲ ਠਰ ਜਾਣ ਤੇ ਉਨ੍ਹਾਂ ਪਾਸੋਂ ਕੁਝ ਵੀ ਨਾ ਬਣ ਸਕੇ। ਸਾਰਿਆਂ ਦੇ ਸਰੀਰ ਕੰਬ ਉੱਠਣ ਤੇ ਧੀਰਜ ਰਹਿਤ ਕਰਕੇ ਉਨ੍ਹਾਂ ਦੀ ਸ਼ਕਤੀ ਨੂੰ ਖਤਮ ਕਰੋ" ॥੩੦॥

ਆਇਸੁ ਪਾਇ ਚਲ੍ਯੋ ਹਰਖਾਇ, ਲਗ੍ਯੋ ਹਿਮ ਸੈਲ ਕੇ ਜਾਇ ਸਥਾਨਾ।
ਸੀਤ ਕੋ ਲਜਾਇ ਬਹ੍ਯੋ ਇਤ ਆਇ, ਜਹਾਂ ਰਣ ਥਾਇਂ, ਲਰੈਂ ਤੁਰਕਾਨਾ।
ਲਗ੍ਯੋ ਸਰੀਰਨਿ, ਧੀਰ ਤਜੀ, ਠਰਿ ਭੂਰ ਭਯੋ, ਬਡ ਸੀਤ ਕੋ ਮਾਨਾ।
ਹਾਥ ਕੀ ਆਂਗੁਰੀ ਨਾਂਹਿ ਖੁਲੈਂ, ਮੁਖ ਦੰਤ ਬਜੈਂ ਬਲ ਹੀਨ ਅਜਾਨਾ॥ ੩੧॥

ਆਗਿਆ ਪਾ ਕੇ ਤੇ ਪ੍ਰਸੰਨ ਹੋ ਕੇ ਹਵਾ ਦਾ ਬੀਰ ਚਲਾ ਗਿਆ ਤੇ ਪਹਾੜਾਂ ਦੇ ਬਰਫ ਵਾਲੇ ਸਥਾਨ ਨੂੰ ਜਾ ਲੱਗਿਆ। ਸੀਤ ਨੂੰ ਲਿਆ ਕੇ ਏਧਰ ਆ ਕੇ ਵਗਿਆ ਜਿਥੇ ਤੁਰਕ ਰਣਖੇਤਰ ਵਿਚ ਲੜ ਰਹੇ ਸਨ। ਜਦ ਉਨ੍ਹਾਂ ਦੇ ਸਰੀਰਾਂ ਨੂੰ ਆ ਕੇ ਲੱਗਿਆ ਤਾਂ ਉਨ੍ਹਾਂ ਧੀਰਜ ਛੱਡ ਦਿੱਤਾ ਤੇ ਬਹੁਤ ਠਰ ਗਏ ਤੇ ਵੱਡੀ ਠੰਢ ਨੂੰ ਮੰਨਿਆ। ਹੱਥਾਂ ਦੀਆਂ ਉਂਗਲੀਆਂ ਖੁਲ੍ਹਦੀਆਂ ਨਹੀਂ ਸਨ, ਮੂੰਹ ਵਿਚ ਦੰਦ ਵੱਜਣ ਲੱਗੇ ਤੇ ਮੂਰਖ ਬਲਹੀਣ ਹੋ ਗਏ॥੩੧॥

ਚੀਰ ਤੇ ਛਾਦ ਸਰੀਰਨ ਕੋ ਜੁਗ ਹਾਥਨਿ ਦੇਤ ਹੈਂ ਕਾਂਖ ਮਝਾਰਾ।
ਕੌਨ ਤੁਰੰਗ ਚਲਾਇ ਸਕੈ, ਛੁਟਿ ਬਾਗ ਗਈ, ਨ ਕਿਕਾਨ ਸੰਭਾਰਾ।
ਕੰਪਤਿ ਹੈਂ ਤਨ ਹੋਤਿ ਨਹੀਂ ਕੁਛ 'ਆਇ ਭਿਰੋ' ਮੁਖ ਬੋਲ ਉਚਾਰਾ।
ਕੰਬਰਬੇਗ ਭਯੋ ਰਣ ਸੰਮੁਖ ਹੋਇ ਤੁਰੰਗਨਿ ਕੇ ਕੜਕਾਰਾ॥ ੩੨॥

ਸਰੀਰਾਂ ਨੂੰ ਕਪੜਿਆਂ ਨਾਲ ਢੱਕ ਕੇ ਦੋਵਾਂ ਹੱਥਾਂ ਨੂੰ ਵੱਖੀਆਂ ਵਿਚ ਦਿੰਦੇ ਸਨ। ਕੌਣ ਬੰਦੂਕ ਚਲਾ ਸਕਦਾ ਸੀ, ਵਾਗਾਂ ਵੀ ਹੱਥਾਂ ਵਿਚੋਂ ਛੁੱਟ ਗਈਆਂ ਤੇ ਘੋੜੇ ਵੀ ਨਾ ਸੰਭਾਲੇ ਗਏ। ਸਰੀਰ ਕੰਬਦਾ ਹੈ ਤੇ ਕੁਝ ਵੀ ਹੋ ਨਹੀਂ ਸਕਦਾ, ਇਸ ਹਾਲਤ ਵਿਚ ਉਹ ਆ ਕੇ ਭਿੜੇ। ਕੰਬਰ ਬੇਗ ਰਣਖੇਤਰ ਵਿਚ ਸਭ ਦੇ ਅੱਗੇ ਹੋਇਆ ਤੇ ਬੰਦੂਕਾਂ ਦੀ ਕੜ ਕੜ ਦੀ ਆਵਾਜ਼ ਪੈਦਾ ਹੋਈ॥੩੨॥

ਸਾਤ ਹਜ਼ਾਰ ਕੀ ਭੀਰ ਅਈ ਜਬਿ, ਜੋਧ ਨੇ ਜੋਰ ਪਰਜੋ ਤਬਿ ਜਾਨਾ।
ਸ਼ਾਹੁ ਸਲੇਮ ਸੁ ਭ੍ਰਾਤ ਹੁਤੋ ਬਲਵਾਨ ਕਿ ਸਾਥ ਸੁ ਬਾਕ ਬਖਾਨਾ।
'ਮਾਰਿ ਤੁਫੰਗਨ ਭੰਗ ਕਰੋ ਇਹ ਆਵਤਿ ਅੱਗ੍ਰ ਬਧਜੋ ਤੁਰਕਾਨਾ।
ਪੰਚ ਸੈ ਲੇਹੁ ਪਵੰਗਮ ਸੰਗ ਉਠਾਇ ਕੈ ਬਾਗ ਕਰੋ ਘਮਸਾਨਾ॥ ੩੩॥

ਜਦ ਸੱਤ ਹਜ਼ਾਰ ਦੀ ਭੀੜ ਹੋ ਗਈ ਤਾਂ ਜੋਧ ਨੇ ਫਿਰ ਜ਼ੋਰ ਪਿਆ ਜਾਣਿਆ। ਸਲੇਮ ਸ਼ਾਹ ਉਸ ਦਾ ਭਰਾ ਬੜਾ ਬਲਵਾਨ ਸੀ, ਉਸ ਨੂੰ ਜੋਧ ਰਾਇ ਨੇ ਕਿਹਾ, 'ਇਨ੍ਹਾਂ ਨੂੰ ਗੋਲੀਆਂ ਮਾਰ ਕੇ ਨਸ਼ਟ ਕਰੋ ਇਹ ਜਿਹੜੇ ਤੁਰਕ ਅੱਗੇ ਵਧੇ ਆਉਂਦੇ ਹਨ। ਪੰਜ ਸੌ ਸਵਾਰ ਨਾਲ ਲਵੋ ਤੇ ਵਾਗਾਂ ਚੁੱਕ ਕੇ ਘਮਸਾਣ ਦਾ ਜੰਗ ਕਰੋ॥੩੩॥

ਜੋਧ ਸੁ ਭ੍ਰਾਤ ਕੀ ਆਇਸੁ ਕੋ ਸੁਨਿ ਸ਼ਾਹੁ ਸਲੇਮ ਚਲਜੋ ਉਤਸਾਹੂ।
ਤੀਰ ਤੁਫੰਗਨਿ ਤੋਮਰ ਤੇ ਤਰਵਾਰਨ ਕੋ ਗਹਿ ਕੈ ਕਰ ਮਾਂਹੂ।
ਜਾਇ ਤੁਫੰਗਨ ਕੋ ਛੁਰਿਵਾਯਹੁ ਏਕ ਹੀ ਬਾਰ ਪਰੇ ਬਿਧਿ ਯਾਂਹੂ।
ਜਜੋਂ ਦਲ ਟੀਡਨਿ ਕੋ ਲਖਿ ਕੈ, ਹਿਤ ਮਾਰਨ ਧਾਇ ਬਿਹੰਗਮ ਤਾਂਹੂ॥ ੩੪॥

ਆਪਣੇ ਭਰਾ ਜੋਧ ਰਾਇ ਦੀ ਆਗਿਆ ਸੁਣ ਕੇ ਸਲੇਮ ਸ਼ਾਹ ਬੜੇ ਉਤਸ਼ਾਹ ਨਾਲ ਅੱਗੇ ਵਧਿਆ, ਤੀਰ, ਬੰਦੂਕਾਂ, ਨੇਜ਼ੇ ਤੇ ਤਲਵਾਰਾਂ ਨੂੰ ਹੱਥ ਵਿਚ ਫੜ ਕੇ ਜਾ ਕੇ ਬੰਦੂਕਾਂ ਨੂੰ ਛਡਿਆ ਤੇ ਇਕੋ ਵਾਰ ਇਸ ਵਿਧੀ ਨਾਲ ਜਾ ਪਏ ਜਿਵੇਂ ਟਿੱਡੀ ਦਲ ਨੂੰ ਵੇਖ ਕੇ, ਮਾਰਨ ਵਾਸਤੇ ਤਿਲੀਅਰ ਟੁੱਟ ਕੇ ਪੈ ਜਾਂਦੇ ਹਨ॥੩੪॥

ਸਾਤ ਹਜ਼ਾਰਨ ਊਪਰ ਪਾਂਚ ਸੈ ਦੋਰ ਗਏ ਇਮ ਮਾਰਨ ਕੋ।
ਹੋਤਿ ਛੁਧਾਤੁਰ ਕੇਹਰਿ ਜਜੋਂ ਮ੍ਰਿਗ ਕੋ ਸੁਨਿ ਨਾਦ ਨਿਹਾਰਨ ਕੋ।
ਹਾਥ ਉਠਾਇ ਸਕੈ ਨ ਰਿਪੂ, ਠਰਿ ਸੁੰਨ ਭਏ ਹਿਤ ਹਾਰਨ ਕੋ।
ਹੈ੍ ਨ ਤੁਫੰਗ ਸੰਭਾਰਨ ਕੋ ਤਬਿ ਕੋਨ ਗਹੈ ਤਰਵਾਰਨ ਕੋ॥ ੩੫॥

ਸੱਤ ਹਜ਼ਾਰ ਫੌਜ ਨੂੰ ਮਾਰਨ ਵਾਸਤੇ ਪੰਜ ਸੌ ਸੂਰਬੀਰ ਇਸ ਤਰ੍ਹਾਂ ਦੌੜ ਪਏ ਜਿਵੇਂ ਭੁੱਖੇ ਸ਼ੇਰ ਹਿਰਨਾਂ ਦੀ ਆਵਾਜ਼ ਸੁਣ ਕੇ ਵੇਖਣ ਵਾਸਤੇ ਭੱਜ ਉਠਦੇ ਹਨ। ਵੈਰੀ ਹੱਥ ਵੀ ਨਾ ਚੁੱਕ ਸਕੇ, ਹਾਰਨ ਵਾਸਤੇ ਠਰ ਕੇ ਸੁੰਨ ਹੋਏ ਸਨ। ਜਦ ਘੋੜੇ ਵੀ ਸੰਭਾਲੇ ਨਹੀਂ ਸੀ ਜਾਂਦੇ ਤਾਂ ਤਲਵਾਰਾਂ ਨੂੰ ਕੌਣ ਫੜਦਾ॥੩੫॥

ਆਧ ਹਜ਼ਾਰ ਤੁਫੰਗ ਛੁਟੀ ਰਿਪੁ ਚਾਰ ਸੈ ਮਾਰਿ ਕੈ ਭੂਮਿ ਗਿਰਾਏ।
ਫੂਟ ਗਏ ਰਾਨ ਤੁੰਡ ਰੁ ਮੁੰਡ ਪ੍ਰਚੰਡ ਹੀ ਘਾਉ ਲਗੇ ਸਮੁਦਾਏ।
ਬ੍ਰਿੰਦ ਪਠਾਨ ਗਿਰੇ ਮੁਗ਼ਲੇ, ਹੱਥਜਾਰ ਨ ਹੋਇ ਸਕੈ, ਪਛੁਤਾਏ।
'ਹਾਇ' ਕਰਾਹਤਿ, ਕੌ ਹਤਿ ਭੇ, ਕੁਛ ਜੀਵਤਿ ਪਾਇ ਦੁਰੇ ਹਜ ਧਾਏ॥ ੩੬॥

ਪੰਜ ਸੌ ਗੋਲੀਆਂ ਚਲੀਆਂ ਤੇ ਚਾਰ ਸੌ ਵੈਰੀਆਂ ਨੂੰ ਮਾਰ ਕੇ ਧਰਤੀ ਤੇ ਸੁੱਟ ਦਿੱਤਾ ਤੇ ਉਨ੍ਹਾਂ ਦੀਆਂ ਜੰਘਾਂ, ਮੂੰਹ ਅਤੇ ਗਰਦਨਾਂ ਬੁਰੀ ਤਰ੍ਹਾਂ ਜ਼ਖਮੀ ਹੋ ਕੇ ਟੁੱਟ ਗਈਆਂ। ਬਹੁਤ ਪਠਾਣ ਤੇ ਮੁਗਲ ਡਿੱਗ ਪਏ, ਉਨ੍ਹਾਂ ਪਾਸੋਂ ਹਥਿਆਰਾਂ ਦਾ ਵਾਰ ਨਾ ਹੋ ਸਕਿਆ ਇਸ ਕਰਕੇ ਬਹੁਤ ਪਛੁਤਾਏ। ਜਿਹੜੇ ਕੁਝ ਜੀਉਂਦੇ ਰਹਿ ਗਏ ਉਹ ਮੌਕਾ ਪਾ ਕੇ ਭੱਜ ਕੇ ਲੁੱਕ ਗਏ, ਜਿਹੜੇ ਜ਼ਖਮੀ ਹੋ ਗਏ ਉਹ 'ਹਾਇ ਹਾਇ' ਕਹਿ ਕੇ ਕੁਰਲਾਉਂਦੇ ਸਨ॥੩੬॥

ਅੰਗਨਿ ਭੰਗ ਤੁਰੰਗ ਭਏ ਬਿਚ ਜੰਗ ਗਿਰੇ ਭਟ ਸੰਗ ਗਿਰਾਏ।
ਬੀਚ ਮਸ਼ਾਲਚੀ ਨਾਸ਼ ਕਰੇ, ਅੰਧਕਾਰ ਮਹਾਂ ਅਰੁ ਧੂਲ ਉਡਾਏ।
ਪੂਰਨ ਸ਼੍ਰੋਣ ਬਿਲੋਚਨ ਭੇ, ਤਨ ਖੇਹ ਜਮੀਂ, ਅਤਿਸ਼ੈ ਅਕੁਲਾਏ।
ਘੋਰੇ ਮਰੇ ਅਟਕੈਂ ਚਲਤੇ ਤਿਨ ਊਪਰ ਔਰ ਗਿਰੈਂ ਜੁ ਧਵਾਏ॥ ੩੭॥

ਕਈ ਘੋੜਿਆਂ ਦੇ ਵੀ ਅੰਗ ਟੁੱਟ ਗਏ ਤੇ ਉਹ ਮੈਦਾਨਿ-ਜੰਗ ਵਿਚ ਆਪ ਵੀ ਡਿੱਗ ਪਏ ਤੇ ਨਾਲ ਉਨ੍ਹਾਂ ਨੇ ਸੂਰਮਿਆਂ ਨੂੰ ਵੀ ਡੇਗ ਦਿੱਤਾ। ਵਿਚ ਮਸ਼ਾਲਚੀਆਂ ਨੂੰ ਵੀ ਮਾਰ ਦਿੱਤਾ ਤੇ ਬਹੁਤ ਹਨੇਰਾ ਹੋ ਗਿਆ ਅਤੇ ਧੂੜ ਬਹੁਤ ਉੱਡੀ। ਕੰਨ ਤੇ ਅੱਖਾਂ ਘੱਟੇ ਨਾਲ ਭਰ ਗਏ, ਸਰੀਰ ਤੇ ਖੇਹ ਜਮ ਗਈ, ਜਿਸ ਕਰਕੇ ਬਹੁਤ ਵਿਆਕੁਲ ਹੋ ਗਏ। ਮਰੇ ਹੋਏ ਘੋੜੇ ਰੋਕ ਪਾਉਂਦੇ ਸਨ, ਜੋ ਦੌੜੇ ਆਉਂਦੇ ਸਨ, ਉਹ ਉਨ੍ਹਾਂ ਦੇ ਉਤੇ ਆ ਕੇ ਡਿੱਗ ਪੈਂਦੇ ਸਨ॥੩੭॥

ਦੋਹਰਾ-ਸ਼ਸਤ੍ਰ ਭਏ ਨਹਿਂ ਸ਼ੱਤ੍ਰ ਤੇ ਸ਼ਾਹ ਸਲੇਮ ਸੁ ਜਾਨਿ।
ਖੈਂਚਿ ਕ੍ਰਿਪਾਨੈਂ ਮਿਲਿ ਗਏ ਮਾਰਿ ਮਾਰਿ ਕਰਿ ਜ੍ਵਾਨ॥ ੩੮॥

ਜਦ ਸਲੇਮ ਸ਼ਾਹ ਨੇ ਇਹ ਜਾਣਿਆ ਕਿ ਵੈਰੀ ਪਾਸੋਂ ਸ਼ਸਤਰ ਨਹੀਂ ਚਲ ਸਕੇ ਤਾਂ ਉਨ੍ਹਾਂ ਮਿਲ ਕੇ ਤਲਵਾਰਾਂ ਖਿੱਚ ਲਈਆਂ ਤੇ ਵੈਰੀ ਦੇ ਜਵਾਨ ਮਾਰ-ਮਾਰ ਕੇ ਸੁੱਟ ਦਿੱਤੇ॥੩੮॥

ਤੁਰਤ ਆਪ ਹੀ ਮੁਰਿ ਪਰੇ ਰੌਰਾ ਤੁਰਕਨਿ ਪਾਇ।
ਕਟਨਿ ਲਗੇ ਤਬਿ ਆਪ ਮਹਿਂ ਕਛੂ ਨ ਜਾਨਜੋ ਜਾਇ॥ ੩੯॥

ਤੁਰਤ ਫਿਰ ਆਪ ਹੀ ਵਾਪਸ ਮੁੜ ਪਏ ਤੇ ਤੁਰਕਾਂ ਨੇ ਰੌਲਾ ਪਾਇਆ, ਤਦ ਆਪਸ ਵਿਚ ਹੀ ਕੱਟਣ ਲੱਗੇ, ਹਨ੍ਹੇਰੇ ਵਿਚ ਕੁਝ ਵੀ ਨਹੀਂ ਸੀ ਜਾਣਿਆ ਜਾਂਦਾ॥੩੯॥

ਸੈਯਾ- ਪੂਤ ਪਿਤਾ ਕੇ ਹਤੈ ਸਿਰ ਮੈਂ ਪਿਤ ਮਾਰਤਿ ਪੂਤ ਕੋ ਨਾਂਹਿਨ ਜਾਨੈ।
ਭ੍ਰਾਤ ਸੋਂ ਭ੍ਰਾਤ ਗਿਰਜੋ ਕਟਿਕੈ ਤਿਮ ਨਾਂਹਿ ਚਚਾ ਕੋ ਭਤੀਜ ਪਛਾਨੈ।
ਮੀਤ ਸੋਂ ਮੀਤ ਕ੍ਰਿਪਾਨ ਬਹੀ, ਮਤਿ ਹੋਤਿ ਭਈ ਹਤਿ, ਆਪ ਹੀ ਹਾਨੈਂ।
ਮਾਰਿ ਮਰੇ ਸੁ ਹਜ਼ਾਰ ਹੀ ਸ਼ੱਤ੍ਰਨਿ ਥੋਰ ਹੀ ਕਾਲ ਬਿਖੈ ਤੁਰਕਾਨੈ॥੪੦॥

ਪੁੱਤ ਪਿਤਾ ਨੂੰ ਮਾਰਦਾ ਸੀ ਤੇ ਪਿਤਾ ਪੁੱਤ ਦੇ ਸਿਰ ਵਿਚ ਮਾਰ ਕੇ ਮਾਰਦਾ ਸੀ, ਕੋਈ ਵੀ ਨਹੀ ਜਾਣਦਾ ਸੀ। ਭਰਾ ਨੇ ਭਰਾ ਨੂੰ ਕੱਟ ਕੇ ਡੇਗ ਦਿੱਤਾ, ਉਸ ਤਰ੍ਹਾਂ ਹੀ ਕਿਸੇ ਚਾਚੇ ਭਤੀਜੇ ਨੂੰ ਨਾ ਪਛਾਣਿਆ। ਮਿੱਤਰ ਦੀ ਮਿੱਤਰ ਤੇ ਕਿਰਪਾਨ ਚਲੀ, ਮੱਤ ਮਾਰੀ ਗਈ ਸੀ, ਆਪਣਿਆਂ ਨੂੰ ਆਪ ਹੀ ਨਾਸ਼ ਕਰਦੇ ਸਨ। ਹਜ਼ਾਰਾਂ ਵੈਰੀ ਆਪਣਿਆਂ ਨੂੰ ਮਾਰ ਕੇ ਮਰ ਗਏ ਤੇ ਬਹੁਤ ਥੋੜ੍ਹੇ ਤੁਰਕ ਬਚੇ॥੪੦॥

ਦੋਹਰਾ-ਸਪਤ ਸਹੱਸ੍ਰਨਿ ਕੇ ਬਿਖੈ ਪਰੀ ਰੌਰ ਇਸ ਭਾਇ।
ਕਿਤ ਹਮਰੋ ਦਲ, ਕਿਤ ਗੁਰੂ ਨਹਿਂ ਕਿਛੁ ਜਾਨਜੋ ਜਾਇ॥ ੪੧॥

ਸੱਤ ਹਜ਼ਾਰ ਵਿਚ ਫਿਰ ਇਸ ਪ੍ਰਕਾਰ ਰੌਲਾ ਪਿਆ ਕਿ ਇਹ ਸਾਡੀ ਫੌਜ ਹੈ ਕਿ ਗੁਰੂ ਦੀ, ਕੁਝ ਵੀ ਜਾਣਿਆ ਨਹੀਂ ਸੀ ਜਾਂਦਾ॥੪੧॥

ਕਿਤ ਗਮਨੇ, ਕਿਤ ਤੇ ਹਟੇ ਰਹਜੋ ਨ ਕੁਛ ਮਨ ਗਜਾਨ।
ਇਕ ਤਮ, ਪੁਨ ਹਿਮ, ਰਜੁ ਅਧਿਕ, ਪਰੇ ਪ੍ਰਾਨ ਕਰਿ ਹਾਨਿ॥ ੪੨॥

ਕਿਥੇ ਗਏ, ਕਿਸ ਥਾਂ ਤੋਂ ਹਟੇ, ਮਨ ਵਿਚ ਕੁਝ ਵੀ ਗਿਆਨ ਨਾ ਰਿਹਾ। ਇਕ ਤਾਂ ਬਹੁਤ ਹਨ੍ਹੇਰਾ ਸੀ, ਫਿਰ ਅਤਿ ਠੰਡ, ਧੂੜ ਬਹੁਤ ਸੀ, ਪ੍ਰਾਣਾਂ ਦਾ ਨਾਸ਼ ਹੋਣ ਤੇ ਲੰਮੇ ਪਏ ਸਨ॥੪੨॥

ਇਤ ਉਤ ਕੋ ਕਿਤ ਟਰਿ ਗਯੋ ਦੈਵ ਜੋਗ ਤੇ ਕੋਇ।
ਬਚਯੋ ਰਹਯੋ, ਬਾਕੀ ਸਕਲ ਪਰੇ ਮ੍ਰਿਤਕ ਰਣ ਹੋਇ॥ ੪੩॥

ਦੈਵ ਯੋਗ ਨਾਲ ਕੋਈ ਇਧਰ ਉਧਰ ਕਿਸੇ ਪਾਸੇ ਟਲ ਗਿਆ, ਜਿਹੜਾ ਵੀ ਕੋਈ ਬਚਿਆ ਰਿਹਾ, ਬਾਕੀ ਸਾਰੇ ਰਣਖੇਤਰ ਵਿਚ ਮਰੇ ਹੋਏ ਪਏ ਸਨ॥੪੩॥

ਪੂਰਨ ਪੁਰਖਨਿ ਤੇ ਕਹਹੁ ਪੂਰਾ ਉਤਰੈ ਕੌਨ।
ਗੁਰੁ ਸੰਤਨਿ ਸੋਂ ਅਰਹਿ ਸੋ ਮੰਦ ਭਾਗ ਹੈਂ ਜੌਨ॥ ੪੪॥

ਦੱਸੋ ਪੂਰਨ ਪੁਰਖਾਂ ਨਾਲ, ਕੌਣ ਪੂਰਾ ਉਤਰਦਾ ਹੈ, ਜਿਨ੍ਹਾਂ ਦੇ ਮੰਦੇ ਭਾਗ ਹੁੰਦੇ ਹਨ ਉਹ ਗੁਰੂ ਸੰਤਾਂ ਨਾਲ ਅੜਦੇ ਹਨ॥੪੪॥

*ਸੱਤਵੀਂ ਰਾਸ ਦਾ ਚਤਾਲੀਵਾਂ ਅਧਿਆਇ ਸਮਾਪਤ ਹੋਇਆ॥੪੪॥*

## ਅਧਿਆਇ ਪੰਜਤਾਲੀਵਾਂ

ਯੁੱਧ-ਵਰਣਨ

ਦੋਹਰਾ- ਆਪਸ ਮਹਿਂ ਭਿਰ ਜਾਂਹਿ ਜੇ ਤਬਹਿ ਕਰਹਿਂ ਹੱਥਜਾਰ।
ਨਤੁ ਪਾਰੇ ਮਾਰੇ ਸਰਬ ਪਰੇ ਹਜ਼ਾਰ ਸੁਮਾਰ॥ ੧॥

ਜਦੋਂ ਆਪਸ ਵਿਚ ਭਿੜ ਜਾਂਦੇ ਹਨ ਤਦ ਗੁਰੂ ਜੀ ਦੇ ਯੋਧੇ ਵੈਰੀ ਤੇ ਹਥਿਆਰਾਂ ਨਾਲ ਮਾਰ ਕਰਦੇ ਹਨ। ਨਹੀਂ ਤਾਂ ਜੇ ਆਪਸ ਵਿਚ ਨਾ ਭਿੜਨ ਤਾਂ ਪਾਲਾ ਹੀ ਵੈਰੀ ਨੂੰ ਮਾਰ ਰਿਹਾ ਹੈ॥੧॥

ਸੈਯਾ- ਹੇਰਿ ਅਫਾਤ ਪਰੀ ਕਹੁ ਦੀਰਘ, ਕੰਬਰ ਬੇਗ ਹਟਯੋ ਪਿਛਵਾਈ।
ਫੇਰਿ ਮਸਾਲ ਬਿਸਾਲ ਜਲਾਇ, ਕਰਾਲ ਪਿਖਯੋ ਦਲ ਕੋ ਸਮੁਦਾਈ।
ਬੀਰਨਿ ਪੈ ਬਹੁ ਬੀਰ ਪਰੇ, ਗਨ ਘੋਰਨਿ ਪੈ ਮਰਿ ਘੋਰੇ ਇਥਾਈਂ।
'ਕੈਸੇ ਭਏ ਮ੍ਰਿਤੁ ਏ ਸਗਰੇ?' ਬਹੁ ਸੋਚਤਿ ਹੈ ਚਿਤ ਮੈਂ ਦੁਖ ਪਾਈ॥ ੨॥

ਵੱਡੀ ਆਫਤ ਪਈ ਵੇਖ ਕੇ ਕੰਬਰ ਬੇਗ ਪਿਛੇ ਹਟ ਗਿਆ, ਫੇਰ ਬਹੁਤ ਮਸ਼ਾਲਾਂ ਜਗਾਈਆਂ ਤੇ ਸਾਰੇ ਦਲ ਨੂੰ ਬਹੁਤ ਵਿਕਰਾਲ ਵੇਖਿਆ। ਸੂਰਮਿਆਂ ਉਤੇ ਸੂਰਮੇ ਪਏ ਸਨ ਕਿਤੇ ਬਹੁਤ ਘੋੜਿਆਂ ਉਤੇ ਘੋੜੇ ਮਰ ਕੇ ਪਏ ਸਨ। 'ਇਨ੍ਹਾਂ ਸਾਰਿਆਂ ਦੀ ਕਿਵੇਂ ਮਿਰਤੂ ਹੋ ਗਈ?', ਚਿੱਤ ਵਿਚ ਦੁੱਖ ਪਾ ਕੇ ਬਹੁਤ ਸੋਚਦਾ ਸੀ॥੨॥

ਘਾਉ ਭਕਾਭਕ ਬੋਲਤਿ ਹੈਂ ਬਹੁ ਸ਼੍ਰੋਣਤਿ ਭੂਤਲ ਬੀਚ ਬਹਯੋ।
ਬਾਂਹੁ ਕਟੀ, ਕਿਹ ਜੰਘ ਕਟੀ, ਕਿਹ ਗ੍ਰੀਵ ਕਟੀ, ਧਰ ਹੋਇ ਰਹਯੋ।
ਕੋ ਗੁਲਕਾਂ ਲਗਿ ਪ੍ਰਾਨ ਦਏ ਤਰਫੰਤਿ ਕਿਤੇ ਮੁਖ 'ਹਾਇ' ਕਹਯੋ।
ਊਂਧੇ ਪਰੇ, ਇਕ ਸੀਧੇ ਪਰੇ, ਇਕ ਟੇਢੇ ਪਰੇ, ਬਡ ਘਾਵ ਲਹਯੋ॥ ੩॥

ਜ਼ਖਮ ਭੁਕ-ਭੁਕ ਕਰਕੇ ਬੋਲਦੇ ਸਨ ਤੇ ਬਹੁਤ ਖੂਨ ਧਰਤੀ ਤੇ ਵਗਿਆ ਸੀ। ਕਿਸੇ ਦੀ ਬਾਂਹ ਕੱਟੀ ਸੀ, ਕਿਸੇ ਦੀ ਜੰਘ ਕੱਟੀ ਸੀ, ਕਿਸੇ ਦੀ ਧੌਣ ਕੱਟੀ ਸੀ ਤੇ ਉਹ ਧੜ ਹੀ ਬਣ ਕੇ ਰਹਿ ਗਿਆ ਸੀ। ਕਈ ਗੋਲੀਆਂ ਲੱਗ ਕੇ ਪ੍ਰਾਣ ਛੱਡ ਗਏ ਸਨ, ਕਈ ਤੜਫਦੇ ਸਨ ਤੇ ਮੂੰਖ ਤੋਂ 'ਹਾਇ ਹਾਇ' ਕਹਿੰਦੇ ਸਨ। ਕਈ ਮੂਧੇ ਪਏ ਸਨ, ਕਈ ਸਿੱਧੇ ਪਏ ਸਨ, ਕਈ ਟੇਢੇ ਪਏ ਸਨ ਤੇ ਕਈਆਂ ਨੂੰ ਵੱਡੇ ਜ਼ਖਮ ਲੱਗੇ ਸਨ॥੩॥

ਕੰਬਰਬੇਗ ਪਠਯੋ ਨਰ ਕੋ, ਜਹਿਂ ਬੇਗਲਲਾ, ਸੁਧਿ ਜਾਇ ਸੁਨਾਈ।
'ਏਕ ਤੋ ਸੀਤ ਤੇ ਅੰਗ ਗਏ ਠਰਿ, ਦੂਸਰੇ ਹ੍ਵੈ ਤਮ ਕੋ ਸਮੁਦਾਈ।
ਆਪਸ ਮੈਂ ਕਟਿ ਸੈਨ ਮਰੀ, ਨ ਸਰਯੋ ਕੁਛ, ਸ਼ੱਤ੍ਰ ਖਰੇ ਸਮੁਹਾਈ।
ਜੋ ਪਹੁਚਯੋ ਦਲ ਅੱਗ੍ਰ ਪਠਾਵਹੁ, ਸੰਮੁਖ ਹੋਇ ਕਰੈ ਜੁ ਲਰਾਈ'॥ ੪॥

ਕੰਬਰ ਬੇਗ ਨੇ ਇਕ ਮਨੁੱਖ ਨੂੰ ਭੇਜਿਆ, ਜਿਥੇ ਲਲਾ ਬੇਗ ਸੀ ਤੇ ਉਸ ਨੂੰ ਸਾਰੀ ਖ਼ਬਰ ਸੁਣਾਈ, "ਇਕ ਤਾਂ ਸੀਤ ਨਾਲ ਸਾਰੇ ਅੰਗ ਠਰ ਗਏ, ਦੂਸਰਾ ਬਹੁਤ ਹਨ੍ਹੇਰਾ ਹੋ ਗਿਆ ਹੈ, ਆਪਸ ਵਿਚ ਕੱਟ ਕੇ ਸੈਨਾ ਮਰ ਗਈ ਹੈ, ਕੁਝ ਵੀ ਸਰਿਆ ਨਹੀਂ ਹੈ, ਵੈਰੀ ਸਾਹਮਣੇ ਖੜੇ ਹਨ। ਜੋ ਦਲ ਪਹੁੰਚਿਆ ਹੈ, ਉਸ ਨੂੰ ਅੱਗੇ ਭੇਜੋ ਜਿਹੜਾ ਸਾਹਮਣੇ ਹੋ ਕੇ ਲੜਾਈ ਕਰੇ"॥੪॥

ਯੌ ਸੁਨਿ ਸ਼੍ਰੋਨ ਰਹਯੋ ਬਿਸਮਾਇ, 'ਮਰਯੋ ਦਲ ਬਾਦ, ਸਰਯੋ ਨਹਿਂ ਕਾਜੂ'।
ਬੇਗਲਲਾ ਪੁਨ ਆਇਸੁ ਦੀ 'ਸਵਧਾਨ ਕੇ ਹੋਇ ਸਮੂਹ ਸਮਾਜੂ।
ਆਪਸ ਕੀ ਕਰਿ ਲਹੁ ਪਛਾਨ, ਮਹਾਂਨ ਹਨੋ ਗੁਰ, ਜਾਇ ਨ ਭਾਜੂ।
ਰਾਤਿ ਕੀ ਘਾਤ ਭਲੀ ਹਮ ਕੋ, ਦਿਨ ਮੈਂ ਨ ਥਿਰੈਂ, ਗਹਿ ਲੀਜਹਿ ਆਜੂ'॥੫॥

ਆਪਣੇ ਕੰਨਾਂ ਨਾਲ ਇਸ ਤਰ੍ਹਾਂ ਸੁਣ ਕੇ ਲਲਾ ਬੇਗ ਬਹੁਤ ਹੈਰਾਨ ਹੋਇਆ, 'ਫਜ਼ੂਲ ਵਿਚ ਫੌਜ ਮਰ ਗਈ ਹੈ ਤੇ ਕੁਝ ਕੰਮ ਵੀ ਨਹੀਂ ਸਰਿਆ ਹੈ।' ਲਲਾ ਬੇਗ ਨੇ ਫਿਰ ਆਗਿਆ ਦਿੱਤੀ, "ਸਾਰੀ ਫੌਜ ਸਾਵਧਾਨ ਹੋ ਜਾਵੇ ਤੇ ਆਪਸ ਦੀ ਪਛਾਣ ਕਰ ਲਵੇ, ਬਹੁਤ ਮਾਰੋ, ਗੁਰੂ ਕਿਤੇ ਭੱਜ ਨਾ ਜਾਏ। ਰਾਤ ਦੀ ਘਾਤ ਸਾਨੂੰ ਭਲੀ ਹੈ, ਦਿਨ ਸਮੇਂ ਨਹੀਂ ਠਹਿਰਾਂਗੇ, ਅੱਜ ਹੀ ਫੜ ਲਵਾਂਗੇ"॥੫॥

ਦ੍ਵੈ ਸਰਦਾਰ ਪਠਾਨਨਿ ਕੇ ਦਲ ਆਠ ਹਜ਼ਾਰ ਅਹੈਂ ਜਿਨ ਸੰਗਾ।
ਆਇਸੁ ਦੀਨਸਿ ਸੀਖ ਸਿਖਾਇ, ਚਲੇ ਰਣ ਕੋ ਚਿਤ ਚਾਵ ਉਮੰਗਾ।
ਭੀਖਨ ਖਾਨ ਬਡੋ ਬਲਵਾਨ ਸੰਜੋਇ ਕੋ ਧਾਰਿ ਰਹਯੋ ਸਰਬੰਗਾ।
ਦੂਸਰ ਨਾਮ ਕਹੈਂ ਗੁਲਖਾਂ, ਜਿਨ ਆਗੇ ਕਰੇ ਬਹੁ ਬਾਰ ਹੀ ਜੰਗਾ॥ ੬॥

ਪਠਾਣਾਂ ਦੇ ਦਲ ਦੇ ਦੋ ਸਰਦਾਰ ਸਨ, ਜਿਨ੍ਹਾਂ ਦੇ ਪਾਸ ਅੱਠ ਹਜ਼ਾਰ ਫੌਜ ਸੀ, ਸਿਖਿਆ ਦੇ ਕੇ ਉਨ੍ਹਾਂ ਨੂੰ ਆਗਿਆ ਕੀਤੀ, ਉਹ ਚਿੱਤ ਵਿਚ ਬੜੇ ਚਾਅ ਤੇ ਉਮੰਗ ਨਾਲ ਰਣਖੇਤਰ ਵੱਲ ਚਲ ਪਏ। ਪਹਿਲਾ ਸਰਦਾਰ ਭੀਖਨ ਖਾਨ ਵੱਡਾ ਬਲਵਾਨ ਸੀ, ਸਾਰੇ ਸਰੀਰ ਦੇ ਸਾਰੇ ਅੰਗਾਂ ਤੇ ਕਵਚ ਪਹਿਣਿਆ ਹੋਇਆ ਸੀ। ਦੂਸਰੇ ਦਾ ਨਾਂ ਗੁਲਖਾਨ ਸੀ, ਜਿਸ ਪਹਿਲਾਂ ਵੀ ਬਹੁਤ ਵਾਰ ਜੰਗਾਂ ਲੜੀਆਂ ਸਨ॥੬॥

ਸਾਤ ਹਜ਼ਾਰਨਿ ਕੋ ਮਰਿਵਾਇ ਕੈ ਆਠ ਹਜ਼ਾਰ ਕਰੇ ਪੁਨ ਆਗੇ।
ਚੋਬ ਦਮਾਮਨਿ ਬ੍ਰਿੰਦ ਪਰੈ, ਬਡ ਰੌਰ ਕਰੈਂ ਰਸ ਬੀਰ ਮੈਂ ਪਾਗੇ।
ਬੀਰ ਕਹਾਂ ਬਲ ਠਾਨਿ ਭਿਰੈਂ ਤਿਨ ਤੀਨਹੂੰ ਕਾਰਨ ਜੇ ਤਨ ਲਾਗੇ।
ਕਾਲ ਕੇ ਪ੍ਰੇਰੇ ਕਹਾਂ ਬਸ ਚਾਲਹਿ ਹ੍ਵੈ ਨ ਸੰਭਾਲਨ ਜਾਤਿ ਹੈਂ ਭਾਗੇ॥ ੭॥

ਸੱਤ ਹਜ਼ਾਰ ਮਰਵਾ ਕੇ ਫਿਰ ਅੱਠ ਹਜ਼ਾਰ ਹੋਰ ਅੱਗੇ ਕਰ ਦਿੱਤੇ। ਦਮਾਮਿਆਂ ਉਤੇ ਬਹੁਤ ਡੱਗੇ ਲੱਗੇ, ਬੀਰ ਰਸ ਵਿਚ ਰੰਗੇ ਹੋਏ ਸੂਰਮੇ ਬਹੁਤ ਰੌਲਾ ਪਾ ਰਹੇ ਸਨ। ਸੂਰਮੇ ਕਿਵੇਂ ਬਲ ਧਾਰ ਕੇ ਭਿੜਨ, ਉਨ੍ਹਾਂ ਵਾਸਤੇ ਵੀ ਉਹੋ ਤਿੰਨੇ ਕਾਰਨ ਸਨ, ਉਨ੍ਹਾਂ ਦੇ ਸਰੀਰਾਂ ਨੂੰ ਲੱਗਦੇ ਸਨ ਭਾਵ ਭੁੱਖ, ਠੰਡ ਤੇ ਥਕੇਵਾਂ ਉਨ੍ਹਾਂ ਤੇ ਵੀ ਲਾਗੂ ਹੁੰਦਾ ਸੀ। ਕਾਲ ਦੇ ਪ੍ਰੇਰਿਆਂ ਦਾ ਕਿਥੇ ਵੱਸ ਚਲੇਗਾ, ਆਪਣੇ ਆਪ ਨੂੰ ਸੰਭਾਲ ਨਾ ਸਕਣਗੇ, ਭੱਜ ਜਾਣਗੇ॥੭॥

ਜਾਨਿ ਬਡੋ ਦਲ ਆਇ ਗਯੋ ਤਬਿ ਜੋਧ ਪਰੇਰਿ ਤੁਰੰਗ ਅਗਾਰੀ।
ਸ਼ਾਹੁ ਸਲੇਮ ਸੋਂ ਆਨਿ ਮਿਲ੍ਯੋ ਸੁਖ ਬੂਝ ਤਿਨੈ ਸੁਖਸਾਰ ਉਚਾਰੀ।
'ਜ੍ਯੋਂ ਕਟ ਆਪਸ ਮੈਂ ਮਰਿ ਗੇ ਹਮ ਦੂਰ ਖਰੇ ਸਭਿ ਰੀਤਿ ਨਿਹਾਰੀ।
ਆਪ ਹੀ ਤੇ ਬਿਨ ਮਾਰੇ ਮਰੇ, ਗੁਰ ਪੂਰਨ ਕੋ ਸੁ ਪ੍ਰਤਾਪ ਹੈ ਭਾਰੀ ॥ ੮॥

ਜਦ ਇਹ ਜਾਣਿਆ ਕਿ ਵੱਡਾ ਦਲ ਆ ਗਿਆ ਹੈ, ਤਦ ਰਾਇ ਜੋਧ ਨੇ ਆਪਣੇ ਘੋੜੇ ਨੂੰ ਛੇੜ ਕੇ ਅੱਗੇ ਕੀਤਾ ਤੇ ਸਲੇਮ ਸ਼ਾਹ ਨੂੰ ਆ ਕੇ ਮਿਲਿਆ ਤੇ ਸੁਖ ਪੁੱਛ ਕੇ ਉਸ ਨਾਲ ਸੁਖਸਾਂਦ ਉਚਾਰਨ ਕੀਤੀ, 'ਜਿਵੇਂ ਆਪਸ ਵਿਚ ਕੱਟ ਕੇ ਮਰ ਗਏ ਹਨ ਅਸੀਂ ਦੂਰ ਖੜਿਆਂ ਨੇ ਸਾਰੀਆਂ ਰੀਤਾਂ ਨਾਲ ਵੇਖਿਆ ਹੈ। ਆਪ ਹੀ ਬਿਨ ਮਾਰਿਆਂ ਮਰ ਗਏ ਹਨ, ਪੂਰਨ ਗੁਰੂ ਜੀ ਦਾ ਵੱਡਾ ਪ੍ਰਤਾਪ ਹੈ'॥੮॥

ਜੰਬੁਕ ਆਮਿਖ ਖਾਹਿੰ ਘਨੇ, ਬਹੁ ਘਾਵ ਸਨੇ ਭਟ ਜੰਗ ਗਿਰੇ।
ਜੋਗਨਿ ਸ਼੍ਰੋਣਤ ਪੀਵਤਿ ਹੈਂ, ਪੁਨ ਲੇਤਿ ਡਕਾਰ ਅਨੰਦ ਭਰੇ।
ਭੂਤ ਮਹਾਂ ਗਨ ਪ੍ਰੇਮ ਪੁਕਾਰਤਿ, ਨਾਚਤਿ ਹਾਥ ਕਪਾਲ ਧਰੇ।
ਆਂਤ੍ਰ ਨਿਕਾਰਿ ਗਰੇ ਮਹਿਂ ਡਾਰਤਿ ਗਾਵਤਿ ਤਾਲ ਬਜਾਇ ਖਰੇ॥ ੯॥

ਗਿੱਦੜ ਮਾਸ ਖਾ ਰਹੇ ਹਨ, ਬਹੁਤ ਜ਼ਖਮਾਂ ਸਹਿਤ ਸੂਰਮੇ ਜੰਗ ਵਿਚ ਡਿੱਗੇ ਹੋਏ ਹਨ। ਜੋਗਣਾਂ ਲਹੂ ਪੀ ਰਹੀਆਂ ਹਨ ਤੇ ਫਿਰ ਅਨੰਦ ਨਾਲ ਭਰ ਕੇ ਡਕਾਰ ਮਾਰਦੀਆਂ ਹਨ। ਬਹੁਤ ਭੂਤ ਪ੍ਰੇਮ ਨਾਲ ਪੁਕਾਰਦੇ ਹਨ ਤੇ ਖੋਪਰੀਆਂ ਤੇ ਹੱਥ ਧਰ ਕੇ ਨੱਚਦੇ ਹਨ। ਯੋਧਿਆਂ ਦੀਆਂ ਆਂਦਰਾਂ ਕੱਢ ਕੇ ਆਪਣੇ ਗਲ਼ ਵਿਚ ਪਾਉਂਦੀਆਂ ਹਨ ਤੇ ਤਾਲ ਵਜਾ ਕੇ ਖੜੀਆਂ ਹੋ ਕੇ ਗਾਉਂਦੀਆਂ ਹਨ॥੯॥

ਆਠ ਹਜ਼ਾਰ ਪਰਜੇ ਦਲ ਆਇ ਉਠਾਇ ਸਕੈਂ ਨ ਤੁਫੰਗਨਿ ਕੋ।
ਸੀਤ ਤੇ ਹੋਇ ਰਹੈਂ ਜੜ ਕੇ ਸਮ, ਪ੍ਰੇਰਤਿ ਅੱਗ੍ਰ ਤੁਰੰਗਨ ਕੋ।
ਤਾਪਤਿ ਪਾਵਕ ਕੋ ਭਟ ਜੋਧ ਕੇ, ਹੋਤਿ ਨਹੀਂ ਠਰ ਅੰਗਨਿ ਕੋ।
ਹ੍ਵੈ ਸਵਧਾਨ ਧਰੇ ਸਭਿ ਆਯੁਧ ਆਵਤਿ ਸ਼ੱਤ੍ਰੁਨਿ ਭੰਗਨ ਕੋ॥ ੧੦॥

ਅੱਠ ਹਜ਼ਾਰ ਫੌਜ ਆ ਕੇ ਪੈ ਗਈ, ਜਿਸ ਦੇ ਸੂਰਮੇ ਬੰਦੂਕਾਂ ਵੀ ਨਹੀਂ ਚੁੱਕ ਸਕਦੇ ਹਨ। ਸੀਤ ਕਾਰਨ ਉਨ੍ਹਾਂ ਦੇ ਸਰੀਰ ਜੜ ਵਾਂਗ ਹੋ ਗਏ ਹਨ, ਉਹ ਘੋੜਿਆਂ ਨੂੰ ਹਿਕ ਕੇ ਅੱਗੇ ਲਿਆਏ। ਜੋਧ ਦੇ ਸੂਰਮੇ ਅੱਗ ਸੇਕ ਰਹੇ ਸਨ, ਉਨ੍ਹਾਂ ਦੇ ਸਰੀਰ ਠਰੇ ਹੋਏ ਨਹੀਂ ਸਨ। ਉਨ੍ਹਾਂ ਨੇ ਵੈਰੀ ਦਾ ਨਾਸ ਕਰਨ ਵਾਸਤੇ ਸਾਵਧਾਨ ਹੋ ਕੇ ਸ਼ਸਤਰ ਧਾਰਨ ਕਰ ਲਏ॥੧੦॥

ਤਜਾਰ ਤੁਫੰਗ ਹਜ਼ਾਰ ਹੁਤੀ ਇਕ ਬਾਰ ਚਲੀ ਅਰਿ ਮਾਰਨ ਕੋ।
ਸੰਮੁਖ ਰੋਰ ਕੇ ਛੋਰਿ ਦਈ ਤੁਰਕਾਂਨਿ ਲਗੀ ਤਨ ਗਾਰਨ ਕੋ।
ਫੇਰ ਬਰੂਦ ਬੰਦੂਕਨਿ ਪਾਇ ਕਸੀ ਗੁਲਕਾਂਨਿ ਪ੍ਰਹਾਰਨਿ ਕੋ।
ਸ਼ੀਘ੍ਰ ਚਲਾਇ ਦਈ ਰਣ ਦਾਰੁਨ ਮਾਰਨ ਆਠ ਹਜ਼ਾਰਨਿ ਕੋ॥ ੧੧॥

ਇਕ ਹਜ਼ਾਰ ਬੰਦੂਕ ਤਿਆਰ ਸੀ, ਉਹ ਵੈਰੀ ਨੂੰ ਮਾਰਨ ਵਾਸਤੇ ਇਕ ਵਾਰ ਇਕੱਠੀਆਂ ਚਲੀਆਂ, ਸਾਹਮਣੇ ਹੋ ਕੇ ਛੱਡ ਦਿੱਤੀਆਂ ਤੇ ਤੁਰਕਾਂ ਨੂੰ ਨਾਸ਼ ਕਰਨ ਵਾਸਤੇ ਉਨ੍ਹਾਂ ਦੇ ਸਰੀਰਾਂ ਨੂੰ ਲੱਗੀਆਂ। ਫਿਰ ਬਰੂਦ ਬੰਦੂਕਾਂ ਵਿਚ ਪਾ ਕੇ ਮਾਰਨ ਵਾਸਤੇ ਗੋਲੀਆਂ ਕੱਸ ਲਈਆਂ ਤੇ ਭਿਆਨਕ ਰਣਖੇਤਰ ਵਿਚ ਅੱਠ ਹਜ਼ਾਰ ਫੌਜ ਨੂੰ ਮਾਰਨ ਵਾਸਤੇ ਛੱਡ ਦਿੱਤੀਆਂ ॥੧੧॥

ਤੂਰਨਤਾ ਇਮ ਧਾਰਿ ਮਹਾਂ, ਕਹਿ ਜੋਧ ਨੇ ਮਾਰ ਬਡੀ ਕਰਿਵਾਈ।
ਚਾਰ ਕਰੇ ਇਮ ਵਾਰ ਬੰਦੂਕਨਿ ਏਕ ਹੀ ਬਾਰ ਨ ਸ਼ੱਤ੍ਰੂ ਚਲਾਈ।
ਭੂਮ ਧੜਾਧੜ ਗੇਰਤਿ ਸੂਰ ਤੜਾਤੜ ਯੌਂ ਗੁਲਕਾਨ ਮਚਾਈ।
ਛੂਛ ਤੁਰੰਗ ਫਿਰੈਂ ਹਿਹਨਾਵਤਿ ਕੇਤਿਕ ਮ੍ਰਿੱਤੁ ਭਏ ਲਗਿ ਘਾਈ॥ ੧੨ ॥

ਇਸ ਤਰ੍ਹਾਂ ਮਹਾਨ ਤੇਜ਼ੀ ਧਾਰ ਕੇ ਰਾਇ ਜੋਧ ਨੇ ਕਹਿ ਕੇ ਵੱਡੀ ਮਾਰ ਕਰਵਾਈ, ਇਸ ਤਰ੍ਹਾਂ ਬੰਦੂਕਾਂ ਦੇ ਚਾਰ ਵਾਰ ਕੀਤੇ ਤੇ ਵੈਰੀ ਨੇ ਇਕ ਵਾਰ ਵੀ ਗੋਲੀ ਨਾ ਚਲਾਈ। ਗੋਲੀਆਂ ਦੀ ਤੜਾਤੜ ਇੰਝ ਮਾਰ ਪਈ ਕਿ ਵੈਰੀ ਦੇ ਸੂਰਮੇ ਧੜਾਧੜ ਧਰਤੀ ਤੇ ਡਿੱਗ ਰਹੇ ਸਨ। ਖਾਲੀ ਘੋੜੇ ਹਿਣਕਦੇ ਫਿਰਦੇ ਸਨ ਤੇ ਕਈ ਗੋਲੀਆਂ ਲੱਗ ਕੇ ਮਰ ਗਏ ਸਨ ਤੇ ਕਈ ਘਾਇਲ ਹੋ ਗਏ ਸਨ ॥੧੨॥

ਰਸਾਵਲ ਛੰਦ-ਗੁਰੂ ਸੂਰ ਦੌਰੇ। ਕਰੇ ਸ਼ੱਤ੍ਰੂ ਬੌਰੇ। ਕਛੂ ਨਾਂਹਿ ਸੂਝੈ। ਲਗੈਂ ਸ਼ਸਤ੍ਰ ਜੂਝੈਂ ॥੧੩॥

ਗੁਰੂ ਜੀ ਦੇ ਸੂਰਮੇ ਭੱਜੇ, ਵੈਰੀ ਨੂੰ ਉਨ੍ਹਾਂ ਪਾਗਲ ਕਰ ਦਿੱਤਾ, ਉਨ੍ਹਾਂ ਨੂੰ ਕੁਝ ਵੀ ਸੁਝਦਾ ਨਹੀਂ ਸੀ, ਸ਼ਸਤਰ ਲੱਗਣ ਤੇ ਜੂਝਦੇ ਸਨ ॥੧੩॥

ਥਕੇ ਪੰਥ ਮਾਂਹੀ। ਭਈ ਨੀਂਦ ਨਾਂਹੀ। ਕਿਤੇ ਭੂਖ ਭਾਰੇ। ਛੁਧਾ ਨਾ ਨਿਵਾਰੇ ॥੧੪॥

ਪੈਂਡਾ ਕਰਕੇ ਥੱਕ ਗਏ ਸਨ, ਸੁੱਤੇ ਨਹੀਂ ਸਨ, ਕਿਤੇ ਭਾਰੀ ਭੁੱਖ ਲੱਗੀ ਸੀ, ਭੁੱਖ ਦੂਰ ਨਹੀਂ ਸੀ ਹੋਈ ॥੧੪॥

ਪਰੈ ਭੂਰ ਪਾਰਾ। ਨ ਜਾਈ ਸੰਭਾਰਾ। ਗੁਰੂ ਕੀ ਰਜ਼ਾਏ। ਸਮੀਰੰ ਚਲਾਏ ॥੧੫॥

ਬਹੁਤ ਪਾਲਾ ਪੈ ਰਿਹਾ ਸੀ, ਆਪਣੇ ਆਪ ਨੂੰ ਸੰਭਾਲਿਆ ਨਹੀਂ ਸੀ ਜਾਂਦਾ, ਗੁਰੂ ਜੀ ਦੀ ਰਜ਼ਾ ਸੀ, ਠੰਢੀ ਹਵਾ ਚਲਾਈ ਸੀ ॥੧੫॥

ਮਹਾਂ ਸੀਤ ਬਜਾਪੇ। ਬਡੇ ਸ਼ੱਤ੍ਰੂ ਕਾਂਪੇ। ਜੁਟੇ ਦੰਤ ਬੋਲੈਂ। ਮਸੇਂ ਹਾਥ ਖੋਲੈਂ ॥੧੬॥

ਮਹਾਨ ਸੀਤ ਹੋ ਗਈ ਸੀ, ਵੱਡੇ-ਵੱਡੇ ਵੈਰੀ ਕੰਬਦੇ ਸਨ, ਜੁੜੇ ਦੰਦ ਖੜਕਦੇ ਸਨ। ਮਸਾਂ ਹੀ ਹੱਥ ਖੋਲ੍ਹਦੇ ਸਨ ॥੧੬॥

ਕਿਤੀ ਦੇਰ ਲਾਗੇ। ਤੁਫੰਗਾਨਿ ਤਜਾਗੇ। ਕਰਜੋ ਜੋਧ ਹੱਲਾ। ਨਹੀਂ ਜਾਇ ਝੱਲਾ ॥੧੭॥

ਕਾਫੀ ਦੇਰ ਤਕ ਬੰਦੂਕਾਂ ਚਲਾਉਂਦੇ ਰਹੇ, ਰਾਏ ਜੋਧ ਨੇ ਹੱਲਾ ਕੀਤਾ, ਜਿਹੜਾ ਵੈਰੀਆਂ ਪਾਸੋਂ ਝੱਲਿਆ ਨਹੀਂ ਸੀ ਜਾਂਦਾ ॥੧੭॥

ਲਖੇ ਸ਼ੱਤ੍ਰੂ ਹਾਰੇ। ਮਿਲੇ ਬੀਰ ਭਾਰੇ। ਕਰੇ ਖੱਗ ਨੰਗੇ। ਜਿਨੈਂ ਬਾਢ ਚੰਗੇ ॥੧੮॥

ਜਦ ਵੈਰੀ ਨੂੰ ਹਾਰਿਆ ਸਮਝਿਆ ਤਾਂ ਭਾਰੀ ਸੂਰਬੀਰ ਇਕੱਠੇ ਹੋਏ, ਤਲਵਾਰਾਂ ਨੰਗੀਆਂ ਕੀਤੀਆਂ ਜਿਨ੍ਹਾਂ ਨੇ ਚੰਗੀ ਤਰ੍ਹਾਂ ਵਾਢੀ ਪਾਈ ॥੧੮॥

ਪਰਜੋ ਭੂਰ ਰੌਰਾ। ਸੁਨਜੋ ਦੂਰ ਠੌਰਾ। ਗੁਰੂ ਜਾਨਿ ਲੀਨੋ। ਰਣੰ ਭੂਰ ਕੀਨੋ ॥੧੯॥

ਬਹੁਤ ਰੌਲਾ ਮੱਚ ਗਿਆ, ਜਿਹੜਾ ਬੜੀ ਦੂਰ ਤਕ ਸੁਣਿਆ ਗਿਆ, ਗੁਰੂ ਜੀ ਜਾਣ ਗਏ ਬੜਾ ਘਮਸਾਣ ਦਾ ਯੁੱਧ ਕੀਤਾ ਹੈ ॥੧੯॥

ਪਠੇ ਔਰ ਸੂਰੰ। ਹਜ਼ਾਰੈਂ ਸਊਰੰ। ਰਣੰ ਰੰਗ ਰਾਤੇ। ਚਲੇ ਬੀਰ ਮਾਤੇ ॥ ੨੦ ॥

ਹੋਰ ਸੂਰਮੇ ਭੇਜੇ, ਹਜ਼ਾਰਾਂ ਸਵਾਰ ਸਨ, ਯੁੱਧ ਦੇ ਰੰਗ ਵਿਚ ਰੰਗੇ ਹੋਏ ਸਨ, ਮਤਵਾਲੇ ਸੂਰਬੀਰ ਚਲ ਪਏ ॥੨੦॥

ਜਹਾਂ ਜੋਧ ਜੋਧਾ। ਰੁਪਜੇ ਧਾਰਿ ਕ੍ਰੋਧਾ। ਤਹਾਂ ਜਾਇ ਬੋਲੇ। ਬਡੇ ਬੰਧਿ ਟੋਲੇ ॥੨੧॥

ਜਿਥੇ ਜੋਧ ਨਾਮੀ ਯੋਧਾ ਸੀ, ਬੜਾ ਕ੍ਰੋਧ ਧਾਰ ਕੇ ਗੁੱਸੇ ਵਿਚ ਆਇਆ, ਵੱਡੇ ਟੋਲੇ ਬੰਨ੍ਹ ਕੇ ਉਥੇ ਜਾ ਕੇ ਬੋਲੇ॥੨੧॥

ਤਪੇ ਬੈਂਨ੍ਹਿ ਜਾਰੀ। ਨਹੀਂ ਸੀਤ ਭਾਰੀ। ਚਲਾਏ ਤੁਫੰਗਾ। ਲਗੈਂ ਸ਼ੱਤ੍ਰੂ ਅੰਗਾ ॥੨੨॥

ਅੱਗ ਬਾਲ ਕੇ ਸੇਕੀ, ਭਾਰੀ ਠੰਡ ਨਹੀਂ ਸੀ, ਬੰਦੂਕਾਂ ਚਲਾਈਆਂ ਵੈਰੀ ਦੇ ਅੰਗਾਂ ਨੂੰ ਲੱਗੀਆਂ॥੨੨॥

ਕਸੈਂ ਫੇਰ ਮਾਰੈਂ। ਨ ਬੈਰੀ ਸੰਭਾਰੈਂ। ਨਹੀ ਹਾਥ ਹਾਲੈਂ। ਟਿਕੇ ਜਾਇ ਘਾਲੈਂ ॥੨੩॥

ਪਹਿਲਾਂ ਗੋਲੀਆਂ ਕੱਸਦੇ ਸਨ, ਫਿਰ ਮਾਰਦੇ ਸਨ, ਵੈਰੀ ਸੰਭਾਲ ਨਹੀਂ ਸੀ ਸਕਦਾ ਹੱਥ ਹਿਲਦੇ ਨਹੀਂ ਸਨ, ਮਾਨੋਂ ਖਲੋਤਿਆਂ ਨੂੰ ਮਾਰ ਦਿੰਦੇ ਸਨ॥੨੩॥

ਕਬੈ ਏਕ ਗੋਰੀ। ਹਤੈਂ ਜੋਧ ਓਰੀ। ਨਹੀਂ ਓਜ ਹੋਵੈਂ। ਬ੍ਰਿਥਾ ਪ੍ਰਾਨ ਖੋਵੈਂ ॥੨੪॥

ਕਦੀ ਇਕ ਗੋਲੀ ਨਾਲ ਯੋਧੇ ਨੂੰ ਮਾਰ ਦਿੰਦੇ ਸਨ, ਅਗਲੇ ਪਾਸਿਉਂ ਕੋਈ ਸ਼ਕਤੀ ਨਹੀਂ ਵਿਖਾਉਂਦੇ ਸਨ, ਵਿਅਰਥ ਆਪਣੇ ਪ੍ਰਾਣ ਗਵਾ ਬੈਠਦੇ ਸਨ॥੨੪॥

ਪਲਾਯੋ ਨ ਜਾਵੈ। ਨਹੀਂ ਪੰਥ ਪਾਵੈਂ। ਭਏ ਦੁੱਖਿ ਕੇਈ। ਨਹੀਂ ਧੀਰ ਲੇਈ ॥੨੫॥

ਭੱਜਿਆ ਨਹੀਂ ਸੀ ਜਾਂਦਾ, ਕਿਉਂਕਿ ਰਾਹ ਨਹੀਂ ਸੀ ਲੱਭਦਾ, ਕਈ ਬਹੁਤ ਦੁਖੀ ਹੋਏ ਸਨ, ਧੀਰਜ ਨਹੀਂ ਸੀ ਕਰਦੇ॥੨੫॥

ਦੋਹਰਾ- ਦ੍ਵੈ ਹਜ਼ਾਰ ਗੁਰ ਸੈਨ ਤਬਿ ਹੇਰਿ ਸੁਗਮ ਹੀ ਜੰਗ।
ਖੜਗ ਨਿਕਾਸੇ ਮਜਾਨ ਤੇ ਤੁਰਕਨਿ ਹਤੈਂ ਨਿਸ਼ੰਗ॥ ੨੬॥

ਫਿਰ ਗੁਰੂ ਜੀ ਦੀ ਦੋ ਹਜ਼ਾਰ ਸੈਨਾ, ਜੰਗ ਨੂੰ ਆਸਾਨ ਜਾਣ ਕੇ ਮਿਆਨਾਂ ਵਿਚੋਂ ਤਲਵਾਰਾਂ ਕੱਢ ਕੇ ਨਿਰਭੈਅ ਹੋ ਕੇ ਤੁਰਕਾਂ ਨੂੰ ਮਾਰਨ ਲੱਗ ਗਈ॥੨੬॥

ਰਸਾਵਲ ਛੰਦ- ਕ੍ਰਿਪਾਨੈਂ ਚਲਾਈ। ਸੁ ਲੋਹੂ ਚਖਾਈ।
ਕਟੈਂ ਸ਼ੱਤ੍ਰੂ ਅੰਗਾ। ਭਈ ਲਾਲ ਰੰਗਾ॥ ੨੭॥

ਕਿਰਪਾਨਾਂ ਚਲਾਈਆਂ, ਉਨ੍ਹਾਂ ਨੂੰ ਲਹੂ ਚਖਾਇਆ, ਵੈਰੀ ਦੇ ਅੰਗਾਂ ਨੂੰ ਕੱਟਿਆ ਤੇ ਲਾਲ ਰੰਗ ਦੀਆਂ ਹੋ ਗਈਆਂ॥੨੭॥

ਪਲਾਵੈਂ ਤੁਰੰਗਾ। ਮਿਲੈਂ ਸ਼ੱਤ੍ਰੂ ਸੰਗਾ। ਪਿਖੈਂ ਸੋ ਸੰਭਾਰੈਂ। ਨਹੀਂ ਓਜ ਧਾਰੈਂ ॥੨੮॥

ਘੋੜਿਆਂ ਨੂੰ ਭਜਾਉਂਦੇ ਸਨ, ਵੈਰੀ ਨੂੰ ਮਿਲਦੇ ਸਨ, ਤੁਰਕ ਨੂੰ ਵੇਖ ਕੇ ਸੰਭਾਲਦੇ ਸਨ। ਅੱਗੋਂ ਕਿਸੇ ਪ੍ਰਕਾਰ ਦਾ ਬਲ ਧਾਰਨ ਨਹੀਂ ਕਰਦੇ ਸਨ॥੨੮॥

ਠਰੇ ਹਾਥ ਭਾਰੇ। ਨ ਜਾਹੀਂ ਉਭਾਰੇ। ਕਹਾਂ ਵਾਰ ਓਟੈਂ ?। ਕਰੈ ਕੌਨ ਚੋਟੈਂ ? ॥੨੯॥

ਹੱਥ ਬਹੁਤ ਠਰੇ ਹੋਏ ਸਨ, ਉਪਰ ਨਹੀਂ ਸੀ ਚੁੱਕੇ ਜਾਂਦੇ, ਫਿਰ ਵਾਰ ਦਾ ਬਚਾਉ ਕਿਵੇਂ ਕਰਨ ? ਤੇ ਵਾਪਸ ਚੋਟ ਕੌਣ ਲਾਵੇ ?॥੨੯॥

ਮਰੈਂ ਮੂਢ ਮਾਰੇ। ਕ੍ਰਿਪਾਨੰ ਪ੍ਰਹਾਰੇ। ਕਿਨੂੰ ਤੀਰ ਛੋਰੇ। ਰਿਦੈ ਸ਼ੱਤ੍ਰੂ ਫੋਰੇ ॥੩੦॥

ਮੂਰਖ ਮੱਤ ਵਾਲੇ ਮਰ ਜਾਂਦੇ ਸਨ, ਸਿੱਖ ਕਿਰਪਾਨਾਂ ਦੇ ਵਾਰ ਕਰਦੇ ਸਨ, ਕੋਈ ਤੀਰ ਛੱਡਦਾ ਸੀ ਤੇ ਵੈਰੀਆਂ ਦੇ ਦਿਲ ਵਿੰਨ੍ਹ ਦਿੰਦੇ ਸਨ॥੩੦॥

ਕਿਨੂੰ ਫੇਰਿ ਨੇਜ਼ਾ। ਪਰੋਯੋ ਕਰੇਜਾ। ਹਲਾਹਾਲ ਮਾਚੀ। ਲਹੂ ਧੂਲ ਰਾਚੀ ॥੩੧॥

ਕਿਸੇ ਨੇ ਨੇਜ਼ਾ ਚਲਾ ਕੇ ਵੈਰੀ ਦਾ ਕਲੇਜਾ ਪਰੋ ਲਿਆ, ਬੜੀ ਹਲਚਲ ਮੱਚੀ ਸੀ, ਲਹੂ ਮਿੱਟੀ ਦਾ ਗਾਰਾ ਬਣ ਗਿਆ ਸੀ॥੩੧॥

ਗਿਰੇ ਅੰਗ ਭੰਗੇ। ਸਮੂੰਹ ਤੁਰੰਗੇ। ਕਿਤੇ 'ਹਾਇ' ਬੋਲੈਂ। ਕਿਤੇ ਛੂਛ ਡੋਲੈਂ॥੩੨॥

ਅੰਗ ਕੱਟੇ ਜਾਣ ਨਾਲ ਸਮੂੰਹ ਘੋੜੇ ਡਿੱਗ ਪਏ। ਕਿਤੇ 'ਹਾਇ' ਬੋਲਦੇ ਸਨ, ਕਿਤੇ ਖਾਲੀ ਹੀ ਡੋਲਦੇ ਸਨ॥੩੨॥

ਦੋਹਰਾ-ਇਕ ਇਕ ਗੁਰ ਕੇ ਸੂਰਮੇਂ ਪੰਚ ਕਿ ਸਪਤ ਸੰਘਾਰਿ।
ਕਰੇ ਨਿਬੇਰਨ ਤੁਰਕ ਗਨ ਜਿਮਖਾਤੀ ਬਧਿ ਦਾਰ॥ ੩੩॥

ਗੁਰੂ ਜੀ ਦੇ ਇਕ-ਇਕ ਸੂਰਮੇ ਨੇ ਪੰਜ ਜਾਂ ਸੱਤ ਸੂਰਮੇ ਮਾਰ ਕੇ ਤੁਰਕਾਂ ਦਾ ਇੰਝ ਨਿਬੇੜਾ ਕਰ ਦਿੱਤਾ ਜਿਵੇਂ ਤਰਖਾਣ ਲਕੜਾਂ ਨੂੰ ਕੱਟਦਾ ਹੈ॥੩੩॥

ਰਸਾਵਲ ਛੰਦ-ਪਰੀ ਬ੍ਰਿੰਦ ਲੋਥੈਂ। ਫਿਰੈਂ ਬਾਜ ਪੋਥੈਂ। ਲਹੂ ਦੀਹ ਚਾਲਾ। ਭਯਾਨੈਂ ਬਿਸਾਲਾ॥੩੪॥

ਬਹੁਤ ਲੋਥਾਂ ਪਈਆਂ ਸਨ, ਘੋੜੇ ਇਨ੍ਹਾਂ ਲੋਥਾਂ ਨੂੰ ਲਿਤਾੜਦੇ ਫਿਰਦੇ ਸਨ, ਜਿਨ੍ਹਾਂ ਵਿਚੋਂ ਬਹੁਤ ਲਹੂ ਚੱਲ ਰਿਹਾ ਸੀ, ਬੜਾ ਭਿਆਨਕ ਦ੍ਰਿਸ਼ ਸੀ॥੩੪॥

ਮਰੇ ਪੁੰਜ ਘੋਰੇ। ਤਮੰ ਮੋਟ ਘੋਰੇ। ਦਿਖੈ ਹੈ ਨ ਆਗੇ। ਲਖੈਂ ਅੰਗ ਲਾਗੇ॥੩੫॥

ਬਹੁਤ ਘੋੜੇ ਮਰੇ ਸਨ, ਹਨ੍ਹੇਰਾ ਬਹੁਤ ਡੂੰਘਾ ਤੇ ਸੰਘਣਾ ਸੀ। ਅੱਗੇ ਕੁਝ ਵੀ ਨਹੀਂ ਸੀ ਦਿੱਸਦਾ, ਜਦ ਸ਼ਸਤਰ ਆ ਕੇ ਅੰਗਾਂ ਨੂੰ ਵੱਜਦਾ ਹੈ, ਤਦ ਹੀ ਉਨ੍ਹਾਂ ਨੂੰ ਪਤਾ ਲੱਗਦਾ ਹੈ॥੩੫॥

ਚਲੈ ਬੇਗ ਜੋਈ। ਗਿਰੈ ਲਾਗ ਸੋਈ। ਕਿਤੇ ਘਾਇ ਖਾਏ। ਕਹੈਂ 'ਹਾਇ ਹਾਏ'॥੩੬॥

ਜਿਹੜਾ ਤੇਜ਼ ਚਲਦਾ ਹੈ, ਉਹ ਸ਼ਸਤਰ ਲੱਗ ਕੇ ਡਿੱਗ ਪੈਂਦਾ ਹੈ, ਕਿਤੇ ਸ਼ਸਤਰ ਲੱਗਣ ਨਾਲ ਘਾਇਲ ਹੁੰਦੇ ਸਨ ਤੇ ਫਿਰ 'ਹਾਇ ਹਾਇ' ਕਹਿੰਦੇ ਸਨ॥੩੬॥

ਚਹੈਂ ਕੋਇ ਭਾਗੋ। ਨ ਸੂਝੈ ਸੁ ਆਗੋ। ਬਿਸਾਲੈ ਉਜਾਰਾ। ਨ ਪੰਥੈ ਨਿਹਾਰਾ॥੩੭॥

ਕਈ ਭੱਜਣਾ ਚਾਹੁੰਦੇ ਸਨ, ਪਰ ਅੱਗੇ ਕੁਝ ਦਿਖਾਈ ਨਹੀਂ ਦਿੰਦਾ, ਬਹੁਤ ਉਜਾੜ ਹੈ, ਰਾਹ ਨਹੀਂ ਦਿੱਸਦਾ ਹੈ॥੩੭॥

ਕਹਾਂ ਭਾਗ ਜਾਵੈਂ। ਨਹੀ ਭੇਵ ਪਾਵੈਂ। ਸੁ ਹੋਏ ਲਚਾਰਾ। ਖਰੇ ਖਾਇਂ ਮਾਰਾ॥੩੮॥

ਭੱਜ ਕੇ ਕਿਥੇ ਜਾਣ, ਇਹ ਭੇਦ ਨਹੀਂ ਜਾਣਦੇ ਹਨ, ਇਸ ਕਰਕੇ ਲਾਚਾਰ ਹੋਏ ਹਨ, ਖਲੋਤੇ-ਖਲੋਤੇ ਮਾਰ ਖਾਂਦੇ ਹਨ॥੩੮॥

ਨ ਹਾਥੈ ਉਠਾਵੈਂ। ਨ ਗੋਰੀ ਚਲਾਵੈਂ। ਬਹੀ ਬਾਯੁ ਸੀਰੀ। ਮਹਾਂ ਸੀਤ ਗੀਰੀ॥੩੯॥

ਨਾ ਹੱਥ ਚੁੱਕਦੇ ਹਨ ਤੇ ਨਾ ਹੀ ਗੋਲੀ ਚਲਾਉਂਦੇ ਹਨ, ਬਹੁਤ ਠੰਡੀ ਹਵਾ ਚਲ ਰਹੀ ਹੈ ਤੇ ਬਹੁਤ ਪਾਲਾ ਪਿਆ ਹੈ॥੩੯॥

ਲਗੀ ਦੇਹਿ ਮਾਂਹੀ। ਸਹੀ ਜਾਇ ਨਾਂਹੀ। ਪੁਕਾਰੈਂ ਕਹੰਤੇ:-'ਕਰਾਮਾਤ ਵੰਤੇ॥੪੦॥

ਸਰੀਰ ਨੂੰ ਬਹੁਤ ਠੰਡ ਲੱਗਦੀ ਹੈ, ਜਿਹੜੀ ਬਰਦਾਸ਼ਤ ਨਹੀਂ ਹੁੰਦੀ ਹੈ, ਪੁਕਾਰ ਕੇ ਕਹਿੰਦੇ ਹਨ, ''ਕਰਾਮਾਤ ਵਾਲੇ ਹਨ'॥੪੦॥

ਗੁਰੂ ਪੌਨ ਪ੍ਰੇਰੀ। ਕਬੈ ਧੌਂ ਨ ਹੇਰੀ। ਸਭੈ ਸੁੰਨ ਕੀਨੇ। ਭਏ ਓਜ ਹੀਨੇ॥੪੧॥

ਗੁਰੂ ਜੀ ਨੇ ਠੰਡੀ ਹਵਾ ਵਗਾਈ ਹੈ, ਕਦੇ ਅਜਿਹੀ ਹਵਾ ਨਹੀਂ ਵੇਖੀ ਹੈ, ਸਾਰੇ ਸੁੰਨ ਕਰ ਦਿੱਤੇ ਹਨ, ਸ਼ਕਤੀ ਰਹਿਤ ਹੋ ਗਏ ਹਨ॥੪੧॥

ਕਹੋ ਕੌਨ ਬੀਰਾ। ਸਹਾਰੈ ਸਮੀਰਾ। ਲਰੈ ਫੇਰ ਜੁੱਧੰ। ਕਰੈ ਸ਼ਸਤ੍ਰ ਸੁੱਧੰ॥ ੪੨॥

ਦੱਸੋ ਕਿਹੜਾ ਸੂਰਬੀਰ ਹੈ, ਜਿਹੜਾ ਅਜਿਹੀ ਠੰਡੀ ਹਵਾ ਨੂੰ ਝੱਲ ਲਵੇ, ਫਿਰ ਯੁੱਧ ਲੜੇ ਤੇ ਸ਼ਸਤਰਾਂ ਦੀ ਸੋਝੀ ਕਰੇ॥੪੨॥

ਕਰਜੇ ਕ੍ਰੋਧ ਪਾਰੇ। ਸਭੀ ਆਨਿ ਮਾਰੇ। ਸੁਨੈ ਕੌਨ ਬਾਨੀ। ਪਰੀ ਧੂਮ ਧਾਨੀ॥੪੩॥

ਪਾਲੇ ਨੇ ਬੜਾ ਕ੍ਰੋਧ ਧਾਰਨ ਕੀਤਾ ਸੀ, ਸਾਰਿਆ ਨੂੰ ਆ ਕੇ ਮਾਰ ਦਿੱਤਾ ਹੈ' ਕੌਣ ਕਿਸੇ ਦੀ ਕੋਈ ਗੱਲ ਸੁਣਦਾ ਹੈ, ਬਹੁਤ ਰੌਲਾ ਮਚਿਆ ਹੋਇਆ ਹੈ॥੪੩॥

ਦੋਹਰਾ- ਗੁਰ ਆਗਜਾ ਤੇ ਸੀਤ ਭਾ ਸਕਹਿਂ ਨ ਸ਼ਸਤ੍ਰ ਉਠਾਇ।
ਤਨ ਕੰਪਤਿ ਬਾਜਤਿ ਦਸਨ ਭਏ ਬਿਬਸ ਪਛੁਤਾਇ॥ ੪੪॥

ਗੁਰੂ ਜੀ ਦੀ ਆਗਿਆ ਨਾਲ ਬਹੁਤ ਠੰਡ ਹੋ ਗਈ, ਵੈਰੀ ਦਾ ਕੋਈ ਵੀ ਯੋਧਾ ਸ਼ਸਤਰ ਨਾ ਚੁੱਕ ਸਕਿਆ। ਸਰੀਰ ਕੰਬਦਾ ਸੀ, ਦੰਦੋੜਿਕਾ ਵੱਜਦਾ ਸੀ ਤੇ ਬੇਬਸ ਹੋ ਕੇ ਬਹੁਤ ਪਛਤਾਏ॥੪੪॥

ਹੁਤੇ ਸੈਨ ਸਰਦਾਰ ਜੇ ਰਹੇ ਪਿਛਾਰੀ ਸੋਇ।
ਢੋਯੋ ਲਸ਼ਕਰ ਅੱਗ੍ਰ ਨਿਜ ਥਕਤਿ, ਛੁਧਤਿ ਠਰਿ ਜੋਇ॥ ੪੫॥

ਜਿਹੜੇ ਤੁਰਕ ਸੈਨਾਂ ਦੇ ਸਰਦਾਰ ਸਨ, ਉਹ ਸਾਰੇ ਪਿਛਾੜੀ ਰਹੇ ਸਾਰੇ ਲਸ਼ਕਰ ਨੂੰ ਅੱਗੇ ਕਰ ਦਿੱਤਾ, ਜਿਹੜੇ ਭੁੱਖੇ, ਥੱਕੇ ਅਤੇ ਠੰਡ ਨਾਲ ਸੁੰਨ ਹੋਏ ਸਨ॥੪੫॥

ਭਾਜਜੇ, ਲਰਜੇ ਨ ਲਖਿ ਪਰੈ ਹੁਤੋ ਅੰਧੇਰਾ ਪੀਨ।
ਸੈਨਾਪਤਿ ਬਾਚੇ ਸਕਲ, ਸੈਨ ਪ੍ਰਾਨ ਬਿਹੀਨ॥ ੪੬॥

ਭੱਜ ਪਏ, ਬਹੁਤ ਹਨੇਰਾ ਹੋਣ ਕਰਕੇ ਲੜਨ ਵਾਸਤੇ ਕੁਝ ਦਿੱਸਦਾ ਨਹੀਂ ਸੀ। ਸਾਰੇ ਸੈਨਾਪਤੀ ਬਚ ਗਏ ਤੇ ਸੈਨਾ ਪ੍ਰਾਣ-ਰਹਿਤ ਹੋ ਗਈ॥੪੬॥

ਕਹੌਂ ਕਹਾਂ ਲਗਿ ਨਿਬਲਤਾ ਭਈ ਜੁ ਤੁਰਕਨ ਮਾਂਹਿ।
ਭਾਜੇ ਗਏ ਨ ਮੁਰਿ ਲਰੇ, ਖਰੇ ਖਰੇ ਮਰਿ ਜਾਹਿਂ॥ ੪੭॥

ਕਿਥੋਂ ਤਕ ਕਹਾਂ, ਜਿਹੜੀ ਤੁਰਕਾਂ ਵਿਚ ਨਿਰਬਲਤਾ ਹੋ ਗਈ। ਜਿਹੜੇ ਇਕ ਵਾਰ ਭੱਜ ਗਏ ਉਹ ਮੁੜ ਨਾ ਲੜੇ, ਖੜੇ ਖੜੇ ਹੀ ਮਰ ਜਾਂਦੇ ਸਨ॥੪੭॥

ਸ੍ਰੀ ਸਤਿਗੁਰ ਕੀ ਸੈਨ ਗਨ ਸੁਨੀ ਅਵਾਈ ਭੂਰ।
ਮਾਰੇ ਸੁਗਮ, ਨ ਕੁਛ ਲਰੇ ਉਰ ਪ੍ਰਮੋਦ ਬਹੁ ਸੂਰ॥ ੪੮॥

ਸਤਿਗੁਰੂ ਜੀ ਦੀ ਸੈਨਾ ਨੇ ਵੱਡੀ ਗਿਣਤੀ ਵਿਚ ਵੈਰੀ ਦੀ ਫੌਜ ਆਉਣ ਦੀ ਖ਼ਬਰ ਸੁਣੀ ਸੀ, ਬੜੀ ਆਸਾਨੀ ਨਾਲ ਮਾਰ ਲਏ, ਕੋਈ ਵੀ ਲੜਿਆ ਨਾ, ਇਸ ਕਰਕੇ ਸਤਿਗੁਰੂ ਜੀ ਦੇ ਸੂਰਮਿਆਂ ਦੇ ਦਿਲ ਪ੍ਰਸੰਨ ਸਨ॥੪੮॥

ਸਪਤ ਸੁ ਅਸ਼ਟ ਹਜ਼ਾਰ ਭਟ ਮਰੇ ਅੰਧੇਰੇ ਮਾਂਹਿ।
ਲਲਾਬੇਗ ਢਿਗ ਸੁਧਿ ਗਈ 'ਲਰਤਿ ਸੁਭਟ ਅਬਿ ਨਾਂਹਿ॥ ੪੯॥

ਸੱਤ ਤੇ ਅੱਠ ਭਾਵ ਪੰਦਰ੍ਹਾਂ ਹਜ਼ਾਰ ਤੁਰਕ ਸੂਰਮੇ ਹਨੇਰੇ ਵਿਚ ਮਾਰੇ ਗਏ, ਲਲਾ ਬੇਗ ਪਾਸ ਖ਼ਬਰ ਗਈ, ਹੁਣ ਸੂਰਮੇ ਨਹੀਂ ਲੜ ਰਹੇ ਹਨ॥੪੯॥

ਜਾਨੇ ਪਰੇ ਨ ਭਾਜਿ ਗੇ ਕਿਧੋਂ ਮਰੇ ਰਣ ਖੇਤ।
ਛੁਟਤਿ ਨ ਤੁਪਕ, ਨ ਸ਼ੋਰ ਹ੍ਵੈ, ਬਕੈਂ ਨ ਕੋਪ ਸਮੇਤ॥ ੫੦॥

ਇਹ ਪਤਾ ਨਹੀਂ ਲੱਗਦਾ ਹੈ ਕਿ ਭੱਜ ਗਏ ਹਨ ਜਾਂ ਰਣਖੇਤਰ ਵਿਚ ਮਰੇ ਪਏ ਹਨ। ਬੰਦੂਕਾਂ ਨਹੀਂ ਚਲਦੀਆਂ ਹਨ ਅਤੇ ਕੋਈ ਸ਼ੋਰ ਵੀ ਨਹੀਂ ਹੈ, ਕੋਈ ਗੁੱਸੇ ਵਿਚ ਆ ਕੇ ਬੋਲ ਵੀ ਨਹੀਂ ਰਿਹਾ ਹੈ॥੫੦॥

ਲਲਾਬੇਗ ਕਾਬਲਪਤੀ ਸੁਨਤਿ ਬਾਕ ਬਿਸਮਾਇ।
'ਦਸ ਅਰੁ ਪੰਚ ਸਹੱਸ੍ਰ ਭਟ ਕਹਾਂ ਭਯੋ ਤਿਹ ਜਾਇ॥ ੫੧॥

ਕਾਬਲ ਦਾ ਮਾਲਕ ਲਲਾ ਬੇਗ ਇਹ ਸੁਣ ਕੇ ਬਹੁਤ ਹੈਰਾਨ ਹੋਇਆ, ਸੋਚਣ ਲੱਗਾ, "ਪੰਦਰ੍ਹਾਂ ਹਜ਼ਾਰ ਸੂਰਮਿਆਂ ਨੂੰ ਕੀ ਹੋ ਗਿਆ ਹੈ, ਉਹ ਕਿਥੇ ਚਲੇ ਗਏ ਹਨ॥੫੧॥

ਤਿਮਰ ਅਧਿਕ ਸੁਝਤਿ ਨਹੀਂ ਰਹਤਿ ਨ ਬਿੰਦ ਮਸਾਲ।
ਤਾਕਿ ਤੁਪਕ ਗਨ ਕੋ ਹਤਹਿਂ ਮਰਤਿ ਕਿ ਬੂਝਤਿ ਕਾਲ॥ ੫੨॥

ਬਹੁਤ ਹਨੇਰਾ ਹੈ, ਕੁਝ ਸੁਝਦਾ ਨਹੀਂ ਹੈ, ਮਸਾਲਾਂ ਵੀ ਬਹੁਤ ਥੋੜ੍ਹੀਆਂ ਰਹਿ ਗਈਆਂ ਹਨ। ਫਿਰ ਗੁਰੂ ਵਲੋਂ ਤੱਕ ਕੇ ਬੰਦੂਕਾਂ ਚਲ ਰਹੀਆਂ ਹਨ ਕਿ ਸਾਡੇ ਆਦਮੀ ਉਨ੍ਹਾਂ ਨਾਲ ਮਰ ਰਹੇ ਹਨ, ਮਾਨੋਂ ਆਪ ਹੀ ਮੌਤ ਨੂੰ ਪੁੱਛਦੇ ਫਿਰਦੇ ਹਨ॥੫੨॥

ਭਯੋ ਨ ਆਛੋ ਜੰਗ ਕੁਛ', ਸੋਚਤਿ ਅਤਿ ਚਿਤ ਮਾਂਹਿ।
ਭਗਨੀ ਨੰਦਨ ਢਿਗ ਹੁਤੋ ਕਾਬਲ ਬੇਗ ਜੁ ਆਹਿ॥ ੫੩॥

ਜੰਗ ਕੁਝ ਚੰਗਾ ਨਹੀਂ ਹੋਇਆ ਹੈ।" ਇਸ ਤਰ੍ਹਾਂ ਲਲਾ ਬੇਗ ਆਪਣੇ ਦਿਲ ਵਿਚ ਬਹੁਤ ਸੋਚ ਰਿਹਾ ਸੀ। ਉਸ ਦੀ ਭੈਣ ਦਾ ਪੁੱਤਰ ਕਾਬਲ ਬੇਗ ਉਸ ਦੇ ਪਾਸ ਹੀ ਸੀ॥੫੩॥

ਕਹਯੋ 'ਸੀਤ ਅਤਿਸ਼ੈ ਪਰੈ ਨਿਕਸਤਿ ਹਾਥ ਨ ਕੋਇ।
ਭਏ ਬਿਬਸ ਕਿਤ ਭਾਗਿ ਗੇ ਕੈ ਸਗਰੇ ਮ੍ਰਿਤੁ ਹੋਇ?॥ ੫੪॥

ਉਸ ਨੂੰ ਕਿਹਾ, "ਸੀਤ ਬਹੁਤ ਪੈਂਦੀ ਹੈ, ਹੱਥ ਵੀ ਬਾਹਰ ਕੱਢਣਾ ਮੁਸ਼ਕਲ ਹੈ, ਬੇਬੱਸ ਹੋ ਕੇ ਕਿਤੇ ਭੱਜ ਗਏ ਹਨ, ਜਾਂ ਸਾਰੇ ਹੀ ਮਾਰੇ ਗਏ ਹਨ?॥੫੪॥

ਦਿਵਸ ਚੜ੍ਹੇ ਜਬਿ ਜੰਗ ਕੀ ਆਛੀ ਬਿਧਿ ਤਬਿ ਠਾਨਿ।
ਗਹਿ ਲੈ ਹੈਂ ਕੈ ਮਾਰਿ ਹੈਂ ਦੇਹਿਂ ਨਹੀਂ ਗੁਰੁ ਜਾਨਿ'॥ ੫੫॥

ਜਦ ਦਿਨ ਚੜ੍ਹੇਗਾ ਤਾਂ ਜੰਗ ਦੀ ਚੰਗੀ ਵਿਧੀ ਬਣਾਵਾਂਗੇ, ਗੁਰੂ ਨੂੰ ਫੜ ਲਵਾਂਗੇ ਜਾਂ ਮਾਰ ਦੇਵਾਂਗੇ, ਉਸ ਨੂੰ ਜਾਣ ਨਹੀਂ ਦੇਵਾਂਗੇ'॥੫੫॥

ਸੋਰਠਾ- ਆਯੋ ਕੰਬਰ ਬੇਗ ਇਤਨੇ ਮੈਂ ਸਭਿ ਸੁਨਿ ਕਹਯੋ।
'ਕਯੋਂ ਨ ਰਿਦੈ ਉਦਬੇਗ ਧਾਰਤਿ ਹੋ? ਸੁਖ ਸੋਂ ਥਿਰੋ॥ ੫੬॥

ਏਨੇ ਵਿਚ ਕੰਬਰ ਬੇਗ ਆ ਗਿਆ ਤੇ ਸਾਰੀ ਗੱਲ ਸੁਣ ਕੇ ਉਸ ਕਿਹਾ, "ਹਿਰਦੇ ਵਿਚ ਕੋਈ ਫਿਕਰ ਕਿਉਂ ਨਹੀ ਕਰਦਾ? ਆਰਾਮ ਨਾਲ ਖੜੇ ਹੋ॥੫੬॥

ਆਇ ਪਰਹਿ ਗੁਰ ਸੈਨ, ਤੁਮ ਤੇ ਕੁਛ ਹੋਵਹਿ ਨਹੀਂ।
ਪਠਿ ਦੇ ਹੈਂ ਜਮ ਐਨ, ਜਿਮ ਲਸ਼ਕਰ ਆਗੇ ਹਤਯੋ॥ ੫੭॥

ਜੇ ਗੁਰੂ ਦੀ ਸੈਨਾ ਤੇਰੇ ਤੇ ਆ ਪਈ ਤਾਂ ਤੇਰੇ ਪਾਸੋਂ ਕੁਝ ਨਹੀਂ ਹੋਣਾ, ਤੈਨੂੰ ਜਮ ਦੇ ਘਰ ਭੇਜ ਦੇਣਗੇ, ਜਿਵੇਂ ਪਹਿਲਾਂ ਤੇਰਾ ਸਾਰਾ ਲਸ਼ਕਰ ਮਾਰ ਕੇ ਭੇਜ ਦਿੱਤਾ ਹੈ॥੫੭॥

ਕਾਟਤਿ ਤੁਮ ਕੋ ਜਾਇ ਲਵਪੁਰਿ ਲਗਿ, ਮਿਟਿ ਹੈ ਨਹੀਂ।
ਕਜੌਂ ਨਹਿਂ ਕਰਤਿ ਉਪਾਇ, ਜਬਿ ਲਗਿ ਇਹਾਂ ਨ ਆਵਈ॥ ੫੮॥

ਤੈਨੂੰ ਕੱਟਦਾ ਉਹ ਲਾਹੌਰ ਤਕ ਚਲਾ ਜਾਵੇਗਾ, ਰੁਕੇਗਾ ਨਹੀਂ। ਕਿਉਂ ਕੋਈ ਉਪਾਅ ਨਹੀਂ ਕਰਦਾ, ਜਦ ਤਕ ਉਹ ਇਥੇ ਨਹੀਂ ਆ ਜਾਂਦਾ॥੫੮॥

ਭਲੇ ਆਇ ਹਯ ਲੈਨਿ ਨਿਕਟ ਰਹੇ ਭੀ ਜਾਇ ਹੈਂ।
ਕਰਿਹੋ ਪ੍ਰਾਨਨਿ ਦੈਨ, ਮੋਕਹੁ ਇਮ ਦ੍ਰਿਸ਼ਟਾਵਈ॥ ੫੯॥

ਚੰਗੇ ਘੋੜੇ ਲੈਣ ਆਏ ਹਾਂ, ਜਿਹੜੇ ਘੋੜੇ ਸਾਡੇ ਕੋਲ ਸਨ, ਉਹ ਵੀ ਖੁਹਾ ਲਵਾਂਗੇ। ਘੋੜੇ ਕੀ ਮੈਨੂੰ ਤਾਂ ਇਹ ਦਿੱਸਦਾ ਹੈ ਕਿ ਪ੍ਰਾਣ ਵੀ ਸਾਨੂੰ ਦੇਣੇ ਪੈਣਗੇ'॥੫੯॥

ਸੁਨਿ ਸਚਿੰਤ ਚਿਤ ਹੋਇ, ਲਲਾਬੇਗ ਕੁਛ ਮੋਨ ਧਰਿ।
ਗਹਜੋ ਚਹਤਿ ਗੁਰ ਸੋਇ, ਜਮ ਤੇ ਗਹਜੋ ਸੁ ਜਾਵਹੀ॥ ੬੦॥

ਇਹ ਸੁਣ ਕੇ ਲਲਾ ਬੇਗ ਫਿਕਰਮੰਦ ਹੋ ਗਿਆ ਤੇ ਚੁੱਪ ਧਾਰਨ ਕਰ ਲਈ, ਉਹ ਗੁਰੂ ਜੀ ਨੂੰ ਫੜਨਾ ਚਾਹੁੰਦਾ ਹੈ, ਪਰ ਉਸ ਨੂੰ ਇਹ ਪਤਾ ਨਹੀਂ ਉਸ ਨੇ ਆਪ ਜਮਾਂ ਤੋਂ ਫੜੇ ਜਾਣਾ ਹੈ॥੬੦॥

*ਸੱਤਵੀਂ ਰਾਸ ਦਾ ਪੰਜਤਾਲੀਵਾਂ ਅਧਿਆਇ ਸਮਾਪਤ ਹੋਇਆ॥੪੫॥*

## ਅਧਿਆਇ ਛਤਾਲੀਵਾਂ

*ਯੁੱਧ ਜਾਰੀ*

ਦੋਹਰਾ-ਲਲਾਬੇਗ ਕੇ ਸੁਤ ਖਰੇ ਬੋਲੇ ਕੋਪ ਸਮੇਤ।
'ਟਰਹੁ ਨ ਅਬਿ ਆਗੈ ਪਠਹੁ ਦਸ ਸਹੱਸ੍ਰ ਰਣ ਖੇਤ॥ ੧॥

ਪਾਸ ਹੀ ਲਲਾ ਬੇਗ ਦੇ ਪੁੱਤਰ ਖੜੇ ਸਨ, ਉਹ ਬੜੇ ਗੁੱਸੇ ਵਿਚ ਆ ਕੇ ਬੋਲੇ, ''ਹੁਣ ਟਲੋ ਨਾ, ਹੁਣ ਰਣਖੇਤਰ ਵਿਚ ਦਸ ਹਜ਼ਾਰ ਫੌਜ ਭੇਜੋ॥੧॥

*ਪਾਧੜੀ ਛੰਦ*-ਤਹਿਂ ਰਹੈਂ ਲਰਤਿ ਆਗਾ ਸੁ ਰੋਕਿ। ਨਹਿਂ ਜੰਗ ਖੇਤ ਛੂਛਾ ਬਿਲੋਕਿ।
ਜਬਿ ਲੌ ਨ ਪ੍ਰਾਤਿ ਹੋਵੈ ਪ੍ਰਕਾਸ਼। ਤਹਿਂ ਕਰਹਿਂ ਜੁੱਧ ਰਿਪੁ ਗਨ ਬਿਨਾਸ਼ਿ॥੨॥

ਉਹ ਲੜਦੇ ਰਹਿਣ ਤਾਂਕਿ ਅੱਗਾ ਰੋਕ ਛੱਡਣ, ਰਣਖੇਤਰ ਨੂੰ ਖਾਲੀ ਨਾ ਛੱਡੋ, ਜਦ ਤਕ ਸਵੇਰ ਦਾ ਪ੍ਰਕਾਸ਼ ਨਹੀਂ ਹੁੰਦਾ, ਉਧਰ ਉਹ ਯੁੱਧ ਕਰਨ ਤੇ ਵੈਰੀਆਂ ਦਾ ਨਾਸ਼ ਕਰਨ॥੨॥

ਦਿਨ ਚਰੇ ਬੀਰ ਸਗਰੇ ਸੰਭਾਲ। ਇਕ ਬਾਰ ਰਿਪੁਨਿ ਪਰ ਹੇਲ ਘਾਲ।
ਤਬਿ ਲੇਹਿਂ ਪਕਰਿ ਕੈ ਦੇਂ ਸੰਘਾਰ। ਹਯ ਲੇਨਿ ਸ਼ਾਹੁ ਕੇ ਕਰਹਿਂ ਕਾਰ॥੩॥

ਦਿਨ ਚੜ੍ਹਨ ਤੇ ਸਾਰੇ ਸੂਰਮਿਆਂ ਨੂੰ ਸੰਭਾਲ ਕੇ ਇਕ ਵਾਰ ਇਕੱਠਾ ਵੈਰੀ ਤੇ ਹਮਲਾ ਕਰੋ, ਫਿਰ ਫੜ ਲਵਾਂਗੇ ਜਾਂ ਮਾਰ ਦੇਵਾਂਗਾ, ਬਾਦਸ਼ਾਹ ਦੇ ਘੋੜੇ ਲੈਣੇ ਹਨ, ਉਹ ਕਾਰਜ ਕਰਾਂਗੇ॥੩॥

ਅਬਿ ਜੰਗ ਪਾਇ ਜੇ ਪਠਹੁ ਨਾਂਹਿ। ਲਸ਼ਕਰ ਸਮੂਹ ਨਿਜ ਰਖਹੁ ਪਾਹਿ।
ਸਭਿ ਦਲ ਸਕੇਲਿ ਸੋ ਪਰਹਿ ਧਾਇ। ਜਿਨ ਬਹੁਤ ਬੀਰ ਮਾਰੇ ਰਿਸਾਇ' ॥੪॥

ਹੁਣ ਜੰਗ ਵਿਚ ਜੇ ਫੌਜ ਨਾ ਭੇਜੋਗੇ ਤੇ ਸਾਰੀ ਫੌਜ ਨੂੰ ਆਪਣੇ ਪਾਸ ਰਖੋਗੇ ਤਾਂ ਸਾਰਾ ਦਲ ਇਕੱਠਾ ਹੋ ਕੇ ਪੈ ਜਾਵੇਗਾ, ਜਿਸ ਨੇ ਗੁੱਸੇ ਵਿਚ ਆ ਕੇ ਬਹੁਤ ਸੂਰਮੇ ਮਾਰੇ ਹਨ' ॥੪॥

ਸੁਨਿ ਲਲਾਬੇਗ ਮਸਲਤ ਬਿਸਾਲ। ਤਬਿ ਦਸ ਹਜ਼ਾਰ ਸਰਦਾਰ ਨਾਲ।
ਕਹਿ ਤਿਨਹੁ ਸਾਥ 'ਆਗੈ ਲਰੇਹੁ। ਨਹਿਂ ਸ਼ੱਤ੍ਰੂ ਬ੍ਰਿੰਦ ਬਹੁ ਬਧਨਿ ਦੇਹੁ॥੫॥

ਲਲਾ ਬੇਗ ਨੇ ਏਨੀ ਔਖੀ ਸਲਾਹ ਸੁਣ ਕੇ, ਸਰਦਾਰ ਦੇ ਨਾਲ ਦਸ ਹਜ਼ਾਰ ਫੌਜ ਦਿੱਤੀ ਤੇ ਉਨ੍ਹਾਂ ਨੂੰ ਕਿਹਾ, "ਅੱਗੇ ਜਾ ਕੇ ਲੜੋ ਤੇ ਵੈਰੀ ਸਮੂਹ ਨੂੰ ਅੱਗੇ ਨਾ ਵੱਧਣ ਦੇਵੋ॥੫॥

ਬਡ ਅੰਧਕਾਰ ਫੈਲਜੋ ਕਰਾਲ। ਨਹਿਂ ਕਟਹੁ ਆਪ ਮਹਿਂ, ਰਖਿ ਸੰਭਾਲ'।
ਸੁਨਿ ਕਹੈਂ ਬੀਰ 'ਸੀਰੀ ਸਮੀਰ। ਬਹੁ ਪਰਤਿ ਸੀਤ ਠਰਿ ਹ੍ਵੈ ਸਰੀਰ॥੬॥

ਬੜਾ ਵਿਕਰਾਲ ਅੰਧਕਾਰ ਫੈਲਿਆ ਹੈ, ਆਪਸ ਵਿਚ ਲੜ ਕੇ ਨਾ ਮਰੋ, ਆਪਣੀ ਸੰਭਾਲ ਰਖੋ।" ਇਹ ਸੁਣ ਕੇ ਸੂਰਮਿਆਂ ਨੇ ਕਿਹਾ, "ਬਹੁਤ ਠੰਡੀ ਹਵਾ ਹੈ, ਬਹੁਤ ਸੀਤ ਪੈ ਰਹੀ ਹੈ, ਸਾਰਾ ਸਰੀਰ ਠਰਿਆ ਹੋਇਆ ਹੈ॥੬॥

ਇਹ ਬੁਰੀ ਬਾਤ ਕੀਨੀ ਅਜਾਨ। ਇਕ ਥਕਤਿ, ਛੁਧਤਿ, ਪਾਰਾ ਮਹਾਂਨ।
ਅਬਿ ਭਟਨਿ ਥਾਨ ਕਹੁ ਲਰਹਿ ਕੌਨ। ਉਕਸੈਂ ਨ ਹਾਥ ਤਨ ਸੁੰਨ ਜੋਨ॥੭॥

ਇਹ ਮੂਰਖ ਨੇ ਬੁਰੀ ਗੱਲ ਕੀਤੀ ਹੈ, ਇਕ ਥੱਕੇ ਹੋਏ ਹਾਂ, ਭੁੱਖੇ ਹਾਂ ਅਤੇ ਬਹੁਤ ਠੰਡ ਹੈ। ਹੁਣ ਸੂਰਮਿਆਂ ਦੇ ਥਾਂ ਕੌਣ ਲੜੇ, ਹੱਥ ਉਠਦੇ ਨਹੀਂ ਤੇ ਸਰੀਰ ਪਾਲੇ ਨਾਲ ਸੁੰਨ ਹੋਇਆ ਹੈ॥੭॥

ਦਲ ਮਰਜੋ ਅਰਧ ਰਣ ਕੁਛ ਨ ਕੀਨਿ। ਰਿਪੁ ਤਪਤਿ ਅਗਨਿ ਉਠ ਮਾਰਿ ਦੀਨਿ।
ਅਬਿ ਜਾਇਂ ਜੌਨ ਤਿਨ ਤੇ ਨ ਹੋਇ। ਥਿਰ ਖਰੇ ਸਮੁਖ, ਪਿਖਿ ਹਤਹਿਂ ਸੋਇ' ॥੮॥

ਰਣ ਵਿਚ ਅੱਧੀ ਫੌਜ ਮਰ ਗਈ ਹੈ, ਉਨ੍ਹਾਂ ਕੁਝ ਵੀ ਨਹੀਂ ਕੀਤਾ ਹੈ, ਵੈਰੀ ਅੱਗ ਸੇਕਦੇ ਹੋਏ ਉਠ ਕੇ ਮਾਰ ਦਿੰਦੇ ਹਨ। ਹੁਣ ਜਿਹੜਾ ਵੀ ਜਾਵੇਗਾ, ਉਸ ਪਾਸੋਂ ਕੁਝ ਵੀ ਨਹੀਂ ਸਰੇਗਾ, ਸਾਹਮਣੇ ਖੜੇ ਵੇਖ ਕੇ, ਉਹ ਆ ਕੇ ਮਾਰ ਦੇਣਗੇ' ॥੮॥

ਇਮ ਕਹੈਂ ਤੁਰਕ, ਨਹਿਂ ਸੁਨਹਿ ਕੌਨ। ਲਘੁ ਲਗਹਿ ਸੀਤ ਸਰਦਾਰ ਜੌਨ।
ਹੁਇ ਅੱਗ੍ਰ ਜਾਇ ਛੇਰਜੋ ਸੁ ਜੰਗ। ਕਰਿ ਹਲਾਹੂਲ ਬਡ ਰੋਰ ਸੰਗ॥੯॥

ਇਸ ਤਰ੍ਹਾਂ ਤੁਰਕ ਕਹਿੰਦੇ ਸਨ, ਪਰ ਕੋਈ ਵੀ ਨਹੀਂ ਸੀ ਸੁਣਦਾ, ਜਿਹੜੇ ਸਰਦਾਰ ਸਨ, ਉਨ੍ਹਾਂ ਨੂੰ ਠੰਡ ਘੱਟ ਲੱਗਦੀ ਸੀ। ਅੱਗੇ ਹੋ ਕੇ ਜਾ ਕੇ ਜੰਗ ਛੇੜਿਆ, ਬੜਾ ਰੌਲਾ ਪਾ ਕੇ ਹਲਾਹੂਲ ਕੀਤਾ॥੯॥

ਇਕ ਬਾਰ ਸ਼ਲਖ ਚਾਲੀ ਬਿਸਾਲ। ਬਡ ਭਯੋ ਸ਼ਬਦ ਗੁਰਿ ਸੁਨਤਿ ਜਾਲ।
ਤਬਿ ਬਿਧੀਚੰਦ ਕਹਿ ਹਾਥ ਜੋਰਿ। 'ਸੁਨਿਯੰਤਿ ਨਾਦ ਬਡ ਪਰਤਿ ਸ਼ੋਰ॥੧੦॥

ਇਕ ਵਾਰ ਇਕੱਠੀਆਂ ਬੰਦੂਕਾਂ ਚਲੀਆਂ, ਬੜੀ ਉੱਚੀ ਖੜਾਕ ਹੋਇਆ ਜਿਸ ਨੂੰ ਗੁਰੂ ਜੀ ਨੇ ਸੁਣਿਆ। ਫਿਰ ਬਿਧੀ ਚੰਦ ਨੇ ਹੱਥ ਜੋੜ ਕੇ ਕਿਹਾ, "ਬਹੁਤ ਉੱਚੀ ਆਵਾਜ਼ ਉਠੀ ਹੈ ਤੇ ਬੜਾ ਰੌਲਾ ਮਚਿਆ ਹੈ॥੧੦॥

ਮਚਿ ਰਹ੍ਯੋ ਜੁੱਧ ਮਾਚੰਤਿ ਰੌਰ। ਲਖਿਯੰਤ ਤੁਰਕ ਗਨ ਅੱਗ੍ਰ ਠੌਰ।
ਬਹੁ ਪਰੇ ਆਇ ਛੂਟਹਿਂ ਤੁਫੰਗ। ਕਰਿ ਮਾਰਿ ਮਾਰਿ ਬੋਲਤਿ ਉਤੰਗ ॥੧੧॥

ਯੁੱਧ ਮੱਚ ਉਠਿਆ ਹੈ ਤੇ ਬਹੁਤ ਰੌਲਾ ਪਿਆ ਹੈ, ਲੱਗਦਾ ਹੈ ਬਹੁਤ ਤੁਰਕ ਇਕੱਠੇ ਹੋ ਕੇ ਅੱਗੇ ਆਏ ਹਨ, ਵੱਡੀ ਗਿਣਤੀ ਵਿਚ ਆ ਕੇ ਪੈ ਗਏ ਹਨ ਅਤੇ ਬੰਦੂਕਾਂ ਚਲਾਉਂਦੇ ਹਨ, ਉਹ ਬੜੇ ਉਤਾਵਲੇ ਹੋ ਕੇ 'ਮਾਰੋ-ਮਾਰੋ' ਬੋਲ ਰਹੇ ਹਨ' ॥੧੧॥

ਸੁਨਿ ਇਕ ਹਜ਼ਾਰ ਪੁਨ ਗੁਰ ਪਠਾਇ। ਭਟ ਚਲੇ ਗਰਜ ਦੁੰਦਭਿ ਬਜਾਇ।
ਜੋ ਹੁਤੇ ਤਜਾਰ ਚਹਿਂ ਕਰਨ ਜੰਗ। ਕਟ ਕਸੇ ਤਪਤ ਜੇ ਅਗਨਿ ਸੰਗ ॥੧੨॥

ਇਹ ਸੁਣ ਕੇ ਗੁਰੂ ਜੀ ਨੇ ਫਿਰ ਇਕ ਹਜ਼ਾਰ ਸੂਰਬੀਰ ਭੇਜੇ ਜਿਹੜੇ ਨਗਾਰੇ ਵਜਾਉਂਦੇ ਗੱਜਦੇ ਚਲੇ ਗਏ, ਜਿਹੜੇ ਤਿਆਰ-ਬਰ-ਤਿਆਰ ਸਨ ਤੇ ਜੰਗ ਕਰਨਾ ਚਾਹੁੰਦੇ ਸਨ, ਜਿਨ੍ਹਾਂ ਨੇ ਕਮਰ ਕੱਸੇ ਕੀਤੇ ਹੋਏ ਸਨ ਤੇ ਅੱਗ ਨਾਲ ਹੱਥ ਪੈਰ ਸੇਕੇ ਹੋਏ ਸਨ॥੧੨॥

ਜਿਨ ਕੇਰ ਤਜਾਰਿ ਤੁਪਕੰ ਉਠਾਇ। ਸਭਿ ਚਲੇ ਹਰੀਫਨਿ ਹਤਨਿ ਚਾਇ।
ਉਤਕੰਠਤਿ ਅਧਿਕ ਜਿਲਰਨ ਬੀਰ। ਗੁਰ ਰਖਹਿਂ ਰੋਕਿ ਦੈ ਬਹੁਤ ਧੀਰ ॥੧੩॥

ਜਿਨ੍ਹਾਂ ਦੀ ਪੂਰਣ ਤਿਆਰੀ ਸੀ, ਉਹ ਬੰਦੂਕਾਂ ਚੁੱਕ ਕੇ ਵੈਰੀ ਨੂੰ ਬੜੇ ਚਾਅ ਨਾਲ ਮਾਰਨ ਵਾਸਤੇ ਚਲ ਪਏ, ਸੂਰਬੀਰ ਲੜਾਈ ਵਿਚ ਜਾਣ ਲਈ ਬਹੁਤ ਉਤਸ਼ਾਹ ਕਰ ਰਹੇ ਸਨ, ਗੁਰੂ ਜੀ ਉਨ੍ਹਾਂ ਨੂੰ ਬਹੁਤ ਧੀਰਜ ਦੇ ਕੇ ਰੋਕ ਰਹੇ ਸਨ॥੧੩॥

ਤਬਿ ਕਹਤਿ ਪਰਸਪਰ ਸੂਰ ਜਾਤਿ। 'ਮਨ ਭਾਵਤੀ ਸੁ ਕਰਿ ਲੇਹੁ ਬਾਤ'।
ਇਮ ਕਹਿ ਕੁਦਾਇ ਗਮਨੇ ਤੁਰੰਗ। ਇਕ ਬਾਰ ਪਹੁੰਚਿ ਛੋਰੀ ਤੁਫੰਗ ॥੧੪॥

ਸੂਰਮੇ ਆਪਸ ਵਿਚ ਕਹਿੰਦੇ ਹੋਏ ਜਾ ਰਹੇ ਸਨ, "ਹੁਣ ਮਨ-ਭਾਉਂਦੀ ਗੱਲ ਕਰ ਲਵੋ।" ਇਹ ਕਹਿ ਕੇ ਘੋੜੇ ਕੁਦਾਉਂਦੇ ਚਲੇ ਗਏ, ਇਕ ਵਾਰ ਪਹੁੰਚ ਕੇ ਇਕੱਠੀਆਂ ਬੰਦੂਕਾਂ ਛੱਡੀਆਂ॥੧੪॥

ਤਬਿ ਜੋਧ ਮਲਕ ਜਾਤੀ ਬੁਲਾਇ। ਬਚ ਕਹਿਤਿ 'ਕਰਹੁ ਅਬਿ ਕੋਇ ਦਾਇ।
ਜਿਸ ਤੇ ਬਿਨਾਸ਼ ਤੁਰਕਾਨ ਹੋਇ। ਸਮੁਦਾਇ ਸ਼ੱਤ੍ਰੂ ਉਬਰੈ ਨ ਕੋਇ॥ ੧੫॥

ਤਦ ਜੋਧ ਨੇ ਜਾਤੀ ਮਲਕ ਨੂੰ ਬੁਲਾਇਆ ਤੇ ਉਸ ਨੂੰ ਬਚਨ ਕਿਹਾ, "ਹੁਣ ਕੋਈ ਦਾਅ ਬਣਾਓ, ਜਿਸ ਨਾਲ ਤੁਰਕਾਂ ਦਾ ਨਾਸ਼ ਹੋ ਜਾਵੇ, ਸਾਰੇ ਵੈਰੀਆਂ ਵਿਚ ਕੋਈ ਵੀ ਉੱਠ ਨਾ ਸਕੇ॥੧੫॥

ਇਹੁ ਇਕ ਹਜ਼ਾਰ ਸਨਮੁਖ ਲਰਾਹਿ। ਹਮ ਹੋਇ ਦੂਰ ਲਖਿ ਸਕਹਿਂ ਨਾਹਿ।
ਪਸ਼ਚਾਤ ਤੁਰਕ ਦਲ ਕੇਰ ਹੋਇ। ਪੁਨ ਪਰਹਿਂ ਆਨਿ ਕਰਿ ਨੇਰ ਢੋਇ ॥੧੬॥

ਇਹ ਇਕ ਹਜ਼ਾਰ ਸਾਹਮਣੇ ਲੜਾਵੋ, ਅਸੀਂ ਇਸ ਤੋਂ ਦੂਰ ਰਹੀਏ ਜਿਹੜਾ ਸਾਨੂੰ ਵੇਖ ਨਾ ਸਕੇ। ਬਾਅਦ ਵਿਚ ਜਿਹੜਾ ਤੁਰਕ ਦਲ ਹੋਵੇ, ਉਸ ਦੇ ਨੇੜੇ ਜਾ ਕੇ ਹਮਲਾ ਕਰੀਏ॥੧੬॥

ਸਭਿ ਅਪਨਿ ਸੂਰ ਕੋ ਦਿਹੁ ਸੁਨਾਇ। ਰਹਿਂ ਟੋਲ ਬੀਚ ਨਹਿਂ ਨਿਕਸਿ ਜਾਇਂ।
ਇਕ ਹਤਹਿਂ ਤਮਾਚਾ ਗਜ਼ਬ ਕੇਰ। ਹੁਇਂ ਤੁਰਤ ਦੂਰ ਨਹਿਂ ਰਹਹਿਂ ਨੇਰ ॥੧੭॥

ਤੁਸੀਂ ਆਪਣੇ ਸਾਰੇ ਸੂਰਮਿਆਂ ਨੂੰ ਸੁਣਾ ਦੇਵੋ ਕਿ ਸਾਰੇ ਆਪਣੇ ਦਲ ਵਿਚ ਰਹਿਣ, ਕੋਈ ਵੀ ਬਾਹਰ ਨਾ ਜਾਵੇ। ਇਕ ਇਕ ਸੂਰਬੀਰ ਅਚਾਨਕ ਹਮਲਾ ਕਰਕੇ ਗੋਲੀ ਚਲਾਵੇ, ਫਿਰ ਤੁਰਤ ਦੂਰ ਹੋ ਜਾਵੇ ਨੇੜੇ ਨਾ ਰਹੇ॥੧੭॥

ਕਟਿ ਮਰਹਿਂ ਆਪ ਮਹਿਂ ਮੰਦ ਸ਼ੱਤ੍ਰੂ। ਨਹਿਂ ਲਖਹਿਂ ਤਿਮਰ ਮਹਿਂ ਹਤਹਿਂ ਮਿੱਤ੍ਰ।
ਸੁਨਿ ਹਰਖ ਬਿੱਪ੍ਰ ਤਿਮ ਕਰਿ ਉਚਾਰਿ। ਕਰਿ ਪ੍ਰਿਥਕ ਸੁਭਟ ਤਜਿ ਇਕ ਹਜ਼ਾਰ ॥੧੮॥

ਫਿਰ ਮੂਰਖ ਆਪਸ ਵਿਚ ਲੜ ਕੇ ਮਰ ਜਾਣਗੇ, ਹਨ੍ਹੇਰੇ ਵਿਚ ਵੇਖ ਨਹੀਂ ਸਕਣਗੇ ਤੇ ਆਪਣੇ ਮਿੱਤਰ ਨੂੰ ਵੀ ਮਾਰ ਦੇਣਗੇ।'' ਜੋਧ ਦੇ ਬਚਨ ਸੁਣ ਕੇ ਬ੍ਰਾਹਮਣ (ਭਾਵ ਜਾਤੀ ਮਲਕ) ਬਹੁਤ ਪ੍ਰਸੰਨ ਹੋਇਆ। ਤੇ ਉਸ ਇਕ ਹਜ਼ਾਰ ਸੂਰਮਾ ਅਚਾਨਕ ਹੱਲਾ ਕਰਕੇ ਹਟ ਆਉਣ ਲਈ ਭੇਜਿਆ॥੧੮॥

ਕਹਿ ਸੁਭਟ ਸੰਗ ਐਸੇ ਸੁਨਾਇ। 'ਮਾਰਹੁ ਸੁ ਸ਼ੱਤ੍ਰੂ ਜਾਨੈਂ ਨ ਪਾਇ'।
ਤਜਾਗੰਤਿ ਤੁਪਕ ਕਰਿ ਮਾਰਿ ਮਾਰਿ। ਉਗਲੰਤਿ ਜ੍ਵਾਲ ਬਾਰੂਦ ਡਾਰਿ।
ਕਸਿਯੰਤਿ ਫੇਰ ਬਹੁ ਠੋਕਿ ਠੋਕਿ। ਛੁਟਕੰਤਿ ਗਜਨ ਗੁਲਕਾ ਅਰੋਕ॥ ੧੯॥

ਜਾਤੀ ਮਲਕ ਨੇ ਜੋਧਿਆਂ ਨੂੰ ਇਸ ਤਰ੍ਹਾਂ ਕਹਿ ਕੇ ਸੁਣਾਇਆ, ''ਵੈਰੀ ਨੂੰ ਮਾਰੋ, ਜਾਣ ਨਾ ਪਾਵੇ'' ਹੱਥ ਮਾਰ-ਮਾਰ ਗੋਲੀਆਂ ਛੱਡਦੇ ਸਨ ਤੇ ਬਾਰੂਦ ਪਾ ਪਾ ਕੇ ਅੱਗ ਉਗਲ ਰਹੇ ਸਨ, ਫਿਰ ਗੋਲੀਆਂ ਠੋਕ-ਠੋਕ ਕੇ ਕੱਸਦੇ ਸਨ। ਗਜ ਖੜਕਦੇ ਸਨ ਤੇ ਗੋਲੀਆਂ ਬਿਨਾਂ ਰੋਕ ਤੋਂ ਚਲਦੀਆਂ ਸਨ॥੧੯॥

ਤੋਰਾ ਉਭਾਰਿ ਧਰਿ ਜੋਰਿ ਜੋਰਿ। ਕਰਿ ਦਸਤ ਰਵਾਂ ਤਕਿ ਛੋਰਿ ਛੋਰਿ।
ਇਤ ਕਰਤਿ ਜੁੱਧ ਬਹੁ ਤੁਰਕ ਹਾਨਿ। ਗੁਰ ਕਰੀ ਸੌਚ ਪੁਨ ਤਨ ਸ਼ਨਾਨ॥੨੦॥

ਤੋੜੇ ਉਭਾਰ ਕੇ ਗੋਲੀਆਂ ਜੋੜ-ਜੋੜ ਕੇ ਭਰਦੇ ਸਨ ਤੇ ਨਿਸ਼ਾਨੇ ਤਕ ਕੇ ਉਨ੍ਹਾਂ ਨੂੰ ਛੱਡ ਦਿੰਦੇ ਸਨ। ਇਸ ਤਰ੍ਹਾਂ ਯੁੱਧ ਕਰਕੇ ਬਹੁਤ ਤੁਰਕਾਂ ਨੂੰ ਮਾਰਿਆ। ਉਸ ਸਮੇਂ ਗੁਰੂ ਜੀ ਨੇ ਸੋਚ ਇਸ਼ਨਾਨ ਕੀਤਾ॥੨੦॥

ਪਠਿ ਗੁਰੂ ਗਿਰਾ ਨਿਜ ਨੇਮ ਕੀਨਿ। ਪੁਨ ਬਸਤ੍ਰ ਜੁੱਧ ਕੇ ਪਹਿਰ ਲੀਨਿ।
ਖਰ ਧਾਰ ਖੜਗ ਕੀ ਧਾਰਿ ਅੰਗ। ਮੁਕਤਾ ਸੁ ਗੁੱਛ ਲਾਗੇ ਨਿਖੰਗ॥ ੨੧॥

ਗੁਰੂ ਜੀ ਨੇ ਪਾਠ ਕਰਕੇ ਆਪਣਾ ਨੇਮ ਪੂਰਾ ਕੀਤਾ, ਫਿਰ ਯੁੱਧ ਦੇ ਵਸਤਰ ਪਹਿਣ ਲਏ। ਤਿੱਖੀ ਤਲਵਾਰ ਸਰੀਰ ਤੇ ਧਾਰਨ ਕਰ ਲਈ, ਭੱਥਿਆਂ ਨੂੰ ਮੋਤੀਆਂ ਦੇ ਗੁੱਛੇ ਲੱਗੇ ਹੋਏ ਸਨ॥੨੧॥

ਭਰਿ ਤੀਖਨ ਖਪਰੇ ਗਨ ਖਤੰਗ। ਗਰ ਪਹਿਰ, ਕਸੀ ਕਟ ਸੁਪਟ ਸੰਗ।
ਜਿਹ ਫੂਲ ਸੇਰ ਪੰਚ ਭਾਰ ਕੇਰ। ਧਰਿ ਕੰਧ ਸਿਪਰ ਬੰਧੀ ਬਡੇਰ॥ ੨੨॥

ਭੱਥਿਆਂ ਨੂੰ ਬਹੁਤ ਤਿੱਖੇ ਤੀਰਾਂ ਨਾਲ ਭਰ ਲਿਆ ਤੇ ਗਲ ਪਹਿਣ ਕੇ ਸੋਹਣੇ ਵਸਤਰ ਨਾਲ ਲੱਕ ਨੂੰ ਕੱਸ ਲਿਆ। ਜਿਸ ਢਾਲ ਦਾ ਪੰਜ ਸੇਰ ਦਾ ਫੁੱਲ ਸੀ, ਉਸ ਨੂੰ ਮੋਢੇ ਉਤੇ ਧਰ ਕੇ ਬੰਨ੍ਹ ਲਿਆ॥੨੨॥

ਇਮ ਗੁਰੂ ਤਯਾਰ ਭੇ ਜੁੱਧ ਹੇਤੁ। ਤੁਰਕਾਨ ਸੰਘਾਰਨਿ ਹੁਇ ਸੁਚੇਤ।
ਉਤ ਪਰਜੇ ਜੋਧ ਹੁਇ ਕੈ ਪਿਛਾਰ। ਤਜਿ ਬ੍ਰਿੰਦ ਤੁਪਕ ਗਜਬੈਂ ਗੁਜਾਰ॥੨੩॥

ਇਸ ਤਰ੍ਹਾਂ ਗੁਰੂ ਜੀ ਯੁੱਧ ਵਾਸਤੇ ਤਿਆਰ ਹੋ ਗਏ ਤੇ ਤੁਰਕਾਂ ਨੂੰ ਮਾਰਨ ਵਾਸਤੇ ਸੁਚੇਤ ਹੋ ਗਏ। ਉਧਰ ਜੋਧ ਸੂਰਮਿਆਂ ਨੂੰ ਪਿਛਾਂਹ ਹਟਾ ਕੇ, ਬਹੁਤ ਬੰਦੂਕਾਂ ਚਲਵਾ ਕੇ ਕਹਿਰ ਮਚਾ ਰਿਹਾ ਸੀ॥੨੩॥

ਇਕ ਸ਼ਲਖ ਛੋਡਿ ਬਿਚ ਹ੍ਵੈ ਪ੍ਰਵੇਸ਼। ਗਹਿ ਖੜਗ ਮਯਾਨ ਤੇ ਖੈਂਚਿ ਬੇਸ਼।
ਬਡ ਅੰਧਕਾਰ ਮਹਿੰ ਮਾਰ ਮਾਰ। ਦੁਹਿ ਦਿਸ਼ਿਨਿ ਜੰਗ ਪਿਖਿ ਤੁਰਕ ਹਾਰ॥੨੪॥

ਇਕ ਬੰਦੂਕ ਛੱਡਣ ਵਾਸਤੇ ਵੈਰੀਆਂ ਦੇ ਵਿਚ ਪ੍ਰਵੇਸ਼ ਕਰ ਜਾਂਦੇ ਸਨ ਅਤੇ ਤਲਵਾਰ ਨੂੰ ਮਿਆਨ ਵਿਚੋਂ ਚੰਗੀ ਤਰ੍ਹਾਂ ਖਿੱਚ ਕੇ ਬੜੇ ਹਨ੍ਹੇਰੇ ਵਿਚ ਦੋਵੀਂ ਪਾਸੀਂ ਤੁਰਕਾਂ ਨੂੰ ਮਾਰ ਰਹੇ ਸਨ ਜਿਸ ਕਾਰਨ ਤੁਰਕ ਬਹੁਤ ਘਬਰਾ ਗਏ ਸਨ॥੨੪॥

ਰਸਾਵਲ ਛੰਦ- ਨਹੀਂ ਭੇਵ ਜਾਨੈਂ। ਕਹਾਂ ਆਇ ਹਾਨੈਂ?
ਕਿਤੀ ਦੂਰ ਡੇਰਾ? ਨਹੀਂ ਥਾਨ ਹੇਰਾ॥ ੨੫॥

ਤੁਰਕ ਭੇਦ ਨਹੀਂ ਸੀ ਜਾਣਦੇ, ਕਿਥੋਂ ਆ ਕੇ ਸਾਨੂੰ ਮਾਰੀ ਜਾਂਦੇ ਹਨ? ਕਿੰਨੀ ਦੂਰ ਡੇਰਾ ਹੈ? ਅਸੀਂ ਉਹ ਥਾਂ ਹੀ ਨਹੀਂ ਵੇਖਿਆ ਹੈ॥੨੫॥

ਕਟੈਂ ਸ਼ੱਤ੍ਰ ਅੰਗਾ। ਕਿਸੂ ਸੀਸ ਭੰਗਾ। ਕਟਜੇ ਹਾਥ ਕਾਂਹੂ। ਗਿਰੈਂ ਭੂਮ ਮਾਂਹੂ॥੨੬॥

ਵੈਰੀਆਂ ਦੇ ਅੰਗਾਂ ਨੂੰ ਕੱਟਦੇ ਸਨ, ਕਿਸੇ ਦਾ ਸਿਰ ਕੱਟ ਦਿੰਦੇ ਸਨ, ਕਿਸੇ ਦਾ ਹੱਥ ਵੱਢ ਦਿੰਦੇ ਸਨ ਤੇ ਉਹ ਧਰਤੀ ਤੇ ਡਿੱਗ ਪੈਂਦਾ ਸੀ॥੨੬॥

ਕਿਸੂ ਜੰਘ ਕਾਟੈਂ। ਅਸੀ ਸ਼੍ਰੋਣ ਚਾਟੈਂ। ਕਟੇ ਕੰਧ ਕਾਂ ਕੇ। ਕਰੇ ਦੋਇ ਫਾਂਕੇ॥੨੭॥

ਕਿਸੇ ਦੀ ਲੱਤ ਕੱਟਦੇ ਸਨ, ਤਲਵਾਰਾਂ ਲਹੂ ਚਟਦੀਆਂ ਸਨ, ਕਈਆਂ ਦੇ ਮੋਢੇ ਕੱਟ ਦਿੰਦੇ ਸਨ ਤੇ ਕੱਟ ਕੇ ਦੋ ਫਾੜੀਆਂ ਕਰ ਦਿੰਦੇ ਸਨ॥੨੭॥

ਤੁਰੰਗਾਨ ਭੰਗਾ। ਚਢੈਂ ਖੱਗ ਸੰਗਾ। ਭਏ ਰੁੰਡ ਮੁੰਡਾ। ਕਟੇ ਕਾਂਹੁ ਤੁੰਡਾ॥੨੮॥

ਘੋੜੇ ਮਾਰੇ ਗਏ ਸਨ, ਜਿਨ੍ਹਾਂ ਤੇ ਤਲਵਾਰਾਂ ਸਹਿਤ ਚੜ੍ਹੇ ਸਨ। ਉਹ ਰੁੰਡ ਮੁੰਡ ਹੋ ਗਏ ਸਨ, ਜਿਨ੍ਹਾਂ ਦੇ ਸਿਰ ਕੱਟੇ ਗਏ ਸਨ॥੨੮॥

ਪ੍ਰਚੰਡੈਂ ਘੁਮੰਡੈਂ। ਕਰੇ ਖੰਡ ਖੰਡੈਂ। ਪਿਛਾਰੀ ਤਮਾਂਚਾ। ਹਤਜੇ ਬੀਰ ਰਾਚਾ॥੨੯॥

ਜਿਹੜੇ ਵੱਡੇ ਘੁਮੰਡੀ ਸਨ, ਉਨ੍ਹਾਂ ਨੂੰ ਟੁਕੜੇ-ਟੁਕੜੇ ਕਰ ਦਿੰਦੇ ਸਨ। ਪਿਛੋਂ ਪਿਸਤੌਲ ਚਲਾਉਂਦੇ ਸਨ ਤੇ ਬੀਰ ਰਸ ਵਿਚ ਰਚ ਕੇ ਮਾਰਦੇ ਸਨ॥੨੯॥

ਗਏ ਆਪ ਛੋਰੀ। ਭਏ ਸੈਨ ਓਰੀ। ਰਿਪੂ ਆਪ ਮਾਂਹੀ। ਪਛਾਨੈਂ ਸੁ ਨਾਂਹੀ॥੩੦॥

ਫਿਰ ਵੈਰੀ ਸੈਨਾ ਨੂੰ ਛੱਡ ਕੇ ਆਪਣੀ ਸੈਨਾ ਵੱਲ ਚਲੇ ਜਾਂਦੇ ਸਨ। ਦੁਸ਼ਮਣ ਆਪਣੇ ਵਿਚ ਪਛਾਣਦਾ ਨਹੀਂ ਸੀ॥੩੦॥

ਚਲੈਂ ਖੱਗ ਖੰਡੇ। ਕਰੈਂ ਦੋਇ ਖੰਡੇ। ਪਰਜੋ ਭੂਰ ਰੌਰਾ। ਕਟੇ ਕੋਇ ਠੌਰਾ॥੩੧॥

ਤਲਵਾਰਾਂ ਅਤੇ ਖੰਡੇ ਚਲਦੇ ਸਨ, ਦੋ ਫਾੜੀਆਂ ਕਰਕੇ ਸੁੱਟ ਦਿੰਦੇ ਸਨ, ਬਹੁਤ ਰੌਲਾ ਮਚਿਆ ਸੀ, ਕਈ ਥਾਵਾਂ ਤੇ ਕੱਟੇ ਗਏ ਸਨ॥੩੧॥

ਕਿਤੇ ਭਾਜੇ ਚਾਲੇ। ਨ ਦੇਸੰ ਸੰਭਾਲੇ। ਗੁਰੂ ਸੈਨ ਜਾਹੀ। ਥਰੈਂ ਆਨਿ ਮਾਂਹੀ॥੩੨॥

ਕਿਤੇ ਭੱਜੇ ਜਾਂਦੇ ਸਨ, ਆਪਣਾ ਥਾਂ ਨਹੀਂ ਸੀ ਸੰਭਾਲਦੇ, ਜਿਥੇ ਗੁਰੂ ਜੀ ਦੀ ਸੈਨਾ ਸੀ, ਉਸ ਵਿਚ ਆ ਜਾਂਦੇ ਸਨ॥੩੨॥

ਖਰੇ ਸਾਵਧਾਨੇ। ਜਬੈ ਸ਼ੱਤ੍ਰ ਜਾਨੇ। ਹਤੈਂ ਤਾਂਹਿ ਗੋਰੀ। ਕਿ ਖੱਗੀ ਸ ਜ਼ੋਰੀ॥੩੩॥

ਸਾਵਧਾਨ ਖੜੇ ਸੀ, ਜਦ ਸ਼ਤਰੂ ਨੂੰ ਜਾਣ ਲੈਂਦੇ ਸੀ ਤਾਂ ਉਸ ਨੂੰ ਗੋਲੀ ਮਾਰ ਕੇ ਮਾਰ ਦਿੰਦੇ ਸਨ ਜਾਂ ਜ਼ੋਰ ਨਾਲ ਤਲਵਾਰ ਮਾਰਦੇ ਸਨ॥੩੩॥

ਭਏ ਮੂਢ ਅੰਧੇ। ਮਨੋ ਕਾਲ ਫੰਧੇ। ਜਹਾਂ ਜਾਹਿਂ ਭੈ ਤੇ। ਤਹਾਂ ਹੋਇਂ ਛੈ ਤੇ॥੩੪॥

ਵੈਰੀ ਦੇ ਜਵਾਨ ਮੂਰਖ ਅੰਨ੍ਹੇ ਹੋ ਗਏ, ਮਾਨੋਂ ਕਾਲ ਦੇ ਫੰਧੇ ਵਿਚ ਪਏ ਹੋਏ ਸਨ, ਜਿਥੇ ਵੀ ਡਰ ਕੇ ਜਾਂਦੇ ਸਨ, ਉਥੇ ਹੀ ਜਾ ਕੇ ਮਾਰੇ ਜਾਂਦੇ ਸਨ॥੩੪॥

ਮਰੇ ਆਪ ਮਾਂਹੀ। ਬਚੈਂ ਪ੍ਰਾਨ ਨਾਂਹੀ। ਭਈ ਘੋਰ ਰਾਤੀ। ਕਰੀ ਭੂਮਿ ਰਾਤੀ॥੩੫॥

ਆਪਸ ਵਿਚ ਮਰ ਰਹੇ ਸਨ, ਪ੍ਰਾਣ ਨਹੀਂ ਸੀ ਬੱਚਦੇ। ਘੋਰ ਰਾਤ ਪਈ ਸੀ, ਸਾਰੀ ਭੂਮੀ ਲਾਲ ਹੋ ਗਈ ਸੀ॥੩੫॥

ਪਰੇ ਸੂਰ ਘੋਰਾ। ਭਯੋ ਖੇਤ ਘੋਰਾ। ਕਰਾਹੈਂ ਬਿਸਾਲਾ। ਜਿਨੈਂ ਘਾਵ ਘਾਲਾ॥੩੬॥

ਘੋੜੇ ਅਤੇ ਸੂਰਮੇ ਪਏ ਸਨ, ਰਣਖੇਤਰ ਵਿਕ੍ਰਾਲ ਹੋ ਗਿਆ ਸੀ, ਬਹੁਤ ਕੁਰਲਾਉਂਦੇ ਸਨ, ਜਿਨ੍ਹਾਂ ਨੂੰ ਵੱਡੇ ਜ਼ਖਮ ਲੱਗੇ ਸਨ॥੩੬॥

ਰਚਜੋ ਜੋਧ ਦਾਊ। ਮਰੇ ਘਾਇ ਘਾਊ। ਖਰੇ ਹ੍ਵੈ ਕਿਨਾਰੇ। ਕਟੰਤੇ ਨਿਹਾਰੇ॥੩੭॥

ਜੋਧ ਨੇ ਦਾਅ ਰਚਿਆ ਸੀ, ਆਪੋ ਵਿਚ ਜ਼ਖਮੀ ਹੋ ਕੇ ਮਰੇ। ਆਪ ਇਕ ਪਾਸੇ ਹੋ ਕੇ ਖਲੋਤੇ ਸਨ, ਆਪਸ ਵਿਚ ਕੱਟੇ ਜਾ ਰਿਹਾਂ ਨੂੰ ਵੇਖਦੇ ਸਨ॥੩੭॥

ਸੁਨੇ ਸ਼ੱਤ੍ਰੂ ਰੌਰੇ। ਭਏ ਜਾਨਿ ਬੌਰੇ। ਪਿਤਾ ਪੂਤ ਮਾਰਾ। ਨ ਹੋਈ ਸੰਭਾਰਾ॥੩੮॥

ਵੈਰੀ ਦੇ ਰੌਲੇ ਨੂੰ ਸੁਣਦੇ ਸਨ, ਮਾਨੋਂ ਪਾਗਲ ਹੋ ਗਏ ਸਨ। ਪਿਤਾ ਨੇ ਪੁੱਤ ਨੂੰ ਮਾਰਿਆ ਤੇ ਸੰਭਾਲਿਆ ਨਾ ਗਿਆ॥੩੮॥

ਮਹਾਂ ਅੰਧਕਾਰਾ। ਪਰੈ ਭੂਰ ਪਾਰਾ। ਥਕੇ ਪੰਥ ਭਾਰੀ। ਦੁਖੀ ਏਕ ਬਾਰੀ॥੩੯॥

ਬਹੁਤ ਹਨੇਰਾ ਸੀ, ਬਹੁਤ ਪਾਲਾ ਪਿਆ ਸੀ। ਰਾਹ ਵਿਚ ਪੈਂਡਾ ਕਰਦੇ ਬਹੁਤ ਥੱਕ ਗਏ ਸਨ, ਇਸ ਸਮੇਂ ਬਹੁਤ ਦੁਖੀ ਸਨ॥੩੯॥

*ਤੋਮਰ ਛੰਦ*-ਤੁਰਕਾਨ ਸੈਨ ਨ ਚੈਨ। ਦੁਖਕਾਰ ਬੀਤਤਿ ਰੈਨ।
ਤਜਿ ਪ੍ਰਾਨ ਬੀਰ ਵਿਸ਼ੇਸ਼। ਸਮ ਮ੍ਰਿਤੂ ਜੇ ਅਵਿਸ਼ੇਸ਼॥ ੪੦॥

ਤੁਰਕਾਂ ਦੀ ਸੈਨਾ ਨੂੰ ਚੈਨ ਨਹੀਂ ਸੀ, ਦੁਖਦਾਈ ਰਾਤ ਬੀਤ ਰਹੀ ਸੀ। ਵਿਸ਼ੇਸ਼ ਸੂਰਬੀਰ ਪ੍ਰਾਣ ਛੱਡ ਗਏ, ਜਿਹੜੇ ਬਾਕੀ ਰਹੇ ਉਹ ਮੋਇਆਂ ਵਾਂਗ ਸਨ॥੪੦॥

ਕਛੁ ਥੋਰ ਸੈਨ ਰਹੀ ਜੁ। ਮਨ ਤ੍ਰਾਸ ਦੀਰਘ ਭੀਜੁ।
ਬਿਸੁਵਾਸੁ ਹੈ ਕਿਤ ਨਾਂਹਿ। ਸਭਿ ਮਾਰਤੇ ਦ੍ਰਿਸ਼ਟਾਹਿਂ॥ ੪੧॥

ਜਿਹੜੀ ਥੋੜ੍ਹੀ ਸੈਨਾ ਰਹਿ ਗਈ ਸੀ, ਉਨ੍ਹਾਂ ਦੇ ਮਨ ਵੱਡੇ ਡਰ ਨਾਲ ਭਿੱਜੇ ਹੋਏ ਸਨ। ਕਿਸੇ ਨੂੰ ਵੀ ਵਿਸ਼ਵਾਸ ਨਹੀਂ ਸੀ, ਸਾਰੇ ਮਾਰਦੇ ਹੀ ਦਿੱਸਦੇ ਸਨ॥੪੧॥

ਬਡ ਘੋਰ ਆਪਦ ਪਾਇ। ਨਹਿਂ ਸੂਝ ਬੂਝ ਉਪਾਇ।
ਕਿਨ ਸ਼ਸਤ੍ਰ ਦੀਨਸਿ ਡਾਰਿ। ਕਿਮ ਹ੍ਵੈ ਸਕੈ ਨ ਸੰਭਾਰਿ॥ ੪੨॥

ਸਾਰਿਆਂ ਤੇ ਘੋਰ ਬਿਪਤਾ ਆ ਪਈ ਸੀ, ਕੋਈ ਉਪਾਅ ਵੀ ਨਹੀਂ ਸੁਝਦਾ ਸੀ। ਕਿਸੇ ਨੇ ਸ਼ਸਤਰ ਸੁੱਟ ਦਿੱਤੇ ਸਨ। ਕਿਸੇ ਤਰ੍ਹਾਂ ਵੀ ਸੰਭਾਲ ਨਹੀਂ ਸੀ ਹੁੰਦੀ॥੪੨॥

ਕਿਨ ਸੀਤ ਤੇ ਠਰ ਪਾਇ। ਛੁਟਿ ਆਪ ਆਯੁਧ ਜਾਇ।
ਬਹੁ ਤ੍ਰਾਸ ਔ ਹਿਮ ਦੋਇ। ਇਨ ਤੇ ਸਕੰਪਨ ਹੋਇ॥ ੪੩॥

ਕੋਈ ਸੀਤ ਨਾਲ ਠਰ ਗਿਆ ਸੀ, ਉਸ ਦੇ ਹੱਥ ਵਿਚੋਂ ਆਪਣੇ ਆਪ ਸ਼ਸਤਰ ਡਿੱਗ ਪਏ ਸਨ, ਬਹੁਤ ਡਰ ਅਤੇ ਪਾਲਾ ਸੀ, ਇਨ੍ਹਾਂ ਦੋਹਾਂ ਕਾਰਨ ਕੰਬ ਰਹੇ ਸਨ॥੪੩॥

ਉਤਸਾਹੁ ਓਜ ਬਿਹੀਨ। ਤਜਿ ਸ਼ਸਤ੍ਰ ਹੋਯਸਿ ਦੀਨ।
ਸਿਰ ਪਾਗ ਤੇ ਬਿਨ ਕੋਇ। ਤਨ ਘਾਉ ਘੂਮਤਿ ਜੋਇ॥ ੪੪॥

ਉਤਸ਼ਾਹ ਸ਼ਕਤੀ ਰਹਿਤ ਹੋ ਗਿਆ ਸੀ, ਸ਼ਸਤਰ ਛੱਡ ਕੇ ਦੀਨ ਹੋ ਗਏ ਸਨ। ਕਈਆਂ ਦੇ ਸਿਰ ਉਤੇ ਪੱਗ ਹੀ ਨਹੀਂ ਸੀ, ਜਿਹੜੇ ਸਰੀਰ ਉਤੇ ਜ਼ਖਮ ਲਗਣ ਨਾਲ ਘੁੰਮ ਰਹੇ ਸਨ॥੪੪॥

ਇਕ ਜੇ ਬਹਾਦੁਰ ਬੀਰ। ਥਿਤ ਹੋਇ ਤਜਾਗ ਸਰੀਰ।
ਮਰਿ ਸਾਮੁਹੇ ਰਣ ਮਾਂਹਿ। ਸੁਰ ਲੋਕ ਮੈਂ ਸੁਖ ਪਾਹਿਂ॥ ੪੫॥

ਇਕ ਜਿਹੜੇ ਬਹਾਦੁਰ ਸੂਰਬੀਰ ਸਨ, ਉਹ ਸਰੀਰ ਤਿਆਗ ਕੇ ਪਏ ਸਨ। ਰਣਖੇਤਰ ਵਿਚ ਮਰ ਕੇ ਦੇਵ ਲੋਕ ਵਿਚ ਸੁਖ ਪਾਉਂਦੇ ਸਨ॥੪੫॥

ਗਨ ਸਜਾਲ ਆਮਿਖ ਖਾਤਿ। ਲਗਿ ਘਾਵ ਕੋ ਬਿਲਲਾਤਿ।
ਕਿਹ ਚੀਰ ਹੀਨ ਸਰੀਰ। ਤਜਿ ਧੀਰ ਕੋ ਬਡ ਭੀਰੁ॥ ੪੬॥

ਬਹੁਤ ਗਿੱਦੜ ਮਾਸ ਖਾ ਰਹੇ ਸਨ, ਕਈ ਜ਼ਖਮੀ ਹੋ ਕੇ ਵਿਲਕ ਰਹੇ ਸਨ, ਕਈਆਂ ਦਾ ਸਰੀਰ ਕਪੜਿਆਂ ਤੋਂ ਰਹਿਤ ਨੰਗਾ ਹੋ ਗਿਆ ਸੀ, ਬਹੁਤ ਸੂਰਮੇ ਧੀਰਜ ਛੱਡ ਬੈਠੇ ਸਨ॥੪੬॥

ਗੁਰ ਕ੍ਰੋਧ ਤੇ ਅਸ ਹਾਲ। ਤੁਰਕਾਨ ਸੈਨ ਬਿਹਾਲ।
ਬਹੁ ਆਪਦਾ ਪਰਿ ਸੀਸ। ਸਮ ਕੋਲ ਹ੍ਵੈ ਜਗਦੀਸ਼॥ ੪੭॥

ਗੁਰੂ ਜੀ ਦੇ ਕ੍ਰੋਧ ਕਰਕੇ ਐਸਾ ਹਾਲ ਹੋਇਆ ਸੀ, ਤੁਰਕਾਂ ਦੀ ਸੈਨਾ ਬੇਹਾਲ ਹੋ ਗਈ ਸੀ। ਸਿਰ ਉਤੇ ਵੱਡੀ ਬਿਪਤਾ ਆ ਪਈ, ਗੁਰੂ ਮਹਾਰਾਜ ਦੀ ਕੌਣ ਬਰਾਬਰੀ ਕਰ ਸਕਦਾ ਹੈ॥੪੭॥

ਪਰਿ ਕਾਲ ਫਾਸ ਅਚੇਤ। ਲਰਿਬੇ ਨ ਭਾਜਨ ਭੇਤ।
ਰੁਕਿ ਚਾਰ ਓਰ ਕੁਥਾਇ। ਬਿਨ ਜਾਨ ਪ੍ਰਾਨ ਬਿਲਾਇ॥ ੪੮॥

ਕਾਲ ਦੀ ਫਾਂਸੀ ਅਚਣਚੇਤ ਹੀ ਗਲ ਆ ਪਈ, ਲੜਨ ਨਾ ਭੱਜਣ ਦਾ ਭੇਦ ਜਾਣਦੇ ਸਨ। ਚਾਰੇ ਪਾਸੇ ਕੁਥਾਂ ਫਸ ਗਏ ਸਨ, ਪ੍ਰਾਣ ਜਾਣ ਤੋਂ ਬਗੈਰ ਹੀ ਵਿਲਕ ਰਹੇ ਸਨ॥੪੮॥

ਤੁਰਕਾਨਿ ਹੋਤਿ ਬਿਨਾਸ਼। ਤਮ ਨਾਸ਼ ਸੰਗ ਪ੍ਰਕਾਸ਼।
ਨਿਸ ਬੀਤਿ ਗੀ ਇਸ ਰੀਤਿ। ਉਤ ਸ਼ੱਤ੍ਰੁ ਕੀ ਬਿਪਰੀਤ॥ ੪੯॥

ਤੁਰਕਾਂ ਦਾ ਇਸ ਤਰ੍ਹਾਂ ਵਿਨਾਸ਼ ਹੋ ਰਿਹਾ ਸੀ ਜਿਵੇਂ ਪ੍ਰਕਾਸ਼ ਨਾਲ ਹਨ੍ਹੇਰੇ ਦਾ ਨਾਸ਼ ਹੁੰਦਾ ਹੈ। ਇਸ ਰੀਤੀ ਨਾਲ ਰਾਤ ਬੀਤ ਗਈ, ਉਧਰ ਵੈਰੀ ਨਾਲ ਉਲਟਫੇਰ ਹੋ ਗਿਆ॥੪੯॥

ਦੋਹਰਾ-ਕੁਛਕ ਬਚੇ ਸਭਿ ਮਰਿ ਗਏ ਭਾਜੇ ਕੋਇ ਬਿਹਾਲ।
ਸਾਵਧਾਨ ਹੁਇ ਗੁਰ ਉਠੇ ਅਰਣੋਦਯ ਕੇ ਕਾਲ॥ ੫੦॥

ਕੁਝ ਬਚੇ, ਸਭ ਮਰ ਗਏ, ਕਈ ਬੇਹਾਲ ਹੋ ਕੇ ਭੱਜ ਗਏ। ਸਾਵਧਾਨ ਹੋ ਕੇ ਗੁਰੂ ਜੀ ਪਹੁ ਫੁੱਟੇ ਸਮੇਂ ਉੱਠੇ॥੫੦॥

*ਸੱਤਵੀਂ ਰਾਸ ਦਾ ਛਤਾਲਿਵਾਂ ਅਧਿਆਇ ਸਮਾਪਤ ਹੋਇਆ॥੪੬॥*

☆☆☆

# ਅਧਿਆਇ ਸੰਤਾਲੀਵਾਂ

## *ਦਿਨ ਚੜ੍ਹੇ ਦਾ ਯੁੱਧ*

*ਦੋਹਰਾ*-ਮਰਤਿ ਪਰਸਪਰ ਤੁਰਕ ਗਨ ਭਈ ਭੋਰ ਤਬਿ ਆਇ।
ਦਸ ਹਜ਼ਾਰ ਲਸ਼ਕਰ ਰਹਜੋ ਅਪਰ ਖਪਜੋ ਦੁਖ ਪਾਇ॥ ੧॥

ਜਦ ਬਹੁਤ ਤੁਰਕ ਆਪਸ ਵਿਚ ਲੜ ਕੇ ਮਰ ਗਏ ਤਾਂ ਸਵੇਰ ਹੋ ਗਈ, ਕੇਵਲ ਦਸ ਹਜ਼ਾਰ ਲਸ਼ਕਰ ਬਾਕੀ ਬਚਿਆ, ਬਾਕੀ ਸਾਰਾ ਦੁੱਖ ਪਾ ਕੇ ਮਰ ਖੱਪ ਗਿਆ॥੧॥

*ਨਿਸ਼ਾਨੀ ਛੰਦ*-ਬੀਸ ਰੁ ਪੰਚ ਸਹੰਸ੍ਰ ਦਲ ਤਮ ਮਹਿਂ ਇਮ ਨਾਸ਼ਾ।
ਜਿਮ ਤਮ ਕੋ ਸੂਰਜ ਹਤਜੋ ਕਰਿ ਦੀਨਿ ਪ੍ਰਕਾਸ਼ਾ।
ਜਿਮ ਉਡਗਨ ਸਗਰੇ ਦੁਰੇ ਨਹਿਂ ਦੇਹਿਂ ਦਿਖਾਈ।
ਤਿਮ ਤੁਰਕਾਨਾ ਛਪਿ ਗਯੋ, ਜਿਨ ਧੂਮ ਮਚਾਈ॥ ੨॥

ਪੰਝੀ ਹਜ਼ਾਰ ਸੈਨਾ ਇਸ ਤਰ੍ਹਾਂ ਹਨ੍ਹੇਰੇ ਵਿਚ ਮਾਰੀ ਗਈ, ਜਿਸ ਹਨ੍ਹੇਰੇ ਦਾ ਸੂਰਜ ਨੇ ਪ੍ਰਕਾਸ਼ ਕਰਕੇ ਨਾਸ਼ ਕਰ ਦਿੱਤਾ। ਜਿਵੇਂ ਸਾਰੇ ਤਾਰੇ ਲੁਕ ਗਏ, ਕੋਈ ਵੀ ਵਿਖਾਈ ਨਹੀਂ ਸੀ ਦਿੰਦਾ, ਉਸ ਤਰ੍ਹਾਂ ਹੀ ਸਾਰੇ ਤੁਰਕ ਛੁਪ ਗਏ, ਜਿਨ੍ਹਾਂ ਨੇ ਬੜੀ ਧੁੰਮ ਮਚਾਈ ਹੋਈ ਸੀ॥੨॥

ਬਡੀ ਨੀਂਦ ਸੁਪਤੇ ਪਰੇ ਰਣ ਖੇਤ ਮਝਾਰਾ।
ਦੀਰਘ ਮਗ ਤੇ ਥਕਤਿ ਭੇ ਜਨੁ ਸ਼੍ਰਮ ਨਿਰਵਾਰਾ।
ਗਿਰੇ ਤੁਰੰਗ ਤੁਰੰਗ ਪਰ ਧਰ ਪਰ ਧਰ ਬ੍ਰਿੰਦਾ।
ਸ਼ਸਤ੍ਰ ਬਸਤ੍ਰ ਬਿਖਰੇ ਪਰੇ ਜਨੁ ਬੀਜ ਬਿਲੰਦਾ॥ ੩॥

ਰਣਖੇਤਰ ਵਿਚ ਉਹ ਵੱਡੀ ਨੀਂਦ ਸੁੱਤੇ ਪਏ ਸਨ, ਲੰਮਾ ਸਫਰ ਕਰਕੇ ਬਹੁਤ ਥੱਕੇ ਪਏ ਸਨ, ਮਾਨੋਂ ਉਹ ਥਕਾਵਟ ਦੂਰ ਕਰ ਰਹੇ ਸਨ ਘੋੜਿਆਂ ਉਤੇ ਘੋੜੇ ਡਿੱਗੇ ਸਨ ਤੇ ਧੜਾਂ ਉਤੇ ਬਹੁਤ ਧੜਾਂ ਪਈਆਂ ਸਨ। ਸ਼ਸਤਰ ਵਸਤਰ ਖਿੰਡਰੇ ਪਏ ਸਨ, ਮਾਨੋਂ ਧਰਤੀ ਤੇ ਬੀਜ ਬੀਜਿਆ ਸੀ॥੩॥

ਲਲਾਬੇਗ ਲਸ਼ਕਰ ਪਿਖਜੋ ਜਬਿ ਭਯੋ ਪ੍ਰਕਾਸ਼ਾ।
ਅਲਪ ਅਹੈਂ ਬਹੁਤੇ ਮਰੇ ਤਜਿ ਜੈ ਬਿੱਸ੍ਰਾਸਾ।
ਦੇਤਿ ਕਿਤਿਕ ਸੁਧ ਆਨਿ ਕਰਿ 'ਅਮਕੋ ਸਿਰਦਾਰਾ।
ਸਹਿਤ ਸੈਨ ਕੇ ਖਪਿ ਗਯੋ ਨਹਿਂ ਪਰਹਿ ਨਿਹਾਰਾ'॥ ੪॥

ਜਦ ਪ੍ਰਕਾਸ਼ ਹੋ ਗਿਆ ਤਾਂ ਲਲਾ ਬੇਗ ਨੇ ਲਸ਼ਕਰ ਨੂੰ ਵੇਖਿਆ ਥੋੜ੍ਹੇ ਬਚੇ ਸਨ, ਬਹੁਤੇ ਮਰ ਗਏ ਸਨ, ਵਿਸ਼ਵਾਸ ਛੱਡ ਕੇ ਚਲੇ ਗਏ ਸਨ। ਕਈਆਂ ਨੇ ਆ ਕੇ ਖ਼ਬਰ ਦਿੱਤੀ, 'ਫਲਾਣੇ ਸਰਦਾਰ ਸਹਿਤ ਸਾਰੀ ਸੈਨਾ ਮਰ ਗਈ ਹੈ, ਕਿਤੇ ਵੀ ਕੋਈ ਦਿਖਾਈ ਨਹੀਂ ਦਿੰਦਾ ਹੈ' ॥੪॥

ਤਿਸੀ ਰੀਤਿ ਪੁਨ ਦੂਸਰੋ ਤੀਸਰ ਸੁਧਿ ਦੇਹੈ।
ਮਰੇ ਅਨਿਕ ਸੈਨਾਪਤੀ ਸਭਿ ਸੈਨਾ ਛੈਹੈ।
ਦੂਰ ਹੁਤੋ ਰਣ ਖੇਤ ਤੇ ਸੁਨਿ ਸੁਨਿ ਬਿਸਮਾਯੋ।
'ਏਤੋ ਲਸ਼ਕਰ ਕਿਹ ਹਤਯੋ, ਨਹਿਂ ਪਰਯੋ ਲਖਾਯੋ'॥ ੫॥

ਉਸੇ ਰੀਤ ਅਨੁਸਾਰ ਦੂਸਰਾ ਤੀਸਰਾ ਖਬਰ ਦਿੰਦਾ ਸੀ, ਕਈ ਸੈਨਾਪਤੀ ਮਰ ਗਏ ਹਨ ਤੇ ਸਾਰੀ ਸੈਨਾ ਨਾਸ਼ ਹੋ ਗਈ ਹੈ। ਲਲਾ ਬੇਗ ਰਣਖੇਤਰ ਤੋਂ ਬਹੁਤ ਦੂਰ ਸੀ, ਸੁਣ-ਸੁਣ ਹੈਰਾਨ ਹੋ ਰਿਹਾ ਸੀ, "ਏਨੇ ਲਸ਼ਕਰ ਨੂੰ ਕਿਸ ਮਾਰ ਦਿੱਤਾ ਹੈ, ਕੁਝ ਸਮਝ ਨਹੀਂ ਆਉਂਦੀ ਹੈ"॥੫॥

ਇਤ ਉਤ ਕਰਹਿ ਬਿਲੋਕਿਬੋ ਚਿਤ ਚਿੰਤ ਬਿਸਾਲਾ।
ਭਗਨੀ ਪੁੱਤ੍ਰ ਸਮੀਪ ਥਿਤ, ਬੋਲਯੋ ਤਿਸ ਕਾਲਾ।
'ਮਾਤੁਲ! ਕਯਾ ਦੇਖਤਿ ਖਰੇ, ਰਣ ਸਮੈਂ ਬਿਚਾਰੋ।
ਹੋਇ ਨ ਅਸ ਰਿਪੁ ਆਇ ਇਤ ਨਿਜ ਓਜ ਸੰਭਾਰੋ॥ ੬॥

ਏਧਰ ਉਧਰ ਵੇਖਦਾ ਸੀ, ਚਿੱਤ ਵਿਚ ਬਹੁਤ ਚਿੰਤਾ ਸੀ, ਭੈਣ ਦਾ ਪੁੱਤਰ ਉਸ ਸਮੇਂ ਪਾਸ ਸੀ, ਉਸ ਸਮੇਂ ਬੋਲਿਆ, "ਮਾਮਾ ਜੀ! ਖੜੇ ਕੀ ਵੇਖਦੇ ਹੋ, ਯੁੱਧ ਦਾ ਸਮਾਂ ਵੇਖੋ, ਐਸਾ ਨਾ ਹੋਵੇ ਕਿ ਦੁਸ਼ਮਣ ਆ ਪਵੇ, ਇਸ ਕਰਕੇ ਆਪਣੀ ਸ਼ਕਤੀ ਸੰਭਾਲੋ॥੬॥

ਮਰੇ ਸੁ ਗਏ ਨ ਆਇਂ ਫਿਰ, ਜੀਵਤ ਹੈਂ ਜੇਈ।
ਤਿਨਹੁਂ ਜਤਨ ਕਰਿਬੋ ਬਨਹਿ, ਦਾਨੇ ਬਡ ਤੇਈ।
ਚਢੇ ਹੁਤੇ ਹਮ ਲਰਨ ਕੋ ਨਹਿਂ ਖਾਨਾ ਖਾਨੇ।
ਮਾਰਨ ਮਰਣੋ ਕਾਜ ਰਨ ਕਯਾ ਚਿੰਤਾ ਠਾਨੇ॥ ੭॥

ਜਿਹੜੇ ਮਰ ਗਏ ਉਹ ਚਲੇ ਗਏ, ਫਿਰ ਨਹੀਂ ਆਉਣਗੇ, ਜਿਹੜੇ ਜੀਉਂਦੇ ਹਨ ਉਨ੍ਹਾਂ ਵਾਸਤੇ ਯਤਨ ਕਰਨਾ ਬਣਦਾ ਹੈ, ਤੁਸੀਂ ਬੜੇ ਸਿਆਣੇ ਹੋ। ਅਸੀਂ ਲੜਾਈ ਕਰਨ ਵਾਸਤੇ ਚੜ੍ਹਾਈ ਕੀਤੀ ਸੀ, ਨਾ ਕਿ ਖਾਣਾ ਖਾਣ ਵਾਸਤੇ, ਮਰਨਾ ਮਾਰਨਾ ਰਣਖੇਤਰ ਦਾ ਕੰਮ ਹੈ, ਇਸ ਕਰਕੇ ਕਾਹਦੀ ਚਿੰਤਾ ਕਰਦੇ ਹੋ॥੭॥

ਲਲਾਬੇਗ ਸੁਨਿ ਪੁਨਿ ਭਨਯੋ 'ਕਯੋਂ ਨਹੀਂ ਬਿਚਾਰੋ?।
ਚੌਥੋ ਭਾਗ ਸੁ ਦਲ ਰਹਯੋ ਤ੍ਰੈ ਭਾਗ ਸੁ ਮਾਰੋ।
ਕਹਾਂ ਬਿਜੈ ਅਬਿ ਹੋਇ ਗੀ ਰਹਿਗੇ ਭਟ ਥੋਰੇ।
ਲਖਯੋ ਨ ਸ਼ੱਤ੍ਰੂ ਭੇਤ ਕੋ ਡੇਰਾ ਕਿਤ ਓਰੇ॥ ੮॥

ਲਲਾ ਬੇਗ ਨੇ ਸੁਣ ਕੇ ਫਿਰ ਕਿਹਾ, "ਕਿਉਂ ਨਾ ਵਿਚਾਰ ਕਰਾਂ? ਚੌਥਾ ਹਿੱਸਾ ਫੌਜ ਰਹਿ ਗਈ ਹੈ, ਤਿੰਨ ਹਿੱਸੇ ਮਾਰੇ ਗਏ ਹਨ। ਹੁਣ ਕਿਵੇਂ ਜਿੱਤ ਹੋਵੇਗੀ ਜਦ ਸਾਡੇ ਪਾਸ ਸੂਰਮੇ ਥੋੜ੍ਹੇ ਰਹਿ ਗਏ ਹਨ। ਹਾਲੇ ਤਕ ਤਾਂ ਦੁਸ਼ਮਣ ਦਾ ਭੇਦ ਨਹੀਂ ਜਾਣਿਆ ਕਿ ਉਨ੍ਹਾਂ ਦਾ ਡੇਰਾ ਕਿੱਥੇ ਹੈ॥੮॥

ਆਇ ਅਗਾਊ ਰੋਕ ਕਰਿ ਤਮ ਮਹਿਂ ਦਲ ਮਾਰਾ।
ਕਟੇ ਆਪ ਸ਼ਸਤ੍ਰ ਗਹਿ ਨਹਿਂ ਕਰੀ ਸੰਭਾਰਾ।

ਕਾਸਮਬੇਗ ਅਰੁ ਸ਼ਮਸ ਬੇਗ ਦੋਨਹੁਂ ਸੁਤ ਤੀਰਾ।
ਭ੍ਰਾਤਾ ਕੰਬਰਬੇਗ ਢਿਗ ਬੋਲ੍ਯੋ ਧਰਿ ਧੀਰਾ॥ ੯॥

ਅਗਾਊਂ ਆ ਕੇ ਹਨੇਰੇ ਵਿਚ ਰੋਕ ਕੇ ਦਲ ਨੂੰ ਮਾਰਿਆ ਹੈ, ਆਪ ਸ਼ਸਤਰ ਫੜ ਕੇ ਮਰ ਗਏ ਹਨ ਤੇ ਸੰਭਾਲ ਨਹੀਂ ਕੀਤੀ ਹੈ।'' ਕਾਸਮ ਬੇਗ ਅਤੇ ਸ਼ਮਸ ਬੇਗ ਦੋਵੇਂ ਪੁੱਤਰ ਪਾਸ ਸਨ ਤੇ ਭਰਾ ਕੰਬਰ ਬੇਗ ਧੀਰਜ ਧਾਰ ਕੇ ਬੋਲਿਆ॥੯॥

'ਕਹਾਂ ਕਰਹਿਂ, ਲਸ਼ਕਰ ਮਰ੍ਯੋ, ਕਰਿ ਕੁਮਤਿ ਮਰਾਯੋ।
ਥਕਤਿ ਛੁਧਤਿ ਪਾਰਾ ਪਰ੍ਯੋ, ਕਹਿ ਭੇਰ ਕਰਾਯੋ।
ਸ਼ੱਤ੍ਰੁ ਤਪਤਿ ਪਾਵਕ ਨਿਕਟਿ ਸਭਿ ਬਿਧਿ ਬਿਸਰਾਮੇ।
ਉਠਿਤਿ ਤੁਰਤਿ ਤਜਿ ਤੁਪਕ ਗਨ ਹਤਿ ਪਠਿ ਜਮ ਧਾਮੇ॥ ੧੦॥

'ਕੀ ਕਰੀਏ ਜੋ ਲਸ਼ਕਰ ਮਰਿਆ ਹੈ, ਮਾੜੀ ਮੱਤ ਕਰਕੇ ਮਰਵਾਇਆ ਹੈ। ਉਹ ਥੱਕੇ, ਭੁੱਖੇ ਅਤੇ ਠੰਡ ਦੇ ਮਾਰੇ ਹੋਏ ਸਨ ਤੇ ਉਨ੍ਹਾਂ ਦਾ ਲਿਆ ਕੇ ਭੇੜ ਕਰਵਾ ਦਿੱਤਾ। ਵੈਰੀ ਪਾਸ ਬੈਠਾ ਅੱਗ ਸੇਕ ਰਿਹਾ ਸੀ, ਤੇ ਸਭ ਤਰ੍ਹਾਂ ਨਾਲ ਉਨ੍ਹਾਂ ਵਿਸ਼ਰਾਮ ਕੀਤਾ ਸੀ, ਉੱਠ ਕੇ ਤੁਰੰਤ ਬੰਦੂਕਾਂ ਚਲਾ ਕੇ ਮਾਰ ਕੇ ਜਮਾਂ ਦੇ ਘਰ ਭੇਜ ਦਿੰਦੇ ਸਨ॥੧੦॥

ਮੈਂ ਬਹੁ ਬਿਧਿ ਬੁਧਿ ਕਰਿ ਰਹ੍ਯੋ ਨਹਿਂ ਬਨ੍ਯੋ ਉਪਾਈ।
ਨੀਠ ਨੀਠ ਇਕ ਤੁਪਕ ਭਟ ਰਣ ਸਕੇ ਚਲਾਈ।
ਉਕਸੇ ਹਾਥ ਨ ਸੀਤ ਤੇ ਰਿਪੁ ਮਿਲਿ ਸਮੁਦਾਯਾ।
ਖੜਗ ਪ੍ਰਹਾਰੇ ਆਨਿ ਕਰਿ ਲਸ਼ਕਰ ਬਿਕੁਲਾਯਾ॥ ੧੧॥

ਮੈਂ ਬਹੁਤ ਵਿਧੀਆਂ ਨਾਲ ਅਕਲ ਦੌੜਾਉਂਦਾ ਰਿਹਾ, ਕੋਈ ਉਪਾਅ ਨਹੀਂ ਸੀ ਬਣਦਾ, ਹੌਲੀ-ਹੌਲੀ ਇਕ ਬੰਦੂਕ ਨੂੰ ਹੀ ਸੂਰਮੇ ਰਣਖੇਤਰ ਵਿਚ ਚਲਾ ਸਕੇ। ਠੰਡ ਕਰਕੇ ਹੱਥ ਉਠਦਾ ਨਹੀਂ ਸੀ ਤੇ ਵੈਰੀ ਮਿਲ ਕੇ ਇਕੱਠੇ ਹੋਏ ਸਨ ਤੇ ਉਹ ਆ ਕੇ ਜਦ ਤਲਵਾਰਾਂ ਦੇ ਵਾਰ ਕਰਨ ਲੱਗੇ ਤਾਂ ਸਾਡਾ ਲਸ਼ਕਰ ਵਿਆਕੁਲ ਹੋ ਗਿਆ॥੧੧॥

ਜਾਨੇ ਪਰੇ ਨ ਅਪਰ ਪਰ ਕਟਿ ਆਪਸ ਮਾਂਹੀ।
ਬਿਨਾ ਨੀਤਿ ਤੇ ਲਰਨ ਰਨ ਜੈ ਪਾਵਤਿ ਨਾਂਹੀ।
ਅਬਿ ਤਮ ਬਿਨਸ੍ਯੋ ਜਾਨੀਏ, ਪਾਰਾ ਹੁਇ ਥੋਰਾ।
ਹੁਤੇ ਹੇਤ ਦੁਇ ਮਰਨ ਕ ਸੋ ਰਹੇ ਨ ਘੋਰਾ॥ ੧੨॥

ਆਪਣਾ ਪਰਾਇਆ ਜਾਣਿਆ ਨਹੀਂ ਸੀ ਜਾਂਦਾ, ਆਪਸ ਵਿਚ ਹੀ ਕੱਟ ਕੇ ਮਰ ਗਏ, ਬਿਨਾਂ ਨੀਤੀ ਦੇ ਰਣਖੇਤਰ ਵਿਚ ਲੜਨ ਨਾਲ ਜਿੱਤ ਪ੍ਰਾਪਤ ਨਹੀਂ ਹੋ ਸਕਦੀ। ਹੁਣ ਤੁਸੀਂ ਵੈਰੀ ਨੂੰ ਮਾਰਿਆ ਜਾਣੋ, ਪਾਲਾ ਬਹੁਤ ਥੋੜ੍ਹਾ ਹੋਵੇਗਾ, ਪਾਲਾ ਅਤੇ ਹਨ੍ਹੇਰਾ ਜਿਹੜੇ ਦੋਵੇਂ ਮਰਨ ਦੇ ਕਾਰਨ ਰਹੇ ਹਨ, ਉਹ ਹੁਣ ਨਹੀਂ ਹੋਣਗੇ॥੧੨॥

ਛੁਧਤਿ ਸ੍ਰਮਤਿ ਲਸ਼ਕਰ ਅਹੈ ਸੋ ਮਿਟਹਿ ਨ ਜੈ ਹੈ।
ਅਬਿ ਹਟਿਬੋ ਨਹਿਂ ਬਨਤਿ ਹੈ ਰਿਪੁ ਸਿਰ ਪਰ ਐਹੈ।
ਦੇਹੁ ਦਮਾਮੇ ਚਢਹੁ ਸਭਿ ਦੇਖਹੁ ਰਣ ਓਰਾ।
ਰੌਰ ਪਰ੍ਯੋ ਆਵਤਿ ਉਰੇ, ਘਾਲ੍ਯੋ ਬਡ ਜ਼ੋਰਾ॥ ੧੩॥

ਪਰ ਭੁੱਖ ਅਤੇ ਥਕੇਵਾਂ ਜੋ ਲਸ਼ਕਰ ਵਿਚ ਵਿਆਪਕ ਹਨ ਉਹ ਮਿਟ ਨਹੀਂ ਸਕਦੇ। ਹੁਣ ਸਾਡਾ ਵਾਪਸ ਹੋਣਾ ਨਹੀਂ ਬਣਦਾ ਹੈ, ਕਿਉਂਕਿ ਦੁਸ਼ਮਣ ਸਿਰ ਉਤੇ ਬੈਠਾ ਹੈ। ਦਮਾਮੇ ਉਤੇ ਡੱਗਾ ਲਾ ਕੇ ਲਸ਼ਕਰ ਲੈ ਕੇ ਰਣਖੇਤਰ ਵਲ ਚੜ੍ਹਾਈ ਕਰੋ, ਰੌਲਾ ਪੈਂਦਾ ਏਧਰ ਆਉਂਦਾ ਹੈ, ਬੜਾ ਜ਼ੋਰ ਘਾਲਿਆ ਹੈ'' ॥੧੩॥

ਬੇਗਲਲਾ ਜਾਨੀ ਤਬੈ ਇਹ ਨੀਕ ਬਖਾਨੈ।
ਅਬਿ ਕਜਾ ਹੋਵਤਿ ਜਤਨ ਕੁਛ ਰਿਪੁ ਗਨ ਰਣ ਹਾਨੈਂ।
ਚਢ੍ਯੋ ਆਪ ਸਭਿ ਸੰਗ ਲੈ ਹੁਇ ਕੈ ਸਮੁਹਾਈ।
ਚਾਹਤਿ ਭਾ ਰਣ ਖੇਤ ਮਹਿਂ ਮੈਂ ਕਰੌਂ ਲਰਾਈ॥ ੧੪॥

ਲਲਾ ਬੇਗ ਨੇ ਤਦ ਇਹ ਜਾਣਿਆ ਕਿ ਇਸ ਨੇ ਠੀਕ ਕਿਹਾ ਹੈ, ਹੁਣ ਕੀ ਯਤਨ ਕਰੀਏ ਕਿ ਵੈਰੀਆਂ ਦੇ ਸਮੂਹ ਨੂੰ ਰਣਖੇਤਰ ਵਿਚ ਮਾਰੀਏ। ਹੁਣ ਆਪ ਸਾਰਿਆਂ ਨੂੰ ਆਪਣੇ ਨਾਲ ਲੈ ਕੇ ਤੇ ਆਪ ਅਗਵਾਈ ਕਰਕੇ ਚੜ੍ਹਾਈ ਕਰਨੀ ਚਾਹੁੰਦਾ ਸੀ ਕਿ ਰਣਖੇਤਰ ਵਿਚ ਮੈਂ ਆਪ ਲੜਾਈ ਕਰਾਂ॥੧੪॥

ਇਤ ਤੇ ਇਹ ਚਢਿ ਕਰਿ ਚਲ੍ਯੋ ਬਡ ਸ਼ੋਰ ਉਠੰਤਾ।
ਬਜੇ ਦਮਾਮੇ ਸੈਂਕਰੇ ਉਤਸਾਹ ਧਰੰਤਾ।
ਆਵਤਿ ਭਾ ਰਣ ਭੂਮਿਕਾ, ਕੋਸਨ ਲਗਿ ਹੇਰਾ।
ਮਰੇ ਪਰੇ ਹਯ ਸੂਰਮੇ ਥਲ ਘੋਰ ਘਨੇਰਾ॥ ੧੫॥

ਏਧਰੋਂ ਲਲਾ ਬੇਗ ਚੜ੍ਹ ਕੇ ਚਲਿਆ, ਬੜਾ ਸ਼ੋਰ ਉੱਠ ਰਿਹਾ ਸੀ, ਸੈਂਕੜੇ ਨਗਾਰੇ ਵੱਜ ਉਠੇ ਜਿਹੜੇ ਉਤਸ਼ਾਹ ਵਧਾ ਰਹੇ ਸਨ। ਜਦ ਰਣਖੇਤਰ ਵਿਚ ਆਇਆ ਤਾਂ ਕੋਹਾਂ ਤਕ ਵੇਖਿਆ ਕਿ ਘੋੜੇ ਤੇ ਸੂਰਮੇ ਮਰੇ ਪਏ ਸਨ ਤੇ ਧਰਤੀ ਬਹੁਤ ਭਿਆਣਕ ਵਿਖਾਈ ਦੇ ਰਹੀ ਸੀ॥੧੫॥

ਆਮਿਖ ਸ਼੍ਰੋਣਿਤ ਛੁਟਤਿ ਬਹੁ ਬਹਿ ਚਾਲ੍ਯੋ ਸਾਰੇ।
ਅਰੁਣ ਬਰਣ ਕੀ ਚੂਨਰੀ ਅਵਨੀ ਜਨੁ ਧਾਰੇ।
ਪੰਛੀ ਉਡ ਚਹੁੰ ਦਿਸ਼ਾ ਤੇ, ਬਾਇਸ, ਗ੍ਰਿਝ ਆਏ।
ਕੰਕ ਆਦਿ ਆਮਿਖ ਭਖੀ ਭ੍ਰਮਹਿਂ ਸਮੁਦਾਏ॥ ੧੬॥

ਮਾਸ ਤੇ ਲਹੂ ਨਿਕਲ ਕੇ ਸਾਰੇ ਵਹਿ ਗਿਆ ਸੀ, ਮਾਨੋਂ ਲਾਲ ਰੰਗ ਦੀ ਚੁੰਨੀ ਧਰਤੀ ਨੇ ਧਾਰਨ ਕੀਤੀ ਹੋਈ ਸੀ। ਚਾਰੇ ਪਾਸਿਆਂ ਤੋਂ ਪੰਛੀ, ਕਾਂ, ਇੱਲਾਂ ਆਦਿ ਆਏ ਸਨ। ਚਿੱਟੀਆਂ ਇੱਲਾਂ ਆਦਿ ਮਾਸ ਖਾਣ ਵਾਲੇ ਪੰਛੀ ਇਕੱਠੇ ਹੋ ਕੇ ਏਧਰ ਉਧਰ ਫਿਰ ਰਹੇ ਸਨ॥੧੬॥

ਜੰਬੁਕ ਤ੍ਰਿਪਤਿ ਪੁਕਾਰਤੇ ਖਾਯੋ ਮਨ ਭਾਯੋ।
ਮਨਹੁਂ ਅਸੀਸਾਂ ਦੇਤਿ ਗੁਰ, ਲਖਿ ਹਮ ਤ੍ਰਿਪਤਾਯੋ।
ਲਲਾ ਬੇਗ ਬਿਸਮ੍ਯੋ ਪਿਖਤਿ ਚਹੁੰਦਿਸ਼ਿ ਭਯ ਮਾਨਾ।
'ਯਾ ਖ਼ੁਦਾਇ ! ਇਹ ਕਜਾ ਭਯੋ, ਕਿਮ ਲਸ਼ਕਰ ਹਾਨਾ'॥ ੧੭॥

ਗਿੱਦੜ ਤ੍ਰਿਪਤ ਹੋ ਕੇ ਹਵਾਂਕਦੇ ਹਨ, ਉਨ੍ਹਾਂ ਮਨ-ਭਾਉਂਦਾ ਮਾਸ ਖਾਧਾ ਹੈ, ਮਾਨੋਂ ਉਹ ਗੁਰੂ ਜੀ ਨੂੰ ਅਸੀਸਾਂ ਦੇ ਰਹੇ ਹਨ, ਸਾਨੂੰ ਭੁਖਿਆਂ ਨੂੰ ਤ੍ਰਿਪਤ ਕੀਤਾ ਹੈ। ਲਲਾ ਬੇਗ ਵੇਖ ਕੇ ਬਹੁਤ ਹੈਰਾਨ ਹੋਇਆ, ਚਾਰੇ ਪਾਸੇ ਵੇਖ ਕੇ ਭੈਅ ਮੰਨਿਆ। "ਹੇ ਖੁਦਾਵੰਦ ! ਇਹ ਕੀ ਹੋ ਗਿਆ ਹੈ, ਕਿਵੇਂ ਲਸ਼ਕਰ ਮਾਰਿਆ ਗਿਆ ਹੈ" ॥੧੭॥

ਛੁਟਤਿ ਸ਼ਲਖ ਬਡ ਰੋਰ ਭਾ ਥਿਰਿ ਜੋਧ ਲਹੰਤਾ।
'ਤੁਰਕਾਨੀ ਸੈਨਾਘਨੀ ਆਈ' ਦ੍ਰਿਸ਼ਟੰਤਾ।

ਸ਼ਸਤ੍ਰ ਬਸਤ੍ਰ ਬਹੁ ਮੋਲ ਕੇ ਹਯ ਥਕਿਤਿ ਬਡੇਰੇ।
ਦਿਪਤਿ ਬਿਭੂਖਨਿ ਜਿਨਹੁਂ ਕੇ ਬਹੁ ਕੰਚਨ ਕੇਰੇ॥ ੧੮॥

ਗੋਲੀਆਂ ਚਲ ਰਹੀਆਂ ਸਨ ਤੇ ਬੜਾ ਰੌਲਾ ਮਚਿਆ ਸੀ, ਰਾਇ ਜੋਧ ਖੜਾ ਵੇਖ ਰਿਹਾ ਸੀ, "ਤੁਰਕਾਂ ਦੀ ਵੱਡੀ ਸੈਨਾ ਆਈ ਹੈ।" ਦਿਖਾਈ ਦੇ ਰਿਹਾ ਸੀ। ਸ਼ਸਤਰ ਵਸਤਰ ਬਹੁਤ ਕੀਮਤੀ ਲਏ ਸਨ ਤੇ ਵੱਡੇ ਘੋੜੇ ਥੱਕੇ ਹੋਏ ਸਨ ਜਿਨ੍ਹਾਂ ਦੇ ਸੋਨੇ ਦੇ ਗਹਿਣੇ ਬਹੁਤ ਚਮਕ ਰਹੇ ਸਨ॥੧੮॥

ਇਕ ਸਊਰ ਦੌਰਯੋ ਗਯੋ ਗੁਰ ਢਿਗ ਸੁਧਿ ਦੀਨੀ।
'ਮਹਾਂਰਾਜ ! ਤੁਰਕਾਨ ਕੀ ਸੈਨਾ ਬਡ ਚੀਨੀ।
ਸਭਿ ਉਮਡੀ ਰਿਸ ਬਹੁ ਕਰੀ ਰਨ ਖੇਤ ਮਝਾਰਾ।
ਲਰਤਿ ਜੋਧ ਜਾਤੀ ਮਲਕ ਉਤਸਾਹੁ ਉਦਾਰਾ॥ ੧੯॥

ਇਕ ਸਵਾਰ ਭੱਜਿਆ ਗਿਆ ਤੇ ਉਸ ਤੇ ਗੁਰੂ ਜੀ ਨੂੰ ਜਾ ਕੇ ਖਬਰ ਦਿੱਤੀ, "ਮਹਾਰਾਜ ! ਤੁਰਕਾਂ ਦੀ ਬਹੁਤ ਵੱਡੀ ਫੌਜ ਵੇਖੀ ਹੈ। ਸਾਰੀ ਬੜੇ ਕ੍ਰੋਧ ਵਿਚ ਰਣਖੇਤਰ ਵਲ ਉਮਡੀ ਆ ਰਹੀ ਹੈ, ਰਾਇ ਜੋਧ ਤੇ ਜਾਤੀ ਮਲਕ ਬੜੇ ਉਤਸ਼ਾਹ ਨਾਲ ਲੜ ਰਹੇ ਹਨ॥੧੯॥

ਬਾਕੀ ਰਹੇ ਨ ਤੁਰਕ ਅਬਿ ਜੀਵਤਿ ਸਭਿ ਆਏ।
ਮਰੇ ਪਰੇ ਬਹੁ ਕੋਸ ਲਗਿ ਅਸੁ ਭਟ ਸਮੁਦਾਏ।
ਅਬਿ ਪ੍ਰਕਾਸ਼ ਭਾ ਦਿਖਤਿ ਹੈ ਏਤੇ ਕਿਨ ਮਾਰੇ।
ਪਰੇ ਤੁਰੰਗ ਪਰ ਤੁਰੰਗ ਬਹੁ ਧਰ ਪਰ ਧਰ ਡਾਰੇ॥ ੨੦॥

ਬਾਕੀ ਹੋਰ ਕੋਈ ਤੁਰਕ ਨਹੀਂ ਰਿਹਾ ਹੈ, ਜਿਹੜੇ ਜੀਉਂਦੇ ਹਨ, ਉਹ ਸਭ ਆਏ ਹਨ। ਅਜਿਹੇ ਸੂਰਮਿਆਂ ਦੇ ਸਮੂਹ ਕਈ ਕੋਹਾਂ ਤੱਕ ਮਰੇ ਪਏ ਹਨ। ਹੁਣ ਲੋਅ ਲੱਗਣ ਨਾਲ ਦਿੱਸਦੇ ਹਨ, ਏਨੀਂ ਗਿਣਤੀ ਵਿਚ ਵੈਰੀਆਂ ਨੂੰ ਕਿਸ ਮਾਰ ਦਿੱਤਾ, ਘੋੜਿਆਂ ਉੱਤੇ ਘੋੜੇ ਮਰੇ ਪਏ ਹਨ ਤੇ ਲਾਸ਼ਾਂ ਉੱਤੇ ਲਾਸ਼ਾਂ ਦੇ ਢੇਰ ਪਏ ਹਨ॥੨੦॥

ਤਬਲ ਨਗਾਰੇ ਗਨ ਬਜੈਂ ਹੋਯਹੁ ਭਟ ਭੇਰਾ।
ਭਈ ਪ੍ਰਭਾਤਿ ਪ੍ਰਕਾਸ਼ ਮਹਿਂ ਰਿਸ ਕੀਨਿ ਘਨੇਰਾ।
ਸੁਨਿ ਸਗਰੀ ਸੁਧਿ ਸਤਿਗੁਰੂ ਅਸੁ ਚਢੇ ਸੁਹੇਲੇ।
ਚੋਬ ਪਰੀ ਰਨਜੀਤ ਪਰ ਭਟ ਆਯੁਧ ਲੇ ਲੇ॥ ੨੧॥

ਬਹੁਤ ਨਗਾਰੇ ਵੱਜ ਉਠੇ ਹਨ ਤੇ ਸੂਰਮਿਆਂ ਦਾ ਵੱਡਾ ਭੇੜ ਹੋਇਆ ਹੈ, ਜਦ ਤੋਂ ਸਵੇਰ ਦਾ ਪ੍ਰਕਾਸ਼ ਹੋਇਆ ਹੈ ਤਾਂ ਉਹ ਬੜੇ ਕ੍ਰੋਧ ਵਿਚ ਆ ਗਏ ਹਨ।" ਇਹ ਸਾਰੀ ਖਬਰ ਸੁਣ ਕੇ ਸਤਿਗੁਰੂ ਜੀ ਸੁਹੇਲੇ ਨਾਮੀ ਘੋੜੇ ਤੇ ਸਵਾਰ ਹੋ ਗਏ। ਨਗਾਰੇ ਤੇ ਡੱਗੇ ਲੱਗੇ ਤੇ ਸੂਰਮੇ ਸ਼ਸਤਰ ਲੈ-ਲੈ ਚੱਲ ਪਏ॥੨੧॥

ਛੋਰਿ ਤੁਰੰਗਮ ਕੋ ਚਲੇ ਨਹਿਂ ਬਿਲਮ ਲਗਾਈ।
ਆਇ ਖਿਰੇ ਢਿਗ ਜੋਧ ਕੇ ਜਹਿਂ ਮਚਤਿ ਲਰਾਈ।
ਦੂਤ ਹਸਨ ਖਾਂ ਸਤਿਗੁਰੂ ਨਿਜ ਨਿਕਟਿ ਬੁਲਾਯੋ।
'ਲਲਾਬੇਗ ਕਹੁ ਕਹਾਂ ਹੈ? ਜੋ ਚਢਿ ਕਰਿ ਆਯੋ'॥ ੨੨॥

ਗੁਰੂ ਜੀ ਘੋੜੇ ਨੂੰ ਛੇੜ ਕੇ ਚਲ ਪਏ ਤੇ ਕੋਈ ਦੇਰ ਨਾ ਲਾਈ ਤੇ ਰਾਇ ਜੋਧ ਦੇ ਪਾਸ ਆ ਕੇ ਖੜੇ ਹੋ ਗਏ, ਜਿਥੇ ਯੁੱਧ ਮਚਿਆ ਹੋਇਆ ਸੀ। ਹਸਨ ਖਾਂ ਦੂਤ ਨੂੰ ਸਤਿਗੁਰੂ ਜੀ ਨੇ ਆਪਣੇ ਪਾਸ ਬੁਲਾਇਆ ਤੇ ਕਿਹਾ, "ਦੱਸੋ ਲਲਾ ਬੇਗ ਕਿਥੇ ਹੈ ? ਜਿਹੜਾ ਚੜ੍ਹਾਈ ਕਰਕੇ ਆਇਆ ਹੈ" ॥੨੨॥

ਸੁਨਤਿ ਨਿਹਾਰੇ ਸਕਲ ਤਿਨ ਜੇ ਚਿੰਨ੍ਹ ਮਹਾਨੇ।
ਬਰਣ ਬਰਨ ਕੀ ਬੈਰਖਾਂ ਨਿਜ ਨਿਜ ਅਗਵਾਨੇ।
ਕਹਨਿ ਲਗਜੋ 'ਸੁਨੀਅਹਿ ਪ੍ਰਭੂ! ਊਪਰ ਪੁਸਤੀਨਾ।
ਸਿਰ ਪਰ ਕੰਚਨਖੋਦ ਜਿਹ ਦਮਕਹਿ ਦੁਤਿ ਭੀਨਾ॥ ੨੩॥

ਇਹ ਸੁਣ ਕੇ ਉਸ ਨੇ ਸਾਰੇ ਵੇਖਿਆ, ਜਿਹੜੀਆਂ ਉਸ ਦੀਆਂ ਮਹਾਨ ਨਿਸ਼ਾਨੀਆਂ ਸਨ, ਰੰਗ ਬਰੰਗੀਆਂ ਝੰਡੀਆਂ ਹਰ ਇਕ ਦੇ ਅੱਗੇ ਸਨ। ਹਸਨ ਖਾਂ ਕਹਿਣ ਲੱਗਾ, "ਹੇ ਪ੍ਰਭੂ ! ਸੁਣੀਏ ਉਸ ਨੇ ਗਲ ਵਿਚ ਚਮੜੇ ਦਾ ਕੋਟ ਪਾਇਆ ਹੈ, ਸਿਰ ਤੇ ਸੋਨੇ ਦਾ ਟੋਪ ਹੈ ਜਿਹੜਾ ਬਹੁਤ ਚਮਕਦਾ ਹੈ॥੨੩॥

ਜ਼ਰੀ ਬਸਤ੍ਰ ਕੀ ਕੁਛ ਬਡੀ ਜਿਹ ਦਿਪਤਿ ਪਤਾਕਾ।
ਸੁਰਖਾ ਬਲੀ ਬਿਲੰਦ ਹਯ ਬਡ ਬੇਗ ਸੁ ਜਾਂਕਾ।
ਬਾਤ ਕਰਤਿ ਬੂਝਤਿ ਤੁਮਹਿਂ ਕਰਿ ਹਾਥ ਉਚੇਰਾ।
ਲਲਾਬੇਗ ਸੋ ਜਾਨੀਯਹਿ, ਉਰ ਗਰਬ ਘਨੇਰਾ॥ ੨੪॥

ਜਰੀ ਦੇ ਕੱਪੜੇ ਦਾ ਬਣਿਆ ਕੁਝ ਵੱਡਾ ਜਿਸ ਦਾ ਝੰਡਾ ਚਮਕਦਾ ਹੈ, ਲਾਲ ਰੰਗ ਦਾ ਜਿਸ ਦਾ ਬੜਾ ਬਲਵਾਨ ਅਤੇ ਤੇਜ਼ ਭੱਜਣ ਵਾਲਾ ਘੋੜਾ ਹੈ। ਗੱਲ ਕਰਦਾ, ਹੱਥ ਉੱਚਾ ਕਰਕੇ ਤੁਹਾਡੇ ਬਾਰੇ ਪੁੱਛਦਾ ਹੈ, ਉਸ ਨੂੰ ਲਲਾ ਬੇਗ ਜਾਣੋ, ਜਿਸ ਦੇ ਹਿਰਦੇ ਵਿਚ ਵੱਡਾ ਹੰਕਾਰ ਹੈ॥੨੪॥

ਬਾਮ ਦਿਸ਼ਾ ਤਿਸ ਤੇ ਖਰੋ ਸੋ ਕੰਬਰ ਬੇਗਾ।
ਤੁਰਕੀ ਤੁਰੰਗ ਕੁਮੈਤ ਹੈ, ਬਹੁ ਚਲਹਿ ਸੁ ਬੇਗਾ।
ਭ੍ਰਾਤਾ ਇਸ ਕੋ ਅਲਪ ਹੈ ਬਡ ਬੀਰ ਕਹਾਵੈ।
ਦਾਨਸ਼ਵੰਦ ਬਿਸਾਲ ਹੀ ਬਹੁ ਦਾਵ ਬਤਾਵੈ॥ ੨੫॥

ਉਸ ਦੇ ਖੱਬੇ ਪਾਸੇ ਜਿਹੜਾ ਖੜਾ ਹੈ, ਉਹ ਉਸ ਦਾ ਭਰਾ ਕੰਬਰ ਬੇਗ ਹੈ। ਉਸ ਦਾ ਕੁਮੈਤ ਤੁਰਕੀ ਘੋੜਾ ਹੈ ਜਿਹੜਾ ਬਹੁਤ ਤੇਜ਼ ਚਲਦਾ ਹੈ। ਉਹ ਇਸ ਦਾ ਛੋਟਾ ਭਰਾ ਹੈ ਤੇ ਵੱਡਾ ਸੂਰਬੀਰ ਕਹਾਉਂਦਾ ਹੈ, ਬੜਾ ਅਕਲਮੰਦ ਹੈ ਤੇ ਬੜੇ ਦਾਅ ਦੱਸਦਾ ਹੈ॥੨੫॥

ਪਿਖਹੁ ਦਾਹਨੀ ਦਿਸ਼ਾ ਮਹਿਂ ਸਬਜ਼ਾ ਬਡ ਘੋਰਾ।
ਨਾਮ ਕਾਬਲੀਬੇਗ ਇਸ ਰਾਖਹਿ ਬਡ ਜ਼ੋਰਾ।
ਆਯੁਧ ਬਿੱਦਯਾ ਬਹੁਤ ਹੀ ਚਿਰਕਾਲ ਕਮਾਈ।
ਕਰਤਿ ਪਟੇਬਾਜ਼ੀ ਅਧਿਕ ਗਨ ਪਿਖੀ ਲਰਾਈ॥ ੨੬॥

ਉਸ ਦੇ ਸਜੇ ਪਾਸੇ ਵੇਖੋ, ਜਿਸ ਪਾਸ ਸਬਜ਼ ਰੰਗ ਦਾ ਵੱਡਾ ਘੋੜਾ ਹੈ, ਉਸ ਦਾ ਨਾਮ ਕਾਬਲੀ ਬੇਗ ਹੈ ਤੇ ਵੱਡੀ ਸ਼ਕਤੀ ਦਾ ਮਾਲਕ ਹੈ। ਉਸ ਨੇ ਸ਼ਸਤਰ ਵਿਦਿਆ ਦੀ ਬਹੁਤ ਦੇਰ ਤਕ ਕਮਾਈ ਕੀਤੀ ਹੈ, ਬਹੁਤ ਗਤਕੇਬਾਜ਼ੀ ਕਰਦਾ ਹੈ, ਤੇ ਬਹੁਤ ਲੋਕਾਂ ਨੇ ਇਸ ਦੀ ਲੜਾਈ ਵੇਖੀ ਹੈ॥੨੬॥

ਲਲਾਬੇਗ ਮਾਤੁਲ ਲਗਹਿ ਨਿਤ ਰਹਿ ਇਸ ਤੀਰਾ।
ਮਲਤਿ ਰਜਤਪਣ ਹਾਥ ਮਹਿਂ ਬਲਿ ਅਧਿਕ ਸਰੀਰਾ।
ਇਹੁ ਸਨਮੁਖ ਜਬਿ ਲਰੈ ਗੋ ਮਾਰੈ ਸਮੁਦਾਈ।
ਹਤਹੁ ਆਪ ਇਸ ਪ੍ਰਥਮ ਹੀ ਨਹਿਂ ਸੁਭਟ ਖਪਾਈ॥ ੨੭॥

ਲਲਾ ਬੇਗ ਇਸ ਦਾ ਮਾਮਾ ਲੱਗਦਾ ਹੈ, ਉਹ ਸਦਾ ਇਸ ਦੇ ਪਾਸ ਰਹਿੰਦਾ ਹੈ। ਇਹ ਇਕ ਚਾਂਦੀ ਦੇ ਸਿੱਕੇ ਨੂੰ ਹੱਥ ਵਿਚ ਫੜ ਕੇ ਮਲ ਕੇ ਉਸ ਦੇ ਅੱਖਰ ਮਿਟਾ ਦਿੰਦਾ ਹੈ, ਸਰੀਰ ਦਾ ਏਨਾ ਵੱਡਾ ਸ਼ਕਤੀਸ਼ਾਲੀ ਹੈ। ਇਹ ਸਨਮੁਖ ਹੋ ਕੇ ਜਦ ਲੜੇਗਾ ਤਾਂ ਬਹੁਤ ਸੂਰਮਿਆਂ ਨੂੰ ਮਾਰੇਗਾ, ਇਸ ਨੂੰ ਆਪ ਸਭ ਤੋਂ ਪਹਿਲਾਂ ਮਾਰੋ ਤਾਂਕਿ ਤੁਹਾਡੇ ਯੋਧਿਆਂ ਨੂੰ ਨਾ ਮਾਰ ਦੇਵੇ॥੨੭॥

ਦੋਨਹੁ ਇਸ ਕੇ ਸੁਤ ਖਰੇ ਇਕ ਕਾਸਮ ਬੇਗਾ।
ਸ਼ਮਸਬੇਗ ਸੁਤ ਦੂਸਰੋ ਜਿਸ ਕੇ ਕਰ ਤੇਗਾ।
ਪ੍ਰਥਮ ਗੋਲ ਕੋ ਬਾਂਧ ਕੈ ਇਹੁ ਚਹਤਿ ਲਰਾਈ।
ਪਰੇ ਆਨਿ ਮੁਖ ਕਾਲ ਕੇ ਕਰੋਂ ਹੂੰ ਨ ਬਚਾਈ॥ ੨੮॥

ਪਾਸ ਹੀ ਦੋਵੇਂ ਇਸ ਦੇ ਪੁੱਤਰ ਖੜੇ ਹਨ, ਇਕ ਦਾ ਨਾਂ ਕਾਸਮ ਬੇਗ ਹੈ ਤੇ ਦੂਸਰਾ ਸ਼ਮਸ ਬੇਗ ਹੈ, ਜਿਸ ਨੇ ਹੱਥ ਵਿਚ ਤਲਵਾਰ ਫੜੀ ਹੈ। ਪਹਿਲਾਂ ਵੱਖ-ਵੱਖ ਮੰਡਲੀਆਂ ਬਣਾ ਕੇ ਇਹ ਲੜਾਈ ਕਰਨਾ ਚਾਹੁੰਦੇ ਹਨ। ਇਹ ਕਾਲ ਦੇ ਮੂੰਹ ਵਿਚ ਆ ਕੇ ਪੈ ਜਾਣਗੇ, ਕਿਸੇ ਤਰ੍ਹਾਂ ਵੀ ਬਚਾ ਨਹੀਂ ਹੋ ਸਕੇਗਾ॥੨੮॥

ਸੁਨਹੁ ਗੁਰੂ ਜੀ ! ਦੂਰ ਲਗਿ ਨਹਿਂ ਦ੍ਰਿਸ਼ਟੀ ਆਵੈ।
ਧਰ ਪਰ ਧਰ ਮਰਿ ਕਰਿ ਪਰੇ ਤਿਨ ਕੌਨ ਗਿਨਾਵੈ।
ਚੌਥੋ ਭਾਗ ਨ ਚਮੂੰ ਅਬਿ, ਸਭਿ ਸੁਗਮ ਸੰਘਾਰੋ।
ਤੁਮ ਆਗੇ ਕੋ ਅਰੇ ਨਹਿਂ ਮੈਂ ਭਲੇ ਬਿਚਾਰੋਂ॥ ੨੯॥

ਹੇ ਗੁਰੂ ਜੀ ! ਸੁਣੋ, ਦੂਰ ਤਕ ਦਿਖਾਈ ਨਹੀਂ ਦਿੰਦਾ ਹੈ, ਜਿਹੜੇ ਧਰਤੀ ਤੇ ਮਰ ਕੇ ਪਏ ਹਨ, ਉਨ੍ਹਾਂ ਦੀ ਕੌਣ ਗਿਣਤੀ ਕਰ ਸਕਦਾ ਹੈ, ਹੁਣ ਚੌਥਾ ਹਿੱਸਾ ਵੀ ਸੈਨਾ ਨਹੀਂ ਬਚੀ ਹੈ, ਸਾਰਿਆਂ ਨੂੰ ਆਸਾਨੀ ਨਾਲ ਮਾਰ ਦੇਵੋ। ਤੁਹਾਡੇ ਅੱਗੇ ਕੋਈ ਵੀ ਅੜ ਨਹੀਂ ਸਕਦਾ ਹੈ, ਮੈਂ ਇਹ ਭਲੀ ਪ੍ਰਕਾਰ ਵਿਚਾਰਦਾ ਹਾਂ॥੨੯॥

ਗਮਨੇ ਤੁਲ ਦਲ ਸ਼ਲਭ ਕੋ ਕਰਿ ਮਾਰੋ ਮਾਰੋ।
ਅਬਿ ਇਹੁ ਖਰੇ ਉਦਾਸ ਹੈਂ ਤੁਮ ਬਿਲਮ ਬਿਸਾਰੋ।
ਸ੍ਰੀ ਸਤਿਗੁਰ ਬਿਕਸੇ ਸੁਨਤਿ ਕਰ ਧਨੁਖ ਸੰਭਾਰਾ।
ਤੀਰ ਨਿਕਾਸਜੋ ਖਰ ਬਡੋ ਤਕਿ ਕੈ ਤਬਿ ਮਾਰਾ॥ ੩੦॥

ਟਿੱਡੀ ਦਲ ਸਮਾਨ ਸਾਰਾ ਲਸ਼ਕਰ 'ਮਾਰੋ ਮਾਰੋ' ਕਰਦਾ ਮਰ ਗਿਆ ਹੈ, ਹੁਣ ਇਹ ਸਾਰੇ ਉਦਾਸ ਖੜੇ ਹਨ, ਤੁਸੀਂ ਹੁਣ ਦੇਰੀ ਛੱਡੋ।'' ਇਹ ਸੁਣ ਕੇ ਸਤਿਗੁਰੂ ਜੀ ਮੁਸਕਰਾਏ ਤੇ ਉਨ੍ਹਾਂ ਧਨੁੱਖ ਨੂੰ ਸੰਭਾਲਿਆ ਫਿਰ ਵੱਡਾ ਤੀਰ ਕਢਿਆ ਤੇ ਨਿਸ਼ਾਨਾ ਬੰਨ੍ਹ ਕੇ ਮਾਰਿਆ॥੩੦॥

ਲਲਾਬੇਗ ਕੇ ਸੀਸ ਪਰ ਜੋ ਕੰਚਨ ਕੇਰਾ।
ਤਕਿ ਮਾਰਜੋ ਤਿਸਕੋ ਤਬਹਿ ਅਵਨੀ ਪਰ ਗੇਰਾ।

ਪਿਖਿ ਕਰਿ ਬਿਸਮੇ ਹਲਚਲੇ ਇਤ ਉਤ ਕੋ ਹੋਏ।
ਖਰ ਖਪਰਾ ਧਰਨੀ ਗਡਜੋ ਦੇਖੇ ਸਭਿ ਕੋਏ॥ ੩੧॥

ਲਲਾ ਬੇਗ ਦੇ ਸਿਰ ਉੱਤੇ ਜੋ ਸੋਨੇ ਦਾ ਟੋਪ ਸੀ, ਉਸ ਨੂੰ ਨਿਸ਼ਾਨਾ ਬੰਨ ਕੇ ਮਾਰਿਆ ਤੇ ਟੋਪ ਨੂੰ ਧਰਤੀ ਉੱਤੇ ਡੇਗ ਦਿੱਤਾ। ਉਹ ਵੇਖ ਕੇ ਬਹੁਤ ਹੈਰਾਨ ਹੋਏ ਤੇ ਹਿਲ ਕੇ ਏਧਰ ਓਧਰ ਹੋ ਗਏ। ਤੇਜ਼ ਤੀਰ ਧਰਤੀ ਤੇ ਗੱਡਿਆ ਗਿਆ, ਜਿਸ ਨੂੰ ਸਭ ਨੇ ਵੇਖਿਆ॥੩੧॥

*ਸੱਤਵੀਂ ਰਾਸ ਦਾ ਸੰਤਾਲੀਵਾਂ ਅਧਿਆਇ ਸਮਾਪਤ ਹੋਇਆ॥੪੭॥*

## ਅਧਿਆਇ ਅੱਠਤਾਲੀਵਾਂ

*ਦਿਨ ਦਾ ਯੁੱਧ ਜਾਰੀ*

ਦੋਹਰਾ- ਸਿਰ ਤੇ ਕੰਚਨ ਖੋਦ ਜਬਿ ਪਗੀਆ ਸਹਿਤ ਗਿਰਾਇ।
ਨਗਨ ਮੂੰਡ ਮੂੰਡਜੋ ਹੁਤੋ ਪਿਖਿ ਸਭਿ ਗੇ ਬਿਸਮਾਇ॥ ੧॥

ਸਿਰ ਦਾ ਸੋਨੇ ਦਾ ਟੋਪ ਜਦ ਪੱਗ ਸਮੇਤ ਡਿੱਗ ਪਿਆ। ਨੰਗਾ ਸਿਰ ਜਿਹੜਾ ਮੁੰਨਿਆ ਹੋਇਆ ਸੀ, ਸਾਰੇ ਵੇਖ ਕੇ ਬਹੁਤ ਹੈਰਾਨ ਹੋਏ॥੧॥

*ਨਿਸ਼ਾਨੀ ਛੰਦ-* ਇਤਿ ਉਤ ਸਗਰੇ ਹਲਚਲੇ ਕੁਛ ਤ੍ਰਾਸ ਉਪੰਨਾ।
ਲਲਾਬੇਗ ਲੱਜਤਿ ਭਯੋ ਮਾਨਹੁਂ ਮਨ ਹੰਨਾ।
ਕਟ ਕੋ ਪਟ ਝਟਪਟ ਠਟਜੋ ਲਟਪਟਾ ਲਪੇਟਾ।
ਝਪਟ ਬਾਗ ਦਬਟਜੇ ਤੁਰੰਗ, ਸਟਕਜੋ ਮੁਗਲੇਟਾ॥ ੨॥

ਕੁਝ ਡਰ ਅਨੁਭਵ ਕਰਕੇ ਸਾਰੇ ਏਧਰ ਓਧਰ ਹੋ ਗਏ, ਲਲਾ ਬੇਗ ਬਹੁਤ ਸ਼ਰਮਿੰਦਾ ਹੋਇਆ ਮਾਨੋਂ ਮਨ ਹੀ ਮਾਰਿਆ ਗਿਆ ਸੀ। ਲਲਾ ਬੇਗ ਨੇ ਛੇਤੀ ਨਾਲ ਆਪਣੇ ਲੱਕ ਨੂੰ ਬੱਧਾ ਹੋਇਆ ਕਪੜਾ ਲਾਹ ਕੇ ਵਿੰਗਾ ਟੇਢਾ ਜਿਹਾ ਆਪਣੇ ਸਿਰ ਤੇ ਲਪੇਟ ਲਿਆ। ਵਾਗ ਨੂੰ ਝਟਕਾ ਮਾਰ ਕੇ ਮੁਗਲ ਬੱਚਾ ਟਲ ਗਿਆ॥੨॥

ਕੁਪਜੋ ਬਿਲੋਚਨ ਰਕਤ ਕਰਿ ਕਹਿ ਭੁਜਾ ਉਠਾਏ।
'ਕਜੋਂ ਨ ਕਰਤਿ ਹੇਲਾ ਅਬਹਿ ਮਾਰਹੁ ਸਮੁਦਾਏ।
ਇਕ ਇਕ ਛੋਰਿ ਤੁਫੰਗ ਕੋ ਖੈਂਚਹੁ ਖਰ ਖੰਡੇ।
ਕਰਤਿ ਚਲਹੁ ਸਿਰ ਧਰ ਜੁਦੇ ਹਯ ਬੇਗ ਪ੍ਰਚੰਡੇ'॥ ੩॥

ਅੱਖਾਂ ਲਾਲ ਕਰਕੇ ਬੜੇ ਗੁੱਸੇ ਵਿਚ ਆਇਆ ਤੇ ਬਾਹਾਂ ਉਠਾ ਕੇ ਕਿਹਾ, "ਕਿਉਂ ਹੁਣ ਹਮਲਾ ਨਹੀਂ ਕਰਦੇ ਹੋ, ਹੁਣ ਸਾਰਿਆਂ ਨੂੰ ਮਾਰ ਦੇਵੋ। ਇਕ-ਇਕ ਗੋਲੀ ਛੱਡ ਕੇ ਤਲਵਾਰਾਂ ਖਿੱਚ ਲਵੋ, ਸਿਰ ਧੜ ਨੂੰ ਵੱਖ ਕਰਦੇ ਚਲੋ, ਘੋੜਿਆਂ ਨੂੰ ਬਹੁਤ ਤੇਜ਼ ਕਰੋ"॥੩॥

ਸੁਨਿ ਆਇਸੁ ਕੋ ਤੁਰਕ ਭਟ ਬਡ ਮੁਗਲ ਰਿਸਾਏ।
ਮੁੰਡਤਿ ਮੁੰਡ ਬਿਲੰਦ ਜਿਨ ਬਡ ਸ਼ਸਤ੍ਰ ਉਠਾਏ।
ਕਜੋਂਹੂੰ ਅਟਕੀ ਪਾਗ ਸਿਰ ਟੇਢੀ ਨਿਤ ਧਾਰੇ।
ਜ਼ਰੀਦਾਰ ਬਡ ਛੋਰ ਕੋ ਪ੍ਰਿਸ਼ਟੀ ਤਕ ਡਾਰੇ॥ ੪॥

ਆਗਿਆ ਸੁਣ ਕੇ ਮੁਗਲ ਸੂਰਬੀਰ ਬਹੁਤ ਗੁੱਸੇ ਵਿਚ ਆਏ, ਜਿਸ ਨੇ ਸਿਰ ਬਹੁਤ ਮੁੰਨਿਆ ਹੋਇਆ ਸੀ, ਉਸ ਨੇ ਵੱਡੇ ਸ਼ਸਤਰ ਚੁੱਕੇ ਹੋਏ ਸਨ। ਸਿਰ ਤੇ ਪੱਗ ਕਿਵੇਂ ਅਟਕਦੀ ਜਿਹੜਾ ਨਿਤ ਟੇਢੀ ਧਾਰਨ ਕਰਦਾ ਸੀ, ਜ਼ਰੀਦਾਰ ਵੱਡਾ ਫਰਲਾ ਛੱਡਦਾ ਸੀ ਜਿਹੜਾ ਪਿੱਠ ਤਕ ਜਾਂਦਾ ਸੀ॥੪॥

ਆਮਿਖ ਭੱਖੀ ਅਧਿਕ ਹੀ ਬਹੁ ਕਰਹਿਂ ਅਹਾਰੇ।
ਸੁਰਾਪਾਨ ਕੋ ਪ੍ਰੇਮ ਬਡ ਮਾਨੀ ਮਤਵਾਰੇ
ਗੌਰ ਬਰਣ ਸਭਿ ਕੇ ਅਹੈਂ ਸੂਖਮ ਪਟ ਸੇਤਾ।
ਬਹੁਤੇ ਰਖਹਿਂ ਕਮਾਨ ਕੋ ਸਰ ਹਤਨੇ ਹੇਤਾ॥ ੫॥

ਬਹੁਤ ਮਾਸ ਖਾਂਧੇ ਸਨ ਤੇ ਬਹੁਤ ਭੋਜਨ ਕਰਦੇ ਸਨ, ਸ਼ਰਾਬ ਨਾਲ ਬਹੁਤ ਪ੍ਰੇਮ ਸੀ, ਅਭਿਮਾਨੀ ਵੱਡੇ ਮਤਵਾਲੇ ਸਨ। ਸਾਰਿਆਂ ਦੇ ਰੰਗ ਲਾਲ ਸਨ ਤੇ ਸਫੇਦ ਰੰਗ ਦੇ ਕੋਮਲ ਰੇਸ਼ਮ ਦੇ ਕੱਪੜੇ ਪਾਏ ਸਨ ਤੇ ਇਨ੍ਹਾਂ ਵਿਚ ਬਹੁਤੇ ਆਪਣੇ ਪਾਸ ਤੀਰ ਮਾਰਨ ਵਾਸਤੇ ਧਨੁੱਖ ਰੱਖਦੇ ਸਨ॥੫॥

ਕਿਸ ਕਿਸ ਨਿਕਟਿ ਤੁਫੰਗ ਹੈ, ਕਿਹ ਤੋਮਰ ਧਾਰਾ।
ਕਿਨ ਕਿਨ ਲੀਨਹੁ ਮਜਾਨ ਤੇ ਕਰਵਾਰ ਦੁਧਾਰਾ।
ਜਮਧਰ ਫੇਂਟਨ ਸਭਿਨਿ ਕੇ, ਬੋਲਤਿ ਨਿਜ ਬੋਲੀ।
ਕਰਜੋ ਨੇਰ ਗੁਰ ਸੈਨ ਸੋਂ ਛੂਟਤਿ ਸਰ ਗੋਲੀ॥ ੬॥

ਕਿਸੇ-ਕਿਸੇ ਪਾਸ ਬੰਦੂਕ ਵੀ ਹੈ, ਕਿਸੇ ਨੇ ਨੇਜ਼ਾ ਧਾਰਨ ਕੀਤਾ ਹੋਇਆ ਹੈ, ਕਿਸੇ ਨੇ ਮਿਆਨ ਵਿਚੋਂ ਕੱਢ ਕੇ ਦੋਧਾਰਾ ਫੜਿਆ ਹੈ ਤੇ ਹਰ ਇਕ ਦੇ ਕਮਰਬੰਦ ਵਿਚ ਕਟਾਰ ਹੈ ਤੇ ਸਾਰੇ ਆਪਣੀ ਬੋਲੀ ਬੋਲਦੇ ਹਨ, ਗੁਰੂ ਜੀ ਦੀ ਸੈਨਾ ਦੇ ਬਹੁਤ ਪਾਸ ਹੋ ਗਏ ਤੇ ਤੀਰ ਤੇ ਗੋਲੀਆਂ ਚਲਣ ਲੱਗ ਪਈਆਂ॥੬॥

ਦੁਤੀ ਪਠਾਨਨਿ ਕੀ ਚੰਮੂੰ ਬਡ ਓਰੜ ਆਈ।
ਬਡੇ ਬਹਾਦੁਰ ਕੀ ਜਿਨਹੂੰ ਸਭਿ ਦੇਂ ਬਡਿਆਈ।
ਛੋਰਤਿ ਬ੍ਰਿੰਦ ਤੁਫੰਗ ਕੋ ਚਹਿਂ ਮੇਲ ਦੁਹੇਲਾ।
'ਮਾਰਿ ਮਾਰਿ' ਬਕ 'ਹਾਇ ਹੁਹ' ਕੀਨਸਿ ਬਡ ਹੇਲਾ॥ ੭॥

ਦੂਸਰੀ ਪਠਾਣਾਂ ਦੀ ਫੌਜ ਵੀ ਬੜੀ ਫੁਰਤੀ ਨਾਲ ਉਮਡ ਕੇ ਆ ਗਈ। ਜਿਨ੍ਹਾਂ ਨੂੰ ਸਾਰੇ ਵੱਡੇ ਬਹਾਦਰਾਂ ਦੀ ਵਡਿਆਈ ਦਿੰਦੇ ਹਨ। ਬਹੁਤ ਗੋਲੀਆਂ ਛੱਡ ਕੇ ਮੁੱਠ ਭੇੜ ਕਰਨੀ ਚਾਹੁੰਦੇ ਸਨ, ਮਾਰੋ-ਮਾਰ ਬੋਲਦੇ 'ਹਾਇ ਹੂਹ' ਕਰਦੇ ਵੱਡਾ ਰੋਲਾ ਪਾ ਰਹੇ ਹਨ॥੭॥

ਇਤਿ ਸਤਿਗੁਰ ਕਰਿ ਸ਼ੀਘ੍ਰਤਾ ਢਿਗ ਜੋਧ ਹਕਾਰਾ।
'ਅਰਧ ਚਮੂੰ ਨਿਜ ਸੰਗ ਲੈ ਹੂਜਹਿ ਅਬਿ ਨਜਾਰਾ।

ਹਮ ਸਨਮੁਖ ਇਸ ਲਰਹਿੰਗੇ ਝਾਲਹਿਂ ਬਡ ਹੇਲਾ।
ਦੱਖਣ ਦਿਸ਼ਿ ਤੇ ਤੁਮ ਪਰਹੁ ਦੇ ਰੇਲੁ ਰੁ ਪੇਲਾ॥ ੮॥

ਇਧਰ ਸਤਿਗੁਰੂ ਜੀ ਨੇ ਸ਼ੀਘਰਤਾ ਕਰਕੇ ਜੋਧ ਨੂੰ ਆਪਣੇ ਪਾਸ ਬੁਲਾਇਆ ਤੇ ਉਸ ਨੂੰ ਕਿਹਾ, "ਅੱਧੀ ਸੈਨਾ ਆਪਣੇ ਨਾਲ ਲੈ ਕੇ ਵਖਰੇ ਹੋ ਜਾਵੋ, ਅਸੀਂ ਇਸ ਦੇ ਸਾਹਮਣੇ ਹੋ ਕੇ ਲੜਾਂਗੇ ਤੇ ਵੱਡੇ ਹੱਲੇ ਨੂੰ ਝੱਲਾਂਗੇ, ਦੱਖਣ ਵਾਲੇ ਪਾਸੇ ਤੋਂ ਤੁਸੀਂ ਪੈ ਜਾਵੋ ਤੇ ਇਨ੍ਹਾਂ ਨੂੰ ਰੇਲ ਪੇਲ ਕਰ ਦੇਵੋ"॥੮॥

ਸੁਨਿ ਸ੍ਰੀ ਹਰਿਗੋਵਿੰਦ ਤੇ ਭਟ ਜੋਧ ਬਖਾਨਾ।
'ਤੁਮ ਪ੍ਰਤਾਪ ਸੂਰਜ ਉਦਯੋ ਤੁਰਕਨਿ ਤਮ ਹਾਨਾ।
ਕਹਾਂ ਸ਼ਕਤਿ ਇਨ ਮ੍ਰਿਗਨਿ ਗਨ, ਗਜਰਾਜ ਬਡੇਰੇ।
ਕੇਹਰਿ ਕੇ ਸਨਮੁਖ ਅਰਹਿਂ, ਹੁਇ ਸਕਹਿਂ ਨ ਨੇਰੇ'॥ ੯॥

ਸ੍ਰੀ ਹਰਿਗੋਬਿੰਦ ਜੀ ਪਾਸੋਂ ਇਹ ਸੁਣ ਕੇ ਸੂਰਬੀਰ ਜੋਧ ਨੇ ਕਿਹਾ, "ਤੁਹਾਡਾ ਪ੍ਰਤਾਪ ਸੂਰਜ ਰੂਪ ਚੜ੍ਹਿਆ ਹੈ ਤੇ ਤੁਰਕ ਰੂਪੀ ਹਨੇਰਾ ਦੂਰ ਹੋ ਗਿਆ ਹੈ, ਇਨ੍ਹਾਂ ਹਿਰਨਾਂ ਵਿਚ ਕੀ ਸ਼ਕਤੀ ਹੈ। ਵੱਡੇ-ਵੱਡੇ ਹਾਥੀਆਂ ਦੇ ਰਾਜੇ ਵੀ ਸ਼ੇਰ ਦੇ ਸਾਹਮਣੇ ਹੋ ਕੇ ਕੀ ਅੜਨਾ ਹੈ, ਉਹ ਤਾਂ ਨੇੜੇ ਵੀ ਨਹੀਂ ਹੋ ਸਕਦੇ"॥੯॥

ਕਹਿ ਕਹਿ ਚਰਨ ਸਰੋਜ ਕੋ ਮ੍ਰਿਦੁ ਚਾਰੁ ਬਿਲੋਕਾ।
ਬੰਦਨੀਯ ਬੰਦਤਿ ਭਯੋ ਘੋਰਾ ਪੁਨ ਰੋਕਾ।
ਦ੍ਵੈ ਸਹੰਸ੍ਰ ਕੁਛ ਨੂਨ ਭਟ ਲੇ ਕਰਿ ਹੁਇ ਨਯਾਰੋ।
ਚਢਯੋ ਬਰੋਬਰ ਰਿਪੁਨਿ ਕੇ ਮਾਰਤਿ ਲਲਕਾਰੇ॥ ੧੦॥

ਸੁੰਦਰ ਅਤੇ ਮਿੱਠੇ ਬਚਨ ਕਹਿ-ਕਹਿ ਚਰਨ ਕੰਵਲਾਂ ਨੂੰ ਵੇਖਿਆ ਤੇ ਘੋੜਾ ਰੋਕ ਕੇ ਚਰਨ ਕੰਵਲਾਂ ਤੇ ਬੰਦਨਾ ਕੀਤੀ। ਦੋ ਹਜ਼ਾਰ ਤੋਂ ਕੁਝ ਘੱਟ ਸੂਰਬੀਰ ਲੈ ਕੇ ਵੱਖਰਾ ਹੋ ਗਿਆ ਤੇ ਲਲਕਾਰੇ ਮਾਰਦਾ ਦੁਸ਼ਮਣ ਦੇ ਬਰਾਬਰ ਜਾ ਚੜ੍ਹਿਆ॥੧੦॥

ਰਸਾਵਲ ਛੰਦ- ਭਯੋ ਨੇਰ ਸੈਨਾ। ਕੁਪੇ ਲਾਲ ਨੈਨਾ।
ਤੁਫੰਗਾਨਿ ਛੋਰੀ। ਪਰੀ ਮਾਰ ਗੋਰੀ॥ ੧੧॥

ਸੈਨਾ ਦੇ ਨੇੜੇ ਹੋਇਆ, ਕ੍ਰੋਧ ਨਾਲ ਅੱਖਾਂ ਲਾਲ ਸਨ, ਗੋਲੀਆਂ ਚਲਾਈਆਂ, ਗੋਲੀਆਂ ਦੀ ਵੱਡੀ ਮਾਰ ਪਈ॥੧੧॥

ਹਲਾਹਾਲ ਹੋਈ। ਭਈ ਸੂਰ ਢੋਈ। ਮਚੇ ਬੀਰ ਧੀਰਾ। ਚਲੇ ਖੱਗ ਤੀਰਾ॥੧੨॥

ਹਲਚਲ ਹੋ ਗਈ, ਸੂਰਮੇ ਇਕ ਦੂਸਰੇ ਦੇ ਨੇੜੇ ਹੋਏ, ਧੀਰਜਵਾਨ ਸੂਰਮੇ ਮੱਚ ਉੱਠੇ, ਖੰਡਾਂ ਵਾਲੇ ਤੀਰ ਚਲ ਰਹੇ ਸਨ॥੧੨॥

ਤੁਰੰਗਾਨਿ ਮੇਲਾ। ਭਯੋ ਭੂਰ ਹੇਲਾ। ਮਚਯੋ ਰੌਰ ਭਾਰੀ। ਬਕੈਂ 'ਮਾਰ ਮਾਰੀ'॥੧੩॥

ਘੋੜਿਆਂ ਦਾ ਮੇਲ ਹੋਇਆ, ਬਹੁਤ ਹੱਲਾ-ਗੁਲਾ ਹੋਇਆ, ਭਾਰੀ ਰੌਲਾ ਮਚਿਆ, ਬੋਲਦੇ ਸਨ "ਮਾਰ ਦੇਵੋ ਮਾਰ ਦੇਵੋ"॥੧੩॥

ਕਿਨੂੰ ਮਾਰਿ ਨੇਜ਼ਾ। ਕਰੀ ਭੂਮ ਸੇਜਾ। ਕਿ ਸਾਰੀ ਸੰਭਾਰੀ। ਸੁ ਊਚੇ ਉਭਾਰੀ॥੧੪॥

ਕਿਸੇ ਨੇ ਨੇਜ਼ਾ ਮਾਰਿਆ, ਭੂਮੀ ਦੀ ਸੇਜ ਬਣਾ ਦਿੱਤੀ, ਕਿਸੇ ਨੇ ਤਲਵਾਰ ਸੰਭਾਲੀ ਤੇ ਬਹੁਤ ਉੱਚੀ ਉਠਾਈ॥੧੪॥

ਲਗੈ ਬੀਰ ਦੇਹੀ। ਸੁਤਾ ਨਾਗ ਜੇਹੀ। ਚਲੇ ਤੀਰ ਤੀਖੇ। ਬਿਖੀਰੇ ਸਰੀਖੇ॥੧੫॥

ਯੋਧੇ ਦੇ ਸਰੀਰ ਨੂੰ ਲੱਗੀ, ਜਿਹੜੀ ਸੱਪ ਵਰਗੀ ਸੀ, ਤਿੱਖੇ ਤੀਰ ਚੱਲੇ ਜਿਹੜੇ ਸੱਪ ਵਾਂਗ ਸ਼ੂਕਦੇ ਜਾਂਦੇ ਸਨ॥੧੫॥

ਪਰੈਂ ਪਾਰ ਅੰਗਾ। ਗਿਰੈਂ ਪ੍ਰਾਨ ਭੰਗਾ। ਕਿਨੂੰ ਛੋਰਿ ਗੋਰੀ। ਰਿਪੂ ਦੇਹਿ ਫੋਰੀ ॥੧੬॥

ਸਰੀਰ ਦੇ ਅੰਗਾਂ ਨੂੰ ਪਾਰ ਕਰ ਜਾਂਦੇ ਸਨ, ਪ੍ਰਾਣ ਨਿਕਲਣ ਨਾਲ ਸੂਰਮੇ ਡਿੱਗ ਪੈਂਦੇ ਸਨ। ਕਿਸੇ ਨੇ ਗੋਲੀ ਚਲਾਈ ਅਤੇ ਵੈਰੀ ਦੀ ਦੇਹ ਵਿੰਨ੍ਹ ਦਿੱਤੀ॥੧੬॥

ਕਿਨੂੰ ਫੇਰਿ ਘੋਰਾ। ਗਹੇ ਖੱਗ ਘੋਰਾ। ਕਟੇ ਕੰਧ ਗੋਰੇ। ਧਕਾ ਧੱਕ ਭੇਰੇ ॥੧੭॥

ਕਿਸੇ ਨੇ ਘੋੜਾ ਫੇਰਿਆ, ਵਿਕਰਾਲ ਤਲਵਾਰ ਨੂੰ ਫੜਿਆ, ਮੋਢੇ ਕੱਟ ਕੇ ਡੇਗ ਦਿੱਤੇ, ਧਕਾਧੱਕ ਕਰਕੇ ਭਿੜਦੇ ਸਨ॥੧੭॥

ਕਟਜੇ ਮੁੰਡ ਕਾਂਹੂ। ਪਰੇ ਭੂਮ ਮਾਂਹੂ। ਕਟੇ ਪਾਇ ਹਾਥਾ। ਤ੍ਰਿਖੀ ਤੇਗ ਸਾਥਾ ॥੧੮॥

ਕਿਸੇ ਦਾ ਸਿਰ ਕੱਟਿਆ ਸੀ, ਧਰਤੀ ਤੇ ਪਿਆ ਸੀ, ਕਿਸੇ ਦੇ ਹੱਥ ਪੈਰ ਤਿੱਖੀ ਤਲਵਾਰ ਨਾਲ ਕੱਟੇ ਸਨ॥੧੮॥

ਕਿਸੀ ਤੁੰਡ ਖੰਡਾ। ਲਗੈ ਦੀਹ ਖੰਡਾ। ਭਏ ਛਿੰਨ ਭਿੰਨਾ। ਕਿਸੀ ਭੈ ਉਪੰਨਾ ॥੧੯॥

ਕਿਸੇ ਦਾ ਮੂੰਹ ਕੱਟ ਦਿੱਤਾ, ਬੜਾ ਭਿਆਨਕ ਖੰਡਾ ਵੱਜਾ, ਕੱਟੇ ਵੱਢੇ ਗਏ, ਕੋਈ ਬਹੁਤ ਡਰਿਆ ਹੋਇਆ ਸੀ॥੧੯॥

ਹਥਾ ਵੱਥ ਹੋਏ। ਰਸੰ ਬੀਰ ਭੋਏ। ਛਿਨੰ ਏਕ ਲਾਗੇ। ਭਏ ਲਾਲ ਬਾਗੇ ॥੨੦॥

ਹੱਥੋਂ-ਹੱਥੀ ਹੋਏ, ਸੂਰਮੇ ਬਹੁਤ ਕ੍ਰੋਧ ਵਿਚ ਆਏ, ਕਈ ਕੱਟਾ-ਵੱਢੀ ਵਿਚ ਲੱਗੇ ਹੋਏ ਸਨ, ਪੋਸ਼ਾਕੇ ਲਹੂ ਨਾਲ ਲਾਲ ਹੋ ਗਏ ਸਨ॥੨੦॥

ਦੁਹੂੰ ਓਰ ਭਾਰੇ। ਜੁਝਾਊ ਨਗਾਰੇ। ਬਜੇ ਔਰ ਬਾਜੇ। ਸੁਨੈਂ ਸੂਰ ਗਾਜੇਂ ॥੨੧॥

ਦੋਈਂ ਪਾਸੀਂ ਭਾਰੀ ਜੁਝਾਰੀ ਨਗਾਰੇ ਤੇ ਹੋਰ ਵਾਜੇ ਵੱਜ ਉਠੇ, ਸੂਰਮੇ ਗੱਜਦੇ ਸੁਣਦੇ ਸਨ॥੨੧॥

ਜੁਟੇ ਆਪ ਮਾਂਹੀ। ਫਿਰੈਂ ਫੇਰ ਨਾਂਹੀ। ਤੁਫੰਗੈਂ ਤੜਾਕੈਂ। ਸੁ ਗੋਰੀ ਸੜਾਕੈਂ ॥੨੨॥

ਆਪਸ ਵਿਚ ਜੁੱਟੇ ਸਨ, ਫਿਰ ਫਿਰਦੇ ਨਹੀਂ ਸਨ, ਬੰਦੂਕਾਂ ਤੜਾਕਦੀਆਂ ਸਨ ਤੇ ਗੋਲੀਆਂ ਸੂਕਦੀਆਂ ਜਾਂਦੀਆਂ ਸਨ॥੨੨॥

ਲਗੈ ਮੁੰਡ ਛੰਡੀ। ਮਨੋ ਫੂਟ ਹੰਡੀ। ਕਟੀ ਬਾਹੁ ਕੋਈ। ਪਰੀ ਤੀਰ ਡੋਈ ॥੨੩॥

ਗੋਲੀ ਵੱਜ ਕੇ ਸਿਰ ਫੁੱਟਦੇ ਹਨ, ਮਾਨੋਂ ਤੌੜੀ ਭੱਜਦੀ ਹੈ। ਕਿਸੇ ਦੀ ਬਾਂਹ ਕੱਟੀ ਹੈ ਤੇ ਪਾਸ ਕੜਛੀ ਵਾਂਗ ਪਈ ਹੈ॥੨੩॥

ਬਹੀ ਮੀਝ ਸੇਤਾ। ਕੜ੍ਹੀ ਖਾਨ ਹੇਤਾ। ਤਹਾਂ ਪ੍ਰੇਤ ਭਾਰੇ। ਮਨੋ ਸੂਪਕਾਰੇ ॥੨੪॥

ਸਫੇਦ ਮਿੱਝ ਵਗੀ ਹੈ, ਮਾਨੋਂ ਖਾਣ ਵਾਸਤੇ ਕੜ੍ਹੀ ਪਈ ਹੈ। ਉਥੇ ਭਾਰੀ ਪ੍ਰੇਤ ਫਿਰ ਰਹੇ ਹਨ, ਮਾਨੋਂ ਰਸੋਈਏ ਹਨ॥੨੪॥

ਰਸੋਈ ਬਨਾਵੈਂ। ਕਿਤੇ ਬੈਠਿ ਖਾਵੈਂ। ਕਪਾਲੈਂ ਬਿਸਾਲੈਂ। ਲਹੂ ਪਾਨ ਵਾਲੈਂ ॥੨੫॥

ਰਸੋਈ ਬਣਾਉਂਦੇ ਹਨ, ਕਿਤੇ ਬੈਠ ਕੇ ਖਾਂਦੇ ਹਨ, ਬਹੁਤ ਖੋਪਰੀਆਂ ਪਈਆਂ ਹਨ, ਮਾਨੋਂ ਲਹੂ ਪਾਉਣ ਵਾਸਤੇ ਰੱਖੀਆਂ ਹਨ॥੨੫॥

ਖਿਚੈਂ ਆਂਤ੍ਰ ਕੋਈ। ਗਰੇ ਪਾਇ ਸੋਈ। ਮਨੋ ਫੂਲਮਾਲਾ। ਭਲੇ ਡਾਲਿ ਚਾਲਾ ॥੨੬॥

ਕੋਈ ਆਂਦਰਾਂ ਖਿੱਚ ਰਿਹਾ ਹੈ ਤੇ ਉਨ੍ਹਾਂ ਨੂੰ ਗਲ ਵਿਚ ਪਾ ਲੈਂਦਾ ਹੈ, ਮਾਨੋਂ ਫੁੱਲ ਮਾਲਾ ਪਾ ਕੇ ਭਲੀ ਪ੍ਰਕਾਰ ਚਲਿਆ ਹੋਵੇ॥੨੬॥

ਭਖੈਂ ਮਾਸ ਫਾਰੇ। ਅਘਾਵੈਂ ਡਕਾਰੈਂ। ਮਿਲੇ ਸਜਾਲ ਬ੍ਰਿੰਦਾ। ਸੁ ਖਾਵੈਂ ਬਿਲੰਦਾ ॥੨੭॥

ਮਾਸ ਪਾੜ ਕੇ ਖਾ ਰਹੇ ਹਨ, ਖਾ ਕੇ ਡਕਾਰ ਮਾਰਦੇ ਹਨ। ਬਹੁਤ ਗਿੱਦੜ ਇਕੱਠੇ ਹੋਏ ਹਨ, ਉਹ ਬਹੁਤ ਮਾਸ ਖਾ ਰਹੇ ਹਨ॥੨੮॥

ਘਨੀ ਜੋਗਨੀਆਂ। ਮਹਾਂ ਮੋਦ ਕੀਆ। ਭਰੈਂ ਖੱਪ੍ਰ ਲੋਹੂ। ਕਰੈਂ ਪਾਨ ਓਹੂ॥੨੮॥

ਅਨੇਕ ਜੋਗਨੀਆਂ ਨੇ ਬਹੁਤ ਖੁਸ਼ੀ ਮਨਾਈ, ਉਨ੍ਹਾਂ ਲਹੂ ਦੇ ਖੱਪਰ ਭਰ ਲਏ, ਤੇ ਲਹੂ ਨੂੰ ਪੀਂਦੀਆਂ ਹਨ॥੨੮॥

ਫਿਰੈਂ ਹੂਰ ਗੈਨੰ। ਸੁਧਾਰੇ ਸੁ ਨੈਨੰ। ਮਰੇ ਕੋਪ ਧਾਰੀ। ਬਰੈਂ ਓਪ ਭਾਰੀ॥੨੯॥

ਬਹੁਤ ਹੂਰਾਂ ਫਿਰਦੀਆਂ ਹਨ, ਜਿਨ੍ਹਾਂ ਆਪਣੇ ਨੈਣਾਂ ਨੂੰ ਸਵਾਰ ਕੇ ਸੁੰਦਰ ਬਣਾਇਆ ਹੈ, ਜਿਹੜੇ ਬੜਾ ਕ੍ਰੋਧ ਧਾਰ ਕੇ ਸ਼ਹੀਦ ਹੁੰਦੇ ਹਨ, ਉਨ੍ਹਾਂ ਨੂੰ ਇਹ ਹੂਰਾਂ ਵਰ ਲੈਂਦੀਆਂ ਹਨ॥੨੯॥

ਚੜ੍ਹਾਵੈਂ ਬਿਮਾਨਾ। ਕਰੈਂ ਅੱਗ੍ਰ ਗਾਨਾ। ਘਨੋ ਮਾਨ ਠਾਨੈਂ। ਰਿਝਾਵੈਂ ਮਹਾਨੈਂ॥੩੦॥

ਫਿਰ ਉਨ੍ਹਾਂ ਨੂੰ ਵਿਮਾਨਾਂ ਤੇ ਚੜ੍ਹਾ ਲੈਂਦੀਆਂ ਹਨ, ਅੱਗੇ ਬੈਠ ਕੇ ਗਾਣੇ ਗਾਉਂਦੀਆਂ ਹਨ, ਬਹੁਤ ਮਾਣ ਦਿੰਦੀਆਂ ਹਨ ਤੇ ਬਹੁਤ ਪ੍ਰਸੰਨ ਕਰਦੀਆਂ ਹਨ॥੩੦॥

ਭਰੈਂ ਅੰਕ ਤਾਹੂੰ। ਕਰੈਂ ਮੋਦ ਮਾਹੂੰ। ਮੁਖੰ ਚੰਦ ਬੋਲੈਂ। ਲੁਭਾਵੈਂ ਕਪੋਲੈਂ॥੩੧॥

ਉਨ੍ਹਾਂ ਨੂੰ ਆਪਣੀ ਜਫ਼ੀ ਵਿਚ ਭਰ ਲੈਂਦੀਆਂ ਹਨ, ਬਹੁਤ ਪ੍ਰਸੰਨ ਕਰਦੀਆਂ ਹਨ। ਮੁੱਖ ਤੋਂ ਚੰਦ ਕਹਿੰਦੀਆਂ ਹਨ ਤੇ ਗਲ੍ਹਾਂ ਨਾਲ ਲਲਚਾਉਂਦੀਆਂ ਹਨ॥੩੧॥

ਮਨੋ ਕਾਮ ਸੀਸੈ। ਅਮੀ ਤਾਲ ਦੀਸੈ। ਬਡੇ ਚਾਰੁ ਦ੍ਰਿੱਗੰ। ਮਨੋ ਬਾਲ ਮ੍ਰਿੱਗੰ॥੩੨॥

ਗਲ੍ਹਾਂ ਮਾਨੋਂ ਕਾਮ ਦੇ ਸ਼ੀਸ਼ੇ ਹਨ ਜਾਂ ਅੰਮ੍ਰਿਤ ਦੇ ਸਰੋਵਰ ਦਿੱਸ ਰਹੇ ਹਨ। ਬੜੇ ਸੁੰਦਰ ਨੈਣ ਹਨ, ਮਾਨੋਂ ਹਿਰਨੀ ਦੇ ਬੱਚਿਆਂ ਦੇ ਨੈਣ ਹਨ॥੩੨॥

ਕਰੇ ਸ਼ਯਾਮ ਆਂਜੇ। ਭਲੀ ਰੀਤਿ ਮਾਂਜੇ। ਨਚੈਂ ਖੰਜਨੰ ਸੇ। ਸੁ ਇੰਦੀਬਰੰ ਸੇ॥੩੩॥

ਸੁਰਮਾ ਪਾ ਕੇ ਨੈਣ ਕਾਲੇ ਕੀਤੇ ਹਨ, ਭਲੀ ਰੀਤ ਨਾਲ ਸਵਾਰੇ ਹਨ, ਨੈਣਾਂ ਨੂੰ ਮਮੋਲੇ ਵਾਂਗ ਨਚਾਉਂਦੀਆਂ ਹਨ, ਉਹ ਸ੍ਰੇਸ਼ਟ ਨੀਲ ਕੰਵਲ ਵਰਗੇ ਹਨ॥੩੩॥

ਲੁਭਾਵੈਂ ਸੁ ਬੀਰੰ। ਫਿਰੀ ਆਨਿ ਤੀਰੰ। ਮਨੋ ਸੀਸ ਸਾਂਟੇ। ਬਰੈਂ ਹੂਰ ਬਾਂਟੈ॥੩੪॥

ਸੂਰਮਿਆਂ ਨੂੰ ਲਲਚਾਉਂਦੀਆਂ ਹਨ, ਲਾਗੇ ਆ ਕੇ ਫਿਰਦੀਆਂ ਹਨ, ਮਾਨੋਂ ਸੂਰਮੇ ਆਪਣੇ ਸਿਰ ਦੇ ਵੱਟੇ ਸੱਟੇ ਹੂਰਾਂ ਵਰਦੇ ਹਨ॥੩੪॥

ਚਲੇ ਤੀਰ ਸੀਧੇ। ਬਡੇ ਬੀਰ ਬੀਧੇ। ਭਯੋ ਦੇਖਿ ਹੱਲਾ। ਰਣੰ ਖੇਤ ਮੱਲਾ॥੩੫॥

ਸਿੱਧੇ ਤੀਰ ਚਲਦੇ ਹਨ, ਵੱਡੇ ਸੂਰਬੀਰਾਂ ਨੂੰ ਵਿੰਨ੍ਹ ਦਿੰਦੇ ਹਨ, ਵੇਖ ਕੇ ਵੱਡਾ ਹੱਲਾ ਹੋਇਆ, ਰਣਖੇਤਰ ਨੂੰ ਮੱਲ ਲਿਆ॥੩੫॥

ਗੁਰੁ ਚਾਂਪ ਲੀਨਾ। ਕਠੋਰੈਂ ਜੁ ਪੀਨਾ। ਸਰੰ ਜੋਰਿ ਛੋਰੇ। ਰਿਦੈ ਸ਼ੱਤ੍ਰ ਫੋਰੇ॥੩੬॥

ਗੁਰੂ ਜੀ ਨੇ ਆਪਣਾ ਧਨੁੱਖ ਲਿਆ, ਜਿਹੜਾ ਬੜਾ ਭਾਰੀ ਅਤੇ ਕਠੋਰ ਹੈ। ਜੋੜ ਕੇ ਤੀਰ ਛੱਡੇ ਤੇ ਵੈਰੀ ਦੇ ਹਿਰਦੇ ਪਾੜ ਦਿੱਤੇ॥੩੬॥

ਵਧੈ ਜੌਨ ਆਗੇ। ਤਿਸੈ ਬਾਨ ਲਾਗੇ। ਪਰੈ ਪਾਰ ਤਾਂਹੂੰ। ਲਗੈ ਔਰ ਮਾਂਹੂੰ॥੩੭॥

ਜਿਹੜਾ ਵੀ ਅੱਗੇ ਵੱਧਦਾ ਸੀ, ਉਸ ਦੇ ਹੀ ਤੀਰ ਲੱਗਦਾ ਸੀ, ਉਸ ਨੂੰ ਪਾਰ ਕਰ ਜਾਂਦਾ ਸੀ ਤੇ ਫਿਰ ਉਸ ਵਿਚੋਂ ਨਿਕਲ ਕੇ ਦੂਸਰੇ ਨੂੰ ਜਾ ਲੱਗਦਾ ਸੀ॥੩੭॥

ਦੁਤੀ ਬੇਧਿ ਜਾਵੈ। ਤ੍ਰਿਤੀ ਫੇਰ ਘਾਵੈ। ਲਗੈ ਚੌਥ ਜਾਈ। ਕਰੈ ਪੰਚ ਘਾਈ॥੩੮॥

ਦੋ ਨੂੰ ਵਿੰਨ੍ਹ ਜਾਂਦਾ ਸੀ ਤੇ ਫਿਰ ਤੀਸਰੇ ਨੂੰ ਜਾ ਲੱਗਦਾ ਸੀ, ਫਿਰ ਤੀਸਰੇ ਨੂੰ ਪਾਰ ਕਰਕੇ ਚੌਥੇ ਨੂੰ ਜਾ ਲੱਗਦਾ ਸੀ ਤੇ ਚੌਥੇ ਨੂੰ ਪਾਰ ਕਰਕੇ ਪੰਜਵੇਂ ਨੂੰ ਜ਼ਖਮੀ ਕਰ ਦਿੰਦਾ ਸੀ॥੩੮॥

**ਇਸੀ ਰੀਤਿ ਮਾਰੇ। ਸੁ ਤੀਰੰ ਕਰਾਰੇ। ਉਡੈਂ ਨਾਗ ਮਾਨੋ। ਕਰੈਂ ਸ਼ੱਤ੍ਰ ਹਾਨੋ ॥੩੯॥**

ਗੁਰੂ ਜੀ ਨੇ ਇਸ ਰੀਤੀ ਨਾਲ ਕਰਾਰੇ ਤੀਰ ਮਾਰੇ, ਤੀਰ ਨਹੀਂ ਮਾਨੋਂ ਨਾਗ ਸਨ, ਜਿਹੜੇ ਉਡ ਕੇ ਵੈਰੀ ਦਾ ਨਾਸ਼ ਕਰ ਦਿੰਦੇ ਸਨ ॥੩੯॥

**ਗੁਰੂ ਕੋਪ ਧਾਰਾ। ਤਜੀ ਤੀਰ ਧਾਰਾ। ਦੜਾਦਾੜ ਗੇਰੇ। ਕਰਾਹੈਂ ਘਨੇਰੇ ॥੪੦॥**

ਗੁਰੂ ਜੀ ਨੇ ਗੁੱਸਾ ਧਾਰਨ ਕੀਤਾ ਤੇ ਤੀਰਾਂ ਦੀ ਲੜੀ ਲਾ ਦਿੱਤੀ, ਦੜਾ-ਦੜ ਵੈਰੀਆਂ ਨੂੰ ਡੇਗਦੇ ਸਨ, ਉਹ ਬਹੁਤ ਕੁਰਲਾਉਂਦੇ ਸਨ ॥੪੦॥

**ਤਜੇ ਪ੍ਰਾਨ ਡਾਰੇ। ਸੁ ਪੈਰੰ ਪਸਾਰੇ। ਬਮੈਂ ਸ਼੍ਰੋਣ ਤੇਈ। ਰਿਦੇ ਫੂਟ ਜੇਈ ॥੪੧॥**

ਪ੍ਰਾਣ ਛੱਡ ਜਾਂਦੇ ਸਨ ਤੇ ਪੈਰ ਪਸਾਰ ਕੇ ਲੇਟ ਜਾਂਦੇ ਸਨ, ਉਨ੍ਹਾਂ ਦੇ ਜ਼ਖਮਾਂ ਵਿਚੋਂ ਖੂਨ ਵਹਿੰਦਾ ਸੀ ਤੇ ਹਿਰਦੇ ਪਾਟ ਜਾਂਦੇ ਸਨ ॥੪੧॥

**ਪਰੇ ਧੂਲ ਮਾਂਹੀ। ਜਮੰ ਧਾਮ ਜਾਹੀਂ। ਗੁਰੂ ਲਾਲ ਨੈਨੰ। ਕਹੇ ਊਚ ਬੈਨੰ ॥੪੨॥**

ਧੂੜ ਵਿਚ ਪੈ ਜਾਂਦੇ ਸਨ ਤੇ ਜਮਾਂ ਦੇ ਘਰ ਚਲੇ ਜਾਂਦੇ ਸਨ, ਗੁਰੂ ਜੀ ਦੇ ਨੈਣ ਲਾਲ ਸਨ ਤੇ ਉੱਚੀ ਆਵਾਜ਼ ਵਿਚ ਕਹਿੰਦੇ ਸਨ ॥੪੨॥

**'ਕਰੋ ਦੁਸ਼ਟ ਨਾਸ਼ੰ। ਹਤੋ ਜੀਤ ਆਸੰ। ਨਹੀਂ ਜਾਨਿ ਦੀਜੈ। ਇਹਾਂ ਗੇਰ ਲੀਜੈ' ॥੪੩॥**

"ਦੁਸ਼ਟਾਂ ਦਾ ਨਾਸ਼ ਕਰ ਦੇਵੋ, ਵੈਰੀ ਦੀ ਜਿੱਤ ਦੀ ਆਸ ਨੂੰ ਖਤਮ ਕਰੋ। ਉਨ੍ਹਾਂ ਨੂੰ ਜਾਣ ਨਾ ਦੇਵੋ, ਇਥੇ ਹੀ ਸੁੱਟ ਲਵੋ" ॥੪੩॥

**ਕਰਜੋ ਬਾਕ ਜੋਈ। ਸੁਨਜੋ ਸੂਰ ਸੋਈ। ਮਨੋ ਓਜ ਦੀਨੇ। ਸਵਾਧਾਨ ਕੀਨੇ ॥੪੪॥**

ਜਿਹੜਾ ਉਨ੍ਹਾਂ ਬਚਨ ਕੀਤਾ, ਉਹ ਸੂਰਮਿਆਂ ਨੇ ਸੁਣਿਆ, ਮਾਨੋਂ ਉਨ੍ਹਾਂ ਨੂੰ ਸ਼ਕਤੀ ਬਖਸ਼ ਕੇ ਸਾਵਧਾਨ ਕੀਤਾ ਹੋਵੇ ॥੪੪॥

**ਖਿਚੇ ਖੜਗ ਖੰਡੇ। ਦੁਧਾਰੇ ਪ੍ਰਚੰਡੇ। ਕੁਦਾਵੈਂ ਤੁਰੰਗੰ। ਕਟੈਂ ਸ਼ੱਤ੍ਰ ਅੰਗੰ ॥੪੫॥**

ਸੂਰਮਿਆਂ ਨੇ ਤਲਵਾਰਾਂ ਤੇ ਖੰਡੇ ਖਿੱਚ ਲਏ, ਪ੍ਰਚੰਡ ਦੁਧਾਰੇ ਫੜ ਲਏ, ਘੋੜਿਆਂ ਨੂੰ ਨਚਾਇਆ ਤੇ ਫਿਰ ਵੈਰੀ ਦੇ ਅੰਗਾਂ ਨੂੰ ਕੱਟ ਦਿੱਤਾ ॥੪੫॥

**ਨਹੀਂ ਜਾਨ ਦੇਤੇ। ਰਖੈਂ ਜੰਗ ਖੇਤੇ। ਲਲਾਬੇਗ ਧਾਯੋ। ਸੁ ਚਾਹੈ ਹਲਾਯੋ ॥੪੬॥**

ਜਾਣ ਨਹੀਂ ਸੀ ਦਿੰਦੇ, ਰਣਖੇਤਰ ਵਿਚ ਹੀ ਰੱਖ ਲੈਂਦੇ ਸਨ। ਫਿਰ ਲਲਾ ਬੇਗ ਅੱਗੇ ਵਧਿਆ, ਉਹ ਗੁਰੂ ਦੱਲ ਨੂੰ ਹਲਾਉਣਾ ਚਾਹੁੰਦਾ ਸੀ ॥੪੬॥

**'ਪਲਾਵੋਂ ਅਗਾਰੀ'। ਕਰਜੋ ਜੋਰ ਭਾਰੀ। ਪਰੇ ਹੂਹ ਦੈ ਕੈ। ਨਗਾਰੇ ਬਜੈ ਕੈ ॥੪੭॥**

ਕਹਿਣ ਲੱਗਾ, "ਮੈਂ ਅੱਗੇ ਜਾਂਦਾ ਹਾਂ" ਬਹੁਤ ਜ਼ੋਰ ਕੀਤਾ, ਹੂਹ ਦੇ ਕੇ, ਨਗਾਰੇ ਵਜਾ ਕੇ ਪੈ ਗਏ ॥੪੭॥

**ਗੁਰੂ ਫੇਰਿ ਘੋਰਾ। ਤਜੈਂ ਤੀਰ ਘੋਰਾ। ਬਿਧੈਂ ਪਾਂਚ ਸਾਤਾ। ਪਰੈਂ ਪ੍ਰਾਨ ਘਾਤਾ ॥੪੮॥**

ਗੁਰੂ ਜੀ ਨੇ ਆਪਣੇ ਘੋੜੇ ਨੂੰ ਫੇਰਿਆ ਤੇ ਘੋਰ ਤੀਰ ਛੱਡੇ, ਪੰਜਾਂ ਸੱਤਾਂ ਨੂੰ ਵਿੰਨ੍ਹ ਦਿੱਤਾ, ਉਨ੍ਹਾਂ ਦੇ ਪ੍ਰਾਣਾਂ ਦਾ ਨਾਸ਼ ਹੋ ਗਿਆ ॥੪੮॥

**ਫਿਰੈਂ ਛੂਛ ਘੋਰੇ। ਜਰੀ ਜ਼ੀਨ ਬੋਰੇ। ਅਲੰਕਾਰ ਵਾਰੇ। ਹਰੇਖਾ ਪੁਕਾਰੇਂ ॥੪੯॥**

ਉਨ੍ਹਾਂ ਦੇ ਘੋੜੇ ਖਾਲੀ ਫਿਰਦੇ ਸਨ, ਜ਼ਰੀ ਦੀਆਂ ਕਾਠੀਆਂ ਤੇ ਭੂਖਣ ਘੁੰਗਰੂਆਂ ਵਾਲੇ ਹਿਣਕਦੇ ਸਨ ॥੪੯॥

**ਪਰਜੋ ਖੇਤ ਭਾਰੀ। ਕਰੇ ਮਾਰ ਮਾਰੀ। ਗਿਰੇ ਸ਼ਸਤ੍ਰ ਲਾਗੇ।ਨਹੀਂ ਪੈਰ ਭਾਗੇ ॥੫੦॥**

ਭਾਰੀ ਯੁੱਧ ਹੋਇਆ, ਮਾਰੋ-ਮਾਰ ਕਰ ਰਹੇ ਸਨ, ਸ਼ਸਤਰ ਲੱਗਣ ਨਾਲ ਡਿੱਗ ਪੈਂਦੇ ਸਨ ਤੇ ਇਕ ਕਦਮ ਵੀ ਭੱਜ ਨਹੀਂ ਸੀ ਸਕਦੇ॥੫੦॥

**ਖਰੇ ਪ੍ਰਾਨ ਤਜਾਰੇ। ਲਹੂ ਰੰਗ ਪਾਰੇ। ਭਏ ਲਾਲ ਬਾਗੇ। ਤਊ ਕੋਪ ਜਾਗੇ ॥੫੧॥**

ਖੜੋਤੇ ਹੀ ਪ੍ਰਾਣ ਤਿਆਗ ਦਿੰਦੇ ਸਨ, ਲਹੂ ਦੇ ਰੰਗ ਵਿਚ ਰੰਗੇ ਸਨ, ਚਿੱਟੇ ਵਸਤਰ ਲਾਲ ਹੋ ਗਏ ਸਨ, ਤਦ ਵਿਰ ਕ੍ਰੋਧ ਜਾਗਦਾ ਸੀ॥੫੧॥

**ਤਛਾਮੁੱਛ ਹੋਈ। ਕਟੀ ਬਾਂਹਿ ਦੋਈ। ਕਿਸੂ ਪਾਇਂ ਕਾਟੇ। ਕਟੇ ਸੀਸ ਸਾਟੇ ॥੫੨॥**

ਕਈ ਕੱਟ ਕੇ ਟੁਕੜਾ-ਟੁਕੜਾ ਹੋ ਗਏ ਸਨ, ਕਿਸੇ ਦੀਆਂ ਦੋਵੇਂ ਬਾਹਾਂ ਕੱਟੀਆਂ ਸਨ, ਕਿਸੇ ਦੇ ਪੈਰ ਕੱਟੇ ਸਨ, ਸਿਰ ਕੱਟ ਕੇ ਸੁੱਟ ਦਿੱਤੇ ਸਨ॥੫੨॥

**ਗੁਰੂ ਜੁੱਧ ਕੀਨਾ। ਰਣੰ ਰੰਗ ਭੀਨਾ। ਉਤੈ ਜੋਧ ਜੋਧਾ। ਪਰਜੋ ਆਇ ਕ੍ਰੋਧਾ ॥੫੩॥**

ਗੁਰੂ ਜੀ ਨੇ ਯੁੱਧ ਕੀਤਾ ਤੇ ਰਣਖੇਤਰ ਦੇ ਰੰਗ ਵਿਚ ਭਿੱਜ ਗਏ। ਓਧਰ ਯੋਧਾ ਰਾਇ ਜੋਧ, ਬੜਾ ਕ੍ਰੋਧ ਧਾਰ ਕੇ ਆ ਪਿਆ॥੫੩॥

**ਖਚਾ ਖੱਚ ਖੰਡੇ। ਚਲਾਏ ਪ੍ਰਚੰਡੇ। ਕਟੇ ਮੁੰਡ ਤੁੰਡੇ। ਭਏ ਖੰਡ ਖੰਡੇ॥ ੫੪॥**

ਬੜਾ ਖਿੱਚ ਕੇ ਪ੍ਰਚੰਡ ਖੰਡਾ ਚਲਾਇਆ, ਸਿਰ ਮੂੰਹ ਕੱਟ ਦਿੱਤੇ, ਟੁਕੜੇ ਟੁਕੜੇ ਹੋ ਗਏ॥੫੪॥

**ਗਨੰ ਅੰਗ ਭੰਗੇ। ਸੁ ਡਾਰੀ ਤੁਫੰਗੇ। ਜਮਜੋ ਸ਼੍ਰੋਣ ਮੁਸ਼ਟੰ। ਹਤੇ ਬ੍ਰਿੰਦ ਦੁਸ਼ਟੰ ॥੫੫॥**

ਕਈਆਂ ਦੇ ਸਰੀਰ ਦੇ ਅੰਗ ਕੱਟੇ ਗਏ ਤੇ ਬੰਦੂਕਾਂ ਡਿੱਗ ਪਈਆਂ, ਮੁਠੀਆਂ ਦਾ ਖੂਨ ਜੰਮ ਗਿਆ ਤੇ ਬਹੁਤ ਦੁਸ਼ਟਾਂ ਨੂੰ ਮਾਰਿਆ॥੫੫॥

**ਦੁਪਾਸੇ ਲਰਾਈ। ਸੁ ਮਾਰੰ ਮਚਾਈ। ਫਿਰੈਂ ਸ਼ੱਤ੍ਰ ਦੋਰੇ। ਮਨੋ ਹੋਇ ਬੋਰੇ ॥੫੬॥**

ਦੁਪਾਸੇ ਲੜਾਈ ਹੋ ਰਹੀ ਸੀ ਤੇ ਮਾਰੋ-ਮਾਰ ਮਚੀ ਹੋਈ ਸੀ, ਵੈਰੀ ਭੱਜੇ ਫਿਰਦੇ ਸਨ, ਮਾਨੋਂ ਪਾਗਲ ਹੋ ਗਏ ਸਨ॥੫੬॥

**ਮਹਾਂ ਧੂਮ ਮਾਚੀ। ਲਹੂ ਧੂਲਿ ਰਾਚੀ। ਭਯੋ ਲਾਲ ਗਾਰਾ। ਭਜੈ ਹੈਂ ਮਝਾਰਾ ॥੫੭॥**

ਬਹੁਤ ਧੂੰਮ ਮੱਚੀ ਹੋਈ ਸੀ, ਲਹੂ ਮਿੱਟੀ ਨਾਲ ਮਿਲ ਗਿਆ ਸੀ, ਜਿਸ ਨਾਲ ਲਾਲ ਰੰਗ ਦਾ ਗਾਰਾ ਬਣ ਗਿਆ ਸੀ, ਉਸ ਗਾਰੇ ਦੇ ਵਿਚ ਭੱਜੇ ਫਿਰਦੇ ਸਨ॥੫੭॥

**ਲਲਾਬੇਗ ਜੋਰਾ। ਕਰਜੋ ਹੈ ਨ ਥੋਰਾ। ਤਊ ਰਾਖਿ ਖੇਤੰ। ਗੁਰੂ ਹ੍ਵੈ ਸੁਚੇਤੰ ॥੫੮॥**

ਲਲਾ ਬੇਗ ਨੇ ਕੋਈ ਥੋੜ੍ਹਾ ਜ਼ੋਰ ਨਾ ਲਾਇਆ, ਫਿਰ ਵੀ ਗੁਰੂ ਜੀ ਸੁਚੇਤ ਹੋ ਕੇ ਵੈਰੀਆਂ ਨੂੰ ਰਣਖੇਤਰ ਵਿਚ ਹੀ ਢਾਹ ਲੈਂਦੇ ਸਨ॥੫੮॥

**ਨਹੀਂ ਪਾਇ ਹਾਲਾ। ਬਡਾ ਹੇਲ ਘਾਲਾ। ਪਰਜੇ ਜੋਧ ਆਈ। ਮਹਾਂ ਘਾਉ ਘਾਈ ॥੫੯॥**

ਇਕ ਪੈਰ ਨਾ ਹਿੱਲੇ, ਵੱਡਾ ਹੱਲਾ ਕੀਤਾ, ਰਾਇ ਜੋਧ ਆ ਕੇ ਪੈ ਗਿਆ, ਬਹੁਤ ਜ਼ਖਮੀ ਕਰਦਾ ਸੀ॥੫੯॥

**ਰਿਪੂ ਹਾਲਿ ਚਾਲੇ। ਮਰੇ ਹ੍ਵੈ ਬਿਸਾਲੇ। ਗੁਰੂ ਤੀਰ ਮਾਰੈਂ। ਕਰੈਂ ਏਕ ਵਾਰੈ ॥੬੦॥**

ਦੁਸ਼ਮਣ ਹਿੱਲ ਚਲਿਆ ਸੀ, ਉਨ੍ਹਾਂ ਦੇ ਬਹੁਤ ਸੈਨਿਕ ਮਰੇ ਸਨ। ਗੁਰੂ ਜੀ ਤੀਰ ਮਾਰਦੇ ਸਨ। ਜਦ ਤੀਰਾਂ ਦਾ ਇਕ ਹੀ ਵਾਰ ਕਰਦੇ ਸਨ॥੬੦॥

**ਅਨੇਕਾਨਿ ਘਾਵੈਂ। ਗਿਰੇ ਪ੍ਰਾਨ ਜਾਵੈਂ। ਇਮੰ ਮਾਰ ਕੀਨੀ। ਭਏ ਸੈਨ ਹੀਨੀ॥੬੧॥**

ਤਾਂ ਅਨੇਕਾਂ ਨੂੰ ਜ਼ਖਮੀ ਕਰ ਦਿੰਦੇ ਸਨ, ਡਿੱਗ ਪੈਂਦੇ ਸਨ ਤੇ ਉਨ੍ਹਾਂ ਦੇ ਪ੍ਰਾਣ ਨਿਕਲ ਜਾਂਦੇ ਸਨ। ਇਸ ਤਰ੍ਹਾਂ ਮਾਰ ਕੀਤੀ ਕਿ ਸੈਨਾ ਬਹੁਤ ਘੱਟ ਹੋ ਗਈ॥੬੧॥

**ਝਟਾ ਝੱਟ ਬਾਹੈਂ। ਕਿਟੈਂ ਅੰਗ ਲਾਹੈਂ। ਗਿਰੇ ਬੀਰ ਘੋਰਾ। ਭਈ ਭੂਮਿ ਘੋਰਾ॥੬੨॥**

ਝਟਾ-ਝਟ ਸ਼ਸਤਰ ਚਲਾਉਂਦੇ ਸਨ, ਅੰਗ ਕੱਟ ਕੇ ਲਾਹ ਦਿੰਦੇ ਸਨ, ਸੂਰਮੇ ਤੇ ਘੋੜੇ ਡਿੱਗ ਪੈਂਦੇ ਸਨ, ਬੜਾ ਭਿਆਨਕ ਯੁੱਧ ਹੋਇਆ॥੬੨॥

ਦੋਹਰਾ- **ਕਹਾਂ ਲਗੇ ਬਰਨਨ ਕਰੌਂ ਮਾਚਜੋ ਜਿਮ ਘਮਸਾਨ।**
**ਹਾਨਿ ਭਈ ਤੁਰਕਾਨ ਕੀ ਪਾਛੇ ਹਟੇ ਨਿਦਾਨ॥ ੬੩॥**

ਕਿਥੋਂ ਤੱਕ ਵਰਣਨ ਕਰਾਂ, ਬੜਾ ਵੱਡਾ ਘਮਸਾਣ ਮਚਿਆ ਸੀ, ਤੁਰਕਾਨੀ ਸੈਨਾ ਦਾ ਬਹੁਤ ਨੁਕਸਾਨ ਹੋਇਆ ਤੇ ਮੂਰਖ ਪਿੱਛੇ ਹੱਟ ਗਏ॥੬੩॥

**ਸੰਭਾਰੇ ਸੂਰਾ ਸਰਬ ਇਕ ਸਹੰਸ੍ਰ ਹਯ ਸੰਗ।**
**ਨੌ ਸਹੱਸ੍ਰ ਰਣਖੇਤ ਮਹਿਂ ਕੋ ਤਰਫਤਿ ਕੋ ਭੰਗ॥ ੬੪॥**

ਇਕ ਹਜ਼ਾਰ ਘੋੜਿਆਂ ਸਮੇਤ ਸਾਰੇ ਸੂਰਮੇ ਸੰਭਾਲ ਲਏ, ਨੌਂ ਹਜ਼ਾਰ ਸੂਰਮਾ ਰਣਖੇਤਰ ਵਿਚ ਕੋਈ ਤੜਫ ਰਿਹਾ ਸੀ ਤੇ ਕੋਈ ਮਾਰਿਆ ਗਿਆ ਸੀ॥੬੪॥

**ਇਕ ਸਹੰਸ੍ਰ ਗੁਰ ਸੂਰਮੇ ਮਰੇ ਕਰਤਿ ਬਡ ਜੰਗ।**
**ਜਨਮ ਮਰਨ ਬੰਧਨ ਮਹਾਂ ਅੰਗ ਸੰਗ ਸੋ ਭੰਗ॥ ੬੫॥**

ਗੁਰੂ ਜੀ ਦੇ ਵੀ ਇਕ ਹਜ਼ਾਰ ਸੂਰਮੇ ਵੱਡਾ ਜੰਗ ਲੜਦੇ ਮਾਰੇ ਗਏ। ਉਹ ਜਨਮ ਮਰਨ ਦੇ ਬੰਧਨ ਨਾਸ਼ ਕਰਕੇ ਗੁਰੂ ਜੀ ਦੇ ਅੰਗ-ਸੰਗ ਹੋ ਗਏ॥੬੫॥

**ਸਰਬ ਗਰਬ ਤੁਰਕਨਿ ਹਰਜੋ ਐਸੀ ਮਾਰ ਮਚਾਇ।**
**ਸਰਬ ਸ਼ਕਤਿ ਧਰਿ ਸਤਿਗੁਰੂ ਕਰਹਿਂ ਜਥਾ ਮਨ ਭਾਇ॥ ੬੬॥**

ਸਤਿਗੁਰੂ ਜੀ ਨੇ ਆਪਣੀ ਮਰਜ਼ੀ ਅਨੁਸਾਰ ਯਥਾ ਸ਼ਕਤੀ ਧਾਰ ਕੇ ਐਸੀ ਮਾਰ ਮਚਾ ਕੇ ਸਾਰੇ ਤੁਰਕਾਂ ਨੂੰ ਹਰਾ ਦਿੱਤਾ॥੬੬॥

*ਸੱਤਵੀਂ ਰਾਸ ਦਾ ਅਠਤਾਲੀਵਾਂ ਅਧਿਆਇ ਸਮਾਪਤ ਹੋਇਆ॥੪੮॥*

## ਅਧਿਆਇ ਉਣੰਜਵਾਂ

ਕਾਬਲ ਬੇਗ ਬੱਧ

ਦੋਹਰਾ- **ਥਕਤਿ ਭਏ ਗਨ ਸੂਰਮੇ ਖੜਗ ਪ੍ਰਹਾਰਤਿ ਵਾਰ।**
**ਗਏ ਤੁਰੰਗਮ ਹੁਸ ਘਨੇ ਭਯੋ ਖੇਤ ਬਿਕਰਾਰ॥ ੧॥**

ਤਲਵਾਰ ਦਾ ਵਾਰ ਕਰਦੇ ਹੋਏ ਸਾਰੇ ਸੂਰਮੇ ਬਹੁਤ ਥੱਕ ਗਏ। ਘੋੜੇ ਬਹੁਤ ਹੁੱਸ ਗਏ ਸਨ, ਵਿਕਰਾਲ ਯੁੱਧ ਹੋਇਆ ਜੀ॥੧॥

ਤੋਟਕ ਛੰਦ- ਤਰਵਾਰ ਹਜ਼ਾਰਹੁਂ ਨੰਗ ਪਰੀ। ਜਿਨ ਰੰਗ ਸੁਰੰਗਤਿ ਸ੍ਰੋਣ ਭਰੀ।
ਬਹੁ ਟੂਟਿ ਗਈ ਲਗਿ ਲੋਹਨਿ ਪੈ। ਕਬਜ਼ੇ ਪਰਿ ਭਿੰਨ ਅਸੋਹਨ ਪੈ ॥ ੨ ॥

ਹਜ਼ਾਰਾਂ ਨੰਗੀਆਂ ਤਲਵਾਰਾਂ ਪਈਆਂ ਸਨ, ਜੋ ਲਹੂ ਨਾਲ ਲਿਬੜੀਆਂ ਸੋਹਣੇ ਰੰਗ ਵਿਚ ਰੰਗੀਆਂ ਗਈਆਂ ਸਨ। ਬਹੁਤੀਆਂ ਲੋਹੇ ਨਾਲ ਲੋਹਾ ਵੱਜ ਕੇ ਟੁੱਟ ਗਈਆਂ ਸਨ। ਉਨ੍ਹਾਂ ਤਲਵਾਰਾਂ ਦੇ ਵੱਖ ਹੋਏ ਕਬਜ਼ੇ ਧਰਤੀ ਤੇ ਪਏ ਸ਼ੋਭ ਨਹੀਂ ਰਹੇ ਸਨ॥੨੫॥

ਤਿਮ ਪੁੰਜ ਤੁਫੰਗਨਿ ਟੂਟਿ ਗਈ। ਗਨ ਕਾਸ਼ਟ ਕੁੰਦ ਨਿਕੰਦ ਭਈ।
ਬਹੁ ਸਾਬਤ ਕੰਚਨ ਕਾਮ ਕਰੀ। ਬਿਨ ਸੂਰਨਿ ਤੇ ਰਣ ਭੂਮ ਪਰੀ ॥ ੩ ॥

ਉਸ ਤਰ੍ਹਾਂ ਹੀ ਬਹੁਤ ਬੰਦੂਕਾਂ ਟੁੱਟ ਗਈਆਂ ਸਨ, ਉਨ੍ਹਾਂ ਦੇ ਲੱਕੜੀ ਦੇ ਕੁੰਦੇ ਟੁੱਟ ਗਏ ਸਨ। ਬਹੁਤ ਬੰਦੂਕਾਂ ਸਾਬਤ ਵੀ ਪਈਆਂ ਸਨ, ਜਿਨ੍ਹਾਂ ਉਤੇ ਸੋਨੇ ਦਾ ਕੰਮ ਹੋਇਆ ਹੈ। ਰਣਭੂਮੀ ਸੂਰਮਿਆਂ ਤੋਂ ਬਗੈਰ ਪਈ ਹੈ॥੩॥

ਧਰ ਪੈ ਧਰ ਜਜੋਂ ਕਿਹ ਕੰਧ ਚਿਨੀ। ਕਿਹੁਂ ਬਾਂਹੁਂ ਕਟੀ ਕਿਹੁਂ ਜੰਘ ਹਨੀ।
ਤੁਰਕਾਨਿ ਛੁਤੀਸ ਹਜ਼ਾਰ ਮਰੇ। ਗੁਰ ਸੂਰ ਹਜ਼ਾਰਨਿ ਪ੍ਰਾਨ ਹਰੇ ॥ ੪ ॥

ਧੜ ਉਤੇ ਧੜ ਇੰਝ ਪਏ ਹਨ, ਜਿਵੇਂ ਕਿਸੇ ਨੇ ਕੰਧ ਦੀ ਚਿਣਾਈ ਕੀਤੀ ਹੋਵੇ। ਕਿਤੇ ਕੱਟੀ ਹੋਈ ਬਾਂਹ ਪਈ ਹੈ ਕਿਤੇ ਲੱਤਾਂ ਪਈਆਂ ਹਨ। ਤੁਰਕਾਂ ਦੇ ਚੌਤੀ ਹਜ਼ਾਰ ਫੌਜੀ ਮਾਰੇ ਗਏ ਹਨ ਤੇ ਗੁਰੂ ਜੀ ਦੇ ਇਕ ਹਜ਼ਾਰ ਸੂਰਮਿਆਂ ਦੇ ਪ੍ਰਾਣ ਗਏ ਹਨ॥੪॥

ਇਕ ਜਾਮ ਚਢ੍ਯੋ ਦਿਨ ਜੰਗ ਭਏ। ਅਸ ਮਾਰ ਮਚੀ ਭਟ ਪ੍ਰਾਨ ਹਏ।
ਜੁਗ ਜਾਮ ਕਛੂ ਘਟ ਰੈਨ ਹੁਤੀ। ਲਰਿ ਕੈ ਸ੍ਰਮ ਤੇ ਜਨੁ ਸੈਨ ਸੁਤੀ ॥ ੫ ॥

ਜੰਗ ਕਰਦਿਆਂ ਇਕ ਪਹਿਰ ਦਿਨ ਚਲਾ ਗਿਆ ਸੀ, ਐਸੀ ਮਾਰ ਮੱਚੀ ਕਿ ਬਹੁਤ ਸੂਰਮਿਆਂ ਦੇ ਪ੍ਰਾਣ ਚਲੇ ਗਏ। ਦੋ ਪਹਿਰ ਤੋਂ ਕੁਝ ਘੱਟ ਰਾਤ ਰਹਿੰਦੀ ਸੀ, ਜਿਵੇਂ ਲੜ ਕੇ ਥੱਕ ਕੇ ਸੈਨਾ ਸੁੱਤੀ ਸੀ॥੫॥

ਗਨ ਦੁੰਦਭਿ ਸੰਗ ਤੁਰੰਗ ਪਰੇ। ਗਹਿ ਡੰਕ ਬਜਾਵਨਹਾਰ ਪਰੇ।
ਪੁਤਲੀਨਿ ਸੁ ਖੇਲ ਮਨੋ ਕਰਿਕੈ। ਤਰ ਊਪਰਿ ਫੇਰਿ ਦਈ ਧਰਿਕੈ ॥ ੬ ॥

ਬਹੁਤ ਦੁੰਦਭੀਆਂ ਨਾਲ ਘੋੜੇ ਪਏ ਸਨ, ਮਾਨੋਂ ਫੜ ਕੇ ਡੰਗਾ ਵਜਾਉਣ ਵਾਲੇ ਪਏ ਸਨ। ਮਾਨੋਂ ਪੁਤਲੀਆਂ ਦਾ ਤਮਾਸ਼ਾ ਕਰਕੇ ਪੁਤਲੀਆਂ ਫਿਰ ਹੇਠਾਂ ਉਤੇ ਰੱਖ ਦਿੱਤੀਆਂ ਸਨ॥੬॥

ਲਹਿ ਗੰਧ ਲਹੂ ਮੁਰਛਾਇ ਪਰੇ। ਮੁਖ ਨੈਨ ਪਸਾਰ ਕਿਤੇਕ ਮਰੇ।
ਰਜ ਸ੍ਰੋਣਤਿ ਪੰਕ ਧਸੇ ਮਰਿ ਕੈ। ਬਹੁ ਘਾਇਲ ਘੋਰਨਿ ਤੇ ਦਰਿਕੈ ॥ ੭ ॥

ਕਈ ਲਹੂ ਦੀ ਮੁਸ਼ਕ ਨਾਲ ਹੀ ਬੇਹੋਸ਼ ਹੋਏ ਪਏ ਸਨ। ਮਰ ਕੇ ਧੂੜ ਅਤੇ ਲਹੂ ਦੇ ਚਿੱਕੜ ਵਿਚ ਧੱਸ ਗਏ ਸਨ। ਕਈ ਘਾਇਲ ਘੋੜਿਆਂ ਦੇ ਥੱਲੇ ਦਲੇ ਗਏ ਸਨ॥੭॥

ਗੁਰ ਸੈਨ ਖਰੀ ਇਕ ਓਰ ਭਈ। ਗਨ ਦੁੰਦਭਿ ਚੋਬਨਿ ਮਾਰਿ ਦਈ।
ਖਿਰ ਬੇਗਲਲਾ ਹੁਇ ਦੂਰ ਖਰਾ। ਮੁਰਝਾਇ ਗਯੋ ਮੁਖ, ਜੰਗ ਕਰਾ ॥ ੮ ॥

ਗੁਰੂ ਜੀ ਦੀ ਸੈਨਾ ਇਕ ਪਾਸੇ ਖੜੀ ਸੀ, ਬਹੁਤ ਨਗਾਰਿਆਂ ਨੂੰ ਡੱਗੇ ਲਾਏ ਗਏ। ਲਲਾਂ ਬੇਗ ਦੂਰ ਹੋ ਕੇ ਖੜਾ ਸੀ, ਜੰਗ ਕਰਨ ਨਾਲ ਉਸ ਦਾ ਚਿਹਰਾ ਬਹੁਤ ਮੁਰਝਾ ਗਿਆ ਸੀ॥੮॥

ਸਮੁਦਾਇ ਚਮੂੰ ਨਹਿੰ ਪਾਸ ਪਿਖੇ। ਪਛੁਤਾਇ ਖਰੋ ਮਨ ਚਿੰਤ ਬਿਖੇ।
'ਇਹ ਕਜਾਮਤ ਆਇ, ਨ ਜੰਗ ਭਯੋ। ਨਹਿੰ ਕਾਜ ਸਰਜੋ ਦਲ ਪ੍ਰਾਨ ਹਯੋ ॥੯॥

ਜਿਹੜੀ ਵੱਡੀ ਫੌਜ ਉਹ ਲੈ ਕੇ ਆਇਆ ਸੀ, ਉਹ ਪਾਸ ਦਿਖਾਈ ਨਹੀਂ ਸੀ ਦਿੰਦੀ। ਮਨ ਚਿੰਤਾ ਵਿਚ ਡੁੱਬਾ ਖੜਾ ਪਛੁਤਾਅ ਰਿਹਾ ਸੀ। "ਇਹ ਤਾਂ ਕਿਆਮਤ ਆਈ ਹੈ, ਜੰਗ ਨਹੀਂ ਹੋਇਆ, ਕੰਮ ਵੀ ਨਹੀਂ ਸਰਿਆ ਹੈ, ਸਾਰਾ ਦਲ ਪ੍ਰਾਣ ਗਵਾ ਬੈਠਾ ਹੈ॥੯॥

ਗੁਰ ਤੀਰ ਚਮੂੰ ਥਿਤ ਦੀਹ ਦਿਖੈ। ਸਰਦਾਰ ਰਹੇ ਮਮ ਸੈਨ ਬਿਖੈ।
ਧੁਜਨੀ ਲਘੁ ਲਾਗਤਿ ਮੋਹਿ ਅਬੈ। ਕਰਿ ਜੰਗ ਮਹਾਂ ਤਜਿ ਪ੍ਰਾਨ ਸਬੈ ॥੧੦॥

ਗੁਰੂ ਜੀ ਪਾਸ ਖੜੀ ਵੱਡੀ ਸੈਨਾ ਦਿਖਾਈ ਦੇ ਰਹੀ ਸੀ, ਮੇਰੀ ਸੈਨਾ ਵਿਚ ਕੇਵਲ ਸਰਦਾਰ ਹੀ ਰਹਿ ਗਏ ਹਨ। ਸੈਨਾ ਹੁਣ ਮੈਨੂੰ ਬਹੁਤ ਥੋੜ੍ਹੀ ਲੱਗਦੀ ਹੈ, ਮਹਾਨ ਜੰਗ ਲੜ ਕੇ ਹੁਣ ਪ੍ਰਾਣ ਦੇ ਦੇਈਏ॥੧੦॥

ਗੁਰ ਕੋ ਨ ਗਹਜੋ, ਨਹਿੰ ਮਾਰਿ ਲਯੋ। ਕਰਿ ਹੇਲ ਘਨੋ ਨ ਪਲਾਇ ਦਯੋ।
ਨਹਿੰ ਖੇਤ ਤਜਜੋ ਅਰ ਬੀਰ ਰਹੇ। ਬਹੁ ਮਾਰ ਪ੍ਰਹਾਰਨਿ ਸ਼ਸਤ੍ਰ ਗਹੇ' ॥੧੧॥

ਗੁਰੂ ਨੂੰ ਨਾ ਫੜਿਆ ਹੈ, ਨਾ ਮਾਰ ਲਿਆ ਹੈ, ਬਹੁਤ ਹੱਲਾ ਕਰਕੇ ਉਸ ਨੂੰ ਭਜਾਇਆ ਵੀ ਨਹੀਂ ਹੈ। ਰਣਖੇਤਰ ਨਹੀਂ ਛੱਡਿਆ ਹੈ ਤੇ ਸੂਰਮੇ ਵੀ ਅੜੇ ਰਹੇ ਹਨ। ਸ਼ਸਤਰ ਫੜ ਕੇ ਵਾਰ ਕਰਕੇ ਬਹੁਤ ਮਾਰੇ ਹਨ" ॥੧੧॥

ਸੁਨਿ ਕਾਬਲ ਬੇਗ ਬਿਸਾਲ ਬਲੀ। ਨਿਜ ਮਾਤੁਲ ਸੋਂ ਕਹਿ ਧੀਰ ਭਲੀ।
'ਅਬਿ ਹੋਹਿ ਕਹਾਂ ਪਛੁਤਾਵਨ ਤੇ। ਕਿਮ ਬਾਤ ਬਨੈ ਹਟਿ ਜਾਵਨ ਤੇ ॥੧੨॥

ਇਹ ਸੁਣ ਕੇ ਕਾਬਲ ਬੇਗ ਜਿਹੜਾ ਬੜਾ ਬਲਵਾਨ ਸੂਰਮਾ ਸੀ, ਨੇ ਆਪਣੇ ਮਾਮੇ ਨੂੰ ਇਸ ਤਰ੍ਹਾਂ ਕਹਿ ਕੇ ਧੀਰਜ ਦਿੱਤਾ, "ਹੁਣ ਪਛੁਤਾਉਣ ਨਾਲ ਕੀ ਹੋਣਾ ਹੈ, ਹੁਣ ਹਟ ਜਾਣ ਤੇ ਕਿਹੜੀ ਗੱਲ ਬਣਨੀ ਹੈ॥੧੨॥

ਗਹਿ ਸ਼ਾਹੁ ਸਭਾ ਸ਼ਮਸ਼ੇਰ ਲਈ। ਕਹਿ ਬਾਕ ਅਯੋ 'ਹਯ ਲਜਾਉਂ ਜਈ'।
ਗੁਰ ਕੋ ਗਹਿਬੋ ਨਤੁ ਮਾਰ ਦਿਜੈ। ਇਹੁ ਸ਼ਾਹੁ ਕਹੀ, ਉਰ ਜਾਨਿ ਲਿਜੈ ॥੧੩॥

ਤੁਸੀਂ ਬਾਦਸ਼ਾਹ ਦੀ ਭਰੀ ਸਭਾ ਵਿਚ ਨੰਗੀ ਤਲਵਾਰ ਚੁੱਕ ਲਈ ਸੀ ਤੇ ਇਹ ਵਚਨ ਕੀਤਾ ਸੀ, 'ਮੈਂ ਜਾ ਕੇ ਘੋੜੇ ਲਿਆਵਾਂਗਾ', ਇਹ ਵਾਕ ਕਹਿ ਕੇ ਆਏ ਹੋ ਤਾਂ ਇਹ ਸੁਣ ਕੇ ਬਾਦਸ਼ਾਹ ਨੇ ਕਿਹਾ ਸੀ ਕਿ ਗੁਰੂ ਨੂੰ ਫੜ ਲਵੇ ਜਾਂ ਮਾਰ ਦੇਵੇ, ਹਿਰਦੇ ਵਿਚ ਇਸ ਤੱਥ ਨੂੰ ਸਮਝ ਲਵੋ॥੧੩॥

ਮਰਿ ਬਾਦ ਗਯੋ ਸਮੁਦਾਇ ਦਲੰ। ਨਹਿੰ ਕਾਜ ਸਰਜੋ, ਨਹਿੰ ਕੀਨਿ ਬਲੰ।
ਅਬਿ ਏਕਲ ਮੈਂ ਚਲ ਜਾਤਿ ਭਲੇ। ਲਲਕਾਰ ਕਰੋਂ ਗੁਰ ਕੋ ਇਕਲੇ ॥੧੪॥

ਫਜ਼ੂਲ ਵਿਚ ਸਾਰਾ ਦਲ ਮਰਵਾਇਆ ਹੈ, ਕੰਮ ਵੀ ਨਹੀਂ ਸਰਿਆ ਹੈ, ਨਾ ਬਲ ਹੀ ਕੀਤਾ ਹੈ। ਹੁਣ ਮੈਂ ਇਕੱਲਾ ਹੀ ਭਲੀ ਪ੍ਰਕਾਰ ਚਲ ਕੇ ਜਾਂਦਾ ਹਾਂ, ਮੈਂ ਇਕੱਲੇ ਗੁਰੂ ਨੂੰ ਲਲਕਾਰਾਂਗਾ॥੧੪॥

ਬਿਦਤਜੋ ਜਗ ਬੀਚ ਬਹਾਦੁਰ ਹੈ। ਸੁਨਿ ਬਾਕ ਕਰੇ ਨ ਨਿਰਾਦਰ ਹੈ।
ਹੁਇ ਏਕ ਖਰੋ ਮਮ ਸਾਥ ਲਰੈ। ਗੁਰ ਕੋ ਜਸੁ ਚੰਦ ਜਹਾਨ ਚਰੈ ॥੧੫॥

ਉਸ ਦੀ ਸਾਰੇ ਜੱਗ ਵਿਚ ਬਹਾਦਰੀ ਪ੍ਰਗਟ ਹੈ, ਇਸ ਲਈ ਗੱਲ ਸੁਣ ਕੇ ਨਿਰਾਦਰੀ ਨਹੀਂ ਕਰੇਗਾ। ਇਕ ਖੜਾ ਹੋ ਕੇ ਮੇਰੇ ਨਾਲ ਲੜੇ, ਗੁਰੂ ਦਾ ਜੱਸ ਚੰਦ ਵਾਂਗ ਜਹਾਨ ਵਿਚ ਚੜ੍ਹਿਆ ਹੈ॥੧੫॥

ਅਸ ਜੰਗ ਕਰੌਂ ਗੁਰ ਸੰਗ ਘਨੋ। ਗਹਿ ਲੇਹੁਂ ਕਿਧੌਂ, ਸ਼ਮਸ਼ੇਰ ਹਨੌਂ।
ਬਲ ਮੋਹਿ ਬਡੋ ਤੁਮ ਜਾਨਤਿ ਹੋ। ਥਿਰ ਹੇਰਹੁ ਮੈਂ ਰਣ ਠਾਨਤਿ ਹੌਂ ॥੧੬॥

ਮੈਂ ਗੁਰੂ ਨਾਲ ਐਸਾ ਮਹਾਨ ਜੰਗ ਕਰਾਂਗਾ, ਫੜ ਲਵਾਂਗਾ ਜਾਂ ਤਲਵਾਰ ਨਾਲ ਮਾਰ ਦੇਵਾਂਗਾ। ਮੇਰੇ ਵਿਚ ਵੱਡੀ ਸ਼ਕਤੀ ਹੈ, ਇਹ ਤੁਸੀਂ ਸਾਰੇ ਜਾਣਦੇ ਹੋ, ਖੜੇ ਹੋ ਕੇ ਵੇਖੋ, ਮੈਂ ਯੁੱਧ ਕਰਦਾ ਹਾਂ' ॥੧੬॥

ਕਹਿ ਮਾਤੁਲ ਕੋ ਇਮ ਬੀਰ ਬਲੀ। ਚਹਿ ਜਾਨਿ, ਧਰੈ ਰਣ ਚੌਂਪ ਭਲੀ।
ਤਬਿ ਕੰਬਰਬੇਗ ਪੁਕਾਰ ਕਹਯੋ। 'ਗੁਰ ਓਜ ਮਹਾਂ ਚਿਤ ਤੈਂ ਨ ਲਹਯੋ ? ॥੧੭॥

ਆਪਣੇ ਮਾਮੇ ਨੂੰ ਇਸ ਤਰ੍ਹਾਂ ਕਹਿ ਕੇ ਵੱਡਾ ਬਲਵਾਨ ਜਾਣਾ ਚਾਹੁੰਦਾ ਸੀ ਤੇ ਬੜੇ ਸ਼ੌਕ ਅਤੇ ਚਾਅ ਨਾਲ ਯੁੱਧ ਕਰਨਾ ਚਾਹੁੰਦਾ ਸੀ। ਤਦ ਕੰਬਰ ਬੇਗ ਨੇ ਪੁਕਾਰ ਕੇ ਕਿਹਾ, "ਗੁਰੂ ਵੱਡਾ ਸ਼ਕਤੀਸ਼ਾਲੀ ਹੈ, ਤੂੰ ਚਿੱਤ ਵਿਚ ਨਹੀਂ ਸਮਝਿਆ ਹੈ ? ॥੧੭॥

ਨਰ ਬ੍ਰਿੰਦਨਿ ਤੇ ਸੁਨਿ ਜਾਨਤਿ ਹੌਂ। ਇਸ ਕਾਰਨ ਤੋਹਿ ਬਖਾਨਤਿ ਹੌਂ।
ਗਰਬੋ ਨ ਰਿਦੈ ਸਵਧਾਨ ਬਨੋ। ਕਰਿ ਘਾਤ ਅਨੇਕਨਿ ਦਾਵ ਘਨੌਂ ॥੧੮॥

ਬਹੁਤ ਲੋਕਾਂ ਪਾਸੋਂ ਸੁਣ ਕੇ ਜਾਣਿਆ ਹੈ, ਇਸ ਕਰਕੇ ਤੈਨੂੰ ਕਹਿੰਦਾ ਹਾਂ। ਹਿਰਦੇ ਵਿਚ ਹੰਕਾਰ ਨਾ ਕਰੋ, ਸੁਚੇਤ ਹੋਵੋ ਬਹੁਤ ਦਾਵਾਂ ਨਾਲ ਅਨੇਕਾਂ ਘਾਤ ਕਰਨੇ ਹਨ ॥੧੮॥

ਬਚਿ ਆਪ, ਪ੍ਰਹਾਰ ਕਰੋ ਗੁਰ ਕੋ। ਬਿਨ ਆਲਸ ਤ੍ਰਾਸ ਕਰੋ ਉਰਕੋ।
ਤੁਮ ਡੀਲ ਦਰਾਜ਼ ਬਲੀ ਜਿਮ ਹੈ। ਹਰਿ ਗੋਵਿੰਦ ਪੀਰ ਸੁਨਯੋ ਤਿਮ ਹੈ ॥੧੯॥

ਆਪ ਬਚੋ ਤੇ ਗੁਰੂ ਉੱਤੇ ਵਾਰ ਕਰੋ। ਡਰ ਤੇ ਆਲਸ ਤੋਂ ਬਿਨਾਂ ਦਿਲ ਨੂੰ ਕਰੋ ਭਾਵ ਤਕੜੇ ਤੇ ਨਿਰਭੈ ਹੋਵੋ। ਤੁਹਾਡਾ ਡੀਲ-ਡੌਲ ਜਿਵੇਂ ਬੜਾ ਲੰਮਾ ਚੌੜਾ ਹੈ, ਉਸ ਤਰ੍ਹਾਂ ਹੀ ਪੀਰ ਹਰਿਗੋਬਿੰਦ ਦੇ ਸਰੀਰ ਬਾਰੇ ਸੁਣਿਆ ਹੈ ॥੧੯॥

ਅਬਿ ਜਾਹੁ ਖ਼ੁਦਾਇ ਸੁ ਖੈਰ ਕਰੇ। ਇਹੁ ਕਾਰਜ ਤੋ ਬਿਨ ਨਾਂਹਿ ਸਰੇ।
ਕਿਤ ਹੂੰ ਕਿਤ ਛੂਟ ਤੁਫੰਗ ਰਹੀ। ਸਭਿ ਕਾਬਲ ਬੇਗਹਿ ਘਾਤ ਲਹੀ ॥੨੦॥

ਹੁਣ ਜਾਵੋ, ਖ਼ੁਦਾ ਤੇਰੇ ਤੇ ਖੈਰ ਕਰੇ, ਇਹ ਕਾਰਜ ਤੇਰੇ ਬਗੈਰ ਨਹੀਂ ਸਰਦਾ ਹੈ। ਕਿਤੇ-ਕਿਤੇ ਗੋਲੀ ਚਲ ਰਹੀ ਸੀ, ਕਾਬਲ ਬੇਗ ਨੇ ਇਹ ਦਾਅ ਤੱਕ ਲਿਆ ॥੨੦॥

ਬਲਵਾਨ ਤੁਰੰਗਮ ਛੇਰਨ ਕੈ। ਗਮਨਯੋ ਗੁਰ ਸੰਮੁਖ ਪ੍ਰੇਰਨ ਕੈ।
ਢਿਗ ਦੂਤ ਖਰਯੋ ਤਿਹ ਦੇਖਿ ਜਬੈ। ਕਿਯ ਬੂਝਨ ਤਾਂਹਿ ਕਿ ਸੰਗ ਤਬੈ ॥੨੧॥

ਸ਼ਕਤੀਸ਼ਾਲੀ ਘੋੜੇ ਨੂੰ ਉਸ ਛੇੜਿਆ ਤੇ ਗੁਰੂ ਜੀ ਨੂੰ ਵੰਗਾਰਨ ਵਾਸਤੇ ਚਲੇ ਗਿਆ। ਗੁਰੂ ਜੀ ਨੇ ਜਦ ਪਾਸ ਖੜੇ ਹਸਨ ਖਾਂ ਦੂਤ ਨੂੰ ਵੇਖਿਆ, ਤਾਂ ਉਨ੍ਹਾਂ ਨੇ ਉਸ ਨੂੰ ਪੁਛਿਆ ॥੨੧॥

'ਇਹ ਕੌਨ ਅਹੈ ? ਅਸੁ ਫੇਰਤਿ ਹੈ। ਹਿਤ ਸੰਮੁਖ ਆਵਨ ਪ੍ਰੇਰਤਿ ਹੈ।
ਨਿਜ ਚਾਤੁਰਤਾ ਦਿਖਰਾਵਤਿ ਹੈ। ਗਹਿ ਬਾਗ ਤੁਰੰਗ ਨਚਾਵਤਿ ਹੈ' ॥੨੨॥

ਇਹ ਕੌਣ ਹੈ ? ਜਿਹੜਾ ਇਸ ਤਰ੍ਹਾਂ ਘੋੜਾ ਫੇਰਦਾ ਹੈ, ਸਾਹਮਣੇ ਆਉਣ ਵਾਸਤੇ ਘੋੜੇ ਨੂੰ ਛੇੜ ਰਿਹਾ ਹੈ। ਆਪਣੀ ਚਤੁਰਾਈ ਵਿਖਾ ਰਿਹਾ ਹੈ, ਘੋੜੇ ਦੀ ਵਾਗ ਫੜ ਕੇ ਉਸ ਨੂੰ ਨਚਾ ਰਿਹਾ ਹੈ' ॥੨੨॥

ਸੁਨਿ ਦੂਤ ਕਹਯੋ 'ਬਡ ਬੀਰ ਭਲਾ। ਇਸ ਮਾਤੁਲ ਲਾਗਤਿ ਬੇਗਲਲਾ।
ਤੁਮ ਏਕਲ ਸੰਗਹਿ ਜੰਗ ਚਹੈ। ਮਗ ਆਵਤਿ ਭੀ ਬਹੁ ਬਾਰ ਕਹੈ ॥੨੩॥

ਇਹ ਸੁਣ ਕੇ ਹਸਨ ਖਾਂ ਨੇ ਕਿਹਾ, "ਇਹ ਭਲਾ ਵੱਡਾ ਸੂਰਬੀਰ ਹੈ, ਲਲਾਬੇਗ ਇਸ ਦਾ ਮਾਮਾ ਲੱਗਦਾ ਹੈ, ਤੁਹਾਡੇ ਇਕੱਲੇ ਨਾਲ ਜੰਗ ਕਰਨੀ ਚਾਹੁੰਦਾ ਹੈ, ਰਾਹ ਵਿਚ ਆਉਂਦਾ ਵੀ ਬਹੁਤ ਵਾਰ ਕਹਿੰਦਾ ਰਿਹਾ ਹੈ॥੨੩॥

ਬਲ ਕੋ ਇਹ ਮਾਨ ਧਰੈ ਮਨ ਮੈਂ। ਬਹੁ ਦਾਵ ਲਖੈ ਬੁਧਿ ਤੇ ਰਨ ਮੈਂ।
ਪਟਬਾਜ਼ਨਿ ਸੋਂ ਨਿਤ ਮੇਲ ਕਰੈ। ਚਿਰਕਾਲ ਲਰੈ ਤਿਨ ਸੰਗ ਅਰੈ॥ ੨੪॥

ਮਨ ਵਿਚ ਇਸ ਆਪਣੀ ਸ਼ਕਤੀ ਦਾ ਹੰਕਾਰ ਧਾਰਨ ਕੀਤਾ ਹੈ। ਯੁੱਧ ਬਾਰੇ ਵਿਚ ਇਹ ਬਹੁਤ ਦਾਅ ਜਾਣਦਾ ਹੈ। ਗਤਕੇਬਾਜ਼ਾਂ ਨਾਲ ਰੋਜ਼ ਭਿੜਦਾ ਹੈ, ਬਹੁਤ ਦੇਰ ਤਕ ਉਨ੍ਹਾਂ ਨਾਲ ਅੜਿਆ ਰਹਿੰਦਾ ਹੈ॥੨੪॥

ਇਸ ਹੇਰਨ ਹੇਤੁ ਸੁ ਆਵਤਿ ਹੈ। ਗਤਿ ਮੰਦ ਤੁਰੰਗ ਚਲਾਵਤਿ ਹੈਂ।
ਇਮ ਬਾਤ ਸੁਨਾਵਤਿ ਦੂਤ ਖਰਜੋ। ਤਬਿ ਲੌ ਤਿਨ ਆਇ ਕੈ ਨੇਰ ਕਰਜੋ॥੨੫॥

ਇਸ ਨੂੰ ਵੇਖਣ ਵਾਸਤੇ ਜੋ ਆ ਰਹੇ ਹਨ, ਉਹ ਬਹੁਤ ਹੌਲੀ-ਹੌਲੀ ਘੋੜੇ ਤੋਰ ਰਹੇ ਹਨ।" ਇਸ ਤਰ੍ਹਾਂ ਗੱਲ ਸੁਣਾਉਂਦਾ ਜਦ ਦੂਤ ਖੜਾ ਸੀ ਤਦ ਤਕ ਕਾਬਲ ਬੇਗ ਬਹੁਤ ਨੇੜੇ ਆ ਗਿਆ॥੨੫॥

ਕਹਿ ਕਾਬਲਬੇਗ 'ਗੁਰੂ! ਸੁਨੀਏ। ਭਟ ਨਾਹਕ ਆਨ ਨਹੀਂ ਹਨੀਏ।
ਤੁਮ ਪੀਰ ਸੁ ਲੋਕ ਉਬਾਚਤਿ ਹੈਂ। ਚਿਤ ਬਾਂਛਤਿ ਕੋ ਸਭਿ ਜਾਚਤਿ ਹੈਂ॥੨੬॥

ਕਾਬਲ ਬੇਗ ਨੇ ਕਿਹਾ, "ਹੇ ਗੁਰੂ ਜੀ! ਸੁਣੋ, ਫਜ਼ੂਲ ਵਿਚ ਸੂਰਮਿਆਂ ਨੂੰ ਨਾ ਮਾਰੋ, ਤੁਸੀਂ ਪੀਰ ਹੋ, ਸੋ ਲੋਕ ਕਹਿੰਦੇ ਹਨ, ਮੂੰਹ ਮੰਗੀਆਂ ਤੁਹਾਥੋਂ ਮੁਰਾਦਾਂ ਮੰਗਦੇ ਹਨ॥੨੬॥

ਰਣ ਦੂੰਦ ਇਹਾਂ ਅਬਿ ਮਾਂਗਤਿ ਹੌਂ। ਤੁਮ ਸੋਂ ਲਰਿਬੇ ਅਨੁਰਾਗਤਿ ਹੌਂ।
ਇਹੁ ਕਾਮਨ ਪੂਰਨ ਮੋਰ ਕਰੋ। ਇਤ ਹੋਇ ਜੁਦੇ ਮੁਝ ਸੰਗ ਲਰੋ॥ ੨੭॥

ਮੈਂ ਹੁਣ ਏਥੇ ਤੁਹਾਡੇ ਨਾਲ ਦ੍ਵੰਦ ਯੁੱਧ ਲੜਨਾ ਮੰਗਦਾ ਹਾਂ, ਤੁਹਾਡੇ ਨਾਲ ਲੜਨ ਦੀ ਇੱਛਾ ਕਰਦਾ ਹਾਂ, ਇਹ ਮੇਰੀ ਕਾਮਨਾ ਪੂਰੀ ਕਰੋ, ਵੱਖ ਹੋ ਕੇ ਮੇਰੇ ਨਾਲ ਯੁੱਧ ਕਰੋ॥੨੭॥

ਥਿਰ ਹੋਇ ਬਿਲੋਕਨ ਲੋਕ ਕਰੈਂ। ਤਬਿ ਲੌ ਪਖ ਬਾਦ ਨ ਬੀਰ ਧਰੈਂ।
ਸੁਨਿ ਸ੍ਰੀ ਹਰਿਗੋਵਿੰਦ ਸ਼ੱਤ੍ਰੁ ਗਿਰਾ। ਬਡਿ ਬੀਰ ਬਹਾਦੁਰ ਕੋਪ ਕਰਾ॥ ੨੮॥

ਖੜੇ ਹੋ ਕੇ ਲੋਕ ਇਸ ਯੁੱਧ ਨੂੰ ਵੇਖਣ, ਤਦ ਤਕ ਸੂਰਮੇ ਪੱਖਬਾਜ਼ੀ ਨਾ ਧਾਰਨ ਕਰਨ।" ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਵੈਰੀ ਦੇ ਬੋਲ ਸੁਣ ਕੇ, ਵੱਡੇ ਸੂਰਬੀਰ ਬਹਾਦਰ ਨੇ ਗੁੱਸਾ ਧਾਰਨ ਕੀਤਾ॥੨੮॥

'ਹਮ ਤਜਾਰ ਖਰੇ ਚਿਤ ਚਾਹਤਿ ਹੈਂ। ਤੁਰਕਾਨਿ ਪਨੋ ਸਭਿ ਗਾਹਤਿ ਹੈਂ।
ਅਰਿ ਕੋ ਨ ਅਰੈ, ਬਲ ਕੋ ਨ ਧਰੈ। ਰਣ ਹੇਰਤਿ ਕਾਤੁਰ ਭਾਜ ਧਰੈਂ॥ ੨੯॥

ਗੁਰੂ ਜੀ ਕਿਹਾ, "ਅਸੀਂ ਤਿਆਰ ਖੜੇ, ਚਿੱਤ ਵਿਚ ਚਾਹੁੰਦੇ ਹਾਂ, ਸਾਰੇ ਤੁਰਕਾਂ ਨੂੰ ਪਛਾਣ ਰਹੇ ਹਾਂ, ਵੈਰੀ ਕੋਈ ਨਹੀਂ ਅੜਦਾ ਹੈ, ਤੇ ਕੋਈ ਵੀ ਬਲ ਧਾਰਨ ਨਹੀਂ ਕਰਦਾ ਹੈ, ਯੁੱਧ ਵੇਖਦੇ ਹੀ ਕਾਇਰ ਭੱਜ ਉਠਦੇ ਹਨ॥੨੯॥

ਸਮੁਹਾਇ ਥਿਰੇ ਨਹਿੰ ਧੀਰ ਧਰੀ। ਜਿਮ ਹੋਤਿ ਬਧੂ ਨਵ ਲਾਜ ਭਰੀ।
ਹੱਥਜਾਰ ਦਿਖਾਵਨ ਹੇਤਿ ਧਰੇ। ਮਰਿ ਕੂਰ ਗਏ ਨਹਿੰ ਅੱਗ੍ਰ ਅਰੇ॥ ੩੦॥

ਸਾਹਮਣੇ ਕੋਈ ਵੀ ਖਲੋਂਦਾ ਨਹੀਂ, ਨਾ ਧੀਰਜ ਧਾਰਨ ਕਰਦਾ ਹੈ, ਜਿਵੇਂ ਨਵੀਂ ਵਹੁਟੀ ਸ਼ਰਮਾਕਲ ਹੁੰਦੀ ਹੈ। ਦਿਖਾਵੇ ਵਾਸਤੇ ਹਥਿਆਰ ਧਾਰਨ ਕੀਤੇ ਹਨ, ਝੂਠੇ ਮਰ ਗਏ ਹਨ ਪਰ ਅੱਗੇ ਅੜੇ ਨਹੀਂ ਹਨ॥੩੦॥

ਤੁਵ ਸਾਧ ਅਹੈ, ਅਸ ਬਾਕ ਕਹਯੋ। ਸਭਿ ਬਿਖੈ ਇਕ ਬੀਰ ਲਹਯੋ।
ਹਮਰੀ ਚਿਤ ਚਾਹਿ ਪੁਜਾਵਨ ਕੋ। ਅਬਿ ਆਇ ਕਰੋ ਮਨ ਭਾਵਨ ਕੋ' ॥ ੩੧ ॥

ਤੇਰੇ ਸਾਬਾਸ਼ ਹੈ, ਐਸੀ ਗੱਲ ਕਹੀ ਹੈ, ਸਾਰਿਆਂ ਵਿਚ ਇਕ ਸੂਰਮਾ ਵੇਖਿਆ ਹੈ। ਸਾਡੇ ਚਿੱਤ ਦੀ ਚਾਹਤ ਪੂਰੀ ਕਰਨ ਲਈ ਹੁਣ ਆ ਕੇ ਆਪਣੀ ਮਨਭਾਉਂਦੀ ਗੱਲ ਕਰੋ' ॥੩੧॥

ਸੁਨਿ ਕਾਬਲ ਬੇਗ ਬਡੋ ਹਰਖਯੋ। ਗੁਰ ਬੀਰ ਬਹਾਦੁਰ ਕੋ ਪਰਖਯੋ।
'ਤਜਿ ਦੇਹੁ ਤੁਰੰਗਮ ਭੂਮ ਥਿਰੋ। ਗਹਿ ਢਾਲ, ਕ੍ਰਿਪਾਨਨਿ ਵਾਰ ਕਰੋ' ॥ ੩੨ ॥

ਇਹ ਸੁਣ ਕੇ ਕਾਬਲ ਬੇਗ ਬਹੁਤ ਪ੍ਰਸੰਨ ਹੋਇਆ, ਬੀਰ ਬਹਾਦਰ ਗੁਰੂ ਜੀ ਨੂੰ ਪਰਖ ਕੇ ਕਿਹਾ, "ਘੋੜੇ ਨੂੰ ਛੱਡ ਦੇਵੋ ਤੇ ਧਰਤੀ ਤੇ ਖੜੇ ਹੋ ਜਾਵੋ, ਢਾਲ ਫੜ ਕੇ ਕ੍ਰਿਪਾਨ ਨਾਲ ਵਾਰ ਕਰੋ" ॥੩੨॥

ਗੁਰ ਸ਼੍ਰੀ ਹਰਿਗੋਬਿੰਦ ਬੀਰ ਮਹਾਂ। ਉਤਰੇ ਹਯ ਤੇ ਤਤਕਾਲ ਤਹਾਂ।
ਕਰ ਬਾਮ ਬਿਖੈ ਗਹਿ ਢਾਲ ਲਈ। ਉਤਸਾਹ ਬਡੋ ਚਿਤ ਚਾਹੁ ਜਈ ॥ ੩੩ ॥

ਸ੍ਰੀ ਗੁਰੂ ਹਰਿਗੋਬਿੰਦ ਜੀ ਵੱਡੇ ਬਲਵਾਨ ਸੂਰਬੀਰ ਹਨ, ਉਹ ਉਸੇ ਵੇਲੇ ਘੋੜੇ ਤੋਂ ਉਤਰ ਆਏ, ਖੱਬੀ ਬਾਂਹ ਵਿਚ ਉਨ੍ਹਾਂ ਢਾਲ ਫੜ ਲਈ, ਵੱਡਾ ਉਤਸ਼ਾਹ ਹੈ ਤੇ ਚਿਤ ਵਿਚ ਜਿੱਤ ਦੀ ਚਾਹ ਹੈ॥੩੩॥

ਅਵਿਲੋਕਤਿ ਕਾਬਲਬੇਗ ਜਬੈ। ਤਜਿ ਦੀਨ ਤੁਰੰਗਮ ਤੇਜ਼ ਤਬੈ।
ਜੁਗ ਓਰਨਿ ਕੇ ਭਟ ਬ੍ਰਿੰਦ ਥਿਰੇ। ਹੱਥਜਾਰ ਪ੍ਰਹਾਰ ਨ ਕੋਇ ਕਰੇ ॥ ੩੪ ॥

ਕਾਬਲ ਬੇਗ ਨੇ ਜਦ ਵੇਖਿਆ ਤਾਂ ਉਸ ਨੇ ਆਪਣੇ ਤੇਜ਼ ਤਰਾਰ ਘੋੜੇ ਨੂੰ ਛੱਡ ਦਿੱਤਾ। ਦੋਵਾਂ ਪਾਸਿਆਂ ਦੇ ਬਹੁਤ ਸੂਰਮੇ ਖੜੇ ਸਨ, ਕੋਈ ਵੀ ਹਥਿਆਰਾਂ ਦਾ ਵਾਰ ਨਹੀਂ ਸੀ ਕਰਦਾ॥੩੪॥

ਉਤ ਬੇਗਲਲਾਦਿਕ ਹੇਰਤਿ ਹੈਂ। 'ਗੁਰ ਜੀਤ ਲਿਜੈ' ਕਹਿ ਪ੍ਰੇਰਤਿ ਹੈਂ।
ਮਨ ਜਾਨਤਿ ਬੀਰ ਸੁਸਾ ਸੁਤ ਕੋ। ਪਟਿ ਬਾਜ ਸੁਚੇਤ ਬਲੀ ਅਤਿ ਕੋ ॥ ੩੫ ॥

ਉਧਰ ਲਲਾ ਬੇਗ ਆਦਿ ਵੇਖਦੇ ਸਨ, "ਗੁਰੂ ਨੂੰ ਜਿੱਤ ਲਵੋ" ਕਹਿ ਕੇ ਕਾਬਲ ਬੇਗ ਨੂੰ ਪ੍ਰੇਰਦੇ ਹਨ। ਆਪਣੀ ਭੈਣ ਦੇ ਪੁੱਤਰ ਨੂੰ ਮਨ ਵਿਚ ਚੰਗੀ ਤਰ੍ਹਾਂ ਜਾਣਦੇ ਹਨ ਜਿਹੜਾ ਕਿ ਸੁਚੇਤ ਗਤਕੇਬਾਜ਼ ਅਤੇ ਅਤੀ ਬਲਵਾਨ ਹੈ॥੩੫॥

ਬਡ ਤੂਰਨਤਾ ਰਣ ਧਾਰਤਿ ਹੈ। ਨ ਸੰਭਾਰਨ ਦੇ ਅਰਿ ਮਾਰਤਿ ਹੈ।
ਨਹਿਂ ਛੋਰਹਿ ਗੋ, ਅਬਿ ਘਾਤ ਕਰੈ। ਸੁਭ ਬਾਤ ਬਨੀ ਗੁਰ ਏਕ ਲਰੈ ॥ ੩੬ ॥

ਵੱਡੀ ਫੁਰਤੀ ਨਾਲ ਯੁੱਧ ਧਾਰਨ ਕਰਦਾ ਹੈ, ਅਗਲੇ ਨੂੰ ਸੰਭਲਣ ਨਹੀਂ ਦਿੰਦਾ ਤੇ ਮਾਰ ਲੈਂਦਾ ਹੈ। ਹੁਣ ਇਹ ਛੱਡੇਗਾ ਨਹੀਂ ਮਾਰ ਦੇਵੇਗਾ, ਬੜੀ ਸ਼ੁਭ ਗੱਲ ਬਣੀ ਹੈ ਕਿ ਇਕੱਲੇ ਗੁਰੂ ਜੀ ਲੜ ਰਹੇ ਹਨ॥੩੬॥

ਚਿਤ ਬੀਚ ਬਿਚਾਰਤਿ ਬਾਕ ਕਹੈ। 'ਸੁਨਿ ਕਾਬਲਬੇਗ ਲਰੰਤਿ ਅਹੈ।
ਭੁਜ ਤੋਰ ਬਿਖੈ ਜਯ ਆਸ ਰਹੀ। ਅਬਿ ਔਰ ਅਲੰਬ ਰਹਯੋ ਨ ਕਹੀਂ' ॥ ੩੭ ॥

ਚਿੱਤ ਵਿਚ ਇਹ ਵਿਚਾਰ ਕੇ ਲਲਾ ਬੇਗ ਨੇ ਕਿਹਾ, "ਹੇ ਕਾਬਲ ਬੇਗ ! ਸੁਣ, ਤੂੰ ਲੜ ਰਿਹਾ ਹੈਂ, ਇਕ ਤੇਰੀ ਬਾਂਹ ਵਿਚ ਫਤਹਿ ਦੀ ਆਸ ਬਾਕੀ ਹੈ, ਹੁਣ ਕੋਈ ਹੋਰ ਆਸਰਾ ਨਹੀਂ ਰਿਹਾ ਹੈ" ॥੩੭॥

ਇਤ ਜੋਧ ਬਲੀ ਗੁਰ ਤੀਰ ਖਰੇ। ਭਟ ਔਰ ਬਿਧੀਸਸਿ ਆਦਿ ਥਿਰੇ।
ਗੁਰ ਪੈ ਬਿੱਸ੍ਰਾਸ ਮਹਾਂ ਧਰਿ ਹੀਂ। ਬਿਨ ਦੇਰ ਸੰਘਾਰਨ ਕੋ ਕਰਿ ਹੀਂ ॥ ੩੮ ॥

ਏਧਰ ਬਲਵਾਨ ਜੋਧ ਗੁਰੂ ਜੀ ਪਾਸ ਖੜਾ ਸੀ ਤੇ ਬਿਧੀ ਚੰਦ ਆਦਿ ਸੂਰਮੇ ਖਲੋਤੇ ਸਨ। ਉਨ੍ਹਾਂ ਨੂੰ ਗੁਰੂ ਜੀ ਉਤੇ ਮਹਾਨ ਵਿਸ਼ਵਾਸ ਸੀ, ਉਹ ਕਿਸੇ ਦੇਰ ਬਗੈਰ ਮਾਰ ਦੇਣਗੇ॥੩੮॥

ਇਹ ਕਜਾ ਗੁਰ ਅੱਗ੍ਰ ਕਰੈ ਥਿਰਤਾ। ਗਜ ਮੱਤਹਿ ਕੇਹਰਿ ਸੋਂ ਭਿਰਤਾ।
ਖਗਰਾਜ ਕਹਾਂ, ਚਟਕਾ ਸੁ ਕਹਾਂ। ਸਮਤਾ ਚਹਿ ਹੀ, ਗਰਬਾਤਿ ਮਹਾਂ॥ ੩੯॥

ਇਹ ਗੁਰੂ ਜੀ ਦੇ ਸਾਹਮਣੇ ਕੀ ਖੜਾ ਹੋਵੇਗਾ, ਮਾਨੋਂ ਮਸਤ ਹਾਥੀ ਸ਼ੇਰ ਨਾਲ ਭਿੜਦਾ ਹੈ, ਗਰੜ ਕਿਥੇ ਤੇ ਚਿੜਾ ਕਿਥੇ, ਬਰਾਬਰੀ ਚਾਹੁੰਦਾ ਹੈ, ਬਹੁਤ ਹੰਕਾਰ ਕਰਦਾ ਹੈ॥੩੯॥

ਰਣ ਦੁੰਦ ਬਿਲੋਕਨ ਹੇਤੁ ਖਰੇ। ਚਹਿਂ ਮੂਢ ਗੁਰੂ ਹਤਿਬੇ ਕਿ ਧਰੇਂ।
ਗਹਿ ਢਾਲ ਕ੍ਰਿਪਾਨ ਫਿਰਜੋ ਗਰਬੇ। ਦਿਖਰਾਵਤਿ ਚਾਤੁਰਤਾ ਸਰਬੇ॥ ੪੦॥

ਦੁੰਦ ਯੁੱਧ ਨੂੰ ਵੇਖਣ ਵਾਸਤੇ ਖੜੇ ਹਨ, ਮੂਰਖ ਚਾਹੁੰਦੇ ਹਨ ਕਿ ਗੁਰੂ ਜੀ ਨੂੰ ਮਾਰ ਲਈਏ ਜਾਂ ਫੜ ਲਈਏ। ਢਾਲ ਕਿਰਪਾਨ ਫੜ ਕੇ ਬੜੇ ਹੰਕਾਰ ਨਾਲ ਫਿਰਦਾ ਹੈ ਸਭ ਪ੍ਰਕਾਰ ਦੀ ਚਤੁਰਾਈ ਵਿਖਾਉਂਦਾ ਹੈ॥੪੦॥

ਕਰਿ ਸ਼ੀਘ੍ਰ ਸੁ ਫਾਂਦਤਿ ਓਜ ਧਰੇ। ਇਤ ਊਤ ਫਿਰਜੋ ਹੁਇ ਅੱਗ੍ਰ ਖਰੇ।
ਤਿਮ ਸ੍ਰੀ ਗੁਰ ਚੰਚਲਤਾ ਕਰਿਕੈ। ਕਰਿ ਦਾਵ ਫਿਰੈਂ ਅਸਿ ਕੋ ਧਰਿ ਕੈ॥ ੪੧॥

ਸ਼ੀਘਰਤਾ ਕਰਕੇ ਫਜਾਉਣ ਲਈ ਸ਼ਕਤੀ ਲਾਉਂਦਾ ਹੈ, ਏਧਰ ਉਧਰ ਫਿਰ ਕੇ ਅੱਗੇ ਖੜਾ ਹੋ ਗਿਆ। ਉਸ ਤਰ੍ਹਾਂ ਗੁਰੂ ਜੀ ਵੀ ਚੰਚਲਤਾ ਕਰਕੇ ਤਲਵਾਰ ਫੜ ਕੇ ਦਾਅ ਲਾਉਣ ਵਾਸਤੇ ਫਿਰਦੇ ਹਨ॥੪੧॥

ਕਬਿ ਸੰਮੁਖ ਹੋਇ ਤਕਾਵਤਿ ਹੈਂ। ਚਹਿਂ ਮਾਰਨ ਆਪ ਬਚਾਵਤਿ ਹੈਂ।
ਸਮ ਦੋਨਹੁਂ ਦਾਵ ਬਿਚਾਰਤਿ ਹੈਂ। ਉਛਲੰਤਿ ਮਹਾਂ ਪਗ ਧਾਰਤਿ ਹੈਂ॥ ੪੨॥

ਕਦ ਸਾਹਮਣੇ ਹੋਵੇ, ਤੱਕਦੇ ਹਨ, ਮਾਰਨਾ ਚਾਹੁੰਦੇ ਹਨ, ਆਪਣੇ ਆਪ ਨੂੰ ਬਚਾਉਂਦੇ ਹਨ। ਇਕ ਸਮਾਨ ਦੋਵੇਂ ਦਾਅ ਵਿਚਾਰਦੇ ਹਨ ਤੇ ਬਹੁਤ ਉਛਲ ਕੇ ਪੈਰ ਧਰਦੇ ਹਨ॥੪੨॥

ਗੁਰਵਾਕ ਕਹਜੋ 'ਕਰਿ ਵਾਰ ਪੁਰਾ। ਨਤੁ ਹ੍ਵੈ ਪਛੁਤਾਵਨ ਨਾਂਹਿ ਕਰਾ।
ਮਮ ਵਾਰ ਚਲੇ ਨਹਿਂ ਬਾਚਹਿਂ ਗੋ। ਰਜ ਸ਼੍ਰੋਣਤਿ ਦੀਰਘ ਰਾਚਹਿ ਗੋ'॥ ੪੩॥

ਫਿਰ ਗੁਰੂ ਜੀ ਨੇ ਕਿਹਾ, "ਪੂਰਾ ਵਾਰ ਕਰੋ, ਨਹੀਂ ਤਾਂ ਪਛੁਤਾਵੇਂਗਾ ਕਿ ਤੂੰ ਵਾਰ ਨਹੀਂ ਕੀਤਾ ਹੈ। ਮੇਰੇ ਵਾਰ ਚਲਣ ਨਾਲ ਤੂੰ ਬਚੇਂਗਾ ਨਹੀਂ, ਬਹੁਤ ਖੂਨ ਧਰਤੀ ਵਿਚ ਰਚ ਜਾਵੇਗਾ"॥੪੩॥

ਤਬਿ ਕਾਬਲਬੇਗ ਸ਼ਿਤਾਬ ਕਰੇ। ਇਤ ਊਤਹਿਂ ਫਾਂਦਤਿ ਵਾਰ ਕਰੇ।
ਗੁਰ ਛਾਰ ਕਰੀ ਸੁ ਬਚਾਇ ਗਏ। ਜਬਿ ਛੂਛ ਪਰਜੋ ਤਬਿ ਕ੍ਰੋਧ ਭਏ॥ ੪੪॥

ਤਦ ਕਾਬਲ ਬੇਗ ਨੇ ਬੜੀ ਫੁਰਤੀ ਕੀਤੀ, ਏਧਰ ਉਧਰ ਛਾਲ ਮਾਰ ਕੇ ਵਾਰ ਕਰਦਾ ਸੀ, ਗੁਰੂ ਜੀ ਨੇ ਛਾਲ ਮਾਰ ਕੇ ਆਪਣੇ ਆਪ ਨੂੰ ਬਚਾ ਲਿਆ। ਜਦ ਵਾਰ ਖਾਲੀ ਗਿਆ ਤਾਂ ਕਾਬਲ ਬੇਗ ਗੁੱਸੇ ਵਿਚ ਆਇਆ॥੪੪॥

ਕਰਿ ਨੇਰ ਬਹੋਰ ਪ੍ਰਹਾਰ ਕਰਜੋ। ਨਟ ਕੇ ਸਮ ਫਾਂਦਤਿ ਬੇਗ ਧਰਜੋ।
ਪੁਨ ਢਾਲਿ ਸੁ ਊਪਰ ਰੋਕਿ ਲਯੋ। ਗੁਰ ਆਪਨਿ ਵਾਰ ਪ੍ਰਹਾਰ ਕਿਯੋ॥ ੪੫॥

ਨੇੜੇ ਹੋ ਕੇ ਹੋਰ ਵਾਰ ਕੀਤਾ ਤੇ ਨਟ ਵਾਂਗ ਛਾਲ ਮਾਰ ਕੇ ਫੁਰਤੀ ਕੀਤੀ। ਫਿਰ ਗੁਰੂ ਜੀ ਨੇ ਢਾਲ ਦੇ ਉਪਰ ਰੋਕ ਕੇ ਆਪਣਾ ਵਾਰ ਕੀਤਾ॥੪੫॥

ਤਰ ਨੰਮ੍ਰਿਤ ਭੂਤਲ ਸਾਥ ਛੁਯੋ। ਲਘੁਤਾ ਕਰਿ ਦਾਵ ਬਚਾਇ ਗਯੋ।
ਕਰਵਾਰ ਉਭਾਰਤਿ ਵਾਰ ਕਰਯੋ। ਤਿਰਛੀ ਸੁ ਤਿਛੀ ਹਤਿ ਮਾਨ ਭਰਯੋ॥੪੬॥

ਕਾਬਲ ਬੇਗ ਨਿਊਂਕੇ ਪ੍ਰਿਥਵੀ ਨਾਲ ਛੂਹਿਆ, ਛੋਟਾ ਕਰਕੇ ਦਾਅ ਬਚਾ ਗਿਆ। ਕਾਬਲ ਬੇਗ ਨੇ ਬਾਂਹ ਚੁੱਕ ਕੇ ਵਾਰ ਕੀਤਾ। ਹੰਕਾਰ ਨਾਲ ਭਰੇ ਹੋਏ ਨੇ ਟੇਢੀ ਅਤੇ ਤਿੱਖੀ ਤਲਵਾਰ ਮਾਰੀ॥੪੬॥

ਬਹੁ ਸ਼ੀਘ੍ਰ ਕਰੇ ਸੁ ਬਚਾਇ ਰਹੇ। ਪਿਪਲਾ ਖਗ ਅੱਗ੍ਰ ਸਰੀਰ ਛੁਹੇ।
ਛੁਟਿ ਸ਼੍ਰੋਣ ਬਹਯੋ ਗੁਰ ਚੀਰ ਭਿਗੇ। ਪਿਖਿ ਘਾਵ ਲਗਯੋ ਉਰ ਕੋਪ ਜਗੇ॥੪੭॥

ਗੁਰੂ ਜੀ ਬਹੁਤ ਤੇਜ਼ੀ ਕਰਕੇ ਆਪਣੇ ਆਪ ਨੂੰ ਬਚਾ ਗਏ। ਤਲਵਾਰ ਦੀ ਨੋਕ ਜਾਮੇ ਦੀ ਆਸਤੀਨ ਪਾਸ ਸਰੀਰ ਨੂੰ ਛੂਹ ਗਈ। ਖ਼ੂਨ ਨਿਕਲ ਕੇ ਵਗਿਆ ਤੇ ਗੁਰੂ ਜੀ ਦੇ ਕਪੜੇ ਭਿੱਜ ਗਏ, ਜਦ ਜ਼ਖ਼ਮ ਲੱਗਾ ਤਾਂ ਗੁਰੂ ਜੀ ਦਾ ਗੁੱਸਾ ਜਾਗਿਆ॥੪੭॥

ਭਭਕਾਰ ਪਰੇ ਸਮ ਸ਼ੇਰ ਤਬੈ। ਚਮਕੈ ਸ਼ਮਸ਼ੇਰ ਬਿਲੋਕਿ ਸਬੈ।
ਕਰਿ ਢਾਲ ਸੁ ਅੱਗ੍ਰ ਦਬਾਇ ਲਯੋ। ਕਰਿ ਸ਼ੀਘ੍ਰਤ ਊਭਜਿ ਦੂਰ ਭਯੋ॥੪੮॥

ਉਸ ਸਮੇਂ ਸ਼ੇਰ ਵਾਂਗ ਭਭਕ ਪਏ, ਚਮਕਦੀ ਤਲਵਾਰ ਨੂੰ ਸਭ ਨੇ ਵੇਖਿਆ। ਗੁਰੂ ਜੀ ਨੇ ਢਾਲ ਅੱਗੇ ਕਰਕੇ ਦਬਾ ਲਿਆ ਤੇ ਸ਼ੀਘਰਤਾ ਕਰਕੇ ਕਾਬਲ ਬੇਗ ਦੂਰ ਹੋ ਗਿਆ॥੪੮॥

ਪਿਖਿ ਬੇਗਲਲਾਦਿਕ 'ਸਾਧ' ਕਹਯੋ:-'ਕਰਿ ਘਾਤ, ਕਿਧੌਂ ਗੁਰ ਲੇਹੁ ਗਹਯੋ'।
ਨਹਿਂ ਜਾਨਤਿ ਮੂਢ ਖਿਲਾਵਤਿ ਹੈਂ। ਕ੍ਰਿਤ ਮਾਨਵ ਕੀ ਮਨ ਭਾਵਤਿ ਹੈਂ॥੪੯॥

ਲਲਾ ਬੇਗ ਆਦਿ ਨੇ ਵੇਖ ਕੇ ਸ਼ਾਬਾਸ਼ ਕਿਹਾ, "ਦਾਅ ਲਾਵੇ ਜਾਂ ਗੁਰੂ ਨੂੰ ਫੜ ਲਵੇ।" ਮੂਰਖ ਇਹ ਨਹੀਂ ਜਾਣਦੇ ਕਿ ਗੁਰੂ ਜੀ ਉਸ ਨੂੰ ਖਿਡਾ ਰਹੇ ਹਨ, ਮਨੁੱਖਾਂ ਦੀ ਕ੍ਰਿਤ ਉਨ੍ਹਾਂ ਦੇ ਮਨ ਨੂੰ ਭਾਉਂਦੀ ਹੈ॥੪੯॥

ਚਪਲੰਤਿ ਚਲਯੋ ਪੁਨ ਨੇਰ ਕਿਯੋ। ਲਘੁਤਾ ਦਰਸਾਇ ਹੰਕਾਰ ਹਿਯੋ।
'ਪ੍ਰਥਮੈਂ ਸਮ' ਚਾਹਤਿ 'ਵਾਰ ਕਰੋਂ। ਧਰ ਦ੍ਵੈ ਕਰਿਕੈ ਧਰ ਪੈ ਸੁ ਧਰੋਂ॥੫੦॥

ਛੇਤੀ ਨਾਲ ਚਲ ਕੇ ਨੇੜੇ ਹੋਇਆ ਤੇ ਕਾਬਲ ਬੇਗ ਨੇ ਆਪਣਾ ਹਿਰਦਾ ਹੰਕਾਰ ਨਾਲ ਭਰ ਕੇ ਫੁਰਤੀ ਵਿਖਾਈ। ਚਾਹੁੰਦਾ ਹੈ ਕਿ ਪਹਿਲਾ ਵਾਂਗ ਵਾਰ ਕਰਾਂ ਤੇ ਧੜ ਨੂੰ ਦੋ ਟੋਟੇ ਕਰਕੇ ਧਰਤੀ ਤੇ ਧਰ ਦੇਵਾਂ॥੫੦॥

ਕਰਵਾਰ ਸੰਭਾਰਿ ਉਭਾਰਿ ਮਹਾਂ। ਤਕਿ ਵਾਰ ਪ੍ਰਹਾਰਨਿ ਬੇਗ ਲਹਾ।
ਗੁਰ ਅੱਗ੍ਰ ਭਏ ਬਿਨ ਤ੍ਰਾਸ ਤਬੈ। ਦਿਸ਼ ਦੋਇਨਿ ਕੇ ਭਟ ਠਾਂਢਿ ਸਬੈ॥੫੧॥

ਤਲਵਾਰ ਸੰਭਾਲ ਕੇ ਬਹੁਤ ਉਭਾਰੀ, ਵੇਖ ਕੇ ਬਹੁਤ ਛੇਤੀ ਵਾਰ ਕਰਨਾ ਚਾਹਿਆ। ਤਦ ਗੁਰੂ ਜੀ ਕਿਸੇ ਡਰ ਦੇ ਬਗੈਰ ਅੱਗੇ ਹੋਏ, ਦੋਵਾਂ ਪਾਸਿਆਂ ਦੇ ਸਾਰੇ ਸੂਰਮੇ ਖੜੇ ਸਨ॥੫੧॥

ਰਿਪੁ ਢਾਲਹਿਂ ਢਾਲ ਭਿਰਾਇ ਦਈ। ਕਰਿ ਊਚ ਉਸਾਰਤਿ ਸ਼ੀਘ੍ਰ ਲਈ।
ਬਹੁ ਕਾਬਲ ਬੇਗ ਬਚਾਇ ਰਹਯੋ। ਬਲ ਸਾਥ ਕ੍ਰਿਪਾਨ ਮਹਾਨ ਬਹਯੋ॥੫੨॥

ਵੈਰੀ ਦੀ ਢਾਲ ਨਾਲ ਢਾਲ ਭੜਾ ਦਿੱਤੀ ਤੇ ਛੇਤੀ ਨਾਲ ਕਿਰਪਾਨ ਉੱਚੀ ਉਭਾਰ ਲਈ। ਕਾਬਲ ਬੇਗ ਬਹੁਤ ਬਚਾ ਕਰਦਾ ਰਿਹਾ। ਗੁਰੂ ਜੀ ਨੇ ਬਹੁਤ ਬਲ ਨਾਲ ਕ੍ਰਿਪਾਨ ਦਾ ਵਾਰ ਕੀਤਾ॥੫੨॥

ਲਗਿ ਤੁੰਗ ਸਿਕੰਧਹਿ ਚੀਰ ਦਯੋ। ਅਟਕਯੋ ਨ ਕਹੂੰ ਚਲਿ ਪਾਰ ਭਯੋ।
ਜਿਮ ਹੋਤਿ ਜਨੇਊ ਪਰਯੋ ਗਰ ਮੈਂ। ਤਿਮ ਦੋ ਧਰ ਹੋਇ ਗਿਰਯੋ ਧਰ ਮੈਂ॥੫੩॥

ਉੱਚੇ ਮੋਢੇ ਤੇ ਵੱਜ ਕੇ ਉਸ ਨੂੰ ਚੀਰ ਦਿੱਤਾ, ਤਲਵਾਰ ਰੁਕੀ ਨਹੀਂ ਸਾਰੇ ਸਰੀਰ ਵਿਚੋਂ ਨਿਕਲ ਕੇ ਪਾਰ ਹੋ ਗਈ। ਜਿਵੇਂ ਗਲ ਵਿਚ ਜਨੇਊ ਪਾਇਆ ਹੋਵੇ, ਉਸ ਤਰ੍ਹਾਂ ਧੜ ਹੋ ਕੇ ਧਰਤੀ ਤੇ ਡਿੱਗ ਪਿਆ॥੫੩॥

ਭਟ ਜੋਧ ਸੁ ਆਦਿ ਨਿਹਾਰਤਿ ਹੈਂ। 'ਗੁਰ ਜੈ, ਗੁਰ ਜੈਤਿ' ਉਚਾਰਤਿ ਹੈਂ।
ਲਖਿ ਕੌਤਕ ਆਨੰਦ ਧਾਰਤਿ ਹੈਂ। ਉਤਸਾਹਿ ਕਰੇ ਲਲਕਾਰਤਿ ਹੈਂ॥੫੪॥

ਸੂਰਬੀਰ ਜੋਧ ਆਦਿ ਵੇਖ ਰਹੇ ਹਨ, ''ਗੁਰ ਜੈ, ਗੁਰ ਜੈਤਿ'' ਉਚਾਰਨ ਕਰਦੇ ਹਨ। ਕੌਤਕ ਵੇਖ ਕੇ ਉਨ੍ਹਾਂ ਅਨੰਦ ਧਾਰਨ ਕੀਤਾ ਤੇ ਉਤਸ਼ਾਹ ਵਿਚ ਆ ਕੇ ਲਲਕਾਰਦੇ ਹਨ॥੫੪॥

*ਸੱਤਵੀਂ ਰਾਸ ਦਾ ਉਣੰਜਵਾਂ ਅਧਿਆਇ ਸਮਾਪਤ ਹੋਇਆ॥੪੯॥*

## ਅਧਿਆਇ ਪੰਜਾਹਵਾਂ

### ਕੰਬਰ ਬੇਗ ਬੱਧ

ਦੋਹਰਾ-ਕਾਬਲ ਬੇਗ ਸੁ ਬੇਗ ਹਤਿ ਦੇਖਿ ਤੁਰਕ ਸਰਦਾਰ।
ਸੋਚਤਿ ਚਿਤ ਹਟਿ ਫਰਕ ਕਰਿ ਖਰੇ ਦੂਰਿ ਲਖਿ ਹਾਰ॥੧॥

ਕਾਬਲ ਬੇਗ ਛੇਤੀ ਮਾਰਿਆ ਗਿਆ ਵੇਖ ਕੇ, ਤੁਰਕ ਸਰਦਾਰ ਹਾਰ ਨੂੰ ਵੇਖ ਕੇ ਦੂਰ ਹੱਟ ਕੇ ਫਰਕ ਤੇ ਖੜੇ ਹੋ ਕੇ ਚਿੱਤ ਵਿਚ ਸੋਚਦੇ ਹਨ॥੧॥

ਤੋਟਕ ਛੰਦ-ਪਿਖਿ ਕਾਬਲ ਬੇਗ ਮਰਯੋ ਰਨ ਮੈਂ। ਬਨੀਆ ਜਿਮ ਲੂਟ ਲਯੋ ਬਨ ਮੈਂ।
ਚਿਤ ਬੇਗਲਲਾ ਦੁਖ ਪਾਇ ਘਨੋ। ਬਡ ਬੀਰ ਹਤਯੋ ਗੁਰ ਕਾਲ ਮਨੋ॥੨॥

ਜਦ ਵੇਖਿਆ ਕਿ ਕਾਬਲ ਬੇਗ ਯੁੱਧ ਵਿਚ ਮਰ ਗਿਆ ਹੈ ਤਾਂ ਤੁਰਕ ਸਰਦਾਰ ਇੰਞ ਅਨੁਭਵ ਕਰਦੇ ਸਨ ਜਿਵੇਂ ਕਿਸੇ ਨੇ ਬਾਣੀਏ ਨੂੰ ਜੰਗਲ ਵਿਚ ਲੁੱਟ ਲਿਆ ਹੋਵੇ। ਲਲਾ ਬੇਗ ਚਿੱਤ ਵਿਚ ਬੜਾ ਦੁੱਖੀ ਹੋ ਰਿਹਾ ਸੀ, ਵੱਡੇ ਸੂਰਬੀਰ ਨੂੰ ਮਾਰ ਦਿੱਤਾ ਹੈ, ਮਾਨੋਂ ਗੁਰੂ ਜੀ ਕਾਲ ਰੂਪ ਹਨ॥੨॥

ਅਬਿ ਕੌਨ ਭਿਰੇ ਸਵਧਾਨ ਬਨੈ। ਜੁਤਿ ਸੈਨ ਗੁਰੂ ਕਰਿ ਜੰਗ ਹਨੈ।
ਜਿਸ ਪੈ ਬਿਸਵਾਸ ਹੁਤੋ ਜਯ ਕੋ। ਜਮ ਧਾਮ ਗਯੋ, ਗੁਰ ਦੈ ਭਯ ਕੋ॥੩॥

ਹੁਣ ਕੌਣ ਸੁਚੇਤ ਹੋ ਕੇ ਭਿੜੇ, ਸੈਨਾ ਸਹਿਤ ਗੁਰੂ ਨੂੰ ਜੰਗ ਲੜ ਕੇ ਮਾਰੀਏ। ਜਿਸ ਉਤੇ ਜਿੱਤਣ ਦਾ ਵਿਸ਼ਵਾਸ ਸੀ, ਉਹ ਜਮ ਦੇ ਘਰ ਚਲਾ ਗਿਆ ਹੈ, ਤੇ ਗੁਰੂ ਸਾਨੂੰ ਭੈ ਦੇ ਰਿਹਾ ਹੈ॥੩॥

ਜਹਿਂ ਕਾਬਲਬੇਗ ਖਰੋ ਹੁਇਬੋ। ਥਿਰ ਜੰਗ ਬਹਾਦਰ ਹ੍ਵੈ ਕੁਇਬੋ?।
ਤਿਸ ਹੀਨ ਅਬੈ ਰਨ ਕੌਨ ਕਰੈ?। ਗਹਿ ਆਯੁਧ ਕੋ ਗੁਰ ਅੱਗ੍ਰ ਅਰੈ?॥੪॥

ਜਿਥੇ ਕਾਬਲ ਬੇਗ ਖੜਾ ਹੋਇਆ ਸੀ, ਉਥੇ ਹੁਣ ਬਹਾਦਰੀ ਨਾਲ ਜੰਗ ਕਰਨ ਵਾਸਤੇ ਕੌਣ ਅੱਗੇ ਟਿਕੇ? ਉਸ ਤੋਂ ਬਗੈਰ ਹੁਣ ਯੁੱਧ ਕੌਣ ਕਰੇ? ਜਿਹੜਾ ਹਥਿਆਰ ਫੜ ਕੇ ਗੁਰੂ ਦੇ ਅੱਗੇ ਅੜੇ?॥੪॥

ਮਨ ਦੀਨ ਬਨ੍ਯੋ ਬਹੁ ਬੇਗਲਲਾ। ਪਿਖਿ ਕੰਬਰ ਬੇਗ ਸੁ ਧੀਰ ਭਲਾ।
ਕਹਿ ਬਾਕ 'ਨ ਚਿੰਤ ਕਛੂ ਧਰੀਏ। ਰਣ ਭੀਮ ਰਚੌਂ ਪਿਖਿਬੋ ਕਰੀਏ॥ ੫ ॥

ਲਲਾ ਬੇਗ ਮਨ ਵਿਚ ਬੜਾ ਦੀਨ ਬਣਿਆ, ਕੰਬਰ ਬੇਗ ਨੇ ਵੇਖ ਕੇ ਜਿਹੜਾ ਬੜਾ ਧੀਰਜਵਾਨ ਸੀ, ਕਿਹਾ, "ਚਿੰਤਾ ਨਾ ਕਰੋ, ਮੈਂ ਵੱਡਾ ਯੁੱਧ ਰਚਾਂਗਾ ਤੁਸੀਂ ਵੇਖੋ॥੫॥

ਗਨ ਸ਼ੱਤ੍ਰੁਨਿ ਕੋ ਤਰਵਾਰਨਿ ਸੋਂ। ਕਤਲਾਮ ਕਰੌਂ ਬਹੁ ਵਾਰਨ ਸੋਂ'।
ਪੰਜ ਸੈ ਅਸਵਾਰਨਿ ਸੰਗ ਲਏ। ਨਿਜ ਦੁੰਦਭਿ ਦੋਹਰ ਚੋਬ ਦਏ॥ ੬ ॥

ਮੈਂ ਵੈਰੀਆਂ ਨੂੰ ਤਲਵਾਰਾਂ ਦੇ ਬਹੁਤ ਵਾਰ ਕਰਕੇ ਕਤਲ ਕਰ ਦਿਆਂਗਾ। "ਪੰਜ ਸੌ ਅਸਵਾਰ ਆਪਣੇ ਨਾਲ ਲਏ ਤੇ ਆਪਣੇ ਨਗਾਰੇ ਤੇ ਦੋਹਰਾ ਡੱਗਾ ਲਗਵਾਇਆ॥੬॥

ਤੁਪਕਾਨਿ ਚਲਾਵਤਿ ਨੇਰ ਕਰ੍ਯੋ। ਨਿਜ ਹਾਰ ਲਖੇ ਉਰ ਕੋਪ ਭਰ੍ਯੋ।
ਗੁਰ ਕੇ ਤਨ ਘਾਵ ਲਘੂ ਜੁ ਲਗ੍ਯੋ। ਛੁਟਿ ਸ਼੍ਰੋਣਤਿ ਚੀਰ ਸੁ ਰੰਗ ਪਗ੍ਯੋ॥ ੭ ॥

ਗੋਲੀਆਂ ਚਲਾਉਂਦਾ ਨੇੜੇ ਆ ਗਿਆ, ਆਪਣੀ ਹਾਰ ਸਮਝ ਕੇ ਹਿਰਦੇ ਵਿਚ ਬੜੇ ਕ੍ਰੋਧ ਨਾਲ ਭਰਿਆ ਸੀ। ਗੁਰੂ ਜੀ ਦੇ ਸਰੀਰ ਨੂੰ ਛੋਟਾ ਜਿਹਾ ਜ਼ਖਮ ਲੱਗਾ ਸੀ, ਖੂਨ ਨਿਕਲ ਕੇ ਕਪੜੇ ਰੰਗੇ ਗਏ ਸਨ॥੭॥

ਉਤਰ੍ਯੋ ਤਤਕਾਲਹਿਂ ਜੋਧਿ ਬਲੀ। ਤਿਹ ਬੰਧਤਿ ਭਾ ਪਟ ਰੀਤਿ ਭਲੀ।
ਗੁਰ ਸ਼ੀਘ੍ਰ ਤੁਰੰਗ ਚਢੇ ਰਣ ਮੈਂ। ਨਹਿਂ ਮਾਨਤਿ ਘਾਵ ਲਗ੍ਯੋ ਤਨ ਮੈਂ॥ ੮ ॥

ਸੂਰਬੀਰ ਰਾਇ ਜੋਧ ਫੌਰਨ ਆਪਣੇ ਘੋੜੇ ਤੋਂ ਉਤਰਿਆ ਤੇ ਭਲੀ ਰੀਤੀ ਨਾਲ ਉਸ ਜ਼ਖਮ ਉਤੇ ਪੱਟੀ ਬੰਨ੍ਹ ਦਿੱਤੀ, ਗੁਰੂ ਜੀ ਛੇਤੀ ਹੀ ਘੋੜੇ ਤੇ ਸਵਾਰ ਹੋ ਗਏ, ਉਨ੍ਹਾਂ ਨੇ ਆਪਣੇ ਸਰੀਰ ਨੂੰ ਲੱਗੇ ਜ਼ਖਮ ਦੀ ਕੋਈ ਪ੍ਰਵਾਹ ਨਾ ਕੀਤੀ॥੮॥

ਇਤਨੇ ਮਹਿਂ ਕੰਬਰਬੇਗ ਅਯੋ। ਬਹੁ ਸੂਰਨ ਕੋ ਨਿਜ ਸੰਗ ਲਯੋ।
ਕਰ ਜੋਰਿ ਕਹ੍ਯੋ ਤਬਿ ਜੋਧ ਬਲੀ। 'ਰਣ ਆਪ ਬਿਲੋਕਹੁ ਰੀਤਿ ਭਲੀ॥ ੯ ॥

ਏਨੇ ਵਿਚ ਕੰਬਰ ਬੇਗ ਆ ਗਿਆ, ਬਹੁਤ ਸੂਰਮੇ ਉਸ ਨਾਲ ਲਏ ਸਨ। ਹੱਥ ਜੋੜ ਕੇ ਫਿਰ ਬਲਵਾਨ ਰਾਇ ਜੋਧ ਨੇ ਗੁਰੂ ਜੀ ਨੂੰ ਕਿਹਾ, "ਤੁਸੀਂ ਹੁਣ ਭਲੀ ਰੀਤੀ ਨਾਲ ਯੁੱਧ ਵੇਖੋ॥੯॥

ਮੁਝ ਆਇਸੁ ਦੇਹੁ ਸੰਘਾਰ ਕਰੌਂ। ਤੁਰਕਾਨਿ ਮਹਾਂ ਰਿਪੁ ਤੇਜ ਹਰੌਂ'।
ਢਿਗ ਦੂਤ ਸੁ ਬੂਝਨ ਕੀਨਿ ਤਬੈ। 'ਇਹੁ ਕੌਨ ਅਯੋ ਰਣ ਹੇਤੁ ਅਬੈ ?' ॥੧੦॥

ਮੈਨੂੰ ਆਗਿਆ ਦੇਵੋ ਮੈਂ ਇਨ੍ਹਾਂ ਦਾ ਵਿਨਾਸ਼ ਕਰਾਂ, ਵੱਡੇ ਵੈਰੀ ਤੁਰਕਾਂ ਦੇ ਤੇਜ ਨੂੰ ਖੋਹ ਲਵਾਂ।"? ਤਦ ਗੁਰੂ ਜੀ ਨੇ ਆਪਣੇ ਪਾਸ ਖੜੇ ਹਸਨ ਖਾਂ ਦੂਤ ਨੂੰ ਪੁਛਿਆ, "ਲੜਨ ਵਾਸਤੇ ਹੁਣ ਇਹ ਕੌਣ ਆਇਆ ਹੈ ?" ॥੧੦॥

ਕਰ ਜੋਰਿ ਉਚਾਰਨਿ ਦੂਤ ਕਰੀ:-'ਸੁਨਿਯੇ ਗੁਰ ਪੀਰ ਰਿਪੂਨਿ ਹਰੀ !।
ਇਹ ਕੰਬਰ ਬੇਗ ਸੁ ਬੇਗ ਅਯੋ। ਭਗਨੀ ਸੁਤ ਮਾਰਤਿ ਕੋਪ ਛਯੋ॥ ੧੧ ॥

ਹੱਥ ਜੋੜ ਕੇ ਦੂਤ ਨੇ ਕਿਹਾ, "ਹੇ ਵੈਰੀਆਂ ਨੂੰ ਮਾਰਨ ਵਾਲੇ ਗੁਰੂ ਪੀਰ ਜੀ ! ਸੁਣੋ, ਇਹ ਕੰਬਰ ਬੇਗ ਹੈ ਜਿਹੜਾ ਬੜੀ ਤੇਜ਼ੀ ਨਾਲ ਆਇਆ ਹੈ। ਆਪਣੇ ਭੈਣ ਦੇ ਪੁੱਤਰ ਦੇ ਮਰਨ ਕਾਰਨ ਬੜੇ ਗੁੱਸੇ ਨਾਲ ਆਇਆ ਹੈ॥੧੧॥

ਲਘੁ ਭ੍ਰਾਤ ਲਖੋ ਇਹੁ ਬੇਗਲਲਾ। ਮਰਿ ਹੈ ਅਬਿ ਸੰਘਰ ਠਾਨਿ ਭਲਾ'।
ਸੁਨਿ ਸ੍ਰੀ ਗੁਰ ਆਇਸੁ ਦੇਤਿ ਭਏ। 'ਤੁਮ ਜੋਧ ਬਲੀ ਬਡ ਜੁੱਧ ਕਏ॥ ੧੨ ॥

ਇਹ ਲਲਾ ਬੇਗ ਦਾ ਛੋਟਾ ਭਰਾ ਸਮਝੋ, ਹੁਣ ਲੜਾਈ ਕਰਕੇ ਚੰਗੀ ਤਰ੍ਹਾਂ ਮਾਰਿਆ ਜਾਵੇਗਾ।'' ਇਹ ਸੁਣ ਕੇ ਗੁਰੂ ਜੀ ਨੇ ਰਾਇ ਜੋਧ ਨੂੰ ਆਗਿਆ ਦਿੰਦੇ ਹੋਏ ਕਿਹਾ, ''ਹੇ ਜੋਧ! ਤੁਸੀਂ ਬੜੇ ਬਲਵਾਨ ਹੋ, ਤੇ ਵੱਡੇ-ਵੱਡੇ ਯੁੱਧ ਕੀਤੇ ਹਨ॥੧੨॥

ਹਤਿ ਲੇਹੁ ਇਸੇ ਜਸੁ ਪਾਇ ਭਲੋ। ਗੁਰਬਾਕ ਸੁਨੇ ਹੁਲਸਾਇ ਚਲੋ।
ਬਹੁ ਸੈਨ ਪਠੀ ਪਸ਼ਚਾਤ ਤਿਸੇ। ਚਲਿ ਜਾਤਿ ਹਤੈ ਤੁਪਕਾਂਨਿ ਰਿਸੇ॥੧੩॥

ਇਸ ਨੂੰ ਮਾਰ ਕੇ ਭਲਾ ਜੱਸ ਪਾਵੋ।'' ਗੁਰੂ ਜੀ ਦੇ ਬਚਨ ਸੁਣ ਕੇ ਪ੍ਰਸੰਨ ਹੋ ਕੇ ਚਲ ਪਿਆ। ਉਸ ਦੇ ਪਿੱਛੇ ਬਹੁਤ ਸੈਨਾ ਭੇਜੀ। ਉਨ੍ਹਾਂ ਨੇ ਚਲਦਿਆਂ ਜਾਂਦਿਆਂ ਹੀ ਬੰਦੂਕਾਂ ਚਲਾ ਕੇ ਬਹੁਤ ਵੈਰੀਆਂ ਨੂੰ ਮਾਰਿਆ॥੧੩॥

ਬਿਚਰੇ ਬਰ ਬੀਰ ਸੁ ਅੱਗ੍ਰ ਭਏ। ਤਜਿ ਟੋਲ ਤੁਫੰਗਨਿ ਛੋਰਿ ਦਏ।
ਕੜਕਾਰਨ ਕੇ ਬਡ ਨਾਦ ਉਠੇ। ਲਗਿ ਗੋਰਨਿ ਤੇ ਧਰ ਸੂਰ ਲੁਠੇ॥੧੪॥

ਸ੍ਰੇਸ਼ਟ ਸੂਰਬੀਰ ਅੱਗੇ ਹੋ ਕੇ ਚਲੇ ਤੇ ਟੋਲੇ ਛੱਡ ਕੇ ਉਨ੍ਹਾਂ ਨੇ ਬੰਦੂਕਾਂ ਚਲਾਈਆਂ। ਕੜ-ਕੜ ਕਰਨ ਦੀ ਬੜੀ ਉੱਚੀ ਆਵਾਜ਼ ਪੈਦਾ ਹੋਈ। ਗੋਲੀਆਂ ਲੱਗਣ ਨਾਲ ਸੂਰਮੇ ਧਰਤੀ ਤੇ ਲੁੱਛਦੇ ਸਨ॥੧੪॥

ਤਬਿ ਜੋਧ ਰੁ ਕੰਬਰ ਬੇਗ ਭਿਰੇ। ਹੁਇ ਸੰਮੁਖ ਤੇਜ਼ ਤੁਰੰਗ ਕਰੇ।
ਦੁਹੂੰ ਓਰਨਿ ਤੀਰ ਚਲਾਵਤਿ ਹੈਂ। ਹਯ ਕੋ ਚਪਲਾਇ ਬਚਾਵਤਿ ਹੈਂ॥੧੫॥

ਤਦ ਰਾਇ ਜੋਧ ਤੇ ਕੰਬਰ ਬੇਗ ਦਾ ਭੇੜ ਹੋਇਆ, ਘੋੜਿਆਂ ਨੂੰ ਤੇਜ਼ ਕਰਕੇ ਉਹ ਇਕ ਦੂਸਰੇ ਦੇ ਸਾਹਮਣੇ ਹੋਏ। ਦੋਵਾਂ ਪਾਸਿਆਂ ਤੋਂ ਤੀਰ ਚਲਦੇ ਸਨ, ਘੋੜਿਆਂ ਨੂੰ ਚੰਚਲ ਕਰਕੇ ਆਪਣੇ ਆਪ ਨੂੰ ਬਚਾਉਂਦੇ ਸਨ॥੧੫॥

ਧਨੁ ਤਾਨਤਿ ਕਾਨ ਛੁਵਾਵਤਿ ਹੈਂ। ਕਰਿ ਪੂਰਨ ਸ਼ੱਤ੍ਰੂ ਤਕਾਵਤਿ ਹੈਂ।
ਉਰ ਰੋਸ ਭਰੇ ਲਲਕਾਰਤਿ ਹੈਂ। ਭਟ ਅੱਗ੍ਰ ਵਧੈ ਤਿਸ ਮਾਰਤਿ ਹੈਂ॥੧੬॥

ਧਨੁੱਖ ਨੂੰ ਤਾਣ ਕੇ ਕੰਨਾਂ ਨੂੰ ਛੁਹਾਉਂਦੇ ਹਨ ਤੇ ਪੂਰੇ ਜ਼ੋਰ ਨਾਲ ਖਿੱਚ ਕੇ ਵੈਰੀ ਨੂੰ ਮਾਰਦੇ ਹਨ। ਹਿਰਦੇ ਵਿਚ ਰੋਸ ਭਰ ਕੇ ਲਲਕਾਰਦੇ ਹਨ, ਜਿਹੜਾ ਸੂਰਮਾ ਅੱਗੇ ਵੱਧਦਾ ਹੈ, ਉਸ ਨੂੰ ਮਾਰਦੇ ਹਨ॥੧੬॥

ਉਤ ਕੰਬਰ ਬੇਗ ਰੁ ਜੋਧ ਬਲੀ। ਸਰ ਛੋਰਨਿ ਕੀ ਬਿਧਿ ਜਾਨਿ ਭਲੀ।
ਜਿਸ ਕੇ ਤਨ ਮੈਂ ਤਕ ਮਾਰਤਿ ਹੈਂ। ਬਿਨ ਪ੍ਰਾਨ ਕਰੇ ਧਰ ਡਾਰਤਿ ਹੈਂ॥੧੭॥

ਓਧਰ ਕੰਬਰ ਬੇਗ ਤੇ ਜੋਧ ਸੂਰਮੇ ਤੀਰ ਚਲਾਉਣ ਦੀ ਵਿਧੀ ਭਲੀ ਪ੍ਰਕਾਰ ਜਾਣਦੇ ਹਨ। ਜਿਸ ਦੇ ਵੀ ਸਰੀਰ ਨੂੰ ਤਕ ਕੇ ਮਾਰਦੇ ਹਨ, ਪ੍ਰਾਣ ਰਹਿਤ ਕਰਕੇ ਧਰਤੀ ਤੇ ਸੁੱਟ ਦਿੰਦੇ ਹਨ॥੧੭॥

ਲਗਿ ਤੀਰ ਸ਼ਰੀਰਨਿ ਫੋਰਤਿ ਹੈਂ। ਕਰਿ ਸ਼ੀਘ੍ਰ ਖਤੰਗਨਿ ਛੋਰਤਿ ਹੈਂ।
ਜਿਮ ਜੋਧ ਪ੍ਰਹਾਰਤਿ ਬਾਨ ਘਨੇ। ਤਿਮ ਕੰਬਰਬੇਗ ਬਿਸਾਲ ਹਨੇ॥੧੮॥

ਤੀਰ ਲੱਗ ਕੇ ਸਰੀਰਾਂ ਨੂੰ ਪਾੜ ਦਿੰਦੇ ਹਨ, ਬੜੀ ਸ਼ੀਘਰਤਾ ਕਰਕੇ ਤੀਰਾਂ ਨੂੰ ਛੱਡਦੇ ਹਨ। ਜਿਵੇਂ ਜੋਧ ਬਹੁਤ ਤੀਰਾਂ ਦਾ ਵਾਰ ਕਰਦਾ ਹੈ, ਉਸ ਤਰ੍ਹਾਂ ਕੰਬਰ ਬੇਗ ਨੇ ਵੀ ਬਹੁਤ ਸੂਰਮਿਆਂ ਨੂੰ ਮਾਰਿਆ॥੧੮॥

ਕਰਿ ਹੇਲ ਧਕੇਲਤਿ ਪੇਲਨ ਕੋ। ਇਕ ਠੇਲਤਿ ਹ੍ਵੈ ਦਿਢ ਝੇਲਨ ਕੋ।
ਜਬਿ ਸ਼ੱਤ੍ਰੂ ਅਰੇ, ਟਿਕਿ ਜੰਗ ਗਯੋ। ਥਿਤ ਦੂਰ ਤੁਫੰਗਨਿ ਛੋਰਿ ਦਿਯੋ॥੧੯॥

ਹਲਾ ਕਰਕੇ ਪਿੱਛੇ ਧੱਕਦੇ ਹਨ ਤਾਂਕਿ ਡਿੱਗ ਕੇ ਲਤਾੜੇ ਜਾਣ। ਕਈ ਧੱਕਾ ਮਾਰ ਕੇ ਫਿਰ ਆਪ ਵਾਰ ਝੱਲਣ ਲਈ ਜੰਮ ਕੇ ਖੜੇ ਹੋ ਜਾਂਦੇ ਹਨ। ਜਦ ਦੁਸ਼ਮਣ ਅੜ ਗਿਆ ਤੇ ਜੰਗ ਟਿਕ ਗਈ, ਖੜੇ ਹੋ ਕੇ ਦੂਰ ਤਕ ਗੋਲੀਆਂ ਛੱਡੀਆਂ॥੧੯॥

ਤਬਿ ਕੰਬਰ ਬੇਗ ਬਿਲੰਦ ਕੁਪਜੋ। ਮੁਖ ਲਾਲ ਬਿਸਾਲ ਕਰਾਲ ਰੁਪਜੋ।
ਕਰਿ ਅੱਗ੍ਰ ਤੁਰੰਗ ਨਚਾਵਤਿ ਹੈ। ਲਲਕਾਰਤਿ ਬੀਰ ਲਰਾਵਤਿ ਹੈ॥ ੨੦॥

ਫਿਰ ਕੰਬਰ ਬੇਗ ਬਹੁਤ ਗੁੱਸੇ ਵਿਚ ਆਇਆ। ਲਾਲ ਤੇ ਵਿਕਰਾਲ ਚਿਹਰਾ ਬਣਾ ਕੇ ਖੜਾ ਹੋ ਗਿਆ, ਅੱਗੇ ਕਰਕੇ ਘੋੜਾ ਨਚਾਉਣ ਲੱਗਾ। ਲਲਕਾਰ ਕੇ ਸੂਰਬੀਰਾਂ ਨੂੰ ਲੜਾਉਂਦਾ ਸੀ॥੨੦॥

ਵਧਿ ਅੱਗ੍ਰ ਬਿਲੋਕਤਿ ਜੋਧ ਜਹਾਂ। ਕਰਿ ਤੀਰਨਿ ਕੀ ਬਰਖਾ ਸੁ ਤਹਾਂ।
ਜਬਿ ਕੇਤਿਕ ਸੂਰ ਗਿਰਾਇ ਦਿਏ। ਕਰਿ ਹੇਲ ਬਿਸਾਲ ਸੁ ਨੇਰ ਕਿਏ॥ ੨੧॥

ਵੱਧ ਕੇ ਅੱਗੇ ਵੇਖਿਆ ਜਿਥੇ ਰਾਇ ਜੋਧ ਖੜਾ ਸੀ, ਉਧਰ ਤੀਰਾਂ ਦੀ ਵਰਖਾ ਕੀਤੀ। ਜਦ ਕਈ ਸੂਰਬੀਰ ਡੇਗ ਦਿੱਤੇ ਤੇ ਵਿਸ਼ਾਲ ਹੱਲਾ ਕਰਕੇ ਨੇੜੇ ਕਰ ਲਏ॥੨੧॥

ਤਬਿ ਜੋਧ ਕੁਪਜੋ ਨ ਸਹਾਰ ਸਕਜੋ। ਦ੍ਰਿਗ ਲਾਲ ਕਰੇ ਅਰਿ ਓਰ ਤਕਜੋ।
ਨਿਜ ਸੇਵਕ ਤੇ ਖਰ ਸਾਂਗ ਲਈ। ਜਿਸ ਮਹਿਂ ਬਹੁ ਭਾਰਹਿ ਲੋਹੁ ਮਈ॥ ੨੨॥

ਫਿਰ ਜੋਧ ਬਹੁਤ ਗੁੱਸੇ ਵਿਚ ਆਇਆ ਤੇ ਬਰਦਾਸ਼ਤ ਨਾ ਕਰ ਸਕਿਆ ਤੇ ਉਸ ਨੇ ਅੱਖਾਂ ਲਾਲ ਕਰਕੇ ਵੈਰੀ ਵੱਲ ਵੇਖਿਆ। ਆਪਣੇ ਸੇਵਕ ਪਾਸੋਂ ਫਿਰ ਬਰਛੀ ਲਈ, ਜਿਸ ਨੂੰ ਬਹੁਤ ਭਾਰਾ ਲੋਹਾ ਲੱਗਾ ਸੀ॥੨੨॥

ਨਿਜ ਹਾਥ ਗਹੀ ਬਹੁ ਤੋਲਤਿ ਹੈ। 'ਥਿਤ ਹੋਹੁ ਅਬੈ' ਰਿਸ ਬੋਲਤਿ ਹੈ।
ਬਲਵਾਨ ਤੁਰੰਗਮ ਤੇਜ਼ ਕਿਯੋ। ਦਿਸ਼ਿ ਕੰਬਰਬੇਗਹਿ ਛੋਰਿ ਦਿਯੋ॥ ੨੩॥

ਆਪਣੇ ਹੱਥ ਵਿਚ ਫੜ ਕੇ ਉਸ ਨੂੰ ਤੋਲਿਆ ਤੇ ਬੜੇ ਗੁੱਸੇ ਵਿਚ ਕਿਹਾ, "ਹੁਣ ਖੜਾ ਰਹੋ।" ਸ਼ਕਤੀਸ਼ਾਲੀ ਘੋੜੇ ਨੂੰ ਅੱਗੇ ਕੀਤਾ ਤੇ ਕੰਬਰ ਬੇਗ ਵਾਲੇ ਪਾਸੇ ਛੱਡ ਦਿੱਤਾ॥੨੩॥

ਗਰੁਵੀ ਖਰ ਸਾਂਗ ਸੰਭਾਰ ਲਈ। ਜਬਿ ਨੇਰ ਭਯੋ ਬਹੁ ਊਚ ਕਈ।
ਤਬਿ ਕੰਬਰ ਬੇਗ ਨ ਪਾਛ ਮੁਰਜੋ। ਹੁਇ ਸੰਮੁਖ ਕੋ ਨਿਜ ਓਜ ਕਰਜੋ॥ ੨੪॥

ਭਾਰੀ ਬਰਛੀ ਨੂੰ ਸੰਭਾਲ ਲਿਆ, ਜਦ ਬਹੁਤ ਨੇੜੇ ਹੋਇਆ ਤਾਂ ਉਸ ਨੂੰ ਬਹੁਤ ਉੱਚੀ ਕੀਤਾ, ਤਦ ਕੰਬਰ ਬੇਗ ਪਿਛੇ ਨਾ ਮੁੜਿਆ, ਸਾਹਮਣੇ ਹੋ ਕੇ ਆਪਣਾ ਜ਼ੋਰ ਲਾਇਆ॥੨੪॥

ਕਰਵਾਰ ਨਿਕਾਰਤਿ ਨੰਗ ਕਰੀ। ਬਹੁ ਕੀਮਤਿ ਲੋਹ ਪੁਲਾਦ ਖਰੀ।
ਅਟਕੈ ਨ ਲਗੀ ਕਟਿ ਜਾਤਿ ਅਯੰ। ਚਿਤ ਚਾਹਤਿ ਭਾ ਰਿਪੁ ਘਾਤ ਕਿਯੰ॥ ੨੫॥

ਤਲਵਾਰ ਕੱਢਕੇ ਉਸ ਨੰਗੀ ਕੀਤੀ, ਜਿਹੜੀ ਬੜੀ ਕੀਮਤੀ ਲੋਹੇ ਤੇ ਫੌਲਾਦ ਦੀ ਬਣੀ ਸੀ। ਉਹ ਅਟਕਦੀ ਨਹੀਂ ਸੀ ਤੇ ਲੋਹੇ ਨੂੰ ਵੀ ਕੱਟ ਜਾਂਦੀ ਸੀ। ਉਹ ਚਿੱਤ ਵਿਚ ਦੁਸ਼ਮਣ ਨੂੰ ਮਾਰਨਾ ਚਾਹੁੰਦਾ ਸੀ॥੨੫॥

ਤਬਿ ਲੈ ਬਲ ਜੋਧ ਸੰਭਾਰਿ ਘਨੋ। ਖਰ ਸਾਂਗ ਦਈ ਤਿਹ ਗਾਤ ਹਨੋਂ।
ਤਨ ਬੇਧਨਿ ਕੈ ਤਬਿ ਪਾਰ ਪਰੀ। ਨਿਕਸੀ ਬਿਕਸੀ ਬਹੁ ਸ਼੍ਰੋਣ ਭਰੀ॥ ੨੬॥

ਤਦ ਤਕ ਜੋਧ ਨੇ ਆਪਣੀ ਭਾਰੀ ਸ਼ਕਤੀ ਨੂੰ ਸੰਭਾਲ ਕੇ, ਤੇਜ਼ ਬਰਛੀ ਉਸ ਨੂੰ ਮਾਰਨ ਵਾਸਤੇ ਚਲਾਈ। ਉਹ ਫਿਰ ਉਸ ਦੇ ਸਰੀਰ ਨੂੰ ਵਿੰਨ੍ਹ ਕੇ ਪਾਰ ਹੋ ਗਈ ਤੇ ਫਿਰ ਬਹੁਤ ਖ਼ੂਨ ਨਾਲ ਭਰੀ ਹੋਈ ਬਾਹਰ ਨਿਕਲੀ॥੨੬॥

ਝੁਕ ਝੂਮਿ ਝੜਾਕ ਪਰਜੋ ਧਰ ਮੈਂ। ਰਹਿ ਗੀ ਤਰਵਾਰ ਗਹੀ ਕਰ ਮੈਂ।
ਗਰੁਵੀ ਖਰ ਸਾਂਗ ਨਿਕਾਰਿ ਲਈ। ਕਰ ਜੋਧ ਧਰੀ ਛਬਿ ਦੇਤਿ ਭਈ॥ ੨੭॥

ਕੰਬਰ ਬੇਗ ਝੁਕ ਕੇ ਝੂਮ ਕੇ ਧੜਾਕ ਕਰਕੇ ਧਰਤੀ ਤੇ ਡਿੱਗ ਪਿਆ, ਤਲਵਾਰ ਹੱਥ ਵਿਚ ਫੜੀ ਰਹਿ ਗਈ। ਰਾਇ ਜੋਧ ਨੇ ਭਾਰੀ ਬਰਛੀ ਨੂੰ ਫਿਰ ਕੱਢ ਲਿਆ, ਜੋਧ ਦੇ ਹੱਥ ਵਿਚ ਫੜੀ ਉਹ ਬਹੁਤ ਸ਼ੋਭ ਰਹੀ ਸੀ॥੨੭॥

ਤਨ ਲਾਲ ਬਿਸਾਲ ਕਰਾਲ ਸਹੀ। ਲਸ਼ਕੈ ਜਨੁ ਨਾਗਨਿ ਲਾਹ ਲਹੀ।
ਜਿਮ ਜੋਗਨਿ ਬਸਤ੍ਰ ਕਸੁੰਭ ਧਰੇ। ਬਹੁ ਪ੍ਯਾਸਨਿ ਸ਼੍ਰੋਣਤਿ ਪਾਨ ਕਰੇ॥੨੮॥

ਕੰਬਰ ਬੇਗ ਦਾ ਸਰੀਰ ਬੜਾ ਭਿਆਨਕ ਅਤੇ ਲਾਲ ਸੀ, ਉਸ ਨਾਲੋਂ ਮਾਨੋਂ ਨਾਗਨ ਖਿੱਚ ਕੇ ਉਤਾਰੀ ਹੋਈ ਲਿਸ਼ਕ ਰਹੀ ਹੈ। ਜਿਵੇਂ ਜੋਗਨੀ ਨੇ ਕਸੁੰਭੇ ਰੰਗੇ ਕਪੜੇ ਪਾਏ ਹੋਣ ਤੇ ਬਹੁਤ ਪਿਆਸੀ ਹੋ ਕੇ ਲਹੂ ਪੀਵੇ॥੨੮॥

ਸਭਿਹੂੰਨਿ ਬਿਲੋਕਤਿ ਮਾਰਿ ਲਯੋ। ਨ ਬਚਾਵਨ ਕੇ ਸਮਰੱਥ ਭਯੋ।
ਤੁਰਕਾਨਿ ਚਮੂੰ ਪਿਖਿ ਕੋਪ ਕਿਯੋ। ਗਨ ਆਨ ਪਰੇ ਉਤਸਾਹ ਹਿਯੋ॥੨੯॥

ਸਾਰਿਆਂ ਦੇ ਵੇਖਦਿਆਂ ਮਾਰ ਲਿਆ, ਆਪਣੇ ਆਪ ਨੂੰ ਬਚਾਉਣ ਦੇ ਸਮਰੱਥ ਨਾ ਹੋਇਆ। ਤੁਰਕਾਂ ਦੀ ਸੈਨਾ ਵੇਖ ਕੇ ਕ੍ਰੋਧ ਵਿਚ ਆ ਗਈ, ਤੇ ਕਈ ਹਿਰਦੇ ਵਿਚ ਉਤਸ਼ਾਹ ਭਰ ਕੇ ਆ ਪਏ॥੨੯॥

ਜਹਿਂ ਕੰਬਰ ਬੇਗ ਪਰਜੋ ਗਿਰਿ ਕੈ। ਤਹਿਂ ਲੌ ਪਹੁਚੇ ਬਲ ਸੋਂ ਲਰਿ ਕੈ।
ਬਹੁ ਕੀਨਸਿ ਮਾਰ ਤੁਫੰਗਨਿ ਕੀ। ਬਰਖਾ ਬਰਖਾਇ ਖਤੰਗਨਿ ਕੀ॥ ੩੦॥

ਜਿਥੇ ਕੰਬਰ ਬੇਗ ਡਿੱਗਾ ਪਿਆ ਸੀ, ਉਥੋਂ ਤਕ ਬਲ ਨਾਲ ਲੜਦੇ ਹੋਏ ਪਹੁੰਚ ਗਏ। ਬੰਦੂਕਾਂ ਦੀ ਬਹੁਤ ਮਾਰ ਕੀਤੀ ਤੇ ਤੀਰਾਂ ਦੀ ਵਰਖਾ ਵਰਸਾ ਦਿੱਤੀ॥੩੦॥

ਇਕ ਬਾਰਹਿ ਓਰੜ ਆਨ ਪਰੇ। ਭਟ ਜੂਝਤਿ ਆਯੁਧ ਮਾਰਿ ਗਿਰੇ।
ਮਰਿ ਬ੍ਰਿੰਦ ਤੁਰੰਗਮ ਜੰਗ ਬਿਖੈ। ਬਹੁ ਆਮਿਖ ਸ਼੍ਰੋਣਤਿ ਬੀਰ ਪਿਖੈਂ॥ ੩੧॥

ਇਕ ਵਾਰ ਹੀ ਚੜ੍ਹ ਕੇ ਆ ਪਏ, ਸੂਰਮੇ ਹਥਿਆਰ ਵੱਜਣ ਨਾਲ ਡਿੱਗ ਪਏ। ਜੰਗ ਵਿਚ ਬਹੁਤ ਘੋੜੇ ਮਾਰੇ ਗਏ, ਸੂਰਬੀਰ ਬਹੁਤ ਮਾਸ ਅਤੇ ਖੂਨ ਵੇਖਦੇ ਸਨ॥੩੧॥

ਤਜਿ ਖੇਤ ਗਏ ਉਰ ਕਾਤੁਰ ਜੇ। ਫਿਰ ਨਾਂਹਿ ਫਿਰੇ ਡਰ ਆਤੁਰ ਜੇ।
ਤਜਿ ਦੀਨਸਿ ਆਯੁਧ ਧਾਰਨ ਕੋ। ਜਗ ਕਾਰਜ ਕੀਨਿ ਗਵਾਰਨ ਕੋ॥ ੩੨॥

ਜਿਹੜੇ ਕਾਇਰ ਸਨ ਉਹ ਰਣਖੇਤਰ ਛੱਡ ਕੇ ਚਲੇ ਗਏ, ਡਰ ਦੇ ਮਾਰੇ ਆਤੁਰ ਹੋਏ ਉਹ ਦੁਬਾਰਾ ਵਾਪਸ ਨਾ ਆਏ। ਜਿਹੜੇ ਉਨ੍ਹਾਂ ਸ਼ਸਤਰ ਧਾਰਨ ਕੀਤੇ ਸਨ, ਉਨ੍ਹਾਂ ਨੂੰ ਲਾਹ ਦਿੱਤਾ, ਤੇ ਮੂਰਖਾਂ ਨੇ ਜੱਗ ਵਿਚ ਗਵਾਰਾਂ ਵਾਲਾ ਕੰਮ ਕਰਨਾ ਆਰੰਭ ਦਿੱਤਾ, ਭਾਵ ਮਜ਼ਦੂਰੀ ਆਦਿ ਕਰਨ ਲੱਗ ਗਏ॥੩੨॥

ਤਨ ਕੰਪ ਭਯੋ ਉਰ ਤ੍ਰਾਸ ਧਰਜੋ। ਬਹੁ ਬੀਰ ਮਰੇ ਬਡ ਸ੍ਵਾਸ ਭਰਜੋ।
ਘਰ ਜਾਇ ਮਿਲੇ ਪਰਵਾਰਨ ਸੋਂ। ਨ ਸਭਾ ਮੁਖ ਕੀਨਿ ਦਿਖਾਰਨਿ ਕੋ॥ ੩੩॥

ਸਰੀਰ ਕੰਬਦਾ ਸੀ, ਹਿਰਦੇ ਵਿਚ ਇੰਨਾ ਡਰ ਧਾਰਨ ਕੀਤਾ ਸੀ, ਬਹੁਤ ਸੂਰਬੀਰ ਮਰ ਗਏ ਵੇਖਕੇ, ਵੱਡੇ-ਵੱਡੇ ਸਾਹ ਲੈਂਦੇ ਸਨ। ਘਰ ਜਾ ਕੇ ਆਪਣੇ ਪਰਿਵਾਰਾ ਨੂੰ ਮਿਲ ਪਏ, ਤੇ ਸਭਾ ਵਿਚ ਫਿਰ ਮੂੰਹ ਨਾ ਵਿਖਾਇਆ॥੩੩॥

ਪਿਖਿ ਕੈ ਗੁਰ ਸੰਘਰ ਦਾਰੁਨ ਕੋ। ਭਟ ਮਾਰਤਿ ਲੈ ਹੱਥਜਾਰਨ ਕੋ।
ਬਲਵਾਨ ਤੁਰੰਗਮ ਜੋਧ ਤਰੇ। ਅਰਿ ਮਾਰਨ ਕੇ ਗਨ ਕਾਮ ਕਰੇ॥ ੩੪॥

ਗੁਰੂ ਜੀ ਨੇ ਭਿਆਨਕ ਸੰਘਰਸ਼ ਨੂੰ ਵੇਖਿਆ, ਸੂਰਮੇ ਹਥਿਆਰ ਲੈ ਕੇ ਮਾਰਦੇ ਹਨ। ਜੋਧ ਦੇ ਥੱਲੇ ਬੜਾ ਬਲਵਾਨ ਘੋੜਾ ਹੈ ਜਿਹੜਾ ਵੈਰੀਆਂ ਨੂੰ ਮਾਰਨ ਦਾ ਕੰਮ ਕਰਦਾ ਹੈ॥੩੪॥

ਬਿਚ ਜੰਗ ਫਿਰੇ ਜਿਮ ਨਾਚਤਿ ਹੈ। ਅਸਵਾਰ ਕਹੇ ਮਹਿਂ ਬਾਚਤਿ ਹੈ।
ਗੁਲਕਾਂ ਗਨ ਲਾਗਿ ਸਰੀਰ ਗਈ। ਗਨ ਅੰਗਨਿ ਭੰਗਤਿ ਪਾਰ ਭਈ॥ ੩੫॥

ਘੋੜਾ ਜੰਗ ਵਿਚ ਇਸ ਤਰ੍ਹਾਂ ਫਿਰਦਾ ਹੈ ਜਿਵੇਂ ਨੱਚਦਾ ਹੋਵੇ ਤੇ ਅਸਵਾਰ ਦੇ ਕਹੇ ਵਿਚ ਵਿਚਰਦਾ ਹੈ। ਸਰੀਰ ਨੂੰ ਕਈ ਗੋਲੀਆਂ ਲੱਗ ਗਈਆਂ ਹਨ, ਕਈ ਅੰਗ ਤੋੜ ਕੇ ਪਾਰ ਲੰਘ ਗਈਆਂ ਹਨ॥੩੫॥

ਇਕ ਗੋਲ ਲਗੀ ਰਨ ਸੰਮੁਖ ਤੇ। ਤਜਿ ਦੇਹਿ ਗਯੋ ਛੁਟਿਕੈ ਦੁਖ ਤੇ।
ਦੜ ਭੂਮ ਗਿਰਯੋ ਨਹਿਂ ਪ੍ਰਾਨ ਰਹੇ। ਤਬਿ ਜੋਧ ਸੰਭਾਰਤਿ ਓਜ ਲਹੇ॥ ੩੬॥

ਜੰਗ ਵਿਚ ਇਕ ਗੋਲੀ ਸਾਹਮਣੇ ਤੋਂ ਮੱਥੇ ਵਿਚ ਲੱਗੀ, ਘੋੜਾ ਦੁਖੀ ਹੋ ਕੇ ਸਰੀਰ ਤਿਆਗ ਗਿਆ। ਦੜੈ ਕਰਕੇ ਧਰਤੀ ਤੇ ਡਿੱਗ ਪਿਆ ਤੇ ਪ੍ਰਾਣ ਨਾ ਰਹੇ। ਤਦ ਜੋਧ ਨੇ ਆਪਣੀ ਸ਼ਕਤੀ ਨੂੰ ਸੰਭਾਲਿਆ॥੩੬॥

ਪਿਖਿ ਸ਼੍ਰੀ ਹਰਿ ਗੋਬਿੰਦ ਸ਼ੀਘ੍ਰ ਕਹਯੋ। ਅਸੁ ਕਾਬਲਬੇਗ ਸਮੀਪ ਲਹਯੋ।
'ਦਿਹੁ ਜਾਹੁ ਅਬੈ, ਅਸਵਾਰ ਕਰੋ। ਰਣ ਖੇਤ ਰੁਪਯੋ ਪਗ ਨਾਂਹਿ ਟਰੋ' ॥ ੩੭॥

ਇਹ ਵੇਖ ਗੁਰੂ ਹਰਿਗੋਬਿੰਦ ਜੀ ਨੇ ਤੁਰਤ ਕਿਹਾ, ਕਾਬਲ ਬੇਗ ਦਾ ਘੋੜਾ ਪਾਸ ਵੇਖਿਆ ਹੈ, "ਹੁਣ ਜਾ ਕੇ ਇਹ ਘੋੜਾ ਜੋਧ ਨੂੰ ਦੇਵੋ, ਰਣਖੇਤਰ ਬੜਾ ਗਰਮ ਹੈ, ਇਕ ਪੈਰ ਵੀ ਨਾ ਟਲੇ" ॥੩੭॥

ਤਬਿ ਸੇਵਕ ਦੌਰਿ ਗਯੋ ਤਹਿਂਵਾ। ਨਿਜ ਸੈਨ ਸੁ ਜੋਧ ਖਰੋ ਜਹਿਂਵਾ।
'ਤਤਕਾਲ ਚਢੋ ਨਹਿਂ ਦੇਰ ਕਰੋ। ਗੁਰੁ ਕੀਨਿ ਕ੍ਰਿਪਾ ਉਰ ਧ੍ਯਾਨ ਧਰੋ'॥ ੩੮॥

ਤਦ ਸੇਵਕ ਦੌੜ ਕੇ ਉਥੇ ਗਿਆ, ਜਿਥੇ ਜੋਧ ਆਪਣੀ ਸੈਨਾ ਨਾਲ ਖੜਾ ਸੀ ਤੇ ਉਸ ਜਾਇ ਜੋਧ ਨੂੰ ਕਿਹਾ, "ਤੁਰਤ ਇਸ ਘੋੜੇ ਤੇ ਚੜ੍ਹੋ, ਦੇਰ ਨਾ ਕਰੋ, ਗੁਰੂ ਜੀ ਨੇ ਕਿਰਪਾ ਕੀਤੀ ਹੈ, ਹਿਰਦੇ ਵਿਚ ਧਿਆਨ ਧਾਰਨ ਕਰੋ" ॥੩੮॥

ਸੁਨਿ ਆਇਸੁ ਬੰਦਨ ਜੋਧ ਕਰੀ। ਹਯ ਪਾਇ ਨਮੋ ਕਰ ਬਾਗ ਧਰੀ।
ਚਢਿ ਸ਼ੀਘ੍ਰ ਤਿਸੀ ਥਲ ਫੇਰਨਿ ਕੈ। ਹੱਥਯਾਰਨ ਕੇ ਹਿਤ ਪ੍ਰੇਰਨਿ ਕੈ॥ ੩੯॥

ਆਗਿਆ ਸੁਣ ਕੇ ਜੋਧ ਨੇ ਬੰਦਨਾ ਕੀਤੀ, ਘੋੜਾ ਪਾ ਕੇ ਨਮਸਕਾਰ ਕਰਕੇ ਵਾਗ ਫੜੀ। ਘੋੜੇ ਤੇ ਤੁਰਤ ਚੜ੍ਹ ਕੇ ਉਸੇ ਥਾਂ ਫੇਰਿਆ ਤੇ ਹਥਿਆਰ ਚਲਾਉਣ ਵਾਸਤੇ ਪ੍ਰੇਰਿਆ॥੩੯॥

ਮਨ ਮੋਦ ਭਯੋ ਹਤਿ ਤੀਰਨਿ ਕੋ। ਗਨ ਬੇਧਤਿ ਬੀਰ ਸਰੀਰਨਿ ਕੋ।
ਗੁਰ ਕੀ ਦਿਸ਼ਿ ਤੇ ਅਸੁ ਬ੍ਰਿੰਦ ਮਰੇ। ਤੁਰਕਾਨਨਿ ਕੇ ਤਿਮ ਬੀਰ ਪਰੇ॥ ੪੦॥

ਤੀਰ ਚਲਾਉਣ ਵਾਸਤੇ ਮਨ ਬਹੁਤ ਪ੍ਰਸੰਨ ਹੋਇਆ, ਕਿਉਂਕਿ ਉਹ ਸੂਰਮਿਆਂ ਦੇ ਸਰੀਰਾਂ ਨੂੰ ਵਿੰਨ੍ਹਣਾ ਚਾਹੁੰਦਾ ਹੈ। ਗੁਰੂ ਜੀ ਵਾਲੇ ਪਾਸੇ ਬਹੁਤ ਘੋੜੇ ਮਰੇ ਤੇ ਤੁਰਕਾਂ ਵਾਲੇ ਪਾਸੇ ਉਸ ਤਰ੍ਹਾਂ ਹੀ ਬਹੁਤ ਸੂਰਮੇ ਮਰੇ॥੪੦॥

ਤਿਨ ਕੇਰ ਤੁਰੰਗਮ ਧਾਇ ਗਹੇ। ਅਸੁਵਾਰ ਭਏ ਰਣ ਫੇਰ ਚਹੇ।
ਹਯ ਬ੍ਰਿੰਦ ਤਊ ਹਿਹਨਾਵਤਿ ਹੈਂ। ਭਟ ਹੀਨ ਸੁਛੰਦਹਿ ਧਾਵਹਿ ਹੈਂ॥ ੪੧॥

ਉਨ੍ਹਾਂ ਦੇ ਘੋੜੇ ਭੱਜ ਕੇ ਫੜ ਲਏ, ਅਸਵਾਰ ਹੋ ਕੇ ਫਿਰ ਜੰਗ ਕਰਨਾ ਚਾਹੁੰਦੇ ਸਨ, ਫਿਰ ਵੀ ਬਹੁਤ ਘੋੜੇ ਹਿਣਕਦੇ ਸਨ, ਸੱਖਣੇ ਘੋੜੇ ਦੌੜੇ ਫਿਰਦੇ ਹਨ॥੪੧॥

ਦੋਹਰਾ- ਇਮ ਦੁਹਿ ਦਿਸ਼ਿ ਕੇ ਸੂਰਮਾ ਮਾਰੇ ਮਰੇ ਬਿਸਾਲ।
ਕੋਸਨਿ ਲਗਿ ਰਣਭੂਮਕਾ ਜਹਿਂ ਕਹਿਂ ਮਹਾਂ ਕਰਾਲ॥ ੪੨॥

ਇਸ ਤਰ੍ਹਾਂ ਦੋਹਾਂ ਪਾਸਿਆਂ ਦੇ ਬਹੁਤ ਸੂਰਮੇ ਮਰੇ ਅਤੇ ਮਾਰੇ ਗਏ। ਕੋਹਾਂ ਤਕ ਰਣਭੂਮੀ ਫੈਲੀ ਸੀ ਜਿੱਥੇ ਕਿੱਥੇ ਵਿਕਰਾਲ ਝਾਕੀ ਸੀ॥੪੨॥

*ਸੱਤਵੀਂ ਰਾਸ ਦਾ ਪੰਜਾਹਵਾਂ ਅਧਿਆਇ ਸਮਾਪਤ ਹੋਇਆ॥੫੦॥*

# ਅਧਿਆਇ ਇਕਵੰਞਵਾਂ

### ਕਾਸਮ ਬੇਗ ਬੱਧ

*ਦੋਹਰਾ*-ਮਾਰਯੋ ਕੰਬਰਬੇਗ ਜਬਿ ਭਯੋ ਕਸ਼ਟ ਚਿਤ ਪੀਨ।
ਲਲਾਬੇਗ ਆਂਸੂ ਗਿਰੇ ਪ੍ਰਿਯ ਭ੍ਰਾਤਾ ਬਹੁ ਚੀਨ॥ ੧॥

ਜਦ ਕੰਬਰ ਬੇਗ ਮਾਰਿਆ ਗਿਆ ਤਾਂ ਲਲਾ ਬੇਗ ਬਹੁਤ ਦੁੱਖੀ ਹੋਇਆ, ਆਪਣਾ ਪਿਆਰਾ ਭਰਾ ਸਮਝ ਕੇ, ਬਹੁਤ ਹੰਝੂ ਵਗਾਏ॥੧॥

*ਪਾਧੜੀ ਛੰਦ*-ਤਿਹ ਸਿਮਰਿ ਸਿਮਰਿ ਗੁਨ ਕਹਿ ਬਿਸਾਲ। 'ਗੁਜ਼ਰਯੋ ਬਿਲੰਦ ਅਚਰਜ ਕਰਾਲ।
ਮਨ ਲਖੈ ਕੌਨ ਇਹ ਰੀਤਿ ਹੋਇ। ਗਿਰਿ ਭਾਰ ਧਰੈ ਨਰ ਹਾਥ ਕੋਇ॥੨॥

ਉਸ ਦੇ ਵਿਸ਼ਾਲ ਗੁਣ ਯਾਦ ਕਰ ਕਰ ਕੇ ਕਹਿੰਦਾ ਸੀ, "ਵੱਡਾ ਵਿਕਰਾਲ ਅਸਚਰਜ ਗੁਜ਼ਰਿਆ ਹੈ, ਮਨ ਵਿਚ ਕੌਣ ਸਮਝਦਾ ਸੀ ਕਿ ਐਸੀ ਰੀਤੀ ਹੋਵੇਗੀ, ਜਿਵੇਂ ਕੋਈ ਮਨੁੱਖ ਹੱਥ ਤੇ ਪਹਾੜ ਦਾ ਬੋਝ ਧਾਰਨ ਕਰ ਲਵੇ॥੨॥

ਲਸ਼ਕਰ ਬਿਸਾਲ ਮਮ ਸੰਗ ਆਇ। ਬਰਿਆਮ ਬੀਰ ਬਹੁ ਬ੍ਰਿੰਦ ਧਾਇ।
ਜੋ ਸ਼ਾਹੁ ਨਿਕਟਿ ਆਛੋ ਕਹਾਇ। ਜਿਨ ਕਰੇ ਜੰਗ ਨਿਤ ਭਿਰਨਿ ਚਾਇ॥੩॥

ਮੇਰੇ ਨਾਲ ਵੱਡਾ ਲਸ਼ਕਰ ਆਇਆ ਸੀ, ਵਰਿਆਮ ਸੂਰਬੀਰ ਵੱਡੀ ਗਿਣਤੀ ਵਿਚ ਚੜ੍ਹ ਕੇ ਆਏ ਸਨ। ਜਿਹੜੇ ਬਾਦਸ਼ਾਹ ਪਾਸ ਚੰਗੇ ਕਹਾਉਂਦੇ ਸਨ, ਜਿਹੜੇ ਨਿਤ ਜੰਗ ਲੜਦੇ ਸੀ ਤੇ ਭਿੜਨ ਦੀ ਜਿਨ੍ਹਾਂ ਨੂੰ ਸਦਾ ਚਾਹ ਰਹਿੰਦੀ ਸੀ॥੩॥

ਬਡ ਦਰਬ ਚਾਕਰੀ ਲੇਤਿ ਨੀਤ। ਬਹੁ ਲਖਹਿਂ ਦਾਇ ਅਰੁ ਜੰਗ ਰੀਤਿ।
ਇਤ ਆਇ ਸਰਬ ਨੇ ਦੀਨਿ ਪ੍ਰਾਨ। ਗੁਰ ਨਿਕਟਿ ਸੈਨ ਭਟ ਅਲਪ ਜਾਨ॥੪॥

ਨਿਤ ਤਨਖਾਹ ਵਜੋਂ ਬੜਾ ਧਨ ਲੈਂਦੇ ਸਨ, ਬਹੁਤ ਦਾਅ ਅਤੇ ਜੰਗ ਦੀਆਂ ਰੀਤਾਂ ਸਮਝਦੇ ਸਨ। ਇਥੇ ਆ ਕੇ ਸਾਰਿਆਂ ਨੇ ਪ੍ਰਾਣ ਦੇ ਦਿੱਤੇ ਹਨ, ਗੁਰੂ ਪਾਸ ਸੈਨਾ ਅਤੇ ਸੂਰਬੀਰ ਬਹੁਤ ਥੋੜ੍ਹੇ ਜਾਣੇ ਹਨ॥੪॥

ਇਹ ਭਯੋ ਕਹਾਂ, ਨਹਿਂ ਜਾਨਿ ਜਾਇ। ਕਿਮ ਮਰੇ ਸਰਬ ਤਨ ਘਾਇ ਖਾਇ।
ਅਬਿ ਜੀਤ ਆਸ ਕਿਸ ਕੇ ਭਰੋਸ ?। ਕੋ ਕਰੋਂ ਜਤਨ ? ਨਹਿਂ ਹੋਤਿ ਹੋਸ਼॥੫॥

ਇਹ ਕੀ ਹੋ ਗਿਆ ਹੈ, ਜਾਣਿਆਂ ਨਹੀਂ ਜਾਂਦਾ, ਕਿਵੇਂ ਸਾਰੇ ਜ਼ਖਮੀ ਹੋ ਕੇ ਮਰ ਗਏ ਹਨ। ਹੁਣ ਕਿਸ ਦੇ ਭਰੋਸੇ ਜਿੱਤਣ ਦੀ ਆਸ ਕਰਾਂ ? ਕੀ ਯਤਨ ਕਰਾਂ ? ਕੁਝ ਅਕਲ ਨਹੀਂ ਫੁਰਦੀ ਹੈ॥੫॥

ਲਘੁ ਭ੍ਰਾਤ ਹੁਤੋ ਕੰਬਰ ਦਨਾਇ। ਸਭਿ ਲਰਨ ਭੇਤ ਦੇਤੋ ਬਤਾਇ।
ਅਸੁ ਕਹੈ ਕੌਨ ਹੇ ਭ੍ਰਾਤ ਆਇ। ਤੁਝ ਬਿਨਾ ਮੋਹਿ ਨਹਿਂ ਲਰਨ ਦਾਇ॥੬॥

ਛੋਟਾ ਭਰਾ ਕੰਬਰ ਬੇਗ ਬੜਾ ਸਮਝਦਾਰ ਸੀ, ਉਹ ਲੜਾਈ ਕਰਨ ਦੇ ਸਾਰੇ ਭੇਦ ਦੱਸ ਦਿੰਦਾ ਸੀ। ਹੇ ਭਰਾ ! ਇਸ ਤਰ੍ਹਾਂ ਆ ਕੇ ਹੁਣ ਕੌਣ ਸਲਾਹ ਦੇਵੇ, ਤੇਰੇ ਬਗੈਰ ਮੈਨੂੰ ਲੜਨ ਦਾ ਦਾਅ ਨਹੀਂ ਆਉਂਦਾ ਹੈ"॥੬॥

ਸੁਣਿ ਕਾਸਮਬੇਗ ਸੁ ਸ਼ਮਸਬੇਗ। ਬੋਲੇ ਬਿਲੰਦ ਗਹਿ ਹਾਥ ਤੇਗ।
'ਇਹ ਨਹੀਂ ਲਾਇਕੀ ਤੋਹਿ ਕੇਰ। ਜਬਿ ਚਢਜੋ ਸ਼ਾਹੁ ਤੇ ਹੁਇ ਦਲੇਰ॥੭॥

ਇਹ ਸੁਣ ਕੇ ਕਾਸਮ ਬੇਗ ਤੇ ਸ਼ਮਸ ਬੇਗ, ਹੱਥ ਵਿਚ ਤਲਵਾਰਾਂ ਫੜ ਕੇ ਬਹੁਤ ਉੱਚੀ ਬੋਲੇ, "ਤੇਰੇ ਵਾਸਤੇ ਇਹ ਯੋਗ ਨਹੀਂ, ਜਦ ਬਾਦਸ਼ਾਹ ਪਾਸ ਦਲੇਰ ਹੋ ਕੇ ਚੜ੍ਹਾਈ ਕੀਤੀ ਸੀ॥੭॥

ਬਿਚ ਸਭਾ ਤੇਗ ਬੀੜਾ ਉਠਾਇ। ਉਮਰਾਵ ਬ੍ਰਿੰਦ ਦੇਖਤਿ ਬਡਾਇ।
ਸਿਰੁਪਾਉ ਦੀਨਿ ਸਭਿ ਤੇ ਵਧਾਇ। ਨਿਜ ਮੁਖ ਸਲਾਹ ਹਜ਼ਰਤ ਪਠਾਇ॥੮॥

ਭਰੀ ਸਭਾ ਦੇ ਵਿਚ ਤਲਵਾਰ ਦਾ ਬੀੜਾ ਚੁਕਿਆ ਸੀ, ਬਹੁਤ ਉਮਰਾਵ ਨੇ ਵੇਖ ਕੇ ਵਡਿਆਈ ਕੀਤੀ ਸੀ। ਬਾਦਸ਼ਾਹ ਨੇ ਸਭ ਤੋਂ ਵਧੀਆ ਸਿਰੋਪਾ ਦਿੱਤਾ ਤੇ ਬਾਦਸ਼ਾਹ ਨੇ ਆਪਣੇ ਮੁੱਖ ਤੋਂ ਤੁਹਾਡੀ ਸ਼ਲਾਘਾ ਕਰਕੇ ਭੇਜਿਆ॥੮॥

ਜਿਹ ਸ਼ਾਹੁ ਹਮੈਂ ਸੂਬੇ ਬਨਾਇ। ਦੌਲਤ ਬਿਲੰਦ ਜਿਸ ਪਾਸ ਪਾਇ।
ਸਮੁਦਾਇ ਤੁਰੰਗਮ ਅਰੁ ਮਤੰਗ। ਲਸ਼ਕਰ ਤਮਾਮ ਕਹਿ ਕੀਨਿ ਸੰਗ॥੯॥

ਜਿਸ ਬਾਦਸ਼ਾਹ ਸਾਨੂੰ ਸੂਬੇਦਾਰ ਬਣਾਇਆ ਹੈ, ਜਿਸ ਪਾਸੋਂ ਬਹੁਤ ਦੌਲਤ ਪਾਈ ਹੈ, ਬਹੁਤ ਘੋੜੇ ਅਤੇ ਹਾਥੀਆਂ ਸਹਿਤ ਸਾਰਾ ਲਸ਼ਕਰ ਸਾਡੇ ਨਾਲ ਕੀਤਾ ਹੈ॥੯॥

ਤਿਹ ਸ਼ਾਹੁ ਬਾਜ਼ ਕੇ ਲੇਨਿ ਕਾਜ। ਕਹਿ ਰਵਾਂ ਕੀਨਿ ਬਡ ਦੇ ਸਮਾਜ।
ਅਬਿ ਨਿਮਕਹਰਾਮ ਬਨਿਬੋ ਨ ਨੀਕ। ਤਿਹ ਕਰਨ ਕਾਜ ਇਹ ਬਾਤ ਠੀਕ॥੧੦॥

ਉਸ ਬਾਦਸ਼ਾਹ ਦੇ ਘੋੜਿਆਂ ਦੇ ਲੈਣ ਖਾਤਰ, ਸਾਨੂੰ ਬਹੁਤ ਸਾਜ਼ੋ-ਸਾਮਾਨ ਦੇ ਕੇ ਰਵਾਨਾ ਕੀਤਾ ਹੈ, ਹੁਣ ਉਸ ਬਾਦਸ਼ਾਹ ਦਾ ਨਿਮਕਹਰਾਮ ਬਣਨਾ ਚੰਗਾ ਨਹੀਂ, ਉਸ ਕਰਨ ਵਾਸਤੇ ਇਹ ਗੱਲ ਠੀਕ ਹੈ॥੧੦॥

ਸ੍ਰੀ ਹਰਿਗੁਵਿੰਦ ਕੋ ਗਹਹੁ ਧਾਇ। ਕੈ ਸ਼ਸਤ੍ਰ ਸੰਗ ਰਿਪੁ ਜੰਗ ਥਾਇਂ।
ਦੋਨਹੁ ਤੁਰੰਗ ਪ੍ਰਿਯ ਸ਼ਾਹੁ ਜੋਇ। ਲੇ ਕਰਿ ਮਿਲਾਹੁ ਤਬਿ ਨੀਕ ਹੋਇ॥੧੧॥

ਹਮਲਾ ਕਰਕੇ ਸ੍ਰੀ ਹਰਿਗੋਬਿੰਦ ਨੂੰ ਫੜ ਲਵੋ ਜਾਂ ਵੈਰੀ ਨੂੰ ਜੰਗ ਵਿਚ ਥਾਂ ਹੀ ਰਖੋ, ਬਾਦਸ਼ਾਹ ਦੇ ਜਿਹੜੇ ਪਿਆਰੇ ਦੋ ਘੋੜੇ ਹਨ, ਲੈ ਕੇ ਮਿਲਾਓ ਤਦ ਚੰਗੀ ਗੱਲ ਹੁੰਦੀ ਹੈ॥੧॥

ਇਮ ਨਹੀਂ ਬਨੈ ਤਬਿ ਦੇਹੁ ਪ੍ਰਾਨ। ਰਨ ਲਰਨ ਮਰਨ ਹਮਰੋ ਇਮਾਨ।
ਸੁਨਿ ਲਲਾਬੇਗ ਮਨ ਮੈਂ ਬਿਚਾਰਿ। ਇਸ ਸਮੈਂ ਇਨਹੁਂ ਆਛੀ ਉਚਾਰਿ॥੧੨॥

ਜੇ ਇਸ ਤਰ੍ਹਾਂ ਨਹੀਂ ਬਣਦਾ ਹੈ ਤਾਂ ਪ੍ਰਾਣ ਦੇ ਦੇਵੋ, ਰਣਭੂਮੀ ਵਿਚ ਲੜਨਾ-ਮਰਨਾ ਸਾਡਾ ਧਰਮ ਈਮਾਨ ਹੈ।" ਇਹ ਸੁਣ ਕੇ ਲਲਾ ਬੇਗ ਨੇ ਮਨ ਵਿਚ ਵਿਚਾਰ ਕੀਤੀ, ਇਸ ਸਮੇਂ ਇਨ੍ਹਾਂ ਚੰਗੀ ਗੱਲ ਕੀਤੀ ਹੈ॥੧੨॥

ਅਬਿ ਮਰਹੁਂ ਆਪ, ਕੈ ਲੇਹੁਂ ਮਾਰਿ। ਇਸ ਤੇ ਸੁ ਭਲੀ ਨਹਿਂ ਅਪਰ ਕਾਰ।
ਨਿਜ ਪੋਂਛ ਆਂਖ ਹੋਯੋ ਸੁਚੇਤ। ਪੁਨ ਭਯੋ ਤਯਾਰ ਲਰਿਬੇ ਸੁ ਹੇਤੁ॥੧੩॥

ਹੁਣ ਜਾਂ ਆਪ ਮਰ ਜਾਵਾਂਗਾ ਜਾਂ ਮਾਰ ਲਵਾਂਗਾ, ਇਸ ਤੋਂ ਹੋਰ ਕੋਈ ਭਲੀ ਕਾਰ ਨਹੀਂ ਹੈ। ਆਪਣੀਆਂ ਅੱਖਾਂ ਪੂੰਝ ਕੇ ਸੁਚੇਤ ਹੋ ਗਿਆ, ਫਿਰ ਲੜਨ ਵਾਸਤੇ ਤਿਆਰ ਹੋ ਗਿਆ॥੧੩॥

ਪਕਰੀ ਕਮਾਨ ਕਰਰੀ ਮਹਾਨ। ਪਿਖਿ ਕਾਸਮਬੇਗ ਕੀਨਿਸ ਬਖਾਨ।
'ਤੁਮ ਰਹਹੁ ਪੀਠ ਪਰ ਚੋਰ ਪਾਇ। ਹਮ ਲਰਹਿਂ ਜੰਗ ਆਗੇ ਸਿਧਾਇ'॥੧੪॥

ਲਲਾ ਬੇਗ ਨੇ ਧਨੁੱਖ ਫੜਿਆ ਜਿਹੜਾ ਮਹਾਨ ਕਰੜਾ ਸੀ, ਇਹ ਵੇਖ ਕੇ ਕਾਸਮ ਬੇਗ ਨੂੰ ਕਿਹਾ, "ਤੁਸੀਂ ਪਿੱਛੇ ਰਹਿ ਕੇ ਜ਼ੋਰ ਪਾਵੋ, ਅਸੀਂ ਅੱਗੇ ਜਾ ਕੇ ਜੰਗ ਲੜਾਂਗੇ" ॥੧੪॥

ਇਮ ਲਲਾਬੇਗ ਠਹਿਰਾਇ ਪਾਂਛ। ਜੁਗ ਭ੍ਰਾਤ ਚਲੇ ਲਰਿਬੇ ਸੁ ਬਾਂਛ।
ਦੁੰਦਭਿ ਬਜਾਇ ਉਤਸਾਹੁ ਕੀਨਿ। ਬਾਜੀ ਨਚਾਇ ਰਸ ਬੀਰ ਭੀਨ॥ ੧੫॥

ਇਸ ਤਰ੍ਹਾਂ ਲਲਾ ਬੇਗ ਨੂੰ ਪਿਛੇ ਠਹਿਰਾ ਕੇ ਦੋਵੇਂ ਭਰਾ ਬੜੀ ਚਾਹ ਨਾਲ ਲੜਨ ਲਈ ਚਲ ਪਏ। ਨਗਾਰੇ ਵਜਾ ਕੇ ਉਤਸ਼ਾਹ ਕੀਤਾ ਤੇ ਘੋੜੇ ਨਚਾ ਕੇ ਬੀਰ ਰਸ ਵਿਚ ਭਰ ਗਏ॥੧੫॥

ਨਹਿਂ ਗਿਨਤਿ ਥੋਰ ਕੈ ਬਹੁ ਸੁਭੱਟ। ਸਮੁਹਾਇ ਗਮਨ ਕੀਨਸਿ ਦਬੱਟ।
ਤੀਛਨ ਖਤੰਗ ਭੀਖਨ ਪ੍ਰਹਾਰਿ। ਈਛਨ ਬਿਲੋਕਿ ਤਾਕਤਿ ਜੁਝਾਰ॥ ੧੬॥

ਇਹ ਨਹੀਂ ਗਿਣਤੀ ਕੀਤੀ ਕਿ ਸੂਰਬੀਰ ਜ਼ਿਆਦਾ ਹਨ ਕਿ ਘੱਟ, ਸਾਰੇ ਹੀ ਤੁਰਤ ਚਲ ਪਏ। ਤਿੱਖੇ ਤੀਰਾਂ ਦਾ ਭਿਆਨਕ ਵਾਰ ਕੀਤਾ, ਅੱਖਾਂ ਨਾਲ ਯੋਧਿਆਂ ਦੀ ਤਾਕਤ ਵੇਖਦੇ ਸਨ॥੧੬॥

ਜਿਤ ਦਿਸ਼ਾ ਵਧੇ ਗੁਰ ਸੂਰ ਜਾਇਂ। ਤਿਤ ਦਿਸ਼ਾ ਪਰਜੋ ਤੀਰਨਿ ਚਲਾਇ।
ਛੂਟਤਿ ਤੁਫੰਗ ਗੁਲਕਾਂ ਸੜਾਕ। ਪੁਨ ਕਸੈਂ ਫੇਰ ਤੂਰਨ ਤੜਾਕ॥ ੧੭॥

ਜਿਸ ਪਾਸੇ ਗੁਰੂ ਜੀ ਦੇ ਸੂਰਮੇ ਵਧੇ ਜਾਂਦੇ ਸਨ, ਉਸ ਪਾਸੇ ਤੀਰ ਚਲਾਉਂਦੇ ਪਏ ਸਨ। ਬੰਦੂਕਾਂ ਚਲਦੀਆਂ ਸਨ ਤੇ ਗੋਲੀਆਂ ਸਰ-ਸਰ ਕਰਦੀਆਂ ਜਾਂਦੀਆਂ ਸਨ, ਫਿਰ ਗੋਲੀਆਂ ਕੱਸਦੇ ਸਨ ਤੇ ਤੁਰਤ ਤੜ-ਤੜ ਹੋ ਜਾਂਦੀ ਸੀ॥੧੭॥

ਦਿਸ਼ ਦੁਤਿਯ ਬਿਖੈ ਤਿਹ ਅਨੁਜ ਦੋਰ। ਸੋ ਸ਼ਮਸ ਬੇਗ ਬਡ ਪਾਇ ਰੋਰ।
ਗੁਰਬੀਰ ਅੱਗ੍ਰ ਤੇ ਮੋੜਿ ਦੀਨਿ। ਆਯੁਧ ਪ੍ਰਹਾਰ ਬਹੁ ਮਾਰ ਕੀਨਿ॥ ੧੮॥

ਦੂਸਰੇ ਪਾਸੇ ਉਸ ਦਾ ਛੋਟਾ ਭਰਾ ਸੀ, ਜਿਸ ਦਾ ਨਾਂ ਸ਼ਮਸ ਬੇਗ ਸੀ, ਉਹ ਵੱਡਾ ਰੌਲਾ ਪਾ ਰਿਹਾ ਸੀ। ਗੁਰੂ ਜੀ ਦੇ ਯੋਧਿਆਂ ਨੂੰ ਅੱਗੋਂ ਮੋੜ ਦਿੱਤਾ, ਹਥਿਆਰ ਚਲਾ ਕੇ ਬਹੁਤ ਮਾਰ ਕੀਤੀ॥੧੮॥

ਭਟ ਰੇਲ ਪੇਲ ਕਰਿ ਹੇਲ ਧਾਇ। ਜਿਨ ਕੇਰ ਰਿਦੇ ਬਡ ਰੋਸ ਆਇ।
ਤਿਨ ਸੰਗ ਪੰਚ ਸੈ ਬੀਰ ਭੂਰ। ਤਜਿ ਤੁਪਕ ਮਾਰਤੇ ਕ੍ਰੋਧ ਪੂਰਿ॥ ੧੯॥

ਸੂਰਮੇ ਇਕੱਠੇ ਹੋ ਕੇ ਹੱਲਾ ਕਰਕੇ ਦੌੜੇ, ਜਿਨ੍ਹਾਂ ਦੇ ਹਿਰਦਿਆਂ ਵਿਚ ਵੱਡਾ ਰੋਸ ਸੀ। ਉਨ੍ਹਾਂ ਦੇ ਨਾਲ ਪੰਜ ਸੋ ਵੱਡੇ ਸੂਰਬੀਰ ਸਨ। ਬੰਦੂਕਾਂ ਛੱਡ ਕੇ ਬੜੇ ਕ੍ਰੋਧ ਨਾਲ ਮਾਰਦੇ ਸਨ॥੧੯॥

ਨਿਜ ਹਾਰ ਜਾਨਿ ਬਲ ਕਰਿ ਬਿਸਾਲ। ਬਡ ਹਾਲ ਚਾਲ ਮੇਲੀ ਕਰਾਲ।
ਬਹੁ ਕਰਿ ਉਤਾਲ ਬਾਰੂਦ ਡਾਲਿ। ਬਲ ਕੋ ਸੰਭਾਲਿ ਗਜ ਕੋ ਨਿਕਾਲਿ॥੨੦॥

ਆਪਣੀ ਹਾਰ ਸਮਝ ਕੇ, ਵਿਸ਼ਾਲ ਬਲ ਕੀਤਾ ਤੇ ਭਿਆਨਕ ਹਲਚਲੀ ਪਾ ਦਿੱਤੀ। ਬੜੀ ਕਾਹਲੀ ਕਰਕੇ ਬਾਰੂਦ ਪਾਉਂਦੇ ਸਨ ਤੇ ਬਲ ਨੂੰ ਸੰਭਾਲ ਕੇ ਗਜ਼ ਕੱਢਦੇ ਸਨ॥੨੦॥

ਗੁਲਕਾਂਨਿ ਠੋਕ, ਜੁਗ ਪਾਇ ਕੋਇ। ਬਾਰੂਦ ਪਲੀਤਾ ਮੇਲਿ ਸੋਇ।
ਤੋੜਾ ਸੁ ਮੋੜਿ ਜੋੜੈਂ ਚੜ੍ਹਾਇ। ਧਰਿ ਦਸਤਰਵਾ ਤਤਛਿਨ ਚਲਾਇ॥ ੨੧॥

ਗੋਲੀਆਂ ਠੋਕਦੇ ਸਨ, ਕਈ ਦੋ ਗੋਲੀਆਂ ਪਾਉਂਦੇ ਸਨ ਤੇ ਬਾਰੂਦ ਤੇ ਪਲੀਤੇ ਨੂੰ ਮੇਲਦੇ ਸਨ ਤੇ ਤੋੜੇ ਨੂੰ ਮੋੜ ਕੇ ਜੋੜ ਕੇ ਚੜ੍ਹਾ ਦਿੰਦੇ ਸਨ, ਫਿਰ ਸ਼ਿਸਤ ਬੰਨ੍ਹ ਕੇ ਤੁਰਤ ਚਲਾ ਦਿੰਦੇ ਸਨ॥੨੧॥

ਧੁਖਿਯੰਤਿ ਪਲੀਤਾ ਬਾਰ ਬਾਰ। ਬਮਿਯੰਤਿ ਹੁਤਾਸਨ ਹਤਿ ਜੁਝਾਰ।
ਪਿਖਿਯੰਤਿ ਜ੍ਵਾਲ ਸੁਨਿਯੰਤਿ ਨਾਦ। ਕੜਕੰਤਿ ਦੀਹ ਤੜਿਤਾਨਿ ਬਾਦ ॥੨੨ ॥

ਬਾਰ-ਬਾਰ ਪਲੀਤੇ ਧੁੱਖਦੇ ਹਨ, ਅੱਗ ਉਛਲਦੀ ਜਾਂਦੀ ਹੈ ਭਾਵ ਬੰਦੂਕ ਚਲਦੀ ਹੈ ਤਾਂ ਜੋਧੇ ਮਰਦੇ ਹਨ। ਅੱਗ ਦੀ ਜਵਾਲਾ ਨੂੰ ਵੇਖਦੇ ਹਨ ਤੇ ਬੜੀ ਉੱਚੀ ਆਵਾਜ਼ ਸੁਣਦੇ ਹਨ, ਮਾਨੋਂ ਭਿਆਨਕ ਬਿਜਲੀਆਂ ਦਾ ਕੜਕਾਰ ਹੁੰਦਾ ਹੈ॥੨੨॥

ਲਗਿਯੰਤਿ ਅੰਗ ਘੁਮਿਯੰਤ ਬੀਰ। ਗਿਰਿਯੰਤਿ ਭੂਮ ਝੂਮਤਿ ਸੁ ਧੀਰ।
ਦਰਿਯੰਤਿ ਗਿਰੇ ਭਜਿਯੰਤਿ ਬਾਜ। ਤਜਿਯੰਤਿ ਪ੍ਰਾਣ ਨਿਜ ਸ੍ਵਾਮਿ ਕਾਜ ॥੨੩ ॥

ਗੋਲੀਆਂ ਸੂਰਮਿਆਂ ਦੇ ਅੰਗਾਂ ਨੂੰ ਲਗਦੀਆਂ ਹਨ ਤੇ ਉਹ ਘੁੰਮਦੇ ਹਨ, ਉਹ ਧੀਰਜਵਾਨ ਝੂਮ ਕੇ ਧਰਤੀ ਉਤੇ ਡਿੱਗ ਪੈਂਦੇ ਹਨ। ਉਹ ਫਿਰ ਭੱਜੇ ਜਾਂਦੇ ਘੋੜਿਆਂ ਦੇ ਥੱਲੇ ਆ ਕੇ ਦਰੜੇ ਜਾਂਦੇ ਹਨ। ਉਹ ਆਪਣੇ ਮਾਲਕ ਦੇ ਕਾਰਜ ਵਾਸਤੇ ਪ੍ਰਾਣ ਛੱਡ ਜਾਂਦੇ ਹਨ॥੨੩॥

ਜਹਿਂ ਕਹਿਂ ਪੁਕਾਰ ਊਚੇ ਉਚਾਰਿ। ਸੁਰ ਲੋਕ ਜਾਤਿ ਸੰਮੁਖ ਜੁਝਾਰ।
ਗਨ ਦੇਵ ਬਧੂ ਹੁਲਸੰਤਿ ਆਇ। ਕੇਸਰ, ਸਨੇਹ ਨਿਜ ਸਿਰ ਚਢਾਇ ॥ ੨੪ ॥

ਜਿੱਥੇ ਕਿੱਥੇ ਬਹੁਤ ਉੱਚੀ ਪੁਕਾਰਦੇ ਹਨ, ਸਾਹਮਣੇ ਰਹਿਣ ਵਾਲੇ ਯੋਧੇ ਦੇਵਲੋਕ ਵਿਚ ਚਲੇ ਜਾਂਦੇ ਹਨ। ਦੇਵਤਿਆਂ ਦੀਆਂ ਬਹੁਤ ਇਸਤਰੀਆਂ ਬੜੀਆਂ ਪ੍ਰਸੰਨ ਹੋ ਕੇ ਆਉਂਦੀਆਂ ਹਨ, ਕੇਸਰ ਤੇ ਤੇਲ ਉਨ੍ਹਾਂ ਆਪਣੇ ਸਿਰਾਂ ਨੂੰ ਲਾਇਆ ਹੁੰਦਾ ਹੈ॥੨੪॥

ਭਟ ਬਰਹਿਂ ਆਨ ਜੋ ਦੇਤਿ ਪ੍ਰਾਨ। ਲੇਤੀ ਚਢਾਇ ਸੁੰਦਰ ਬਿਮਾਨ।
ਉਤਸਵ ਕਰੰਤਿ ਨਿਜ ਬਯਾਹ ਜਾਨਿ। ਮਿਲਤੀ ਸੁ ਬੀਰ ਮੁਦ ਮਾਨਿ ਮਾਨਿ ॥੨੫ ॥

ਜਿਹੜਾ ਵੀ ਸੂਰਬੀਰ ਪ੍ਰਾਣ ਛੱਡਦਾ ਹੈ, ਉਹ ਉਸ ਨੂੰ ਆ ਕੇ ਵਰ ਲੈਂਦੀਆਂ ਹਨ ਤੇ ਫਿਰ ਸੁੰਦਰ ਵਿਮਾਨਾਂ ਵਿਚ ਚੜ੍ਹਾ ਲੈਂਦੀਆਂ ਹਨ। ਆਪਣਾ ਵਿਆਹ ਜਾਣ ਕੇ ਬਹੁਤ ਉਤਸਵ ਕਰਦੀਆਂ ਹਨ, ਉਹ ਸ੍ਰੇਸ਼ਟ ਯੋਧਿਆਂ ਨੂੰ ਪ੍ਰਸੰਨ ਹੋ ਕੇ ਬਹੁਤ ਮਾਣ ਮੰਨ ਕੇ ਮਿਲਦੀਆਂ ਹਨ॥੨੫॥

ਇਮ ਮਚਯੋ ਜੰਗ ਦਾਰੁਨ ਘਨੇਰ। ਮਿਲਿ ਗਏ ਬਦਨ, ਭਾ ਅਧਿਕ ਭੇਰ।
ਚਮਕੰਤਿ ਖੜਗ ਢਲਕੰਤਿ ਢਾਲ। ਕਟਿਯੰਤਿ ਅੰਗ ਉਛਲੰਤਿ ਛਾਲ ॥੨੬ ॥

ਇਸ ਤਰ੍ਹਾਂ ਭਿਆਨਕ ਜੰਗ ਮੱਚਿਆ, ਵੱਡਾ ਭੇੜ ਹੋਇਆ ਤੇ ਚਿਹਰੇ ਆਪਸ ਵਿਚ ਮਿਲ ਗਏ। ਤਲਵਾਰਾਂ ਚਮਕਦੀਆਂ ਸਨ ਤੇ ਢਾਲਾਂ ਹੇਠਾਂ ਉਪਰ ਕਰਕੇ ਘੁਮਾਉਂਦੇ ਸਨ। ਅੰਗ ਕੱਟੇ ਜਾਂਦੇ ਸਨ ਤੇ ਛਾਲਾਂ ਮਾਰ ਕੇ ਉਛਲਦੇ ਸਨ॥੨੬॥

ਖਿਚਿਯੰਤਿ ਚਾਂਪ ਤਜਿਯੰਤਿ ਤੀਰ। ਘਲਿਯੰਤਿ ਘਾਵ ਭਜਿਯੰਤਿ ਭੀਰੁ।
ਮਚਿਯੰਤਿ ਰੋਰ ਭਭਕੰਤਿ ਬੀਰ। ਬਹਿਯੰਤਿ ਸ੍ਰੋਣ ਸੂਰਨਿ ਸਰੀਰ॥ ੨੭॥

ਧਨੁੱਖਾਂ ਨੂੰ ਵੇਖਦੇ ਹਨ ਤੇ ਤੀਰ ਛੱਡਦੇ ਹਨ, ਸੂਰਮੇ ਜ਼ਖਮੀ ਹੁੰਦੇ ਹਨ ਤੇ ਕਾਇਰ ਭੱਜ ਜਾਂਦੇ ਹਨ। ਰੌਲਾ ਮੱਚਿਆ ਹੈ, ਸੂਰਬੀਰ ਭਬਕਾਂ ਮਾਰਦੇ ਹਨ ਤੇ ਸੂਰਮਿਆਂ ਦੇ ਸਰੀਰਾਂ ਚੋਂ ਲਹੂ ਵਹਿੰਦਾ ਹੈ॥੨੭॥

ਜੁਗ ਭ੍ਰਾਤ ਏਵ ਜਬਿ ਕੀਨਿ ਜੰਗ। ਤਬਿ ਬਿਧੀਚੰਦ ਬਡ ਕੋਪ ਸੰਗ।
'ਪ੍ਰਭੁ ਕਰਹੁ ਹੁਕਮ ਇਨ ਸਮੁਖ ਜਾਉਂ। ਹੱਥਜਾਰ ਮਾਰ ਕਰਿ ਬ੍ਰਿੰਦ ਘਾਉ ॥੨੮ ॥

ਦੋਵਾਂ ਭਰਾਵਾਂ ਨੇ ਜਦ ਇਸ ਤਰ੍ਹਾਂ ਜੰਗ ਕੀਤੀ, ਤਦ ਬਿਧੀ ਚੰਦ ਨੇ ਬੜੇ ਗੁੱਸੇ ਨਾਲ ਕਿਹਾ, "ਪ੍ਰਭੂ ਜੀ! ਮੈਨੂੰ ਆਗਿਆ ਦੇਵੋ, ਇਨ੍ਹਾਂ ਦੇ ਮੈਂ ਸਾਹਮਣੇ ਜਾਵਾਂ, ਹਥਿਆਰ ਮਾਰ ਕੇ ਬਹੁਤਿਆਂ ਨੂੰ ਜ਼ਖਮੀ ਕਰਾਂ"॥੨੮॥

**ਗੁਰ ਕਹਯੋ 'ਮਲਕ ਜਾਤੀ ਜਿ ਬਿੱਪ੍ਰ। ਇਸ ਲੇਹੁ ਸੰਗ, ਹਤਿ ਦੇਹੁ ਛਿੱਪ੍ਰ।**
**ਕਛੁ ਰਹੇ ਅਲਪ ਰਣ ਅੰਤ ਆਇ। ਨਿਜ ਤਨ ਬਚਾਇ ਦਿਉ ਰਿਪੁਨਿ ਘਾਇ ॥੨੯॥**

ਗੁਰੂ ਜੀ ਨੇ ਕਿਹਾ, "ਜਿਹੜਾ ਜਾਤੀ ਮਲਕ ਨਾਮੀਂ ਬ੍ਰਾਹਮਣ ਹੈ ਉਸ ਨੂੰ ਆਪਣੇ ਨਾਲ ਲੈ ਲਵੋ ਤੇ ਤੁਰਤ ਮਾਰ ਦੇਵੋ। ਰਣਖੇਤਰ ਵਿਚ ਅੰਤ ਵਿਚ ਥੋੜ੍ਹੇ ਰਹਿ ਜਾਣਗੇ, ਆਪਣੇ ਸਰੀਰ ਨੂੰ ਬਚਾ ਕੇ ਵੈਰੀਆਂ ਨੂੰ ਮਾਰ ਦੇਵੋ"॥੨੯॥

ਰਸਾਵਲ ਛੰਦ- **ਬਿਧੀਚੰਦ ਛੀਨਾ। ਗੁਰੂ ਬਾਕ ਲੀਨਾ। ਦਿਜੰ ਸੰਗ ਕੀਨਾ। ਮਨੋ ਦ੍ਰੋਣ ਚੀਨਾ ॥੩੦॥**

ਬਿਧੀ ਚੰਦ ਛੀਨੇ ਨੇ ਗੁਰੂ ਜੀ ਦਾ ਹੁਕਮ ਪ੍ਰਾਪਤ ਕੀਤਾ, ਬ੍ਰਾਹਮਣ ਨੂੰ ਆਪਣੇ ਨਾਲ ਲੈ ਲਿਆ, ਮਾਨੋਂ ਉਸ ਨੂੰ ਦ੍ਰੋਣਾਚਾਰੀਆ ਸਮਝਿਆ॥੩੦॥

**ਚਲਯੋ ਧਾਇ ਐਸੇ। ਛੁਟਯੋ ਬਾਜ਼ ਜੈਸੇ। ਗੁਰੂ ਰੋਕਿ ਰਾਖਾ। ਨਹੀਂ ਬਾਕ ਨਾਖਾ ॥੩੧॥**

ਇਸ ਤਰ੍ਹਾਂ ਭੱਜ ਕੇ ਗਿਆ, ਮਾਨੋਂ ਬਾਜ਼ ਛੁੱਟਿਆ ਹੋਵੇ। ਗੁਰੂ ਜੀ ਨੇ ਹਾਲੇ ਤਕ ਇਸ ਨੂੰ ਰੋਕ ਰੱਖਿਆ ਸੀ ਤੇ ਉਸ ਨੇ ਵੀ ਹੁਕਮ-ਅਦੂਲੀ ਨਹੀਂ ਸੀ ਕੀਤੀ॥੩੧॥

**ਅਬੈ ਦੀਨਿ ਆਗਜਾ। ਰਸੈ ਬੀਰ ਪਾਗਜਾ। ਜਥਾ ਸ਼ੇਰ ਛੋਰਾ। ਗਯੋ ਸ਼ੱਤ੍ਰੂ ਓਰਾ ॥੩੨॥**

ਹੁਣੇ ਆਗਿਆ ਦਿੱਤੀ, ਤਾਂ ਬੀਰ ਰਸ ਵਿਚ ਰੰਗਿਆ ਗਿਆ, ਜਿਵੇਂ ਸ਼ੇਰ ਨੂੰ ਛੱਡਿਆ ਹੋਵੇ, ਵੈਰੀ ਵਲ ਗਿਆ॥੩੨॥

**ਤਕੇ ਤੀਰ ਮਾਰੇ। ਗਏ ਫੋਰ ਪਾਰੇ। ਚਲਯੋ ਬੀਰ ਜੇਠਾ। ਗੁਰੂ ਸਿੱਖ ਜੇਠਾ ॥੩੩॥**

ਨਿਸ਼ਾਨਾ ਬੰਨ੍ਹ ਕੇ ਤੀਰ ਮਾਰੇ, ਸਰੀਰਾਂ ਨੂੰ ਵਿੰਨ੍ਹ ਕੇ ਪਾਰ ਹੋ ਗਏ, ਜੇਠਾ ਨਾਮੀ ਸੂਰਮਾ ਵੀ ਚਲਿਆ, ਜਿਹੜਾ ਗੁਰੂ ਜੀ ਦਾ ਮੋਹਰੀ ਵੱਡਾ ਸਿੱਖ ਸੀ॥੩੩॥

**ਮਿਲੇ ਤੀਨ ਧਾਏ। ਰਿਪੂ ਦੈ ਪਲਾਏ। ਪਰੀ ਧੂਮ ਭਾਰੀ। ਦਏ ਬ੍ਰਿੰਦ ਮਾਰੀ ॥੩੪॥**

ਤਿੰਨੇ ਭੱਜ ਕੇ ਮਿਲ ਪਏ, ਦੁਸ਼ਮਣ ਨੂੰ ਭਜਾ ਦਿੱਤਾ, ਭਾਰੀ ਧੂਮ ਪਈ, ਬਹੁਤ ਸੂਰਮਿਆਂ ਨੂੰ ਮਾਰ ਦਿੱਤਾ॥੩੪॥

**ਜਬੈ ਸੈਨ ਹਾਲੀ। ਨ ਹੇਲਾ ਸੁ ਝਾਲੀ। ਦਈ ਪੀਠ ਚਾਲੇ। ਨਹੀਂ ਕੋ ਸੰਭਾਲੇ ॥੩੫॥**

ਉਸੇ ਵੇਲੇ ਸੈਨਾ ਹਿਲ ਗਈ, ਉਨ੍ਹਾਂ ਦੇ ਹੱਲੇ ਨੂੰ ਨਾ ਝੱਲ ਸਕੀ। ਪਿੱਠ ਦੇ ਕੇ ਚਲ ਪਏ, ਕੋਈ ਵੀ ਆਪਣੇ ਆਪ ਨੂੰ ਨਹੀਂ ਸੀ ਸੰਭਾਲਦਾ॥੩੫॥

ਦੋਹਰਾ- **ਆਯੋ ਕਾਸਮਬੇਗ ਤਬਿ ਬਿਧੀਚੰਦ ਕੇ ਤੀਰ।**
**ਕਸੀ ਕਮਾਨ ਕਠੋਰ ਤੇ ਤੀਛਨ ਤੀਛਨ ਤੀਰ॥ ੩੬॥**

ਫਿਰ ਕਾਸਮ ਬੇਗ ਬਿਧੀ ਚੰਦ ਦੇ ਪਾਸ ਆਇਆ ਤਾਂ ਕਠੋਰ ਸਖ਼ਤ ਧਨੁੱਖ ਵਿਚੋਂ ਤਿੱਖੇ-ਤਿੱਖੇ ਤੀਰ ਛੱਡੇ॥੩੬॥

ਚੌਪਈ- **ਇਕ ਸਿਖ ਲੱਖੂ ਦੀਰਘ ਜ੍ਵਾਨ। ਗੁਰ ਕੀ ਸਾਂਗ ਰਖੈ ਨਿਜ ਪਾਨ।**
**ਪਰੇ ਜੁੱਧ ਚਾਹਤਿ ਗੁਰ ਜਬੈ। ਦੇਤਿ ਸੰਭਾਰਿ ਨਿਕਟਿ ਹੁਇ ਤਬੈ ॥੩੭॥**

ਇਕ ਲੱਖੂ ਨਾਮੀਂ ਸਿੱਖ ਬਹੁਤ ਜਵਾਨ ਸੀ, ਉਹ ਗੁਰੂ ਜੀ ਦੀ ਬਰਛੀ ਸਦਾ ਆਪਣੇ ਪਾਸ ਰਖਦਾ ਸੀ। ਯੁੱਧ ਪੈਣ ਤੇ ਜਦ ਵੀ ਗੁਰੂ ਜੀ ਚਾਹੁੰਦੇ ਸਨ ਤਾਂ ਉਹ ਬਰਛੀ ਉਨ੍ਹਾਂ ਦੇ ਨੇੜੇ ਹੋ ਕੇ ਦੇ ਦਿੰਦਾ ਸੀ॥੩੭॥

**ਤਿਨ ਕਰਿ ਕ੍ਰੋਧ ਧਵਾਇ ਤੁਰੰਗ। ਗਰੁਵੀ ਸਾਂਗ ਉਠਾਇ ਉਤੰਗ।**
**ਕਾਸਮਬੇਗ ਲਖਯੋ ਜਬਿ ਆਯੋ। ਖੈਂਚਿ ਖੜਗ ਕੋ ਅੱਗ੍ਰ ਚਲਾਯੋ ॥੩੮॥**

ਉਸ ਕ੍ਰੋਧ ਕਰਕੇ ਆਪਣਾ ਘੋੜਾ ਭਜਾਇਆ ਤੇ ਭਾਰੀ ਬਰਛੀ ਨੂੰ ਉਪਰ ਚੁੱਕ ਲਿਆ। ਜਦ ਕਾਸਮ ਬੇਗ ਨੇ ਆਉਂਦਾ ਵੇਖਿਆ ਤਾਂ ਤਲਵਾਰ ਖਿੱਚ ਕੇ ਅੱਗੇ ਚਲਾਈ॥੩੮॥

ਲਯੋ ਸੈਹਥੀ ਪਰ ਤਿਸ ਵਾਰ। ਜਬਿ ਹੀ ਸਜ੍ਯੋ ਸਾਰ ਪਰ ਸਾਰ।
ਟੂਟਯੋ ਖੰਡਾ ਭਯੋ ਦੁਖੰਡ। ਗਾਹਕ ਲੱਖੂ ਰਿਸ੍ਯੋ ਪ੍ਰਚੰਡ॥ ੩੯॥

ਉਸ ਨੇ ਵਾਰ ਨੂੰ ਆਪਣੀ ਤਲਵਾਰ ਤੇ ਲਿਆ ਜਦ ਲੋਹੇ ਤੇ ਲੋਹਾ ਵਜਿਆ। ਖੰਡਾ ਟੁੱਟ ਕੇ ਦੋ ਭਾਗ ਹੋ ਗਿਆ। ਇਹ ਵੇਖ ਕੇ ਕਿਸਾਨ ਲੱਖੂ ਬਹੁਤ ਗੁੱਸੇ ਵਿਚ ਆਇਆ॥੩੯॥

ਰਿਪੁ ਕੇ ਵਾਰ ਨਿਫਲ ਕਰਿ ਦੀਨਿ। ਕਰ ਤੇ ਸਾਂਗ ਪ੍ਰਹਾਰਨ ਕੀਨਿ।
ਲਗਿ ਛਾਤੀ ਮਹਿਂ ਬੀਧ੍ਯੋ ਸਾਰੇ। ਪੁਨ ਝੰਝੋਰ ਭੂਮ ਪਰ ਡਾਰੇ॥ ੪੦॥

ਦੁਸ਼ਮਣ ਦੇ ਵਾਰ ਨੂੰ ਅਸਫਲ ਕਰ ਦਿੱਤਾ, ਹੱਥ ਨਾਲ ਬਰਛੀ ਦਾ ਵਾਰ ਕੀਤਾ, ਛਾਤੀ ਵਿਚ ਲੱਗ ਕੇ ਸਾਰਾ ਵਿੰਨ੍ਹਿਆ ਗਿਆ, ਫਿਰ ਝੰਝੋੜ ਕੇ ਧਰਤੀ ਤੇ ਸੁੱਟ ਦਿੱਤਾ॥੪੦॥

ਗੁਰ ਹੇਰਤਿ ਹਰਖਾਇ ਉਚਾਰਾ। 'ਲੱਖੂ ਹੇਹਰਿ ਨੇ ਰਿਪੁ ਮਾਰਾ'।
ਖੁਸ਼ੀ ਭਏ ਦੀਨਸਿ ਬਡਿਆਈ। 'ਅਬਿ ਤੁਰਕਨ ਕੀ ਕਜਾਮਤ ਆਈ' ॥੪੧॥

ਗੁਰੂ ਜੀ ਨੇ ਵੇਖ ਕੇ ਪ੍ਰਸੰਨ ਹੋ ਕੇ ਕਿਹਾ, "ਹੇਹਰਾਂ ਦੇ ਰਹਿਣ ਵਾਲੇ ਲੱਖੂ ਨੇ ਦੁਸ਼ਮਣ ਨੂੰ ਮਾਰ ਦਿੱਤਾ ਹੈ।" ਫਿਰ ਪ੍ਰਸੰਨ ਹੋ ਕੇ ਵਡਿਆਈ ਦਿੱਤੀ, "ਹੁਣ ਤੁਰਕਾਂ ਦੀ ਕਿਆਮਤ ਆ ਗਈ ਹੈ" ॥੪੧॥

ਨੰਦ ਸੰਘੇਰਾ ਰਣ ਬਿਚ ਬਿਚਰਤਿ। ਮੂਹਰੂ ਰੰਧਾਵਾ ਰਿਪੁ ਹਤਿ ਹਤਿ।
ਅਰੁ ਕ੍ਰਿਪਾਲ ਜੱਲੂ ਕੋ ਸੂਰ। ਮਾਰਿ ਤੁਰਕ ਕੀਨੇ ਬਹੁ ਦੂਰ॥ ੪੨॥

ਨੰਦ ਸੰਘੇਰਾ ਰਣ ਵਿਚ ਵਿਚਰ ਰਹੇ ਹਨ, ਮੂਹਰੂ ਰੰਧਾਵਾ ਦੁਸ਼ਮਣਾਂ ਨੂੰ ਮਾਰ ਰਿਹਾ ਹੈ ਅਤੇ ਜੱਲੂ ਦਾ ਰਹਿਣ ਵਾਲੇ ਕ੍ਰਿਪਾਲ ਸੂਰਮੇ ਨੇ ਤੁਰਕ ਮਾਰ-ਮਾਰ ਕੇ ਦੂਰ ਕਰ ਦਿੱਤੇ ਹਨ॥੪੨॥

ਦੋਹਰਾ-ਕਰੀ ਲਥੇਰ ਪਥੇਰ ਬਹੁ ਘਨੋ ਘਾਲਿ ਘਮਸਾਨ।
ਕਰੇ ਪਲਾਵਨ ਤੁਰਕ ਰਣ ਲਿਯੋ ਛੁਰਾਇ ਮਦਾਨ॥ ੪੩॥

ਬਹੁਤ ਵੱਡਾ ਘਮਸਾਣ ਘਾਲ ਕੇ ਸਭ ਵੈਰੀ ਲਥੇੜ ਪਥੇੜ ਕਰ ਦਿੱਤੇ, ਤੁਰਕਾਂ ਨੂੰ ਜੰਗ ਵਿਚੋਂ ਭਜਾ ਦਿੱਤਾ ਤੇ ਜੰਗ ਦਾ ਮੈਦਾਨ ਛੁਡਵਾ ਲਿਆ॥੪੩॥

*ਸੱਤਵੀਂ ਰਾਸ ਦਾ ਇਕਵੰਞਵਾਂ ਅਧਿਆਇ ਸਮਾਪਤ ਹੋਇਆ॥੫੧॥*

## ਅਧਿਆਇ ਬਵੰਞਵਾਂ

### ਭਾਈ ਜੇਠਾ, ਸ਼ਮਸ ਬੇਗ ਬੱਧ

ਦੋਹਰਾ-ਜੋਧਾ ਜੋਧ ਪ੍ਰਬੰਧ ਜੁਧ ਕਰੇ ਉਥੱਲ ਪਥੱਲ।
ਸ਼ਾਹੁ ਸਲੇਮ ਸੁ ਅਨੁਜ ਜੁਤਿ ਤੁਰਕ ਸਮੂਹ ਦਬੱਲ॥ ੧॥

ਯੁੱਧ ਨੀਤੀ ਦੇ ਗਿਆਤਾ ਭਾਈ ਜੋਧ ਰਾਇ ਸੂਰਮੇ ਨੇ ਆਪਣੀ ਸਿਆਣਪ ਨਾਲ ਜੰਗ ਵਿਚ ਉਥਲ ਪਥਲ ਮਚਾ ਦਿੱਤੀ, ਆਪਣੇ ਭਰਾ ਸਲੇਮ ਸ਼ਾਹ ਸਹਿਤ ਸਾਰੇ ਤੁਰਕ ਸਮੂਹ ਨੂੰ ਦੁਬੱਲ ਲਿਆ॥੧॥

ਪਾਧੜੀ ਛੰਦ-ਪਿਖਿ ਮਰਜੋ ਪੁੱਤ੍ਰ ਇਕ ਲਰਤਿ ਬੀਰ। ਤੁਰਕਾਨ ਸੈਨ ਪਰ ਅਧਿਕ ਭੀਰ।
ਤਬਿ ਲਲਾਬੇਗ ਬਡ ਕੋਪ ਧਾਰਿ। ਗੁਰ ਜੀਤ ਹੋਤਿ,ਸਕਹਿ ਨ ਸਹਾਰ॥੨॥

ਇਕ ਸੂਰਮਾ ਪੁੱਤਰ ਲੜ ਕੇ ਮਰਿਆ ਵੇਖ ਕੇ, ਤੁਰਕਾਂ ਦੀ ਸੈਨਾ ਉਤੇ ਬੜੀ ਮੁਸ਼ਕਲ ਆ ਬਣੀ। ਤਦ ਲਲਾ ਬੇਗ ਵੱਡਾ ਕ੍ਰੋਧ ਧਾਰ ਕੇ, ਗੁਰੂ ਦੀ ਜਿੱਤ ਹੁੰਦੀ ਵੇਖ ਕੇ ਸਹਾਰ ਨਾ ਸਕਿਆ॥੨॥

ਸੋ ਸੁਭਟ ਸੰਗ ਜਿਸ ਕੇ ਉਦਾਰ। ਨਿਤ ਰਹਤਿ ਸਾਥ ਬਾਂਕੇ ਜੁਝਾਰ।
ਮਿਲਿ ਖਾਂਨ ਪਾਨ ਜਿਨ ਸੋਂ ਕਰੰਤਿ। ਹਸਿਬੋ ਬਿਲਾਸ ਆਨੰਦ ਧਰੰਤਿ॥੩॥

ਜਿਸ ਦੇ ਨਾਲ ਸੋ ਵੱਡੇ ਸੂਰਬੀਰ ਹਨ, ਇਹ ਬਾਂਕੇ ਜੁਝਾਰੂ ਸੂਰਮੇ ਸਦਾ ਉਸ ਦੇ ਨਾਲ ਰਹਿੰਦੇ ਹਨ। ਉਨ੍ਹਾਂ ਨਾਲ ਮਿਲ ਕੇ ਖਾਣ ਪੀਣ, ਹਾਸਾ ਠੱਠਾ ਤੇ ਅਨੰਦ ਵਿਲਾਸ ਧਾਰਨ ਕਰਦਾ ਹੈ॥੩॥

ਗਿਨੀਯੰਤਿ ਜੰਗ ਮਹਿਂ ਪ੍ਰਥਮ ਜਾਨ। ਸਭਿ ਲਖਹਿਂ ਸ਼ਸਤ੍ਰ ਬਿੱਦਜਾ ਮਹਾਨ।
ਜਿਨ ਸੰਗ ਬਾਰਨੀ ਪਾਨ ਕੀਨਿ। ਤਨ ਅਲੰਕਾਰ ਧਾਰੇ ਪ੍ਰਬੀਨ॥੪॥

ਉਨ੍ਹਾਂ ਨੂੰ ਯੁੱਧ ਵਿਚ ਇਕ ਨੰਬਰ ਤੇ ਗਿਣਿਆ ਜਾਂਦਾ ਹੈ, ਸਾਰੇ ਹਰ ਪ੍ਰਕਾਰ ਦੀ ਸ਼ਸਤਰ ਵਿਦਿਆ ਵਿਚ ਮਹਾਨ ਸਮਝੇ ਜਾਂਦੇ ਹਨ। ਜਿਨ੍ਹਾਂ ਨਾਲ ਬੈਠ ਕੇ ਸ਼ਰਾਬ ਪੀਂਦਾ ਹੈ, ਉਨ੍ਹਾਂ ਸਰੀਰ ਉਤੇ ਬਹੁਤ ਸੁੰਦਰ ਗਹਿਣੇ ਪਾਏ ਹੋਏ ਹਨ॥੪॥

ਕੁਲ ਮੁਗ਼ਲ, ਡੀਲ ਗੋਰੇ ਦਰਾਜ਼। ਬਡ ਮੂੰਡ ਮੂੰਡ ਮੁਖ ਮਾਸ ਖਾਜ।
ਬਹੁ ਮੋਲ ਬਸਤ੍ਰ ਊਪਰ ਧਰੰਤਿ। ਗਹਿ ਗਹਿ ਕਮਾਨ ਧਾਏ ਤੁਰੰਤਿ॥੫॥

ਮੁਗਲ ਵੰਸ਼ ਵਿਚ ਪੈਦਾ ਹੋਏ ਹਨ ਤੇ ਲੰਮੇ ਚੌੜੇ ਸਰੀਰ ਤੇ ਰੰਗ ਗੋਰਾ ਹੈ, ਵੱਡੇ-ਵੱਡੇ ਸਿਰ ਮੁੰਨੇ ਹੋਏ ਹਨ ਤੇ ਭੋਜਨ ਉਨ੍ਹਾਂ ਦਾ ਮਾਸ ਹੈ। ਬਹੁਤ ਕੀਮਤੀ ਕਪੜੇ ਪਹਿਨਦੇ ਹਨ। ਉਹ ਧਨੁੱਖ ਫੜ-ਫੜ ਕੇ ਤੁਰਤ ਭੱਜ ਉਠੇ॥੫॥

ਬਾਹਨ ਬਿਸਾਲ ਕੇਤਿਕ ਪਠਾਨ। ਨਿਜ ਰਖਹਿਂ ਆਨ ਸਭਿ ਤੇ ਮਹਾਨ।
ਜਿਨ ਮਹਿਂ ਬਹਾਦਰੀ ਕਹਿਂ ਬਿਲੰਦ। ਚੰਚਲ ਤੁਰੰਗ ਚਾਲਤਿ ਅਮੰਦ॥੬॥

ਕਈ ਪਠਾਣਾ ਦੀਆਂ ਅਸਵਾਰੀਆਂ ਬਹੁਤ ਸ਼ਕਤੀਸ਼ਾਲੀ ਹਨ, ਉਨ੍ਹਾਂ ਮਹਾਨ ਘੋੜਿਆਂ ਨੂੰ ਉਹ ਆਪ ਪਾਲਦੇ ਹਨ, ਜਿਨ੍ਹਾਂ ਨੂੰ ਬਹੁਤ ਬਹਾਦਰ ਕਹਿੰਦੇ ਹਨ, ਉਹ ਚੰਚਲ ਘੋੜੇ ਬਹੁਤ ਤੇਜ਼ ਭੱਜਦੇ ਹਨ॥੬॥

ਤਿਨ ਲਲਾਬੇਗ ਲੇ ਸੰਗ ਬੇਗ। ਬਿਚ ਪਰਜੋ ਜੰਗ ਗਹਿ ਤੇਜ਼ ਤੇਗ਼।
ਜਹਿਂ ਪਰਜੋ ਪੁੱਤ੍ਰ ਕੋ ਹਤਿ ਸ਼ਰੀਰ। ਇਕਵਾਰ ਪਹੁੰਚਿਬੇ ਚਹਿਸ ਤੀਰ॥੭॥

ਉਨ੍ਹਾਂ ਨੂੰ ਲਲਾ ਬੇਗ ਝੱਟ ਆਪਣੇ ਨਾਲ ਲੈ ਕੇ ਤੇਜ਼ ਤਲਵਾਰ ਫੜ ਕੇ ਜੰਗ ਵਿਚ ਕੁਦ ਪਿਆ। ਜਿਥੇ ਪੁੱਤਰ ਦਾ ਮਰਿਆ ਹੋਇਆ ਸਰੀਰ ਪਿਆ ਸੀ, ਇਕ ਵਾਰ ਉਸ ਦੇ ਪਾਸ ਪਹੁੰਚਣਾ ਚਾਹੁੰਦਾ ਸੀ॥੭॥

ਮੁਕਤੰਤਿ ਤੀਰ, ਤੋਮਰ ਉਭਾਰਿ। ਗਮਨੰਤਿ ਅੱਗ੍ਰ ਕਹਿ 'ਮਾਰ ਮਾਰ'।
ਨਿਜ ਹਾਰ ਜਾਨਿ ਬਹੁ ਰਿਸਤਿ ਬੀਰ। ਮੁਗਲਨਿ ਪਠਾਨ ਮਹਿਂ ਨੀਕ ਧੀਰ॥੮॥

ਤੀਰ ਛੱਡਦਾ ਹੈ ਤੇ ਨੇਜ਼ਾ ਉਭਾਰ ਕੇ ਅੱਗੇ ਚਲਦਾ ਹੈ ਤੇ ਕਹਿੰਦਾ ਹੈ, "ਮਾਰ ਲਵੋ ਮਾਰ ਲਵੋ।" ਆਪਣੀ ਹਾਰ ਜਾਣ ਕੇ ਸੂਰਮੇ ਬਹੁਤ ਗੁੱਸੇ ਵਿਚ ਆਏ ਹਨ, ਮੁਗ਼ਲਾਂ ਅਤੇ ਪਠਾਣਾਂ ਵਿਚ ਚੰਗਾ ਧੀਰਜ ਹੈ॥੮॥

ਗੁਰ ਸੂਰ ਵਧੇ ਦੀਨੋ ਸੁ ਮੋਰ। ਇਕ ਵਾਰ ਚੁੰਗ ਮਿਲਿ ਕੀਨਿ ਜ਼ੋਰ।
ਤੁੱਪਕ ਤੜਾਕ, ਤੀਰਨਿ ਸੜਾਕ। ਕਿਨ ਕਾਢਿ ਖੜਗ ਹਤਿ ਤਾਕਿ ਤਾਕਿ॥੯॥

ਗੁਰੂ ਜੀ ਦੇ ਸੂਰਮਿਆਂ ਨੇ ਅੱਗੇ ਵੱਧ ਕੇ ਮੋੜ ਦਿੱਤਾ, ਇਕ ਵਾਰ ਦਲ ਨੇ ਮਿਲ ਕੇ ਜ਼ੋਰ ਪਾਇਆ। ਤੜਾਕ-ਤੜਾਕ ਕਰਕੇ ਗੋਲੀਆਂ ਚਲਾਈਆਂ ਤੇ ਸੜਾਕ-ਸੜਾਕ ਕਰਦੇ ਤੀਰ ਛੱਡੇ, ਕਿਸੇ ਨੇ ਤਲਵਾਰ ਕੱਢ ਕੇ ਤੱਕ ਤੱਕ ਕੇ ਮਾਰੀ॥੯॥

ਇਮ ਘਨੇ ਘਾਲ ਘਮਸਾਣ ਘਾਇ। ਗਿਰ ਪਰੇ ਸੁਭਟ ਬਹੁ ਜੰਗ ਥਾਇਂ।
ਪਿਖਿ ਪੁੱਤ੍ਰ ਲੋਥ ਮਿਲਿ ਰਹਿਸਿ ਧੂਰ। ਬਹੁ ਸ਼ੋਕ ਧਾਰਿ ਜਲ ਨੈਨ ਪੂਰਿ॥੧੦॥

ਇਸ ਤਰ੍ਹਾਂ ਘਮਸਾਣ ਦਾ ਯੁੱਧ ਕਰਕੇ ਬਹੁਤ ਸੂਰਮਿਆਂ ਨੂੰ ਮਾਰਿਆ, ਬਹੁਤ ਸੂਰਮੇ ਜੰਗ ਵਾਲੇ ਥਾਂ ਤੇ ਹੀ ਡਿੱਗ ਪਏ। ਪੁੱਤਰ ਦੀ ਲਾਸ਼ ਨੂੰ ਵੇਖਿਆ ਜਿਹੜੀ ਧੂੜ ਨਾਲ ਮਿਲੀ ਹੋਈ ਸੀ। ਬਹੁਤ ਦੁੱਖੀ ਹੋਇਆ ਤੇ ਨੈਣਾਂ ਵਿਚੋਂ ਜਲ ਵਹਿ ਤੁਰਿਆ॥੧੦॥

ਕੁਛ ਥਿਰਯੋ ਨਿਕਟਿ ਨਹਿਂ ਦਿਖਿ ਸਕਾਹਿ। ਜਨੁ ਫਟਤਿ ਰਿਦਾ ਬਹੁ ਕਸ਼ਟ ਮਾਂਹਿ।
ਤਬਿ ਲੈ ਸੁਭੱਟ ਜੇਠਾ ਪ੍ਰਚੰਡ। ਬਲਬੰਡ ਬਡੋ ਚਿਤ ਚਹਿ ਘਮੰਡ॥ ੧੧॥

ਕੁਝ ਦੇਰ ਪਾਸ ਖਲੋਤਾ, ਵੇਖਿਆ ਨਹੀਂ ਸੀ ਜਾਂਦਾ, ਮਾਨੋਂ ਬਹੁਤ ਦੁੱਖ ਪਾ ਕੇ ਹਿਰਦਾ ਫੱਟਦਾ ਜਾਂਦਾ ਸੀ। ਤਦ ਤਕ ਪ੍ਰਚੰਡ ਸੂਰਮਾ ਜੇਠਾ ਜਿਹੜਾ ਵੱਡਾ ਬਲਵਾਨ ਹੈ ਤੇ ਚਿੱਤ ਵਿਚ ਘੁਮੰਡ ਚਾਹੁੰਦਾ ਹੈ॥੧੧॥

ਕਰਿ ਤੁੰਦ ਤੁਰੰਗਮ ਅੱਗ੍ਰ ਜਾਇ। ਸਮੁਦਾਇ ਬਾਨ ਮਾਰੇ ਰਿਸਾਇ।
ਜਹਿਂ ਲਲਾਬੇਗ ਤਹਿਂ ਸਮੁਖ ਹੋਇ। ਕੁਪਿ ਰਹਯੋ ਬੀਰ ਸ਼ੱਤ੍ਰੁਨਿ ਪਰੋਇ॥੧੨॥

ਉਹ ਘੋੜੇ ਨੂੰ ਤੇਜ਼ ਕਰਕੇ ਅੱਗੇ ਗਿਆ ਤੇ ਗੁੱਸੇ ਵਿਚ ਆ ਕੇ ਉਸ ਬਹੁਤ ਤੀਰ ਮਾਰੇ, ਜਿਥੇ ਲਲਾ ਬੇਗ ਖੜਾ ਸੀ, ਉਸ ਦੇ ਸਾਹਮਣੇ ਹੋਇਆ, ਸੂਰਮਾ ਬੜਾ ਗੁੱਸੇ ਵਿਚ ਆ ਕੇ ਵੈਰੀਆਂ ਨੂੰ ਵਿੰਨ੍ਹ ਰਿਹਾ ਸੀ॥੧੨॥

ਮੁਗ਼ਲਾਨਿ ਬੀਚ ਗਰਜਯੋ ਬਿਲੰਦ। ਬਿਨ ਤ੍ਰਾਸ ਸ਼ਸਤ੍ਰ ਗਹਿ ਕਰਿ ਨਿਕੰਦਿ।
ਚਹਿ ਲਲਾਬੇਗ ਕੋ ਕਰਨਿ ਘਾਤਿ। ਗਹਿ ਕਰਾਚੋਲ ਖੈਂਚਯੋ ਰਿਸਾਤਿ॥੧੩॥

ਮੁਗਲਾਂ ਵਿਚ ਜਾ ਕੇ ਬੜੀ ਉੱਚੀ ਆਵਾਜ਼ ਵਿਚ ਗੱਜਿਆ, ਕਿਸੇ ਡਰ ਤੋਂ ਬਗੈਰ ਸ਼ਸਤਰਾਂ ਨੂੰ ਫੜ ਕੇ ਵੈਰੀਆਂ ਦਾ ਨਾਸ਼ ਕਰਦਾ ਹੈ। ਉਹ ਲਲਾ ਬੇਗ ਨੂੰ ਮਾਰਨਾ ਚਾਹੁੰਦਾ ਹੈ, ਤਲਵਾਰ ਫੜ ਕੇ ਖਿੱਚ ਕੇ ਬਹੁਤ ਗੁੱਸੇ ਵਿਚ ਆਇਆ॥੧੩॥

ਹਯ ਪ੍ਰੇਰਿ ਸਮੁਖ ਕਿਯ ਨੇਰ ਜਾਇ। ਸਿਰ ਕੋ ਪ੍ਰਹਾਰ ਦੀਨ ਚਲਾਇ।
ਲਗਿ ਗਯੋ ਲੋਹ ਪਰ, ਨਿਫਲ ਘਾਤ। ਤਬਿ ਲਲਾਬੇਗ ਉਰ ਬਹੁ ਰਿਸਾਤਿ॥੧੪॥

ਘੋੜੇ ਨੂੰ ਛੇੜ ਕੇ ਸਾਹਮਣੇ ਜਾ ਕੇ ਨੇੜੇ ਕੀਤਾ ਤੇ ਸਿਰ ਉਤੇ ਵਾਰ ਚਲਾ ਦਿੱਤਾ। ਵਾਰ ਲੋਹੇ ਦੇ ਟੋਪ ਉਤੇ ਲੱਗਾ, ਜਿਸ ਕਾਰਨ ਵਾਰ ਅਸਫਲ ਰਿਹਾ, ਤਦ ਲਲਾ ਬੇਗ ਬਹੁਤ ਗੁੱਸੇ ਵਿਚ ਆਇਆ॥੧੪॥

ਨਿਜ ਖੜਗ ਖੈਂਚਿ ਕੀਨਸਿ ਪ੍ਰਹਾਰ। ਹਯ ਚਪਲ ਹੋਤਿ ਕੇ ਲਗਸਿ ਵਾਰ।
ਕੁਛ ਤਨਕ ਘਾਵ ਸ਼੍ਰੋਣਤ ਚਲੰਤਿ। ਜੇਠਾ ਸੁ ਬੀਰ ਜੇਠਾ ਲਰੰਤਿ॥ ੧੫॥

ਆਪਣੀ ਤਲਵਾਰ ਖਿੱਚ ਕੇ ਉਸ ਵਾਰ ਕੀਤਾ, ਘੋੜੇ ਦੇ ਚੰਚਲ ਹੁੰਦਿਆਂ ਵਾਰ ਲੱਗਾ, ਕੁਝ ਥੋੜ੍ਹਾ ਜਿਹਾ ਜ਼ਖਮ ਹੋਇਆ ਤੇ ਲਹੂ ਚਲ ਪਿਆ, ਜੇਠਾ ਵੱਡਾ ਸੂਰਮਾ ਹੋ ਕੇ ਵੱਡੀ ਲੜਾਈ ਲੜਦਾ ਹੈ॥੧੫॥

ਇਮ ਖੜਗ ਚਲਤਿ ਮੁਗ਼ਲਾਨਿ ਦੇਖਿ। ਸਭਿ ਪਰੇ ਆਨ ਓਰੜਿ ਵਿਸ਼ੇਖ।
ਕਿਹ ਖੜਗ ਤੁਪਕ ਨੇਜ਼ਾ ਉਭਾਰਿ। ਸਭਿ ਪਰੇ ਜਾਇ ਕਹਿ 'ਮਾਰ ਮਾਰ'॥੧੬॥

ਜਦ ਇਸ ਤਰ੍ਹਾਂ ਤਲਵਾਰ ਚਲਦੀ ਮੁਗਲਾਂ ਨੇ ਵੇਖੀ ਤਾਂ ਸਾਰੇ ਵਿਸ਼ੇਸ਼ ਤੌਰ ਤੇ ਝਪਟ ਕੇ ਆ ਪਏ, ਕਿਸੇ ਨੇ ਤਲਵਾਰ, ਕਿਸੇ ਨੇ ਬੰਦੂਕ ਤੇ ਕਿਸੇ ਨੇ ਨੇਜ਼ਾ ਚੁਕਿਆ ਹੋਇਆ ਸੀ, ਸਾਰੇ ਪੈ ਕੇ ਕਹਿਣ ਲੱਗੇ, "ਮਾਰ ਲਵੋ ਮਾਰ ਲਵੋ"॥੧੬॥

ਘਿਰਿ ਗਯੋ ਬੀਰ ਇਕ ਸਭਿਨਿ ਮਾਂਹਿ। ਮੁਖ ਸ਼ਮਸ ਸੇਤ ਬਡ ਬੈਸ ਜਾਂਹਿ।
ਸਭਿ ਦਿਸ਼ਿਨਿ ਝਿਝਕ ਬਾਹਤਿ ਪ੍ਰਹਾਰ। ਇਕ ਮੁਗ਼ਲ ਕੰਧ ਕਰਵਾਰ ਝਾਰਿ ॥੧੭॥

ਇਕ ਸੂਰਮਾ ਸਭ ਦੇ ਵਿਚ ਘਿਰ ਗਿਆ, ਜਿਸ ਦੀ ਦਾੜ੍ਹੀ ਸਫੇਦ ਹੈ ਤੇ ਉਮਰ ਬਹੁਤ ਵੱਡੀ ਹੈ, ਸਭ ਪਾਸੇ ਖਿੱਝ-ਖਿੱਝ ਕੇ ਵਾਰ ਚਲਾਉਂਦਾ ਹੈ, ਇਕ ਮੁਗਲ ਦੇ ਮੋਢੇ ਨੂੰ ਤਲਵਾਰ ਮਾਰ ਕੇ ਝਾੜ ਦਿੱਤਾ॥੧੭॥

ਹਯ ਤਰੇ ਗੇਰਿ ਕਰਿ ਕੋਪ ਸਾਥ। ਪੁਨ ਦੁਤਿਯ ਦਿਸ਼ਾ ਹੁਇ ਖੜਗ ਹਾਥ।
ਝਝਕਾਇ ਸਭਿਨਿ ਇਕ ਕੈ ਪ੍ਰਹਾਰ। ਚਹੁੰ ਦਿਸ਼ਾ ਮੁਗ਼ਲ ਢੂਕੇ ਪੁਕਾਰ ॥੧੮॥

ਘੋੜੇ ਤੋਂ ਥੱਲੇ ਡੇਗ ਕੇ ਬੜੇ ਗੁੱਸੇ ਨਾਲ ਮਾਰਿਆ, ਫਿਰ ਤਲਵਾਰ ਲੈ ਕੇ ਦੂਸਰੇ ਪਾਸੇ ਹੋ ਗਿਆ, ਖਿੱਝ-ਖਿੱਝ ਕੇ ਸਭ ਤੇ ਵਾਰ ਕੀਤੇ, ਮੁਗਲ ਬੋਲ ਬੋਲ ਕੇ ਚਾਰੇ ਪਾਸੇ ਹੋ ਗਏ॥੧੮॥

ਪਰਵੇਖ ਜਥਾ ਸਸਿ ਸੂਰ ਪਾਇ। ਤਿਮ ਗਰਜ ਬੀਚ ਸਭਿ ਮਹਿਂ ਸੁਹਾਇ।
ਬਹੁ ਕਰਤਿ ਸ਼ੀਘ੍ਰਤਾ ਨਿਜ ਬਚਾਇ। ਇਤ ਉਤ ਫਿਰੰਤਿ ਸੱਤ੍ਰੁਨਿ ਘਾਇ ॥੧੯॥

ਜਿਵੇਂ ਸੂਰਜ ਚੰਦ ਦੁਆਲੇ ਪ੍ਰਕਾਸ਼ ਦਾ ਗੋਲ ਮੰਡਲ ਹੁੰਦਾ ਹੈ, ਇਸ ਤਰ੍ਹਾਂ ਗਰਜ ਕੇ ਸਭ ਦੇ ਵਿਚਕਾਰ ਸ਼ੋਭਦਾ ਹੈ। ਬਹੁਤ ਫੁਰਤੀ ਕਰਕੇ ਆਪਣੇ ਆਪ ਨੂੰ ਬਚਾਉਂਦਾ ਹੈ, ਦੁਸ਼ਮਣ ਨੂੰ ਮਾਰਦਾ ਏਧਰ ਓਧਰ ਫਿਰਦਾ ਹੈ॥੧੯॥

ਇਕ ਅਲੀਬੇਗ ਤੋਮਰ ਉਭਾਰਿ। ਹੁਇ ਬਾਮ ਦਿਸ਼ਾ ਕੀਨੋ ਪ੍ਰਹਾਰ।
ਲਗਿ ਗਯੋ ਬਬਰ ਫੋਰਯੋ ਬਿਸਾਲ। ਪੁਨ ਚਲਯੋ ਕਾਢ ਕਰਿ ਮਨੋ ਮਾਰ ॥੨੦॥

ਇਕ ਅਲੀ ਬੇਗ ਨਾਮੀ ਸੂਰਮੇ ਨੇਜ਼ਾ ਉਪਰ ਚੁੱਕ ਕੇ ਸੱਜੇ ਪਾਸੇ ਵਾਰ ਕੀਤਾ, ਉਹ ਵੱਜ ਕੇ ਭਾਈ ਜੇਠੇ ਦੀ ਸੱਜੀ ਵੱਖੀ ਨੂੰ ਪਾੜ ਗਿਆ, ਫਿਰ ਅਲੀ ਬੇਗ ਨੇਜ਼ੇ ਨੂੰ ਬਾਹਰ ਕੱਢ ਕੇ ਚਲ ਪਿਆ ਕਿ ਮਾਨੋ ਮਰ ਗਿਆ ਹੈ॥੨੦॥

ਬਹੁ ਕ੍ਰੋਧ ਰਿਦੇ ਨਹਿਂ ਘਾਵ ਜਾਨ। ਤਿਹ ਗੈਲ ਹੋਇ ਕਰਿ ਹਤਿ ਕ੍ਰਿਪਾਨ।
ਸੋ ਲਯੋ ਗੇਰ, ਕਰਿ ਪ੍ਰਾਨ ਨਾਸ਼। ਬਹੁ ਤੁਰਕ ਆਨਿ ਕਰਿ ਢੁਕੇ ਪਾਸ ॥੨੧॥

ਆਪਣੇ ਹਿਰਦੇ ਵਿਚ ਜ਼ਖਮ ਨੂੰ ਨਾ ਜਾਣ ਕੇ, ਭਾਈ ਜੇਠੇ ਨੇ ਅਲੀ ਬੇਗ ਦੇ ਨੇੜੇ ਹੋ ਕੇ ਕਿਰਪਾਨ ਮਾਰ ਕੇ ਉਸ ਨੂੰ ਉਥੇ ਹੀ ਮਾਰ ਦਿੱਤਾ, ਉਸ ਨੂੰ ਡੇਗ ਕੇ ਉਸ ਦੇ ਪ੍ਰਾਣਾਂ ਦਾ ਨਾਸ਼ ਕਰ ਦਿੱਤਾ, ਫਿਰ ਬਹੁਤ ਤੁਰਕ ਆ ਕੇ ਉਸ ਦੇ ਪਾਸ ਇਕੱਠੇ ਹੋ ਗਏ॥੨੧॥

ਤਿਨ ਕੇ ਪ੍ਰਹਾਰ ਬਹੁ ਖਾਇ ਖਾਇ। ਪੁਨ ਪਹੁੰਚਿ ਪਹੁੰਚਿ ਰਿਪੁ ਘਾਇ ਘਾਇ।
ਤਬਿ ਗਿਰਯੋ ਆਪ ਬਹੁ ਰਿਪੁਨਿ ਮਾਰਿ। ਚਢਿ ਗਾ ਬਿਮਾਨ ਬਡ ਮੋਦ ਧਾਰਿ ॥੨੨॥

ਉਨ੍ਹਾਂ ਦੇ ਬਹੁਤ ਵਾਰ ਖਾ ਖਾ ਕੇ, ਫਿਰ ਪਹੁੰਚ-ਪਹੁੰਚ ਕੇ ਵੈਰੀਆਂ ਨੂੰ ਮਾਰਦਾ ਰਿਹਾ। ਫਿਰ ਬਹੁਤ ਵੈਰੀਆਂ ਨੂੰ ਮਾਰ ਕੇ ਆਪ ਡਿੱਗ ਪਿਆ, ਫਿਰ ਬਹੁਤ ਪ੍ਰਸੰਨਤਾ ਧਾਰ ਕੇ ਵਿਮਾਨ ਤੇ ਚੜ੍ਹ ਗਿਆ॥੨੨॥

ਪਿਖਿ ਲਲਾਬੇਗ ਬਿਸਮਯੋ ਬਿਲੰਦ। ਬਹੁ ਲਰਯੋ ਬਹਾਦਰ ਓਜਵੰਦ।
ਗੁਰ ਸੁਭਟ ਬਡੇ ਲਸ਼ਕਰ ਖਪਾਇ। ਹੁਇ ਟੂਕ ਟੂਕ ਹਯ ਜੁਤਿ ਨਿਸਾਇ ॥੨੩॥

ਇਹ ਵੇਖ ਕੇ ਲਲਾ ਬੇਗ ਬਹੁਤ ਹੈਰਾਨ ਹੋਇਆ, "ਬਹਾਦਰ ਤੇ ਸ਼ਕਤੀਸ਼ਾਲੀ ਬਹੁਤ ਲੜਿਆ ਹੈ। ਗੁਰੂ ਦੇ ਸੂਰਮੇ ਨੇ ਵੱਡੇ ਲਸ਼ਕਰ ਨੂੰ ਮਾਰਿਆ ਹੈ, ਟੁਕੜੇ-ਟੁਕੜੇ ਹੋ ਕੇ ਘੋੜੇ ਸਮੇਤ ਮਰ ਗਿਆ ਹੈ॥੨੩॥

ਬਿਨ ਤ੍ਰਾਸ ਲਰਤ ਨਹਿਂ ਗਿਨਹਿ ਬ੍ਰਿੰਦ। ਬਹੁ ਤੁਰਕ ਮਾਰਿ ਗਰਜਤਿ ਬਿਲੰਦ।
ਇਮ ਗੁਰੂ ਘਿਰਹਿ ਜਬਿ ਬੀਚ ਆਇ। ਗਹਿ ਲੇਹਿਂ ਘੇਰ ਕਿਮ ਜਾਨ ਪਾਇ ॥੨੪॥

ਕਿਸੇ ਡਰ ਤੋਂ ਬਗੈਰ ਲੜਿਆ ਹੈ ਤੇ ਬਹੁਤਿਆਂ ਨੂੰ ਕੁਝ ਸਮਝਿਆ ਹੀ ਨਹੀਂ ਹੈ, ਬਹੁਤ ਤੁਰਕ ਮਾਰ ਕੇ ਬਹੁਤ ਉੱਚੀ ਗੱਜਦਾ ਸੀ। ਇਸ ਤਰ੍ਹਾਂ ਜਦ ਗੁਰੂ ਵਿਚ ਆ ਕੇ ਘਿਰ ਜਾਵੇ ਤਾਂ ਘੇਰ ਕੇ ਫੜ ਲਵਾਂਗੇ, ਕਿਵੇਂ ਚਲਾ ਜਾਵੇਗਾ॥੨੪॥

ਜੋ ਕਰਹਿ ਬਹੁਤ ਸ਼ਸਤ੍ਰਨਿ ਪ੍ਰਹਾਰ। ਹਥਯਾਰ ਮਾਰਿ ਦੈ ਹੈਂ ਸੰਘਾਰ'।
ਇਤ ਭਯੋ ਜੁੱਧ ਜੇਠੇ ਪ੍ਰਚੰਡ। ਗੁਰ ਪੁਰੀ ਪਹੁੰਚਿ ਹੁਇ ਖੰਡ ਖੰਡ॥ ੨੫ ॥

ਜੇ ਸ਼ਸਤਰਾਂ ਦੇ ਬਹੁਤ ਵਾਰ ਕਰੇਗਾ ਤਾਂ ਹਥਿਆਰ ਮਾਰ ਕੇ ਮਾਰ ਦੇਵਾਂਗੇ।'' ਇਸ ਤਰ੍ਹਾਂ ਜੇਠੇ ਦਾ ਪ੍ਰਚੰਡ ਯੁੱਧ ਹੋਇਆ ਤੇ ਟੁਕੜੇ-ਟੁਕੜੇ ਹੋ ਕੇ ਗੁਰ ਪੁਰੀ ਪਹੁੰਚ ਗਿਆ॥੨੫॥

ਉਤ ਜਾਤੀ ਮਲਕ ਰਿਸਾਇ ਧਾਇ। ਜਹਿਂ ਸ਼ਮਸਬੇਗ ਤਹਿਂ ਅੱਗ੍ਰ ਜਾਇ।
ਖੈਂਚੀ ਕਮਾਨ ਮਾਰੇ ਖਤੰਗ। ਲਗਿ ਗਏ ਪਾਰ ਭੇ ਫੋਰ ਅੰਗ॥ ੨੬ ॥

ਓਧਰ ਜਾਤੀ ਮਲਕ ਗੁੱਸੇ ਵਿਚ ਆ ਕੇ ਅੱਗੇ ਵਧਿਆ, ਜਿਥੇ ਸ਼ਮਸ ਬੇਗ ਸੀ ਉਸ ਦੇ ਅੱਗੇ ਚਲੇ ਗਿਆ। ਧਨੁੱਖ ਖਿੱਚ ਕੇ ਤਿੱਖੇ ਤੀਰ ਮਾਰੇ ਤੇ ਉਹ ਸ਼ਮਸ ਬੇਗ ਦੇ ਸਰੀਰ ਨੂੰ ਲੱਗ ਕੇ ਵਿੰਨ੍ਹਦੇ ਹੋਏ ਪਾਰ ਹੋ ਗਏ॥੨੬॥

ਚਰੜੰਤਿ ਚਾਪ, ਮੁਕਤੰਤਿ ਤੀਰ। ਖਰੜੰਤਿ ਖੋਲ, ਭਰੜੰਤਿ ਭੀਰੁ।
ਢਰੜੰਤਿ ਢਾਲ, ਸੜਕੰਤਿ ਤੇਗ। ਛੁਟਕੰਤਿ ਲਹੂ, ਦਰੜੰਤ ਬੇਗਿ॥ ੨੭ ॥

ਧਨੁੱਖ ਖਿਚਦੇ ਹਨ, ਤੀਰ ਛੁੱਟਦੇ ਹਨ, ਖੋਲ ਖੜਕਦੇ ਹਨ ਤੇ ਕਾਇਰ ਡਰਦੇ ਹਨ। ਢਾਲ ਨੂੰ ਹੇਠਾਂ ਉਪਰ ਕਰਕੇ ਘੁਮਾਉਂਦੇ ਹਨ, ਤਲਵਾਰ ਚਲਦੀ ਹੈ। ਬੜੀ ਤੇਜ਼ੀ ਨਾਲ ਲਹੂ ਨਿਕਲਦਾ ਹੈ॥੨੭॥

ਬਹਿਰੰਤਿ ਮਰਤਿ, ਭਹਿਰੰਤਿ ਭਾਗ। ਬਹਿਕੰਤਿ ਖੜਗ ਜਿਨ ਸ਼੍ਰੋਣ ਲਾਗਿ।
ਇਮ ਮਚੀ ਮਾਰ ਘਮਸਾਨ ਘਾਲਿ। ਬਹੁ ਗਿਰਤਿ ਬੀਰ ਅਰੁ ਤੁਰੰਗ ਜਾਲ॥੨੮ ॥

ਜੋ ਅਟਕਦੇ ਹਨ ਉਹ ਮਰਦੇ ਹਨ, ਜੋ ਡਰਦੇ ਹਨ ਉਹ ਭੱਜਦੇ ਹਨ ਤਲਵਾਰਾਂ ਲਿਸ਼ਕਦੀਆਂ ਹਨ, ਜਿਨ੍ਹਾਂ ਨੂੰ ਖ਼ੂਨ ਲੱਗਾ ਹੋਇਆ ਹੈ। ਇਸ ਤਰ੍ਹਾਂ ਮਾਰ ਮੱਚੀ ਤੇ ਘਮਸਾਣ ਦਾ ਯੁੱਧ ਹੋਇਆ, ਬਹੁਤ ਸੂਰਮੇ ਅਤੇ ਘੋੜੇ ਡਿੱਗਦੇ ਹਨ॥੨੮॥

ਢੁਕਿ ਨੇਰ ਮਲਕ ਜਾਤੀ ਰਿਸਾਇ। ਪਿਖਿ ਸ਼ਮਸਬੇਗ ਕੇ ਘਾਲ ਘਾਇ।
ਕਰਿ ਢਾਲ ਅੱਗ੍ਰ ਨਿਜ ਕੋ ਬਚਾਇ। ਹੁਇ ਗਯੋ ਦੂਰ ਬਾਜ਼ੀ ਧਵਾਇ॥ ੨੯ ॥

ਗੁੱਸੇ ਵਿਚ ਆ ਕੇ ਜਾਤੀ ਮਲਕ ਨੇੜੇ ਹੋਇਆ ਤੇ ਸ਼ਮਸ ਬੇਗ ਦੇ ਘਾਤ ਨੂੰ ਵੇਖ ਕੇ ਆਪਣੀ ਢਾਲ ਨੂੰ ਅੱਗੇ ਕਰਕੇ ਆਪਣੇ ਆਪ ਨੂੰ ਬਚਾਉਂਦਾ ਹੋਇਆ, ਘੋੜੇ ਨੂੰ ਭਜਾ ਕੇ ਦੂਰ ਹੋ ਗਿਆ॥੨੯॥

ਤਬਿ ਅਪਨਿ ਆਪ ਕੋ ਬਲ ਸੰਭਾਲ। ਬਲਵਾਨ ਬਾਜ ਤੇ ਕਰਿ ਉਤਾਲ।
ਢਿਗ ਭਯੋ ਆਇ ਕਰਿ ਖੜਗ ਨੰਗਿ। ਕਰ ਕੋ ਉਭਾਰਿ ਬਡ ਬੇਗ ਸੰਗ॥੩੦॥

ਫਿਰ ਆਪਣੇ ਆਪ ਦੇ ਬਲ ਨੂੰ ਸੰਭਾਲਿਆ ਤੇ ਬਲਵਾਨ ਘੋੜੇ ਨੂੰ ਤੇਜ਼ ਕਰਕੇ ਨੰਗੀ ਤਲਵਾਰ ਕਰਕੇ ਸ਼ਮਸ ਬੇਗ ਦੇ ਨੇੜੇ ਹੋਇਆ ਤੇ ਹੱਥ ਨੂੰ ਉਚਾ ਚੁੱਕ ਕੇ ਬੜੀ ਤੇਜ਼ੀ ਨਾਲ॥੩੦॥

ਕੀਨੋ ਪ੍ਰਹਾਰ ਤਨ ਸੁਭਟ ਬਿੱਪ੍ਰ। ਰਣ ਚਤੁਰ ਹਾਥ ਧਰਿ ਸਿਪਰ ਛਿੱਪ੍ਰ।
ਲੀਨਸਿ ਬਚਾਇ ਆਪਨ ਸਰੀਰ। ਉਰ ਭਯੋ ਕੋਪ ਬਿਨ ਤ੍ਰਾਸ ਧੀਰ॥ ੩੧ ॥

ਬ੍ਰਾਹਮਣ ਸੂਰਮੇ ਨੇ ਵੈਰੀ ਦੇ ਸਰੀਰ ਤੇ ਵਾਰ ਕੀਤਾ, ਚਤਰ ਯੋਧਾ ਹੋਣ ਕਰਕੇ ਹੱਥ ਤੇ ਧਾਰਨ ਕੀਤੀ ਹੋਈ ਢਾਲ ਅੱਗੇ ਕਰ ਦਿੱਤੀ ਤੇ ਆਪਣੇ ਸਰੀਰ ਨੂੰ ਬਚਾ ਲਿਆ। ਹਿਰਦੇ ਕ੍ਰੋਧ ਨਾਲ ਭਰ ਗਏ, ਪਰ ਧੀਰਜਵਾਨ ਕਿਸੇ ਪ੍ਰਕਾਰ ਦੇ ਡਰ ਤੋਂ ਬਗੈਰ ਸੀ॥੩੧॥

ਅਤਿ ਨਿਕਟਿ ਤੁਰੰਗ ਲਰਿ ਆਪ ਮਾਂਹਿ। ਦਿਜ ਕੋ ਬਿਲੰਦ ਅਰੁ ਥਕਿਯ ਨਾਂਹਿ।
ਹਟਿ ਤੁਰਤ ਪਛੰਡਾ ਮਾਰਿ ਦੀਨਿ। ਹਯ ਬਲੀ ਤੁਰਕ ਕੋ ਥਕਤਿ ਕੀਨਿ ॥੩੨ ॥

ਘੋੜੇ ਬਹੁਤ ਨੇੜੇ ਕਰ ਕੇ ਆਪੋ ਵਿਚ ਲੜ ਪਏ। ਬ੍ਰਾਹਮਣ ਜਾਤੀ ਮਲਕ ਦਾ ਵੱਡਾ ਘੋੜਾ ਥੱਕਿਆ ਹੋਇਆ ਨਹੀਂ ਸੀ। ਉਸ ਨੇ ਤੁਰਤ ਪਿੱਛੇ ਹੱਟ ਕੇ ਪਛੰਡਾ ਮਾਰ ਦਿੱਤਾ ਤੇ ਤੁਰਕ ਦੇ ਬਲਵਾਨ ਘੋੜੇ ਨੂੰ ਥਕਾ ਦਿੱਤਾ॥੩੨॥

ਲਗਿ ਸ਼ਮਸਬੇਗ ਕੀ ਜਾਂਘ ਚੋਟ। ਕਰਿ ਰਹਯੋ ਜਤਨ, ਹੁਇ ਕਹਾਂ ਓਟ।
ਦਿਜ ਸ਼ੀਘ੍ਰ ਧਾਰਿ ਹਯ ਤਾੜ ਫੇਰ। ਪੁਨ ਕਰਯੋ ਆਨਿ ਕਰਿ ਤੁਰਕ ਨੇਰ ॥੩੩ ॥

ਸ਼ਮਸ ਬੇਗ ਦੀ ਲੱਤ ਤੇ ਸੱਟ ਲੱਗੀ ਹੋਣ ਕਰਕੇ, ਉਹ ਕਿਸੇ ਪਨਾਹ ਵਾਲੀ ਥਾਂ ਜਾਣ ਦਾ ਯਤਨ ਕਰ ਰਿਹਾ ਸੀ। ਬ੍ਰਾਹਮਣ ਜਾਤੀ ਮਲਕ ਨੇ ਫਿਰ ਫੁਰਤੀ ਨਾਲ ਘੋੜੇ ਨੂੰ ਛੇੜ ਕੇ ਤੁਰਕ ਦੇ ਨੇੜੇ ਕਰ ਦਿੱਤਾ॥੩੩॥

ਮਾਰਯੋ ਕ੍ਰਿਪਾਨ ਲਗਿ ਕੰਠ ਘਾਇ। ਸਿਰ ਪਰਯੋ ਜਾਇ ਭੂ ਪਰ ਲੁਠਾਇ।
ਜਿਮ ਪਕਯੋ ਹੋਇ ਫਲ ਡਾਲ ਸੰਗ। ਤਿਸ ਹਤਹਿਂ ਲਸ਼ਟਕਾ ਗਿਰਹਿ ਭੰਗ ॥੩੪ ॥

ਤਲਵਾਰ ਮਾਰ ਕੇ ਉਸ ਦੀ ਧੌਣ ਨੂੰ ਕੱਟ ਦਿੱਤਾ ਤੇ ਸਿਰ ਲੁੱਛਦਾ ਧਰਤੀ ਉੱਤੇ ਇੰਞ ਜਾ ਡਿੱਗਾ, ਜਿਵੇਂ ਪੱਕਾ ਹੋਇਆ ਫੱਲ ਛਾਹਣੀ ਨਾਲ ਲੱਗਾ ਹੋਵੇ ਤਾਂ ਸੋਟੀ ਮਾਰਿਆਂ ਟੁੱਟ ਕੇ ਥੱਲੇ ਆ ਡਿੱਗਦਾ ਹੈ॥੩੪॥

ਧਰ ਸਹਿਤ ਤੁਰੰਗ ਆਗੇ ਚਲੰਤਿ। ਪਗ ਫਸੇ ਰਕਾਬਨ ਮਹਿਂ ਗਿਰੰਤਿ।
ਜਬਿ ਚਲਯੋ ਅੱਗ੍ਰ ਤਰ ਲਟਕ ਆਇ। ਤਿਭਕਯੋ ਤੁਰੰਗ ਕਰਿ ਬੇਗ ਧਾਇ ॥੩੫ ॥

ਧੜ ਸਮੇਤ ਘੋੜਾ ਅੱਗੇ ਚਲਾ ਗਿਆ, ਪੈਰ ਰਕਾਬਾਂ ਵਿਚ ਫੱਸੇ ਸਨ ਜਦ ਧੜ ਥੱਲੇ ਡਿੱਗ ਪਿਆ। ਜਦ ਘੋੜਾ ਅੱਗੇ ਚਲਿਆ ਤਾਂ ਥੱਲੇ ਲਟਕ ਆਇਆ। ਇਹ ਵੇਖ ਕੇ ਘੋੜਾ ਤ੍ਰੱਬਕ ਗਿਆ ਤੇ ਬੜਾ ਤੇਜ਼ ਭੱਜ ਉਠਿਆ॥੩੫॥

ਜਯੋਂ ਜਯੋਂ ਚਲੰਤਿ ਐਂਚਯੋ ਸੁ ਜਾਇ। ਤਯੋਂ ਤਯੋਂ ਤ੍ਰਸੰਤਿ ਸਬਦੁ ਜੁ ਉਠਾਇ।
ਨਹਿਂ ਟਿਕਹਿ ਕਿਤਹੁਂ ਭਾਜਯੋ ਫਿਰੰਤਿ। ਧਰ ਕੋ ਘਸੀਟ ਅਤਿਸੈ ਡਰੰਤਿ ॥੩੬ ॥

ਜਿਵੇਂ ਜਿਵੇਂ ਚਲਦਾ ਸੀ, ਲੋਥ ਨੂੰ ਖਿੱਚੀ ਜਾਂਦਾ ਸੀ, ਪਿੱਛੇ ਉੱਚੀ ਆਵਾਜ਼ ਹੋਣ ਕਰਕੇ ਤਿਵੇਂ-ਤਿਵੇਂ ਹੋਰ ਡਰਦਾ ਸੀ। ਕਿਤੇ ਵੀ ਰੁਕਿਆ ਨਹੀਂ ਭੱਜਾ ਹੀ ਫਿਰਦਾ ਸੀ, ਧੜ ਨੂੰ ਘਸੀਟ ਕੇ ਬਹੁਤ ਡਰਦਾ ਸੀ॥੩੬॥

ਸਭਿ ਸੈਨ ਬਿਖੈ ਇਤ ਉਤ ਸੁ ਜਾਇ। ਜਹਿਂ ਲਲਾਬੇਗ ਲਰਿ ਕਸ਼ਟ ਪਾਇ।
ਘੋਰਾ ਪਛਾਨਿ ਧਰ ਲਟਕ ਦੇਖਿ। ਮਰਿ ਗਯੋ ਜਾਨਿ, ਸ਼ੋਕਤਿ ਬਿਸ਼ੇਖ॥ ੩੭ ॥

ਸਾਰੀ ਸੈਨਾ ਦੇ ਵਿਚ ਏਧਰ ਓਧਰ ਭੱਜਾ ਫਿਰਦਾ ਸੀ ਤੇ ਉੱਥੇ ਪਹੁੰਚ ਗਿਆ ਜਿਥੇ ਲਲਾ ਬੇਗ ਲੜਦਾ ਹੋਇਆ ਦੁੱਖ ਪਾ ਰਿਹਾ ਸੀ। ਘੋੜਾ ਪਛਾਣ ਕੇ ਤੇ ਹੇਠਾਂ ਧੜ ਨੂੰ ਲਮਕਦਾ ਵੇਖ ਕੇ ਆਪਣੇ ਪੁੱਤਰ ਨੂੰ ਮਰ ਗਿਆ ਸਮਝਿਆ ਤੇ ਬਹੁਤ ਦੁਖੀ ਹੋਇਆ॥੩੭॥

ਢਿਗ ਮੁਗ਼ਲ ਹੇਰਿ ਕਹਿ:-'ਅਸੁ ਚਿਨਾਰ। ਇਹੁ ਸ਼ਮਸਬੇਗ ਕੇ ਤਰ ਉਦਾਰ ?।
ਨਹਿਂ ਮੁੰਡ ਸੰਗ, ਲਟਕੰਤਿ ਰੁੰਡ। ਭਿਰ ਮਰਯੋ ਹੋਇ ਰਣ ਮੈਂ ਪ੍ਰਚੰਡ' ॥ ੩੮ ॥

ਪਾਸ ਖੜੇ ਮੁਗ਼ਲਾਂ ਨੇ ਵੇਖ ਕੇ ਕਿਹਾ, "ਇਹ ਘੋੜਾ ਪਛਾਣਦੇ ਹੋ ਇਹ ਸ਼ਕਤੀਸ਼ਾਲੀ ਘੋੜਾ ਸ਼ਮਸ ਬੇਗ ਦੇ ਹੇਠਾਂ ਸੀ? ਸਿਰ ਨਾਲ ਨਹੀਂ ਤੇ ਰੁੰਡ ਹੋਈ ਧੜ ਹੀ ਲਟਕਦੀ ਹੈ, ਰਣ ਵਿਚ ਪ੍ਰਚੰਡ ਲੜਾਈ ਕਰਕੇ ਲੜ ਮਰਿਆ ਹੋਵੇਗਾ" ॥੩੮॥

ਤਬਿ ਕਹਯੋ ਤਾਂਹਿ 'ਤੁਮ ਲਖਯੋ ਜੋਇ। ਬਿਨ ਮੂੰਡ ਤੁਰੰਗ ਜੁਤ ਰੁੰਡ ਸੋਇ।
ਗਤਿ ਹੋਤਿ ਭਟਨਿ ਕੀ ਜਿਮ ਸੁ ਜੰਗ। ਸੋ ਭਈ ਲਖਹੁ, ਕਟ ਜਾਂਹਿ ਅੰਗ ॥੩੯ ॥

ਫਿਰ ਉਨ੍ਹਾਂ ਨੇ ਲਲਾ ਬੇਗ ਨੂੰ ਕਿਹਾ, "ਤੁਸੀਂ ਜੋ ਪਛਾਣਿਆ ਹੈ, ਸਿਰ ਤੋਂ ਬਗੈਰ ਧੜ ਲਈ ਜਾਂਦਾ ਉਹੀ ਘੋੜਾ ਹੈ। ਸੂਰਮਿਆਂ ਦੀ ਜੰਗ ਵਿਚ ਇਹ ਹਾਲਤ ਹੁੰਦੀ ਹੈ, ਉਹ ਹੋਈ ਵੇਖੋ, ਜਿਵੇਂ ਅੰਗ ਕੱਟ ਜਾਂਦੇ ਹਨ" ॥੩੯॥

ਸੁਨਿ ਲਲਾਬੇਗ ਕੇ ਸ਼ੋਕ ਭਾਰ। 'ਪਰਵਾਰ ਮੋਰ ਨਰ ਭੇ ਸੰਘਾਰ।
ਜਾਨੀ ਨ ਰੀਤਿ ਇਮ ਮੋਹਿ ਹੋਇ। ਲਰਿਬੇ ਫਰੇਸ਼ਤੇ ਸੰਗ ਜੋਇ॥ ੪੦॥

ਸੁਣ ਕੇ ਲਲਾ ਬੇਗ ਨੂੰ ਭਾਰੀ ਦੁੱਖ ਹੋਇਆ, "ਮੇਰੇ ਪਰਿਵਾਰ ਦੇ ਮਰਦਾਂ ਨੂੰ ਮਾਰ ਦਿੱਤਾ ਹੈ, ਮੈਂ ਇਹ ਰੀਤ ਨਾ ਜਾਣ ਸਕਿਆ ਕਿ ਮੇਰੇ ਨਾਲ ਇਸ ਤਰ੍ਹਾਂ ਹੋਵੇਗੀ, ਜਿਸ ਦੇ ਨਾਲ ਫਰਿਸ਼ਤੇ ਵੀ ਲੜਦੇ ਹਨ॥੪੦॥

ਇਹ ਕਰਨਹਾਰ ਕਜਾਮਤ ਬਿਲੰਦ। ਨਹਿਂ ਸਕ੍ਯੋ ਜਾਨਿ, ਲਖਿ ਸੈਨ ਬ੍ਰਿੰਦ।
ਦਲ ਗੁਰੂ ਕੇਰ ਮੈਂ ਅਲਪ ਜਾਨਿ। ਲਖਿ ਕੈ, ਸੁਖੇਨ ਕਰਿ ਦੇਉਂ ਹਾਨ ॥੪੧॥

ਇਹ ਵੱਡੀ ਕਿਆਮਤ ਪੈਦਾ ਕਰਨ ਵਾਲਾ ਹੈ, ਆਪਣੇ ਨਾਲ ਬਹੁਤ ਵੱਡੀ ਸੈਨਾ ਹੋਣ ਕਰਕੇ, ਮੈਂ ਜਾਣ ਨਾ ਸਕਿਆ, ਮੈਂ ਗੁਰੂ ਦੀ ਫ਼ੌਜ ਨੂੰ ਥੋੜ੍ਹੀ ਗਿਣਤੀ ਵਿਚ ਜਾਣਿਆ, ਮੈਂ ਇਹ ਸਮਝਿਆ ਕਿ ਸੌਖੇ ਹੀ ਮੈਂ ਉਸ ਨੂੰ ਮਾਰ ਲਵਾਂਗਾ" ॥੪੧॥

ਇੱਤਜਾਦਿਕ ਬਾਕ ਕਹਿ ਕਰਿ ਰੁਦੰਤਿ। ਪਛੁਤਾਇ ਅਧਿਕ ਸੰਕਟ ਭਰੰਤਿ।
ਨਿਜ ਮ੍ਰਿਤੁ ਰਿਦੇ ਨਿਸ਼ਚੈ ਸੁ ਕੀਨਿ। ਨਹਿਂ ਜਿਯਨਿ ਆਸ ਭਾ ਅਨੰਦ ਹੀਨ ॥੪੨॥

ਇੱਤਿਆਦਿ ਸ਼ਬਦ ਕਹਿ ਕੇ ਰੋਂਦਾ ਸੀ, ਬਹੁਤ ਪਛਤਾਉਂਦਾ, ਬੜਾ ਵੱਡਾ ਸੰਕਟ ਪੈ ਗਿਆ ਸੀ। ਆਪਣੀ ਮ੍ਰਿਤੂ ਵੀ ਹਿਰਦੇ ਵਿਚ ਨਿਸ਼ਚੈ ਕਰ ਲਈ, ਜੀਊਣ ਦੀ ਆਸ ਛੱਡ ਦਿੱਤੀ ਤੇ ਅਨੰਦ ਹੀਣ ਹੋ ਗਿਆ॥੪੨॥

*ਸੱਤਵੀਂ ਰਾਸ ਦਾ ਬਵੰਜਵਾਂ ਅਧਿਆਇ ਸਮਾਪਤ ਹੋਇਆ॥੫੨॥*

# *ਅਧਿਆਇ ਤਰਵੰਞਵਾਂ*

*ਲਲਾ ਬੇਗ ਬੱਧ*

ਦੋਹਰਾ- ਰੋਦਤਿ ਸ਼ੋਕਤਿ ਹੇਰਿ ਕਰਿ ਹੁਤੋ ਮੁਸਾਹਿਬ ਪਾਸ।
ਗੁਲ ਖਾਂ ਨਾਮ ਪਠਾਨ ਕੋ ਬੋਲ੍ਯੋ ਸੁਮਤਿ ਪ੍ਰਕਾਸ਼॥ ੧॥

ਜਦ ਲਲਾ ਬੇਗ ਨੂੰ ਰੋਂਦਾ ਅਤੇ ਦੁਖੀ ਹੋਇਆ ਵੇਖਿਆ ਤਾਂ ਉਸ ਸਮੇਂ ਇਕ ਗੁਲ ਖਾਂ ਨਾਮੀ ਪਠਾਣ ਮੁਸਾਹਿਬ ਉਸਦੇ ਪਾਸ ਖੜਾ ਸੀ, ਉਸ ਨੇ ਸ੍ਰੇਸ਼ਟ ਮੱਤ ਦਿੰਦਿਆਂ ਕਿਹਾ॥੧॥

ਭੁਜੰਗ ਛੰਦ- 'ਲਲਾਬੇਗ ! ਸ਼ੋਕੰ ਨ ਕੀਜੈ ਸੁਜਾਨਾ। ਸਮੋ ਜੰਗ ਕੋ ਜਾਨਿ ਲੀਜੈ ਮਹਾਨਾ'।
ਫਤੇ ਹੋਇ ਕੈ ਹਾਰ ਏਕੋ ਸੁ ਪਾਵੈ। ਲਰੈਂ ਬੀਰ ਸਾਰੇ ਇਹੀ ਰੀਤਿ ਭਾਵੈ ॥੨॥

'ਹੇ ਚਤੁਰ ਲਲਾ ਬੇਗ ! ਦੁਖ ਨਾ ਮਨਾਓ, ਇਹ ਜੰਗ ਦਾ ਮਹਾਨ ਸਮਾਂ ਜਾਣ ਲਵੋ, ਫਤਹਿ ਹੋਵੇ ਜਾਂ ਹਾਰ, ਇਹ ਇਕ ਦੀ ਹੀ ਹੁੰਦੀ ਹੈ, ਸਾਰੇ ਸੂਰਬੀਰ ਲੜਨ, ਇਹੀ ਰੀਤ ਚੰਗੀ ਲੱਗਦੀ ਹੈ॥੨॥

ਤਜੈ ਜੰਗ ਜੋਧਾ ਬੁਰੀ ਬਾਤ ਹੋਵੈ। ਦੁਹੂੰ ਲੋਕ ਕੋ ਮੋਦ, ਤਾਰੀਫ ਖੋਵੈ।
ਬਡੇ ਆਪ ਦਾਨਾ, ਕਹੈ ਕੌਨ ਸਜਾਨੋ ?। ਭਲੀ ਬਾਤ ਜੇਤੀ ਸਭੈ ਬੁੱਧਿ ਜਾਨੋ ॥੩॥

ਜੇ ਯੋਧਾ ਜੰਗ ਛੱਡ ਦੇਵੇ ਤਾਂ ਬੁਰੀ ਗੱਲ ਹੁੰਦੀ ਹੈ, ਉਹ ਦੋਵਾਂ ਲੋਕਾਂ ਦੀ ਪ੍ਰਸੰਨਤਾ ਅਤੇ ਜੱਸ ਗਵਾ ਲੈਂਦਾ ਹੈ। ਆਪ ਜੀ ਬੜੇ ਅਕਲਮੰਦ ਦਾਨਾ ਹੋ, ਤੁਹਾਨੂੰ ਕੌਣ ਸੁਣਾ ਕੇ ਕਹੇ? ਜਿਹੜੀ ਚੰਗੀ ਗੱਲ ਹੈ, ਉਹ ਸਾਰੀ ਬੁੱਧੀ ਨਾਲ ਸਮਝੋ ॥੩॥

ਰਚੀ ਆਪ ਮੌਲਾ ਬਨੈ ਅੱਗ੍ਰ ਸੋਈ। ਸਹੈਂ ਸੀਸ ਸਾਰੇ ਨ ਮੋਰੈ ਸੁ ਕੋਈ।
ਕਹਾਂ ਹੋਤਿ ਰੋਏ ਮਿਟੈ ਨਾਂਹਿ ਕੈਸੇ। ਲਰੋ ਅੱਗ੍ਰ ਹ੍ਵੈ ਚਢੇ ਆਪ ਜੈਸੇ ॥ ੪ ॥

ਜਿਵੇਂ ਮੌਲਾ ਨੇ ਆਪ ਰਚਨਾ ਕੀਤੀ ਹੈ, ਅੱਗੇ ਉਸ ਤਰ੍ਹਾਂ ਹੀ ਹੁੰਦਾ ਹੈ, ਸਾਰੇ ਸਿਰ ਤੇ ਸਹਿੰਦੇ ਹਨ, ਕੋਈ ਵੀ ਮੋੜ ਨਹੀਂ ਸਕਦਾ ਹੈ। ਰੋਣ ਨਾਲ ਕੀ ਹੋਣਾ ਹੈ, ਕੁਝ ਵੀ ਮਿੱਟ ਨਹੀਂ ਸਕਦਾ, ਅੱਗੇ ਹੋ ਕੇ ਲੜੋ, ਜਿਵੇਂ ਆਪ ਨੇ ਚੜ੍ਹਾਈ ਕੀਤੀ ਹੈ ॥੪॥

ਹਜੋ ਨ ਕਰੈਂ ਤੋਹਿ ਤਾਰੀਫ ਸਾਰੇ। ਰਖੋ ਲਾਜ ਆਛੈ, ਕਰੋ ਨਾਂਹਿ ਟਾਰੇ।
ਗੁਲਖਾਨ ਕੇ ਬੈਨ ਜਾਨੇ ਸੁਜਾਨੇ। ਲਲਾਬੇਗ ਨੇ ਸ਼ੋਕ ਤਜਾਗਜੋ ਮਹਾਂਨੇ ॥ ੫ ॥

ਨਿੰਦਿਆ ਨਹੀਂ ਸਾਰੇ ਤੁਹਾਡੀ ਬਹੁਤ ਤਾਰੀਫ ਕਰਨਗੇ, ਉਸ ਜੱਸ ਦੀ ਚੰਗੀ ਤਰ੍ਹਾਂ ਲਾਜ ਰਖੋ ਤੇ ਟਾਲੋ ਨਹੀਂ।" ਲਲਾ ਬੇਗ ਨੇ ਗੁਲ ਖਾਂ ਦੇ ਬਚਨਾਂ ਨੂੰ ਚੰਗਾ ਜਾਣਿਆ ਤੇ ਉਸ ਨੇ ਸਾਰਾ ਦੁੱਖ ਤਿਆਗ ਦਿੱਤਾ ॥੫॥

ਕਰਜੋ ਉਤਸਾਹੰ ਰਿਦੈ ਧੀਰ ਧਾਰੇ। ਗੁਰੂ ਸੰਗ ਚਾਹੈ ਭਿਰੋਂ ਜੰਗ ਭਾਰੇ।
ਹੁਤੋ ਫੈਜ਼ ਖਾਂ ਪਾਸ ਦੀਨੀ ਦਲੇਰੀ। 'ਅਹੈਂ ਪ੍ਰਾਣ ਜੌ ਲੌ ਸੁਨੋ ਬਾਤ ਮੇਰੀ ॥ ੬ ॥

ਧੀਰਜ ਧਾਰਨ ਕਰਕੇ ਹਿਰਦੇ ਵਿਚ ਉਤਸ਼ਾਹ ਕੀਤਾ, ਗੁਰੂ ਜੀ ਨਾਲ ਭਾਰੀ ਜੰਗ ਕਰਨੀ ਚਾਹੁੰਦਾ ਸੀ। ਉਸ ਸਮੇਂ ਫੈਜ਼ ਖਾਂ ਪਾਸ ਸੀ, ਉਸ ਦਲੇਰੀ ਦਿੱਤੀ, "ਮੇਰੀ ਗੱਲ ਸੁਣੋ, ਜਦ ਤਕ ਪ੍ਰਾਣ ਹਨ ॥੬॥

ਗੁਰੂ ਕੋ ਗਹੈਂ ਕੈ ਹਤੈਂ ਸ਼ਸਤ੍ਰ ਮਾਰੈ। ਤਬੈ ਸ਼ਾਹੁ ਕੇ ਪਾਸ ਆਪਾ ਦਿਖਾਰੈਂ।
ਨਹੀਂ ਤੋ ਇਹਾਂ ਬੀਰ ਖੇਤੰ ਮਝਾਰਾ। ਸਰੀਰੰ ਤਜੈਂਗੇ ਸਹੈਂ ਖੱਗ ਧਾਰਾ ॥ ੭ ॥

ਗੁਰੂ ਨੂੰ ਫੜਾਂਗੇ ਜਾਂ ਸ਼ਸਤਰ ਮਾਰ ਕੇ ਮਾਰ ਦੇਵਾਂਗੇ ਤਦ ਬਾਦਸ਼ਾਹ ਦੇ ਪਾਸ ਆਪਣੇ ਆਪ ਨੂੰ ਵਿਖਾਵਾਂਗੇ, ਨਹੀਂ ਤਾਂ ਸੂਰਬੀਰ ਇਸ ਰਣ ਖੇਤਰ ਵਿਚ ਤਲਵਾਰ ਦੀ ਧਾਰ ਸਹਿ ਕੇ ਸਰੀਰ ਛੱਡ ਦੇਣਗੇ" ॥੭॥

ਇਹੀ ਬਾਤ ਆਛੀ ਲਲਾਬੇਗ ਮਾਨੀ। ਚਲਜੋ ਸਾਮੁਹੇ ਜੰਗ ਕੇ ਹੇਤੁ ਮਾਨੀ।
ਬਜੈ ਸੰਗ ਧੌਂਸਾ ਜੁਝਾਊ ਬਡੇਰਾ। ਲਰੈ ਬੇਰਿ ਦੋ ਚਾਵ ਠਾਨੈ ਘਨੇਰਾ ॥ ੮ ॥

ਇਹੀ ਗੱਲ ਚੰਗੀ ਹੈ, ਲਲਾ ਬੇਗ ਨੇ ਮੰਨ ਲਈ, ਘੁਮੰਡ ਧਾਰਕੇ ਸਾਹਮਣੇ ਹੋ ਕੇ ਜੰਗ ਲੜਨ ਵਾਸਤੇ ਚਲ ਪਿਆ। ਨਾਲ ਵੱਡਾ ਜੁਝਾਰੂ ਨਗਾਰਾ ਵੱਜ ਰਿਹਾ ਸੀ, ਅੱਗੇ ਦੋ ਵਾਰ ਲੜ ਚੁੱਕਾ ਸੀ, ਇਸ ਲਈ ਵੱਡਾ ਚਾਅ ਧਾਰਨ ਕੀਤਾ ॥੮॥

ਹਕਾ ਹਾਕ ਬਾਜੀ, ਲਖੈ ਪ੍ਰਾਨ ਅੰਤਾ। ਨ ਜਾਨਜੋ ਪਰੈ ਆਜ ਕੋਊ ਬਚੰਤਾ।
ਭਏ ਸਾਮੁਹੇ ਤੁੰਦ ਤਾਜ਼ੀ ਕੁਦਾਏ। ਗਹੇ ਸ਼ਸਤ੍ਰ ਤੀਖੇ ਤੁਫੰਗੰ ਚਲਾਏ ॥ ੯ ॥

ਬੜਾ ਸ਼ੋਰ ਮਚਿਆ, ਪ੍ਰਾਣਾਂ ਦਾ ਅੰਤ ਸਮਝ ਰਿਹਾ ਸੀ, ਅੱਜ ਕੋਈ ਵੀ ਬਚੇਗਾ ਕਿ ਨਹੀਂ ਇਹ ਜਾਣਿਆ ਨਹੀਂ ਸੀ ਜਾਂਦਾ। ਤੇਜ਼ ਘੋੜਿਆਂ ਨੂੰ ਟਪਾਉਂਦੇ ਹੋਏ ਸਾਹਮਣੇ ਹੋ ਗਏ। ਤਿੱਖੇ ਸ਼ਸਤਰ ਫੜ ਲਏ ਤੇ ਬੰਦੂਕਾਂ ਚਲਾਈਆਂ ॥੯॥

ਕਿਨੂੰ ਚਾਂਪ ਲੀਨੇ ਸੁ ਬਾਨੰ ਸੰਧਾਨੇ। ਧਰੇ ਦੀਹ ਨੇਜੇ ਕਿ ਸਾਂਗੰ ਮਹਾਨੇ।
ਕਰਜੋ ਹੇਲ, ਮੇਲਜੋ ਭਟੰ ਸ਼ੋਰ ਭਾਰੋ। 'ਨਹੀਂ ਜਾਨਿ ਦੀਜੈ ਗਹੋਂ ਕੈ ਪ੍ਰਹਾਰੋਂ' ॥੧੦॥

ਕਈਆਂ ਨੇ ਧਨੁੱਖ ਫੜੇ ਸਨ, ਉਨ੍ਹਾਂ ਨੇ ਤੀਰ ਲੈ ਲਏ। ਕਈਆਂ ਨੇ ਭਾਰੀ ਨੇਜ਼ੇ ਫੜੇ ਹੋਏ ਸਨ ਤੇ ਕਈਆਂ ਨੇ ਮਹਾਨ ਬਰਛੇ ਫੜੇ ਸਨ। ਹੱਲਾ ਕੀਤਾ ਤੇ ਸੂਰਮਿਆਂ ਨੇ ਭਾਰੀ ਸ਼ੋਰ ਮਚਾਇਆ, "ਜਾਣ ਨਾ ਦੇਵੋ ਫੜੋ ਜਾਂ ਵਾਰ ਕਰੋ" ॥੧੦॥

ਗੁਰੂ ਸੂਰ ਠਾਂਢੇ ਪਿਖੇ ਸ਼ੱਤ੍ਰੂ ਆਏ। ਨਹੀਂ ਭਾਜਤੇ, ਪ੍ਰਾਨ ਚਾਹੈਂ ਖਪਾਏ।
ਬਡੀ ਚੁੰਗ ਬਾਂਧੇ ਮਿਲੇ ਨੇਰ ਕੀਨੇ। ਤੁਫੰਗਾਨ ਗੋਰੀ ਤਬੈ ਛੋਰਿ ਦੀਨੇ॥ ੧੧ ॥

ਗੁਰੂ ਜੀ ਦੇ ਸੂਰਮੇ ਖੜੇ ਵੇਖ ਰਹੇ ਸਨ ਕਿ ਵੈਰੀ ਆਵੇ, ਭੱਜਦੇ ਨਹੀਂ ਸਨ ਉਨ੍ਹਾਂ ਦੇ ਪ੍ਰਾਣ ਖਪਾਉਣੇ ਚਾਹੁੰਦੇ ਸਨ। ਵੱਡੇ ਟੋਲੇ ਬੰਨ੍ਹ ਕੇ ਨੇੜੇ ਹੋ ਕੇ ਮਿਲੇ। ਉਸੇ ਵੇਲੇ ਬੰਦੂਕਾਂ ਵਿਚੋਂ ਗੋਲੀਆਂ ਛੱਡ ਦਿੱਤੀਆਂ॥੧੧॥

ਦੁਹੂੰ ਓਰ ਤੇ ਭੇੜ ਮਾਚ੍ਯੋ ਦੁਹੇਲਾ। ਸਟਾਸਾਟ ਸੇਲੇ ਭਈ ਰੇਲ ਪੇਲਾ।
ਚਲੇ ਤੀਰ ਤੀਖੇ ਲਗੇ ਅੰਗ ਗਾਢੇ। ਛੁਟੇ ਸ੍ਰੋਣ ਚਾਲ੍ਯੋ ਮਹਾਂ ਰੋਸ ਬਾਢੇ॥ ੧੨ ॥

ਚਾਰੇ ਪਾਸਿਆਂ ਤੋਂ ਬੜਾ ਕਠਨ ਤੇ ਵਿਕਰਾਲ ਭੇੜ ਮੱਚਿਆ, ਝਟਪਟ ਨੇਜ਼ੇ ਲੈ ਕੇ ਧੱਕੋ-ਧੱਕੀ ਹੋ ਗਏ। ਤਿੱਖੇ ਤੀਰ ਚਲੇ ਜਿਹੜੇ ਸਖਤ ਅੰਗਾਂ ਨੂੰ ਲੱਗਦੇ ਸਨ। ਖੂਨ ਚਲਦਾ ਸੀ ਤੇ ਮਹਾਨ ਰੋਸ ਵੱਧਦਾ ਸੀ॥੧੨॥

ਚਲੇ ਆਇ ਸੂਧੇ ਮਿਲੇ ਤੁੰਡ ਨੇਰੇ। ਆਪੇ ਆਪ ਮੈਂ ਜੰਗ ਮਾਚੰਤਿ ਹੇਰੇ।
ਪਰੀ ਕੂਕ ਭਾਰੀ ਸੁਨੈ ਦੂਰ ਜੋਈ। ਲਗੀ ਛੂਟਿ ਗੋਰੀ ਤਜੇ ਪ੍ਰਾਨ ਕੋਈ॥ ੧੩ ॥

ਸਿੱਧੇ ਚਲੇ ਆਏ ਤੇ ਸਿਰ ਨੇੜੇ ਕਰ ਕੇ ਮਿਲੇ, ਆਪੋ ਆਪ ਵਿਚ ਜੰਗ ਮਚਾਉਂਦੇ ਸਨ। ਬਹੁਤ ਭਾਰੀ ਆਵਾਜ਼ਾਂ ਉਠੀਆਂ ਜਿਹੜੀਆਂ ਬਹੁਤ ਦੂਰ ਤਕ ਸੁਣੀਆਂ। ਗੋਲੀ ਨਿਕਲ ਕੇ ਵੱਜਦੀ ਸੀ ਤਾਂ ਪ੍ਰਾਣ ਛੱਡ ਜਾਂਦੇ ਸਨ॥੧੩॥

ਮਹਾਂ ਜੁੱਧ ਮਾਚ੍ਯੋ ਗੁਰੂ ਜੀ ਅਨੰਦੇ। ਲਯੋ ਚਾਂਪ ਗਾਢੋ ਤਜੈਂ ਤੀਰ ਬ੍ਰਿੰਦੇ।
ਕਹ੍ਯੋ ਜੋਧ ਸੌਂ 'ਜੰਗ ਕੀਨੇ ਬਡੇਰੇ। ਨਹੀਂ ਅੱਗ੍ਰ ਜਾਵੇ, ਪਿਖੋ ਬੀਰ ! ਭੇਰੇ॥ ੧੪ ॥

ਮਹਾਨ ਯੁੱਧ ਮੱਚਿਆ, ਗੁਰੂ ਜੀ ਬਹੁਤ ਪ੍ਰਸੰਨ ਸਨ। ਉਨ੍ਹਾਂ ਨੇ ਆਪਣਾ ਭਾਰਾ ਤੇ ਸਖਤ ਤਨੁੱਖ ਲਿਆ ਤੇ ਬਹੁਤ ਤੀਰ ਛੱਡ ਰਹੇ ਸਨ। ਉਨ੍ਹਾਂ ਨੇ ਰਾਇ ਜੋਧ ਨੂੰ ਕਿਹਾ, "ਤੁਸੀਂ ਬਹੁਤ ਵੱਡੇ ਜੰਗ ਕੀਤੇ ਹਨ, ਅੱਗੇ ਨਾ ਜਾਵੋ, ਹੇ ਸੂਰਬੀਰ ! ਯੋਧਿਆਂ ਦਾ ਭੇੜ ਵੇਖੋ॥੧੪॥

ਬਡੀ ਰਾਤ ਕੇ ਬ੍ਰਿੰਦ ਬੈਰੀ ਲਰੰਤੇ। ਖਪਾਏ ਘਨੇ ਮਾਰਿ ਦ੍ਰੋਹੀ ਦੁਰੰਤੇ।
ਛੁਟੈਂ ਤੀਰ ਗੋਰੀ ਬਚਾਵੋ ਸਰੀਰੰ। ਭਯੋ ਅੰਤ ਸ਼ੱਤ੍ਰੂਨਿ, ਜੀਤੇ ਸੁ ਧੀਰੇ' ॥ ੧੫ ॥

ਵੱਡੀ ਰਾਤ ਦੇ ਵੈਰੀ ਲੜ ਰਹੇ ਹਨ, ਬਹੁਤ ਮਾਰੇ ਹਨ, ਕਈ ਧ੍ਰੋਹੀ ਲੁਕ ਗਏ ਹਨ। ਤੀਰ ਤੇ ਗੋਲੀਆਂ ਚਲਦੀਆਂ ਹਨ, ਇਸ ਕਰਕੇ ਸਰੀਰ ਬਚਾਵੋ, ਵੈਰੀਆਂ ਦਾ ਅੰਤ ਹੋ ਗਿਆ ਹੈ, ਧੀਰਜ ਨਾਲ ਹੁਣ ਜਿੱਤ ਲਈਏ" ॥੧੫॥

ਗੁਰੂ ਬੈਨ ਮਾਨ੍ਯੋ ਅਮੋਰੰ ਪਛਾਨ੍ਯੋ। ਕਰ੍ਯੋ ਭੀਮ ਜੁੱਧੰ ਦਲੰ ਭੂਰ ਹਾਨ੍ਯੋ।
ਕਹੂ ਅੰਗ ਮੈਂ ਘਾਵ ਲਾਗੇ ਦਿਖੰਤੇ। ਸ੍ਰਮੰ ਹੋਤਿ ਭਾ ਖੇਤ ਘੋਰਾ ਭ੍ਰਮੰਤੇ॥ ੧੬ ॥

ਰਾਇ ਜੋਧ ਨੇ ਗੁਰੂ ਦਾ ਬਚਨ ਮੰਨ ਲਿਆ ਤੇ ਨਾ ਮੋੜਨ ਯੋਗ ਬਚਨ ਨੂੰ ਪਛਾਣ ਲਿਆ। ਬਹੁਤ ਵੱਡਾ ਯੁੱਧ ਕੀਤਾ ਸੀ ਤੇ ਬਹੁਤ ਯੋਧਿਆਂ ਨੂੰ ਮਾਰਿਆ ਸੀ। ਕਿਸੇ ਦੇ ਸਰੀਰ ਅੰਗ ਨੂੰ ਜ਼ਖਮ ਲੱਗੇ ਦਿਖਾਈ ਦਿੰਦੇ ਸਨ ਕਈ ਥੱਕੇ ਹੋਏ ਰਣਖੇਤਰ ਵਿਚ ਘੋੜਾ ਘੁਮਾਉਂਦੇ ਸਨ॥੧੬॥

ਬਿਧੀਚੰਦ ਚਾਹੈ 'ਬਰੋਂ ਸ਼ਤ੍ਰੂ ਮੱਧੰ। ਬਧੋਂ ਏਕ ਬਾਰੀ ਕਰੋਂ ਜੁੱਧ ਸੁੱਧੰ'।
ਗੁਰੂ ਜੀ ਨਿਵਾਰ੍ਯੋ ਉਚਾਰ੍ਯੋ 'ਥਿਰੀਜੈ। ਲਗੇ ਘਾਵ ਅੰਗੰ, ਸ੍ਰਮੰ ਜਾਨਿ ਲੀਜੈ॥੧੭ ॥

ਬਿਧੀ ਚੰਦ ਚਾਹੁੰਦਾ ਸੀ, "ਮੈਂ ਵੈਰੀਆਂ ਦੇ ਵਿਚਕਾਰ ਜਾਵਾਂ, ਸਾਰਿਆਂ ਨੂੰ ਇਕ ਵਾਰ ਮਾਰ ਕੇ ਯੁੱਧ ਨੂੰ ਖਤਮ ਕਰ ਦੇਵਾਂ।" ਗੁਰੂ ਜੀ ਨੇ ਮਨ੍ਹਾ ਕੀਤਾ ਤੇ ਕਿਹਾ, "ਠਹਿਰੋ, ਸਰੀਰ ਨੂੰ ਜ਼ਖਮ ਲੱਗਣਗੇ। ਥਕਾਵਟ ਨੂੰ ਜਾਣ ਲਵੋ॥੧੭॥

ਅਬੈ ਅੰਤ ਕੋ ਜੁੱਧ ਦੇਖੋ ਹਮਾਰਾ। ਲਲਾਬੇਗ ਕੇ ਸਾਥ ਖੱਗੀ ਪ੍ਰਹਾਰਾ।
ਜਿਤੀ ਸ਼ਾਹੁ ਕੀ ਸੈਨ ਜੋਧਾ ਕਹਾਵੈ। ਮਚੈ ਮਾਰ ਐਸੀ, ਨਹੀਂ ਸ਼ੇਖ ਪਾਵੈ' ॥੧੮॥

ਹੁਣ ਅੰਤ ਵਿਚ ਸਾਡਾ ਯੁੱਧ ਵੇਖੋ, ਲਲਾ ਬੇਗ ਨਾਲ ਲੜਾਈ ਦੇ ਵਾਰ ਵੇਖੋ। ਜਿੰਨੀ ਸ਼ਾਹ ਦੀ ਸੈਨਾ ਜੋਧਾ ਕਹਾਉਂਦੀ ਹੈ ਉਨ੍ਹਾਂ ਨੂੰ ਐਸੀ ਮਾਰ ਪਵੇਗੀ ਕਿ ਕੋਈ ਵੀ ਬਚੇਗਾ ਨਹੀਂ' ॥੧੮॥

ਬਿਧੀ ਜੋਧ ਦੋਨੋ ਕਹਯੋ ਨੰਮ੍ਰਿ ਹ੍ਵੈ ਕੈ। 'ਸਮੰ ਆਪ ਕੇ ਕੌਨ ਹ੍ਵੈ ਹੈ ਅਰੈ ਕੈ।
ਨਹੀਂ ਦੇਵ ਦੈਤਾਨਿ ਮੈਂ ਬੀਰ ਕੋਈ। ਕਹਾਂ ਬਾਪੁਰੇ ਮਾਨੁਖਾ ਜੂਨ ਜੋਈ ॥੧੯॥

ਬਿਧੀ ਚੰਦ ਅਤੇ ਰਾਇ ਜੋਧ ਦੋਵਾਂ ਨੇ ਸਨਿਮਰ ਹੋ ਕੇ ਕਿਹਾ, "ਤੁਹਾਡੇ ਬਰਾਬਰ ਕੌਣ ਹੈ, ਜਿਹੜਾ ਤੁਹਾਡੇ ਸਾਹਮਣੇ ਹੋ ਕੇ ਅੜੇ। ਦੇਵਤਿਆਂ ਅਤੇ ਦੈਂਤਾਂ ਵਿਚ ਐਸਾ ਕੋਈ ਸੂਰਮਾ ਨਹੀਂ ਹੈ, ਇਹ ਮਨੁੱਖਾ ਜੂਨ ਵਾਲੇ ਵਿਚਾਰੇ ਕੌਣ ਹਨ ॥੧੯॥

ਕਹੋ ਏਕ ਵਾਰੰ ਤ੍ਰਿਲੋਕੀ ਬਿਨਾਸੋ। ਰਚੋ ਫੇਰ ਤੈਸੇ, ਕਰੈ ਮੂਢ ਸਾਂਸੋ'।
ਇਤੋ ਬੋਲਤੇ ਆਪ ਮਾਂਹੀ ਕ੍ਰਿਪਾਲਾ। ਇਤੇ ਬੀਰ ਆਏ ਮਹਾਂ ਜ਼ੋਰ ਘਾਲਾ ॥੨੦॥

ਤੁਸੀਂ ਜੇ ਇਕ ਵਾਰ ਕਹੋ ਤਾਂ ਤਿੰਨਾਂ ਲੋਕਾਂ ਦਾ ਨਾਸ਼ ਹੋ ਜਾਵੇਗਾ, ਉਸ ਦੀ ਫੇਰ ਉਸ ਤਰ੍ਹਾਂ ਹੀ ਰਚਨਾ ਕਰ ਦੇਵੋਗੇ, ਮੂਰਖ ਇਸ ਤੇ ਸ਼ੰਕਾ ਕਰਦੇ ਹਨ।" ਇਸ ਤਰ੍ਹਾਂ ਕਿਰਪਾਲੂ ਗੁਰੂ ਜੀ ਆਪਸ ਵਿਚ ਬੋਲ ਰਹੇ ਸਨ, ਇੰਨੇ ਵਿਚ ਬਹੁਤ ਸੂਰਬੀਰ ਆਏ ਤੇ ਉਨ੍ਹਾਂ ਨੇ ਬਹੁਤ ਜ਼ੋਰ ਪਾਇਆ ॥੨੦॥

ਤੁਫੰਗਾਨਿ ਤੀਰਾਨਿ ਨੇਜ਼ਾਨਿ ਸੰਗਾ। ਮਹਾਂ ਕੋਪ ਧਾਰੇ ਕਰੇ ਘਾਵ ਅੰਗਾ।
ਗਿਰੇ ਬੀਰ ਮਾਰੇ ਹਲਾਹਾਲ ਹੋਈ। ਪਰਯੋ,ਹੇਲ ਘਾਲਯੋ ਮਿਟਯੋ ਨਾਂਹਿ ਕੋਈ ॥੨੧॥

ਬੰਦੂਕਾਂ, ਤੀਰਾਂ, ਨੇਜ਼ਿਆਂ ਨਾਲ, ਮਹਾਨ ਕ੍ਰੋਧ ਧਾਰ ਕੇ ਕਈਆਂ ਅੰਗਾਂ ਨੂੰ ਜ਼ਖਮੀ ਕੀਤਾ। ਕਈ ਸੂਰਬੀਰ ਮਰ ਕੇ ਡਿੱਗ ਪਏ ਤੇ ਬੜੀ ਹਲਚਲ ਮੱਚ ਗਈ, ਵੈਰੀਆਂ ਨੇ ਪੈ ਕੇ ਹਮਲਾ ਕੀਤਾ, ਪਰ ਕੋਈ ਵੀ ਖਤਮ ਨਾ ਹੋਇਆ ॥੨੧॥

ਗੁਰੂ ਜਾਨਿ ਲੀਨੀ, ਤਜੇ ਪ੍ਰਾਨ ਸਾਰੇ। ਲਯੋ ਚਾਂਪ ਗਾਢੋ ਤ੍ਰਿਖੇ ਤੀਰ ਮਾਰੇ।
ਬਿਧੇ ਬ੍ਰਿੰਦ ਬੈਰੀ ਪਰੇ ਜਾਇ ਭੂ ਮੈਂ। ਇਕੋ, ਦੋਇ, ਤੀਜੇ ਹਤੇ, ਕੋਇ ਝੂਮੈ ॥੨੨॥

ਗੁਰੂ ਜੀ ਨੇ ਇਹ ਜਾਣ ਲਿਆ ਕਿ ਸਾਰੇ ਪ੍ਰਾਣ ਛੱਡਣਗੇ, ਉਨ੍ਹਾਂ ਨੇ ਫਿਰ ਆਪਣਾ ਭਾਰੀ ਕਮਾਨ ਚੁਕਿਆ ਤੇ ਤਿੱਖੇ ਤੀਰ ਮਾਰੇ। ਬਹੁਤ ਵੈਰੀਆਂ ਨੂੰ ਵਿੰਨ੍ਹਿਆ ਤੇ ਉਹ ਧਰਤੀ ਤੇ ਜਾ ਡਿੱਗੇ, ਇਕ ਦੋ ਤਿੰਨ ਕਈ ਮਾਰੇ ਤੇ ਕਈ ਜ਼ਖਮ ਲੱਗਣ ਨਾਲ ਲੋਟ-ਪੋਟ ਹੋ ਗਏ ॥੨੨॥

ਭਏ ਟੋਲ ਆਗੇ ਰਿਪੂ ਸਾਮੁਹਾਏ। ਲਲਾਬੇਗ ਦੇਖੇ ਗੁਰੂ ਆਪ ਆਏ।
'ਚਹੋਂ ਚਿੱਤ ਜੋਊ ਭਈ ਬਾਤ ਸੋਈ। ਅਬੈ ਜੰਗ ਮੇਰੋ ਗੁਰ ਸੰਗ ਹੋਈ' ॥੨੩॥

ਗੁਰੂ ਜੀ ਸਾਰੇ ਦਲ ਦੇ ਅੱਗੇ ਹੋ ਕੇ, ਦੁਸ਼ਮਣ ਦੇ ਸਾਹਮਣੇ ਹੋ ਗਏ। ਜਦ ਲਲਾ ਬੇਗ ਨੇ ਵੇਖਿਆ ਗੁਰੂ ਜੀ ਆਪ ਅੱਗੇ ਆਏ ਹਨ ਤਾਂ ਉਸ ਸੋਚਿਆ, "ਜਿਹੜੀ ਗੱਲ ਮੈਂ ਦਿਲ ਵਿਚ ਚਾਹੁੰਦਾ ਸੀ, ਉਹੀ ਹੋਈ ਹੈ, ਹੁਣ ਮੇਰੀ ਗੁਰੂ ਨਾਲ ਜੰਗ ਹੋਵੇਗੀ' ॥੨੩॥

ਭਯੋ ਟੋਲ ਆਗੇ ਗੁਰੂ ਜਯੋਂ ਨਿਹਾਰੇ। ਤਕੇ ਤੀਰ ਤੀਖੇ ਧਨੂੰ ਐਂਚ ਮਾਰੇ।
ਹਯੰ ਅੰਗ ਬੀਧੇ ਲਗੇ ਘਾਵ ਜਾਈ। ਫੁਟਯੋ ਸ਼੍ਰੋਣ ਬ੍ਰਿੰਦੰ ਸੁ ਧਾਰਾ ਚਲਾਈ ॥੨੪॥

ਜਦ ਗੁਰੂ ਜੀ ਨੂੰ ਦਲ ਦੇ ਅੱਗੇ ਵੇਖਿਆ ਤਾਂ ਤਿਖੇ ਤੀਰ ਧਨੁੱਖ ਖਿੱਚ ਕੇ ਮਾਰੇ। ਘੋੜੇ ਦੇ ਅੰਗ ਵਿੰਨ੍ਹੇ ਗਏ ਤੇ ਬੜੇ ਜ਼ਖਮ ਲੱਗੇ ਤੇ ਖੂਨ ਦੀਆਂ ਬਹੁਤ ਧਾਰਾਂ ਵਹਿ ਤੁਰੀਆਂ ॥੨੪॥

ਸੁਹੇਲਾ ਪਿਖਜੋ ਘਾਵ ਲਾਗੇ ਘਨੇਰੇ। ਰਿਦੇ ਰੋਸ ਜਾਗਜੋ ਗੁਰੂ ਕੇ ਬਡੇਰੇ।
ਜਿਨੋਂ ਅੱਗ੍ਰ ਚੋਰੇ ਖਤੰਗੰ ਨਿਕਾਸੇ। ਕੁਦੰਡੰ ਸੰਧਾਨੇ ਬਿਖੀ ਸੇ ਪ੍ਰਕਾਸ਼ੇ॥ ੨੫॥

ਜਦ ਗੁਰੂ ਜੀ ਨੇ ਵੇਖਿਆ ਕਿ ਸੁਹੇਲੇ ਦੇ ਬਹੁਤ ਜ਼ਖਮ ਲੱਗੇ ਹਨ ਤਾਂ ਉਨ੍ਹਾਂ ਦੇ ਮਨ ਵਿਚ ਵੱਡਾ ਰੋਸ ਜਾਗਿਆ ਤਾਂ ਉਨ੍ਹਾਂ ਨੇ ਬਹੁਤ ਚੌੜੀ ਨੋਕ ਵਾਲੇ ਸੱਪ ਵਰਗੇ ਚਮਕਦੇ ਤੀਰ ਧਨੁੱਖ ਤੇ ਚੜ੍ਹਾਏ॥੨੫॥

ਕਰਜੋ ਜੋਰ ਘੋਰੰ ਲਗਜੋ ਕਾਨ ਹਾਥੰ। ਲਲਾਬੇਗ ਸੌਂਹੇ ਤਜਜੋ ਬੇਗ ਸਾਥੰ।
ਚਲਜੋ ਕ੍ਰੋਧ ਤੇ ਸ਼ੂਕ ਬਾਨੰ ਮਹਾਨਾ। ਉਡਜੋ ਪੰਖ ਧਾਰੇ ਫਨੀ ਕੇ ਸਮਾਨਾ॥੨੬॥

ਫਿਰ ਉਨ੍ਹਾਂ ਸਾਰੇ ਜ਼ੋਰ ਨਾਲ ਧਨੁੱਖ ਖਿੱਚਿਆ ਤਾਂ ਹੱਥ ਕੰਨਾਂ ਨੂੰ ਜਾ ਲੱਗਾ ਤੇ ਤੀਰ ਨੂੰ ਲਲਾ ਬੇਗ ਵੱਲ ਬੜੀ ਤੇਜ਼ੀ ਨਾਲ ਛੱਡਿਆ। ਮਹਾਨ ਤੀਰ ਬੜੇ ਕ੍ਰੋਧ ਨਾਲ ਸ਼ੂਕਦਾ ਗਿਆ ਤੇ ਇਸ ਤਰ੍ਹਾਂ ਉਡਿਆ ਜਿਵੇਂ ਫਨੀਅਰ ਸੱਪ ਨੂੰ ਖੰਭ ਲੱਗ ਗਏ ਹੋਣ॥੨੬॥

ਲਗਜੋ ਭਾਲ ਮੈਂ ਤਾਤਕਾਲੰ ਪ੍ਰਵੇਸ਼ਾ। ਲਲਾਬੇਗ ਘੋਰਾ ਬਲੀ ਜੋ ਵਿਸ਼ੇਸ਼ਾ।
ਘਨੋ ਦੀਨ ਮੋਲੰ ਚਲਾਕੰ ਬਡੇਰਾ। ਪਿਛਾਰੀ ਨਿਕਾਸਜੋ ਪਰਜੋ ਪਾਰ, ਫੇਰਾ॥੨੭॥

ਲਲਾ ਬੇਗ ਦਾ ਜਿਹੜਾ ਵੱਡਾ ਬਲਵਾਨ ਘੋੜਾ ਸੀ, ਤੁਰਤ ਉਸ ਦੇ ਮੱਥੇ ਵਿਚ ਜਾ ਲੱਗਾ। ਲਲਾ ਬੇਗ ਨੇ ਉਸ ਘੋੜੇ ਉਤੇ ਬਹੁਤ ਮੁੱਲ ਤਾਰਿਆ ਸੀ ਤੇ ਉਹ ਬੜਾ ਚਾਲਾਕ ਸੀ, ਉਹ ਤੀਰ ਲੱਗ ਕੇ ਘੋੜੇ ਦੇ ਪਿਛੋਂ ਦੀ ਨਿਕਲ ਗਿਆ॥੨੭॥

ਗਡਜੋ ਜਾਇ ਭੂ ਮੈਂ, ਸ ਲੋਹੂ ਸੁਰੰਗਾ। ਗਿਰਜੋ ਸ਼ੀਘ੍ਰ ਘੋਰਾ ਸਜੈ ਜ਼ੀਨ ਚੰਗਾ।
ਲਲਾਬੇਗ ਨੇ ਬੇਗ ਤੇ ਤਜਾਗਿ ਦੀਨਾ। ਮਹਾਂ ਕ੍ਰੋਧ ਤੇ ਤੀਰ ਤਜਾਗੇ ਪ੍ਰਬੀਨਾ॥੨੮॥

ਲਹੂ ਨਾਲ ਰੰਗਿਆ ਹੋਇਆ ਉਹ ਤੀਰ ਘੋੜੇ ਵਿਚੋਂ ਨਿਕਲ ਕੇ ਬਾਹਰ ਗੱਡਿਆ ਗਿਆ। ਘੋੜਾ ਤੁਰਤ ਧਰਤੀ ਤੇ ਡਿੱਗ ਪਿਆ ਜਿਸ ਉਤੇ ਸੁੰਦਰ ਕਾਠੀ ਸੱਜੀ ਹੋਈ ਸੀ। ਲਲਾ ਬੇਗ ਨੇ ਤੁਰਤ ਘੋੜੇ ਨੂੰ ਛੱਡ ਦਿੱਤਾ ਤੇ ਮਹਾਨ ਕ੍ਰੋਧ ਵਿਚ ਆ ਕੇ ਬਹੁਤ ਤੀਰ ਛੱਡੇ॥੨੮॥

ਸੁਹੇਲਾ ਅਮੋਲਾ ਤਕੈ ਤਾਂਹਿ ਮਾਰੈ। ਦਯੋ ਬੀਧ ਆਗੋ ਸ਼ਿਤਾਬੀ ਪ੍ਰਹਾਰੈ।
ਰਿਦੇ ਭਾਲ ਮੈਂ ਤੀਰ ਲਾਗੇ ਘਨੇਰੇ। ਗਿਰਜੋ ਜੰਗ ਖੇਤੰ ਹਤਜੋ ਤਾਂਹਿ ਬੇਰੇ॥੨੯॥

ਅਮੋਲਕ ਸੁਹੇਲੇ ਘੋੜੇ ਨੂੰ ਤਕ-ਤਕ ਮਾਰਦਾ ਸੀ, ਛੇਤੀ-ਛੇਤੀ ਵਾਰ ਕਰਕੇ ਉਸ ਨੂੰ ਵਿੰਨ੍ਹ ਦਿੱਤਾ। ਉਸ ਦੇ ਹਿਰਦੇ ਤੇ ਮੱਥੇ ਵਿਚ ਬਹੁਤ ਤੀਰ ਵੱਜੇ ਤੇ ਉਹ ਰਣਖੇਤਰ ਵਿਚ ਡਿੱਗ ਕੇ ਉਸੇ ਸਮੇਂ ਮਰ ਗਿਆ॥੨੯॥

ਬਡੇ ਭਾਗ ਜਾਂਕੇ ਗੁਰੂ ਅੰਗ ਸੰਗੇ। ਮਿਲੇ ਸੋ ਰਹੇ, ਪ੍ਰਾਨ ਤਜਾਗੇ ਤੁਰੰਗੇ।
ਗਯੋ ਦੇਵਲੋਕੰ ਤਜੇ ਸ਼ੋਕ ਮੋਹੰ। ਨਹੀਂ ਫੇਰ ਫੇਰੀ ਜਗੰ ਬੀਚ ਹੋਹੰ॥ ੩੦॥

ਘੋੜਾ, ਜਿਸ ਦੇ ਬੜੇ ਵੱਡੇ ਭਾਗ ਸਨ, ਉਸ ਨੇ ਗੁਰੂ ਜੀ ਦੇ ਅੰਗ ਸੰਗ ਰਹਿ ਕੇ ਪ੍ਰਾਣ ਤਿਆਗ ਦਿੱਤੇ। ਦੁੱਖ ਤੇ ਮੋਹ ਨੂੰ ਛੱਡ ਕੇ ਸਵਰਗ ਲੋਕ ਵਿਚ ਚਲਾ ਗਿਆ, ਉਸ ਦੀ ਜੱਗ ਵਿਚ ਫਿਰ ਫੇਰੀ ਨਹੀਂ ਹੋਵੇਗੀ॥੩੦॥

ਬਿਧੀਚੰਦ ਸ਼ੀਘ੍ਰੰ ਕਹਜੋ ਹੋਹਿ ਨੇਰੇ। 'ਚਢੋ ਔਰ ਘੋਰੇ ਪ੍ਰਭੂ ਯਾਹਿ ਬੇਰੇ'।
ਗੁਰੂ ਧਰਮ ਜੁੱਧੰ ਬਿਚਾਰਜੋ ਉਚਾਰੇ। 'ਖਰੋ ਅੱਗ੍ਰ ਬੈਰੀ ਹਯੰ ਤਾਂਹਿ ਮਾਰੇ॥ ੩੧॥

ਬਿਧੀ ਚੰਦ ਨੇ ਝੱਟ ਗੁਰੂ ਜੀ ਦੇ ਨੇੜੇ ਹੋ ਕੇ ਕਿਹਾ, "ਗੁਰੂ ਜੀ ਇਸ ਵੇਲੇ ਹੋਰ ਘੋੜੇ ਉਤੇ ਸਵਾਰ ਹੋ ਜਾਵੋ।" ਗੁਰੂ ਜੀ ਨੇ ਧਰਮ ਯੁੱਧ ਨੂੰ ਵਿਚਾਰ ਕੇ ਕਿਹਾ, "ਅੱਗੇ ਵੈਰੀ ਖਲੋਤਾ ਹੈ, ਉਸ ਦੇ ਘੋੜੇ ਨੂੰ ਮਾਰ ਦਿੱਤਾ ਹੈ॥੩੧॥

ਨਹੀਂ ਔਰ ਲੀਨੋ, ਪ੍ਰਿਥੀ ਬੀਚ ਠਾਂਢੋ। ਅਹੈ ਸੰਮੁਖੰ, ਜੰਗ ਕੋ ਚਾਵ ਬਾਢੋ।
ਤਥਾ ਜਾਨਿ ਮੋਹੀ ਅਰੂਢੈਂ ਨ ਘੋਰੈ। ਅਬੈ ਜੰਗ ਖੱਗੰ ਕਰੌਂ ਭੇਰ ਘੋਰੈਂ ॥ ੩੨ ॥

ਹੋਰ ਘੋੜਾ ਨਹੀਂ ਲਵਾਂਗੇ, ਪ੍ਰਿਥਵੀ ਤੇ ਖੜੇ ਹੋ ਕੇ ਉਸ ਨਾਲ ਜੰਗ ਕਰਨ ਦਾ ਉਤਸ਼ਾਹ ਵਧਿਆ ਹੈ। ਮੈਨੂੰ ਉਸ ਤਰ੍ਹਾਂ ਜਾਣੋ, ਘੋੜੇ ਉਤੇ ਸਵਾਰ ਨਹੀਂ ਹੋਵਾਂਗਾ, ਹੁਣ ਜੰਗ ਵਿਚ ਖੰਡੇ ਦਾ ਭਿਆਨਕ ਭੇੜ ਕਰਾਂਗੇ' ॥੩੨ ॥

ਕਹਜੋ ਬਾਕ ਐਸੋ, ਭਏ ਫੇਰ ਸੌਹੈਂ। ਕਰਾਚੋਲ ਐਂਚਜੋ, ਕਰੀ ਬੰਕ ਭੌਹੈਂ।
ਲਲਾਂ ਬੇਗ ਕੇ ਅੱਗ੍ਰ ਆਯੋ ਪਠਾਨਾ। ਮਹਾਂ ਕੋਪ ਤੇ ਸੰਗ ਤਾਂਕੇ ਬਖਾਨਾ ॥ ੩੩ ॥

ਇਸ ਤਰ੍ਹਾਂ ਬਚਨ ਕਰਕੇ ਫਿਰ ਸਾਹਮਣੇ ਹੋ ਗਏ, ਤਲਵਾਰ ਖਿੱਚ ਕੇ ਭਵਾਂ ਉਪਰ ਚੜ੍ਹਾਈਆਂ ਭਾਵ ਰੋਸ ਨਾਲ ਭਰ ਗਏ। ਲਲਾ ਬੇਗ ਦੇ ਅੱਗੇ ਜਦ ਇਕ ਪਠਾਣ ਆਇਆ ਤਾਂ ਉਸ ਨੇ ਉਸ ਨੂੰ ਬੜੇ ਗੁੱਸੇ ਵਿਚ ਆ ਕੇ ਕਿਹਾ ॥੩੩ ॥

'ਗੁਰੂ ਔਰ ਮੋਰੇ ਨ ਬੀਚੰ ਪਰੀਜੈ। ਟਰੋ ਆਨ ਥਾਨੰ, ਮਰੀਜੈ ਕਿ ਜੀਜੈ।
ਇਨੋ ਸੰਗ ਜੰਗੀ ਕਰੌਂ ਆਪ ਆਛਾ। ਮਰੌਂ ਕੈ ਸੰਘਾਰੌਂ, ਨਹੀਂ ਆਨ ਬਾਂਛਾ ॥ ੩੪ ॥

'ਗੁਰੂ ਅਤੇ ਮੇਰੇ ਵਿਚ ਨਾ ਪਵੋ, ਕਿਸੇ ਹੋਰ ਥਾਂ ਚਲੇ ਜਾਵੋ, ਹੁਣ ਅਸੀਂ ਮਰਾਂਗੇ ਜਾਂ ਜੀਵਾਂਗੇ। ਇਨ੍ਹਾਂ ਦੇ ਨਾਲ ਹੁਣ ਮੈਂ ਚੰਗਾ ਜੰਗ ਕਰਾਂਗਾ ਜਾਂ ਮਰਾਂਗਾ ਜਾਂ ਮਾਰ ਲਵਾਂਗਾ, ਹੋਰ ਕੋਈ ਇੱਛਾ ਨਹੀਂ ॥੩੪ ॥

ਕਿਧੌਂ ਸ਼ਾਹੁ ਕੇ ਬਾਜ ਲੈ ਕੈ ਚਲੈਂਗੇ। ਕਿਧੌਂ ਪ੍ਰਾਨ ਦੈ ਸੰਗ ਧੂਲੀ ਮਿਲੈਂਗੇ।
ਖਰੋ ਦੂਰ ਹ੍ਵੈ ਕੈ ਤਮਾਸ਼ੇ ਪਿਖੀਜੈ। ਕਿਧੌਂ ਔਰ ਜੋਧਾਨਿ ਸੋਂ ਜੁੱਧ ਕੀਜੈ' ॥ ੩੫ ॥

ਜਾਂ ਤਾਂ ਬਾਦਸ਼ਾਹ ਦੇ ਘੋੜੇ ਲੈ ਕੇ ਚਲਾਂਗੇ ਜਾਂ ਪ੍ਰਾਣ ਛੱਡ ਕੇ ਮਿੱਟੀ ਨਾਲ ਮਿਲ ਜਾਵਾਂਗੇ। ਦੂਰ ਖੜੇ ਹੋ ਕੇ ਤਮਾਸ਼ਾ ਵੇਖੋ ਜਾਂ ਹੋਰ ਯੋਧਿਆਂ ਨਾਲ ਜੰਗ ਕਰੋ' ॥੩੫ ॥

ਤਿਸੀ ਰੀਤਿ ਸਾਰੇ ਗੁਰੂ ਜੀ ਹਟਾਏ। ਮਚਜੋ ਦ੍ਵੰਦ ਜੁੱਧੰ ਕ੍ਰਿਪਾਨੰ ਚਲਾਏ।
ਕਬੈ ਨੇਰ ਢੂਕੈਂ ਕਬੈ ਦੂਰ ਹੋਵੈਂ। ਦੁਹੂੰ ਬੀਰ ਬਾਂਕੇ ਹਤੈਂ ਘਾਤ ਜੋਵੈਂ ॥ ੩੬ ॥

ਉਸੇ ਰੀਤੀ ਅਨੁਸਾਰ ਗੁਰੂ ਜੀ ਨੇ ਵੀ ਸਾਰਿਆਂ ਨੂੰ ਪਿਛਾਂਹ ਕਰ ਦਿੱਤਾ ਤੇ ਕ੍ਰਿਪਾਨਾਂ ਨਾਲ ਦ੍ਵੰਦ ਯੁੱਧ ਮੱਚ ਉਠਿਆ। ਕਦੀ ਨੇੜੇ ਢੁੱਕ ਜਾਂਦੇ ਸਨ ਤੇ ਕਦੀ ਦੂਰ ਹੋ ਜਾਂਦੇ ਸਨ। ਦੋਵੇਂ ਬਾਂਕੇ ਸੂਰਬੀਰ ਮਾਰਨ ਵਾਸਤੇ ਦਾਅ ਲਾਉਂਦੇ ਸਨ ॥੩੬ ॥

ਦੁਹੂੰ ਕੀਰਤੀ ਚਾਹਿ, ਚੌਪੇ ਜੁਝਾਰੇ। ਦੁਹੂੰ ਸੈਨ ਕੇ ਸੂਰ ਸ੍ਵਾਮੀ ਉਦਾਰੇ।
ਖਿਜੈ ਬਾਂਛਿ ਦੋਊ ਰਸੰ ਬੀਰ ਭੀਨੇ। ਦੁਹੂੰ ਸ਼ਸਤ੍ਰ ਵਿੱਦਯਾ ਕਮਾਈ ਪ੍ਰਬੀਨੇ ॥ ੩੭ ॥

ਦੋਵੇਂ ਕੀਰਤੀ ਚਾਹੁੰਦੇ ਸਨ ਤੇ ਬੜੇ ਸ਼ੌਕ ਨਾਲ ਲੜਦੇ ਸਨ, ਦੋਵੇਂ ਸੈਨਾਵਾਂ ਦੇ ਸੂਰਮਿਆਂ ਦੇ ਵੱਡੇ ਮਾਲਕ ਸਨ। ਦੋਵੇਂ ਜਿੱਤ ਚਾਹੁੰਦੇ ਸਨ ਤੇ ਬੀਰ ਰਸ ਵਿਚ ਭਿੱਜੇ ਹੋਏ ਸਨ, ਦੋਵਾਂ ਨੇ ਸ਼ਸਤਰ-ਵਿਦਿਆ ਦੀ ਨਿਪੁੰਨ ਕਮਾਈ ਕੀਤੀ ਸੀ ॥੩੭ ॥

ਦੁਊ ਜੁੱਧ ਜੈਤਾ ਘਨੇ ਜੰਗ ਕੀਨੇ। ਹਯੰ ਹੀਨ ਦੋਨੋ, ਰਣੰ ਧਰਮ ਚੀਨੇ।
ਦੁਊ ਦਾਵ ਤਾਕੈਂ ਅਰੈਂ ਆਪ ਮਾਂਹੀ। ਮਨੋ ਸ਼ੇਰ ਦੋਨੋ ਮਿਟੈਂ ਪਾਇ ਨਾਹੀਂ ॥ ੩੮ ॥

ਦੋਵੇਂ ਯੁੱਧ ਜੇਤੂ ਸਨ ਤੇ ਕਈ ਜੰਗਾਂ ਲੜੀਆਂ ਸਨ, ਦੋਵੇਂ ਯੁੱਧ ਦਾ ਧਰਮ ਜਾਣ ਕੇ ਘੋੜਿਆਂ ਤੋਂ ਬਗੈਰ ਸਨ। ਦੋਵੇਂ ਦਾਅ ਤੱਕ ਕੇ ਆਪਸ ਵਿਚ ਅੜਦੇ ਸਨ, ਮਾਨੋਂ ਦੋ ਸ਼ੇਰ ਸਨ ਤੇ ਇਕ ਪੈਰ ਵੀ ਪਿੱਛੇ ਨਹੀਂ ਹੱਟਦੇ ਸਨ ॥੩੮ ॥

ਰੁਪੇ ਬੀਰ ਦੋਨੋ ਗਜੰਰਾਜ ਭਾਰੇ। ਬਡੇ ਦੰਤ ਧਾਰੀ, ਮਹਾਂ ਛੋਭ ਵਾਰੇ।
ਦੁਹੂੰ ਢਾਲ ਢੋਈ ਢਕਾ ਢੂਕ ਕੀਨੀ। ਦੁਹੂੰ ਖੱਗ ਧਾਰੀ ਮਤੀ ਕੋਪ ਭੀਨੀ ॥ ੩੯ ॥

ਦੋਵੇਂ ਸੂਰਬੀਰ ਜਿਹੜੇ ਹਾਥੀਆ ਦੇ ਰਾਜੇ ਐਰਾਵਤ ਵਾਂਗ ਭਾਰੀ ਬਲਵਾਨ ਸਨ, ਤੇ ਜਿਨ੍ਹਾਂ ਨੇ ਭਾਰੀ ਦੰਦ ਧਾਰਨ ਕੀਤੇ ਸਨ ਤੇ ਮਹਾਨ ਸ਼ੋਭਾ ਪਾ ਰਹੇ ਸਨ। ਦੋਵਾਂ ਨੇ ਢਾਲਾਂ ਇਕ ਦੂਸਰੇ ਨਾਲ ਮਾਰ ਕੇ ਖੜਕਾਈਆਂ, ਦੋਵਾਂ ਨੇ ਤਲਵਾਰਾਂ ਧਾਰਨ ਕੀਤੀਆਂ ਸਨ ਤੇ ਦੋਹਾਂ ਦੀ ਬੁੱਧੀ ਕ੍ਰੋਧ ਵਿਚ ਭਿੱਜੀ ਹੋਈ ਸੀ॥੩੯॥

ਲਲਾਬੇਗ ਧਾਯੋ ਕਰਾਚੋਲ ਮਾਰਾ। ਗੁਰੂ ਢਾਲ ਪੈ ਲੀਨਿ ਓਜੈ ਸੰਭਾਰਾ।
ਕਹਜੋ 'ਵਾਰ ਔਰੰ ਕਰੋ ਘਾਤ ਪੈਕੇ। ਪਿਛਾਰੀ ਬਿਸੂਰੈਂ ਗਿਰੈਂ ਮ੍ਰਿਤੁ ਹ੍ਵੈ ਕੈ' ॥੪੦॥

ਲਲਾ ਬੇਗ ਨੇ ਅੱਗੇ ਵੱਧ ਕੇ ਤਲਵਾਰ ਮਾਰੀ, ਗੁਰੂ ਜੀ ਨੇ ਵਾਰ ਨੂੰ ਢਾਲ ਉਤੇ ਲੈ ਲਿਆ ਤੇ ਬੜੀ ਸ਼ਕਤੀ ਨਾਲ ਸੰਭਾਲਿਆ ਤੇ ਕਿਹਾ, "ਦਾਅ ਲਾ ਕੇ ਹੋਰ ਵਾਰ ਕਰੋ, ਬਾਅਦ ਵਿਚ ਮ੍ਰਿਤੂ ਹੋ ਕੇ ਧਰਤੀ ਤੇ ਡਿੱਗ ਪਵੇਂਗੇ" ॥੪੦॥

ਦਲੇਰੀ ਗੁਰੂ ਕੀ ਮਹਾਨੀ ਪਛਾਨੀ। ਕਰੈ ਵਾਰ ਤੇ ਵਾਰ ਕੋ ਖੱਗ ਪਾਨੀ।
ਪੁਨੰ ਸ਼ੀਘ੍ਰ ਸਾਥੰ ਕਰਜੋ ਨੇਰ ਆਯੋ। ਚਹਜੋ ਮਾਰਿਬੇ ਹਾਥ ਊਚੇ ਉਠਾਯੋ॥੪੧॥

ਉਸ ਨੇ ਗੁਰੂ ਜੀ ਦੀ ਮਹਾਨ ਦਲੇਰੀ ਨੂੰ ਪਛਾਣਿਆ, ਤੇ ਤਲਵਾਰ ਹੱਥ ਵਿਚ ਫੜ ਕੇ ਵਾਰ ਤੇ ਵਾਰ ਕਰਦਾ ਸੀ। ਫਿਰ ਛੇਤੀ ਨਾਲ ਗੁਰੂ ਜੀ ਨੇੜੇ ਆਏ, ਹੱਥ ਉੱਚਾ ਚੁੱਕ ਕੇ ਮਾਰਨਾ ਚਾਹੁੰਦੇ ਸਨ॥੪੧॥

ਕਰੀ ਢਾਲ ਸੌਹੈਂ ਨ੍ਰਿਭੈ ਹੋਇ ਆਗੇ। ਗੁਰੂ ਜੀ ਚਲਾਯੋ ਰਿਦੈ ਕੋਪ ਜਾਗੇ।
ਲਲਾਬੇਗ ਨੇ ਆਪ ਨਾਂਹੀ ਪ੍ਰਹਾਰਜੋ। ਗੁਰੂ ਵਾਰ ਤੇ ਅੰਗ ਸਾਰੇ ਉਬਾਰਜੋ॥੪੨॥

ਉਸ ਨੇ ਨਿਰਭੈਅ ਹੋ ਕੇ ਢਾਲ ਅੱਗੇ ਕੀਤੀ, ਗੁਰੂ ਜੀ ਨੇ ਹਿਰਦੇ ਵਿਚ ਕ੍ਰੋਧ ਧਾਰ ਕੇ ਵਾਰ ਕੀਤਾ। ਲਲਾ ਬੇਗ ਨੇ ਆਪ ਵਾਰ ਨਾ ਕੀਤਾ ਤੇ ਗੁਰੂ ਜੀ ਦੇ ਵਾਰ ਤੋਂ ਆਪਣੇ ਸਰੀਰ ਨੂੰ ਬਚਾਇਆ॥੪੨॥

ਕਰੀ ਛਾਲ ਸ਼ੀਘ੍ਰੈ ਇਤੈ ਊਤ ਹੋਯੋ। ਪਹੂੰਚੇ ਗੁਰੂ ਜੀ, ਗਯੋ ਦੂਰ ਜੋਯੋ।
'ਖਰੋ ਹੋਹੁ ਗੀਦੀ ਕਹਾਂ ਜਾਨਿ ਪਾਵੈਂ। ਦਿਜੈ ਵਾਰ ਮੇਰੋ ਕਹਾਂ ਲੌ ਬਚਾਵੈਂ' ॥੪੩॥

ਛਾਲ ਮਾਰ ਕੇ ਏਧਰ ਓਧਰ ਹੋ ਗਿਆ, ਜਿਥੇ ਉਹ ਦੂਰ ਗਿਆ ਸੀ, ਗੁਰੂ ਜੀ ਉਥੇ ਵੀ ਪਹੁੰਚ ਗਏ ਤੇ ਕਿਹਾ, "ਓਏ ਕਾਇਰ! ਖੜਾ ਹੋ, ਕਿਥੇ ਭੱਜ ਜਾਵੇਂਗਾ, ਮੇਰਾ ਵਾਰ ਦੇਵੋ, ਕਿਥੋਂ ਤਕ ਆਪਣੇ ਆਪ ਨੂੰ ਬਚਾਵੇਂਗਾ" ॥੪੩॥

ਸੁਨੇ ਬੈਨ ਕੋਪਜੋ ਲਲਾਬੇਗ ਬੀਰੰ। ਥਿਰਜੋ ਫੇਰ ਐਸੇ ਰਿਦੇ ਧਾਰਿ ਧੀਰੰ।
ਭਯੋ ਸਾਮੁਹੇ ਜਜੋਂ ਬਿਖੀ ਹੋਇ ਭਾਰੇ। ਦਬੈ ਪੂਛ ਤੇ ਕਾਟਿਬੇ ਕੋ ਪਧਾਰੇ॥੪੪॥

ਇਹ ਸੁਣ ਕੇ ਸੂਰਬੀਰ ਲਲਾ ਬੇਗ ਬਹੁਤ ਗੁੱਸੇ ਵਿਚ ਆਇਆ, ਫਿਰ ਹਿਰਦੇ ਵਿਚ ਧੀਰਜ ਧਾਰ ਕੇ ਖਲੋ ਗਿਆ। ਇਸ ਤਰ੍ਹਾਂ ਸਾਹਮਣੇ ਹੋ ਗਿਆ ਜਿਵੇਂ ਵੱਡੇ ਨਾਗ ਦੀ ਪੂਛ ਤੇ ਪੈਰ ਰੱਖਣ ਨਾਲ ਕੱਟਣ ਨੂੰ ਆਉਂਦਾ ਹੈ॥੪੪॥

ਪ੍ਰਹਾਰੈ ਕ੍ਰਿਪਾਨੈ ਕਈ ਵਾਰ ਕੀਨੇ। ਤਥਾ ਸ਼ੀਘ੍ਰ ਧਾਰੇ ਗੁਰੂ ਓਟ ਲੀਨੇ।
ਧਰੀ ਹਾਥ ਬਾਮੇ ਬਡੀ ਢਾਲ ਭਾਰੀ। ਦੁਤੀ ਹਾਥ ਮਾਂਹੇ ਕ੍ਰਿਪਾਨੰ ਸੰਭਾਰੀ॥੪੫॥

ਤਲਵਾਰ ਦੇ ਕਈ ਵਾਰ ਕੀਤੇ, ਉਸ ਤਰ੍ਹਾਂ ਹੀ ਗੁਰੂ ਜੀ ਛੇਤੀ ਨਾਲ ਬਚਾ ਕਰ ਲੈਂਦੇ ਸਨ। ਫਿਰ ਗੁਰੂ ਜੀ ਨੇ ਵੱਡੀ ਢਾਲ ਨੂੰ ਖੱਬੇ ਹੱਥ ਵਿਚ ਫੜ ਲਿਆ ਤੇ ਸੱਜੇ ਹੱਥ ਵਿਚ ਕ੍ਰਿਪਾਨ ਨੂੰ ਸੰਭਾਲਿਆ॥੪੫॥

ਤਰੇ ਵਾਰ ਤਾਕਜੋ ਪ੍ਰਹਾਰੈ ਸਮਾਨਾ। ਕਰੀ ਓਟ ਤਾਹੂੰ ਲਲਾਬੇਗ ਜਾਨਾ।
ਤਰੇ ਦਾਵ ਕੋ ਮੈਂ ਬਚਾਵੋਂ ਚਹੰਤਾ। ਕਰੀ ਢਾਲ ਆਗੇ ਸੁ ਪੈਰੰ ਰੁਪੰਤਾ॥੪੬॥

ਲਲਾ ਬੇਗ ਨੇ ਇਹ ਸਮਝਿਆ ਕਿ ਹੇਠਾਂ ਦੀ ਤੱਕ ਕੇ ਵਾਰ ਮਾਰਨਗੇ, ਇਹ ਜਾਣ ਕੇ ਲਲਾ ਬੇਗ ਨੇ ਹੇਠਾਂ ਵਾਲੇ ਪਾਸਿਓਂ ਬਚਾਅ ਕੀਤਾ ਤੇ ਪੈਰ ਥੰਮ੍ਹ ਕੇ ਅੱਗੇ ਢਾਲ ਕਰ ਦਿੱਤੀ॥੪੬॥

ਗੁਰੂ ਸ਼ੀਘ੍ਰ ਤੇ ਹਾਥ ਊਚੇ ਉਭਾਰਾ। ਕਰਾਚੋਲ ਬਾਹਜੋ, ਲਗੀ ਜਾਇ ਧਾਰਾ।
ਬਹੀ ਕੰਠ ਮੈਂ ਪਾਰ ਭੀ ਰੀਤਿ ਐਸੇ। ਕਰੇ ਕਾਟ ਸਾਂਬੁਣ ਕੋ ਤਾਰ ਜੈਸੇ॥੪੭॥

ਗੁਰੂ ਜੀ ਨੇ ਛੇਤੀ ਨਾਲ ਹੱਥ ਨੂੰ ਉੱਚਾ ਕੀਤਾ ਤੇ ਤਲਵਾਰ ਚਲਾਈ ਤੇ ਤਲਵਾਰ ਦੀ ਧਾਰ ਉਸ ਨੂੰ ਜਾ ਕੇ ਲੱਗੀ, ਉਸ ਦੀ ਧੌਣ ਦੇ ਵਿਚੋਂ ਦੀ ਇਸ ਤਰ੍ਹਾਂ ਲੰਘ ਗਈ ਜਿਵੇਂ ਤਾਰ ਸਾਬਣ ਨੂੰ ਕੱਟ ਕੇ ਲੰਘ ਜਾਂਦੀ ਹੈ॥੪੭॥

ਗਿਰਜੋ ਸੀਸ ਸ਼ੀਘ੍ਰੰ ਰਹੇ ਨੈਨ ਬਾਯੋ। ਮਨੋ ਸ੍ਰੀਫਲੰ ਬਾਯੁ ਸ਼ਾਖਾ ਗਿਰਾਯੋ।
ਬਿਨਾ ਮੁੰਡ ਤੇ ਰੁੰਡ ਭੂ ਮੈਂ ਪਰਜੋ ਹੈ। ਤਰੂ ਮੂਲ ਛਿੰਨੰ ਮਨੋਂ ਸੋ ਗਿਰਜੋ ਹੈ॥੪੮॥

ਤੁਰਤ ਸਿਰ ਡਿੱਗ ਪਿਆ ਤੇ ਨੈਣ ਖੁਲ੍ਹੇ ਹੀ ਰਹਿ ਗਏ, ਮਾਨੋਂ ਨਾਰੀਅਲ ਦੇ ਫਲ ਨੂੰ ਤੇਜ਼ ਹਵਾ ਨੇ ਟਹਿਣੀ ਨਾਲੋਂ ਤੋੜ ਕੇ ਸੁੱਟ ਦਿੱਤਾ ਹੋਵੇ। ਧੜ ਸਿਰ ਤੋਂ ਬਗੈਰ ਧਰਤੀ ਤੇ ਇੰਝ ਡਿੱਗ ਪਿਆ ਮਾਨੋਂ ਜੜ੍ਹੋਂ ਪੁਟਿਆ ਦਰੱਖਤ ਧਰਤੀ ਤੇ ਆ ਡਿੱਗਾ ਹੋਵੇ॥੪੮॥

ਦੋਹਰਾ-ਰਹਜੋ ਬਚਾਵਤਿ ਤਰੇ ਕੋ ਊਪਰ ਭਯੋ ਪ੍ਰਹਾਰ।
ਪ੍ਰਾਨ ਤਜਾਗਿ ਗਮਨਜੋ ਭਿਸਤ ਸਤਿਗੁਰ ਅੱਗ੍ਰ ਨਿਹਾਰਿ॥ ੪੯॥

ਉਹ ਆਪਣੇ ਆਪ ਨੂੰ ਹੇਠਲੇ ਪਾਸੇ ਤੋਂ ਬਚਾਉਂਦਾ ਰਿਹਾ ਤੇ ਤਲਵਾਰ ਦਾ ਵਾਰ ਉਪਰ ਆ ਲੱਗਾ, ਪ੍ਰਾਣ ਛੱਡ ਕੇ ਬਹਿਸ਼ਤਾਂ ਵਿਚ ਚਲਾ ਗਿਆ, ਕਿਉਂਕਿ ਉਸ ਨੇ ਸਾਹਮਣੇ ਸਤਿਗੁਰੂ ਜੀ ਨੂੰ ਵੇਖਿਆ ਸੀ॥੪੯॥

*ਸੱਤਵੀਂ ਰਾਸ ਦਾ ਤਰਵੰਜਵਾਂ ਅਧਿਆਇ ਸਮਾਪਤ ਹੋਇਆ॥੫੩॥*

## *ਅਧਿਆਇ ਚਰਵੰਜਵਾਂ*

*ਸਤਿਗੁਰੂ ਜੀ ਦੀ ਵਿਜੈ*

ਦੋਹਰਾ-ਬੇਗਲਲਾ ਕੋ ਮਾਰਿ ਕੈ ਸਤ੍ਰਿਗਰ ਪਾਇ ਪ੍ਰਮੋਦ।
ਫਤੇ ਲੀਨਿ ਬਡ ਜੰਗ ਕੀ ਹਟੇ ਪਾਛਲੀ ਕੋਦ॥ ੧॥

ਲਲਾ ਬੇਗ ਨੂੰ ਮਾਰ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ, ਵੱਡੀ ਜੰਗ ਤੇ ਫਤਹਿ ਪ੍ਰਾਪਤ ਕੀਤੀ ਤੇ ਪਿਛੇ ਹੱਟ ਗਏ॥੧॥

ਸੈਯਾ ਛੰਦ-ਦਿਯੋ ਹੁਕਮ ਸਭਿ ਸੈਨਾ ਕੇ ਪ੍ਰਤਿ 'ਹੇਲ ਕਰਹੁ ਤੁਰਕਨਿ ਪਰ ਧਾਇ।
ਅਰਹਿ ਸੁ ਕਟਹੁ ਮਿਲਹਿ ਸੋ ਛੋਰਹੁ, ਤਜਾਗੈ ਸ਼ਸਤ੍ਰ ਸੁ ਲੇਹੁ ਬਚਾਇ।
ਸਰਬ ਚਮੂੰ ਪਤਿ ਹੋਤਿ ਭਯੋ ਹਤਿ, ਬਿਨ ਭੂਪਤਿ ਕੋ ਲਰ ਨ ਸਕਾਇ।
ਕਰਹੁ ਫਤੇ, ਅਬਿ ਅੰਤ ਭਯੋ ਰਣ, ਸ੍ਰੀ ਨਾਨਕ ਜੀ ਭਏ ਸਹਾਇ' ॥੨॥

ਪਿੱਛੇ ਹੱਟ ਕੇ ਆਪਣੀ ਸਭ ਸੈਨਾ ਨੂੰ ਹੁਕਮ ਕੀਤਾ, "ਦੌੜ ਕੇ ਤੁਰਕਾਂ ਤੇ ਹਮਲਾ ਕਰੋ, ਜਿਹੜਾ ਅੜਦਾ ਹੈ, ਉਸ ਨੂੰ ਮਾਰ ਦੇਵੋ, ਜਿਹੜਾ ਸੁਲਾਹ ਸਫਾਈ ਨਾਲ ਮਿਲਦਾ ਹੈ, ਉਸ ਨੂੰ ਛੱਡ ਦੇਵੋ, ਜਿਹੜੇ ਸ਼ਸਤਰ ਸੁੱਟ ਦੇਣ ਉਨ੍ਹਾਂ ਨੂੰ ਬਚਾਅ ਲਵੋ। ਸਾਰੀ ਫੌਜ ਦਾ ਸੈਨਾਪਤੀ ਮਾਰਿਆ ਗਿਆ ਹੈ, ਰਾਜੇ ਤੋਂ ਬਗੈਰ ਕੋਈ ਲੜ ਨਹੀਂ ਸਕਦਾ। ਹੁਣ ਫਤਹਿ ਪ੍ਰਾਪਤ ਕਰੋ, ਜੰਗ ਦਾ ਅੰਤ ਹੋ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ਸਹਾਇਤਾ ਕੀਤੀ ਹੈ"॥੨॥

ਸੁਨਿ ਆਇਸੁ ਕੋ ਗਹੀ ਕ੍ਰਿਪਾਨੈਂ ਬਾਜ ਸਮਾਨ ਗਏ ਸਭਿ ਸੂਰ।
ਮਨਹੁਂ ਮ੍ਰਿਗਨਿ ਪਰ ਕੇਹਰਿ ਦੌਰੇ 'ਮਾਰਿ ਮਾਰਿ' ਕਰਿ ਭਰੇ ਗ਼ਰੂਰ।
ਜੋ ਸਨਮੁਖ ਹੁਇ ਤਜੈ ਤੁਫੰਗਨਿ, ਤੋਮਰ ਤੀਰ ਤੁਰਕ ਭਟ ਭੂਰ।
ਸਭਿ ਪਰ ਪਰੀ ਮਾਰ ਇਕ ਸਮਸਰ ਰੁੰਡ ਮੁੰਡ ਕਰਿ ਮੇਲੇ ਧੂਰਿ॥ ੩ ॥

ਆਗਿਆ ਪਾ ਕੇ ਸਭ ਨੇ ਕ੍ਰਿਪਾਨਾਂ ਫੜ ਲਈਆਂ ਤੇ ਸਾਰੇ ਸੂਰਮੇ ਬਾਜ਼ਾਂ ਵਾਂਗ ਟੁੱਟ ਕੇ ਪੈ ਗਏ। ਮਾਨੋਂ ਹਿਰਨਾਂ ਪਿੱਛੇ ਸ਼ੇਰ ਭੱਜੇ ਹੋਣ, 'ਮਾਰੋ ਮਾਰੋ' ਕਰਦੇ ਬੜੇ ਘੁਮੰਡ ਨਾਲ ਭਰੇ ਸਨ। ਜਿਹੜਾ ਵੀ ਸਾਹਮਣੇ ਹੁੰਦਾ ਸੀ ਉਸ ਨੂੰ ਗੋਲੀ ਮਾਰਦੇ ਸਨ ਤੇ ਕਈ ਸੂਰਮੇ ਨੇਜ਼ੇ ਅਤੇ ਤੀਰ ਤੁਰਕਾਂ ਨੂੰ ਮਾਰਦੇ ਸਨ। ਸਾਰਿਆਂ ਨੂੰ ਬਰਾਬਰ ਮਾਰ ਪਈ ਤੇ ਰੁੰਡ-ਮੁੰਡ ਕਰਕੇ ਧੂੜ ਨਾਲ ਮਿਲਾ ਦਿੱਤੇ॥੩॥

ਕੰਠ ਕਟਜੋ ਕਿਹ, ਭੁਜਾ ਤੁੰਡ ਕਿਹ, ਸਿਰ ਪਰ ਬਜੀ ਕਾਂਹਿ ਕਰਵਾਰ।
ਕੁਛਕ ਅਰੇ ਪੁਨ ਭਾਜਿ ਪਰੇ ਤਹਿਂ, ਕਿਸ ਨੇ ਤਜਾਗ ਦੀਨਿ ਹੱਥਜਾਰ।
ਕੋ ਕਰ ਜੋਰਤਿ ਖਰੇ ਨਿਹੋਰਤਿ, 'ਗੁਰੂ ਦੁਹਾਈ' ਕਾਂਹਿ ਉਚਾਰ।
ਦੀਨ ਭਏ ਤ੍ਰਿਣ ਦਾਂਤਨਿ ਗਹਿ ਕਰਿ ਇਸ ਬਿਧਿ ਕੇਤਿਕ ਪ੍ਰਾਨ ਉਬਾਰਿ॥੪॥

ਕਿਸੇ ਦਾ ਗਲਾ ਕੱਟਿਆ ਗਿਆ, ਕਿਸੇ ਦੀ ਬਾਂਹ ਤੇ ਮੂੰਹ ਕੱਟਿਆ ਗਿਆ, ਕਿਸੇ ਦੇ ਸਿਰ ਉਤੇ ਤਲਵਾਰ ਵੱਜੀ। ਕੁਝ ਅੜੇ ਫਿਰ ਭੱਜ ਪਏ ਤੇ ਕਿਸੇ ਨੇ ਹਥਿਆਰ ਸੁੱਟ ਦਿੱਤੇ। ਕਈ ਹੱਥ ਜੋੜ ਕੇ ਖੜੇ ਹੋ ਕੇ ਵੇਖਦੇ ਸੀ ਤੇ ਕਈ ''ਗੁਰੂ ਦੁਹਾਈ'' ਉਚਾਰਨ ਕਰਦੇ ਸਨ। ਕਈ ਦੰਦਾਂ ਵਿਚ ਘਾਹ ਲੈ ਕੇ ਦੀਨ ਹੋ ਗਏ, ਇਸ ਤਰ੍ਹਾਂ ਕਈਆਂ ਨੇ ਆਪਣੇ ਪ੍ਰਾਣ ਬਚਾ ਲਏ॥੪॥

ਜੰਗ ਖੇਤ ਮਹਿਂ ਫਤੇ ਭਈ ਗੁਰੁ ਜਬਹਿ 'ਦੁਹਾਈ' ਤੁਰਕ ਪੁਕਾਰ।
ਬਿਧੀਚੰਦ ਕੋ ਸ੍ਰੀ ਹਰਿਗੋਵਿੰਦ ਪਠਜੋ, 'ਦੀਨ ਤਿਨ ਲੇਹੁ ਉਬਾਰ'।
ਗਯੋ ਤੁਰੰਗ ਧਵਾਵਤਿ ਦੇਖੇ ਬਰਜੇ ਭਟ 'ਨਹਿਂ ਕੀਜਹਿ ਮਾਰ'।
ਸਰਬ ਚਮੂੰ ਕੋ ਇਕਠੀ ਕਰਿ ਕੈ ਹਟਜੋ, ਬੋਲਿ 'ਸਤਿਗੁਰ ਜੈਕਾਰ'॥ ੫ ॥

ਜਦ ਗੁਰੂ ਜੀ ਦੀ ਜੰਗ ਵਿਚ ਫਤਹਿ ਹੋਈ ਤਾਂ ਤੁਰਕ 'ਦੁਹਾਈ-ਦੁਹਾਈ' ਪੁਕਾਰਦੇ ਸਨ। ਸ੍ਰੀ ਹਰਿਗੋਬਿੰਦ ਜੀ ਨੇ ਬਿਧੀ ਚੰਦ ਨੂੰ ਭੇਜਿਆ, ''ਜਿਹੜੇ ਦੀਨ ਹੋ ਜਾਂਦੇ ਹਨ, ਉਨ੍ਹਾਂ ਨੂੰ ਬਚਾ ਲਵੋ।'' ਉਹ ਘੋੜਾ ਭਜਾਉਂਦਾ ਹੋਇਆ ਗਿਆ ਤੇ ਉਸ ਸੂਰਮਿਆਂ ਨੂੰ ਰੋਕਿਆ, ''ਇਨ੍ਹਾਂ ਨੂੰ ਨਾ ਮਾਰੋ''। ਸਾਰੀ ਸੈਨਾ ਨੂੰ ਇਕੱਠੀ ਕਰਕੇ ਵਾਪਸ ਆ ਗਿਆ ਤੇ ਸਤਿਗੁਰੂ ਜੀ ਦਾ ਜੈਕਾਰਾ ਬੋਲਿਆ॥੫॥

ਜੋ ਘਾਇਲ ਗੁਰ ਬੀਰ ਪਰਜੋ ਰਣ ਤਿਸ ਕੀ ਸੁਧਿ ਕਰਿ ਲੀਨਿ ਉਠਾਇ।
ਦੁੰਦਭਿ ਦੀਹ ਜੀਤ ਕੇ ਬਾਜਤਿ ਸੁਭਟ ਪ੍ਰਮੋਦਤਿ ਭੇ ਸਮੁਦਾਇ।
ਜੋਧ ਸਹਿਤ ਜਹਿਂ ਸ੍ਰੀ ਹਰਿਗੋਵਿੰਦ ਕਰਤਿ ਕੁਲਾਹਲ ਕੋ ਤਹਿਂ ਆਇ।
ਚਰਨ ਨਿਹੋਰਤਿ, ਸਭਿ ਕਰ ਜੋਰਤਿ, ਗੁਰ ਮਹਿਮਾ ਕਹਿ ਸੀਸ ਨਿਵਾਇਂ॥ ੬ ॥

ਜਿਹੜੇ ਗੁਰੂ ਜੀ ਦੇ ਸੂਰਮੇ ਰਣਖੇਤਰ ਵਿਚ ਘਾਇਲ ਪਏ ਸਨ, ਉਨ੍ਹਾਂ ਦੀ ਖਬਰ ਲੈ ਕੇ ਚੁੱਕ ਲਿਆ। ਗੁਰੂ ਜੀ ਦੀ ਜਿੱਤ ਦੇ ਵੱਡੇ ਨਗਾਰੇ ਵੱਜ ਰਹੇ ਸਨ, ਸੂਰਮੇਂ ਇਕੱਠੇ ਹੋ ਕੇ ਪ੍ਰਸੰਨ ਹੋ ਰਹੇ ਸਨ। ਰਾਇ ਜੋਧ ਸਮੇਤ ਜਿਥੇ ਗੁਰੂ ਹਰਿਗੋਬਿੰਦ ਜੀ ਸਨ, ਉਥੇ ਰੌਲਾ ਪਾਉਂਦੇ ਹੋਏ ਆ ਗਏ। ਸਭ ਨੇ ਗੁਰੂ ਜੀ ਦੇ ਚਰਨਾਂ ਨੂੰ ਵੇਖ ਕੇ ਹੱਥ ਜੋੜ ਕੇ ਗੁਰੂ ਜੀ ਦੀ ਮਹਿਮਾਂ ਵਿਚ ਸਿਰ ਨਿਵਾਇ॥੬॥

ਸਭਿ ਕੋ ਸਤਿਗੁਰ ਕਰਜੋ ਸੰਭਾਰਨਿ ਬੂਝਤਿ ਜੋਧ ਸੰਗ ਸਤਿ ਭਾਇ।
'ਗਮਨਹੁ ਸਿਵਰ, ਕਾਜ ਪਾ ਪੂਰਨ' ਇਮ ਕਹਿ ਗਮਨ ਕੀਨ ਹਰਖਾਇ।
ਨਿਜ ਡੇਰੇ ਮਹਿਂ ਉਤਰੇ ਆਇ ਸੁ ਗਿਨਵਾਏ ਜੋਧਾ ਸਮਦਾਇ।
ਸੈਨਪਤੀ ਸਭਿ ਬੂਝਨ ਕੀਨਿ 'ਕੇਤਿਕ ਸੁਭਟ ਰਹੇ ਰਣ ਥਾਇਂ?' ॥ ੭ ॥

ਗੁਰੂ ਜੀ ਨੇ ਸਾਰਿਆਂ ਦੀ ਸੰਭਾਲ ਕੀਤੀ ਤੇ ਰਾਇ ਜੋਧ ਨਾਲ ਸਭ ਦਾ ਸੱਚੇ ਦਿਲੋਂ ਹਾਲ-ਚਾਲ ਪੁੱਛਿਆ ਤੇ ਕਿਹਾ, "ਹੁਣ ਡੇਰੇ ਚਲੋ ਸਾਰਾ ਕਾਰਜ ਪੂਰਾ ਹੋ ਗਿਆ ਹੈ।" ਇਸ ਤਰ੍ਹਾਂ ਕਹਿ ਕੇ ਸਾਰੇ ਪ੍ਰਸੰਨ ਹੋ ਕੇ ਚਲੇ ਗਏ। ਆਪਣੇ ਡੇਰੇ ਵਿਚ ਆ ਕੇ ਉਤਾਰਾ ਕਰ ਲਿਆ ਤੇ ਸਾਰੇ ਯੋਧਿਆਂ ਨੂੰ ਇਕੱਠੇ ਕਰਕੇ ਗਿਣਤੀ ਕੀਤੀ ਤੇ ਸਾਰੇ ਸੈਨਾਪਤੀਆਂ ਤੋਂ ਪੁੱਛਿਆ, "ਕਿੰਨੇ ਸੂਰਮੇ ਰਣਖੇਤਰ ਵਿਚ ਸ਼ਹੀਦ ਹੋਏ ਹਨ ?" ॥੭॥

ਗਿਨਿਕੈ ਸਭਿਨਿ ਆਨਿ ਸੁਧ ਦੀਨਸਿ 'ਮਹਾਰਾਜ! ਰਾਵਰ ਕੇ ਬੀਰ।
ਜੋਧਰਾਇ ਕੀ ਚਮੂੰ ਸਹਤ ਸਭਿ ਪਹੁੰਚੇ ਸੁਰਗ ਜੁ ਤਜਾਗਿ ਸਰੀਰ।
ਸਭਿ ਗਿਨਿ ਲੀਨਿ ਭਲੇ ਕਰਿ ਨਿਰਨੈ ਦੋ ਸੈ ਇਕ ਸਹੰਸ੍ਰ ਰਣ ਧੀਰ।
ਤੁਰਕਨ ਸੌਂ ਲਰ ਹੇਤੁ ਆਪ ਕੇ ਰਹੇ ਖੇਤ, ਰਣ ਬਿਖੈ ਗਹੀਰ' ॥ ੮ ॥

ਗਿਣ ਕੇ ਸਾਰਿਆਂ ਨੇ ਆ ਕੇ ਖਬਰ ਦਿੱਤੀ, "ਮਹਾਰਾਜ ! ਆਪ ਜੀ ਦੇ ਸੂਰਬੀਰ ਅਤੇ ਰਾਇ ਜੋਧ ਦੀ ਸੈਨਾ ਸਮੇਤ ਜੋ ਸਭ ਸੂਰਮੇ ਸਰੀਰ ਤਿਆਗ ਕੇ ਸਵਰਗ ਨੂੰ ਚਲੇ ਗਏ ਹਨ, ਉਹ ਭਲਾ ਨਿਰਣਾ ਕਰ ਕੇ ਗਿਣ ਲਏ ਹਨ, ਉਨ੍ਹਾਂ ਵਿਚੋਂ ਬਾਰਾਂ ਸੌ ਸੂਰਮੇ, ਵੱਡੇ ਯੁੱਧ ਵਿਚ ਆਪ ਜੀ ਦੀ ਖਾਤਰ ਤੁਰਕਾਂ ਨਾਲ ਲੜਦੇ ਹੋਏ ਰਣਖੇਤਰ ਵਿਚ ਸ਼ਹੀਦ ਹੋਏ ਹਨ" ॥੮॥

ਨਿਜ ਨਿਜ ਡੇਰੇ ਮਹਿਂ ਬਿਸਰਾਮੇ, ਘਾਇਲ ਸੁਭਟ ਕਿਤਿਕ ਲੇਂ ਸਾਰ।
ਸਭਿ ਪਰ ਸੇਵਕ ਸੇਵਾ ਕੇ ਹਿਤ ਕਰੇ ਸਪੁਰਦ ਭਲੇ ਪ੍ਰਤਿਪਾਰਿ।
ਜੋਧਰਾਇ ਕੋ ਨਿਕਟਿ ਹਕਾਰਜੋ ਤਨ ਮਹਿਂ ਛਦ ਤੇ ਭਯੋ ਸੁਮਾਰ।
ਕ੍ਰਿਪਾਨਿਧਾਨ ਕ੍ਰਿਪਾ ਕਰਿ ਦੇਖਜੋ ਹਾਥ ਸਪਰਸ਼ਨ ਕਰਜੋ ਉਦਾਰ॥ ੯ ॥

ਜਿਹੜੇ ਜ਼ਖਮੀ ਸੂਰਮੇ ਹਨ, ਉਹ ਆਪਣੇ ਆਪਣੇ ਡੇਰੇ ਵਿਚ ਰਹੇ ਹਨ ਤੇ ਕਈ ਉਨ੍ਹਾਂ ਦੀ ਖਬਰ ਲੈ ਰਹੇ ਹਨ। ਸਾਰਿਆਂ ਦੀ ਸੇਵਾ ਤੇ ਪ੍ਰਤਿਪਾਲਣਾ ਲਈ ਭਲੇ ਸੇਵਕਾਂ ਦੇ ਸਪੁਰਦ ਕਰ ਦਿੱਤੇ ਹਨ। ਜੋਧ ਰਾਇ ਨੂੰ ਪਾਸ ਬੁਲਾਇਆ ਜਿਸ ਦਾ ਵੱਟ ਲੱਗਣ ਨਾਲ ਸਰੀਰ ਜ਼ਖਮੀ ਹੋਇਆ ਸੀ। ਕਿਰਪਾ ਨਿਧਾਨ ਗੁਰੂ ਜੀ ਨੇ ਉਸ ਨੂੰ ਕਿਰਪਾ ਨਾਲ ਵੇਖਿਆ ਤੇ ਹੱਥ ਨਾਲ ਉਸ ਦੇ ਜ਼ਖਮਾਂ ਨੂੰ ਸਪੱਰਸ਼ ਕੀਤਾ ॥੯॥

ਜਹਿਂ ਜਹਿਂ ਘਾਵ ਅਲਪ ਕੈ ਦੀਰਘ ਸਭਿ ਕੀ ਪੀਰ ਹਰੀ ਗੁਰ ਪੀਰ।
ਬਿਧੀ ਚੰਦ ਅਰੁ ਜਾਤੀ ਮਲਕ ਜੁ ਸਭਿ ਪਰ ਦ੍ਰਿਸ਼ਟਿ ਡਾਰਿ ਸੁਖ ਧੀਰ।
ਨਹੀਂ ਛਦਨਿ ਕੋ ਕਸ਼ਟ ਰਹਜੋ ਕਿਸ, ਕਿਤਿਕ ਦਿਨਨਿ ਮਹਿਂ ਸ਼ੁੱਧ ਸ਼ਰੀਰ।
ਖਾਨ ਪਾਨ ਕਰਿ ਸਭਿ ਬਿਸਰਾਮੇ ਘੋਰਨਿ ਕੋ ਦੇ ਕਰਿ ਤ੍ਰਿਣ ਨੀਰ॥ ੧੦ ॥

ਜਿਥੇ ਜਿਥੇ ਵੀ ਵੱਡਾ ਜਾਂ ਛੋਟਾ ਜ਼ਖਮ ਹੋਇਆ ਸੀ, ਗੁਰੂ ਪੀਰ ਨੇ ਸਭ ਜ਼ਖਮਾਂ ਦੀ ਪੀੜ ਦੂਰ ਕੀਤੀ। ਬਿਧੀ ਚੰਦ ਅਤੇ ਜਾਤੀ ਮਲਕ ਜਿਹੜੇ ਸੂਰਬੀਰ ਸਨ ਸਭ ਉਤੇ ਦ੍ਰਿਸ਼ਟੀ ਪਾ ਕੇ ਸੁਖ ਅਤੇ ਧੀਰਜ ਬਖਸ਼ਿਆ। ਕਿਸੇ ਨੂੰ ਜ਼ਖਮਾਂ ਦਾ ਦੁਖ ਨਾ ਰਿਹਾ, ਕੁਝ ਦਿਨਾਂ ਵਿਚ ਸਰੀਰ ਨਵੇਂ ਨਰੋਏ ਹੋ ਗਏ। ਖਾ ਪੀ ਕੇ ਸਭ ਨੇ ਵਿਸ਼ਰਾਮ ਕੀਤਾ ਤੇ ਘੋੜਿਆਂ ਨੂੰ ਘਾਹ ਅਤੇ ਪਾਣੀ ਦਿੱਤਾ ॥੧੦॥

ਸ਼ਸਤ੍ਰ ਡਾਰਿ ਕਰਿ ਕਾਇਰ ਆਏ ਜਲ ਤਲਾਉ ਤੇ ਪਾਨ ਕਰੰਤਿ।
ਹਸਨੇ ਖਾਂਨ ਦੂਤ ਸੋਂ ਮਿਲਿ ਕਰਿ ਗੁਰ ਦਲ ਬਿਖੇ ਰਹੇ ਅਚਵੰਤਿ।
ਸ੍ਰੀ ਹਰਿਗੋਵਿੰਦ ਨਰ ਗਨ ਭੇਜੇ 'ਜਹਿਂ ਜੇਠੇ ਕੀ ਲੋਥ ਦਿਖੰਤਿ।
ਤਿਸ ਤੇ ਆਦਿ ਅਪਰ ਸਿਖ ਜੋਧਾ ਮਰੇ ਪਰੇ ਲਰਿਕੈ ਬਲਵੰਤਿ॥ ੧੧॥

ਜਿਹੜੇ ਕਾਇਰ ਹਥਿਆਰ ਸੁੱਟ ਕੇ ਸ਼ਰਨ ਆਏ ਸਨ, ਉਹ ਸਰੋਵਰ ਵਿਚੋਂ ਪਾਣੀ ਪੀਂਦੇ ਸਨ ਤੇ ਹਸਨ ਖਾਂ ਦੂਤ ਨਾਲ ਮਿਲ ਕੇ ਉਹ ਗੁਰੂ ਦਲ ਦੇ ਵਿਚ ਹੀ ਮਿਲ ਕੇ ਭੋਜਨ ਖਾਂਦੇ ਸਨ। ਗੁਰੂ ਜੀ ਨੇ ਬਹੁਤ ਮਨੁੱਖਾਂ ਨੂੰ ਭੇਜਿਆ ਤੇ ਕਿਹਾ, "ਜਿਥੇ ਭਾਈ ਜੇਠੇ ਦੀ ਲੋਥ ਦਿਖਾਈ ਦਿੰਦੀ ਹੈ ਤੇ ਉਸ ਤੋਂ ਉਪਰੰਤ ਹੋਰ ਵੀ ਜਿਹੜੇ ਸਿੱਖ ਯੋਧੇ ਲੜ ਕੇ ਸ਼ਹੀਦ ਹੋ ਗਏ ਹਨ॥੧੧॥

ਸਭਿ ਇਕਠੇ ਕਰਿ ਦਾਹੁ ਦੇਹੁ ਤਿਨ, ਕਰਹੁ ਭਸਮ ਗਨ ਕਾਸ਼ਟ ਪਾਇ।
ਗਰਤ ਖ਼ਨਹੁ ਇਕ ਦੀਰਘ ਨੀਕੋ ਜਿਸ ਮਹਿਂ ਤੁਰਕ ਪਰੈਂ ਸਮੁਦਾਇ।
ਸਭਿਨਿ ਉਠਾਇ ਸੰਪੂਰਨ ਕਰੀਯਹਿ ਸ਼ਸਤ੍ਰ ਬਸਤ੍ਰ ਕੇ ਸਹਿਤ ਸੁ ਲਜਾਇ।
ਬੀਰ ਪੰਚ ਉਮਰਾਵ ਸੰਘਾਰੇ ਤਿਨ ਕੌ ਉਪਰ ਧਰਹੁ ਬਨਾਇ॥ ੧੨॥

ਸਾਰੀਆਂ ਲਾਸ਼ਾਂ ਨੂੰ ਇਕੱਠੀਆਂ ਕਰਕੇ ਸਸਕਾਰ ਕਰ ਦੇਵੋ, ਬਹੁਤ ਲੱਕੜ ਪਾ ਕੇ ਉਨ੍ਹਾਂ ਨੂੰ ਭਸਮ ਕਰ ਦੇਵੋ। ਫਿਰ ਇਕ ਬਹੁਤ ਵਧੀਆ ਅਤੇ ਡੂੰਘਾ ਟੋਆ ਪੁਟੋ, ਜਿਸ ਵਿਚ ਸਾਰੇ ਤੁਰਕਾਂ ਨੂੰ ਸੁਟ ਦੇਵੋ। ਉਨ੍ਹਾਂ ਨੂੰ ਸ਼ਸਤਰਾਂ ਵਸਤਰਾਂ ਦੇ ਨਾਲ ਚੁੱਕ ਕੇ ਲਿਆ ਕੇ ਟੋਏ ਵਿਚ ਸੁੱਟ ਦੇਵੋ। ਜਿਹੜੇ ਪੰਜ ਉਮਰਾਵ ਮਾਰੇ ਹਨ, ਉਨ੍ਹਾਂ ਨੂੰ ਸਭ ਦੇ ਉਪਰ ਰੱਖੋ॥੧੨॥

ਤਿਸ ਪਰ ਅਧਿਕ ਮ੍ਰਿੱਤਕਾ ਡਾਰਹੁ ਕਰਹੁ ਸਥੰਡਲ ਕਿਤਿਕ ਉਤੰਗ।
ਇਕ ਸਮ ਬੈਠਨਿ ਹੇਤੁ ਬਨਾਵਹੁ ਬਿਲਮ ਨ ਕਰਹੁ ਸ਼ੀਘ੍ਰਤਾ ਸੰਗ'।
ਸੁਨਿ ਕਰਿ ਨਰ ਗਨ ਗੁਰੂ ਹੁਕਮ ਕੋ ਜਾਇ ਚਿਨਾਰ ਕੀਨਿ ਭਟ ਅੰਗ।
ਜੇਠੇ ਆਦਿਕ ਲੈ ਸਭਿ ਦਾਹੇ, ਜੋ ਰਣ ਖੇਤ ਗਿਰੇ ਤਨ ਭੰਗ॥ ੧੩॥

ਉਨ੍ਹਾਂ ਦੇ ਉਤੇ ਬਹੁਤ ਮਿੱਟੀ ਪਾਵੋ ਤੇ ਸਾਡੇ ਬੈਠਣ ਵਾਸਤੇ ਇਕ ਬਹੁਤ ਵੱਡਾ ਅਤੇ ਇਕ ਸਮਾਨ ਥੜ੍ਹਾ ਬੜੀ ਸ਼ੀਘਰਤਾ ਨਾਲ ਬਣਾਵੋ ਤੇ ਇਸ ਵਿਚ ਕਿਸੇ ਪ੍ਰਕਾਰ ਦੀ ਦੇਰ ਨਾ ਕਰੋ।" ਮਨੁੱਖਾਂ ਨੇ ਗੁਰੂ ਜੀ ਦੀ ਆਗਿਆ ਸੁਣ ਕੇ ਸ਼ਹੀਦ ਸੂਰਮਿਆਂ ਨੂੰ ਇਕ ਵੱਡੀ ਚਿੱਤਾ ਵਿਚ ਚਿਣ ਦਿੱਤਾ ਤੇ ਭਾਈ ਜੇਠੇ ਆਦਿ ਨੂੰ ਲੈ ਕੇ ਸਭ ਦਾ ਸਸਕਾਰ ਕਰ ਦਿੱਤਾ, ਜਿਨ੍ਹਾਂ ਦੇ ਸਰੀਰ ਰਣਖੇਤਰ ਵਿਚ ਸ਼ਹੀਦ ਹੋ ਗਏ ਸਨ॥੧੩॥

ਨਰ ਗਨ ਲਗੇ ਗਰਤ ਕੋ ਖੋਦਨ ਜੇਤਿਕ ਤੁਰਕ ਬਚੇ ਸਮੁਦਾਇ।
ਤਿਨ ਸਭਿਹਿਨਿ ਕੋ ਕਹਜੋ 'ਮ੍ਰਿਤਕ ਜੇ ਸ਼ਸਤ੍ਰ ਬਸਤ੍ਰ ਕੇ ਸਹਿਤ ਸੁ ਲਜਾਇ।
ਅੰਗੀਕਾਰ ਨ ਕਰਹੁ ਵਸਤੁ ਕੁਛ ਸਭਿ ਹੀ ਪਾਇ ਦੇਹੁ ਇਸ ਥਾਇਂ'।
ਸੁਨਿ ਕਰਿ ਲਗੇ ਕਰਨਿ ਬਿਧਿ ਤੈਸੀ ਜਾਇ ਖੇਤ ਤੇ ਲਜਾਇਂ ਉਚਾਇ॥੧੪॥

ਬਹੁਤ ਮਨੁੱਖ ਟੋਆ ਪੁੱਟਣ ਲੱਗੇ, ਜਿਹੜੇ ਤੁਰਕ ਜੀਉਂਦੇ ਬਚੇ ਸਨ, ਉਹ ਵੀ ਨਾਲ ਲੱਗੇ। ਗੁਰੂ ਜੀ ਨੇ ਫਿਰ ਸਭ ਨੂੰ ਕਿਹਾ, "ਜਿਹੜਾ ਮ੍ਰਿਤਕ ਸ਼ਸਤਰਾਂ ਸਹਿਤ ਲਿਆਏ ਹੋ, ਉਨ੍ਹਾਂ ਦੀ ਕੋਈ ਵੀ ਵਸਤੂ ਅੰਗੀਕਾਰ ਨਾ ਕਰੋ, ਸਾਰਿਆਂ ਨੂੰ ਸ਼ਸਤਰਾਂ ਵਸਤਰਾਂ ਸਹਿਤ ਇਸ ਟੋਏ ਵਿਚ ਸੁੱਟ ਦੇਵੋ।" ਇਹ ਸੁਣ ਕੇ ਉਸ ਤਰ੍ਹਾਂ ਹੀ ਕਰਨ ਲੱਗੇ ਤੇ ਰਣਖੇਤਰ ਵਿਚ ਜਾ ਕੇ ਚੁਕ ਕੇ ਲਿਆਉਣ ਲੱਗੇ॥੧੪॥

ਮਰੇ ਤੁਰਕ ਜੇ ਪਰੇ ਲਰੇ ਰਣ ਸਭਿਨਿ ਉਠਾਇ ਗਰਤ ਦੈਂ ਪਾਇ।
ਘਨੇ ਸਿੱਖ ਅਰੁ ਰਾਹਿਕ ਲਾਗੇ ਅਪਰ ਤਮਾਸ਼ਬੀਨ ਜੇ ਆਇ।
ਗੁਰੂ ਹੁਕਮ ਕੋ ਮਾਨਿ ਮਾਨਿ ਕਰਿ ਲੋਥ ਉਠਾਇ ਘਸੀਟਤਿ ਲਜਾਇ।
ਸ਼ਸਤ੍ਰ ਬਸਤ੍ਰ ਕੇ ਸਹਿਤ ਸੁ ਗੇਰਹਿੰ, ਪੂਰਨ ਕਰਯੋ ਤੁਰਤ ਸਮੁਦਾਇ ॥ ੧੫ ॥

ਜਿਹੜੇ ਤੁਰਕ ਰਣਖੇਤਰ ਵਿਚ ਲੜ ਕੇ ਮਰ ਗਏ ਸਨ, ਸਾਰਿਆਂ ਨੂੰ ਚੁਕ ਕੇ ਉਸ ਟੋਏ ਵਿਚ ਸੁੱਟ ਦਿੱਤਾ। ਬਹੁਤ ਸਿੱਖ ਅਤੇ ਕਿਸਾਨ ਇਹ ਕੰਮ ਕਰਨ ਲੱਗੇ, ਜਿਹੜੇ ਹੋਰ ਵੀ ਤਮਾਸ਼ਬੀਨ ਆਏ ਸਨ ਉਹ ਲੋਥਾਂ ਨੂੰ ਚੁੱਕ ਕੇ ਜਾਂ ਘਸੀਟ ਕੇ ਲਿਆਉਂਦੇ ਸਨ। ਸ਼ਸਤਰਾਂ ਵਸਤਰਾਂ ਸਹਿਤ ਹੀ ਟੋਏ ਵਿਚ ਸੁੱਟ ਦਿੰਦੇ ਸਨ ਤੇ ਛੇਤੀ ਹੀ ਸਾਰਾ ਕੰਮ ਪੂਰਾ ਕਰ ਦਿੱਤਾ॥ ੧੫ ॥

ਕੋ ਲਜਾਵਤਿ, ਕੋ ਧਾਵਤਿ ਜਾਵਤਿ, ਭਏ ਅਨੰਦਤਿ ਜੈ ਗੁਰ ਜਾਨਿ।
ਗਨ ਤੁਰਕਾਨ ਹਾਨ ਕਰਿ ਪ੍ਰਾਨਨਿ ਅਚਰਜ ਸਭਿ ਕੇ ਭਯੋ ਮਹਾਨ।
ਜਹਿਂ ਜਹਿਂ ਸੁਨਤਿ ਪਿਖਿਨਿ ਹਿਤ ਧਾਏ ਭਯੋ ਸਮੂਹ ਨਰਨ ਕੋ ਆਨ।
ਗਰਤ ਪੂਰ ਕਰਿ ਊਪਰ ਧਰਿ ਕਰਿ ਪੁਨ ਉਮਰਾਵ ਲਜਾਇ ਤਿਸ ਥਾਨ ॥੧੬ ॥

ਕੋਈ ਲਿਆਉਂਦਾ ਸੀ, ਕੋਈ ਲੈਣ ਜਾਂਦਾ ਸੀ, ਗੁਰੂ ਜੀ ਦੀ ਜੈ ਸਮਝ ਕੇ ਸਾਰੇ ਬਹੁਤ ਪ੍ਰਸੰਨ ਸਨ। ਸਾਰੇ ਤੁਰਕਾਂ ਦੇ ਪ੍ਰਾਣ ਲੈ ਕੇ ਗੁਰੂ ਜੀ ਨੇ ਸਾਰਿਆਂ ਨੂੰ ਵੱਡੀ ਹੈਰਾਨੀ ਵਿਚ ਪਾ ਦਿੱਤਾ ਸੀ। ਜਿਸ-ਜਿਸ ਵੀ ਸੁਣਿਆ ਉਹ ਵੇਖਣ ਵਾਸਤੇ ਦੌੜਿਆ ਤੇ ਓਥੇ ਬਹੁਤ ਲੋਕਾਂ ਦਾ ਹਜੂਮ ਇਕੱਠਾ ਹੋ ਗਿਆ। ਟੋਆ ਪੂਰ ਕੇ ਉਤੇ ਉਮਰਾਵਾਂ ਦੀਆਂ ਲਾਸ਼ਾਂ ਲਿਆ ਕੇ ਧਰ ਦਿੱਤੀਆਂ ॥ ੧੬ ॥

ਇਕ ਮਰ੍ਹਾਜ ਕੋ ਸਿੱਖ ਹੁਤੋ ਤਿਹ ਕੰਬਰਬੇਗ ਲੋਥ ਕੋ ਦੇਖਿ।
ਮੁਸ਼ਟ ਗਹੀ ਤਰਵਾਰ ਨਗਨ ਕੀ ਜਿਸ ਕੀ ਕੀਮਤ ਹੁਤੀ ਵਿਸੇਖ।
ਖਰ ਫ਼ੁਲਾਦ ਕੀ ਘੜੀ ਵਲਾਇਤ ਬਹੁ ਸੁੰਦਰ ਕੋ ਤਿਸ ਨੇ ਪੇਖਿ।
ਸੋ ਲੇ ਕਰਿ ਕਿਸ ਥਾਨ ਦੁਰਾਈ ਜਿਸ ਥਲ ਕੋਇ ਨ ਸਕੈ ਪਰੇਖਿ ॥ ੧੭ ॥

ਇਕ ਮਰ੍ਹਾਜ ਦਾ ਰਹਿਣ ਵਾਲਾ ਸਿੱਖ ਸੀ, ਉਸ ਨੇ ਜਦ ਲੋਥਾਂ ਵਿਚ ਕੰਬਰ ਬੇਗ ਦੀ ਲੋਥ ਨੂੰ ਵੇਖਿਆ ਤਾਂ ਉਸ ਦੇ ਹੱਥ ਵਿਚ ਫੜੀ ਹੋਈ ਤਲਵਾਰ ਦੀ ਮੁੱਠੀ ਸੁੰਦਰ ਨਗੀਨਿਆਂ ਨਾਲ ਜੜੀ ਹੋਈ ਵੇਖੀ, ਜਿਹੜੀ ਵਿਸੇਸ਼ ਤੌਰ ਤੇ ਬੜੀ ਕੀਮਤੀ ਸੀ। ਤਿਖੇ ਲੋਹੇ ਦੀ ਵਿਦੇਸ਼ਾਂ ਵਿਚ ਬਣੀ ਸੁੰਦਰ ਤਲਵਾਰ ਨੂੰ ਵੇਖ ਕੇ, ਉਸ ਕਿਸੇ ਐਸੇ ਥਾਂ ਛੁਪਾ ਦਿੱਤਾ, ਜਿਥੇ ਕੋਈ ਵੀ ਵੇਖ ਨਾ ਸਕੇ॥ ੧੭॥

ਗੁਰ ਭੈ ਧਾਰਿ ਛਪਾਵਨਿ ਕੀਨਸਿ ਮਹਾਂ ਲੋਭ ਉਰ ਪਿਖਿ ਤਰਵਾਰ।
ਅਪਰ ਨ ਕਿਨਹੂੰ ਤਹਿਂ ਕੁਛ ਲੀਨਸਿ ਪਾਇ ਗਰਤ ਮਹਿਂ ਕਈ ਹਜ਼ਾਰ।
ਮ੍ਰਿਤਕਾ ਪਾਇ ਮ੍ਰਿਤਕ ਗਨ ਊਪਰ ਕਰਯੋ ਸਥੰਡਲ ਤੁੰਗ ਸੁਧਾਰਿ।
ਸਭਿ ਬਨਾਇ ਕਰਿ ਸਤਿਗੁਰ ਕੇ ਢਿਗ ਕਹਯੋ ਜਾਇ ਕਰਿ 'ਬਨਯੋ ਸੁ ਤਯਾਰ' ॥੧੮ ॥

ਗੁਰੂ ਜੀ ਦਾ ਭੈ ਕਰਕੇ ਉਸ ਲੁਕਾ ਦਿੱਤੀ, ਤਲਵਾਰ ਨੂੰ ਵੇਖ ਕੇ ਉਸ ਦੇ ਮਨ ਵਿਚ ਮਹਾਂ ਲੋਭ ਜਾਗਿਆ। ਹੋਰ ਕਿਸੇ ਨੇ ਕੋਈ ਚੀਜ਼ ਨਾ ਲਈ ਤੇ ਕਈ ਹਜ਼ਾਰ ਤੁਰਕਾਂ ਨੂੰ ਟੋਏ ਦੇ ਵਿਚ ਸੁੱਟ ਦਿੱਤਾ। ਲਾਸ਼ਾਂ ਉਤੇ ਮਿੱਟੀ ਪਾ ਕੇ ਫਿਰ ਥੜਾ ਸਵਾਰ ਕੇ ਉਥੇ ਥੜਾ ਤਿਆਰ ਕੀਤਾ। ਸਾਰਿਆਂ ਨੇ ਥੜਾ ਬਣਾ ਸਤਿਗੁਰੂ ਜੀ ਪਾਸ ਜਾ ਕੇ ਕਿਹਾ, "ਥੜਾ ਤਿਆਰ ਹੋ ਗਿਆ ਹੈ" ॥ ੧੮ ॥

ਸ੍ਰੀ ਹਰਿਗੋਵਿੰਦ ਸੋਚ ਕਰੀ ਸਭਿ, ਪੁਨ ਸ਼ਨਾਨ ਕਰਿ ਸ਼ਸਤ੍ਰ ਸਜਾਇ।
ਦ੍ਵੈ ਘਟਕਾ ਦਿਨ ਰਹਯੋ ਤਬਹਿ ਲਗਿ ਗਮਨੇ ਸੰਗ ਜੋਧ ਬੁਲਵਾਇ।
ਬਜੀ ਜੀਤ ਕੀ ਬੰਬ ਬਿਸਾਲੀ ਭਏ ਸਾਥ ਸਿਖ ਭਟ ਸਮੁਦਾਇ।
ਚਢੇ ਸਥੰਡਲ ਪਰ ਗੁਰ ਪੂਰਨ, ਆਛੋ ਫਰਸ਼ ਤਹਾਂ ਕਰਿਵਾਇ॥ ੧੯॥

ਸ੍ਰੀ ਹਰਿਗੋਬਿੰਦ ਜੀ ਨੇ ਹਰ ਪ੍ਰਕਾਰ ਸੋਚ ਕੀਤੀ ਫਿਰ ਇਸ਼ਨਾਨ ਕਰਕੇ ਸ਼ਸਤਰ ਸਜਾਏ, ਉਸ ਸਮੇਂ ਦੋ ਘੜੀ ਦਿਨ ਰਹਿੰਦਾ ਸੀ ਤਾਂ ਰਾਇ ਜੋਧ ਨੂੰ ਬੁਲਾ ਕੇ ਉਸ ਦੇ ਨਾਲ ਚਲ ਪਏ। ਜਿੱਤ ਦਾ ਬਹੁਤ ਉੱਚੀ ਨਗਾਰਾ ਵੱਜਿਆ, ਤੇ ਕਈ ਸੂਰਬੀਰ ਸਿੱਖ ਨਾਲ ਚਲ ਪਏ। ਗੁਰੂ ਜੀ ਉਸ ਥੜੇ ਦੇ ਉਪਰ ਚੜ੍ਹੇ ਜਿਥੇ ਸੁੰਦਰ ਕਪੜੇ ਵਿਛਾਏ ਹੋਏ ਸਨ॥ ੧੯॥

ਬੈਠੇ ਸਤਿਗੁਰ ਸਭਾ ਲਗਾਇਵ ਗਾਵਨ ਲਗੇ ਰਬਾਬੀ ਆਇ।
ਸਗਲ ਮੁਦਿਤਿ ਮਨ 'ਧੰਨ ਧੰਨ' ਭਨਿ, ਕਰਹਿਂ ਜੰਗ ਬਾਤਨਿ ਮੁਸਕਾਇ।
ਸਭਿਨਿ ਸੁਨਾਇ ਗੁਰੂ ਹਰਿਗੋਵਿੰਦ ਸਿਖ ਮਰ੍ਹਾਜ ਕੋ ਨਿਕਟਿ ਬੁਲਾਇ।
ਕਹਯੋ 'ਤੈਂ ਜੁ ਤਰਵਾਰ ਦੁਰਾਈ ਲੇ ਆਵਹੁ ਅਬਿ ਦੇਹੁ ਗਡਾਇ॥ ੨੦॥

ਸਤਿਗੁਰੂ ਜੀ ਸਭਾ ਲਾ ਕੇ ਬੈਠ ਗਏ ਤੇ ਰਬਾਬੀ ਸ਼ਬਦ ਗਾਉਣ ਲੱਗੇ। ਸਾਰੇ ਮਨ ਵਿਚ ਪ੍ਰਸੰਨ ਸਨ, ਤੇ 'ਧੰਨ ਧੰਨ' ਕਹਿੰਦੇ ਤੇ ਜੰਗ ਦੀਆਂ ਗੱਲਾਂ ਕਰਕੇ ਮੁਸਕਰਾਉਂਦੇ ਸਨ। ਸਾਰਿਆਂ ਨੂੰ ਸੁਣਾ ਕੇ ਗੁਰੂ ਹਰਿਗੋਬਿੰਦ ਜੀ ਨੇ ਮਰ੍ਹਾਜ ਦੇ ਸਿੱਖ ਨੂੰ ਆਪਣੇ ਪਾਸ ਬੁਲਾਇਆ ਤੇ ਕਿਹਾ, "ਤੂੰ ਜੋ ਤਲਵਾਰ ਲੁਕਾਈ ਹੈ, ਉਸ ਨੂੰ ਲੈ ਆਵੇ ਤੇ ਹੁਣ ਦਬਾ ਦੇਵੇਂ॥ ੨੦॥

ਨਹੀਂ ਉਚਿਤ ਰਾਖਨ ਕੇ ਜਾਨਹੁ ਸ਼ੱਤ੍ਰਨਿ ਸਾਥ ਗਰਤ ਦਿਹੁ ਡਾਰਿ'।
ਸੁਨਿ ਤਿਨ ਸਮੁਝਯੋ:-ਕਿਸਹੁਂ ਕਹਯੋ ਹੁਇ, ਮਤਸਰ ਤੇ ਚਾਰੀ ਸੁ ਉਚਾਰਿ।
ਨਹੀਂ ਲੋਭ ਤੇ ਗੁਰੂ ਬਚ ਮਾਨਯੋ, ਮੁਕਰ ਪਰਯੋ 'ਨ ਲਈ ਤਰਵਾਰ'।
ਤਿਸ ਮਨ ਕੀ ਗਤਿ ਅੰਤਰਜਾਮੀ ਜਾਨਿ ਲਈ ਲੋਭਯੋ ਹਿਤ ਧਾਰਿ॥ ੨੧॥

ਉਹ ਤਲਵਾਰ ਰੱਖਣੀ ਯੋਗ ਨਾ ਸਮਝੋ ਤੇ ਵੈਰੀਆਂ ਸਹਿਤ ਟੋਏ ਵਿਚ ਸੁੱਟ ਦੇਵੋ।" ਉਹ ਸੁਣ ਕੇ ਸਮਝਿਆ ਕਿਸੇ ਨੇ ਚੁਗਲੀ ਕੀਤੀ ਹੈ ਤੇ ਲੋਭ ਕਾਰਨ ਗੁਰੂ ਜੀ ਦਾ ਬਚਨ ਨਾ ਮੰਨਿਆ ਤੇ ਮੁਕਰ ਗਿਆ, ਕਹਿਣ ਲੱਗਾ, "ਮੈਂ ਕੋਈ ਤਲਵਾਰ ਨਹੀਂ ਲਈ ਹੈ।" ਉਸ ਦੇ ਮਨ ਦੀ ਗੱਲ ਅੰਤਰਜਾਮੀ ਗੁਰੂ ਜੀ ਨੇ ਜਾਣ ਲਈ ਕਿ ਇਸ ਨੇ ਲੋਭ ਧਾਰਨ ਕੀਤਾ ਹੈ॥ ੨੧॥

ਦਯੋ ਸ੍ਰਾਪ ਸਤਿਗੁਰੁ ਤਬਿ ਤਿਸ ਕੋ 'ਨਹੀਂ ਬਾਕ ਮਾਨਯੋ ਲਬ ਧਾਰਿ।
ਰਾਖਨ ਕਰੀ, ਸੁ ਤੇਰੀ ਕੁਲ ਮਹਿਂ ਚਲਤਿ ਰਹੇਗੀ ਖਰ ਤਰਵਾਰ।
ਆਪਸ ਮਹਿਂ ਰਿਸ ਕਰਹਿਂ ਪ੍ਰਹਾਰੈਂ ਕਟੈਂ ਕ੍ਰਿਪਾਨ ਸੰਗ ਬਹੁ ਬਾਰ'।
ਅਬਿ ਲੋ ਸ੍ਰਾਪ ਬਿਦਤਿ ਹੀ ਤਿਨ ਮੈਂ ਲਰਤਿ ਰਹੈਂ ਹੁਇਂ ਖੜਗ ਪ੍ਰਹਾਰ॥੨੨॥

ਗੁਰੂ ਜੀ ਨੇ ਫਿਰ ਉਸ ਨੂੰ ਸ੍ਰਾਪ ਦਿੱਤਾ, "ਤੂੰ ਲੋਭ ਧਾਰ ਕੇ ਸਾਡਾ ਬਚਨ ਨਹੀਂ ਮੰਨਿਆ ਹੈ, ਤਲਵਾਰ ਰੱਖ ਲਈ ਹੈ, ਹੁਣ ਤੇਰੀ ਕੁਲ ਵਿਚ ਸਦਾ ਤਿੱਖੀ ਤਲਵਾਰ ਚਲਦੀ ਰਹੇਗੀ। ਆਪਸ ਵਿਚ ਗੁੱਸਾ ਧਾਰ ਕੇ ਇਕ ਦੂਸਰੇ ਤੇ ਕਿਰਪਾਨ ਦੇ ਵਾਰ ਕਰਕੇ ਬਾਰ-ਬਾਰ ਕੱਟੇ ਜਾਣਗੇ।" ਹੁਣ ਤਕ ਇਹ ਸ੍ਰਾਪ ਉਨ੍ਹਾਂ ਵਿਚ ਪ੍ਰਗਟ ਹੈ, ਤਲਵਾਰਾਂ ਦੇ ਵਾਰ ਕਰ-ਕਰ ਉਹ ਲੜਦੇ ਰਹਿੰਦੇ ਹਨ॥ ੨੨॥

ਸੰਧਯਾ ਲਗਿ ਸ੍ਰੀ ਸਤਿਗੁਰ ਬੈਠੇ ਲੋਕ ਹਜ਼ਾਰਹੁਂ ਦਰਸ਼ਨ ਆਇਂ।
ਪਿਖਿ ਰਣ ਕੋ ਘਮਸਾਨ ਘਨੇਰੋ, ਮਰੇ ਬਹੁਤ ਅਰਿ, ਉਰ ਬਿਸਮਾਇਂ।

ਬੰਦਨ ਕਰਹਿਂ ਨਿਹਾਰਹਿਂ ਸਨਮੁਖ, ਭਾਂਤਿ ਭਾਂਤਿ ਕੀ ਭੇਟ ਚਢਾਇਂ।
ਅਦਭੁਤਿ ਸਹਿਤ ਸਰਬ ਹੀ ਹਰਖੇ ਸੰਘਰ ਬਾਤ ਕਰਹਿਂ ਸਮੁਦਾਇ॥ ੨੩॥

ਸ਼ਾਮ ਤਕ ਗੁਰੂ ਜੀ ਓਥੇ ਬੈਠੇ, ਹਜ਼ਾਰਾਂ ਲੋਕ ਦਰਸ਼ਨਾਂ ਵਾਸਤੇ ਆਏ ਰਣਖੇਤਰ ਦਾ ਵੱਡਾ ਘਮਸਾਣ ਵੇਖ ਕੇ, ਤੇ ਦੁਸ਼ਮਣਾਂ ਦਾ ਵੱਡੀ ਗਿਣਤੀ ਵਿਚ ਮਰਨਾ ਜਾਣ ਕੇ ਹਿਰਦੇ ਵਿਚ ਬਹੁਤ ਹੈਰਾਨ ਹੁੰਦੇ ਸਨ। ਸਾਹਮਣੇ ਵੇਖ ਕੇ ਬੰਦਨਾ ਕਰਦੇ ਸਨ ਤੇ ਭਾਂਤ-ਭਾਂਤ ਦੀਆਂ ਭੇਟਾਵਾਂ ਚੜ੍ਹਾਉਂਦੇ ਸਨ। ਅਸਚਰਜਤਾ ਸਹਿਤ ਸਾਰੇ ਹੀ ਪ੍ਰਸੰਨ ਹੁੰਦੇ ਸਨ ਤੇ ਸਾਰੇ ਸੰਘਰਸ਼ ਦੀਆਂ ਗੱਲਾਂ ਕਰਦੇ ਸਨ॥ ੨੩॥

ਤਿਮਰ ਭਏ ਉਠਿ ਸ੍ਰੀ ਹਰਿਗੋਬਿੰਦ ਆਇ ਸਿਵਰ ਤੰਬੂ ਬਡ ਮਾਂਹਿ।
ਚਾਰੁ ਪ੍ਰਯੰਕ ਪੀਠ ਪਰ ਬੈਠੇ ਅਪਰ ਗਏ ਸਭਿ ਨਿਜ ਨਿਜ ਥਾਂਹਿ।
ਖਾਨ ਪਾਨ ਮਨ ਭਾਵਤਿ ਕਰਿ ਕਰਿ ਸੁਪਤ ਜਥਾ ਮਨ ਚਿੰਤ ਮਿਟਾਹਿ।
ਵਾਹਿਗੁਰੂ ਜੀ ਕੀ ਸੁ ਫਤੇ ਬਡ ਦੇਸ਼ ਬਿਦੇਸ਼ਨ ਮਹਿਂ ਬਿਦਤਾਹਿਂ॥ ੨੪॥

ਹਨੇਰਾ ਹੋਣ ਤੇ ਗੁਰੂ ਜੀ ਉੱਠ ਕੇ ਆ ਗਏ ਤੇ ਆਪਣੇ ਵਿਸ਼ਾਲ ਤੰਬੂ ਵਿਚ ਚਲੇ ਗਏ। ਸੁੰਦਰ ਪਲੰਘ ਦੀ ਪਿੱਠ ਤੇ ਬੈਠ ਗਏ ਤੇ ਬਾਕੀ ਸਾਰੇ ਯੋਧੇ ਆਪਣੇ-ਆਪਣੇ ਥਾਵਾਂ ਤੇ ਚਲੇ ਗਏ। ਆਪਣੀ ਮਰਜ਼ੀ ਦਾ ਖਾ ਪੀ ਕੇ ਤੇ ਮਨ ਦੀਆਂ ਸਭ ਚਿੰਤਾਵਾਂ ਮਿਟਾ ਕੇ ਸੌਂ ਗਏ। ਵਾਹਿਗੁਰੂ ਜੀ ਦੀ ਸ੍ਰੇਸ਼ਟ ਫਤਹਿ ਸਭ ਦੇਸ਼ਾਂ ਵਿਦੇਸ਼ਾਂ ਵਿਚ ਪ੍ਰਗਟ ਕਰਦੇ ਸਨ॥ ੨੪॥

ਜਾਮ ਜਾਮਨੀ ਜਾਗੇ ਸਤਿਗੁਰ ਸੋਚ ਸ਼ਨਾਨ ਧਯਾਨ ਕੋ ਠਾਨਿ।
ਆਸਾਵਾਰ ਰਬਾਬੀ ਗਾਵਤਿ, ਭਜਨ ਹੋਤਿ ਦਲ ਬਿਖੈ ਮਹਾਨ।
ਗੁਰ ਬਾਨੀ ਕੋ ਪਠਤਿ ਸੁਨਤਿ ਕੋ, ਹੋਵਤਿ ਬਰਖਾ ਸੁਧਾ ਸਮਾਨ।
ਨਿਰਮਲ ਉਰ ਗੁਰ ਦਰਸ਼ਨ ਤੇ ਸਿਖ ਪਰਮੇਸੁਰ ਕੋ ਪ੍ਰੇਮ ਸੁ ਜਾਨ॥ ੨੫॥

ਪਹਿਰ ਰਾਤ ਰਹਿੰਦਿਆਂ ਜਾਗੇ ਤੇ ਸਤਿਗੁਰੂ ਜੀ ਸੋਚ ਇਸ਼ਨਾਨ ਕਰਕੇ ਧਿਆਨ ਲਾ ਕੇ ਬੈਠ ਗਏ। ਆਸਾ ਦੀ ਵਾਰ ਰਬਾਬੀ ਗਾਉਂਦੇ ਸਨ ਤੇ ਸਾਰੇ ਦਲ ਵਿਚ ਮਹਾਨ ਭਜਨ ਹੋ ਰਿਹਾ ਸੀ। ਗੁਰਬਾਣੀ ਨੂੰ ਪੜ੍ਹਦੇ ਸੁਣਦੇ ਸਨ ਤੇ ਉਸਦੀ ਅੰਮ੍ਰਿਤ ਸਮਾਨ ਵਰਖਾ ਹੋ ਰਹੀ ਸੀ। ਗੁਰੂ ਜੀ ਦੇ ਦਰਸ਼ਨਾਂ ਨਾਲ ਦਿਲ ਨਿਰਮਲ ਹੋ ਰਿਹਾ ਸੀ ਤੇ ਗੁਰਸਿੱਖ ਇਸ ਨੂੰ ਪ੍ਰਮੇਸ਼ਰ ਦਾ ਪ੍ਰੇਮ ਜਾਣਦੇ ਸਨ॥ ੨੫॥

ਭਈ ਪ੍ਰਾਤਿ ਪੁਨ ਸਭਾ ਲਗਾਇਵ ਜੋਧ ਸਲੇਮਸ਼ਾਹਿ ਚਲਿ ਆਇ।
ਬਿਧੀਚੰਦ ਦਿਜ ਜਾਤੀ ਮਲਕ ਸੁ ਬੈਠਤਿ ਭਏ ਸੁਭਟ ਸਮੁਦਾਇ।
ਸ੍ਰੀ ਸਤਿਗੁਰ ਕੋ ਕਰਿ ਕਰਿ ਬੰਦਨ ਹੇਰਿ ਹੇਰਿ ਸਗਰੇ ਹਰਖਾਇ।
ਮੁਦਤਿ ਸੁ ਦੂਤ ਹਸਨਖਾਂ ਆਇਵ ਜੁਗ ਕਰ ਜੋਰਤਿ ਸੀਸ ਨਿਵਾਇ॥ ੨੬॥

ਸਵੇਰ ਹੋਣ ਤੇ ਫਿਰ ਸਭਾ ਲਾ ਲਈ ਤੇ ਰਾਇ ਜੋਧ ਤੇ ਸਲੇਮ ਸ਼ਾਹ ਚਲ ਕੇ ਆ ਗਏ, ਉਸ ਸਮੇਂ ਬਿਧੀ ਚੰਦ, ਬ੍ਰਾਹਮਣ ਜਾਤੀ ਮਲਕ ਤੇ ਹੋਰ ਸਮੂਹ ਸੂਰਮੇ ਬੈਠੇ ਸਨ। ਗੁਰੂ ਜੀ ਨੂੰ ਬੰਦਨਾ ਕਰ ਕਰ ਤੇ ਦਰਸ਼ਨ ਕਰ ਕਰ ਕੇ ਸਾਰੇ ਪ੍ਰਸੰਨ ਹੋ ਰਹੇ ਸਨ। ਖੁਸ਼ ਹੋ ਕੇ ਦੂਤ ਹਸਨ ਖਾਂ ਆਇਆ ਤੇ ਦੋਵੇਂ ਹੱਥ ਜੋੜ ਕੇ ਸਿਰ ਨਿਵਾਇਆ॥ ੨੬॥

'ਕਰਾਮਾਤ ਕਾਮਲ, ਬਡ ਆਰਿਫ, ਸਮਸਰ ਨਹੀਂ ਜਗਤ ਮੈਂ ਕੋਇ।
ਤੁਮ ਹੀ ਜੀਯ ਜੰਤ ਕੇ ਦਾਤੇ, ਜਿਮ ਚਿਤ ਚਹਹੁ ਬਨਤਿ ਹੈ ਸੋਇ।

ਮੋਕਹੁ ਹੁਕਮ ਅਹੈ ਕਿਸ ਬਿਧਿ ਕੋ, ਕਰਹੁ ਕ੍ਰਿਪਾ ਜਿਮ ਸਿਦਕੀ ਹੋਇ।
ਮਰੇ ਤੁਰਕ ਸਭਿ, ਫਤੇ ਲਈ ਤੁਮ, ਬਿਦਤਿ ਜਗਤ ਮਹਿਂ ਜਸੁ ਕੋ ਜੋਇ ॥੨੭॥

ਹਸਨ ਖਾਂ ਨੇ ਕਿਹਾ, "ਆਪ ਜੀ ਕਰਾਮਾਤ ਵਿਚ ਕਾਮਲ ਤੇ ਮਹਾਨ ਗਿਆਨੀ ਹੋ, ਤੁਹਾਡੇ ਬਰਾਬਰ ਇਸ ਦੁਨੀਆਂ ਵਿਚ ਹੋਰ ਕੋਈ ਨਹੀਂ ਹੈ। ਤੁਸੀਂ ਹੀ ਜੀਅ ਜੰਤ ਦੇ ਦਾਤੇ ਹੋ, ਜਿਵੇਂ ਚਿੱਤ ਵਿਚ ਚਾਹੁੰਦੇ ਹੋ, ਉਸ ਤਰ੍ਹਾਂ ਹੀ ਬਣਦਾ ਹੈ। ਮੈਨੂੰ ਕਿਸ ਪ੍ਰਕਾਰ ਦਾ ਹੁਕਮ ਹੈ, ਮੇਰੇ ਤੇ ਕਿਰਪਾ ਕਰੋ ਜਿਸ ਨਾਲ ਮੈਂ ਸਿਦਕ ਵਾਲਾ ਹੋਵਾਂ। ਸਾਰੇ ਤੁਰਕ ਮਰ ਗਏ ਹਨ ਤੇ ਤੁਸੀਂ ਫਤਹਿ ਪ੍ਰਾਪਤ ਕੀਤੀ ਹੈ। ਤੁਹਾਡਾ ਜੱਸ ਸਾਰੇ ਜਗਤ ਵਿਚ ਪ੍ਰਗਟ ਹੈ" ॥ ੨੭॥

ਮੁਸਕਾਵਤਿ ਗੁਰੁ ਬਾਕ ਬਖਾਨੇ 'ਸੂਬਾ ਕਾਬਲ ਕੋ ਬਨ ਜਾਇਂ।
ਮਨਸਬ ਲਲਾਬੇਗ ਕੋ ਲੈ ਹੈਂ ਗੁਰ ਕੀ ਸ਼ਰਨ ਪਰਜੋ ਫਲ ਪਾਇਂ।
ਜੇਤਿਕ ਬਚੇ ਤੁਰਕ ਲਿਹੁ ਸੰਗੇ ਸ਼ਾਹੁਜਹਾਂ ਕੋ ਸੁਧਿ ਦਿਹੁ ਧਾਇ।
ਤਿਨ ਕੇ ਤੁਰੰਗ ਜੁ ਦਲ ਮਹਿਂ ਆਏ ਸੋ ਤੁਝ ਕੋ ਦੈ ਹੈਂ ਫਿਰਵਾਇ॥੨੮॥

ਮੁਸਕਰਾ ਕੇ ਗੁਰੂ ਜੀ ਨੇ ਬਚਨ ਕੀਤਾ, "ਤੂੰ ਕਾਬਲ ਦਾ ਸੂਬੇਦਾਰ ਬਣ ਜਾਵੇਂਗਾ। ਤੂੰ ਲਲਾ ਬੇਗ ਦਾ ਮੁਰਾਤਬਾ ਪ੍ਰਾਪਤ ਕਰੇਂਗਾ, ਗੁਰੂ ਦੀ ਸ਼ਰਨ ਪੈਣ ਦਾ ਤੈਨੂੰ ਇਹ ਫਲ ਮਿਲੇਗਾ। ਜਿੰਨੇ ਤੁਰਕ ਬਚੇ ਹਨ, ਇਨ੍ਹਾਂ ਨੂੰ ਆਪਣੇ ਨਾਲ ਲਵੇ ਤੇ ਛੇਤੀ ਜਾ ਕੇ ਸ਼ਾਹ ਜਹਾਨ ਨੂੰ ਖਬਰ ਦੇਵੇ, ਉਨ੍ਹਾਂ ਦੇ ਜਿਹੜੇ ਘੋੜੇ ਦਲ ਵਿਚ ਆਏ ਹਨ, ਉਹ ਤੈਨੂੰ ਫੜਾ ਦਿੰਦੇ ਹਾਂ॥ ੨੮॥

ਸਹਿਤ ਸੈਨ ਸੁਤ ਬੰਧਪ ਜੇਤਿਕ ਲਲਾਬੇਗ ਹਤਿ ਭਾ ਕਹਿ ਜਾਇ'।
ਸੁਨਿ ਗੁਰ ਹੁਕਮ ਸਿਦਕ ਕੋ ਧਰਿ ਉਰ ਭਯੋ ਤਯਾਰ ਨਿਸ਼ਚਾ ਬਚ ਪਾਇ।
ਸੰਗ ਤੁਰਕ ਸਹਿ ਤੁਰੰਗ ਏਕ ਸੈ ਚਲਨ ਸਮੈ ਗੁਰ ਕੇ ਪਰਿ ਪਾਇ।
ਕ੍ਰਿਪਾ ਕਰੀ ਤਬਿ ਸ਼੍ਰੀ ਹਰਿਗੋਵਿੰਦ ਬਹੁ ਮੋਲਾ ਦੇ ਕਰਿ ਸਿਰੁਪਾਇ॥੨੯॥

ਉਨ੍ਹਾਂ ਨੂੰ ਜਾ ਕੇ ਕਹੋ ਕਿ ਲਲਾ ਬੇਗ ਆਪਣੇ ਸਾਰੇ ਪੁੱਤਰਾਂ ਤੇ ਹੋਰ ਸੰਬੰਧੀਆਂ ਸਮੇਤ ਜਿੰਨੇ ਵੀ ਨਾਲ ਗਏ ਸਨ, ਮਾਰਿਆ ਗਿਆ ਹੈ।" ਇਹ ਸੁਣ ਕੇ ਗੁਰੂ ਜੀ ਦੇ ਹੁਕਮ ਤੇ ਸਿਦਕ ਧਾਰਨ ਕਰਕੇ ਤੇ ਗੁਰੂ ਜੀ ਦੇ ਬਚਨਾਂ ਤੇ ਨਿਸ਼ਚਾ ਕਰਕੇ ਤਿਆਰ ਹੋ ਗਿਆ। ਇਕ ਸੌ ਘੋੜੇ ਤੇ ਤੁਰਕਾਂ ਨੂੰ ਨਾਲ ਲੈ ਕੇ ਚਲਣ ਸਮੇਂ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ। ਤਦ ਗੁਰੂ ਹਰਿਗੋਬਿੰਦ ਜੀ ਨੇ ਕਿਰਪਾ ਕੀਤੀ ਤੇ ਬੜਾ ਕੀਮਤੀ ਸਿਰੋਪਾ ਬਖਸ਼ਿਆ॥ ੨੯॥

ਕਰਜੋ ਬਿਸਰਜਨ, ਗਮਨਜੋ ਤੂਰਨ, ਨਿਸਬਾਸੁਰ ਮਹਿਂ ਚਲਿਬੋ ਕੀਨਿ।
ਦੇਨਿ ਹੇਤੁ ਸੁਧ ਸ਼ੀਘ੍ਰ ਕਰੰਤਾ, ਸਿਮਰਤਿ ਸਤਿਗੁਰ ਨਾਮ ਪ੍ਰਬੀਨ।
ਲਵਪੁਰਿ ਪਹੁੰਚਜੋ ਮਹਾਂ ਥਕਤਿ ਹੁਇ, ਕਿਤਿਕ ਬਿਹਾਲ ਸੰਗ ਮਹਿਂ ਲੀਨਿ।
ਨਿਸ਼ ਪ੍ਰਭੁ, ਘਾਇਲ ਬਿਨ ਉਤਸਾਹਾ ਫਟੇ ਬਸਤ੍ਰ ਅਰੁ ਸ਼ਸਤ੍ਰ ਬਿਹੀਨ॥੩੦॥

ਗੁਰੂ ਜੀ ਨੇ ਵਿਦਾ ਕੀਤਾ, ਤੁਰਤ ਚਲ ਪਿਆ ਤੇ ਦਿਨ ਰਾਤ ਚਲਦਾ ਰਿਹਾ। ਖਬਰ ਦੇਣ ਕਰਕੇ ਬੜੀ ਛੇਤੀ ਕਰ ਰਿਹਾ ਸੀ ਤੇ ਸਤਿਗੁਰੂ ਜੀ ਦੇ ਉੱਤਮ ਨਾਮ ਦਾ ਸਿਮਰਨ ਕਰਦਾ ਸੀ। ਬਹੁਤ ਥੱਕ ਕੇ ਲਾਹੌਰ ਪਹੁੰਚ ਗਿਆ ਤੇ ਕਈ ਹੋਰ ਦੁਖੀ ਆਦਮੀ ਵੀ ਆਪਣੇ ਨਾਲ ਲਏ ਸਨ। ਜੋ ਸੈਨਾਪਤੀ ਰਹਿਤ, ਘਾਇਲ, ਬਿਨ ਉਤਸ਼ਾਹ, ਫਟੇ ਹੋਏ ਕਪੜੇ ਅਤੇ ਸ਼ਸਤਰਾਂ ਰਹਿਤ ਸਨ॥ ੩੦॥

*ਸੱਤਵੀਂ ਰਾਸ ਦਾ ਚਰਵੰਜਵਾਂ ਅਧਿਆਇ ਸਮਾਪਤ ਹੋਇਆ॥ ੫੪॥*

☆☆☆

# ਅਧਿਆਇ ਪਚਵੰਞਵਾਂ

## ਹਸਨ ਖਾਂ ਕਾਬਲ ਦਾ ਸੂਬਾ ਬਣਿਆ

ਦੋਹਰਾ-ਅਪਨੋ ਆਪ ਦਿਖਾਇ ਕਰਿ ਜੋ ਪਹੁੰਚਹਿਂ ਢਿਗ ਸ਼ਾਹੁ।
ਕਰਯੋ ਸੁਨਾਵਨਿ ਕਿਤਿਕ ਕੋ ਹੁਤੋ ਸੁ ਲਸ਼ਕਰ ਮਾਂਹੁ॥ ੧॥

ਓਥੇ ਪਹੁੰਚ ਕੇ ਹਸਨ ਖਾਂ ਨੇ ਉਨ੍ਹਾਂ ਦਰਬਾਰੀਆਂ ਨੂੰ ਆਪਣਾ ਆਪ ਵਿਖਾਇਆ ਜਿਹੜੇ ਬਾਦਸ਼ਾਹ ਕੋਲ ਆਉਂਦੇ ਜਾਂਦੇ ਸਨ। ਕਈਆਂ ਨੂੰ ਸੁਣਾ ਕੇ ਕਿਹਾ ਕਿ ਉਹ ਲਲਾ ਬੇਗ ਦੇ ਲਸ਼ਕਰ ਵਿਚ ਹੁੰਦਾ ਸੀ ਤੇ ਓਥੋਂ ਆਇਆ ਹੈ॥ ੧॥

ਸ੍ਵੈਯਾ ਛੰਦ-ਸ਼ਾਹੁ ਜਹਾਂ ਨਿਜ ਹਯਨਿ ਉਡੀਕਤਿ 'ਪਹੁੰਚਹਿ ਲਲਾਬੇਗ ਗੁਰੂ ਪਾਸ।
ਕਰਹਿ ਜੰਗ ਗੁਰ ਕੋ ਗਹਿ ਆਨਹਿ ਕਿਧੌਂ ਲਰਤਿ ਹੀ ਹੋਇ ਬਿਨਾਸਿ।
ਲਸ਼ਕਰ ਘਨੋ ਸੰਗ ਤਿਸ ਗਮਨਯੋ ਕੋ ਲਰ ਧਰਹਿ ਬਿਜੈ ਕੀ ਆਸ।
ਅਸੁ ਦਿਲਬਾਗ ਅਪਰ ਗੁਲਬਾਗਹਿ ਲਜਾਵਹਿ ਗੋ ਬਡ ਓਜ ਪ੍ਰਕਾਸ਼॥੨॥

ਸ਼ਾਹ ਜਹਾਨ ਆਪਣੇ ਘੋੜਿਆਂ ਨੂੰ ਉਡੀਕਦਾ ਸੀ, "ਲਲਾ ਬੇਗ ਗੁਰੂ ਜੀ ਪਾਸ ਪਹੁੰਚੇ, ਜਾ ਕੇ ਗੁਰੂ ਨਾਲ ਜੰਗ ਕਰੇ, ਫੜ ਕੇ ਲਿਆਵੇ ਜਾਂ ਲੜਦੇ ਨੂੰ ਖਤਮ ਕਰ ਦੇਵੇ, ਉਸ ਦੇ ਨਾਲ ਬਹੁਤ ਵੱਡਾ ਲਸ਼ਕਰ ਭੇਜਿਆ ਹੈ, ਉਸ ਨਾਲ ਲੜ ਕੇ ਕੌਣ ਵਿਜੈ ਦੀ ਆਸ ਰੱਖ ਸਕਦਾ ਹੈ। ਦਿਲਬਾਗ ਤੇ ਗੁਲਬਾਗ ਘੋੜਿਆਂ ਨੂੰ ਵੱਡੀ ਸ਼ਕਤੀ ਦਾ ਪ੍ਰਕਾਸ਼ ਕਰਕੇ ਲਿਆਵੇਗਾ॥ ੨॥

ਜਬਿ ਕੇ ਗਏ ਨਹੀਂ ਸੁਧ ਆਈ ਰਣ ਹੋਯਹੁ ਕੈ ਨਹੀਂ ਮਹਾਨ।
ਨਿਸ ਬਾਸੁਰ ਤੂਰਨ ਹੀ ਗਮਨੇ, ਨਹਿਂ ਬਿਸਰਾਮ ਕੀਨਿ ਕਿਸ ਥਾਨ।
ਏਕ ਬਾਰ ਇਹ ਅਰਜ਼ੀ ਭੇਜੀ, ਗੁਰ ਹਵਾਲ ਨਹਿਂ ਲਿਖਯੋ ਨ ਜਾਨਿ।
ਕਹਾਂ ਭਯੋ ਕੈ ਮਿਲਯੋ ਇਨਹੁਂ ਸੋਂ ਦੇ ਕਰਿ ਸੁੰਦਰ ਚਪਲ ਕਿਕਾਨ॥ ੩॥

ਜਦ ਦਾ ਗਿਆ ਹੈ ਕੋਈ ਖਬਰ ਨਹੀਂ ਆਈ ਕਿ ਮਹਾਨ ਯੁੱਧ ਹੋਇਆ ਹੈ ਕਿ ਨਹੀਂ। ਇਕ ਵਾਰ ਉਸ ਅਰਜ਼ੀ ਭੇਜੀ ਸੀ ਕਿ ਅਸੀਂ ਦਿਨ ਰਾਤ ਤੁਰੇ ਹੀ ਜਾ ਰਹੇ ਹਾਂ ਤੇ ਕਿਤੇ ਵੀ ਟਿਕੇ ਨਹੀਂ ਹਾਂ, ਪਰ ਗੁਰੂ ਦਾ ਹਵਾਲਾ ਕੋਈ ਨਹੀਂ ਲਿਖਿਆ ਜਿਹੜਾ ਅਸੀਂ ਜਾਣ ਸਕਦੇ। ਕੀ ਹੋਇਆ ਹੈ ਕੀ ਉਹ ਇਨ੍ਹਾਂ ਨੂੰ ਸੁੰਦਰ ਘੋੜੇ ਦੇ ਕੇ ਮਿਲਿਆ ਹੈ"॥ ੩॥

ਸਭਾ ਬਿਖੈ ਉਮਰਾਵਨਿ ਕੇ ਢਿਗ ਸ਼ਾਹੁਜਹਾਂ ਇਮ ਕੀਨਿ ਬਖਾਨਿ।
ਸੁਨਤਿ ਸਲਾਬਤੁਖਾਨ ਭਨਯੋ ਤਬਿ, 'ਤਹਿਂ ਤੇ ਆਇਵ ਇਕ ਅਫ਼ਗਾਨ।
ਨਿਕਟਿ ਆਪ ਕੇ ਅਬਿ ਮੈਂ ਆਵਤਿ, ਕਰਯੋ ਬਿਲੋਕਨ, ਬੂਝਨ ਠਾਨਿ।
ਕਹਯੋ ਤਾਂਹਿ 'ਜੰਗਲ ਕੇ ਦਿਸ਼ਿ ਤੇ ਲਲਾਬੇਗ ਸੰਗੀ ਮੁਝ ਜਾਨਿ'॥ ੪॥

ਸਭਾ ਵਿਚ ਆਪਣੇ ਉਮਰਾਵ ਨਾਲ ਸ਼ਾਹ ਜਹਾਨ ਨੇ ਇਸ ਤਰ੍ਹਾਂ ਗੱਲ ਕੀਤੀ। ਇਹ ਸੁਣ ਕੇ ਤਦ ਸਲਾਬਤ ਖਾਨ ਨੇ ਕਿਹਾ, "ਉਥੋਂ ਇਕ ਪਠਾਣ ਆਇਆ ਹੈ। ਉਸ ਨੂੰ ਹੁਣ ਮੈਂ ਆਪ ਜੀ ਦੇ ਪਾਸ ਲਿਆਉਂਦਾ ਹਾਂ, ਉਸ ਨੂੰ ਵੇਖ ਕੇ ਮੈਂ ਪੁਛਿਆ ਹੈ, ਉਸ ਨੇ ਕਿਹਾ, "ਮਾਲਵੇ ਵਾਲੇ ਪਾਸੇ ਤੋਂ ਮੈਨੂੰ ਲਲਾ ਬੇਗ ਦਾ ਸੰਗੀ ਜਾਣੋ"॥ ੪॥

ਇਤਨੀ ਸੁਨਤਿ ਚਲਜੋ ਮੈਂ ਆਇਵ ਅਪਰ ਪ੍ਰਸੰਗ ਕਹਜੋ ਨਹਿਂ ਕੋਇ'।
ਸ਼ਾਹੁ ਜਹਾਂ ਸੁਨਿ ਚਹਤਿ ਭਯੋ ਤਬਿ 'ਆਨਹੁ ਸ਼ੀਘ੍ਰ ਦੇਹਿ ਸੁਧਿ ਸੋਇ।
ਪੌਰ ਬਿਖੈ ਰੋਕਹਿ ਨਹਿਂ ਕੋਊ ਸਕਲ ਬ੍ਰਿਤੰਤ ਕਹੈ ਜਿਮ ਹੋਇ'।
ਸੁਨਤਿ ਅਰਜ਼ਬੇਗੀ ਤਬਿ ਤੂਰਨ ਨਿਕਸਜੋ ਵਹਿਰ ਪਠਜੋ ਨਰ ਜੋਇ॥ ੫॥

ਏਨਾ ਸੁਣ ਕੇ ਮੈਂ ਚਲ ਕੇ ਆਇਆ ਹਾਂ, ਹੋਰ ਕੋਈ ਪ੍ਰਸੰਗ ਨਹੀਂ ਕਿਹਾ ਹੈ।" ਸ਼ਾਹ ਜਹਾਨ ਇਹ ਸੁਣ ਕੇ ਚਾਹੁੰਦਾ ਸੀ, "ਉਸ ਨੂੰ ਖਬਰ ਦੇ ਕੇ ਛੇਤੀ ਲਿਆਵੋ, ਉਸ ਨੂੰ ਦਰਵਾਜ਼ੇ ਵਿਚ ਕੋਈ ਨਾ ਰੋਕੇ, ਉਹ ਆ ਕੇ ਸਾਰਾ ਬ੍ਰਿਤਾਂਤ ਸੁਣਾਵੇ ਜਿਵੇ ਹੋਇਆ ਹੈ।" ਇਹ ਸੁਣ ਕੇ ਬੇਨਤੀ ਕਰਨ ਵਾਲਾ ਤੁਰਤ ਬਾਹਰ ਨਿਕਲਿਆ ਤੇ ਉਸੇ ਮਨੁੱਖ ਨੂੰ ਭੇਜਿਆ॥ ੫॥

'ਲਲਾਬੇਗ ਡੇਰੇ ਥਲ ਗਮਨਹੁ ਤਹਿਂ ਨਵੀਨ ਆਏ ਅਸਵਾਰ।
ਤਿਨ ਮਹਿਂ ਮੁਖਿ ਤਿਹ ਤੂਰਤ ਹਕਾਰਹੁ ਹਜ਼ਰਤ ਅਧਿਕ ਸ਼ੀਘ੍ਰਤਾ ਧਾਰਿ'।
ਸੁਨਤਿ ਧਾਇ ਗਮਨਜੋ ਹਯ ਚਰਿ ਕੈ ਖੋਜਿ ਗਯੋ ਤਿਸ ਥਲ ਬਿਨਬਾਰ।
ਉਤਰਜੋ ਹੁਤੋ ਹਸਨ ਖਾਂ ਅਸੁ ਤੇ ਤਬਿਹੂੰ ਪਹੁੰਚਜੋ ਕਰਜੋ ਉਚਾਰ॥ ੬॥

ਉਸ ਨੂੰ ਕਿਹਾ, "ਲਲਾ ਬੇਗ ਦੇ ਡੇਰੇ ਵਾਲੇ ਥਾਂ ਜਾਵੋ, ਓਥੇ ਨਵੇਂ ਸਵਾਰ ਆਏ ਹਨ, ਉਨ੍ਹਾਂ ਵਿਚ ਜਿਹੜਾ ਮੁਖੀ ਹੈ ਉਸ ਨੂੰ ਤੁਰਤ ਬੁਲਾਵੋ, ਬਾਦਸ਼ਾਹ ਬਹੁਤ ਛੇਤੀ ਬੁਲਾ ਰਹੇ ਹਨ।" ਇਹ ਸੁਣ ਕੇ ਉਹ ਦੌੜ ਕੇ ਘੋੜਿਆਂ ਦੇ ਅਸਤਬਲ ਵਿਚ ਗਿਆ ਤੇ ਛੇਤੀ ਉਸ ਥਾਂ ਨੂੰ ਲੱਭ ਲਿਆ। ਹਸਨ ਖਾਂ ਉਸ ਸਮੇਂ ਘੋੜੇ ਤੋਂ ਉਤਰਿਆ ਹੀ ਸੀ ਤਦ ਉਸ ਪਾਸ ਪਹੁੰਚ ਕੇ ਕਿਹਾ॥ ੬॥

'ਹਜ਼ਰਤ ਤੋਹਿ ਹਕਾਰਤਿ ਅਬਿ ਹੀ ਚਲਹੁ ਸ਼ੀਘ੍ਰ ਨਹਿਂ ਬਿਲਮ ਲਗਾਇ'।
ਸੁਨਤਿ ਪਹਿਰ ਪੋਸ਼ਿਸ਼ ਬਹੁ ਮੋਲੀ ਗਮਨਜੋ ਸੰਗ ਪੌਰ ਪਰ ਆਇ।
ਖਰੋ ਸਲਾਬਤਖਾਨ ਅਗਾਰੀ ਲੇਕਰਿ ਸਾਥ ਗਯੋ ਅਗਵਾਇ।
ਤਸਲੀਮਾਤ ਕਰਤਿ ਬਹੁ ਬਾਰੀ ਸ਼ਾਹੁ ਜਹਾਂ ਢਿਗ ਪਹੁੰਚਜੋ ਜਾਇ॥ ੭॥

"ਬਾਦਸ਼ਾਹ ਤੁਹਾਨੂੰ ਹੁਣੇ ਹੀ ਬੁਲਾ ਰਹੇ ਹਨ, ਕਿਸੇ ਦੇਰ ਤੋਂ ਬਗੈਰ ਛੇਤੀ ਚਲੋ।" ਇਹ ਸੁਣ ਕੇ ਹਸਨ ਖਾਂ ਨੇ ਬਹੁਤ ਕੀਮਤੀ ਪੋਸ਼ਾਕ ਪਹਿਣ ਲਈ ਤੇ ਉਸ ਵਿਅਕਤੀ ਨਾਲ ਚਲ ਕੇ ਦਰਵਾਜ਼ੇ ਤੇ ਆ ਗਿਆ। ਅੱਗੇ ਸਲਾਬਤ ਖਾਂ ਖੜਾ ਸੀ, ਉਹ ਹਸਨ ਖਾਂ ਨੂੰ ਲੈ ਕੇ ਅੱਗੇ ਚਲੇ ਗਿਆ ਤੇ ਬਹੁਤ ਵਾਰ ਸਲਾਮਾਂ ਕਰਦਾ ਬਾਦਸ਼ਾਹ ਦੇ ਸਾਹਮਣੇ ਪਹੁੰਚ ਗਿਆ॥ ੭॥

ਗੁਰਸਿਖ ਨਿਕਟਿ ਵਜ਼ੀਰ ਖਾਨ ਤਬਿ ਬਹੁ ਬੁਧਿਵੰਤਿ ਨੀਤ ਕੋ ਗਜਾਨ।
ਗੁਰ ਪਗ ਪੰਕਜ ਨਿਸ਼ਚਾ ਜਿਸ ਕੈ ਰਿਦੈ ਕਮਾਵਤਿ ਸਿਦਕ ਮਹਾਨ।
ਬਡਿ ਉਮਰਾਵ ਕਹਜੋ ਜਿਸ ਮਾਨਹਿਂ ਦੇ ਹਜ਼ਰਤ ਕੋ ਸੀਖ ਸੁਜਾਨ।
ਹਲਤ ਪਲਤ ਮਹਿਂ ਜਸੁ ਅਰੁ ਸੁਖ ਹੁਇ ਕਹੈ ਬਾਤ ਸੁਭ ਲੇਂ ਸਭਿ ਮਾਨ॥ ੮॥

ਗੁਰਸਿੱਖ ਵਜ਼ੀਰ ਖਾਂ ਜਿਹੜਾ ਬੜਾ ਬੁਧੀਵਾਨ ਤੇ ਨੀਤੀ ਦਾ ਗਿਆਨ ਰੱਖਣ ਵਾਲਾ ਸੀ, ਉਹ ਉਸ ਸਮੇਂ ਬਾਦਸ਼ਾਹ ਦੇ ਪਾਸ ਹੀ ਬੈਠਾ ਸੀ। ਜਿਸ ਦੇ ਹਿਰਦੇ ਵਿਚ ਗੁਰੂ ਜੀ ਦੇ ਚਰਨ ਕੰਵਲਾਂ ਤੇ ਨਿਸ਼ਚਾ ਸੀ ਤੇ ਜਿਹੜਾ ਮਹਾਨ ਸਿਦਕ ਦੀ ਕਮਾਈ ਕਰਦਾ ਸੀ। ਵੱਡੇ ਉਮਰਾਵ ਜਿਸ ਦਾ ਕਿਹਾ ਮੰਨਦੇ ਸਨ, ਉਹ ਬਾਦਸ਼ਾਹ ਨੂੰ ਸ੍ਰੇਸ਼ਟ ਸਿੱਖਿਆ ਦਿੰਦਾ ਸੀ। ਲੋਕ ਪਰਲੋਕ ਵਿਚ ਜੱਸ ਅਤੇ ਸੁਖ ਪ੍ਰਾਪਤ ਹੁੰਦਾ ਹੈ। ਉਸ ਦੀ ਕਹੀ ਸ਼ੁਭ ਗੱਲ ਸਭ ਮੰਨਦੇ ਹਨ॥ ੮॥

ਹਸਨ ਖਾਨ ਕੀ ਦਿਸ਼ਿ ਕੋ ਪਿਖਿ ਕਰਿ ਸ਼ਾਹੁ ਜਹਾਂ ਤਬਿ ਬੂਝਨ ਕੀਨਿ।
'ਕਹੁ ਕਿਮ ਭਈ ਗੁਰੂ ਸੰਗ ਮਿਲਿ ਕਰਿ ਦੇਨ ਤੁਰੰਗਮ ਭੀ ਤੁਮ ਲੀਨ?।

ਮੇਲ ਕਰਯੋ ਕੈਂ ਲਰਯੋ ਸਾਮੁਹੇ ਕਿਸ ਥਲ ਮਿਲੇ, ਗੁਰੂ ਕਿਤ ਚੀਨ?।
ਸਕਲ ਪ੍ਰਸੰਗ ਫੋਰ ਤੇ ਭਾਖਹੁ ਲਲਾਬੇਗ ਜਿਮ ਕਰਯੋ ਪ੍ਰਬੀਨ' ॥ ੯॥

ਹਸਨ ਖਾਨ ਵਾਲੇ ਪਾਸੇ ਵੇਖ ਕੇ ਸ਼ਾਹ ਜਹਾਂ ਨੇ ਫਿਰ ਪੁਛਿਆ, "ਦੱਸੋ ਗੁਰੂ ਨਾਲ ਮਿਲ ਕੇ ਕਿਸ ਤਰ੍ਹਾਂ ਹੋਈ, ਦੋਵੇਂ ਘੋੜੇ ਵੀ ਤੂੰ ਲੈ ਲਏ ਹਨ? ਮਿਲ ਪਿਆ ਹੈ ਕਿ ਸਾਹਮਣੇ ਹੋ ਕੇ ਲੜਿਆ ਹੈ, ਕਿਸ ਸਥਾਨ ਤੇ ਮਿਲੇ ਸੀ, ਗੁਰੂ ਕੈਸਾ ਵੇਖਿਆ ਹੈ? ਸਾਰਾ ਪ੍ਰਸੰਗ ਖੋਲ੍ਹ ਕੇ ਦੱਸੋ ਜਿਵੇਂ ਚਤੁਰ ਲਲਾ ਬੇਗ ਨੇ ਕਾਰਜ ਕੀਤਾ ਹੈ" ॥ ੯॥

ਸੁਨਤਿ ਹਸਨ ਖਾਂ ਕਰ ਜੁਗ ਜੋਰੇ 'ਹਜ਼ਰਤ ਜੀ ! ਤੁਮ ਦਏ ਚਢਾਇ।
ਪਹੁੰਚਨ ਤੁਰਤ ਤਗੀਦ ਕਰੀ ਬਹੁ ਲਲਾਬੇਗ ਸੋ ਲਖੀ ਰਜ਼ਾਇ।
ਕਰਯੋ ਕੂਚ ਤੂਰਨ ਹੀ ਗਮਨਯੋ ਨਹਿਂ ਬਿਸਰਾਮ ਕੀਨਿ ਕਿਸ ਥਾਇ।
ਛੁਧਤਿ ਥਕਤਿ ਲਸ਼ਕਰ ਬਡ ਹੋਵਾ ਥਿਰਯੋ ਨ ਤਊ ਗਯੋ ਬਹੁ ਧਾਇ ॥੧੦॥

ਇਹ ਸੁਣ ਕੇ ਹਸਨ ਖਾਂ ਨੇ ਦੋਵੇਂ ਹੱਥ ਜੋੜੇ, "ਹਜ਼ਰਤ ਜੀ! ਤੁਸੀਂ ਉਸ ਨੂੰ ਚੜ੍ਹਾਈ ਕਰਨ ਵਾਸਤੇ ਭੇਜਿਆ ਸੀ ਤੇ ਤੁਰਤ ਪਹੁੰਚਣ ਦੀ ਬਹੁਤ ਤਾਕੀਦ ਕੀਤੀ ਸੀ। ਲਲਾ ਬੇਗ ਤੁਹਾਡੇ ਉਸ ਹੁਕਮ ਨੂੰ ਸਮਝਿਆ। ਕੂਚ ਕਰਕੇ ਉਹ ਤੁਰਤ ਹੀ ਚਲ ਪਿਆ ਤੇ ਰਾਹ ਵਿਚ ਕਿਸੇ ਥਾਂ ਵੀ ਵਿਸ਼ਰਾਮ ਨਾ ਕੀਤਾ। ਲਸ਼ਕਰ ਬਹੁਤ ਭੁਖਾ ਤੇ ਥਕਾਵਟ ਸਹਿਤ ਹੋ ਗਿਆ, ਫਿਰ ਵੀ ਰੁਕਿਆ ਨਹੀਂ, ਬੜੀ ਤੇਜ਼ੀ ਨਾਲ ਅੱਗੇ ਵਧਿਆ॥ ੧੦॥

ਸੁਭਟ ਸਕਲ ਹੀ ਰਹੇ ਪੁਕਾਰਤਿ 'ਆਗੇ ਕਾਜ ਲਰਨ ਕੋ ਜੰਗ।
ਨਹਿਂ ਲਸ਼ਕਰ ਤੇ ਹੁਇ ਪੁਰਸ਼ਾਰਥ' ਮੈਂ ਭੀ ਕਹਯੋ ਬਹੁਤ ਤਿਨ ਸੰਗ।
ਨਹਿਂ ਮਾਨੀ ਕਹਿ 'ਸ਼ਾਹੁ ਹੁਕਮ ਇਮ, ਤੂਰਨ ਜਾਹੁ ਸੁ ਲੇਹੁ ਤੁਰੰਗ'।
ਅਰਧ ਰਾਤਿ ਮਹਿਂ ਪਹੁੰਚੇ ਚਲਿ ਕਰਿ ਸੁਧ ਲੇ ਗੁਰ ਕੀ ਭਏ ਨਿਸ਼ੰਗ ॥੧੧॥

ਸਾਰੇ ਸੂਰਮੇ ਪੁਕਾਰਦੇ ਰਹੇ, "ਅੱਗੇ ਜੰਗ ਲੜਨ ਦਾ ਕਾਰਜ ਹੈ, ਥੱਕੀ ਭੁੱਖੀ ਫੌਜ ਪਾਸੋਂ ਫਿਰ ਲੜਨ ਵਾਸਤੇ ਉੱਦਮ ਨਹੀਂ ਹੋਣਾ।" ਮੈਂ ਵੀ ਉਸ ਨੂੰ ਬਹੁਤ ਕਿਹਾ, ਪਰ ਮੇਰੀ ਇਕ ਨਾ ਮੰਨੀ ਕਹਿੰਦਾ ਸੀ, "ਬਾਦਸ਼ਾਹ ਦਾ ਇਹ ਹੁਕਮ ਹੈ ਤੁਰਤ ਜਾ ਕੇ ਘੋੜੇ ਲੈ ਲਵੋ।" ਅੱਧੀ ਰਾਤ ਨੂੰ ਓਥੇ ਜਾ ਕੇ ਪਹੁੰਚੇ ਤੇ ਗੁਰੂ ਬਾਰੇ ਖਬਰ ਪ੍ਰਾਪਤ ਕਰਕੇ ਕਿ ਉਹ ਉਥੇ ਹੀ ਹਨ, ਸ਼ੰਕਾ ਰਹਿਤ ਹੋ ਗਏ॥ ੧੧॥

ਦੀਹ ਦਮਾਮਨਿ ਦੁਹਰੀ ਚੋਬਨਿ ਦਿਏ ਬਜਾਇ ਗੁਰੂ ਦਲ ਆਇ।
ਛੂਟਤਿ ਤੀਰ ਤੁਪਕ ਅਰੁ ਤੋਮਰ ਮਾਰਿ ਮਾਰਿ ਕਰਿ ਰੌਰ ਮਚਾਇ।
ਤਿਸ ਛਿਨ ਭਯੋ ਸੀਤ ਅਤਿ ਐਸੋ ਨਹਿਂ ਆਗੇ ਹਮ ਦਿਖਯੋ ਕਦਾਇ।
ਖੁਲਹਿਂ ਨ ਹਾਥ ਨ ਉਸਰਤਿ ਅੰਗ ਜਿ ਸੁਭਟਨਿ ਤੇ ਹੱਥਯਾਰ ਗਿਰਾਇਂ ॥੧੨॥

ਵੱਡੇ ਨਗਾਰੇ ਦੋਹਰੀ ਚੋਬ ਲਾ ਕੇ ਜਦ ਵਜਾ ਦਿੱਤੇ ਤਾਂ ਗੁਰੂ ਦੇ ਦਲ ਨੇ ਆ ਕੇ ਤੀਰ, ਬੰਦੂਕਾਂ ਛੱਡ ਕੇ ਅਤੇ ਨੇਜ਼ੇ ਮਾਰ ਮਾਰ ਬਹੁਤ ਰੌਲਾ ਮਚਾ ਦਿੱਤਾ। ਉਸ ਸਮੇਂ ਐਸੀ ਠੰਡ ਹੋਈ, ਇਸ ਤਰ੍ਹਾਂ ਦੀ ਠੰਡ ਅਸੀਂ ਪਹਿਲਾਂ ਕਦੇ ਨਹੀਂ ਵੇਖੀ ਸੀ। ਹੱਥ ਨਹੀਂ ਸੀ ਖੁਲ੍ਹਦੇ ਤੇ ਅੰਗ ਸਿਧੇ ਨਹੀਂ ਸੀ ਹੁੰਦੇ ਤੇ ਸੂਰਮਿਆਂ ਦੇ ਹੱਥਾਂ ਵਿਚੋਂ ਹਥਿਆਰ ਤਕ ਡਿਗ ਪਏ॥ ੧੨॥

ਹਤਨ ਹਰੀਫ ਰਹਯੋ ਇਹ ਕਿਤ ਹੂੰ, ਨਹੀਂ ਸ਼ਸਤ੍ਰ ਕਰ ਪਕਰਯੋ ਜਾਇ।
ਜਨੁ ਰਸਰਿਨ ਸੋਂ ਜੁਰ ਦਿਯੇ ਭਟ, ਭੇ ਬਯਾਕੁਲ, ਨਹਿਂ ਬਨਯੋ ਉਪਾਇ।
ਗੁਰ ਭਟ ਹੁਤੇ ਅਗਨਿ ਸੋਂ ਤਾਪਤਿ ਏਕਹਿ ਬਾਰ ਪਰੇ ਅਰਰਾਇ।
ਮਾਰ ਮਾਰਿ ਬਹੁ ਚਮੂੰ ਖਪਾਈ, ਗਿਰੇ ਤੁਰੰਗਮ, ਭਟ ਸਮੁਦਾਇ॥ ੧੩॥

ਵੈਰੀ ਨੂੰ ਮਾਰਨਾ ਤਾਂ ਕਿਤੇ ਰਿਹਾ, ਸੂਰਮਿਆਂ ਪਾਸੋਂ ਸ਼ਸਤਰ ਵੀ ਫੜੇ ਨਹੀਂ ਸੀ ਜਾਂਦੇ। ਜਿਵੇਂ ਰੱਸਿਆਂ ਨਾਲ ਜੂੜ ਦਿੱਤੇ ਹੋਣ, ਸੂਰਮੇ ਬਹੁਤ ਵਿਆਕੁਲ ਹੋ ਗਏ, ਕੁਝ ਵੀ ਉਪਾਅ ਨਹੀਂ ਸੀ ਬਣਦਾ। ਗੁਰੂ ਜੀ ਦੇ ਸੂਰਮੇ ਜਿਹੜੇ ਅੱਗ ਸੇਕ ਰਹੇ ਸਨ, ਉਹ ਇਕੋ ਵਾਰ ਟੁੱਟ ਕੇ ਪੈ ਗਏ। ਉਨ੍ਹਾਂ ਨੇ ਮਾਰ-ਮਾਰ ਕੇ ਬਹੁਤ ਸੈਨਾ ਮਾਰੀ ਤੇ ਬਹੁਤ ਘੋੜੇ ਅਤੇ ਸੂਰਮੇ ਡਿੱਗ ਪਏ॥ ੧੩॥

ਅਪਰ ਏਕ ਬਡ ਅਚਰਜ ਹੋਵਾ ਗੁਰ ਕੇ ਸੁਭਟਨਿ ਕਰੇ ਪ੍ਰਹਾਰ।
ਬਹੁਰ ਨਿਕਸਿ ਨਜਾਰੇ ਇਕ ਦਿਸ਼ਿ ਭੇ, ਢਿਗ ਹੁਇਹੁਇ ਕਰਿ ਗੋਰਿਨਿ ਮਾਰ।
ਲਖਿ ਅਰਿ ਕੋ ਆਪਸ ਮੈਂ ਕਟਿਗੇ, ਬਚਿਬੇ ਹੇਤੁ ਨ ਕੀਨਿ ਸੰਭਾਰ।
ਭੋਰ ਹੋਤਿ ਲੌ ਤੀਨ ਭਾਗ ਦਲ ਬਿਨ ਮਾਰੇ ਹੀ ਭਏ ਸੰਘਾਰ॥ ੧੪॥

ਇਕ ਹੋਰ ਬੜਾ ਅਸਚਰਜ ਹੋਇਆ, ਗੁਰੂ ਜੀ ਦੇ ਸੂਰਮੇ ਜਦ ਵਾਰ ਕਰ ਰਹੇ ਸਨ ਤਾਂ ਕੁਝ ਸੂਰਮੇ ਨਿਕਲ ਕੇ ਇਕ ਪਾਸੇ ਵੱਖਰੇ ਹੋ ਗਏ ਤੇ ਪਾਸ ਹੋ ਹੋ ਕੇ ਗੋਲੀਆਂ ਮਾਰਦੇ ਸਨ। ਸਾਡੇ ਸੂਰਮੇ ਆਪਣੇ ਸੂਰਮਿਆਂ ਨੂੰ ਦੁਸ਼ਮਣ ਸਮਝ ਕੇ ਆਪਸ ਵਿਚ ਕੱਟ ਕੇ ਮਰ ਗਏ, ਬਚਣ ਵਾਸਤੇ ਕੋਈ ਸੰਭਾਲ ਨਾ ਕੀਤੀ। ਸਵੇਰ ਹੋਣ ਤਕ ਤਿੰਨ ਹਿੱਸੇ ਫੌਜ ਬਿਨ ਮਾਰਨ ਦੇ ਹੀ ਮਰ ਗਈ॥ ੧੪॥

ਚਰੇ ਦਿਵਸ ਉਮਰਾਵ ਜਿ ਪੰਚਹੁੰ ਹੇਰਿ ਜੰਗ ਕੋ ਭਏ ਹਿਰਾਨ।
ਸਭਿ ਦਲ ਲੇ ਕਰਿ ਗੁਰ ਕੇ ਸਨਮੁਖ ਲਰਨ ਹੇਤੁ ਬਜਵਾਇ ਨਿਸ਼ਾਨ।
ਉਮਡਜੋ ਹੱਥਜਾਰਨ ਕੋ ਪਕਰੇ, ਉਤ ਤੇ ਭਏ ਗੁਰੂ ਸਵਧਾਨ।
ਭੀਖਨ ਭਾ ਘਮਸਾਨ ਘਨੇਰੋ ਘਾਲਿ ਘਾਲਿ ਘਾਵਨ ਕਰਿ ਹਾਨ॥ ੧੫॥

ਦਿਨ ਚੜ੍ਹਨ ਤੇ ਪੰਜੇ ਉਮਰਾਵ ਜੰਗ ਨੂੰ ਵੇਖ ਕੇ ਬਹੁਤ ਹੈਰਾਨ ਹੋਏ। ਸਾਰੀ ਸੈਨਾ ਲੈ ਕੇ ਗੁਰੂ ਜੀ ਦੇ ਸਾਹਮਣੇ ਹੋ ਕੇ ਲੜਨ ਲਈ ਨਗਾਰੇ ਵਜਵਾਏ। ਹਥਿਆਰਾਂ ਨੂੰ ਫੜ ਕੇ ਉਮੜ ਕੇ ਪੈ ਗਏ, ਉਸ ਵੇਲੇ ਤਕ ਗੁਰੂ ਜੀ ਵੀ ਸਾਵਧਾਨ ਹੋ ਗਏ। ਘਮਸਾਣ ਦਾ ਭਿਆਨਕ ਜੰਗ ਹੋਇਆ, ਮਾਰ ਮਾਰ ਕੇ ਬਹੁਤ ਨੁਕਸਾਨ ਕੀਤਾ॥ ੧੫॥

ਖੜਗ ਪ੍ਰਹਾਰਿ ਗੁਰੂ ਨੇ ਮਾਰਜੋ ਬਲੀ ਕਾਬਲੀ ਬੇਗ ਮਹਾਨ।
ਤਨਕ ਜ਼ਖਮ ਗੁਰ ਕੇ ਤਨ ਲਾਗਜੋ ਨਹਿਂ ਮਾਨਜੋ ਤਿਮ ਹੀ ਸਵਧਾਨ।
ਲਲਾਬੇਗ ਸੌਂ ਜੰਗ ਪਰਜੋ ਪੁਨ ਅਸੁ ਗੁਲਬਾਗ ਚਪਲ ਬਲਵਾਨ।
ਗੁਰੂ ਤਰੇ ਤੇ ਮ੍ਰਿਤਕ ਭਯੋ ਤਬਿ ਲਗੇ ਸ਼ਸਤ੍ਰ ਬਹੁ ਤਜਾਗੇ ਪ੍ਰਾਨ॥ ੧੬॥

ਮਹਾਨ ਬਲਵਾਨ ਕਾਬਲੀ ਬੇਗ ਨੂੰ ਤਲਵਾਰ ਫੜ ਕੇ ਗੁਰੂ ਜੀ ਨੇ ਮਾਰ ਦਿੱਤਾ, ਥੋੜਾ ਜ਼ਖਮ ਗੁਰੂ ਜੀ ਦੇ ਵੀ ਲੱਗਾ, ਪਰ ਉਨ੍ਹਾਂ ਕੋਈ ਪ੍ਰਵਾਹ ਨਾ ਕੀਤੀ, ਓਸੇ ਤਰ੍ਹਾਂ ਸਾਵਧਾਨ ਰਹੇ। ਫਿਰ ਲਲਾ ਬੇਗ ਨਾਲ ਜੰਗ ਹੋਇਆ, ਗੁਲਬਾਗ ਘੋੜਾ ਬੜਾ ਚੰਚਲ ਤੇ ਮਹਾਨ ਸੀ। ਉਹ ਗੁਰੂ ਜੀ ਦੇ ਥੱਲੇ ਸੀ, ਸ਼ਸਤਰਾਂ ਦੇ ਬਹੁਤ ਵਾਰ ਲੱਗਣ ਨਾਲ ਜ਼ਖਮੀ ਹੋ ਕੇ ਮਰ ਗਿਆ॥ ੧੬॥

ਰਿਸ ਕਰਿ ਗੁਰ ਤਬਿ ਲਲਾਬੇਗ ਕੋ ਕਰਜੋ ਸੰਘਾਰਨ ਗਹਿ ਤਰਵਾਰ।
ਚਤਰ ਸਹੱਸ੍ਰ ਗੁਰੂ ਦਲ ਮਹਿਂ ਤੇ ਦ੍ਵਾਦਸ਼ ਸੈ ਸਭਿ ਭਏ ਸੰਘਾਰ।
ਇਮ ਬਿਨ ਨੀਤਿ ਆਪ ਕੇ ਲਸ਼ਕਰ ਮਰਜੋ ਸਰਬ ਹੀ ਲੇ ਕਰਿ ਹਾਰ।
ਸੁਪਤਿ ਪਰੇ ਰਣ ਖੇਤ ਬਿਖੈ ਸਭਿ, ਬਚੇ ਸੰਗ ਮਮ ਸੌ ਅਸਵਾਰ'॥ ੧੭॥

ਗੁੱਸੇ ਵਿਚ ਆ ਕੇ ਫਿਰ ਗੁਰੂ ਜੀ ਨੇ ਤਲਵਾਰ ਫੜ ਕੇ ਲਲਾ ਬੇਗ ਨੂੰ ਮਾਰ ਦਿੱਤਾ। ਗੁਰੂ ਜੀ ਦੀ ਸੈਨਾ ਵਿਚ ਚਾਰ ਹਜ਼ਾਰ ਸੂਰਮੇ ਸਨ, ਜਿਨ੍ਹਾਂ ਵਿਚੋਂ ਬਾਰਾਂ ਸੌ ਮਾਰੇ ਗਏ। ਇਸ ਤਰ੍ਹਾਂ ਨੀਤੀ ਬਗੈਰ ਤੁਹਾਡਾ ਸਾਰਾ ਲਸ਼ਕਰ ਹਾਰ ਖਾ ਕੇ ਮਰ ਗਿਆ। ਸਾਰੇ ਰਣਖੇਤਰ ਵਿਚ ਸੌਂ ਗਏ, ਮੇਰੇ ਨਾਲ ਕੇਵਲ ਸੌ ਅਸਵਾਰ ਹੀ ਬਚੇ ਹਨ'॥ ੧੭॥

ਸ਼ਾਹੁ ਜਹਾਂ ਸੁਨਿ ਬਿਸਮੈਂ ਹ੍ਵੈ ਕਰਿ ਰਿਦੈ ਬਿਖਾਦ ਅਧਿਕ ਉਪਜਾਇ।
'ਕਹਾਂ ਕਹਿਰ ਗੁਜ਼ਰਯੋ ਤਿਨ ਸਿਰ ਪਰ ਬੱਡੇ ਕਹਾਵਤਿ ਹੁਤੇ ਦਨਾਇ।
ਰਾਜਨੀਤ ਮਹਿਂ ਚਤੁਰ ਬਖਾਨਤਿ ਜਾਨਤਿ ਸਕਲ ਜੰਗ ਕੇ ਦਾਇ।
ਕੁਛ ਨਹਿਂ ਸਰਜੋ, ਨ ਕਰਜੋ ਓਜ ਕੋ, ਮਰਜੋ ਤੁਰਤ ਹੀ ਅਰਿ ਅਗੁਵਾਇ' ॥੧੮॥

ਸ਼ਾਹ ਜਹਾਨ ਇਹ ਸੁਣ ਕੇ ਬੜਾ ਹੈਰਾਨ ਹੋ ਕੇ ਹਿਰਦੇ ਵਿਚ ਬੜਾ ਵਿਵਾਦ ਉਪਜਾ ਕੇ ਬੋਲਿਆ, "ਉਨ੍ਹਾਂ ਦੇ ਸਿਰ ਤੇ ਕੀ ਕਹਿਰ ਗੁਜ਼ਰਿਆ, ਵੱਡੇ ਅਕਲਮੰਦ ਕਹਾਉਂਦੇ ਸਨ। ਰਾਜਨੀਤੀ ਵਿਚ ਬੜੇ ਚਤੁਰ ਕਹਾਉਂਦੇ ਸੀ ਤੇ ਜੰਗ ਦੇ ਸਾਰੇ ਦਾਅ-ਪੇਚ ਜਾਣਦੇ ਸਨ। ਕੁਝ ਨਹੀਂ ਸਰਿਆ ਤੇ ਨਾ ਤਾਕਤ ਲਾਈ ਹੈ, ਅੱਗੇ ਅੜ ਕੇ ਤੁਰਤ ਹੀ ਮਾਰੇ ਗਏ ਹਨ" ॥ ੧੮ ॥

ਕਹਤਿ ਹਸਨਖਾਂ 'ਅਬਿ ਕੇ ਰਣ ਮਹਿਂ, ਹਠ ਕਰਿ ਮਰਜੋ ਕਰਤਿ ਹੰਕਾਰ।
ਰਾਜਨੀਤਿ ਅਰੁ ਦਾਵ ਜੰਗ ਕੇ, ਲਸ਼ਕਰ ਸਭਿ ਕੀ ਕਰਨਿ ਸੰਭਾਰ।
ਇੱਤਯਾਦਿਕ ਮਤਿ ਸੁਰਤ ਵਿਸਾਰੀ ਮੁਝ ਆਦਿਕ ਬਹੁ ਰਹੇ ਪੁਕਾਰ।
ਨਹਿਂ ਜਾਨੀ ਨਹਿਂ ਮਾਨੀ ਕਿਸ ਕੀ, ਕਰਿ ਹਾਨੀ ਮੂਰਖਤਾ ਧਾਰਿ ॥ ੧੯ ॥

ਹਸਨ ਖਾਂ ਨੇ ਕਿਹਾ, "ਹੁਣ ਦੀ ਜੰਗ ਵਿਚ ਹੱਠ ਕਰਕੇ ਮਰਿਆ ਹੈ, ਬਹੁਤ ਹੰਕਾਰ ਕਰਦਾ ਸੀ। ਰਾਜਨੀਤੀ ਅਤੇ ਜੰਗ ਦੇ ਦਾਅ-ਪੇਚ ਵਰਤਣੇ ਅਤੇ ਸਾਰੀ ਸੈਨਾ ਦੀ ਸੰਭਾਲ ਕਰਨੀ, ਇਤਿਆਦਿ ਗੱਲਾਂ ਬਾਰੇ ਸੁਰਤ ਹੀ ਵਿਸਾਰ ਦਿੱਤੀ, ਬੇਸ਼ਕ ਮੇਰੇ ਵਰਗੇ ਬਹੁਤ ਕੂਕ ਪੁਕਾਰ ਕਰਦੇ ਰਹੇ। ਨਾ ਜਾਣਿਆ ਤੇ ਨਾ ਕਿਸੇ ਦੀ ਮੰਨੀ ਤੇ ਮੂਰਖਤਾ ਧਾਰ ਕੇ ਨੁਕਸਾਨ ਕਰਵਾ ਲਿਆ ॥ ੧੯ ॥

ਮੇਰੋ ਅਧਿਕ ਅਨਾਦਰ ਕੀਨਾ, ਪੁਨ ਕਹਿਬੋ ਸਭਿ ਨੇ ਤਜਿ ਦੀਨ।
ਦੇਖਤਿ ਹਮਰੇ ਸਗਲ ਸੰਘਾਰੇ ਮਨਹੁਂ ਕਿਸੁ ਨੇ ਬੰਧਨ ਕੀਨਿ।
ਨਿਸ ਮਹਿਂ ਸੀਤ ਸਮੂਹ ਲਗੇ ਤੇ ਪਿੰਗਲ ਲੁੰਢਨ ਕੇ ਸਮ ਚੀਨਾ।
ਦਿਨ ਮਹਿਂ ਕਰਿ ਪੁਰਸ਼ਾਰਥ ਮਾਰੇ ਇਮ ਗੁਰ ਫਤੇ ਸੁਗਮ ਹੀ ਲੀਨਿ' ॥੨੦॥

ਮੇਰੀ ਬਹੁਤ ਬੇਇੱਜ਼ਤੀ ਕੀਤੀ, ਫਿਰ ਮੈਂ ਤੇ ਹੋਰਨਾਂ ਸਾਰੇ ਸਰਦਾਰਾਂ ਨੇ ਸਲਾਹ ਦੇਣੀ ਛੱਡ ਦਿੱਤੀ, ਮੇਰੇ ਵੇਖਦਿਆਂ ਹੀ ਸਾਰੀ ਸੈਨਾ ਮਾਰ ਦਿੱਤੀ ਮਾਨੋ ਕਿਸੇ ਨੇ ਰਸਿਆਂ ਨਾਲ ਬੰਨ੍ਹੇ ਹੋਣ। ਰਾਤ ਨੂੰ ਸਾਰਿਆਂ ਨੂੰ ਬਹੁਤ ਠੰਡ ਲੱਗੀ ਤੇ ਪਿੰਗਲੇ ਅਤੇ ਲੁੰਝਿਆਂ ਵਾਂਗ ਵੇਖੇ ਗਏ। ਗੁਰੂ ਜੀ ਦੀ ਫੌਜ ਨੇ ਦਿਲ ਵਿਚ ਉੱਦਮ ਧਾਰ ਕੇ ਮਾਰੇ, ਇਸ ਤਰ੍ਹਾਂ ਗੁਰੂ ਜੀ ਨੇ ਆਸਾਨੀ ਨਾਲ ਫਤਹਿ ਪ੍ਰਾਪਤ ਕਰ ਲਈ" ॥ ੨੦॥

ਸੁਨਤਿ ਵਜ਼ੀਰਖਾਨ ਗੁਰ ਸਿਖ ਕਹਿ 'ਕਈ ਬਾਰ ਪਤਿਆਰੋ ਲੀਨਿ।
ਕਰਾਮਾਤ ਕਾਮਲ ਬਡ ਗੁਰ ਘਰ ਸ਼੍ਰੀ ਨਾਨਕ ਜੀ ਪਰਮ ਪ੍ਰਬੀਨ।
ਪੀਰਨਪੀਰ ਭਏ ਜਗ ਜ਼ਾਹਰ ਅਰੇ ਸੁ ਹਾਰੇ ਸਭਿ ਨੇ ਚੀਨ।
ਅਬਿ ਬਿਚਾਰ ਕਰਿ ਹੇਰਹੁ ਚਿਤ ਮਹਿਂ, ਨਹਿਂ ਮਤਿ ਮੈਂ ਆਵਹਿ ਕਜਾ ਕੀਨਿ ॥੨੧॥

ਇਹ ਸੁਣ ਕੇ ਗੁਰਸਿਖ ਵਜ਼ੀਰ ਖਾਨ ਨੇ ਕਿਹਾ, "ਕਈ ਵਾਰ ਅਸੀਂ ਪਰਖ ਕੇ ਵੇਖਿਆ ਹੈ ਕਿ ਗੁਰੂ ਘਰ ਕਰਾਮਾਤ ਵਿਚ ਕਾਮਲ ਹਨ, ਗੁਰੂ ਨਾਨਕ ਦੇਵ ਜੀ ਦੀ ਗੱਦੀ ਪਰਮ ਉੱਤਮ ਹੈ। ਉਹ ਜੱਗ ਵਿਚ ਪੀਰਾਂ ਦੇ ਪੀਰ ਪ੍ਰਗਟ ਹੋਏ ਹਨ, ਜਿਹੜਾ ਵੀ ਉਨ੍ਹਾਂ ਨਾਲ ਅੜਦਾ ਹੈ, ਉਹ ਹਾਰ ਜਾਂਦਾ ਹੈ। ਇਹ ਸਭ ਨੇ ਸਮਝਿਆ ਹੈ। ਹੁਣ ਚਿੱਤ ਵਿਚ ਵਿਚਾਰ ਕਰਕੇ ਵੇਖੋ ਸਮਝ ਵਿਚ ਨਹੀਂ ਆਉਂਦਾ ਹੈ ਕਿ ਕੀ ਕੀਤਾ ਹੈ ॥ ੨੧ ॥

ਬਡੋ ਆਪ ਕੋ ਹਜ਼ਰਤ ਬਾਬਰ ਸ੍ਰੀ ਨਾਨਕ ਤੇ ਬਰ ਕੋ ਪਾਇ।
ਰਾਜ ਲਿਯੋ ਦਿੱਲੀ ਤੇ ਆਦਿਕ ਸਭਿ ਖਾਨਨਿ ਤੇ ਦੇਸ਼ ਛੁਟਾਇ।
ਅਵਚਲ ਤਖਤ ਬਚਨ ਤੇ ਕੀਨਸਿ ਬਿਦਤਿ ਜਗਤ ਮਹਿਂ ਜਾਨੀ ਜਾਇ।
ਮਿਲਜੋ ਏਮਨਾਵਾਦ ਗੁਰੂ ਸੰਗ ਕਰਿ ਬੰਦਨ ਬਰ ਲੀਨਿ ਰਿਝਾਇ॥ ੨੨॥

ਆਪ ਜੀ ਦੇ ਵਡੇਰੇ ਹਜ਼ਰਤ ਬਾਬਰ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਪਾਸੋਂ ਵਰ ਪ੍ਰਾਪਤ ਕੀਤਾ ਸੀ। ਉਨ੍ਹਾਂ ਦਿੱਲੀ ਦਾ ਰਾਜ ਲਿਆ ਤੇ ਸਾਰੇ ਪਠਾਣਾਂ ਤੋਂ ਦੇਸ਼ ਨੂੰ ਛੁਡਵਾ ਲਿਆ। ਬਚਨ ਕਰਕੇ ਤਖਤ ਪੱਕਾ ਕਰ ਦਿੱਤਾ, ਇਹ ਸਾਰੇ ਜਗਤ ਵਿਚ ਪ੍ਰਗਟ ਹੈ ਤੇ ਸਾਰੇ ਜਾਣਿਆ ਜਾਂਦਾ ਹੈ। ਏਮਨਾਬਾਦ ਵਿਚ ਗੁਰੂ ਜੀ ਨੂੰ ਮਿਲੇ ਤੇ ਬੰਦਨਾ ਕਰਕੇ ਗੁਰੂ ਜੀ ਨੂੰ ਪ੍ਰਸੰਨ ਕਰਕੇ ਵਰ ਪ੍ਰਾਪਤ ਕਰ ਲਿਆ॥ ੨੨॥

ਭਯੋ ਹੁਮਾਊਂ ਸ਼ਾਹੁ ਬਹੁਰ ਜਬਿ ਸ੍ਰੀ ਅੰਗਦ ਤੇ ਬਰ ਕੋ ਲੀਨਿ।
ਦਿੱਲੀ ਆਦਿਕ ਰਾਜ ਕਰਜੋ ਸਭਿ ਲਯੋ ਸਲੇਮਸ਼ਾਹੁ ਜੋ ਛੀਨਿ।
ਸੁਮਤਿਵੰਤਿ ਬਡ ਅਕਬਰ ਹੋਯਸਿ ਸ੍ਰੀ ਗੁਰ ਅਮਰ ਤਿਸੇ ਬਰ ਦੀਨਿ।
ਗਢ ਚਿਤੌੜ ਕੋ ਤੋੜਜੋ ਬਲ ਤੇ ਬ੍ਰਿੰਦ ਗ੍ਰਾਮ ਕੋ ਅਰਪਨਿ ਕੀਨਿ॥ ੨੩॥

ਫਿਰ ਬਾਦਸ਼ਾਹ ਹਮਾਊਂ ਜਦ ਹੋਇਆ ਤਾਂ ਉਨ੍ਹਾਂ ਨੇ ਗੁਰੂ ਅੰਗਦ ਦੇਵ ਪਾਸੋਂ ਵਰ ਪ੍ਰਾਪਤ ਕੀਤਾ। ਦਿੱਲੀ ਆਦਿ ਤੇ ਰਾਜ ਕੀਤਾ ਜਿਹੜਾ ਸਲੇਮ ਸ਼ਾਹ ਨੇ ਖੋਹ ਲਿਆ ਸੀ। ਮਹਾਨ ਅਕਬਰ ਵੱਡੀ ਬੁੱਧੀ ਵਾਲੇ ਹੋਏ ਹਨ, ਉਨ੍ਹਾਂ ਨੂੰ ਸ੍ਰੀ ਗੁਰੂ ਅਮਰਦਾਸ ਜੀ ਨੇ ਵਰ ਦਿੱਤਾ ਸੀ। ਚਿਤੌੜ ਗੜ੍ਹ ਨੂੰ ਆਪਣੇ ਬਲ ਨਾਲ ਫਤਹਿ ਕੀਤਾ ਤਾਂ ਕਈ ਪਿੰਡ ਗੁਰੂ ਜੀ ਨੂੰ ਅਰਪਣ ਕੀਤੇ॥ ੨੩॥

ਸ੍ਰੀ ਅਰਜਨ ਅਰੁ ਸ੍ਰੀ ਹਰਿ ਗੋਵਿੰਦ ਜਹਾਂਗੀਰ ਹਜ਼ਰਤ ਇਮ ਸੰਗ।
ਜੋਰਤਿ ਹਾਥ, ਕਰਤਿ ਬਹੁ ਆਦਰ, ਸਭਿ ਤੇ ਜਾਨਤਿ ਰਹਜੋ ਉਤੰਗ।
ਰੱਛਾ ਕਰੀ ਤ੍ਰਾਸ ਨਿਸ ਪਾਵਤਿ ਪਿਖਿ ਅਜ਼ਮਤ ਨੰਮ੍ਰੀ ਸਰਬੰਗ।
ਤਿਨ ਸੋਂ ਤੁਮ ਬਹੁ ਕੀਨਿ ਬਿਰੋਧਾ ਪੂਰਬ ਲੀਨੋ ਛੀਨਿ ਤੁਰੰਗ॥ ੨੪॥

ਸ੍ਰੀ ਗੁਰੂ ਅਰਜਨ ਦੇਵ ਤੇ ਸ੍ਰੀ ਗੁਰੂ ਹਰਿਗੋਬਿੰਦ ਜੀ ਬਾਦਸ਼ਾਹ ਜਹਾਂਗੀਰ ਦੇ ਇਸ ਤਰ੍ਹਾਂ ਸਾਥੀ ਰਹੇ। ਉਹ ਹੱਥ ਜੋੜ ਕੇ ਬਹੁਤ ਆਦਰ ਕਰਦੇ ਸਨ, ਸਭ ਦੇ ਜਾਣਦਿਆਂ ਉਨ੍ਹਾਂ ਦੇ ਅਨੁਸਾਰੀ ਰਹੇ। ਉਹ ਰਾਤ ਨੂੰ ਡਰ ਪਾਉਂਦੇ ਸਨ, ਜਿਸ ਦੀ ਉਨ੍ਹਾਂ ਨੇ ਰੱਖਿਆ ਕੀਤੀ ਤੇ ਕਰਾਮਾਤ ਵੇਖ ਹਰ ਤਰ੍ਹਾਂ ਸਨਿਮਰ ਹੋ ਗਏ, ਉਨ੍ਹਾਂ ਨਾਲ ਤੁਸੀ ਬਹੁਤ ਵਿਰੋਧ ਕੀਤਾ ਹੈ, ਪਹਿਲਾਂ ਉਨ੍ਹਾਂ ਦਾ ਘੋੜਾ ਖੋਹ ਲਿਆ ਸੀ॥ ੨੪॥

ਨਹਿਂ ਅਰੂਢਿਬੇ ਤੁਮਕੋ ਪਾਇਸਿ, ਰੁਜੀ ਜਾਨਿ ਕਾਜ਼ੀ ਕੋ ਦੀਨਿ।
ਕਰਿ ਮਿਸ ਮੋਲ ਗੁਰੂ ਪੁਨ ਲੀਨਸਿ, ਭਯੋ ਅਰੁਜਿ ਸਭਿ ਲਖਹੁ ਪ੍ਰਬੀਨ।
ਬਾਜ਼ ਹੇਤੁ ਰਣ ਘਾਲ ਘਨੇਰੋ ਮੁਗ਼ਲਸਖਾਨ ਪ੍ਰਾਨ ਤੇ ਹੀਨਿ।
ਬਹੁਰ ਜਲੰਧਰ ਕੋ ਬਡ ਸੂਬਾ ਅਬਦੁਲਖਾਨ ਲਰਜੋ ਮ੍ਰਿਤੁ ਕੀਨਿ॥ ੨੫॥

ਜਦ ਤੁਹਾਡੇ ਪਾਸ ਸੀ ਤਾਂ ਤੁਸੀਂ ਉਸ ਤੇ ਸਵਾਰੀ ਨਾ ਕਰ ਸਕੇ, ਬੀਮਾਰ ਜਾਣ ਕੇ ਤੁਸੀਂ ਕਾਜ਼ੀ ਨੂੰ ਦੇ ਦਿੱਤਾ। ਘੋੜਾ ਲੰਘਦਾ ਵੇਖ ਕੇ ਗੁਰੂ ਜੀ ਨੇ ਮੁਲ ਕਰਕੇ ਲੈ ਲਿਆ। ਇਕ ਬਾਜ਼ ਵਾਸਤੇ ਤੁਸੀਂ ਵੱਡਾ ਜੰਗ ਕੀਤਾ ਤੇ ਮੁਖਲਸ ਖਾਨ ਪ੍ਰਾਣ ਗਵਾ ਬੈਠਾ। ਫਿਰ ਜਲੰਧਰ ਦਾ ਸੂਬਾ ਅਬਦੁਲ ਖਾਨ ਲੜਿਆ ਤਾਂ ਉਸ ਨੂੰ ਵੀ ਮਾਰ ਦਿੱਤਾ॥ ੨੫॥

ਅਬਿ ਤੁਰੰਗ ਕੀ ਕਹਾਂ ਬਾਤ ਥੀ ਲਸ਼ਕਰ ਰਾਵਰ ਦਿਯੋ ਪਠਾਇ।
ਸੀਤ ਉਪਾਇ ਸਕਲ ਹੀ ਮਾਰੇ ਬਚਜੋ ਨ ਕੋ ਭਟ ਹਟਿ ਕਰਿ ਆਇ।

ਚਤੁਰ ਸਹੱਸ੍ਰ ਬਾਹਨੀ ਗੁਰ ਸੰਗ ਤੁਮਰੀ ਅਨਗਨ ਦਈ ਖਪਾਇ।
ਏਕ ਬਾਕ ਕੇ ਕਹੇ ਕਰਹਿਂ ਸਭਿ ਜਿਮ ਚਾਹਤਿ ਗੁਰੁ ਲੇਹਿਂ ਬਨਾਇ॥ ੨੬ ॥

ਹੁਣ ਘੋੜੇ ਦੀ ਕੀ ਗੱਲ ਸੀ, ਆਪ ਜੀ ਨੇ ਵੱਡਾ ਲਸ਼ਕਰ ਭੇਜ ਦਿੱਤਾ। ਠੰਡ ਪੈਂਦਾ ਕਰਕੇ ਸਾਰੇ ਹੀ ਮਾਰ ਦਿੱਤੇ, ਕੋਈ ਵੀ ਸੂਰਮਾ ਨਾ ਬਚਿਆ ਜਿਹੜਾ ਵਾਪਸ ਆਇਆ ਹੋਵੇ। ਗੁਰੂ ਜੀ ਪਾਸ ਕੇਵਲ ਚਾਰ ਹਜ਼ਾਰ ਫੌਜ ਸੀ, ਜਿਨ੍ਹਾਂ ਨੇ ਤੁਹਾਡੀ ਅਣਗਿਣਤ ਫੌਜ ਨੂੰ ਮਾਰ ਦਿੱਤਾ। ਇਕ ਸ਼ਬਦ ਦੇ ਕਹਿਣ ਤੇ ਹੀ ਗੁਰੂ ਜੀ ਸਭ ਕੁਝ ਕਰ ਸਕਦੇ ਹਨ, ਜਿਵੇਂ ਵੀ ਉਹ ਚਾਹੁੰਦੇ ਹਨ, ਉਸ ਤਰ੍ਹਾਂ ਬਣਾ ਲੈਂਦੇ ਹਨ॥ ੨੬ ॥

ਕਿਮ ਸਮਤਾ ਤਿਨ ਸੌਂ ਬਨਿ ਆਵੈ ਕਜੋਂ ਨ ਬਿਚਾਰਤਿ ਹੋ ਮਨ ਲਾਇ।
ਅਪਨ ਬਡਨਿ ਕੀ ਰਖਹੁ ਮ੍ਰਿਜਾਦਾ ਜਿਨ ਆਗੈ ਤਿਨ ਸੀਸ ਨਿਵਾਇ।
ਤਿਮ ਹੀ ਤੁਮ ਕੋ ਚਹੀਯਤਿ ਹਜ਼ਰਤ ! ਜੇ ਨ ਕਰਹੁ ਕਾਰਜ ਬਿਗਰਾਇ।
ਇਸੀ ਹੇਤੁ ਤੇ ਚਢਨਿ ਲਗੇ ਜਬਿ, ਮੈਂ ਤੁਮ ਕੌ ਰਾਖਜੋ ਅਟਕਾਇ॥ ੨੭ ॥

ਉਨ੍ਹਾਂ ਨਾਲ ਕਿਵੇਂ ਬਰਾਬਰੀ ਹੋ ਸਕਦੀ ਹੈ, ਤੁਸੀਂ ਇਸ ਗੱਲ ਨੂੰ ਮਨ ਨਾਲ ਲਾ ਕੇ ਕਿਉਂ ਨਹੀਂ ਵਿਚਾਰਦੇ ਹੋ। ਆਪਣੇ ਵੱਡਿਆਂ ਦੀ ਮਰਯਾਦਾ ਰਖੋ, ਜਿਵੇਂ ਉਨ੍ਹਾਂ ਨੇ ਪਹਿਲਾਂ ਸਿਰ ਝੁਕਾਏ ਹਨ। ਹੇ ਹਜ਼ਰਤ ! ਉਸ ਤਰ੍ਹਾਂ ਹੀ ਤੁਹਾਨੂੰ ਵੀ ਚਾਹੀਦਾ ਹੈ, ਜੇ ਕਾਰਜ ਨੂੰ ਨਹੀਂ ਵਿਗਾੜਨਾ ਚਾਹੁੰਦੇ ਹੋ। ਇਸੇ ਕਰਕੇ ਜਦ ਤੁਸੀਂ ਚੜ੍ਹਾਈ ਕਰਕੇ ਹਮਲਾ ਕਰਨ ਚਲੇ ਸੀ, ਮੈਂ ਤੁਹਾਨੂੰ ਰੋਕ ਕੇ ਰਖਿਆ ਹੈ॥ ੨੭ ॥

ਤੋਹਿ ਬਡਨ ਜਿਨ ਤੇ ਲੇ ਬਖ਼ਸ਼ਿਸ਼ ਰਾਜ ਕਰਜੋ ਸਭਿ ਦੇਸ਼ ਬਿਦੇਸ਼।
ਤਿਨ ਕੇ ਸੰਗ ਜੰਗ ਤੁਮ ਠਾਨਹੁ ਉਚਿਤ ਨਹੀਂ ਮਨ ਲਖਹੁ ਵਿਸ਼ੇਸ਼।
ਬਾਜ਼ ਬਾਜਿ ਕੀ ਕਹਾਂ ਬਾਤ ਥੀ ਤੁਮ ਕੋ ਪ੍ਰਾਪਤਿ ਅਨਿਕ ਹਮੇਸ਼।
ਨਹਿਂ ਬਿਰੋਧ ਕਰਿਬੋ ਬਨਿ ਆਵੈ ਸਮਝੋ ਹਜ਼ਰਤ ! ਸੁਮਤਿ ਅਸ਼ੇਸ਼' ॥ ੨੮ ॥

ਤੁਹਾਡੇ ਵੱਡਿਆਂ ਨੇ ਜਿਨ੍ਹਾਂ ਪਾਸੋਂ ਬਖ਼ਸ਼ਿਸ਼ਾਂ ਲਈਆਂ ਹਨ ਤੇ ਦੇਸ਼ਾਂ ਬਿਦੇਸ਼ਾਂ ਵਿਚ ਰਾਜ ਕੀਤਾ ਹੈ, ਉਨ੍ਹਾਂ ਨਾਲ ਤੁਸੀਂ ਜੰਗ ਕਰਦੇ ਹੋ ਇਹ ਉਚਿਤ ਨਹੀਂ ਹੈ, ਮਨ ਵਿਚ ਵਿਸ਼ੇਸ਼ ਵਿਚਾਰ ਕਰਕੇ ਸਮਝੋ। ਬਾਜ਼ ਅਤੇ ਘੋੜੇ ਦੀ ਕੀ ਗੱਲ ਸੀ, ਤੁਹਾਨੂੰ ਹਮੇਸ਼ਾਂ ਅਨੇਕਾਂ ਹੀ ਪ੍ਰਾਪਤ ਹਨ। ਵਿਰੋਧ ਕਰਨਾ ਨਹੀਂ ਬਣਦਾ ਹੈ, ਹੇ ਬਾਦਸ਼ਾਹ ਸਲਾਮਤ ! ਸ੍ਰੇਸ਼ਟ ਬੁੱਧੀ ਕਰਕੇ ਸਮਝੋ' ॥ ੨੮ ॥

ਸੁਨਿ ਕਰਿ ਸ਼ਾਹੁ ਜਹਾਂ ਹੁਇ ਤੂਸ਼ਨਿ ਰਿਦੇ ਬਿਚਾਰਤਿ ਰਿਸ ਤਜਿ ਦੀਨਿ।
'ਤਿਨ ਸੌਂ ਲਰਿ ਕਰਿ ਫਤੇ ਨ ਪ੍ਰਾਪਤਿ ਭਈ ਹਾਰ ਰਣ ਭਾ ਥਲ ਤੀਨਿ।
ਮਨ ਕਰਿ ਸੁੱਧਿ ਗੁਰੂ ਕੀ ਦਿਸ਼ ਤੇ ਅਬਿ ਨਹਿਂ ਲਰੌਂ ਭਲੀ ਬਿਧਿ ਚੀਨ'।
ਕਿਤਿਕ ਦੇਰ ਮਹਿਂ ਕਰਿ ਮੁਖ ਊਚੋ ਹਸਨਖਾਨ ਦਿਸ਼ਿ ਦੇਖਨਿ ਕੀਨਿ॥ ੨੯ ॥

ਇਹ ਸੁਣ ਕੇ ਬਾਦਸ਼ਾਹ ਸ਼ਾਹ ਜਹਾਂ ਚੁੱਪ ਹੋ ਗਿਆ, ਹਿਰਦੇ ਵਿਚ ਵਿਚਾਰ ਕੇ ਗੁੱਸਾ ਛੱਡ ਦਿੱਤਾ। "ਉਨ੍ਹਾਂ ਨਾਲ ਲੜਾਈ ਕਰਕੇ ਕਦੀ ਵੀ ਫਤਹਿ ਪ੍ਰਾਪਤ ਨਹੀਂ ਹੋਈ ਹੈ, ਤਿੰਨ ਵਾਰ ਜੰਗ ਵਿਚ ਹਾਰ ਹੋਈ ਹੈ। ਗੁਰੂ ਜੀ ਵਾਲੇ ਪਾਸੇ ਤੋਂ ਮਨ ਨੂੰ ਸ਼ੁੱਧ ਕਰਕੇ ਹੁਣ ਲੜਾਈ ਨਹੀਂ ਕਰਾਂਗਾ, ਇਹ ਭਲੀ ਪ੍ਰਕਾਰ ਜਾਣ ਲਿਆ ਹੈ।" ਕਾਫੀ ਦੇਰ ਬਾਅਦ ਮੂੰਹ ਉੱਚਾ ਕਰਕੇ ਹਸਨ ਖਾਂ ਵੱਲ ਵੇਖਿਆ॥ ੨੯ ॥

ਬਹੁਰ ਸਲਾਬਤ ਖਾਨ ਬਖਾਨੀ 'ਸੁਤ ਜੁਤਿ ਲਲਾਬੇਗ ਭਾ ਘਾਤ।
ਅਬਿ ਕਾਬਲ ਦਿਸ਼ਿ ਸੂਬਾ ਕਰਿ ਕੈ ਪਠਹੁ ਕਿਸੀ ਕੋ ਸਾਂਭਹਿ ਜਾਤਿ।

ਦਾਨਸ਼ਵੰਦ ਬਿਲੰਦ ਪਛਾਨਹੁ ਜੋ ਨਹਿਂ ਹੋਨਿ ਦੇਹਿ ਉਤਪਾਤ।
ਦਿਹੁ ਸਿਰੁਪਾਉ ਸਪੁਰਦ ਕਰਹੁ ਉਤ ਉਚਿਤਾਨੁਚਿਤ ਬਿਚਾਰਹੁ ਬਾਤ' ॥੩੦॥

ਫਿਰ ਸਲਾਬਤ ਖਾਨ ਨੇ ਕਿਹਾ, "ਪੁੱਤਰਾਂ ਸਹਿਤ ਲਲਾ ਬੇਗ ਮਾਰਿਆ ਗਿਆ ਹੈ, ਹੁਣ ਉਸ ਪਾਸੇ ਦਾ ਕਿਸੇ ਨੂੰ ਸੂਬੇ ਦਾਰ ਬਣਾ ਕੇ ਭੇਜੋ ਤਾਂਕਿ ਉਹ ਜਾ ਕੇ ਉਸ ਇਲਾਕੇ ਦੀ ਸੰਭਾਲ ਕਰੇ। ਚੰਗੇ ਅਕਲਮੰਦ ਦੀ ਪਛਾਣ ਕਰੋ, ਜਿਹੜਾ ਕਿ ਕਿਸੇ ਪ੍ਰਕਾਰ ਦਾ ਝਗੜਾ ਨਾ ਹੋਣ ਦੇਵੇ। ਸਿਰੋਪਾ ਦੇ ਕੇ ਉਸ ਦੇ ਸਪੁੱਰਦ ਕਰੋ ਤੇ ਯੋਗ-ਅਯੋਗ ਗੱਲ ਨੂੰ ਵਿਚਾਰੋ" ॥ ੩੦ ॥

ਸਤਿਗੁਰ ਮਨ ਫੇਰਜੋ ਤਿਸ ਛਿਨ ਮਹਿਂ ਹਸਨਖਾਨ ਕੋ ਪਿਖਤਿ ਸੁਨਾਇ।
'ਇਨ ਆਛੀ ਬਹੁ ਬਾਤ ਬਖਾਨੀ ਦਾਨਸ਼ਵੰਦ ਬਿਲੰਦ ਲਖਾਇ।
ਸਿਰੋਪਾਉ ਦੇ ਤਿਤ ਕੋ ਭੇਜੌਂ ਇਸ ਪ੍ਰਕਾਰ ਮੇਰੇ ਮਨ ਆਇ'।
ਸੁਨਤਿ ਵਜ਼ੀਰਖਾਨ ਕਹਿ 'ਆਛੀ, ਮਨਸਬ ਦੇ ਕਰਿ ਦੇਹੁ ਪਠਾਇ' ॥ ੩੧ ॥

ਉਸੇ ਸਮੇਂ ਸਤਿਗੁਰੂ ਜੀ ਨੇ ਬਾਦਸ਼ਾਹ ਦਾ ਮਨ ਫੇਰ ਦਿੱਤਾ, ਬਾਦਸ਼ਾਹ ਹਸਨ ਖਾਨ ਨੂੰ ਵੇਖ ਕੇ ਕਹਿਣ ਲੱਗਾ, "ਇਸ ਨੇ ਬਹੁਤ ਚੰਗੀ ਗੱਲ ਸੁਣਾਈ ਹੈ ਤੇ ਬਹੁਤ ਅਕਲਮੰਦ ਦਿਖਾਈ ਦਿੰਦਾ ਹੈ, ਇਸ ਨੂੰ ਸਿਰੋਪਾ ਦੇ ਕੇ ਭੇਜੋ, ਇਸ ਤਰ੍ਹਾਂ ਮੇਰੇ ਮਨ ਵਿਚ ਆਇਆ ਹੈ।" ਇਹ ਸੁਣ ਕੇ ਵਜ਼ੀਰ ਖਾਨ ਨੇ ਕਿਹਾ, "ਚੰਗੀ ਗੱਲ ਹੈ, ਅਹੁਦਾ ਦੇ ਕੇ ਭੇਜ ਦੇਵੋ" ॥ ੩੧ ॥

ਦੋਹਰਾ-ਸੁਨਤਿ ਸਲਾਬਤਖਾਨ ਤਬਿ ਉਚਿਤ ਕਰੀ ਤਤਕਾਲ।
ਕਾਬਲ ਕੋ ਸੂਬਾ ਭਯੋ ਲੇ ਦਲ ਗਯੋ ਬਿਸਾਲ॥ ੩੨ ॥

ਇਹ ਸੁਣ ਕੇ ਸਲਾਬਤ ਖਾਨ ਨੇ ਤੁਰਤ ਉਚਿਤ ਕਾਰਵਾਈ ਕੀਤੀ। ਹਸਨ ਖਾਂ ਕਾਬਲ ਦਾ ਸੂਬੇਦਾਰ ਬਣ ਗਿਆ ਤੇ ਵਿਸ਼ਾਲ ਦਲ ਲੈ ਕੇ ਚਲਾ ਗਿਆ॥ ੩੨ ॥

ਸ੍ਰੀ ਸਤਿਗੁਰ ਕੀ ਕ੍ਰਿਪਾ ਤੇ ਪਾਇ ਸਮਾਜ ਬਿਸਾਲ।
ਹਸਨਖਾਨ ਸੂਬਾ ਭਯੋ, ਸ਼ਰਨ ਪਰੇ ਸੁ ਨਿਹਾਲ॥ ੩੩ ॥

ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਵਿਸ਼ਾਲ ਸਾਜ਼ੋ-ਸਾਮਾਨ ਪਾਇਆ, ਹਸਨ ਖਾਂ ਸੂਬਾ ਬਣ ਗਿਆ। ਸਤਿਗੁਰੂ ਜੀ ਦੀ ਸ਼ਰਨ ਵਿਚ ਜਿਹੜਾ ਵੀ ਆਉਂਦਾ ਹੈ, ਉਹ ਨਿਹਾਲ ਹੋ ਜਾਂਦਾ ਹੈ॥ ੩੩ ॥

*ਸੱਤਵੀਂ ਰਾਸ ਦਾ ਪਚਵੰਞਵਾਂ ਅਧਿਆਇ ਸਮਾਪਤ ਹੋਇਆ॥ ੫੫ ॥*

## *ਅਧਿਆਇ ਛਪਵੰਞਵਾਂ*

### *ਨਿਸ਼ਾਣੇ ਵਾਲਾ ਕਾਲੂ ਨਾਥ*

ਦੋਹਰਾ-ਸ਼ਾਹੁ ਜਹਾਂ ਸੁਨਿ ਸੁਮਤਿ ਕੋ ਖਾਂ ਵਜ਼ੀਰ ਕੇ ਪਾਸ।
ਠਾਨਜੋ ਨਹੀਂ ਬਿਰੋਧ ਕੋ ਸ਼ਾਂਤੀ ਰਿਦੇ ਪ੍ਰਕਾਸ਼॥ ੧ ॥

ਸ਼ਾਹ ਜਹਾਂ ਨੇ ਵਜ਼ੀਰ ਖਾਂ ਪਾਸੋਂ ਸ੍ਰੇਸ਼ਟ ਸਲਾਹ ਸੁਣ ਵਿਰੋਧ ਛੱਡ ਦਿੱਤਾ ਤੇ ਹਿਰਦੇ ਵਿਚ ਸ਼ਾਂਤੀ ਦਾ ਪ੍ਰਕਾਸ਼ ਹੋਇਆ॥ ੧ ॥

ਸ੍ਰੈਯਾ ਛੰਦ-'ਜਿਸ ਹਿਤ ਲਸ਼ਕਰ ਪਠਜੋ ਮਰਾਯੋ, ਸੋ ਗੁਲਬਾਗ ਮਰਜੋ ਰਣ ਮਾਂਹਿ।
ਖਾਲੈਂ ਭਰੀ ਪੌਨ ਕੀ ਸਮ ਇਹੁ, ਮੋ ਢਿਗ ਹੋਤਿ ਤਊ ਮਰਿ ਜਾਹਿ।
ਖਰਚ ਬਿਸਾਲ ਲਾਭ ਲਘੁ ਜਿਹ ਥਲ ਸੋ ਕਾਰਜ ਬੁਧਿ ਕਰਿਤੇ ਨਾਂਹਿ।
ਕਜਾ ਕੁਛ ਬਾਤ ਬਾਜ਼ ਕੇ ਕਾਰਣ ਲਸ਼ਕਰ ਮਰਜੋ ਇਤੋ ਰਣ ਮਾਂਹਿ' ॥ ੨ ॥

''ਜਿਸ ਵਾਸਤੇ ਲਸ਼ਕਰ ਭੇਜ ਕੇ ਮਰਵਾਇਆ ਹੈ, ਉਹ ਗੁਲਬਾਗ ਨਾਮੀਂ ਘੋੜਾ ਜੰਗ ਵਿਚ ਮਰ ਗਿਆ ਹੈ। ਇਹ ਹਵਾ ਨਾਲ ਭਰੀਆਂ ਖਲਾਂ ਵਾਂਗ ਹਨ, ਮੇਰੇ ਪਾਸ ਹੁੰਦਾ ਫਿਰ ਵੀ ਮਰ ਜਾਂਦਾ। ਖਰਚ ਵੱਡਾ ਹੋਇਆ ਹੈ ਤੇ ਲਾਭ ਬਹੁਤ ਘੱਟ, ਬੁੱਧੀਮਾਨ ਉਹ ਕਾਰਜ ਨਹੀਂ ਕਰਦੇ ਹਨ। ਇਹ ਕਿਹੜੀ ਗੱਲ ਹੈ ਇਕ ਬਾਜ਼ ਦੇ ਕਾਰਨ ਏਨਾ ਲਸ਼ਕਰ ਰਣਖੇਤਰ ਵਿਚ ਮਰਿਆ ਹੈ'' ॥ ੨ ॥

ਇੱਤਜਾਦਿਕ ਬਹੁ ਰਿਦੇ ਬਿਚਾਰੀ ਬੈਰ ਬਿਸਾਰਜੋ ਸ੍ਰੀ ਗੁਰ ਸੰਗ।
ਇਤਿ ਸ੍ਰੀ ਹਰਿਗੋਵਿੰਦ ਤਿਸ ਸਰ ਪਰ ਡੇਰਾ ਰਖਜੋ ਜੀਤਿ ਕੈ ਜੰਗ।
ਤਹਾਂ ਦਮਦਮਾ ਕਰਿ ਕੈ ਸੁੰਦਰ, ਬੈਠਤਿ ਸਭਾ ਲਗਾਇ ਉਤੰਗ।
ਜੰਗਲ ਦੇਸ਼ ਸੰਗਤੀ ਆਵੈ ਦਰਸ਼ਨ ਕਰਹਿਂ ਅਨੰਦਤਿ ਅੰਗ॥ ੩ ॥

ਇੱਤਆਦਿ ਹਿਰਦੇ ਵਿਚ ਬਹੁਤ ਵਿਚਾਰ ਕੀਤੀ ਤੇ ਸ੍ਰੀ ਸਤਿਗੁਰੂ ਜੀ ਨਾਲ ਵੈਰ ਨੂੰ ਵਿਸਾਰ ਦਿੱਤਾ। ਏਧਰ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਜੰਗ ਜਿੱਤ ਕੇ ਓਸੇ ਸਰੋਵਰ ਤੇ ਆਪਣਾ ਡੇਰਾ ਲਾਈ ਰਖਿਆ। ਓਥੇ ਸੁੰਦਰ ਦਮਦਮਾ ਬਣਾ ਕੇ ਉਸ ਉਤੇ ਬੈਠ ਕੇ ਸਭਾ ਲਾਉਂਦੇ ਸਨ। ਮਾਲਵੇ ਦੇਸ਼ ਦੀ ਸੰਗਤ ਆਉਂਦੀ ਸੀ ਤੇ ਦਰਸ਼ਨ ਕਰਕੇ ਅਨੰਦ ਪਾਉਂਦੀ ਸੀ॥ ੩ ॥

ਜਥਾ ਸ਼ਕਤਿ ਲੇ ਅਨਿਕ ਪ੍ਰਕਾਰਨਿ ਆਇ ਆਇ ਗੁਰ ਕੋ ਦਰਸੰਤਿ।
ਸੁਨਿ ਕਰਿ, ਪਿਖਿ ਥਲ, ਮਰੇ ਤੁਰੰਗ ਨਰ, ਸਭਿ ਕੇ ਉਰ ਹ੍ਵੈਂ ਅਚਰਜਵੰਤਿ।
ਕਹਹਿਂ ਪਰਸਪਰ, ਸੁਨਿ ਸੁਨਿ ਜਿਤ ਕਿਤ, ਗੁਰ ਜਸੁ ਉੱਜਲ ਕੋ ਉਚਰੰਤਿ।
'ਕਹਹੁ ਆਜ ਹੈ ਕੌਨ ਧਰਾ ਤਲ ਸ਼ਾਹੁ ਸੰਗ ਜੋ ਲਰਨ ਚਹੰਤਿ॥ ੪ ॥

ਸ਼ਰਧਾਲੂ ਸਿੱਖ ਆਪਣੀ ਵਿੱਤ ਅਨੁਸਾਰ ਕਈ ਪ੍ਰਕਾਰ ਦੇ ਉਪਹਾਰ ਲਿਆ ਕੇ ਗੁਰੂ ਜੀ ਨੂੰ ਅਰਪਣ ਕਰਕੇ ਦਰਸ਼ਨ ਕਰਦੇ ਸਨ। ਸੁਣ ਕੇ ਤੇ ਸਥਾਨ ਵੇਖ ਕੇ ਘੋੜੇ ਅਤੇ ਮਨੁੱਖ ਮਰੇ ਜਾਣ ਕੇ ਹਿਰਦੇ ਵਿਚ ਬਹੁਤ ਹੈਰਾਨ ਹੁੰਦੇ ਸਨ। ਜਿਥੇ ਕਿਥੇ ਸੁਣ-ਸੁਣ ਕੇ ਗੁਰੂ ਜੀ ਦਾ ਉੱਜਲ ਜੱਸ ਉਚਾਰਨ ਕਰਦੇ ਸਨ ਤੇ ਆਪਸ ਵਿਚ ਕਹਿੰਦੇ ਸਨ, ''ਦੱਸੋ ਅੱਜ ਇਸ ਧਰਤੀ ਤੇ ਕੌਣ ਹੈ ਜਿਹੜਾ ਬਾਦਸ਼ਾਹ ਦੇ ਨਾਲ ਲੜਨਾ ਚਾਹੁੰਦਾ ਹੋਵੇ॥ ੪ ॥

ਬਿਨਾ ਦੁਰਗ ਗਿਰ ਅਰਹਿ ਅਗਾਰੀ ਰਣ ਕਰਿ ਦੇਹਿ ਸ਼ਾਹੁ ਕੋ ਹਾਰ।
ਸਕਲ ਦੇਸ਼ਪਤਿ ਲਾਖਹੁਂ ਲਸ਼ਕਰ, ਬਿਨ ਗੁਰ ਕਰੈ ਕੌਨ ਅਸ ਕਾਰ।
ਅਧਿਕ ਤੁਰਕ ਸੰਗ੍ਰਾਮ ਖਪਾਏ ਜਹਾਂ ਕਹਾਂ ਤੁਰਕਨੀ ਪੁਕਾਰ।
ਕੇਸ ਉਖਾਰਤਿ ਪੀਟਤਿ ਹੈਂ ਸਿਰ ਰੋਦਤਿ ਬਹੁ ਅੱਸ੍ਰੂਨਿ ਕੋ ਡਾਰਿ॥ ੫ ॥

ਕਿਲ੍ਹੇ ਅਤੇ ਪਹਾੜੀ ਇਲਾਕੇ ਤੋਂ ਬਗੈਰ ਬਾਦਸ਼ਾਹ ਨਾਲ ਲੜ ਕੇ ਉਸ ਨੂੰ ਹਾਰ ਦਿੱਤੀ ਹੈ। ਸਾਰੇ ਦੇਸ਼ਾਂ ਦੇ ਮਾਲਕ ਪਾਸ ਲੱਖਾਂ ਦੀ ਗਿਣਤੀ ਵਿਚ ਲਸ਼ਕਰ ਹੈ, ਗੁਰੂ ਤੋਂ ਬਗੈਰ ਐਸਾ ਕਾਰਜ ਕੌਣ ਕਰ ਸਕਦਾ ਹੈ। ਲੜਾਈ ਵਿਚ ਬਹੁਤ ਤੁਰਕਾਂ ਦਾ ਨਾਸ਼ ਕੀਤਾ ਹੈ। ਜਿਥੇ ਕਿਥੇ ਤੁਰਕਣੀਆਂ ਚੀਖ ਪੁਕਾਰ ਕਰ ਰਹੀਆਂ ਹਨ। ਵਾਲ ਪੁੱਟ ਰਹੀਆਂ ਹਨ, ਸਿਰ ਪਿੱਟ ਰਹੀਆਂ ਤੇ ਬਹੁਤ ਹੰਝੂ ਵਹਾ ਕੇ ਰੋਂਦੀਆਂ ਹਨ॥ ੫ ॥

ਦੇਸ਼ ਬਿਦੇਸ਼ਨਿ ਮਹਿਂ ਗੁਰੂ ਕੀਰਤਿ ਬਿਸਤੀਰਤਿ ਜਨੁ ਚੰਦ ਅਕਾਸ਼।
ਜਾਨੀ ਪਰੈ ਲਰੈ ਨਿਤ ਸ਼ਾਹੁ ਜਿ ਤੁਰਕਾਨਾ ਸਭਿ ਹੋਇ ਬਿਨਾਸ਼।
ਕਰਤਾ ਪੁਰਖ ਗੁਰੂ ਹਰਿਗੋਵਿੰਦ ਸਕਲ ਕਲਾ ਸਮਰਥ ਗੁਣ ਰਾਸ।
ਦਾਸਨਿ ਕੋ ਬਖਸ਼ਹਿਂ ਐਸ਼੍ਵਰਜੰ, ਅਰਹਿ ਸੁ ਝਰਹਿ ਮਰਹਿ ਦੁਖ ਗ੍ਰਾਸ' ॥ ੬॥

ਦੇਸ਼ਾਂ ਵਿਦੇਸ਼ਾਂ ਵਿਚ ਗੁਰੂ ਜੀ ਦੀ ਕੀਰਤੀ ਅਕਾਸ਼ ਵਿਚ ਚੰਦ ਵਾਂਗ ਫੈਲੀ ਹੈ। ਇਸ ਤਰ੍ਹਾਂ ਅਨੁਭਵ ਹੁੰਦਾ ਹੈ, ਜੇ ਬਾਦਸ਼ਾਹ ਨਿਤ ਲੜਦਾ ਰਿਹਾ ਤਾਂ ਸਾਰੇ ਤੁਰਕਾਂ ਦਾ ਵਿਨਾਸ਼ ਹੋ ਜਾਵੇਗਾ। ਕਰਤਾ ਪੁਰਖ ਗੁਰੂ ਹਰਿਗੋਬਿੰਦ ਜੀ ਸਰਬ ਕਲਾ ਸਮਰੱਥ ਤੇ ਗੁਣਾਂ ਦੀ ਰਾਸ ਹਨ। ਆਪਣੇ ਸੇਵਕਾਂ ਨੂੰ ਧਨ ਸੰਪਤੀ ਬਖਸ਼ਦੇ ਹਨ, ਜਿਹੜਾ ਅੜਦਾ ਹੈ, ਉਹ ਝੜਦਾ ਹੈ ਤੇ ਵੱਡਾ ਦੁਖ ਪਾ ਕੇ ਮਰਦਾ ਹੈ॥ ੬॥

ਹਯ ਦਿਲਬਾਗ ਰਹਜੋ ਇਕ ਗੁਰ ਢਿਗ ਨਾਮ 'ਜਾਨਭਾਈ' ਧਰਿ ਦੀਨ।
ਬਿਯ ਗੁਲਬਾਗ 'ਸੁਹੇਲਾ' ਕਹਿਂ ਜਿਸੁ ਸੋ ਰਣ ਬਿਖੈ ਪ੍ਰਾਨ ਤੇ ਹੀਨ।
ਪਰਜੋ ਬ੍ਰਿਹ ਬਹੁਰੋ ਦੁਖ ਪ੍ਰਾਪਤਿ ਗੁਰ ਅੰਤਰਜਾਮੀ ਸਭਿ ਚੀਨ।
ਆਇ ਨਿਕਟਿ ਉਪਦੇਸ਼ ਬਖਾਨਜੋ 'ਨੱਸ੍ਵਰ ਤਨ, ਸਨੇਹ ਕਤਾ ਕੀਨ॥ ੭॥

ਗੁਰੂ ਜੀ ਪਾਸ ਇਕ ਦਿਲਬਾਗ ਨਾਂ ਦਾ ਘੋੜਾ ਰਹਿ ਗਿਆ ਹੈ ਜਿਸ ਦਾ ਨਾਂ ਉਨ੍ਹਾਂ ਨੇ 'ਜਾਨ ਭਾਈ' ਧਰ ਦਿੱਤਾ ਹੈ। ਉਹ ਗੁਲਬਾਗ ਨੂੰ ਸੁਹੇਲਾ ਕਹਿੰਦੇ ਸਨ ਜਿਹੜਾ ਜੰਗ ਵਿਚ ਮਾਰਿਆ ਗਿਆ ਸੀ। ਦਿਲਬਾਗ ਦੇ ਇਕੱਲਾ ਰਹਿਣ ਨਾਲ ਉਸ ਨੇ ਬ੍ਰਿਹਾ ਦਾ ਬੜਾ ਦੁਖ ਪ੍ਰਾਪਤ ਕੀਤਾ, ਜਿਸ ਨੂੰ ਅੰਤਰਜਾਮੀ ਗੁਰੂ ਜੀ ਸਮਝ ਗਏ। ਘੋੜੇ ਦੇ ਪਾਸ ਆ ਕੇ ਉਨ੍ਹਾਂ ਉਪਦੇਸ਼ ਕੀਤਾ, "ਇਹ ਸਰੀਰ ਨਾਸ਼ਵਾਨ ਹੈ, ਕੈਸਾ ਪ੍ਰੇਮ ਕਰ ਰਿਹਾ ਹੈਂ॥੭॥

ਨਿਸ਼ਚੈ ਬਿਛੁਰਨਿ ਹੈ ਇਸ ਕੇਰਾ, ਬਿਨ ਸੰਸੈ ਮਨ ਲੇਹੁ ਪਛਾਨ।
ਜਿਸ ਕੋ ਰੂਪ ਰੰਗ ਕੁਛ ਨਾਂਹੀ 'ਚੇਤਨ ਸੱਤਾ' ਸੱਤ ਸੁ ਜਾਨਿ।
ਮਨੁਖ ਨ ਪਸੂ, ਨ ਪੰਛੀ ਪੰਨਗ, ਕੋ ਅਕਾਰ ਸੋ ਨਹੀਂ ਮਹਾਨ।
ਸੋ ਸਰੂਪ ਤੂੰ ਅਪਨੋ ਲਖਿ ਕੈ ਬ੍ਰਿਹ ਸੰਕਟ ਕੋ ਕਰੀਅਹਿ ਹਾਨ' ॥ ੮॥

ਇਕ ਵਾਰ ਵਿਛੜਨਾ ਨਿਸ਼ਚਿਤ ਹੈ, ਕਿਸੇ ਸ਼ੰਕੇ ਤੋਂ ਬਗੈਰ ਮਨ ਵਿਚ ਪਛਾਣ ਲਵੋ। ਜਿਸ ਦਾ ਰੂਪ ਰੰਗ ਕੁਝ ਨਹੀਂ 'ਚੇਤਨ ਸੱਤਾ' ਨੂੰ ਸੱਚ ਜਾਣੋ। ਉਹ ਨਾ ਮਨੁੱਖ, ਨਾ ਪਸ਼ੂ, ਨਾ ਪੰਛੀ ਨਾ ਸੱਪ ਹੈ, ਮਹਾਨ 'ਚੇਤਨ ਸੱਤਾ' ਦਾ ਕੋਈ ਆਕਾਰ ਨਹੀਂ, ਇਸ ਕਰਕੇ ਆਪਣਾ ਸਰੂਪ ਵੇਖ ਕੇ ਬ੍ਰਿਹਾ ਸੰਕਟ ਨੂੰ ਦੂਰ ਕਰੋ"॥ ੮॥

ਇਮ ਕਹਿ ਸਤਿਗੁਰ ਨੇ ਕਰ ਫੇਰਾ ਮੁਖ ਲੋਚਨ ਸਿਰ ਗ੍ਰੀਵਾ ਪੀਠ।
ਤਤਖਿਨ ਆਤਮਗਜਾਨ ਭਯੋ ਹਯ, ਹੇਰਜੋ ਜਬਹਿ ਕ੍ਰਿਪਾ ਕੀ ਡੀਠ।
ਸੁਖ ਤੇ ਤ੍ਰਿਣ ਦਾਨਾ ਅਰੁ ਪਾਨੀ ਖਾਨ ਪਾਨ ਕਰਿ ਬਿਸਰਜੋ ਈਠ।
ਤਿਸ ਪਰ ਹੋਇ ਅਰੂਢਨਿ ਗਮਨਹਿਂ ਜਨੁ ਮਨ ਕੋ ਹੁਇ ਚਲਹਿ ਬਸੀਠ॥ ੯॥

ਗੁਰੂ ਜੀ ਨੇ ਇਸ ਤਰ੍ਹਾਂ ਕਹਿ ਕੇ, ਮੂੰਹ, ਅੱਖਾਂ, ਸਿਰ, ਧੌਣ ਤੇ ਪਿੱਠ ਤੇ ਹੱਥ ਫੇਰਿਆ, ਤੁਰਤ ਘੋੜੇ ਨੂੰ ਆਤਮ ਗਿਆਨ ਹੋ ਗਿਆ, ਜਦ ਗੁਰੂ ਜੀ ਨੇ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖਿਆ। ਸੁਖ ਨਾਲ ਦਾਣਾ ਪਾਣੀ ਖਾਂਦਾ ਪੀਂਦਾ ਸੀ ਤੇ ਸਾਥੀ ਦੀ ਯਾਦ ਵਿਸਰ ਗਈ। ਉਸ ਉਤੇ ਸਵਾਰ ਹੋ ਕੇ ਜਾਂਦੇ ਸਨ, ਘੋੜਾ ਮਾਨੋਂ ਮਨ ਨਾਲ ਤੋਰਿਆ ਹੋਇਆ ਚਲਦਾ ਹੈ॥ ੯॥

ਸਭਾ ਬਿਖੈ ਥਿਤ ਸ੍ਰੀ ਹਰਿਗੋਵਿੰਦ ਕਹਯੋ 'ਮੋਹਿ ਰਣਥੰਭਾ ਥਾਨ।
ਨਾਮ 'ਗੁਰੂ ਸਰ' ਤੀਰਥ ਪਾਵਨ ਕਲਮਲ ਗਨ ਨਾਸ਼ਨਿ ਇਸ਼ਨਾਨ।
ਧਰਿ ਸ਼ਰਧਾ ਨਰ ਪਰਸਹਿ ਆਇ ਜੁ ਪੂਰਵਹਿ ਮਨਹੁ ਕਾਮਨਾ ਠਾਨਿ।
ਗੁਰਸਿਖੀ ਕੋ ਪ੍ਰਾਪਤਿ ਹੋਵਹਿ' ਗੁਰੂ ਮਹਾਤਮ ਕੀਨਿ ਬਖਾਨਿ॥ ੧੦॥

ਸਭਾ ਵਿਚ ਬੈਠ ਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਕਿਹਾ, "ਮੇਰਾ ਰਣ ਥੰਭੇ ਵਾਲੇ ਥਾਂ ਜਿਸ ਦਾ ਨਾਂ 'ਗੁਰੂ ਸਰ' ਹੈ ਇਕ ਪਵਿੱਤਰ ਸਥਾਨ ਹੈ, ਜਿਸ ਵਿਚ ਇਸ਼ਨਾਨ ਕਰਨ ਨਾਲ ਸਭ ਪਾਪਾਂ ਦਾ ਨਾਸ਼ ਹੁੰਦਾ ਹੈ। ਸ਼ਰਧਾ ਧਾਰ ਕੇ ਜਿਹੜਾ ਵੀ ਮਨੁੱਖ ਆ ਕੇ ਸੇਵਾ ਕਰੇ, ਉਸ ਦੀਆਂ ਸਭ ਮਨੋਂ ਕਾਮਨਾਵਾਂ ਪੂਰੀਆਂ ਹੋਣਗੀਆਂ ਤੇ ਉਹ ਗੁਰਸਿੱਖੀ ਨੂੰ ਪ੍ਰਾਪਤ ਕਰੇਗਾ।" ਇਸ ਤਰ੍ਹਾਂ ਗੁਰੂ ਜੀ ਨੇ ਉਸ ਤੀਰਥ ਦਾ ਮਹਾਤਮ ਦੱਸ ਦਿੱਤਾ॥ ੧੦॥

ਜੋਧ ਸਲੇਮ ਸ਼ਾਹੁ ਜੁਗ ਭ੍ਰਾਤਾ ਗੁਰ ਮਰਜ਼ੀ ਲਖਿ ਅਰਜ਼ੀ ਕੀਨਿ।
'ਮਹਾਰਾਜ ! ਅਬਿ ਕਾਂਗੜ ਪੁਰਿ ਕੋ ਗਮਨ ਕਰਹੁ ਨਿਜ ਬਿਲਮ ਬਿਹੀਨ।
ਇਸ ਥਲ ਕੋ ਆਗਵਨ ਜਿ ਕਾਰਜ ਕਰਿ ਕੈ ਜੰਗ ਫਤੇ ਬਡ ਲੀਨਿ।
ਅਸ਼ਟ ਦਿਵਸ ਅਬਿ ਬੀਤਿ ਗਏ ਥਿਤਿ, ਰਿਪੁਨਿ ਪ੍ਰਤੀਖਤਿ ਰਹੇ ਪ੍ਰਬੀਨ ॥੧੧॥

ਰਾਇ ਜੋਧ ਅਤੇ ਸਲੇਮ ਸ਼ਾਹ ਦੋਵਾਂ ਭਰਾਵਾਂ ਨੇ ਗੁਰੂ ਜੀ ਦੀ ਮਰਜ਼ੀ ਵੇਖ ਕੇ ਬੇਨਤੀ ਕੀਤੀ, "ਮਹਾਰਾਜ ! ਹੁਣ ਕਿਸੇ ਦੇਰ ਤੋਂ ਬਗੈਰ ਕਾਂਗੜ ਪੁਰ ਨੂੰ ਚਲੋ। ਜਿਸ ਕਾਰਜ ਕਰਕੇ ਇਸ ਥਾਂ ਆਏ ਸੀ ਉਹ ਜੰਗ ਤੁਸੀਂ ਫਤਹਿ ਕਰ ਲਈ ਹੈ। ਏਥੇ ਰਹਿੰਦਿਆਂ ਹੁਣ ਅੱਠ ਦਿਨ ਬੀਤ ਗਏ ਹਨ, ਦੁਸ਼ਮਣਾਂ ਦੀ ਬੜੀ ਪ੍ਰਤੀਖਿਆ ਕਰਦੇ ਰਹੇ॥ ੧੧॥

ਸ਼ਾਹੁ ਜਹਾਂ ਮਹਿਮਾ ਤੁਮ ਲਖਿ ਕਰਿ ਹਟਕ ਰਹਯੋ ਹੁਇ, ਜਾਨੀ ਜਾਇ।
ਬੈਰ ਬਿਸਾਰਿ ਸ਼ਾਂਤਿ ਮਨ ਕੀਨਸਿ ਯਾਂਤੇ ਲਸ਼ਕਰ ਨਹਿਂ ਚਢਿ ਆਇ।
ਨਾਂਹਿ ਤ ਅਬਿ ਲੌ ਕਈ ਹਜ਼ਾਰਹੁਂ ਭਿਰੇ ਹੁਤੇ ਜੋਧਾ ਸਮੁਦਾਇ।
ਸੈਨਾ ਮਰਤਿ ਹੋਤਿ ਸੰਗਰਾਮੂ ਤੁਮ ਪ੍ਰਤਾਪ ਤੇ ਦੇਤਿ ਖਪਾਇ' ॥ ੧੨॥

ਸ਼ਾਹ ਜਹਾਂ ਤੁਹਾਡੀ ਮਹਿਮਾ ਵੇਖ ਕੇ ਰੁਕਿਆ ਰਿਹਾ ਹੈ, ਇਹ ਗੱਲ ਸਮਝ ਆਉਂਦੀ ਹੈ, ਵੈਰ ਵਿਸਾਰ ਕੇ ਮਨ ਸ਼ਾਂਤ ਕੀਤਾ ਹੈ, ਇਸ ਕਰਕੇ ਲਸ਼ਕਰ ਚੜ੍ਹ ਕੇ ਨਹੀਂ ਆਇਆ ਹੈ। ਨਹੀਂ ਤਾਂ ਹੁਣ ਤਕ ਕਈ ਹਜ਼ਾਰ ਜੋਧਿਆਂ ਦਾ ਇਕੱਠੇ ਹੋ ਕੇ ਭੇੜ ਹੁੰਦਾ। ਯੁੱਧ ਵਿਚ ਉਸ ਦੀ ਸਾਰੀ ਸੈਨਾ ਮਰ ਗਈ ਹੁੰਦੀ ਤੇ ਤੁਸੀਂ ਆਪਣੇ ਪ੍ਰਤਾਪ ਨਾਲ ਸਾਰੀ ਖਪਾ ਦਿੱਤੀ ਹੁੰਦੀ' ॥ ੧੨॥

ਜੁਗ ਭ੍ਰਾਤਨਿ ਕੀ ਸ਼ਰਧਾ ਲਖਿ ਕਰਿ ਭਏ ਪ੍ਰਸੰਨ ਬਿਲੰਦ ਕ੍ਰਿਪਾਲ।
'ਚਲੈਂ ਤੁਮਾਰੇ ਪੁਰਿ ਇਕ ਬਾਰਹਿਂ, ਰਹਹਿਂ ਕਿਤਿਕ ਦਿਨ ਮਿਲਿਨਿ ਬਿਸਾਲ'।
ਇਮ ਕਹਿ ਗਮਨ ਕੀਨਿ ਤਿਨ ਕੇਰਾ, ਬਸੇ ਤਹਾਂ ਸੋ ਜਾਮਨਿ ਟਾਲਿ।
ਪ੍ਰਾਤਿ ਭਏ ਤੇ ਦੂੰਦਭਿ ਬਾਜਯੋ ਪਰੇ ਹਯਨਿ ਪਰ ਜ਼ੀਨ ਉਤਾਲ॥ ੧੩॥

ਦੋਵਾਂ ਭਰਾਵਾਂ ਦੀ ਸ਼ਰਧਾ ਵੇਖ ਕੇ, ਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਕਿਹਾ, "ਤੁਹਾਡੇ ਨਗਰ ਵਿਚ ਇਕ ਵਾਰ ਚਲਦੇ ਹਾਂ, ਕਈ ਦਿਨ ਰਹਿ ਕੇ ਮੇਲ ਮਿਲਾਪ ਕਰਾਂਗੇ।" ਇਸ ਤਰ੍ਹਾਂ ਕਹਿ ਕੇ ਉਨ੍ਹਾਂ ਨੂੰ ਤੋਰ ਦਿੱਤਾ ਤੇ ਆਪ ਓਥੇ ਰਹਿ ਕੇ ਰਾਤ ਗੁਜ਼ਾਰੀ। ਸਵੇਰ ਹੋਈ ਤਾਂ ਨਗਾਰੇ ਵੱਜੇ ਤੇ ਛੇਤੀ-ਛੇਤੀ ਘੋੜਿਆਂ ਤੇ ਕਾਠੀਆਂ ਪਾਈਆਂ॥ ੧੩॥

ਤੁਰੰਗ 'ਜਾਨ ਭਾਈ' ਪਰ ਸੁੰਦਰ ਸੁਵਰਨ ਜਟਤਿ ਜ਼ੀਨ ਤਬਿ ਪਾਇ।
ਸਭਿ ਭੂਖਨ ਪਹਿਰਾਵਨ ਕੀਨੇ ਕਰਯੋ ਸ਼ਿੰਗਾਰਨ ਰੁਚਿਰ ਬਨਾਇ।

ਸ੍ਰੀ ਹਰਿਗੋਵਿੰਦ ਬਸਤ੍ਰ ਸ਼ਸਤ੍ਰ ਸੁਭ ਸਜਤਿ ਬਿਭੂਖਨ ਤਨ ਸਮੁਦਾਇ।
ਭਏ ਅਰੂਢਨ, ਗਮਨ ਕੀਨਿ ਤਬਿ ਚਢੀ ਬਾਹਨੀ ਦੁੰਦਭਿ ਵਾਇ॥ ੧੪ ॥

'ਜਾਨ ਭਾਈ' ਘੋੜੇ ਉੱਤੇ ਸੁੰਦਰ ਸੋਨੇ ਜੜੀ ਕਾਠੀ ਪਾਈ ਗਈ। ਸਭ ਗਹਿਣੇ ਪਾਏ ਤੇ ਸ਼ਿੰਗਾਰ ਕੇ ਸੁੰਦਰ ਬਣਾ ਦਿੱਤਾ, ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਸ਼ੁਭ ਬਸਤਰ ਸ਼ਸਤਰ ਪਹਿਣ ਲਏ ਤੇ ਸਰੀਰ ਉੱਤੇ ਗਹਿਣੇ ਪਾ ਲਏ। ਘੋੜੇ ਉੱਤੇ ਚੜ੍ਹ ਗਏ ਤੇ ਚਲ ਪਏ ਤੇ ਸਾਰੀ ਸੈਨਾ ਨਗਾਰੇ ਵਜਾਉਂਦੀ ਚਲ ਪਈ॥ ੧੪ ॥

ਗ੍ਰਾਮ ਨਿਥਾਣਾ ਹੁਤੋ ਨਿਕਟਿ ਹੀ ਤਿਸ ਮਹਿਂ ਕਾਲੂ ਨਾਥ ਰਹੰਤਿ।
ਇਕ ਨਰ ਪਠਜੋ ਕਹਜੋ ਸ੍ਰੀ ਸਤਿਗੁਰ 'ਤਿਸ ਕੋ ਪਰਖਹੁ ਜਾਇ ਇਕੰਤ।
ਹਮਰੀ ਸੁਧ ਦਿਹੁ ਵਹਿਰ ਸਿਵਰ ਹੁਇ, ਮਿਲਹਿ ਆਨਿ ਇਹ ਲਖਹੁ ਮਤੰਤ'।
ਸੁਨਿ ਗਮਨਜੋ ਗੁਰ ਤੇ ਸੋ ਪੂਰਬ ਰਿਦੈ ਮਨੋਰਥ ਕੋ ਚਿਤਵੰਤਿ॥ ੧੫ ॥

ਉਸ ਸਥਾਨ ਤੋਂ ਪਿੰਡ ਨਿਥਾਣਾ ਨੇੜੇ ਹੀ ਸੀ, ਜਿਸ ਵਿਚ ਕਾਲੂ ਨਾਥ ਨਾਮੀ ਇਕ ਵਿਅਕਤੀ ਰਹਿੰਦਾ ਸੀ। ਸਤਿਗੁਰੂ ਜੀ ਨੇ ਇਕ ਮਨੁੱਖ ਨੂੰ ਭੇਜ ਕੇ ਕਿਹਾ, "ਇਕਾਂਤ ਵਿਚ ਜਾ ਕੇ ਉਸ ਦੀ ਪਰਖ ਕਰੋ, ਸਾਡੀ ਖਬਰ ਦੇਵੋ ਕਿ ਬਾਹਰ ਡੇਰਾ ਲਾ ਰਹੇ ਹਨ, ਆ ਕੇ ਮਿਲੇ, ਇਹ ਮਤ ਦਾ ਸਿਧਾਂਤ ਸਮਝੋ।" ਇਹ ਸੁਣ ਕੇ ਇਕ ਮਨੁੱਖ ਗਿਆ ਤੇ ਉਹ ਪਹਿਲਾਂ ਆਪਣੇ ਹਿਰਦੇ ਦੇ ਮਨੋਰਥ ਨੂੰ ਚਿਤਵਦਾ ਗਿਆ॥ ੧੫ ॥

'ਧੇਨੁ ਗੌਰ ਦੂਧ ਕੋ ਦੁਹਿ ਕਰਿ ਮੋਹਿ ਕਰਾਵਹਿ ਪਾਨਿ ਜਿ ਲਯਾਇ।
ਤੌ ਅਜ਼ਮਤ ਜੁਤਿ ਨਾਥ ਪਛਾਨੋਂ' ਪਹੁੰਚਜੋ ਨਿਕਟਿ ਚਿਤਵ ਇਸ ਭਾਇ।
ਮਿਲਜੋ ਜਾਇ, ਕਰਿ ਬੰਦਨ ਬੈਠਜੋ, ਤਬਿ ਕਾਲੂ ਉਰ ਮਹਿਂ ਲਖਿ ਪਾਇ।
ਕਰਿ ਸਨਮਾਨ ਬੂਝਿ ਗੁਰ ਗਾਥਾ ਜਥਾ ਤੁਰਕ ਘਮਸਾਨ ਮਚਾਇ॥ ੧੬ ॥

"ਗੋਰੀ ਗਾਂ ਦਾ ਦੁੱਧ ਚੋ ਕੇ ਜੇ ਮੈਨੂੰ ਲਿਆ ਕੇ ਪਿਆਵੇ ਤਾਂ ਮੈਂ ਕਰਾਮਾਤ ਸਹਿਤ ਉਸ ਨਾਥ ਨੂੰ ਪਛਾਣਾਂਗਾ।" ਇਸ ਤਰ੍ਹਾਂ ਸੋਚਦਾ ਉਸ ਦੇ ਪਾਸ ਪਹੁੰਚ ਗਿਆ। ਜਾ ਕੇ ਨਾਥ ਨੂੰ ਮਿਲਿਆ ਤੇ ਬੰਦਨਾ ਕਰਕੇ ਬੈਠ ਗਿਆ। ਤਦ ਕਾਲੂ ਨਾਥ ਹਿਰਦੇ ਵਿਚ ਸਮਝ ਗਿਆ, ਸਨਮਾਨ ਕਰਕੇ ਗੁਰੂ ਜੀ ਦੀ ਗਾਥਾ ਪੁੱਛੀ ਜਿਵੇਂ ਤੁਰਕਾਂ ਨੇ ਘਮਸਾਣ ਮਚਾਇਆ ਸੀ॥ ੧੬ ॥

ਪੁਨ ਉਠਿ ਗੌਰ ਬਰਨ ਕੀ ਸੁਰਭੀ ਤਿਹ ਦਿਖਾਇ ਕਰਿ ਦੋਹਿਨ ਕੀਨਿ।
ਤਪਤ ਠਾਨਿ ਤਬਿ ਪਾਨ ਕਰਨ ਕੋ ਸ੍ਰੀ ਸਤਿਗੁਰ ਕੇ ਨਰ ਕੋ ਦੀਨਿ।
ਤ੍ਰਿਪਤਿ ਹੋਇ ਕਰਿ ਜਾਨਜੋ ਮਨ ਮਹਿਂ ਕਾਲੂ ਕਰਾਮਾਤ ਮਹਿਂ ਪੀਨ।
ਸ੍ਰੀ ਹਰਿਗੋਬਿੰਦ ਕੋ ਆਗਵਨੁ ਕਰਜੋ ਸੁਨਾਵਨ ਸੁਮਤਿ ਪ੍ਰਬੀਨ॥ ੧੭ ॥

ਫਿਰ ਉੱਠ ਕੇ ਗੋਰੇ ਰੰਗ ਦੀ ਗਾਂ ਉਸ ਨੂੰ ਵਿਖਾ ਕੇ ਉਸ ਦਾ ਦੁੱਧ ਚੋਇਆ। ਫਿਰ ਦੁੱਧ ਨੂੰ ਗਰਮ ਕਰਕੇ ਸਤਿਗੁਰੂ ਜੀ ਦੇ ਭੇਜੇ ਮਨੁੱਖ ਨੂੰ ਪੀਣ ਵਾਸਤੇ ਦਿੱਤਾ। ਦੁੱਧ ਪੀ ਕੇ ਤ੍ਰਿਪਤ ਹੋ ਕੇ ਜਾਣਿਆ, ਕਾਲੂ ਨਾਥ ਕਰਾਮਾਤ ਵਿਚ ਪੂਰਨ ਹੈ, ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਆਉਣ ਤੇ ਉਸ ਨੇ ਸੁਣਾਇਆ ਕਿ ਕਾਲੂ ਨਾਥ ਸ੍ਰੇਸ਼ਟ ਬੁੱਧੀ ਵਾਲਾ ਹੈ॥ ੧੭ ॥

ਨਮੋ ਕੀਨਿ ਪੁਰਿ ਤੇ ਜਬਿ ਨਿਕਸਜੋ ਇਤਨੇ ਬਿਖੈ ਗੁਰੂ ਚਲਿ ਆਇ।
ਬਿੰਦ ਤੁਰੰਗਮ ਕੀ ਸਭਿ ਸੈਨਾ ਜੋਧ ਸਮੇਤ ਸੁਭਟ ਸਮੁਦਾਇ।
ਜੀਤੇ ਜੰਗ ਅਨੰਦ ਉਮੰਗਤਿ ਆਵਤਿ ਦੁੰਦਭਿ ਸ਼ਬਦ ਉਠਾਇ।
ਧੂਲ ਅਕਾਸ਼ ਚਢਤਿ ਤਿਤ ਦਿਸ਼ ਮਹਿਂ ਤਰਨਿ ਪ੍ਰਕਾਸ਼ ਢਾਂਪਤੋ ਜਾਇ॥੧੮॥

ਜਦ ਉਹ ਮਨੁੱਖ ਕਾਲੂ ਨਾਥ ਨੂੰ ਨਮਸਕਾਰ ਕਰਕੇ ਨਗਰ ਵਿਚੋਂ ਬਾਹਰ ਨਿਕਲਿਆ, ਏਨੇ ਵਿਚ ਗੁਰੂ ਜੀ ਵੀ ਓਥੇ ਆ ਗਏ। ਬਹੁਤ ਘੋੜੇ ਅਤੇ ਰਾਇ ਜੋਧ ਸਮੇਤ ਬਹੁਤ ਸੂਰਮੇ ਇਕੱਠੇ ਹੋਏ ਸਨ। ਜੰਗ ਜਿੱਤਣ ਕਰਕੇ ਬਹੁਤ ਅਨੰਦ ਪ੍ਰਸੰਨ ਸਨ ਤੇ ਨਗਾਰੇ ਵਜਾਉਂਦੇ ਆ ਰਹੇ ਸਨ। ਉਸ ਪਾਸੇ ਅਕਾਸ਼ ਵਿਚ ਧੂੜ ਚੜ੍ਹੀ ਹੋਈ ਸੀ ਜਿਹੜੀ ਸੂਰਜ ਦੇ ਪ੍ਰਕਾਸ਼ ਨੂੰ ਢਕਦੀ ਜਾਂਦੀ ਸੀ॥ ੧੮॥

ਸੁੰਦਰ ਥਲ ਬਿਲੋਕਿ ਜਲ ਕਲ ਕੌ ਕਰਜੋ ਨਿਵੇਸ ਗੁਰੂ ਜਗ ਰਾਇ।
ਉਤਰੀ ਜੁਤਿ ਬਿਸਤਾਰ ਬਾਹਿਨੀ, ਨਿਜ ਨਿਜ ਮਿਸਲ ਮਿਲੇ ਸਭਿ ਆਇ।
ਜ਼ੀਨ ਉਤਾਰਿ ਸ਼ਸਤ੍ਰ ਭਟ ਧਰਿ ਕਰਿ ਹੋਤਿ ਹਿਰੇਖਾ ਹਯਨਿ ਲਗਾਇ।
ਖਾਨ ਪਾਨ ਕੋ ਕਰੇ ਜਥਾ ਰੁਚਿ, ਬਿਸਰਾਮੇ ਜੋਧਾ ਸਮੁਦਾਇ॥ ੧੯॥

ਸੁੰਦਰ ਸਥਾਨ ਨੂੰ ਵੇਖ ਕੇ ਜਿਥੇ ਸੁੰਦਰ ਪੀਣ ਵਾਲਾ ਜਲ ਸੀ ਓਥੇ ਜਗਤ ਦੇ ਮਾਲਕ ਗੁਰੂ ਜੀ ਨੇ ਡੇਰਾ ਲਾ ਲਿਆ। ਉਨ੍ਹਾਂ ਦੇ ਸਹਿਤ ਸਾਰੀ ਸੈਨਾ ਜਿਹੜੀ ਖਿਲਰੀ ਹੋਈ ਸੀ ਆਪਣਾ ਆਪਣਾ ਜਥਾ ਲੈ ਕੇ ਸਭ ਮਿਲ ਪਏ। ਘੋੜਿਆਂ ਤੋਂ ਕਾਠੀਆਂ ਉਤਾਰ ਕੇ ਤੇ ਆਪਣੇ ਸ਼ਸਤਰ ਧਰਤੀ ਤੇ ਰਖ ਕੇ, ਘੋੜਿਆਂ ਨੂੰ ਬੰਨ੍ਹ ਕੇ ਬੜੇ ਪ੍ਰਸੰਨ ਹੋਏ। ਫਿਰ ਰੁਚੀ ਅਨੁਸਾਰ ਖਾ ਪੀ ਕੇ ਸਾਰਿਆਂ ਯੋਧਿਆਂ ਨੇ ਵਿਸ਼ਰਾਮ ਕੀਤਾ॥ ੧੯॥

ਸ੍ਰੀ ਹਰਿਗੋਵਿੰਦ ਅਸਨ ਅਚਵ ਕਰਿ ਠਾਨਿ ਦੁਪਹਿਰੇ ਮਹਿਂ ਬਿਸਰਾਮ।
ਸਵਾਜਾਮ ਦਿਨ ਰਹੇ ਉਠੇ ਜਬਿ ਭਏ ਸੁਚੇਤ ਗੁਰੂ ਅਭਿਰਾਮ।
ਸੁੰਦਰ ਫਰਸ਼ ਅਨੇਕ ਬਰਣ ਕੇ ਡਸੇ ਮਖਮਲੀ ਦੀਹ ਤਮਾਮ।
ਚਾਰ ਓਰ ਜਿਸ ਡੋਰ ਜ਼ਰੀ ਕੇ, ਮੁਕਤਾ ਜਟਤਿ ਜਹਾਂ ਛਬਿ ਧਾਮ॥ ੨੦॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਭੋਜਨ ਛਕ ਕੇ ਦੁਪਹਿਰ ਸਮੇਂ ਵਿਸ਼ਰਾਮ ਕੀਤਾ। ਜਦ ਸਵਾ ਪਹਿਰ ਦਿਨ ਰਹਿ ਗਿਆ ਤਾਂ ਉੱਠ ਪਏ ਤੇ ਗੁਰੂ ਜੀ ਚੰਗੀ ਤਰ੍ਹਾਂ ਸੁਚੇਤ ਹੋ ਗਏ। ਸੁੰਦਰ ਅਨੇਕ ਰੰਗਾਂ ਦੇ ਵਿਛਾਉਣੇ ਵਿਛ ਗਏ, ਸਾਰੇ ਮਖਮਲ ਦੇ ਬਣੇ ਹੋਏ ਸਨ। ਚਾਰੇ ਪਾਸੀਂ ਜ਼ਰੀ ਦੀਆਂ ਝਾਲਰਾਂ ਲੱਗੀਆਂ ਹੋਈਆਂ ਸਨ, ਜਿਨ੍ਹਾਂ ਨਾਲ ਮੋਤੀਆਂ ਦੀ ਹੋਈ ਜੜ੍ਹਤ ਦੀ ਸੁੰਦਰਤਾ ਦਾ ਘਰ ਸੀ॥ ੨੦॥

ਅਸ ਗਾਦੀ ਡਸਿ ਰੁਚਿਰ ਫਰਸ਼ ਪਰ ਉਪਾਧਾਨ ਦੀਰਘ ਧਰਿ ਦੀਨਿ।
ਲਰਕਤਿ ਦੁਹਿ ਦਿਸ਼ਿ ਮੁਕਤਾ ਗੁੱਛਨਿ ਬਹੁਤ ਮੋਲ ਤੇ ਰਚਜੋ ਨਵੀਨ।
ਬੈਠਿ ਬਿਰਾਜਤਿ ਭੇ ਸ੍ਰੀ ਸਤਿਗੁਰ ਚਮਰਦਾਰ ਤਬਿ ਚਾਮਰ ਕੀਨਿ।
ਗਾਵਨ ਲਗੇ ਰਬਾਬੀ ਰਾਗਨਿ ਸ੍ਰੀ ਗੁਰ ਸ਼ਬਦ ਸਾਂਤਿ ਰਸ ਭੀਨ॥ ੨੧॥

ਇਸ ਤਰ੍ਹਾਂ ਸੁੰਦਰ ਵਿਛਾਉਣੇ ਉਤੇ ਸੁੰਦਰ ਵੱਡੇ ਆਕਾਰ ਦਾ ਤਕੀਆ ਧਰ ਦਿੱਤਾ। ਜਿਸ ਦੇ ਦੋਵੀਂ ਪਾਸੀ ਮੋਤੀਆਂ ਦੇ ਗੁੱਛੇ ਲਮਕ ਰਹੇ ਸਨ ਜਿਹੜੇ ਬਹੁਤ ਮੁੱਲ ਦੇ ਕੇ ਨਵੇਂ ਬਣਾਏ ਗਏ ਸਨ। ਉਸ ਉਤੇ ਬੈਠ ਕੇ ਗੁਰੂ ਜੀ ਬਿਰਾਜ ਗਏ ਤੇ ਸੋਨੇ ਦੀ ਡੰਡੀ ਵਾਲਾ ਚੌਰ ਹੋਣ ਲੱਗ ਗਿਆ। ਰਬਾਬੀ ਰਾਗਾਂ ਵਿਚ ਗੁਰੂ ਜੀ ਦੇ ਸ਼ਬਦ ਗਾਉਣ ਲੱਗੇ, ਜਿਹੜੇ ਸ਼ਾਂਤ ਰਸ ਵਿਚ ਭਿੱਜੇ ਹੋਏ ਸਨ॥ ੨੧॥

ਸਿਖ ਜੋਧਾ ਗਨ ਜੋਧ ਸਹਿਤ ਮਿਲਿ ਦਰਸਹਿਂ ਨਮੋ ਕਰਹਿਂ ਸਮੁਦਾਇ।
ਜਥਾ ਉਚਿਤ ਕਰਿ ਸਭਾ ਸੁ ਬੈਠੇ ਸ੍ਰੀ ਹਰਿਗੋਵਿੰਦ ਬੀਚ ਸੁਹਾਇਂ।
ਮਨਹੁ ਸੁਰਨਿ ਮਹਿਂ ਸੁਰਪਤਿ ਦੁਤਿਮਤ ਕਿਧੌਂ ਬਿਸ਼ਨੁ ਅਵਨੀ ਪਰ ਆਇ।
ਸੰਗਤਿ ਸਕਲ ਗ੍ਰਾਮ ਕੀ ਆਇਵ ਅਨਿਕ ਅਕੋਰਨ ਕੋ ਅਰਪਾਇ॥ ੨੨॥

ਸਿੱਖ ਯੋਧਿਆਂ ਦਾ ਸਮੂਹ ਰਾਇ ਜੋਧ ਸਹਿਤ ਮਿਲ ਕੇ ਨਮਸਕਾਰ ਕਰਕੇ ਦਰਸ਼ਨ ਕਰ ਰਿਹਾ ਸੀ, ਯਥਾ ਉਚਿਤ ਕਰਕੇ ਸਾਰੇ ਬੈਠੇ ਸਨ ਤੇ ਸ੍ਰੀ ਗੁਰੂ ਹਰਿਗੋਬਿੰਦ ਜੀ ਵਿਚ ਸ਼ੋਭ ਰਹੇ ਸਨ ਮਾਨੋਂ ਦੇਵਤਿਆਂ ਵਿਚ ਇੰਦਰ ਬੈਠੇ ਸਨ ਜਾਂ ਵਿਸ਼ਨੂੰ ਹੀ ਧਰਤੀ ਉੱਤੇ ਆ ਗਿਆ ਸੀ। ਸਾਰੇ ਨਗਰ ਦੀ ਸੰਗਤ ਆਈ ਤੇ ਅਨੇਕ ਪ੍ਰਕਾਰ ਦੇ ਉਨ੍ਹਾਂ ਉਪਹਾਰ ਅਰਪਣ ਕੀਤੇ॥ ੨੨ ॥

'ਜੰਗ ਜੀਤ ਕਰਿ ਸਤਿਗੁਰ ਆਏ' ਕਹਹਿਂ ਪਰਸਪਰ ਗਨ ਨਰ ਨਾਰਿ।
ਚੌਂਪ ਕਰਤਿ ਚਿਤ ਦਰਸ਼ਨ ਦਰਸਹਿਂ 'ਧੰਨੁ ਧੰਨ ਪ੍ਰਭੁ ਗੁਰ ਜੈਕਾਰ'।
ਸੁਨਿ ਕਾਲੂ ਆਗਵਨ ਗੁਰੂ ਕੌ ਦ੍ਵੈ ਘਟ ਦੁਗਧ ਲਿਏ ਕਰਿ ਤਯਾਰ।
ਇਕ ਬਾਲਕ ਕੇ ਸਿਰ ਧਰਿ ਲਯਾਯੋ ਏਕ ਉਠਾਇ ਆਪ ਕਰ ਧਾਰਿ॥ ੨੩ ॥

ਬਹੁਤ ਇਸਤਰੀ ਪੁਰਸ਼ ਆਪਸ ਵਿਚ ਮਿਲ ਕੇ ਕਹਿ ਰਹੇ ਸਨ, "ਸਤਿਗੁਰੂ ਜੀ ਜੰਗ ਜਿੱਤ ਕੇ ਆਏ ਹਨ, ਧੰਨ ਧੰਨ ਪ੍ਰਭੂ ਗੁਰੂ ਜੀ ਦੀ ਜੈ ਜੈ ਕਾਰ", ਕਾਲੂ ਨਾਥ ਗੁਰੂ ਜੀ ਦਾ ਆਉਣਾ ਸੁਣ ਕੇ ਦੋ ਘੜੇ ਦੁੱਧ ਦੇ ਲੈ ਕੇ ਤਿਆਰ ਹੋ ਗਿਆ। ਇਕ ਬਾਲਕ ਦੇ ਸਿਰ ਤੇ ਰਖਵਾ ਕੇ ਲਿਆਇਆ ਤੇ ਇਕ ਆਪ ਹੱਥਾਂ ਤੇ ਚੁੱਕ ਕੇ ਲਿਆਇਆ॥ ੨੩ ॥

ਆਨਿ ਗੁਰੂ ਪਗ ਮਸਤਕ ਟੇਕਯੋ ਬੈਠਯੋ ਨਿਕਟਿ ਜੋਰਿ ਕਰਿ ਹਾਥ।
ਸ੍ਰੀ ਹਰਿਗੋਵਿੰਦ ਕ੍ਰਿਪਾਦ੍ਰਿਸ਼ਟਿ ਤੇ ਦੇਖਤਿ ਕਰਯੋ ਵਾਕ ਤਿਹ ਸਾਥ।
'ਘਾਲੀਘਾਲ ਮਾਨਤੇ ਮਾਨਵ ਨਾਮ ਭਯੋ ਅਬਿ ਕਾਲੂ ਨਾਥ'।
'ਸ੍ਰੀ ਗੁਰ ਨਹੀਂ ਨਾਥ ਮੁਹਿ ਜਾਨਹੁਂ, ਤੁਮਰੋ ਕੂਕਰ ਧਰਿ ਪਦ ਮਾਥ' ॥ ੨੪ ॥

ਉਸ ਨੇ ਆ ਕੇ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ ਤੇ ਹੱਥ ਜੋੜ ਕੇ ਪਾਸ ਬੈਠ ਗਿਆ। ਗੁਰੂ ਹਰਿਗੋਬਿੰਦ ਜੀ ਨੇ ਉਸ ਵਲ ਕ੍ਰਿਪਾ-ਦ੍ਰਿਸ਼ਟੀ ਨਾਲ ਵੇਖ ਕੇ ਬਚਨ ਕੀਤਾ, "ਤੂੰ ਬਹੁਤ ਘਾਲ ਘਾਲੀ ਹੈ ਤੇ ਮਨੁੱਖ ਤੈਨੂੰ ਮੰਨਦੇ ਹਨ, ਇਸ ਵਾਸਤੇ ਤੇਰਾ ਨਾਂ ਹੁਣ ਕਾਲੂ ਨਾਥ ਹੋਇਆ।" ਇਹ ਸੁਣ ਕੇ ਕਾਲੂ ਨਾਥ ਨੇ ਕਿਹਾ, "ਹੇ ਗੁਰੂ ਜੀ ! ਮੈਨੂੰ ਨਾਥ ਨਾ ਜਾਣੋ, ਮੈਂ ਤੁਹਾਡਾ ਕੂਕਰ ਹਾਂ ਤੇ ਤੁਹਾਡੇ ਚਰਨਾਂ ਤੇ ਮੱਥਾ ਟੇਕਦਾ ਹਾਂ" ॥ ੨੪ ॥

ਪੁਨਹਿ ਪ੍ਰਸੰਨ ਹੋਇ ਗੁਰ ਬੋਲੇ 'ਬਿਦਤਿ ਨਾਥ ਤੂੰ ਹੋਹਿਂ ਜਹਾਨ।
ਸਭਿ ਮਾਨਹਿਂ ਤੁਵ ਨਾਥ ਜਾਨਿ ਕਰਿ ਕ੍ਰਿਪਾ ਗੁਰੂਨਿ ਕੀ ਭਈ ਮਹਾਨ'।
ਪੁਨ ਕਾਲੂ ਕਹਿ 'ਸ੍ਰੀ ਪ੍ਰਭੁ ਸੁਨੀਅਹਿ ਆਪ ਬਖਾਨਤਿ ਕਰੁਨਾ ਠਾਨਿ।
ਇਤੀ ਬਡਾਈ ਉਚਿਤ ਨਹੀਂ ਮੈਂ ਤੁਮਰੇ ਦਰ ਪੌਰੇ ਕਹੁ ਸ੍ਵਾਨ' ॥ ੨੫ ॥

ਫਿਰ ਪ੍ਰਸੰਨ ਹੋ ਕੇ ਗੁਰੂ ਜੀ ਬੋਲੇ, "ਤੂੰ ਜਗਤ ਵਿਚ ਨਾਥ ਦੇ ਤੌਰ ਤੇ ਮਸ਼ਹੂਰ ਹੋਵੇਂਗਾ, ਸਾਰੇ ਤੈਨੂੰ ਨਾਥ ਜਾਣਨਗੇ, ਤੇਰੇ ਉੱਤੇ ਗੁਰੂ ਜੀ ਦੀ ਮਹਾਨ ਕਿਰਪਾ ਹੋਈ ਹੈ।" ਫਿਰ ਕਾਲੂ ਨੇ ਕਿਹਾ, "ਹੇ ਪ੍ਰਭੂ ਜੀ ! ਸੁਣੋ, ਤੁਸੀਂ ਕਿਰਪਾ ਕਰਕੇ ਕਹਿੰਦੇ ਹੋ, ਮੇਰੀ ਏਨੀ ਵਡਿਆਈ ਉਚਿਤ ਨਹੀਂ, ਮੈਂ ਤਾਂ ਤੁਹਾਡੇ ਦਰ ਦਾ ਕੁੱਤਾ ਹਾਂ" ॥ ੨੫ ॥

ਸੁਨਿ ਕਾਲੂ ਕੀ ਅਧਿਕ ਨੰਮ੍ਰਿਤਾ ਸ੍ਰੀ ਹਰਿ ਗੋਵਿੰਦ ਅਧਿਕ ਕ੍ਰਿਪਾਲ।
ਭਏ ਪ੍ਰਸੰਨ ਦਯੋ ਵਰ ਦੀਰਘ 'ਭਾ ਨਾਥਨਿ ਕੋ ਨਾਥ ਬਿਸਾਲ।
ਸਿਖ ਸੇਵਕ ਮਹਿਂ ਬਿਦਤਹਿ ਮਹਿਮਾ ਪਰੀ ਥਾਇਂ ਘਾਲੀ ਬਡ ਘਾਲ।
ਜਯੋਂ ਜਯੋਂ ਨੰਮ੍ਰਿ ਅਧਿਕਤਾ ਤਯੋਂ ਤਯੋਂ, ਬਡ ਪੁਰਖਨਿ ਕੀ ਹੈ ਅਸ ਚਾਲ' ॥ ੨੬ ॥

ਕਾਲੂ ਦੀ ਬੜੀ ਨਿੰਮ੍ਰਤਾ ਵੇਖ ਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਹੋਰ ਕ੍ਰਿਪਾਲੂ ਹੋ ਗਏ, ਪ੍ਰਸੰਨ ਹੋ ਕੇ ਵੱਡਾ ਵਰ ਦਿੱਤਾ, "ਤੂੰ ਨਾਥਾਂ ਦਾ ਵੱਡਾ ਨਾਥ ਹੈਂ, ਸਿੱਖ ਸੇਵਕਾਂ ਵਿਚ ਤੇਰੀ ਮਹਿਮਾਂ ਪ੍ਰਗਟ ਹੋਈ ਹੈ ਤੇ ਤੇਰੀ ਘਾਲ ਘਾਲੀ ਥਾਂ ਪਈ ਹੈ। ਜਿਵੇਂ-ਜਿਵੇਂ ਨਿੰਮਰਤਾ ਆਉਂਦੀ ਹੈ, ਤਿਵੇਂ-ਤਿਵੇਂ ਵਡਿਆਈ ਵਧਦੀ ਹੈ ਵੱਡੇ ਪੁਰਖਾਂ ਦੀ ਇਹੋ ਚਾਲ ਹੈ" ॥ ੨੬ ॥

ਕਰਜੋ ਬਚਨ ਜਬਿ ਸ੍ਰੀ ਹਰਿਗੋਵਿੰਦ ਕਾਮਲ ਕਰਾਮਾਤ ਤਬਿ ਪਾਇ।
ਅਤਿ ਅਨੰਦ ਕਰਿ ਪਦ ਅਰਬਿੰਦਨਿ ਬੰਦਨ ਕੀਨਿ ਸੀਸ ਕੋ ਨਜਾਇ।
ਬਾਲਕ ਹੁਤੋ ਸੰਗ ਪਜ ਲਜਾਯੋ ਤਿਸ ਦਿਸ਼ਿ ਦੇਖਿ ਗੁਰੂ ਸੁਖਦਾਇ।
ਦੁਗਧ ਚੁਰੂ ਭਰ ਤਿਸ ਕੋ ਦੀਨਸਿ ਕਹਜੋ 'ਪਾਨ ਕਰਿ ਬਿਲਮ ਨ ਲਾਇ' ॥੨੭॥

ਜਦ ਸ੍ਰੀ ਹਰਿਗੋਬਿੰਦ ਜੀ ਨੇ ਬਚਨ ਕੀਤਾ ਤਾਂ ਕਾਮਲ ਕਰਾਮਾਤ ਪ੍ਰਾਪਤ ਕਰ ਲਈ ਅਤੀ ਅਨੰਦਿਤ ਹੋ ਕੇ ਚਰਨ ਕੰਵਲਾਂ ਤੇ ਬੰਦਨਾ ਕੀਤੀ ਤੇ ਸੀਸ ਝੁਕਾਇਆ। ਜਿਸ ਬਾਲਕ ਨੂੰ ਆਪਣੇ ਨਾਲ ਲਿਆਇਆ ਸੀ, ਸੁਖਦਾਤੇ ਗੁਰੂ ਜੀ ਨੇ ਉਸ ਬਾਲਕ ਵਲ ਵੇਖਿਆ। ਚੁਲੀ ਭਰ ਦੁੱਧ ਉਸ ਨੂੰ ਦੇ ਕੇ ਕਿਹਾ, "ਇਸ ਨੂੰ ਪੀ ਲਵੋ ਦੇਰ ਨਾ ਲਾਵੋ"॥ ੨੭॥

ਮਾਨ ਬਾਕ ਕੋ ਪਾਨ ਕਰਜੋ ਜਬਿ ਭਈ ਸ਼ਕਤਿ ਸਭਿ ਜਾਨੀ ਬਾਤ।
ਦੇਸ਼ ਬਿਦੇਸ਼ਨਿ ਕੀ ਸੁਧਿ ਉਰ ਮਹਿਂ ਕਰਿ ਬਦਰੀ ਫਲ ਤਿਮ ਬੱਖਜਾਤ।
ਅਚਰਜ ਚਿਤ ਧਰਿ ਗੁਰ ਪਦ ਬੰਦੇ, ਧੰਨ ਧੰਨ ਗੁਰ ਦੀਰਘ ਦਾਤ।
ਕਛ ਤੇ ਕਛੂ ਛਿਨਕ ਮਹਿਂ ਕੀਨਸਿ ਕੋਨ ਕਰੈ ਸਮਤਾ ਕਿਸ ਭਾਂਤਿ॥ ੨੮॥

ਜਦ ਬਾਲਕ ਨੇ ਗੁਰੂ ਜੀ ਦਾ ਬਚਨ ਮੰਨ ਕੇ ਦੁੱਧ ਪੀ ਲਿਆ ਤਾਂ ਬੜੀ ਸ਼ਕਤੀ ਆ ਗਈ ਤੇ ਸਭ ਗੱਲਾਂ ਜਾਣ ਲਈਆਂ। ਦੇਸ਼ਾਂ ਵਿਦੇਸ਼ਾਂ ਦੀ ਸੋਝੀ ਹਿਰਦੇ ਵਿਚ ਇੰਝ ਆ ਗਈ ਜਿਵੇਂ ਹੱਥ ਤੇ ਬੇਰ ਧਰਿਆ ਹੋਵੇ। ਅਸਚਰਜ ਚਿੱਤ ਧਾਰਨ ਕਰਕੇ ਗੁਰੂ ਜੀ ਦੇ ਚਰਨਕੰਵਲਾਂ ਤੇ ਬੰਦਨਾਂ ਕੀਤੀ, ਧੰਨ ਧੰਨ ਗੁਰੂ ਜੀ ਦੀ ਵੱਡੀ ਦਾਤ ਹੈ। ਇਕ ਤਨਿਕ ਮਾਤ੍ਰ ਤੋਂ ਕੁਝ ਦਾ ਕੁਝ ਇਕ ਛਿਣ ਵਿਚ ਬਣਾ ਦਿੱਤਾ, ਗੁਰੂ ਜੀ ਦੀ ਇਸ ਪ੍ਰਕਾਰ ਕੌਣ ਬਰਾਬਰੀ ਕਰ ਸਕਦਾ ਹੈ॥ ੨੮॥

ਕਾਲੂ ਜਾਨਿ ਲਈ ਤਿਸ ਕੀ ਗਤਿ, ਬੂਝਤਿ ਭਯੋ 'ਸੁਨਾਵਹੁ ਬਾਲ!।
ਅਬਿ ਗੁਰ ਦੂਤੀ ਰੂਪ ਕਿਸ ਥਲ ਹੈਂ? ਉਠੇ ਕਿਧੌਂ ਬੈਠੇ, ਕਿਤ ਚਾਲ?'।
ਸਿਸ ਬੋਲਜੋ 'ਤੁਮ ਸੁਨਹੁਂ ਨਾਥ ਜੀ! ਅਰਬ ਵਲਾਇਤ ਬਿਖੇ ਕ੍ਰਿਪਾਲੁ।
ਪ੍ਰੇਮੀ ਤੁਰਕ ਗੁਰੂ ਕੋ ਮਾਨਹਿ ਤਿਨ ਸਿਮਰੇ ਬਹੁ ਬਿਨਤੀ ਨਾਲ॥ ੨੯॥

ਕਾਲੂ ਨਾਥ ਨੇ ਉਸ ਬਾਲਕ ਦੀ ਹਾਲਤ ਜਾਣ ਲਈ ਤੇ ਪੁਛਿਆ, "ਹੇ ਬਾਲ! ਸੁਣਾਵੋ, ਹੁਣ ਗੁਰੂ ਜੀ ਦਾ ਜੋਤ ਸਰੂਪ ਕਿਸ ਥਾਂ ਹੈ? ਉਹ ਖੜੇ ਹਨ ਜਾਂ ਬੈਠੇ ਹਨ ਜਾਂ ਚਲ ਰਹੇ ਹਨ?" ਬਾਲਕ ਨੇ ਕਿਹਾ, "ਹੇ ਨਾਥ ਜੀ! ਸੁਣੋ ਹੁਣ ਕ੍ਰਿਪਾਲੂ ਗੁਰੂ ਜੀ ਵਿਦੇਸ਼ ਵਿਚ ਹਨ, ਇਕ ਗੁਰੂ ਦਾ ਤੁਰਕ ਪ੍ਰੇਮੀ ਇਨ੍ਹਾਂ ਨੂੰ ਮੰਨਦਾ ਹੈ ਤੇ ਬਹੁਤ ਬੇਨਤੀਆਂ ਕਰਕੇ ਯਾਦ ਕਰ ਰਿਹਾ ਹੈ॥ ੨੯॥

'ਸ੍ਰੀ ਨਾਨਕ ਗਾਦੀ ਪਰ ਜੋ ਹੈਂ ਮੇਰੋ ਪ੍ਰੇਮ ਪਰਖ ਸੋ ਆਇਂ।
ਦੇ ਦਰਸ਼ਨ ਕੋ ਕਰਹਿਂ ਕ੍ਰਿਤਾਰਥ ਕਾਮਲ ਕਰਾਮਾਤ ਸਮੁਦਾਇ।
ਤਹਾਂ ਤਰੋਵਰ ਕੇ ਤਰੁ ਠਾਂਢੇ ਸ਼ਾਖਾ ਪਕਰੀ ਹਾਥ ਉਠਾਇ।
ਤੁਰਕ ਮੁਰੀਦ ਸਿਦਕ ਕੋ ਲਖਿ ਕਰਿ ਬਿਨਾ ਬਿਲੰਬ ਪਹੁਚੇ ਧਾਇ' ॥ ੩੦॥

"ਜਿਹੜੇ ਗੁਰੂ ਜੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਇਸ ਵੇਲੇ ਬੈਠੇ ਹਨ, ਉਹ ਮੇਰੇ ਪ੍ਰੇਮ ਨੂੰ ਪਰਖ ਕੇ ਮੇਰੇ ਪਾਸ ਆਉਣ ਤੇ ਮੈਨੂੰ ਦਰਸ਼ਨ ਦੇ ਕੇ ਕ੍ਰਿਤਾਰਥ ਕਰਨ, ਉਹ ਸਭ ਕਰਾਮਾਤਾਂ ਵਿਚ ਕਾਮਲ ਹਨ।" ਗੁਰੂ ਜੀ ਓਥੇ ਦਰੱਖਤ ਦੇ ਹੇਠਾਂ ਖੜੇ ਹਨ, ਤੇ ਇਕ ਹੱਥ ਉਪਰ ਚੁੱਕ ਕੇ ਉਨ੍ਹਾਂ ਦਰੱਖਤ ਦੀ ਟਹਿਣੀ ਫੜੀ ਹੈ, ਤੁਰਕ ਮੁਰੀਦ ਦੇ ਸਿਦਕ ਨੂੰ ਵੇਖ ਕੇ ਕਿਸੇ ਦੇਰ ਤੋਂ ਬਗੈਰ ਧਾ ਕੇ ਓਥੇ ਪਹੁੰਚ ਗਏ ਹਨ"॥੩੦॥

ਕਾਲੂ ਬਿਸਮਜੋ 'ਸ਼ੀਘ੍ਰ ਲਈ ਇਨ, ਇਤੀ ਸ਼ਕਤਿ ਕੇ ਉਚਿਤ ਨ ਬਾਲ।
ਸਭਿ ਜਹਾਨ ਕੀ ਉਰ ਸੁਧ ਪ੍ਰਾਪਤਿ, ਗੁਰੂ ਦਈ ਲਖਿ ਕਰਿ ਮਮ ਨਾਲ'।
ਤਿਸ ਕੇ ਸਿਰ ਪਰ ਨਿਜ ਕਰ ਕੋ ਧਰਿ ਐਂਚੀ ਤੂਰਨ ਇਸ ਬਿਧਿ ਨਾਲ।
ਪੋਲ ਤੀਲ ਮਹਿਂ ਫੂਕ ਸੁ ਬਲ ਤੇ ਜਲ ਕੋ ਖੈਂਚਿ ਲੇਤਿ ਤਤਕਾਲ॥ ੩੧॥

ਕਾਲੂ ਨਾਥ ਬੜਾ ਹੈਰਾਨ ਹੋਇਆ ਤੇ ਸੋਚਿਆ, "ਇਸ ਨੇ ਬੜੀ ਛੇਤੀ ਸ਼ਕਤੀ ਪ੍ਰਾਪਤ ਕਰ ਲਈ ਹੈ, ਬਾਲਕ ਵਾਸਤੇ ਅਜਿਹੀ ਸ਼ਕਤੀ ਰਖਣਾ ਉਚਿਤ ਨਹੀਂ, ਇਸ ਨੇ ਸਾਰੇ ਜਹਾਨ ਦਾ ਗਿਆਨ ਪ੍ਰਾਪਤ ਕਰ ਲਿਆ ਹੈ, ਗੁਰੂ ਜੀ ਨੇ ਮੇਰੇ ਨਾਲ ਵੇਖ ਕੇ ਇਸਨੂੰ ਸ਼ਕਤੀ ਬਖਸ਼ ਦਿੱਤੀ ਹੈ।" ਉਸ ਬਾਲਕ ਦੇ ਸਿਰ ਉਤੇ ਹੱਥ ਰੱਖ ਕੇ ਉਸ ਦੀ ਸਾਰੀ ਸ਼ਕਤੀ ਇਸ ਤਰ੍ਹਾਂ ਖਿੱਚ ਲਈ ਜਿਵੇਂ ਪੋਲੇ ਤੀਲੇ ਜਾਂ ਨਾਲੀ ਨਾਲ ਫੂਕ ਖਿੱਚ ਕੇ ਤੁਰਤ ਪਾਣੀ ਖਿੱਚ ਲਈਦਾ ਹੈ॥ ੩੧॥

ਪੁਨ ਬੂਝਤਿ ਭਾ 'ਅਬਿ ਸੁਧ ਦੀਜੈ' ਬਾਲਕ ਭਨਜੋ 'ਨ ਮੈਂ ਕੁਛ ਜਾਨ'।
ਸ੍ਰੀ ਹਰਿਗੋਵਿੰਦ ਰਿਦੈ ਬਿਚਾਰੀ 'ਸਿਸ ਕੀ ਅਰੁ ਹਮ ਦਈ ਮਹਾਨ।
ਘਾਲ ਨ ਘਾਲੀ ਸੰਗ ਰਹਜੋ ਨਹਿਂ, ਅਬਿ ਪਰਖੈ ਨਿਸ਼ਚਾ ਇਸ ਥਾਨ'।
ਇਕ ਲੋਟਾ ਤਿਸ ਨਿਕਟਿ ਅਧਿਕ ਪ੍ਰਿਯ ਕਿਸੂ ਦੇਸ਼ ਤੇ ਸੁੰਦਰ ਆਨਿ॥ ੩੨॥

ਫਿਰ ਪੁੱਛਣ ਲੱਗਾ, "ਹੁਣ ਖਬਰ ਦੇਵੋ" ਬਾਲਕ ਨੇ ਕਿਹਾ, "ਮੈਂ ਕੁਝ ਨਹੀਂ ਜਾਣਦਾ।" ਸ੍ਰੀ ਹਰਿਗੋਬਿੰਦ ਜੀ ਨੇ ਹਿਰਦੇ ਵਿਚ ਵਿਚਾਰ ਕੀਤੀ, "ਬਾਲਕ ਦੀ ਕਰਾਮਾਤ ਵੀ ਖਿੱਚ ਕੇ ਇਸ ਲੈ ਲਈ ਹੈ ਤੇ ਅਸੀਂ ਵੀ ਇਸ ਨੂੰ ਬਹੁਤ ਕਰਾਮਾਤ ਦਿੱਤੀ ਹੈ। ਘਾਲ ਵੀ ਨਹੀਂ ਘਾਲੀ ਤੇ ਸੰਗ ਵੀ ਨਹੀਂ ਰਿਹਾ ਹੈ, ਇਸ ਥਾਂ ਹੁਣ ਇਸ ਦਾ ਨਿਸ਼ਚਾ ਪਰਖਦੇ ਹਾਂ।" ਇਕ ਲੋਟਾ ਕਾਲੂ ਦੇ ਪਾਸ ਸੀ, ਉਹ ਉਸ ਨੂੰ ਬਹੁਤ ਪਿਆਰਾ ਸੀ, ਕਿਸੇ ਦੂਸਰੇ ਦੇਸ਼ ਤੋਂ ਉਸ ਸੁੰਦਰ ਲੋਟੇ ਨੂੰ ਲਿਆਇਆ ਸੀ॥ ੩੨॥

ਸੋ ਸਤਿਗੁਰੁ ਤਬਿ ਜਾਚਨ ਕੀਨਸਿ 'ਹਮ ਕੋ ਦੇਹੁ ਬਨਜੋ ਇਹੁ ਚਾਰੁ'।
ਕਾਲੂ ਕਹਜੋ 'ਅਧਿਕ ਪ੍ਰਿਯ ਮੇਰੋ ਨਿਤ ਰਾਖੌਂ ਸੁਧ ਭਲੇ ਸੁਧਾਰ।
ਇਹ ਨਹਿਂ ਦਿਯੋ ਜਾਇ ਕਬਿ ਮੋ ਤੇ ਜੀਵਤਿ ਤਜਾਗ ਨ ਸਕੌਂ ਬਿਚਾਰ।
ਲੋਟੇ ਸਹਿਤ ਆਪ ਕੋ ਮੈਂ ਨਿਤ, ਇਹੁ ਬਖਸ਼ਹੁ ਮੁਹਿ ਗੁਰੂ ਉਦਾਰ!'॥ ੩੩॥

ਸਤਿਗੁਰੂ ਜੀ ਨੇ ਉਹ ਲੋਟਾ ਉਸ ਪਾਸੋਂ ਮੰਗਿਆ, "ਇਹ ਲੋਟਾ ਸਾਨੂੰ ਦੇ ਦੇਵੋ, ਇਹ ਬੜਾ ਸੁੰਦਰ ਬਣਿਆ ਹੈ।" ਇਹ ਸੁਣ ਕੇ ਕਾਲੂ ਨਾਥ ਨੇ ਕਿਹਾ, "ਇਹ ਲੋਟਾ ਮੈਨੂੰ ਬਹੁਤ ਪਿਆਰਾ ਹੈ ਮੈਂ ਸਦਾ ਇਸ ਨੂੰ ਪਾਸ ਰਖਦਾ ਹਾਂ ਤੇ ਇਸ ਦੀ ਭਲੀ ਪ੍ਰਕਾਰ ਸਫਾਈ ਅਤੇ ਸੰਭਾਲ ਕਰਦਾ ਹਾਂ, ਇਹ ਮੈਥੋਂ ਕਦੀ ਵੀ ਨਹੀਂ ਦਿੱਤਾ ਜਾਣਾ, ਮੇਰਾ ਇਹ ਵਿਚਾਰ ਹੈ ਕਿ ਮੈਂ ਜੀਉਂਦੇ ਜੀਅ ਇਸ ਨੂੰ ਛੱਡ ਨਹੀਂ ਸਕਾਂਗਾ। ਲੋਟੇ ਸਮੇਤ ਨਿੱਤ ਮੈਂ ਆਪ ਦਾ ਦਾਸ ਹਾਂ, ਮਹਾਨ ਉਦਾਰ ਗੁਰੂ ਜੀ ਇਹ ਮੈਨੂੰ ਬਖਸ਼ ਦੇਵੋ"॥ ੩੩॥

ਸ੍ਰੀ ਹਰਿਗੋਵਿੰਦ ਲਖਿ ਬਹੁ ਮਮਤਾ 'ਹਮ ਨਾਥਨਿ ਕੋ ਨਾਥ ਬਨਾਇ।
ਨਹਿਂ ਤੈਂ ਰਹਜੋ ਪ੍ਰਥਮ ਸਮ ਹੁਜਹਿ, ਨਹੀਂ ਬਾਕ ਮਾਨਜੋ ਮਨ ਲਜਾਇ।
ਲਈ ਬਾਲ ਤੇ, ਆਪ ਭਯੋ ਬਡ ਤੇ ਕਹੁ ਭੀ ਨ ਉਚਿਤ ਇਸ ਭਾਇ'।
ਕਹਿਬੇ ਮਾਤ੍ਰ ਗੁਰੂ ਕੇ, ਤਿਮ ਹੀ ਕਾਲੂ ਹੋਯੋ ਸਹਿਜ ਸੁਭਾਇ॥ ੩੪॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਉਸ ਦੇ ਅਥਾਹ ਮੋਹ ਨੂੰ ਵੇਖ ਕੇ ਕਿਹਾ, "ਅਸੀਂ ਤੈਨੂੰ ਨਾਥਾਂ ਦੇ ਨਾਥ ਬਣਾਇਆ ਹੈ, ਤੂੰ ਹੁਣ ਨਾਥਾਂ ਦਾ ਨਾਥ ਨਹੀਂ ਰਿਹਾ, ਪਹਿਲਾਂ ਵਾਂਗ ਹੋ ਗਿਆ ਹੈ, ਸਾਡਾ ਬਚਨ ਮਨ ਵਿਚ ਲਿਆ ਕੇ ਨਹੀਂ ਮੰਨਿਆ ਹੈ, ਬਾਲ

ਪਾਸੋਂ ਵੀ ਸ਼ਕਤੀ ਲੈ ਲਈ ਹੈ ਤੇ ਆਪ ਵੱਡਾ ਹੋ ਗਿਆ ਹੈਂ ਤੇਰੇ ਵਾਸਤੇ ਇਸ ਤਰ੍ਹਾਂ ਕਰਨਾ ਉਚਿਤ ਨਹੀਂ ਹੈ।'' ਗੁਰੂ ਜੀ ਦੇ ਕਹਿਣ ਅਨੁਸਾਰ, ਕਾਲੂ ਪਹਿਲਾਂ ਵਾਂਗ ਹੀ ਸ਼ਕਤੀ ਰਹਿਤ ਹੋ ਗਿਆ॥ ੩੪॥

ਰਿਦੈ ਬਿਸੂਰਤਿ ਬੰਦਨ ਕਰਿ ਕੈ ਗਯੋ ਆਪਨੇ ਥਾਨ ਮਝਾਰ।
ਧਰੇ ਨੰਮ੍ਰਿਤਾ ਪ੍ਰਾਪਤਿ ਹੋਈ, ਪੁਨ ਗੁਰ ਮਾਯਾ ਪ੍ਰਬਲ ਉਦਾਰ।
ਭਰਮਾਯੋ, ਨਹਿਂ ਸਮੁਝਿ ਸਕਯੋ ਮਨ, ਇਮ ਕਾਲੂ ਕੀ ਗਾਥ ਬਿਚਾਰ।
ਅਬਿ ਲੌ ਥਾਨ ਤਹਾਂ ਤਿਸ ਕੇਰਾ ਬਿਦਤ ਅਹੈ ਤਿਸ ਦੇਸ਼ ਮਝਾਰ॥ ੩੫॥

ਹਿਰਦੇ ਵਿਚ ਮੁਰਝਾ ਕੇ ਬੰਦਨਾ ਕਰਕੇ ਆਪਣੇ ਥਾਂ ਚਲਾ ਗਿਆ। ਨਿੰਮ੍ਰਤਾ ਧਾਰਨ ਨਾਲ ਸ਼ਕਤੀ ਪ੍ਰਾਪਤ ਹੋਈ ਸੀ, ਫਿਰ ਗੁਰੂ ਜੀ ਦੀ ਮਾਇਆ ਬੜੀ ਪ੍ਰਬਲ ਸੀ, ਉਨ੍ਹਾਂ ਮਾਇਆ ਨਾਲ ਭਰਮਾਇਆ। ਉਹ ਮਨ ਵਿਚ ਸਮਝ ਨਾ ਸਕਿਆ, ਇੰਝ ਕਾਲੂ ਦੀ ਗਾਥਾ ਵਿਚਾਰੋ, ਹੁਣ ਤਕ ਉਸ ਇਲਾਕੇ ਵਿਚ ਉਸ ਦਾ ਥਾਂ ਪ੍ਰਗਟ ਹੈ॥ ੩੫॥

ਦੋਹਰਾ-ਧੀਵਰ ਕਾਲੂ ਔਰ ਹੈ ਤਿਸ ਕੀ ਕਥਾ ਨ ਜਾਨ।
ਗ੍ਰਾਮ ਨਿਥਾਣੇ ਸੋ ਬਸਹਿ ਸੁਨਿ ਸ੍ਰੋਤਾ ਸਵਧਾਨ॥ ੩੬॥

ਧੀਵਰ ਕਾਲੂ ਹੋਰ ਹੈ, ਇਹ ਕਥਾ ਉਸ ਦੀ ਨਾ ਸਮਝੋ ਨਿਥਾਣੇ ਪਿੰਡ ਵਿਚ ਉਹ ਕਾਲੂ ਨਾਥ ਹੀ ਵਸਦਾ ਸੀ, ਇਸ ਲਈ ਉਸ ਦਾ ਹੀ ਨਾਂ ਲੈਣਾ ਚਾਹੀਦਾ ਹੈ। ਹੇ ਸੁਚੇਤ ਸ੍ਰੋਤਾ ਜੀ ! ਧਿਆਨ ਨਾਲ ਸੁਣੋ॥ ੩੬॥

*ਸੱਤਵੀਂ ਰਾਸ ਦਾ ਛਪਵੰਝਵਾਂ ਅਧਿਆਇ ਸਮਾਪਤ ਹੋਇਆ॥ ੫੬॥*

## *ਅਧਿਆਇ ਸਤਵੰਞਵਾਂ*

*ਕਾਂਗੜ ਪੁਰ ਪ੍ਰਵੇਸ਼*

ਦੋਹਰਾ-ਸ੍ਰੀ ਸਤਿਗੁਰੁ ਸੰਧਜਾ ਭਏ ਉਠੇ ਸਭਾ ਤੇ ਆਇ।
ਤੰਬੂ ਬਿਖੈ ਪ੍ਰਯੰਕ ਪਰ ਬੈਠੇ ਅਨੰਦ ਉਪਾਇ॥ ੧॥

ਸ਼ਾਮ ਹੋਣ ਤੇ ਗੁਰੂ ਜੀ ਸਭਾ ਵਿਚੋਂ ਉਠ ਕੇ ਆ ਗਏ ਤੇ ਆਪਣੇ ਤੰਬੂ ਵਿਚ ਜਾ ਕੇ ਅਨੰਦ ਨਾਲ ਪਲੰਘ ਤੇ ਬੈਠ ਗਏ॥ ੧॥

*ਨਿਸ਼ਾਨੀ ਛੰਦ*-ਖਾਨ ਪਾਨ ਕਰਿ ਜਾਮਨੀ ਸੁਖ ਤੇ ਪਰਿ ਸੋਏ।
ਭਈ ਭੋਰ ਜਾਗੇ ਪ੍ਰਭੂ ਸਵਧਾਨਹਿ ਹੋਏ।
ਸੌਚ ਸ਼ਨਾਨਹਿ ਠਾਨਿ ਕਰਿ ਜਬਿ ਭਯੋ ਪ੍ਰਕਾਸ਼ਾ।
ਹੇਤੁ ਅਰੂਢਨਿ ਕੇ ਤੁਰੰਗ ਅਨਵਾਯੋ ਪਾਸਾ॥ ੨॥

ਰਾਤ ਨੂੰ ਖਾ ਪੀ ਕੇ ਸੁਖ ਨਾਲ ਲੰਮੇ ਪੈ ਕੇ ਸੌਂ ਗਏ, ਜਦ ਸਵੇਰੇ ਹੋਈ ਤੇ ਗੁਰੂ ਜੀ ਸੁਚੇਤ ਹੋ ਗਏ। ਸੌਚ ਇਸ਼ਨਾਨ ਕਰਕੇ ਜਦ ਲੋਅ ਲੱਗੀ ਤਾਂ ਸਵਾਰੀ ਵਾਸਤੇ ਆਪਣੇ ਪਾਸ ਘੋੜਾ ਮੰਗਵਾਇਆ॥ ੨॥

ਜੋਧ ਸਹਿਤ ਜੋਧਾ ਸਕਲ ਕਰਿ ਕਰਿ ਨਿਜ ਤਯਾਰੀ।
ਜ਼ੀਨ ਪਵੰਗਮ ਪਾਇ ਕਰਿ ਠਾਨੀ ਅਸਵਾਰੀ।
ਦੁੰਦਭਿ ਬਾਜਤਿ ਸ਼ਬਦ ਬਡ ਸਤਿਗੁਰੁ ਚਢਿ ਚਾਲੇ।
ਕਰਤੇ ਬਿਰਤ ਅਖੇਰ ਕੋ ਹਨਿ ਮ੍ਰਿਗਨਿ ਬਿਸਾਲੇ॥ ੩॥

ਰਾਇ ਜੋਧ ਸਮੇਤ ਸਾਰੇ ਯੋਧਿਆਂ ਨੇ ਆਪਣੀ-ਆਪਣੀ ਤਿਆਰੀ ਕਰ ਲਈ ਤੇ ਘੋੜਿਆਂ ਉਤੇ ਕਾਠੀਆਂ ਪਾ ਕੇ ਸਵਾਰ ਹੋ ਗਏ। ਬੜੇ ਉੱਚੀ ਆਵਾਜ਼ ਵਿਚ ਨਗਾਰੇ ਵੱਜਦਿਆਂ ਗੁਰੂ ਜੀ ਸਵਾਰ ਹੋ ਕੇ ਚਲ ਪਏ। ਰਾਹ ਵਿਚ ਸ਼ਿਕਾਰ ਖੇਡ ਕੇ ਉਨ੍ਹਾਂ ਹਿਰਨ ਮਾਰੇ॥ ੩॥

ਕਰਤਿ ਬਤਕ ਬਹੁ ਜੋਧ ਮੈਂ ਮੁਖ ਹਾਸ ਬਿਲਾਸੇ।
ਕਾਂਗੜਪੁਰਿ ਪ੍ਰਾਪਤਿ ਭਏ ਉਤਰੇ ਤਿਸ ਪਾਸੇ।
ਆਵਤਿ ਭਯੋ ਪ੍ਰਯੰਕ ਬਰ ਤਤਕਾਲ ਡਸਾਯੋ।
ਸ੍ਰੀ ਸਤਿਗੁਰੁ ਬੈਠੇ ਤਬਹਿ ਮੁਖ ਤੇ ਫੁਰਮਾਯੋ॥ ੪॥

ਰਾਇ ਜੋਧ ਨਾਲ ਗੱਲਾਂ ਕਰਦੇ ਹੋਏ ਬਹੁਤ ਹਾਸ ਵਿਲਾਸ ਕਰ ਰਹੇ ਸਨ। ਕਾਂਗੜ ਨਗਰ ਨੇੜੇ ਪਹੁੰਚ ਗਏ ਤੇ ਉਸ ਨਗਰ ਦੇ ਪਾਸ ਉੱਤਰ ਗਏ। ਸ੍ਰੇਸ਼ਟ ਪਲੰਘ ਲਿਆ ਕੇ ਤੁਰਤ ਡਾਹ ਦਿੱਤਾ, ਸ੍ਰੀ ਗੁਰੂ ਜੀ ਨੇ ਫਿਰ ਪਲੰਘ ਤੇ ਬੈਠ ਕੇ ਫੁਰਮਾਇਆ॥ ੪॥

'ਜੋਧਸ਼ਾਹੁ ਗਮਨਹੁ ਸਦਨ ਬਿੱਸ੍ਰਾਮ ਕਰੀਜਹਿ।
ਮਿਲਹੁ ਸਕਲ ਪਰਵਾਰ ਸੋਂ ਸੁਖ ਲੇ ਸੁਖ ਦੀਜੈ'।
ਆਇਸੁ ਮਾਨੀ ਗਯੋ ਘਰ, ਆਈ ਤਿਸ ਦਾਰਾ।
ਲਗੇ ਘਾਵ ਗਨ ਤਨ ਬਿਖੈ ਪਤਿ ਸੂਰ ਨਿਹਾਰਾ॥ ੫॥

'ਹੇ ਜੋਧ ਸ਼ਾਹ ਆਪਣੇ ਘਰ ਨੂੰ ਜਾਵੇ ਤੇ ਸਾਰੇ ਪਰਿਵਾਰ ਨੂੰ ਮਿਲ ਕੇ ਸੁਖ ਲਵੇ ਤੇ ਸੁਖ ਦੇਵੇ।'' ਜੋਧ ਸ਼ਾਹ ਨੇ ਆਗਿਆ ਮੰਨੀ ਤੇ ਘਰ ਨੂੰ ਗਿਆ, ਉਸ ਦੀ ਪਤਨੀ ਆਈ ਤੇ ਉਸ ਨੇ ਸਰੀਰ ਨੂੰ ਲੱਗੇ ਬਹੁਤ ਜ਼ਖਮਾਂ ਵਾਲੇ ਸੂਰਮੇ ਪਤੀ ਨੂੰ ਵੇਖਿਆ॥ ੫॥

ਜਾਨਯੋ ਭਯੋ ਸਹਾਇ ਗੁਰੁ ਏਤਿਕ ਰਣ ਘਾਲਾ।
ਜਿਯਤਿ ਪਿਖਯੋ ਨਿਜ ਕੰਤ ਕੋ, ਬਲ ਕਰੇ ਬਿਸਾਲਾ।
ਤਬਿ ਬੂਝਯੋ ਸਭਿ ਕਹਿਤਿ ਭਾ 'ਗੁਰ ਸਮ ਨਹਿਂ ਦੂਜਾ।
ਸਕਲ ਕਲਾ ਸਮਰਥ ਬਲੀ ਸਗਰੇ ਜਗ ਪੂਜਾ॥ ੬॥

ਇਹ ਜਾਣਿਆ ਕਿ ਗੁਰੂ ਜੀ ਦੇ ਸਹਾਇਕ ਹੋ ਕੇ ਏਡਾ ਵੱਡਾ ਘਮਸਾਣ ਦਾ ਯੁੱਧ ਕੀਤਾ ਹੈ, ਆਪਣੇ ਪਤੀ ਨੂੰ ਜੀਉਂਦਾ ਵੇਖਿਆ ਜਿਸ ਨੇ ਜੰਗ ਵਿਚ ਬੜੇ ਬਲ ਨਾਲ ਯੁੱਧ ਕੀਤਾ ਹੈ। ਫਿਰ ਉਸ ਨੂੰ ਪੁਛਿਆ ਤਾਂ ਜੋਧ ਨੇ ਸਭ ਕਹਿ ਸੁਣਾਇਆ, 'ਗੁਰੂ ਜੀ ਵਰਗਾ ਹੋਰ ਕੋਈ ਦੂਸਰਾ ਨਹੀਂ, ਸਰਬ ਕਲਾ ਸਮਰੱਥ ਬੜੇ ਸ਼ਕਤੀਸ਼ਾਲੀ ਹਨ, ਤੇ ਸਾਰੇ ਜਗਤ ਦੇ ਪੂਜਣਯੋਗ ਹਨ॥ ੬॥

ਚਹੈਂ ਜਥਾ ਠਾਨਹਿਂ ਤਥਾ, ਮਾਨਹਿਂ ਸੁਰ ਆਨਾ।
ਬਡੇ ਭਾਗ ਹਮਰੇ ਭਏ ਮਿਲਿ ਕਿਯ ਸੁਖ ਨਾਨਾ।
ਫਤੇ ਪਾਇ ਜਸੁ ਕੋ ਲਿਯੋ ਗਨ ਤੁਰਕ ਖਪਾਏ।
ਕੌਨ ਕਰੈ ਅਸ ਜੰਗ ਕੋ ਲਸ਼ਕਰ ਬਡ ਆਏ॥ ੭॥

ਜਿਵੇਂ ਚਾਹੁੰਦੇ ਹਨ, ਉਸ ਤਰ੍ਹਾਂ ਕਰਦੇ ਹਨ ਤੇ ਦੇਵਤੇ ਉਨ੍ਹਾਂ ਦੀ ਈਨ ਮੰਨਦੇ ਹਨ। ਸਾਡੇ ਵੱਡੇ ਭਾਗ ਜਾਗੇ ਹਨ ਮਿਲ ਕੇ ਕਈ ਪ੍ਰਕਾਰ ਦੇ ਸੁਖ ਪ੍ਰਾਪਤ ਕੀਤੇ ਹਨ। ਫਤਹਿ ਪਾ ਕੇ ਜੱਸ ਪਾਇਆ ਹੈ ਤੇ ਬਹੁਤ ਤੁਰਕਾਂ ਨੂੰ ਮਾਰਿਆ ਹੈ, ਇਸ ਤਰ੍ਹਾਂ ਜੰਗ ਕੌਣ ਕਰ ਸਕਦਾ ਹੈ, ਬੜਾ ਭਾਰੀ ਸ਼ਾਹੀ ਲਸ਼ਕਰ ਆਇਆ ਸੀ॥ ੭॥

ਤੁਰਕ ਹੁਤੇ ਬਹੁ ਅਧਿਕ ਹੀ ਹਮ ਭਟ ਬਹੁ ਥੋਰੇ।
ਰਣ ਕਰਿ ਇਮ ਮਾਰੇ ਸਕਲ ਕਰ ਜੋਰਤਿ ਛੋਰੇ।
ਇੱਤਯਾਦਿਕ ਪਤਿ ਤੇ ਸੁਨੀ ਮਨ ਅਨੰਦ ਉਪਾਈ।
ਬੂਝਤਿ ਅਨਿਕ ਅਕੋਰ ਲੇ ਸਤਿਗੁਰ ਢਿਗ ਆਈ॥ ੮॥

ਤੁਰਕ ਬਹੁਤ ਵੱਡੀ ਗਿਣਤੀ ਵਿਚ ਸਨ ਤੇ ਅਸੀਂ ਸੂਰਮੇ ਬਹੁਤ ਥੋੜ੍ਹੀ ਗਿਣਤੀ ਵਿਚ ਸੀ। ਲੜਾਈ ਕਰਦਿਆਂ ਇਸ ਤਰ੍ਹਾਂ ਸਾਰੇ ਮਾਰ ਦਿੱਤੇ ਕੇਵਲ ਹੱਥ ਜੋੜਨ ਵਾਲੇ ਛੱਡੇ।'' ਇੱਤਿਆਦਿ ਗੱਲਾਂ ਪਤੀ ਪਾਸੋਂ ਸੁਣ ਕੇ ਮਨ ਵਿਚ ਅਨੰਦ ਪਾਇਆ। ਪੁੱਛ ਕੇ ਹੋਰ ਉਪਹਾਰ ਲੈ ਕੇ ਗੁਰੂ ਜੀ ਪਾਸ ਆਈ॥ ੮॥

ਦੋਨਹੁੰ ਹਾਥਨਿ ਜੋਰ ਕਰਿ ਪਗ ਪਰ ਧਰਿ ਮਾਥਾ।
ਦਰਸ਼ਨ ਤੇ ਹਰਖਤਿ ਭਈ ਸ਼ਰਧਾ ਉਰ ਸਾਥਾ।
ਸਿਖ ਤਨੁਜਾ ਕੋ ਪ੍ਰੇਮ ਲਖਿ ਬਰ ਗੁਰੂ ਬਖਾਨਾ।
'ਰਹਹੁ ਸੁਹਾਗਨ ਲੋਕ ਜੁਗ ਭੋਗਹੁ ਸੁਖ ਨਾਨਾ॥ ੯॥

ਦੋਵੇਂ ਹੱਥ ਜੋੜ ਕੇ ਚਰਨਾਂ ਤੇ ਮੱਥਾ ਟੇਕਿਆ, ਤੇ ਹਿਰਦੇ ਵਿਚ ਸ਼ਰਧਾ ਨਾਲ ਪ੍ਰਸੰਨ ਹੋ ਕੇ ਦਰਸ਼ਨ ਕੀਤੇ। ਸਿੱਖ ਪੁੱਤਰੀ ਦਾ ਪ੍ਰੇਮ ਵੇਖ ਕੇ ਗੁਰੂ ਜੀ ਨੇ ਵਰ ਦਿੱਤਾ, "ਸੁਹਾਗਣ ਰਹੋ ਤੇ ਦੋਵਾਂ ਲੋਕਾਂ ਵਿਚ ਕਈ ਪ੍ਰਕਾਰ ਦੇ ਸੁਖ ਭੋਗੋ॥ ੯॥

ਗੁਰ ਸਿੱਖੀ ਮਹੁਂ ਮਨ ਰਹਹਿ ਪੁਰਵਹੁ ਉਰ ਆਸ਼ਾ।
ਸੰਕਟ ਨਾਨਾ ਭਾਂਤਿ ਕੇ ਤੁਮ ਤੇ ਹੁਇਂ ਨਾਸ਼ਾ।
ਗੁਰ ਪ੍ਰਸੰਨ ਜਾਨਤਿ ਭਈ, ਮਮ ਕੰਤ ਰਿਝਾਏ।
ਉਰ ਪ੍ਰਮੋਦ ਕਹੁ ਪਾਇ ਕੈ ਸੁਭ ਦਰਸ਼ਨ ਪਾਏ॥ ੧੦॥

ਗੁਰਸਿੱਖੀ ਵਿਚ ਮਨ ਟਿਕਿਆ ਰਹੇ ਤੇ ਆਪਣੇ ਹਿਰਦੇ ਦੀਆਂ ਸਾਰੀਆਂ ਆਸ਼ਾਵਾਂ ਪੂਰੀਆਂ ਕਰੋ ਅਤੇ ਕਈ ਪ੍ਰਕਾਰ ਦੇ ਸੰਕਟ ਤੁਹਾਡੇ ਪਾਸੋਂ ਨਾਸ਼ ਹੋਣ।'' ਗੁਰੂ ਜੀ ਦੀ ਪ੍ਰਸੰਨਤਾ ਨੂੰ ਜਾਣਦੀ ਸੀ ਕਿ ਮੇਰੇ ਪਤੀ ਨੇ ਖ਼ੁਸ਼ ਕੀਤੇ ਹਨ। ਹਿਰਦੇ ਵਿਚ ਅਨੰਦ ਪਾ ਕੇ ਸ਼ੁਭ ਦਰਸ਼ਨ ਕੀਤੇ॥ ੧੦॥

'ਪ੍ਰਭੂ ਜੀ! ਹਮ ਸੇਵਕ ਅਹੈਂ, ਤੁਮ ਹੋ ਰਖਵਾਰੇ।
ਦੇਹੁ ਬਡਾਈ, ਦਾਸ ਕੋ ਰਾਵਰਿ ਬਿਵਹਾਰੇ।
ਕਾਰਨ ਕਰਨ ਸਮਰੱਥ ਹੋ ਜਿਮ ਚਹੌ ਬਨਾਵੋ।
ਚਰਨ ਕਮਲ ਚਿਤ ਮਹਿਂ ਬਸਹਿਂ, ਨਹਿਂ ਕਬਹੁਂ ਭੁਲਾਵੋ॥ ੧੧॥

ਫਿਰ ਕਹਿਣ ਲੱਗੀ, "ਪ੍ਰਭੂ ਜੀ! ਅਸੀਂ ਤੁਹਾਡੇ ਸੇਵਕ ਹਾਂ, ਤੁਸੀਂ ਸਾਡੇ ਰਖਵਾਲੇ ਹੋ, ਤੁਸੀਂ ਸਹਿਜ ਸੁਭਾਵ ਹੀ ਆਪਣੇ ਸੇਵਕਾਂ ਨੂੰ ਨਿਵਾਜਦੇ ਹੋ ਇਹ ਆਪ ਜੀ ਦਾ ਵਿਵਹਾਰ ਹੈ। ਕਰਨ ਕਾਰਨ ਸਮਰੱਥ ਹੋ, ਜਿਵੇਂ ਚਾਹੋ ਉਸ ਤਰ੍ਹਾਂ ਹੀ ਕਰ ਲੈਂਦੇ ਹੋ, ਤੁਹਾਡੇ ਚਰਨ ਕੰਵਲ ਸਾਡੇ ਵਿਚ ਵੱਸਣ ਤੇ ਕਦੀ ਸਾਨੂੰ ਨਾ ਭੁਲਾਵੋ'॥ ੧੧॥

ਪੁਨ ਪ੍ਰਨਾਮ ਕਰਿ, ਧਾਮ ਕੋ ਡੇਰੇ ਚਢਿ ਆਈ।
ਨਿਸ ਕੀ ਸੇਵਾ ਸਕਲ ਹੀ ਸਭਿ ਬਿਧਿ ਪਹੁੰਚਾਈ।
ਮਧੁਰ ਤੁਰਸ਼ ਖਟ ਰਸਨਿ ਕੇ ਬਹੁ ਪਠੇ ਅਹਾਰਾ।
ਹਯਨਿ ਹੇਤੁ ਤ੍ਰਿਣ ਹਰਿਤ ਗਨ ਪਹੁੰਚੇ ਤਬਿ ਭਾਰਾ॥ ੧੨॥

ਫਿਰ ਪ੍ਰਣਾਮ ਕਰਕੇ, ਡੋਲੇ ਵਿਚ ਚੜ੍ਹ ਕੇ ਆਪਣੇ ਡੇਰੇ ਆ ਗਈ ਤੇ ਰਾਤ ਦੀ ਸਾਰੀ ਸੇਵਾ ਸਭ ਵਿਧੀਆਂ ਨਾਲ ਪਹੁੰਚਾ ਦਿੱਤੀ। ਮਿੱਠੇ, ਖੱਟੇ, ਲੂਣ ਵਾਲੇ ਕਈ ਪ੍ਰਕਾਰ ਦੇ ਭੋਜਨ ਭੇਜੇ, ਘੋੜਿਆਂ ਵਾਸਤੇ ਹਰੇ ਘਾਹ ਦੀਆਂ ਬਹੁਤ ਪੰਡਾਂ ਭੇਜੀਆਂ॥ ੧੨॥

ਕਰਤਿ ਸਰਾਹਨਿ ਸਤਿਗੁਰੂ ਸੁਭ ਅਚਜੈ ਅਹਾਰੇ।
ਤ੍ਰਿਪਤੇ ਪਾਨੀ ਪਾਨ ਕਰਿ, ਪੁਨ ਪਾਨ ਪਖਾਰੇ।
ਸੁਪਤਿ ਜਥਾ ਸੁਖ ਜਾਮਨੀ ਜਾਗੇ ਜਬਿ ਜਾਮੂ।
ਸੋਚ ਸ਼ਨਾਨਹਿਂ ਠਾਨਿ ਕਰਿ ਬ੍ਰਿਤਿ ਆਤਮ ਰਾਮੂ॥ ੧੩॥

ਸਤਿਗੁਰੂ ਜੀ ਨੇ ਬਹੁਤ ਸ਼ਲਾਘਾ ਕਰ ਸ਼ੁਭ ਭੋਜਨ ਛਕਿਆ ਤੇ ਫਿਰ ਪਾਣੀ ਪੀ ਕੇ ਤ੍ਰਿਪਤ ਹੋ ਕੇ ਫਿਰ ਹੱਥ ਧੋਤੇ ਤੇ ਫਿਰ ਸੁਖ ਨਾਲ ਸੌਂ ਗਏ। ਪਹਿਰ ਰਾਤ ਰਹਿੰਦਿਆਂ ਫਿਰ ਜਾਗ ਪਏ ਤੇ ਸੋਚ ਇਸ਼ਨਾਨ ਕਰਕੇ ਆਪਣੀ ਬ੍ਰਿਤੀ ਆਤਮਾ ਵਿਚ ਲਾ ਲਈ॥ ੧੩॥

ਭਯੋ ਪ੍ਰਭਾਤਿ ਪ੍ਰਕਾਸ਼ ਤਬਿ ਸੁਭ ਬਸਤ੍ਰ ਸਜਾਏ।
ਸ਼ਸਤ੍ਰ ਸਿਪਰ ਕਟ ਧਾਰਿ ਕੈ ਬਡ ਸਭਾ ਲਗਾਏ।
ਪੁਰਿ ਕੀ, ਗ੍ਰਾਮਨਿ ਅਨਿਕ ਕੀ, ਸੁਨਿ ਸੰਗਤਿ ਆਈ।
ਦੁਗਧ ਦਹੀ ਘ੍ਰਿਤ ਆਦਿ ਗਨ ਉਪਹਾਰਨ ਲਜਾਈ॥ ੧੪॥

ਜਦ ਸਵੇਰ ਦਾ ਪ੍ਰਕਾਸ਼ ਹੋਇਆ ਤੇ ਸੁੰਦਰ ਵਸਤਰ ਸਜਾਏ ਤੇ ਸ਼ਸਤਰ ਢਾਲ ਲੱਕ ਤੇ ਧਾਰਨ ਕਰਕੇ ਵੱਡੀ ਸਭਾ ਲਾਈ। ਨਗਰ ਦੀ ਤੇ ਹੋਰ ਅਨੇਕਾਂ ਪਿੰਡਾਂ ਦੀ ਸੰਗਤ ਸੁਣ ਕੇ ਆਈ, ਉਹ ਆਪਣੇ ਨਾਲ ਦੁੱਧ, ਦਹੀਂ, ਘਿਉ ਆਦਿ ਕਈ ਪ੍ਰਕਾਰ ਦੇ ਉਪਹਾਰ ਲਿਆਏ॥ ੧੪॥

ਚਾਮਰ ਚਾਰੁ ਮਰਾਲ ਸਮ ਫੁਰਤੇ ਦੁਤਿ ਪਾਵੈ।
ਖਰੇ ਹਜ਼ਾਰਹੁਂ ਜੋਰਿ ਕਰ ਸ੍ਰੀ ਮੁਖ ਦਰਸਾਵੈਂ।
ਚੰਦ ਮਨਹੁਂ ਰਿਤੁ ਸਰਦ ਕੋ ਉਡਗਨ ਮਹਿਂ ਸੋਹੈ।
ਐਸੋ ਕੌਨ ਕਠੋਰ ਨਰ ਪਿਖਿ ਨਹਿਂ ਮਨ ਮੋਹੈ॥ ੧੫॥

ਸੁੰਦਰ ਚੌਰ ਹੰਸ ਵਾਂਗ ਉਡਾਰੀਆਂ ਮਾਰਦਾ ਬੜੀ ਸ਼ੋਭਾ ਪਾ ਰਿਹਾ ਸੀ, ਹਜ਼ਾਰਾਂ ਲੋਕ ਖੜੇ ਹੋ ਕੇ ਹੱਥ ਜੋੜ ਕੇ ਮੁਖ ਦੇ ਦਰਸ਼ਨ ਕਰ ਰਹੇ ਸਨ। ਮਾਨੋਂ ਸਰਦ ਰੁਤ ਦਾ ਚੰਦ ਤਾਰਿਆਂ ਵਿਚ ਸ਼ੋਭ ਰਿਹਾ ਸੀ। ਐਸਾ ਕਿਹੜਾ ਕਠੋਰ ਮਨੁੱਖ ਸੀ ਜਿਸ ਦਾ ਵੇਖ ਕੇ ਮਨ ਨਹੀਂ ਸੀ ਮੋਹਿਆ ਜਾਂਦਾ॥ ੧੫॥

ਸਾਧੂ ਰੂਪਾ ਪਿਤਾ ਸੁਤ ਦੋਨਹੁਂ ਚਲਿ ਆਏ।
ਧਰਿ ਅਕੋਰ ਆਗੇ ਪ੍ਰਭੂ ਪਾਇਨਿ ਲਪਟਾਏ।

ਕੁਸ਼ਲ ਪ੍ਰਸ਼ਨ ਕਰਿ ਕੈ ਭਲੇ ਪੇਖਤਿ ਹਰਖਾਨੇ।
ਸਿੱਖ ਆਪਨੇ ਜਾਨਿ ਕਰਿ ਨੀਕੇ ਸਨਮਾਨੇ॥ ੧੬॥

ਸਾਧੂ-ਰੂਪਾ ਪਿਤਾ-ਪੁੱਤਰ ਦੋਵੇਂ ਚਲ ਕੇ ਆਏ, ਗੁਰੂ ਜੀ ਅੱਗੇ ਉਪਹਾਰ ਧਰ ਕੇ ਚਰਨਾਂ ਨਾਲ ਜੁੜ ਗਏ। ਸੁਖ-ਸਾਂਦ ਭਲੀ ਪ੍ਰਕਾਰ ਪੁੱਛ ਕੇ ਵੇਖ ਕੇ ਬਹੁਤ ਪ੍ਰਸੰਨ ਹੋਏ। ਗੁਰੂ ਜੀ ਨੇ ਉਨ੍ਹਾਂ ਨੂੰ ਆਪਣੇ ਸਿੱਖ ਜਾਣ ਕੇ ਚੰਗੀ ਤਰ੍ਹਾਂ ਸਨਮਾਨ ਦਿੱਤਾ॥ ੧੬॥

'ਪ੍ਰਭੁ ਜੀ! ਮਾਨਵ ਮੰਦ ਮਤਿ ਜਾਨਹਿਂ ਨਹਿਂ ਭੇਵਾ।
ਸਮਤਾ ਚਾਹਤਿ ਆਪ ਸੋਂ, ਤੁਮ ਦੇਵਨ ਦੇਵਾ।
ਨਹੀਂ ਸਹਾਰਹਿਂ ਸੁਰਾਸੁਰ ਰਣ ਖੇਤ ਮਝਾਰੇ।
ਕੌਨ ਤੁਰਕ ਗਨ ਬਾਪੁਰੇ ਜੇ ਥਿਰਹਿਂ ਅਗਾਰੇ'॥ ੧੭॥

"ਹੇ ਪ੍ਰਭੂ ਜੀ! ਮਾੜੀ ਮੱਤ ਵਾਲੇ ਮਨੁੱਖ ਹਨ, ਤੁਹਾਡਾ ਭੇਦ ਨਹੀਂ ਜਾਣਦੇ ਹਨ ਤੁਹਾਡੇ ਨਾਲ ਬਰਾਬਰੀ ਚਾਹੁੰਦੇ ਹਨ, ਪਰ ਤੁਸੀਂ ਦੇਵਤਿਆਂ ਦੇ ਦੇਵਤਾ ਹੋ। ਰਣਖੇਤਰ ਵਿਚ ਇੰਦਰ ਵੀ ਤੁਹਾਡਾ ਮੁਕਾਬਲਾ ਨਹੀਂ ਕਰ ਸਕਦਾ ਹੈ, ਇਹ ਵਿਚਾਰੇ ਤੁਰਕ ਕੌਣ ਹਨ ਜੋ ਤੁਹਾਡੇ ਅੱਗੇ ਠਹਿਰ ਸਕਣਗੇ" ॥ ੧੭॥

ਸ੍ਰੀ ਹਰਿਗੋਵਿੰਦ ਕਹਤਿ ਭੇ 'ਹਯ ਨਾਮ ਸੁਹੇਲਾ।
ਰਹਜੋ ਜੰਗ ਮਹਿਂ, ਸ਼ੱਤ੍ਰੂ ਹਤਿ ਬਹੁ ਬਹੁ ਘਾਵਨਿ ਮੇਲਾ'।
ਸੁਨਤਿ ਜੋਧ ਕਰ ਜੋਰਿ ਕਹਿ 'ਸਨਮੁਖ ਰਣ ਮਾਂਹੀ।
ਤੁਮਰੇ ਚਰਣ ਸਪਰਸ਼ ਤੇ ਹੁਇ ਪ੍ਰਾਨ ਬਿਨਾਹੀ॥ ੧੮॥

ਸ੍ਰੀ ਹਰਿਗੋਬਿੰਦ ਜੀ ਨੇ ਕਿਹਾ, "ਸੁਹੇਲਾ ਨਾਂ ਦਾ ਘੋੜਾ, ਜੰਗ ਵਿਚ ਮਾਰਿਆ ਗਿਆ ਹੈ। ਵੈਰੀ ਵਲੋਂ ਚਲਾਏ ਗਏ ਹਥਿਆਰਾਂ ਦੇ ਲੱਗਣ ਨਾਲ ਬਹੁਤ ਜ਼ਖਮਾਂ ਦੇ ਲੱਗਣ ਨਾਲ ਜੰਗ ਵਿਚ ਹੀ ਮਾਰਿਆ ਗਿਆ।" ਇਹ ਸੁਣ ਕੇ ਰਾਇ ਜੋਧ ਨੇ ਹੱਥ ਜੋੜ ਕੇ ਕਿਹਾ, "ਰਣਖੇਤਰ ਵਿਚ ਤੁਹਾਡੇ ਚਰਨਾਂ ਦੀ ਛੋਹ ਪ੍ਰਾਪਤ ਕਰਕੇ ਮਰ ਗਿਆ ਹੈ॥ ੧੮॥

ਉੱਤਮ ਪਦ ਪ੍ਰਾਪਤਿ ਭਯੋ ਤਿਨ ਧੰਨ ਮਹਾਨਾ।
ਬਡੇ ਭਾਗ ਪੂਰਬ ਹੁਤੇ ਨਹਿਂ ਆਨ ਸਮਾਨਾ'।
ਬਿਧੀਚੰਦ ਸੁਨਿ ਕੈ ਕਹਜੋ 'ਬਿਛੁਰਨ ਦੁਖ ਭਾਰੀ।
ਰਾਵਰਿ ਬਾਕਨਿ ਤੇ ਮਿਟਜੋ ਸ਼ਾਂਤੀ ਮਨ ਧਾਰੀ॥ ੧੯॥

ਉਸ ਨੇ ਉੱਤਮ ਪਦਵੀ ਪ੍ਰਾਪਤ ਕੀਤੀ ਹੈ, ਉਹ ਮਹਾਨ ਧੰਨ ਹੈ, ਉਸ ਦੇ ਪਿਛਲੇ ਜਨਮ ਦੇ ਵੱਡੇ ਭਾਗ ਸਨ, ਉਸ ਵਰਗਾ ਹੋਰ ਕੋਈ ਨਹੀਂ।" ਬਿਧੀ ਚੰਦ ਨੇ ਸੁਣ ਕੇ ਕਿਹਾ, "ਦੂਸਰੇ ਘੋੜੇ 'ਜਾਨ ਭਾਈ' ਵਿਛੜਣ ਦਾ ਭਾਰੀ ਦੁੱਖ ਅਨੁਭਵ ਕੀਤਾ ਸੀ, ਆਪ ਜੀ ਦੇ ਬਚਨਾਂ ਨਾਲ ਉਸ ਦੇ ਵਿਛੋੜੇ ਦਾ ਦੁਖ ਮੁਕ ਗਿਆ ਹੈ, ਹੁਣ ਮਨ ਨੇ ਸ਼ਾਂਤੀ ਧਾਰਨ ਕੀਤੀ ਹੈ॥ ੧੯॥

ਜੇਕਰਿ ਹੋਤੇ ਅਪਰ ਢਿਗ ਇਕ ਕੇ ਮਰ ਜਾਨੇ।
ਦੋਨੋ ਮਰਤੇ ਰਹਤਿ ਨਹਿਂ ਅਸ ਪ੍ਰੇਮ ਮਹਾਨੇ'।
ਜਾਤੀ ਮਲਕ ਬਖਾਨਤੇ 'ਇਨ ਸਮ ਨਹਿਂ ਆਨਾ।
ਹੁਤੇ ਉਚਿਤ ਇਹੁ ਆਪ ਕੇ ਤੁਮ ਮਹਦ ਮਹਾਨਾ॥ ੨੦॥

ਜੇ ਇਹ ਘੋੜੇ ਕਿਸੇ ਦੂਸਰੇ ਦੇ ਪਾਸ ਹੁੰਦੇ ਤਾਂ ਇਕ ਦੇ ਮਰ ਜਾਣ ਨਾਲ ਦੋਵਾਂ ਨੇ ਮਰ ਜਾਣਾ ਸੀ, ਇਸ ਤਰ੍ਹਾਂ ਨਾ ਰਹਿੰਦੇ, ਏਨਾ ਮਹਾਨ ਉਨ੍ਹਾਂ ਵਿਚ ਪ੍ਰੇਮ ਸੀ।'' ਜਾਤੀ ਮਲਕ ਨੇ ਕਿਹਾ, ''ਇਨ੍ਹਾਂ ਵਰਗਾ ਹੋਰ ਕੋਈ ਘੋੜਾ ਨਹੀਂ, ਇਹ ਆਪ ਦੇ ਹੀ ਉਚਿਤ ਸਨ, ਤੁਸੀਂ ਬੜੇ ਮਹਾਨ ਹੋ''॥ ੨੦॥

ਇੱਤਜਾਦਿਕ ਰਣ ਬਾਰਤਾ ਮਾਰਨਿ ਤੁਰਕਾਨੇ।
ਕਹਤਿ ਸੁਨਤਿ ਬੀਤੀ ਜਥਾ ਸੁਨਿ ਸੁਨਿ ਬਿਸਮਾਨੇ।
ਇਸੀ ਰੀਤਿ ਤ੍ਰੈ ਜਾਮਨੀ ਗੁਰ ਤਹਾਂ ਬਿਤਾਈ।
ਚੌਥੇ ਦਿਨ ਤਹਿਂ ਤੇ ਚਢੇ ਬਡ ਦੁੰਦਭਿ ਵਾਈ॥ ੨੧॥

ਇੱਤਆਦਿ ਜੰਗ ਤੇ ਤੁਰਕਾਂ ਦੇ ਮਾਰਨ ਬਾਰੇ ਵਾਰਤਾ ਕਹਿ ਸੁਣ ਕੇ ਬੀਤੀ ਤੇ ਉਸ ਤਰ੍ਹਾਂ ਹੀ ਲੋਕ ਸੁਣ-ਸੁਣ ਕੇ ਹੈਰਾਨ ਹੋ ਰਹੇ ਸਨ। ਇਸ ਰੀਤੀ ਨਾਲ ਹੀ ਗੁਰੂ ਜੀ ਨੇ ਤਿੰਨ ਰਾਤਾਂ ਓਥੇ ਬਤੀਤ ਕੀਤੀਆਂ। ਚੌਥੇ ਦਿਨ ਓਥੋਂ ਘੋੜਿਆਂ ਤੇ ਚੜ੍ਹ ਕੇ ਬਹੁਤ ਨਗਾਰੇ ਵਜਾਏ॥ ੨੧॥

ਹਿਤ ਅਖੇਰ ਕੇ ਗਮਨ ਕਿਯ ਗਨ ਚਮੂੰ ਪਯਾਨੀ।
ਸੰਗ ਜੋਧ ਚਢਿ ਕਰਿ ਚਲ੍ਯੋ ਹਿਤ ਸੇਵ ਮਹਾਨੀ।
ਕਿਤਿਕ ਕੋਸ ਲੌ ਚਲਿ ਗਏ ਫਿਰਿ ਕਰਿ ਮਨ ਭਾਯੋ।
ਡੇਰਾ ਕੀਨਸਿ ਤਿਸੀ ਥਲ ਪਿਖਿ ਥਾਨ ਸੁਹਾਯੋ॥ ੨੨॥

ਸ਼ਿਕਾਰ ਖੇਡਣ ਚਲ ਪਏ, ਵੱਡੀ ਗਿਣਤੀ ਵਿਚ ਸੈਨਾ ਵੀ ਨਾਲ ਗਈ, ਰਾਇ ਜੋਧ ਵੀ ਚੜ੍ਹ ਕੇ ਮਹਾਨ ਸੇਵਾ ਕਰਨ ਵਾਸਤੇ ਨਾਲ ਚਲ ਪਿਆ। ਮਨ ਭਾਇਆ ਫਿਰਦੇ ਫਿਰਾਉਂਦੇ ਕਈ ਕੋਹਾਂ ਤਕ ਚਲੇ ਗਏ ਤੇ ਇਕ ਸੁਹਾਵਣਾ ਥਾਂ ਵੇਖ ਕੇ ਓਥੇ ਡੇਰਾ ਕਰ ਲਿਆ॥ ੨੨॥

ਉਤਰਿ ਤੁਰੰਗ ਤੇ ਖਰੇ ਹੁਇ ਕਿਛੁ ਭਟ ਢਿਗ ਆਏ।
ਜੋਧਰਾਇ ਸੋਂ ਬਾਤ ਕਹਿ ਸ੍ਰੀ ਮੁਖ ਬਿਕਸਾਏ।
ਇਕ ਅਜਗਰ ਭਾਰੀ ਮਹਾਂ ਨਿਕਸ੍ਯੋ ਮੁਖ ਬਾਏ।
ਦਾਰੁਨ ਦੀਰਘ ਦੁਖੀ ਬਹੁ ਗਮਨਤਿ ਫੁੰਕਰਾਏ॥ ੨੩॥

ਘੋੜੇ ਤੋਂ ਉਤਰ ਜਦ ਖੜੇ ਹੋ ਗਏ ਤਾਂ ਕੁਝ ਸੂਰਮੇ ਪਾਸ ਆਏ, ਜੋਧ ਰਾਇ ਨਾਲ ਗੱਲ ਕਰਕੇ ਗੁਰੂ ਜੀ ਮੁਸਕਰਾਏ। ਇਕ ਭਾਰੀ ਅਜਗਰ ਸੱਪ ਮੂੰਹ ਟੱਡ ਕੇ ਬਾਹਰ ਨਿਕਲਿਆ। ਉਸ ਦਾ ਭਿਆਨਕ ਵੱਡਾ ਕੱਦ ਸੀ ਤੇ ਬਹੁਤ ਦੁਖੀ ਹੋਇਆ ਫੁੰਕਾਰੇ ਮਾਰਦਾ ਜਾ ਰਿਹਾ ਸੀ॥ ੨੩॥

ਸਨਮੁਖ ਆਵਤਿ ਗੁਰੂ ਕੇ ਗਤਿ ਬੱਕ੍ਰ ਕਰੰਤਾ।
ਨੀਠ ਨੀਠ ਹੀ ਚਲਤਿ ਹੈ ਚਿਤ ਮ੍ਰਿਤੁ ਚਹੰਤਾ।
ਭਟ ਦੌਰੇ ਤਿਹ ਬਰਜਿਬੇ ਕੋ ਚਹਤਿ ਪ੍ਰਹਾਰਾ।
ਸਤਿਗੁਰ ਕ੍ਰਿਪਾ ਨਿਧਾਨ ਤਬਿ ਬਚ ਊਚ ਉਚਾਰਾ॥ ੨੪॥

ਟੇਢੀ ਚਾਲ ਚਲਦਾ ਗੁਰੂ ਜੀ ਦੇ ਸਾਹਮਣੇ ਆਇਆ, ਬਹੁਤ ਹੋਲੀ-ਹੋਲੀ ਚਲਦਾ ਹੈ, ਚਿੱਤ ਵਿਚ ਮ੍ਰਿਤੂ ਚਾਹੁੰਦਾ ਹੈ, ਸੂਰਮੇ ਉਸ ਅਜਗਰ ਸੱਪ ਨੂੰ ਰੋਕਣ ਵਾਸਤੇ ਆਏ, ਤੇ ਕਈ ਉਸਨੂੰ ਮਾਰਨਾ ਚਾਹੁੰਦੇ ਸਨ। ਸਤਿਗੁਰੂ ਕ੍ਰਿਪਾ ਨਿਧਾਨ ਨੇ ਉੱਚੀ ਦਿੱਤੀ ਬਚਨ ਉਚਾਰਨ ਕੀਤਾ॥ ੨੪॥

'ਹਟਕਹੁ ਨਹਿਂ ਪਰਹਾਰੀਯਹਿ, ਆਵਨ ਇਤ ਦੀਜੈ।
ਦੂਰ ਦੂਰ ਸਭਿ ਖਰੇ ਹੁਇ ਅਵਿਲੋਕਨ ਕੀਜੈ'।
ਅਚਰਜ ਹੇਰਨ ਹੇਤੁ ਤਬਿ ਹੋਏ ਥਿਰ ਸਾਰੇ।
ਮੰਦ ਮੰਦ ਅਜਗਰ ਚਲਹਿ ਸ੍ਰੀ ਗੁਰੂ ਅਗਾਰੇ॥ ੨੫॥

ਰੁਕੋ, ਇਸ ਨੂੰ ਨਾ ਮਾਰੋ, ਆਉਣ ਦੇਵੋ, ਸਾਰੇ ਦੂਰ-ਦੂਰ ਖੜੇ ਹੋ ਕੇ ਇਸ ਨੂੰ ਵੇਖੋ। ਅਸਚਰਜ ਵੇਖਣ ਵਾਸਤੇ ਤਦ ਸਾਰੇ ਖੜੇ ਹੋ ਗਏ। ਅਜਗਰ ਗੁਰੂ ਜੀ ਦੇ ਸਾਹਮਣੇ ਬਹੁਤ ਹੌਲੀ ਹੌਲੀ ਚਲਦਾ ਆ ਰਿਹਾ ਸੀ॥ ੨੫॥

ਖਰੇ ਰਹੇ ਨਿਸ਼ਚਲ ਸਕਲ ਨੇਰੇ ਤਬਿ ਆਯੋ।
ਸਤਿਗੁਰ ਚਰਨ ਸਰੋਜ ਤੇ ਪਨਹੀ ਨਿਕਸਾਯੋ।
ਦਹਨ ਅੰਗੁਸ਼ਟ ਉਠਾਇ ਕਰਿ ਤਿਹ ਸੀਸ ਛੁਹਾਯੋ।
ਪਤਿਤ ਪੁਨੀਤਹਿ ਕੋ ਪਰਸ ਬਹੁ ਪਾਪ ਮਿਟਾਯੋ॥ ੨੬॥

ਜਦ ਸਾਰੇ ਅਹਿਲ ਖੜੇ ਰਹੇ ਤਾਂ ਸੱਪ ਨੇੜੇ ਆ ਗਿਆ ਤੇ ਸਤਿਗੁਰੂ ਜੀ ਨੇ ਆਪਣਾ ਚਰਨ ਕੰਵਲ ਜੁੱਤੀ ਵਿਚੋਂ ਕਢਿਆ ਤੇ ਸਜਾ ਅੰਗੂਠਾ ਉਤਾਂਹ ਚੁੱਕ ਕੇ ਸੱਪ ਦੇ ਸਿਰ ਨੂੰ ਛੁਹਾਇਆ। ਪਾਪਾਂ ਨੂੰ ਪਵਿੱਤਰ ਕਰਨ ਵਾਲੇ ਚਰਨ ਕੰਵਲ ਨੂੰ ਪਰਸ ਕੇ ਸੱਪ ਨੇ ਆਪਣਾ ਪਾਪ ਮਿਟਵਾ ਲਿਆ॥ ੨੬॥

ਭਗਨ ਸੀਸ ਭਾ ਉਦਰ ਲਗਿ ਮਰਿ ਗਾ ਤਤਕਾਲਾ।
ਕਲਮਲਾਤ ਬਿਚ ਕਿਰਮ ਲਘੁ, ਕਾਟਤਿ ਨਿਤ ਜਾਲਾ।
ਅੰਤਰ ਤੇ ਪੂਰਨ ਹੁਤੇ ਆਮਿਖ ਤਿਸ ਖਾਤੇ।
ਸਦਾ ਦੇਤਿ ਸੰਕਟ ਅਧਿਕ, ਬਸ ਚਲਹਿ ਨ ਜਾਂ ਤੇ॥ ੨੭॥

ਸਿਰ ਤੋਂ ਪੇਟ ਤਕ ਜ਼ਖਮੀਂ ਹੋਇਆ ਸੀ, ਤੁਰਤ ਹੀ ਮਰ ਗਿਆ। ਸਰੀਰ ਵਿਚ ਨਿਕੇ-ਨਿਕੇ ਕਿਰਮ ਕੁਰਬਲ-ਕੁਰਬਲ ਕਰਦੇ ਸਨ ਜੋ ਸਾਰੇ ਸੱਪ ਨੂੰ ਕਟਦੇ ਹੁੰਦੇ ਸਨ। ਉਸਦਾ ਸਾਰਾ ਅੰਦਰ ਕੀੜਿਆਂ ਨਾਲ ਭਰਿਆ ਹੋਇਆ ਸੀ ਜਿਹੜੇ ਨਿਤ ਉਸ ਦਾ ਮਾਸ ਖਾਂਦੇ ਸਨ। ਉਹ ਉਸ ਨੂੰ ਬਹੁਤ ਦੁਖੀ ਕਰਦੇ ਸਨ, ਤੇ ਸੱਪ ਦਾ ਕੋਈ ਵੀ ਵੱਸ ਨਹੀਂ ਸੀ ਚਲਦਾ॥ ੨੭॥

ਨਿਕਟਿ ਖਰੇ ਸਭਿ ਦੇਖਤੇ ਸੁਨਿ ਪਹੁੰਚੇ ਧਾਏ।
ਬਿਧੀਚੰਦ ਅਰੁ ਜੋਧ ਆਦਿ ਉਰ ਮਹਿਂ ਬਿਸਮਾਏ।
ਬੂਝਨਿ ਕੀਨੇ ਜੋਰਿ ਕਰ 'ਅਹਿ ਇਹ ਕਿਮ ਆਯੋ?।
ਚਰਨ ਛੁਵਤਿ ਹੀ ਆਪ ਕੇ ਨਿਜ ਤਨ ਮੁਕਤਾਯੋ॥ ੨੮॥

ਪਾਸ ਖੜੇ ਜਿਹੜੇ ਸਾਰੇ ਵੇਖਦੇ ਸਨ, ਉਹ ਸੁਣ ਕੇ ਦੌੜ ਕੇ ਪਾਸ ਆਏ। ਬਿਧੀ ਚੰਦ ਅਤੇ ਜੋਧ ਰਾਇ ਆਦਿ ਦਿਲ ਵਿਚ ਬੜੇ ਹੈਰਾਨ ਹੋਏ। ਹੱਥ ਜੋੜ ਕੇ ਪੁੱਛਣ ਲੱਗੇ, "ਇਹ ਇਸ ਤਰ੍ਹਾਂ ਕਿਉਂ ਆਇਆ ਹੈ ? ਤੁਹਾਡੇ ਚਰਨ ਛੂੰਹਦਿਆਂ ਹੀ ਉਸ ਦਾ ਸਰੀਰ ਮੁਕਤ ਹੋ ਗਿਆ ਹੈ॥ ੨੮॥

ਪਰੇ ਕਿਰਮ ਕਿਮ ਘਨੇ ਤਨ ਇਹ ਅਚਰਜ ਜੋਵਾ।
ਕਿਹ ਕਲਮਲ ਕੇ ਕਰੇ ਤੇ ਇਮ ਦੁਖ ਫਲ ਹੋਵਾ?'।
ਸ੍ਰੀ ਹਰਿਗੋਵਿੰਦ ਸਭਿਨਿ ਸੋਂ ਅਹਿ ਗਾਥ ਉਚਾਰੀ।
'ਪੂਰਬ ਜਨਮ ਮਹੰਤ ਇਹ ਬਿਦਤਯੋ ਜਗ ਭਾਰੀ॥ ੨੯॥

ਇਸ ਦੇ ਸਰੀਰ ਵਿਚ ਬਹੁਤ ਕਿਰਮ ਪਏ ਹਨ, ਇਹ ਅਸੀਂ ਅਸਚਰਜ ਵੇਖਿਆ ਹੈ, ਕਿਹੜੇ ਪਾਪ ਕਰਨ ਨਾਲ ਇਸ ਨੇ ਅਜਿਹਾ ਦੁਖਾਂ ਦਾ ਫਲ ਪਾਇਆ ਹੈ ? ਗੁਰੂ ਹਰਿਗੋਬਿੰਦ ਜੀ ਨੇ ਸਾਰਿਆਂ ਨੂੰ ਇਹ ਗਾਥਾ ਸੁਣਾਈ, "ਪਿਛਲੇ ਜਨਮ ਵਿਚ ਇਹ ਵੱਡਾ ਮਹੰਤ ਸੀ ਤੇ ਜੱਗ ਵਿਚ ਬੜਾ ਮਸ਼ਹੂਰ ਸੀ॥ ੨੯ ॥

ਚਹੁੰਦਿਸ਼ਿ ਕੇ ਨਰ ਮੰਨਤਾ ਕਰਿ ਸੀਸ ਨਿਵਾਵੈਂ।
ਅਨਿਕ ਪਦਾਰਥ ਆਨ ਕਰਿ ਇਸ ਕੋ ਅਰਪਾਵੈਂ।
ਜਿਤੇ ਕਿਰਮ ਤਨ ਮਹਿਂ ਪਰੇ ਸਗਰੇ ਤਬਿ ਚੇਲੇ।
ਹੋਇ ਬਡਾਈ ਜਗਤ ਬਡ ਇਸ ਹਿਤ ਕਰ ਮੇਲੇ॥ ੩੦॥

ਚਾਰੇ ਪਾਸਿਆਂ ਦੇ ਮਨੁੱਖ ਇਸ ਦੀ ਪੂਜਾ ਕਰਦੇ ਸਨ ਤੇ ਸਿਰ ਝੁਕਾਉਂਦੇ ਸਨ ਤੇ ਅਨੇਕ ਪਦਾਰਥ ਲਿਆ ਕੇ ਇਸ ਨੂੰ ਅਰਪਣ ਕਰਦੇ ਸਨ। ਜਿੰਨੇ ਕਿਰਮ ਇਸ ਦੇ ਸਰੀਰ ਵਿਚ ਪਏ ਹਨ ਇਹ ਤਦ ਸਾਰੇ ਇਸ ਦੇ ਚੇਲੇ ਸਨ। ਜਗਤ ਵਿਚ ਇਸ ਦੀ ਵੱਡੀ ਵਡਿਆਈ ਹੋਵੇ, ਇਸ ਵਾਸਤੇ ਚੇਲੇ ਇਕੱਠੇ ਕੀਤੇ ਸਨ॥ ੩੦॥

ਅਹੰਕਾਰ ਉਰ ਮਹਿਂ ਬਡੋ 'ਮਮ ਸਮ ਨਹਿਂ ਦੂਜਾ'।
ਕਰਹਿ ਦੇਸ਼ ਸਭਿ ਬੰਦਨਾ ਚਰਨਨਿ ਕੀ ਪੂਜਾ।
ਸਿਮਰਯੋ ਨਹਿਂ ਕਰਤਾ ਪੁਰਖ ਸ਼ੁਭ ਕਰਮ ਨ ਕੀਨਾ।
ਗਨ ਚੇਲਨਿ ਕਰਿਬੋ ਭਜਨ ਉਪਦੇਸ਼ ਨ ਦੀਨਾ॥ ੩੧॥

ਇਸ ਦੇ ਮਨ ਵਿਚ ਵੱਡਾ ਹੰਕਾਰ ਸੀ, "ਮੇਰੇ ਵਰਗਾ ਕੋਈ ਦੂਸਰਾ ਨਹੀਂ ਹੈ।" ਸਾਰਾ ਦੇਸ਼ ਬੰਦਨਾ ਕਰਦਾ ਸੀ ਤੇ ਇਸ ਦੇ ਚਰਨਾਂ ਦੀ ਪੂਜਾ ਕਰਦੇ ਸਨ। ਪਰ ਇਸ ਨੇ ਵਾਹਿਗੁਰੂ ਦਾ ਸਿਮਰਨ ਨਾ ਕੀਤਾ ਤੇ ਨਾ ਹੀ ਕੋਈ ਚੰਗਾ ਕੰਮ ਕੀਤਾ। ਸਾਰੇ ਚੇਲਿਆਂ ਨੂੰ ਭਜਨ ਕਰਨ ਦਾ ਇਸ ਕਦੀ ਵੀ ਉਪਦੇਸ਼ ਨਾ ਦਿੱਤਾ॥ ੩੧॥

ਹੰਕਾਰਤਿ ਹੀ ਮਰਿ ਗਯੋ ਜੂਨੀ ਅਹਿ ਪਾਈ।
ਲੋਕ ਪ੍ਰਲੋਕ ਸੁਖ ਤੇ ਰਖੇ, ਸੋ ਕ੍ਰਿਮ, ਸਮੁਦਾਈ।
ਕਾਟਿ ਕਾਟਿ ਗਨ ਖਾਤਿ ਹੈਂ ਨਹਿਂ ਇਨਹਿ ਉਧਾਰਾ।
ਪਲਟਾ ਪੂਰਬ ਜਨਮ ਕੋ ਲੇਤੇ ਇਸ ਬਾਰਾ॥ ੩੨॥

ਹੰਕਾਰ ਵਿਚ ਹੀ ਮਰ ਗਿਆ ਤੇ ਇਹ ਜੂਨ ਪਾਈ, ਆਪਣੇ ਚੇਲਿਆਂ ਨੂੰ ਲੋਕ ਪਰਲੋਕ ਦੇ ਸੁਖ ਤੋਂ ਵਾਂਝਿਆਂ ਰਖਿਆ ਤੇ ਉਹ ਸਾਰੇ ਕੀੜੇ ਹੋ ਗਏ, ਇਸ ਨੂੰ ਕੱਟ ਕੱਟ ਕੇ ਖਾਂਦੇ ਸਨ, ਕਿਉਂਕਿ ਇਸ ਨੇ ਉਨ੍ਹਾਂ ਦਾ ਉਧਾਰ ਨਹੀਂ ਕੀਤਾ ਸੀ, ਪਿਛਲੇ ਜਨਮ ਦਾ ਇਸ ਵਾਰ ਬਦਲਾ ਲੈ ਰਹੇ ਸਨ॥ ੩੨ ॥

ਆਪ ਨ ਉਧਰਯੋ ਜਗਤ ਤੇ, ਨਹਿਂ ਸਿੱਖ ਉਬਾਰੇ।
ਨਿਜ ਮਨਤਾ ਕੇ ਹੇਤੁ ਕਰਿ ਸ਼ੁਭ ਕਾਜ ਵਿਸਾਰੇ।
ਇਨ ਸਮ ਕੀ ਗਤਿ ਦੇਖਿ ਕਰਿ ਜੇ ਨਹਿਂ ਸਿਮਰੰਤੇ।
ਸ੍ਰੀ ਨਾਨਕ ਜੀ ਸ਼ਬਦ ਇਕ ਉਚਰਯੋ ਹਿਤਵੰਤੇ॥ ੩੩॥

ਜਗਤ ਤੋਂ ਨਾ ਇਸ ਦਾ ਉਧਾਰ ਹੋਇਆ ਤੇ ਨਾ ਹੀ ਆਪਣੇ ਚੇਲਿਆਂ ਨੂੰ ਬਚਾਇਆ ਹੈ, ਆਪਣੀ ਪੂਜਾ ਵਾਸਤੇ ਸਾਰੇ ਸ਼ੁਭ ਕਾਰਜ ਵਿਸਾਰ ਦਿੱਤੇ। ਇਨ੍ਹਾਂ ਵਰਗੀ ਹਾਲਤ ਵੇਖ ਕੇ ਜਿਹੜੇ ਸਿਮਰਨ ਨਹੀਂ ਕਰਦੇ ਹਨ, ਇਸ ਪਰਥਾਏ ਗੁਰੂ ਨਾਨਕ ਦੇਵ ਜੀ ਨੇ ਇਕ ਸ਼ਬਦ ਦਾ ਉਚਾਰਨ ਕੀਤਾ ਹੈ॥ ੩੩ ॥

ਸਲੋਕ ਮ: ੧ ॥

ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥
ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ ॥
ਦੇਨ੍ਹਿ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ ॥
ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ ॥

(ਪੰਨਾ ੧੨੮੬)

ਜੋ ਆਪਣੇ ਚੇਲਿਆਂ ਨੂੰ ਟੋਪੀਆਂ ਦਿੰਦੇ ਹਨ, ਉਹ ਮੂਰਖ ਹਨ ਅਤੇ ਜਿਹੜੇ ਉਨ੍ਹਾਂ ਨੂੰ ਪ੍ਰਾਪਤ ਕਰਦੇ ਹਨ, ਉਹ ਵੱਡੇ ਬੇਸ਼ਰਮ ਹਨ। ਆਪਣੇ ਲੱਕ ਨਾਲ ਛੱਜ ਬੰਨ੍ਹ ਕੇ ਚੂਹਾ ਖੁੱਡ ਵਿਚ ਨਹੀ ਵੜ ਸਕਦਾ। ਜਿਹੜੇ ਅਸੀਸਾਂ ਦਿੰਦੇ ਹਨ, ਉਹ ਮਰ ਜਾਣਗੇ ਅਤੇ ਜਿਨ੍ਹਾਂ ਨੂੰ ਉਹ ਦਿੱਤੀਆਂ ਜਾਂਦੀਆਂ ਹਨ ਉਹ ਵੀ ਤੁਰ ਜਾਣਗੇ।

ਹੇ ਨਾਨਕ ! ਇਹ ਨਹੀ ਜਾਣਿਆ ਜਾਂਦਾ ਕਿ ਪ੍ਰਭੂ ਦੀ ਰਜ਼ਾ ਨਾਲ ਉਹ ਕਿਥੇ ਜਾ ਕੇ ਸਮਾ ਜਾਂਦੇ ਹਨ।

ਦੋਹਰਾ-ਕਰ ਨ ਸਕਹਿਂ ਅਪਨੋ ਭਲੋ ਗੁਰ ਮਿਲਿ ਪਾਇਂ ਨ ਗ੍ਯਾਨ।
ਉਰ ਅੰਧੇ ਅਹੰਕਾਰ ਤੇ ਨਹਿਂ ਪ੍ਰਭੁ ਸਿਮਰਨ ਠਾਨਿ॥ ੩੪ ॥

ਆਪਣਾ ਭਲਾ ਕਰ ਨਹੀ ਸਕਦੇ ਤੇ ਗੁਰੂ ਨੂੰ ਮਿਲ ਕੇ ਗਿਆਨ ਪ੍ਰਾਪਤ ਨਹੀਂ ਕਰਦੇ। ਹੰਕਾਰ ਨਾਲ ਦਿਲ ਵਿਚ ਅੰਨ੍ਹੇ ਹੋਏ ਪ੍ਰਭੂ ਦੇ ਨਾਂ ਦਾ ਸਿਮਰਨ ਨਹੀਂ ਕਰਦੇ॥ ੩੪॥

ਹਿਤ ਮਨਤਾ ਕਰਿ ਜਤਨ ਬਹੁ ਚੇਲੇ ਬ੍ਰਿੰਦ ਬਨਾਇ।
ਤਿਨ ਕੀ ਹੋਵਤਿ ਅਸ ਦਸ਼ਾ, ਬਹੁ ਜੂਨੀ ਭਰਮਾਇ॥ ੩੫ ॥

ਪੂਜਾ ਦਾ ਹਿਤ ਕਰਕੇ ਬਹੁਤ ਚੇਲੇ ਬਣਾਏ ਸਨ, ਉਨ੍ਹਾਂ ਦੀ ਐਸੀ ਦਸ਼ਾ ਹੋਈ ਕਿ ਬਹੁਤ ਜੂਨਾਂ ਵਿਚ ਭਰਮਾਏ॥ ੩੫ ॥

ਹੁਤੋ ਸੁਕਰਮ ਵਿਸ਼ੇਸ਼ ਇਸ ਆਇ ਪਰਯੋ ਸ਼ਰਨਾਇ।
ਅਬਿ ਸ਼ੁਭ ਗਤਿ ਪ੍ਰਾਪਤਿ ਭਈ ਤਨ ਪੰਨਗ ਮੁਕਤਾਇ ॥ ੩੬ ॥

ਇਸ ਦੇ ਵੱਡੇ ਭਾਗ ਸਨ, ਸ਼ਰਨੀ ਆ ਪਿਆ ਹੈ, ਹੁਣ ਇਸ ਨੂੰ ਸ਼ੁਭ-ਗਤੀ ਪ੍ਰਾਪਤ ਹੋਈ ਹੈ, ਸੱਪ ਦੀ ਜੂਨ ਤੋਂ ਮੁਕਤ ਹੋ ਗਿਆ ਹੈ'॥ ੫੬॥

*ਸੱਤਵੀ ਰਾਸ ਦਾ ਸਤਵੰਜਵਾਂ ਅਧਿਆਇ ਸਮਾਪਤ ਹੋਇਆ॥ ੫੭॥*

## ਅਧਿਆਇ ਅਠਵੰਜਵਾਂ

### ਕਾਂਗੜ ਪੁਰ ਡੇਰਾ

ਦੋਹਰਾ-ਉਤਰਯੋ ਡੇਰਾ ਜਹਿਂ ਕਹਾਂ ਸ੍ਰੀ ਸਤਿਗੁਰ ਚਹੁਂ ਓਰ।
ਕਰਤਿ ਹਿਰੇਖਾ ਹਯ ਲਗੇ ਬਡੇ ਕਿਲਕ ਬੰਧਿ ਡੋਰ॥ ੧ ॥

ਗੁਰੂ ਜੀ ਨੇ ਇਕ ਥਾਂ ਜਾ ਕੇ ਆਪਣੇ ਡੇਰੇ ਦਾ ਉਤਾਰਾ ਕੀਤਾ। ਉਸ ਦੇ ਚਾਰ-ਚੁਫੇਰੇ ਸਥਾਨ ਨੂੰ ਸਾਫ ਕਰਕੇ ਕਿੱਲੇ ਠੋਕ ਕੇ ਘੋੜਿਆਂ ਨੂੰ ਰੱਸਿਆਂ ਨਾਲ ਬੰਨ੍ਹ ਦਿੱਤਾ॥ ੧॥

*ਨਿਸ਼ਾਨੀ ਛੰਦ-* ਕਰੇ ਫਰਸ਼ ਸ੍ਰੀ ਗੁਰ ਥਿਰੇ ਬੈਠੇ ਬਹੁ ਪਾਸਾ।
ਅਨਿਕ ਪ੍ਰਕਾਰਨਿ ਬਾਰਤਾ ਯੁਤਿ ਹਾਸ ਬਿਲਾਸਾ।
ਸੂਪਕਾਰ ਤਿਸ ਕਾਲ ਮਹਿਂ ਹਿਤ ਕਰਨ ਰਸੋਈ।
ਲਗੇ ਸੁਧਾਰਨ ਥਾਨ ਕੋ ਖਨਿ ਅਵਿਨੀ ਜੋਈ॥ ੨ ॥

ਵਿਛਾਉਣੇ ਵਿਛਾ ਕੇ ਗੁਰੂ ਜੀ ਬੈਠ ਗਏ ਤੇ ਬਹੁਤ ਸੂਰਮੇ ਪਾਸ ਬੈਠ ਗਏ। ਅਨੇਕ ਪ੍ਰਕਾਰ ਦੀਆਂ ਵਾਰਤਾਵਾਂ ਸਹਿਤ ਹਾਸ ਵਿਲਾਸ ਹੋਇਆ। ਰਸੋਈਏ ਉਸ ਸਮੇਂ ਰਸੋਈ ਤਿਆਰ ਕਰਨ ਵਾਸਤੇ ਮਿੱਟੀ ਪੁੱਟ ਕੇ ਸਥਾਨ ਨੂੰ ਸੁਧਾਰਨ ਲੱਗੇ ॥ ੨ ॥

ਕੁਛਕ ਖਨੀ ਜਬਿ ਅਸਥਿ ਗਨ ਨਿਕਸੇ ਨਰ ਕੇਰੇ।
ਸ੍ਰੀ ਸਤਿਗੁਰ ਕੇ ਢਿਗ ਕਹ੍ਯੋ 'ਉਦਿਆਨ ਘਨੇਰੇ।
ਨਿਕਸਤਿ ਮਾਨੁਖ ਕੇ ਅਸਥਿ ਇਕ ਥਲ ਸਮੁਦਾਏ।
ਕਿਸ ਕਾਰਨ ਇਕਠੇ ਗਡੇ, ਨਹਿਂ ਜਾਨੀ ਜਾਏ'॥ ੩ ॥

ਜਦ ਕੁਝਕ ਮਿੱਟੀ ਪੁੱਟੀ ਤਾਂ ਉਸ ਸਥਾਨ ਵਿਚੋਂ ਮਨੁੱਖਾਂ ਦੀਆਂ ਬਹੁਤ ਹੱਡੀਆਂ ਨਿਕਲੀਆਂ। ਰਸੋਈਆਂ ਨੇ ਸਤਿਗੁਰੂ ਜੀ ਦੇ ਪਾਸ ਜਾ ਕੇ ਕਿਹਾ, "ਇਹ ਤਾਂ ਬਹੁਤ ਸੰਘਣਾ ਜੰਗਲ ਹੈ, ਇਸ ਸਥਾਨ ਤੋਂ ਮਨੁੱਖਾਂ ਦੀਆਂ ਬਹੁਤ ਹੱਡੀਆਂ ਨਿਕਲੀਆਂ ਹਨ, ਇਹ ਕਿਸ ਕਾਰਨ ਇਕੱਠੀਆਂ ਦੱਬੀਆਂ ਹਨ, ਕੁਝ ਜਾਣਿਆ ਨਹੀਂ ਜਾਂਦਾ" ॥ ੩ ॥

*ਸੈਯਾ ਛੰਦ-* ਉਠਿ ਗਮਨੇ ਹਿਤ ਹੇਰਨਿ ਸਤਿਗੁਰ ਬਿਧੀਚੰਦ ਆਦਿਕ ਸਮੁਦਾਇ।
ਜੋਧਰਾਇ ਸੰਗ ਸਗਰੇ ਬਿਸਮਤਿ ਜਾਇ ਪਿਖ੍ਯੋ ਠਾਂਢੇ ਤਿਸ ਥਾਇਂ।
ਖਨਵਾਵਤਿ ਨਿਕਸੇ ਨਰ ਅਸਥੀ ਭਏ ਬ੍ਰਿੰਦ ਤਹਿਂ ਢੇਰ ਲਗਾਇ।
ਸਭਿ ਕੇ ਤਰੇ ਕਰੰਗ ਇਕ ਸਾਰੋ ਅਸਥਿ ਨ ਭਗਨ ਤਾਂਹਿ ਦਰਸਾਇ॥ ੪ ॥

ਹੱਡੀਆਂ ਨੂੰ ਵੇਖਣ ਵਾਸਤੇ ਸਤਿਗੁਰੂ ਜੀ, ਬਿਧੀ ਚੰਦ ਆਦਿ ਇਕੱਠੇ ਹੋ ਕੇ ਉੱਠ ਕੇ ਚੱਲ ਪਏ। ਜੋਧ ਰਾਇ ਸਹਿਤ ਸਾਰੇ ਉਸ ਥਾਂ ਹੱਡੀਆਂ ਵੇਖ ਕੇ ਬਹੁਤ ਹੈਰਾਨ ਹੋਏ। ਪੁਟਾਈ ਕਰਦਿਆਂ ਮਨੁੱਖਾਂ ਦੀਆਂ ਹੱਡੀਆਂ ਨਿਕਲ ਰਹੀਆਂ ਸਨ ਤੇ ਉਥੇ ਸਮੂਹ ਹੱਡੀਆਂ ਦਾ ਵੱਡਾ ਢੇਰ ਲੱਗ ਗਿਆ। ਸਾਰਿਆਂ ਦੇ ਥੱਲੇ ਇਕ ਕੁਰੰਗ ਸੰਪੂਰਣ ਸੀ ਤੇ ਉਸ ਦੀਆਂ ਅਸਥੀਆਂ ਨਾਸ਼ ਰਹਿਤ ਵਿਖਾਈ ਦੇ ਰਹੀਆਂ ਸਨ॥ ੪ ॥

ਸਭਿਹਿਨਿ ਬੂਝੇ ਸਤਿਗੁਰ ਬੋਲੇ 'ਅਤਿ ਦੁਰਭਿੱਛ ਪਰ੍ਯੋ ਇਕ ਕਾਲ।
ਕਿਤਿਕ ਬਰਖ ਬਰਖਾ ਨ ਕਰੀ ਘਨ ਧਰਾ ਭਈ ਤਬਿ ਸ਼ੁਸ਼ਕ ਬਿਸਾਲ।
ਨਿਕਟਿ ਦੇਸ਼ ਇਸ ਅੰਨ ਨ ਉਪਜ੍ਯੋ ਛੁਧਾ ਕਸ਼ਟ ਤੇ ਮਨੁਖ ਬਿਹਾਲ।
ਤਜਿ ਤਜਿ ਸਦਨ ਫਿਰੇ ਸਭਿ ਇਤ ਉਤ ਤ੍ਰਿਪਤਿ ਨ ਹੋਤਿ, ਰਹੇ ਬਹੁ ਭਾਲ ॥੫ ॥

ਸਾਰਿਆਂ ਦੇ ਪੁੱਛਣ ਤੇ ਸਤਿਗੁਰੂ ਬੋਲੇ, "ਇਕ ਸਮੇਂ ਬਹੁਤ ਵੱਡਾ ਕਾਲ ਪਿਆ। ਕਈ ਸਾਲ ਤਕ ਵਰਖਾ ਨਾ ਹੋਈ, ਤੇ ਧਰਤੀ ਬਹੁਤ ਖੁਸ਼ਕ ਹੋ ਗਈ। ਇਸ ਦੇਸ਼ ਦੇ ਨੇੜੇ ਅਨਾਜ ਨਾ ਪੈਦਾ ਹੋਇਆ ਤੇ ਭੁੱਖ ਦੇ ਦੁੱਖ ਨਾਲ ਮਨੁੱਖ ਬੇਹਾਲ ਹੋ ਗਏ। ਘਰ ਛੱਡ ਕੇ ਸਾਰੇ ਏਧਰ ਓਧਰ ਫਿਰਦੇ ਸਨ ਪਰ ਤ੍ਰਿਪਤ ਨਹੀਂ ਸੀ ਹੁੰਦੇ, ਅਨਾਜ ਦੀ ਬਹੁਤ ਭਾਲ ਕਰਦੇ ਰਹੇ॥ ੫ ॥

ਜਿਸ ਕੋ ਸਰਬ ਕਰੰਗ ਇਹ ਦੇਖਤਿ, ਹੁਤੋ ਸਮੈ ਤਿਸ ਅਜ਼ਮਤਵਾਨ।
ਜੋ ਚਿਤ ਚਾਹਤਿ ਅਪਨੇ ਇਹ ਤਬਿ ਖਸ਼ਟ ਰਸਨਿ ਕੇ ਅਸਨ ਮਹਾਨ।

ਪਕੀ ਰੋਟਕਾ ਸੂਪ ਰੁ ਓਦਨ ਅਨਿਕ ਬਿਧਿਨਿ ਕੇ ਗਨ ਪਕਵਾਨ।
ਸਭਿ ਅਵਿਨੀ ਕੋ ਛਾਦਨ ਕਰਤੋ, ਬਾਂਛਤਿ ਬਨਤਿ ਜਿ ਕਰਤਿ ਬਖਾਨ॥ ੬ ॥

ਜਿਸ ਦਾ ਤੁਸੀਂ ਇਕ ਪੂਰਾ ਕੁਰੰਗ ਇਹ ਵੇਖਦੇ ਹੋ, ਉਹ ਉਸ ਸਮੇਂ ਬੜਾ ਕਰਾਮਾਤੀ ਪੁਰਸ਼ ਸੀ। ਜਦ ਇਹ ਆਪਣੇ ਚਿੱਤ ਵਿਚ ਚਾਹੁੰਦਾ ਸੀ ਤਾਂ ਛੇ ਰਸਾਂ ਦੇ ਭੋਜਨ ਤਿਆਰ ਕਰ ਲੈਂਦਾ ਸੀ, ਰੋਟੀਆਂ, ਦਾਲ, ਚਾਵਲ ਤੇ ਅਨੇਕ ਵਿਧੀਆਂ ਦੇ ਪਕਵਾਨ ਤਿਆਰ ਕਰਦਾ ਸੀ। ਪਰ ਸਭ ਪਦਾਰਥਾਂ ਨੂੰ ਧਰਤੀ ਉਤੇ ਸੁੱਟ ਦਿੰਦਾ ਸੀ, ਜੋ ਮੂੰਹੋਂ ਮੰਗਦਾ ਜਾਂ ਕਹਿੰਦਾ ਸੀ ਤਾਂ ਤਿਆਰ ਹੋ ਜਾਂਦਾ ਸੀ॥ ੬ ॥

ਪ੍ਰਭੁ ਕੋ ਭਾਣਾ ਮਾਨਿ ਸੀਸ ਪਰ ਕਰਾਮਾਤ ਕਜੋਂਹੁ ਨ ਤਬਿ ਕੀਨਿ।
ਛੁਧਤਿ ਦੁਖਯੋ ਅਤਿ ਅੰਨ ਨ ਪ੍ਰਾਪਤਿ ਅਪਨੋ ਸਦਨ ਤਜਾਗਿ ਕਰਿ ਦੀਨਿ।
ਵਸਤੁ ਟੋਕਰਾ ਸਿਰ ਪਰ ਧਰਿ ਕਰਿ ਗਮਨਯੋ ਲੋਕਨਿ ਸੰਗ ਪ੍ਰਬੀਨ।
ਜਿਤ ਕਿਤ ਫਿਰਤਿ ਅੰਨ ਬਿਨ ਬਯਾਕੁਲ ਦੁਰਬਲ ਅੰਗਨਿ ਓਜ ਬਿਹੀਨ ॥੭॥

ਪ੍ਰਭੂ ਦਾ ਭਾਣਾ ਮੰਨ ਕੇ, ਜਿਹੜੀ ਸਿਰ ਤੇ ਕਰਾਮਾਤ ਸੀ, ਉਸ ਕਿਵੇਂ ਵੀ ਵਰਤੋਂ ਨਾ ਕੀਤੀ। ਭੁੱਖਾ ਹੋ ਕੇ ਬਹੁਤ ਦੁਖੀ ਹੋਇਆ, ਕਿਤੇ ਵੀ ਅਨਾਜ ਪ੍ਰਾਪਤ ਨਹੀਂ ਸੀ, ਆਪਣਾ ਘਰ ਛੱਡ ਦਿੱਤਾ। ਵਸਤਾਂ ਦਾ ਟੋਕਰਾ ਸਿਰ ਤੇ ਧਰ ਕੇ ਉੱਤਮ ਮਨੁੱਖ ਲੋਕਾਂ ਦੇ ਨਾਲ ਚਲ ਪਿਆ। ਜਿਥੇ ਕਿਥੇ ਅਨਾਜ ਤੋਂ ਬਗੈਰ ਵਿਆਕੁਲ ਫਿਰਦਾ ਸੀ, ਅੰਗ ਦੁਰਬਲ ਹੋ ਗਏ ਸਨ ਤੇ ਸ਼ਕਤੀ ਰਹਿਤ ਹੋ ਗਿਆ ਸੀ॥ ੭॥

ਬਿਚਰਤਿ ਇਤ ਉਤ ਥਕਤਿ ਪ੍ਰਾਨਿ ਹੁਇ ਆਨ ਪਰੇ ਸਗਰੇ ਇਸ ਥਾਇਂ।
ਇਕ ਨਿਸ ਦਿਨ ਮਹਿਂ ਮ੍ਰਿਤਕ ਭਏ ਗਨ ਜਿਯਤਿ ਰਹੇ ਜੇ ਤਿਨਹੁਂ ਉਠਾਇ।
ਭੇਰੇ ਬਿਖੈ ਪਾਇ ਕਰਿ ਦਫਨੇ, ਤਬਿ ਕੇ ਅਸਥਿ ਅਹੈਂ ਸਮੁਦਾਇ।
ਕਰੰਗ ਸਕਲ ਜਿਸ, ਧੰਨ ਪੁਰਖ ਇਹੁ, ਅਜਰ ਜਰਨ ਭਾਖਹਿਂ ਇਸ ਭਾਇ ॥੮॥

ਏਧਰ ਓਧਰ ਫਿਰਦਿਆਂ ਥੱਕ ਕੇ ਮੌਤ ਨੇੜੇ ਹੋਏ ਸਾਰੇ ਆ ਕੇ ਏਥੇ ਲੰਮੇ ਪੈ ਗਏ। ਇਕ ਰਾਤ ਵਿਚ ਬਹੁਤ ਮਰ ਗਏ ਤੇ ਜਿਹੜੇ ਜੀਉਂਦੇ ਰਹੇ, ਉਨ੍ਹਾਂ ਨੇ ਇਨ੍ਹਾਂ ਨੂੰ ਚੁੱਕ ਕੇ ਟੋਏ ਵਿਚ ਪਾ ਕੇ ਦਫ਼ਨ ਕਰ ਦਿੱਤੇ, ਤਦ ਦੀਆਂ ਸਾਰਿਆਂ ਦੀਆਂ ਅਸਥੀਆਂ ਏਥੇ ਪਈਆਂ ਹਨ। ਜਿਸ ਦਾ ਕਰੰਗ ਪੂਰਾ ਹੈ, ਉਹ ਵੱਡੀ ਕਰਨੀ ਵਾਲਾ ਧੰਨ ਪੁਰਸ਼ ਹੈ, ਨਾ ਜਰੇ ਜਾਣ ਵਾਲੇ ਨੂੰ ਜਰਨ ਵਾਲਾ ਇਸ ਪ੍ਰਕਾਰ ਕਹਿੰਦੇ ਹਨ॥ ੮॥

ਅਜ਼ਮਤ ਜਰਯੋ ਪ੍ਰਾਨਿ ਤਨ ਛੋਰੇ ਪ੍ਰਭੁ ਆਇਸੁ ਮਹਿਂ ਰਹਿ ਸੁਖ ਮਾਨਿ।
ਬੰਦਨੀਯ ਸਭਿ ਜਗ ਕੇ ਅਸ ਹੁਇਂ ਧੀਰਜ ਬੀਰਜਵੰਤਿ ਮਹਾਨ'।
ਇਮ ਕਹਿ ਸਤਿਗੁਰ ਸਭਾ ਬਿਰਾਜੇ ਬਿਸਮ ਭਏ ਸੁਨਿ ਗਾਥਾ ਪੁਰਾਨ।
ਸੂਪਕਾਰ ਤਬਿ ਤਯਾਰ ਅਹਾਰ ਸੁ ਕਰਯੋ ਜਾਇ ਕਰਿ ਆਨ ਸਥਾਨ॥ ੯ ॥

ਕਰਾਮਾਤ ਨੂੰ ਜਰਿਆ, ਪਰ ਤਨ ਦੇ ਪ੍ਰਾਣ ਛੱਡ ਦਿੱਤੇ ਤੇ ਪ੍ਰਭੂ ਦੀ ਆਗਿਆ ਵਿਚ ਰਹਿ ਕੇ ਸੁਖ ਮੰਨਿਆ। ਇਸ ਤਰ੍ਹਾਂ ਦਾ ਵਿਅਕਤੀ ਸਾਰੇ ਜਗ ਦਾ ਪੂਜਨੀਕ ਹੁੰਦਾ ਹੈ, ਐਸੇ ਵਿਅਕਤੀ ਵੱਡੇ ਧੀਰਜਵਾਨ ਤੇ ਮਹਾਨ ਸ਼ਕਤੀਸ਼ਾਲੀ ਹੁੰਦੇ ਹਨ।'' ਇਸ ਤਰ੍ਹਾਂ ਕਹਿ ਕੇ ਸਤਿਗੁਰੂ ਜੀ ਸਭਾ ਵਿਚ ਬਿਰਾਜ ਗਏ ਤੇ ਪੁਰਾਣੀ ਗਾਥਾ ਨੂੰ ਸੁਣ ਕੇ ਸਭ ਹੈਰਾਨ ਰਹੇ। ਰਸੋਈਆਂ ਨੇ ਫਿਰ ਭੋਜਨ ਹੋਰ ਥਾਂ ਜਾ ਕੇ ਤਿਆਰ ਕੀਤਾ॥ ੯॥

ਲਯਾਇ ਨਿਕਟਿ ਗੁਰ ਕੋ ਅਚਵਾਇਵ ਸਗਰੇ ਤ੍ਰਿਪਤਿ ਭਏ ਭਟ ਬ੍ਰਿੰਦ।
ਏਕ ਜਾਮਨੀ ਤਹਾਂ ਬਿਤਾਈ, ਚਢੇ ਪ੍ਰਾਤਿ ਸ੍ਰੀ ਹਰਿਗੋਵਿੰਦ।

ਉਤਰ ਪਰੇ ਪੁਰਿ ਕਾਂਗੜ ਕੇ ਢਿਗ ਕ੍ਰਿਪਾ ਜੋਧ ਪਰ ਧਰਤਿ ਬਿਲੰਦ।
ਮਿਲਜੋ ਰਹੈ ਨਿਸਦਿਨ ਸੁਖ ਪਾਵੈ ਕਰਤਿ ਬਾਰਤਾਲਾਪ ਅਨੰਦ॥ ੧੦॥

ਫਿਰ ਭੋਜਨ ਗੁਰੂ ਜੀ ਪਾਸ ਲਿਆ ਕੇ ਉਨ੍ਹਾਂ ਨੂੰ ਛਕਾਇਆ ਤੇ ਸਾਰੇ ਭੱਟ ਵੀ ਤ੍ਰਿਪਤ ਹੋ ਗਏ। ਇਕ ਰਾਤ ਓਥੇ ਬਤੀਤ ਕੀਤੀ ਤੇ ਸਵੇਰ ਹੋਣ ਤੇ ਗੁਰੂ ਜੀ ਘੋੜੇ ਤੇ ਸਵਾਰ ਹੋ ਗਏ। ਕਾਂਗੜ ਨਗਰ ਦੇ ਪਾਸ ਜਾ ਕੇ ਘੋੜੇ ਤੋਂ ਉਤਰ ਪਏ ਤੇ ਰਾਇ ਜੋਧ ਦੇ ਨਗਰ ਵਿਚ ਮਹਾਨ ਕਿਰਪਾ ਧਾਰਨ ਕੀਤੀ। ਰਾਇ ਜੋਧ ਦਿਨ ਰਾਤ ਮਿਲ ਕੇ ਸੁਖ ਮਾਣਦਾ ਸੀ ਤੇ ਗੁਰੂ ਜੀ ਨਾਲ ਗੱਲਬਾਤ ਕਰਕੇ ਅਨੰਦ ਪਾਉਂਦਾ ਸੀ॥੧੦॥

ਹਾਥ ਜੋਰਿ ਕਰਿ ਜੋਧ ਬਖਾਨੀ 'ਕ੍ਰਿਪਾ ਕਰਹੁ ਇਮ ਕ੍ਰਿਪਾ ਨਿਧਾਨ!।
ਪਾਵਨ ਕੋ ਕਰਿ ਪਾਵਨ ਘਰ ਮਮ ਪਾਵਨ ਕਰਹੁ ਦਾਸ ਜੋ ਜਾਨਿ।
ਅਚਹੁ ਅਹਾਰ ਆਪ ਤਹਿਂ ਬੈਠਹੁ, ਪੁਨ ਚਾਹਤਿ ਕੀਨੋ ਪ੍ਰਸਥਾਨ।
ਇਹ ਅਭਿਲਾਖਾ ਪੂਰਨ ਕੀਜੈ, ਸਰਬ ਕਲਾ ਸਮਰਥ ਗੁਨ ਵਾਨ' ॥ ੧੧ ॥

ਹੱਥ ਜੋੜ ਕੇ ਰਾਇ ਜੋਧ ਨੇ ਕਿਹਾ, "ਹੇ ਕਿਰਪਾ ਨਿਧਾਨ ਗੁਰੂ ਜੀ! ਇਸ ਤਰ੍ਹਾਂ ਕਿਰਪਾ ਕਰੋ, ਮੈਨੂੰ ਦਾਸ ਜਾਣ ਕੇ ਆਪਣੇ ਚਰਨਾਂ ਨੂੰ ਮੇਰੇ ਘਰ ਵਿਚ ਪਾ ਕੇ ਮੇਰੇ ਘਰ ਨੂੰ ਪਵਿੱਤਰ ਕਰੋ। ਉਥੇ ਬੈਠ ਕੇ ਭੋਜਨ ਛਕੋ, ਫਿਰ ਆਪਣੀ ਮਰਜ਼ੀ ਨਾਲ ਵਿਦਾ ਹੋਣਾ। ਮੇਰੀ ਇਹ ਅਭਿਲਾਸ਼ਾ ਪੂਰੀ ਕਰੋ, ਤੁਸੀਂ ਸਰਬ ਕਲਾ ਸਮਰੱਥ, ਪੂਰਨ ਗੁਣਵਾਣ ਹੋ" ॥ ੧੧ ॥

ਭਏ ਪ੍ਰੇਮ ਬਸਿ ਬਿਨਤੀ ਮਾਨੀ ਗੁਰੂ ਗ਼ਰੀਬ ਨਿਵਾਜ ਕ੍ਰਿਪਾਲ।
ਲੇ ਕਰਿ ਗਮਨਜੋ ਸਦਨ ਆਪਨੇ ਰੁਚਿਰਾਸਨ ਇਕ ਡਾਸਿ ਬਿਸਾਲ।
ਕਰ ਕੋ ਜੋਰਿ ਬਿਠਾਵਨ ਕੀਨੇ, ਦੰਪਤਿ ਆਇ ਹਰਖ ਤਿਸ ਕਾਲ।
ਜਲ ਕਰ ਧਾਰਿ ਜੋਧ ਤਬਿ ਡਾਰਤਿ, ਚਰਨ ਭਾਰਜਾ ਭਲੇ ਪਖਾਲਿ॥ ੧੨ ॥

ਕਿਰਪਾਲੂ ਗੁਰੂ ਗ਼ਰੀਬ-ਨਿਵਾਜ ਨੇ ਪ੍ਰੇਮ ਵੱਸ ਹੋ ਕੇ ਬੇਨਤੀ ਪ੍ਰਵਾਨ ਕਰ ਲਈ। ਗੁਰੂ ਜੀ ਨੂੰ ਲੈ ਕੇ ਆਪਣੇ ਘਰ ਚਲਾ ਗਿਆ ਤੇ ਬੜਾ ਸੁੰਦਰ ਵਿਛਾਉਣਾ ਵਿਛਾਇਆ ਤੇ ਹੱਥ ਜੋੜ ਕੇ ਗੁਰੂ ਜੀ ਨੂੰ ਬਿਠਾਇਆ ਤੇ ਪਤੀ ਪਤਨੀ ਵੇਖ ਕੇ ਉਸ ਸਮੇਂ ਬਹੁਤ ਪ੍ਰਸੰਨ ਹੋਏ। ਰਾਇ ਪਾਣੀ ਦੀ ਧਾਰ ਪਾ ਰਿਹਾ ਸੀ ਤੇ ਪਤਨੀ ਚੰਗੀ ਤਰ੍ਹਾਂ ਚਰਨ ਧੋ ਰਹੀ ਸੀ॥ ੧੨ ॥

ਚਰਨਾਂਮ੍ਰਿਤ ਕੋ ਪਾਨ ਕਰਜੋ ਜੁਗ ਸੀਸ ਬਿਲੋਚਨ ਕੋ ਤਬਿ ਲਾਇ।
ਸਦਨ ਕਰਜੋ ਛਿਰਕਾਵਨ ਸਾਰੇ ਸਤਿਗੁਰ ਸ਼ਰਧਾ ਅਧਿਕ ਵਧਾਇ।
ਨਾਨਾਬਿਧਿ ਕੇ ਸ੍ਵਾਦਲ ਭੋਜਨ ਥਾਰ ਪਰੋਸਿ ਆਪ ਹੀ ਲਜਾਇ।
ਧਰਿ ਆਗੇ ਨਿਜ ਲੇ ਰੁਮਾਲ ਕਰ, ਦੰਪਤਿ ਠਾਂਢੇ ਅਸਨ ਅਚਾਇਂ॥ ੧੩ ॥

ਦੋਵਾਂ ਨੇ ਫਿਰ ਚਰਨਾਂਮ੍ਰਿਤ ਪੀਤਾ ਤੇ ਕੁਝ ਸਿਰ ਤੇ ਅੱਖਾਂ ਨੂੰ ਵੀ ਲਾਇਆ। ਬਾਕੀ ਰਹੀ ਚਰਨਾਂਮ੍ਰਿਤ ਦਾ ਸਾਰੇ ਘਰ ਵਿਚ ਛਿੜਕਾ ਕੀਤਾ ਤੇ ਸਤਿਗੁਰੂ ਜੀ ਵਿਚ ਬਹੁਤ ਸ਼ਰਧਾ ਵਧਾਈ। ਕਈ ਪ੍ਰਕਾਰ ਦੇ ਸਵਾਦੀ ਭੋਜਨ ਥਾਲੀਆਂ ਵਿਚ ਪਰੋਸ ਕੇ ਆਪ ਹੀ ਲਿਆਏ। ਗੁਰੂ ਜੀ ਦੇ ਅੱਗੇ ਧਰ ਕੇ ਤੇ ਆਪ ਆਪਣੇ ਹੱਥ ਵਿਚ ਰੁਮਾਲ ਲੈ ਕੇ ਦੋਵਾਂ ਨੇ ਖੜੇ ਹੋ ਕੇ ਭੋਜਨ ਛਕਾਇਆ॥ ੧੩ ॥

'ਇਹੁ ਸ੍ਵਾਦਲ ਬਹੁ ਮਧੁਰ ਬਨਜੋ ਪ੍ਰਭੁ, ਇਹ ਬਹੁ ਤੁਰਸ਼ ਸਲਵਨ ਪ੍ਰਕਾਰ'।
ਇਮ ਕਹਿ ਕਰਿ ਬਹੁ ਧਰਿਧਰਿ ਭਾਊ ਸਨੇ ਸਨੇ ਅਚਵਾਇ ਅਹਾਰ।

'ਮਹਾਂਰਾਜ ਇਹ ਅਪਰ ਅਸਨ ਸ਼ੈ, ਲੀਜਹਿ ਸ੍ਵਾਦ ਕਰਜੋ ਹਿਤ ਧਾਰਿ'।
ਇਮ ਕਹਿ ਨਏ ਨਏ ਧਰਿ ਆਗੈ ਕਰਹਿਂ ਰਿਝਾਵਨ ਗੁਰੂ ਉਦਾਰ॥ ੧੪॥

"ਹੇ ਪ੍ਰਭੂ ਜੀ! ਇਹ ਮਿੱਠਾ ਭੋਜਨ ਬੜਾ ਸਵਾਦੀ ਬਣਿਆ ਹੈ, ਇਹ ਬੜਾ ਖਟਿਆਈ ਵਾਲਾ ਅਤੇ ਲੂਣ ਵਾਲਾ ਤਿਆਰ ਕੀਤਾ ਹੈ।" ਇਸ ਤਰ੍ਹਾਂ ਕਹਿ-ਕਹਿ ਬਹੁਤ ਪ੍ਰੇਮ ਧਾਰਨ ਕਰਕੇ, ਹੋਲੀ-ਹੋਲੀ ਭੋਜਨ ਛਕਾਇਆ। ਫਿਰ ਇਕ ਹੋਰ ਪਦਾਰਥ ਲਿਆ ਕੇ ਕਹਿਣ ਲੱਗੇ, "ਇਹ ਇਕ ਹੋਰ ਭੋਜਨ ਹੈ, ਬੜਾ ਪ੍ਰੇਮ ਧਾਰ ਕੇ ਇਸ ਨੂੰ ਸਵਾਦੀ ਬਣਾਇਆ ਹੈ।" ਇਸ ਤਰ੍ਹਾਂ ਕਹਿ-ਕਹਿ ਕੇ ਨਵੇਂ-ਨਵੇਂ ਪਦਾਰਥ ਅੱਗੇ ਧਰ ਕੇ ਉੱਤਮ ਗੁਰੂ ਜੀ ਨੂੰ ਪ੍ਰਸੰਨ ਕਰ ਰਹੇ ਸਨ॥ ੧੪॥

ਤ੍ਰਿਪਤਿ ਭਏ, ਸੁੰਦਰ ਜਲ ਸੀਤਲ ਸਿੱਖ ਸੁਤਾ ਲੇ ਕਰਿ ਨਿਜ ਹਾਥ।
ਦਿਯੋ ਪਾਨ ਕਰਿਬੇ ਕੋ ਤਿਸ ਛਿਨ, ਲੇ ਕਰਿ ਪੀਵਤ ਭੇ ਜਗ ਨਾਥ।
ਕਰਜੋ ਚੁਰਾ ਅਰੁ ਪਾਨ ਪਖਾਰੇ ਪ੍ਰੇਮ ਪਰਖਿ ਲਖਿ ਸ਼ਰਧਾ ਸਾਥ।
ਬਰ ਕੋ ਦੇਤਿ ਭਏ ਸ੍ਰੀ ਜਗ ਗੁਰ ਜਬਿ ਦੰਪਤਿ ਪਦ ਧਾਰਜੋ ਮਾਥ॥ ੧੫॥

ਜਦ ਗੁਰੂ ਜੀ ਤ੍ਰਿਪਤ ਹੋ ਗਏ ਤਾਂ ਸਿੱਖ-ਪੁੱਤਰੀ ਨੇ ਸੁੰਦਰ ਸੀਤਲ ਜਲ ਆਪਣੇ ਹੱਥ ਵਿਚ ਫੜ ਕੇ, ਉਸ ਸਮੇਂ ਗੁਰੂ ਜੀ ਨੂੰ ਪੀਣ ਵਾਸਤੇ ਦਿੱਤਾ, ਜਗਤ ਦੇ ਨਾਥ ਭਾਵ ਗੁਰੂ ਜੀ ਨੇ ਪਾਣੀ ਲੈ ਕੇ ਪੀ ਲਿਆ। ਫਿਰ ਗੁਰੂ ਜੀ ਨੇ ਚੂਲੀ ਕੀਤੀ ਤੇ ਹੱਥ ਧੋਤੇ ਤੇ ਉਨ੍ਹਾਂ ਦੇ ਸ਼ਰਧਾ ਵਾਲੇ ਪ੍ਰੇਮ ਨੂੰ ਸਮਝਿਆ। ਜਦ ਪਤੀ-ਪਤਨੀ ਨੇ ਗੁਰੂ ਜੀ ਦੇ ਚਰਨ ਕੰਵਲਾ ਤੇ ਮੱਥਾ ਟੇਕਿਆ, ਤਾਂ ਗੁਰੂ ਜੀ ਨੇ ਉਨ੍ਹਾਂ ਨੂੰ ਸ੍ਰੇਸ਼ਟ ਵਰ ਦਿੱਤਾ॥੧੫॥

'ਤੁਮਰੇ ਉਰ ਗੁਰਮਤਿ ਹੁਇ ਪ੍ਰਾਪਤਿ, ਹਮ ਪ੍ਰਲੋਕ ਮਹਿਂ ਬਨਹਿਂ ਸਹਾਇ।
ਭਗਤਿ ਗ੍ਯਾਨ ਅਭ੍ਯਾਸੋ ਦੰਪਤਿ ਸੱਤਿਨਾਮ ਸਿਮਰਹੁ ਲਿਵਲਾਇ।
ਪ੍ਰਭੁ ਭਾਣੇ ਮਹਿਂ ਹਰਖਹੁ ਹਿਤ ਧਰਿ, ਹਉਮੈ ਤਜਾਗਹੁ ਮਿਥ੍ਯਾ ਭਾਇ।
ਅਨਹੋਵਤਿ ਹੀ ਉਪਜੀ ਹਿਯ ਮਹਿਂ, ਲਖਹੁ ਸਰੂਪ ਜੁ ਸਹਿਜ ਸੁਭਾਇ॥੧੬॥

ਗੁਰੂ ਜੀ ਨੇ ਕਿਹਾ, "ਤੁਹਾਡੇ ਹਿਰਦੇ ਵਿਚ ਗੁਰਮਤਿ ਪ੍ਰਾਪਤ ਹੋਵੇ, ਅਸੀਂ ਪਰਲੋਕ ਵਿਚ ਤੁਹਾਡੇ ਸਹਾਇਕ ਬਣਾਂਗੇ। ਭਗਤੀ ਗਿਆਨ ਦਾ ਅਭਿਆਸ ਕਰੋ ਤੇ ਪਤੀ-ਪਤਨੀ ਲਿਵ ਲਾ ਕੇ ਸਤਿਨਾਮ ਦਾ ਸਿਮਰਨ ਕਰੋ। ਚਿੱਤ ਧਾਰ ਕੇ ਪ੍ਰਭੂ ਦੇ ਭਾਣੇ ਵਿਚ ਪ੍ਰਸੰਨ ਰਹੋ ਤੇ ਝੂਠੀ ਜਾਣ ਕੇ ਹਉਮੈ ਭਾਵਨਾ ਤਿਆਗ ਦੇਵੋ ਕਿਉਂਕਿ ਇਹ ਮਿੱਥ ਹੈ ਤੇ ਅਣਹੁੰਦੀ ਹੀ ਹਿਰਦੇ ਵਿਚ ਪੈਦਾ ਹੋਈ ਹੈ। ਜਿਹੜਾ ਤੁਹਾਡਾ ਸਰੂਪ ਹੈ, ਉਸ ਨੂੰ ਸਹਿਜ ਸੁਭਾਅ ਸਮਝੋ॥੧੬॥

ਹੁਤੋ ਭੂਤ ਜੋ ਰਹੈ ਭਵਿੱਖਤ ਸਤਿ ਚੇਤਨ ਆਨੰਦ ਪ੍ਰਮਾਨਿ।
ਸੋ ਸਰੂਪ ਤੁਮ ਅਪਨੋ ਜਾਨਹੁ ਨਹਿਂ ਉਪਜੈ ਨਹਿਂ ਹੋਵਤਿ ਹਾਨ।
ਸੂਖਮ ਤੇ ਅਤਿ ਸੂਖਮ ਹੈ ਨਿਤ, ਅਹੈ ਮਹਦ ਤੇ ਮਹਦ ਮਹਾਨ।
ਅੰਤਹਿਕਰਣ ਉਪਾਧੀ ਸੋਂ ਮਿਲਿ ਇੰਦ੍ਰਿਜ ਸੋਂ ਸਬੰਧ ਪੁਨ ਠਾਨਿ॥ ੧੭॥

ਜਿਹੜਾ ਭੂਤ ਕਾਲ ਵਿਚ ਸੀ ਉਹ ਭਵਿੱਖ ਕਾਲ ਵਿਚ ਰਹੇ ਉਸ ਨੂੰ ਸਤਚੇਤਨ ਆਨੰਦ ਜਾਣੋ। ਉਹ ਸਰੂਪ ਤੁਸੀਂ ਆਪਣਾ ਜਾਣੋ, ਨਾ ਇਹ ਉਪਜਦਾ ਹੈ ਤੇ ਨਾ ਇਸ ਦਾ ਨਾਸ਼ ਹੁੰਦਾ ਹੈ। ਇਹ ਸਦਾ ਸੂਖਮ ਤੋਂ ਸੂਖਮ ਹੈ, ਪਰ ਵੱਡੇ ਤੋਂ ਵੱਡਾ ਮਹਾਨ ਹੈ। ਅੰਤਹਿਕਰਣ ਪਦਵੀ ਨੂੰ ਮਿਲ ਕੇ, ਇੰਦਰਿਆਂ ਨਾਲ ਸੰਬੰਧ ਫਿਰ ਬਣਾਇ॥੧੭॥

ਹਰਖ ਸੋਗ ਕੇ ਭਾਗੀ ਬਨਿ ਕਰਿ ਜਨਮ ਮਰਨ ਕੋ ਪੁਨ ਪੁਨ ਪਾਇ।
ਨਹਿਂ ਸੰਖ੍ਯਾ ਪੂਰਬ ਤਨ ਧਾਰਨ ਚੌਰਾਸੀ ਲਖ ਜੂਨ ਭ੍ਰਮਾਇ।

ਆਗੇ ਜੁਗ ਅਸੰਖ ਮਹਿਂ ਜਾਨਹੁ ਧਰਹਿ ਦੇਹਿ, ਭੋਗਹਿ, ਬਿਨਸਾਇ।
ਬਾਰ ਬਾਰ ਜਮ ਕੈ ਬਸ ਪਰਿ ਕੈ ਊਚ ਕਿ ਨੀਚ ਹਰਟ ਕੈ ਭਾਇ॥ ੧੮॥

ਹਰਖ ਸੋਗ ਦਾ ਭਾਗੀ ਬਣ ਕੇ ਜਨਮ ਮਰਨ ਨੂੰ ਬਾਰ-ਬਾਰ ਪਾਉਂਦਾ ਹੈ, ਪਹਿਲਾਂ ਕਿੰਨੇ ਸਰੀਰ ਧਾਰਨ ਕੀਤੇ ਹਨ, ਇਸ ਦੀ ਕੋਈ ਗਿਣਤੀ ਨਹੀਂ ਹੈ, ਚੌਰਾਸੀ ਲੱਖ ਜੂਨਾਂ ਵਿਚ ਭ੍ਰਮਦਾ ਹੈ। ਅੱਗੇ ਅਸੰਖਾਂ ਜੁਗਾਂ ਬਾਅਦ ਦੇਹ ਧਾਰਨ ਕਰੇਗਾ ਭੋਗੇਗਾ, ਫਿਰ ਮਰ ਜਾਵੇਗਾ। ਬਾਰ-ਬਾਰ ਜਮ ਦੇ ਵੱਸ ਪੈ ਕੇ ਖੂਹ ਦੀਆਂ ਟਿੰਡਾਂ ਵਾਂਗ ਕਦੀ ਹੇਠਾਂ ਤੇ ਕਦੇ ਉਪਰ ਭਾਵ ਉੱਚਾ ਨੀਵਾਂ ਹੁੰਦਾ ਰਹੇਗਾ॥੧੮॥

ਜਹਿਂ ਤਨ ਧਰਹਿ ਥਿਰਹਿ ਨਹਿਂ ਕਿਤਹੂੰ, ਬਿਨ ਤਨ ਰਹਹਿ ਨਹੀਂ ਕਿਸ ਕਾਲ।
ਯਾਂਤੇ ਬਡ ਸੰਕਟ ਕੋ ਤਜਾਗਨਿ, ਕਰਹਿ ਭਲੇ ਨਰ ਜਤਨ ਬਿਸਾਲ।
ਇਕ ਸਿਮਰਨ ਸਤਿਨਾਮ ਕਰੇ ਬਿਨ ਫਸਜੋ ਰਹੈ ਇਹ ਨਿਤ ਜਮ ਕਾਲ।
ਬਿਨ ਸਤਿਗੁਰ ਤੇ ਨਾਮ ਨ ਪ੍ਰਾਪਤਿ ਗੁਰਸੇਵਹਿ ਤਬਿ ਹੋਇ ਨਿਹਾਲ ॥੧੯॥

ਜਿਥੇ ਵੀ ਤਨ ਧਾਰਨ ਕਰੇਗਾ, ਉਥੇ ਕਿਤੇ ਵੀ ਸਥਿਰ ਨਹੀਂ ਹੋਵੇਗਾ, ਕਿਸੇ ਸਮੇਂ ਵੀ ਤਨ ਤੋਂ ਬਗੈਰ ਨਹੀਂ ਰਹੇਗਾ। ਇਸ ਲਈ ਵੱਡੇ ਸੰਕਟ ਨੂੰ ਤਿਆਗਣ ਵਾਸਤੇ, ਮਨੁੱਖ ਨੂੰ ਭਲੀ ਪ੍ਰਕਾਰ ਵਿਸ਼ਾਲ ਜਤਨ ਕਰਨੇ ਚਾਹੀਦੇ ਹਨ। ਇਕ ਸਤਿਨਾਮ ਦਾ ਸਿਮਰਨ ਕਰੇ, ਇਹ ਸਦਾ ਜਮ ਕਾਲ ਤੋਂ ਬਚਿਆ ਰਹੇਗਾ। ਸਤਿਗੁਰੂ ਤੋਂ ਬਗੈਰ ਨਾਮ ਪ੍ਰਾਪਤ ਨਹੀਂ ਹੁੰਦਾ ਹੈ, ਗੁਰੂ ਜੀ ਦੀ ਸੇਵਾ ਕਰੇ ਤਦ ਨਿਹਾਲ ਹੋ ਜਾਵੇਗਾ"॥੧੯॥

ਦੋਹਰਾ-ਸੁਨਤਿ ਜੋਧ ਕਹਿ ਜੋਰਿ ਕਰ 'ਲਖਹੁ ਆਪਨੇ ਦਾਸ।
ਰਖਹੁ ਲਾਜ ਨਿਜ ਨਾਮ ਕੀ ਕੀਜਹਿ ਸੁਮਤਿ ਪ੍ਰਕਾਸ਼॥ ੨੦॥

ਇਹ ਸੁਣ ਕੇ ਰਾਇ ਜੋਧ ਨੇ ਹੱਥ ਜੋੜ ਕੇ ਕਿਹਾ, "ਸਾਨੂੰ ਆਪਣਾ ਦਾਸ ਸਮਝੋ ਤੇ ਆਪਣੇ ਨਾਮ ਦੀ ਲਾਜ ਰੱਖੋ, ਸਾਡੇ ਵਿਚ ਸ੍ਰੇਸ਼ਟ ਬੁੱਧੀ ਦਾ ਪ੍ਰਕਾਸ਼ ਕਰੋ॥੨੦॥

ਪ੍ਰਾਤਿ ਹੋਤ ਤਯਾਰੀ ਕਰਹੁਂ ਰੁਚਹਿ ਨ ਤਜਿਬੋ ਸਾਥ।
ਦਰਸ਼ਨ ਤੇ ਆਨੰਦ ਹੁਇ ਲੇਹੁ ਸੰਗ ਮੁਝ ਨਾਥ'॥ ੨੧॥

ਸਵੇਰ ਹੁੰਦਿਆਂ ਤਿਆਰੀ ਕਰੋਗੇ, ਸਾਡੀ ਛੱਡਣ ਦੀ ਰੁਚੀ ਨਹੀਂ ਹੈ, ਦਰਸ਼ਨ ਕਰਕੇ ਬੜਾ ਅਨੰਦ ਪਾਉਂਦਾ ਹਾਂ, ਇਸ ਲਈ ਸਤਿਗੁਰੂ ਜੀ ਮੈਨੂੰ ਵੀ ਆਪਣੇ ਨਾਲ ਲੈ ਲਵੋ"॥੨੧॥

ਪੁਨ ਪ੍ਰਸੰਨ ਹ੍ਵੈ ਸਤਿਗੁਰੂ ਕ੍ਰਿਪਾ ਰਸੀਲੇ ਨੈਨ।
ਪਿਖਿ ਦੰਪਤਿ ਕੇ ਭਾਵ ਕੋ ਕਹਤਿ ਸੁ ਮੁਖ ਤੇ ਬੈਨ॥ ੨੨॥

ਫਿਰ ਪ੍ਰਸੰਨ ਹੋ ਕੇ ਸਤਿਗੁਰੂ ਜੀ ਨੇ ਆਪਣੇ ਰਸੀਲੇ ਨੈਣਾਂ ਨਾਲ ਕਿਰਪਾ ਕੀਤੀ। ਪਤੀ ਪਤਨੀ ਦੇ ਭਾਵ ਨੂੰ ਵੇਖ ਕੇ ਗੁਰੂ ਜੀ ਨੇ ਮੁੱਖ ਤੋਂ ਬਚਨ ਕੀਤੇ॥੨੨॥

'ਅਬਿ ਤੁਮ ਕਾਂਗੜ ਪੁਰਿ ਬਸਹੁ ਰਿਦੈ ਧਾਰਿ ਗੁਰ ਧਯਾਨ।
ਸੱਤਿਨਾਮ ਸਿਮਰਨ ਕਰਹੁ ਦੁਹਿ ਲੋਕਨਿ ਕਲਿਆਨ॥ ੨੩॥

"ਹੁਣ ਤੁਸੀਂ ਕਾਂਗੜ ਪੁਰ ਵਿਚ ਵਸੋ, ਹਿਰਦੇ ਵਿਚ ਗੁਰੂ ਦਾ ਧਿਆਨ ਧਾਰਨ ਕਰੋ, ਸਤਿਨਾਮ ਦਾ ਸਿਮਰਨ ਕਰੋ, ਤੁਹਾਡਾ ਦੋ ਲੋਕਾਂ ਵਿਚ ਕਲਿਆਣ ਹੋਵੇਗਾ॥੨੩॥

ਪੁਨ ਹਮ ਪਠਹਿਂ ਹਕਾਰ ਜਬਿ, ਕੈ ਦਿਨ ਕਿਤਿਕ ਬਿਤਾਇਂ।
ਮਿਲਹੁ ਆਨਿ ਆਨੰਦ ਸੋਂ ਹੁਇ ਡੇਰਾ ਜਿਸ ਥਾਇਂ'॥ ੨੪॥

ਫਿਰ ਜਦ ਅਸੀਂ ਤੁਹਾਨੂੰ ਬੁਲਾਵਾਂਗੇ, ਕਈ ਦਿਨ ਉਥੇ ਆ ਕੇ ਬਤੀਤ ਕਰੋ, ਬੜੇ ਅਨੰਦ ਨਾਲ ਆ ਕੇ ਮਿਲੋ, ਜਿਥੇ ਵੀ ਸਾਡਾ ਡੇਰਾ ਹੋਵੇ' ॥੨੪॥

ਬਹੁਰ ਜੋਧ ਕੀ ਭਾਰਜਾ ਬੋਲੀ ਬਿਨੈ ਸਮੇਤ।
'ਰਾਵਰ ਭੀ ਇਸ ਦੇਸ਼ ਮਹਿਂ ਆਵਹੁ ਕਬਹਿ ਨਿਕੇਤ'॥ ੨੫॥

ਫਿਰ ਜੋਧ ਦੀ ਪਤਨੀ ਬੇਨਤੀ ਸਹਿਤ ਬੋਲੀ, "ਆਪ ਜੀ ਵੀ ਇਸ ਦੇਸ਼ ਵਿਚ ਕਦੀ ਸਾਡੇ ਪਾਸ ਆਵੋ' ॥੨੫॥

ਪੁਨ ਸ੍ਰੀ ਹਰਿਗੋਵਿੰਦ ਕਹਜੋ 'ਰੂਪ ਅਪਰ ਕੋ ਧਾਰਿ।
ਤੁਵ ਸੰਤਤਿ ਕੇ ਸਦਨ ਮਹਿਂ ਬਸੋਂ ਆਨਿ ਤਿਸ ਬਾਰ॥ ੨੬॥

ਫਿਰ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਕਿਹਾ, "ਦੂਸਰਾ ਰੂਪ ਧਾਰ ਕੇ ਤੁਹਾਡੀ ਸੰਤਾਨ ਦੇ ਘਰ ਆ ਕੇ ਕਾਫੀ ਸਮਾਂ ਠਹਿਰਾਂਗੇ॥੨੬॥

ਬੰਸ ਪ੍ਰਵਿਰਤਹਿ ਅਧਿਕ ਸੁਖ, ਤੁਮ ਆਏ ਮਮ ਕਾਜ।
ਹਲਤਿ ਪਲਤਿ ਰੱਖਜਕ ਅਹੋਂ ਭੁਗਤਹੁ ਰਾਜ ਸਮਾਜ'॥ ੨੭॥

ਵੰਸ ਦੇ ਪ੍ਰਵਿਰਤਨ ਹੋਣ ਨਾਲ ਤੁਹਾਨੂੰ ਬਹੁਤ ਸੁੱਖ ਮਿਲੇਗਾ, ਕਿਉਂਕਿ ਤੁਸੀਂ ਮੇਰੇ ਕੰਮ ਆਏ ਹੋ। ਲੋਕ ਪਰਲੋਕ ਮੈਂ ਤੁਹਾਡੀ ਸਹਾਇਤਾ ਕਰਾਂਗਾ ਤੇ ਤੁਸੀਂ ਰਾਜ ਸਮਾਜ ਭੁਗਤੋਗੇ' ॥੨੭॥

ਇਮ ਬਰ ਦਿਯੋ ਬਿਸਾਲ ਕੋ ਦੁਹੁਂ ਲੋਗਨਿ ਸੁਖ ਕੇਰ।
ਦੰਪਤਿ ਪਾਇ ਪ੍ਰਮੋਦ ਕੋ ਸਿਰ ਧਰਿ ਪਦ ਪਰ ਫੇਰ॥ ੨੮॥

ਇਸ ਤਰ੍ਹਾਂ ਬੜਾ ਉੱਤਮ ਵਰ ਦਿੱਤਾ ਅਤੇ ਦੋਵਾਂ ਲੋਕਾਂ ਦਾ ਸੁੱਖ ਬਖਸ਼ਿਆ।ਪਤੀ-ਪਤਨੀ ਬਹੁਤ ਪ੍ਰਸੰਨ ਹੋਏ ਤੇ ਦੁਬਾਰਾ ਚਰਨ ਕੰਵਲਾਂ ਤੇ ਸਿਰ ਧਰਿਆ॥੨੮॥

ਆਸ਼ਿਖ ਦੇ ਸਤਿਗੁਰ ਉਠੇ ਸਿਵਰ ਬਿਰਾਜੇ ਜਾਇ।
ਸੁਪਤਿ ਜਥਾ ਸੁਖ ਜਾਮਨੀ ਪ੍ਰਾਤਿ ਭਈ ਪੁਨ ਆਇ॥ ੨੯॥

ਸਿੱਖਿਆ ਦੇ ਕੇ ਗੁਰੂ ਜੀ ਉੱਠ ਪਏ ਤੇ ਆਪਣੇ ਡੇਰੇ ਵਿਚ ਜਾ ਕੇ ਬਿਰਾਜ ਗਏ। ਸਾਰੀ ਰਾਤ ਬੜੇ ਆਰਾਮ ਨਾਲ ਸੁੱਤੇ ਤੇ ਸਵੇਰ ਹੋਣ ਤੇ ਉੱਠ ਪਏ॥੨੯॥

ਸੌਚ ਸ਼ਨਾਨ ਸੁ ਧਜਾਨ ਕਰਿ ਬਸਤ੍ਰ ਸ਼ਸਤ੍ਰ ਕੋ ਪਾਇ।
ਤਜਾਰਿ ਅਰੂਢਨਿ ਕੋ ਭਏ ਸ੍ਰੀ ਸਤਿਗੁਰ ਸੁਖਦਾਇ॥ ੩੦॥

ਸੋਚ ਇਸ਼ਨਾਨ ਕਰਕੇ ਧਿਆਨ ਧਾਰਨ ਕੀਤਾ ਤੇ ਫਿਰ ਸ਼ਸਤਰ ਬਸਤਰ ਪਾ ਕੇ, ਸੁਖਦਾਈ ਸਤਿਗੁਰੂ ਜੀ, ਘੋੜੇ ਤੇ ਚੜ੍ਹਨ ਵਾਸਤੇ ਤਿਆਰ ਹੋ ਗਏ॥੩੦॥

*ਸੱਤਵੀਂ ਰਾਸ ਦਾ ਅਠਵੰਜਵਾਂ ਅਧਿਆਇ ਸਮਾਪਤ ਹੋਇਆ॥੫੮॥*

☆☆☆

# ਅਧਿਆਇ ਉਣਾਹਠਵਾਂ

*ਫਤੂਹੀ ਕਿਸਾਨ*

ਦੋਹਰਾ- ਤਯਾਰ ਭਏ ਸ੍ਰੀ ਸਤਿਗੁਰੂ ਚਲਿ ਪਹੁਚੇ ਤਿਸ ਕਾਲ।
ਸਾਧੂ ਰੂਪਾ ਦੋਨ ਮਿਲਿ ਬੰਦਤਿ ਪ੍ਰੇਮ ਬਿਸਾਲ॥ ੧॥

ਜਦ ਸਤਿਗੁਰੂ ਜੀ ਤਿਆਰ ਹੋ ਗਏ ਤਾਂ ਉਸ ਸਮੇਂ ਸਾਧੂ ਤੇ ਰੂਪਾ ਦੋਵੇਂ ਪਿਉ-ਪੁੱਤਰ ਚਲ ਕੇ ਉਥੇ ਪਹੁੰਚ ਗਏ ਤੇ ਉਨ੍ਹਾਂ ਬੜੇ ਪ੍ਰੇਮ ਨਾਲ ਬੰਧਨਾ ਕੀਤੀ॥੧॥

ਸੈਯਾ ਛੰਦ- 'ਹਮ ਕੋ ਹੁਕਮ ਅਹੈ ਕਿਸ ਬਿਧਿ ਕੋ, ਮਹਾਰਾਜ ! ਅਬਿ ਦੇਹੁ ਸੁਨਾਇ।
ਦਰਸ਼ਨ ਕੀ ਉਰ ਅਧਿਕ ਲਾਲਸਾ ਜਥਾ ਕਮਲ ਬਾਂਛਤਿ ਦਿਨ ਰਾਇ।
ਕਰੇ ਨਿਹਾਲ ਦੀਨਿ ਬਡਿਆਈ ਜੁਗ ਲੋਕਨ ਕੇ ਬਨੇ ਸਹਾਇ।
ਰਾਵਰ ਕੇ ਮਾਨਿੰਦ ਕ੍ਰਿਪਾਲ ਨ ਰਜ ਕਨ ਤੇ ਸਮ ਮੇਰੁ ਬਨਾਇ' ॥ ੨ ॥

ਸਾਧੂ ਅਤੇ ਰੂਪੇ ਨੇ ਕਿਹਾ, "ਹੇ ਮਹਾਰਾਜ ! ਸਾਨੂੰ ਕਿਸ ਪ੍ਰਕਾਰ ਹੁਕਮ ਹੈ ਹੁਣੇ ਸੁਣਾ ਦੇਵੋ। ਦਰਸ਼ਨਾਂ ਦੀ ਬਹੁਤ ਲਾਲਸਾ ਹੈ, ਜਿਵੇਂ ਕੰਵਲ ਦਾ ਫੁੱਲ ਸੂਰਜ ਨੂੰ ਚਾਹੁੰਦਾ ਹੈ। ਤੁਸੀਂ ਸਾਨੂੰ ਨਿਹਾਲ ਕੀਤਾ ਹੈ ਅਤੇ ਵਡਿਆਈ ਦਿੱਤੀ ਹੈ ਤੇ ਦੋਵਾਂ ਲੋਕਾਂ ਦੇ ਸਹਾਇਕ ਬਣੇ ਹੋ। ਆਪ ਜੀ ਵਰਗਾ ਕੋਈ ਕ੍ਰਿਪਾਲੂ ਨਹੀਂ ਹੈ ਜਿਹੜਾ ਇਕ ਕਿਣਕੇ ਨੂੰ ਸੁਮੇਰ ਪਰਬਤ ਬਣਾ ਦਿੰਦੇ ਹੋ' ॥੨॥

ਕਹਜੋ ਗੁਰੂ 'ਤੁਮ ਕਰਹੁ ਦੇਗ ਕੋ ਸਭਿ ਕੋ ਦੇਹੁ ਅਸਨ ਬਰਤਾਇ।
ਬਰੁ ਅਰੁ ਸ੍ਰਾਪ ਸਫਲ ਹੁਇਂ ਤੁਮਰੇ ਤ੍ਰਿਖੀ ਤੇਗ ਸਮ ਕਾਟਤਿ ਜਾਇਂ।
ਸਤਿ ਸੰਗਤਿ ਕਰ ਸਿਮਰਹੁ ਸਤਿਗੁਰ ਅਪਰ ਰੂਪ ਧਰਿ ਮੈਂ ਪੁਨ ਆਇ।
ਤੁਵ ਸੰਤਤਿ ਸਭਿ ਮਿਲਹਿ ਸੇਵ ਕਰਿ ਅੰਗ ਸੰਗ ਗੁਰ ਤੁਮਹਿ ਸਹਾਇ' ॥੩ ॥

ਗੁਰੂ ਜੀ ਨੇ ਕਿਹਾ, "ਤੁਸੀਂ ਲੰਗਰ ਚਲਾਵੋ ਤੇ ਸਾਰਿਆਂ ਨੂੰ ਲੰਗਰ ਛਕਾਓ, ਤੁਹਾਡਾ ਕਿਹਾ ਹੋਇਆ ਵਰ ਤੇ ਸਰਾਪ ਸਫਲ ਹੋਵੇਗਾ, ਉਹ ਤਿਖੀ ਤਲਵਾਰ ਵਾਂਗ ਕੱਟਦਾ ਜਾਵੇਗਾ। ਸਤਸੰਗਤਿ ਕਰਕੇ ਸਤਿਗੁਰੂ ਦਾ ਸਿਮਰਨ ਕਰੋ, ਹੋਰ ਰੂਪ ਧਾਰ ਕੇ ਫਿਰ ਮੈਂ ਆਵਾਂਗਾ, ਤੁਹਾਡੀ ਸਾਰੀ ਸੰਤਾਨ ਸੇਵਾ ਕਰਕੇ ਮਿਲੇਗੀ, ਗੁਰੂ ਜੀ ਤੁਹਾਡੇ ਅੰਗ ਸੰਗ ਸਹਾਈ ਹੋਣਗੇ' ॥੩॥

ਜੋਧਰਾਇ ਲੇ ਸੰਗ ਬ੍ਰਿੰਦ ਨਰ ਚਰਨ ਕਮਲ ਟੇਕਯੋ ਸਿਰ ਆਇ।
ਭਏ ਅਰੂਢਨ ਸਤਿਗੁਰ ਸ੍ਵਾਮੀ ਪਹੁਂਚਾਵਨ ਹਿਤ ਸਾਥ ਸਿਧਾਇ।
ਦੁੰਦਭਿ ਬਜੇ, ਨਕੀਬ ਪੁਕਾਰਤਿ, ਸੈਨਾ ਚਲੀ ਮਨਹੁਂ ਦਰੀਆਇ।
ਏਕ ਕੋਸ ਪਰ ਥਿਰ ਹੁਇ ਬੋਲੇ 'ਹਟਹੁ ਅਬੈ ਸਾਦਰ ਹਿਤ ਆਇ' ॥ ੪ ॥

ਜੋਧ ਰਾਇ ਨੇ ਬਹੁਤ ਮਨੁੱਖਾਂ ਨੂੰ ਨਾਲ ਲੈ ਕੇ ਚਰਨ ਕੰਵਲਾਂ ਤੇ ਆ ਕੇ ਮੱਥਾ ਟੇਕਿਆ। ਸਤਿਗੁਰੂ ਸਵਾਮੀ ਘੋੜੇ ਤੇ ਚੜ੍ਹ ਗਏ, ਜੋਧ ਰਾਏ ਗੁਰੂ ਜੀ ਨੂੰ ਪਹੁੰਚਾਉਣ ਵਾਸਤੇ ਨਾਲ ਚਲ ਪਿਆ। ਨਗਾਰੇ ਵੱਜਦੇ ਸੀ, ਨਕੀਬ ਪੁਕਾਰਦੇ ਸਨ ਤੇ ਸੈਨਾ

ਦਰਿਆ ਵਾਂਗ ਚੱਲ ਪਈ। ਇਕ ਕੋਹ ਤੇ ਖਲੋ ਕੇ ਗੁਰੂ ਜੀ ਬੋਲੇ, "ਜਿਹੜੇ ਆਦਰ ਅਤੇ ਪਿਆਰ ਕਰਕੇ ਸਾਨੂੰ ਤੋਰਨ ਵਾਸਤੇ ਆਏ ਹਨ, ਉਹ ਹੁਣ ਵਾਪਸ ਮੁੜ ਜਾਣ" ॥੪॥

ਉਤਰਿ ਤੁਰੰਗ ਤੇ ਜੋਧਰਾਇ ਤਬਿ ਅਧਿਕ ਪ੍ਰੇਮ ਤੇ ਪਕਰੇ ਪਾਇ।
'ਅਪਨੋ ਜਾਨਿ ਯਾਦ ਮੁਝ ਰਾਖਹੁ ਲੇਹੁ ਮਿਲਾਇ ਆਪ ਸਹਿਸਾਇ।
ਨਹਿਂ ਬਿਛੁਰਨਿ ਕੋ ਮਨ ਕਬਿ ਕਰਤਾ ਤਊ ਰਾਵਰੀ ਅਮਿਟ ਰਜ਼ਾਇ।
ਤੁਮਰੋ ਸੰਗ ਸਰਬ ਤੇ ਉਤਮ ਅਵਚਲ ਅਨੰਦ ਜਿਨਹੁਂ ਤੇ ਪਾਇ' ॥ ੫ ॥

ਆਪਣੇ ਘੋੜੇ ਤੋਂ ਉਤਰ ਕੇ ਜੋਧ ਰਾਇ ਬਹੁਤ ਪ੍ਰੇਮ ਨਾਲ ਗੁਰੂ ਜੀ ਦੇ ਚਰਨ ਫੜ ਲਏ ਤੇ ਕਿਹਾ, "ਆਪਣਾ ਜਾਣ ਕੇ ਮੈਨੂੰ ਯਾਦ ਰੱਖੋ ਤੇ ਛੇਤੀ ਹੀ ਮੈਨੂੰ ਆਪਣੇ ਨਾਲ ਮੇਲ ਲਵੋ। ਹੁਣ ਵਿਛੜਣ ਨੂੰ ਮਨ ਨਹੀਂ ਕਰਦਾ ਹੈ, ਫਿਰ ਵੀ ਆਪ ਜੀ ਦੀ ਰਜ਼ਾ ਮੋੜ ਨਹੀਂ ਸਕਦੇ। ਤੁਹਾਡਾ ਸੰਗ ਸਭ ਤੋਂ ਉੱਤਮ ਹੈ ਜਿਸ ਆਪ ਜੀ ਤੋਂ ਮਹਾਨ ਅਨੰਦ ਪਾਇਆ ਹੈ ॥੫॥

ਸਤਿਗੁਰ ਕਹਯੋ 'ਮਿਲਯੋ ਤੈਂ ਨਿਤ ਹੀ, ਲੋਕ ਪ੍ਰਲੋਕਹਿਂ ਗੁਰੂ ਸਹਾਇ।
ਤੁਵ ਸੰਤਤਿ ਕੋ ਹਮਰੀ ਸੰਤਤਿ ਪਿਖਿ ਸੇਵਾ ਕੋ ਅਨੰਦ ਉਪਾਇ।
ਗੁਰ ਘਰ ਸੋਂ ਬਡ ਮੇਲ ਭਯੋ ਸ਼ੁਭ, ਯਾਂਤੇ ਰਹਹੁ ਸਦਾ ਸੁਖ ਪਾਇ।
ਬਿਘਨ ਬ੍ਰਿੰਦ ਜੇ ਬਿਬਿਧ ਬਿਧਿਨ ਕੇ ਭਏ ਬਿਨਾਸ਼ਨਿ ਬਨਹਿ ਨ ਕਾਇ' ॥੬॥

ਸਤਿਗੁਰੂ ਜੀ ਨੇ ਕਿਹਾ, "ਤੂੰ ਸਾਡੇ ਨਾਲ ਸਦਾ ਹੀ ਮਿਲਿਆ ਹੈਂ ਲੋਕ ਪ੍ਰਲੋਕ ਵਿਚ ਗੁਰੂ ਜੀ ਤੇਰੇ ਸਹਾਇਕ ਹੋਣਗੇ, ਤੇਰੀ ਸੰਤਾਨ ਨੂੰ ਸਾਡੀ ਸੰਤਾਨ ਸੇਵਾ ਵੇਖ ਕੇ ਅਨੰਦ ਉਪਜਾਇਗੀ। ਗੁਰੂ ਘਰ ਨਾਲ ਤੁਹਾਡਾ ਵੱਡਾ ਮੇਲ ਹੋਇਆ ਹੈ, ਇਸ ਕਰਕੇ ਸਦਾ ਸੁਖ ਪਾ ਕੇ ਰਹੋ। ਵਿਘਨ ਜਿਹੜੇ ਭਿੰਨ-ਭਿੰਨ ਵਿਧੀਆਂ ਨਾਲ ਹੋਏ ਹਨ, ਉਨ੍ਹਾਂ ਨੂੰ ਵਿਨਾਸ਼ ਕਰਨਾ ਕਿਉਂ ਨਹੀਂ ਬਣਦਾ ਹੈ" ॥੬॥

ਇਮ ਕਹਿ ਕਰਯੋ ਹਟਾਵਨ ਘਰ ਕੋ, ਗਯੋ ਚਰਨ ਪੰਕਜ ਲਪਟਾਇ।
ਗਮਨਤਿ ਮੁਰਿ ਮੁਰਿ ਪਾਛੇ ਹੇਰਤਿ ਜਿਸ ਕੈ ਰਿਦੈ ਪ੍ਰੀਤਿ ਅਧਿਕਾਇ।
ਸਿਮਰਤਿ ਸਤਿਗੁਰ ਮੂਰਤਿ ਉਰ ਧਰਿ ਕਰਤਿ ਸਰਾਹਨ ਜਨਨਿ ਸੁਨਾਇ।
'ਨਹੀਂ ਗ਼ਰੀਬਨਿਵਾਜ ਗੁਰੂ ਸਮ ਦਾਸਨਿ ਸੁਖਦ ਰਿਪੁਨਿ ਦੁਖਦਾਇ' ॥ ੭ ॥

ਇਸ ਤਰ੍ਹਾਂ ਕਹਿ ਘਰ ਨੂੰ ਵਾਪਸ ਮੋੜ ਦਿੱਤਾ, ਚਰਨ ਕੰਵਲਾਂ ਤੇ ਮੱਥਾ ਟੇਕ ਕੇ ਚਲਾ ਗਿਆ। ਜਾਂਦਾ ਹੋਇਆ ਮੁੜ-ਮੁੜ ਪਿੱਛੇ ਵੇਖਦਾ ਸੀ, ਜਿਸ ਦੇ ਹਿਰਦੇ ਵਿਚ ਬਹੁਤ ਡੂੰਘੀ ਪ੍ਰੀਤ ਹੈ। ਗੁਰੂ ਜੀ ਦੀ ਮੂਰਤੀ ਨੂੰ ਹਿਰਦੇ ਵਿਚ ਧਾਰਨ ਕਰਕੇ ਸਿਮਰਨ ਕਰਦਾ ਹੈ ਤੇ ਲੋਕਾਂ ਨੂੰ ਸੁਣਾ ਕੇ ਸ਼ਲਾਘਾ ਕਰਦਾ ਹੈ, "ਗੁਰੂ ਵਰਗਾ ਕੋਈ ਵੀ ਗ਼ਰੀਬ-ਨਿਵਾਜ ਨਹੀਂ ਹੈ, ਆਪਣੇ ਸੇਵਕਾਂ ਨੂੰ ਸੁੱਖ ਦਿੰਦੇ ਹਨ ਤੇ ਵੈਰੀਆਂ ਨੂੰ ਦੁੱਖ ਦਿੰਦੇ ਹਨ" ॥੭॥

ਸਾਧੂ ਰੂਪਚੰਦ ਕਰਿ ਬੰਦਨ ਹਟੇ ਗੁਰੂ ਕੀ ਆਇਸੁ ਪਾਇ।
ਜਿਨ ਕੈ ਰਿਦੈ ਬਸੈ ਪ੍ਰਭੁ ਨਿਸ ਦਿਨ ਕਜਾ ਮਹਿਮਾ ਤਿਨ ਕਹੌਂ ਬਨਾਇ।
ਬਿਛੁਰਤਿ ਲੋਚਨ ਤੇ ਜਲ ਢਰਕਯੋ ਨੀਠ ਨੀਠ ਪਾਛੈ ਪਰਿ ਪਾਇ।
ਅਪਰ ਲੋਕ ਭੀ ਦੇ ਕਰਿ ਧੀਰਜ ਕਰੇ ਹਟਾਵਨਿ ਤਬਿ ਸੁਖਦਾਇ ॥ ੮ ॥

ਸਾਧੂ ਅਤੇ ਰੂਪ ਚੰਦ ਵੀ ਬੰਦਨਾ ਕਰਕੇ ਗੁਰੂ ਜੀ ਦੀ ਆਗਿਆ ਪਾ ਕੇ ਪਿੱਛੇ ਮੁੜ ਗਏ। ਜਿਨ੍ਹਾਂ ਦੇ ਹਿਰਦੇ ਵਿਚ ਪ੍ਰਭੂ ਦਿਨ ਰਾਤ ਵੱਸਦਾ ਸੀ। ਉਨ੍ਹਾਂ ਦੀ ਮਹਿਮਾਂ ਕਿਵੇਂ ਬਣਾ ਕੇ ਕਹਾਂ। ਵਿਛੜਣ ਲੱਗਿਆਂ, ਉਨ੍ਹਾਂ ਦੀਆਂ ਅੱਖਾਂ ਵਿਚੋਂ ਜਲ ਵਗਦਾ ਸੀ, ਮਸਾਂ-ਮਸਾਂ ਪਿੱਛੇ ਪੈਰ ਧਰਦੇ ਸਨ। ਤਦ ਸੁਖਦਾਈ ਗੁਰੂ ਜੀ ਨੇ ਹੋਰ ਲੋਕਾਂ ਨੂੰ ਵੀ ਧੀਰਜ ਦੇ ਕੇ ਵਾਪਿਸ ਭੇਜ ਦਿੱਤਾ ॥੮॥

ਗਮਨੇ ਪੰਥ ਬਜਤਿ ਬਡ ਦੁੰਦਭਿ, ਚਮੂੰ ਚਲਤਿ ਨਭ ਧੂਲਿ ਉਡੰਤਿ।
ਕਿਤਿਕ ਕੋਸ ਚਲਿ ਸ੍ਰੀ ਹਰਿਗੋਵਿੰਦ ਡੇਰਾ ਕਰਿ ਨਿਸ ਕੀਨਿ ਬਿਤੰਤਿ।
ਖਿਲਤਿ ਅਖੇਰ ਚਲਤਿ ਚਿਤ ਭਾਵਤਿ ਸਨੇ ਸਨੇ ਮਗ ਸ੍ਰੀ ਭਗਵੰਤ।
ਮਿਲਹਿਂ ਆਇ ਨਰ ਅਰਪਿ ਉਪਾਇਨਿ, ਬੰਦਹਿਂ ਚਰਨ ਕਮਲ ਸੁਖਵੰਤਿ ॥੯॥

ਵੱਡੇ ਨਗਾਰਿਆਂ ਦੇ ਵੱਜਦਿਆਂ ਰਾਹੇ ਰਾਹ ਚਲ ਪਏ, ਸੈਨਾ ਦੇ ਚਲਣ ਨਾਲ ਆਕਾਸ਼ ਵਿਚ ਧੂੜ ਉੱਡ ਰਹੀ ਸੀ। ਕਈ ਕੋਹ ਚਲ ਕੇ ਸਤਿਗੁਰੂ ਜੀ ਨੇ ਇਕ ਥਾਂ ਡੇਰਾ ਕਰਕੇ ਰਾਤ ਗੁਜ਼ਾਰੀ। ਸ਼ਿਕਾਰ ਖੇਡਦੇ ਗੁਰੂ ਜੀ ਚਿੱਤ ਦੀ ਭਾਵਨਾ ਅਨੁਸਾਰ ਹੌਲੀ-ਹੌਲੀ ਮਾਰਗ ਵਿਚ ਚਲੇ ਜਾ ਰਹੇ ਸਨ। ਕਈ ਸਿੱਖ ਆ ਕੇ ਮਿਲਦੇ ਸਨ ਤੇ ਉਪਹਾਰ ਅਰਪਣ ਕਰਕੇ ਸੁਖ ਦਾਤੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕਰਦੇ ਸਨ ॥੯॥

ਗਮਨਹਿਂ ਇਮ ਸੁਖੇਨ ਸ੍ਰੀ ਸਤਿਗੁਰ, ਗੁੱਜਰਵਾਲ ਗ੍ਰਾਮ ਕੋ ਆਇ।
ਸ਼ੁਭ ਸਥਾਨ ਪਿਖਿ ਸਿਵਰ ਕਰ੍ਯੋ ਤਹਿਂ ਉਤਰੀ ਸੈਨਾ ਮਿਸਲ ਬਨਾਇ।
ਸ੍ਰੀ ਹਰਿਗੋਵਿੰਦ ਫਰਸ਼ ਕਰਾਇਵ ਬੈਠਿ ਗਏ ਜੁਤਿ ਨਰ ਸਮੁਦਾਇ।
ਨਿਕਟਿ ਨਿਕਟਿ ਕੇ ਗ੍ਰਾਮ ਸੁਨੀ ਸੁਧਿ ਲਏ ਉਪਾਇਨ ਕੋ ਦਰਸਾਇਂ ॥੧੦॥

ਸਤਿਗੁਰੂ ਜੀ ਇਸ ਤਰ੍ਹਾਂ ਆਰਾਮ ਨਾਲ ਜਾ ਰਹੇ ਸਨ ਤੇ ਚਲਦੇ-ਚਲਦੇ ਗੁਜਰਵਾਲ ਪਿੰਡ ਵਿਚ ਆਏ। ਚੰਗਾ ਸਥਾਨ ਵੇਖ ਕੇ ਡੇਰਾ ਕੀਤਾ ਤੇ ਉਥੇ ਸਾਰੀ ਸੈਨਾ ਟੋਲੇ ਬਣਾ ਕੇ ਉਤਰ ਪਈ। ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਵਿਛਾਉਣੇ ਵਿਛਾਏ ਤੇ ਸਾਰੇ ਮਨੁੱਖਾਂ ਨੂੰ ਲੈ ਕੇ ਬੈਠ ਗਏ। ਜਦ ਲਾਗਲੇ-ਲਾਗਲੇ ਪਿੰਡਾਂ ਨੂੰ ਪਤਾ ਲੱਗਾ ਤਾਂ ਉਹ ਉਪਹਾਰ ਲੈ ਕੇ ਗੁਰੂ ਜੀ ਦੇ ਦਰਸ਼ਨਾਂ ਲਈ ਆ ਗਏ ॥੧੦॥

'ਸ੍ਰੀ ਗੰਗਾ ਘਰ ਮਹਿਂ ਭੀ ਪ੍ਰਾਪਤਿ' ਇਮ ਕਹਿ ਆਵਤਿ ਮੋਦ ਉਪਾਇ।
ਕਿਤਿਕ ਹੋਤਿ ਸਿਖ ਨਵੇਂ ਦਰਸ ਕਰਿ ਕਿਤਿਕ ਪ੍ਰਥਮ ਕੇ ਪਹੁੰਚਹਿ ਧਾਇ।
ਰਹਤਿ ਭੀਰ ਨਿਤ ਸੰਗਤਿ ਕੀ ਬਹੁ ਦਰਸਹਿਂ ਬਿਨੈ ਕਰਹਿਂ ਬਰ ਪਾਇਂ।
ਅੰਨ, ਦੁਗਧ, ਦਧਿ, ਦਰਬ, ਦੁਕੂਲਨਿ, ਤੁਰੰਗ, ਸ਼ਸਤ੍ਰ, ਹਿਤ ਚਹਿਂ ਅਰਪਾਇ ॥੧੧॥

'ਸ੍ਰੀ ਗੰਗਾ ਤਾਂ ਘਰ ਵਿਚ ਹੀ ਵਹਿ ਰਹੀ ਹੈ' ਇਸ ਤਰ੍ਹਾਂ ਕਹਿ ਕੇ ਪ੍ਰਸੰਨ ਹੋ ਕੇ ਆਉਂਦੇ ਸਨ। ਕਈ ਦਰਸ਼ਨ ਕਰਕੇ ਨਵੇਂ ਸਿੱਖ ਬਣਦੇ ਸਨ, ਕਈ ਪਹਿਲਾਂ ਵਾਲੇ ਹੀ ਦੌੜ ਕੇ ਪਹੁੰਚਦੇ ਸਨ। ਸੰਗਤ ਦੀ ਨਿਤ ਭੀੜ ਰਹਿੰਦੀ ਸੀ। ਬਹੁਤ ਦਰਸ਼ਨ ਕਰਦੇ ਸਨ ਤੇ ਬੇਨਤੀ ਕਰਕੇ ਵਰ ਪਾਉਂਦੇ ਸਨ। ਅਨਾਜ, ਦੁੱਧ, ਦਹੀਂ, ਧਨ, ਵਸਤਰ, ਘੋੜੇ, ਸ਼ਸਤਰ ਬੜੀ ਚਾਹਤ ਨਾਲ ਅਰਪਣ ਕਰਦੇ ਸਨ ॥੧੧॥

ਤਹਿਂ ਕੇ ਗਾਹਕ ਵਧ੍ਯੋ ਹੁਤੇ ਬਹੁ ਸੁਨੀ ਤਾਂਹਿ ਸੁਧਿ ਗੁਰ ਭਗਵਾਨ।
ਡੇਰਾ ਕਰ੍ਯੋ ਆਨਿ ਕਰਿ ਬਾਹਰ ਹਰਖ ਰਿਦੈ ਉਪਜਾਇ ਮਹਾਨ।
ਪਿਛਲੇ ਪਹਿਰ ਦਿਵਸ ਕੇ ਆਯਹੁ ਨਰ ਗਨ ਸੰਗ ਲਿਏ ਸਵਧਾਨ।
ਅਧਿਕ ਉਪਾਇਨ ਅਰਪਨ ਕੇ ਤਿਹ ਲ੍ਯਾਇ ਸਦਨ ਤੇ ਰੁਚਿ ਕੋ ਠਾਨਿ ॥੧੨॥

ਉਥੋਂ ਦੇ ਕਿਸਾਨ ਬਹੁਤ ਅਮੀਰ ਸਨ, ਉਨ੍ਹਾਂ ਨੇ ਵੀ ਗੁਰੂ ਭਗਵਾਨ ਬਾਰੇ ਖ਼ਬਰ ਸੁਣੀ, ਜਦ ਉਨ੍ਹਾਂ ਨੂੰ ਪਤਾ ਲੱਗਾ ਕਿ ਗੁਰੂ ਜੀ ਨੇ ਪਿੰਡ ਦੇ ਬਾਹਰ ਆ ਕੇ ਡੇਰਾ ਕੀਤਾ ਹੈ ਤਾਂ ਉਨ੍ਹਾਂ ਦਿਆਂ ਹਿਰਦਿਆਂ ਵਿਚ ਮਹਾਨ ਪ੍ਰਸੰਨਤਾ ਉਤਪੰਨ ਹੋਈ। ਦਿਨ ਦੇ ਪਿਛਲੇ ਪਹਿਰ ਬਹੁਤ ਮਨੁੱਖ ਸੁਚੇਤ ਹੋ ਕੇ ਆਏ। ਉਹ ਬਹੁਤ ਉਪਹਾਰ ਅਰਪਣ ਕਰਨ ਵਾਸਤੇ ਆਪਣੀ ਰੁਚੀ ਅਨੁਸਾਰ ਘਰਾਂ ਤੋਂ ਲੈ ਕੇ ਆਏ ॥੧੨॥

ਖੜਗ ਸਿਪਰ ਨਿਜ ਅੰਗ ਬੰਧਿ ਕਰਿ ਬਾਜ ਹਾਥ ਪਰ ਲਿਯੋ ਬਿਠਾਇ।
ਕੁਛ ਕੂਕਰ ਅਪਨੇ ਸੰਗ ਕਰਿ ਕੈ ਬ੍ਰਿੱਤਿ ਅਖੇਰ ਸਮਾਜ ਬਨਾਇ।
'ਗੁਰ ਕੋ ਮਿਲਿ ਪੁਨ ਚਲਹਿਂ ਵਹਿਰ ਕੋ ਕਰਹਿਂ ਸ਼ਿਕਾਰ ਸਦਨ ਤਬਿ ਆਇ'।
ਇਮ ਕਹਿ ਚਢਿ ਤੁਰੰਗ ਪਰ ਪਹੁਂਚਜੋ ਕਿਤਿਕ ਸਊਰ ਸੰਗ ਦੁਤਿ ਪਾਇ ॥੧੩॥

ਤਲਵਾਰ, ਢਾਲ ਆਪਣੇ ਅੰਗਾਂ ਨੂੰ ਬੰਨ੍ਹ ਕੇ, ਬਾਜ਼ ਨੂੰ ਆਪਣੇ ਹੱਥ ਤੇ ਬਿਠਾ ਲਿਆ, ਕੁਝ ਕੁੱਤੇ ਆਪਣੇ ਨਾਲ ਲੈ ਕੇ ਸ਼ਿਕਾਰ ਖੇਡਣ ਜਾਣ ਦਾ ਸਾਜ਼-ਸਾਮਾਨ ਲਿਆ। "ਗੁਰੂ ਜੀ ਨੂੰ ਮਿਲ ਕੇ ਬਾਹਰ ਨੂੰ ਜਾਂਦੇ ਹਾਂ ਫਿਰ ਸ਼ਿਕਾਰ ਖੇਡ ਕੇ ਵਾਪਸ ਘਰ ਨੂੰ ਆਉਂਦੇ ਹਾਂ।" ਇਸ ਤਰ੍ਹਾਂ ਕਹਿ ਕੇ ਘੋੜੇ ਉੱਤੇ ਚੜ੍ਹ ਕੇ ਪਹੁੰਚ ਗਿਆ, ਕਈ ਸਵਾਰ ਨਾਲ ਲੈ ਕੇ ਬੜੀ ਸ਼ੋਭਾ ਪਾ ਰਿਹਾ ਸੀ॥੧੩॥

ਗੁਰੂ ਸਿਵਰ ਕੇ ਨਿਕਟਿ ਉਤਰਿ ਕਰਿ ਆਗੈ ਕਰਿ ਅਕੋਰ ਸਮੁਦਾਇ।
ਪਹੁਂਚਿ ਸਮੀਪ ਗਹੇ ਪਗ ਪੰਕਜ ਬੰਦਨ ਕਰੀ ਸੀਸ ਕੋ ਨਜਾਇ।
ਬੈਠਜੋ ਨਿਕਟਿ ਬਿਕਟ ਭਟ ਗੁਰ ਕੇ ਦੇਖਤਿ ਭਯੋ ਸ਼ੇਰ ਸਮਤਾਇ।
ਰਣ ਕੀ ਬਾਤ ਬੂਝਿ ਹਰਖਾਯੋ ਬਿਧੀ ਚੰਦ ਸਭਿ ਕਹੀ ਸੁਨਾਇ॥ ੧੪ ॥

ਗੁਰੂ ਜੀ ਦੇ ਡੇਰੇ ਦੇ ਨੇੜੇ ਜਾ ਕੇ ਘੋੜੇ ਤੋਂ ਉਤਰ ਕੇ ਹੱਥ ਅੱਗੇ ਕਰਕੇ ਉਪਹਾਰ ਰੱਖੇ, ਤੇ ਗੁਰੂ ਜੀ ਦੇ ਪਾਸ ਪਹੁੰਚ ਕੇ ਸਿਰ ਨਿਵਾ ਕੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ। ਫਿਰ ਗੁਰੂ ਜੀ ਦੇ ਅਜਿਤ ਸੂਰਮਿਆਂ ਦੇ ਪਾਸ ਜਾ ਬੈਠਾ ਤੇ ਗੁਰੂ ਜੀ ਨੂੰ ਸ਼ੇਰ ਬਰਾਬਰ ਵੇਖ ਰਿਹਾ ਸੀ। ਰਣਖੇਤਰ ਦੀ ਗੱਲ ਪੁੱਛ ਕੇ ਬਹੁਤ ਪ੍ਰਸੰਨ ਹੋਇਆ, ਬਿਧੀ ਚੰਦ ਨੇ ਉਸ ਨੂੰ ਸਾਰੀ ਕਹਾਣੀ ਕਹਿ ਕੇ ਸੁਣਾਈ॥੧੪॥

ਸ੍ਰੀ ਹਰਿਗੋਵਿੰਦ ਕੁਸ਼ਲ ਪ੍ਰਸ਼ਨ ਕਰਿ, ਕਰ ਪਰ ਬਾਜ਼ ਬਿਲੋਕਨਿ ਕੀਨਿ।
ਬੂਝਤਿ ਭਏ 'ਕਹਹੁ ਇਹੁ ਕਸ ਹੈ ? ਗਹੈ ਬਿਹੰਗਮ ਕਿਮ ਬਲ ਪੀਨ ?।
ਸੀਛਤਿ ਕਰਜੋ ਕਿ ਨਹਿਂ ਅਬਿ ਲੋ ਇਹੁ ਕਿਤ ਤੇ ਆਇ, ਕਿਧੋਂ ਮੁਲ ਲੀਨਿ।
ਕਿਤਿਕ ਕਾਲ ਕੋ ਤੁਮ ਸਮੀਪ ਹੈ ? ਕਰਨਿ ਅਖੇਰ ਸ਼ੌਕ ਚਿਤ ਲੀਨ' ॥੧੫॥

ਸ੍ਰੀ ਹਰਿਗੋਬਿੰਦ ਜੀ ਨੇ ਸੁਖਸਾਂਦ ਪੁੱਛ ਕੇ, ਉਸ ਦੇ ਹੱਥ ਉੱਤੇ ਬੈਠੇ ਬਾਜ਼ ਨੂੰ ਵੇਖਿਆ। ਪੁੱਛਣ ਲੱਗੇ, "ਦੱਸੋ ਇਹ ਬਾਜ਼ ਕੈਸਾ ਹੈ, ਇਹ ਬਲਵਾਨ ਪੰਛੀਆਂ ਨੂੰ ਕਿਵੇਂ ਫੜਦਾ ਹੈ ? ਇਹ ਸਿੱਖਿਆ ਹੈ ਕਿ ਹਾਲੇ ਤਕ ਉਸ ਤਰ੍ਹਾਂ ਹੀ ਹੈ, ਇਹ ਕਿਥੋਂ ਆਇਆ ਹੈ ਜਾਂ ਮੁੱਲ ਲਿਆ ਹੈ। ਕਿੰਨੇ ਚਿਰਾਂ ਤੋਂ ਇਹ ਤੇਰੇ ਪਾਸ ਹੈ ? ਕੀ ਸ਼ਿਕਾਰ ਖੇਡਣ ਦੇ ਸ਼ੌਕ ਨਾਲ ਰਖਿਆ ਹੈ" ॥੧੫॥

ਨਾਮ ਫਤੂਹੀ ਰਾਹਕ ਕੋ ਤਿਹ, ਕਹਤਿ ਭਯੋ 'ਸੁਨੀਜਹਿ ਮਹਾਂਰਾਜ !।
ਦੂਰ ਦੇਸ਼ ਕੋ ਮੁਝ ਢਿਗ ਆਯਹੁ ਇਹੁ ਸੁੰਦਰ ਸੀਛਤਿ ਹੈ ਬਾਜ।
ਝਪਟਤਿ ਬਡੇ ਬਿਹੰਗਨਿ ਗਨ ਕੋ ਰਾਖਜੋ ਮੈਂ ਅਖੇਰ ਕੇ ਕਾਜ।
ਬਹੁ ਬਿਧਿ ਸੌਂ ਇਸ ਪਾਰਨ ਕਰਿਹੌਂ ਜਤਨ ਅਨੇਕਨਿ ਕੋ ਉਪਰਾਜ॥ ੧੬ ॥

ਉਸ ਕਿਸਾਨ ਦਾ ਨਾਮ ਫਤੂਹੀ ਸੀ, ਕਹਿਣ ਲੱਗਾ, "ਮਹਾਰਾਜ ! ਸੁਣੋ ਇਹ ਬੜੇ ਦੂਰ ਦੇਸ਼ ਤੋਂ ਮੇਰੇ ਪਾਸ ਆਇਆ ਹੈ, ਇਹ ਸੁੰਦਰ ਸਿਖਿਆ ਹੋਇਆ ਬਾਜ਼ ਹੈ, ਝਪਟਾ ਮਾਰ ਕੇ ਵੱਡੇ-ਵੱਡੇ ਪੰਛੀਆਂ ਨੂੰ ਫੜ ਲੈਂਦਾ ਹੈ, ਮੈਂ ਇਸ ਨੂੰ ਸ਼ਿਕਾਰ ਖੇਡਣ ਵਾਸਤੇ ਰੱਖਿਆ ਹੈ। ਬਹੁਤ ਵਿਧੀਆਂ ਨਾਲ ਇਸ ਦੀ ਪਾਲਣਾ ਕੀਤੀ ਹੈ ਤੇ ਅਨੇਕ ਯਤਨ ਕਰਕੇ ਇਸ ਨੂੰ ਰੱਖਿਆ ਹੈ॥੧੬॥

ਖਾਨ ਪਾਨ ਇਸ ਕੋ ਨਿਜ ਹਾਥਨਿ ਕਰਤਿ ਰਹੌਂ ਮੈਂ ਨਿਕਟਿ ਰਖਾਇ।
ਅਧਿਕ ਅਖੇਰ ਤਮਾਸ਼ ਦਿਖਾਵਤਿ ਕੋ ਖਗ ਝਪਟੇ ਨਹਿਂ ਬਚ ਜਾਇ।
ਜੇ ਬਾਜਨਿ ਕੇ ਗੁਨ ਸਭਿ ਧਾਰਤਿ ਕਰਿ ਤਰੀਫ ਮੈਂ ਕਿਤਿਕ ਸੁਨਾਇ।
ਨਿਸਬਾਸੁਰ ਮਹਿਂ ਨਹਿਂ ਬਿਸਾਹ ਕਰਿ, ਰਾਖੌਂ ਨਿਤ ਹੀ ਨਿਕਟਿ ਬਿਠਾਇ' ॥੧੭॥

ਮੈਂ ਇਸ ਨੂੰ ਆਪਣੇ ਪਾਸ ਰੱਖ ਕੇ, ਇਸ ਦਾ ਖਾਣ ਪੀਣ ਆਪਣੇ ਹੱਥਾਂ ਨਾਲ ਕਰਾਉਂਦਾ ਹਾਂ, ਸ਼ਿਕਾਰ ਖੇਡਦਾ ਬਹੁਤ ਤਮਾਸ਼ਾ ਵਿਖਾਉਂਦਾ ਹੈ, ਜਿਸ ਪੰਛੀ ਤੇ ਝਪਟਾ ਮਾਰਦਾ ਹੈ, ਉਹ ਫਿਰ ਬਚ ਨਹੀਂ ਸਕਦਾ। ਜੋ ਬਾਜ਼ਾਂ ਦੇ ਗੁਣ ਹਨ, ਉਹ ਸਾਰੇ ਰਖਦਾ ਹੈ, ਮੈਂ ਇਸ ਦੀ ਕਿਥੋਂ ਤਕ ਸਿਫਤ ਸੁਣਾਵਾਂ। ਮੈਂ ਦਿਨ ਰਾਤ ਇਸ ਦਾ ਵਿਸਾਹ ਨਹੀਂ ਕਰਦਾ ਹਾਂ ਤੇ ਸਦਾ ਹੀ ਆਪਣੇ ਪਾਸ ਬਿਠਾ ਰਖਦਾ ਹਾਂ' ॥੧੭॥

ਸੁਨਤਿ ਬਾਜ਼ ਗੁਨ ਸਤਿਗੁਰ ਬੋਲੇ 'ਪਜਾਰੀ ਵਸਤੁ ਗੁਰੂ ਅਰਪੰਤਿ।
ਤਿਸ ਕੋ ਫਲ ਅਤਿਸ਼ੈ ਹੁਇ ਪ੍ਰਾਪਤਿ, ਯਾਂਤੇ ਹਮ ਕੋ ਦੇਹੁ ਸੁਹੰਤਿ।
ਕਰਹਿਂ ਅਖੇਰ ਸੰਗ ਅਬਿ ਇਸ ਕੇ ਹੇਰਹਿਂ ਗੁਨ ਜੇਤਿਕ ਬਰਨੰਤਿ।
ਕਿਮ ਝਪਟਤਿ ਹੈ ਬਡੇ ਬਿਹੰਗਮ, ਕਿਮ ਕਰਿ ਬੇਗ ਉਡਤਿ ਪਕਰੰਤਿ' ॥੧੮॥

ਬਾਜ ਦੇ ਗੁਣ ਸੁਣ ਕੇ ਸਤਿਗੁਰੂ ਜੀ ਬੋਲੇ, "ਇਹ ਪਿਆਰੀ ਵਸਤੂ ਗੁਰੂ ਨੂੰ ਅਰਪਣ ਕਰੋ, ਉਸ ਦਾ ਬਹੁਤ ਵੱਡਾ ਫਲ ਪ੍ਰਾਪਤ ਹੋਵੇਗਾ, ਇਸ ਕਰਕੇ ਸਾਨੂੰ ਦੇਣਾ ਤੈਨੂੰ ਸ਼ੋਭਦਾ ਹੈ। ਇਸ ਦੇ ਨਾਲ ਸ਼ਿਕਾਰ ਖੇਡੀਏ ਤੇ ਸਾਰੇ ਇਸ ਦੇ ਗੁਣ ਵੇਖੀਏ, ਜਿਨ੍ਹਾਂ ਦਾ ਤੂੰ ਵਰਣਨ ਕੀਤਾ ਹੈ। ਕਿਵੇਂ ਝਪਟਾ ਮਾਰ ਕੇ ਵੱਡੇ ਪੰਛੀਆਂ ਨੂੰ ਫੜਦਾ ਹੈ, ਕਿਵੇਂ ਤੇਜ਼ੀ ਕਰਕੇ ਉੱਡ ਕੇ ਫੜਦਾ ਹੈ' ॥੧੮॥

ਸੁਨਤਿ ਫਤੂਹੀ ਅਰਜ਼ ਗੁਜਾਰੀ 'ਸ੍ਰੀ ਪ੍ਰਭੁ! ਮੁਝ ਤੇ ਦਿਯੋ ਨ ਜਾਇ।
ਅਧਿਕ ਪ੍ਰੇਮ ਹੈ ਇਸ ਮਹਿਂ ਮਨ ਕੋ, ਨਹਿਂ ਨਜਾਰੋ ਮੈਂ ਕਰੌਂ ਕਦਾਇ।
ਦੇਸ਼ ਬਿਦੇਸ਼ਨਿ ਸਗਰੀ ਦਿਸ਼ਿ ਤੇ ਤੁਮ ਕੇ ਵਸਤੁ ਚਲੀ ਗਨ ਆਇ।
ਮੁਝ ਢਿਗ ਤੇ ਇਕ ਇਹੀ ਬਾਜ਼ ਹੈ ਪ੍ਰਿਯ ਮਨ ਕੋ ਮੈਂ ਰਖੌਂ ਬਨਾਇ' ॥੧੯॥

ਇਹ ਸੁਣ ਕੇ ਫਤੂਹੀ ਨੇ ਬੇਨਤੀ ਕੀਤੀ, 'ਹੇ ਪ੍ਰਭੂ ਜੀ! ਮੈਥੋਂ ਇਹ ਦਿੱਤਾ ਨਹੀਂ ਜਾਣਾ ਹੈ, ਮੇਰੇ ਮਨ ਦਾ ਇਸ ਨਾਲ ਬਹੁਤ ਪਿਆਰ ਹੈ, ਮੈਂ ਇਸ ਨੂੰ ਕਦੇ ਵੀ ਆਪਣੇ ਨਾਲੋਂ ਵਖਰਾ ਨਹੀਂ ਕਰਦਾ ਹਾਂ। ਤੁਹਾਡੇ ਪਾਸ ਦੇਸ਼ਾਂ ਵਿਦੇਸ਼ਾਂ ਸਭ ਪਾਸਿਆਂ ਤੋਂ ਵਸਤਾਂ ਚਲੀਆਂ ਆਉਂਦੀਆਂ ਹਨ, ਮੇਰੇ ਪਾਸ ਇਕ ਇਹੀ ਬਾਜ ਹੈ, ਮੇਰੇ ਮਨ ਨੂੰ ਬਹੁਤ ਪਿਆਰਾ ਲੱਗਦਾ ਹੈ, ਮੈਂ ਇਸ ਨੂੰ ਚੰਗੀ ਤਰ੍ਹਾਂ ਬਣਾ ਕੇ ਰਖਾਂਗਾ' ॥੧੯॥

ਸ੍ਰੀ ਗੁਰ ਲਖੀ, ਕ੍ਰਿਪਨ ਇਹ ਮਨ ਕੋ, ਕਰਜੋ ਬਚਨ ਤਿਸ ਕੋ ਤਤਕਾਲ।
'ਜੇ ਗੁਰ ਉਚਿਤ ਵਸਤੁ ਕੁਛ ਹੋਵਹਿ ਸੋ ਪਹੁਚੈਗੀ ਆਇ ਉਤਾਲ।
ਨਹਿਂ ਦੇਵਨਿ ਕੋ ਅਪਜਸੁ ਲੇਵਨਿ ਸੋ ਪ੍ਰਾਪਤਿ ਹੀ ਹੋਤਿ ਬਿਸਾਲ'।
ਮੂਢ ਫਤੂਹੀ ਲਖਿ ਨਹਿਂ ਸਾਕਹਿ ਕਰਿ ਅਭਿਬੰਦਨ ਉਠਿ ਤਬਿ ਚਾਲਿ ॥੨੦॥

ਸ੍ਰੀ ਗੁਰੂ ਜੀ ਸਮਝ ਗਏ, "ਇਹ ਬੜਾ ਕੰਜੂਸ ਹੈ।" ਗੁਰੂ ਜੀ ਨੇ ਫਿਰ ਉਸ ਨੂੰ ਤੁਰਤ ਬਚਨ ਕੀਤਾ, "ਜੇ ਕੋਈ ਵਸਤੂ ਗੁਰੂ ਜੀ ਦੇ ਉਚਿਤ ਹੋਵੇ ਤਾਂ ਉਹ ਬਹੁਤ ਛੇਤੀ ਗੁਰੂ ਜੀ ਪਾਸ ਪਹੁੰਚ ਜਾਂਦੀ ਹੈ। ਉਹ ਨਾ ਦੇਣ ਦਾ ਅਪੱਜਸ ਲੈਂਦੇ ਹਨ ਤੇ ਫਿਰ ਉਹ ਵਸਤੂ ਤੁਰਤ ਸਾਨੂੰ ਪ੍ਰਾਪਤ ਹੋ ਜਾਂਦੀ ਹੈ।" ਮੂਰਖ ਫਤੂਹੀ ਸਮਝ ਨਾ ਸਕਿਆ ਤੇ ਬੰਦਨਾ ਕਰਕੇ ਉੱਠ ਕੇ ਚਲੇ ਗਿਆ ॥੨੦॥

ਭਾ ਮਨ ਭੰਗ ਬਿਰਸ ਗੁਰ ਸੰਗਹਿ, ਗਯੋ ਨ ਵਹਿਰ, ਹਟਜੋ ਘਰ ਆਇ।
ਪਿਖਿ ਆਡੇ ਪਰ ਬਾਜ ਬਿਠਾਇਵ ਆਪ ਮੰਚ ਪਰ ਥਿਰਜੋ ਤਦਾਇ।
ਚਿਤਵਤਿ ਚਿਤ 'ਗੁਰ ਜਾਚਨ ਕੀਨਸਿ, ਪ੍ਰਿਯ ਮਨ ਕੋ ਕਿਮ ਦਿਯੋ ਨ ਜਾਇ।
ਕਰ ਪਰ ਮੈਂ ਬਿਠਾਇ ਕਰਿ ਗਮਨਜੋ ਨਹਿਂ ਨੀਕੀ ਇਹੁ ਤਿਨਹੁਂ ਦਿਖਾਇ' ॥੨੧॥

ਗੁਰੂ ਜੀ ਨਾਲ ਬਹਿਸ ਕਰਨ ਨਾਲ ਮਨ ਭੰਗ ਹੋ ਗਿਆ ਤੇ ਫਿਰ ਬਾਹਰ ਨਾ ਗਿਆ, ਵਾਪਸ ਘਰ ਨੂੰ ਆ ਗਿਆ। ਅੱਡਾ ਵੇਖ ਕੇ ਉਤੇ ਬਾਜ਼ ਬਿਠਾ ਦਿੱਤਾ ਤੇ ਆਪ ਮੰਜੇ ਤੇ ਬੈਠ ਗਿਆ। ਮਨ ਵਿਚ ਸੋਚਦਾ ਸੀ, "ਗੁਰੂ ਜੀ ਨੇ ਬਾਜ਼ ਮੰਗਿਆ ਹੈ, ਮੇਰੇ ਮਨ ਨੂੰ ਬਹੁਤ ਪਿਆਰਾ ਲੱਗਦਾ ਹੈ, ਦਿੱਤਾ ਨਹੀਂ ਜਾਂਦਾ। ਹੱਥ ਉਤੇ ਬਿਠਾ ਕੇ ਮੈਂ ਬਾਜ਼ ਨੂੰ ਲੈ ਕੇ ਗਿਆ, ਉਨ੍ਹਾਂ ਨੂੰ ਬਾਜ਼ ਵਿਖਾ ਕੇ ਮੈਂ ਚੰਗੀ ਗੱਲ ਨਹੀਂ ਕੀਤੀ ਹੈ' ॥੨੧॥

ਰਿਦੈ ਬਿਚਾਰਤਿ ਬਾਜ਼ ਨਿਹਾਰਤਿ ਇਕ ਰੇਸ਼ਮ ਡੋਰਾ ਤਿਸ ਪਾਸ।
ਗਹਤਿ ਚੋਂਚ ਮੈ ਨਿਗਲ ਗਯੋ ਤਬਿ ਦਿਖਤਿ ਫਤੂਹੀ ਰਹਿਗਾ ਤਾਸ।
ਤੂਰਨ ਕਰਤਜੋਂ ਗਹਤਿ ਰਹਜੋ ਤਿਹ, ਨਹਿਂ ਬਚਾਵ ਹੋਯਹੁ, ਪਛੁਤਾਸੁ।
ਅੰਤਰ ਗਯੋ ਬਿਹਾਲ ਭਯੋ ਤਬਿ ਲੋਟ ਪੋਟ ਦੁਖ ਤੇ ਜਿਮ ਨਾਸ਼॥ ੨੨॥

ਹਿਰਦੇ ਵਿਚ ਵਿਚਾਰ ਕੇ ਬਾਜ਼ ਨੂੰ ਵੇਖ ਰਿਹਾ ਸੀ, ਇਕ ਰੇਸ਼ਮ ਦੀ ਡੋਰ ਬਾਜ਼ ਦੇ ਪਾਸ ਸੀ। ਉਸ ਨੂੰ ਚੁੰਝ ਵਿਚ ਫੜ ਕੇ ਨਿਗਲ ਗਿਆ, ਫਤੂਹੀ ਉਸ ਨੂੰ ਵੇਖਦਾ ਹੀ ਰਹਿ ਗਿਆ, ਫਿਰ ਉਸ ਨੂੰ ਛੇਤੀ ਕਰਕੇ ਫੜਦਾ ਹੀ ਰਹਿ ਗਿਆ, ਬਚਾਵ ਨਾ ਹੋਇਆ ਤਾਂ ਬਹੁਤ ਪਛਤਾਇਆ। ਡੋਰ ਜਦ ਬਾਜ਼ ਦੇ ਅੰਦਰ ਚਲੀ ਗਈ ਤਾਂ ਉਹ ਬਹੁਤ ਬੇਹਾਲ ਹੋ ਗਿਆ ਤੇ ਉਹ ਦੁਖ ਨਾਲ ਲੋਟ-ਪੋਟ ਹੋ ਰਿਹਾ ਸੀ ਜਿਵੇਂ ਮਰ ਹੀ ਚਲਿਆ ਸੀ॥੨੨॥

ਘਨੇ ਉਪਾਵਨ ਕਰਤਿ ਫਤੂਹੀ ਭਯੋ ਬਾਜ ਜਿਮ ਪ੍ਰਾਨਨਿ ਹਾਨ।
ਜਾਤਿ ਹਾਥ ਤੇ ਮ੍ਰਿਤਕ ਹੋਇ ਅਬਿ ਗੁਰ ਗਾਥਾ ਮਨ ਮਹਿਂ ਤਬਿ ਆਨਿ।
'ਦੇਵੌਂ ਤਿਨਹਿਂ ਮਰਨ ਅਬਿ ਲਾਗਜੋ, ਬਨੌਂ ਸਮੁਖ ਤਿਨ ਬਾਕ ਸੁ ਮਾਨਿ।
ਪੁਨਿ ਮਰਿ ਜਾਇ ਰਹੈ ਕੈ ਜੀਵਤਿ, ਉਤਰਹਿ ਦੋਸ਼ ਕੀਨਿ ਅਗਜਾਨ॥ ੨੩॥

ਫਤੂਹੀ ਨੇ ਬਹੁਤ ਉਪਾਅ ਕੀਤੇ, ਬਾਜ਼ ਦੇ ਪ੍ਰਾਣਾਂ ਦਾ ਜਿਵੇਂ ਨਾਸ਼ ਹੋ ਗਿਆ ਹੋਵੇ। ਹੁਣ ਇਹ ਹੱਥੋਂ ਚਲੇ ਜਾਵੇਗਾ, ਇਹ ਮਰ ਜਾਵੇਗਾ ਤੇ ਗੁਰੂ ਜੀ ਦੀ ਗਾਥਾ ਮਨ ਵਿਚ ਯਾਦ ਆਈ। "ਇਹ ਹੁਣ ਗੁਰੂ ਜੀ ਨੂੰ ਦੇ ਦਿੰਦਾ ਹਾਂ, ਇਹ ਹੁਣ ਮਰਨ ਲੱਗਾ ਹੈ, ਉਨ੍ਹਾਂ ਦਾ ਬਚਨ ਮੰਨ ਕੇ ਸਨਮੁਖ ਹੋਵਾਂਗਾ। ਫਿਰ ਮਰ ਜਾਵੇ ਜਾਂ ਜੀਉਂਦਾ ਰਹੇ, ਮੇਰਾ ਦੋਸ਼ ਉਤਰ ਜਾਵੇ, ਜਿਹੜਾ ਮੈਂ ਅਗਿਆਨਤਾ ਵੱਸ ਕੀਤਾ ਹੈ॥੨੩॥

ਬਚਨ ਨ ਮਾਨਜੋ ਮੈਂ ਗੁਰ ਕੋ ਤਬਿ ਕਿਧੋਂ ਭਯੋ ਅਪਰਾਧ ਜੁ ਸੋਇ।
ਦੇਨੋ ਉਚਿਤ ਹੁਤੋ, ਮੈਂ ਦੀਯ ਨ, ਯਾਂਤੇ ਦਸ਼ਾ ਬਾਜ਼ ਅਸ ਹੋਇ।
ਏਵ ਬਿਚਾਰਤਿ ਤੁਰਤ ਤੁਰੰਗ ਚਢਿ ਲੇਕਰਿ ਚਲਜੋ ਬਿਲਮ ਕੋ ਖੋਇ।
ਸ਼ੀਘ੍ਰ ਪਹੂੰਚਜੋ ਗੁਰੂ ਨਿਕਟਿ ਸੋ ਦੀਨ ਮਨਾ ਚਿਤ ਲਾਜ ਪਰੋਇ॥ ੨੪॥

ਮੈਂ ਤਦ ਗੁਰੂ ਜੀ ਦਾ ਬਚਨ ਨਹੀਂ ਮੰਨਿਆ ਹੈ, ਇਹ ਮੈਥੋਂ ਅਪਰਾਧ ਹੋਇਆ ਹੈ। ਬਾਜ਼ ਦੇਣਾ ਉਚਿਤ ਸੀ ਪਰ ਮੈਂ ਦਿੱਤਾ ਨਹੀਂ, ਇਸ ਕਰਕੇ ਬਾਜ਼ ਦੀ ਇਹ ਦਸ਼ਾ ਹੋਈ ਹੈ।" ਇਹ ਵਿਚਾਰ ਕੇ ਤੁਰਤ ਘੋੜੇ ਤੇ ਚੜ੍ਹ ਕੇ, ਕਿਸੇ ਦੇਰ ਤੋਂ ਬਗੈਰ ਬਾਜ਼ ਨੂੰ ਲੈ ਕੇ ਚਲ ਪਿਆ। ਛੇਤੀ ਹੀ ਗੁਰੂ ਜੀ ਪਾਸ ਪਹੁੰਚ ਗਿਆ ਤੇ ਮਨ-ਚਿੱਤ ਲਾਜ ਵਿਚ ਪਰੋ ਕੇ ਬਾਜ਼ ਦੇ ਦਿੱਤਾ॥੨੪॥

ਬਾਜ ਬਿਠਾਇ ਗੁਰੂ ਕੇ ਆਗੇ ਕਰ ਜੋਰੇ ਜੁਗ ਬਿਨੈ ਬਖਾਨਿ।
'ਮਹਾਰਾਜ ! ਇਹੁ ਰਾਵਰ ਕੋ ਅਬਿ ਲੀਜਹਿ ਨਿਜ, ਕੀਜਹਿ ਸਵਧਾਨ।
ਬਾਕ ਨ ਮਾਨਜੋ ਭਯੋ ਦੋਸ਼ ਬਡ ਲੈ ਅਬਿ ਬਖਸ਼ਹੁ ਕ੍ਰਿਪਾ ਨਿਧਾਨ !।
ਭੂਲਨਹਾਰ ਸਦਾ ਇਹੁ ਪ੍ਰਾਨੀ ਬਖਸ਼ਨਹਾਰ ਸੁ ਆਪ ਮਹਾਨ' ॥ ੨੫॥

ਬਾਜ ਨੂੰ ਗੁਰੂ ਜੀ ਅੱਗੇ ਬਿਠਾ ਕੇ, ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ, "ਮਹਾਰਾਜ ! ਇਹ ਹੁਣ ਆਪ ਦਾ ਹੋਇਆ, ਆਪਣੇ ਪਾਸ ਲੈ ਲਵੋ ਤੇ ਇਸ ਨੂੰ ਸੁਚੇਤ ਕਰੋ। ਤੁਹਾਡਾ ਬਚਨ ਨਹੀਂ ਮੰਨਿਆ ਹੈ, ਦੋਸ਼ ਲੱਗਾ ਹੈ, ਹੁਣ ਇਸ ਨੂੰ ਲੈ ਕੇ ਮੈਨੂੰ ਬਖਸ਼ ਦੇਵੋ, ਇਹ ਪ੍ਰਾਣੀ ਸਦਾ ਭੁਲਣਹਾਰ ਹੈ ਤੇ ਆਪ ਜੀ ਸਦਾ ਵੱਡੇ ਬਖਸ਼ਣਹਾਰ ਹੋ" ॥੨੫॥

'ਕਹਾਂ ਭਯੋ ?' ਤਬਿ ਸਤਿਗੁਰ ਬੂਝਜੋ, ਸੁਨਤਿ ਫਤੂਹੀ ਸਗਲ ਬਤਾਇ।
'ਤੁਮ ਢਿਗ ਤੇ ਮੈਂ ਜਾਇ ਬਿਠਾਇਵ, ਰੇਸ਼ਮ ਡੋਰਾ ਗਯੋ ਲੰਘਾਇ।
ਤਤਛਿਨ ਭਯੋ ਬਿਹਾਲ ਮਰਨ ਕੋ ਪਹਿਚਾਨਜੋ ਆਨਜੋ ਉਤਲਾਇ।
ਜੇ ਚਿਤ ਚਹਹੁ ਜਿਵਾਇ ਲੇਹੁ ਪ੍ਰਭੁ ! ਨਾਤੁਰ ਮਰਹਿ, ਨਹੀਂ ਬਿਲਮਾਇ' ॥੨੬॥

"ਕੀ ਹੋਇਆ ਹੈ ?" ਤਦ ਸਤਿਗੁਰੂ ਜੀ ਨੇ ਪੁੱਛਿਆ, ਇਹ ਸੁਣ ਕੇ ਫਤੂਹੀ ਨੇ ਸਾਰੀ ਗੱਲ ਸੁਣਾਈ, "ਤੁਹਾਡੇ ਪਾਸੋਂ ਲੈ ਜਾ ਕੇ ਮੈਂ ਇਸ ਨੂੰ ਅੱਡੇ ਤੇ ਬਿਠਾ ਦਿੱਤਾ ਤੇ ਇਕ ਰੇਸ਼ਮ ਦੀ ਡੋਰੀ ਅੰਦਰ ਨਿਗਲ ਗਿਆ ਹੈ ਤੇ ਤੁਰਤ ਹੀ ਬਹੁਤ ਬਿਹਾਲ ਹੋ ਗਿਆ ਹੈ ਤੇ ਮੈਂ ਇਸ ਦੇ ਮਰਨ ਨੂੰ ਪਹਿਚਾਣਿਆ ਤਾਂ ਤੁਰਤ ਏਥੇ ਲੈ ਆਇਆ ਹਾਂ। ਜੇ ਚਿੱਤ ਵਿਚ ਚਾਹੁੰਦੇ ਹੋ ਤਾਂ ਜੀਵਤ ਕਰ ਲਵੋ, ਨਹੀਂ ਤਾਂ ਮਰ ਜਾਵੇਗਾ ਦੇਰ ਨਹੀਂ ਲਾਵੇਗਾ" ॥੨੬॥

ਸੁਨਿ ਸ੍ਰੀ ਹਰਿਗੋਵਿੰਦ ਚੰਦ ਗੁਰ ਅਪਨੋ ਹਾਥ ਬਿਠਾਵਨਿ ਕੀਨਿ।
ਕਹਤਿ ਭਏ 'ਕਿਸ ਕਾਰਨ ਕਰਿ ਕੈ ਡੋਰਾ ਬਦਨ ਨਿਗਲ ਤੈਂ ਲੀਨਿ?।
ਜਿਮ ਨਿਗਲਜੋ ਤਿਮ ਉਗਲ ਤੁੰਡ ਤੇ ਸਾਵਧਾਨ ਬਨਿ ਕੈ ਬਲਪੀਨ'।
ਇਮ ਭਨਤੇ ਤਤਛਿਨ ਹੀ ਮਥ ਤੇ ਰੇਸ਼ਮ ਡੋਰ ਉਗਲ ਕਰਿ ਦੀਨਿ॥ ੨੭॥

ਇਹ ਸੁਣ ਕੇ ਗੁਰੂ ਹਰਿਗੋਬਿੰਦ ਜੀ ਨੇ ਉਸ ਨੂੰ ਆਪਣੇ ਹੱਥ ਉਤੇ ਬਿਠਾ ਲਿਆ ਤੇ ਕਹਿਣ ਲੱਗੇ, "ਕਿਸ ਕਾਰਨ ਕਰਕੇ ਤੂੰ ਡੋਰ ਅੰਦਰ ਨਿਗਲ ਲਈ ਹੈ, ਜਿਵੇਂ ਨਿਗਲੀ ਹੈ, ਉਸੇ ਤਰ੍ਹਾਂ ਹੀ ਪੇਟ ਤੋਂ ਸਾਵਧਾਨ ਹੋ ਕੇ ਬਲ ਸਹਿਤ ਇਸ ਨੂੰ ਉਗਲ ਦੇ।" ਇਸ ਤਰ੍ਹਾਂ ਕਹਿੰਦਿਆਂ ਹੀ ਬਾਜ ਨੇ ਤੁਰਤ ਰੇਸ਼ਮ ਦੀ ਡੋਰ ਬਾਹਰ ਉਗਲ ਦਿੱਤੀ ॥੨੭॥

ਦੋਹਰਾ-ਪਰਜੋ ਗੁਰੂ ਆਗੇ ਤਬਹਿ ਕੀਨਿ ਬਿਲੋਕਨ ਡੋਰ।
ਰਿਦੈ ਫਤੂਹੀ ਬਿਸਮ ਕਰਿ ਰਹਜੋ ਜੁਗਲ ਕਰ ਜੋਰਿ॥ ੨੮॥

ਗੁਰੂ ਜੀ ਦੇ ਅੱਗੇ ਪਈ ਰੇਸ਼ਮ ਦੀ ਡੋਰ ਨੂੰ ਫਿਰ ਫਤੂਹੀ ਨੇ ਵੇਖਿਆ। ਫਤੂਹੀ ਹਿਰਦੇ ਵਿਚ ਹੈਰਾਨ ਹੋ ਕੇ ਦੋਵੇਂ ਹੱਥ ਜੋੜ ਕੇ ਬੋਲਿਆ ॥੨੮॥

'ਸ੍ਰੀ ਸਤਿਗੁਰ ਸਮਰੱਥ ਤੁਮ ਸਭਿ ਬਿਧਿ ਸ਼ਕਤਿ ਬਿਸਾਲ।
ਮਾਰਨ ਅਰੁ ਜੀਵਾਵਨੋ ਕਰਹੁ ਬਾਕ ਕੇ ਨਾਲ॥ ੨੯॥

ਇਹ ਸਤਿਗੁਰੂ ਜੀ ਤੁਸੀਂ ਸਰਬ ਸਮਰੱਥ ਹੋ, ਤੁਹਾਡੇ ਵਿਚ ਸਭ ਪ੍ਰਕਾਰ ਮਹਾਨ ਸ਼ਕਤੀ ਹੈ, ਕਿਸੇ ਨੂੰ ਇਕ ਬਚਨ ਕਹਿ ਕੇ ਮਾਰ ਜਾਂ ਜੀਵਤ ਕਰ ਸਕਦੇ ਹੋ ॥੨੯॥

ਕਰਜੋ ਦੋਸ਼ ਸੋ ਬਖਸ਼ੀਏ ਲੀਜਹਿ ਬਾਜ਼ ਸੰਭਾਲ'।
ਇਮ ਕਹਿ ਗਮਨਜੋ ਸਦਨ ਕੋ ਕਰਿ ਬੰਦਨ ਤਤਕਾਲ॥ ੩੦॥

ਜਿਹੜਾ ਮੈਂ ਕਸੂਰ ਕੀਤਾ ਹੈ, ਉਹ ਬਖਸ਼ ਦੇਵੋ, ਤੇ ਬਾਜ਼ ਨੂੰ ਸੰਭਾਲ ਲਵੋ।'' ਇਸ ਤਰ੍ਹਾਂ ਕਹਿ ਕੇ ਤੁਰਤ ਬੰਦਨਾ ਕਰਕੇ ਘਰ ਨੂੰ ਚਲਾ ਗਿਆ॥੩੦॥

*ਸੱਤਵੀਂ ਰਾਸ ਦਾ ਉਣਾਹਠਵਾ ਅਧਿਆਇ ਸਮਾਪਤ ਹੋਇਆ॥੫੯॥*

# ਅਧਿਆਇ ਸੱਠਵਾਂ

## *ਸ੍ਰੀ ਕਰਤਾਰ ਪੁਰ ਆਏ*

ਦੋਹਰਾ- ਸ੍ਰੀ ਸਤਿਗੁਰ ਲੇ ਬਾਜ ਕੋ ਸੌਂਪਜੋ ਮੀਰ ਸ਼ਿਕਾਰ।
ਖਾਨ ਪਾਨ ਕਰਿ ਕੈ ਭਲੇ ਬਿਸਰਾਮੇ ਸੁਖ ਧਾਰਿ॥ ੧॥

ਸਤਿਗੁਰੂ ਜੀ ਨੇ ਬਾਜ਼ ਲੈ ਕੇ ਮੀਰ ਸ਼ਿਕਾਰ ਦੇ ਸਪੁਰਦ ਕਰ ਦਿੱਤਾ, ਆਪ ਖਾ ਪੀ ਕੇ ਭਲਾ ਵਿਸਰਾਮ ਕਰਕੇ ਸੁੱਖ ਪਾਇਆ॥੧॥

*ਨਿਸ਼ਾਨੀ ਛੰਦ-* ਨਿਸਾ ਬਿਤਾਈ ਸਤਿਗੁਰੂ ਕਰਿ ਸੌਚ ਸ਼ਨਾਨਾ।
ਤਿਮਰ ਬਿਨਾਸ਼ਿ ਪ੍ਰਕਾਸ਼ ਭਾ ਹੋਏ ਸਵਧਾਨਾ।
ਬਸਤ੍ਰ ਸ਼ਸਤ੍ਰ ਪਹਿਰੇ ਪ੍ਰਭੂ ਹਯ ਨਿਕਟਿ ਮੰਗਾਯੋ।
ਨਾਮ 'ਜਾਨ ਭਾਈ' ਧਰਜੋ ਨੀਕੇ ਉਰ ਭਾਯੋ॥ ੨॥

ਰਾਤ ਬਤੀਤ ਕਰਕੇ ਸਤਿਗੁਰੂ ਜੀ ਨੇ ਸੌਚ ਇਸ਼ਨਾਨ ਕੀਤਾ ਤੇ ਹਨੇਰਾ ਦੂਰ ਹੋਣ ਤੇ ਜਦ ਪ੍ਰਕਾਸ਼ ਹੋ ਗਿਆ ਤਾਂ ਸਾਵਧਾਨ ਹੋ ਗਏ, ਸਾਰੇ ਬਸਤਰ ਸ਼ਸਤਰ ਪਹਿਣੇ ਤੇ ਆਪਣਾ ਘੋੜਾ ਮੰਗਵਾਇਆ, ਜਿਸ ਘੋੜੇ ਦਾ ਉਨ੍ਹਾਂ ਆਪਣਾ ਮਨ-ਭਾਉਂਦਾ ਨਾਂ 'ਜਾਨ ਭਾਈ' ਰਖਿਆ ਸੀ॥੨॥

ਭਏ ਅਰੂਢਨਿ ਸਤਿਗੁਰੂ ਧੌਂਸਾ ਧੁੰਕਾਰਾ।
ਸਕਲ ਬਾਹਨੀ ਸੁਨਿ ਚਢੀ ਹੱਥਜਾਰਨਿ ਧਾਰਾ।
ਗਮਨੇ ਮਾਰਗ ਮੈਂ ਤਬਹਿ ਅਰੁ ਕਰਤਿ ਅਖੇਰਾ।
ਨਵੇ ਬਾਜ਼ ਕੋ ਛੋਰਤੇ ਪਿਖਿ ਲਵਾ ਬਟੇਰਾ॥ ੩॥

ਸਤਿਗੁਰੂ ਜੀ ਘੋੜੇ ਤੇ ਚੜ੍ਹ ਗਏ, ਨਗਾਰੇ ਦੀ ਬੜੀ ਉੱਚੀ ਧੁੰਕਾਰ ਗੂੰਜੀ, ਜਿਸ ਨੂੰ ਸੁਣ ਕੇ ਸਾਰੀ ਸੈਨਾ ਹਥਿਆਰ ਧਾਰ ਕੇ ਆਪਣੇ-ਆਪਣੇ ਘੋੜਿਆਂ ਤੇ ਚੜ੍ਹ ਪਈ। ਤਦ ਸ਼ਿਕਾਰ ਖੇਡਦੇ ਰਾਹੇ-ਰਾਹ ਚਲ ਪਏ ਤੇ ਇਕ ਲਵੇ ਬਟੇਰੇ ਨੂੰ ਵੇਖ ਕੇ ਨਵੇਂ ਬਾਜ਼ ਨੂੰ ਛੱਡਿਆ॥੩॥

ਪੰਛੀ ਪਿਖਹਿਂ ਸੁਕਾਬ ਕੋ ਛੋਰਹਿਂ ਤਿਹ ਪਾਛੇ।
ਝਪਟਤਿ ਹੈ ਕਰਿ ਬੇਗ ਕੋ ਦਿਖਰਾਵਤਿ ਆਛੇ।

ਸਨੇ ਸਨੇ ਮਗ ਮਹਿਂ ਚਲਤਿ ਇਮ ਕਰਤਿ ਬਿਲਾਸੈ।
ਖੇਲਤਿ ਭਏ ਸ਼ਿਕਾਰ ਕੋ ਅਵਿਲੋਕ ਤਮਾਸ਼ੇ॥ ੪ ॥

ਪੰਛੀਆਂ ਵਿਚ ਸੁਰਖਾਬ ਨੂੰ ਵੇਖ ਕੇ ਉਸ ਦੇ ਪਿੱਛੇ ਛੱਡਿਆ, ਬਾਜ਼ ਨੇ ਝੱਟ ਉਸ ਦੇ ਪਿੱਛੇ ਝਪਟਾ ਮਾਰਿਆ ਤੇ ਆਪਣੀ ਚੰਗੀ ਫੁਰਤੀ ਵਿਖਾਈ। ਹੌਲੀ-ਹੌਲੀ ਰਾਹ ਵਿਚ ਜਾਂਦੇ ਇਸ ਤਰ੍ਹਾਂ ਅਨੰਦ ਵਿਲਾਸ ਕਰਦੇ ਜਾਂਦੇ ਸਨ ਤੇ ਸ਼ਿਕਾਰ ਖੇਡਦੇ ਹੋਏ ਤਮਾਸ਼ੇ ਵੇਖ ਰਹੇ ਸਨ॥੪॥

ਜਥਾ ਕ੍ਰਮ ਮਗ ਉਲੰਘਤੇ ਸਲਿਤਾ ਤਟ ਆਏ।
ਕਰਨਿ ਬਾਹਨੀ ਪਾਰ ਸਭਿ ਕੇਵਟ ਸਮੁਦਾਏ।
ਤਰਨੀ ਕੀਨਿ ਇਕੱਤ੍ਰ ਬਹੁ ਆਵਹਿ ਇਕ ਜਾਈ।
ਸੁਭਟਨਿ ਸਹਿਤ ਪਵੰਗਮਨਿ ਦੇ ਪਾਰ ਲੰਘਾਈ॥ ੫ ॥

ਹੌਲੀ-ਹੌਲੀ ਸਫਰ ਮੁਕਾਉਂਦੇ ਹੋਏ ਨਦੀ ਦੇ ਕੰਢੇ ਪਹੁੰਚ ਗਏ, ਫੌਜ ਨੂੰ ਨਦੀ ਪਾਰ ਕਰਵਾਉਣ ਵਾਸਤੇ ਸਾਰੇ ਮਲਾਹਾਂ ਨੂੰ ਬੁਲਾਇਆ ਗਿਆ। ਬਹੁਤ ਬੇੜੀਆਂ ਇਕੱਠੀਆਂ ਕੀਤੀਆਂ, ਇਕ ਆਉਂਦੀ ਸੀ, ਇਕ ਜਾਂਦੀ ਸੀ। ਘੋੜਿਆਂ ਸਹਿਤ ਸਾਰੀ ਫੌਜ ਨੂੰ ਪਾਰ ਲੰਘਾਇਆ॥੫॥

ਹੋਤਿ ਕੁਲਾਹਲ ਘਾਟ ਪਰ ਭਰਿ ਪੂਰ ਚਲਾਵੈਂ।
ਜਾਇ ਉਤਾਰਤਿ ਪਾਰ ਤਟ ਪੁਨ ਤੂਰਨ ਲਜਾਵੈਂ।
ਇਸ ਬਿਧਿ ਕੇਤਿਕ ਕਾਲ ਮਹਿਂ ਸਭਿ ਪਾਰ ਲੰਘਾਏ।
ਸ੍ਰੀ ਹਰਿਗੋਵਿੰਦ ਹੇਤੁ ਪੁਨ ਤਰਨੀ ਸੁਭ ਲਜਾਏ॥ ੬ ॥

ਘਾਟ ਦੇ ਉੱਤੇ ਬੜਾ ਰੌਲਾ ਮੱਚ ਗਿਆ, ਪੂਰ ਨੂੰ ਭਰ ਕੇ ਚਲਾਉਂਦੇ ਸਨ, ਜਾ ਕੇ ਪਾਰ ਉਤਾਰ ਕੇ ਫਿਰ ਤੁਰਤ ਵਾਪਸ ਲੈ ਆਉਂਦੇ ਸਨ। ਇਸ ਤਰ੍ਹਾਂ ਕੁਝ ਸਮੇਂ ਵਿਚ ਸਾਰੇ ਪਾਰ ਲੰਘਾ ਦਿੱਤੇ। ਫਿਰ ਗੁਰੂ ਹਰਿਗੋਬਿੰਦ ਜੀ ਵਾਸਤੇ ਇਕ ਸੋਹਣੀ ਬੇੜੀ ਲਿਆਏ॥੬॥

ਹੁਤੀ ਨਵੀਨੀ ਦੀਰਘਾ ਬਹੁ ਰੰਗ ਲਗਾਏ।
ਤੁਰਕੇਸ਼ੁਰ ਕੇ ਹੇਤੁ ਜੋ ਆਛੀ ਬਨਿਆਏ।
ਉਰ ਪ੍ਰਸੰਨ ਗੁਰ ਕੋ ਕਰਨ ਤਟ ਪਰ ਥਿਰ ਕਾਰੀ।
ਹਾਥਿ ਜੋਰਿ ਕੈਵਟ ਤਬਹਿ ਇਮ ਬਿਨੈ ਉਚਾਰੀ॥ ੭ ॥

ਉਹ ਬੇੜੀ ਨਵੀਂ ਬਣੀ ਸੀ ਤੇ ਆਕਾਰ ਵਿਚ ਵੀ ਵੱਡੀ ਸੀ ਤੇ ਕਈ ਪ੍ਰਕਾਰ ਦੇ ਰੰਗਾਂ ਨਾਲ ਰੰਗੀ ਸੀ। ਬਾਦਸ਼ਾਹ ਦੇ ਵਾਸਤੇ ਜਿਹੜੀ ਬਹੁਤ ਵਧੀਆ ਬਣਾਈ ਗਈ ਸੀ। ਗੁਰੂ ਜੀ ਨੂੰ ਪ੍ਰਸੰਨ ਕਰਨ ਵਾਸਤੇ ਕੰਢੇ ਉੱਤੇ ਖੜੀ ਕਰਕੇ ਮਲਾਹ ਨੇ ਫਿਰ ਗੁਰੂ ਪਾਸ ਬੇਨਤੀ ਉਚਾਰਨ ਕੀਤੀ॥੭॥

'ਮਹਾਰਾਜ! ਸਭਿ ਬਾਹਨੀ ਹਮ ਪਾਰ ਲੰਘਾਈ।
ਰਾਵਰ ਕੇਰ ਚਢਾਵਨੇ ਇਹੁ ਤਰਨੀ ਆਈ।
ਦਿਨ ਸਾਰੇ ਮਹਿਂ ਪਾਰ ਕਰਿ ਅਬਿ ਆਪ ਚਢੀਜੈ।
ਸਲਿਤਾ ਸਤਦ੍ਰਵ ਦੀਰਘਾ ਚਢਿ ਪਾਰ ਕਰੀਜੈ॥ ੮ ॥

"ਮਹਾਰਾਜ ! ਸਾਰੀ ਸੈਨਾ ਅਸੀਂ ਪਾਰ ਲੰਘਾ ਦਿੱਤੀ ਹੈ, ਆਪ ਦੇ ਚੜ੍ਹਨ ਵਾਸਤੇ ਇਹ ਬੇੜੀ ਆਈ ਹੈ। ਸਾਰਾ ਦਿਨ ਪਾਰ ਕਰਵਾਉਂਦੇ ਰਹੇ ਹਾਂ, ਹੁਣ ਆਪ ਜੀ ਸਵਾਰ ਹੋਵੇ ਤੇ ਵੱਡੇ ਸਤਲੁਜ ਦਰਿਆ ਨੂੰ ਪਾਰ ਕਰੋ" ॥੮॥

ਸੁਨਿ ਕੇਵਟ ਕੀ ਬਿਨੈ ਕੋ ਉਠਿ ਚਲੇ ਕ੍ਰਿਪਾਲਾ।
ਸੈਲ ਕਰਾਵਤਿ ਨੀਰ ਕੀ ਲੇ ਚਲੇ ਬਿਸਾਲਾ।
ਉਰ ਪ੍ਰਸੰਨ ਸਤਿਗੁਰ ਕਰੇ ਗਨ ਦਰਬ ਦਿਵਾਏ।
ਲੀਨਿ ਰਜਤਪਨ ਪੰਚ ਸੈ ਕੇਵਟ ਹਰਖਾਏ॥ ੯॥

ਮਲਾਹ ਦੀ ਬੇਨਤੀ ਸੁਣ ਕੇ ਕਿਰਪਾਲੂ ਗੁਰੂ ਜੀ ਉੱਠ ਕੇ ਚਲ ਪਏ। ਪਾਣੀ ਦੀ ਸੈਰ ਕਰਵਾਉਂਦੇ ਹੋਏ ਵੱਡੀ ਬੇੜੀ ਵਿਚ ਚੜ੍ਹਾ ਕੇ ਲੈ ਗਏ। ਸਤਿਗੁਰੂ ਜੀ ਨੂੰ ਦਿਲ ਵਿਚ ਬਹੁਤ ਪ੍ਰਸੰਨ ਕੀਤਾ ਤੇ ਉਨ੍ਹਾਂ ਨੇ ਬਹੁਤ ਧਨ ਦਿਵਾਇਆ। ਮਲਾਹ ਪੰਜ ਸੌ ਰੁਪਏ ਲੈ ਕੇ ਬਹੁਤ ਪ੍ਰਸੰਨ ਹੋਏ॥੯॥

ਉਤਰੇ ਪਾਰ ਕਰਾਰ ਪਰ ਸਤਦ੍ਰਵ ਜਲ ਹੇਰੇ।
ਸਕਲ ਬਾਹਨੀ ਰੁਚਿਰ ਥਲ ਕੀਨਸਿ ਜਹਿਂ ਡੇਰੇ।
ਖਾਨ ਪਾਨ ਸਤਿਗੁਰ ਕਰੇ ਤਹਿਂ ਨਿਸਾ ਬਿਤਾਈ।
ਭਈ ਪ੍ਰਾਤਿ ਕਰਿ ਸੌਚ ਕੋ ਮੱਜੇ ਗੋਸਾਈਂ॥ ੧੦॥

ਪਾਰਲੇ ਕਿਨਾਰੇ ਉਤਰ ਕੇ ਸਤਲੁਜ ਦੇ ਪਾਣੀ ਨੂੰ ਵੇਖਿਆ, ਸਾਰੀ ਸੈਨਾ ਨੇ ਸੁੰਦਰ ਥਾਂ ਵੇਖ ਕੇ ਡੇਰਾ ਕਰ ਲਿਆ। ਗੁਰੂ ਜੀ ਨੇ ਖਾ ਪੀ ਕੇ ਉਥੇ ਹੀ ਰਾਤ ਬਤੀਤ ਕੀਤੀ। ਜਦ ਸਵੇਰ ਹੋਈ ਤਾਂ ਗੁਰੂ ਜੀ ਨੇ ਸੌਚ ਇਸ਼ਨਾਨ ਕੀਤਾ॥੧੦॥

ਬਸਤ੍ਰ ਸ਼ਸਤ੍ਰ ਕੋ ਪਹਿਰ ਕੈ ਆਰੂੜ੍ਹਿ ਤੁਰੰਗਾ।
ਗਮਨ ਕੀਨਿ ਸਤਿਗੁਰੁ ਪ੍ਰਭੂ ਜਿਨ ਕੋ ਜਸੁ ਗੰਗਾ।
ਜਥਾ ਕਰਮ ਮਗ ਕੌ ਉਲੰਘ ਪਹੁੰਚੇ ਤਬਿ ਜਾਈ।
ਸ੍ਰੀ ਕਰਤਾਰ ਪੁਰਾ ਜਹਾਂ ਗੁਰ ਰਚਜੋ ਬਨਾਈ॥ ੧੧॥

ਫਿਰ ਵਸਤਰ ਸ਼ਸਤਰ ਪਹਿਨ ਕੇ ਘੋੜੇ ਤੇ ਚੜ੍ਹ ਗਏ, ਫਿਰ ਸਤਿਗੁਰੂ ਜੀ ਅੱਗੇ ਚਲ ਪਏ, ਜਿਨ੍ਹਾਂ ਦਾ ਜੱਸ ਗੰਗਾ ਵਾਂਗ ਉੱਜਲ ਹੈ। ਹੌਲੀ-ਹੌਲੀ ਪੈਂਡਾ ਲੰਘ ਕੇ ਸ੍ਰੀ ਕਰਤਾਰਪੁਰ ਪਹੁੰਚ ਗਏ ਜਿਸਨੂੰ ਗੁਰੂ ਜੀ ਨੇ ਬਣਾਇਆ ਸੀ॥੧੧॥

ਸਰਬ ਜਹਾਂ ਪਰਵਾਰ ਹੈ ਗੁਰ ਕੋ ਹਿਤਕਾਰੀ।
ਰਿਦੈ ਪ੍ਰਤੀਖਤਿ ਰਹਤਿ ਹੈ ਕਬਿ ਦਰਸ ਨਿਹਾਰੀ।
ਬਨਿਤਾ, ਨੁਖਾ ਸਪੁੱਤ੍ਰ ਬਸਿ ਅਰੁ ਪੌਤ੍ਰ ਅਛੇਰੇ।
ਕਬਿ ਕਰਿਹੈਂ ਆਗਵਨ ਕੋ ਇਮ ਚਹਿਤ ਘਨੇਰੇ॥ ੧੨॥

ਜਿਥੇ ਗੁਰੂ ਜੀ ਦਾ ਸਾਰਾ ਹਿਤੂ ਪਰਿਵਾਰ ਹੈ, ਜਿਹੜੇ ਹਿਰਦੇ ਵਿਚ ਇੰਤਜ਼ਾਰ ਕਰਦੇ ਰਹਿੰਦੇ ਹਨ ਕਿ ਕਦ ਗੁਰੂ ਜੀ ਦੇ ਦਰਸ਼ਨ ਕਰਾਂਗੇ। ਪਤਨੀਆਂ, ਨੂੰਹਾਂ, ਸਪੁੱਤਰ ਅਤੇ ਪੋਤਰੇ ਉਥੇ ਚੰਗੀ ਤਰ੍ਹਾਂ ਰਹਿ ਰਹੇ ਹਨ, ਕਦ ਗੁਰੂ ਜੀ ਆਉਣ, ਇਸ ਤਰ੍ਹਾਂ ਸਦਾ ਚਾਹੁੰਦੇ ਰਹਿੰਦੇ ਹਨ॥੧੨॥

ਗੁਰੂ ਦੂਰ ਪੁਰਿ ਤੇ ਹੁਤੇ ਧੌਂਸਾ ਧੁੰਕਾਰੇ।
ਨਰਨ ਸੁਨੀ ਧੁਨੀ ਕਾਨ ਮਹਿਂ ਚਿਤ ਕੀਨਿ ਬਿਚਾਰੇ।
ਨਿਸ਼ਚੈ ਕਰਿ ਆਗਵਨ ਗੁਰ ਬਡਿ ਆਨੰਦ ਰਾਚੇ।
ਮਨੋ ਮੋਰ ਘਨਘੋਰ ਤੇ ਕਰਿ ਸ਼ੋਰ ਉਬਾਚੇ॥ ੧੩॥

ਗੁਰੂ ਜੀ ਹਾਲੇ ਨਗਰ ਤੋਂ ਬਹੁਤ ਦੂਰ ਸਨ ਕਿ ਨਗਰ ਦੇ ਮਨੁੱਖਾਂ ਨੇ ਜਦ ਨਗਾਰੇ ਵੱਜਣ ਦੀ ਆਵਾਜ਼ ਸੁਣੀ ਤੇ ਉਹ ਚਿੱਤ ਵਿਚ ਵਿਚਾਰ ਕਰਨ ਲੱਗੇ। ਇਹ ਨਿਸ਼ਚਾ ਧਾਰ ਕੇ ਕਿ ਗੁਰੂ ਜੀ ਆ ਰਹੇ ਹਨ ਤੇ ਬੜੇ ਅਨੰਦ ਵਿਚ ਭਰ ਗਏ, ਮਾਨੋਂ ਮੋਰ ਬੱਦਲਾਂ ਦੀ ਗਰਜ ਸੁਣ ਕੇ ਸ਼ੋਰ ਮਚਾ ਰਹੇ ਹੋਣ॥੧੩॥

ਇਤ ਉਤ ਦੌਰਤਿ ਨਰ ਫਿਰਹਿਂ ਕੋ ਕਾਂਹਿ ਸੁਨਾਵਹਿ।
ਕਰਤਿ ਕੁਲਾਹਲ ਆਪ ਮਹਿਂ 'ਸ੍ਰੀ ਸਤਿਗੁਰ ਆਵਹਿਂ'।
ਸਗਰੇ ਪੁਰਿ ਮਹਿਂ ਸੁਧ ਭਈ ਸਭਿ ਤਜਾਗਜੇ ਕਾਜਾ।
ਤਤਪਰ ਇਕ ਗੁਰ ਦੇਖਿਬੇ ਰੱਯਤ ਨਿਜ ਰਾਜਾ॥ ੧੪॥

ਮਨੁੱਖ ਇਧਰ ਉਧਰ ਭੱਜੇ ਫਿਰਦੇ ਸਨ ਤੇ ਕੋਈ ਕਿਸੇ ਨੂੰ ਕਹਿ ਕੇ ਸੁਣਾਉਂਦਾ ਸੀ। ਆਪਸ ਵਿਚ ਬੜਾ ਰੌਲਾ ਪਾਉਂਦੇ ਸਨ ਤੇ ਕਹਿੰਦੇ ਸਨ, "ਸ੍ਰੀ ਸਤਿਗੁਰੂ ਜੀ ਆ ਰਹੇ ਹਨ।" ਸਾਰੇ ਨਗਰ ਵਿਚ ਖਬਰ ਫੈਲ ਗਈ ਤੇ ਸਾਰਿਆਂ ਨੇ ਆਪਣੇ ਕੰਮ ਛੱਡ ਦਿੱਤੇ। ਗੁਰੂ ਜੀ ਦੇ ਦਰਸ਼ਨ ਕਰਨ ਲਈ ਬੜੇ ਉਤਾਵਲੇ ਸਨ, ਜਿਵੇਂ ਰਈਅਤ ਆਪਣੇ ਰਾਜੇ ਨੂੰ ਵੇਖਦੀ ਹੈ॥੧੪॥

ਸ੍ਰੀ ਗੁਰਦਿੱਤਾ ਹਯ ਚਢਜੋ ਸੂਰਜ ਮਲ ਸੰਗਾ।
ਤੇਗ ਬਹਾਦਰ ਤੁਰਤ ਚਢਿ ਮੰਗਵਾਇ ਤੁਰੰਗਾ।
ਅਪਰ ਲੋਕ ਬਹੁ ਚਢਿ ਚਲੇ ਹੁਇ ਇਨਕੇ ਸਾਥਾ।
ਲੇ ਪ੍ਰਸਾਦਿ ਮਨ ਭਾਵਤੇ ਅਵਿਲੋਕਨ ਨਾਥਾ॥ ੧੫॥

ਸ੍ਰੀ ਸੂਰਜ ਮਲ ਨਾਲ ਲੈ ਕੇ ਸ੍ਰੀ ਗੁਰਦਿੱਤਾ ਘੋੜੇ ਤੇ ਚੜ੍ਹ ਗਏ, ਸ੍ਰੀ ਤੇਗ ਬਹਾਦਰ ਤੁਰਤ ਘੋੜਾ ਮੰਗਵਾ ਕੇ ਚੜ੍ਹ ਪਿਆ। ਹੋਰ ਬਹੁਤ ਲੋਕ ਵੀ ਘੋੜਿਆਂ ਤੇ ਚੜ੍ਹ ਕੇ ਉਨ੍ਹਾਂ ਦੇ ਨਾਲ ਚਲ ਪਏ, ਮਨ-ਭਾਉਂਦੇ ਪ੍ਰਸਾਦ ਲੈ ਕੇ ਉਹ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਚਲ ਪਏ॥੧੫॥

ਆਇ ਅਗਾਊ ਗੁਰ ਮਿਲੇ ਪਗ ਪੰਕਜ ਬੰਦੇ।
ਸ੍ਰੀ ਹਰਿਗੋਵਿੰਦ ਚੰਦ ਪਿਖਿ ਆਨੰਦ ਬਿਲੰਦੇ।
ਕੁਸ਼ਲ ਪ੍ਰਸ਼ਨ ਕਰਿ ਸਭਿਨਿ ਸੋਂ ਆਗੇ ਪੁਨ ਚਾਲੇ।
ਨਿਕਸੇ ਪੁਰਿ ਤੇ ਬ੍ਰਿੰਦ ਨਰ ਗਮਨੇ ਪਗ ਨਾਲੇ॥ ੧੬॥

ਅਗਾਊਂ ਆ ਕੇ ਗੁਰੂ ਜੀ ਨੂੰ ਮਿਲ ਪਏ ਤੇ ਚਰਨ ਕੰਵਲਾਂ ਤੇ ਬੰਦਨਾ ਕੀਤੀ। ਸ੍ਰੀ ਹਰਿਗੋਬਿੰਦ ਜੀ ਵੇਖ ਕੇ ਬਹੁਤ ਪ੍ਰਸੰਨ ਹੋਏ। ਸਾਰਿਆਂ ਨੂੰ ਸੁਖ ਸਾਂਦ ਪੁੱਛ ਕੇ ਫਿਰ ਅੱਗੇ ਲੱਗ ਕੇ ਚਲ ਪਏ। ਨਗਰ ਵਿਚੋਂ ਵੀ ਬਹੁਤ ਮਨੁੱਖ ਬਾਹਰ ਆਏ ਤੇ ਉਹ ਮਨੁੱਖ ਪੈਦਲ ਹੀ ਨਾਲ ਚਲ ਪਏ॥੧੬॥

ਸੋ ਆਗੇ ਆਵਤਿ ਮਿਲੇ ਦੇ ਭੇਟ ਅਗੇਰੇ।
ਚਰਨ ਸਰੋਜਨ ਪਰਸਤੇ ਧਰਿ ਮੋਦ ਘਨੇਰੇ।
ਸਭਿ ਸੋਂ ਸਤਿਗੁਰ ਬੋਲ ਕਰਿ ਪ੍ਰਿਯ ਬਾਕ ਬਿਸਾਲੇ।
ਚਲੇ ਅਗਾਰੀ ਕੋ ਪ੍ਰਭੂ ਬਡ ਸ਼ੋਭਾ ਨਾਲੇ॥ ੧੭॥

ਉਹ ਅੱਗੇ ਆ ਕੇ ਭੇਟਾਵਾਂ ਪੇਸ਼ ਕਰਕੇ ਮਿਲੇ ਤੇ ਦਿਲ ਵਿਚ ਬੜੀ ਪ੍ਰਸੰਨਤਾ ਧਾਰ ਕੇ ਗੁਰੂ ਜੀ ਦੇ ਚਰਨ ਕੰਵਲਾਂ ਨੂੰ ਪਰਸਦੇ ਸਨ। ਸਾਰਿਆਂ ਨਾਲ ਸਤਿਗੁਰੂ ਜੀ ਪਿਆਰੇ ਬਚਨ ਉਚਾਰਦੇ ਸਨ, ਗੁਰੂ ਜੀ ਫਿਰ ਬੜੀ ਸ਼ਾਨ ਨਾਲ ਅੱਗੇ ਚਲ ਪਏ॥੧੭॥

ਸੈਨਾ ਸਭਿ ਪਸ਼ਚਾਤ ਕਰਿ ਏਕਲ ਹੁਇ ਆਗੇ।
ਧਰਿ ਧਰਿ ਪਹੁੰਚਹਿਂ ਪ੍ਰੇਮ ਜੋ ਪਗ ਪੰਕਜ ਲਾਗੇ।
ਆਇ ਪ੍ਰਵੇਸ਼ੇ ਪੁਰੀ ਦਰ ਜਨੁ ਉਦਯੋ ਸੁ ਚੰਦੂ।
ਨਿਜ ਦਰ ਦਰ ਦਾਰਾ ਖਰੀ, ਲੇ ਮਾਲ ਬਿਲੰਦੂ॥ ੧੮॥

ਸਾਰੀ ਸੈਨਾ ਨੂੰ ਪਿੱਛੇ ਕਰਕੇ ਆਪ ਇਕੱਲੇ ਅੱਗੇ ਹੋਏ, ਮਨੁੱਖ ਭੇਟਾਵਾਂ ਧਰ ਧਰ ਕੇ ਚਰਨ ਕੰਵਲਾਂ ਲਾਗੇ ਪਹੁੰਚਦੇ ਸਨ। ਨਗਰ ਦੇ ਦਰਵਾਜ਼ੇ ਤੇ ਇਸ ਤਰ੍ਹਾਂ ਪਹੁੰਚ ਗਏ ਜਿਵੇਂ ਚੰਦ ਚੜ੍ਹਿਆ ਹੋਵੇ, ਆਪਣੇ-ਆਪਣੇ ਦਰਵਾਜ਼ੇ ਤੇ ਇਸਤਰੀਆਂ ਵੱਡੇ-ਵੱਡੇ ਹਾਰ ਲੈ ਕੇ ਖੜੀਆਂ ਸਨ॥੧੮॥

ਪਹਿਰਾਵਤਿ ਗੁਰ ਕੇ ਗਰੇ, ਗਨ ਪੁਸ਼ਪ ਵਸਾਵੈਂ।
ਬਾਰ ਬਾਰ ਕਰਿ ਆਰਤੀ ਸਨਮੁਖ ਦਰਸਾਵੈਂ।
ਬਲਿਹਾਰੀ ਹੁਇ ਪ੍ਰੇਮ ਸੋਂ ਗੁਰ ਮੂਰਤ ਹੇਰੈਂ।
ਸੁਨੀ ਲਰਾਈ ਤੁਰਕ ਗਨ ਕਰਿ ਫਤੇ ਘਨੇਰੈ॥ ੧੯॥

ਬਹੁਤ ਫੁਲਾਂ ਨਾਲ ਭਰੇ ਹਾਰ ਗੁਰੂ ਜੀ ਦੇ ਗੱਲ ਵਿਚ ਪਾਉਂਦੀਆਂ ਸਨ, ਤੇ ਫੁੱਲਾਂ ਦੀ ਬਹੁਤ ਵਰਸ਼ਾ ਕਰਦੀਆਂ ਸਨ। ਬਾਰ-ਬਾਰ ਆਰਤੀ ਕਰਕੇ ਸਨਮੁਖ ਹੋ ਕੇ ਦਰਸ਼ਨ ਕਰਦੀਆਂ ਸਨ। ਗੁਰੂ ਜੀ ਦੇ ਚਿਹਰੇ ਨੂੰ ਵੇਖ ਕੇ ਬਲਿਹਾਰ ਜਾਂਦੀਆਂ ਸਨ, ਉਨ੍ਹਾਂ ਸੁਣਿਆ ਕਿ ਬਹੁਤ ਤੁਰਕਾਂ ਨਾਲ ਲੜਾਈ ਕਰਕੇ ਫਤਹਿ ਪ੍ਰਾਪਤ ਕੀਤੀ ਹੈ॥੧੯॥

ਸਾਦਰ ਸਭਿਨਿ ਬਿਲੋਕਤੇ ਬੋਲਤਿ ਕਿਹ ਸਾਥਾ।
ਸਨੇ ਸਨੇ ਪੁਰਿ ਕੋ ਚਲਤਿ ਹਰਖਤਿ ਗੁਰ ਨਾਥਾ।
ਦੇਤਿ ਮੋਦ ਕੋ ਪੁਰਿ ਜਨਨਿ, ਬੂਝਤਿ ਸੁਖ ਸ਼ਾਂਤੀ।
ਇਮ ਪ੍ਰਾਪਤਿ ਅਪਨੇ ਮਹਲ ਪਹੁਚੇ ਰਿਪੁ ਘਾਤੀ॥ ੨੦॥

ਸਾਰਿਆਂ ਨੂੰ ਬੜੇ ਆਦਰ ਨਾਲ ਵੇਖਦੇ ਸਨ ਤੇ ਕਈਆਂ ਨਾਲ ਗੱਲਾਂ ਵੀ ਕਰਦੇ ਸਨ। ਸਾਰੇ ਨਗਰ ਨੂੰ ਖੁਸ਼ੀ ਬਖਸ਼ ਰਹੇ ਸਨ ਤੇ ਮਨੁੱਖਾਂ ਤੋਂ ਹਾਲ ਚਾਲ ਸੁਖ ਸ਼ਾਂਤੀ ਪੁੱਛ ਰਹੇ ਸਨ, ਇਸ ਤਰ੍ਹਾਂ ਵੈਰੀਆਂ ਨੂੰ ਮਾਰਨ ਵਾਲੇ ਆਪਣੇ ਘਰ ਪਹੁੰਚ ਗਏ॥੨੦॥

ਸ਼੍ਰੀ ਗਿਰੰਥ ਸਾਹਿਬ ਜਹਾਂ ਤਹਿਂ ਪੂਰਬ ਆਏ।
ਧਰਿ ਪ੍ਰਸਾਦਿ ਦਰਸ਼ਨ ਕਰਯੋ ਨਿਜ ਸੀਸ ਨਿਵਾਏ।
ਸੁਨੇ ਸ਼ਬਦ ਤਬਿ ਪੰਚ ਤਹਿਂ ਥਿਰ ਕੇਤਿਕ ਕਾਲਾ।
ਪੁਰਿ ਜਨ ਬੈਠੇ ਸਗਲ ਗਨ ਪਿਖਿ ਅਨੰਦ ਬਿਸਾਲਾ॥ ੨੧॥

ਜਿਥੇ ਗ੍ਰੰਥ ਸਾਹਿਬ ਰੱਖਿਆ ਸੀ, ਸਭ ਤੋਂ ਪਹਿਲਾਂ ਉਥੇ ਆਏ, ਪ੍ਰਸ਼ਾਦਿ ਧਰ ਕੇ ਦਰਸ਼ਨ ਕੀਤੇ ਤੇ ਫਿਰ ਆਪਣਾ ਸਿਰ ਨਿਵਾਇਆ। ਉਥੇ ਕੁਝ ਦੇਰ ਬੈਠ ਕੇ ਪੰਜ ਸ਼ਬਦ ਸੁਣੇ। ਨਗਰ ਦੇ ਸਾਰੇ ਲੋਕ ਇਹ ਵਿਸ਼ਾਲ ਅਨੰਦ ਵੇਖ ਕੇ ਬੈਠੇ ਸਨ॥੨੧॥

ਹਾਥ ਜੋਰਿ ਬੂਝਨ ਕਰੇ 'ਰਣ ਭਯੋ ਘਨੇਰਾ।
ਰਹੀ ਸ਼ੋਜ ਤਨੁ ਆਪ ਕੇ ਪ੍ਰਭੁ ਜੀ! ਤਿਸ ਬੇਰਾ'।

ਬਿਧੀਚੰਦ ਤਬਿ ਸਭਿ ਕਹੀ ਜਿਮ ਤੁਰਕ ਖਪਾਏ।
'ਸ਼ਲਭਾ ਸਮ ਅਨਗਿਨਤ ਹੀ ਰਿਪੁ ਚਢਿ ਕਰਿ ਧਾਏ॥ ੨੨॥

ਉਹ ਹੱਥ ਜੋੜ ਕੇ ਪੁੱਛਣ ਲੱਗੇ, "ਬਹੁਤ ਵੱਡਾ ਜੰਗ ਹੋਇਆ ਹੈ, ਹੇ ਪ੍ਰਭੂ ਜੀ ! ਤਿਸ ਸਮੇਂ ਸਾਰਾ ਹੀ ਸ੍ਰੇਸ਼ਟ ਜੱਸ ਆਪ ਨੂੰ ਜਾਂਦਾ ਹੈ।" ਭਾਈ ਬਿਧੀ ਚੰਦ ਨੇ ਫਿਰ ਸਾਰੀ ਕਹਾਣੀ ਸੁਣਾਈ ਜਿਵੇਂ ਤੁਰਕ ਮਾਰੇ ਸਨ, "ਟਿੱਡੀ ਦਲ ਵਾਂਗ ਅਣਗਿਣਤ ਵੈਰੀ ਚੜ੍ਹ ਕੇ ਆ ਗਏ ਸਨ॥੨੨॥

ਸ੍ਰੀ ਨਾਨਕ ਕੀ ਕ੍ਰਿਪਾ ਤੇ ਜਾਨੇ ਕੁਛ ਨਾਂਹੀ।
ਸੁਗਮ ਹਤੇ ਰਿਪੁ ਪ੍ਰਬਲ ਜੇ ਰਾਖੇ ਰਣ ਮਾਂਹੀ।
ਫਤੇ ਗੁਰੂ ਕੀ ਬਡ ਭਈ ਜਗ ਮਹਿਂ ਬਿਦਤਾਈ।
ਕੋ ਨ ਅਰਹਿ, ਅਰਿ ਗਨ ਮਰਹਿਂ, ਥਿਰਹਿਂ ਨ ਸਮੁਹਾਈ॥ ੨੩॥

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਿਰਪਾ ਨਾਲ ਅਸੀਂ ਉਨ੍ਹਾਂ ਨੂੰ ਕੁਝ ਵੀ ਨਹੀਂ ਜਾਣਿਆ, ਬੜੀ ਆਸਾਨੀ ਨਾਲ ਵੈਰੀ ਨੂੰ ਮਾਰ ਦਿੱਤਾ, ਜਿਹੜੇ ਵੱਡੇ-ਵੱਡੇ ਸ਼ਕਤੀਸ਼ਾਲੀ ਵੀ ਸਨ, ਉਨ੍ਹਾਂ ਨੂੰ ਵੀ ਰਣਖੇਤਰ ਵਿਚ ਹੀ ਰੱਖ ਲਿਆ। ਗੁਰੂ ਜੀ ਦੀ ਵੱਡੀ ਫਤਹਿ ਹੋਈ ਹੈ, ਜਿਹੜੀ ਸਾਰੇ ਜਗ ਵਿਚ ਪ੍ਰਗਟ ਹੋਈ ਹੈ। ਕੋਈ ਨਾ ਅੜਿਆ, ਬਹੁਤ ਵੈਰੀ ਮਰੇ, ਕੋਈ ਵੀ ਖੜਦਾ ਨਹੀਂ ਸੀ॥੨੩॥

ਭਾ ਅਚਰਜ ਸੁਨਿ ਸਭਿਨਿ ਕੇ ਕੰਪਜੋ ਤਬਿ ਸ਼ਾਹੂ।
'ਮੇਰੋ ਤਖਤ ਨ ਛੀਨ ਲੇ' ਤ੍ਰਾਸਜੋ ਮਨ ਮਾਂਹੂ।
ਕਾਬਲ ਬਲਖ ਬੁਖਾਰ ਲੌ ਬਡ ਧਾਂਕ ਉਠਾਈ।
ਪਤਿਸ਼ਾਹਿਤਿ ਗਰਦਸ਼ ਕਰੀ ਗੁਰ ਧੂਮ ਮਚਾਈ॥ ੨੪॥

ਸਾਰਿਆਂ ਨੂੰ ਸੁਣ ਕੇ ਬਹੁਤ ਹੈਰਾਨੀ ਹੋਈ ਤੇ ਬਾਦਸ਼ਾਹ ਵੀ ਕੰਬ ਉਠਿਆ, ਮਨ ਵਿਚ ਬਹੁਤ ਡਰਿਆ, "ਕਿਤੇ ਮੇਰਾ ਤਖਤ ਵੀ ਨਾ ਖੋਹ ਲਵੇ।" ਕਾਬਲ ਬਲਖ ਬੁਖਾਰੇ ਤਕ ਵੱਡੀ ਧਾਂਕ ਬਹਿ ਗਈ ਹੈ, ਪਾਤਸ਼ਾਹੀ ਨੂੰ ਹਿਲਾ ਦਿੱਤਾ ਹੈ, ਗੁਰੂ ਜੀ ਨੇ ਸਾਰੇ ਧੁੰਮ ਮਚਾ ਦਿੱਤੀ ਹੈ॥੨੪॥

ਜਹਿਂ ਕਹਿਂ ਕੇ ਸੂਬੇ ਡਰੇ ਗੁਰ ਨਹਿਂ ਇਤ ਆਵਹਿਂ।
ਦਬਕੇ ਚਾਰਹੁਂ ਚੱਕ ਮਹਿਂ ਨਹਿਂ ਕੋ ਗਰਬਾਵਹਿ।
ਨਿਜ ਨਿਜ ਸਵਧਾਨੀ ਕਰੇ, ਕੋ ਚਹਤਿ ਪਲਾਈ'।
ਇੱਤਜਾਦਿਕ ਸਭਿ ਬਾਰਤਾ ਸੁਨਿ ਮੋਦ ਉਪਾਈ॥ ੨੫॥

ਜਿਥੇ-ਕਿਥੇ ਦੇ ਸੂਬੇ ਡਰ ਗਏ ਹਨ ਕਿ ਕਿਤੇ ਗੁਰੂ ਜੀ ਏਧਰ ਨਾ ਆ ਜਾਣ, ਚਾਰੇ ਚੱਕਾਂ ਵਿਚ ਸੂਰਮੇ ਡਰ ਗਏ ਹਨ, ਕੋਈ ਵੀ ਘੁਮੰਡ ਨਹੀਂ ਕਰਦਾ। ਸਾਰੇ ਆਪਣੀ-ਆਪਣੀ ਸਾਵਧਾਨੀ ਕਰਦੇ ਹਨ ਤੇ ਕੋਈ ਭੱਜ ਜਾਣਾ ਚਾਹੁੰਦਾ ਹੈ।" ਇਤਿਆਦਿ ਸਾਰੀ ਵਾਰਤਾ ਸੁਣ ਕੇ ਬਹੁਤ ਅਨੰਦ ਪ੍ਰਾਪਤ ਕੀਤਾ॥੨੫॥

ਪੁਰਿ ਜਨ ਸੁਨਿ ਕਰਿ ਬਚ ਭਨਜੋ 'ਇਨ ਸਮ ਨਹਿਂ ਦੂਜਾ।
ਜਿਨ ਕੀ ਦੇਵ ਅਦੇਵ ਮਿਲਿ ਠਾਨਤਿ ਪਗ ਪੂਜਾ।
ਬੰਦਨੀਯ ਇਹ ਸਭਿਨਿ ਕੇ ਗੁਰ ਨਾਨਕ ਗਾਦੀ।
ਸਕਲ ਜਗਤ ਜਿਨਕੋ ਨਿਮਹਿਂ, ਹਾਰੇ ਸਭਿ ਬਾਦੀ'॥ ੨੬॥

ਨਗਰ ਦੇ ਲੋਕਾਂ ਨੇ ਸੁਣ ਕੇ ਬਚਨ ਕੀਤਾ, 'ਇਨ੍ਹਾਂ ਵਰਗਾ ਕੋਈ ਦੂਸਰਾ ਨਹੀਂ, ਜਿਨ੍ਹਾਂ ਦੀ ਦੇਵਤੇ ਅਤੇ ਦੈਂਤ ਮਿਲ ਕੇ ਚਰਨਾਂ ਦੀ ਪੂਜਾ ਕਰਦੇ ਹਨ। ਇਹ ਸਾਰਿਆਂ ਦੇ ਬੰਦਨਾ ਯੋਗ ਹਨ ਤੇ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਬੈਠੇ ਹਨ। ਸਾਰਾ ਜਗਤ ਜਿਨ੍ਹਾਂ ਨੂੰ ਨਮਸਕਾਰ ਕਰਦਾ ਹੈ ਤੇ ਝਗੜਾ ਕਰਨ ਵਾਲੇ ਸਾਰੇ ਹਾਰ ਗਏ ਹਨ' ॥੨੬॥

ਕੇਤਿਕ ਘਟਿਕਾ ਦਿਨ ਰਹਯੋ ਤਬਿ ਉਠੇ ਕ੍ਰਿਪਾਲਾ।
ਪੁਰਿਜਨ ਕਰੇ ਬਿਸਰਜਨਾ ਪ੍ਰਿਯ ਭਾਖਿ ਬਿਸਾਲਾ।
ਸੁੰਦਰ ਮੰਦਰ ਅੰਦਰੇ ਗੁਰ ਜਾਇ ਪ੍ਰਵੇਸ਼ੇ।
ਮਰਵਾਹੀ ਅਰੁ ਨਾਨਕੀ ਉਰ ਅਨੰਦ ਵਿਸ਼ੇਸ਼ੇ॥ ੨੭॥

ਜਦ ਕੁਝ ਘੜੀਆਂ ਦਿਨ ਰਹਿ ਗਿਆ ਤਦ ਕ੍ਰਿਪਾਲੂ ਗੁਰੂ ਜੀ ਉਠੇ ਤੇ ਨਗਰ ਦੇ ਲੋਕਾਂ ਨੂੰ ਬੜੇ ਪਿਆਰ ਨਾਲ ਕਹਿ ਕੇ ਵਿਦਾ ਕੀਤਾ। ਆਪਣੇ ਸੁੰਦਰ ਘਰ ਦੇ ਅੰਦਰ ਜਾ ਕੇ ਪ੍ਰਵੇਸ਼ ਕੀਤਾ, ਸ੍ਰੀ ਮਰਵਾਹੀ ਜੀ ਅਤੇ ਸ੍ਰੀ ਨਾਨਕੀ ਜੀ ਦੇ ਹਿਰਦੇ ਅੰਦਰ ਵਿਸ਼ੇਸ਼ ਅਨੰਦ ਭਰ ਗਿਆ॥੨੭॥

ਪਗ ਪੰਕਜ ਗੁਰੁ ਕੇ ਲਗੀ ਮੂਰਤਿ ਪ੍ਰਿਯ ਹੇਰੀ।
ਲੈ ਕਰਿ ਸ੍ਰੀ ਹਰਿਰਾਇ ਕੋ ਆਈ ਤਬਿ ਚੇਰੀ।
ਧੀਰਮੱਲ ਕੇ ਸਹਿਤ ਹੀ ਗੁਰ ਚਰਨੀਂ ਲਾਏ।
ਨੁਖਾ ਦੋਨਹੂੰ ਆਇ ਕਰਿ ਨਿਜ ਸੀਸ ਨਿਵਾਏ॥ ੨੮॥

ਗੁਰੂ ਜੀ ਦੇ ਚਰਨ ਕੰਵਲਾਂ ਤੇ ਮੱਥਾ ਟੇਕਿਆ ਤੇ ਉਨ੍ਹਾਂ ਪਿਆਰੇ ਪ੍ਰਭੂ ਦੇ ਮੁਖੜੇ ਦੇ ਦਰਸ਼ਨ ਕੀਤੇ। ਤਦ ਸੇਵਕਾ ਬਾਲਕ ਸ੍ਰੀ ਹਰਿਰਾਇ ਨੂੰ ਲੈ ਕੇ ਆਈ। ਧੀਰਮਲ ਸਹਿਤ ਦੋਵਾਂ ਨੂੰ ਗੁਰੂ ਜੀ ਦੇ ਚਰਨਾਂ ਨਾਲ ਲਾਇਆ। ਦੋਵਾਂ ਨੂੰਹਾਂ ਨੇ ਆ ਕੇ ਆਪਣੇ ਸਿਰ ਨਿਵਾਏ॥੨੮॥

ਕਰਿ ਕਰਿ ਸਗਰੀ ਬੰਦਨਾ ਪਹੁੰਚੀ ਨਿਜ ਥਾਂਨੇ।
ਬਰ ਪ੍ਰਯੰਕ ਪਰ ਗੁਰ ਥਿਰੇ ਸ਼ੁਭ ਬਾਕ ਬਖਾਨੇ।
ਲਏ ਗੋਦ ਹਰਿਰਾਇ ਕੋ ਦੈ ਮੋਦ ਦੁਲਾਰੈਂ।
ਧੀਰਮੱਲ ਬੈਠਯੋ ਨਿਕਟਿ ਤਿਸ ਓਰ ਨਿਹਾਰੈਂ॥ ੨੯॥

ਸਾਰੇ ਬੰਦਨਾ ਕਰ-ਕਰ ਆਪਣੇ-ਆਪਣੇ ਥਾਂ ਪਹੁੰਚੇ। ਸ੍ਰੇਸ਼ਟ ਪਲੰਘ ਤੇ ਬੈਠ ਕੇ ਗੁਰੂ ਜੀ ਸ੍ਰੇਸ਼ਟ ਬਚਨ ਕਹਿੰਦੇ ਸਨ। ਬਾਲਕ ਸ੍ਰੀ ਹਰਿਰਾਇ ਨੂੰ ਗੋਦੀ ਵਿਚ ਲੈ ਕੇ ਬੜੇ ਪ੍ਰਸੰਨਤਾ ਸਹਿਤ ਪਿਆਰ ਕਰਦੇ ਸਨ। ਪਾਸ ਬੈਠਾ ਧੀਰਮਲ ਉਨ੍ਹਾਂ ਵੱਲ ਵੇਖ ਰਿਹਾ ਸੀ॥੨੯॥

ਸ੍ਰੀ ਗੁਰਦਿੱਤਾ ਢਿਗ ਥਿਰਯੋ ਕਰਿ ਲੋਚਨ ਨੀਚੇ।
ਸੂਰਜਮਲ ਦਿਸ਼ਿ ਦੇਖਿ ਗੁਰ ਅੰਮ੍ਰਿਤ ਜਨੁ ਸੀਚੇ।
ਤੇਗਬਹਾਦਰ ਦਹਿਨ ਦਿਸ਼ਿ ਇਕ ਰਸ ਬ੍ਰਿਤਿ ਜਾਂਹੀ।
ਸਨਮਾਨਤਿ ਸਿਰ ਹਾਥ ਧਰਿ ਬਾਨੀ ਮ੍ਰਿਦੁ ਪ੍ਰਾਹੀ॥ ੩੦॥

ਸ੍ਰੀ ਗੁਰਦਿੱਤਾ ਨੀਂਵੀਆਂ ਅੱਖਾਂ ਕਰਕੇ ਪਾਸ ਬੈਠਾ ਸੀ, ਸੂਰਜ ਮਲ ਵੱਲ ਵੇਖ ਕੇ ਮਾਨੋਂ ਗੁਰੂ ਜੀ ਅੰਮ੍ਰਿਤ ਦਾ ਛਿੜਕਾ ਕਰ ਰਹੇ ਸਨ। ਸ੍ਰੀ ਤੇਗ ਬਹਾਦਰ ਸੱਜੇ ਪਾਸੇ ਬੈਠਾ ਸੀ, ਜਿਸ ਦੀ ਬ੍ਰਿਤੀ ਇਕ ਰਸ ਸੀ। ਗੁਰੂ ਜੀ ਉਸ ਦੇ ਸਿਰ ਤੇ ਹੱਥ ਧਰ ਕੇ ਮਿੱਠੇ ਬਚਨ ਬੋਲ ਕੇ ਸਨਮਾਨ ਕਰ ਰਹੇ ਸਨ॥੩੦॥

ਅਣੀਰਾਇ ਸਨਮੁਖ ਥਿਰਯੋ ਪਿਤ ਰੂਪ ਦਿਖੰਤੇ।
ਕ੍ਰਿਪਾਦ੍ਰਿਸ਼ਟਿ ਪਰਵਾਰ ਪਰ ਸ੍ਰੀ ਗੁਰੂ ਕਰੰਤੇ।
ਦਾਸ ਰੁ ਦਾਸੀ ਸਭਿਨਿ ਹੀ ਠਾਂਢੀ ਕਰ ਜੋਰੇ।
ਦੇਖਿ ਅਨੰਦਤਿ ਉਰ ਕਰੇ ਰਸ ਪ੍ਰੇਮ ਸੁ ਬੋਰੇ॥ ੩੧ ॥

ਸ੍ਰੀ ਅਣੀਰਾਇ ਸਾਹਮਣੇ ਬੈਠਾ, ਪਿਤਾ ਜੀ ਦਾ ਰੂਪ ਵੇਖ ਰਿਹਾ ਸੀ, ਗੁਰੂ ਜੀ ਆਪਣੇ ਪਰਿਵਾਰ ਤੇ ਕ੍ਰਿਪਾ-ਦ੍ਰਿਸ਼ਟੀ ਕਰ ਰਹੇ ਸਨ। ਦਾਸ ਦਾਸੀਆਂ ਸਾਰੇ ਹੀ ਹੱਥ ਜੋੜ ਕੇ ਖੜੇ ਸਨ। ਸਾਰੇ ਪ੍ਰੇਮ ਰਸ ਵਿਚ ਡੁੱਬੇ ਹੋਏ ਹਿਰਦਿਆਂ ਵਿਚ ਅਨੰਦਿਤ ਹੋ ਰਹੇ ਸਨ॥੩੧॥

ਪਰਿਵਾਰਤਿ ਪਰਵਾਰ ਤੇ ਦ੍ਵੈਘਰੀ ਬਿਤਾਈ।
ਸ੍ਰੀ ਗਰਦਿੱਤੇ ਦਿਸ਼ਿ ਪਿਖਯੋ ਮ੍ਰਿਦੁ ਗਿਰਾ ਸੁਨਾਈ।
'ਬ੍ਰਿੰਦ ਮਸੰਦ ਬੁਲਾਇ ਢਿਗ ਬਾਹਿਰ ਥਿਰ ਹੂਜੈ।
ਤ੍ਰਿਣ ਦਾਣਾ, ਖਾਣਾ ਭਲੇ ਜਿਮ ਸਭਿ ਕੋ ਪੂਜੈ॥ ੩੨ ॥

ਆਪਣੇ ਪਰਿਵਾਰ ਵਿਚ ਰਹਿ ਕੇ ਦੋ ਘੜੀਆਂ ਬਤੀਤ ਕੀਤੀਆਂ, ਫਿਰ ਸ੍ਰੀ ਗੁਰਦਿੱਤੇ ਵੱਲ ਵੇਖ ਕੇ ਮਿੱਠੇ ਬਚਨ ਕਹੇ, "ਬਾਹਰ ਖੜੇ ਮਸੰਦਾਂ ਨੂੰ ਪਾਸ ਬੁਲਾਉ। ਘਾਹ, ਦਾਣਾ, ਖਾਣਾ ਸਾਰਿਆਂ ਨੂੰ ਪਹੁੰਚਾਇਆ ਜਾਵੇ॥੩੨॥

ਕਰਹੁ ਦਿਵਾਵਨ ਧੀਰ ਸੌਂ ਨਰ ਖਰੇ ਕਰੀਜੈ।
ਜਥਾਜੋਗ ਸਭਿ ਸੈਨ ਕੀ ਨੀਕੇ ਸੁਧ ਲੀਜੈ'।
ਸੂਰਜਮਲ ਅਣਿਰਾਇ ਤਬਿ ਉਠਿ ਬਾਹਿਰ ਆਏ।
ਧੀਰਮੱਲ ਹਰਿਰਾਇ ਜੀ ਤਿਨ ਸੰਗ ਸਿਧਾਏ॥ ੩੩ ॥

ਮਨੁੱਖਾਂ ਨੂੰ ਖੜੇ ਕਰਕੇ ਸਾਰਿਆਂ ਨੂੰ ਧੀਰਜ ਨਾਲ ਇਹ ਵਸਤਾਂ ਦਿਵਾਵੋ, ਯਥਾ ਯੋਗ ਸਾਰੀ ਸੈਨਾ ਦੀ ਚੰਗੀ ਤਰ੍ਹਾਂ ਖਬਰ ਲਵੋ। ਸ੍ਰੀ ਸੂਰਜ ਮਲ ਅਤੇ ਸ੍ਰੀ ਅਣੀਰਾਇ ਫਿਰ ਉੱਠ ਕੇ ਬਾਹਰ ਆਏ, ਸ੍ਰੀ ਧੀਰਮਲ ਤੇ ਸ੍ਰੀ ਹਰਿਰਾਇ ਵੀ ਉਨ੍ਹਾਂ ਦੇ ਨਾਲ ਚਲੇ ਗਏ॥੩੩॥

ਤੇਗ ਬਹਾਦਰ ਪੁਨ ਉਠੇ ਸਭਿ ਮਿਲਿ ਕੈ ਸੰਗਾ।
ਪਿਖਯੋ 'ਜਾਨ ਭਾਈ' ਭਲੇ ਬਡ ਬੇਗ ਤੁਰੰਗਾ।
ਸੁੰਦਰ ਹੇਰਿ ਪ੍ਰਮੋਦ ਤੇ ਕਰ ਫੇਰਤਿ ਅੰਗਾ।
ਮਨਹੁਂ ਚਿਤਰੇ ਲਿਖਿ ਕਰੀ ਮੂਰਤ ਸਰਬੰਗਾ॥ ੩੪ ॥

ਸ੍ਰੀ ਤੇਗ ਬਹਾਦਰ ਫਿਰ ਸਾਰਿਆਂ ਦੇ ਨਾਲ ਮਿਲ ਕੇ ਉਠਿਆ, ਸਾਰਿਆਂ ਨੇ ਵੱਡੇ ਤੇਜ਼ ਤਰਾਰ ਘੋੜੇ 'ਜਾਨ ਭਾਈ' ਨੂੰ ਵੇਖਿਆ। ਸੁੰਦਰ ਘੋੜਾ ਵੇਖ ਕੇ ਖੁਸ਼ੀ ਨਾਲ ਆਪਣੇ ਹੱਥ ਉਸ ਦੇ ਸਰੀਰ ਤੇ ਫੇਰਦੇ ਸਨ, ਮਾਨੋਂ ਚਿਤਰਕਾਰ ਨੇ ਲਿਖ ਕੇ ਉਸ ਦੇ ਸਾਰੇ ਅੰਗਾਂ ਦੀ ਮੂਰਤ ਬਣਾਈ ਹੋਵੇ॥੩੪॥

ਇਮ ਉਤਸਵ ਪੁਰਿ ਮਹਿਂ ਮਹਾਂ ਪਰਵਾਰ ਮਝਾਰਾ।
ਦੀਪ ਮਾਲਿਕਾ ਬਹੁ ਕਰੀ ਘਰ ਗਰੀ ਬਜਾਰਾ।
ਅਤਿ ਅਨੰਦ ਸਭਿ ਮੈਂ ਭਯੋ ਜਿਮ ਰਾਵਣ ਮਾਰਾ।
ਰਾਮਚੰਦ ਪੁਰਿ ਆਪਨੇ ਮਿਲਿ ਕਰਿ ਪਰਵਾਰਾ॥ ੩੫ ॥

ਇਸ ਤਰ੍ਹਾਂ ਸਾਰੇ ਨਗਰ ਵਿਚ ਸਾਰੇ ਪਰਿਵਾਰਾਂ ਵਿਚ ਮਹਾਂ ਉਤਸਵ ਹੋਇਆ ਤੇ ਗਲੀ ਬਾਜ਼ਾਰਾਂ ਵਿਚ ਬਹੁਤ ਦੀਪਮਾਲਾ ਕੀਤੀ। ਸਾਰਿਆਂ ਵਿਚ ਬੜਾ ਅਨੰਦ ਭਰ ਗਿਆ ਜਿਵੇਂ ਰਾਵਣ ਮਾਰਿਆ ਹੋਵੇ ਤੇ ਰਾਮ ਚੰਦਰ ਆਪਣੇ ਨਗਰ ਵਿਚ ਆ ਕੇ ਪਰਿਵਾਰ ਨੂੰ ਮਿਲਿਆ ਹੋਵੇ॥੩੫॥

*ਸੱਤਵੀਂ ਰਾਸ ਦਾ ਸੱਠਵਾਂ ਅਧਿਆਇ ਸਮਾਪਤ ਹੋਇਆ॥੬੦॥*

# ਅਧਿਆਇ ਇਕਾਹਠਵਾਂ

### ਕਰਤਾਰ ਪੁਰ ਦਰਬਾਰ

*ਦੋਹਰਾ-* ਨਿਜ ਘਰ ਪੈਂਦੇ ਖਾਨ ਸੁਨਿ ਆਯੋ ਕਰਤਿ ਉਤਾਲ।
ਬਿਧੀਚੰਦ ਕੋ ਮਿਲਤਿ ਭਾ ਕਰਿ ਸਲਾਮ ਤਤਕਾਲ॥ ੧॥

ਜਦ ਆਪਣੇ ਘਰ ਵਿਚ ਪੈਂਦੇ ਖਾਨ ਨੇ ਸੁਣਿਆ ਤੇ ਉਹ ਬਹੁਤ ਛੇਤੀ ਆਇਆ ਤੇ ਸਲਾਮ ਕਰਕੇ ਤੁਰਤ ਬਿਧੀ ਚੰਦ ਨੂੰ ਮਿਲਿਆ॥੧॥

*ਨਿਸ਼ਾਨੀ ਛੰਦ-* ਸਤਿਗੁਰ ਕੀ ਸੁਧ ਬੂਝਿ ਜਬਿ ਮੰਦਰ ਨਿਜ ਮਾਂਹੀ।
ਬੈਠਿ ਨਿਕਟ ਕਰਿ ਬਾਰਤਾ 'ਕਿਮ ਭੀ ਰਨ ਮਾਂਹੀ?'।
ਬਿਧੀਏ ਸਕਲ ਬਖਾਨ ਤਬਿ ਜਿਮ ਭਾ ਘਮਸਾਨਾ।
'ਤੁਰਕਾਨੀ ਬਹੁ ਬਾਹਿਨੀ ਧਰਿ ਆਯੁਧ ਨਾਨਾ॥ ੨॥

ਸਤਿਗੁਰੂ ਜੀ ਬਾਰੇ ਖ਼ਬਰ ਪੁੱਛ ਕੇ ਜਦ ਉਹ ਆਪਣੇ ਘਰ ਦੇ ਅੰਦਰ ਸਨ ਤਾਂ ਬਿਧੀ ਚੰਦ ਦੇ ਪਾਸ ਬੈਠ ਕੇ ਕਿਹਾ, "ਰਣਖੇਤਰ ਵਿਚ ਕਿਵੇਂ ਹੋਈ?" ਬਿਧੀ ਚੰਦ ਨੇ ਸਾਰੀ ਵਾਰਤਾ ਵਰਣਨ ਕੀਤੀ। ਜਿਵੇਂ ਘਮਸਾਣ ਦਾ ਜੰਗ ਹੋਇਆ ਸੀ, "ਬਹੁਤ ਤੁਰਕਾਨੀ ਘੋੜ-ਸਵਾਰ ਸੈਨਾ ਬਹੁਤ ਪ੍ਰਕਾਰ ਦੇ ਹਥਿਆਰ ਧਾਰਨ ਕਰਕੇ ਆਈ ਸੀ॥੨॥

ਆਇ ਪਰੀ ਅਧ ਜਾਮਨੀ ਗਨ ਛੁਟੀ ਤੁਫੰਗਾ।
ਪਹੁੰਚੇ ਸਤਿਗੁਰ ਸੂਰਮੇ ਕਰਿ ਤੇਜ਼ ਤੁਰੰਗਾ।
ਲਰਤਿ ਭਏ ਮਿਲਿ ਆਪ ਮਹਿਂ ਤੋਮਰ ਤਰਵਾਰੈਂ।
ਨਹਿਂ ਤੁਰਕਨਿ ਤੇ ਕਛੁ ਸਰੀ ਇਹ ਸਮੁਖ ਪ੍ਰਹਾਰੈਂ॥ ੩॥

ਅੱਧੀ ਰਾਤ ਨੂੰ ਆ ਕੇ ਪੈ ਗਈ ਤੇ ਬੰਦੂਕਾਂ ਚਲੀਆਂ, ਤੇ ਸਤਿਗੁਰੂ ਦੇ ਸੂਰਮੇ ਵੀ ਘੋੜੇ ਤੇਜ਼ ਕਰਕੇ ਪਹੁੰਚ ਗਏ। ਆਪਸ ਵਿਚ ਹੀ ਲੜ ਕੇ ਮਰ ਗਏ ਤੇ ਨੇਜ਼ੇ ਅਤੇ ਤਲਵਾਰਾਂ ਚਲਾਈਆਂ, ਤੁਰਕਾਂ ਪਾਸੋਂ ਕੁਝ ਨਾ ਸਰੀ, ਗੁਰੂ ਜੀ ਦੇ ਸੂਰਮੇ ਸਾਹਮਣੇ ਹੋ ਕੇ ਵਾਰ ਕਰਦੇ ਸਨ॥੩॥

ਨਿਸ ਮਹਿਂ ਮਰੇ ਸਹੱਸ੍ਰ ਬਹੁ ਪੁਨ ਭਯੋ ਪ੍ਰਕਾਸ਼ਾ।
ਚਢੇ ਆਪ ਹਯ ਪਰ ਗੁਰੂ ਹਿਤ ਰਿਪੁਨਿ ਬਿਨਾਸ਼ਾ।

ਬਲੀ ਕਾਬਲੀ ਬੇਗ ਭਟ ਉਮਰਾਵ ਮਹਾਨਾ।
ਦ੍ਵੰਦ ਜੁੱਧ ਕੀਨੋ ਮਹਾਂ ਗਹਿ ਹਾਥ ਕ੍ਰਿਪਾਨਾ॥ ੪॥

ਰਾਤ-ਰਾਤ ਵਿਚ ਹੀ ਕਈ ਹਜ਼ਾਰ ਮਰ ਗਏ, ਫਿਰ ਦਿਨ ਚੜ੍ਹ ਆਇਆ, ਤਦ ਗੁਰੂ ਜੀ ਵੈਰੀਆਂ ਨੂੰ ਮਾਰਨ ਵਾਸਤੇ ਆਪ ਘੋੜੇ ਤੇ ਚੜ੍ਹੇ, ਯੋਧਾ ਕਾਬਲੀ ਬੇਗ ਬੜਾ ਸ਼ਕਤੀਸ਼ਾਲੀ ਬਲਵਾਨ ਯੋਧਾ ਸੀ, ਗੁਰੂ ਜੀ ਨੇ ਉਸ ਨਾਲ ਤਲਵਾਰ ਹੱਥ ਵਿਚ ਫੜ ਕੇ ਦ੍ਵੰਦ ਯੁੱਧ ਕੀਤਾ॥੪॥

ਸਤਿਗੁਰ ਖੜਗ ਪ੍ਰਹਾਰਿ ਕੈ ਰਾਖਜੋ ਬਿਚ ਖੇਤਾ।
ਲਲਾਬੇਗ ਸਭਿ ਚਮੂੰ ਮੁਖਿ ਆਯੋ ਰਣ ਹੇਤਾ।
ਅਰਜੋ ਪ੍ਰਥਮ ਜੇਠਾ ਤਹਾਂ ਬਹੁ ਕਰਿ ਹੱਥਯਾਰਾ।
ਘਿਰਜੋ ਤੁਰਕ ਗਨ ਮਹਿਂ ਬਲੀ ਬਹੁਤਿਨਿ ਮਿਲਿ ਮਾਰਾ॥ ੫॥

ਸਤਿਗੁਰੂ ਜੀ ਨੇ ਤਲਵਾਰ ਮਾਰ ਕੇ ਉਸ ਨੂੰ ਰਣਖੇਤਰ ਵਿਚ ਹੀ ਮਾਰ ਲਿਆ, ਫਿਰ ਲਲਾ ਬੇਗ ਸਾਰੀ ਫੌਜ ਨੂੰ ਲੈ ਕੇ ਰਣਖੇਤਰ ਵਿਚ ਸਾਹਮਣੇ ਆਇਆ। ਪਹਿਲਾਂ ਜੇਠਾ ਬਹੁਤ ਹਥਿਆਰਾਂ ਦੀ ਲੜਾਈ ਕਰਕੇ ਅੜਿਆ, ਬਹੁਤ ਤੁਰਕਾਂ ਵਿਚ ਘਿਰ ਗਿਆ, ਪਰ ਫਿਰ ਵੀ ਉਸ ਬਹੁਤ ਤੁਰਕਾਂ ਨੂੰ ਮਾਰਿਆ॥੫॥

ਪੁਨ ਗੁਰ ਗਮਨੇ ਸਮੁਖ ਤਿਹ ਸੰਘਰ ਬਡ ਠਾਨਾ।
ਲਲਾਬੇਗ ਅਰੁ ਗੁਰੂ ਕੇ ਹੋਏ ਹਯ ਹਾਨਾ।
ਸੋ ਭੀ ਲੀਨੋ ਮਾਰਿ ਕਰਿ ਸਭਿ ਚਮੂੰ ਪ੍ਰਹਾਰੀ।
ਭਈ ਪਰਾਜੈ ਤੁਰਕ ਇਮ ਗੁਰ ਜੈ ਕਰਿ ਭਾਰੀ॥ ੬॥

ਫਿਰ ਗੁਰੂ ਜੀ ਸਾਹਮਣੇ ਹੋ ਕੇ ਵੱਡਾ ਸੰਘਰਸ਼ ਕੀਤਾ, ਲਲਾ ਬੇਗ ਅਤੇ ਗੁਰੂ ਜੀ ਦੇ ਘੋੜੇ ਮਾਰੇ ਗਏ, ਫਿਰ ਵੀ ਉਸ ਨੂੰ ਮਾਰ ਕੇ ਸਾਰੀ ਸੈਨਾ ਤੇ ਵਾਰ ਕੀਤੇ, ਇਸ ਤਰ੍ਹਾਂ ਤੁਰਕ ਹਾਰ ਗਏ ਤੇ ਗੁਰੂ ਜੀ ਦੀ ਜੈ ਜੈ ਕਰਕੇ ਭਾਰੀ ਜਿੱਤ ਹੋਈ॥੬॥

ਜਾਤੀ ਮਲਕ ਜਿ ਆਦਿ ਭਟ ਗਨ ਸ਼ਸਤ੍ਰ ਪ੍ਰਹਾਰੇ'।
ਸੁਨਿ ਪੈਂਦੇ ਖਾਂ ਕਹਤਿ ਭਾ 'ਕਜਾ ਕਰੋਂ ਉਚਾਰੇ।
ਮੈਂ ਹੋਤੋ ਜੇ ਰਣ ਬਿਖੇ ਬਲ ਕਰਤਿ ਘਨੇਰੇ।
ਗੁਰ ਕੋ ਜਾਨਿ ਨ ਦੇਤਿ ਕਬਿ ਹਯ ਹਤਜੋ ਅਗੇਰੇ॥ ੭॥

ਜਾਤੀ ਮਲਕ ਆਦਿ ਸੂਰਮਿਆਂ ਨੇ ਬਹੁਤ ਸ਼ਸਤਰ ਚਲਾਏ।'' ਇਹ ਸੁਣ ਕੇ ਪੈਂਦੇ ਖਾਂ ਕਹਿਣ ਲੱਗਾ, ''ਹੁਣ ਕੀ ਉਚਾਰਨ ਕਰਾਂ, ਜੇ ਮੈਂ ਰਣਖੇਤਰ ਵਿਚ ਹੁੰਦਾ ਤਾਂ ਵੱਡੀ ਸ਼ਕਤੀ ਲਾਉਂਦਾ ਤੇ ਗੁਰੂ ਜੀ ਨੂੰ ਕਦੀ ਵੀ ਰਣਖੇਤਰ ਵਿਚ ਜਾਣ ਨਾ ਦਿੰਦਾ, ਜਿਨ੍ਹਾਂ ਦੇ ਰਣਖੇਤਰ ਵਿਚ ਜਾਣ ਨਾਲ ਘੋੜਾ ਮਾਰਿਆ ਗਿਆ॥੭॥

ਕਜੋਂ ਜੇਠਾ ਰਣ ਹੋਇ ਹਤਿ ਮੈਂ ਬਨਤਿ ਸਹਾਈ।
ਸਮਾਂ ਨ ਆਵੈ ਹਾਥ ਕਬਿ, ਕਜਾ ਕਹੋਂ ਸੁਨਾਈ।
ਬਲ ਮੇਰੋ ਜਗ ਬਿਦਤ ਹੈ ਜਿਹ ਨਾਮ ਸੁਨੰਤੇ।
ਭਾਜਤਿ ਸ਼ੱਤ੍ਰੂ ਬ੍ਰਿੰਦ ਤਿਤ ਨਹਿਂ ਠਹਿਰ ਸਕੰਤੇ॥ ੮॥

ਭਾਈ ਜੇਠਾ ਰਣਖੇਤਰ ਵਿਚ ਕਿਵੇਂ ਮਾਰਿਆ ਜਾਂਦਾ, ਮੈਂ ਉਸ ਦਾ ਸਹਾਇਕ ਬਣਦਾ, ਸਮਾਂ ਕਦੀ ਵੀ ਹੱਥ ਨਹੀਂ

ਆਉਂਦਾ, ਮੈਂ ਕੀ ਕਹਿ ਕੇ ਸੁਣਾਵਾਂ। ਮੇਰਾ ਬਲ ਜਗਤ ਵਿਚ ਪ੍ਰਸਿੱਧ ਹੈ, ਜਦ ਮੇਰਾ ਨਾਂ ਸੁਣਦੇ ਹਨ ਤਾਂ ਵੈਰੀ ਭੱਜ ਜਾਂਦੇ ਹਨ ਤੇ ਫਿਰ ਉਥੇ ਨਹੀਂ ਠਹਿਰ ਸਕਦੇ ਹਨ॥੮॥

ਤੀਰਨ ਸੋਂ ਬੇਧਤਿ ਘਨੇਂ ਗਹਿ ਫੇਰ ਕ੍ਰਿਪਾਨਾ।
ਸੰਘਾਰਤਿ ਹੀ ਕਰਤਿ ਮੈਂ ਗੁਰ ਅੱਗ੍ਰ ਮਦਾਨਾ।
ਨਿਕਟਿ ਨ ਹੋਨੇ ਦੇਤਿ ਰਿਪੁ ਘਾਲਤਿ ਘਮਸਾਨਾ।
ਕਜੋਂ ਜੇਠਾ, ਹਯ ਮਰਤਿ ਰਣ, ਕਜਾ ਕਰੋਂ ਬਖਾਨਾ'॥ ੯॥

ਤੀਰਾਂ ਨਾਲ ਬੁਰੀ ਤਰ੍ਹਾਂ ਵਿੰਨ੍ਹ ਕੇ ਕਿਰਪਾਨ ਫੜ ਲੈਂਦਾ, ਮਾਰਦਾ ਹੀ ਮੈਂ ਗੁਰੂ ਜੀ ਅੱਗੇ ਮੈਦਾਨ ਖਾਲੀ ਕਰ ਦਿੰਦਾ, ਵੈਰੀਆਂ ਨੂੰ ਲਾਗੇ ਨਾ ਆਉਣ ਦਿੰਦਾ ਤੇ ਘਮਸਾਣ ਕਰਕੇ ਸਭ ਨੂੰ ਮਾਰ ਲੈਂਦਾ। ਕਿਉਂ ਭਾਈ ਜੇਠਾ ਤੇ ਘੋੜਾ ਮੈਦਾਨ ਵਿਚ ਮਾਰੇ ਗਏ, ਮੈਂ ਕੀ ਬਿਆਨ ਕਰਾਂ'॥੯॥

ਬਿਧੀਆ ਸੁਨਿ ਕੈ ਕਹਤਿ ਭਾ 'ਕਹਿਂ ਜਿਮ, ਹੈ ਤੈਸੇ।
ਪਰ ਗੁਰ ਕੀ ਮਰਜ਼ੀ ਕਹਾਂ, ਲਖਿ ਸਕਿਯ ਨ ਕੈਸੇ'।
ਇਮ ਨਿਸ ਮੈਂ ਕਰਿ ਬਾਰਤਾ ਮਿਲਿ ਕੈ ਸਭਿ ਸੰਗਾ।
ਜਾਤੀ ਮਲਕ ਜਿ ਆਦਿ ਹੈਂ ਸੁਖ ਬੂਝਤਿ ਅੰਗਾ॥ ੧੦॥

ਇਹ ਸੁਣ ਕੇ ਬਿਧੀ ਚੰਦ ਨੇ ਕਿਹਾ, "ਜਿਵੇਂ ਕਿਹਾ ਹੈ, ਉਸ ਤਰ੍ਹਾਂ ਹੀ ਹੋਇਆ ਹੈ, ਪਰ ਗੁਰੂ ਜੀ ਦੀ ਮਰਜ਼ੀ ਨੂੰ ਕੌਣ ਕਿਸ ਤਰ੍ਹਾਂ ਸਮਝ ਸਕਦਾ ਹੈ"। ਪੈਂਦਾ ਖਾਂ ਇਸ ਤਰ੍ਹਾਂ ਸਾਰਿਆਂ ਨਾਲ ਮਿਲ ਕੇ ਵਾਰਤਾਲਾਪ ਕਰਦਾ ਸੀ। ਜਾਤੀ ਮਲਕ ਜਿਹੜੇ ਆਦਿ ਪੁਰਾਣੇ ਸੂਰਮੇ ਹਨ, ਉਨ੍ਹਾਂ ਪਾਸੋਂ ਸਰੀਰ ਦੀ ਸੁਖ ਅਨੰਦ ਪੁੱਛਦਾ ਹੈ॥੧੦॥

ਖਾਨ ਪਾਨ ਕਰਿ ਜਥਾ ਸੁਖ ਸਭਿ ਨਿਸ ਬਿਸਰਾਮੇ।
ਅਨੰਦ ਕਰਤਿ ਘਰ ਘਰ ਬਿਖੈ ਲੇ ਸਤਿਗੁਰ ਨਾਮੇ।
ਰਹੀ ਜਾਮ ਜਬਿ ਜਾਮਨੀ ਜਗ ਗੁਰ ਤਬਿ ਜਾਗੇ।
ਸੌਚ ਸ਼ਨਾਨੇ ਬੈਠਿ ਪੁਨ ਧਯਾਨ ਸੁ ਰਸ ਪਾਗੇ॥ ੧੧॥

ਖਾ ਪੀ ਕੇ ਸਾਰੇ ਪਹਿਲਾਂ ਵਾਂਗ ਰਾਤ ਨੂੰ ਆਰਾਮ ਕਰਨ ਲੱਗੇ ਤੇ ਸਾਰੇ ਆਪਣੇ ਘਰ-ਘਰ ਗੁਰੂ ਜੀ ਦਾ ਨਾਂ ਲੈ ਕੇ ਅਨੰਦ ਮੰਗਲ ਕਰਦੇ ਸਨ। ਜਦ ਪਹਿਰ ਰਾਤ ਰਹਿ ਗਈ ਤਾਂ ਗੁਰੂ ਜੀ ਜਾਗ ਪਏ। ਸੋਚ ਇਸ਼ਨਾਨ ਕਰਕੇ ਅੰਤਰ ਧਿਆਨ ਦੇ ਰਸ ਵਿਚ ਭਿੱਜ ਗਏ॥੧੧॥

ਆਸਾਵਾਰ ਸੁ ਰਾਗਿ ਧੁਨਿ ਗਾਵਤਿ ਸੁਨਿਯਤੇ।
ਜਹਾਂ ਕਹਾਂ ਗੁਰ ਗਿਰਾ ਸਿਖ ਧਰਿ ਪ੍ਰੇਮ ਪਠੰਤੇ।
ਲਘੁ ਦੁੰਦਭਿ ਨੌਬਤ ਬਜਤਿ ਅਨੰਦ ਉਪਜੰਤੀ।
ਸੰਗ ਨਫੀਰੀ ਗੁਰ ਸਬਦਿ ਗਾਵਤਿ ਸੁਖਵੰਤੀ॥ ੧੨॥

ਆਸਾ ਦੀ ਵਾਰ ਦਾ ਕੀਰਤਨ ਰਾਗਾਂ ਦੀਆਂ ਧੁਨੀਆਂ ਵਿਚ ਗਾਇਆ ਹੋਇਆ ਸੁਣਦੇ ਸਨ, ਜਿਥੇ ਕਿਥੇ ਗੁਰੂ ਜੀ ਦੀ ਬਾਣੀ ਪ੍ਰੇਮ ਧਾਰ ਕੇ ਪੜ੍ਹਦੇ ਸਨ। ਛੋਟੇ ਨਗਾਰੇ ਅਤੇ ਨੌਬਤਾਂ ਵੱਜਦੀਆਂ ਬੜਾ ਅਨੰਦ ਪੈਦਾ ਕਰ ਰਹੀਆਂ ਸਨ, ਨਾਲ ਨਫੀਰੀ ਸੁਖਦਾਇਕ ਗੁਰ ਸ਼ਬਦ ਗਾ ਰਹੀ ਹੈ॥੧੨॥

ਬਰਖਾ ਸੁਧਾ ਮਨਿਦ ਹੈ ਧੁਨਿ ਸ੍ਰੀ ਗੁਰੁਬਾਨੀ।
ਉਠੇ ਅਨੰਦਤਿ ਸੁਨਤਿ ਸਭਿ 'ਸਤਿਨਾਮ' ਬਖਾਨੀ।
ਇਮ ਪ੍ਰਭਾਤਿ ਮੰਗਲ ਸਹਤ ਸੁਭ ਭਯੋ ਪ੍ਰਕਾਸ਼ਾ।
ਭਾਟ ਨਕੀਬ ਉਚਾਰਤੇ ਗੁਰ ਕੋ ਜਸੁ ਰਾਸਾ॥ ੧੩॥

ਗੁਰਬਾਣੀ ਦੀਆਂ ਧੁਨੀਆਂ ਅੰਮ੍ਰਿਤ ਵਰਖਾ ਸਮਾਨ ਹਨ, ਸਾਰੇ ਸੁਣ ਕੇ ਅਨੰਦਮਈ ਹੋ ਕੇ ਉੱਠੇ ਤੇ 'ਸਤਿਨਾਮ' ਕਿਹਾ। ਇਸ ਤਰ੍ਹਾਂ ਪ੍ਰਭਾਤ ਦਾ ਸ਼ੁਭ ਮੰਗਲ ਸਹਿਤ ਪ੍ਰਕਾਸ਼ ਹੋਇਆ। ਭਾਟ ਅਤੇ ਨਕੀਬ ਗੁਰੂ ਜੀ ਦਾ ਜੱਸ ਉਚਾਰਨ ਕਰ ਰਹੇ ਸਨ॥੧੩॥

'ਪਾਤਸ਼ਾਹੁ ਸਾਚਾ ਜਗਤ ਹੁਇ ਅੰਤ ਸਹਾਈ।
ਸੋਢੀ ਬੰਸ ਸਮੁੰਦ੍ਰ ਮਹਿਂ ਬਿਦਤ ਨਿਸਰਾਈ।
ਦੇਗ਼ ਤੇਗ਼ ਪੂਰੋ ਧਨੀ ਬਡ ਡੀਲ ਬਿਸਾਲਾ।
ਫਤੇ ਕਰਤਿ ਅਨਗਨ ਰਿਪੁਨਿ ਰਣ ਕਰਮ ਕਰਾਲਾ॥ ੧੪॥

"ਸੱਚਾ ਪਾਤਸ਼ਾਹ ਜਗਤ ਵਿਚ ਅੰਤ ਸਮੇਂ ਸਹਾਈ ਹੁੰਦਾ ਹੈ, ਸੋਢੀ ਵੰਸ਼ ਦੇ ਸਮੁੰਦਰ ਵਿਚ ਚੰਦ੍ਰਮਾਂ ਵਾਂਗ ਪ੍ਰਗਟ ਹਨ। ਦੇਗ਼ ਤੇਗ਼ ਦੇ ਸੰਪੂਰਨ ਧਨੀ ਹਨ ਤੇ ਵੱਡਾ ਲੰਮਾ ਚੌੜਾ ਡੀਲ-ਡੌਲ ਹੈ। ਰਣਖੇਤਰ ਵਿਚ ਵਿਕਰਾਲ ਕਰਮ ਕਰਕੇ ਅਣਗਿਣਤ ਵੈਰੀਆਂ ਤੇ ਫ਼ਤਹਿ ਪਾਉਂਦੇ ਹਨ॥੧੪॥

ਪੀਰੀ ਅਰੁ ਮੀਰੀ ਮਹਾਂ ਦੋਨੋ ਨਿਤ ਧਾਰੀ।
ਧਰਤਾ ਦੋਨੋ ਖੜਗ ਕੋ ਦੋਨਹੁਂ ਭੁਜ ਭਾਰੀ।
ਰੱਖਜਕ ਦੋਨੋ ਲੋਕ ਕੋ ਦਾਸਨ ਸੁਖ ਦੇਤਾ।
ਮੁਗਲਸਖਾਂ ਕੇ ਪ੍ਰਾਨ ਹਨਿ ਰਾਖਜੋ ਰਣ ਖੇਤਾ॥ ੧੫॥

ਸਦਾ ਹੀ ਪੀਰੀ ਅਤੇ ਮੀਰੀ ਦੋਵਾਂ ਨੂੰ ਧਾਰਨ ਕੀਤਾ ਹੋਇਆ ਹੈ, ਦੋਵਾਂ ਤਲਵਾਰਾਂ ਨੂੰ ਧਾਰਨ ਕਰਦੇ ਹਨ ਤੇ ਦੋਵੇਂ ਬਾਹਾਂ ਬਹੁਤ ਭਾਰੀਆਂ ਹਨ। ਦੋਵਾਂ ਲੋਕਾਂ ਦੇ ਰਖਵਾਲੇ ਹਨ ਤੇ ਆਪਣੇ ਸੇਵਕਾਂ ਨੂੰ ਸੁਖ ਦਿੰਦੇ ਹਨ, ਮੁਖਲਸ ਖਾਂ ਨੂੰ ਮਾਰ ਕੇ ਰਣਖੇਤਰ ਵਿਚ ਹੀ ਰਖਿਆ॥੧੫॥

ਸਤਿਗੁਰ ਪਿਤ ਕੇ ਰਿਪੁ ਮਹਾਂ ਚੰਦੂ ਗਹਿ ਮਾਰਾ।
ਅਬੁਦੁਲਖਾਂ ਸੁਤ ਸਖਾ ਜੁਤਿ ਕਰਿ ਜੰਗ ਪ੍ਰਹਾਰਾ।
ਬਲੀ ਕਾਬਲੀ ਬੇਗ ਕੋ ਸੰਘਾਰਕ ਬੀਰੰ।
ਲਲਾਬੇਗ ਬਡ ਚਮੂੰ ਜੁਤਿ ਮਾਰਜੋ ਧਰਿ ਧੀਰੰ॥ ੧੬॥

ਸਤਿਗੁਰੂ ਜੀ ਦੇ ਪਿਤਾ ਦੇ ਵੱਡੇ ਦੁਸ਼ਮਣ ਚੰਦੂ ਨੂੰ ਫੜ ਕੇ ਮਾਰਿਆ, ਅਬਦੁਲ ਖਾਂ ਪੁੱਤਰਾਂ ਅਤੇ ਸਾਥੀਆਂ ਸਮੇਤ ਜੰਗ ਲੜ ਕੇ ਮਾਰ ਦਿੱਤਾ। ਸ਼ਕਤੀਸ਼ਾਲੀ ਕਾਬਲੀ ਬੇਗ ਨੂੰ ਮਾਰ ਕੇ ਲਲਾ ਬੇਗ ਨੂੰ ਸਾਰੀ ਸੈਨਾ ਸਹਿਤ ਧੀਰਜ ਧਾਰ ਕੇ ਮਾਰ ਦਿੱਤਾ॥੧੬॥

ਪਰੀ ਧਾਂਕ ਚਹੁਂ ਦਿਸ਼ਨਿ ਮਹਿਂ, ਕੰਪੇ ਗਨ ਰਾਜੇ।
ਸੁਨਿ ਪ੍ਰਤਾਪ ਭਾਜਨਿ ਚਹਤਿ ਸਭਿ ਤਜਹਿ ਸਮਾਜੇ।

ਦਿੱਲੀ ਲਵਪੁਰਿ ਆਦਿ ਗਢ ਤ੍ਰਾਸਤਿ ਧਰਿ ਲਾਜੇ।
ਬਾਜੇ ਬਾਜੇ ਦਿਨ ਬਿਖੈ ਖੋਲਤਿ ਦਰਵਾਜੇ॥ ੧੭॥

ਚਾਰੇ ਪਾਸੇ ਧਾਂਕ ਬੈਠ ਗਈ ਹੈ ਤੇ ਬਹੁਤ ਰਾਜੇ ਕੰਬ ਉੱਠੇ ਹਨ, ਗੁਰੂ ਜੀ ਦੇ ਵੱਡੇ ਪ੍ਰਤਾਪ ਬਾਰੇ ਸੁਣ ਕੇ ਸਾਰਾ ਸਾਰੇ ਸਾਮਾਨ ਛੱਡ ਕੇ ਭੱਜਣਾ ਚਾਹੁੰਦੇ ਹਨ। ਦਿੱਲੀ ਅਤੇ ਲਾਹੌਰ ਆਦਿ ਸ਼ਰਮਸਾਰ ਹੋ ਕੇ ਡਰ ਵਿਚ ਗੱਢੇ ਗਏ ਹਨ। ਕਿਸੇ-ਕਿਸੇ ਦਿਨ ਹੀ ਕਿਲ੍ਹਿਆਂ ਦੇ ਦਰਵਾਜ਼ੇ ਖੋਲ੍ਹਦੇ ਹਨ॥੧੭॥

ਸ਼ਾਹੁ ਜਹਾਂ ਭੈ ਧਾਰਿ ਕਰਿ ਰਣ ਤੇ ਚਿਤ ਟਾਰਾ।
ਜਗ ਮਹਿਂ ਨਹਿਂ ਕੋ ਅਰਿ ਸਕਹਿ ਪਰਤਾਪ ਉਦਾਰਾ।
ਕਰਾਮਾਤ ਕਾਮਲ ਬਲੀ ਸਭਿ ਮਾਨਹਿਂ ਆਨਾ।
ਸਕਲ ਸੁਰਾਸੁਰ ਸਿਰ ਧਰਹਿਂ ਜਿਮ ਕਰਹਿਂ ਬਖਾਨਾ॥ ੧੮॥

ਸ਼ਾਹਜਹਾਂ ਭੈ ਧਾਰ ਕੇ ਲੜਾਈ ਕਰਨ ਤੋਂ ਟਲ ਗਿਆ ਹੈ, ਜਗਤ ਵਿਚ ਕੋਈ ਵੀ ਅੜ ਨਹੀਂ ਸਕਦਾ, ਏਡਾ ਵੱਡਾ ਪ੍ਰਤਾਪ ਹੈ। ਕਰਾਮਾਤ ਵਿਚ ਕਾਮਲ ਹਨ ਤੇ ਸਭ ਇਨ੍ਹਾਂ ਦੀ ਈਨ ਮੰਨਦੇ ਹਨ, ਸਾਰੇ ਦੇਵਤੇ ਅਤੇ ਦੈਂਤ ਉਸ ਤਰ੍ਹਾਂ ਹੀ ਕਰਦੇ ਹਨ, ਜਿਵੇਂ ਗੁਰੂ ਜੀ ਆਗਿਆ ਕਰਦੇ ਹਨ'॥੧੮॥

ਜਸੁ ਕਰਤਾ ਇੱਤਜਾਦਿ ਗੁਨ ਉਠਿ ਪ੍ਰਾਤਿ ਸੁਨਾਵੈਂ।
ਸੰਖ ਸ਼ਬਦ ਚਹੁ ਓਰ ਤੇ ਪੁਰਿ ਬਿਖੈ ਉਠਾਵੈਂ।
ਬਸਤ੍ਰ ਸ਼ਸਤ੍ਰ ਤਨ ਪਹਿਰ ਕਰਿ ਗੁਰ ਬਾਹਿਰ ਆਏ।
ਬਰਣ ਬਰਣ ਕੋ ਫਰਸ਼ ਤਬਿ ਦੀਰਘ ਡਸਵਾਏ॥ ੧੯॥

ਜੱਸ ਕਰਨ ਵਾਲੇ ਨਕੀਬ ਆਦਿ ਸਵੇਰੇ ਸਵੱਖਤੇ ਉੱਠ ਕੇ ਜੱਸ ਸੁਣਾਉਂਦੇ ਹਨ। ਨਗਰ ਵਿਚ ਚਾਰੇ ਪਾਸੇ ਸੰਖ ਦਾ ਨਾਦ ਉਠਦਾ ਹੈ, ਗੁਰੂ ਜੀ ਬਸਤਰ ਸ਼ਸਤਰ ਪਹਿਣ ਕੇ ਬਾਹਰ ਆਏ ਤੇ ਰੰਗ-ਬਰੰਗੇ ਵੱਡੇ-ਵੱਡੇ ਵਿਛਾਉਣੇ ਵਿਛਾਏ ਗਏ॥੧੯॥

ਬਰ ਗਾਦੀ ਉਪਧਾਨ ਜੁਤਿ ਬੰਦਨ ਕਰਿ ਬੈਸੇ।
ਚਮਰ ਚਲਾਚਲ ਫਰਤਿ ਹੈ ਦੁਤਿ ਹੰਸਨ ਜੈਸੇ।
ਸੁਭਟ ਮਸੰਦ ਬਿਲੰਦ ਜੇ ਚਲਿ ਕਰਿ ਤਬਿ ਆਏ।
ਮੁਦਤਿ ਹੋਤਿ ਪੁਰਿ ਜਨ ਸਰਬ ਉਰ ਦਰਸ਼ਨ ਚਾਏ॥ ੨੦॥

ਸ੍ਰੇਸ਼ਟ ਗੱਦੀ ਅਤੇ ਸਿਰਹਾਣੇ ਸਹਿਤ ਬੰਦਨਾਂ ਕਰ ਕੇ ਬੈਠ ਗਏ, ਚਿੱਟਾ ਚੌਰ ਇਸ ਤਰ੍ਹਾਂ ਫਿਰ ਰਿਹਾ ਹੈ ਮਾਨੋਂ ਹੰਸ ਉੱਡ ਰਿਹਾ ਹੋਵੇ। ਸੂਰਮੇ ਅਤੇ ਵੱਡੇ-ਵੱਡੇ ਮਸੰਦ ਤਕ ਚਲ ਕੇ ਆਏ, ਨਗਰ ਦੇ ਸਾਰੇ ਲੋਕ ਪ੍ਰਸੰਨ ਹਿਰਦੇ ਵਿਚ ਚਾਹਤ ਭਰ ਕੇ ਆਏ॥੨੦॥

ਆਇ ਸਭਾ ਪੂਰਨ ਭਈ ਲੋਚਨ ਅਰਬਿੰਦਾ।
ਬੰਦਤਿ ਬਿਕਸਤਿ ਦੇਖਤੇ ਰਵਿ ਹਰਿ ਗੋਵਿੰਦਾ।
ਪੈਂਦੇ ਖਾਂ ਆਯੋ ਤਬਹਿ ਜੁਤਿ ਸਿਪਰ ਕ੍ਰਿਪਾਨਾ।
ਪਗ ਪੰਕਜ ਪਰ ਸਿਰ ਧਰਯੋ ਪਿਖਿ ਆਨੰਦ ਠਾਨਾ॥ ੨੧॥

ਆ ਕੇ ਜਦ ਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਕੰਵਲ ਨੈਣ ਇੰਝ ਖਿੜ ਗਏ ਮਾਨੋਂ ਸੂਰਜ ਰੂਪੀ ਸ੍ਰੀ ਹਰਿਗੋਬਿੰਦ ਜੀ ਨੂੰ ਵੇਖ ਕੇ ਬੰਦ ਕੰਵਲ ਖਿੜ ਗਏ ਹੋਣ। ਉਸ ਸਮੇਂ ਪੈਂਦੇ ਖਾਂ ਢਾਲ ਕਿਰਪਾਨ ਸਹਿਤ ਆਇਆ। ਚਰਨ ਕੰਵਲਾਂ ਤੇ ਸਿਰ ਧਰਿਆ ਤੇ ਵੇਖ ਕੇ ਅਨੰਦ ਪ੍ਰਾਪਤ ਕੀਤਾ॥੨੧॥

ਕੁਸ਼ਲ ਪ੍ਰਸ਼ਨ ਸਤਿਗੁਰ ਕਰਜੋ, ਕਰ ਜੋਰਿ ਬਖਾਨਾ।
ਮੈਂ ਰਾਵਰ ਕੀ ਕ੍ਰਿਪਾ ਤੇ ਸਦ ਹੀ ਸੁਖਸਾਨਾ।
ਸੰਘਰ ਭਯੋ ਬਿਲੰਦ ਹੀ ਨਹਿਂ ਮੋਹਿ ਬੁਲਾਵਾ।
ਨਹਿਂ ਆਯੋ ਤਬਿ ਕਾਜ ਤਹਿਂ, ਨਿਸ਼ਫਲਤਾ ਪਾਵਾ॥ ੨੨॥

ਗੁਰੂ ਜੀ ਨੇ ਸੁਖ-ਸਾਂਦ ਪੁੱਛੀ, ਹੱਥ ਜੋੜ ਕੇ ਬੋਲਿਆ, "ਮੈਂ ਆਪ ਜੀ ਦੀ ਕਿਰਪਾ ਨਾਲ ਸਦਾ ਹੀ ਸੁਖੀ ਰਹਿੰਦਾ ਹਾਂ। ਬਹੁਤ ਵੱਡਾ ਘਮਸਾਣ ਦਾ ਜੰਗ ਹੋਇਆ ਹੈ, ਪਰ ਮੈਨੂੰ ਨਹੀਂ ਬੁਲਾਇਆ ਗਿਆ ਹੈ. ਮੈਂ ਉਸ ਸਮੇਂ ਤੁਹਾਡੇ ਕੰਮ ਨਾ ਆਇਆ ਹਾਂ ਤੇ ਨਿਸ਼ਫਲਤਾ ਪਾਈ ਹੈ"॥੨੨॥

ਸੁਨਿ ਸਤਿਗੁਰ ਧੀਰਜ ਦਈ 'ਪੁਨ ਜੰਗ ਮਚੈਗੋ।
ਤਹਾਂ ਕਾਮ ਤੂੰ ਆਇ ਹੈਂ, ਰਜ ਸ਼੍ਰੋਣ ਰਚੈਗੋ'।
ਤੂਸ਼ਨਿ ਹੋਯੋ ਖਾਨ ਤਬਿ ਨਹਿਂ ਬੋਲ ਸਕੰਤਾ।
ਸਭਾ ਭਰੀ ਉਡਗਨ ਮਨਹੁਂ ਗੁਰ ਚੰਦ ਸੁਭੰਤਾ॥ ੨੩॥

ਇਹ ਸੁਣ ਕੇ ਸਤਿਗੁਰੂ ਜੀ ਨੇ ਧੀਰਜ ਦਿੱਤਾ, "ਫਿਰ ਜੰਗ ਮਚੇਗਾ, ਉਥੇ ਤੂੰ ਕੰਮ ਆਵੇਂਗਾ ਤੇ ਯੁਧ ਵਿਚ ਲਹੂ ਰਚੇਗਾ।" ਇਹ ਸੁਣ ਕੇ ਪੈਂਦੇ ਖਾਂ ਚੁਪ ਹੋ ਗਿਆ ਤੇ ਬੋਲ ਨਾ ਸਕਿਆ। ਸਭ ਭਰੀ ਸਭਾ ਵਿਚ ਮਾਨੋਂ ਗੁਰੂ ਜੀ ਤਾਰਿਆਂ ਵਿਚ ਚੰਦ ਵਾਂਗ ਸ਼ੋਭ ਰਹੇ ਸਨ॥੨੩॥

ਸੁਨਿ ਸੁਨਿ ਗੁਰ ਆਗਮਨਿ ਕੋ ਢਿਗ ਢਿਗ ਪੁਰਿ ਗ੍ਰਾਮੂ।
ਉਤਲਾਵਤਿ ਪਹੁੰਚਤਿ ਪਿਖਜੋ ਦਰਸ਼ਨ ਅਭਿਰਾਮੂ।
ਅਰਪਹਿਂ ਅਨਿਕ ਅਕੋਰ ਕੋ ਗਨ ਬੰਦਨ ਠਾਨੈਂ।
ਪੁਰਿਯਤਿ ਹੈਂ ਗਨ ਕਾਮਨਾ ਸੁਖ ਹੋਇ ਮਹਾਨੈ॥ ੨੪॥

ਗੁਰੂ ਜੀ ਦੇ ਆਉਣ ਬਾਰੇ ਸੁਣ ਕੇ ਪਿੰਡਾਂ ਅਤੇ ਨਗਰਾਂ ਦੇ ਲੋਕ ਪਾਸ ਆ ਰਹੇ ਹਨ, ਬੜੇ ਉਤਾਵਲੇ ਹੋ ਕੇ ਪਹੁੰਚਦੇ ਹਨ ਤੇ ਅਨੰਦਦਾਇਕ ਦਰਸ਼ਨ ਕਰਨਾ ਚਾਹੁੰਦੇ ਹਨ। ਅਨੇਕ ਪ੍ਰਕਾਰ ਦੇ ਉਪਹਾਰ ਅਰਪਣ ਕਰਦੇ ਹਨ ਤੇ ਬੰਦਨਾ ਕਰਦੇ ਹਨ. ਗੁਰੂ ਜੀ ਸਾਰੀਆਂ ਕਾਮਨਾਵਾਂ ਪੂਰੀਆਂ ਕਰਦੇ ਹਨ ਤੇ ਮਹਾਨ ਸੁਖ ਪ੍ਰਾਪਤ ਹੁੰਦਾ ਹੈ॥੨੪॥

ਕ੍ਰਿਪਾ ਦ੍ਰਿਸ਼ਟਿ ਸਭਿ ਪਰ ਕਰਹਿਂ ਹੁਇ ਧਨੀ ਕਿ ਰੰਕਾ।
ਮਨਹੁਂ ਚਕੋਰਨਿ ਅਨੰਦ ਦੇ ਰਿਤੁ ਸਰਦ ਮਯੰਕਾ।
ਹਯ ਲਜਾਵਨਿ ਕੀ ਬਾਰਤਾ ਪੁਰਿ ਜਨਨ ਸੁਨਾਈ।
ਬਿਧੀਚੰਦ ਕੇ ਗੁਨ ਕਥੇ ਸੁਨਿ ਸਭਿ ਬਿਸਮਾਈ॥ ੨੫॥

ਸਾਰਿਆਂ ਤੇ ਕ੍ਰਿਪਾ-ਦ੍ਰਿਸ਼ਟੀ ਕਰਦੇ ਹਨ ਭਾਵੇਂ ਉਹ ਅਮੀਰ ਹੋਵੇ ਜਾਂ ਗਰੀਬ ਹੋਵੇ, ਮਾਨੋਂ ਸਰਦ ਰੁੱਤ ਦਾ ਚੰਦ ਸਭ ਚਕੋਰਾਂ ਨੂੰ ਅਨੰਦ ਦੇ ਰਿਹਾ ਹੋਵੇ। ਘੋੜੇ ਲਿਆਉਣ ਦੀ ਵਾਰਤਾ ਨਗਰ ਦੇ ਸਾਰੇ ਲੋਕਾਂ ਨੂੰ ਸੁਣਾਈ, ਬਿਧੀ ਚੰਦ ਦੇ ਦੱਸੇ ਹੋਏ ਗੁਣ ਸੁਣ ਕੇ ਸਾਰੇ ਬਹੁਤ ਹੈਰਾਨ ਹੋਏ॥੨੫॥

ਬਹੁ ਨਰ ਪਿਖਹਿਂ ਤੁਰੰਗ ਕੋ ਗੁਨ ਗਨ ਜਿਸ ਭਾਖੇ।
'ਉਚਿਤ ਹੁਤੋ ਸਤਿਗੁਰੂ ਕੇ ਆਯੋ ਅਭਿਲਾਖੇ'।
ਚਾਰਹੁਂ ਪੁੱਤ੍ਰ ਸਮੇਤ ਗੁਰੁ ਅਸ ਉਪਮਾ ਪਾਈ।
ਮੂਰਤਿ ਜਨੁ ਬੇਦਨਿ ਧਰੀ ਬਿਧਿ ਨਿਕਟਿ ਸੁਹਾਈ॥ ੨੬॥

ਬਹੁਤ ਮਨੁੱਖ ਘੋੜੇ ਨੂੰ ਵੇਖਦੇ ਸਨ ਜਿਸ ਦੇ ਬਹੁਤ ਗੁਣ ਕਹਿੰਦੇ ਸਨ। "ਸਤਿਗੁਰੂ ਜੀ ਦੀ ਸਵਾਰੀ ਦੇ ਉਚਿਤ ਸੀ, ਇਸ ਲਈ ਆਉਣ ਦੀ ਅਭਿਲਾਖਾ ਕਰਦਾ ਸੀ।" ਚਾਰੇ ਪੁੱਤਰਾਂ ਸਮੇਤ ਗੁਰੂ ਜੀ ਨੇ ਐਸੀ ਉਪਮਾ ਪਾਈ, ਮਾਨੋਂ ਚਾਰੇ ਵੇਦ ਸਰੀਰ ਧਾਰ ਕੇ ਬ੍ਰਹਮਾ ਦੇ ਪਾਸ ਆ ਕੇ ਸ਼ੋਭ ਰਹੇ ਹੋਣ॥੨੬॥

ਜਾਮ ਦਿਵਸ ਕੇ ਚਢੇ ਲਗਿ ਥਿਰ ਸਭਾ ਥਿਰੇ ਹੈਂ।
ਜਥਾ ਮਨੋਰਥ ਜਿਨ ਧਰੇ ਤਿਮ ਪੂਰਨ ਕਰੇ ਹੈਂ।
ਅਤਿ ਅਨੰਦ ਉਤਸਵ ਕਰਜੋ ਪੰਚਾਂਮ੍ਰਿਤ ਆਏ।
ਹੋਤਿ ਭਈ ਅਰਦਾਸ ਤਬਿ ਸਭਿ ਮਹਿਂ ਬਰਤਾਏ॥ ੨੭॥

ਇਕ ਪਹਿਰ ਦਿਨ ਚੜ੍ਹੇ ਤਕ ਉਥੇ ਸਭਾ ਬੈਠਦੀ ਹੈ। ਜਿਸ ਤਰ੍ਹਾਂ ਦਾ ਕਿਸੇ ਨੇ ਮਨੋਰਥ ਧਾਰਨ ਕੀਤਾ ਹੈ, ਉਸ ਤਰ੍ਹਾਂ ਹੀ ਉਨ੍ਹਾਂ ਦੇ ਮਨੋਰਥ ਪੂਰੇ ਕਰਦੇ ਹਨ। ਅਤਿ ਅਨੰਦਮਈ ਉਤਸਵ ਕੀਤਾ ਤੇ ਕੜਾਹ ਪ੍ਰਸਾਦਿ ਮੰਗਵਾਇਆ, ਅਰਦਾਸ ਤੋਂ ਬਾਅਦ ਸਾਰਿਆਂ ਵਿਚ ਵਰਤਾਅ ਦਿੱਤਾ॥੨੭॥

ਬਹੁਰ ਉਠੇ ਅੰਤਰ ਗਏ ਸਭਿ ਪੁੱਤ੍ਰ ਸਮੇਤਾ।
ਬੈਠੇ ਬਡੇ ਪ੍ਰਯੰਕ ਪਰ ਜੋ ਰੁਚਿਰ ਨਿਕੇਤਾ।
ਆਇ ਮ੍ਰਵਾਹੀ ਨਾਨਕੀ ਸੇਵਾ ਮਹਿਂ ਲਾਗੀ।
ਦਾਸੀ ਦਈ ਹਟਾਇ ਸਭਿ ਅਤਿਸ਼ੈ ਅਨੁਰਾਗੀ॥ ੨੮॥

ਫਿਰ ਸਾਰੇ ਪੁੱਤਰਾਂ ਸਮੇਤ ਅੰਦਰ ਗਏ ਤੇ ਵੱਡੇ ਪਲੰਘ ਤੇ ਬੈਠ ਗਏ, ਜਿਹੜਾ ਘਰ ਵਿਚ ਸਭ ਤੋਂ ਸੁੰਦਰ ਸੀ। ਸ੍ਰੀ ਮਰਵਾਹੀ ਅਤੇ ਸ੍ਰੀ ਨਾਨਕੀ ਆ ਕੇ ਸੇਵਾ ਵਿਚ ਲੱਗ ਗਈਆਂ, ਸਾਰੀਆਂ ਦਾਸੀਆਂ ਨੂੰ ਹਟਾ ਦਿੱਤਾ, ਬਹੁਤ ਪ੍ਰੇਮ ਨਾਲ ਭਰੀਆਂ ਸਨ॥੨੮॥

ਥਾਲ ਪਰੋਸਜੋ ਆਪ ਹੀ ਬਿਧਿ ਬਿਬਿਧਿ ਅਹਾਰਾ।
ਚੰਦਨ ਚੌਕੀ ਪਰ ਧਰਜੋ ਚਤੁਰਈ ਸੁਧਾਰਾ।
ਚਾਮੀਕਰ ਕੇ ਪਾਤ੍ਰ ਸਭਿ ਸੋਭਤਿ ਧਰਿ ਆਗੇ।
ਖਸ਼ਟ ਰਸਨਿ ਕੇ ਅਸਨ ਸ਼ੁਭ ਗੁਰ ਅਚਵਨਿ ਲਾਗੇ॥ ੨੯॥

ਕਈ ਪ੍ਰਕਾਰ ਦਾ ਭੋਜਨ ਥਾਲ ਵਿਚ ਪਰੋਸਿਆ ਤੇ ਬੜੀ ਸਿਆਣਪ ਨਾਲ ਸੁਧਾਰ ਕੇ ਚੰਦਨ ਦੀ ਚੌਕੀ ਉਤੇ ਧਰ ਦਿੱਤਾ, ਅੱਗੇ ਰੱਖੇ ਸੋਨੇ ਦੇ ਬਰਤਨ ਬੜੇ ਸੋਭ ਰਹੇ ਸਨ, ਛੇ ਰਸਾਂ ਵਾਲੇ ਭੋਜਨ ਸ਼ੁਭ ਗੁਰੂ ਜੀ ਖਾਣ ਲੱਗੇ॥੨੯॥

ਤ੍ਰਿਪਤਿ ਭਏ ਜਲ ਪਾਨ ਕਰਿ ਪੁਨ ਪਾਨ ਪਖਾਰੇ।
ਤਿਮ ਹੀ ਚਾਰਹੁਂ ਪੁੱਤ੍ਰ ਤਹਿਂ ਅਚਿ ਲੀਨਿ ਅਹਾਰੇ।

ਮਰਵਾਹੀ ਅਰੁ ਨਾਨਕੀ ਲੇ ਕੰਚਨ ਥਾਰਾ।
ਅਚ ਕਰਿ ਸੀਤ ਪ੍ਰਸ਼ਾਦਿ ਕੋ ਉਰ ਆਨੰਦ ਧਾਰਾ॥ ੩੦॥

ਤ੍ਰਿਪਤ ਹੋ ਕੇ ਜਲ ਪੀਤਾ ਤੇ ਫਿਰ ਹੱਥ ਧੋਤੇ, ਉਸ ਤਰ੍ਹਾਂ ਹੀ ਚਾਰੇ ਪੁੱਤਰਾਂ ਭੋਜਨ ਛੱਕ ਲਿਆ। ਸ੍ਰੀ ਮਰਵਾਹੀ ਅਤੇ ਸ੍ਰੀ ਨਾਨਕੀ ਨੇ ਸੋਨੇ ਦਾ ਥਾਲ ਲੈ ਕੇ ਗੁਰੂ ਜੀ ਦਾ ਸੀਤ ਪ੍ਰਸ਼ਾਦਿ ਛੱਕ ਕੇ ਬੜਾ ਅਨੰਦ ਧਾਰਨ ਕੀਤਾ॥੩੦॥

ਪੁਨ ਸ੍ਰੀ ਹਰਿਗੋਵਿੰਦ ਗੁਰ ਥਿਰ ਹੋਇ ਪ੍ਰਯੰਕਾ।
ਪੌਢਿ ਗਏ ਬਿੱਸ੍ਰਾਮ ਹਿਤ ਜਿਨ ਜਸੁ ਅਕਲੰਕਾ।
ਭਈ ਸਪਤਮੀ ਰਾਸਿ ਅਬਿ ਪੂਰਨ ਇਸ ਥਾਨਾ।
ਕਵਿ ਸੰਤੋਖ ਸਿੰਘ ਬੰਦਨਾ ਧਰ ਕਰਿ ਉਰ ਧ੍ਯਾਨਾ॥ ੩੧॥

ਫਿਰ ਸ੍ਰੀ ਹਰਿਗੋਬਿੰਦ ਜੀ ਪਲੰਘ ਉੱਤੇ ਬੈਠ ਗਏ, ਆਰਾਮ ਕਰਨ ਵਾਸਤੇ ਲੇਟ ਗਏ, ਜਿਨ੍ਹਾਂ ਦਾ ਜੱਸ ਕਲੰਕ ਰਹਿਤ ਹੈ। ਹੁਣ ਇਸ ਥਾਂ ਸੱਤਵੀਂ ਰਾਸ ਪੂਰੀ ਹੋਈ ਹੈ। ਕਵੀ ਸੰਤੋਖ ਸਿੰਘ ਬੰਦਨਾ ਧਰ ਕੇ ਹਿਰਦੇ ਵਿਚ ਗੁਰੂ ਜੀ ਦਾ ਧਿਆਨ ਧਾਰਨ ਕਰਦਾ ਹੈ॥੩੧॥

ਦੋਹਰਾ- ਤੀਰ ਬਿਪਾਸਾ ਕੇ ਨਿਕਟਿ ਸ੍ਰੀ ਬਰ ਪੁਰਿ ਕਰਤਾਰ।
ਤਹਾਂ ਬਿਰਾਜੈਂ ਸਤਿਗੁਰੂ ਸੋਢਿਬੰਸ ਅਵਿਤਾਰ॥ ੩੨॥

ਸ੍ਰੇਸ਼ਟ ਨਗਰ ਕਰਤਾਰਪੁਰ ਬਿਆਸ ਦਰਿਆ ਦੇ ਕੰਢੇ ਦੇ ਨੇੜੇ ਹੈ, ਉਥੇ ਸੋਢੀ ਵੰਸ ਦੇ ਅਵਤਾਰ ਸਤਿਗੁਰੂ ਜੀ ਬਿਰਾਜੇ ਹਨ॥੩੨॥

ਜਾਮ ਰਹੀ ਜਬਿ ਜਾਮਨੀ ਕੀਨਸਿ ਸੌਚ ਸ਼ਨਾਨ।
ਨਿਜਾਨੰਦ ਸ੍ਰੀ ਸਤਿਗੁਰੂ ਹ੍ਵੈ ਹੈਂ ਅੰਤਰ ਧ੍ਯਾਨ॥ ੩੩॥

ਜਦ ਪਹਿਰ ਰਾਤ ਰਹਿ ਗਈ ਤਾਂ ਗੁਰੂ ਜੀ ਨੇ ਸੋਚ ਇਸ਼ਨਾਨ ਕੀਤਾ ਤੇ ਫਿਰ ਨਿਜਾਨੰਦ ਸ੍ਰੀ ਸਤਿਗੁਰੂ ਜੀ ਅੰਤਰ ਧਿਆਨ ਹੋ ਗਏ॥੩੩॥

ਚੌਪਈ- ਜੋ ਇਹੁ ਕਥਾ ਸੁਨੇ ਧਰਿ ਧ੍ਯਾਨ। ਗੁਰ ਸਿੱਖੀ ਪ੍ਰਾਪਤਿ ਹ੍ਵੈ ਨਾਮ।
ਬਾਨੀ ਪਢੈ ਪ੍ਰੀਤਿ ਮਨ ਲਾਇ। ਸ੍ਰੀ ਨਾਨਕ ਜੀ ਸਦਾ ਸਹਾਇ॥ ੩੪॥

ਜਿਹੜਾ ਵੀ ਇਹ ਕਥਾ ਧਿਆਨ ਧਾਰ ਕੇ ਸੁਣਦਾ ਹੈ, ਉਸ ਨੂੰ ਗੁਰਸਿੱਖੀ ਤੇ ਨਾਮ ਪ੍ਰਾਪਤ ਹੁੰਦਾ ਹੈ। ਮਨ ਵਿਚ ਪ੍ਰੀਤ ਲਾ ਕੇ ਬਾਣੀ ਪੜ੍ਹੇ ਤਾਂ ਸਤਿਗੁਰੂ ਨਾਨਕ ਦੇਵ ਜੀ ਸਦਾ ਸਹਾਇਕ ਹੁੰਦੇ ਹਨ॥੩੪॥

ਪੂਰਨ ਹੋਯੋ ਕਥਾ ਪ੍ਰਸੰਗ। ਸਤਿਗੁਰ ਕ ਜਸੁ ਬਢ੍ਯੋ ਉਤੰਗ।
ਕਵਿ ਸੰਤੋਖ ਸਿੰਘ ਕੀਨਿ ਉਚਾਰ। ਬਾਰ ਬਾਰ ਜਾਵੈ ਬਲਿਹਾਰ॥ ੩੫॥

ਇਸ ਕਥਾ ਦਾ ਪ੍ਰਸੰਗ ਪੂਰਾ ਹੋਇਆ ਹੈ, ਸਤਿਗੁਰੂ ਜੀ ਦਾ ਬੜਾ ਜੱਸ ਵਧਿਆ ਹੈ, ਕਵੀ ਸੰਤੋਖ ਸਿੰਘ ਨੇ ਇਸ ਦਾ ਉਚਾਰਨ ਕੀਤਾ ਹੈ ਤੇ ਬਾਰ-ਬਾਰ ਬਲਿਹਾਰ ਜਾਂਦਾ ਹੈ॥੩੫॥

*ਸੱਤਵੀਂ ਰਾਸ ਦਾ ਇਕਾਹਠਵਾਂ ਅਧਿਆਇ ਸਮਾਪਤ ਹੋਇਆ॥੬੧॥*

*ਸੱਤਵੀਂ ਰਾਸ ਸਮਾਪਤ ਹੋਈ॥*

ੴ ਸਤਿਗੁਰ ਪ੍ਰਸਾਦਿ॥

## ਅੱਠਵੀਂ ਰਾਸ

# ਅਧਿਆਇ ਪਹਿਲਾ

### ਮੰਗਲਾਚਰਨ, ਬਿਧੀ ਚੰਦ ਦੀ ਆਦਿ ਕਥਾ

*੧. ਇਸ਼ੁ ਦੇਵ ਅਕਾਲ ਪੁਰਖ ਦਾ ਮੰਗਲ*

ਦੋਹਰਾ-ਜਿਸਿ ਬਿਨ ਜਾਨੇ ਬ੍ਰਿੰਦ ਦੁਖ, ਜਾਨੇ ਅਨੰਦ ਬਿਲੰਦ।
ਪਾਰਬ੍ਰਹਮ ਪਰਮਾਤਮਾ ਬੰਦੌਂ ਜੁਗ ਕਰ ਬੰਦਿ॥ ੧॥

ਜਿਸ ਨੂੰ ਨਾ ਜਾਣਨ ਨਾਲ ਸਾਰੇ ਦੁੱਖ ਵਾਪਰਦੇ ਹਨ ਪਰ ਜਿਸ ਨੂੰ ਜਾਣ ਲੈਣ ਨਾਲ ਉੱਚਾ ਅਨੰਦ ਪ੍ਰਾਪਤ ਹੁੰਦਾ ਹੈ, ਉਸ ਅਕਾਲ ਪੁਰਖ ਪ੍ਰਭੂ ਨੂੰ ਦੋਵੇਂ ਹੱਥ ਜੋੜ ਕੇ ਨਮਸਕਾਰ ਕਰਦਾ ਹਾਂ॥੧॥

*੨. 'ਕਵਿ-ਸੰਕੇਤ' ਮਿਰਯਾਦਾ ਦਾ ਮੰਗਲ*

ਕਬਿੱਤ-ਚੰਦ੍ਰਮਾਂ ਬਦਨ ਵਾਰੀ, ਉੱਜਲ ਰਦਨਵਾਰੀ, ਬਿਘਨ ਕਦਨ ਵਾਰੀ, ਦਾਤੀ ਹੈ ਸ਼ਰਨ ਕੀ।
ਚੰਪਕ ਬਰਨ ਵਾਰੀ, ਕਵਿਤਾ ਬਰਨ ਵਾਰੀ, ਸੁਸ਼ਟ ਬਰਨ ਵਾਰੀ ਉਰ ਮੇਂ ਧਰਨਿ ਕੀ।
ਕੁੰਡਲ ਕਰਨਿ ਵਾਰੀ, ਸੁਮਤਿ ਕਰਨਿ ਵਾਰੀ, ਕਮਲ ਕਰਨਿ ਵਾਰੀ, ਗਤੀ ਹੈ ਕਰਿਨਿ ਕੀ।
ਲੋਚਨ ਹਰਨ ਵਾਰੀ, ਦਰਨਿ ਅਰਿਨਿ ਵਾਰੀ, ਦੋਸ਼ਨਿ ਹਰਿਨਿ ਵਾਰੀ ਮਹਿਮਾ ਚਰਨ ਕੀ॥੨॥

ਹੇ ਭਵਾਨੀ! ਤੂੰ ਚੰਦ ਵਰਗੇ ਮੁਖ ਵਾਲੀ, ਚਿੱਟੇ ਦੰਦਾਂ ਵਾਲੀ, ਵਿਘਨਾਂ ਨੂੰ ਨਾਸ਼ ਕਰਨ ਵਾਲੀ ਤੇ ਵਿਦਿਆ ਪ੍ਰੇਮੀਆਂ ਨੂੰ ਸ਼ਰਨ ਦੇਣ ਵਾਲੀ ਹੈਂ। ਚੰਬੇ ਵਰਗੇ ਚਿੱਟੇ ਰੰਗ ਵਾਲੀ, ਕਵਿਤਾ ਕਥਨ ਕਰਨ ਵਾਲੀ ਤੇ ਸ੍ਰੇਸ਼ਟ ਗੁਣਾਂ ਨੂੰ ਦਿਲ ਵਿਚ ਧਾਰਨ ਕਰਾ ਦੇਣ ਵਾਲੀ, ਕਵਿਤਾ ਕਥਨ ਕਰਨ ਵਾਲੀ, ਚੰਗੀ ਬੁਧੀ ਦੇਣ ਵਾਲੀ, ਹੱਥਾਂ ਵਿਚ ਕਮਲ ਧਾਰਨ ਕਰਨ ਵਾਲੀ ਹੈਂ ਤੇ ਤੇਰੀ ਚਾਲ ਹੱਥਣੀ ਵਾਂਗ ਗੰਭੀਰ ਹੈ। ਹਿਰਨੀ ਵਰਗੇ ਨੇਤਰਾਂ ਵਾਲੀ, ਵੈਰੀਆਂ ਨੂੰ ਦਲ ਸੁੱਟਣ ਵਾਲੀ ਤੇ ਤੇਰੇ ਚਰਨਾਂ ਦੀ ਮਹਿਮਾਂ ਕਾਵਿ ਦੋਸ਼ਾਂ ਨੂੰ ਦੂਰ ਕਰਨ ਵਾਲੀ ਹੈ॥੨॥

ਦੋਹਰਾ-ਭਵਾ, ਭੈ ਹਰਾ, ਭਵ ਭਰੀ, ਬਲੀ ਬਾਹੁ ਸਮ ਸ਼ੇਰ।
ਹਾਥ ਜੋਰਿ ਮਮ ਬੰਦਨਾ ਬਰ ਕਰਿ ਹਾ ਸ਼ਮਸ਼ੇਰ॥ ੩॥

ਹੇ ਭੈ ਦੂਰ ਕਰਨ ਵਾਲੀ, ਪ੍ਰਤਾਪੀ ਦਾਤੀ, ਤੇਰੀਆਂ ਬਾਹਾਂ ਸ਼ੇਰ ਵਾਂਗ ਬਲੀ ਹਨ ਤੇ ਤੂੰ ਬਲ ਨਾਲ ਤਲਵਾਰ ਚਲਾਉਣ ਵਾਲੀ ਹੈਂ, ਐਸੀ ਭਵਾਨੀ ਨੂੰ ਮੈਂ ਦੋਵੇਂ ਹੱਥ ਜੋੜ ਕੇ ਬੰਦਨਾ ਕਰਦਾ ਹਾਂ॥੩॥

*੩. ਇਸ਼ੁ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੰਗਲ*

ਸਰਬੋਤਮ ਜਨ ਸਰਬਦਾ ਸਰਬੋਪਰਿ ਜਸੁ ਚਾਰੁ॥
ਜਗ ਗੁਰ ਸ੍ਰੀ ਨਾਨਕ ਨਮੋ ਧਰਨੀ ਪਰ ਸਿਰ ਧਾਰਿ॥ ੪॥

ਸਭ ਤੋਂ ਉੱਤਮ, ਆਪਣੇ ਸੇਵਕਾਂ ਨੂੰ ਸਾਰੇ ਪਦਾਰਥ ਦੇਣ ਵਾਲੇ ਅਤੇ ਜਿਨ੍ਹਾਂ ਦਾ ਉੱਜਲ ਜੱਸ ਸਾਰਿਆਂ ਨਾਲੋਂ ਉੱਚਾ ਹੋ ਕੇ ਪਸਰ ਰਿਹਾ ਹੈ, ਐਸੇ ਜਗਤ ਗੁਰੂ ਸ੍ਰੀ ਨਾਨਕ ਦੇਵ ਜੀ ਨੂੰ ਮੈਂ ਧਰਤੀ ਉਤੇ ਸਿਰ ਧਰ ਕੇ ਨਮਸਕਾਰ ਕਰਦਾ ਹਾਂ॥੪॥

*੪. ਇਸ਼੍ਟ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਮੰਗਲ*

**ਸ੍ਰੀ ਅੰਗਦ ਰਵਿ ਗ੍ਯਾਨ ਕੇ ਤਿਮਰ ਬਿਕਾਰ ਬਿਨਾਸ਼।**
**ਪਦ ਅਰਵਿੰਦਨਿ ਬਿੰਦਨਾ, ਕੀਜਹਿ ਸੁਮਤਿ ਪ੍ਰਕਾਸ਼॥ ੫॥**

ਹੇ ਵਿਕਾਰਾਂ ਰੂਪੀ ਹਨੇਰੇ ਨੂੰ ਦੂਰ ਕਰਨ ਵਾਲੇ ਗਿਆਨ ਰੂਪੀ ਸੂਰਜ, ਸ੍ਰੀ ਗੁਰੂ ਅੰਗਦ ਦੇਵ ਜੀ! ਆਪ ਜੀ ਦੇ ਪਵਿੱਤਰ ਚਰਨ ਕੰਵਲਾਂ ਤੇ ਨਮਸਕਾਰ ਕਰਕੇ ਬੇਨਤੀ ਕਰਦਾ ਹਾਂ ਕਿ ਆਪ ਜੀ ਮੇਰੇ ਹਿਰਦੇ ਵਿਚ ਉੱਤਮ ਬੁੱਧੀ ਦਾ ਪ੍ਰਕਾਸ਼ ਕਰ ਦੇਵੋ॥੫॥

*੫. ਇਸ਼੍ਟ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਦਾ ਮੰਗਲ*

**ਸ੍ਰੀ ਸਤਿਗੁਰ ਬਰ ਅਮਰ ਜੀ ਭਗਤਿ ਗ੍ਯਾਨ ਦੇ ਦਾਨ।**
**ਜ਼ਾਹਰ ਕਰੇ ਜਹਾਨ ਜਨ ਨਮਸਕਾਰ ਤਿਨਿ ਠਾਨਿ॥ ੬॥**

ਸ੍ਰੀ ਸਤਿਗੁਰੂ ਅਮਰਦਾਸ ਜੀ ਜੋ ਬੜੇ ਉੱਤਮ ਹਨ ਤੇ ਜਿਨ੍ਹਾਂ ਨੇ ਆਪਣੇ ਦਾਸਾਂ ਨੂੰ ਭਗਤੀ ਤੇ ਗਿਆਨ ਦਾ ਦਾਨ ਦੇ ਕੇ ਜਗਤ ਵਿਚ ਪ੍ਰਸਿੱਧ ਕਰ ਦਿੱਤਾ ਹੈ, ਹੇ ਮੇਰੇ ਮਨ! ਅਜਿਹੇ ਗੁਰੂ ਜੀ ਨੂੰ ਬੰਦਨਾ ਕਰੋ॥੬॥

*੬. ਇਸ਼੍ਟ ਗੁਰੂ ਸ੍ਰੀ ਗੁਰੂ ਰਾਮ ਦਾਸ ਜੀ ਦਾ ਮੰਗਲ*

**ਸੂਰਜ ਸੋਢੀ ਬੰਸ ਕੇ ਬਿਦਤਿ ਸਕਲ ਜਗ ਜੋਇ।**
**ਨਮੋ ਚਰਨ ਪਰਿ ਨਿਤ ਕਰੌਂ ਰਾਮਦਾਸ ਗੁਰ ਸੋਇ॥ ੭॥**

ਸੂਰਜ ਵੰਸ ਦੇ ਸੋਢੀ ਸੁਲਤਾਨ ਸ੍ਰੀ ਗੁਰੂ ਰਾਮਦਾਸ ਜੀ ਸਾਰੇ ਜਗਤ ਵਿਚ ਪ੍ਰਗਟ ਹਨ, ਉਨ੍ਹਾਂ ਦੇ ਚਰਨਾਂ ਤੇ ਮੈਂ ਸਦਾ ਨਮਸਕਾਰ ਕਰਦਾ ਹਾਂ॥੭॥

*੭. ਇਸ਼੍ਟ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਮੰਗਲ*

**ਅਜਰ ਜਰਨਿ, ਧੀਰਜਿ ਧਰਨਿ, ਤਾਰਨ ਜਨਨਿ ਜਹਾਜ॥**
**ਨਮੋ ਚਰਨ ਅਰਵਿੰਦ ਕਉ ਸ੍ਰੀ ਅਰਜਨ ਸੁਖ ਸਾਜ॥ ੮॥**

ਨਾ ਜਰੇ ਜਾਣ ਵਾਲੇ ਨੂੰ ਜਰ ਲੈਣ ਵਾਲੇ, ਧੀਰਜ ਧਾਰਨ ਵਾਲੇ ਤੇ ਆਪਣੇ ਦਾਸਾਂ ਨੂੰ ਭਵਸਾਗਰ ਤੋਂ ਪਾਰ ਕਰਨ ਲਈ ਜੋ ਜਹਾਜ ਸਮਾਨ ਹਨ, ਐਸੇ ਸੁਖਾਂ ਦੇ ਸਿਰਜਣ ਵਾਲੇ ਸ੍ਰੀ ਸਤਿਗੁਰੂ ਅਰਜਨ ਦੇਵ ਦੇ ਚਰਨ ਕੰਵਲਾਂ ਤੇ ਨਮਸਕਾਰ ਹੈ॥੮॥

*੮. ਇਸ਼੍ਟ ਗੁਰੂ ਸ੍ਰੀ ਗੁਰੂ ਹਰਿ ਗੋਬਿੰਦ ਜੀ ਦਾ ਮੰਗਲ*

**ਸ੍ਰੇਸ਼ਟ ਆਯੁਧ ਧਰਨਿ ਮਹਿਂ ਤੁਰਕਨਿ ਹਰਿਨਿ ਸਮਾਜ।**
**ਬੰਦਨ ਠਾਨੌਂ ਬੰਦਿ ਕਰ ਹਰਿਗੁਬਿੰਦ ਮਹਾਂਰਾਜ॥ ੯॥**

ਸ੍ਰੀ ਗੁਰੂ ਹਰਿਗੋਬਿੰਦ ਜੀ, ਜੋ ਸ਼ਸਤਰ ਧਾਰਨ ਵਿਚ ਸਭ ਤੋਂ ਸ੍ਰੇਸ਼ਟ ਹਨ ਤੇ ਤੁਰਕਾਂ ਦੇ ਸਮਾਜ ਨੂੰ ਨਾਸ਼ ਕਰਨ ਵਾਲੇ ਹਨ, ਐਸੇ ਸਤਿਗੁਰੂ ਨੂੰ ਮੈਂ ਦੋਵੇਂ ਹੱਥ ਜੋੜ ਕੇ ਬੰਦਨਾ ਕਰਦਾ ਹਾਂ॥੯॥

*੯. ਇਸ਼੍ਟ ਗੁਰੂ ਸ੍ਰੀ ਗੁਰੂ ਹਰਿਰਾਇ ਜੀ ਦਾ ਮੰਗਲ*

**ਦਾਤਾ ਭੋਗ ਰੁ ਮੋਖ ਕੇ ਦਾਸਨਿ ਸਦਾ ਸਹਾਇ।**
**ਨਮੋ ਨਮੋ ਪਗ ਕਮਲ ਕੋ ਸ੍ਰੀ ਸਤਿਗੁਰ ਹਰਿਰਾਇ॥ ੧੦॥**

ਸ੍ਰੀ ਸਤਿਗੁਰੂ ਹਰਿਰਾਇ ਜੀ ਜੋ ਭੋਗ-ਮੋਖ ਦੇ ਦਾਤਾ ਹਨ, ਤੇ ਦਾਸਾਂ ਦੇ ਸਦਾ ਹੀ ਸਹਾਇਕ ਹਨ, ਉਨ੍ਹਾਂ ਦੇ ਚਰਨ ਕੰਵਲਾਂ ਤੇ ਮੇਰੀ ਬਾਰ-ਬਾਰ ਨਮਸਕਾਰ ਹੈ॥੧੦॥

*੧੦. ਇਸ਼ਟ ਗੁਰੂ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦਾ ਮੰਗਲ*

ਬਾਲ ਅਵਸਥਾ ਗਜਾਨ ਘਨ, ਨਾਸ਼ਕ ਬਿਘਨ ਬਿਸਾਲ।
ਚਰਨ ਸਰੋਜਨਿ ਕੋ ਨਮੋ ਸ੍ਰੀ ਹਰਿ ਕ੍ਰਿਸ਼ਨ ਕ੍ਰਿਪਾਲ॥ ੧੧॥

ਕ੍ਰਿਪਾਲੂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਜੋ ਬਾਲ ਅਵਸਥਾ ਵਿਚ ਹੀ ਪੂਰਨ ਗਿਆਨ ਦੇ ਮਾਲਕ ਹਨ ਤੇ ਸਾਰੇ ਵਿਘਨਾਂ ਨੂੰ ਨਾਸ਼ ਕਰਨ ਵਾਲੇ ਹਨ, ਉਨ੍ਹਾਂ ਦੇ ਚਰਨ ਕੰਵਲਾਂ ਨੂੰ ਮੈਂ ਨਮਸਕਾਰ ਕਰਦਾ ਹਾਂ॥੧੧॥

*੧੧. ਇਸ਼ਟ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਮੰਗਲ*

ਤੇਗ ਬਹਾਦਰ ਸਤਿਗੁਰੂ ਹਾਦਰ ਜਹਿੰ ਸਿਮਰੰਤਿ।
ਪਗ ਪੰਕਜ ਪਰਣਾਮ ਲਿਹੁ ਪਰਮ ਰੂਪ ਭਗਵੰਤ॥ ੧੨॥

ਹੇ ਸ੍ਰੀ ਗੁਰੂ ਤੇਗ ਬਹਾਦਰ ਜੀ! ਜਿਥੇ ਵੀ ਆਪ ਜੀ ਦੇ ਸੇਵਕ ਆਪ ਜੀ ਨੂੰ ਯਾਦ ਕਰਦੇ ਹਨ, ਆਪ ਜੀ ਹਾਜ਼ਰ ਹੁੰਦੇ ਹੋ। ਹੇ ਪਰਮ ਭਗਵੰਤ ਰੂਪ ਜੀ! ਆਪਣੇ ਚਰਨ ਕੰਵਲਾਂ ਤੇ ਮੇਰੀ ਬੰਦਨਾ ਪ੍ਰਵਾਨ ਕਰੋ॥੧੨॥

*੧੨. ਇਸ਼ਟ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮੰਗਲ*

ਹਿੰਦੁ ਧਰਮ ਕੇ ਆਸਰਾ ਤੁਰਕਨਿ ਤੇਜ ਬਿਨਾਜ।
ਸ੍ਰੀ ਗੁਰ ਗੋਵਿੰਦ ਸਿੰਘ ਜੀ! ਨਮੋ ਚਰਨ ਕੇ ਪਾਸਿ॥ ੧੩॥

ਹੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ! ਆਪ ਜੀ ਹਿੰਦੂ ਧਰਮ ਦੇ ਆਸਰਾ ਹੋ ਤੇ ਤੁਰਕਾਂ ਦੇ ਤੇਜ ਦਾ ਨਾਸ਼ ਕਰਨ ਵਾਲੇ ਹੋ, ਆਪ ਜੀ ਦੇ ਚਰਨ ਕੰਵਲਾਂ ਉਤੇ ਮੇਰੀ ਨਮਸਕਾਰ ਹੈ॥੧੩॥

*ਮੰਗਲਾ ਚਰਨ ਸਮਾਪਤ*

*ਬਿਧੀ ਚੰਦ ਦੀ ਆਦਿ ਕਥਾ*

*ਨਿਸ਼ਾਨੀ ਛੰਦ*-ਰਾਮਕੁਇਰ ਭਾਈ ਕਥਾ ਬਰਨੰਤਿ ਸੁਨਾਵੈ।
ਸੁਨਹਿੰ ਸਿੰਘ ਚਿਤ ਚੌਂਪ ਸੋਂ ਮਨ ਮੋਦ ਉਪਾਵੈਂ।
ਤ੍ਰਿਪਤਿ ਨ ਹੁਇਂ ਚਿਤ ਰੁਚਿ ਬਧਹਿ ਬੂਝਤਿ ਪੁਨ ਔਰੈਂ।
ਸ੍ਰੀ ਹਰਿਗੋਬਿੰਦ ਕੀ ਕਥਾ ਸੂਰਨਿ ਸਿਰਮੌਰੈਂ॥ ੧੪॥

ਭਾਈ ਰਾਮ ਕੁਇਰ ਜੀ ਕਥਾ ਵਰਣਨ ਕਰਕੇ ਸੁਣਾਉਂਦੇ ਸਨ ਤੇ ਸਿੰਘ ਬੜੇ ਸ਼ੌਕ ਨਾਲ ਕਥਾ ਸੁਣ ਕੇ ਚਿੱਤ ਵਿਚ ਬਹੁਤ ਪ੍ਰਸੰਨ ਹੁੰਦੇ ਸਨ। ਕਥਾ ਸੁਣ-ਸੁਣ ਕੇ ਤ੍ਰਿਪਤ ਨਹੀਂ ਸੀ ਹੁੰਦੇ। ਦਿਲਚਸਪੀ ਹੋਰ ਵਧਦੀ ਸੀ ਤੇ ਫਿਰ ਹੋਰ ਪੁੱਛਦੇ ਸਨ, ਸ੍ਰੀ ਹਰਿਗੋਬਿੰਦ ਦੀ ਕਥਾ ਸ਼੍ਰੋਮਣੀ ਸੂਰਬੀਰਾਂ ਦੀ ਕਥਾ ਹੈ॥੧੪॥

ਅਸਨ ਅਚਵਿ ਮੰਦਿਰ ਥਿਰੇ ਸਤਿਗੁਰ ਜਿਸ ਕਾਲਾ।
ਮਰਵਾਹੀ ਅਰੁ ਨਾਨਕੀ ਢਿਗ ਸੇਵ ਬਿਸਾਲਾ।
ਬੂਝਤਿ ਭੀ ਰਣ ਬਾਰਤਾ 'ਕਿਮ ਬਧਜੋ ਬਖੇਰਾ?।
ਜਿਸ ਤੇ ਲਸ਼ਕਰ ਸ਼ਾਹੁ ਕੋ ਚੜ੍ਹਿ ਆਇ ਬਡੇਰਾ॥ ੧੫॥

ਗੁਰੂ ਜੀ ਜਿਸ ਸਮੇਂ ਭੋਜਨ ਛੱਕ ਕੇ ਘਰ ਵਿਚ ਬੈਠੇ ਸਨ ਤਾਂ ਸ੍ਰੀ ਮਰਵਾਹੀ ਜੀ ਤੇ ਸ੍ਰੀ ਨਾਨਕੀ ਜੀ ਪਾਸ ਬੈਠੀਆਂ ਬਹੁਤ ਸੇਵਾ ਕਰ ਰਹੀਆਂ ਸਨ। ਉਹ ਰਣਖੇਤਰ ਦੀ ਵਾਰਤਾ ਪੁੱਛਣ ਲੱਗੀਆਂ, "ਕਿਵੇਂ ਝਗੜਾ ਵਧਿਆ, ਜਿਸ ਕਾਰਨ ਬਾਦਸ਼ਾਹ ਦਾ ਵੱਡਾ ਲਸ਼ਕਰ ਚੜ੍ਹ ਕੇ ਆ ਗਿਆ" ॥੧੫॥

ਸੁਨਿ ਗੁਰ ਉਚਰਿ ਪ੍ਰਸੰਗ ਸਭਿ ਤਿਨ ਕੋ ਸਮੁਝਾਵਾ।
'ਬਿਧੀ ਚੰਦ ਬੁਧਿਵਾਨ ਬਡ ਹਯ ਤਹਿਂ ਤੇ ਲਜਾਵਾ।
ਸ਼ਾਹ ਜਹਾਂ ਕੇ ਪ੍ਰਿਯ ਹੁਤੇ, ਰਹਿ ਬਨਿ ਕਰਿ ਘਾਸੀ।
ਘਾਤ ਲਾਇ ਸੇਵਾ ਕਰਤਿ ਕੇਤਿਕ ਦਿਨ ਪਾਸੀ॥ ੧੬॥

ਗੁਰੂ ਜੀ ਉਹ ਪ੍ਰਸੰਗ ਉਚਾਰਨ ਕਰਕੇ ਸਾਰਾ ਉਨ੍ਹਾਂ ਨੂੰ ਸਮਝਾਇਆ, "ਬੁੱਧੀਵਾਨ ਬਿਧੀ ਚੰਦ ਵੱਡੇ ਘੋੜੇ ਉਥੋਂ ਲੈ ਕੇ ਆਇਆ ਉਹ ਘੋੜੇ ਸ਼ਾਹ ਜਹਾਨ ਨੂੰ ਬਹੁਤ ਪਿਆਰੇ ਸਨ। ਬਿਧੀ ਚੰਦ ਉਥੇ ਘਾਹੀ ਬਣ ਕੇ ਰਿਹਾ ਤੇ ਕਈ ਦਿਨ ਉਨ੍ਹਾਂ ਦੇ ਪਾਸ ਰਿਹਾ ਤੇ ਸੇਵਾ ਕਰਕੇ ਦਾਅ ਲਾਉਣ ਬਾਰੇ ਸੋਚਦਾ ਰਿਹਾ ॥੧੬॥

ਦੁਰਗ ਦਿਵਾਰ ਫੰਦਾਇ ਕਰਿ ਲੇ ਆਇ ਤੁਰੰਗਾ।
ਪੁਨ ਦੂਸਰ ਕੇ ਹਿਤ ਗਯੋ ਬਹੁ ਚਤੁਰ ਨਿਸ਼ੰਗਾ।
ਖੋਜੀ ਬਨਿ ਸਭਿ ਦੇਖਿਤੇ ਦੀਵਾਰ ਫੰਦਾਯੋ।
ਇਮ ਦੋਨੋ ਹਯ ਗਏ ਲਖਿ ਚਿਤ ਸ਼ਾਹੁ ਰਿਸਾਯੋ॥ ੧੭॥

ਘੋੜੇ ਨੂੰ ਕਿਲ੍ਹੇ ਦੀ ਦੀਵਾਰ ਟਪਾ ਕੇ ਲੈ ਆਇਆ, ਤੇ ਫਿਰ ਵੱਡਾ ਚਤੁਰ ਦੂਸਰਾ ਘੋੜਾ ਲੈਣ ਚਲਾ ਗਿਆ। ਖੋਜੀ ਬਣ ਕੇ ਸਾਰਿਆਂ ਦੇ ਵੇਖਦੇ ਦੀਵਾਰ ਟਪਾ ਕੇ ਲੈ ਆਇਆ। ਇਸ ਤਰ੍ਹਾਂ ਦੋਵੇਂ ਘੋੜੇ ਗਏ ਸਮਝ ਕੇ ਬਾਦਸ਼ਾਹ ਬਹੁਤ ਕਰੋਧ ਵਿਚ ਆਇਆ ॥੧੭॥

ਲਸ਼ਕਰ ਭੇਜਯੋ ਅਧਿਕ ਹੀ ਬਡ ਭਈ ਲਰਾਈ।
ਤੁਰਕਾਨਾ ਬਹੁ ਖਪਿ ਗਯੋ ਹ੍ਵੈ ਕੈ ਸਮੁਹਾਈ।
ਸੁਨਿ ਬਿਸਮਾਨੀ ਨਾਨਕੀ 'ਅਸ ਚੋਰ ਬਿਸਾਲਾ।
ਸੁਨਯੋ ਬਿਲੋਕਯੋ ਕਬਿ ਨਹੀਂ ਕਿਯ ਕਰਮ ਕਰਾਲਾ॥ ੧੮॥

ਬਹੁਤ ਵੱਡਾ ਲਸ਼ਕਰ ਭੇਜਿਆ ਤੇ ਬਹੁਤ ਵੱਡੀ ਲੜਾਈ ਹੋਈ ਤੇ ਬਹੁਤ ਤੁਰਕ ਸਾਹਮਣੇ ਹੋ ਕੇ ਮਰ ਗਏ"। ਇਹ ਸੁਣ ਕੇ ਸ੍ਰੀ ਨਾਨਕੀ ਜੀ ਬਹੁਤ ਹੈਰਾਨ ਹੋਏ, "ਇਸ ਤਰ੍ਹਾਂ ਦਾ ਬੜਾ ਵੱਡਾ ਚੋਰ ਹੈ, ਉਸ ਨੂੰ ਕਦੀ ਸੁਣਿਆ ਵੇਖਿਆ ਨਹੀਂ, ਬੜੇ ਵਿਕਰਾਲ ਕਰਮ ਕਰਦਾ ਹੈ ॥੧੮॥

ਸ਼ਾਹੁ ਹਯਨਿ ਨਰ ਗਨ ਪਿਖਤਿ, ਰਾਖੇ ਸਵਧਾਨਾ।
ਸਭਿ ਕੋ ਛਲ ਕਰਿ ਪੁਰੀ ਤੇ ਲੇ ਆਇ ਕਿਕਾਨਾ।
ਲੋਕ ਹਜ਼ਾਰਹੁਂ' ਬੀਚ ਤੇ ਕਾਰਜ ਕਰਿ ਆਵਾ।
ਕਰਿ ਚੋਰੀ ਪੁਨ ਢਿਗ ਗਯੋ ਨਾਹਿੰਨ ਡਰਪਾਵਾ॥ ੧੯॥

ਬਾਦਸ਼ਾਹ ਘੋੜਿਆਂ ਦੀ ਰਖਵਾਲੀ ਵਾਸਤੇ ਬਹੁਤ ਮਨੁੱਖ ਸਾਵਧਾਨ ਰਖਦਾ ਹੈ ਸਾਰਿਆਂ ਨੂੰ ਛਲ ਕੇ ਨਗਰ ਤੋਂ ਘੋੜਿਆਂ ਨੂੰ ਲੈ ਆਇਆ। ਹਜ਼ਾਰਾਂ ਲੋਕਾਂ ਵਿਚ ਇਹ ਕਾਰਜ ਕਰ ਆਇਆ, ਚੋਰੀ ਕਰਕੇ ਫਿਰ ਉਨ੍ਹਾਂ ਦੇ ਪਾਸ ਗਿਆ ਤੇ ਡਰਿਆ ਨਹੀਂ" ॥੧੯॥

ਸੁਨਿ ਕਰਿ ਸ਼੍ਰੀ ਸਤਿਗੁਰ ਕਹ੍ਯੋ 'ਬਲ ਬੁੱਧਿ ਬਡੇਰਾ।
ਤਿਸ ਕੇ ਸਮ ਕੋ ਜਗਤ ਮਹਿੰ ਹਮ ਦੂਤੀ ਨ ਹੇਰਾ।
ਚੋਰੀ ਕਰਿਬੇ ਚਾਤੁਰੀ ਐਸੀ ਉਪਜਾਵੈ।
ਸੁਨਿਬੇ ਦੇਖਨ ਹਾਰ ਨਰ ਸਭਿ ਕੋ ਬਿਸਮਾਵੈ॥ ੨੦॥

ਇਹ ਸੁਣ ਕੇ ਸਤਿਗੁਰੂ ਜੀ ਨੇ ਕਿਹਾ, "ਉਸ ਦੀ ਸ਼ਕਤੀ ਅਤੇ ਬੁਧੀ ਬਹੁਤ ਵੱਡੀ ਹੈ, ਤਿਸ ਵਰਗਾ ਇਸ ਜਗਤ ਵਿਚ ਅਸੀਂ ਕੋਈ ਦੂਸਰਾ ਨਹੀਂ ਵੇਖਿਆ ਹੈ। ਚੋਰੀ ਕਰਦੇ ਸਮੇਂ ਅਜਿਹੀ ਚਾਤੁਰੀ ਪ੍ਰਗਟ ਕਰਦਾ ਹੈ ਕਿ ਸੁਣਨ ਅਤੇ ਵੇਖਣ ਵਾਲੇ ਸਾਰੇ ਮਨੁੱਖਾਂ ਨੂੰ ਹੈਰਾਨ ਕਰ ਦਿੰਦਾ ਹੈ॥੨੦॥

ਕਰੀ ਪ੍ਰਥਮ ਭੀ ਬਹੁਤ ਹੈ ਹਿਤ ਪਰ ਉਪਕਾਰਾ॥
ਸਿੱਖ ਬਨ੍ਯੋ ਬਡ ਗੁਰਨਿ ਕੋ, ਰਣ ਸੂਰ ਉਦਾਰਾ।
ਕਹਤਿ ਨਾਨਕੀ 'ਹੇ ਪ੍ਰਭੋ! ਤਿਸੁ ਲੇਹੁ ਬੁਲਾਈ।
ਕਿਮ ਕੀਨਸਿ ਦੁਸ਼ਕਰਮ ਕੋ ਤਿਮ ਦੇਹਿ ਸੁਨਾਈ'॥ ੨੧॥

ਪਰਉਪਕਾਰ ਵਾਸਤੇ ਪਹਿਲਾਂ ਵੀ ਬਹੁਤ ਅਜਿਹੇ ਕੰਮ ਕੀਤੇ ਹਨ, ਪਰ ਜਦ ਤੋਂ ਇਹ ਵੱਡੇ ਗੁਰੂ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਿੱਖ ਬਣਿਆ ਹੈ ਤਾਂ ਇਹ ਰਣਖੇਤਰ ਦਾ ਵੱਡਾ ਸੂਰਮਾ ਬਣ ਗਿਆ ਹੈ।" ਮਾਤਾ ਨਾਨਕੀ ਨੇ ਕਿਹਾ, 'ਹੇ ਪ੍ਰਭੂ! ਉਸ ਨੂੰ ਬੁਲਾ ਲਵੋ, ਉਹ ਇੰਨੇ ਮੁਸ਼ਕਲ ਕੰਮ ਨੂੰ ਕਿਵੇਂ ਕਰਦਾ ਹੈ, ਉਸ ਤਰ੍ਹਾਂ ਸਾਨੂੰ ਆ ਕੇ ਸੁਣਾ ਦੇਵੇ'॥੨੧॥

ਪਠ੍ਯੋ ਦਾਸ ਸ੍ਰੀ ਸਤਿਗੁਰੂ ਨਿਜ ਨਿਕਟਿ ਬੁਲਾਯੋ।
ਆਇ ਕਰੀ ਤਬਿ ਬੰਦਨਾ ਨਿਜ ਸੀਸ ਨਿਵਾਯੋ।
ਗੁਰ ਮਹਿਲਾ ਕੋ ਮਾਤ ਕਹਿ ਮਸਤਕ ਕੋ ਟੇਕਾ।
ਆਗ੍ਯਾ ਲੇ ਬੈਠ੍ਯੋ ਜਬਹਿ ਕਹਿ ਜਲਧਿ ਬਿਬੇਕਾ॥ ੨੨॥

ਗੁਰੂ ਜੀ ਨੇ ਦਾਸ ਨੂੰ ਭੇਜ ਕੇ ਬਿਧੀ ਚੰਦ ਨੂੰ ਆਪਣੇ ਪਾਸ ਬੁਲਾਇਆ। ਬਿਧੀ ਚੰਦ ਨੇ ਆ ਕੇ ਫਿਰ ਬੰਦਨਾ ਕੀਤੀ ਤੇ ਸਿਰ ਨਿਵਾਇਆ। ਗੁਰੂ ਜੀ ਦੇ ਮਹਿਲਾਂ (ਪਤਨੀਆਂ) ਨੂੰ ਮਾਤਾ ਜੀ ਕਹਿ ਕੇ ਮੱਥਾ ਟੇਕਿਆ। ਜਦ ਆਗਿਆ ਲੈ ਕੇ ਬੈਠ ਗਿਆ ਤਾਂ ਗਿਆਨ ਦੇ ਸਾਗਰ ਭਾਵ ਗੁਰੂ ਜੀ ਨੇ ਕਿਹਾ॥੨੨॥

'ਕਹਹੁ ਆਪਨੇ ਕਰਮ ਕੋ ਜਿਮ ਪੂਰਬ ਆਯੋ।
ਕਿਮ ਚੋਰੀ ਦੁਸ਼ਕਰ ਕਰੀ ਧਨ ਕੋ ਹਰਿ ਲਜਾਯੋ?।
ਕਹੁ ਪ੍ਰਸੰਗ ਸਭਿ ਛੋਰ ਤੇ ਇਹ ਸੁਨਿਬੋ ਚਾਹੈਂ'।
ਬਿਧੀ ਚੰਦ ਤਬਿ ਜੋਰਿ ਕਰ ਉਚਰ੍ਯੋ ਗੁਰ ਪਾਹੈ॥ ੨੩॥

"ਉਹ ਆਪਣੇ ਕਰਮ ਬਿਆਨ ਕਰੋ, ਜਿਵੇਂ ਪਹਿਲਾਂ ਆਇਆ ਸੀ, ਕਿਵੇਂ ਕਠਨ ਚੋਰੀਆਂ ਕਰਦਾ ਸੀ ਤੇ ਧਨ ਦੀ ਚੋਰੀ ਕਰ ਲੈਂਦਾ ਸੀ ? ਇਸ ਪ੍ਰਸੰਗ ਨੂੰ ਖੋਲ੍ਹ ਕੇ ਬਿਆਨ ਕਰੋ, ਇਹ ਤੁਹਾਡੀਆਂ ਮਾਤਾਵਾਂ ਸੁਣਨੀਆਂ ਚਾਹੁੰਦੀਆਂ ਹਨ।" ਫਿਰ ਬਿਧੀ ਚੰਦ ਨੇ ਹੱਥ ਜੋੜ ਕੇ ਗੁਰੂ ਜੀ ਦੇ ਪਾਸ ਉਚਾਰਨ ਕੀਤਾ॥੨੩॥

'ਪੂਰਬ ਤਸਕਰ ਕਰਮ ਕੋ ਮੈਂ ਕਰਤਿ ਘਨੇਰੇ।
ਮਹਿਖੀ ਸੁੰਦਰ ਬ੍ਰਿੰਦ ਕੋ ਚੋਰੀ ਇਕ ਬੇਰੇ।

ਲੇ ਨਿਕਸਯੋ ਤੂਰਨ ਕਰਤਿ ਨਿਜ ਘਰ ਕੋ ਚਾਲਾ।
ਸੁਧ ਹੋਈ ਪੁਨ ਗ੍ਰਾਮ ਕੇ ਨਿਕਸੇ ਨਰਿ ਜਾਲਾ॥ ੨੪॥

"ਪਹਿਲਾਂ ਮੈਂ ਚੋਰੀ ਦਾ ਕੰਮ ਬਹੁਤ ਕਰਦਾ ਸੀ, ਇਕ ਵਾਰ ਮੈਂ ਕਈ ਸੁੰਦਰ ਮੱਝਾਂ ਦੀ ਚੋਰੀ ਕੀਤੀ। ਮੱਝਾਂ ਤੁਰਤ ਲੈ ਕੇ ਨਿਕਲ ਪਿਆ ਤੇ ਆਪਣੇ ਘਰ ਨੂੰ ਚਲਿਆ। ਫਿਰ ਪਿੰਡ ਵਾਲਿਆਂ ਨੂੰ ਖ਼ਬਰ ਹੋ ਗਈ ਤੇ ਬਹੁਤ ਲੋਕ ਨਿਕਲ ਕੇ ਮੇਰੇ ਪਿੱਛੇ ਆਏ॥੨੪॥

ਖੋਜ ਪਾਇ ਮਹਿਖੀਨਿ ਕੋ ਪਰਿ ਪਾਛ ਪੁਕਾਰਾ।
ਆਗੇ ਮੈਂ ਉਤਲਾਵਤੋ ਬਹੁ ਦੂਰ ਸਿਧਾਰਾ।
ਚੋਲ੍ਹੇ ਗ੍ਰਾਮ ਸਮੀਪ ਜਬਿ ਪਹੁੰਚਯੋ ਉਤਲਾਏ।
ਆਇ ਸੁ ਮਿਲੀ ਗੁਹਾਰ ਤਬਿ ਇਮ ਕਰਯੋ ਉਪਾਏ॥ ੨੫॥

ਮੱਝਾਂ ਦਾ ਖੋਜ ਪਾ ਕੇ ਮੇਰੇ ਪਿੱਛੇ ਵਾਹਰ (ਮਨੁੱਖਾਂ ਦਾ ਸਮੂਹ) ਪੈ ਗਈ, ਮੈਂ ਬਹੁਤ ਤੇਜ਼ੀ ਕਰਕੇ ਬਹੁਤ ਅੱਗੇ ਨਿਕਲ ਗਿਆ। ਚੋਲ੍ਹੇ ਪਿੰਡ ਦੇ ਨੇੜੇ ਬੜੀ ਕਾਹਲੀ ਨਾਲ ਮੇਰੇ ਪਾਸ ਪਹੁੰਚ ਗਏ, ਜਦ ਵਾਹਰ ਮੈਨੂੰ ਆ ਮਿਲੀ ਤਦ ਮੈਂ ਇਸ ਤਰ੍ਹਾਂ ਉਪਾਅ ਕੀਤਾ॥੨੫॥

ਹੁਤੋ ਤਾਲ ਜਲ ਕੋ ਭਰਯੋ ਸਭਿ ਮਹਿਖ ਪ੍ਰਵੇਸ਼ੀ।
ਅਦਲੀ ਗੁਰ ਕੋ ਸਿੱਖ ਤਹਿਂ ਜਿਹ ਸੁਮਤਿ ਵਿਸ਼ੇਸ਼ੀ।
ਜਾਇ ਚਰਨ ਪਰ ਮੈਂ ਪਰਯੋ ਸਭਿ ਬਿਨੈ ਸੁਨਾਈ।
'ਰੱਛਯਾ ਕੀਜੈ ਰਿਪੁਨਿ ਤੇ ਤੁਮ ਬਨਹੁ ਸਹਾਈ॥ ੨੬॥

ਇਕ ਪਾਣੀ ਦਾ ਛੱਪੜ ਸੀ, ਉਸ ਵਿਚ ਮੈਂ ਸਾਰੀਆਂ ਮੱਝਾਂ ਵਾੜ ਦਿੱਤੀਆਂ। ਉਥੇ ਇਕ ਅਦਲੀ ਨਾਮੀਂ ਗੁਰੂ ਜੀ ਦਾ ਸਿੱਖ ਸੀ ਤੇ ਬੜਾ ਬੁੱਧੀਵਾਨ ਸੀ। ਮੈਂ ਉਸਦੇ ਚਰਨਾਂ ਤੇ ਢਹਿ ਪਿਆ ਤੇ ਬੇਨਤੀ ਸੁਣਾਈ, "ਇਨ੍ਹਾਂ ਵੈਰੀਆਂ ਤੋਂ ਮੇਰੀ ਰੱਖਿਆ ਕਰੋ ਤੇ ਮੇਰੇ ਸਹਾਇਕ ਬਣੋ॥੨੬॥

ਬਹੁਰ ਕਰਹੁ ਸਿਖ ਆਪਨੋ ਦੀਜਹਿ ਉਪਦੇਸ਼ਾ।
ਉਪਕਾਰੀ ਤੁਮ ਸੰਤ ਹੋ ਚਿਤ ਸ਼ਾਂਤਿ ਵਿਸ਼ੇਸ਼ਾ।
ਅਦਲੀ ਸੁਨਿ ਬਿਨਤੀ ਤਬਹਿ ਬਹੁ ਭਏ ਕ੍ਰਿਪਾਲਾ।
ਕੀਨਿ ਬਤਾਵਨ ਸ਼ੁਭ ਮਤੀ ਮਮ ਭਾਗ ਬਿਸਾਲਾ॥ ੨੭॥

ਫਿਰ ਮੈਨੂੰ ਆਪਣਾ ਉਪਦੇਸ਼ ਦੇ ਕੇ ਸਿੱਖ ਬਣਾਓ, ਤੁਸੀਂ ਉਪਕਾਰੀ ਸੰਤ ਹੋ ਚਿੱਤ ਵਿਚ ਵਿਸ਼ੇਸ਼ ਤੌਰ ਤੇ ਸ਼ਾਂਤ ਰਹਿੰਦੇ ਹੋ।" ਅਦਲੀ ਮੇਰੀ ਬੇਨਤੀ ਸੁਣ ਕੇ ਬਹੁਤ ਕ੍ਰਿਪਾਲੂ ਹੋ ਗਏ, ਮੇਰੇ ਵੱਡੇ ਭਾਗ ਸਨ, ਉਨ੍ਹਾਂ ਨੇ ਮੈਨੂੰ ਸ਼ੁਭ ਮੱਤ ਦੱਸ ਦਿੱਤੀ॥੨੭॥

'ਸਿਮਰਹੁ ਸ੍ਰੀ ਅਰਜਨ ਗੁਰੂ ਰਾਖਹਿ ਤੁਵ ਲਾਜਾ।
ਬਹੁਰ ਬਨਹੁ ਸਿਖ ਜਾਇ ਕਰਿ ਤਜਿਕੈ ਅਸ ਕਾਜਾ।
ਸੁਨਿ ਤਿਸਕੇ ਉਪਦੇਸ਼ ਕੋ ਮੈਂ ਧਾਰਨ ਕੀਨਾ।
ਕਰੇ ਅਰਾਧਨ ਸਤਿਗੁਰੂ ਪਰਿ ਸ਼ਰਨੀ ਦੀਨਾ॥ ੨੮॥

"ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਯਾਦ ਕਰੋ, ਉਹ ਤੇਰੀ ਲਾਜ ਰਖਣਗੇ, ਫਿਰ ਜਾ ਕੇ ਉਨ੍ਹਾਂ ਦੇ ਸਿੱਖ ਬਣ ਜਾਵੋ ਤੇ ਅਜਿਹਾ ਕੰਮ ਛੱਡ ਦੇਵੋ।" ਮੈਂ ਫਿਰ ਉਸਦੇ ਉਪਦੇਸ਼ ਨੂੰ ਧਾਰਨ ਕੀਤਾ, ਸਤਿਗੁਰੂ ਜੀ ਦੀ ਆਰਾਧਨਾ ਕੀਤੀ ਤੇ ਸ਼ਰਨੀ ਪੈ ਕੇ ਦੀਨ ਹੋ ਗਿਆ॥੨੮॥

'ਬਨਹੁ ਸਹਾਇਕ ਦਾਸ ਲਖਿ ਤੁਮ ਅੰਤਰਜਾਮੀ।
ਪੁਨ ਮੈਂ ਰਹੌਂ ਸਮੀਪ ਹੀ ਕਰਿ ਕੈ ਨਿਜ ਸ੍ਵਾਮੀ'।
ਉਰ ਮਹਿਂ ਧ੍ਯਾਨ ਸੁ ਧਾਰਿ ਕੈ ਥਿਰ ਭਾ ਤਿਸ ਥਾਨਾ।
ਤਬਿ ਲੌ ਆਇ ਗੁਹਾਰ ਗਨ ਲੇ ਖੋਜ ਮਹਾਨਾ॥ ੨੯॥

ਮੈਂ ਫਿਰ ਬੇਨਤੀ ਕੀਤੀ, "ਦਾਸ ਸਮਝ ਕੇ ਮੇਰੀ ਬੇਨਤੀ ਸੁਣੋ, ਤੁਸੀਂ ਅੰਤਰਜਾਮੀ ਹੋ, ਫਿਰ ਮੈਂ ਤੁਹਾਨੂੰ ਆਪਣਾ ਮਾਲਕ ਬਣਾ ਕੇ ਤੁਹਾਡੇ ਪਾਸ ਹੀ ਰਹਾਂਗਾ।" ਹਿਰਦੇ ਵਿਚ ਧਿਆਨ ਧਾਰ ਕੇ ਮੈਂ ਉਸ ਥਾਂ ਬੈਠ ਗਿਆ, ਫਿਰ ਵਾਹਰ ਇਕ ਵੱਡੇ ਖੋਜੀ ਨੂੰ ਲੈ ਕੇ ਉਥੇ ਪਹੁੰਚ ਗਈ॥੨੯॥

ਸਰ ਲਗਿ ਖੋਜ ਨਿਹਾਰਤੇ ਨਹਿਂ ਆਗੇ ਚਾਲਾ।
ਇਤ ਉਤ ਖੋਜਤਿ ਫਿਰਤਿ ਭੇ ਸੇ ਮਾਨਵ ਜਾਲਾ।
ਅਦਲੀ ਸਿੱਖ ਬਿਲੋਕਿ ਕੈ ਤਿਨ ਸਾਥ ਬਖਾਨਾ।
'ਕਹਾ ਖੋਜਤਿ ਤੁਮ ਫਿਰਤਿ ਬਹੁ? ਕੁਛ ਸਕੇ ਨ ਜਾਨਾ'॥ ੩੦॥

ਝਾੜ ਤਕ ਖੋਜ ਵੇਖਦੇ ਸਨ, ਪਰ ਖੋਜ ਅੱਗੇ ਨਹੀਂ ਸੀ ਜਾਂਦਾ, ਬਹੁਤ ਮਨੁੱਖ ਇਕੱਠੇ ਹੋ ਕੇ ਏਧਰ ਓਧਰ ਲੱਭਦੇ ਫਿਰਦੇ ਸਨ। ਅਦਲੀ ਸਿੱਖ ਉਨ੍ਹਾਂ ਨੂੰ ਵੇਖ ਕੇ ਕਹਿਣ ਲੱਗਾ, "ਤੁਸੀਂ ਬਹੁਤ ਤੁਰੇ ਫਿਰਦੇ ਹੋ, ਕੀ ਲੱਭਦੇ ਹੋ? ਕੁਝ ਪਤਾ ਨਹੀਂ ਲੱਗ ਰਿਹਾ ਹੈ"॥੩੦॥

ਕਹਤਿ ਭਏ 'ਮਹਿਖੀਨਿ ਕੋ ਇਕ ਤਸਕਰ ਲਜਾਯੋ।
ਖੋਜ ਇਹਾਂ ਲਗਿ ਆਇਕੈ ਨਹਿਂ ਅੱਗ੍ਰ ਚਲਾਯੋ।
ਖੋਜਤਿ ਹੈਂ ਤਿਸ ਖੋਜ ਕੋ ਜੇਕਰਿ ਤੁਮ ਹੇਰਾ।
ਕਰਹੁ ਬਤਾਵਨ ਸੰਤ ਜੀ ! ਕਿਤ ਗਯੋ ਅਗੇਰਾ'॥ ੩੧॥

ਉਹ ਕਹਿਣ ਲੱਗੇ, "ਮੱਝਾਂ ਇਕ ਚੋਰ ਚੁਰਾ ਕੇ ਲਿਆਇਆ ਹੈ, ਖੋਜ ਏਥੋਂ ਤਕ ਆ ਕੇ ਅੱਗੇ ਨਹੀਂ ਜਾਂਦਾ ਹੈ। ਉਸ ਖੋਜ ਨੂੰ ਵੇਖ ਰਹੇ ਹਾਂ, ਜੇ ਤੁਸੀਂ ਵੇਖਿਆ ਹੈ ਤਾਂ ਸੰਤ ਜੀ ਦੱਸੋ, ਅੱਗੇ ਖੋਜ ਕਿਥੇ ਗਿਆ ਹੈ"॥੩੧॥

ਸੁਨਿ ਅਦਲੀ ਉੱਤਰ ਦੀਯੋ ਮਹਿਖੀ 'ਸਰ ਮਾਂਹੀ।
ਇਨ ਬਿਨ ਅਪਰ ਨ ਮੈਂ ਪਿਖੀ ਕੋ ਗਮਨਜੋ ਨਾਂਹੀ'।
ਸੁਨਿ ਬੋਲੇ 'ਦੇਖੀ ਭਲੀ ਇਹ ਨਹੀਂ ਹਮਾਰੀ।
ਕਪਲ ਬਰਨ ਕੀ ਇਹੁ ਸਕਲ, ਹਮਰੀ ਸਭ ਕਾਰੀ'॥ ੩੨॥

ਇਹ ਸੁਣ ਕੇ ਅਦਲੀ ਨੇ ਉੱਤਰ ਦਿੱਤਾ, "ਮੱਝਾਂ ਇਸ ਝੰਪੜ ਵਿਚ ਹਨ, ਇਨ੍ਹਾਂ ਬਗੈਰ ਹੋਰ ਮੈਂ ਕੋਈ ਨਹੀਂ ਵੇਖੀਆਂ ਹਨ ਤੇ ਨਾ ਹੋਰ ਅੱਗੇ ਗਈਆਂ ਹਨ।" ਇਹ ਸੁਣ ਕੇ ਉਹ ਬੋਲੇ, "ਇਹ ਮੱਝਾਂ ਅਸੀਂ ਚੰਗੀ ਤਰ੍ਹਾਂ ਵੇਖੀਆਂ ਹਨ, ਇਹ ਸਾਡੀਆਂ ਨਹੀਂ ਹਨ, ਇਹ ਸਾਰੀਆਂ ਮੱਝਾਂ ਭੂਰੀਆਂ ਹਨ, ਪਰ ਸਾਡੀਆਂ ਸਾਰੀਆਂ ਮੱਝਾਂ ਕਾਲੀਆਂ ਹਨ"॥੩੨॥

ਇਮ ਕਹਿ ਇਤ ਉਤ ਬਹੁ ਫਿਰੇ ਕੁਛ ਜਾਇ ਨ ਜਾਨੀ।
ਸ੍ਰਮਿਤ ਭਏ ਸਗਰੇ ਹਟੇ ਨਹਿੰ ਸਕੇ ਪਛਾਨੀ।
ਗ੍ਰਿਹ ਕੋ ਗਈ ਗੁਹਾਰ ਜਬਿ ਮਿਲਿ ਅਦਲੀ ਸੰਗ੍ਰਾ ਕਹ੍ਯੋ।
'ਪਿਖਹੁ ਗੁਰ ਕੀ ਕਲਾ ਜਿਨ ਸੁਜਸੁ ਉਤੰਗਾ॥ ੩੩॥

ਇਹ ਕਹਿ ਕੇ ਏਧਰ ਓਧਰ ਬਹੁਤ ਫਿਰੇ ਕੁਝ ਜਾਣਿਆ ਨਹੀਂ ਸੀ ਜਾਂਦਾ, ਸਾਰੇ ਥੱਕ ਕੇ ਵਾਪਸ ਚਲੇ ਗਏ, ਮੱਝਾਂ ਨੂੰ ਪਛਾਣ ਨਾ ਸਕੇ। ਜਦ ਵਾਹਰ ਵਾਲੇ ਆਪਣੇ ਘਰਾਂ ਨੂੰ ਚਲੇ ਗਏ ਤਾਂ ਅਦਲੀ ਨੇ ਮਿਲ ਕੇ ਮੈਨੂੰ ਕਿਹਾ, 'ਗੁਰੂ ਜੀ ਦੀ ਕਲਾ ਨੂੰ ਵੇਖੋ, ਜਿਨ੍ਹਾਂ ਦਾ ਇੰਨਾ ਸ੍ਰੇਸ਼ਟ ਜੱਸ ਹੈ॥੩੩॥

ਹੋਹਿੰ ਸਹਾਇਕ ਸਿਮਰਤੇ ਦੁਹਿ ਲੋਕਨਿ ਮਾਂਹੀ।
ਅਸ ਪ੍ਰਭੁ ਕੋ ਜੇ ਤਜਤਿ ਹੈਂ ਤਿਨਕੈ ਬੁਧਿ ਨਾਂਹੀ।
ਜਯੋਂ ਕਯੋਂ ਰਾਖਹਿੰ ਦਾਸ ਪਤਿ ਸਭਿ ਬਿਘਨ ਮਿਟਾਵੈਂ।
ਇਹ ਬਡਿਆਈ ਗੁਰੂ ਜੀ ਗੁਰ ਸਿੱਖਨਿ ਭਾਵੈ॥ ੩੪॥

ਸਿਮਰਨ ਕਰਨ ਨਾਲ ਉਹ ਦੋ ਲੋਕਾਂ ਵਿਚ ਸਹਾਇਕ ਹੁੰਦੇ ਹਨ, ਐਸੇ ਪ੍ਰਭੂ ਨੂੰ ਜਿਹੜੇ ਛੱਡਦੇ ਹਨ, ਉਨ੍ਹਾਂ ਵਿਚ ਅਕਲ ਨਹੀਂ, ਜਿਵੇਂ ਕਿਵੇਂ ਆਪਣੇ ਸੇਵਕਾਂ ਦੀ ਪੱਤ ਰੱਖਦੇ ਹਨ ਤੇ ਸਾਰੇ ਵਿਘਨ ਦੂਰ ਕਰ ਦਿੰਦੇ ਹਨ, ਗੁਰੂ ਜੀ ਦੀ ਇਹ ਵਡਿਆਈ ਸਿੱਖਾਂ ਨੂੰ ਚੰਗੀ ਲੱਗਦੀ ਹੈ॥੩੪॥

ਸਭਿ ਕਾਰੀ ਮਹਿਖੀਨਿ ਕੋ ਔਰੈ ਕਰਿ ਰੰਗਾ।
ਸਿਮਰੇ ਕਰੀ ਸਹਾਇਤਾ ਬਹੁ ਤੂਰਨ ਸੰਗਾ।
ਤਸਕਰ ਕੀ ਕ੍ਰਿਤਿ ਤਯਾਗਿ ਕੈ ਸ਼ਰਨੀ ਪਰਿ ਜਾਈ।
ਪ੍ਰਾਪਤਿ ਹੁਇ ਕਲਯਾਨ ਕੋ ਤੁਵ ਭਾਗ ਭਲਾਈ'॥ ੩੫॥

ਸਾਰੀਆਂ ਕਾਲੀਆਂ ਮੱਝਾਂ ਨੂੰ ਹੋਰ ਰੰਗ ਦੀਆਂ ਕਰ ਦਿੱਤਾ, ਗੁਰੂ ਜੀ ਨੂੰ ਯਾਦ ਕਰਨ ਨਾਲ ਉਨ੍ਹਾਂ ਬਹੁਤ ਛੇਤੀ ਸਹਾਇਤਾ ਕੀਤੀ! ਚੋਰੀ ਦਾ ਕਿੱਤਾ ਛੱਡ ਕੇ, ਹੁਣ ਗੁਰੂ ਜੀ ਦੀ ਸ਼ਰਨ ਵਿਚ ਆ ਜਾਵੋ, ਤੁਹਾਨੂੰ ਕਲਿਆਣ ਪ੍ਰਾਪਤ ਹੋਵੇਗਾ, ਤੁਹਾਡੇ ਚੰਗੇ ਭਾਗ ਹਨ'॥੩੫॥

ਤਬਿ ਮੈਂ ਸੁਨਿ ਉਪਦੇਸ਼ ਕੋ ਸਰ ਮਹਿਖ ਨਿਕਾਰੀ।
ਧਰਮਸਾਲ ਸਿਖ ਸੰਤ ਕੋ ਦੀਨੀ ਤਬਿ ਸਾਰੀ।
ਬਿਨੈ ਬਖਾਨੀ ਦੀਨ ਹ੍ਵੈ ਅਦਲੀ ਸੰਗ ਲੀਨਾ।
ਸੁਧਾ ਸਰੋਵਰ ਕੀ ਦਿਸ਼ਾ ਪ੍ਰਸਥਾਨੋ ਕੀਨਾ॥ ੩੬॥

ਤਦ ਮੈਂ ਉਪਦੇਸ਼ ਸੁਣ ਕੇ ਡੱਪੜ ਵਿਚੋਂ ਮੱਝਾਂ ਕਢੀਆਂ ਤੇ ਧਰਮਸਾਲਾ ਦੇ ਸਿੱਖ ਸੰਤਾਂ ਨੂੰ ਸਾਰੀਆਂ ਦੇ ਦਿੱਤੀਆਂ। ਮੈਂ ਦੀਨ ਹੋ ਕੇ ਬੇਨਤੀ ਕੀਤੀ ਤੇ ਅਦਲੀ ਨੂੰ ਨਾਲ ਲੈ ਕੇ ਅੰਮ੍ਰਿਤਸਰ ਵਾਲੇ ਪਾਸੇ ਚਲ ਪਿਆ'॥੩੬॥

*ਅੱਠਵੀਂ ਰਾਸ ਦਾ ਪਹਿਲਾ ਅਧਿਆਇ ਸਮਾਪਤ ਹੋਇਆ॥ ੧॥*

☆☆☆

# ਅਧਿਆਇ ਦੂਸਰਾ

### *ਬਿਧੀ ਚੰਦ ਦੀ ਕਥਾ ਉਸਦੇ ਆਪਣੀ ਜ਼ੁਬਾਨੀ*

*ਦੋਹਰਾ-* 'ਲੇ ਕਰਿ ਅਦਲੀ ਸੰਗ ਮੈਂ ਗੁਰ ਮਹਿਮਾ ਉਰ ਧਾਰਿ।
ਅਮੀਤਾਲ ਪਹੁਚਤਿ ਭਏ ਜਾਗੇ ਭਾਗ ਉਦਾਰ॥ ੧ ॥

"ਮੈਂ ਅਦਲੀ ਨੂੰ ਨਾਲ ਲੈ ਕੇ ਤੇ ਹਿਰਦੇ ਵਿਚ ਗੁਰੂ ਜੀ ਦੀ ਮਹਿਮਾ ਧਾਰ ਕੇ ਅੰਮ੍ਰਿਤਸਰ ਪਹੁੰਚ ਗਿਆ, ਮੇਰੇ ਵੱਡੇ ਭਾਗ ਜਾਗ ਪਏ॥੧॥

*ਨਿਸ਼ਾਨੀ ਛੰਦ-* ਆਗੇ ਸ੍ਰੀ ਅਰਜਨ ਗੁਰੂ ਬਿਚ ਸਭਾ ਸੁਹਾਏ।
ਜਨੁ ਬ੍ਰਹਮਾ ਸੁਰ ਬ੍ਰਿੰਦ ਮਹਿਂ ਉਪਦੇਸ਼ ਅਲਾਏ।
ਧਰੀ ਉਪਾਇਨਿ ਅੱਗ੍ਰ ਕੁਛ ਗਹਿ ਪਦ ਅਰਬਿੰਦਾ।
ਢਿਗ ਬੈਠਜੋ ਕਰ ਜੋਰਿਕੈ ਪਿਖਿ ਦਰਸ ਬਿਲੰਦਾ॥ ੨ ॥

ਅੱਗੇ ਗੁਰੂ ਅਰਜਨ ਦੇਵ ਜੀ ਸਭਾ ਵਿਚ ਸੋਭ ਰਹੇ ਸਨ, ਜਿਵੇਂ ਬ੍ਰਹਮਾ ਦੇਵਤਿਆਂ ਵਿਚ ਬੈਠਾ ਉਪਦੇਸ਼ ਕਹਿ ਰਿਹਾ ਹੋਵੇ। ਅੱਗੇ ਕੁਝ ਉਪਹਾਰ ਧਰ ਕੇ ਮੈਂ ਚਰਨ ਕੰਵਲਾਂ ਤੇ ਬੰਦਨਾ ਕੀਤੀ। ਮਹਾਨ ਦਰਸ਼ਨ ਕਰਕੇ ਮੈਂ ਹੱਥ ਜੋੜ ਕੇ ਪਾਸ ਬੈਠ ਗਿਆ॥੨॥

ਅਦਲੀ ਨੇ ਸਭਿ ਬਾਰਤਾ ਗੁਰ ਨਿਕਟਿ ਸੁਨਾਈ।
'ਆਯੋ ਅਬਿ ਸਿਖ ਹੋਨ ਕੋ ਰਾਵਰਿ ਸ਼ਰਨਾਈ।
ਰੱਖਜਕ ਦੀਰਘ ਜਾਨਿ ਕਰਿ ਜੁਗ ਲੋਕ ਮਝਾਰਾ।
ਰਹਯੋ ਚਹੈ ਢਿਗ ਆਪ ਕੇ, ਲਖਿ ਮੋਖ ਉਦਾਰਾ॥ ੩ ॥

ਭਾਈ ਅਦਲੀ ਨੇ ਸਾਰੀ ਵਾਰਤਾ ਗੁਰੂ ਜੀ ਪਾਸ ਸੁਣਾਈ, "ਹੁਣ ਆਪ ਜੀ ਦੀ ਸ਼ਰਨ ਵਿਚ ਆ ਕੇ ਸਿੱਖ ਹੋਣ ਆਇਆ ਹੈ। ਲੋਕ ਪਰਲੋਕ ਵਿਚ ਵੱਡੇ ਰਖਵਾਲੇ ਜਾਣ ਕੇ, ਭਲੀ ਮੁਕਤੀ ਨੂੰ ਸਮਝ ਕੇ ਆਪ ਜੀ ਦੇ ਪਾਸ ਰਹਿਣਾ ਚਾਹੁੰਦਾ ਹੈ"॥੩॥

ਸੁਨਿ ਬਿਨਤੀ ਗੁਰ ਦਯਾਨਿਧਿ ਬਹੁ ਭਏ ਪ੍ਰਸੰਨੰ।
ਚਰਨਾਂਮ੍ਰਿਤ ਮੋਕਹੁ ਦਿਯੋ ਕਰਿ ਸਿੱਖ ਅਨੰਨੰ।
ਉਪਦੇਸ਼ਯੋ ਸਤਿਨਾਮ ਕੋ ਸਿਮਰਨ ਦਿਨ ਰੈਨਾ।
ਕਰਿ ਲੀਨੋ ਮੁਝ ਆਪਨੋ, ਕਰੁਨਾ ਰਸ ਨੈਨਾ॥ ੪ ॥

ਇਹ ਸੁਣ ਕੇ ਦਇਆ ਦੇ ਭੰਡਾਰ ਭਾਵ ਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਮੈਨੂੰ ਚਰਨਾਮ੍ਰਿਤ ਦੇ ਕੇ ਅਨੰਨ ਸਿੱਖ ਬਣਾ ਲਿਆ ਤੇ ਸਤਿਨਾਮ ਨੂੰ ਰਾਤ ਦਿਨ ਸਿਮਰਨ ਦਾ ਉਪਦੇਸ਼ ਦਿੱਤਾ ਤੇ ਕਿਰਪਾ ਰਸ ਦੇ ਭਰੇ ਨੈਣਾਂ ਨਾਲ ਵੇਖ ਕੇ ਮੈਨੂੰ ਆਪਣਾ ਕਰ ਲਿਆ॥੪॥

'ਚੋਰੀ ਤਜਾਗਹੁ ਅਬਹਿ ਤੇ ਆਛੇ ਮਗ ਚਾਲੋ।
ਗੁਰੂ ਗਿਰਾ ਪਠੀਐ ਸੁਨਹੁ, ਪ੍ਰਭੁ ਰਿਦੇ ਸਮਾਲੋ'।
ਸੁਨਿ ਗੁਰ ਤੇ ਮੈਂ ਤਬਿ ਕਹਜੋ 'ਮੁਹਿ ਪਰਜੋ ਸੁਭਾਉ।
ਛੁਟਹਿ ਨ ਚੋਰੀ ਚਹਤਿ ਚਿਤ, ਇਹ ਸਾਚ ਅਲਾਊਂ'॥ ੫॥

ਗੁਰੂ ਜੀ ਕਿਹਾ, ''ਹੁਣ ਤੋਂ ਚੋਰੀ ਛੱਡ ਦੇਵੋ ਤੇ ਚੰਗੇ ਮਾਰਗ ਤੇ ਚਲੋ ਤੇ ਗੁਰਬਾਣੀ ਨੂੰ ਪੜ੍ਹੋ-ਸੁਣੋ ਤੇ ਪ੍ਰਭੂ ਨੂੰ ਹਿਰਦੇ ਵਿਚ ਸੰਭਾਲੋ।'' ਗੁਰੂ ਜੀ ਪਾਸੋਂ ਇਸ ਤਰ੍ਹਾਂ ਸੁਣ ਕੇ ਮੈਂ ਕਿਹਾ, ''ਮੈਨੂੰ ਇਹ ਆਦਤ ਪੈ ਗਈ ਹੈ ਚਿੱਤ ਵਿਚ ਚਾਹੁਣ ਨਾਲ ਵੀ ਚੋਰੀ ਦੀ ਆਦਤ ਨਹੀਂ ਜਾਵੇਗੀ, ਇਹ ਮੈਂ ਸੱਚ ਕਹਿੰਦਾ ਹਾਂ'' ॥੫॥

ਸੁਨਿ ਪ੍ਰਸੰਨ ਬਿਕਸੇ ਬਦਨ ਪੁਨ ਬਾਕ ਬਖਾਨਾ।
'ਜੇ ਚੋਰੀ ਤੇ ਹਟਤਿ ਨਹਿਂ ਇਮ ਕਰਹੁ ਸੁਜਾਨਾ।
ਰੰਕ ਹੋਇ ਦੁਖ ਅਸਨ ਜਿਹ ਕੁਛ ਹਾਥ ਨ ਆਵੈ।
ਤਿਸ ਹਿਤ ਕਰਿ ਉਪਕਾਰ ਕੋ, ਅਚਿ ਕਰਿ ਤ੍ਰਿਪਤਾਵੈ॥ ੬॥

ਇਹ ਸੁਣ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਮੁਖ ਤੋਂ ਮੁਸਕਰਾ ਕੇ ਬੋਲੇ, ''ਜੇ ਚੋਰੀ ਤੋਂ ਹਟ ਨਹੀਂ ਸਕਦਾ ਹੈਂ, ਤਾਂ ਇਸ ਤਰ੍ਹਾਂ ਕਰੋ। ਜੇ ਕੋਈ ਬਹੁਤ ਗਰੀਬ ਹੋਵੇ ਤੇ ਭੋਜਨ ਤੋਂ ਵੀ ਦੁਖੀ ਹੋਵੇ ਤੇ ਉਸ ਦੇ ਕੁਝ ਵੀ ਹੱਥ ਨਾ ਲੱਗਦਾ ਹੋਵੇ, ਉਸ ਵਾਸਤੇ ਉਪਕਾਰ ਕਰੋ ਤਾਂਕਿ ਉਹ ਭੋਜਨ ਛੱਕ ਕੇ ਤ੍ਰਿਪਤ ਹੋਵੇ॥੬॥

ਅਧਿਕ ਧਨੀ ਕੋ ਤਨਕ ਧਨ ਲੇ ਆਵਹੁ ਦੀਜੈ।
ਜੇ ਤਜਾਗੀ ਨਹਿਂ ਜਾਇ ਕਬਿ, ਤੌ ਇਸ ਬਿਧਿ ਕੀਜੈ'।
ਸੁਨਿ ਸਤਿਗੁਰ ਉਪਦੇਸ਼ ਕੋ ਮੈਂ ਧਾਰਨ ਕੀਨਾ।
ਕੇਤਿਕ ਦਿਨ ਨਿਕਟੀ ਰਹਜੋ ਸੇਵਾ ਚਿਤ ਦੀਨਾ॥ ੭॥

ਵੱਡੇ ਧਨੀ ਪਾਸੋਂ ਥੋੜਾ ਧਨ ਲਿਆ ਕੇ ਦੇਵੋ, ਜੇ ਕਦੀ ਵੀ ਇਹ ਆਦਤ ਤਿਆਗੀ ਨਾ ਜਾਵੇ ਤਾਂ ਇਸ ਤਰ੍ਹਾਂ ਕਰੋ।'' ਸਤਿਗੁਰੂ ਜੀ ਦੇ ਉਪਦੇਸ਼ ਨੂੰ ਸੁਣ ਕੇ ਮੈਂ ਧਾਰਨ ਕੀਤਾ, ਕੁਝ ਦਿਨ ਮੈਂ ਉਨ੍ਹਾਂ ਦੇ ਪਾਸ ਰਿਹਾ ਤੇ ਸੇਵਾ ਵਿਚ ਚਿੱਤ ਲਾਇਆ॥੭॥

*ਨੋਟ : ਅਜਿਹਾ ਉਪਦੇਸ਼, ਸਤਿਗੁਰੂ ਜੀ ਨਹੀਂ ਦੇ ਸਕਦੇ, ਜਿਨ੍ਹਾਂ ਦੀ ਗੁਰਬਾਣੀ ਇਹ ਸਪੱਸ਼ਟ ਕਰ ਰਹੀ ਹੈ:*

*ਚੋਰ ਕੀ ਹਾਮਾ ਭਰੇ ਨ ਕੋਇ॥ ਚੋਰੁ ਕੀਆ ਚੰਗਾ ਕਿਉ ਹੋਇ॥੧॥ (ਪੰਨਾ ੬੬੨)*

ਪੁਨ ਅਦਲੀ ਕੇ ਸੰਗ ਮੈਂ ਕਰਿ ਚੋਪ ਬਿਸਾਲੀ।
ਗਮਨਜੋ ਅਪਨੇ ਨਾਨਕੇ ਗ੍ਰਾਮ ਜੁ ਸਿਰਹਾਲੀ।
ਜਬਿ ਕਬਿ ਰੁਚਿ ਉਪਜੈ ਰਿਦੈ ਗਮਨੌਂ ਹਿਤ ਚੋਰੀ।
ਰੰਕਨਿ ਕੋ ਪਿਖਿ ਦੇਤਿ ਭਾ, ਉਰ ਗੁਰ ਪਗ ਡੋਰੀ॥ ੮॥

ਫਿਰ ਮੈਂ ਅਦਲੀ ਨਾਲ ਬਹੁਤ ਹੁਲਾਸ ਵਿਲਾਸ ਕਰਕੇ ਆਪਣੇ ਨਾਨਕੇ ਪਿੰਡ ਸਿਰਹਾਲੀ ਚਲਾ ਗਿਆ। ਜਦ ਕਦੀ ਹਿਰਦੇ ਵਿਚ ਰੁਚੀ ਉਪਜਦੀ ਸੀ ਤਾਂ ਚੋਰੀ ਕਰਨ ਵਾਸਤੇ ਜਾਂਦਾ ਸੀ ਗਰੀਬ ਵੇਖ ਕੇ ਉਹ ਧਨ ਦੇ ਦਿੰਦਾ ਸੀ ਤੇ ਹਿਰਦੇ ਦੀ ਡੋਰ ਗੁਰੂ ਜੀ ਦੇ ਚਰਨ ਕੰਵਲਾਂ ਵਿਚ ਲੱਗੀ ਰਹਿੰਦੀ ਸੀ॥੮॥

ਇਕ ਦਿਨ ਮੈਂ ਬੈਠਜੋ ਹੁਤੇ ਆਈ ਦਿਜ ਨਾਰੀ।
ਕਹਤਿ ਭਈ ਨਿਜ ਬਾਰਤਾ ਚਿਤ ਅਧਿਕ ਦੁਖਾਰੀ।
'ਸੁਨਹੁ ਗੁਰੂ ਸਿਖ! ਮੈਂ ਸੁਨਜੋ ਤੁਮਰੋ ਜਸੁ ਆਛੋ।
ਦੀਨਨਿ ਪਰ ਉਪਕਾਰ ਕੋ ਕਰਿਬੇ ਨਿਤ ਬਾਂਛੋ॥ ੯॥

ਇਕ ਦਿਨ ਮੈਂ ਬੈਠਾ ਸੀ ਤਾਂ ਇਕ ਬ੍ਰਾਹਮਣ ਇਸਤਰੀ ਆਈ, ਉਸ ਨੇ ਮੈਨੂੰ ਆਪਣੇ ਚਿੱਤ ਦੀ ਵਾਰਤਾ ਸੁਣਾਈ, ਜਿਹੜੀ ਕਿ ਬਹੁਤ ਦੁੱਖੀ ਸੀ। ਕਹਿਣ ਲੱਗੀ, "ਹੇ ਗੁਰੂ ਸਿੱਖ! ਸੁਣੋ, ਮੈਂ ਤੁਹਾਡਾ ਚੰਗਾ ਜੱਸ ਸੁਣਿਆ ਹੈ, ਤੁਸੀਂ ਸਦਾ ਗਰੀਬਾਂ ਉਤੇ ਉਪਕਾਰ ਕਰਨਾ ਚਾਹੁੰਦੇ ਹੋ॥੯॥

ਦਾਰਿਦ ਹਮਰੇ ਬਦਨ ਬਹੁ ਨਹਿਂ ਪਾਇਂ ਅਹਾਰਾ।
ਬਸਨ ਆਦਿ ਤੇ ਥੁਰ ਗਏ ਅਤਿ ਮੰਦ ਗੁਜ਼ਾਰਾ।
ਸੁਤਾ ਕੁਮਾਰੀ ਉਚਿਤ ਬਰੁ ਦੇਖੇ ਦੁਖ ਪਾਵੈਂ।
ਹੋਤਿ ਅਹਾਰ ਨ ਪ੍ਰਾਪਤੀ ਦੂਸਰ ਦਿਨ ਖਾਵੈਂ॥ ੧੦॥

ਸਾਡੇ ਘਰ ਬਹੁਤ ਗਰੀਬੀ ਹੈ, ਮੁਖ ਵਿਚ ਭੋਜਨ ਨਹੀਂ ਪਾਇਆ ਹੈ, ਵਸਤਰ ਆਦਿ ਵੀ ਘੱਟ ਗਏ ਹਨ ਤੇ ਬੜਾ ਮੁਸ਼ਕਲ ਗੁਜ਼ਾਰਾ ਹੁੰਦਾ ਹੈ। ਕੰਵਾਰੀ ਲੜਕੀ ਜਿਹੜੀ ਵਰ ਦੇ ਉਚਿਤ ਹੈ ਨੂੰ ਵੇਖ ਕੇ ਬਹੁਤ ਦੁੱਖੀ ਹੁੰਦੀ ਹਾਂ, ਰੋਜ਼ ਭੋਜਨ ਵੀ ਪ੍ਰਾਪਤ ਨਹੀਂ ਹੁੰਦਾ ਹੈ, ਦੂਸਰੇ ਦਿਨ ਖਾਂਦੇ ਹਾਂ॥੧੦॥

ਨਿਸ ਦਿਨ ਚਿੰਤਾ ਮਹਿਂ ਬਿਤਹਿ ਹੋਤਿ ਨ ਉਪਚਾਰਾ।
ਜਿਸ ਤੇ ਬਜਾਹੋਂ ਸੁਤਾ ਨਿਜ, ਦੇ ਤਿਨਹਿ ਅਹਾਰਾ।
ਸੁਨਿ ਬੂਝੀ-ਕਹੁ ਸਾਚ ਅਬਿ, ਕੇਤਿਕ ਧਨ ਲੇ ਕੈ।
ਕਾਰਜ ਕੋ ਪੂਰਾ ਕਰਹਿਂ ਸਭਿ ਕੋ ਹਰਖੈ ਕੈ? ॥ ੧੧॥

ਰਾਤ ਦਿਨ ਚਿੰਤਾ ਵਿਚ ਬਤੀਤ ਹੁੰਦੇ ਹਨ, ਕੋਈ ਯਤਨ ਨਹੀਂ ਹੋ ਰਿਹਾ ਹੈ ਜਿਸ ਨਾਲ ਆਪਣੀ ਲੜਕੀ ਵਿਆਵਾਂਗੀ, ਉਨ੍ਹਾਂ ਨੂੰ ਵੀ ਭੋਜਨ ਦੇਣਾ ਹੈ।" ਉਸ ਦੀ ਇਹ ਗੱਲ ਸੁਣ ਕੇ ਮੈਂ ਪੁਛਿਆ, "ਹੁਣ ਸਚੋ ਸੱਚ ਕਹੋ ਕਿੰਨਾ ਧਨ ਲੈ ਕੇ, ਸਾਰਿਆਂ ਨੂੰ ਪ੍ਰਸੰਨ ਕਰਕੇ ਕਾਰਜ ਪੂਰਾ ਹੋਵੇਗਾ?॥੧੧॥

ਸਰਬ ਸੁ ਬਜਾਹ ਸਮਾਜ ਕੋ ਕਰਿ ਪੂਰਨ ਆਛੇ।
ਕਿਤਿਕ ਦਰਬ ਤੇ ਹੋਹਿਗੋ? ਕਹੁ ਚਿਤ ਕੀ ਬਾਂਛੇ'।
ਦਿਜ ਬਨਿਤਾ ਬੋਲੀ ਤਬਹਿ 'ਪੰਜ ਸੈ ਧਨ ਪਾਊਂ।
ਮਹਾਂ ਫਰਾਗ਼ਤ ਸਾਥ ਮੈਂ ਨਿਜ ਸੁਤਾ ਉਠਾਊਂ'॥ ੧੨॥

ਜਿਸ ਨਾਲ ਵਿਆਹ ਦਾ ਸਾਰਾ ਕਾਰਜ ਚੰਗੀ ਤਰ੍ਹਾਂ ਸੰਪੂਰਣ ਹੋ ਜਾਵੇ, ਕਿੰਨੇ ਧਨ ਨਾਲ ਇਹ ਕੰਮ ਸਰੇਗਾ? ਆਪਣੇ ਚਿਤ ਦੀ ਇੱਛਾ ਦੱਸੋ।' ਫਿਰ ਬ੍ਰਾਹਮਣ ਦੀ ਇਸਤਰੀ ਬੋਲੀ, "ਪੰਜ ਸੋ ਰੁਪਏ ਪਾਉਣ ਨਾਲ ਮੈਂ ਆਪਣੀ ਧੀ ਨੂੰ ਬੜੀ ਖੁਲ੍ਹ ਨਾਲ ਵਿਦਾ ਕਰਾਂਗੀ'॥੧੨॥

ਸੁਨਿ ਮੈਂ ਤਿਸ ਕੋ ਤਬਿ ਕਹਜੋ 'ਧਨ ਦੇਵੋਂ ਤੋਹੀ।
ਦਿਨ ਪੰਚਕ ਮਹਿਂ ਆਇ ਪੁਨ ਮਿਲੀਅਹਿ ਇਤ ਮੋਹੀ'।

ਹਰਖਤਿ ਅਪਨੇ ਘਰ ਗਈ, ਮੈਂ ਜਤਨ ਬਿਚਾਰਾ।
ਜਹਾਂਗੀਰ ਕੀ ਬੇਗਮਾ ਸੁਨਿ ਪੰਥ ਮਝਾਰਾ॥ ੧੩॥

ਇਹ ਸੁਣ ਕੇ ਮੈਂ ਉਸ ਨੂੰ ਕਿਹਾ, ''ਮੈਂ ਤੈਨੂੰ ਧਨ ਦੇਵਾਂਗਾ, ਪੰਜਾਂ ਦਿਨਾਂ ਬਾਅਦ ਮੈਨੂੰ ਏਥੇ ਆ ਕੇ ਮਿਲ ਪਵੇਂ।'' ਉਹ ਬਹੁਤ ਪ੍ਰਸੰਨ ਹੋ ਕੇ ਆਪਣੇ ਘਰ ਗਈ ਤੇ ਮੈਂ ਆਪਣੇ ਯਤਨ ਉਤੇ ਵਿਚਾਰ ਕੀਤੀ। ਮੈਂ ਸੁਣਿਆ ਸੀ ਜਹਾਂਗੀਰ ਦੀਆਂ ਬੇਗਮਾਂ ਸਫਰ ਕਰ ਰਹੀਆਂ ਸਨ॥੧੩॥

ਪੱਤਣ ਚੰਬੇਦੂਣ ਕੋ ਡੇਰਾ ਤਹਿੰ ਘਾਲਾ।
ਸੁਨਿ ਕਰਿ ਮੈਂ ਨਿਸ਼ਚੇ ਭਲੇ ਤਿਨ ਕੀ ਦਿਸ਼ਿ ਚਾਲਾ।
ਪਹੁੰਚਯੋ ਦੇਖਯੋ ਜਾਇ ਤਬਿ ਸੰਗ ਮਾਨਵ ਜਾਲਾ।
ਲਾਇ ਘਾਤ ਨੀਕੇ ਰਹਯੋ ਨਿਸ ਤਿਮਰ ਬਿਸਾਲਾ॥ ੧੪॥

ਚੰਬੇਦੂਣ ਦੇ ਪੱਤਣ ਤੇ ਉਨ੍ਹਾਂ ਡੇਰਾ ਕੀਤਾ ਸੀ। ਸੁਣ ਕੇ ਮੈਂ ਭਲੀ ਪ੍ਰਕਾਰ ਨਿਸ਼ਚਾ ਕਰਕੇ, ਉਨ੍ਹਾਂ ਵੱਲ ਚਲ ਪਿਆ, ਉਥੇ ਪਹੁੰਚ ਕੇ ਮੈਂ ਵੇਖਿਆ ਕਿ ਉਨ੍ਹਾਂ ਦੇ ਨਾਲ ਬਹੁਤ ਮਨੁੱਖ ਸਨ। ਮੈਂ ਚੰਗੀ ਤਰ੍ਹਾਂ ਦਾਅ ਲਾ ਕੇ ਉਥੇ ਰਿਹਾ, ਰਾਤ ਦਾ ਬਹੁਤ ਹਨੇਰਾ ਸੀ॥੧੪॥

ਅਰਧ ਰਾਤਿ ਤਬਿ ਹੂੰ ਭਈ ਮਿਲਿ ਪਹਿਰੂ ਮਾਂਹੀ।
ਜਹਿੰ ਪ੍ਰਯੰਕ ਬੇਗਮ ਹੁਤੋ ਪਹੁੰਚਯੋ ਤਿਸ ਪਾਹੀ।
ਬਿਚ ਤੰਬੂ ਕੇ ਸੁਪਤ ਸਭਿ ਦਾਸੀ ਗਨ ਜੇਈ।
ਧਨ ਕੇ ਧਰੇ ਸੰਦੂਖ ਗਨ ਦੇਖੇ ਦਿਢ ਤੇਈ॥ ੧੫॥

ਜਦ ਅੱਧੀ ਰਾਤ ਹੋਈ ਤਾਂ ਪਹਿਰੇਦਾਰ ਨਾਲ ਮਿਲ ਕੇ ਉਥੇ ਪਹੁੰਚਿਆ ਜਿਥੇ ਬੇਗਮ ਦਾ ਪਲੰਘ ਸੀ। ਤੰਬੂ ਵਿਚ ਸਭ ਦਾਸੀਆਂ ਸੁੱਤੀਆਂ ਪਈਆਂ ਸਨ ਤੇ ਉਥੇ ਮਾਇਆ ਦੇ ਭਰੇ ਬਹੁਤ ਸੰਦੂਕ ਪਏ ਵੇਖੇ॥੧੫॥

ਬੈਠਯੋ ਤਿਨ ਕੇ ਬੀਚ ਮੈਂ ਕਰਿ ਕੈ ਬਲ ਹਾਥਾ।
ਤੋਰਯੋ ਤਾਰੋ ਏਕ ਕੋ ਪੁਰ ਜੋ ਧਨ ਸਾਥਾ।
ਥਾਤੀ ਜਿਸ ਮਹਿ ਬਹੁਤ ਹੈਂ ਇਕ ਤਬਹਿ ਨਿਕਾਸੀ।
ਹੁਤੋ ਪੰਚ ਸੈ ਜਿਸ ਬਿਖੈ ਸੋ ਲੇਕਰਿ ਪਾਸੀ॥ ੧੬॥

ਮੈਂ ਉਨ੍ਹਾਂ ਸੰਦੂਕਾਂ ਦੇ ਵਿਚ ਬਹਿ ਗਿਆ ਤੇ ਆਪਣੀ ਸ਼ਕਤੀ ਲਾ ਕੇ ਇਕ ਸੰਦੂਕ ਦਾ ਤਾਲਾ ਤੋੜਿਆ ਜਿਹੜਾ ਧਨ ਨਾਲ ਭਰਿਆ ਪਿਆ ਸੀ। ਜਿਸ ਵਿਚ ਧਨ ਦੀਆਂ ਬਹੁਤ ਥੈਲੀਆਂ ਪਈਆਂ ਸਨ। ਉਨ੍ਹਾਂ ਵਿਚੋਂ ਇਕ ਥੈਲੀ ਮੈਂ ਕੱਢ ਲਈ। ਜਿਸ ਥੈਲੀ ਵਿਚ ਪੰਜ ਸੌ ਰੁਪਈਆ ਸੀ, ਉਹ ਮੈਂ ਕੱਢ ਕੇ ਪਾਸ ਰੱਖ ਲਈ॥੧੬॥

ਸੰਪਟ ਜ਼ੇਵਰ ਕੇ ਭਰੇ ਸਭਿ ਤਜਾਗਨਿ ਕੀਨੇ।
ਖੋਲ੍ਹਿ ਖੋਲ੍ਹਿ ਧਰਿ ਕੈ ਤਹਾਂ ਨਹਿਂ ਕਰ ਮੈਂ ਲੀਨੇ।
ਇਕ ਥਾਤੀ ਲੇ ਨਿਕਸਿਓ, ਸਤਿਗੁਰ ਸਿਮਰੰਤਾ।
ਸਭਿ ਕੀ ਦ੍ਰਿਸ਼ਟਿ ਬਚਾਇ ਕੈ ਆਯੋ ਉਤਲੰਤਾ॥ ੧੭॥

ਬਹੁਤ ਡੱਬੇ ਗਹਿਣਿਆਂ ਨਾਲ ਭਰੇ ਪਏ ਸਨ, ਉਹ ਮੈਂ ਸਾਰੇ ਛੱਡ ਦਿੱਤੇ ਉਹ ਸਾਰੇ ਖੋਲ੍ਹ-ਖੋਲ੍ਹ ਕੇ ਉਥੇ ਧਰ ਦਿੱਤੇ, ਪਰ

ਹੱਥ ਵਿਚ ਨਾ ਲਏ ਤੇ ਸਤਿਗੁਰੂ ਜੀ ਦਾ ਸਿਮਰਨ ਕਰਦਾ ਹੋਇਆ, ਇਕ ਥੈਲੀ ਲੈ ਕੇ ਨਿਕਲ ਪਿਆ, ਸਾਰਿਆਂ ਦੀ ਨਜ਼ਰ ਬਚਾ ਕੇ ਮੈਂ ਛੇਤੀ ਨਾਲ ਨਿਕਲ ਪਿਆ ॥੧੭॥

ਦਿਜ ਨਾਰੀ ਕੋ ਦੀਨਿ ਤਬਿ, ਤਨੁਜਾ ਨਿਜ ਬਜਾਹੀ।
ਇਮ ਕੀਨਸਿ ਉਪਕਾਰ ਕੋ, ਮੈਂ ਲੀਨਸਿ ਨਾਂਹੀਂ।
ਬਹੁਰ ਸੁਨਹੁ ਜਬਿ ਪ੍ਰਾਤ ਭੀ ਬੇਗਮ ਤਬਿ ਜਾਗੀ।
ਸੰਪੁਟ ਜ਼ੇਵਰ ਖੁਲ੍ਹੇ ਗਨ ਤਿਨ ਹੇਰਨਿ ਲਾਗੀ॥ ੧੮॥

ਉਹ ਧਨ ਮੈਂ ਬ੍ਰਾਹਮਣ ਇਸਤਰੀ ਨੂੰ ਦੇ ਦਿੱਤਾ, ਜਿਸ ਨੇ ਆਪਣੀ ਪੁੱਤਰੀ ਦਾ ਵਿਆਹ ਕਰ ਦਿੱਤਾ, ਇੰਝ ਮੈਂ ਉਪਕਾਰ ਕੀਤਾ, ਆਪ ਕੁਝ ਵੀ ਨਾ ਲਿਆ। ਫਿਰ ਸੁਣੋ ਜਦ ਸਵੇਰ ਹੋਈ ਤਾਂ ਬੇਗਮ ਜਾਗ ਪਈ, ਗਹਿਣਿਆਂ ਦੇ ਬਹੁਤ ਡੱਬੇ ਖੁਲ੍ਹੇ ਪਏ ਸਨ, ਉਨ੍ਹਾਂ ਨੂੰ ਵੇਖਣ ਲੱਗੀ॥੧੮॥

ਦਾਸੀ ਬ੍ਰਿੰਦ ਜਗਾਇ ਕਰਿ ਪਾਜਹੁ ਬਡ ਰੋਰਾ।
ਸਰਬ ਸੰਭਾਰਨ ਕਰਤਿ ਭੀ ਇਤ ਉਤ ਧਨ ਟੋਰਾ।
'ਤਸਕਰ ਇਕ ਥਾਤੀ ਲਈ ਔਰੈ ਸਭਿ ਛੋਰਾ।
ਇਹ ਕੈਸੇ ਕਾਰਨ ਭਯੋ ਬਹੁ ਤਜਿ ਲੇ ਥੋਰਾ'॥ ੧੯॥

ਬਹੁਤ ਦਾਸੀਆਂ ਨੂੰ ਜਗਾ ਕੇ ਉਸ ਬਹੁਤ ਰੌਲਾ ਪਾਇਆ, ਸਾਰਾ ਧਨ ਸੰਭਾਲਣ ਲੱਗੀ ਤੇ ਏਧਰੋਂ ਓਧਰੋਂ ਧਨ ਲਭਿਆ। ਸੋਚਣ ਲੱਗੀ, 'ਚੋਰ ਨੇ ਇਕ ਥੈਲੀ ਲਈ ਹੈ ਬਾਕੀ ਸਭ ਛੱਡ ਦਿੱਤਾ ਹੈ, ਇਹ ਕੀ ਕਾਰਨ ਹੋਇਆ ਹੈ ਕਿ ਬਹੁਤਾ ਧਨ ਛੱਡ ਕੇ ਥੋੜ੍ਹਾ ਲੈ ਗਿਆ ਹੈ' ॥੧੯॥

ਜਹਾਂਗੀਰ ਢਿਗ ਜਾਇ ਕਰਿ ਕਹਿ ਗਾਥ ਸੁਨਾਈ।
'ਜੇਵਰ ਲਾਖਹੁਂ ਕੇ ਤਜੇ ਤਸਕਰ ਇਕ ਆਈ।
ਦਰਬ ਪੰਚ ਸੈ ਲੈ ਗਯੋ ਕੁਛ ਜਾਇ ਨ ਜਾਨਾ।
ਬਿਸਮਤ ਮਤਿ ਸਗਰੇ ਭਏ' ਰਿਸ ਸ਼ਾਹੁ ਮਹਾਨਾ॥ ੨੦॥

ਜਹਾਂਗਿਰ ਦੇ ਪਾਸ ਜਾ ਕੇ ਉਸ ਸਾਰੀ ਵਾਰਤਾ ਸੁਣਾਈ, ਇਕ ਚੋਰ ਆਇਆ ਹੈ, ਉਹ ਲੱਖਾਂ ਰੁਪਏ ਦੇ ਗਹਿਣੇ ਛੱਡ ਗਿਆ ਹੈ, ਸਿਰਫ ਪੰਜ ਸੌ ਰੁਪਏ ਲੈ ਗਿਆ ਹੈ, ਕੁਝ ਜਾਣਿਆ ਨਹੀਂ ਜਾਂਦਾ ਹੈ, ਸਾਰੇ ਮਨ ਵਿਚ ਬਹੁਤ ਹੈਰਾਨ ਹੋਏ, ਬਾਦਸ਼ਾਹ ਬਹੁਤ ਗੁੱਸੇ ਵਿਚ ਆਇਆ॥੨੦॥

ਨਿਕਟਿ ਨਿਕਟਿ ਕੇ ਗ੍ਰਾਮ ਜੇ ਸਭਿ ਪਕਰਿ ਮੰਗਾਏ।
ਦਈ ਸਜਾਇ ਅਨੇਕ ਬਿਧਿ ਦਿਹੁ ਚੋਰ ਦਿਖਾਏ।
ਨਾਂਹਿ ਤ ਫਾਂਸੀ ਡਾਰਿ ਕੈ ਸਭਿ ਕਰੌਂ ਬਿਨਾਸ਼ਾ।
ਸਕਲ ਗ੍ਰਾਮ ਕੋ ਖੋਜਿ ਕਰਿ ਆਨਹੁ ਤਿਹ ਪਾਸਾ॥ ੨੧॥

ਨੇੜੇ-ਨੇੜੇ ਦੇ ਸਾਰੇ ਪਿੰਡ ਫੜ ਕੇ ਮੰਗਵਾ ਲਏ, ਉਨ੍ਹਾਂ ਨੂੰ ਬਹੁਤ ਸਜ਼ਾਵਾਂ ਦਿੱਤੀਆਂ ਕਿ ਚੋਰ ਵਿਖਾ ਦੇਵੋ ਨਹੀਂ ਤਾਂ ਸਾਰਿਆਂ ਨੂੰ ਫਾਂਸੀ ਲਾ ਕੇ ਮਾਰ ਦੇਵਾਂਗਾ, ਸਾਰੇ ਪਿੰਡਾਂ ਵਿਚੋਂ ਲੱਭ ਕੇ ਉਸ ਨੂੰ ਮੇਰੇ ਪਾਸ ਲਿਆਵੋ' ॥੨੧॥

ਗ੍ਰਾਮ ਸ੍ਰਿਹਾਲੀ ਕੇ ਗਏ ਤਿਨ ਬਾਕ ਬਖਾਨਾ।
'ਬਿਧੀਆ ਹਮਰੋ ਦੋਹਿਤਾ ਅਤਿਸ਼ੈ ਬੁਧਿਵਾਨਾ।

ਉਪਕਾਰੀ ਸੋ ਕਰੈ ਗੋ ਤੁਮਰੋ ਦੁਖ ਹਾਨਾ।
ਗਮਨਹੁ ਬੂਝਹਿ ਤਾਹਿਕੋ' ਕਹਿ ਕੀਨ ਪਯਾਨਾ॥ ੨੨॥

ਸਰਹਾਲੀ ਪਿੰਡ ਦੇ ਵੀ ਲੋਕ ਗਏ ਤਾਂ ਉਨ੍ਹਾਂ ਨੇ ਕਿਹਾ ਕਿ ਬਿਧੀ ਚੰਦ ਸਾਡਾ ਦੋਹਿਤਾ ਹੈ ਜਿਹੜਾ ਬੜਾ ਬੁਧੀਮਾਨ ਹੈ, ਉਹ ਉਪਕਾਰੀ ਹੀ ਤੁਹਾਡੇ ਦੁਖ ਦੂਰ ਕਰੇਗਾ, ਜਾ ਕੇ ਉਸ ਨੂੰ ਪੁਛੋ। ਇਹ ਸੁਣ ਕੇ ਉਹ ਲੋਕ ਚਲ ਪਏ॥੨੨॥

ਕਹਜੋ, ਜੋਰ ਕਰ ਜਬਿ ਮਿਲਜੋ 'ਇਹੁ ਕਰਿ ਉਪਕਾਰਾ।
ਬੰਧਨ ਮਹਿਂ ਨਰ ਕੈਦ ਹੈਂ ਮਾਰੇਂ ਬਹੁ ਬਾਰਾ'।
ਬਹੁਤਨਿ ਕੀ ਸੁਨਿ ਦੀਨਤਾ ਮੈਂ ਰਿਦੈ ਬਿਚਾਰੇ।
'ਇਕ ਮੇਰੇ ਉਪਚਾਰ ਤੇ ਹੋਵਤਿ ਸੁਖ ਸਾਰੇ'॥ ੨੩॥

ਉਹ ਜਦ ਮੈਨੂੰ ਆ ਕੇ ਮਿਲੇ ਤੇ ਹੱਥ ਜੋੜ ਕੇ ਬੋਲੇ, "ਸਾਡੇ ਤੇ ਇਹ ਉਪਕਾਰ ਕਰੋ, ਬਹੁਤ ਲੋਕ ਕੈਦ ਵਿਚ ਪਏ ਹਨ, ਤੇ ਉਨ੍ਹਾਂ ਨੂੰ ਬਹੁਤ ਮਾਰ ਪੈ ਰਹੀ ਹੈ।" ਬਹੁਤ ਮਨੁੱਖਾਂ ਦੀ ਦੀਨਤਾ ਸੁਣ ਕੇ ਮੈਂ ਹਿਰਦੇ ਵਿਚ ਵਿਚਾਰ ਕੀਤੀ, "ਇਕ ਮੇਰੇ ਯਤਨ ਨਾਲ ਇਹ ਸਾਰੇ ਸੁਖੀ ਹੋ ਜਾਣਗੇ"॥੨੩॥

ਗਯੋ ਸੰਗ ਤਿਨ ਕੇ ਤਬੈ ਨਹਿਂ ਭੈ ਉਰ ਧਾਰਾ॥
ਗੁਰੂ ਭਰੋਸਾ ਮੋਹਿ ਕੋ ਹ੍ਵੈ ਬਾਂਕ ਨ ਬਾਰਾ।
ਜਹਾਂਗੀਰ ਜਹਿਂ ਥਿਰ ਹੁਤੇ ਤਹਿਂ ਲੇ ਪਹੁੰਚਾਯੋ।
ਮੇਰੀ ਦਿਸ਼ਾ ਬਿਲੋਕਿ ਕੈ ਇਮ ਸ਼ਾਹੁ ਅਲਾਯੋ॥ ੨੪॥

ਮੈਂ ਫਿਰ ਉਨ੍ਹਾ ਦੇ ਨਾਲ ਗਿਆ ਤੇ ਮਨ ਵਿਚ ਕੋਈ ਭੈ ਧਾਰਨ ਨਾ ਕੀਤਾ, ਮੈਨੂੰ ਗੁਰੂ ਜੀ ਦਾ ਭਰੋਸਾ ਸੀ ਕਿ ਮੇਰਾ ਵਾਲ ਵੀ ਵਿੰਗਾ ਨਹੀਂ ਸੀ ਹੋ ਸਕਦਾ। ਜਿਥੇ ਜਹਾਂਗੀਰ ਬੈਠਾ ਸੀ, ਉਥੇ ਪਹੁੰਚਾ ਦਿੱਤਾ। ਮੇਰੇ ਵਲ ਵੇਖ ਕੇ ਬਾਦਸ਼ਾਹ ਨੇ ਕਿਹਾ॥੨੪॥

'ਤੂੰ ਤਸਕਰ ਹੈਂ ਦਰਬ ਕੋ' ਮੈਂ ਸੁਨਤਿ ਬਖਾਨਾ।
'ਕਹਜੋ ਆਪ ਕੋ ਸਾਚ ਹੈ, ਹੋਹੀ ਹਰਿਆਨਾ'।
ਸ਼ਾਹੁ ਭਨਤਿ 'ਕਿਸ ਹੇਤੁ ਤੇ ਧਨ ਲੀਨਸਿ ਥੋਰਾ।
ਹੀਰੇ ਮੁਕਤਾ ਦਿਪਤਿ ਗਨ ਕੰਚਨ ਮਹਿਂ ਬੋਰਾ॥ ੨੫॥

"ਧਨ ਦੀ ਤੂੰ ਚੋਰੀ ਕੀਤੀ ਹੈ" ਮੈਂ ਸੁਣ ਕੇ ਕਿਹਾ, "ਆਪ ਦਾ ਕਿਹਾ ਸੱਚ ਹੈ, ਤੁਸੀਂ ਹੈਰਾਨ ਹੋਵੋਗੇ।" ਬਾਦਸ਼ਾਹ ਨੇ ਕਿਹਾ, "ਕਿਸ ਵਾਸਤੇ ਤੂੰ ਥੋੜ੍ਹਾ ਧਨ ਲਿਆ ਹੈ, ਅਨੇਕ ਹੀਰੇ ਮੋਤੀ ਚਮਕ ਰਹੇ ਸਨ ਤੇ ਸੰਦੂਕ ਸੋਨੇ ਨਾਲ ਭਰਿਆ ਪਿਆ ਸੀ॥੨੫॥

ਸੋ ਤਜਾਗੇ ਤਹਿਂ ਹੀ ਪਰੇ ਸਭਿ ਖੋਲ੍ਹਿ ਨਿਹਾਰੇ।
ਕਹਹੁ ਸਾਚ ਇਸ ਬਾਤ ਕੋ ਨਤੁ ਦੈ ਹੈਂ ਮਾਰੇ'।
ਬਿਨਾ ਤ੍ਰਾਸ ਤਬਿ ਮੈਂ ਕਹੀ 'ਸ੍ਰੀ ਅਜਰਨ ਨਾਥਾ।
ਸੋ ਮੇਰੇ ਸਤਿਗੁਰ ਅਹੈਂ ਮਾਥੇ ਪਰ ਹਾਥਾ॥ ੨੬॥

ਉਹ ਸਾਰੇ ਛੱਡ ਦਿੱਤੇ ਹਨ ਤੇ ਸਾਰਿਆਂ ਨੂੰ ਖੋਲ੍ਹ ਕੇ ਵੇਖਿਆ ਹੈ, ਇਹ ਗੱਲ ਸੱਚੋ ਸੱਚ ਦੱਸ ਦੇਵੋ ਨਹੀਂ ਤਾਂ ਮਾਰ

ਦੇਵਾਂਗੇ।'' ਮੈਂ ਫਿਰ ਕਿਸੇ ਪ੍ਰਕਾਰ ਦੇ ਡਰ ਤੋਂ ਬਗੈਰ ਕਿਹਾ, ''ਸ੍ਰੀ ਗੁਰੂ ਅਰਜਨ ਦੇਵ ਜੀ ਮੇਰੇ ਮਾਲਕ ਤੇ ਸਤਿਗੁਰੂ ਹਨ, ਉਨ੍ਹਾਂ ਦਾ ਮੇਰੇ ਮੱਥੇ ਤੇ ਹੱਥ ਹੈ॥੨੬॥

ਤਿਨ ਕਹ੍ਯੋ ਉਪਕਾਰ ਹਿਤ ਚੋਰੀ ਬੀ ਠਾਨੋ।
ਸੋ ਸੀਖ੍ਯਾ ਮੈਂ ਧਾਰਿ ਉਰ ਬਰਤੋਂ ਹਿਤ ਜਾਨੋ।
ਦਿਜ ਤਨੁਜਾ ਕੁਆਰੀ ਹੁਤੀ ਦੇਖ੍ਯੋ ਘਰ ਦੀਨਾ।
ਕਰੀ ਜਾਚਨਾ ਆਨਿ ਢਿਗ ਸਭਿ ਵਸਤੁ ਬਿਹੀਨਾ॥ ੨੭॥

ਉਨ੍ਹਾਂ ਕਿਹਾ ਹੈ ਕਿ ਉਪਕਾਰ ਵਾਸਤੇ ਚੋਰੀ ਵੀ ਕਰ ਲਵੋ, ਉਨ੍ਹਾਂ ਦੀ ਸਿਖਿਆ ਧਾਰ ਕੇ ਹਿਰਦੇ ਵਿਚ ਵਰਤੋਂ ਕੀਤੀ ਹੈ, ਇਹ ਸਮਝੋ। ਇਕ ਬ੍ਰਾਹਮਣ ਦੀ ਕੁਆਰੀ ਲੜਕੀ ਸੀ ਤੇ ਘਰ ਬਹੁਤ ਗ਼ਰੀਬ ਸੀ, ਉਸ ਨੇ ਮੇਰੇ ਪਾਸ ਆ ਕੇ ਮੰਗ ਕੀਤੀ, ਉਸ ਦੇ ਘਰ ਵਿਚ ਕੁਝ ਵੀ ਨਹੀਂ ਸੀ॥੨੭॥

ਦਰਬ ਪੰਚ ਸੈ ਬ੍ਯਾਹ ਕੇ ਹਿਤ ਖਰਚ ਬਖਾਨਾ।
ਤਿਸ ਹਿਤ ਮੈਂ ਗਮਨ੍ਯੋ ਹੁਤੋ ਕਿਯ ਕਾਜ ਮਹਾਨਾ।
ਅੰਗੀਕਾਰ ਨ ਕੁਛ ਕਰੌਂ ਨਹਿਂ ਲਾਲਚ ਮੇਰੇ।
ਜਿਤਿਕ ਚਹਿਯ ਉਪਕਾਰ ਹਿਤ ਲ੍ਯਾਯਹੁ ਬਿਨ ਦੇਰੇ॥ ੨੮॥

ਉਸ ਨੇ ਮੈਨੂੰ ਦੱਸਿਆ ਕਿ ਵਿਆਹ ਤੇ ਪੰਜ ਸੌ ਰੁਪਏ ਖਰਚਾ ਹੋਵੇਗਾ, ਉਸ ਵਾਸਤੇ ਮੈਂ ਚਲ ਕੇ ਗਿਆ ਕਿ ਇਹ ਵੱਡਾ ਕਾਰਜ ਕਰਨਾ ਚਾਹੀਦਾ ਹੈ। ਆਪ ਮੈਂ ਕੁਝ ਵੀ ਨਹੀਂ ਲੈਂਦਾ ਹਾਂ, ਮੈਨੂੰ ਕੋਈ ਲਾਲਚ ਨਹੀਂ ਹੈ, ਜਿੰਨਾ ਕੋਈ ਚਾਹੇ ਉਪਕਾਰ ਵਾਸਤੇ ਤੁਰਤ ਲਿਆ ਦਿੰਦਾ ਹਾਂ''॥੨੮॥

ਸ੍ਰੀ ਅਰਜਨ ਕੋ ਨਾਮ ਸੁਨਿ ਸਿਰ ਸ਼ਾਹੁ ਨਿਵਾਯੋ।
ਦਿਯੇ ਛੋਰਿ ਮਾਨਵ ਸਕਲ ਲੇ ਕਰਿ ਮੈਂ ਆਯੋ।
ਇੱਤ੍ਯਾਦਿਕ ਬਹੁ ਬਾਰ ਮੈਂ ਹਿਤ ਪਰਉਪਕਾਰਾ।
ਆਨ੍ਯੋ ਦਰਬ ਚੁਰਾਇ ਕਰਿ ਨਹਿਂ ਅੰਗੀਕਾਰਾ॥ ੨੯॥

ਸ੍ਰੀ ਗੁਰੂ ਅਰਜਨ ਦੇਵ ਦਾ ਨਾਂ ਸੁਣ ਬਾਦਸ਼ਾਹ ਨੇ ਸਿਰ ਨਿਵਾਇਆ ਤੇ ਸਾਰੇ ਮਨੁੱਖਾਂ ਨੂੰ ਉਸ ਛੱਡ ਦਿੱਤਾ ਤੇ ਉਨ੍ਹਾਂ ਨੂੰ ਲੈ ਕੇ ਆ ਗਿਆ। ਇੱਤਆਦਿ ਮੈਂ ਬਹੁਤ ਵਾਰ ਉਪਕਾਰ ਵਾਸਤੇ ਧਨ ਚੋਰੀ ਕੀਤਾ ਹੈ, ਪਰ ਆਪ ਕਦੀ ਵੀ ਕੁਝ ਨਹੀਂ ਰਖਿਆ ਹੈ''॥੨੯॥

ਸੁਨਿ ਬਿਸਮਾਨੀ ਨਾਨਕੀ ਉਰ ਬਿਖੈ ਬਿਚਾਰੀ।
'ਕਰੈ ਕਿ ਨਹਿਂ ਇਹ ਮੋਹਿ ਹਿਤ' ਪਰਖਨਿ ਬਿਧਿ ਧਾਰੀ।
ਸ੍ਰੀ ਸਤਿਗੁਰ ਕੇ ਸੁਨਤਿ ਹੀ ਮੁਖ ਹਸਤਿ ਬਖਾਨੀ।
'ਬਿਧੀਚੰਦ! ਗੁਰ ਸਿੱਖ ਤੂੰ ਮਤਿ ਚਤੁਰ ਮਹਾਨੀ॥ ੩੦॥

ਇਹ ਸੁਣ ਕੇ ਮਾਤਾ ਨਾਨਕੀ ਜੀ ਬੜੇ ਹੈਰਾਨ ਹੋਏ ਤੇ ਹਿਰਦੇ ਵਿਚ ਵਿਚਾਰ ਕੀਤੀ, ''ਇਹ ਮੇਰੇ ਵਾਸਤੇ ਕੁਝ ਕਰੇਗਾ ਕਿ ਨਹੀਂ'' ਪਰਖਣ ਦੀ ਵਿਧੀ ਧਾਰਨ ਕੀਤੀ। ਸਤਿਗੁਰੂ ਜੀ ਦੇ ਸੁਣਦਿਆਂ ਹੀ ਹੱਸ ਕੇ ਬੋਲੇ, ''ਹੇ ਬਿਧੀ ਚੰਦ! ਤੂੰ ਗੁਰਸਿਖ ਮਹਾਨ ਚਤੁਰ ਹੈਂ॥੩੦॥

ਘਨੇ ਕਰੇ ਉਪਕਾਰ ਤੈਂ ਅਰੁ ਗੁਰ ਕੇ ਕਾਜਾ।
ਅਤਿਸ਼ੈ ਚਾਤੁਰਤਾ ਧਰੇ ਆਨੇ ਜੁਗ ਬਾਜਾ।
ਕਰੇ ਰਿਝਾਵਨ ਸਕਲ ਬਿਧਿ ਦੇ ਖੁਸ਼ੀ ਬਿਸਾਲਾ।
ਅਬਿ ਮੇਰੋ ਭੀ ਕਾਜ ਕਰਿ ਨਿਤ ਰਹਹੁ ਸੁਖਾਲਾ' ॥ ੩੧ ॥

ਤੂੰ ਬੜੇ ਉਪਕਾਰ ਤੇ ਗੁਰੂ ਜੀ ਦੇ ਕਾਰਜ ਕੀਤੇ ਹਨ, ਬਹੁਤ ਚਤੁਰਾਈ ਧਾਰ ਕੇ ਦੋਵੇਂ ਘੋੜੇ ਲੈ ਕੇ ਆਇਆ ਹੈਂ। ਸਭ ਵਿਧੀਆਂ ਨਾਲ ਗੁਰੂ ਜੀ ਨੂੰ ਵਿਸ਼ਾਲ ਪ੍ਰਸੰਨ ਕੀਤਾ ਹੈ। ਹੁਣ ਮੇਰਾ ਵੀ ਇਕ ਕੰਮ ਕਰੋ ਤੇ ਸਦਾ ਸੁਖੀ ਰਹੋ" ॥੩੧॥

ਕਰ ਜੋਰਤਿ ਬਿਧੀਏ ਕਹਜੋ 'ਮੈਂ ਧੰਨ ਮਹਾਨਾ।
ਜਿਸ ਤੇ ਮਾਤ ਪ੍ਰਸੰਨ ਹੁਇ, ਨਿਜ ਕਾਜ ਬਖਾਨਾ।
ਮਿੱਥਜਾ ਤਨ ਤੁਮ ਹਿਤ ਲਗਹਿ ਨਹਿਂ ਆਛੇ ਔਰੀ।
ਕਰੋਂ ਆਪ ਕੋ ਕਾਰ ਮੈਂ ਕਸ ਬਿਖਮ ਸੁ ਠੌਰੀ' ॥ ੩੨ ॥

ਬਿਧੀ ਚੰਦ ਨੇ ਹੱਥ ਜੋੜ ਕੇ ਕਿਹਾ, "ਮੇਰੇ ਵੱਡੇ ਭਾਗ ਹਨ, ਜਿਸ ਨਾਲ ਮਾਤਾ ਜੀ ਪ੍ਰਸੰਨ ਹੋਣ ਤੇ ਉਨ੍ਹਾਂ ਮੈਨੂੰ ਕੋਈ ਆਪਣਾ ਕੰਮ ਦੱਸਿਆ ਹੈ। ਇਹ ਨਾਸਵਾਣ ਸਰੀਰ ਤੁਹਾਡੇ ਕੰਮ ਆਵੇ, ਇਸ ਤੋਂ ਚੰਗਾ ਹੋਰ ਕੀ ਹੈ, ਮੈਂ ਆਪ ਜੀ ਦਾ ਕੰਮ ਕਰਾਂਗਾ, ਬੇਸ਼ਕ ਕੈਸੀ ਵੀ ਔਖੀ ਥਾਂ ਹੋਵੇ" ॥੩੨॥

ਸੁਨਿ ਸ਼ਰਧਾ ਕੇ ਬਾਕ ਕੋ ਤਬਿ ਮਾਤ ਬਖਾਨਾ।
'ਜਹਾਂਗੀਰ ਕੀ ਬੇਗਮਾਂ ਅਬਿ ਹੁਇ ਜਿਸ ਥਾਨਾ।
ਜ਼ੇਵਰ ਜੇ ਵਰ ਤਿਨਹੁ ਕੇ ਮਮ ਹਿਤ ਦਿਹੁ ਆਨੀ।
ਹੀਰੇ ਮੁਕਤਾ ਜਿਨਹੁ ਮਹਿਂ ਲਗਿ ਮੋਲ ਮਹਾਨੀ' ॥ ੩੩ ॥

ਬਿਧੀ ਚੰਦ ਦੇ ਸ਼ਰਧਾ ਦੇ ਬਚਨ ਸੁਣ ਕੇ ਮਾਤਾ ਜੀ ਨੇ ਕਿਹਾ, "ਇਸ ਸਮੇਂ ਜਿਥੇ ਵੀ ਜਹਾਂਗੀਰ ਦੀਆਂ ਬੇਗਮਾਂ ਹੋਣ, ਉਨ੍ਹਾਂ ਦੇ ਜਿਹੜੇ ਗਹਿਣੇ ਹਨ, ਉਹ ਮੇਰੇ ਵਾਸਤੇ ਲਿਆਵੋ, ਜਿਨ੍ਹਾਂ ਵਿਚ ਹੀਰੇ ਮੋਤੀ ਲੱਗੇ ਹੋਣ ਤੇ ਬਹੁਤ ਕੀਮਤੀ ਹੋਣ" ॥੩੩॥

*ਨੋਟ : ਜਦ ਗੁਰੂ ਜੀ ਕਰਤਾਰਪੁਰ ਸਨ, ਉਸ ਸਮੇਂ ਬਾਦਸ਼ਾਹ ਸ਼ਾਹਜਹਾਂ ਦਾ ਰਾਜ ਸੀ, ਇਸ ਕਰਕੇ ਇਹ ਕਹਾਣੀ ਠੀਕ ਨਹੀਂ ਜਾਪਦੀ।*

ਸੁਨਿ ਬਿਧੀਏ ਬੰਦਨ ਕਰੀ 'ਮੈਂ ਲਜਾਵੋਂ ਜਾਈ'।
ਗੁਰ ਆਇਸੁ ਤੇ ਗਮਨ ਕਿਯ ਉਰ ਹਰਖ ਉਪਾਈ।
ਦਈ ਆਸ਼ਿਖਾ ਨਾਨਕੀ 'ਸੁਖ ਤੋਹਿ ਸ਼ਰੀਰੰ।
ਨਹਿਂ ਸੰਕਟ ਕਬਿਹੂੰ ਬਨਹਿ ਗੁਰ ਸਿਖ ਬਡ ਬੀਰੰ' ॥ ੩੪ ॥

ਇਹ ਸੁਣ ਕੇ ਬਿਧੀ ਚੰਦ ਨੇ ਬੰਦਨਾ ਕੀਤੀ, "ਮੈਂ ਜਾ ਕੇ ਲਿਆਵਾਂਗਾ", ਗੁਰੂ ਜੀ ਦੀ ਆਗਿਆ ਪਾ ਕੇ ਦਿਲ ਵਿਚ ਪ੍ਰਸੰਨ ਹੋ ਕੇ ਚਲਾ ਗਿਆ। ਮਾਤਾ ਨਾਨਕੀ ਨੇ ਉਸ ਨੂੰ ਅਸੀਸ ਦਿੱਤੀ, "ਤੇਰਾ ਸਰੀਰ ਸੁਖੀ ਰਹੇ ਕਦੀ ਵੀ ਇਸ ਤੇ ਸੰਕਟ ਨਾ ਆਵੇ, ਗੁਰਸਿੱਖ ਵੱਡਾ ਸੂਰਬੀਰ ਹੈ" ॥੩੪॥

*ਅੱਠਵੀਂ ਰਾਸ ਦਾ ਦੂਸਰਾ ਅਧਿਆਇ ਸਮਾਪਤ ਹੋਇਆ ॥ ੨ ॥*

☆☆☆

# ਅਧਿਆਇ ਤੀਸਰਾ

*ਬਿਧੀ ਚੰਦ ਬੇਗਮਾਂ ਦੇ ਗਹਿਣੇ ਲਿਆਇਆ*

*ਦੋਹਰਾ-* ਲੇ ਕਰਿ ਆਸ਼ਿਖ ਮਾਤ ਤੇ ਗੁਰ ਰਜਾਇ ਕੋ ਪਾਇ।
ਲਵਪੁਰਿ ਕੇ ਸਨਮੁਖ ਚਲਯੋ ਸ੍ਰੀ ਨਾਨਕ ਕੋ ਧਯਾਇ॥ ੧॥

ਮਾਤਾ ਜੀ ਪਾਸੋਂ ਅਸੀਸ ਲੈ ਕੇ ਤੇ ਗੁਰੂ ਜੀ ਦੀ ਆਗਿਆ ਪਾ ਕੇ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਧਿਆ ਕੇ, ਬਿਧੀ ਚੰਦ ਲਾਹੌਰ ਵੱਲ ਮੂੰਹ ਕਰਕੇ ਚਲ ਪਿਆ॥੧॥

*ਨਿਸ਼ਾਨੀ ਛੰਦ-* ਗਮਨਯੋ ਮਾਰਗ ਕਾਜ ਹਿਤ ਤਟ ਆਇ ਬਿਪਾਸਾ।
ਹੁਤੇ ਘਾਟ ਪਰ ਲੋਕ ਤਹਿਂ ਬੂਝਯੋ ਤਿਨ ਪਾਸਾ।
'ਗੋਇੰਦਵਾਲ ਸਮੀਪ ਇਹੁ ਡੇਰਾ ਕਿਨ ਘਾਲਾ?।
ਲਾਗਤਿ ਹੈਂ ਤੰਬੂ ਅਬਹਿ ਜਿਹ ਸ਼ੋਭ ਬਿਸਾਲਾ'॥ ੨॥

ਮਾਤਾ ਜੀ ਦੇ ਕਾਰਜ ਵਾਸਤੇ ਚਲ ਪਿਆ ਤੇ ਦਰਿਆ ਬਿਆਸ ਦੇ ਕਿਨਾਰੇ ਤੇ ਪਹੁੰਚ ਗਿਆ, ਘਾਟ ਉਤੇ ਕਈ ਲੋਕ ਸਨ, ਉਨ੍ਹਾਂ ਪਾਸੋਂ ਪੁੱਛਿਆ, "ਇਹ ਗੋਇੰਦਵਾਲ ਦੇ ਲਾਗੇ ਕਿਸ ਡੇਰਾ ਲਾਇਆ ਹੈ, ਹੁਣ ਤੰਬੂ ਲੱਗ ਰਹੇ ਹਨ, ਜਿਨ੍ਹਾਂ ਦੀ ਬੜੀ ਸ਼ੋਭਾ ਹੈ"॥੨॥

ਕਰਯੋ ਬਤਾਵਨ ਤਿਨਹੁ ਤਬ 'ਹਜ਼ਰਤ ਕੀ ਦਾਰਾ।
ਬੇਗਮਾਤ ਆਗਵਨ ਭਾ ਤਿਹ ਸਿਵਰ ਉਤਾਰਾ।
ਅਬਿ ਲੋ ਨਹਿਂ ਪ੍ਰਾਪਤ ਭਈ ਆਵਤਿ ਹੈਂ ਪਾਛੇ।
ਤਜਾਰੀ ਪੂਰਬ ਹੀ ਕਰਤਿ ਥਲ ਸੋਧਤਿ ਆਛੇ'॥ ੩॥

ਉਨ੍ਹਾਂ ਨੇ ਫਿਰ ਦੱਸਿਆ, "ਬਾਦਸ਼ਾਹ ਦੀਆਂ ਬੇਗਮਾਂ ਆ ਰਹੀਆਂ ਹਨ, ਉਨ੍ਹਾਂ ਵਾਸਤੇ ਡੇਰਾ ਬਣਾਇਆ ਹੈ, ਹੁਣ ਤਕ ਉਹ ਪਹੁੰਚੀਆਂ ਨਹੀਂ ਹਨ, ਪਿਛੇ ਆ ਰਹੀਆਂ ਹਨ, ਪਹਿਲਾਂ ਹੀ ਥਾਂ ਨੂੰ ਚੰਗੀ ਤਰ੍ਹਾਂ ਸਾਫ ਕਰਕੇ ਤਿਆਰੀ ਕਰ ਰਹੇ ਹਨ"॥੩॥

ਸੁਨਿ ਹਰਖਯੋ ਪਰਖਯੋ ਤਬਹਿ ਕਾਰਜ ਬਨਿ ਆਵੈ।
ਬੇਗਮ ਪੁਰ ਤੇ ਵਹਿਰ ਹੀ ਨੀਕੀ ਬਿਧਿ ਪਾਵੈਂ।
ਰਹਯੋ ਤਹਾਂ ਕਰਿ ਘਾਤ ਕੋ ਦਿਨ ਟਾਰਨ ਕੀਨਾ।
ਰਵਿ ਅਸਤਯੋ ਫੈਲਯੋ ਤਿਮਰ ਨਿਸ ਚੰਦ ਬਹੀਨਾ॥ ੪॥

ਇਹ ਸੁਣ ਕੇ ਬਹੁਤ ਪ੍ਰਸੰਨ ਹੋਇਆ ਤੇ ਵਿਚਾਰ ਕੀਤੀ ਜਿਸ ਤਰ੍ਹਾਂ ਕਾਰਜ ਬਣ ਜਾਵੇ। ਉਥੇ ਦਾਅ ਲਾ ਕੇ ਬੈਠਾ ਰਿਹਾ ਤੇ ਸਾਰਾ ਦਿਨ ਬਤੀਤ ਕੀਤਾ। ਜਦ ਸੂਰਜ ਡੁਬਿਆ ਤਾਂ ਹਨ੍ਹੇਰਾ ਹੋ ਗਿਆ, ਰਾਤ ਚੰਦਰਮਾਂ ਰਹਿਤ ਸੀ॥੪॥

ਦੇਖਤਿ ਦਾਵ ਬਿਚਾਰਤੋ ਬੇਗਮ ਢਿਗ ਜਾਨੇ।
ਖਰੇ ਪਾਹਰੂ ਚਹੁੰ ਦਿਸ਼ਿਨਿ ਬਨ ਕਰਿ ਸਵਧਾਨੇ।
ਨਹਿਂ ਪ੍ਰਵੇਸ਼ ਵਿਚ ਹੁਇ ਸਕਹਿ ਅਵਕਾਸ਼ ਨ ਪਾਵੈ।
ਆਪਸ ਮਹਿਂ ਬੋਲਤਿ ਰਹੇ ਇਕ ਦੁਤਿਜ ਜਗਾਵੈ॥ ੫॥

ਵੇਖ ਕੇ ਬੇਗਮਾਂ ਪਾਸ ਜਾਣ ਦਾ ਦਾਅ ਵਿਚਾਰਦਾ ਸੀ, ਚਾਰੇ ਪਾਸੇ ਪਹਿਰੇਦਾਰ ਸਾਵਧਾਨ ਹੋ ਕੇ ਖੜੇ ਸਨ। ਅੰਦਰ ਦਾਖਲ ਹੋ ਸਕੇ ਮੌਕਾ ਹੀ ਨਹੀਂ ਸੀ ਪਾਉਂਦਾ, ਇਕ ਦੂਸਰੇ ਨੂੰ ਜਗਾਉਂਦੇ ਆਪ ਵਿਚ ਗੱਲਾਂ ਕਰ ਰਹੇ ਸਨ॥੫॥

ਤ੍ਰਾਸ ਪਾਇ ਤਸਕਰਨਿ ਕੋ ਗਹਿ ਸਿਪਰ ਕ੍ਰਿਪਾਨਾ।
ਖਰੇ ਰਹੇ ਚਹੁੰਦਿਸ਼ਿਨਿ ਭਟ ਨਹਿਂ ਆਲਸ ਠਾਨਾ।
ਰਹਜੋ ਤਕਾਵਤਿ ਦਾਵ ਕੋ ਅਵਿਕਾਸ਼ ਨਿਹਾਰੈ।
ਬੇਗਮ ਲਗਿ ਪਹੁੰਚਜੋ ਨ ਕਿਮ ਬਿਧਿ ਅਧਿਕ ਬਿਚਾਰੈ॥ ੬॥

ਵੱਡੀਆਂ ਵੱਡੀਆਂ ਤਲਵਾਰਾਂ ਫੜ ਕੇ ਚੋਰਾਂ ਨੂੰ ਡਰਾਉਂਦੇ ਸਨ, ਚਾਰੇ ਪਾਸੇ ਸੂਰਮੇ ਖੜੇ ਰਹੇ ਤੇ ਉਨ੍ਹਾਂ ਨੇ ਥੋੜ੍ਹੀ ਜੇਹੀ ਸੁਸਤੀ ਨਾ ਵਰਤੀ। ਦਾਅ ਤਕਦਾ ਰਿਹਾ ਤੇ ਮੌਕਾ ਵੇਖਦਾ ਰਿਹਾ, ਬੇਗਮਾਂ ਪਾਸ ਪਹੁੰਚਿਆ ਨਾ ਕਈ ਵਿਧੀਆਂ ਨਾਲ ਵਿਚਾਰ ਕਰਦਾ ਸੀ॥੬॥

ਤੀਨ ਪਹਿਰ ਬੀਤੀ ਨਿਸਾ ਸਭਿ ਜਾਗ ਪਰੇ ਹੈਂ।
ਚਲਨਿ ਪੰਥ ਬਿਨ ਘਾਮ ਤੇ ਹੁਇ ਤਜਾਰ ਖਰੇ ਹੈਂ।
ਬੇਗਮ ਜਾਗੀ ਤਿਸੀ ਛਿਨ ਕੀਨਸਿ ਨਿਜ ਤਜਾਰੀ।
ਹਥਨੀ ਤੁੰਗ ਬਿਲੰਦ ਇਕ ਤਿਸ ਪਰ ਅੰਬਾਰੀ॥ ੭॥

ਜਦ ਰਾਤ ਤਿੰਨ ਪਹਿਰ ਬੀਤ ਗਈ ਤਾਂ ਸਾਰੇ ਜਾਗ ਪਏ, ਸਫਰ ਤੇ ਚਲਣ ਵਾਸਤੇ ਸਾਰੇ ਤਿਆਰ ਖੜੇ ਸਨ। ਉਸ ਸਮੇਂ ਬੇਗਮਾਂ ਵੀ ਜਾਗ ਪਈਆਂ ਤੇ ਉਨ੍ਹਾਂ ਵੀ ਚਲਣ ਦੀ ਤਿਆਰੀ ਕਰ ਲਈ, ਇਕ ਬੜੀ ਉੱਚੀ ਹੱਥਣੀ ਸੀ, ਉਸ ਉਤੇ ਬੇਗਮਾਂ ਦੇ ਬੈਠਣ ਵਾਸਤੇ ਅੰਬਾਰੀ ਰੱਖੀ ਹੋਈ ਸੀ॥੭॥

ਕੰਚਨ ਕੀ ਦਮਕਤਿ ਮਹਦ ਨਗ ਜਰੇ ਬਿਸਾਲੇ।
ਜ਼ਰੀ ਸਤਾਰਨ ਤੇ ਅਧਿਕ ਸੁੰਦਰ ਸੁਭ ਢਾਲੇ।
ਬੇਗਮ ਹੇਤੁ ਅਰੂਢਨੇ ਸੋ ਨਿਕਟਿ ਮੰਗਾਈ।
ਸੰਪੁਟ ਮਹਿਂ ਜ਼ੇਵਰ ਧਰੇ ਦਿਨ ਮਹਿਂ ਤਨ ਪਾਈ॥ ੮॥

ਸੋਨੇ ਦੀ ਅੰਬਾਰੀ ਜਿਸ ਨੂੰ ਬੜੇ ਨਗ ਜੜੇ ਹੋਏ ਸਨ, ਬਹੁਤ ਚਮਕਦੀ ਸੀ। ਤਿੱਲੇ ਜ਼ਰੀ ਆਦਿ ਨੂੰ ਸਤਾਰੇ ਲੱਗੇ ਹੋਏ ਸਨ, ਜਿਨ੍ਹਾਂ ਦੀ ਬੜੀ ਸੁੰਦਰ ਸੋਭਾ ਸੀ। ਬੇਗਮਾਂ ਦੀ ਸਵਾਰੀ ਵਾਸਤੇ ਉਸ ਨੂੰ ਪਾਸ ਮੰਗਵਾਇਆ, ਜਿਹੜੇ ਗਹਿਣੇ ਦਿਨ ਸਮੇਂ ਪਾਏ ਸਨ, ਉਨ੍ਹਾਂ ਨੂੰ ਇਕ ਸੰਦੂਕ ਵਿਚ ਪਾ ਲਿਆ॥੮॥

ਹਾਲਤਿ ਚਾਲਤਿ ਪੰਥ ਮਹਿਂ ਯਾ ਤੇ ਸੁ ਉਤਾਰੇ।
ਹੀਰੇ ਮੁਕਤਾ ਗੁੱਛ ਬਡ ਜਿਨ ਮੋਲ ਉਦਾਰੇ।
ਸੰਪੁਟ ਹੁਤੇ ਬਿਸਾਲ ਹੀ ਕੰਕਨ ਕੋ ਚਾਰੂ।
ਭਰ ਕਰਿ ਦਾਸੀ ਹਾਥ ਦੇ ਬੇਗਮ ਅਸਵਾਰੂ॥ ੯॥

ਰਾਹ ਵਿਚ ਚਲਦਿਆਂ ਹਿਲਦੇ ਸਨ, ਇਸ ਕਰਕੇ ਲਾਹ ਲਏ, ਹੀਰੇ ਮੋਤੀਆਂ ਦੇ ਵੱਡੇ ਗੁੱਛੇ ਸਨ ਜਿਹੜੇ ਬਹੁਤ ਕੀਮਤੀ ਸਨ। ਇਕ ਵੱਡਾ ਸੰਦੂਕ ਸੀ ਜਿਸ ਨੂੰ ਸੁੰਦਰ ਗਹਿਣਿਆਂ ਨਾਲ ਭਰ ਕੇ ਦਾਸੀ ਦੇ ਹੱਥ ਵਿਚ ਫੜਾ ਕੇ ਬੇਗਮਾਂ ਹਥਣੀ ਤੇ ਸਵਾਰ ਹੋ ਗਈਆਂ॥੯॥

ਚਢਿ ਹਥਨੀ ਪਰ ਸੋ ਲਿਯੋ ਊਰੂ ਤਰ ਰਾਖਾ।
ਬਿਧੀਚੰਦ ਮਿਲਿ ਨਰਨਿ ਮੈਂ ਪਿਖਿ ਧਰਿ ਅਭਿਲਾਖਾ।
ਸਭਿ ਇਕੱਤ੍ਰ ਜ਼ੇਵਰ ਲਖੇ ਹਰਖਜੋ ਬੁਧਿਵਾਨਾ।
ਲੈਹੋਂ ਸੰਪੁਟ ਪੰਥ ਮੈਂ ਦਿਢ ਚਿਤਵਨ ਠਾਨਾ॥ ੧੦॥

ਹੱਥਣੀ ਉੱਤੇ ਚੜ੍ਹ ਕੇ ਉਸ ਸੰਦੂਕ ਨੂੰ ਆਪਣੇ ਪਾਸ ਰੱਖ ਲਿਆ। ਬਿਧੀ ਚੰਦ ਨੇ ਬਾਕੀ ਮਨੁੱਖਾਂ ਵਿਚ ਮਿਲ ਕੇ ਉਸ ਸੰਦੂਕ ਨੂੰ ਵੇਖ ਕੇ ਪ੍ਰਾਪਤ ਕਰਨ ਦੀ ਅਭਿਲਾਸ਼ਾ ਧਾਰਨ ਕੀਤੀ। ਸਾਰੇ ਗਹਿਣੇ ਇਕੱਠੇ ਇਕੋ ਥਾਂ ਵੇਖ ਕੇ ਬੁਧੀਮਾਨ ਬਹੁਤ ਪ੍ਰਸੰਨ ਹੋਇਆ ਤੇ ਚਿਤ ਵਿਚ ਇਹ ਸੋਚਿਆ ਕਿ ਦਿਨ ਚੜ੍ਹਨ ਤੇ ਮੈਂ ਇਨ੍ਹਾਂ ਨੂੰ ਲੈ ਕੇ ਰਾਹੇ ਪੈ ਜਾਵਾਂਗਾ॥੧੦॥

ਕਿਤਿਕ ਅਗਾਰੀ ਚਲਿ ਪਰੇ ਮਗ ਮਹਿਂ ਨਰ ਲਾਰਾ।
ਹੁਇ ਨਿਚਿੰਤ ਗਵਨੇ ਉਰ ਤ੍ਰਾਸ ਬਿਸਾਰਾ।
ਬਿਧੀ ਚੰਦ ਕਰਿ ਦ੍ਰਿਸ਼ਟਿ ਮਹਿਂ ਬੇਗਮ ਅਸਵਾਰੀ।
ਚਲਜੋ ਸੰਗ ਚਾਹਤਿ ਲਿਯੋ ਜ਼ੇਵਰ ਮੁਲ ਭਾਰੀ॥ ੧੧॥

ਕਈ ਮਨੁੱਖ ਕਤਾਰ ਵਿਚ ਅੱਗੇ ਚਲ ਪਏ ਤੇ ਨਿਸ਼ਚਿੰਤ ਹੋ ਕੇ ਚਲ ਪਏ, ਹਿਰਦੇ ਵਿਚੋਂ ਸਾਰੇ ਡਰਾਂ ਨੂੰ ਵਿਸਾਰ ਦਿੱਤਾ। ਬਿਧੀ ਚੰਦ ਨੇ ਬੇਗਮਾਂ ਦੀ ਸਵਾਰੀ ਨੂੰ ਆਪਣੀ ਨਜ਼ਰ ਵਿਚ ਰਖ ਕੇ ਨਾਲ-ਨਾਲ ਚਲ ਪਿਆ, ਉਹ ਬੜੇ ਕੀਮਤੀ ਗਹਿਣਿਆਂ ਨੂੰ ਪ੍ਰਾਪਤ ਕਰਨਾ ਚਾਹੁੰਦਾ ਸੀ॥੧੧॥

ਮੂਤ੍ਰ ਤਜਨਿ ਹਿਤ ਟਿਕ ਗਯੋ ਜੋ ਹਥਨੀ ਪਾਛੇ।
ਦਾਵ ਜਾਨਿ ਅਵਕਾਸ਼ ਲਹਿ ਅਬਿ ਲੇਵੋਂ ਆਛੇ।
ਤਿਹ ਸਮ ਬਨ ਹੋਯੋ ਨਿਕਟਿ ਬੋਲਤਿ ਤਿਸ ਜੈਸੇ।
ਲਾਸ ਗਹੀ ਦਿਢ ਹਾਥ ਮੈਂ ਜੋਹਨ ਕਰਿ ਤੈਸੇ॥ ੧੨॥

ਜਦ ਪਿਸ਼ਾਬ ਕਰਨ ਵਾਸਤੇ ਹੱਥਣੀ ਪਿੱਛੇ ਖਲੋ ਗਈ, ਤਾਂ ਬਿਧੀ ਚੰਦ ਦਾਅ ਜਾਣ ਲਿਆ ਕਿ ਹੁਣ ਮੈਂ ਚੰਗੀ ਤਰ੍ਹਾਂ ਗਹਿਣੇ ਪ੍ਰਾਪਤ ਕਰ ਲਵਾਂਗਾ। ਉਨ੍ਹਾਂ ਵਰਗਾ ਬਣ ਪਾਸ ਹੋ ਗਿਆ ਤੇ ਉਨ੍ਹਾਂ ਵਾਂਗ ਹੀ ਬੋਲਦਾ ਸੀ। ਮੋਟੇ ਰੱਸੇ ਨੂੰ ਜ਼ੋਰ ਨਾਲ ਫੜਿਆ॥੧੨॥

ਭੁਜ ਬਲ ਤੇ ਆਰੂਢ ਕਰਿ ਅੰਤਰ ਕਰ ਘਾਲਾ।
ਲਗਜੋ ਜਾਇ ਸੰਪੁਟ ਜਹਾਂ ਗਹਿ ਖੈਂਚਿ ਨਿਕਾਲਾ।
ਬਿਸਮਤਿ ਬੇਗਮ ਬੋਲਤੀ, 'ਕੋ ਹੈਂ, ਤੂੰ ਕੋ ਹੈਂ?'।
ਲੇਵਤ ਹੀ ਉਤਰਜੋ ਤਰੇ ਕਰਿ ਛਾਰ ਉਚੋ ਹੈਂ॥ ੧੩॥

ਬਾਹਾਂ ਦੀ ਸ਼ਕਤੀ ਨਾਲ ਚੜ੍ਹ ਕੇ ਅੰਬਾਰੀ ਦੇ ਅੰਦਰ ਹੱਥ ਪਾਇਆ। ਜਦ ਹੱਥ ਸੰਦੂਕ ਨੂੰ ਲੱਗਾ ਤਾਂ ਉਸ ਨੂੰ ਖਿੱਚ ਕੇ ਬਾਹਰ ਕੱਢ ਲਿਆ। ਹੈਰਾਨ ਹੋ ਕੇ ਬੇਗਮਾਂ ਬੋਲੀਆਂ, "ਕੌਣ ਹੈਂ, ਤੂੰ ਕੌਣ ਹੈਂ?" ਸੰਦੂਕ ਫੜਦਾ ਹੀ ਛਾਲ ਮਾਰ ਕੇ ਥੱਲੇ ਉਤਰ ਆਇਆ॥੧੩॥

'ਚੋਰ ਚੋਰ' ਕੂਕੀ ਤਬਹਿ ਦੌਰੇ ਨਰ ਆਏ।
ਹਥਨੀ ਕੇ ਚਹੁੰ ਦਿਸ਼ਿ ਫਿਰੇ ਨਹਿਂ ਕੁਛ ਦਰਸਾਏ।
ਬਿਧੀ ਚੰਦ ਕਰਿ ਸ਼ੀਘ੍ਰਤਾ ਤਜਿ ਮਗ ਤਤਕਾਲਾ।
ਸੰਪੁਟ ਦ੍ਰਿਢ ਸੰਭਾਰਿ ਕਰਿ ਪਾਛੈ ਹਟਿ ਚਾਲਾ॥ ੧੪॥

ਉਹ ਫਿਰ 'ਚੋਰ-ਚੋਰ' ਕਹਿ ਕੇ ਕੂਕੀਆਂ ਤਾਂ ਮਨੁੱਖ ਭੱਜੇ ਆਏ, ਹੱਥਣੀ ਦੇ ਚਾਰ ਪਾਸੇ ਫਿਰੇ ਪਰ ਕੁਝ ਵੀ ਵਿਖਾਈ ਨਾ ਦਿੱਤਾ। ਬਿਧੀ ਚੰਦ ਛੇਤੀ ਨਾਲ ਰਾਹ ਨੂੰ ਛੱਡ ਗਿਆ। ਸੰਦੂਕ ਨੂੰ ਚੰਗੀ ਤਰ੍ਹਾਂ ਸੰਭਾਲ ਕੇ ਪਿੱਛੇ ਚਲੇ ਗਿਆ॥੧੪॥

ਦੂਰ ਫਰਕ ਕੋ ਪਾਇ ਕਰਿ ਪ੍ਰਾਤੀ ਹੁਇ ਆਈ।
ਉਲੰਘਿ ਬਿਪਾਸਾ ਨਦੀ ਕੋ ਸਭਿ ਚਿੰਤ ਗਵਾਈ।
ਤਮ ਮਹਿਂ ਨਰ ਇਤ ਉਤ ਫਿਰੇ ਮਗ ਨੇਰੇ ਨੇਰੇ।
ਨਹਿਂ ਪਾਯੋ ਤਸਕਰ ਗਯੋ, ਬਿਸਮਾਇਂ ਘਨੇਰੇ॥ ੧੫॥

ਦੂਰ ਬੜੇ ਫਰਕ ਤੇ ਜਦ ਚਲੇ ਗਿਆ ਤਾਂ ਸਵੇਰ ਹੋ ਗਈ, ਫਿਰ ਬਿਆਸ ਦਰਿਆ ਨੂੰ ਲੰਘ ਕੇ ਸਾਰੀ ਚਿੰਤਾ ਮਿਟਾ ਲਈ। ਰਾਤ ਸਮੇਂ ਮਨੁੱਖ ਏਧਰ ਓਧਰ ਨੇੜੇ-ਨੇੜੇ ਫਿਰੇ, ਪਰ ਚੋਰ ਨਾ ਲਭਿਆ ਗਿਆ, ਬਹੁਤ ਹੈਰਾਨ ਹੋਏ॥੧੫॥

ਬੇਗਮ ਭਈ ਹਿਰਾਨ ਮਨ 'ਅਸ ਚੋਰ ਨ ਹੇਰਾ।
ਤੁਮ ਸਭਿ ਮਹਿਂ ਤੇ ਲੇ ਗਯੋ ਹਠ ਧਾਰਿ ਬਡੇਰਾ'।
ਸ੍ਰੀ ਸਤਿਗੁਰ ਗੁਨ ਗਾਵਤੇ ਆਨੰਦ ਉਪਜਾਵੈ।
ਬਿਧੀ ਚੰਦ ਕਰਤਾਰ ਪੁਰਿ ਮਾਰਗ ਕੋ ਆਵੈ॥ ੧੬॥

ਬੇਗਮਾਂ ਬਹੁਤ ਹੈਰਾਨ ਹੋਈਆਂ, "ਐਸਾ ਚੋਰ ਨਹੀਂ ਵੇਖਿਆ, ਤੁਹਾਡੇ ਸਾਰਿਆਂ ਵਿਚ ਵੱਡਾ ਹਠ ਧਾਰ ਕੇ ਉਹ ਸੰਦੂਕ ਲੈ ਗਿਆ ਹੈ।" ਬਿਧੀ ਚੰਦ ਸਤਿਗੁਰੂ ਜੀ ਦੇ ਗੁਣ ਗਾਉਂਦਾ, ਬੜਾ ਪ੍ਰਸੰਨ ਹੋ ਰਿਹਾ ਸੀ ਤੇ ਕਰਤਾਰਪੁਰ ਵਾਲੇ ਰਸਤੇ ਵਲ ਆ ਰਿਹਾ ਸੀ॥੧੬॥

ਸੁਖ ਸੋਂ ਪਹੁੰਚਯੋ ਆਇ ਕਰਿ ਪੁਰਿ ਵਿਖੈ ਪ੍ਰਵੇਸ਼ਾ।
ਗਯੋ ਮਹਿਲ ਜਹਿਂ ਨਾਨਕੀ ਆਨੰਦ ਵਿਸ਼ੇਖਾ।
ਸੁੰਦਰ ਸੰਪੁਟ ਹੇਮਕੋ ਧਰਿ ਦੀਨਿ ਅਗਾਰੀ।
ਹਾਥ ਜੋਰਿ ਕਰਿ ਬੰਦਨਾ ਸਭਿ ਗਿਰਾ ਉਚਾਰੀ॥ ੧੭॥

ਸੁਖ ਨਾਲ ਆ ਪਹੁੰਚਿਆ ਤੇ ਨਗਰ ਵਿਚ ਦਾਖਲ ਹੋ ਗਿਆ, ਤੇ ਮਹਿਲਾਂ ਵਿਚ ਉਥੇ ਪਹੁੰਚ ਗਿਆ ਜਿਥੇ ਮਾਤਾ ਨਾਨਕੀ ਜੀ ਬੜੇ ਆਨੰਦ ਨਾਲ ਰਹਿ ਰਹੇ ਸਨ। ਸੁੰਦਰ ਸੰਦੂਕ ਨੂੰ ਮਾਤਾ ਜੀ ਦੇ ਅੱਗੇ ਧਰ ਕੇ ਹੱਥ ਜੋੜ ਕੇ ਬੰਦਨਾ ਕਰ ਕੇ ਬੋਲਿਆ॥੧੭॥

'ਮਾਤਾ! ਕਰੀ ਸਹਾਇਤਾ ਇਹ ਭੂਖਨ ਆਨੇ।
ਬੇਗਮ ਡੇਰਾ ਨਿਕਟਿ ਹੀ ਮਿਲਿ ਗਯੋ ਮਹਾਨੇ।
ਸਿੱਖਨਿ ਕੇ ਕਾਰਜ ਪੁਰਹੁ ਜਹਿਂ ਕਹਾਂ ਸਹਾਈ।
ਰਾਖਹੁ ਮੇਰੀ ਲਾਜ ਨਿਤ ਇਹ ਕਹਾਂ ਬਡਾਈ'॥ ੧੮॥

'ਮਾਤਾ ਜੀ ! ਤੁਸੀਂ ਸਹਾਇਤਾ ਕੀਤੀ ਹੈ ਤੇ ਮੈਂ ਇਹ ਗਹਿਣੇ ਲੈ ਆਇਆ ਹਾਂ, ਬੇਗਮਾਂ ਦਾ ਮਹਾਨ ਡੇਰਾ ਨੇੜੇ ਹੀ ਮਿਲ ਗਿਆ ਹੈ। ਸਿੱਖਾਂ ਦੇ ਕਾਰਜ ਪੂਰੇ ਕਰਦੇ ਹੋ ਤੇ ਜਿਥੇ ਕਿਥੇ ਸਹਾਇਕ ਹੁੰਦੇ ਹੋ, ਸਦਾ ਮੇਰੀ ਲਾਜ ਰੱਖਦੇ ਹੋ, ਮੈਂ ਇਹ ਵਡਿਆਈ ਕਹਿੰਦਾ ਹਾਂ' ॥੧੮॥

ਬਿਸਮਤਿ ਚਿਤ ਹ੍ਵੈ ਨਾਨਕੀ ਆਨੰਦ ਉਪਜਾਯੋ।
'ਚੋਰੀ ਮੈਂ ਅਤਿਸ਼ੈ ਚਤੁਰ ਤੂਰਨ ਹੀ ਲਜਾਯੋ'।
ਦਾਸੀ ਸੰਗ ਬਖਾਨਿ ਕੈ ਸੰਪੁਟ ਖੁਲ੍ਹਵਾਯੋ।
ਭਰਜ ਜਵਾਹਰ ਬ੍ਰਿੰਦ ਤੇ ਜਗਮਗ ਝਮਕਾਯੋ॥ ੧੯॥

ਚਿੱਤ ਵਿਚ ਹੈਰਾਨ ਹੋ ਕੇ, ਮਾਤਾ ਨਾਨਕੀ ਜੀ ਬਹੁਤ ਪ੍ਰਸੰਨ ਹੋਏ ਤੇ ਬਚਨ ਕੀਤਾ, "ਚੋਰੀ ਵਿਚ ਬਹੁਤ ਚਤਰ ਹੈਂ, ਛੇਤੀ ਹੀ ਲੈ ਆਇਆ ਹੈਂ।" ਫਿਰ ਦਾਸੀ ਨੂੰ ਕਹਿ ਕੇ ਸੰਦੂਕ ਖੁਲ੍ਹਵਾਇਆ ਜਿਹੜਾ ਬਹੁਤ ਹੀਰੇ ਜਵਾਹਰਾਤ ਨਾਲ ਭਰਿਆ ਤੇ ਜਗਮਗ ਕਰਕੇ ਚਮਕ ਰਿਹਾ ਸੀ॥੧੯॥

ਮੁਕਤਾ ਗਨ ਕਰਨਾ ਭਰਨ ਬਡ ਆਬ ਸੁ ਢਾਰੇ।
ਸੀਸ ਫੂਲ ਹੀਰੇ ਜਰੇ ਜਿਨ ਮੋਲ ਉਦਾਰੇ।
ਬੇਸਰ, ਗਰ ਭੂਖਨ ਭਲੇ ਅਰੁ ਹਾਥਨਿ ਕੇਰੇ।
ਦੇਖਤਿ ਦੇਤਿ ਪ੍ਰਮੋਦ ਕੋ ਦੁਤਿਵੰਤ ਬਡੇਰੇ॥ ੨੦॥

ਬਹੁਤ ਕੰਨਾਂ ਦੇ ਗਹਿਣੇ ਸਨ, ਜਿਹੜੇ ਬੜੇ ਸਡੌਲ ਤੇ ਸੁਹਣੀ ਆਬ ਵਾਲੇ ਸਨ। ਸਿਰ ਤੇ ਪਹਿਨਣ ਵਾਲੇ ਠੂਠੀ ਫੁੱਲ ਹੀਰਿਆਂ ਨਾਲ ਜੜੇ ਹੋਏ ਸਨ, ਜਿਹੜੇ ਬਹੁਤ ਕੀਮਤੀ ਸਨ। ਨਥਾਂ, ਗਲਾਂ ਵਿਚ ਪਾਉਣ ਵਾਲੇ ਗਹਿਣੇ ਅਤੇ ਹੱਥਾਂ ਵਿਚ ਪਾਉਣ ਵਾਲੇ ਗਹਿਣੇ ਵੇਖ ਕੇ ਮਨ ਪ੍ਰਸੰਨ ਹੋ ਜਾਂਦਾ ਸੀ ਜਿਨ੍ਹਾਂ ਦੀ ਆਭਾ ਬਹੁਤ ਦਿਲ-ਖਿਚਵੀਂ ਸੀ॥੨੦॥

ਉਰ ਪ੍ਰਸੰਨ ਬਹੁ ਨਾਨਕੀ ਬਰ ਸੁੰਦਰ ਦੀਨੇ।
'ਗੁਰ ਜਸੁ ਕੇ ਸੰਗ ਜਸੁ ਰਹੈ ਜਗ ਮਹਿਂ ਸੁਖ ਲੀਨੇ।
ਸੱਤਿਨਾਮ ਮਨਿ ਮਹਿਂ ਬਸਹਿ ਸਿੱਖੀ ਬਡ ਧਾਰੋ।
ਜਨਮ ਮਰਨ ਬੰਧਨਿ ਛੁਟਹਿਂ ਗੁਰਿ ਤੋਹਿ ਉਧਾਰੋ॥ ੨੧॥

ਦਿਲ ਵਿਚ ਬਹੁਤ ਪ੍ਰਸੰਨ ਹੋ ਕੇ ਫਿਰ ਮਾਤਾ ਨਾਨਕੀ ਜੀ ਨੇ ਸੁੰਦਰ ਵਰ ਦਿੱਤਾ, 'ਗੁਰੂ ਜੀ ਦੇ ਜੱਸ ਨਾਲ ਤੇਰਾ ਜੱਸ ਰਹੇ ਤੇ ਜਗਤ ਵਿਚ ਸੁੱਖ ਲਵੇਂ, ਸਤਿਨਾਮ ਤੇਰੇ ਮਨ ਵਿਚ ਵਸੇ ਤੇ ਵੱਡੀ ਸਿੱਖੀ ਧਾਰਨ ਕਰੇਂ, ਜਨਮ ਮਰਨ ਦਾ ਬੰਧਨ ਛੁੱਟ ਜਾਵੇ ਤੇ ਗੁਰੂ ਜੀ ਤੇਰਾ ਉਧਾਰ ਕਰਨ॥੨੧॥

ਤੋਹਿ ਨਾਮ ਕੋ ਉਚਰ ਕਰਿ ਰਿਪੁ ਤੇ ਜੈ ਪਾਵੈਂ।
ਪੁਰਸ਼ਾਰਥ ਗੁਰ ਹਿਤ ਕਰੇ ਸਭਿ ਬਿਘਨ ਮਿਟਾਵੈਂ।
ਪਰਉਪਕਾਰੀ ਬਹੁ ਰਹਜੋ ਬਿਦਤਹਿਂ ਜਗ ਮਾਂਹੀ।
ਦੁਖ ਬਿਹੀਨ ਤਨ ਤੁਵ ਰਹੈ ਸਭਿ ਕਰੈਂ ਸਰਾਹੀ'॥ ੨੨॥

ਤੇਰਾ ਨਾਮ ਲੈ ਕੇ ਦੁਸ਼ਮਣ ਤੇ ਫਤਹਿ ਪਾਉਣਗੇ, ਗੁਰੂ ਜੀ ਵਾਸਤੇ ਪ੍ਰਾਕਰਮ ਕਰਦਾ ਹੈਂ, ਉਹ ਤੇਰੇ ਸਾਰੇ ਵਿਘਨ ਮਿਟਾ ਦੇਣਗੇ, ਤੂੰ ਬਹੁਤ ਪਰਉਪਕਾਰੀ ਰਿਹਾ ਹੈਂ, ਸਾਰੇ ਜੱਗ ਵਿਚ ਪ੍ਰਗਟ ਹੋਵੇਂਗਾ। ਦੁਖ ਰਹਿਤ ਤੇਰਾ ਸਰੀਰ ਰਹੇਗਾ ਤੇ ਸਭ ਤੇਰੀ ਸ਼ਲਾਘਾ ਕਰਨਗੇ' ॥੨੨॥

ਬਾਰ ਬਾਰ ਇਮ ਨਾਨਕੀ ਆਸ਼ਿਖ ਬਹੁ ਦੀਨੇ।
ਆਗਯਾ ਲੇ ਕਰਿ ਮਾਤ ਤੇ ਉਠਿ ਬੰਦਨ ਕੀਨੇ।
ਸ੍ਰੀ ਹਰਿ ਗੋਵਿੰਦ ਕੋ ਦਰਸ ਪੁਨ ਜਾਇ ਨਿਹਾਰਾ।
ਪਗ ਪੰਕਜ ਪਰ ਸੀਸ ਧਰਿ ਪਰਸੰਗ ਉਚਾਰਾ॥ ੨੩॥

ਇਸ ਤਰ੍ਹਾਂ ਮਾਤਾ ਨਾਨਕੀ ਜੀ ਨੇ ਬਾਰ-ਬਾਰ ਬਹੁਤ ਅਸੀਸਾਂ ਦਿੱਤੀਆਂ ਫਿਰ ਮਾਤਾ ਜੀ ਪਾਸੋਂ ਆਗਿਆ ਲੈ ਕੇ ਬੰਦਨਾ ਕੀਤੀ। ਫਿਰ ਜਾ ਕੇ ਸ੍ਰੀ ਹਰਿਗੋਬਿੰਦ ਸਾਹਿਬ ਦੇ ਦਰਸ਼ਨ ਕੀਤੇ ਤੇ ਚਰਨਕੰਵਲਾਂ ਤੇ ਸਿਰ ਧਰ ਕੇ ਸਾਰਾ ਪ੍ਰਸੰਗ ਸੁਣਾਇਆ॥੨੩॥

ਮੁਸਕਾਨੇ ਗੁਨ ਖਾਨਿ ਸੁਨਿ ਸਨਮਾਨ ਬਿਠਾਯੋ।
'ਤੁਵ ਸਮਤਾ ਨਹਿਂ ਕਿਸੁ ਮਹਿਂ' ਜਸੁ ਭਾਖਿ ਸੁਨਾਯੋ।
ਬਿਧੀ ਚੰਦ ਕੇ ਕਰਮ ਅਸੁ ਸੁਨਿ ਪਿਖਿ ਬਿਸਮਾਵੈ।
ਜਹਾਂ ਨ ਪਹੁੰਚਯੋ ਜਾਇ ਕਿਸ, ਤਤਛਿਨ ਤਹਿਂ ਜਾਵੈ॥ ੨੪॥

ਗੁਰੂ ਜੀ ਸੁਣ ਕੇ ਮੁਸਕਰਾਏ ਤੇ ਬੜਾ ਆਦਰ ਦੇ ਕੇ ਬਿਠਾਇਆ ਤੇ ਉਪਮਾ ਕਰਦਿਆਂ ਕਿਹਾ, "ਤੇਰੀ ਕੋਈ ਵੀ ਬਰਾਬਰੀ ਨਹੀਂ ਕਰ ਸਕਦਾ।" ਬਿਧੀ ਚੰਦ ਦੇ ਅਜਿਹੇ ਕੰਮ ਸੁਣ ਕੇ ਤੇ ਵੇਖ ਕੇ ਸਭ ਹੈਰਾਨ ਹੁੰਦੇ ਸਨ, ਜਿਥੇ ਕਿਸੇ ਪਾਸੋਂ ਪਹੁੰਚਿਆ ਨਹੀਂ ਸੀ ਜਾਂਦਾ, ਉਥੇ ਤੁਰਤ ਪਹੁੰਚ ਜਾਂਦਾ ਹੈ॥੨੪॥

ਜਬਿ ਸਤਿਗੁਰ ਮੰਦਿਰ ਗਏ ਸੁਠ ਪਲੰਘ ਸੁਹਾਏ।
ਸਕਲ ਬਿਭੂਖਨ ਨਾਨਕੀ ਤਬਿ ਆਨਿ ਦਿਖਾਏ।
'ਬਿਖਮ ਥਾਨ ਤੇ ਆਨ ਕਰਿ ਇਹ ਅਰਪਨ ਕੀਨੇ।
ਬੁਧਿ ਬਲ ਮੈਂ ਅਤਿ ਚਤੁਰ ਹੈ ਸਮ ਅਪਰ ਨ ਚੀਨੇ'॥ ੨੫॥

ਜਦ ਸਤਿਗੁਰੂ ਜੀ ਘਰ ਗਏ ਅਤੇ ਸੁੰਦਰ ਪਲੰਘ ਤੇ ਬੈਠ ਕੇ ਸ਼ੋਭ ਰਹੇ ਸਨ ਤਾਂ ਸ੍ਰੀ ਨਾਨਕੀ ਜੀ ਨੇ ਸਾਰੇ ਗਹਿਣੇ ਲਿਆ ਕੇ ਵਿਖਾਏ ਤੇ ਕਿਹਾ, "ਬੜੀ ਮੁਸ਼ਕਲ ਥਾਂ ਤੋਂ ਲਿਆ ਕੇ ਇਹ ਅਰਪਣ ਕੀਤੇ ਹਨ ਬੁੱਧੀ ਬਲ ਵਿਚ ਬੜਾ ਚਤੁਰ ਹੈ, ਇਸ ਦੇ ਬਰਾਬਰ ਹੋਰ ਕੋਈ ਨਹੀਂ ਵੇਖਿਆ ਹੈ"॥੨੫॥

ਸੁਨਿ ਕਰਿ ਸ੍ਰੀ ਸਤਿਗੁਰ ਕਹਯੋ 'ਇਸ ਕਰਮ ਬਿਸਾਲੇ।
ਹਯ ਲਜਾਵਨ ਅਚਰਜ ਕਰਯੋ ਬਿਚ ਮਾਨਵ ਜਾਲੇ।
ਨਹਿਂ ਆਵਤਿ ਕਹਿਬੇ ਬਿਖੈ ਕਯਾ ਕਹੈਂ ਸੁਨਾਈ'।
ਇੱਤਯਾਦਿਕ ਬਹੁ ਭਾਂਤਿ ਕੀ ਕਰਿ ਦਾਸ ਬਡਾਈ॥ ੨੬॥

ਇਹ ਸੁਣ ਕੇ ਸਤਿਗੁਰੂ ਜੀ ਨੇ ਕਿਹਾ, "ਇਸ ਦੇ ਕੰਮ ਬੜੇ ਮਹਾਨ ਹਨ, ਬਹੁਤ ਮਨੁੱਖਾਂ ਵਿਚ ਘੋੜੇ ਕੱਢ ਕੇ ਲਿਆ ਕੇ ਇਸ ਹੈਰਾਨ ਕਰ ਦਿੱਤਾ ਹੈ। ਇਸ ਦੇ ਕਰਮ ਕਹਿਣ ਵਿਚ ਨਹੀਂ ਆਉਂਦੇ, ਸੁਣਾ ਕੇ ਕੀ ਕਹੀਏ।" ਇੱਤਆਦਿ ਦਾਸ ਦੀ ਬਹੁਤ ਵਡਿਆਈ ਕੀਤੀ॥੨੬॥

ਦੇਖਿ ਬਿਭੂਖਨ ਨਾਨਕੀ ਨਹਿਂ ਪਹਿਰਨ ਚਾਹੇ।
ਅਪਨੇ ਉਚਿਤ ਨ ਚੀਨਿ ਕੈ ਕਹਿ ਭਰਤਾ ਪਾਹੇ।

ਪੈਂਦੇ ਖਾਂ ਕੀ ਭਾਰਜਾ ਕਹਿ ਨਿਕਟਿ ਬੁਲਾਈ।
ਬਹੁ ਮੋਲੇ ਤਤਛਿਨ ਦਿਏ ਲੈ ਕਰਿ ਹਰਿਖਾਈ॥ ੨੭॥

ਗਹਿਣੇ ਵੇਖ ਕੇ ਮਾਤਾ ਨਾਨਕੀ ਜੀ ਨੇ ਪਾਉਣੇ ਨਾ ਚਾਹੇ, ਆਪਣੇ ਯੋਗ ਨਾ ਵੇਖ ਕੇ ਪੈਂਦੇ ਖਾਂ ਦੀ ਪਤਨੀ ਨੂੰ ਆਪਣੇ ਪਾਸ ਬੁਲਾਇਆ ਤੇ ਸਾਰੇ ਕੀਮਤੀ ਗਹਿਣੇ ਉਸ ਨੂੰ ਦੇ ਦਿੱਤੇ ਜਿਹੜੀ ਲੈ ਕੇ ਬਹੁਤ ਪ੍ਰਸੰਨ ਹੋਈ॥੨੭॥

ਪੁਨ ਬਾਬਕ ਕੀ ਨਾਰਿ ਕੋ ਬਖਸ਼ੇ ਤਤਕਾਲਾ।
ਜਬਰ ਜਵਾਹਰ ਜਰੇ ਜਿਨ ਬਰ ਦਿਪਹਿਂ ਉਜਾਲਾ।
ਲੇਕਰਿ ਸੁਜਸੁ ਬਖਾਨਤੀ ਉਰ ਮੋਦ ਉਪਾਏ।
ਲਾਖਹੁ ਕੀਮਤ ਜਿਨਹੁਂ ਕੀ ਨਿਜ ਤਨ ਪਹਿਰਾਏ॥ ੨੮॥

ਫਿਰ ਬਾਬਕ ਰਬਾਬੀ ਦੀ ਇਸਤਰੀ ਨੂੰ ਤੁਰਤ ਬਖਸ਼ ਦਿੱਤੇ, ਜਿਹੜੇ ਹੀਰੇ ਜਵਾਹਰਾਤ ਨਾਲ ਜੜੇ ਹੋਏ ਬਹੁਤ ਚਮਕਦੇ ਸਨ। ਉਸ ਨੇ ਗਹਿਣੇ ਲੈ ਕੇ ਸ੍ਰੇਸ਼ਟ ਜੱਸ ਕੀਤਾ ਤੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਈ। ਲੱਖਾਂ ਰੁਪਏ ਜਿਸ ਦੀ ਕੀਮਤ ਸੀ, ਉਹ ਆਪਣੇ ਸਰੀਰ ਤੇ ਪਹਿਣ ਲਏ॥੨੮॥

ਇਸ ਪ੍ਰਕਾਰ ਕਰਤਾਰਪੁਰਿ ਕੇਤਿਕ ਦਿਨ ਟਾਰੇ।
ਸੁਨਿ ਸੁਨਿ ਆਵੈਂ ਸੰਗਤਾਂ ਚਹੁਂ ਦਿਸ਼ਿਨਿ ਨਿਹਾਰੇ।
ਮਨੋ ਕਾਮਨਾ ਪਾਇ ਕਰਿ ਗਨ ਭੇਟ ਚੜ੍ਹਾਵੈਂ।
ਦੇਸ਼ ਬਿਦੇਸ਼ਨ ਸਿੱਖ ਬਹੁ ਪੁਰਬਨਿ ਦਰਸਾਵੈਂ॥ ੨੯॥

ਇਸ ਪ੍ਰਕਾਰ ਕਰਤਾਰਪੁਰ ਵਿਚ ਕਾਫੀ ਦਿਨ ਬਤੀਤ ਕੀਤੇ, ਚਾਰੇ ਪਾਸਿਆਂ ਤੋਂ ਸੰਗਤਾਂ ਸੁਣ-ਸੁਣ ਕੇ ਆਉਂਦੀਆਂ ਸਨ ਤੇ ਦਰਸ਼ਨ ਕਰਦੀਆਂ ਸਨ। ਮਨੋਕਾਮਨਾਵਾਂ ਪਾ ਕੇ ਬਹੁਤ ਭੇਟਾਵਾਂ ਚੜ੍ਹਾਉਂਦੇ ਸਨ। ਦੇਸ਼ਾਂ ਵਿਦੇਸ਼ਾਂ ਦੀਆਂ ਸਿੱਖ ਸੰਗਤਾਂ ਤਿਉਹਾਰਾਂ ਤੇ ਦਰਸ਼ਨ ਕਰਨ ਆਉਂਦੀਆਂ ਸਨ॥੨੯॥

ਸਭਿ ਦਿਸ਼ਿ ਬਿਖੈ ਮਸੰਦ ਗਨ ਆਨਹਿਂ ਗੁਰ ਕਾਰਾ।
ਲਾਖਹੁਂ ਧਨ ਕੋ ਅਰਪਤੇ ਸਤਿਗੁਰ ਦਰਬਾਰਾ।
ਤਿਮ ਹੀ ਖਰਚ ਬਿਸਾਲ ਹ੍ਵੈ ਗੁਰ ਦੇਗ ਚਲਾਵੈਂ।
ਸੁਭਟਨਿ ਕੋ ਦੇ ਚਾਕਰੀ ਸਿਰੁਪਾਉ ਦਿਵਾਵੈਂ॥ ੩੦॥

ਸਾਰੇ ਪਾਸਿਆਂ ਤੋਂ ਮਸੰਦ ਗੁਰੂ ਜੀ ਦੀ ਕਾਰ ਲੈ ਕੇ ਆਉਂਦੇ ਸਨ ਤੇ ਲੱਖਾਂ ਰੁਪਈਆਂ ਦਾ ਧਨ ਸਤਿਗੁਰੂ ਜੀ ਦੇ ਦਰਬਾਰ ਵਿਚ ਅਰਪਣ ਕਰਦੇ ਸਨ। ਉਸ ਤਰ੍ਹਾਂ ਹੀ ਗੁਰੂ ਜੀ ਵਿਸ਼ਾਲ ਲੰਗਰ ਚਲਾਉਂਦੇ ਸਨ। ਸੂਰਮਿਆਂ ਨੂੰ ਤਨਖਾਹਾਂ ਦੇ ਕੇ ਸਰੋਪੇ ਦਵਾਉਂਦੇ ਸਨ॥੩੦॥

ਦੋਹਰਾ-ਇਸ ਬਿਧਿ ਗੁਰ ਘਰ ਕੇ ਖਰਚ ਨਿਤਪ੍ਰਤਿ ਹੋਤਿ ਬਿਸਾਲ।
ਤਿਮ ਹੀ ਆਵਤਿ ਦਰਬ ਬਹੁ ਪੂਰਹਿਂ ਗੁਰੂ ਕ੍ਰਿਪਾਲ॥ ੩੧॥

ਇਸ ਤਰ੍ਹਾਂ ਗੁਰੂ ਘਰ ਵਿਚ ਸਦਾ ਬਹੁਤ ਖਰਚਾ ਹੁੰਦਾ ਸੀ, ਉਸ ਤਰ੍ਹਾਂ ਹੀ ਬਹੁਤ ਧਨ ਕ੍ਰਿਪਾਲੂ ਗੁਰੂ ਜੀ ਪਾਸ ਆਉਂਦਾ ਸੀ॥੩੧॥

*ਅੱਠਵੀਂ ਰਾਸ ਦਾ ਤੀਸਰਾ ਅਧਿਆਇ ਸਮਾਪਤ ਹੋਇਆ॥੩॥*

# ਅਧਿਆਇ ਚੌਥਾ

## *ਬਿਧੀਚੰਦ ਤੇ ਬਾਲੂ ਹਸਨਾ*

ਦੋਹਰਾ- ਸਹਿਜ ਸੁਭਾਇਕ ਸਤਿਗੁਰੂ ਗਏ ਮਹਿਲ ਕੇ ਮਾਂਹਿ।
ਬਿਧੀਚੰਦ ਕੋ ਸੰਗ ਲੇ ਬੈਠੇ ਤਹਾਂ ਸੁਹਾਹਿ ॥ ੧ ॥

ਸਹਿਜ ਸੁਭਾਅ ਸਤਿਗੁਰੂ ਜੀ ਘਰ ਵਿਚ ਗਏ ਤੇ ਬਿਧੀ ਚੰਦ ਨੂੰ ਨਾਲ ਲੈ ਕੇ ਬੈਠੇ ਸ਼ੋਭ ਰਹੇ ਸਨ॥੧॥

ਚੌਪਈ- ਤਬਹਿ ਨਾਨਕੀ ਅਰੁ ਮਰਵਾਹੀ। ਬੈਠੀ ਆਇ ਬੰਦਿ ਕਰ ਪਾਹੀ।
ਮੁਸਕਾਵਤਿ ਬੂਝਤਿ ਗੁਰ ਸੰਗਾ। 'ਬਿਧੀਚੰਦ ਤੁਮਰੋ ਸਿਖ ਚੰਗਾ ॥ ੨ ॥

ਤਦ ਮਾਤਾ ਨਾਨਕੀ ਜੀ ਤੇ ਮਾਤਾ ਮਰਵਾਹੀ ਜੀ ਹੱਥ ਜੋੜ ਕੇ ਪਾਸ ਆ ਬੈਠੀਆਂ। ਮਾਤਾ ਨਾਨਕੀ ਜੀ ਨੇ ਮੁਸਕਰਾ ਕੇ ਗੁਰੂ ਜੀ ਪਾਸੋਂ ਪੁਛਿਆ, "ਬਿਧੀ ਚੰਦ ਤੁਹਾਡਾ ਚੰਗਾ ਸਿੱਖ ਹੈ॥੨॥

ਭਾ ਅਵਤਾਰ ਆਪ ਕੋ ਭਾਰਾ। ਕਲਿ ਮਹਿਂ ਕੁਟਿਲ ਕਰੇ ਨਿਸਤਾਰਾ।
ਬਨਜੋ ਸਿੱਖ ਰਾਵਰ ਕੋ ਆਇ। ਤਊ ਸੁਭਾਵ ਨ ਪਲਟਜੋ ਜਾਇ ॥ ੩ ॥

ਆਪ ਜੀ ਦਾ ਭਾਰੀ ਅਵਤਾਰ ਹੋਇਆ ਹੈ, ਕਲਿਜੁਗ ਵਿਚ ਕਪਟੀਆਂ ਦਾ ਵੀ ਉਧਾਰ ਕਰਦੇ ਹੋ। ਇਹ ਆ ਕੇ ਤੁਹਾਡਾ ਸਿੱਖ ਬਣਿਆ ਹੈ, ਫਿਰ ਵੀ ਇਸ ਦਾ ਸੁਭਾਵ ਨਹੀਂ ਬਦਲਿਆ ਹੈ॥੩॥

ਚੋਰੀ ਕਰਤਿ ਹੇਤੁ ਉਪਕਾਰੇ। ਗੁਰ ਕੇ ਕਾਰਜ ਅਨਿਕ ਸੁਧਾਰੇ'।
'ਬਿਧੀਚੰਦ ਭਾਈ! ਹਿਤ ਧਰੇ। ਅਪਰ ਕਰਮ ਜੋ ਕਿਛ ਤੈਂ ਕਰੈ ॥ ੪ ॥

ਉਪਕਾਰ ਵਾਸਤੇ ਚੋਰੀ ਕਰਦਾ ਹੈ ਤੇ ਗੁਰੂ ਜੀ ਦੇ ਅਨੇਕ ਕਾਰਜ ਸੁਧਾਰਦਾ ਹੈ"। ਮਾਤਾ ਮਰਵਾਹੀ ਜੀ ਨੇ ਕਿਹਾ, "ਹੇ ਭਾਈ ਬਿਧੀ ਚੰਦ! ਹਿਤ ਧਾਰ ਕੇ ਜਿਹੜੇ ਤੂੰ ਹੋਰ ਕੁਝ ਕੰਮ ਕੀਤੇ ਹਨ॥੪॥

ਕਰਹੁ ਸੁਨਾਵਨਿ ਹਮ ਕੋ ਸੋਇ। ਜਿਨ ਸੁਨਿਬੇ ਮਨ ਅਚਰਜ ਹੋਇ।
ਤੋਹਿ ਸਮਾਨ ਸੁਨਜੋ ਨਹਿਂ ਕਾਨਾ। ਕਿਮ ਦੇਖਨਿ ਮਹਿਂ ਆਵਹਿ ਜਾਨਾ ॥੫ ॥

ਉਹ ਸਾਰੇ ਸਾਨੂੰ ਸੁਣਾਓ, ਜਿਨ੍ਹਾਂ ਨੂੰ ਸੁਣ ਕੇ ਮਨ ਹੈਰਾਨ ਹੁੰਦਾ ਹੈ। ਤੇਰੇ ਵਰਗਾ ਕੋਈ ਹੋਰ ਕੰਨੀ ਨਹੀਂ ਸੁਣਿਆ, ਵੇਖਣ ਅਤੇ ਜਾਣਨ ਵਿਚ ਕਿਵੇਂ ਆਉਣਾ ਸੀ॥੫॥

ਤੁਝ ਸਮ ਇਕ ਤੁਝਹੀ ਕਉ ਜਾਨਾ। ਅਪਰ ਕਰਜੋ ਸੋ ਕਰਹੁ ਬਖਾਨਾ'।
ਸੁਨਿ ਬਿਧੀਏ ਕਰ ਜੋਰਿ ਸੁਨਾਯੋ। 'ਸੁਨਹੁ ਮਾਤ! ਇਕ ਕਰਮ ਕਮਾਯੋ ॥੬ ॥

ਤੇਰੇ ਵਰਗਾ ਇਕ ਤੈਨੂੰ ਹੀ ਜਾਣਿਆ ਹੈ, ਹੋਰ ਜਿਹੜੇ ਤੂੰ ਕੰਮ ਕੀਤੇ ਹਨ, ਉਨ੍ਹਾਂ ਦਾ ਵਰਣਨ ਕਰੋ।" ਇਹ ਸੁਣ ਕੇ ਬਿਧੀ ਚੰਦ ਨੇ ਹੱਥ ਜੋੜ ਕੇ ਸੁਣਾਇਆ, "ਹੇ ਮਾਤਾ ਜੀ! ਸੁਣੋ, ਮੈਂ ਇਕ ਕਰਮ ਕਮਾਇਆ ਹੈ॥੬॥

ਸ੍ਰੀ ਅਰਜਨ ਮੁਝ ਸੰਗ ਉਚਾਰਾ। 'ਤੁਵ ਸਿਰ ਚੋਰੀ ਲੇਖ ਉਦਾਰਾ।
ਜੇ ਅਬਿ ਚਹਹੁ ਕਰਹੁ ਉਪਕਾਰਾ। ਪਰ ਧਨ ਆਪ ਨ ਲਿਹੁ ਕਰ ਧਾਰਾ ॥੭ ॥

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮੈਨੂੰ ਕਿਹਾ ਸੀ, "ਤੇਰੇ ਲੇਖਾਂ ਵਿਚ ਚੋਰੀ ਦਾ ਵੱਡਾ ਕਰਮ ਹੈ, ਜੇ ਹੁਣ ਚੋਰੀ ਕਰਨਾ ਚਾਹੁੰਦੇ ਹੋ ਤਾਂ ਪਰਉਪਕਾਰ ਵਾਸਤੇ ਚੋਰੀ ਕਰੋ ਤੇ ਪਰਾਏ ਧਨ ਨੂੰ ਲੈ ਕੇ ਆਪਣੇ ਹੱਥ ਵਿਚ ਨਾ ਧਾਰਨ ਕਰੋ।"

ਇਮ ਸੁਨਿ ਮੈਂ ਇਕ ਕੇ ਘਰ ਗਯੋ। ਤਿਨ ਕੋ ਬਹੁ ਦਾਰਿਦ ਪਿਖਿ ਲਯੋ।
ਦੰਪਤਿ ਬੈਠੇ ਬਹੁ ਮੁਰਝਾਏ। ਏਕ ਸਮੈ ਦਿਨ ਨਹਿਂ ਤ੍ਰਿਪਤਾਏ॥ ੮॥

ਇਹ ਸੁਣ ਕੇ ਮੈਂ ਇਕ ਮਨੁੱਖ ਦੇ ਘਰ ਗਿਆ, ਉਨ੍ਹਾਂ ਨੂੰ ਮੈਂ ਬਹੁਤ ਗਰੀਬ ਵੇਖਿਆ। ਪਤੀ ਪਤਨੀ ਬਹੁਤ ਉਦਾਸ ਬੈਠੇ ਸਨ, ਦਿਨ ਵਿਚ ਇਕ ਵਾਰ ਵੀ ਰੱਜ ਕੇ ਰੋਟੀ ਨਸੀਬ ਨਹੀਂ ਸੀ ਹੁੰਦੀ॥੮॥

ਇਕ ਕੰਨਜਾਂ ਤਿਨ ਕੇ ਘਰ ਮਾਂਹੀ। ਬਰ ਪ੍ਰਾਪਤਿ ਧਨ ਬਿਨ ਨਹਿਂ ਬਯਾਹੀ।
ਨਿਤ ਚਿੰਤਾ ਮਹਿਂ ਰਹੈਂ ਬਿਸੂਰਤਿ। ਰਹੈਂ ਸਥਿਰ ਜਿਮ ਪਾਹਿਨ ਮੂਰਤਿ॥ ੯॥

ਉਨ੍ਹਾਂ ਦੇ ਘਰ ਵਿਚ ਇਕ ਕੰਨਿਆ ਸੀ, ਉਹ ਵਰ ਪ੍ਰਾਪਤ ਸੀ, ਪਰ ਧਨ ਨਾ ਹੋਣ ਕਰਕੇ ਵਿਆਹੀ ਨਹੀਂ ਸੀ। ਚਿੰਤਾ ਵਿਚ ਸਦਾ ਮੁਰਝਾਏ ਰਹਿੰਦੇ ਸਨ ਤੇ ਪੱਥਰ ਦੀ ਮੂਰਤੀ ਵਾਂਗ ਟਿਕੇ ਰਹਿੰਦੇ ਸਨ॥੯॥

ਤਿਨਕੋ ਦੇਖਿ ਦਯਾ ਮੁਹਿ ਆਈ। 'ਮੈਂ ਦੈਹੋਂ ਧਨੁ' ਗਿਰਾ ਸੁਨਾਈ।
'ਜਿਸਤੇ ਕੰਨਜਾਂ ਕੋ ਹੁਇ ਬਯਾਹੁ। ਅਰੁ ਬੈਠੇ ਭੋਜਨ ਲਿਹੁ ਖਾਹੁ' ॥ ੧੦॥

ਉਨ੍ਹਾਂ ਨੂੰ ਵੇਖ ਕੇ ਮੈਨੂੰ ਦਇਆ ਆਈ, "ਮੈਂ ਤੁਹਾਨੂੰ ਧਨ ਦੇਵਾਂਗਾ" ਮੈਂ ਉਨ੍ਹਾਂ ਨੂੰ ਸੁਣਾ ਕੇ ਕਿਹਾ, "ਜਿਸ ਨਾਲ ਕੰਨਿਆ ਦਾ ਵਿਆਹ ਹੋ ਜਾਵੇਗਾ ਤੇ ਤੁਸੀਂ ਵੀ ਬੈਠੇ-ਬੈਠੇ ਭੋਜਨ ਖਾਵੋਗੇ" ॥੧੦॥

ਤਿਸ ਪੁਰਿ ਮਹਿਂ ਇਕ ਘਰ ਚਲਿ ਗਯੋ। ਬ੍ਰਿੰਦ ਮੇਲ ਤਹਿਂ ਦੇਖਤਿ ਭਯੋ।
ਮਿਲਯੋ ਨਰਨ ਮਹਿਂ ਅੰਤਰ ਬਰਯੋ। ਹੁਤੋ ਬਯਾਹੁ ਸਭਿ ਦੇਖਨਿ ਕਰਯੋ॥੧੧॥

ਉਸ ਨਗਰ ਵਿਚ ਮੈਂ ਇਕ ਘਰ ਚਲ ਕੇ ਗਿਆ, ਬਹੁਤ ਮੇਲ ਉਥੇ ਇਕੱਠਾ ਹੋਇਆ ਸੀ। ਮੈਂ ਅੰਦਰ ਵੜ ਕੇ ਮਨੁੱਖਾਂ ਵਿਚ ਮਿਲ ਗਿਆ, ਵਿਆਹ ਹੋ ਰਿਹਾ ਸੀ ਤੇ ਸਭ ਵੇਖ ਰਹੇ ਸਨ॥੧੧॥

ਤਬਿ ਬਰਾਤ ਅੰਤਰ ਬੁਲਵਾਈ। ਤਿਹ ਭੋਜਨ ਕਰਿ ਪਾਂਤਿ ਬਿਠਾਈ।
ਤਹਿਂ ਮੈਂ ਭਯੋ ਪਰੋਸਨ ਵਾਰਾ। ਭਰਯੋ ਟੋਕਰਾ ਲਯਾਉਂ ਅਹਾਰਾ॥ ੧੨॥

ਫਿਰ ਬਰਾਤ ਨੂੰ ਅੰਦਰ ਬੁਲਾਇਆ ਗਿਆ, ਉਨ੍ਹਾਂ ਨੂੰ ਭੋਜਨ ਕਰਵਾਉਣ ਵਾਸਤੇ ਪੰਗਤ ਵਿਚ ਬਿਠਾਇਆ। ਉਨ੍ਹਾਂ ਨੂੰ ਮੈਂ ਭੋਜਨ ਪਰੋਸਣ ਵਾਲਾ ਬਣ ਗਿਆ। ਟੋਕਰਾ ਭਰ ਕੇ ਰੋਟੀਆਂ ਦਾ ਲਿਆਇਆ॥੧੨॥

ਤਬਿ ਮੈਂ ਲੈ ਪਕਵਾਨ ਘਨੇਰਾ। ਗਯੋ ਨਿਕਸਿ ਕਰਿ ਕਿਨਹੁਂ ਨ ਹੇਰਾ।
ਤਿਨ ਛੁਧਿਤਨਿ ਕੋ ਦੀਨਸਿ ਆਨਿ। ਲੇ ਹਰਿਖਾਇ ਸੁ ਕੀਨਸਿ ਖਾਨ॥੧੩॥

ਫਿਰ ਬਹੁਤ ਪਕਵਾਨ ਲਿਆ ਤੇ ਲੈ ਕੇ ਨਿਕਲ ਗਿਆ, ਕਿਸੇ ਵੀ ਨਾ ਵੇਖਿਆ। ਉਨ੍ਹਾਂ ਭੁਖਿਆਂ ਨੂੰ ਆ ਕੇ ਭੋਜਨ ਦਿੱਤਾ, ਭੋਜਨ ਲੈ ਕੇ ਬੜੇ ਪ੍ਰਸੰਨ ਹੋ ਕੇ ਉਨ੍ਹਾਂ ਨੇ ਖਾਧਾ॥੧੩॥

ਅਪਰ ਵਸਤੁ ਕੁਛ ਹਾਥ ਨ ਆਈ। ਜਾਇ ਅਪਰ ਘਰ ਸੰਨ੍ਹ ਲਗਾਈ।
ਅੰਤਰ ਬਰਯੋ ਚੁਬਾਰੇ ਚਰਯੋ। ਬੈਠਯੋ ਬਨੀਆ ਤਹਾਂ ਨਿਹਰਯੋ॥ ੧੪॥

ਜਦ ਕੋਈ ਹੋਰ ਵਸਤੂ ਹੱਥ ਨਾ ਆਈ ਤਾਂ ਕਿਸੇ ਹੋਰ ਘਰ ਜਾ ਕੇ ਸੰਨ੍ਹ ਲਾਈ। ਅੰਦਰ ਵੜ ਕੇ ਚੁਬਾਰੇ ਚੜ੍ਹਿਆ ਤਾਂ ਉਥੇ ਇਕ ਬਾਣੀਏ ਨੂੰ ਵੇਖਿਆ॥੧੪॥

ਰੁਜਨਾਵੇ ਲੇਖੇ ਕੀ ਬਿਧੀ। ਰਹਜੋ ਜੋਰਿ ਹੋਵਤਿ ਨਹਿ ਸਿਧੀ।
ਤੀਨ ਜਾਮ ਜਾਮਨਿ ਬਿਤ ਗਈ। ਗਿਨਤਿ ਮੰਦਮਤਿ ਤਜਾਗਿ ਨ ਦਈ॥੧੫॥

ਉਹ ਰੋਜ਼ਨਾਮਚੇ ਦੀ ਵਹੀ ਦੇ ਲੇਖੇ ਦੀ ਬਾਕੀ ਮੇਲ ਰਿਹਾ ਸੀ ਪਰ ਵਿਧੀ ਮਿਲਦੀ ਨਹੀਂ ਸੀ। ਤਿੰਨ ਪਹਿਰ ਰਾਤ ਬੀਤ ਗਈ, ਪਰ ਮਾੜੀ ਮੱਤ ਵਾਲੇ ਨੇ ਗਿਣਤੀ ਨਾ ਛੱਡੀ॥੧੫॥

ਜਾਗਤਿ ਇਸਤ੍ਰੀ ਬਜਾਕੁਲ ਹੋਈ। ਦੂਧ ਕਟੋਰਾ ਭਰਿ ਕਰਿ ਸੋਈ।
ਢਿਗ ਹੁਇ ਕਹਿ ਸਮੁਝਾਵਨ ਕਾਜ। ਖਾਇ ਨ ਪੀਓ ਤੈਂ ਕਿਛੁ ਆਜ॥੧੬॥

ਜਾਗਦੀ ਇਸਤਰੀ ਵਿਆਕੁਲ ਹੋ ਗਈ, ਦੁੱਧ ਦਾ ਛੰਨਾ ਭਰ ਕੇ, ਸਮਝਾਉਣ ਵਾਸਤੇ ਉਸ ਦੇ ਪਾਸ ਗਈ ਤੇ ਕਿਹਾ, 'ਤੁਸੀਂ ਅੱਜ ਕੁਝ ਖਾਧਾ ਪੀਤਾ ਨਹੀਂ ਹੈ॥੧੬॥

ਜੇ ਅਬਿ ਤੁਝ ਤੇ ਜਾਇ ਨ ਦੇਖਾ। ਤਜਾਗਿ ਦੇਹੁ ਪੁਨ ਕੀਜਹਿ ਲੇਖਾ।
ਸੁਨਤਿ ਬਾਕ ਕੋ ਰਿਸ ਤੇ ਰਾਚਾ। ਨਿਜ ਇਸਤ੍ਰੀ ਕੋ ਹਤਸਿ ਤਮਾਚਾ॥੧੭॥

ਜੇ ਹੁਣ ਤੇਰੇ ਪਾਸੋਂ ਵੇਖਿਆ ਨਹੀਂ ਜਾਂਦਾ, ਇਸ ਨੂੰ ਛੱਡ ਦੇਵੇਂ ਤੇ ਫਿਰ ਲੇਖਾ ਕਰ ਲਵੇਂ।" ਉਸ ਦੀ ਗੱਲ ਸੁਣ ਕੇ ਉਹ ਗੁੱਸੇ ਵਿਚ ਭਰ ਗਿਆ ਤੇ ਆਪਣੀ ਇਸਤਰੀ ਦੇ ਉਸ ਥੱਪੜ ਮਾਰਿਆ॥੧੭॥

ਭਈ ਕ੍ਰੋਧ ਧਰ ਗੇਰਿ ਕਟੋਰਾ। ਦੂਧ ਬਿਥਾਰਜੋ ਪਤਿ ਕੀ ਓਰਾ।
ਕਹਜੋ 'ਸੂਮ ਤੂੰ ਭਯੋ ਮਹਾਨੇ। ਦੇਵ ਪਿਤਰ ਕਿਸਹੂੰ ਨਹਿ ਮਾਨੇ॥੧੮॥

ਉਹ ਦੁੱਧ ਦਾ ਛੰਨਾ ਸੁਟ ਕੇ ਬੜੇ ਗੁੱਸੇ ਵਿਚ ਆ ਗਈ ਤੇ ਦੁੱਧ ਨੂੰ ਪਤੀ ਵਾਲੇ ਪਾਸੇ ਖਿਲਾਰ ਦਿੱਤਾ ਤੇ ਕਿਹਾ, 'ਤੂੰ ਵੱਡਾ ਸੂਮ ਹੈਂ, ਦੇਵਤੇ ਪਿੱਤਰ ਕਿਸੇ ਨੂੰ ਨਹੀਂ ਮੰਨਦਾ ਹੈਂ॥੧੮॥

ਇਕ ਦਮਰੀ ਪਰ ਰਾਤਿ ਗੁਜਾਰੀ। ਸਮੁਝਾਯੋ ਤੇ ਰਿਸ ਕਰਿ ਮਾਰੀ'।
ਇਮ ਕਹਿ ਰੁਦਤਿ ਹੋਇ ਦੁਖਿਆਰੀ। ਸੁਪਤੀ ਜਾਇ ਨੀਂਦ ਲੇ ਭਾਰੀ॥੧੯॥

ਇਕ ਦਮੜੀ ਵਾਸਤੇ ਸਾਰੀ ਰਾਤ ਗੁਜ਼ਾਰ ਦਿੱਤੀ ਹੈ, ਜੇ ਸਮਝਾਇਆ ਹੈ ਤਾਂ ਗੁੱਸੇ ਵਿਚ ਆ ਕੇ ਚਪੇੜ ਮਾਰੀ ਹੈ।" ਇਹ ਕਹਿ ਕੇ ਦੁਖੀ ਹੋ ਕੇ ਰੋਣ ਲੱਗੀ ਤੇ ਜਾ ਕੇ ਸੌਂ ਕੇ ਭਾਰੀ ਨੀਂਦ ਲਈ॥੧੯॥

ਭਈ ਕਲਹ, ਬਨੀਏ ਦੁਖ ਪਾਯਹੁ। ਤਜੀ ਵਹੀ ਤਿਹ ਠਾਂ ਸੁਪਤਾਯਹੁ।
ਜਬ ਦੋਨ ਕਹੁ ਸੁਧਿ ਨਹਿ ਰਹੀ। ਦੁਰਜੋ ਏਕ ਥਲ ਮੈਂ ਸਭਿ ਲਹੀ॥੨੦॥

ਘਰ ਵਿਚ ਕਲਹਾ ਪੈ ਗਈ, ਬਾਣੀਏਂ ਨੇ ਬੜਾ ਦੁਖ ਪਾਇਆ, ਵਹੀ ਨੂੰ ਛੱਡ ਕੇ ਉਥੇ ਹੀ ਸੌਂ ਗਿਆ। ਜਦ ਦੋਵਾਂ ਨੂੰ ਸੋਝੀ ਨਾ ਰਹੀ, ਇਕ ਥਾਂ ਲੁਕ ਕੇ ਮੈਂ ਸਭ ਕੁਝ ਵੇਖਿਆ॥੨੦॥

ਜਾਇ ਚੁਬਾਰੇ ਮਹਿ ਬਰਿ ਗਯੋ। ਧਰਜੋ ਸੰਦੂਖ ਨਿਹਾਰਤਿ ਭਯੋ।
ਕਰਿ ਬਲ ਕੋ ਬਹੁ ਤੋਰਜੋ ਤਾਰਾ। ਤਾਕੀ ਖੋਲਿ ਬੀਚ ਕਰ ਡਾਰਾ॥੨੧॥

ਮੈਂ ਜਾ ਕੇ ਚੁਬਾਰੇ ਵਿਚ ਵੜ ਗਿਆ, ਇਕ ਸੰਦੂਕ ਧਰਿਆ ਹੋਇਆ ਵੇਖਿਆ। ਜ਼ੋਰ ਲਾ ਕੇ ਤਾਲਾ ਤੋੜ ਦਿੱਤਾ ਤੇ ਸੰਦੂਕ ਖੋਲ੍ਹ ਕੇ ਵਿਚ ਹੱਥ ਪਾਇਆ॥੨੧॥

ਥੈਲੀ ਧਨ ਕੀ ਲਾਗਸਿ ਹਾਥ। ਲੈ ਕਰਿ ਮੈਂ ਤੂਰਨਤਾ ਸਾਥ।
ਨਿਕਸਜੋ ਵਹਿਰ ਗਯੋ ਘਰ ਤਿਨ ਕੇ। ਦੀਰਘ ਦਾਰਿਦ ਹੁਤੋ ਸੁ ਜਿਨ ਕੇ॥੨੨॥

ਧਨ ਦੀ ਥੈਲੀ ਮੇਰੇ ਹੱਥ ਲੱਗੀ, ਥੈਲੀ ਲੈ ਕੇ ਮੈਂ ਬੜੀ ਛੇਤੀ ਨਾਲ ਬਾਹਰ ਨਿਕਲ ਗਿਆ ਤੇ ਉਨ੍ਹਾ ਦੇ ਘਰ ਵੱਲ ਗਿਆ ਜਿਨ੍ਹਾਂ ਦੇ ਘਰ ਵਿਚ ਵੱਡੀ ਗਰੀਬੀ ਸੀ॥੨੨॥

ਸੁਪਤਿ ਪਰੇ ਦੰਪਤਿ ਕੋ ਦੇਖਿ। ਕਰੇ ਜਗਾਵਨ ਦੁਖੀ ਪਰੇਖਿ।
ਸਰਬ ਦਰਬ ਕੋ ਦੇ ਕਰਿ ਆਯੋ। ਸ੍ਰੀ ਅਰਜਨ ਕੋ ਆਨਿ ਸੁਨਾਯੋ॥ ੨੩॥

ਦੰਪਤੀ ਨੂੰ ਸੁੱਤੇ ਪਏ ਵੇਖ ਕੇ ਮੈਂ ਜਗਾਇਆ, ਜਿਹੜੇ ਬੜੇ ਦੁੱਖੀ ਸਨ ਤੇ ਸਾਰਾ ਧਨ ਉਨ੍ਹਾਂ ਨੂੰ ਦੇ ਆਇਆ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਮੈਂ ਆ ਕੇ ਸੁਣਾਇਆ॥੨੩॥

ਗੁਰ ਪ੍ਰਸੰਨ ਮਨ, ਸਿਰ ਕਰ ਧਰਯੋ। ਕਰਯੋ 'ਲੇਖ ਚੋਰੀ ਅਬਿ ਟਰਯੋ।
ਗੁਰ ਘਰ ਕੇ ਬਹੁ ਕਾਜ ਸੁਧਾਰਹਿ। ਆਪ ਤਰੈਂ ਅਵਰਨ ਕੋ ਤਾਰਹਿਂ ॥੨੪॥

ਗੁਰੂ ਜੀ ਨੇ ਪ੍ਰਸੰਨ ਹੋ ਕੇ, ਮੇਰੇ ਸਿਰ ਤੇ ਹੱਥ ਧਰਿਆ ਤੇ ਕਿਹਾ, "ਚੋਰੀ ਦਾ ਲੇਖਾ ਹੁਣ ਮਿਟ ਗਿਆ ਹੈ, ਗੁਰੂ ਘਰ ਦੇ ਬਹੁਤ ਕਾਰਜ ਸੁਧਾਰੇਂਗਾ, ਆਪ ਤਰੇਂਗਾ ਤੇ ਹੋਰਨਾਂ ਨੂੰ ਤਾਰੇਂਗਾ" ॥੨੪॥

*ਨੋਟ : ਚੋਰੀ ਦਾ ਲੇਖ ਮੇਟ ਦੇਣਾ ਤਾਂ ਗੁਰੂ ਜੀ ਦਾ ਧਰਮ ਹੈ, ਪਰ ਪਰਉਪਕਾਰ ਵਾਸਤੇ ਚੋਰੀ ਦੀ ਛੋਤ ਦੇਣੀ ਅਸੰਭਵ ਹੈ, ਗੁਰੂ ਜੀ ਦੀ ਸਿਖਿਆ ਇਸ ਦੇ ਉਲਟ ਹੈ।*

ਇਮ ਸਤਿਗੁਰ ਕੋ ਬਰ ਹੈ ਮੋਹੀ। ਬਡੇ ਭਾਗ ਕਰਿ ਮਿਲਿਬੋ ਹੋਹੀ।
ਕਰੀ ਕ੍ਰਿਪਾ ਗਨ ਪਾਪ ਨਿਵਾਰੇ। ਅਪਨੇ ਚਰਨ ਲਾਇ ਨਿਸਤਾਰੇ' ॥ ੨੫॥

ਇਸ ਤਰ੍ਹਾਂ ਸਤਿਗੁਰੂ ਜੀ ਦਾ ਮੈਨੂੰ ਵਰ ਹੈ, ਵੱਡੇ ਭਾਗ ਕਰਕੇ ਹੀ ਅਜਿਹਾ ਵਰ ਮਿਲਦਾ ਹੈ, ਕਿਰਪਾ ਕਰਕੇ ਕਈ ਪਾਪਾਂ ਨੂੰ ਦੂਰ ਕੀਤਾ ਹੈ ਤੇ ਆਪਣੇ ਚਰਨਾਂ ਨਾਲ ਲਾ ਕੇ ਮੇਰਾ ਉਧਾਰ ਕੀਤਾ ਹੈ" ॥੨੫॥

ਸੁਨਿ ਗੁਰ ਪਤਨੀ ਅਚਰਜ ਲਹਯੋ। 'ਸਾਧ ਸਾਧ' ਬਿਧੀਏ ਕਹੁ ਕਹਯੋ।
ਕਿਤਿਕ ਕਾਲ ਬੈਠਯੋ ਦਰਸਾਯੋ। ਪੁਨ ਉਠਿ ਕਰਿ ਨਿਜ ਥਲ ਚਲਿ ਆਯੋ ॥੨੬॥

ਗੁਰੂ ਜੀ ਦੀਆਂ ਪਤਨੀਆਂ ਸੁਣ ਕੇ ਬਹੁਤ ਹੈਰਾਨ ਹੋਈਆਂ ਤੇ "ਸ਼ਾਬਾਸ਼ ਸ਼ਾਬਾਸ਼" ਬਿਧੀ ਚੰਦ ਨੂੰ ਕਿਹਾ। ਗੁਰੂ ਜੀ ਨੇ ਕੁਝ ਸਮਾਂ ਉਥੇ ਬੈਠ ਕੇ ਦਰਸ਼ਨ ਦਿੱਤੇ, ਫਿਰ ਉਠ ਕੇ ਆਪਣੇ ਥਾਂ ਚਲ ਕੇ ਆ ਗਏ॥੨੬॥

ਖਾਨ ਪਾਨ ਕਰਿ ਨਿਸਾ ਬਿਤਾਈ। ਜਾਗੇ ਪ੍ਰਭੁ ਪ੍ਰਭਾਤਿ ਹੁਇ ਆਈ।
ਸ਼ੌਚ ਸ਼ਨਾਨ ਠਾਨਿ ਗੁਰ ਪੂਰੇ। ਬੈਠਹਿਂ ਪੁਨ ਦਿਵਾਨ ਗਨ ਸੂਰੇ॥ ੨੭॥

ਖਾ ਪੀ ਕੇ ਰਾਤ ਬਤੀਤ ਕੀਤੀ, ਜਦ ਪ੍ਰਭਾਤ ਹੋਈ ਤਾਂ ਗੁਰੂ ਜੀ ਜਾਗ ਪਏ। ਪੂਰਨ ਗੁਰੂ ਜੀ ਨੇ ਸ਼ੌਚ ਇਸ਼ਨਾਨ ਕੀਤਾ, ਫਿਰ ਸੂਰਮਿਆਂ ਦਾ ਦੀਵਾਨ ਲਾ ਕੇ ਬੈਠ ਗਏ॥੨੭॥

ਇਕ ਬਾਲੂ ਸਿਖ ਸੇਵਾ ਲਾਗਯੋ। ਪ੍ਰੇਮ ਪਾਇ ਪੰਕਜ ਕੇ ਪਾਗਯੋ।
ਜਬਿ ਗੁਰ ਚਢਿ ਕਰਿ ਕਿਤਹੁਂ ਸਿਧਾਵੈਂ। ਅੱਗ੍ਰ ਤੁਰੰਗਮ ਦੌਰਯੋ ਜਾਵੈ॥੨੮॥

ਇਕ ਬਾਲੂ ਨਾਮੀ ਸਿੱਖ ਸੇਵਾ ਕਰਨ ਲੱਗਾ, ਪ੍ਰੇਮ ਨਾਲ ਗੁਰੂ ਜੀ ਦੇ ਚਰਨ ਕੰਵਲਾਂ ਵਿਚ ਮਗਨ ਹੋ ਗਿਆ। ਜਦ ਗੁਰੂ ਜੀ ਸਵਾਰ ਹੋ ਕੇ ਕਿਤੇ ਜਾਂਦੇ ਸਨ ਤਾਂ ਘੋੜੇ ਦੇ ਅੱਗੇ ਅੱਗੇ ਭੱਜਾ ਜਾਂਦਾ ਸੀ॥੨੮॥

ਖੇਦ ਨ ਮਾਨਹਿ ਦੂਰ ਸਿਧਾਰੈ। ਜਾਇ ਤਹਾਂ ਗੁਰ ਜਹਾਂ ਪਧਾਰੈਂ।
ਸ੍ਰੀ ਹਰਿਗੋਵਿੰਦ ਕੋ ਮੁਖ ਹੇਰਹਿ। ਹਸਹਿ ਅਧਿਕ ਹੁਇ ਖੁਸ਼ੀ ਘਨੇਰਹਿ ॥੨੯॥

ਦੁਖ ਨਹੀਂ ਸੀ ਮੰਨਦਾ ਜੇ ਦੂਰ ਚਲੇ ਜਾਂਦੇ ਸਨ, ਜਿਥੇ ਵੀ ਗੁਰੂ ਜੀ ਪਧਾਰਦੇ ਸਨ, ਉਥੇ ਹੀ ਚਲੇ ਜਾਂਦਾ ਸੀ। ਸ੍ਰੀ ਹਰਿਗੋਬਿੰਦ ਜੀ ਦੇ ਮੁੱਖ ਨੂੰ ਵੇਖਦਾ ਸੀ ਤੇ ਬਹੁਤ ਪ੍ਰਸੰਨ ਹੋ ਕੇ ਹੱਸਦਾ ਸੀ॥੨੯॥

ਬੈਠਤਿ ਚਲਤਿ ਸਮੁਖ ਜਬਿ ਹੋਇ। ਹਸਹਿ ਬਦਨ ਤੇ ਹਰਖਤਿ ਸੋਇ।
ਧਰਜੋ ਨਾਮ ਤਬਿ ਗੁਰ ਨਿਜ ਰਸਨਾ। 'ਭਯੋ ਆਜ ਤੇ ਬਾਲੂ ਹਸਨਾ' ॥੩੦॥

ਬੈਠੇ ਚਲਦੇ ਜਦ ਸਾਹਮਣੇ ਹੁੰਦੇ ਸਨ ਤਾਂ ਪ੍ਰਸੰਨ ਹੋ ਕੇ ਹੱਸਦਾ ਸੀ। ਗੁਰੂ ਜੀ ਨੇ ਫਿਰ ਆਪਣੀ ਰਸਨਾ ਨਾਲ ਉਸ ਦਾ ਨਾਂ ਰੱਖ ਦਿੱਤਾ ਤੇ ਕਿਹਾ, ''ਅਜ ਤੋਂ ਤੂੰ ਬਾਲੂ ਹਸਨਾ ਹੋ ਗਿਆ ਹੈਂ'' ॥੩੦॥

ਤਿਸ ਦਿਨ ਤੇ ਤਿਸ ਕੋ ਗੁਰ ਕਹੋ। 'ਅਬਿ ਗੁਰਦਿੱਤੇ ਕੇ ਸੰਗ ਰਹੋ'।
ਮਾਨਜੋ ਬਾਕ ਪ੍ਰੇਮ ਮਨ ਰੰਗ। ਰਹਨਿ ਲਗਜੋ ਗੁਰ ਨੰਦਨ ਸੰਗ॥ ੩੧॥

ਉਸ ਦਿਨ ਤੋਂ ਗੁਰੂ ਜੀ ਨੇ ਉਸ ਨੂੰ ਕਹਿ ਦਿੱਤਾ, ''ਹੁਣ ਸ੍ਰੀ ਗੁਰਦਿੱਤੇ ਦੇ ਨਾਲ ਰਹੋ।'' ਮਨ ਵਿਚ ਪ੍ਰੇਮ ਨਾਲ ਰੰਗੇ ਹੋਏ ਨੇ ਗੁਰੂ ਜੀ ਦੇ ਬਚਨ ਮੰਨ ਲਏ ਤੇ ਫਿਰ ਗੁਰੂ ਜੀ ਦੇ ਪੁੱਤਰ ਨਾਲ ਰਹਿਣ ਲੱਗਾ॥੩੧॥

ਚਢੈ ਵਹਿਰ ਤਬਿ ਆਗੈ ਧਾਵਹਿ। ਜਹਿਂ ਪਹੁੰਚਹਿ ਚਲਿ ਤਹਾਂ ਸਿਧਾਵੈ।
ਇਕ ਦਿਨ ਸ੍ਰੀ ਗੁਰਦਿੱਤਾ ਗਏ। ਬਨ ਅਖੇਰ ਕੋ ਖੇਲਤਿ ਭਏ॥ ੩੨॥

ਜਦ ਸਵਾਰ ਹੋ ਕੇ ਬਾਹਰ ਜਾਂਦੇ ਸਨ ਤਾਂ ਅੱਗੇ-ਅੱਗੇ ਭਜਦਾ ਸੀ, ਜਿਥੇ ਵੀ ਸ੍ਰੀ ਗੁਰਦਿੱਤਾ ਜੀ ਪਹੁੰਚਦੇ ਸਨ, ਉਥੇ ਹੀ ਚਲਾ ਜਾਂਦਾ ਸੀ। ਇਕ ਦਿਨ ਸ੍ਰੀ ਗੁਰਦਿੱਤਾ ਜੀ ਸ਼ਿਕਾਰ ਖੇਡਣ ਗਏ। ਜਦ ਸ਼ਿਕਾਰ ਖੇਡ ਰਹੇ ਸਨ॥੩੨॥

ਨਿਕਸਜੋ ਸੂਕਰ ਚਲਜੋ ਪਲਾਈ। ਗੁਰ ਸੁਤ ਦੇਖਿ ਤੁਰੰਗ ਧਵਾਈ।
ਗਏ ਦੂਰ ਲੌ ਸਭਿ ਹਟਿ ਰਹੇ। ਪਹੁਚਜੋ ਗਯੋ ਨ ਸ੍ਰਮ ਕੋ ਲਹੇ॥ ੩੩॥

ਤਾਂ ਇਕ ਸੂਰ ਨਿਕਲ ਕੇ ਭੱਜ ਉਠਿਆ, ਗੁਰੂ ਜੀ ਦੇ ਪੁੱਤਰ ਨੇ ਵੇਖ ਕੇ ਘੋੜਾ ਭਜਾਇਆ, ਬਹੁਤ ਦੂਰ ਤਕ ਚਲੇ ਗਏ ਤਾਂ ਸਭ ਵਾਪਸ ਆ ਗਏ। ਕਿਸੇ ਪਾਸੋਂ ਵੀ ਪਹੁੰਚਿਆ ਨਾ ਗਿਆ ਸਭ ਥੱਕ ਗਏ॥੩੩॥

ਇਕ ਬਾਲੂ ਹਸਨਾ ਤਹਿਂ ਗਯੋ। ਸਤਿਗੁਰ ਨੰਦ ਬਿਲੋਕਤਿ ਭਯੋ।
ਅਧਿਕ ਜਾਨਿ ਸੇਵਾ, ਹਰਖਾਏ। ਟੋਪੀ ਬਖਸ਼ਿ ਦਈ ਤਿਸ ਥਾਏਂ॥ ੩੪॥

ਇਕ ਬਾਲੂ ਹਸਨਾ ਉਥੇ ਪਹੁੰਚਿਆ, ਸਤਿਗੁਰੂ ਜੀ ਦੇ ਪੁੱਤਰ ਨੇ ਉਸ ਨੂੰ ਵੇਖਿਆ, ਵੱਡੀ ਸੇਵਾ ਜਾਣ ਕੇ ਬਹੁਤ ਪ੍ਰਸੰਨ ਹੋਏ ਤੇ ਉਥੇ ਹੀ ਉਸ ਨੂੰ ਸੇਲੀ ਟੋਪੀ ਬਖਸ਼ ਦਿੱਤੀ॥੩੪॥

ਲੇਕਰਿ ਸਿੱਧ ਸ਼ਕਤਿ ਕੋ ਪਾਈ। ਭਯੋ ਗਜਾਨ ਮਨੁ ਆਨੰਦ ਪਾਈ।
ਹਤਜੋ ਕੋਲ ਸੋ ਆਨਿ ਉਠਾਏ। ਪੁਰਿ ਕਰਤਾਰ ਬਿਖੈ ਚਲਿ ਆਏ॥ ੩੫॥

ਸੇਲੀ ਟੋਪੀ ਲੈ ਕੇ ਸਿੱਧ ਸ਼ਕਤੀ ਪ੍ਰਾਪਤ ਕਰ ਲਈ, ਮਨ ਵਿਚ ਗਿਆਨ ਹੋ ਜਾਣ ਨਾਲ ਆਨੰਦ ਪਾਇਆ। ਜਿਹੜਾ ਸੂਰ ਮਾਰਿਆ ਸੀ, ਉਸ ਨੂੰ ਚੁੱਕ ਲਿਆ ਤੇ ਫਿਰ ਚਲ ਕੇ ਕਰਤਾਰਪੁਰ ਆ ਗਏ॥੩੫॥

ਸਕਲ ਪ੍ਰਸੰਗ ਸੁਨਾਯੋ ਗੁਰ ਕੋ। 'ਬਖਸ਼ਿਸ਼ ਕਰੀ ਪ੍ਰੇਮ ਪਿਖਿ ਉਰ ਕੋ'।
ਸ੍ਰੀ ਹਰਿਗੋਵਿੰਦ ਭਏ ਪ੍ਰਸੰਨ। ਸਭਿਨਿ ਸੁਨਾਇ ਬਖਾਨਿ ਬਦੰਨ॥ ੩੬॥

ਸਾਰਾ ਪ੍ਰਸੰਗ ਗੁਰੂ ਜੀ ਨੂੰ ਸੁਣਾਇਆ, ''ਹਿਰਦੇ ਦੇ ਪ੍ਰੇਮ ਨੂੰ ਵੇਖ ਕੇ ਬਖਸ਼ਿਸ਼ ਕੀਤੀ ਹੈ।'' ਸ੍ਰੀ ਹਰਿਗੋਬਿੰਦ ਜੀ ਬੜੇ ਪ੍ਰਸੰਨ ਹੋਏ, ਉਨ੍ਹਾਂ ਨੇ ਸਾਰਿਆਂ ਨੂੰ ਸੁਣਾ ਕੇ ਕਿਹਾ॥੩੬॥

'ਅਬਿ ਤੇਰੀ ਪੂਰੀ ਭਈ ਸੇਵਾ। ਕਰੇ ਰਿਝਾਵਨਿ ਬਹੁ ਗੁਰਦੇਵਾ।
ਬੈਠਹੁ ਭਜਨ ਕਰਹੁ ਪ੍ਰਭੁ ਕੇਰਾ। ਜਨਮ ਮਰਨ ਕਾਟਜੋ ਅਬਿ ਤੇਰਾ' ॥ ੩੭॥

ਹੁਣ ਤੇਰੀ ਸੇਵਾ ਪੂਰੀ ਹੋਈ ਹੈ, ਤੁਸੀਂ ਗੁਰਦੇਵ ਨੂੰ ਬਹੁਤ ਪ੍ਰਸੰਨ ਕੀਤਾ ਹੈ। ਹੁਣ ਬੈਠ ਕੇ ਪ੍ਰਭੂ ਦਾ ਭਜਨ ਕਰੋ, ਤੇਰਾ ਜਨਮ-ਮਰਨ ਹੁਣ ਕੱਟ ਦਿੱਤਾ ਹੈ"॥੩੭॥

ਲੇ ਗੁਰ ਖੁਸ਼ੀ ਦ੍ਵਾਰ ਥਿਰ ਰਹਜੇ। ਰਾਤਿ ਦਿਵਸ ਹਰਿ ਸਿਮਰਨ ਲਹਜੇ।
ਇਮ ਸ਼੍ਰੀ ਹਰਿਗੋਵਿੰਦ ਕ੍ਰਿਪਾਲਾ। ਕਰੇ ਉਧਾਰਨ ਸਿਖ ਬਿਸਾਲਾ॥ ੩੮॥

ਗੁਰੂ ਜੀ ਦੀ ਖੁਸ਼ੀ ਲੈ ਕੇ ਦਵਾਰ ਤੇ ਸਥਿਰ ਰਿਹਾ ਤੇ ਰਾਤ ਦਿਨ ਹਰੀ ਦਾ ਸਿਮਰਨ ਕਰਦਾ ਸੀ। ਇਸ ਤਰ੍ਹਾਂ ਸ੍ਰੀ ਗੁਰੂ ਹਰਿਗੋਬਿੰਦ ਜੀ ਆਪਣੇ ਸਿੱਖਾਂ ਦਾ ਉਧਾਰ ਕਰਦੇ ਸਨ॥੩੮॥

ਬੈਠੇ ਹੁਤੇ ਦਿਵਾਨ ਮਝਾਰੀ। ਪੈਂਦ ਖਾਨ ਆਯੋ ਬਲ ਭਾਰੀ।
ਹਾਥ ਜੋਰਿ ਹਰਖਤਿ ਹੁਇ ਕਹੇ। 'ਸੁਤ ਜਨਮਜੇ ਤੁਮ ਕਰੁਨਾ ਲਹੇ॥ ੩੯॥

ਗੁਰੂ ਜੀ ਦੀਵਾਨ ਵਿਚ ਬੈਠੇ ਸਨ, ਸ਼ਕਤੀਸ਼ਾਲੀ ਪੈਂਦੇ ਖਾਂ ਉਥੇ ਆਇਆ। ਹੱਥ ਜੋੜ ਕੇ ਪ੍ਰਸੰਨ ਹੋ ਕੇ ਕਿਹਾ, "ਆਪ ਦੀ ਬਖਸ਼ਿਸ਼ ਨਾਲ ਮੇਰੇ ਘਰ ਪੁੱਤਰ ਨੇ ਜਨਮ ਲਿਆ ਹੈ॥੩੯॥

ਨਿਜ ਰਸਨਾ ਤੇ ਨਾਮ ਬਖਾਨੋ। ਜੀਵਤ ਰਹੇ ਦਾਸ ਨਿਜ ਜਾਨੋ'।
ਕ੍ਰਿਪਾ ਠਾਨਿ ਗੁਰ ਕੀਨਿ ਬਖਾਨ। 'ਪੈਂਦੇ ਖਾਂ ਕੇ ਸੈਦੇ ਖਾਨ॥ ੪੦॥

ਆਪਣੀ ਪਵਿੱਤਰ ਰਸਨਾ ਨਾਲ ਉਸ ਦਾ ਨਾਂ ਰੱਖੋ, ਉਹ ਜੀਉਂਦਾ ਰਹੇ ਉਸ ਨੂੰ ਆਪਣਾ ਦਾਸ ਜਾਣੋ। ਕਿਰਪਾ ਧਾਰ ਕੇ ਗੁਰੂ ਜੀ ਨੇ ਕਿਹਾ, "ਪੈਂਦੇ ਖਾਂ ਦੇ ਘਰ ਸੈਦੇ ਖਾਨ ਆਇਆ ਹੈ॥੪੦॥

ਤਵ ਸੁਤ ਕੋ ਸੁਤ ਜੋ ਉਪਜੈ ਹੈ। ਹਮ ਤੇ ਪਲਟਾ ਸੋ ਪੁਨ ਪੈਹੈ'।
ਸੁਨਿ ਬਿਸਮਜੋ ਕਹਿ ਪੈਂਦੇਖਾਨ। 'ਕਹਾਂ ਬਾਕ ਇਹ ਕੀਨਿ ਬਖਾਨ ?' ॥੪੧॥

ਤੁਹਾਡੇ ਪੁੱਤਰ ਦੇ ਘਰ ਜਿਹੜਾ ਪੁੱਤਰ ਪੈਦਾ ਹੋਵੇਗਾ, ਉਹ ਸਾਡੇ ਪਾਸੋਂ ਫਿਰ ਬਦਲਾ ਲਵੇਗਾ।" ਇਹ ਸੁਣ ਕੇ ਪੈਂਦੇ ਖਾਨ ਨੇ ਹੈਰਾਨ ਹੋ ਕੇ ਕਿਹਾ, "ਇਹ ਕੈਸੇ ਬਚਨ ਕੀਤੇ ਹਨ ?"॥੪੧॥

*ਨੋਟ : ਕਵੀ ਜੀ ਨੇ ਇਹ ਸਰਾਪ ਇਕ ਇਤਿਹਾਸਕ ਉਕਾਈ ਨੂੰ ਮੁੱਖ ਰੱਖ ਕੇ ਲਿਖਿਆ ਹੈ। ਹੁਣ ਇਹ ਸਿੱਧ ਹੋ ਗਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਤੇ ਨੰਦੇੜ ਵਿਖੇ ਜਿਸ ਪਠਾਣ ਨੇ ਵਾਰ ਕੀਤਾ ਸੀ ਉਹ ਪੈਂਦੇ ਖਾਨ ਦਾ ਪੋਤਾ ਨਹੀਂ ਸੀ। ਜਿਸ ਨੇ ਗੁਰੂ ਜੀ ਤੇ ਵਾਰ ਕੀਤਾ ਸੀ ਉਸ ਦਾ ਨਾਂ ਜਮਸ਼ੇਦ ਖਾਨ ਸੀ ਤੇ ਉਸ ਨੂੰ ਵਜ਼ੀਰ ਖਾਂ ਸੂਬਾ ਸਰਹੰਦ ਨੇ ਭੇਜਿਆ ਸੀ।*

ਤਬਿ ਗੁਰ ਭਨਜੇ 'ਹੋਨਿ ਹੈ ਐਸੇ। ਜਿਸਹਿ ਨ ਮੇਟਿ ਸਕਹਿ ਕੋ ਕੈਸੇ।
ਜਬਿ ਹੁਇ ਹੈ ਤਬਿ ਜਾਨਜੋ ਜਾਇ'। ਸੁਨਿ ਦਿਵਾਨ ਸਗਰੋ ਬਿਸਮਾਇ॥੪੨॥

ਤਦ ਗੁਰੂ ਜੀ ਨੇ ਕਿਹਾ, "ਹੋਣਹਾਰ ਹੋ ਕੇ ਰਹੇਗੀ, ਜਿਸ ਨੂੰ ਕੋਈ ਕਿਸੇ ਤਰ੍ਹਾਂ ਵੀ ਮਿਟਾ ਨਹੀਂ ਸਕਦਾ। ਜਦ ਹੋਵੇਗੀ ਤਦ ਜਾਣਿਆ ਜਾਵੇਗਾ" ਦੀਵਾਨ ਵਿਚ ਸਾਰੇ ਸੁਣ ਕੇ ਬਹੁਤ ਹੈਰਾਨ ਹੋਏ॥੪੨॥

*ਅੱਠਵੀਂ ਰਾਸ ਦਾ ਚੌਥਾ ਅਧਿਆਇ ਸਮਾਪਤ ਹੋਇਆ॥ ੪॥*

☆☆☆

# ਅਧਿਆਇ ਪੰਜਵਾਂ

## ਸ੍ਰੀ ਤੇਗ ਬਹਾਦਰ ਜੀ ਦੇ ਵਿਆਹ ਦੀ ਤਿਆਰੀ

ਦੋਹਰਾ- ਤਨੁਜਾ ਪੈਂਦੇ ਖਾਨ ਕੀ ਬਰ ਕੇ ਉਚਿਤ ਪਛਾਨ।
ਛੋਟੇ ਮੀਰ ਸੁ ਗ੍ਰਾਮ ਮਹਿੰ ਬਾਸਹਿ ਏਕ ਪਠਾਨ॥ ੧॥

ਪੈਂਦੇ ਖਾਂ ਦੀ ਪੁੱਤਰੀ ਵਰ ਦੇ ਉਚਿਤ ਪਛਾਣ ਕੇ, ਉਸ ਵਾਸਤੇ ਛੋਟੇ ਮੀਰ ਪਿੰਡ ਵਿਚ ਰਹਿਣ ਵਾਲਾ ਇਕ ਪਠਾਣ ਲੜਕਾ ਵੇਖਿਆ॥੧॥

ਹਾਕਲ ਛੰਦ- ਤਿਹ ਨਾਮ ਖਾਨ ਅਸਮਾਨਾ। ਬਯ ਖੋੜਸ ਬਰਖਨਿ ਜਾਨਾ।
ਸੋ ਪਦਰ ਸਮੇਤ ਬਸੰਤਾ। ਢਿਗ ਸ਼ਾਹੁ ਚਾਕਰੀ ਵੰਤਾ॥ ੨॥

ਉਸ ਦਾ ਨਾ ਅਸਮਾਨ ਖਾਨ ਸੀ, ਉਸ ਦੀ ਉਮਰ ੧੬ ਸਾਲ ਦੀ ਸੀ। ਉਹ ਆਪਣੇ ਪਿਤਾ ਜੀ ਦੇ ਨਾਲ ਰਹਿੰਦਾ ਸੀ, ਜਿਹੜਾ ਬਾਦਸ਼ਾਹ ਪਾਸ ਨੌਕਰੀ ਕਰਦਾ ਸੀ॥੨॥

ਸਨਮਾਨ ਸਮੇਤ ਮਹਾਨਾ। ਧਨ ਸ਼ਾਹੁ ਦੇਤਿ ਭਟ ਜਾਨਾ।
ਨਿਜ ਸਮਤਾ ਭਲੇ ਪਛਾਨੀ। ਕੁਲ, ਧਨ, ਬਯ ਸੁੰਦਰ ਮਾਨੀ॥ ੩॥

ਮਹਾਨ ਸਨਮਾਨ ਨਾਲ ਸੂਰਬੀਰ ਜਾਣ ਕੇ ਬਾਦਸ਼ਾਹ ਧਨ ਦਿੰਦਾ ਸੀ। ਭਲੀ ਪ੍ਰਕਾਰ ਆਪਣੇ ਬਰਾਬਰ ਜਾਣਿਆ, ਤੇ ਕੁਲ, ਧਨ, ਉਮਰ ਸੁੰਦਰ ਮੰਨੀ॥੩॥

ਤਬਿ ਪੈਂਦ ਖਾਨ ਕਰਿ ਨਾਤਾ। ਦੇ ਸੁਤਾ ਸੁ ਕੀਨਿ ਜਮਾਤਾ।
ਤੱਤਕਾਲ ਨਿਕਾਹੁ ਕਰਾਯੋ। ਘਰ ਅਪਨੇ ਤਿਸੈ ਬਸਾਯੋ॥ ੪॥

ਤਦ ਪੈਂਦੇ ਖਾਂ ਨੇ ਰਿਸ਼ਤਾ ਕਰਕੇ ਪੁੱਤਰੀ ਦੇ ਕੇ ਜਵਾਈ ਬਣਾ ਲਿਆ। ਤੁਰਤ ਨਿਕਾਹ ਕਰ ਦਿੱਤਾ ਤੇ ਜਵਾਈ ਨੂੰ ਆਪਣੇ ਘਰ ਵਿਚ ਵਸਾ ਲਿਆ॥੪॥

ਸੁਤ ਉਪਜਯੋ ਬਾਰਿਕ ਸੋਈ। ਤਨੁਜਾਪਤਿ ਸੁਤ ਸਮ ਜੋਈ।
ਤਿਸ ਦੇਖਿ ਰਹੈ ਸੁਖ ਪਾਈ। ਕਰਿ ਰਾਖਯੋ ਸਦਨ ਜਵਾਈ॥ ੫॥

ਪੈਂਦੇ ਖਾਂ ਦੇ ਘਰ ਜੋ ਪੁੱਤਰ ਹੋਇਆ ਸੀ, ਉਹ ਹਾਲੇ ਬਾਲਕ ਸੀ, ਉਸ ਜਵਾਈ ਨੂੰ ਪੁੱਤਰ ਵਾਂਗ ਸਮਝਦਾ ਸੀ ਤੇ ਵੇਖ ਕੇ ਸੁਖ ਪਾਉਂਦਾ ਸੀ, ਉਸ ਨੂੰ ਘਰ ਜਵਾਈ ਬਣਾ ਕੇ ਰੱਖ ਲਿਆ॥੫॥

ਲੇ ਗੁਰ ਤੇ ਵਸਤੁ ਮਹਾਨਾ। ਸਭਿ ਦੇਤਿ ਤਾਂਹਿ ਸੁਖ ਮਾਨਾ।
ਤਿਮ ਪੈਂਦ ਖਾਨ ਕੀ ਦਾਰਾ। ਬਹੁ ਕਰਤਿ ਰਹਤਿ ਨਿਤ ਪਯਾਰਾ॥ ੬॥

ਪੈਂਦੇ ਖਾਨ ਨੇ ਗੁਰੂ ਜੀ ਪਾਸੋਂ ਮਹਾਨ ਵਸਤਾਂ ਲੈ ਕੇ ਸਭ ਜਵਾਈ ਨੂੰ ਦੇ ਦਿੱਤੀਆਂ ਜਿਨ੍ਹਾਂ ਨੂੰ ਪ੍ਰਾਪਤ ਕਰਕੇ ਉਸ ਸੁਖ ਪਾਇਆ। ਪੈਂਦੇ ਖਾਂ ਦੀ ਪਤਨੀ ਵੀ ਉਸ ਵਾਂਗ ਸਦਾ ਬਹੁਤ ਪਿਆਰ ਕਰਦੀ ਰਹਿੰਦੀ ਸੀ॥੬॥

ਕਰਿ ਭੋਜਨ ਸ੍ਵਾਦਲ ਨਾਨਾ। ਅਚਿਵਾਇ ਆਪਨੇ ਪਾਨਾ।
ਇਮ ਬੀਤਯੋ ਕੇਤਿਕ ਕਾਲਾ। ਮਿਲਿ ਭੋਗਹਿ ਅਨੰਦ ਬਿਸਾਲਾ॥ ੭॥

ਕਈ ਪ੍ਰਕਾਰ ਦੇ ਸਵਾਦੀ ਭੋਜਨ ਬਣਾ ਕੇ ਉਸ ਨੂੰ ਆਪਣੇ ਹੱਥਾਂ ਨਾਲ ਖਵਾਉਂਦੀ ਸੀ। ਇਸ ਤਰ੍ਹਾਂ ਕਾਫੀ ਸਮਾਂ ਬੀਤ ਗਿਆ, ਮਿਲ ਕੇ ਵਿਸ਼ਾਲ ਅਨੰਦ ਭੋਗਿਆ॥੭॥

ਸ੍ਰੀ ਗੁਰੂ ਬਿਲਾਸ ਧਰੰਤੇ। ਚਢਿ ਜਾਤਿ ਅਖੇਰ ਕਰੰਤੇ।
ਗਨ ਜੀਵਨ ਜਗਤ ਉਧਾਰੈਂ। ਬਿਚਰੰਤੇ ਵਹਿਰ ਪ੍ਰਹਾਰੈਂ॥ ੮॥

ਜਦ ਸ੍ਰੀ ਗੁਰੂ ਜੀ ਅਨੰਦ ਵਿਲਾਸ ਧਾਰਨ ਕਰਦੇ ਸਨ ਤਾਂ ਸ਼ਿਕਾਰ ਖੇਡਣ ਚਲੇ ਜਾਂਦੇ ਸਨ। ਜਗਤ ਦੇ ਬਹੁਤ ਜੀਵਾਂ ਦਾ ਉਧਾਰ ਕਰਦੇ ਸਨ, ਬਾਹਰ ਵਿਚਰਦੇ ਜੀਵਾਂ ਨੂੰ ਸ਼ਿਕਾਰ ਖੇਡ ਕੇ ਮਾਰਦੇ ਹਨ॥੮॥

ਬਹੁ ਸਿੱਖਨਿ ਦੇ ਉਪਦੇਸ਼ਾ। ਕਿਹ ਕਾਟਤਿ ਜਗਤ ਕਲੇਸ਼ਾ।
ਬਡ ਤ੍ਰਿਪਤਿ ਭਏ ਰਿਪੁ ਮਾਰੇ। ਜਸ ਦਸ ਦਿਸ਼ਿ ਅਧਿਕ ਬਿਥਾਰੇ॥ ੯॥

ਬਹੁਤ ਸਿੱਖਾਂ ਨੂੰ ਉਪਦੇਸ਼ ਦਿੰਦੇ ਹਨ ਤੇ ਕਈਆਂ ਦੇ ਜਗਤ ਦੇ ਕਲੇਸ਼ ਕੱਟ ਦਿੰਦੇ ਹਨ। ਦੁਸ਼ਮਣਾਂ ਨੂੰ ਮਾਰ ਕੇ ਬੜੇ ਤ੍ਰਿਪਤ ਹੋਏ ਹਨ ਤੇ ਦਸੀਂ ਪਾਸੀਂ ਉਨ੍ਹਾਂ ਦਾ ਜੱਸ ਫੈਲਿਆ ਹੈ॥੯॥

'ਬਡ ਮੁਗਲ ਮਾਰ ਗੁਰ ਸੂਰਾ। ਨਿਜ ਦਾਸ ਕਾਮਨਾ ਪੂਰਾ।
ਪਰਵਿਰਤ ਪੰਥ ਮਹਿਂ ਤੈਸੇ। ਨਿਰਬਿਰਤ ਬਿਖੈ ਰਹਿਂ ਜੈਸੇ॥ ੧੦॥

ਬਹੁਤ ਮੁਗ਼ਲ ਸੂਰਬੀਰਾਂ ਨੂੰ ਮਾਰ ਕੇ, ਆਪਣੇ ਦਾਸਾਂ ਦੀ ਕਾਮਨਾ ਪੂਰੀ ਕੀਤੀ ਹੈ। ਪਰਵਿਰਤੀ ਮਾਰਗ ਵਿਚ ਉਸ ਤਰ੍ਹਾਂ ਰਹਿੰਦੇ ਹਨ ਜਿਸ ਤਰ੍ਹਾਂ ਨਵਿਰਤੀ ਮਾਰਗ ਵਿਚ ਰਹਿੰਦੇ ਹਨ, ਭਾਵ ਦੋਵੀਂ ਪਾਸੀ ਪੂਰਨ ਹਨ, ਰਾਜ ਤੇ ਜੋਗ ਦੋਹਾਂ ਵਿਚ ਪੂਰਨ ਪਦਵੀ ਤੇ ਹਨ॥੧੦॥

ਸ੍ਰੀ ਨਾਨਕ ਅੰਗਦ ਚੰਦੰ। ਸ੍ਰੀ ਅਮਰਦਾਸ ਸੁਖਕੰਦੰ।
ਗੁਰ ਰਾਮਦਾਸ ਗੁਨ ਖਾਨੀ। ਸ੍ਰੀ ਅਰਜਨ ਜਿਮ ਬ੍ਰਹਮ ਗਜਾਨੀ॥ ੧੧॥

ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਚੰਦ ਵਾਂਗ ਪ੍ਰਕਾਸ਼ਮਾਨ ਹਨ। ਸ੍ਰੀ ਗੁਰੂ ਅਮਰਦਾਸ ਜੀ ਸੁਖਾਂ ਦੀ ਖਾਣ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਬ੍ਰਹਮ ਗਿਆਨੀ ਵਾਂਗ ਹਨ॥੧੧॥

ਤਿਮ ਸ੍ਰੀ ਹਰਿਗੋਵਿੰਦ ਬੀਰਾ। ਉਰ ਨਿਸ਼ਚਾ ਤਥਾ ਗਹੀਰਾ।
ਜਿਮ ਪੰਚਹੁ ਸ਼ਾਂਤਿ ਸਰੂਪੰ। ਤਿਮ ਖਸ਼ਟਮ ਭਏ ਅਨੂਪੰ॥ ੧੨॥

ਉਸ ਤਰ੍ਹਾਂ ਸ੍ਰੀ ਗੁਰੂ ਹਰਿਗੋਬਿੰਦ ਜੀ ਸੂਰਬੀਰ ਹਨ, ਹਿਰਦੇ ਵਿਚ ਉਸ ਤਰ੍ਹਾਂ ਹੀ ਬੜਾ ਡੂੰਘਾ ਨਿਸ਼ਚਾ ਹੈ। ਜਿਵੇਂ ਪਹਿਲੇ ਪੰਜ ਗੁਰੂ ਸਾਹਿਬਾਨ ਸ਼ਾਂਤ ਸਰੂਪ ਸਨ ਤਿਵੇਂ ਛੇਵੇਂ ਗੁਰੂ ਅਨੂਪਮ ਹੋਏ ਹਨ॥੧੨॥

ਪਰਵਿਰਤਿ:-ਰਾਖਿਬੋ ਦਲ ਕੋ। ਭਟ ਕਰਨਿ ਬਟੋਰਨ ਬਲ ਕੋ।
ਤੁਰਕੇਸ਼ੁਰ ਸੋਂ ਬਡ ਝੇਰਾ। ਨਿਤ ਕਰਨ ਉਖੇਰ ਬਿਖੇਰਾ॥ ੧੩॥

ਅੱਗੇ ਪਰਵਿਰਤੀ ਦੇ ਕੰਮ ਦੱਸਦੇ ਹਨ : ਫੌਜ ਰੱਖਦੇ ਹਨ, ਸੂਰਮਿਆਂ ਦੇ ਬਲ ਨੂੰ ਇਕੱਠਾ ਕਰਦੇ ਹਨ। ਤੁਰਕਾਂ ਦੇ ਬਾਦਸ਼ਾਹ ਨਾਲ ਵੱਡਾ ਝਗੜਾ ਹੈ, ਨਿਤ ਬਖੇੜਾ ਖੜਾ ਕਰਦੇ ਹਨ॥੧੩॥

ਰਿਪੁ ਹਤਿ ਸੰਗ੍ਰਾਮ ਮਚਾਏ। ਪੁਰਸ਼ਾਰਥ ਕਰੇ ਕਰਾਏ।
ਪਰ ਨਿਸ਼ਚਾ ਗਜਾਨ ਮਹਾਨਾ। ਸਭਿਹਿਨਿ ਕੈ ਏਕ ਸਮਾਨਾ॥ ੧੪॥

ਦੁਸ਼ਮਣ ਨੂੰ ਮਾਰਨ ਵਾਸਤੇ ਸੰਗਰਾਮ ਮਚਾਉਂਦੇ ਹਨ, ਪ੍ਰਾਕਰਮ ਕਰਦੇ ਅਤੇ ਕਰਵਾਉਂਦੇ ਹਨ। ਅੱਗੇ ਨਵਿਰਤੀ ਦੀ ਬ੍ਰਿਤੀ ਦੱਸਦੇ ਹਨ ਪਰ ਨਿਸ਼ਚਾ ਅਤੇ ਗਿਆਨ ਮਹਾਨ ਹੈ, ਸਾਰਿਆਂ ਵਿਚ ਇਕ ਸਮਾਨ ਹੈ'॥੧੪॥

ਇਮ ਕੇਤਿਕ ਸਮਾ ਬਿਤਾਯੋ। ਸੁਭ ਮਾਘ ਮਾਸ ਤਬਿ ਆਯੋ।
ਪਿਖਿ ਲਾਲਚੰਦ ਮਨ ਆਨੀ। ਨਿਜ ਦਾਰਾ ਸੰਗ ਬਖਾਨੀ॥ ੧੫॥

ਇਸ ਤਰ੍ਹਾਂ ਕਾਫੀ ਸਮਾਂ ਬਤੀਤ ਕੀਤਾ, ਸ਼ੁਭ ਮਾਘ ਦਾ ਮਹੀਨਾ ਫਿਰ ਆਇਆ। ਵੇਖ ਕੇ ਭਾਈ ਲਾਲ ਚੰਦ ਦੇ ਮਨ ਵਿਚ ਆਈ ਆਪਣੀ ਪਤਨੀ ਨੂੰ ਉਸ ਕਿਹਾ॥੧੫॥

'ਨਿਜ ਤਨੁਜਾ ਗੁਜਰੀ ਕੇਰਾ। ਹੈ ਬਜਾਹਨਿ ਸਮਾ ਅਛੇਰਾ।
ਕਰਿ ਦੀਜੈ ਉਰ ਅਭਿਲਾਖਾ'। ਸੁਨਿ ਬਿਸ਼ਨੁ ਕੁਇਰ ਬਚ ਭਾਖਾ॥ ੧੬॥

"ਆਪਣੀ ਪੁੱਤਰੀ ਗੁਜਰੀ ਦੇ ਵਿਆਹ ਦਾ ਹੁਣ ਚੰਗਾ ਸਮਾਂ ਹੈ, ਹਿਰਦੇ ਦੀ ਅਭਿਲਾਸ਼ਾ ਪੂਰੀ ਕਰ ਦੇਵੋ।" ਇਹ ਸੁਣ ਕੇ ਬਿਸ਼ਨ ਕੌਰ ਨੇ ਕਿਹਾ॥੧੬॥

'ਇਹ ਤੋਹਿ ਮਨੋਰਥ ਆਛਾ। ਮਮ ਉਰ ਮਹਿਂ ਦੀਰਘ ਬਾਂਛਾ।
ਕਰਿ ਦੇਹੁ ਬਿਲੰਬ ਨ ਕੀਜੈ। ਲਿਖਿ ਸਾਹਾ ਗੁਰ ਕੋ ਦੀਜੈ'॥ ੧੭॥

"ਇਹ ਤੇਰਾ ਚੰਗਾ ਮਨੋਰਥ ਹੈ, ਮੇਰੇ ਮਨ ਵਿਚ ਵੀ ਵੱਡੀ ਇੱਛਾ ਹੈ, ਵਿਆਹ ਕਰ ਦੇਵੋ ਤੇ ਹੁਣ ਦੇਰ ਨਾ ਕਰੋ, ਸਾਹੇ ਚਿੱਠੀ ਲਿਖ ਕੇ ਗੁਰੂ ਜੀ ਨੂੰ ਦੇਵੋ"॥੧੭॥

ਕਰਿ ਮਸਲਤ ਬਿੱਪ੍ਰ ਬੁਲਾਯੋ। ਕਹਿ ਸਾਹਾ ਤਬਹਿ ਸੁਧਾਯੋ।
'ਜਬਿ ਫਲਗਣ ਨੌਮੀ ਆਵੈ। ਤਬਿ ਬਜਾਹ ਰਚਹੁ ਸੁਖ ਪਾਵੈ'॥ ੧੮॥

ਸਲਾਹ ਕਰਕੇ ਬ੍ਰਾਹਮਣ ਨੂੰ ਬੁਲਾਇਆ, ਉਸ ਨੂੰ ਕਹਿ ਕੇ ਸਾਹਾ ਸੁਧਾਇਆ। "ਜਦ ਫਗਣ ਦੀ ਨੌਵੀਂ ਆਵੇ ਤਦ ਵਿਆਹ ਰਚ ਕੇ ਸੁਖ ਪਾਵੋ"॥੧੮॥

ਲਿਖਿ ਕਾਗਦ ਬਿੱਪ੍ਰ ਪਠਾਯੋ। ਚਲਿ ਸੁਤਿਗੁਰ ਕੇ ਢਿਗ ਆਯੋ।
ਕਹਿ ਆਸ਼ਿਖ ਬੈਠਿ ਸੁਨਾਵਾ। 'ਮੈਂ ਸਾਹਾ ਲੈ ਕਰਿ ਆਵਾ'॥ ੧੯॥

ਸਾਹੇ ਚਿੱਠੀ ਲਿਖ ਕੇ ਬ੍ਰਾਹਮਣ ਨੂੰ ਭੇਜਿਆ ਤੇ ਉਹ ਚਲ ਕੇ ਸਤਿਗੁਰੂ ਜੀ ਦੇ ਪਾਸ ਆਇਆ। ਅਸੀਸ ਕਹਿ ਕੇ ਬੈਠ ਕੇ ਕਿਹਾ, "ਮੈਂ ਸਾਹੇ ਚਿੱਠੀ ਲੈ ਕੇ ਆਇਆ ਹਾਂ।"

ਕਹਿ ਪਾਤੀ ਤਬਹਿ ਪਠਾਈ। ਸੁਨਿ ਮੰਦਿਰ ਸੁਧਿ ਪਹੁੰਚਾਈ।
ਤਿਨ ਰੀਤਿ ਕਰੀ ਕੁਲ ਜੇਤੀ। ਉਤਸਾਹੁ ਬਿਸਾਲ ਸਮੇਤੀ॥ ੨੦॥

ਕਹਿ ਕੇ ਚਿੱਠੀ ਫਿਰ ਪੜ੍ਹਾਈ, ਤੇ ਸੁਣ ਕੇ ਘਰ ਖਬਰ ਪਹੁੰਚਾਈ। ਉਨ੍ਹਾਂ ਨੇ ਵੰਸ਼ ਦੀਆਂ ਸਾਰੀਆਂ ਰੀਤੀਆਂ ਕੀਤੀਆਂ, ਸਭ ਕੁਝ ਬੜੇ ਉਤਸ਼ਾਹ ਨਾਲ ਕੀਤਾ ਗਿਆ॥੨੦॥

ਮਿਲਿ ਗਾਵਤਿ ਗੀਤ ਰਸਾਲੇ। ਉਪਜਾਵਤਿ ਅਨੰਦ ਬਿਸਾਲੇ।
ਦਿਜ ਸੇਵ ਕਰਾਇ ਰਖਾਯੋ। ਪੁਨ ਦੀਨਿ ਬਿਦਾਇ ਪਠਾਯੋ॥ ੨੧॥

ਇਸਤਰੀਆਂ ਮਿਲ ਕੇ ਬੜੇ ਮਿੱਠੇ ਗੀਤ ਗਾਉਂਦੀਆਂ ਸਨ ਤੇ ਵਿਸ਼ਾਲ ਅਨੰਦ ਉਪਜਾ ਰਹੀਆਂ ਸਨ। ਬ੍ਰਾਹਮਣ ਨੂੰ ਕੁਝ ਦਿਨ ਸੇਵਾ ਕਰਨ ਵਾਸਤੇ ਰੱਖ ਲਿਆ, ਫਿਰ ਵਿਦਾ ਕਰਕੇ ਭੇਜ ਦਿੱਤਾ॥੨੧॥

ਜਬਿ ਬਜਾਹ ਦਿਵਸ ਨਿਯਰਾਏ। ਸਨਬੰਧੀ ਸਕਲ ਬੁਲਾਏ।
ਪਕਵਾਨ ਭੇਜ ਸਭਿ ਥਾਨੇ। ਉਤਸਾਹ ਕੀਨਿ ਹਰਖਾਨੇ॥ ੨੨॥

ਜਦ ਵਿਆਹ ਦਾ ਦਿਨ ਨੇੜੇ ਆਇਆ ਤਾਂ ਸਾਰੇ ਸੰਬੰਧੀਆਂ ਨੂੰ ਬੁਲਾਇਆ ਗਿਆ। ਸਭ ਥਾਈਂ ਪਕਵਾਨ ਭੇਜੇ ਗਏ, ਬੜੇ ਪ੍ਰਸੰਨ ਹੋ ਕੇ ਉਤਸ਼ਾਹ ਕੀਤੇ॥੨੨॥

ਸੁਤ ਬਨਿਤਾ ਕੇ ਜੁਤਿ ਦਾਤੂ। ਗੁਰ ਅਮਰ ਬੰਸ ਹਰਖਾਤੂ।
ਗੁਰ ਸਸੁਰ ਆਇ ਹਰਿਚੰਦੂ। ਲਖਿ ਦੌਹਿਤ ਬਜਾਹ ਅਨੰਦੂ॥ ੨੩॥

ਪੁੱਤਰ ਇਸਤਰੀ ਸਹਿਤ ਬਾਬਾ ਦਾਤੂ ਤੇ ਗੁਰੂ ਅਮਰਦਾਸ ਜੀ ਦਾ ਵੰਸ ਬਹੁਤ ਪ੍ਰਸੰਨ ਹੋਇਆ। ਗੁਰੂ ਜੀ ਦਾ ਸਹੁਰਾ ਹਰੀ ਚੰਦ ਆਇਆ, ਦੋਹਤੇ ਦਾ ਵਿਆਹ ਵੇਖ ਕੇ ਬਹੁਤ ਪ੍ਰਸੰਨ ਹੋਇਆ॥੨੩॥

ਧਨ ਬਨਿਤਾ ਲੇ ਪਰਿਵਾਰਾ। ਚਲਿ ਆਏ ਪੁਰਿ ਕਰਤਾਰਾ।
ਸਰਸੁਧਾ ਛੋਰਿ ਨਰ ਔਰੀ। ਹਰਿਚੰਦ ਸੰਗ ਤਿਸ ਠੌਰੀ॥ ੨੪॥

ਧਨ ਇਸਤਰੀ ਸਾਰਾ ਪਰਿਵਾਰ ਲੈ ਕੇ ਚਲ ਕੇ ਕਰਤਾਰਪੁਰ ਆ ਗਏ। ਅੰਮ੍ਰਿਤਸਰ ਛੱਡ ਕੇ ਕੁਝ ਹੋਰ ਮਨੁੱਖ ਵੀ ਹਰੀਚੰਦ ਦੇ ਨਾਲ ਉਥੇ ਆਏ॥੨੪॥

ਸਭਿ ਦਰਸ਼ਨ ਗੁਰ ਕੇ ਆਏ। ਸੁਤ ਬਜਾਹ ਸੁਨਤਿ ਮੁਦ ਪਾਏ।
ਯੁਤ ਭਾਗਨ ਆਯੋ ਦ੍ਵਾਰਾ। ਲੇ ਰਾਮਾ ਅਪਨੀ ਦਾਰਾ॥ ੨੫॥

ਸਭ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਏ, ਪੁੱਤਰ ਦਾ ਵਿਆਹ ਸੁਣ ਕੇ ਬਹੁਤ ਪ੍ਰਸੰਨ ਹੋਏ। ਭਾਈ ਦਵਾਰਾ ਆਪਣੀ ਪਤਨੀ ਭਾਗਨ ਸਮੇਤ ਆਇਆ ਤੇ ਰਾਮਾ ਵੀ ਆਪਣੀ ਪਤਨੀ ਸਹਿਤ ਆਇਆ॥੨੫॥

ਸੁਨਿ ਜੋਧ ਰਾਇ ਨਰ ਗਨ ਕੋ। ਸ਼ੁਭ ਵਸਤੁ ਗੁਰੂ ਅਰਪਨ ਕੋ।
ਤ੍ਰਿਯ ਬ੍ਰਿੰਦ ਲਏ ਪਟਰਾਨੀ। ਚਲਿ ਆਈ ਅਨੰਦ ਮਹਾਨੀ॥ ੨੬॥

ਇਹ ਸੁਣ ਕੇ ਜੋਧ ਰਾਇ ਬਹੁਤ ਮਨੁੱਖਾਂ ਨੂੰ ਨਾਲ ਲੈ ਕੇ ਕੁਝ ਸ਼ੁਭ ਵਸਤਾਂ ਗੁਰੂ ਜੀ ਨੂੰ ਅਰਪਣ ਕਰਨ ਵਾਸਤੇ ਲੈ ਕੇ ਆਇਆ। ਉਸ ਦੀ ਪਟਰਾਣੀ ਨੇ ਬਹੁਤ ਇਸਤਰੀਆਂ ਨੂੰ ਆਪਣੇ ਨਾਲ ਲਿਆ ਤੇ ਬੜੇ ਅਨੰਦ ਨਾਲ ਚਲ ਕੇ ਆ ਗਈ॥੨੬॥

ਸੁਨਿ ਸਾਧੂ ਰੂਪਾ ਆਯੋ। ਪਰਿਵਾਰ ਸੰਗ ਸਭਿ ਲਯਾਯੋ।
ਇੱਤਯਾਦਿਕ ਜਿਨ ਸੁਧ ਪਾਈ। ਸਭਿ ਪਹੁਚੇ ਬਿਲਮ ਭੁਲਾਈ॥ ੨੭॥

ਸੁਣ ਕੇ ਸਾਧੂ ਅਤੇ ਰੂਪਾ ਵੀ ਆਏ ਤੇ ਆਪਣਾ ਸਾਰਾ ਪਰਿਵਾਰ ਨਾਲ ਲਿਆਏ। ਇੱਤਆਦਿ ਜਿਸ ਨੇ ਵੀ ਖਬਰ ਸੁਣੀ, ਸਾਰੇ ਕਿਸੇ ਦੇਰ ਨੂੰ ਛੱਡ ਕੇ ਪਹੁੰਚ ਗਏ॥੨੭॥

ਸੁਤ ਸਾਧੂ ਧਰਮਾ ਲੀਨੇ। ਗੁਰ ਮਿਲਿਬੇ ਮਗ ਪਗ ਦੀਨੇ।
ਰਥ ਚਢਿ ਕਰਿ ਬੀਰੋ ਆਈ। ਗੁਰ ਸੁਤਾ ਮਿਲਨਿ ਲਲਚਾਈ॥ ੨੮॥

ਭਾਈ ਧਰਮੇ ਨੇ ਆਪਣੇ ਪੁੱਤਰ ਸਾਧੂ ਨੂੰ ਨਾਲ ਲਿਆ ਤੇ ਗੁਰੂ ਜੀ ਨੂੰ ਮਿਲਣ ਲਈ ਰਾਹ ਵਿਚ ਪੈਰ ਧਰਿਆ ਭਾਵ ਚਲ ਪਿਆ। ਬੀਬੀ ਵੀਰੋ ਰੱਥ ਵਿਚ ਚੜ੍ਹ ਕੇ ਆਈ, ਗੁਰੂ ਜੀ ਦੀ ਪੁੱਤਰੀ ਮਿਲਣ ਵਾਸਤੇ ਲਲਚਾਈ ਹੋਈ ਸੀ॥੨੮॥

ਸਭਿ ਆਨਿ ਗੁਰੂ ਪਦ ਬੰਦੇ। ਮਿਲਿ ਭੱਲੇ ਤ੍ਰੇਹਣ ਬ੍ਰਿੰਦੇ।
ਗੁਰ ਜਥਾ ਜੋਗ ਸਨਮਾਨੇ। ਸੁਧ ਲੀਨਿਸਿ ਖਾਨੁ ਰੁ ਪਾਨੇ॥ ੨੯॥

ਸਾਰਿਆਂ ਨੇ ਆ ਕੇ ਗੁਰੂ ਜੀ ਦੇ ਚਰਨਾਂ ਤੇ ਬੰਦਨਾ ਕੀਤੀ, ਭੱਲੇ ਅਤੇ ਤ੍ਰੇਹਣ ਮਿਲ ਕੇ ਇਕੱਠੇ ਹੋਏ। ਗੁਰੂ ਜੀ ਨੇ ਸਭ ਦਾ ਯਥਾ-ਯੋਗ ਸਨਮਾਨ ਕੀਤਾ ਅਤੇ ਖਾਣ ਪੀਣ ਦੀ ਖਬਰਸਾਰ ਲਈ॥੨੯॥

ਸਨਬੰਧੀ ਅਰੁ ਪਰਵਾਰਾ। ਮਿਲਿ ਜਥਾ ਜੋਗ ਮੁਦ ਧਾਰਾ।
ਸੁਭ ਨਾਨਕੀ ਰੁ ਮਰਵਾਹੀ। ਕਹਿ ਗਿਰਾ ਮ੍ਰਿਦੁਲ ਸਭਿ ਪਾਂਹੀ॥ ੩੦॥

ਸੰਬੰਧੀਆਂ ਅਤੇ ਪਰਿਵਾਰ ਨੇ ਮਿਲ ਕੇ ਯਥਾ-ਯੋਗ ਪ੍ਰਸੰਨਤਾ ਧਾਰਨ ਕੀਤੀ। ਸ਼ੁਭ ਸ੍ਰੀ ਨਾਨਕੀ ਤੇ ਸ੍ਰੀ ਮਰਵਾਹੀ ਸਭ ਪਾਸ ਮਿਠੇ ਅਤੇ ਕੋਮਲ ਬਚਨ ਬੋਲ ਰਹੀਆਂ ਸਨ॥੩੦॥

ਤ੍ਰਿਯ ਜਿਤ ਕਿਤ ਜੇਤਿਕ ਆਈ। ਕਰਿ ਮੰਗਲ ਦੇਤਿ ਬਧਾਈ।
ਮਿਲ ਗਾਵਤਿ ਸੁੰਦਰ ਗੀਤਾ। ਜੇ ਅਨੰਦ ਬਧਾਵਤਿ ਚੀਤਾ॥ ੩੧॥

ਜਿਥੋਂ ਕਿਥੋਂ ਵੀ ਕੋਈ ਇਸਤਰੀ ਆਈ, ਮੰਗਲ ਕਰਕੇ ਉਹ ਵਧਾਈ ਦਿੰਦੀ ਸੀ। ਮਿਲ ਕੇ ਸੁੰਦਰ ਗੀਤ ਗਾ ਰਹੀਆਂ ਸਨ, ਜਿਹੜੇ ਚਿੱਤ ਦਾ ਅਨੰਦ ਵਧਾਉਂਦੇ ਸਨ॥੩੧॥

ਗੁਰ ਘਰ ਕੋ ਦੇਖਿ ਸਮਾਜਾ। ਜਿਮ ਦੇਸ਼ਨਪਤਿ ਮਹਾਰਾਜਾ।
ਸਨਬੰਧੀ ਸਰਬ ਸਰਾਹੈਂ। 'ਇਨ ਉਦਯੋ ਪ੍ਰਤਾਪ ਮਹਾਂ ਹੈ॥ ੩੨॥

ਗੁਰੂ ਘਰ ਦਾ ਜਦ ਸਾਜ਼-ਸਾਮਾਨ ਵੇਖਦੇ ਸਨ ਤਾਂ ਇੰਝ ਪਤਾ ਲੱਗਦਾ ਸੀ ਜਿਵੇਂ ਕਿਸੇ ਦੇਸ਼ ਦੇ ਮਹਾਰਾਜਾ ਹੁੰਦੇ ਹਨ। ਸਾਰੇ ਸੰਬੰਧੀ ਸ਼ਲਾਘਾ ਕਰਦੇ ਸਨ, "ਇਨ੍ਹਾਂ ਦਾ ਮਹਾਨ ਪ੍ਰਤਾਪ ਉਦੈ ਹੋਇਆ ਹੈ॥੩੨॥

ਰਣ ਕਰਤੇ ਸ਼ਾਹੁ ਹਰਾਯੋ। ਪਦ ਪਾਛੈ ਨਹੀਂ ਹਟਾਯੋ।
ਅਸ ਅਪਰ ਨ ਜਗ ਮੈਂ ਕੋਈ। ਇਨ ਸੰਗ ਜੰਗ ਚਹਿ ਜੋਈ॥ ੩੩॥

ਯੁੱਧ ਕਰਕੇ ਬਾਦਸ਼ਾਹ ਨੂੰ ਹਰਾਇਆ ਹੈ, ਇਕ ਪੈਰ ਵੀ ਪਿੱਛੇ ਨਹੀਂ ਹਟਾਇਆ ਹੈ। ਅਜਿਹਾ ਜੱਗ ਵਿਚ ਹੋਰ ਕੋਈ ਨਹੀਂ ਹੈ, ਜਿਹੜਾ ਇਨ੍ਹਾ ਨਾਲ ਜੰਗ ਕਰਨਾ ਚਾਹੁੰਦਾ ਹੋਵੇ॥੩੩॥

ਗੁਰ ਘਰ ਮਹਿ ਪੁਰਬ ਪੀਰੀ। ਅਬਿ ਇਨਹੁ ਦੁਤੀ ਲੇ ਮੀਰੀ।
ਪਰਤਾਪ ਸੁਜਸੁ ਜਗ ਛਾਯੋ। ਸਮ ਰਾਜਨਿ ਐਸ੍ਵਰਜ ਪਾਯੋ'॥ ੩੪॥

ਗੁਰੂ ਘਰ ਵਿਚ ਪਹਿਲਾਂ ਪੀਰੀ ਸੀ, ਹੁਣ ਇਨ੍ਹਾਂ ਦੂਸਰੀ ਮੀਰੀ ਵੀ ਲੈ ਲਈ ਹੈ। ਪਰਤਾਪ ਤੇ ਸ੍ਰੇਸ਼ਟ ਜੱਸ ਜੱਗ ਵਿਚ ਛਾਇਆ ਹੈ ਤੇ ਰਾਜਿਆਂ ਵਾਂਗ ਧਨ ਦੌਲਤ ਪਾਈ ਹੈ'॥੩੪॥

ਇੱਤਜਾਦਿਕ ਮਿਲਿ ਮਿਲਿ ਭਾਖੈਂ। ਰਣ ਗਾਥ ਬੂਝਿ ਅਭਿਲਾਖੈਂ।
ਨਿਤ ਗੁਰ ਢਿਗ ਸਭਾ ਬਿਸਾਲਾ। ਸਭਿ ਬੈਠਤਿ ਆਨੰਦ ਨਾਲਾ॥ ੩੫॥

ਇਤਿਆਦਿ ਮਿਲ-ਮਿਲ ਕੇ ਕਹਿੰਦੇ ਸਨ, ਯੁੱਧ ਦੀ ਕਥਾ ਪੁੱਛਣ ਦੀ ਅਭਿਲਾਸ਼ਾ ਰੱਖਦੇ ਸਨ। ਸਦਾ ਗੁਰੂ ਜੀ ਪਾਸ ਵੱਡੀ ਸਭਾ ਲੱਗੀ ਰਹਿੰਦੀ ਸੀ, ਸਾਰੇ ਅਨੰਦ ਨਾਲ ਬੈਠਦੇ ਸਨ॥੩੫॥

ਨਿਤ ਸ੍ਵਾਦਲ ਹੋਤਿ ਅਹਾਰਾ। ਖਟ ਰਸ ਕੇ ਅਨਿਕ ਪ੍ਰਕਾਰਾ।
ਬਹੁ ਰਾਗ ਰੰਗ ਨਿਤ ਹੋਵੈਂ। ਨਿਜ ਧੰਨ ਮਾਨਿ ਮਿਲਿ ਜੋਵੈਂ॥ ੩੬॥

ਨਿਤ ਸਵਾਦੀ ਭੋਜਨ ਤਿਆਰ ਹੁੰਦਾ ਸੀ, ਖੱਟਾ ਮਿੱਠਾ ਅਨੇਕ ਰਸਾਂ ਨਾਲ ਭਰਪੂਰ ਹੁੰਦਾ ਸੀ। ਨਿਤ ਬਹੁਤ ਰਾਗ ਰੰਗ ਹੁੰਦਾ ਸੀ। ਆਪਣੇ ਧੰਨ ਭਾਗ ਮੰਨ ਕੇ ਮਿਲ ਕੇ ਦਰਸ਼ਨ ਕਰਦੇ ਸਨ॥੩੬॥

ਗਨ ਮੰਗਤ ਜਨ ਸੁਨਿ ਆਵੈਂ। ਧਨ ਧਾਨ ਬਸਨ ਬਹੁ ਪਾਵੈਂ।
ਜੱਸ ਗਾਵਤਿ ਬਿਬਿਧ ਪ੍ਰਕਾਰੇ। 'ਜੈ ਸਤਿਗੁਰ' ਕਰਤਿ ਉਚਾਰੇਂ ॥ ੩੭॥

ਬਹੁਤ ਗਰੀਬ ਮੰਗਤੇ ਸੁਣ ਕੇ ਆਉਂਦੇ ਸਨ ਤੇ ਉਹ ਧਨ, ਵਸਤਰ ਬਹੁਤ ਪਾਉਂਦੇ ਸਨ। ਕਈ ਪ੍ਰਕਾਰ ਦਾ ਜੱਸ ਗਾਉਂਦੇ ਸਨ ਤੇ "ਸਤਿਗੁਰੂ ਜੀ ਦੀ ਜੈ" ਉਚਾਰਨ ਕਰਦੇ ਸਨ॥੩੭॥

ਦਿਨ ਇਸ ਬਿਧਿ ਕੇਤਿਕ ਬੀਤੇ। ਸਭਿ ਕਰਤਿ ਬਜਾਹ ਕੀ ਰੀਤੇ।
ਧੁਨਿ ਊਚੀ ਬਾਜਤਿ ਬਾਜੇ। ਸ਼ਰਨਾਇ ਮ੍ਰਿਦੰਗਨਿ ਸਾਜੇ॥ ੩੮॥

ਇਸ ਪ੍ਰਕਾਰ ਕਈ ਦਿਨ ਬਤੀਤ ਹੋਏ, ਸਾਰੇ ਹੀ ਵਿਆਹ ਦੀਆਂ ਰੀਤਾਂ ਕਰਦੇ ਸਨ। ਵਾਜਿਆਂ ਦੀਆਂ ਧੁਨਾਂ ਬਹੁਤ ਉੱਚੀ ਵੱਜਦੀਆਂ ਸਨ, ਬਹੁਤ ਮ੍ਰਿਦੰਗ ਤੇ ਹੋਰ ਸਾਜ਼ ਵੱਜਦੇ ਸਨ॥੩੮॥

ਗਨ ਢੋਲਕ ਢੋਲ ਬਜਾਵੈਂ। ਬਡ ਦੁੰਦਭਿ ਨਾਦ ਉਠਾਵੈਂ।
ਡਫ ਮੁਰਲੀ ਝਾਂਝ ਬਿਸਾਲਾ। ਮਿਲਿ ਪਟਹਿ ਨਫੀਰੀ ਜਾਲਾ॥ ੩੯॥

ਕਈ ਢੋਲ ਢੋਲਕੀਆਂ ਵਜਾਉਂਦੇ ਸਨ, ਵੱਡੇ ਨਗਾਰੇ ਬੜੀ ਉੱਚੀ ਨਾਦ ਕੁੱਕਦੇ ਸਨ। ਡਫਾਂ, ਮੁਰਲੀਆਂ ਅਤੇ ਝਾਂਝ ਬਹੁਤ ਵੱਜ ਰਹੇ ਸਨ। ਮਿਲ ਕੇ ਬਹੁਤ ਨਫੀਰੀਆਂ ਵੱਜ ਰਹੀਆਂ ਸਨ॥੩੯॥

ਨਿਤ ਨੌਬਤ ਦ੍ਵਾਰ ਅਗਾਰੀ। ਸਭਿ ਕਰਹਿਂ ਕੁਲਾਹਲ ਭਾਰੀ।
ਕਿਤ ਹੋਵਤਿ ਬਿਬਿਧ ਤਮਾਸ਼ੇ। ਸੁਰਲੋਕ ਮਨਿੰਦ ਬਿਲਾਸੇ॥ ੪੦॥

ਗੁਰੂ ਘਰ ਦੇ ਦਰਵਾਜ਼ੇ ਦੇ ਅੱਗੇ ਸਦਾ ਨੌਬਤ ਵੱਜਦੀ ਰਹਿੰਦੀ ਸੀ, ਸਾਰੇ ਸਾਜ਼ ਭਾਰੀ ਰੌਲਾ ਮਚਾ ਰਹੇ ਸਨ। ਕਿਤੇ ਕਈ ਪ੍ਰਕਾਰ ਦੇ ਤਮਾਸ਼ੇ ਹੋ ਰਹੇ ਸਨ, ਦੇਵ ਲੋਕ ਵਾਂਗ ਹਾਸ-ਬਿਲਾਸ ਹੋ ਰਿਹਾ ਸੀ॥੪੦॥

ਕਿਤ ਨਟ ਗਨ ਕਰਤਿ ਅਖਾਰੇ। ਮਿਲਿ ਨਰ ਸਮੁਦਾਇ ਨਿਹਾਰੇਂ।
ਦਿਨ ਬੀਤਤਿ ਜਾਨਹਿਂ ਨਾਂਹੀ। ਬਹੁ ਸੁੰਦਰ ਮੰਗਲ ਮਾਂਹੀ॥ ੪੧॥

ਕਿਸੇ ਥਾਂ ਨਟ (ਬਾਜ਼ੀਗਰ) ਇਕੱਠੇ ਹੋ ਕੇ ਅਖਾੜੇ ਲਾਉਂਦੇ ਸਨ, ਬਹੁਤ ਮਨੁੱਖ ਇਕੱਠੇ ਹੋ ਕੇ, ਉਨ੍ਹਾਂ ਅਖਾੜਿਆ ਨੂੰ ਵੇਖਦੇ ਸਨ। ਦਿਨ ਇਸ ਤਰ੍ਹਾਂ ਬੀਤ ਜਾਂਦਾ ਸੀ ਕਿ ਪਤਾ ਹੀ ਨਹੀਂ ਸੀ ਲਗਦਾ, ਬਹੁਤ ਸੁੰਦਰ ਅਨੰਦ ਮੰਗਲ ਹੁੰਦੇ ਸਨ॥ ੪੧॥

ਸ੍ਰੀ ਤੇਗਬਹਾਦਰ ਸੋਹੇ। ਨਰ ਨਾਰਿ ਰੂਪ ਪਿਖਿ ਮੋਹੇ।
ਸਮ ਪਿਤ ਕੇ ਦੀਰਘ ਡੀਲੰ। ਮੁਖ ਮੰਡਲ ਚੰਦ ਸੁਸ਼ੀਲੰ॥ ੪੨॥

ਸ੍ਰੀ ਤੇਗ ਬਹਾਦਰ ਜੀ ਬੜੇ ਸ਼ੋਭ ਰਹੇ ਸਨ, ਇਸਤਰੀਆਂ ਪੁਰਸ਼ ਉਨ੍ਹਾਂ ਦਾ ਰੂਪ ਵੇਖ ਕੇ ਮੋਹੇ ਜਾਂਦੇ ਸਨ। ਆਪਣੇ ਪਿਤਾ ਜੀ ਵਾਂਗ ਉਨ੍ਹਾਂ ਦਾ ਡੀਲ-ਡੌਲ ਬਹੁਤ ਵੱਡਾ ਹੈ, ਤੇ ਮੁੱਖ ਮੰਡਲ ਚੰਦ ਵਾਂਗ ਸੁਸ਼ੀਲ ਹੈ॥੪੨॥

ਭੁਜ ਲਾਂਬੀ ਆਯੁਤ ਛਾਤੀ। ਬਿਸਤਿਰਤਿ ਆਂਖ ਕੁਛ ਰਾਤੀ।
ਜੁਗ ਕੰਧ ਉਤੰਗ ਸੁਹਾਇ। ਗਤਿ ਮੰਦ ਮੰਦ ਛਬਿ ਪਾਏ॥ ੪੩॥

ਬਾਹਾਂ ਲੰਮੀਆਂ ਹਨ ਤੇ ਛਾਤੀ ਚੌੜੀ ਹੈ, ਵੱਡੀਆਂ-ਵੱਡੀਆਂ ਅੱਖਾਂ ਕੁਝ ਲਾਲ ਹਨ। ਦੋਵੇਂ ਮੋਢੇ ਉੱਚੇ ਹਨ ਤੇ ਬੜੇ ਸ਼ੋਭਦੇ ਹਨ, ਉਨ੍ਹਾਂ ਦੀ ਗਤੀ ਬੜੀ ਅਨੰਦਦਾਇਕ ਸ਼ੋਭਾ ਪਾਉਂਦੀ ਹੈ॥੪੩॥

ਉਦਬਰਤਨ ਮਲਿਬੇ ਹੋਤਾ। ਮਿਲਿ ਨਾਰਿ ਸੁਹਾਗ ਸਮੇਤਾ।
ਮੁਖ ਗਾਵਤਿ ਮਰਦਨ ਕੀਨਾ। ਸਭਿ ਤਨ ਕੇ ਗਹਿ ਭੁਜ ਪੀਨਾ॥ ੪੪॥

ਵਟਣਾ ਮਲਿਆ ਜਾਂਦਾ ਹੈ, ਸੁਹਾਗਣ ਨਾਰੀਆਂ ਮਿਲ ਕੇ ਇਹ ਕਾਰਜ ਕਰਦੀਆਂ ਹਨ, ਮੁੱਖ ਤੋਂ ਗੀਤ ਗਾਉਂਦੀਆਂ ਵਟਣਾ ਮਲਦੀਆਂ ਹਨ। ਸਾਰੇ ਸਰੀਰ ਤੇ ਭੁਜਾਂ ਨੂੰ ਫੜ ਕੇ ਮਲਦੀਆਂ ਹਨ।

ਇਸ਼ਨਾਨ ਸੌਰਭ ਸੰਗਾ। ਸ਼ੁਭ ਸ਼ੋਭਤਿ ਭੇ ਸ਼ੁਭ ਅੰਗਾ।
ਬਹੁਤ ਸੂਖਮ ਚੀਰ ਜੋ ਚਾਰੂ। ਕਰਿ ਪੋਸ਼ਿਸ਼ ਪੀਤ ਉਦਾਰੂ॥੪੫॥

ਸੁਗੰਧੀਆਂ ਨਾਲ ਭਰਪੂਰ ਜਲ ਨਾਲ ਇਸ਼ਨਾਨ ਕਰਵਾਇਆ। ਸ਼ੁਭ ਅੰਗ ਬੜੇ ਸ਼ੋਭ ਰਹੇ ਸਨ। ਬੜੇ ਸੁੰਦਰ ਸੂਖਮ ਜਿਹੜੇ ਵਸਤਰ ਸਨ, ਉਹ ਪੀਲੇ ਰੰਗ ਦੇ ਕੱਪੜੇ ਪਹਿਣ ਲਏ॥੪੫॥

ਤਨ ਪਹਿਰਤਿ ਦੂਤੀ ਬਧਾਈ। ਜਨੁ ਸਿਮਟਿ ਛਟਾ ਇਕ ਥਾਈਂ।
ਮੁਖ ਚੰਦ ਬੀਚ ਮੈਂ ਲੀਨਾ। ਜੁਗ ਨਯਨਿ ਕਮਲ ਰਸ ਲੀਨਾ॥ ੪੬॥

ਪੀਲੇ ਵਸਤਰ ਗਲ ਵਿਚ ਪਹਿਣਦਿਆਂ ਹੀ ਸੁੰਦਰਤਾ ਬਹੁਤ ਵੱਧ ਗਈ, ਮਾਨੋਂ ਚੰਦ ਵਰਗੇ ਮੁਖੜੇ ਨੂੰ ਬਿਜਲੀਆਂ ਨੇ ਇਕੱਠੀਆਂ ਹੋ ਕੇ ਆਪਣੇ ਵਿਚ ਲੈ ਲਿਆ ਹੋਵੇ। ਦੋਵੇਂ ਨੈਣ ਕਮਲ ਰਸ ਵਿਚ ਲੀਣ ਹਨ॥੪੬॥

ਕਰ ਕੰਙਣਾ ਬੰਧਨ ਕੀਨਾ। ਬਹੁ ਦਾਜ ਦਿਜਨਿ ਕੋ ਦੀਨਾ।
ਮਿਲਿ ਗਾਵਤਿ ਕੋਕਿਲ ਬੈਨੀ। ਬਡ ਤੀਛਨ ਪੰਕਜ ਨੈਨੀ॥ ੪੭॥

ਹੱਥ ਵਿਚ ਸੁੰਦਰ ਕੰਗਣ ਪਾ ਲਏ ਤੇ ਬ੍ਰਾਹਮਣ ਨੂੰ ਬਹੁਤ ਦਾਨ ਦਿੱਤਾ। ਇਸਤਰੀਆਂ ਮਿਲ ਕੇ ਕੋਇਲਾਂ ਵਾਂਗ ਗਾਉਂਦੀਆਂ ਸਨ, ਉਨ੍ਹਾ ਦੇ ਬੜੇ ਤਿੱਖੇ ਕੰਵਲ ਨੈਣ ਸਨ॥੪੭॥

ਕਟ ਕੇਹਰਿ ਬਰ, ਗਜਗੌਨੀ। ਧਰ ਬਸਨ ਬਿਭੂਖਨ ਲੌਨੀ।
ਸਭਿ ਤੇਗਬਹਾਦਰ ਸੰਗਾ। ਚਲਿ ਗਾਵਤਿ ਅਨੰਦ ਉਮੰਗਾ॥ ੪੮॥

ਹਾਥੀ ਦੀ ਮਸਤ ਚਾਲ ਵਾਲੀਆਂ ਬੜੀ ਟੇਢੀ ਨਜ਼ਰ ਨਾਲ ਵੇਖਦੀਆਂ ਸਨ, ਸੁੰਦਰ ਵਸਤਰ ਅਤੇ ਗਹਿਣੇ ਧਾਰਨ ਕੀਤੇ ਹੋਏ ਸਨ। ਸਾਰੀਆਂ ਸ੍ਰੀ ਤੇਗ ਬਹਾਦਰ ਜੀ ਦੇ ਨਾਲ ਚਲ ਰਹੀਆਂ ਸਨ ਤੇ ਬੜੇ ਅਨੰਦ ਅਤੇ ਉਤਸ਼ਾਹ ਨਾਲ ਗੀਤ ਗਾਉਂਦੀਆਂ ਸਨ॥੪੮॥

ਗਨ ਮਿਲੀ ਬਰਾਤ ਸੁਹਾਈ। ਦੁਤਿ ਬਸਨ ਬਿਭੂਖਨ ਛਾਈ।
ਨਿਜ ਪੁਰਿ ਮਹਿਂ ਕਰਨ ਢੁਕਾਊ। ਨਹਿਂ ਬਾਹਿਨ ਲੀਨਸਿ ਕਾਊ॥ ੪੯॥

ਸਾਰੀ ਬਰਾਤ ਮਿਲ ਕੇ ਸ਼ੋਭ ਰਹੀ ਸੀ, ਸਾਰਿਆਂ ਦੇ ਸੁੰਦਰ ਵਸਤਰ ਅਤੇ ਗਹਿਣੇ ਬੜੇ ਫੱਬ ਰਹੇ ਸਨ। ਕਿਉਂਕਿ ਆਪਣੇ ਪਿੰਡ ਵਿਚ ਹੀ ਜੰਞ ਦਾ ਢੁਕਾਅ ਸੀ, ਇਸ ਲਈ ਕੋਈ ਵਾਹਣ ਜਾਂ ਸਵਾਰੀ ਨਾ ਲਈ ਗਈ॥੪੯॥

ਗੁਰ ਚਲੇ ਰੂਪ ਅਭਿਰਾਮੂ। ਜਹਿਂ ਲਾਲਚੰਦ ਕੋ ਧਾਮੂ।
ਧਰਿ ਜੋਧ ਹਾਥ ਪਰ ਹਾਥਾ। ਸਭਿ ਭੱਲੇ ਤ੍ਰੇਹਣ ਸਾਥਾ॥ ੫੦॥

ਸੁੰਦਰ ਸਰੂਪ ਵਾਲੇ ਗੁਰੂ ਜੀ ਚਲ ਪਏ, ਜਿਥੇ ਭਾਈ ਲਾਲ ਚੰਦ ਦਾ ਘਰ ਸੀ। ਰਾਇ ਜੋਧ ਦੇ ਹੱਥ ਉਤੇ ਹੱਥ ਧਰ ਕੇ ਸਭ ਭੱਲਿਆਂ ਅਤੇ ਤ੍ਰੇਹਣਾਂ ਨੂੰ ਨਾਲ ਲੈ ਲਿਆ॥੫੦॥

ਸਿਖ ਸੰਗਤਿ ਮਿਲਿ ਸਮੁਦਾਏ। ਬਰਬੀਰ ਸੰਗ ਛਬਿ ਪਾਏ।
ਧਰਿ ਸਿਪਰ ਖੜਗ ਨਿਜ ਅੰਗਾ। ਜੋ ਅਹੈਂ ਬਹਾਦੁਰ ਜੰਗਾ॥ ੫੧॥

ਸਾਰੀ ਸਿੱਖ ਸੰਗਤ ਮਿਲ ਕੇ ਇਕੱਠੀ ਹੋਈ, ਸ੍ਰੇਸ਼ਟ ਸੂਰਬੀਰ ਨਾਲ ਸ਼ੋਭਾ ਪਾ ਰਹੇ ਸਨ। ਆਪਣੇ ਸਰੀਰਾਂ ਤੇ ਢਾਲ ਅਤੇ ਤਲਵਾਰ ਧਾਰਨ ਕਰ ਲਈ, ਜਿਹੜੇ ਜੰਗ ਵਿਚ ਬਹੁਤ ਬਹਾਦਰੀ ਵਿਖਾਉਂਦੇ ਸਨ॥੫੧॥

ਗਨ ਮੇਲ ਅਪਰ ਸਭਿ ਚਾਲੇ। ਚਹੁੰ ਦਿਸ਼ ਮਹਿਂ ਭੀਰ ਬਿਸਾਲੇ।
ਪੁਰਿ ਬਿਖੈ ਗਰੀ ਜਿ ਬਜ਼ਾਰਾ। ਗਨ ਮਾਨਵ ਸਭਿਨਿ ਮਝਾਰਾ॥ ੫੨॥

ਹੋਰ ਮੇਲ ਵਾਲੇ ਵੀ ਸਾਰੇ ਚਲ ਪਏ, ਚਾਰੇ ਪਾਸੇ ਭਾਰੀ ਭੀੜ ਸੀ। ਨਗਰ ਵਿਚ ਜਿਹੜੇ ਗਲੀਆਂ ਤੇ ਬਜ਼ਾਰ ਸਨ, ਸਭ ਵਿਚ ਮਨੁੱਖਾਂ ਦੀ ਬਹੁਤ ਭੀੜ ਸੀ॥੫੨॥

ਧਰਿ ਭੂਖਨ ਬਸਤ੍ਰ ਨਵੀਨੇ। ਬਨਿ ਛੈਲ ਫਿਰਤਿ ਰਸ ਲੀਨੇ।
ਗਨ ਬਾਦਤ ਬਜੇ ਬਿਸਾਲੇ। ਸਭਿ ਆਗੇ ਦੂਲਹੁ ਚਾਲੇ॥ ੫੩॥

ਨਵੇਂ ਵਸਤਰ ਅਤੇ ਗਹਿਣੇ ਪਾ ਕੇ, ਛੈਲ ਛਬੀਲੇ ਬਣ ਕੇ ਰਸ ਲੈ ਰਹੇ ਸਨ। ਬਹੁਤ ਵਾਜੇ ਬੜੀ ਉਚੀ ਆਵਾਜ਼ ਵਿਚ ਵੱਜ ਰਹੇ ਸਨ ਤੇ ਸਾਰਿਆਂ ਦੇ ਅੱਗੇ ਦੂਲਹਾ ਚਲ ਰਿਹਾ ਸੀ॥੫੩॥

ਸਿਰ ਸ਼ੇਖਰ ਸੁੰਦਰ ਸੋਭੇ। ਨਰ ਨਾਰਿ ਪਿਖਤਿ ਮਨ ਲੋਭੇ।
ਇਮ ਗਮਨੇ ਕਰਨ ਢੁਕਾਊ। ਬਰਖਾਵਤਿ ਬਿਤ ਚਿਤ ਚਾਊ॥ ੫੪॥

ਸਿਰ 'ਤੇ ਸੁੰਦਰ ਮੁਕਟ ਸ਼ੋਭ ਰਿਹਾ ਸੀ, ਨਰ ਨਾਰੀਆਂ ਦੇ ਮਨ ਵੇਖ ਕੇ ਲੁਭਾਇਮਾਨ ਹੋ ਜਾਂਦੇ ਸਨ। ਇਸ ਤਰ੍ਹਾਂ ਢੁਕਾਓ ਕਰਨ ਵਾਸਤੇ ਚਲ ਪਏ। ਲਾੜੇ ਦੇ ਉਤੋਂ ਦੀ ਚਿੱਤ ਵਿਚ ਚਾਅ ਭਰ ਕੇ ਧਨ ਦੀ ਵਰਖਾ ਕਰਦੇ ਸਨ॥੫੪॥

ਤਬਿ ਲਾਲਚੰਦ ਹੁਇ ਆਗੇ। ਕਰਿ ਮਿਲਨੀ ਪ੍ਰੇਮ ਸੁ ਪਾਗੇ।
ਕਰਿ ਅੱਗ੍ਰ ਬਿਲੰਦ ਅਕੋਰੰ। ਤਹਿਂ ਖਰੋ ਹੁਇ ਕਰ ਜੋਰੰ॥ ੫੫॥

ਤਦ ਲਾਲ ਚੰਦ ਅੱਗੇ ਹੋ ਕੇ, ਪ੍ਰੇਮ ਨਾਲ ਭਿੱਜ ਕੇ ਮਿਲਣੀ ਕਰਨ ਵਾਸਤੇ ਆਇਆ। ਬਹੁਤ ਉਪਹਾਰ ਅੱਗੇ ਕਰਕੇ ਉਥੇ ਖੜੇ ਹੋ ਕੇ ਹੱਥ ਜੋੜੇ॥੫੫॥

ਪਗ ਪੰਕਜ ਕੋ ਲਪਟਾਯੋ। ਗੁਰ ਗਹਿ ਕਰਿ ਹਾਥ ਉਠਾਯੋ।
ਮਿਲਿ ਅੰਕ ਗਯੋ ਨਿਜ ਧਾਮਾ॥ ਕਰਿ ਤਯਾਰ ਭਲੇ ਸਭਿ ਸਾਮਾ॥ ੫੬॥

ਲਾਲ ਚੰਦ ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ ਤਾਂ ਗੁਰੂ ਜੀ ਨੇ ਹੱਥ ਨਾਲ ਫੜ ਕੇ ਉਪਰ ਚੁਕਿਆ। ਛਾਤੀ ਨਾਲ ਮਿਲ ਕੇ ਆਪਣੇ ਘਰ ਗਿਆ ਤੇ ਭਲੀ ਪ੍ਰਕਾਰ ਸਾਰਾ ਸਾਮਾਨ ਤਿਆਰ ਕੀਤਾ॥੫੬॥

ਸ੍ਰੀ ਤੇਗ ਬਹਾਦਰ ਭਾਏ। ਸੁਸਰਾਲ ਦ੍ਵਾਰ ਲਗਿ ਆਏ।
ਕੁਲ ਰੀਤਿ ਕਰੀ ਨਰ ਨਾਰੀ। ਬਹੁ ਗਾਵਤਿ ਦੇ ਕਰਿ ਗਾਰੀ॥ ੫੭॥

ਸ੍ਰੀ ਤੇਗ ਬਹਾਦਰ ਜੀ ਆਪਣੇ ਸੁਸਰਾਲ ਦੇ ਦਵਾਰ ਦੇ ਲਾਗੇ ਆਏ। ਇਸਤਰੀ ਪੁਰਸ਼ਾਂ ਨੇ ਵੰਸ਼ ਦੀ ਰੀਤੀ ਕੀਤੀ ਤੇ ਸਿਠਣੀਆਂ ਦੇ ਕੇ ਬਹੁਤ ਗੀਤ ਗਾਉਂਦੀਆਂ ਸਨ॥੫੭॥

*ਨੋਟ : ਕਵੀ ਜੀ ਇਕ ਪਾਸੇ ਤੇ ਲਿਖਿਆ ਹੈ ਕਿ ਭਾਈ ਲਾਲ ਚੰਦ ਗੁਰੂ ਜੀ ਦੇ ਚਰਨਾਂ ਤੇ ਡਿੱਗ ਪਏ, ਭਾਵ ਉਹ ਗੁਰੂ ਜੀ ਦਾ ਏਨਾ ਮਾਣ ਕਰਦੇ ਸਨ ਅਤੇ ਦੂਸਰੇ ਪਾਸੇ ਲਿਖਿਆ ਹੈ ਇਸਤਰੀਆਂ ਗਾਲ੍ਹਾਂ ਕੱਢ ਕੇ ਗੀਤ ਗਾਉਂਦੀਆਂ ਸਨ। ਐਸਾ ਕਰਨਾ ਅਸੰਭਵ ਹੈ।*

ਪੁਨ ਹਟਿ ਕਰਿ ਡੇਰਾ ਕੀਨਾ। ਪੁਰਿ ਅਧਿਕ ਕੁਲਾਹਲ ਚੀਨਾ।
ਸਭਿ ਟਿਕੀ ਬਰਾਤ ਅਨੰਦੇ। ਗਨ ਮੰਗਲ ਪਿਖਿ ਹਰਖੰਦੇ॥ ੫੮॥

ਫਿਰ ਵਾਪਸ ਆ ਕੇ ਡੇਰਾ ਕੀਤਾ, ਨਗਰ ਵਿਚ ਬਹੁਤ ਰੌਲਾ ਪਿਆ ਹੋਇਆ ਸੀ। ਸਾਰੀ ਬਰਾਤ ਅਨੰਦ ਨਾਲ ਟਿਕ ਗਈ, ਕਈ ਪ੍ਰਕਾਰ ਦੀਆਂ ਖੁਸ਼ੀਆਂ ਵੇਖ ਕੇ ਪ੍ਰਸੰਨ ਹੋ ਰਹੇ ਸਨ॥੫੮॥

*ਅੱਠਵੀਂ ਰਾਸ ਦਾ ਪੰਜਵਾਂ ਅਧਿਆਇ ਸਮਾਪਤ ਹੋਇਆ॥੫॥*

# ਅਧਿਆਇ ਛੇਵਾਂ

## *ਸ੍ਰੀ ਤੇਗ ਬਹਾਦਰ ਵਿਆਹ*

ਦੋਹਰਾ- ਜੁਗ ਘਟਿਕਾ ਨਿਸ ਕੇ ਬਿਤੇ ਭੋਜਨ ਹੇਤੁ ਬੁਲਾਇ।
ਸ੍ਰੀ ਗੁਰ ਹਰਿਗੋਬਿੰਦ ਜੀ ਚਲੇ ਸੰਗ ਸਮੁਦਾਇ॥ ੧॥

ਜਦ ਦੋ ਘੜੀਆਂ ਰਾਤ ਬੀਤ ਗਈ ਤਾਂ ਭੋਜਨ ਵਾਸਤੇ ਬੁਲਾ ਲਏ। ਸ੍ਰੀ ਗੁਰੂ ਹਰਿਗੋਬਿੰਦ ਜੀ ਸਮੂਹ ਬਰਾਤ ਦੇ ਨਾਲ ਚਲ ਪਏ॥੧॥

ਹਾਕਲ ਛੰਦ- ਸ੍ਰੀ ਤੇਗ ਬਹਾਦਰ ਦੂਲੇ। ਸਭਿ ਆਗੇ ਗੁਰ ਅਨਕੂਲੇ।
ਘਰ ਲਾਲਚੰਦ ਕੇ ਚਾਲੇ। ਗਨ ਬਾਦਤ ਧੁਨੀ ਉਠਾਲੇ॥ ੨॥

ਦੂਲਹਾ ਸ੍ਰੀ ਤੇਗ ਬਹਾਦਰ, ਗੁਰੂ ਦੀ ਆਗਿਆ ਅਨੁਸਾਰ ਸਭ ਦੇ ਅੱਗੇ ਹੋ ਗਏ। ਸ੍ਰੀ ਲਾਲ ਚੰਦ ਦੇ ਘਰ ਨੂੰ ਚਲ ਪਏ, ਵਾਜੇ ਬਹੁਤ ਉੱਚੀਆਂ ਧੁਨੀਆਂ ਵਿਚ ਵੱਜ ਪਏ॥੨॥

ਤਬਿ ਆਤਸ਼ਬਾਜ਼ੀ ਛੋਰੇ। ਚਢਿ ਜਾਤਿ ਗਗਨ ਕੀ ਓਰੇ।
ਬਹੁ ਭਾਰ ਮਤਾਬੀ ਬਾਰੀ। ਜਨੁ ਫੂਲ ਰਹੀ ਫੁਲਵਾਰੀ॥ ੩॥

ਤਦ ਆਤਸ਼ਬਾਜ਼ੀ ਚੱਲਣ ਲੱਗੀ, ਹਵਾਈਆਂ, ਅਕਾਸ਼ ਵੱਲ ਚੜ੍ਹ ਰਹੀਆਂ ਸਨ। ਬਹੁਤ ਭਾਰ ਮਤਾਬੀਆਂ ਜਗਾਈਆਂ ਗਈਆਂ ਮਾਨੋਂ ਫੁੱਲਾਂ ਦੀ ਫੁਲਵਾੜੀ ਖਿੜੀ ਹੋਈ ਸੀ॥੩॥

ਕੋ ਛੂਟਤਿ ਸਬਦ ਉਠਾਲੈਂ। ਕੋ ਚਰਖੀ ਭ੍ਰਮਤਿ ਬਿਸਾਲੈਂ।
ਬਿਡ ਕਰਤਿ ਜੋਰ ਬਿਧਿ ਨਾਨਾ। ਇਮ ਅਧਿਕ ਤਮਾਸ਼ੇ ਠਾਨਾ॥ ੪॥

ਕਈ ਚਲਦੀਆਂ ਹੋਈਆਂ ਹਵਾਈਆਂ ਬੜੀ ਉੱਚੀ ਆਵਾਜ਼ ਪੈਦਾ ਕਰਦੀਆਂ ਸਨ, ਕਈ ਚਰਖੜੀਆਂ ਬਹੁਤ ਭਾਉਂਦੀਆਂ ਸਨ। ਕਈ ਪ੍ਰਕਾਰ ਵੱਡਾ ਜ਼ੋਰ ਲਾ ਰਹੇ ਸਨ, ਇਸ ਤਰ੍ਹਾਂ ਬਹੁਤ ਤਮਾਸ਼ੇ ਕਰ ਰਹੇ ਸਨ॥ ੪॥

ਨਰ ਨਾਰਿ ਬਿਲੋਕਿ ਅਨੰਦੈ। ਜਿਹ ਕਿਹ ਠਾਂ ਭੀਰ ਬਿਲੰਦੈ।
ਚਲਿ ਸਨੈ ਸਨੈ ਗੁਰ ਧੀਰਾ। ਅਵਿਲੋਕਤਿ ਚਲਤਿ ਪ੍ਰਬੀਰਾ॥ ੫॥

ਇਸਤਰੀ ਪੁਰਸ਼ ਵੇਖ ਕੇ ਪ੍ਰਸੰਨ ਹੋ ਰਹੇ ਸਨ, ਜਿਥੇ ਕਿਥੇ ਬਹੁਤ ਭੀੜ ਜਮ੍ਹਾਂ ਹੋਈ ਸੀ। ਗੁਰੂ ਜੀ ਹੌਲੀ-ਹੌਲੀ ਚਲ ਰਹੇ ਸਨ, ਲੋਕ ਸ੍ਰੇਸ਼ਟ ਸੂਰਬੀਰ ਨੂੰ ਵੇਖ ਰਹੇ ਸਨ॥੫॥

ਘਰ ਲਾਲਚੰਦ ਕੇ ਜਾਈ। ਗਨ ਪੰਕਤਿ ਕਰਿ ਬੈਠਾਈ।
ਬਰ ਚੰਦਨ ਚੌਕੀ ਚਾਰੂ। ਰੁਚਿਰਾਸਨ ਤਿਸ ਪਰ ਡਾਰੂ॥ ੬॥

ਸ੍ਰੀ ਲਾਲ ਚੰਦ ਦੇ ਘਰ ਚਲੇ ਗਏ, ਬਹੁਤ ਪੰਗਤਾਂ ਲਾ ਕੇ ਬਿਠਾ ਦਿੱਤੇ। ਇਕ ਸ੍ਰੇਸ਼ਟ ਚੰਦਨ ਦੀ ਸੁੰਦਰ ਚੌਕੀ ਡਾਹੀ, ਉਸ ਦੇ ਉਤੇ ਸੁੰਦਰ ਕਪੜਾ ਵਿਛਾਇਆ ਗਿਆ॥੬॥

ਸਨਮਾਨ ਗੁਰੂ ਬੈਠਾਏ। ਕਰ ਧੋਵਨਿ ਕੋ ਜਲ ਲਜਾਏ।
ਪੁਨ ਥਾਰ ਸੁ ਧਰੇ ਅਗਾਰੀ। ਪਕਵਾਨ ਅਨੇਕ ਪ੍ਰਕਾਰੀ॥ ੭॥

ਬੜੇ ਸਨਮਾਨ ਨਾਲ ਗੁਰੂ ਜੀ ਨੂੰ ਬੈਠਾਇਆ ਤੇ ਹੱਥ ਧੁਆਉਣ ਵਾਸਤੇ ਪਾਣੀ ਲਿਆਏ। ਫਿਰ ਥਾਲ ਅੱਗੇ ਧਰ ਦਿੱਤੇ, ਤੇ ਅਨੇਕ ਪ੍ਰਕਾਰ ਦੇ ਪਕਵਾਨ ਵਿਚ ਰੱਖ ਦਿੱਤੇ॥੭॥

ਬਹੁ ਸੁੰਦਰ ਦਏ ਅਹਾਰਾ। ਸਭਿ ਅਚਹਿਂ ਸ੍ਵਾਦ ਲੇ ਭਾਰਾ।
ਮਨ ਭਾਵਤਿ ਅਚਿ ਤ੍ਰਿਪਤਾਏ। ਪੁਨ ਪਾਨ ਪਖਾਰਿ ਸਬਾਏ॥ ੮॥

ਬਹੁਤ ਸੁੰਦਰ ਭੋਜਨ ਦਿੱਤਾ, ਸਾਰੇ ਭਾਰੀ ਸਵਾਦ ਲੈ ਕੇ ਖਾਂਦੇ ਸਨ। ਮਨ-ਭਾਉਂਦਾ ਭੋਜਨ ਛੱਕ ਕੇ ਤ੍ਰਿਪਤ ਹੋ ਗਏ, ਫਿਰ ਸਭ ਦੇ ਹੱਥ ਧੁਆਏ॥੮॥

ਧਨ ਡਾਰਿ ਜੂਠ ਮਹਿਂ ਆਏ। ਨਿਜ ਡੇਰੇ ਬਿਖੈ ਸੁਹਾਏ।
ਨਿਸ ਭੂਢ ਜਾਮ ਜਬਿ ਬੀਤੀ। ਹਿਤ ਲਾਵਾਂ ਦੇਨਿ ਸਪ੍ਰੀਤੀ॥ ੯॥

ਗੁਰੂ ਜੀ ਨੇ ਜੂਠ ਦਾ ਧਨ ਦਿੱਤਾ ਤੇ ਫਿਰ ਆਪਣੇ ਡੇਰੇ ਵਿਖੇ ਆ ਗਏ। ਜਦ ਡੇਢ ਪਹਿਰ ਰਾਤ ਬੀਤੀ, ਲਾਵਾਂ ਦੇਣ ਦੀ ਪ੍ਰੀਤ ਕੀਤੀ॥੯॥

ਨਰ ਪਠਿ ਕਰਿ ਗੁਰੂ ਬੁਲਾਏ। ਲਖਿ ਸਮਾ ਤੁਰਤ ਚਲਿ ਆਏ।
ਸ੍ਰੀ ਤੇਗ ਬਹਾਦਰ ਬੈਸੇ। ਜਹਿਂ ਬੇਦੀ ਸੁੰਦਰ ਹੈਸੇ॥ ੧੦॥

ਮਨੁੱਖ ਭੇਜ ਕੇ ਗੁਰੂ ਜੀ ਨੂੰ ਬੁਲਾਇਆ, ਸਮਾਂ ਵੇਖ ਕੇ ਤੁਰਤ ਚਲ ਕੇ ਆ ਗਏ। ਸ੍ਰੀ ਤੇਗ ਬਹਾਦਰ ਜੀ ਬੈਠ ਗਏ, ਜਿਥੇ ਸੁੰਦਰ ਵੇਦੀ ਤਿਆਰ ਕੀਤੀ ਸੀ॥੧੦॥

ਗਣਪਤਿ ਸੁਰ ਪੂਜਨ ਕੀਨੇ। ਤਿਹ ਜਥਾ ਜੋਗ ਧਨ ਦੀਨੇ।
ਸ੍ਰੀ ਗੁਜਰੀ ਕੋ ਲੇ ਆਏ। ਦਿਸ਼ ਬਾਮ ਬਿਖੈ ਬੈਠਾਏ॥ ੧੧॥

ਗਣਪਤੀ ਦੇਵਤੇ ਦੀ ਪੂਜਾ ਕੀਤੀ, ਉਥੇ ਯਥਾ-ਯੋਗ ਧਨ ਦਿੱਤਾ। ਫਿਰ ਸ੍ਰੀ ਗੁਜਰੀ ਨੂੰ ਲੈ ਆਏ ਤੇ ਉਸ ਨੂੰ ਖੱਬੇ ਪਾਸੇ ਬਿਠਾ ਦਿੱਤਾ॥੧੧॥

ਕਰਿ ਪੂਜਾ ਅਗਨਿ ਪ੍ਰਕਾਸ਼ੀ। ਬਿਚ ਹਵੀ ਪਾਇ ਬਹੁ ਭਾਸੀ।
ਦਿਜ ਬਚ ਤੇ ਫਿਰ ਕਰਿ ਫੇਰੇ। ਸਭਿ ਲਾਗ ਦਿਯੋ ਤਿਸ ਬੇਰੇ॥ ੧੨॥

ਪੂਜਾ ਕਰਕੇ ਅੱਗ ਬਾਲੀ ਗਈ, ਜਦ ਵਿਚ ਘਿਉ ਪਾਇਆ ਤਾਂ ਅਗਨੀ ਦਾ ਬਹੁਤ ਪ੍ਰਕਾਸ਼ ਹੋਇਆ। ਬ੍ਰਾਹਮਣ ਦੇ ਬਚਨ ਤੇ ਫਿਰ ਫੇਰੇ ਕੀਤੇ, ਉਸ ਸਮੇਂ ਸਭ ਲਾਗ ਦਿੱਤੇ ਗਏ॥੧੨॥

ਕਰਿ ਰੀਤਿ ਜਥੋਚਿਤ ਸਾਰੀ। ਚਲਿ ਆਏ ਡੇਰ ਮਝਾਰੀ।
ਤਬਿ ਸੰਮਤ ਸੋਰਹਿ ਸੈਯਾ। ਬਿਤ ਅਪਰ ਉਨਾਨਵ ਭੈਯਾ॥ ੧੩॥

ਚਿਤ ਅਨੁਸਾਰ ਸਾਰੀਆਂ ਰੀਤਾਂ ਕੀਤੀਆਂ ਗਈਆਂ, ਫਿਰ ਆਪਣੇ ਡੇਰੇ ਦੇ ਵਿਚ ਆ ਗਏ। ਤਦੋਂ ਸੰਮਤ ੧੬੮੯ ਸੀ॥੧੩॥

*ਨੋਟ : ਖਾਲਸਾ ਤਵਾਰੀਖ ਨੇ ਸ੍ਰੀ ਗੁਰੂ ਤੇਗ ਬਹਾਦਰ ਦੇ ਵਿਆਹ ਦਾ ਸੰਮਤ ੧੬੮੬ ਬਿਕ੍ਰਮੀ ਲਿਖਿਆ ਹੈ।*

ਪੁਨ ਸੁਪਤਿ ਭਏ ਸੁਖ ਪਾਏ। ਉਠਿ ਪ੍ਰਾਤੀ ਸਕਲ ਨਹਾਏ।
ਗੁਰ ਸ਼ਬਦ ਪਾਠ ਬਡ ਹੋਤਾ। ਸੁਨਿ ਰਾਗ ਅਨੇਕ ਉਦੋਤਾ॥ ੧੪॥

ਫਿਰ ਗੁਰੂ ਜੀ ਸੁਖ ਪਾ ਕੇ ਸੌਂ ਗਏ ਤੇ ਸਵੇਰੇ ਉਠ ਕੇ ਸਾਰਿਆਂ ਨੇ ਇਸ਼ਨਾਨ ਕੀਤਾ। ਗੁਰੂ ਜੀ ਦੇ ਸ਼ਬਦਾਂ ਦਾ ਬੜਾ ਪਾਠ ਹੋਇਆ। ਅਨੇਕ ਰਾਗ ਸੁਣ ਕੇ ਪ੍ਰਕਾਸ਼ ਹੋਇਆ॥੧੪॥

ਬਹੁ ਗਾਇਂ ਰਬਾਬੀ ਨੀਕੇ। ਜਿਸ ਤੇ ਸੁਖ ਹੋਵਤਿ ਜੀਕੇ।
ਪੁਨ ਸਭਾ ਲਗੀ ਗੁਰ ਪਾਸੀ। ਸਭਿ ਆਏ ਅਨੰਦ ਪ੍ਰਕਾਸ਼ੀ॥ ੧੫॥

ਰਬਾਬੀ ਬਹੁਤ ਸੁੰਦਰ ਗਾਇਣ ਕਰ ਰਹੇ ਸਨ, ਜਿਸ ਨਾਲ ਜੀਅ ਨੂੰ ਸੁਖ ਪ੍ਰਾਪਤ ਹੁੰਦਾ ਸੀ। ਫਿਰ ਗੁਰੂ ਜੀ ਪਾਸ ਸਭਾ ਲੱਗੀ, ਸਭ ਦੇ ਆਉਣ ਨਾਲ ਅਨੰਦ ਦਾ ਪ੍ਰਕਾਸ਼ ਹੋਇਆ॥੧੫॥

ਜਿਤ ਕਿਤ ਤੇ ਜਾਚਕ ਆਏ। ਜਸ ਗਾਵਤਿ ਧਨ ਕੋ ਪਾਏ।
ਸ੍ਰੀ ਸਤਿਗੁਰ ਹਰਿਗੋਬਿੰਦ। ਛਬਿ ਪਾਵਤਿ ਭਏ ਬਿਲੰਦੰ॥ ੧੬॥

ਜਿਥੋਂ ਕਿਥੋਂ ਮੰਗਤੇ ਆਏ, ਉਹ ਜੱਸ ਗਾ ਕੇ ਧਨ ਪ੍ਰਾਪਤ ਕਰਦੇ ਸਨ। ਸ੍ਰੀ ਸਤਿਗੁਰੂ ਹਰਿਗੋਬਿੰਦ ਸਾਹਿਬ, ਬੜੀ ਵੱਡੀ ਛਵੀ ਪਾ ਰਹੇ ਸਨ॥੧੬॥

ਸੁਤ ਚਾਰਹੁੰ ਬੇਦ ਸਮਾਨਾ। ਬਿਚ ਬ੍ਰਹਮਾ ਗਜਾਨ ਮਹਾਨਾ।
ਸੁਰਰਾਜ ਮਨਹੁਂ ਸੁਰ ਮਾਂਹੀ। ਸਿਰ ਚਮਰ ਬਿਸਾਲ ਢੁਰਾਹੀਂ॥ ੧੭॥

ਚਾਰੇ ਪੁੱਤਰ ਵੇਦਾਂ ਦੇ ਸਮਾਨ ਸਨ ਤੇ ਉਨ੍ਹਾਂ ਦੇ ਵਿਚ ਗੁਰੂ ਜੀ ਬ੍ਰਹਮਾ ਵਾਂਗ ਮਹਾਨ ਗਿਆਨ ਸਨ। ਦੇਵਤਿਆਂ ਦਾ ਰਾਜਾ ਇੰਦਰ ਮਾਨੋ ਦੇਵਤਿਆ ਵਿਚ ਬਿਰਾਜਮਾਨ ਸੀ, ਸਿਰ ਦੇ ਉਤੇ ਵਿਸ਼ਾਲ ਚੋਰ ਫਿਰ ਰਿਹਾ ਸੀ॥੧੭॥

ਕੋ ਕੋ ਬਡ ਕਹੌਂ ਸਮਾਜਾ। ਬਿਚ ਸਭਾ ਸੁਭਹਿਂ ਮਹਾਰਾਜਾ।
ਹਿਤ ਭੋਜਨ ਬਹੁਰ ਬੁਲਾਏ। ਮਗ ਪਰਤਿ ਪਾਵੜੇ ਆਏ॥ ੧੮॥

ਕਿਹੜਾ ਕਿਹੜਾ ਵੱਡਾ ਜਲੋ ਬਿਆਨ ਕਰਾਂ, ਮਹਾਰਾਜ ਜੀ ਸਭਾ ਦੇ ਵਿਚ ਸ਼ੋਭ ਰਹੇ ਸਨ। ਭੋਜਨ ਵਾਸਤੇ ਫਿਰ ਬੁਲਾਏ, ਰਾਹ ਵਿਚ ਕਪੜੇ ਵਿਛਾਏ ਹੋਏ ਸਨ, ਜਿਸ ਦੇ ਉਪਰ ਚਲ ਕੇ ਆਏ॥੧੮॥

ਕਰਿ ਪੰਕਤਿ ਥਿਤ ਸਮੁਦਾਈ। ਗੁਰ ਚੌਕੀ ਪਰ ਦੁਤਿ ਪਾਈ।
ਬਰ ਨੁਗਦੀ, ਮੋਦਕ ਬ੍ਰਿੰਦਾ। ਧਰਿ ਅੱਗ੍ਰ ਜਲੇਬ ਬਿਲੰਦਾ॥ ੧੯॥

ਪੰਗਤਾਂ ਲਾ ਕੇ ਬੈਠ ਗਏ, ਗੁਰੂ ਜੀ ਨੇ ਚੌਕੀ ਉਤੇ ਸ਼ੋਭਾ ਪਾਈ। ਸ੍ਰੇਸ਼ਟ ਨੁਗਦੀ ਤੇ ਲੱਡੂ ਬਣੇ ਸਨ ਤੇ ਅੱਗੇ ਵੱਡੇ-ਵੱਡੇ ਜਲੇਬ ਧਰ ਦਿੱਤੇ॥੧੯॥

ਇੱਤਯਾਦਿ ਪਰੋਸਿ ਅਹਾਰਾ। ਬਡ ਹੋਤਿ ਭਈ ਜਿਵਨਾਰਾ।
ਤਬਿ ਗਾਵਤਿ ਨਾਗਰਿ ਨਾਰੀ। ਲੇ ਨਾਮ ਗੁਰੂ ਦੇ ਗਾਰੀ॥ ੨੦॥

ਇਤਿਆਦਿ ਭੋਜਨ ਪਰੋਸ ਕੇ ਵੱਡੀ ਜ਼ਿਆਫ਼ਤ ਹੋ ਰਹੀ ਸੀ। ਤਦ ਨਗਰ ਦੀਆਂ ਨਾਰੀਆਂ ਗਾਉਣ ਲੱਗੀਆਂ, ਗੁਰੂ ਦਾ ਨਾਂ ਲੈ ਕੇ ਗਾਲ੍ਹੀਆਂ ਦਿੰਦੀਆਂ ਸਨ॥੨੦॥

*ਨੋਟ : ਕਵੀ ਜੀ ਵਲੋਂ ਇਹ ਕਿੰਨੀ ਹਾਸੋਹੀਣੀ ਗੱਲ ਲਿਖੀ ਗਈ ਹੈ, ਬੇਸ਼ਕ ਕੈਸਾ ਵੀ ਮੌਕਾ ਹੋਵੇ ਕੀ ਕੋਈ ਆਪਣੇ ਸਤਿਗੁਰੂ ਜੀ ਨੂੰ ਗਾਲ੍ਹ ਦੇ ਸਕਦਾ ਹੈ, ਕਵੀ ਜੀ ਇਹ ਆਪਣੇ ਸਮੇਂ ਦੀ ਗੱਲ ਕਰ ਰਹੇ ਹਨ।*

ਤਜੋਂ ਹੋਤਿ ਅਨੰਦ ਬਿਲੰਦਾ। ਅਚਿ ਲੀਨਿ ਜਥਾ ਰੁਚਿ ਬ੍ਰਿੰਦਾ।
ਦੇ ਲਾਗ ਭਲੇ ਚਲਿ ਆਏ। ਇਮ ਬਾਸੁਰ ਤੀਨ ਬਿਤਾਏ॥ ੨੧॥

ਇਸ ਤਰ੍ਹਾਂ ਬੜਾ ਵੱਡਾ ਅਨੰਦ ਹੋ ਰਿਹਾ ਸੀ, ਜਿਵੇਂ ਵੀ ਕਿਸੇ ਦੀ ਰੁਚੀ ਸੀ, ਉਸ ਅਨੁਸਾਰ ਉਸ ਭੋਜਨ ਛੱਕ ਲਿਆ। ਜੂਠ ਆਦਿ ਦਾ ਲਾਗ ਦੇ ਕੇ ਆਪਣੇ ਘਰ ਆ ਗਏ, ਇਸ ਤਰ੍ਹਾਂ ਤਿੰਨ ਰਾਤਾਂ ਬਤੀਤ ਕੀਤੀਆਂ॥੨੧॥

ਤਬਿ ਲਾਲਚੰਦ ਦੇ ਦਾਜਾ। ਬਹੁ ਭੂਖਨ ਬਸਤ੍ਰ ਸਮਾਜਾ।
ਧਰਿ ਜਥਾ ਸ਼ਕਤਿ ਕਰ ਜੋਰੇ। 'ਨਹਿਂ ਸਰਜੋ ਕਛੂ ਢਿਗ ਮੋਰੇ॥ ੨੨॥

ਫਿਰ ਲਾਲ ਚੰਦ ਨੇ ਦਾਜ ਦਿੱਤਾ, ਬਹੁਤ ਗਹਿਣੇ, ਵਸਤਰ ਅਤੇ ਸਾਜ ਸਾਮਾਨ ਦਿੱਤਾ। ਜਥਾ-ਸ਼ਕਤੀ ਦਾਜ ਧਰ ਕੇ ਹੱਥ ਜੋੜ ਦਿੱਤੇ ਤੇ ਕਿਹਾ, "ਮੇਰੇ ਪਾਸੋਂ ਕੁਝ ਵੀ ਨਹੀਂ ਸਰਿਆ ਹੈ॥੨੨॥

ਇਕ ਤਨੁਜਾ ਮੈਂ ਹਿਤ ਸੇਵਾ। ਅਰਪੰਨ ਕੀਨਿ ਗੁਰ ਦੇਵਾ!'।
ਲੇ ਬਿਸ਼ਨੁ ਕੁਇਰ ਸੰਗ ਦਾਰਾ। ਹੁਇ ਦੀਨ ਸੁ ਬਾਕ ਉਚਾਰਾ॥ ੨੩॥

ਇਕ ਪੁੱਤਰੀ ਮੈਂ ਸੇਵਾ ਹਿਤ ਦਿੱਤੀ ਹੈ, ਇਹ ਗੁਰੂ ਜੀ ਨੂੰ ਅਰਪਣ ਕਰ ਦਿੱਤੀ ਹੈ।'' ਆਪਣੀ ਪਤਨੀ ਬਿਸ਼ਨ ਕੌਰ ਨੂੰ ਨਾਲ ਲੈ ਕੇ, ਦੀਨ ਹੋ ਕੇ ਇਹ ਬਚਨ ਕਹੇ॥੨੩॥

ਸੁਨਿ ਸਤਿਗੁਰ ਭਏ ਕ੍ਰਿਪਾਲਾ। 'ਤੁਮ ਦੀਨੋ ਸਕਲ ਬਿਸਾਲਾ।
ਜਿਨ ਤਨੁਜਾ ਅਰਪਨ ਕੀਨੰ। ਕਜਾ ਪਾਛੇ ਤਿਨ ਰਖਿ ਲੀਨੰ'॥ ੨੪॥

ਇਹ ਸੁਣ ਕੇ ਸਤਿਗੁਰੂ ਜੀ ਕ੍ਰਿਪਾਲੂ ਹੋ ਗਏ, ''ਤੂੰ ਸਾਰਾ ਬਹੁਤ ਕੁਝ ਦਿੱਤਾ ਹੈ। ਜਿਸ ਆਪਣੀ ਪੁੱਤਰੀ ਹੀ ਅਰਪਣ ਕਰ ਦਿੱਤੀ ਹੈ, ਉਸ ਨੇ ਪਿੱਛੇ ਕੀ ਰੱਖ ਲਿਆ ਹੈ''॥੨੪॥

ਸੁਨਿ ਲਾਲਚੰਦ ਪਦ ਬੰਦੇ। ਪੁਨ ਡੋਰਾ ਲਜਾਇ ਬਿਲੰਦੇ।
ਤਹਿਂ ਗੁਜਰੀ ਸੁਤਾ ਬਿਠਾਈ। ਪਤਿ ਸੇਵਨ ਸੀਖ ਸਿਖਾਈ॥ ੨੫॥

ਇਹ ਸੁਣ ਕੇ ਲਾਲ ਚੰਦ ਨੇ ਚਰਨਾਂ ਉਤੇ ਬੰਦਨਾ ਕੀਤੀ ਫਿਰ ਇਕ ਵੱਡਾ ਡੋਲਾ ਮੰਗਵਾਇਆ, ਉਸ ਵਿਚ ਆਪਣੀ ਪੁੱਤਰੀ ਗੁਜਰੀ ਨੂੰ ਬਿਠਾਇਆ, ਆਪਣੇ ਪਤੀ ਦੀ ਸੇਵਾ ਕਰਨ ਦੀ ਸਿਖਿਆ ਦਿੱਤੀ॥੨੫॥

ਸਭਿ ਕਰੇ ਬਿਸਰਜਨ ਚਾਲੇ। ਧਨ ਬਰਖਾ ਕੀਨਿ ਬਿਸਾਲੇ।
ਨਿਜ ਘਰ ਲੈ ਆਵਤਿ ਸਾਰੇ। ਧਨ ਡਾਰਤਿ ਗਰੀ ਬਜ਼ਾਰੇ॥ ੨੬॥

ਸਾਰਿਆਂ ਨੂੰ ਵਿਦਾ ਕੀਤਾ ਤੇ ਉਹ ਚਲ ਪਏ, ਪੁੱਤਰ-ਨੂੰਹ ਉਤੋਂ ਦੀ ਧਨ ਦੀ ਬਹੁਤ ਵਰਖਾ ਕੀਤੀ। ਸਾਰੇ ਆਪਣੇ ਘਰ ਨੂੰ ਲੈ ਕੇ ਆ ਗਏ, ਗਲੀਆਂ ਬਾਜ਼ਾਰਾਂ ਵਿਚ ਧਨ ਸੁੱਟ ਰਹੇ ਸਨ॥੨੬॥

ਗਨ ਬਾਜ ਬਜਾਵਤਿ ਊਚੇ। ਗੁਰ ਮੰਦਿਰ ਆਨਿ ਪਹੂਚੇ।
ਮਿਲਿ ਆਗੇ ਨਾਗਰ ਨਾਰੀ। ਬਹੁ ਗਾਇ ਗੀਤ ਮੁਦ ਭਾਰੀ॥ ੨੭॥

ਬਹੁਤ ਵਾਜੇ ਉੱਚੀ-ਉੱਚੀ ਵੱਜ ਰਹੇ ਸਨ, ਗੁਰੂ ਜੀ ਆਪਣੇ ਘਰ ਅੰਦਰ ਪਹੁੰਚ ਗਏ। ਨਗਰ ਦੀਆਂ ਇਸਤਰੀਆਂ ਨੇ ਅੱਗੇ ਮਿਲ ਕੇ ਭਾਰੀ ਪ੍ਰਸੰਨ ਹੋ ਕੇ ਬਹੁਤ ਗੀਤ ਗਾਏ॥੨੭॥

ਸਭਿ ਬਿਖੈ ਨਾਨਕੀ ਆਵੈ। ਸੁਤ ਬਧੂ ਪਿਖਿਨਿ ਲਲਚਾਵੈ।
ਜਬਿ ਪਹੁਚੇ ਪੌਰ ਅਗਾਰੀ। ਸਿਰ ਵਾਰ ਵਾਰਿ ਤਿਸ ਬਾਰੀ॥ ੨੮॥

ਸਾਰਿਆਂ ਦੇ ਵਿਚ ਮਾਤਾ ਨਾਨਕੀ ਆਈ ਤੇ ਪੁੱਤਰ ਦੀ ਪਤਨੀ ਨੂੰ ਵੇਖਣ ਲਈ ਬਹੁਤ ਲਲਚਾਈ ਹੋਈ ਸੀ। ਜਦ ਦਰਵਾਜ਼ੇ ਦੇ ਅੱਗੇ ਪਹੁੰਚੇ ਤਾਂ ਉਸ ਨੇ ਨੂੰਹ-ਪੁੱਤਰ ਦੇ ਸਿਰ ਤੋਂ ਵਾਰ-ਵਾਰ ਕੇ ਪਾਣੀ ਪੀਤਾ॥੨੮॥

ਕਰਿ ਪੀਵਨ ਆਨੰਦ ਧਾਰੇ। ਹੁਇ ਸੁਤ ਊਪਰ ਬਲਿਹਾਰੇ।
ਕੁਲ ਰੀਤਿ ਕਰੀ ਮਨ ਭਾਈ। ਲੇ ਅੰਤਰ ਮਹਿਲ ਸਿਧਾਈ॥ ੨੯॥

ਜਲ ਪੀ ਕੇ ਬਹੁਤ ਅਨੰਦ ਧਾਰਨ ਕੀਤਾ ਤੇ ਪੁੱਤਰ ਉੱਤੋਂ ਬਲਿਹਾਰ ਜਾਂਦੀ ਸੀ। ਮਨ ਭਾਉਂਦੀ ਕੁਲ ਰੀਤੀ ਕੀਤੀ ਤੇ ਲੈ ਕੇ ਮਹਿਲਾਂ ਦੇ ਅੰਦਰ ਚਲੇ ਗਈ॥੨੯॥

ਧਨੁ ਥਾਤੀ ਦੇ ਕਰਿ ਭੋਰੀ। ਪਿਖਿ ਨੁਖਾ ਬਦਨ ਕੀ ਓਰੀ॥
ਸੁਭ ਥਾਨ ਬਿਠਾਵਨ ਕੀਨੀ। ਤ੍ਰਿਜ ਹੇਰਤਿ ਬਧੂ ਨਵੀਨੀ॥ ੩੦॥

ਧਨ ਦੀ ਥੈਲੀ ਝੋਲੀ ਵਿਚ ਪਾ ਕੇ, ਆਪਣੀ ਨੂੰਹ ਦੇ ਮੁੱਖ ਵੱਲ ਵੇਖਿਆ। ਸ਼ੁਭ ਥਾਂ ਤੇ ਉਸ ਨੂੰ ਬਿਠਾ ਦਿੱਤਾ ਤੇ ਇਸਤਰੀਆਂ ਨਵੀਂ ਬਹੂ ਨੂੰ ਵੇਖ ਰਹੀਆਂ ਸਨ॥੩੦॥

ਦੇ ਦਰਬ ਸਰਬ ਹੀ ਹੇਰੈਂ। ਮੁਖ ਕਰਤਿ ਸਰਾਹ ਘਨੇਰੈਂ।
ਕਹਿ 'ਤੇਗ ਬਹਾਦਰ ਜੋਰੀ। ਬਿਧ ਰਚੀ ਰੁਚਿਰ ਰੁਚਿ ਬੋਰੀ'॥ ੩੧॥

ਧਨ ਦੇ ਕੇ ਸਾਰੀਆਂ ਵੇਖਦੀਆਂ ਸਨ ਤੇ ਮੂੰਹ ਨਾਲ ਬਹੁਤ ਸਲਾਘਾ ਕਰਦੀਆਂ ਸਨ। ਕਹਿੰਦੀਆਂ ਸਨ, "ਸ੍ਰੀ ਤੇਗ ਬਹਾਦਰ ਦੀ ਜੋੜੀ, ਵਿਧਾਤਾ ਨੇ ਸੁੰਦਰਤਾ ਵਿਚ ਡੁੱਬੀ ਹੋਈ ਬਣਾਈ ਹੈ"॥੩੧॥

ਕਰ ਕੰਙਣਾ ਤਬਿ ਛੁਰਵਾਯੋ। ਇਮ ਬਯਾਹ ਪ੍ਰਸੰਗ ਬਨਾਯੋ।
ਨਹਿਂ ਬਰਨਨ ਕੀਨਿ ਬਿਸਾਲਾ। ਇਸ ਪਢੇ ਸੁਫਲ ਸੁਖ ਜਾਲਾ॥ ੩੨॥

ਹੱਥ ਨਾਲ ਕੰਗਣਾ ਫੜ ਕੇ ਫਿਰ ਛੁੜਵਾਇਆ, ਇਸ ਤਰ੍ਹਾਂ ਵਿਆਹ ਦਾ ਪ੍ਰਸੰਗ ਬਣਾਇਆ। ਬਹੁਤ ਜ਼ਿਆਦਾ ਵਰਣਨ ਨਹੀਂ ਕੀਤਾ ਹੈ, ਇਸ ਦੇ ਪੜ੍ਹਨ ਨਾਲ ਸ੍ਰੇਸ਼ਟ ਫਲ ਅਤੇ ਬਹੁਤ ਸੁੱਖ ਪ੍ਰਾਪਤ ਹੋਣਗੇ॥੩੨॥

ਸਭਿ ਮੇਲ ਕਿਤਿਕ ਦਿਨ ਪਾਛੇ। ਹੁਇ ਹਰਖ ਰਹਿਨ ਹੀ ਬਾਂਛੇ।
ਬਹੁ ਗ੍ਰਾਮ ਪੁਰਿਨਿ ਤੇ ਆਏ। ਸਨਬੰਧੀ ਪ੍ਰੇਮਿ ਸਬਾਏ॥ ੩੩॥

ਸਾਰਾ ਮੇਲ ਬੜੇ ਪ੍ਰਸੰਨ ਹੋ ਕੇ ਕੁਝ ਦਿਨ ਹੋਰ ਰਹਿਣਾ ਚਾਹੁੰਦਾ ਸੀ, ਬਹੁਤ ਪਿੰਡਾਂ ਅਤੇ ਨਗਰਾਂ ਤੋਂ ਰਿਸ਼ਤੇਦਾਰ ਆਏ ਸਨ ਤੇ ਸਾਰੇ ਸੰਬੰਧੀ ਬੜੇ ਪ੍ਰੇਮੀ ਸਨ॥੩੩॥

ਚਿਰਕਾਲ ਬਿਤੇ ਭਾ ਮੇਲਾ। ਪੁਨ ਬਯਾਹ ਉਛਾਹ ਸੁਹੇਲਾ।
ਇਸ ਕਾਰਨ ਤੇ ਸੁਖ ਭਾਰੀ। ਨਹਿਂ ਸਿਮਰਹਿਂ ਸਦਨ ਪਿਛਾਰੀ॥ ੩੪॥

ਬਹੁਤ ਦੇਰ ਬਾਅਦ ਮੇਲ ਹੋਇਆ ਸੀ, ਫਿਰ ਵਿਆਹ ਦਾ ਮਿੱਠ੍ਰਮਈ ਉਤਸ਼ਾਹ ਸੀ। ਇਸ ਕਾਰਨ ਭਾਰੀ ਸੁੱਖ ਪਾਇਆ, ਪਿਛਲੇ ਘਰ ਦੀ ਯਾਦ ਹੀ ਭੁੱਲ ਗਈ॥੩੪॥

ਬਹੁ ਬਾਸੁਰ ਜਬਹਿ ਬਿਤਾਏ। ਲਖਿ 'ਗਮਨ ਅਬਹਿ ਬਨ ਆਏ'।
ਧਨ ਬਸਨ ਬਿਭੂਖਨ ਦੀਨੇ। ਕਰਿ ਪ੍ਰੇਮ ਬਿਸਰਜਨ ਕੀਨੇ॥ ੩੫॥

ਜਦ ਬਹੁਤ ਦਿਨ ਬਤੀਤ ਕੀਤੇ, ਇਹ ਸਮਝਿਆ, "ਹੁਣ ਜਾਣਾ ਬਣਦਾ ਹੈ" ਤਾਂ ਧਨ, ਬਸਤਰ ਅਤੇ ਗਹਿਣੇ ਦਿੱਤੇ ਤੇ ਬੜੇ ਪ੍ਰੇਮ ਨਾਲ ਵਿਦਾ ਕੀਤੇ॥੩੫॥

ਸਭਿ ਤ੍ਰੇਹਣ ਭੱਲੇ ਚਾਲੇ। ਕਹਿ ਬਾਕ ਪ੍ਰੇਮ ਕੇ ਨਾਲੇ।
ਪੁਨ ਹਰੀ ਚੰਦ ਅਰੁ ਰਾਮਾ। ਚਢਿ ਬਹਿਲਨਿ ਗਮਨੇ ਧਾਮਾ॥ ੩੬॥

ਸਭ ਤ੍ਰੇਹਣ ਭੱਲੇ ਚਲ ਪਏ ਤੇ ਬੜੇ ਪ੍ਰੇਮ ਨਾਲ ਬਚਨ ਕਹੇ। ਫਿਰ ਹਰੀ ਚੰਦ ਅਤੇ ਰਾਮਾ ਗੜ੍ਹਬਹਿਲਾਂ ਤੇ ਚੜ੍ਹ ਕੇ ਆਪਣੇ ਘਰ ਨੂੰ ਚਲੇ ਗਏ॥੩੬॥

ਹਰਿਗੋਵਿੰਦ ਜਸੁ ਉਚਰੰਤੇ। ਪ੍ਰਸਥਾਨੇ ਪੰਥ ਕਰੰਤੇ।
ਨਿਜ ਤ੍ਰਿਯ ਯੁਤਿ ਗਮਨਜੋ ਦ੍ਵਾਰਾ। ਕਰਿ ਜਥਾ ਜੋਗ ਬਿਵਹਾਰਾ॥ ੩੭॥

ਸ੍ਰੀ ਹਰਿਗੋਬਿੰਦ ਦਾ ਜੱਸ ਉਚਾਰਨ ਕਰਦੇ ਸਨ, ਰਾਹ ਵਿਚ ਜਾਂਦੇ ਜੱਸ ਕਰਦੇ ਜਾਂਦੇ ਸਨ। ਆਪਣੀ ਪਤਨੀ ਸਹਿਤ ਭਾਈ ਦਵਾਰਾ ਚਲਾ ਗਿਆ ਤੇ ਉਹ ਯਥਾ ਜੋਗ ਵਿਵਹਾਰ ਕਰ ਗਿਆ॥੩੭॥

ਸੁਤ ਸਾਧੂ ਧਰਮਾ ਲੈਕੈ। ਸਤਿਗੁਰ ਕੋ ਬੰਦਨ ਕੈਕੈ।
ਮਿਲਿ ਬੀਰੋ ਗੁਰ ਪਿਤ ਸੰਗਾ। ਦੁਹ ਮਾਤਨਿ ਮਿਲੀ ਉਮੰਗਾ॥ ੩੮॥

ਧਰਮੇ ਨੇ ਆਪਣੇ ਪੁੱਤਰ ਸਾਧੂ ਨੂੰ ਲੈ ਕੇ ਸਤਿਗੁਰੂ ਜੀ ਨੂੰ ਬੰਦਨਾ ਕੀਤੀ। ਪੁੱਤਰੀ ਵੀਰੋ ਆਪਣੇ ਪਿਤਾ ਜੀ ਨੂੰ ਮਿਲ ਕੇ ਫਿਰ ਦੋਵਾਂ ਮਾਵਾਂ ਨੂੰ ਬੜੇ ਉਤਸ਼ਾਹ ਨਾਲ ਮਿਲੀ॥੩੮॥

ਧਨ ਬਸਨ ਬਿਭੂਖਨ ਲੀਨੇ। ਮਿਲਿ ਭ੍ਰਾਤਨਿ ਸੋਂ ਹਿਤ ਕੀਨੇ।
ਨਿਜ ਸਦਨ ਗਈ ਸੁਖ ਪਾਏ। ਪਰਿਵਾਰ ਹੇਰਿ ਸਮੁਦਾਏ॥ ੩੯॥

ਧਨ, ਕਪੜੇ ਅਤੇ ਗਹਿਣੇ ਲਏ ਤੇ ਭਰਾਵਾਂ ਨੂੰ ਮਿਲ ਕੇ ਬੜਾ ਪਿਆਰ ਕੀਤਾ ਤੇ ਆਪਣੇ ਘਰ ਨੂੰ ਗਈ ਤੇ ਸਾਰੇ ਪਰਿਵਾਰ ਨੂੰ ਵੇਖ ਕੇ ਸੁੱਖ ਪਾਇਆ॥੩੯॥

ਤਬਿ ਰਾਇ ਜੋਧ ਗੁਰ ਪਾਸਾ। ਕਰ ਬੰਦਿ ਕਰੀ ਅਰਦਾਸਾ।
ਨਿਜ ਸੁਤ ਕੋ ਪਾਇਨਿ ਪਾਵਾ। ਜਿਸ ਫੱਤਾ ਨਾਮ ਰਖਾਵਾ॥ ੪੦॥

ਤਦ ਰਾਇ ਜੋਧ ਗੁਰੂ ਜੀ ਪਾਸ ਆਇਆ ਤੇ ਹੱਥ ਜੋੜ ਕੇ ਅਰਦਾਸ ਕੀਤੀ। ਆਪਣੇ ਪੁੱਤਰ ਨੂੰ ਗੁਰੂ ਜੀ ਦੇ ਚਰਨਾਂ ਤੇ ਪਾਇਆ, ਜਿਸ ਦਾ ਨਾਮ ਫੱਤਾ ਰਖਿਆ ਹੋਇਆ ਸੀ॥੪੦॥

ਪੁਨ ਭ੍ਰਾਤਾ ਸ਼ਾਹਿ ਸਲੇਮੂ। ਕਰ ਬੰਦਨ ਚਾਹਤਿ ਛੇਮੂ।
ਤ੍ਰਿਯ ਸਿੱਖ ਸੁਤਾ ਚਲਿ ਆਈ। ਪਗ ਕਰਜੋ ਪ੍ਰਣਾਮ ਗੁਸਾਈਂ॥ ੪੧॥

ਫਿਰ ਭਰਾ ਸਲੇਮ ਸ਼ਾਹ, ਬੰਦਨਾ ਕਰਕੇ ਜਾਣਾ ਚਾਹੁੰਦਾ ਸੀ। ਰਾਇ ਜੋਧ ਦੀ ਪਤਨੀ ਜਿਹੜੀ ਸਿੱਖ ਦੀ ਪੁੱਤਰੀ ਸੀ, ਉਹ ਵੀ ਚਲ ਕੇ ਆਈ ਤੇ ਉਸ ਨੇ ਗੁਰੂ ਜੀ ਦੇ ਚਰਨਾਂ ਤੇ ਬੰਦਨਾ ਕੀਤੀ॥੪੧॥

ਸਭਿ ਊਪਰ ਖੁਸ਼ੀ ਬਿਸਾਲਾ। ਗੁਰ ਕਰਤਿ ਭਏ ਤਿਸ ਕਾਲਾ।
ਹੁਇ ਬਿਦਾ ਪੰਥ ਪ੍ਰਸਥਾਨੇ। ਗੁਰ ਜਸੁ ਕੋ ਕਰਤਿ ਬਖਾਨੇ॥ ੪੨॥

ਉਸ ਸਮੇਂ ਗੁਰੂ ਜੀ ਨੇ ਸਭ ਉਪਰ ਵਿਸ਼ਾਲ ਖੁਸ਼ੀ ਕੀਤੀ। ਸਾਰੇ ਵਿਦਾ ਹੋ ਕੇ ਆਪਣੇ ਰਾਹ ਪੈ ਗਏ ਤੇ ਤੁਰੇ ਜਾਂਦੇ ਗੁਰੂ ਜੀ ਦਾ ਜੱਸ ਕਹਿੰਦੇ ਜਾਂਦੇ ਸਨ॥੪੨॥

ਪੁਨ ਸਾਧੂ ਰੂਪਾ ਆਯੋ। ਪਗ ਪੰਕਜ ਸੀਸ ਨਿਵਾਯੋ।
ਕਰਿ ਬਿਨਤੀ ਸਦਨ ਪਯਾਨੇ। ਗੁਰ ਖੁਸ਼ੀ ਕੀਨਿ ਹਿਤ ਠਾਨੇ॥ ੪੩॥

ਫਿਰ ਸਾਧੂ ਤੇ ਰੂਪਾ ਆਏ, ਚਰਨ ਕੰਵਲਾਂ ਤੇ ਉਨ੍ਹਾਂ ਸਿਰ ਨਿਵਾਇਆ ਬੇਨਤੀ ਕਰਕੇ ਆਪਣੇ ਘਰ ਨੂੰ ਚਲੇ ਗਏ, ਗੁਰੂ ਜੀ ਨੇ ਬੜਾ ਹਿਤ ਧਾਰ ਕੇ ਉਨ੍ਹਾਂ ਤੇ ਖੁਸ਼ੀ ਕੀਤੀ॥੪੩॥

ਇੱਤਜਾਦਿਕ ਮੇਲ ਜਿ ਸਾਰਾ। ਮਿਲਿ ਨਿਜ ਨਿਜ ਸਦਨ ਸਿਧਾਰਾ।
ਗੁਰ ਕੀਰਤਿ ਭਾਖਤਿ ਜਾਤੇ। ਸਤਿਨਾਮ ਸਿਮਰਿ ਸੁਖ ਰਾਤੇ॥ ੪੪॥

ਇੱਤਆਦਿ ਜਿਹੜਾ ਸਾਰਾ ਮੇਲ ਸੀ, ਨਿਜ-ਨਿਜ ਮਿਲ ਕੇ ਆਪਣੇ ਘਰਾਂ ਨੂੰ ਚਲਾ ਗਿਆ, ਉਹ ਗੁਰੂ ਜੀ ਦੀ ਕੀਰਤੀ ਕਹਿੰਦੇ ਜਾਂਦੇ ਸਨ ਤੇ ਸਤਿਨਾਮ ਦਾ ਸਿਮਰਨ ਕਰਕੇ ਸੁੱਖ ਵਿਚ ਰੰਗੇ ਜਾਂਦੇ ਸਨ॥੪੪॥

ਪੁਨ ਸਤਿਗੁਰ ਸਮਾ ਬਿਤਾਯੋ। ਕਰਤਾਰ ਪੁਰੇ ਸੁਖ ਪਾਯੋ।
ਜਬਿ ਦਿਵਸ ਪੁਰਬ ਕੋ ਆਵੈ। ਸਿਖ ਸੰਗਤਿ ਮਿਲਿ ਬਹੁ ਜਾਵੈ॥ ੪੫॥

ਫਿਰ ਸਤਿਗੁਰੂ ਜੀ ਨੇ ਸਮਾਂ ਬਤੀਤ ਕੀਤਾ, ਕਰਤਾਰਪੁਰ ਰਹਿ ਕੇ ਸੁਖ ਪਾਇਆ। ਜਦ ਤਿਉਹਾਰ ਦਾ ਦਿਨ ਆਉਂਦਾ ਸੀ ਤਾਂ ਬਹੁਤ ਸਿੱਖ ਸੰਗਤ ਮਿਲ ਕੇ ਆਉਂਦੀ ਸੀ॥੪੫॥

ਦਿਨ ਦੀਪਮਾਲ ਬੈਸਾਖੀ। ਸਭਿ ਆਵਤਿ ਦਰਸ਼ਨ ਕਾਂਖੀ।
ਗਨ ਅਰਪਹਿਂ ਵਸਤੁਨਿ ਆਨੈਂ। ਪਗ ਪੰਕਜ ਬੰਦਨ ਠਾਨੈਂ॥ ੪੬॥

ਦੀਵਾਲੀ ਅਤੇ ਵੈਸਾਖੀ ਵਾਲੇ ਦਿਨ, ਸਾਰੇ ਦਰਸ਼ਨਾਂ ਦੀ ਚਾਹਤ ਲੈ ਕੇ ਆਉਂਦੇ ਸਨ। ਆ ਕੇ ਬਹੁਤ ਵਸਤਾਂ ਅਰਪਣ ਕਰਦੇ ਸਨ ਤੇ ਚਰਨ ਕੰਵਲਾਂ ਤੇ ਬੰਦਨਾ ਕਰਦੇ ਸਨ॥੪੬॥

ਬਹੁ ਦਰਬ ਬਿਭੂਖਨ ਨਾਨਾ। ਪਟ ਅਦਭੁਤ ਮੋਲ ਮਹਾਨਾ।
ਗਨ ਸ਼ਸਤ੍ਰ ਅਨੇਕ ਪ੍ਰਕਾਰੀ। ਹਯ ਆਨਹਿਂ ਦੇਂ ਧਨ ਭਾਰੀ॥ ੪੭॥

ਬਹੁਤ ਧਨ ਤੇ ਕਈ ਪ੍ਰਕਾਰ ਦੇ ਗਹਿਣੇ, ਅਦਭੁਤ ਮਹਾਨ ਕੀਮਤੀ ਰੇਸ਼ਮ ਅਰਪਣ ਕਰਦੇ ਸਨ। ਕਈ ਪ੍ਰਕਾਰ ਦੇ ਸ਼ਸਤਰ ਲਿਆਉਂਦੇ ਸਨ ਤੇ ਭਾਰੀ ਧਨ ਖਰਚ ਕੇ ਘੋੜੇ ਲਿਆਉਂਦੇ ਸਨ॥੪੭॥

ਮਨ ਕਰਤਿ ਕਾਮਨਾ ਪਾਵੈਂ। ਸਿਖ ਦੂਰ ਦੂਰ ਤੇ ਆਵੈਂ।
ਜਹਿਂ ਸਤਿਗੁਰ ਨਿਜ ਸਿਖ ਜੋਵਹਿਂ। ਸਭਿ ਥਾਨ ਸਹਾਇਕ ਹੋਵਹਿਂ॥ ੪੮॥

ਮਨ ਵਿਚ ਜਿਹੜੀ ਵੀ ਕਾਮਨਾ ਕਰਦੇ ਸਨ, ਉਹ ਪਾਉਂਦੇ ਸਨ ਤੇ ਸਿੱਖ ਦੂਰ-ਦੂਰ ਤੋਂ ਆਉਂਦੇ ਸਨ। ਸਤਿਗੁਰੂ ਜੀ ਜਿਸ ਨੂੰ ਆਪਣਾ ਸਿੱਖ ਵੇਖਦੇ ਸਨ, ਉਸ ਦੀ ਸਭ ਥਾਂ ਸਹਾਇਤਾ ਕਰਦੇ ਸਨ॥੪੮॥

ਕੋ ਦਸਵੰਧ ਦੇਵੈ ਆਈ। ਕੋ ਅਰਪ ਮਨੌਤ ਬਨਾਈ।
ਕਰਿ ਚਾਉ ਪ੍ਰਥਮ ਕੋ ਆਵੈ। ਕੋ ਪ੍ਰੇਮੀ ਦਰਸ਼ਨ ਪਾਵੈ॥ ੪੯॥

ਕਈ ਸਿੱਖ ਆ ਕੇ ਦਸਵੰਧ ਦਿੰਦੇ ਸਨ, ਕੋਈ ਮਨੌਤ ਅਰਪਣ ਕਰਦਾ ਸੀ। ਕਈ ਬੜੇ ਚਾਅ ਨਾਲ ਪਹਿਲੀ ਵਾਰ ਆਉਂਦੇ ਸਨ ਕਈ ਪ੍ਰੇਮੀ ਦਰਸ਼ਨ ਪਾਉਂਦੇ ਸਨ॥੪੯॥

ਸੁਤ ਆਦਿ ਕਾਮਨਾ ਪਾਵੈ। ਕੋ ਭਗਤਿ ਗਯਾਨ ਲਿਵ ਲਾਵੈ।
ਇਸ ਲੋਕ ਲਹੈ ਸੁਖ ਕੋਈ। ਪਰਲੋਕ ਚਹੈ ਗਤਿ ਹੋਈ॥ ੫੦॥

ਪੁੱਤਰ ਆਦਿ ਦੀ ਕਾਮਨਾ ਪਾਉਂਦੇ ਸਨ, ਕੋਈ ਭਗਤੀ ਗਿਆਨ ਨਾਲ ਲਿਵ ਲਾਉਂਦੇ ਸਨ। ਕੋਈ ਇਸ ਲੋਕ ਦਾ ਸੁੱਖ ਲੈਂਦਾ ਸੀ ਤੇ ਕੋਈ ਪਰਲੋਕ ਵਿਚ ਮੁਕਤੀ ਪਾਉਣਾ ਚਾਹੁੰਦਾ ਸੀ॥੫੦॥

*ਅੱਠਵੀਂ ਰਾਸ ਦਾ ਛੇਵਾਂ ਅਧਿਆਇ ਸਮਾਪਤ ਹੋਇਆ॥੬॥*

## *ਅਧਿਆਇ ਸੱਤਵਾਂ*

*ਸਿੱਖਾਂ ਦੇ ਉਪਹਾਰ*

ਦੋਹਰਾ- ਬੀਤ ਗਏ ਖਟ ਮਾਸ ਇਮ ਬਾਸੇ ਪੁਰਿ ਕਰਤਾਰ।
ਦੀਪਮਾਲ ਮੇਲਾ ਮਿਲਜੋ ਗਨ ਨਰ ਨਹੀਂ ਸ਼ੁਮਾਰ॥ ੧॥

ਇਸ ਤਰ੍ਹਾਂ ਛੇ ਮਹੀਨੇ ਬੀਤ ਗਏ, ਕਰਤਾਰਪੁਰ ਵਿਚ ਵੱਸਦੇ ਰਹੇ ਦੀਵਾਲੀ ਦਾ ਮੇਲਾ ਆਇਆ, ਬਹੁਤ ਮਨੁੱਖ ਇਕੱਠੇ ਹੋਏ, ਕੋਈ ਗਿਣਤੀ ਨਾ ਰਹੀ॥੧॥

ਦੂਰ ਦੂਰ ਤੇ ਭੂਰ ਸਿਖ ਪੂਰਿ ਕਾਮਨਾ ਹੇਤੁ।
ਆਇ ਹਜ਼ੂਰ ਨਿਹਾਰਤੇ ਸ਼ਰਧਾ ਪ੍ਰੇਮ ਸਮੇਤ॥ ੨॥

ਦੂਰ ਦੂਰ ਤੋਂ ਬਹੁਤ ਸਿੱਖ ਕਾਮਨਾ ਪੂਰੀ ਕਰਨ ਵਾਸਤੇ ਆਉਂਦੇ ਸਨ ਤੇ ਆ ਕੇ ਗੁਰੂ ਜੀ ਦੇ ਬੜੀ ਸ਼ਰਧਾ ਨਾਲ ਦਰਸ਼ਨ ਕਰਦੇ ਸਨ॥੨॥

ਚੌਪਈ- ਇਸ ਪ੍ਰਕਾਰ ਗੁਰ ਦਿਵਸ ਬਿਤਾਏ। ਦੁਸ਼ਟਨਿ ਹਨਿ ਗੁਰ ਸੰਤ ਸਹਾਏ।
ਬਡੀ ਭੀਰ ਨਿਤ ਪੁਰਿ ਕਰਤਾਰਾ। ਆਇਂ ਜਾਇਂ ਨਰ ਨਹੀਂ ਸੁਮਾਰਾ॥ ੩॥

ਇਸ ਪ੍ਰਕਾਰ ਗੁਰੂ ਜੀ ਨੇ ਦਿਨ ਬਤੀਤ ਕੀਤੇ, ਦੁਸ਼ਟਾਂ ਨੂੰ ਮਾਰ ਕੇ ਸੰਤਾਂ ਦੀ ਸਹਾਇਤਾ ਕਰਦੇ ਸਨ। ਕਰਤਾਰਪੁਰ ਵਿਚ ਵੱਡੀ ਭੀੜ ਲੱਗੀ ਰਹਿੰਦੀ ਸੀ, ਬਹੁਤ ਮਨੁੱਖ ਆਉਂਦੇ ਜਾਂਦੇ ਸਨ, ਕੋਈ ਗਿਣਤੀ ਨਹੀਂ ਸੀ ਹੁੰਦੀ॥੩॥

ਬਡ ਪੂਰਬ ਤੇ ਸੰਗਤਿ ਆਵੈ। ਤਹਿਂ ਤੇ ਵਸਤੁ ਅਜਾਇਬ ਲਜਾਵੈ।
ਜੇ ਸਲਿਤਾਪਤਿ ਟਾਪੂ ਵਾਸੀ। ਆਇਂ ਜਤਨ ਕਰਿ ਸਤਿਗੁਰ ਪਾਸੀ॥ ੪॥

ਪੂਰਬ ਦਿਸ਼ਾ ਤੋਂ ਬਹੁਤ ਸੰਗਤ ਆਉਂਦੀ ਸੀ ਤੇ ਉਥੋਂ ਅਜੀਬ ਪ੍ਰਕਾਰ ਦੀਆਂ ਵਸਤਾਂ ਲਿਆਉਂਦੇ ਸਨ। ਜਿਹੜੇ ਸਮੁੰਦਰ ਦੇ ਟਾਪੂਆਂ ਦੇ ਵਾਸੀ ਸਨ, ਉਹ ਵੀ ਯਤਨ ਕਰਕੇ ਸਤਿਗੁਰੂ ਜੀ ਪਾਸ ਆਉਂਦੇ ਸਨ॥੪॥

ਤਿਮ ਹੀ ਦੱਛਨ ਕੇ ਸਮੁਦਾਈ। ਦਰਸਹਿਂ ਬੰਦਹਿਂ ਕਰਹਿਂ ਬਡਾਈ।
ਤਿਤ ਦਿਸ਼ਿ ਅੰਗ ਬੰਗ ਤੇ ਆਦੀ। ਪਾਇ ਕਾਮਨਾ ਹੁਇਂ ਅਹਿਲਾਦੀ॥੫॥

ਇਸ ਤਰ੍ਹਾਂ ਹੀ ਦੱਖਣ ਦਿਸ਼ਾ ਦੇ ਲੋਕ ਇਕੱਠੇ ਹੋ ਕੇ ਆਉਂਦੇ ਸਨ, ਉਹ ਬੰਦਨਾ ਕਰਕੇ ਦਰਸ਼ਨ ਕਰਦੇ ਸਨ ਤੇ ਬਹੁਤ ਵਡਿਆਈ ਕਰਦੇ ਸਨ। ਉਸ ਪਾਸੇ ਭਾਗਲਪੁਰ, ਉੜੀਸਾ ਤੇ ਬੰਗਾਲ ਦੇ ਵਾਸੀ ਆਉਂਦੇ ਸਨ, ਤੇ ਕਾਮਨਾ ਪਾ ਕੇ ਪ੍ਰਸੰਨ ਹੋ ਜਾਂਦੇ ਸਨ॥੫॥

ਪਸ਼ਚਮ ਦਿਸ਼ਾ ਵਲਾਇਤ ਜੇਤੀ। ਤੁਰਕ ਹਿੰਦੂ ਗਨ ਪ੍ਰੇਮ ਸਮੇਤੀ।
ਲੇ ਕਰਿ ਸ਼ਸਤ੍ਰ ਤੁਰੰਗਨਿ ਆਵੈਂ। ਦਰਸ਼ਨ ਕਰਤਿ ਕਾਮਨਾ ਪਾਵੈਂ॥ ੬॥

ਪੱਛਮ ਦਿਸ਼ਾਂ ਵਿਚ ਜਿੰਨੇ ਵਲਾਇਤ ਦੇਸ਼ ਹਨ ਤੁਰਕ ਹਿੰਦੂ ਇਕੱਠੇ ਹੋ ਕੇ ਪ੍ਰੇਮ ਸਹਿਤ ਆਉਂਦੇ ਸਨ। ਉਹ ਸ਼ਸਤਰ ਤੇ ਘੋੜੇ ਲੈ ਕੇ ਆਉਂਦੇ ਸਨ ਤੇ ਦਰਸ਼ਨ ਕਰਕੇ ਕਾਮਨਾਵਾਂ ਪਾਉਂਦੇ ਸਨ॥੬॥

ਉੱਤਰ ਦਿਸ਼ ਕੇ ਸਿੱਖ ਮਹਾਨੈਂ। ਵਸਤੁ ਦਰਬੁ ਸਤਿਗੁਰ ਢਿਗ ਆਨੈਂ।
ਸ੍ਰੀ ਨਾਨਕ ਫਿਰਿ ਕਰਿ ਸਭਿ ਅਵਿਨੀ। ਬਿਸਤਾਰਨ ਕਰਿ ਸਿੱਖੀ ਰਵਨੀ॥੭॥

ਉੱਤਰ ਦਿਸ਼ਾ ਦੇ ਸਿੱਖ ਬਹੁਤ ਮਹਾਨ ਹਨ, ਉਹ ਵਸਤਾਂ ਤੇ ਦਰਬ ਸਤਿਗੁਰੂ ਜੀ ਪਾਸ ਲਿਆਉਂਦੇ ਹਨ। ਸ੍ਰੀ ਨਾਨਕ ਦੇਵ ਜੀ ਨੇ ਸਾਰੀ ਧਰਤੀ ਤੇ ਫਿਰ ਕੇ, ਸਿੱਖੀ ਦਾ ਬਹੁਤ ਵਿਸਥਾਰ ਕੀਤਾ॥੭॥

ਜਹਿਂ ਤੇ ਆਵਨਿ ਸਮਰਥ ਹੋਈ। ਦਰਸ਼ਨ ਹੇਤੁ ਆਇ ਸਭਿ ਕੋਈ।
ਜਹਿਂ ਤੇ ਪਹੁੰਚਜੋ ਜਾਇ ਨ ਇਹਾਂ। ਕਰਹਿਂ ਤ੍ਰਿਹਾਵਲ ਹੁਇਂ ਜਹਿ ਕਹਾਂ॥੮॥

ਜਿਨ੍ਹਾਂ ਪਾਸੋਂ ਆਉਣਾ ਸਮਰੱਥ ਹੁੰਦਾ ਹੈ, ਉਹ ਸਾਰੇ ਦਰਸ਼ਨਾਂ ਵਾਸਤੇ ਆਉਂਦੇ ਹਨ। ਜਿਸ ਪਾਸੋਂ ਏਥੇ ਪਹੁੰਚਿਆ ਨਹੀਂ ਸੀ ਜਾਂਦਾ। ਉਹ ਜਿਥੇ ਕਿਥੇ ਹੁੰਦਾ ਕੜਾਹ ਪ੍ਰਸ਼ਾਦ ਕਰਵਾ ਦਿੰਦੇ ਸਨ॥੮॥

ਹੁਇ ਇਕ ਥਾਇਂ ਅਰਾਧਹਿਂ ਗੁਰ ਕੋ। ਕਰਿ ਅਰਦਾਸ ਭਾਵਨਾ ਪੂਰ ਕੋ।
ਬਰਨੈਂ ਗੁਰ ਪ੍ਰਤਾਪ ਕਹਿਂ ਤੀਕਾ। ਜਹਿਂ ਕਹਿਂ ਬਿਦਤਿ ਜਗਤ ਰਹਿਂ ਨੀਕਾ॥੯॥

ਇਕ ਥਾਂ ਹੋ ਕੇ ਗੁਰੂ ਜੀ ਦੀ ਅਰਾਧਣਾ ਕਰਦੇ ਸਨ ਤੇ ਭਾਵਨਾ ਪੂਰੀ ਹੋਣ ਲਈ ਅਰਦਾਸ ਕਰਦੇ ਸਨ, ਗੁਰੂ ਜੀ ਦੇ ਪ੍ਰਤਾਪ ਨੂੰ ਵਰਣਨ ਕਰਦੇ ਸਨ, ਕਿਥੋਂ ਤੱਕ ਕਹਾਂ, ਜਿਥੇ ਕਿਥੇ ਜਗਤ ਵਿਚ ਉਨ੍ਹਾਂ ਦਾ ਪ੍ਰਤਾਪ ਚੰਗੀ ਤਰ੍ਹਾਂ ਪ੍ਰਗਟ ਹੈ॥੯॥

ਦਿਵਸ ਵਿਸੋਏ ਕੋ ਤਬਿ ਆਯੋ। ਫਲ ਦਰਸ਼ਨ ਕੋ ਹੁਇ ਅਧਿਕਾਯੋ।
ਚਹੁੰਦਿਸ਼ਿ ਤੇ ਸੰਗਤ ਸਮੁਦਾਈ। ਲੇ ਕਰਿ ਵਸਤੁ ਅਜਾਇਬ ਆਈ॥੧੦॥

ਤਦ ਵੈਸਾਖੀ ਦਾ ਦਿਹਾੜਾ ਆਇਆ, ਉਸ ਦਿਨ ਦਰਸ਼ਨਾਂ ਦਾ ਜ਼ਿਆਦਾ ਫਲ ਪ੍ਰਾਪਤ ਹੁੰਦਾ ਹੈ। ਚਾਰੇ ਪਾਸਿਆਂ ਤੋਂ ਸੰਗਤ ਇਕੱਠੀ ਹੋ ਕੇ ਆਈ ਤੇ ਉਹ ਅਜੀਬ ਵਸਤਾਂ ਲੈ ਕੇ ਆਏ॥੧੦॥

ਧਰਿ ਧਰਿ ਪ੍ਰੇਮ ਅਧਿਕ ਚਿਤ ਚਾਊ। ਛੇਮ ਲੇਨਿ ਚਾਹਤਿ ਅਧਿਕਾਊ।
ਜਿਸ ਦਿਨ ਮਾਧਵ ਕੀ ਸੰਕ੍ਰਾਂਤ। ਪੁਰਿ ਕਰਤਾਰ ਬਿਖੈ ਬਹੁ ਭਾਂਤਿ॥੧੧॥

ਵਸਤਾਂ ਧਰ-ਧਰ ਕੇ ਚਿੱਤ ਵਿਚ ਬੜੇ ਪ੍ਰੇਮ ਨਾਲ ਭਰ ਜਾਂਦੇ ਸਨ ਤੇ ਚੰਗੀ ਮੁਕਤੀ ਪ੍ਰਾਪਤ ਕਰਨੀ ਚਾਹੁੰਦੇ ਹਨ। ਜਿਸ ਦਿਨ ਵੈਸਾਖ ਦੀ ਸੰਗ੍ਰਾਂਦ ਆਉਂਦੀ ਹੈ ਤੇ ਕਰਤਾਰਪੁਰ ਵਿਚ ਕਈ ਪ੍ਰਕਾਰ ਦੇ ਮੇਲੇ ਲੱਗ ਜਾਂਦੇ ਹਨ॥੧੧॥

ਸੰਗਤਿ ਕੇ ਡੇਰੇ ਗਨ ਛਾਏ। ਪੁਰਿ ਕੇ ਚਹੁੰਦਿਸ਼ਿ ਪਿਖਿ ਪਿਖਿ ਛਾਏ।
ਅਰੁ ਜਲ ਕੋ ਸੁਖ ਜਹਾਂ ਨਿਹਾਰਾ। ਮਿਲਿ ਮਿਲਿ ਨਰ ਗਨ ਡੇਰੇ ਡਾਰਾ॥੧੨॥

ਸੰਗਤ ਦੇ ਬਹੁਤ ਡੇਰੇ ਲੱਗ ਜਾਂਦੇ ਹਨ, ਨਗਰ ਦੇ ਚਾਰ ਚੁਫੇਰੇ ਥਾਂ ਵੇਖ-ਵੇਖ ਕੇ ਡੇਰੇ ਲਾ ਲੈਂਦੇ ਹਨ ਅਤੇ ਜਿਥੇ ਜਲ ਦੀ ਸਹਿਜੇ ਪ੍ਰਾਪਤੀ ਦਾ ਸੁਖ ਵੇਖਦੇ ਹਨ, ਬਹੁਤ ਮਨੁੱਖ ਮਿਲ ਕੇ ਉਥੇ ਡੇਰੇ ਲਾ ਲੈਂਦੇ ਹਨ॥੧੨॥

ਅਧਿਕ ਭੀਰ ਪੁਰਿ ਕੇ ਚਹੁ ਫੇਰੇ। ਬੀਚ ਨ ਮੇਵ ਸਕਹਿਂ ਬਹੁ ਡੇਰੇ।
ਜਿਤ ਕਿਤ ਧੁਨਿ ਹੋਵਤਿ ਗੁਰ ਬਾਨੀ। ਗੁਰ ਜੈਕਾਰਾ ਕਰਹਿਂ ਬਖਾਨੀ॥੧੩॥

ਨਗਰ ਦੇ ਚਾਰ ਚੁਫੇਰੇ ਬਹੁਤ ਭੀੜ ਹੋ ਜਾਂਦੀ, ਬਹੁਤ ਡੇਰਿਆਂ ਦੇ ਵਿਚ ਸਮਾ ਨਹੀਂ ਸਕਦੇ ਹਨ। ਜਿਥੇ ਕਿਥੇ ਗੁਰਬਾਣੀ ਦੀ ਧੁਨੀ ਵਜਦੀ ਹੈ, ਉਥੇ-ਉਥੇ ਗੁਰੂ ਜੀ ਦੀ ਜੈ ਜੈ ਕਾਰ ਕਹਿੰਦੇ ਹਨ॥੧੩॥

ਦਰਸ਼ਨ ਦੇਨਿ ਹੇਤੁ ਗੁਰ ਪੂਰੇ। ਦੀਨਿਸਿ ਹੁਕਮ 'ਫਰਸ਼ ਹੁਇ ਰੂਰੇ।
ਸਭਾ ਲਗਨ ਕੀ ਕਰੀਯਹਿ ਤਯਾਰੀ'। ਸੁਨਤਿ ਦਾਸ ਕਰਿ ਆਨੰਦ ਭਾਰੀ॥੧੪॥

ਪੂਰਨ ਗੁਰੂ ਜੀ ਨੇ ਦਰਸ਼ਨ ਦੇਣ ਵਾਸਤੇ ਹੁਕਮ ਕੀਤਾ, "ਸੁੰਦਰ ਵਿਛਾਉਣੇ ਵਿਛਾਏ ਜਾਣ ਤਾਂਕਿ ਅਸੀਂ ਸਭਾ ਲਾਉਣ ਦੀ ਤਿਆਰੀ ਕਰੀਏ" ਸੇਵਕਾਂ ਨੇ ਸੁਣ ਕੇ ਭਾਰੀ ਅਨੰਦ ਧਾਰਨ ਕੀਤਾ॥੧੪॥

ਬਰਣ ਬਰਣ ਕੇ ਫਰਸ਼ ਬਨਾਏ। ਬਡੇ ਥਾਨ ਥਿਤ ਜਹਿਂ ਸਮੁਦਾਏ।
ਚਹੁੰਦਿਸ਼ਿ ਮਹਿਂ ਝਾਲਰ ਲਗ ਚਰੀ। ਹੀਰੇ ਮੁਕਤਨਿ ਸੋਂ ਬਹੁ ਜਰੀ॥੧੫॥

ਤੇ ਰੰਗ ਬਰੰਗੇ ਵਿਛਾਉਣੇ ਵਿਛਾ ਦਿੱਤੇ, ਜਿਥੇ ਬੜੇ ਖੁੱਲ੍ਹੇ ਥਾਂ ਵਿਚ ਸੰਗਤ ਬੈਠ ਸਕੇ। ਸ਼ਾਮਿਆਨਿਆਂ ਨੂੰ ਚਾਰੇ ਪਾਸੇ ਜ਼ਰੀ ਦੀਆਂ ਝਾਲਰਾਂ ਲਗੀਆਂ ਹੋਈਆਂ ਸਨ, ਜਿਹੜੀਆਂ ਹੀਰਿਆਂ ਮੋਤੀਆਂ ਨਾਲ ਜੜੀਆਂ ਸਨ॥੧੫॥

ਅਸ ਗਾਦੀ ਗੁਰ ਕੇਰ ਡਸਾਈ। ਬਹੁਤ ਦਰਬ ਲਗਿ ਰੁਚਿਰ ਬਨਾਈ।
ਤਿਸ ਪਰ ਰਾਖੇ ਬਡ ਉਪਧਾਨੇ। ਬਸਤ੍ਰ ਅਜਾਇਬ ਲਗਜੇ ਮਹਾਨੇ॥੧੬॥

ਗੁਰੂ ਜੀ ਵਾਸਤੇ ਗੱਦੀ ਡਾਹ ਦਿੱਤੀ, ਜਿਹੜੀ ਬਹੁਤ ਧਨ ਖਰਚ ਕੇ ਸੁੰਦਰ ਬਣਾਈ ਹੋਈ ਸੀ। ਉਸ ਉਪਰ ਵੱਡੇ ਸਰਹਾਣੇ ਰੱਖ ਦਿੱਤੇ, ਜਿਨ੍ਹਾਂ ਨੂੰ ਮਹਾਨ ਸੁੰਦਰ ਕਪੜਾ ਲੱਗਾ ਹੋਇਆ ਸੀ॥੧੬॥

ਰੇਸ਼ਮ ਡੋਰਨਿ ਗੁੰਫੇ ਜ਼ਰੀ। ਜਿਨਹੁ ਲਗੀ ਮੁਕਤਾਹਲ ਲਰੀ।
ਬਡੀ ਭੋਰ ਤੇ ਗੁਰੂ ਸ਼ਨਾਨੇ। ਸੂਖਮ ਬਸਤ੍ਰ ਬਿਸਦ ਪਹਿਰਾਨੇ॥ ੧੭॥

ਰੇਸ਼ਮ ਦੀਆਂ ਡੋਰਾਂ ਜ਼ਰੀ ਨਾਲ ਗੁੰਦੀਆਂ ਹੋਈਆਂ ਸਨ, ਜਿਨ੍ਹਾਂ ਨੂੰ ਮੋਤੀਆਂ ਦੀਆਂ ਲੜੀਆਂ ਲੱਗੀਆਂ ਹੋਈਆਂ ਸਨ। ਗੁਰੂ ਜੀ ਨੇ ਬੜੇ ਸਵੱਖਤੇ ਹੀ ਇਸ਼ਨਾਨ ਕੀਤਾ ਤੇ ਸਫੈਦ ਸੂਖਮ ਵਸਤਰ ਪਹਿਨ ਲਏ॥੧੭॥

ਖੜਗ ਬਿਸਾਲ ਗਰੇ ਮਹਿ ਪਾਯੋ। ਸਿਪਰ ਸਹਿਤ ਸਤਿਗੁਰੂ ਸੁਹਾਯੋ।
ਮੰਦ ਮੰਦ ਪਦ ਧਰਿ ਗੁਰ ਮੰਦਰ। ਜਨੁ ਅਰਬਿੰਦ ਮ੍ਰਿਦੁਲ ਬਹੁ ਸੁੰਦਰ ॥੧੮॥

ਵੱਡੀ ਤਲਵਾਰ ਗਲ ਵਿਚ ਪਾ ਲਈ ਤੇ ਢਾਲ ਸਹਿਤ ਸਤਿਗੁਰੂ ਜੀ ਸੁਹਾਏ। ਗੁਰੂ ਜੀ ਘਰ ਵਿਚ ਹੌਲੀ-ਹੌਲੀ ਚਰਨ ਧਰਦੇ ਸਨ ਮਾਨੋਂ ਬਹੁਤ ਸੁੰਦਰ ਕੋਮਲ ਕੰਵਲ ਹੋਣ॥੧੮॥

ਕ੍ਰਿਪਾ ਕਟਾਖ ਬਿਲੋਕਤਿ ਆਏ। ਪੀਛੇ ਬੀਰ ਦਾਸ ਸਮੁਦਾਏ।
ਪਹੁਚਿ ਕਰੀ ਗਾਦੀ ਕੋ ਬੰਦਨ। ਊਪਰ ਬੈਠੇ ਦੋਸ਼ ਨਿਕੰਦਨ॥ ੧੯॥

ਕ੍ਰਿਪਾ ਦ੍ਰਿਸ਼ਟੀ ਨਾਲ ਵੇਖਦੇ ਆਏ, ਉਨ੍ਹਾਂ ਦੇ ਪਿੱਛੇ ਸੇਵਕਾਂ ਅਤੇ ਸੂਰਬੀਰਾਂ ਦਾ ਸਮੂਹ ਸੀ। ਪੰਡਾਲ ਵਿਚ ਪਹੁੰਚ ਕੇ ਗੁਰਗੱਦੀ ਨੂੰ ਬੰਦਨਾ ਕੀਤੀ ਤੇ ਦੋਸ਼ਾਂ ਨੂੰ ਦੂਰ ਕਰਨ ਵਾਲੇ ਭਾਵ ਗੁਰੂ ਜੀ ਗੱਦੀ ਉਪਰ ਬੈਠ ਗਏ॥੧੯॥

ਚਮਰਦਾਰ ਲੇ ਚਵਰ ਖਲੋਵਾ। ਹੰਸ ਮਨਿੰਦ ਫੁਰਾਵਤਿ ਹੋਵਾ।
ਸਭਾ ਬਿਲਾਸ ਲਗੀ ਚਹੁਫੇਰੇ। ਲਾਜਤਿ ਜਾਂਹਿ ਸੁਧਰਮਾ ਹੇਰੇ॥ ੨੦॥

ਚੌਰ ਕਰਨ ਵਾਲਾ ਚੌਰ ਲੈ ਕੇ ਖਲੋ ਗਿਆ, ਤੇ ਹੰਸ ਵਾਂਗ ਚੌਰ ਏਧਰ ਓਧਰ ਉਡਾਰੀਆਂ ਮਾਰਨ ਲੱਗਾ। ਚਾਰ ਚੁਫੇਰੇ ਵਿਸ਼ਾਲ ਸਭਾ ਲੱਗੀ ਹੋਈ ਸੀ, ਉਸ ਨੂੰ ਇੰਦਰ ਸਭਾ ਵੀ ਵੇਖ ਕੇ ਲੱਜਤ ਹੋ ਰਹੀ ਸੀ॥੨੦॥

ਭਯੋ ਮੇਵਰੋ ਖਰੋ ਅਗਾਰੀ। ਸਿੱਖਨਿ ਕੀ ਅਰਦਾਸ ਉਚਾਰੀ।
ਚਾਰਹੁੰ ਪੁਤ੍ਰ ਸੁਹਾਵਤਿ ਪਾਸ। ਜੁਗ ਪੋਤ੍ਰੇ ਦੁਤਿ ਰਹੀ ਪ੍ਰਕਾਸ਼॥ ੨੧॥

ਅਰਦਾਸੀਆ ਅੱਗੇ ਖੜਾ ਸੀ ਤੇ ਸਿੱਖਾਂ ਦੀਆਂ ਅਰਦਾਸਾਂ ਦਾ ਉਚਾਰਨ ਕਰਦਾ ਸੀ। ਚਾਰੇ ਪੁੱਤਰ ਪਾਸ ਬੈਠੇ ਸ਼ੋਭ ਰਹੇ ਸਨ। ਦੋਵਾ ਪੋਤਰਿਆਂ ਦੀ ਸ਼ੋਭਾ ਵੀ ਪ੍ਰਕਾਸ਼ ਰਹੀ ਸੀ॥੨੧॥

ਭਾਟ ਨਕੀਬ ਕਹੈਂ ਜਸੁ ਠਾਂਢੇ। ਕੰਚਨ ਛਰੀ ਦਾਰ ਛਬਿ ਬਾਢੇ।
ਹੁਕਮ ਭਯੋ 'ਸੰਗਤਿ ਸਭਿ ਆਵੈ। ਮਨੋ ਕਾਮਨਾ ਚਾਹਤਿ ਪਾਵੈ॥ ੨੨॥

ਭੱਟ ਤੇ ਨਕੀਬ ਖੜੇ ਹੋ ਕੇ ਜੱਸ ਕਰ ਰਹੇ ਸਨ, ਸੋਨੇ ਦੀ ਛੜੀ ਵਾਲੇ ਦੀ ਸ਼ੋਭਾ ਵੀ ਬਹੁਤ ਵਧੀ ਹੋਈ ਸੀ, ਫਿਰ ਹੁਕਮ ਹੋਇਆ, "ਸਾਰੀ ਸੰਗਤ ਆਵੇ, ਜਿਹੜੀਆਂ ਵੀ ਮਨੋਕਾਮਨਾਵਾਂ ਚਾਹੁੰਦੇ ਹਨ ਉਨ੍ਹਾਂ ਨੂੰ ਆ ਕੇ ਪ੍ਰਾਪਤ ਕਰਨ॥੨੨॥

ਸਨਮੁਖ ਸ਼ਬਦ ਰਬਾਬੀ ਗਾਵੈਂ॥ ਸੁਨਹਿ ਪ੍ਰੇਮ ਤੇ ਸੁਖ ਉਪਜਾਵੈਂ'।
ਹੁਇ ਹੁਇ ਤਯਾਰ ਸਿੱਖ ਗਨ ਆਏ। ਨਿਜ ਨਿਜ ਰੁਚਿਰ ਅਕੋਰਨਿ ਲਯਾਏ॥੨੩॥

ਸਾਹਮਣੇ ਰਬਾਬੀ ਸ਼ਬਦ ਗਾ ਰਹੇ ਸਨ, ਸਾਰੇ ਪ੍ਰੇਮ ਨਾਲ ਸੁਣ ਕੇ ਸੁਖ ਪ੍ਰਾਪਤ ਕਰ ਰਹੇ ਸਨ।" ਤਿਆਰ ਹੋ-ਹੋ ਕੇ ਬਹੁਤ ਸਿੱਖ ਆਏ, ਆਪਣੀ-ਆਪਣੀ ਰੁਚੀ ਅਨੁਸਾਰ ਉਪਹਾਰ ਲੈ ਕੇ ਆਏ॥੨੩॥

ਸਤਿਗੁਰ ਕੇ ਦਰਸ਼ਨ ਕੋ ਕਰੈਂ। ਬੰਦਹਿ ਭੇਟ ਅਗਾਰੀ ਧਰੈਂ।
ਮੁੱਖਿ ਜਿ ਸਿੱਖ ਬੈਠਿ ਥਿਰ ਹੋਵੈਂ। ਖਰੇ ਹਜ਼ਾਰਹੁਂ ਦਰਸ਼ਨ ਜੋਵੈਂ॥ ੨੪॥

ਬੰਦਨਾ ਕਰਕੇ ਉਪਹਾਰ ਨੂੰ ਅੱਗੇ ਧਰ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਦੇ ਸਨ। ਜੋ ਮੁੱਖੀ ਸਿੱਖ ਸਨ, ਉਹ ਟਿਕ ਕੇ ਬੈਠੇ ਹੋਏ ਸਨ, ਹਜ਼ਾਰਾਂ ਖੜੇ ਹੋ ਕੇ ਦਰਸ਼ਨ ਕਰ ਰਹੇ ਸਨ॥੨੪॥

ਤ੍ਰਿਪਤਹਿਂ ਨਹਿਂ, ਮਨ ਰਹੈਂ ਲੁਭਾਈ। ਜਨੁ ਅਰਬਿੰਦ ਮਲਿੰਦ ਭ੍ਰਮਾਈ।
ਹੋਤਿ ਅਨੇਕਨ ਕੀ ਅਰਦਾਸ। 'ਸ੍ਰੀ ਗੁਰ! ਸਿਖ ਕਾਰਜ ਹੁਇ ਰਾਸ'॥ ੨੫॥

ਦਰਸ਼ਨ ਕਰਕੇ ਮਨ ਤ੍ਰਿਪਤ ਨਹੀਂ ਸੀ ਹੁੰਦਾ, ਮਨ ਲੁਭਾਇਮਾਨ ਰਹਿੰਦਾ ਸੀ, ਜਿਵੇਂ ਕੰਵਲ ਦਾ ਫੁੱਲ ਭੌਰੇ ਨੂੰ ਭਰਮਾਉਂਦਾ ਹੈ। ਅਨੇਕਾਂ ਦੀ ਅਰਦਾਸ ਹੁੰਦੀ ਸੀ, "ਹੇ ਸ੍ਰੀ ਗੁਰੂ ਜੀ! ਸਿੱਖ ਦਾ ਕਾਰਜ ਰਾਸ ਹੋਵੇ"॥੨੫॥

ਵਸਤੁਨਿ ਕੇ ਲਾਗੇ ਅੰਬਾਰੂ। ਧਨ ਗਨ ਬਸਨ ਬਿਭੂਖਨ ਚਾਰੂ।
ਹਯ ਹੱਥਜਾਰ ਆਇ ਸਮੁਦਾਏ। ਖੁਸ਼ੀ ਕਰਹਿਂ ਗੁਰ ਸਭਿ ਦਰਸਾਏ॥ ੨੬॥

ਵਸਤਾਂ ਦੇ ਢੇਰ ਲੱਗ ਗਏ, ਬਹੁਤ ਧਨ, ਵਸਤਰ ਅਤੇ ਸੁੰਦਰ ਗਹਿਣੇ ਸਨ। ਘੋੜੇ ਅਤੇ ਹਥਿਆਰ ਵੀ ਬਹੁਤ ਆਏ, ਗੁਰੂ ਜੀ ਸਭ ਨੂੰ ਦਰਸ਼ਨ ਦੇ ਕੇ ਖੁਸ਼ੀ ਬਖਸ਼ਦੇ ਸਨ॥੨੬॥

ਇਕ ਸਿਖ ਹੁਤੋ ਸੁਦਾਗਰ ਭਾਰੀ। ਬਸਹਿ ਬਦਖ਼ਸ਼ਾਂ ਨਗਰ ਮਝਾਰੀ।
ਦੇਸ਼ ਬਿਦੇਸ਼ਨਿ ਮਹਿਂ ਬਿਵਹਾਰੂ। ਜਿਸ ਕੋ ਹੋਵਤਿ ਦਰਬ ਉਦਾਰੂ॥ ੨੭॥

ਇਕ ਸਿੱਖ ਬੜਾ ਭਾਰੀ ਸੁਦਾਗਰ ਸੀ, ਉਹ ਬਦਖ਼ਸ਼ਾਂ ਨਗਰ ਵਿਚ ਵੱਸਦਾ ਸੀ। ਦੇਸ਼ਾਂ ਬਦੇਸ਼ਾਂ ਵਿਚ ਉਸ ਦਾ ਵਪਾਰ ਚਲਦਾ ਸੀ ਤੇ ਬੜਾ ਖੁਲ੍ਹਾ ਧਨ ਪ੍ਰਾਪਤ ਹੁੰਦਾ ਸੀ॥੨੭॥

ਤਿਸ ਨੇ ਧਨ ਦਸਵੰਧ ਨਿਕਾਰਾ। ਅਰੁ ਮਨੌਤ ਕੋ ਸੰਚਜੋ ਸਾਰਾ।
ਵਸਤੁ ਅਜਾਇਬ ਸੁੰਦਰ ਦੇਖਿ। ਕਰੀ ਖਰੀਦਨ ਮੋਲ ਵਿਸ਼ੇਖ॥ ੨੮॥

ਉਸ ਨੇ ਆਪਣੇ ਧਨ ਵਿਚੋਂ ਦਸਵੰਧ ਕੱਢੀ ਅਤੇ ਮਨੌਤ ਵਾਸਤੇ ਸਾਰਾ ਇਕੱਠਾ ਕੀਤਾ। ਇਕ ਬੜੀ ਸੁੰਦਰ ਵਸਤੂ ਵੇਖੀ ਤੇ ਉਸ ਨੂੰ ਵਿਸ਼ੇਸ਼ ਮੁਲ ਤਾਰ ਕੇ ਖਰੀਦ ਲਿਆ॥੨੮॥

ਦੇ ਧਨ ਲਾਖ ਤੁਰੰਗਮ ਲੀਨੋ। ਬਹੁ ਚੰਚਲ ਗੁਨ ਬ੍ਰਿੰਦ ਪ੍ਰਬੀਨੋ।
ਇਕ ਪੁਸ਼ਾਕ ਬਨਿਵਾਇ ਬਿਸਾਲਾ। ਸੂਖਮ ਅਧਿਕ ਅਜਾਬ ਉਜਾਲਾ॥ ੨੯॥

ਲੱਖ ਰੁਪਏ ਦਾ ਧਨ ਦੇ ਕੇ ਘੋੜਾ ਲੈ ਲਿਆ, ਉਹ ਘੋੜਾ ਬੜਾ ਚੰਚਲ ਅਤੇ ਉੱਤਮ ਗੁਣਾਂ ਵਾਲਾ ਸੀ। ਇਕ ਵੱਡਾ ਪੁਸ਼ਾਕਾ ਬਣਵਾਇਆ ਉਹ ਬਹੁਤ ਸੂਖਮ ਅਸਚਰਜ ਉਜਲ ਸੀ॥੨੯॥

ਤਿਸ ਪਰ ਮੋਲ ਖਰਚ ਬਡ ਕੀਨੋ। ਚੀਰਾ ਚਾਰੁ ਦਰਬ ਦੈ ਲੀਨੋ।
ਬਾਜ ਸੁਪੈਦ ਹੰਸ ਕੀ ਨਜਾਈ। ਕਿਸੂ ਦੇਸ਼ ਤੇ ਲੀਨਿ ਮੰਗਾਈ॥ ੩੦॥

ਉਸ ਉਤੇ ਬਹੁਤ ਮੁਲ ਖਰਚਿਆ, ਸੁੰਦਰ ਕਪੜਾ ਧਨ ਦੇ ਕੇ ਲੈ ਲਿਆ। ਇਕ ਚਿੱਟਾ ਬਾਜ ਹੰਸ ਵਾਂਗ ਚਿੱਟਾ ਸੀ, ਉਸਨੂੰ ਕਿਸੇ ਦੇਸ਼ ਤੋਂ ਮੰਗਵਾ ਲਿਆ॥੩੦॥

ਮੁਖ ਮਾਂਗੀ ਕੀਮਤਿ ਤਿਸ ਦੀਨਿ। ਸਤਿਗੁਰ ਖੁਸ਼ੀ ਹੇਤੁ ਸੋ ਲੀਨਿ।
ਖੰਡਾ ਏਕ ਬਿਲੰਦ ਦੁਧਾਰਾ। ਘਰਜੋ ਪੁਲਾਦੀ ਲੋਹ ਕਰਾਰਾ॥ ੩੧॥

ਮੂੰਹ ਮੰਗੀ ਉਸ ਦੀ ਕੀਮਤ ਦਿੱਤੀ, ਸਤਿਗੁਰੂ ਜੀ ਦੀ ਖੁਸ਼ੀ ਵਾਸਤੇ ਉਹ ਖਰੀਦ ਲਿਆ। ਇਕ ਵੱਡਾ ਦੁਧਾਰਾ ਖੰਡਾ ਲਿਆ, ਜਿਹੜਾ ਫੌਲਾਦੀ ਲੋਹੇ ਨਾਲ ਬੜਾ ਤੇਜ਼ ਘੜਿਆ ਹੋਇਆ ਸੀ॥੩੧॥

ਕਲਗ਼ੀ ਏਕ ਜਰਾਵਨ ਜਰੀ। ਜ਼ਾਹਰ ਅਜਬ ਜਵਾਹਰ ਖਰੀ।
ਸਿਪਰ ਅਧਿਕ ਸੁੰਦਰ ਲੇ ਆਇਵ। ਸ੍ਰੀ ਸਤਿਗੁਰ ਲਾਇਕ ਲਖਿ ਪਾਇਵ॥੩੨॥

ਇਕ ਜੜਾਊ ਕਲਗੀ ਜੜੀ ਹੋਈ ਸੀ, ਅਜੀਬ ਪ੍ਰਕਾਰ ਦੇ ਹੀਰੇ ਜਵਾਹਰਾਤ ਜਾਹਰਾ ਤੌਰ ਤੇ ਵਿਖਾਈ ਦੇ ਰਹੇ ਸਨ। ਇਕ ਬਹੁਤ ਸੁੰਦਰ ਢਾਲ ਲੈ ਕੇ ਆਇਆ, ਜਿਸ ਨੂੰ ਸਤਿਗੁਰੂ ਜੀ ਦੇ ਲਾਇਕ ਸਮਝਿਆ॥੩੨॥

ਏ ਸਭਿ ਵਸਤੂ ਬਹੁਤ ਉਜਾਗਰ। ਲੇ ਪਹੁੰਚਜੋ ਗੁਰ ਢਿਗ ਸੌਦਾਗਰ।
ਧਰਿ ਹਜ਼ੂਰ ਪਗ ਬੰਦਨ ਕਰੀ। ਦਰਸ਼ਨ ਕਰਤਿ ਨਿਮੇਖ ਨ ਪਰੀ॥ ੩੩॥

ਇਹ ਸਭ ਵਸਤਾਂ ਬੜੀਆਂ ਪ੍ਰਸਿੱਧ ਸਨ, ਉਹ ਸੌਦਾਗਰ ਉਨ੍ਹਾਂ ਵਸਤਾਂ ਨੂੰ ਲੈ ਕੇ ਪਹੁੰਚ ਗਿਆ। ਗੁਰੂ ਜੀ ਦੇ ਹਜ਼ੂਰ ਧਰ ਕੇ ਚਰਨ ਕੰਵਲਾਂ ਤੇ ਬੰਦਨਾ ਕੀਤੀ ਤੇ ਦਰਸ਼ਨ ਕਰਦਿਆਂ ਅੱਖ ਨਾ ਝਮਕੀ॥੩੩॥

ਰਹਜੋ ਜੋਰਿ ਕਰ ਪ੍ਰੇਮ ਬਿਸਾਲਾ। ਖੁਸ਼ੀ ਦ੍ਰਿਸ਼ਟਿ ਕਰਿ ਪਿਖਜੋ ਕ੍ਰਿਪਾਲਾ।
ਬੂਝਜੋ 'ਕੌਨ ਦੇਸ਼ ਤੇ ਆਵਾ? ਕੌਨ ਕਾਮਨਾ ਪੂਰਨ ਪਾਵਾ?' ॥ ੩੪॥

ਹੱਥ ਜੋੜ ਕੇ ਬੜੇ ਪ੍ਰੇਮ ਸਹਿਤ ਖੜਾ ਰਿਹਾ। ਕ੍ਰਿਪਾਲੂ ਗੁਰੂ ਨੇ ਬੜੀ ਪ੍ਰਸੰਨਤਾ ਭਰੀ ਦ੍ਰਿਸ਼ਟੀ ਨਾਲ ਉਸ ਨੂੰ ਵੇਖਿਆ। ਪੁਛਿਆ, "ਕਿਹੜੇ ਦੇਸ਼ ਤੋਂ ਆਇਆ ਹੈਂ? ਕਿਹੜੀ ਕਾਮਨਾ ਪੂਰੀ ਕਰਨਾ ਚਾਹੁੰਦਾ ਹੈਂ?"॥੩੪॥

ਬੋਲਜੋ ਬਿਨੈ ਸੁਨੀ ਬਰ ਬਾਨੀ। 'ਤੁਮ ਜਾਨਹੁ ਸਭਿ, ਨਾਂਹਿਨ ਛਾਨੀ।
ਤਊ ਬੂਝਿਬੇ ਹਿਤ ਕਰਿ ਕਹੌਂ। ਮੁਲਖ ਬਦਖ਼ਸ਼ਾਂ ਕੇ ਤਹਿੰ ਰਹੌਂ॥ ੩੫॥

ਸ੍ਰੇਸ਼ਟ ਬਾਣੀ ਸੁਣ ਕੇ ਬੇਨਤੀ ਕੀਤੀ, "ਤੁਸੀਂ ਸਭ ਕੁਝ ਜਾਣਦੇ ਹੋ, ਤੁਹਾਥੋਂ ਕੋਈ ਵੀ ਗੱਲ ਲੁਕੀ ਹੋਈ ਨਹੀਂ ਹੈ, ਫਿਰ ਵੀ ਤੁਹਾਡੇ ਪੁੱਛਣ ਕਰਕੇ ਕਹਿੰਦਾ ਹਾਂ, ਜਿਥੇ ਬਦਖ਼ਸ਼ਾਂ ਦੇਸ਼ ਹੈ, ਉਥੇ ਮੈਂ ਰਹਿੰਦਾ ਹਾਂ॥੩੫॥

ਦੇਸ਼ ਬਿਦੇਸ਼ਨਿ ਮਹਿਂ ਬਿਵਹਾਰਾ। ਚਲਹਿ ਖੇਪ ਭਰਿ ਵਸਤੁ ਹਜ਼ਾਰਾ।
ਬਹੁਤ ਲਾਭ ਮੁਝ ਆਵਤਿ ਰਹਜੋ। ਤਿਹ ਦਸਵੰਧ ਜਿਤਿਕ ਮਨ ਲਹਜੋ॥੩੬॥

ਦੇਸ਼ਾਂ ਵਿਦੇਸ਼ਾਂ ਵਿਚ ਮੇਰਾ ਵਿਉਪਾਰ ਹੈ, ਹਜ਼ਾਰਾਂ ਵਸਤਾਂ ਦੀ ਖੇਪ ਭਰ ਕੇ ਚਲਦੀ ਹੈ। ਬਹੁਤ ਲਾਭ ਮੈਨੂੰ ਆਉਂਦਾ ਰਿਹਾ ਹੈ, ਉਸ ਲਾਭ ਦੀ ਜਿੰਨੀ ਵੀ ਦਸਵੰਧ ਨਿਕਲੀ ਹੈ॥੩੬॥

ਸੋ ਮੈਂ ਸੰਚਤਿ ਰਹਜੋ ਘਨੇਰੇ। ਅਰੁ ਜਬਿ ਕਾਜ ਅਟਕ ਕੁਛ ਮੇਰੇ।
ਮਾਨਤਿ ਰਹਜੋ ਮਨੌਤ ਮਹਾਨੀ। ਤਹਿੰ ਸਹਾਇਤਾ ਰਾਵਰ ਠਾਨੀ॥ ੩੭॥

ਉਸ ਨੂੰ ਇਕੱਠੀ ਕਰਦਾ ਰਿਹਾ ਹਾਂ ਤੇ ਜਦ ਮੇਰੇ ਕੁਝ ਕਾਰਜ ਅਟਕ ਗਏ, ਤਾਂ ਮੈਂ ਮਹਾਨ ਮਨੌਤ ਮੰਨੀ ਹੈ, ਇਸ ਕਰਕੇ ਆਪ ਜੀ ਦੀ ਸਹਾਇਤਾ ਮੰਗੀ ਹੈ॥੩੭॥

ਸੋ ਮੈਂ ਤਿਹ ਸੋਂ ਰਹਜੋਂ ਮਿਲਾਵਤਿ। ਸੰਚਜੋ ਦਰਬ ਭਯੋ ਮਨ ਭਾਵਤਿ।
ਉਰ ਮਹਿਂ ਇਹੀ ਮਨੋਰਥ ਧਾਰੇ। 'ਜਬਿ ਚਲਿ ਗੁਰ ਕੋ ਦਰਸ ਨਿਹਾਰੇਂ॥੩੮॥

ਉਹ ਮੈਂ ਉਸ ਨਾਲ ਮਿਲਾਉਂਦਾ ਰਿਹਾ ਹਾਂ, ਮਨ-ਭਾਉਂਦਾ ਧਨ ਇਕੱਠਾ ਕੀਤਾ ਹੈ। ਹਿਰਦੇ ਵਿਚ ਇਹੋ ਮਨੋਰਥ ਧਾਰਨ ਕੀਤਾ ਹੈ ਕਿ ਜਦ ਚਲ ਕੇ ਗੁਰੂ ਜੀ ਦੇ ਦਰਸ਼ਨ ਕਰਾਂਗਾ॥੩੮॥

ਦੈ ਹੈਂ ਆਪ ਹਦੂਰ ਸਿਧਾਇ।' ਚਿਰੰਕਾਲ ਇਮ ਗਯੋ ਬਿਤਾਇ।
ਇਕ ਫਕੀਰ ਤੁਮਰੇ ਢਿਗ ਰਹਜੇ। ਰਾਵਰ ਕੋ ਸੁਭਾਉ ਸਭਿ ਲਹਜੇ॥ ੩੯॥

ਮੈਂ ਆਪ ਹਜੂਰ ਦੇ ਪਾਸ ਜਾ ਕੇ ਇਹ ਮਨੌਤ ਦੇਵਾਂਗਾ।'' ਬਹੁਤ ਚਿਰ ਇਸ ਤਰ੍ਹਾਂ ਬੀਤ ਗਿਆ। ਇਕ ਫਕੀਰ ਤੁਹਾਡੇ ਪਾਸ ਰਹਿੰਦਾ ਸੀ, ਉਹ ਆਪ ਜੀ ਦੇ ਸੁਭਾਅ ਨੂੰ ਚੰਗੀ ਤਰ੍ਹਾਂ ਜਾਣਦਾ ਸੀ॥੩੯॥

ਆਯੁਧ ਧਰਨ ਕਰਨ ਸੰਗ੍ਰਾਮੂ। ਚਢਨ ਤੁਰੰਗਨਿ ਪਰ ਅਭਿਰਾਮੂ।
ਖੇਲਨਿ ਬਹੁ ਅਖੇਰ ਮਨ ਭਾਵੈਂ। ਮਹਾਰਾਜ ਸਮ ਸੌਜ ਬਨਾਵੈਂ॥ ੪੦॥

ਸ਼ਸਤ੍ਰ ਧਾਰਨ ਕਰਕੇ ਯੁੱਧ ਕਰਦੇ ਹਨ ਤੇ ਸੁੰਦਰ ਘੋੜੇ ਦੀ ਸਵਾਰੀ ਕਰਦੇ ਹਨ। ਸ਼ਿਕਾਰ ਖੇਡਣ ਦਾ ਬੜਾ ਸ਼ੌਕ ਹੈ ਤੇ ਮਹਾਰਾਜਿਆਂ ਵਾਂਗ ਸਾਮਾਨ ਬਣਾਉਂਦੇ ਹਨ॥੪੦॥

ਹਯ ਆਯੁਧ ਜੋ ਸਿੱਖ ਲਿਆਵੈ। ਕਰਿ ਅਰਪਨ ਸਤਿਗੁਰੂ ਰਿਝਾਵੈ।
ਅੰਗ ਸੰਗ ਸੋ ਲੇਹਿਂ ਲਗਾਏ। ਖੁਸ਼ੀ ਕਰਹਿਂ ਸਿਖ ਪਰ ਸੁਖਦਾਏ॥ ੪੧॥

ਘੋੜੇ ਅਤੇ ਹਥਿਆਰ ਜਿਹੜੇ ਸਿੱਖ ਲੈ ਕੇ ਆਉਂਦੇ ਹਨ, ਉਹ ਅਰਪਣ ਕਰਕੇ ਸਤਿਗੁਰੂ ਜੀ ਨੂੰ ਪ੍ਰਸੰਨ ਕਰਦੇ ਹਨ। ਉਸ ਨੂੰ ਸਤਿਗੁਰੂ ਜੀ ਆਪਣੇ ਅੰਗ ਸੰਗ ਲਾ ਲੈਂਦੇ ਹਨ ਤੇ ਸਿੱਖ ਤੇ ਖੁਸ਼ੀ ਕਰਕੇ ਉਸ ਨੂੰ ਸੁੱਖ ਦਿੰਦੇ ਹਨ'॥੪੧॥

ਮੈਂ ਸੁਨਿ ਕਰਿ ਤਬਿ ਰਚੇ ਉਪਾਇ। ਆਛੀ ਵਸਤੁ ਖਰੀਦੀ ਜਾਇ।
ਬਹੁਤ ਮੋਲ ਦੇ ਲਜਾਇ ਤੁਰੰਗਾ। ਅਤਿ ਚੰਚਲ ਸੁੰਦਰ ਸਰਬੰਗਾ॥ ੪੨॥

ਮੈਂ ਸੁਣ ਕੇ ਫਿਰ ਉਪਾਅ ਕੀਤਾ ਤੇ ਜਾ ਕੇ ਚੰਗੀਆਂ ਵਸਤਾਂ ਖਰੀਦੀਆਂ। ਬਹੁਤ ਮੁੱਲ ਖਰਚ ਕੇ ਘੋੜਾ ਖਰੀਦਿਆ, ਜਿਹੜਾ ਸਾਰੇ ਅੰਗਾਂ ਕਰਕੇ ਬੜਾ ਚੰਚਲ ਤੇ ਸੁੰਦਰ ਹੈ॥੪੨॥

ਸਿਪਰ ਖੜਗ ਬਡ ਕੀਮਤ ਕੇਰੇ। ਕਲਗੀ ਕੋ ਦੇ ਮੋਲ ਬਡੇਰੇ।
ਦੁਰਲਭ ਬਾਜ ਸੇਤ ਇਹੁ ਆਨਾ। ਪੋਸ਼ਿਸ਼ ਹਿਤ ਧਨ ਖਰਚਿ ਮਹਾਨਾ॥ ੪੩॥

ਢਾਲ ਅਤੇ ਤਲਵਾਰ ਵੀ ਬੜੇ ਕੀਮਤੀ ਹਨ ਤੇ ਕਲਗੀ ਦਾ ਵੀ ਮੁੱਲ ਬਹੁਤ ਜ਼ਿਆਦਾ ਹੈ। ਇਹ ਦੁਰਲਭ ਚਿੱਟਾ ਬਾਜ਼ ਲਿਆਂਦਾ ਹੈ। ਪੋਸ਼ਾਕੇ ਵਾਸਤੇ ਬਹੁਤ ਧਨ ਖਰਚਿਆ ਹੈ॥੪੩॥

ਵਸਤੁਨਿ ਪਰ ਕੇਤਿਕ ਬਿਤ ਲਾਗਾ। ਬਚਜੋ ਜਿਤਿਕ ਸੋ ਰਾਵਰ ਆਗਾ।
ਅਧਿਕ ਭਾਰ ਤੇ ਲੇ ਦੀਨਾਰ। ਅਰਪਨ ਕੀਨਿ ਗੁਰੂ ਦਰਬਾਰ॥ ੪੪॥

ਵਸਤਾਂ ਦੇ ਖਰੀਦਣ ਵਾਸਤੇ ਬਹੁਤ ਧਨ ਲੱਗਾ ਹੈ, ਜੋ ਧਨ ਬਚਿਆ ਹੈ ਉਹ ਆਪ ਦੇ ਹਜ਼ੂਰ ਹਾਜ਼ਰ ਹੈ। ਬਹੁਤ ਭਾਰ ਤੇ ਮੁਹਰਾਂ ਲੈ ਕੇ ਗੁਰੂ ਜੀ ਦੇ ਦਰਬਾਰ ਵਿਚ ਅਰਪਣ ਕਰ ਦਿੱਤੇ॥੪੪॥

ਅਪਨੀ ਵਸਤੁ ਸੰਭਾਰਨਿ ਕੀਜੈ॥ ਲਜਾਯੋ ਬਡੇ ਜਤਨ ਸੋਂ, ਲੀਜੈ।
ਦਾਸਨ ਕੀ ਰਾਖਤਿ ਹੋ ਲਾਜ। ਬਿਰਦ ਬਿਸਾਲ ਗਰੀਬ ਨਿਵਾਜ॥ ੪੫॥

ਆਪਣੀਆਂ ਵਸਤਾਂ ਸੰਭਾਲ ਲਵੋ, ਬੜੇ ਯਤਨ ਨਾਲ ਲਿਆਇਆ ਹਾਂ, ਇਨ੍ਹਾਂ ਨੂੰ ਸਵੀਕਾਰ ਕਰੋ, ਆਪ ਜੀ ਗਰੀਬ ਨਿਵਾਜ਼ ਦਾ ਵੱਡਾ ਬਿਰਦ ਹੈ, ਆਪਣੇ ਦਾਸਾਂ ਦੀ ਲਾਜ ਰੱਖਦੇ ਹੋ'॥੪੫॥

*ਅੱਠਵੀਂ ਰਾਸ ਦਾ ਸੱਤਵਾਂ ਅਧਿਆਇ ਸਮਾਪਤ ਹੋਇਆ॥੭॥*

☆☆☆

# ਅਧਿਆਇ ਅੱਠਵਾਂ

### ਪੈਂਦੇ ਨੂੰ ਬਖਸ਼ਿਸ਼ਾਂ

ਦੋਹਰਾ-ਸੁਨਿ ਸੌਦਾਗਰ ਬਾਕ ਕੋ ਸ਼ਰਧਾ ਲਖਿ ਅਧਿਕਾਇ।
ਸਤਿਗੁਰ ਭਏ ਪ੍ਰਸੰਨ ਤਬਿ ਕਹਤਿ ਭਏ ਇਸ ਭਾਇ॥ ੧॥

ਸੌਦਾਗਰ ਦੇ ਬਚਨ ਸੁਣ ਕੇ ਤੇ ਉਸ ਦੀ ਅਥਾਹ ਸ਼ਰਧਾ ਵੇਖ ਕੇ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਇਸ ਤਰ੍ਹਾਂ ਕਹਿਣ ਲੱਗੇ॥੧॥

ਚੌਪਈ- 'ਅਪਨੋ ਜਨਮ ਕ੍ਰਿਤਾਰਥ ਕੀਨਾ। ਸਭਿ ਕੁਲ ਕੋ ਸੰਕਟ ਕਰਿ ਛੀਨਾ।
ਇਤੀ ਦੂਰ ਤੇ ਵਸਤੁ ਲਿਆਵਾ। ਬਹੁ ਧਨ ਖਰਚਜੋ ਪ੍ਰੇਮ ਬਧਾਵਾ॥ ੨॥

"ਤੂੰ ਆਪਣਾ ਜਨਮ ਕ੍ਰਿਤਾਰਥ ਕੀਤਾ ਹੈ, ਸਭ ਕੁਲ ਦੇ ਸੰਕਟ ਦੂਰ ਹੋ ਗਏ ਹਨ। ਏਨੀ ਦੂਰ ਤੋਂ ਵਸਤਾਂ ਲਿਆਇਆ ਹੈਂ, ਬਹੁਤ ਧਨ ਖਰਚ ਕੇ ਪ੍ਰੇਮ ਵਧਾਇਆ ਹੈ॥੨॥

ਗੁਰ ਹਿਤ ਨਿਤ ਦਸੌਂਧ ਕੋ ਰਾਖਾ। ਦਰਸ਼ਨ ਗੁਰ ਸ਼ਰਧਾ ਉਰ ਕਾਂਖਾ।
ਹਮ ਪ੍ਰਸੰਨ ਬਰ ਜਾਚਨ ਕੀਜੈ। ਅਪਨੀ ਆਸ਼ਾ ਪੂਰਿ ਲਈਜੈ'॥ ੩॥

ਗੁਰੂ ਵਾਸਤੇ ਨਿਤ ਦਸਵੰਧ ਕੱਢੀ ਹੈ ਤੇ ਗੁਰੂ ਜੀ ਦੇ ਦਰਸ਼ਨਾਂ ਦੀ ਮਨ ਵਿਚ ਅਭਿਲਾਸ਼ਾ ਸੀ। ਅਸੀਂ ਪ੍ਰਸੰਨ ਹੋਏ ਹਾਂ, ਕੋਈ ਵਰ ਮੰਗ ਲਵੋ ਤੇ ਆਪਣੀ ਆਸ਼ਾ ਪੂਰੀ ਕਰੋ"॥੩॥

ਹਾਥ ਜੋਰਿ ਤਬਿ ਕਹਜੋ ਸੁਦਾਗਰ। 'ਪ੍ਰੇਮ ਪਰਖਿਬੇ ਨਾਗਰ ਆਗਰ।
ਦਰਸ਼ਨ ਕਰੇ ਤ੍ਰਿਪਤਿ ਚਿਤ ਹੋਵਾ। ਕ੍ਰਿਪਾ ਦ੍ਰਿਸ਼ਟਿ ਤੇ ਮੋਕਉ ਜੋਵਾ॥ ੪॥

ਇਹ ਸੁਣ ਕੇ ਸੌਦਾਗਰ ਨੇ ਹੱਥ ਜੋੜ ਕੇ ਕਿਹਾ, "ਪ੍ਰੇਮ ਪਰਖਣ ਵਿਚ ਤੁਸੀਂ ਸਭ ਤੋਂ ਉੱਤਮ ਹੋ। ਤੁਹਾਡੇ ਦਰਸ਼ਨ ਕਰਕੇ ਮਨ ਤ੍ਰਿਪਤ ਹੋ ਗਿਆ ਹੈ। ਮੈਨੂੰ ਕ੍ਰਿਪਾ ਦ੍ਰਿਸ਼ਟੀ ਨਾਲ ਵੇਖਿਆ ਹੈ॥੪॥

ਸਭਿ ਬਿਧਿ ਤੇ ਮੁਝ ਕਰਜੋ ਨਿਹਾਲੂ। ਬਰ ਦੀਜੈ ਨਿਜ ਪ੍ਰੇਮ ਬਿਸਾਲੂ।
ਸਿਪਰ ਖੜਗ ਅਰੁ ਕਟ ਸੋਂ ਭਾਥਾ। ਭਏ ਸਨੱਧ ਗਹੇ ਧਨੁ ਹਾਥਾ॥ ੫॥

ਸਭ ਵਿਧੀਆਂ ਨਾਲ ਮੈਨੂੰ ਨਿਹਾਲ ਕੀਤਾ ਹੈ, ਆਪਣੇ ਵਿਸ਼ਾਲ ਪ੍ਰੇਮ ਦਾ ਮੈਨੂੰ ਵਰ ਦੇਵੋ। ਢਾਲ, ਤਲਵਾਰ ਅਤੇ ਕਮਰਕੱਸਾ ਕੀਤਾ ਹੋਵੇ, ਇਸ ਤਰ੍ਹਾਂ ਹਥਿਆਰ ਪਹਿਣ ਕੇ ਸੱਜੇ ਹੋਵੋ ਤੇ ਹੱਥ ਵਿਚ ਹਥਿਆਰ ਫੜੇ ਹੋਣ॥੫॥

ਇਹ ਸਰੂਪ ਉਰ ਬਸਹੁ ਤੁਹਾਰਾ। ਜਥਾ ਚਲਹਿ ਨਹਿੰ ਮੇਰੁ ਉਦਾਰਾ।
ਨਿਸਦਿਨ ਜਿਹਵਾ ਨਾਮ ਮੁਕੰਦ। ਰਟਤਿ ਰਹੌਂ ਸ੍ਰੀ ਹਰਿ ਗੋਵਿੰਦ॥ ੬॥

ਇਸ ਤਰ੍ਹਾਂ ਦਾ ਤੁਹਾਡਾ ਸਰੂਪ ਮੇਰੇ ਦਿਲ ਵਿਚ ਪੱਕੀ ਤਰ੍ਹਾਂ ਵਸੇ, ਜਿਵੇਂ ਮਹਾਨ ਸੁਮੇਰ ਪਰਬਤ ਨਹੀਂ ਹਿਲਦਾ ਹੈ। ਦਿਨ ਰਾਤ ਤੁਹਾਡਾ ਨਾਮ ਮੇਰੀ ਜੀਭ ਤੇ ਹੋਵੇ ਤੇ ਸਦਾ ਸ੍ਰੀ ਹਰਿਗੋਬਿੰਦ ਨਾਮ ਦਾ ਸਿਮਰਨ ਕਰਦਾ ਰਹਾਂ॥੬॥

ਇਹੁ ਬਰ ਮੋਕਉ ਦੀਜਹਿ ਸ੍ਵਾਮੀ। ਕ੍ਰਿਪਾ ਕਰਹੁ ਗੁਰ ਅੰਤਰਜਾਮੀ।
ਜਬਿ ਲੌ ਹੁਇ ਨ ਆਪ ਸੋਂ ਮੇਲ। ਕਰਮਨਿ ਬਸਿ ਜੂਨਨ ਮਹਿੰ ਖੇਲ॥ ੭॥

ਹੇ ਸਵਾਮੀ ! ਇਹ ਵਰ ਮੈਨੂੰ ਦੇਵੋ। ਹੇ ਅੰਤਰਜਾਮੀ ਗੁਰੂ ਜੀ ਕਿਰਪਾ ਕਰੋ, ਜਦ ਤਕ ਆਪ ਜੀ ਦੇ ਸਰੂਪ ਵਿਚ ਲੀਨ ਨਾ ਹੋਵਾਂ ਤਾਂ ਕਰਮਾਂ ਦੇ ਵੱਸ ਹੋ ਕੇ ਜੂਨਾਂ ਵਿਚ ਖੇਡਦਾ ਰਹਾਂਗਾ॥੭॥

ਜਹਿਂ ਜਹਿਂ ਜਨਮ ਧਰੌਂ ਮੈਂ ਜਾਈ। ਰਹੌਂ ਸਿੱਖ ਤਬਿ ਲੌਂ ਗੁਨ ਗਾਈ'।
ਭਏ ਪ੍ਰਸੰਨ ਬਖਾਨਜੋ ਬੈਨ। 'ਤੇਰੋ ਜਨਮ ਅਪਰ ਅਬਿ ਹੈ ਨ॥ ੮॥

ਜਿੱਥੇ-ਜਿੱਥੇ ਜਾ ਕੇ ਮੈਂ ਜਨਮ ਧਾਰਨ ਕਰਾਂਗਾ, ਤਦ ਤਕ ਮੈਂ ਗੁਣ ਗਾਉਂਦਾ ਸਿੱਖ ਰਹਾਂਗਾ।'' ਗੁਰੂ ਜੀ ਨੇ ਪ੍ਰਸੰਨ ਹੋ ਕੇ ਬਚਨ ਕੀਤਾ, ''ਤੇਰਾ ਹੁਣ ਕੋਈ ਜਨਮ ਨਹੀਂ ਹੋਵੇਗਾ॥੮॥

ਉਰ ਮਹਿਂ ਬਸੋ ਮਾਂਗਿ ਬਰ ਲੀਨੋ। ਭਯੋ ਕਰਮ ਕੇ ਬੰਧ ਬਿਹੀਨੋ।
ਪੂਰਨ ਹੋਇ ਕਾਮਨਾ ਤੇਰੀ। ਮਿਟੀ ਸਕਲ ਭਵਜਲ ਕੀ ਫੇਰੀ' ॥ ੯॥

ਹਿਰਦੇ ਵਿਚ ਵਸਾਂ ਤੂੰ ਮੰਗ ਕੇ ਵਰ ਲੈ ਲਿਆ ਹੈ, ਤੂੰ ਹੁਣ ਕਰਮਾਂ ਦੇ ਬੰਧਨਾਂ ਤੋਂ ਰਹਿਤ ਹੋ ਗਿਆ ਹੈਂ। ਤੇਰੀ ਕਾਮਨਾ ਪੂਰੀ ਹੋਈ ਹੈ, ਭਵਜਲ ਦੀ ਫੇਰੀ ਖਤਮ ਹੋ ਗਈ ਹੈ''॥੯॥

ਕਿਤਿਕ ਸਮੈ ਥਿਰ ਦਰਸ਼ਨ ਹੇਰੇ। ਪੁਨ ਆਇਸੁ ਲੇ ਗਮਨਜੋ ਡੇਰੇ।
ਅਰਪੀ ਵਸਤੁ ਸਕਲ ਗੁਰ ਦੇਖੀ। ਪ੍ਰਥਮ ਤੁਰੰਗਮ ਚਪਲ ਵਿਸ਼ੇਖੀ॥ ੧੦॥

ਕੁਝ ਸਮਾਂ ਉਥੇ ਰਹਿ ਕੇ ਦਰਸ਼ਨ ਕਰਦਾ ਰਿਹਾ, ਫਿਰ ਆਗਿਆ ਲੈ ਕੇ ਆਪਣੇ ਡੇਰੇ ਚਲੇ ਗਿਆ। ਗੁਰੂ ਜੀ ਨੇ ਅਰਪਣ ਕੀਤੀਆਂ ਸਾਰੀਆਂ ਵਸਤਾਂ ਨੂੰ ਵੇਖਿਆ। ਪਹਿਲਾ ਘੋੜਾ ਬੜਾ ਚੰਚਲ ਸੀ॥੧੦॥

ਕਰ ਪਰ ਬਾਜ ਬਿਠਾਇ ਨਿਹਾਰਾ। ਅਧਿਕ ਗੁਨਨ ਮਹਿਂ ਦੁਲਭ ਉਦਾਰਾ।
ਸ੍ਰੀ ਗੁਰਦਿੱਤੇ ਕਹਜੋ ਸੁਨਾਈ। 'ਦੂਰ ਕਹੂੰ ਤੇ ਅਸ ਕਰ ਆਈ॥ ੧੧॥

ਹੱਥ ਉਤੇ ਚਿੱਟੇ ਬਾਜ਼ ਨੂੰ ਰੱਖ ਕੇ ਵੇਖਿਆ, ਉਹ ਬਹੁਤ ਗੁਣਾਂ ਦਾ ਭਰਿਆ, ਬੜਾ ਦੁਰਲਭ ਸੀ। ਸ੍ਰੀ ਗੁਰਦਿੱਤੇ ਨੇ ਸੁਣਾ ਕੇ ਕਿਹਾ, ''ਬਹੁਤ ਦੂਰ ਤੋਂ ਹੀ ਐਸੀ ਵਸਤੂ ਹੱਥ ਆਉਂਦੀ ਹੈ॥੧੧॥

ਅਪਰ ਨ ਕਹੂੰ ਦੇਖਿਬੇ ਆਵੈ। ਬਡੇ ਅਹੈ ਗੁਨ ਬਿਸਦ ਸੁਹਾਵੈ'।
ਸੁਨਿ ਸਤਿਗੁਰ, ਸੁਤ ਚਿਤ ਕੀ ਜਾਨੀ। 'ਅਹੈ ਅਜਾਇਬ ਦੁਲਭ ਬਖਾਨੀ' ॥੧੨॥

ਹੋਰ ਕਿਤੇ ਵੇਖਣ ਵਿਚ ਨਹੀਂ ਆਉਂਦਾ ਹੈ, ਇਸ ਦੇ ਬੜੇ ਵੱਡੇ ਗੁਣ ਹਨ ਤੇ ਸੁੰਦਰ ਸ਼ੋਭ ਰਿਹਾ ਹੈ।'' ਸਤਿਗੁਰੂ ਜੀ ਨੇ ਸੁਣ ਕੇ ਪੁੱਤਰ ਦੇ ਚਿੱਤ ਦੀ ਗੱਲ ਜਾਣ ਲਈ, ''ਇਸ ਨੂੰ ਅਸਚਰਜ ਦੁਰਲੱਭ ਕਿਹਾ ਹੈ'' ॥੧੨॥

'ਇਹ ਤੁਮ ਲੇਹੁ ਅਖੇਰ ਕਰੀਜੈ। ਪਰਖਹੁ ਸੰਗ ਬਿਹੰਗ ਛੁਰੀਜੈ।
ਹੋਤ ਪ੍ਰਾਤਿ ਕੇ ਵਹਿਰ ਸਿਧਾਰਹੁ। ਕਿਮ ਖਗ ਪਕਰੈ ਤਹਾਂ ਨਿਹਾਰਹੁ ॥੧੩॥

ਇਸ ਬਾਜ਼ ਨੂੰ ਤੂੰ ਲੈ ਕੇ ਸ਼ਿਕਾਰ ਖੇਡੋ, ਇਸ ਨੂੰ ਆਪਣੇ ਪਾਸ ਰੱਖ ਕੇ ਪਰਖੋ ਤੇ ਪੰਛੀਆਂ ਤੇ ਛੱਡੋ। ਸਵੇਰ ਹੁੰਦਿਆਂ ਬਾਹਰ ਜਾਵੋ ਕਿਵੇਂ ਪੰਛੀ ਫੜਦਾ ਹੈ, ਉਥੇ ਜਾ ਕੇ ਵੇਖੋ''॥੧੩॥

ਪੈਂਦੇ ਖਾਨ ਦਿਸ਼ਾ ਪੁਨ ਹੇਰਾ। ਘੋਰਾ ਬਖਸ਼ਜੋ ਮੋਲ ਬਡੇਰਾ।
ਪੋਸ਼ਿਸ਼ ਚੀਰ ਚਾਰੁ ਅਰੁ ਚੀਰਾ। ਦੇ ਕਰਿ ਭਾਖਜੋ 'ਪਹਿਰੁ ਸਰੀਰਾ' ॥ ੧੪॥

ਫਿਰ ਪੈਂਦੇ ਖਾਂ ਵਾਲੇ ਪਾਸੇ ਵੇਖਿਆ, ਵੱਡੇ ਮੁੱਲ ਵਾਲਾ ਘੋੜਾ ਉਸ ਨੂੰ ਬਖਸ਼ ਦਿੱਤਾ, ਸੁੰਦਰ ਕਪੜੇ ਦਾ ਪੋਸ਼ਾਕਾ ਤੇ ਪੱਗੜੀ ਦੇ ਕੇ ਕਿਹਾ, ''ਆਪਣੇ ਸਰੀਰ ਤੇ ਪਹਿਣੋ''॥੧੪॥

ਪੁਨ ਖੰਡਾ ਲੇ ਹਾਥ ਨਿਹਾਰਾ। ਪਰਖਜੋ ਆਛੋ ਲੋਹ ਕਰਾਰਾ।
ਮਾਨ ਬਾਕ ਪੈਂਦੇ ਖਾਂ ਬੀਰ। ਸਭਿ ਪੁਸ਼ਾਕ ਕੋ ਪਹਿਰਿ ਸ਼ਰੀਰ॥ ੧੫॥

ਫਿਰ ਖੰਡਾ ਹੱਥ ਵਿਚ ਲੈ ਕੇ ਵੇਖਿਆ ਤੇ ਪਰਖ ਕੇ ਵੇਖਿਆ ਕਿ ਚੰਗੇ ਲੋਹੇ ਦਾ ਬਣਿਆ ਸੀ। ਸੂਰਮੇ ਪੈਂਦੇ ਖਾਂ ਨੇ ਗੁਰੂ ਜੀ ਦਾ ਹੁਕਮ ਮੰਨ ਕੇ ਪੁਸ਼ਾਕ ਆਪਣੇ ਸਰੀਰ ਤੇ ਪਹਿਣ ਲਈ॥੧੫॥

ਕਰੀ ਸਲਾਮ ਦੇਖਿ ਮੁਸਕਾਏ। 'ਇਹੁ ਖੰਡਾ ਲਿਹੁ ਅੰਗ ਲਗਾਏ'।
ਸ਼ੋਭਾ ਦੂਨ ਚਊਨੀ ਹੋਈ। ਪੋਸ਼ਿਸ਼ ਅਧਿਕ ਦਰਬ ਲਗਿ ਜੋਈ॥ ੧੬॥

ਵੇਖ ਕੇ ਮੁਸਕਰਾ ਕੇ ਸਲਾਮ ਕੀਤੀ, "ਇਸ ਖੰਡੇ ਨੂੰ ਲੈ ਕੇ ਸਰੀਰ ਤੇ ਧਾਰਨ ਕਰ ਲਵੋ' ਪੈਂਦੇ ਖਾਂ ਦੀ ਸ਼ੋਭਾ ਦੂਣੀ ਚੌਣੀ ਹੋ ਗਈ, ਬਹੁਤ ਕੀਮਤੀ ਪੁਸ਼ਾਕ ਜਦ ਪਹਿਣ ਲਈ॥੧੬॥

ਭਏ ਪ੍ਰਸੰਨ ਬਹੁਰ ਸਮੁਝਾਵਹਿਂ। 'ਜਬਿ ਤੂੰ ਹਮਰੇ ਢਿਗ ਚਲਿ ਆਵਹਿਂ।
ਇਹ ਪੋਸ਼ਿਸ਼ ਤਨ ਪਹਿਰ ਸੁ ਆਵਹੁ। ਖੜਗ ਸਿਪਰ ਤਬਿ ਅੰਗ ਸਜਾਵਹੁ॥੧੭॥

ਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਫਿਰ ਸਮਝਾਇਆ, "ਜਦ ਤੂੰ ਸਾਡੇ ਪਾਸ ਚਲ ਕੇ ਆਵੇਂ, ਇਸ ਪੁਸ਼ਾਕ ਨੂੰ ਪਹਿਣ ਕੇ ਆਵੇਂ, ਤਲਵਾਰ, ਢਾਲ ਫਿਰ ਸਰੀਰ ਤੇ ਸਜਾਵੇਂ"॥੧੭॥

ਅਬਿ ਤੂੰ ਚਢਿ ਤੁਰੰਗ ਕਹੁ ਫੇਰਿ। ਕਰਹੁ ਦਿਖਾਵਨਿ ਚਪਲ ਬਡੇਰ'।
ਸੁਨਿ ਪੈਂਦਾ ਹਰਖਜੋ ਉਰ ਮਾਂਹੀ। ਸਿਪਰ ਖੜਗ ਧਰ ਕਰਿ ਕਟ ਤਾਂਹੀ॥੧੮॥

ਹੁਣ ਤੂੰ ਘੋੜੇ ਤੇ ਚੜ੍ਹ ਕੇ ਉਸ ਨੂੰ ਫੇਰੇ, ਲੋਕਾਂ ਨੂੰ ਵਿਖਾਵੇ ਜਿਹੜਾ ਬੜਾ ਚੰਚਲ ਹੈ।" ਇਹ ਸੁਣ ਕੇ ਪੈਂਦੇ ਖਾਨ ਦਿਲ ਵਿਚ ਬੜਾ ਪ੍ਰਸੰਨ ਹੋਇਆ ਤੇ ਢਾਲ ਅਤੇ ਤਲਵਾਰ ਧਾਰ ਕਮਰਕੱਸਾ ਕਰ ਲਿਆ॥੧੮॥

'ਮੁਝ ਕੋ ਜਾਨਹਿਂ ਬਡ ਬਲਵਾਨਾ। ਰਣ ਮਹਿਂ ਬੀਰ ਕਰਹਿ ਘਮਸਾਨਾ।
ਇਸ ਕਾਰਨ ਤੇ ਸਤਿਗੁਰ ਦੇਤਿ। ਮੋ ਸਮਤਾ ਕੋ ਦੁਤਿਯ ਨ ਲੇਤਿ'॥੧੯॥

ਸੋਚਣ ਲੱਗਾ, "ਮੈਨੂੰ ਵੱਡਾ ਬਲਵਾਨ ਜਾਣਦੇ ਹਨ, ਰਣ ਵਿਚ ਸੂਰਮਾ ਘਮਸਾਣ ਦਾ ਯੁੱਧ ਕਰਦਾ ਹੈ, ਇਸ ਕਾਰਨ ਸਤਿਗੁਰੂ ਜੀ ਇਹ ਚੀਜ਼ਾਂ ਦਿੰਦੇ ਹਨ। ਮੇਰੇ ਬਰਾਬਰ ਹੋਰ ਕਿਸੇ ਨੂੰ ਨਹੀਂ ਸਮਝਦੇ ਹਨ'॥੧੯॥

ਇੱਤਜਾਦਿਕ ਚਿਤ ਬਿਖੈ ਬਿਚਾਰਤਿ। ਬਖਸ਼ਿਸ਼ ਲੇਤਿ ਗਰਬ ਕੋ ਧਾਰਤਿ।
ਉਠਿ ਹਯ ਪਰ ਆਰੂਢਨ ਭਯੋ। ਜਿਸ ਹਿਤ ਦਰਬ ਲਾਖ ਗਿਨਿ ਦਿਯੋ॥੨੦॥

ਇੱਤਆਦਿ ਚਿੱਤ ਵਿਚ ਵਿਚਾਰਦਾ ਸੀ, ਬਖਸ਼ਿਸ਼ ਪ੍ਰਾਪਤ ਕਰਕੇ ਅਹੰਕਾਰ ਧਾਰਨ ਕਰ ਲਿਆ। ਉੱਠ ਕੇ ਘੋੜੇ ਤੇ ਚੜ੍ਹ ਗਿਆ ਜਿਸ ਨੂੰ ਖਰੀਦਣ ਵਾਸਤੇ ਇਕ ਲੱਖ ਰੁਪਈਆ ਖਰਚਿਆ ਸੀ॥੨੦॥

ਮੰਦ ਮੰਦ ਚਢਿ ਪ੍ਰਥਮ ਚਲਾਯੋ। ਫਿਰ ਫੇਰੇ ਪੁਨ ਪੋਈਏ ਪਾਯੋ।
ਤ੍ਰਿਤਿਯ ਬਾਰ ਘੋਰਾ ਜਬਿ ਛੇਰਾ। ਦੌਰਜੋ ਅਸੁ ਕਰਿ ਬੇਗ ਬਡੇਰਾ॥ ੨੧॥

ਚੜ੍ਹ ਕੇ ਪਹਿਲਾਂ ਹੌਲੀ-ਹੌਲੀ ਤੋਰਿਆ, ਫਿਰ ਫੇਰ ਕੇ ਪਹੇ ਪਾ ਲਿਆ। ਤੀਜੀ ਵਾਰ ਜਦ ਘੋੜੇ ਨੂੰ ਛੇੜਿਆ ਗਿਆ ਤਾਂ ਘੋੜਾ ਬਹੁਤ ਤੇਜ਼ ਦੌੜਿਆ॥੨੧॥

ਪੌਨ ਗੌਨ ਕੋ ਪਾਵਤਿ ਪਾਛੈ। ਬਪੁਰੇ ਹਰਨ ਕਿ ਸਮਤਾ ਬਾਂਛੈ।
ਠੌਰ ਅਦ੍ਰਿਸ਼ਟਿ ਬਿਖੈ ਚਲਿ ਜਾਨੇ। ਮਨ ਕੋ ਮਨਹੁਂ ਸਿਖਾਵਨ ਠਾਨੇ॥ ੨੨॥

ਹਵਾ ਨੂੰ ਵੀ ਪਿੱਛੇ ਛੱਡੀ ਜਾਂਦਾ ਸੀ, ਵਿਚਾਰੇ ਹਿਰਨਾਂ ਨੇ ਉਸ ਦੀ ਬਰਾਬਰੀ ਦੀ ਕੀ ਇੱਛਾ ਕਰਨੀ ਹੈ। ਏਨਾ ਤੇਜ਼ ਦੌੜਦਾ ਹੈ ਕਿ ਝਟ ਅੱਖਾਂ ਤੋਂ ਉਹਲੇ ਹੋ ਜਾਂਦਾ ਹੈ, ਮਾਨੋਂ ਮਨ ਨੂੰ ਵੀ ਇਹ ਤੇਜ਼ੀ ਸਿਖਾਉਂਦਾ ਹੈ॥੨੨॥

ਨੈਨ ਨਾਗਰੀ ਕੇਰ ਸਰੀਖੇ। ਪਲਟਨ ਮਨੋ ਇਸੀ ਤੇ ਸੀਖੇ।
ਉਠੀ ਖੁਰਨ ਤੇ ਰਜ ਪਿਖਿਯੰਤਿ। ਗਯੋ ਤੁਰਤਿ ਤੇ ਹਯ ਨ ਦਿਖੰਤਿ॥ ੨੩ ॥

ਉਸ ਦੇ ਨੈਣ ਇਸਤਰੀ ਦੇ ਨੈਣਾਂ ਵਰਗੇ ਹਨ, ਪਰ ਇੰਝ ਲੱਗਦਾ ਹੈ ਕਿ ਇਸਤਰੀ ਦੇ ਨੈਣਾਂ ਨੇ ਮਾਨੋਂ ਪਲਟਣਾ ਇਨ੍ਹਾਂ ਪਾਸੋਂ ਸਿਖਿਆ ਹੈ। ਖੁਰਾਂ ਤੋਂ ਉਡਦੀ ਧੂੜ ਹੀ ਦਿੱਸਦੀ ਹੈ, ਬੜੀ ਕਾਹਲੀ ਨਾਲ ਗਿਆ ਘੋੜਾ ਨਹੀਂ ਦਿੱਸਦਾ ਹੈ॥੨੩॥

ਹੇਰਤਿ ਸਭਿ ਕੇ ਮਨ ਬਿਸਮਾਨੇ। 'ਤੁਰੰਗ ਬਿਕੀਮਤਿ' ਕਰਤਿ ਬਖਾਨੇ।
ਸਤਿਗੁਰ ਦੇਖਤਿ ਬਾਕ ਅਲਾਯੋ। 'ਵਾਉਵਰੋਲਾ ਹੁਇ ਜਨੁ ਧਾਯੋ' ॥ ੨੪ ॥

ਵੇਖ ਕੇ ਸਾਰਿਆਂ ਦੇ ਮਨ ਹੈਰਾਨ ਹੋਏ, 'ਅਨਮੋਲ ਘੋੜਾ ਹੈ', ਸਾਰੇ ਕਹਿੰਦੇ ਸਨ। ਸਤਿਗੁਰੂ ਜੀ ਨੇ ਵੇਖ ਕੇ ਬਚਨ ਕੀਤਾ, "ਵਾਵਰੋਲੇ ਵਾਂਗ ਭੱਜਦਾ ਹੈ।"

ਇਮ ਗੁਰ ਕੋ ਕਹਿਬੋ ਸੁਨਿ ਸਾਰੇ। ਵਾਉ ਵਰੋਲਾ ਨਾਮ ਉਚਾਰੇ।
ਚੌਥੀ ਬੇਰ ਤੁਰੰਗ ਫੰਦਾਯੋ। ਨਟ ਜਿਮ ਗਿਨ ਗਿਨ ਪਾਵ ਟਿਕਾਯੋ॥ ੨੫ ॥

ਸਾਰੇ ਗੁਰੂ ਜੀ ਪਾਸੋਂ ਇਸ ਤਰ੍ਹਾਂ ਕਿਹਾ ਸੁਣ ਕੇ ਘੋੜੇ ਦਾ ਨਾਂ ਹੀ ਵਾਵਰੋਲਾ ਉਚਾਰਨ ਕਰਦੇ ਸਨ। ਚੌਥੀ ਵਾਰ ਘੋੜੇ ਨੂੰ ਕੁਦਵਾਇਆ, ਨਟਾਂ ਵਾਂਗ ਗਿਣ-ਗਿਣ ਪੈਰ ਧਰਦਾ ਸੀ॥੨੫॥

ਛਾਤੀ ਛੁਵਤਿ ਹੈਂ ਪਗ ਭੌਨ। ਕਰਤਿ ਕੁੰਡਲੀ ਸੁੰਦਰ ਦੌਨ।
ਛੁਇ ਛੁਇ ਪਾਛਲ ਜਾਨੂ ਅਵਨੀ। ਉਠਿ ਉਠਿ ਪਰਤਿ ਕਰਤਿ ਗਤਿ ਰਵਨੀ ॥੨੬॥

ਪੈਰ ਭਉਂ ਕੇ ਛਾਤੀ ਨੂੰ ਛੂੰਹਦੇ ਹਨ, ਦੋਵੇਂ ਅਗਲੇ ਪੈਰ ਸੁਹਣੀ ਕੁੰਡਲੀ ਕਰਦੇ ਹਨ। ਪਿਛਲੇ ਗੋਡੇ ਧਰਤੀ ਨੂੰ ਛੁਹ-ਛੁਹ ਜਾਂਦੇ ਹਨ, ਉੱਠ ਉੱਠ ਪੈਂਦੇ ਸਨ ਤੇ ਬੜੀ ਸੁਹਣੀ ਚਾਲ ਚਲਦੇ ਹਨ॥੨੬॥

ਬਹੁਰੋ ਲਾਂਬੀ ਛਾਰ ਕਰਾਇ। ਜਾਇ ਸੁ ਚਾਰਹੁਂ ਚਰਨ ਉਠਾਇ।
ਇਮ ਸਭਿ ਗੁਨ ਚੰਚਲ ਚਤੁਰਾਈ। ਬਲ ਅਰੁ ਬੇਗ ਸਹਤ ਦਿਖਰਾਈ॥੨੭॥

ਫਿਰ ਲੰਮੀਂ ਛਾਲੇ ਕਰਾਇਆ, ਚਾਰੇ ਪੈਰ ਚੁੱਕ ਕੇ ਜਾਂਦਾ ਸੀ। ਇਸ ਤਰ੍ਹਾਂ ਸਾਰੇ ਗੁਣਾਂ ਵਿਚ ਬੜਾ ਚੰਚਲ ਤੇ ਚਤੁਰ ਸੀ, ਸ਼ਕਤੀ ਤੇਜ਼ੀ ਦੋਵੇਂ ਵਿਖਾਏ॥੨੭॥

ਗੁਰ ਸਮੀਪ ਤਬਿ ਆਨਿ ਖਰੋਵਾ। ਦੇਖਤਿ ਸਭਿ ਕੇ ਆਨੰਦ ਹੋਵਾ।
ਗੁਰ ਪ੍ਰਸੰਨ ਹੁਇ ਕਹਯੋ ਸੁਨਾਇ। 'ਸ੍ਰੀ ਗੁਰਦਿੱਤਾ ਪ੍ਰਾਤਿ ਸਿਧਾਇ॥ ੨੮ ॥

ਗੁਰੂ ਜੀ ਪਾਸ ਫਿਰ ਆ ਕੇ ਖਲੋ ਗਿਆ, ਸਾਰਿਆਂ ਨੂੰ ਵੇਖ ਕੇ ਬਹੁਤ ਆਨੰਦਮਈ ਹੋ ਗਿਆ। ਗੁਰੂ ਜੀ ਨੇ ਪ੍ਰਸੰਨ ਹੋ ਕੇ ਸੁਣਾ ਕੇ ਕਿਹਾ, "ਸ੍ਰੀ ਗੁਰਦਿੱਤਾ ਸਵੇਰੇ ਜਾਵੇਗਾ॥੨੮॥

ਹਿਤ ਅਖੇਰ ਕੇ ਸੰਗ ਚਢੀਜੈ। ਬਾਜ਼ ਬਿਹੰਗਨਿ ਪਰ ਪਰਖੀਜੈ।
ਅਬਿ ਤੂੰ ਸਦਨ ਜਾਹੁ ਸੁਖ ਪਾਏ। ਭੋਰ ਅਰੂਢਹੁ ਸੰਗ ਸਿਧਾਏ' ॥ ੨੯ ॥

ਉਹ ਸ਼ਿਕਾਰ ਖੇਡਣ ਜਾਵੇਗਾ, ਉਸ ਦੇ ਨਾਲ ਘੋੜੇ ਤੇ ਚੜ੍ਹ ਕੇ ਜਾਵੇ ਉਹ ਬਾਜ਼ ਨੂੰ ਪੰਛੀਆਂ ਤੇ ਛੱਡ ਕੇ ਪਰਖੇਗਾ। ਹੁਣ ਤੂੰ ਘਰ ਵਿਚ ਜਾ ਕੇ ਸੁਖ ਪਾਵੇਂ, ਸਵੇਰੇ ਘੋੜੇ ਤੇ ਚੜ੍ਹ ਕੇ ਉਸ ਦੇ ਨਾਲ ਜਾਵੇਂ' ॥੨੯॥

ਪੈਂਦਖਾਨ ਕੀਨਸਿ ਪੁਨ ਨਮੋ। ਹਰਖਤਿ ਗਮਨ ਕਰਯੋ ਤਿਹ ਸਮੋ।
ਗੁਰੂ ਕ੍ਰਿਪਾ ਲਹਿ ਗਰਬ ਵਧਾਯੋ। 'ਮੋ ਸਮ ਜਗ ਮਹਿਂ ਅਪਰ ਨ ਜਾਯੋ ॥ ੩੦ ॥

ਪੈਂਦੇ ਖਾਨ ਨੇ ਫਿਰ ਨਮਸਕਾਰ ਕੀਤੀ, ਤੇ ਪ੍ਰਸੰਨ ਹੋ ਕੇ ਉਸ ਸਮੇਂ ਚਲੇ ਗਿਆ। ਗੁਰੂ ਜੀ ਦੀ ਕਿਰਪਾ ਲੈ ਕੇ ਬੜਾ ਹੰਕਾਰ ਵਧਾਇਆ ਤੇ ਸੋਚਣ ਲੱਗਾ, "ਦੁਨੀਆਂ ਵਿਚ ਮੇਰੇ ਵਰਗਾ ਕੋਈ ਹੋਰ ਨਹੀਂ ਜੰਮਿਆ ਹੈ ॥ ੩੦ ॥

ਚਹੁੰ ਦਿਸ਼ਿ ਮਹਿਂ ਜੋ ਵਸਤੁ ਅਜਾਇਬ। ਸੋ ਆਵਹਿ ਹਿਤ ਸਤਿਗੁਰ ਸਾਹਿਬ।
ਨਿਜ ਹਿਤ ਅੰਗੀਕਾਰ ਨ ਕਰੈਂ। ਅਪਰ ਕਿਸੂ ਪਰ ਨਜ਼ਰ ਨ ਧਰੈਂ ॥ ੩੧ ॥

ਚਾਰੇ ਪਾਸੇ ਜਿਹੜੀਆਂ ਵੀ ਅਜੀਬ ਵਸਤਾਂ ਹਨ, ਉਹ ਸਾਰੀਆਂ ਗੁਰੂ ਸਾਹਿਬ ਵਾਸਤੇ ਆਉਂਦੀਆਂ ਹਨ। ਗੁਰੂ ਜੀ ਆਪਣੇ ਵਾਸਤੇ ਅੰਗੀਕਾਰ ਨਹੀਂ ਕਰਦੇ ਤੇ ਹੋਰ ਕਿਸੇ ਤੇ ਨਜ਼ਰ ਨਹੀਂ ਧਰਦੇ ਹਨ ॥ ੩੧ ॥

ਸੁਤ ਆਦਿਕ ਸਭਿਹਿਨਿ ਕਹੁ ਤਜਾਗਿ। ਮੋ ਪਰ ਕਰਹਿਂ ਅਧਿਕ ਅਨੁਰਾਗ।
ਬਲੀ ਸੂਰਮਾ ਡੀਲ ਬਿਲੰਦ। ਮੁਝਕੋ ਜਾਨਹਿਂ ਧਰਹਿਂ ਅਨੰਦ ॥ ੩੨ ॥

ਪੁੱਤਰ ਆਦਿ ਸਾਰਿਆਂ ਨੂੰ ਤਿਆਗ ਕੇ, ਮੇਰੇ ਨਾਲ ਬਹੁਤ ਜ਼ਿਆਦਾ ਪਿਆਰ ਕਰਦੇ ਹਨ। ਮੈਂ ਬਲੀ ਸੂਰਮਾ ਵੱਡੀ ਡੀਲ-ਡੌਲ ਵਾਲਾ ਹਾਂ, ਮੈਨੂੰ ਜਾਣ ਕੇ ਅਨੰਦ ਧਾਰਨ ਕਰਦੇ ਹਨ ॥ ੩੨ ॥

ਜੋ ਸਿਖ ਲਜਾਵਤਿ ਵਸਤੁਨਿ ਆਛੇ। ਸੋ ਮੁਝ ਕੋ ਦੇਵਤਿ ਬਿਨ ਬਾਂਛੇ।
ਅਪਰ ਨ ਮੁਝ ਸਮਾਨ ਕੋ ਹੇਰੈਂ। ਰਣ ਕੋ ਧਰੈਂ ਭਰੋਸ ਬਡੇਰੈਂ ॥ ੩੩ ॥

ਜਿਹੜੇ ਸਿੱਖ ਚੰਗੀਆਂ ਵਸਤਾਂ ਲਿਆਉਂਦੇ ਹਨ, ਉਹ ਮੈਨੂੰ ਬਿਨ ਮੰਗਿਆਂ ਹੀ ਦੇ ਦਿੰਦੇ ਹਨ। ਮੇਰੇ ਵਰਗਾ ਹੋਰ ਕਿਸੇ ਨੂੰ ਨਹੀਂ ਵੇਖਦੇ ਰਣਖੇਤਰ ਵਿਚ ਮੇਰੇ ਤੇ ਵੱਡਾ ਭਰੋਸਾ ਰੱਖਦੇ ਹਨ ॥ ੩੩ ॥

'ਬਿਜੈ ਇਸੀ ਤੇ ਹਮ ਕਬਿ ਪਾਵਹਿਂ'। ਇਮ ਜਾਨਤਿ ਸ਼ੁਭ ਵਸਤੁ ਦਿਵਾਵਹਿਂ'।
ਇੱਤਜਾਦਿਕ ਅਹੰਕਾਰ ਕਰੰਤਾ। ਖਾਨ ਜਾਤਿ ਖਾਨਹਿ ਹਰਖੰਤਾ ॥ ੩੪ ॥

ਉਹ ਸਮਝਦੇ ਹਨ, 'ਏਸੇ ਪਾਸੋਂ ਅਸੀਂ ਕਦੀ ਵਿਜੇ ਪਾਵਾਂਗੇ' ਇਸ ਤਰ੍ਹਾਂ ਜਾਣ ਕੇ ਸ਼ੁਭ ਵਸਤਾਂ ਦਵਾਉਂਦੇ ਹਨ।" ਇੱਤਆਦਿ ਹੰਕਾਰ ਕਰ ਰਿਹਾ ਸੀ। ਪੈਂਦੇ ਖਾਨ ਘਰ ਜਾਂਦਾ ਹੋਇਆ ਇਸ ਤਰ੍ਹਾਂ ਪ੍ਰਸੰਨ ਹੋ ਰਿਹਾ ਹੈ ॥ ੩੪ ॥

ਜਿਹ ਹੰਕਾਰ ਲੰਕਪਤਿ ਮਾਰਾ। ਕੁਲ ਕੈਰਵ ਕੋ ਸਕਲ ਸੰਘਾਰਾ।
ਹਰਣਾਖਸ਼ ਹਿਰਨਾਛ ਨ ਰਹੇ। ਮਰਯੋ ਸ੍ਵਾਸਬੀਰਜ ਜਿਸੁ ਲਹੇ ॥ ੩੫ ॥

ਜਿਸ ਹੰਕਾਰ ਨੇ ਲੰਕਾਪਤੀ ਰਾਵਣ ਨੂੰ ਮਾਰ ਦਿੱਤਾ ਸੀ, ਕੋਰਵਾਂ ਦੀ ਸਾਰੀ ਕੁਲ ਦਾ ਨਾਸ਼ ਹੋ ਗਿਆ ਸੀ, ਹਰਣਾਖਸ਼ ਅਤੇ ਹਿਰਨਾਕਸ਼ ਨਾ ਰਹੇ। ਸ੍ਵਾਸਬੀਰਜ ਵਰਗਾ ਦੈਂਤ ਜਿਸ ਦੇ ਸਵਾਸਾਂ ਤੋਂ ਰਾਖਸ਼ ਪੈਦਾ ਹੁੰਦੇ ਸੀ, ਉਹ ਵੀ ਮਾਰਿਆ ਗਿਆ ॥ ੩੫ ॥

ਰਕਤਬੀਜ ਅਰੁ ਸੁੰਭ ਨਿਸੁੰਭ। ਕੁੰਭਕਾਨ ਅਰੁ ਕੁੰਭ ਨਿਕੁੰਭ।
ਕੇਤਿਕ ਇਸ ਥਲ ਕਰਹਿਂ ਪ੍ਰਕਾਸ਼ੇ। ਮਹਾਂ ਬਲੀ ਹੰਕਾਰ ਬਿਨਾਸ਼ੇ ॥ ੩੬ ॥

ਦੈਂਤ ਰਕਤਬੀਜ, ਜਿਸ ਦੇ ਲਹੂ ਤੋਂ ਦੈਂਤ ਪੈਦਾ ਹੁੰਦੇ ਤੇ ਸ਼ੁੰਭ ਨਿਸ਼ੁੰਭ ਜੋ ਰਾਖਸ਼ ਭਰਾ ਸਨ, ਇਨ੍ਹਾਂ ਸਭ ਨੂੰ ਦੁਰਗਾ ਨੇ ਮਾਰ ਦਿੱਤਾ ਸੀ। ਹੰਕਾਰੀ ਦੈਂਤ ਕੁੰਭ ਨਾ ਰਿਹਾ ਜਿਸ ਨੂੰ ਦੁਰਗਾ ਨੇ ਮਾਰ ਦਿੱਤਾ, ਹੰਕਾਰੀ ਦੈਂਤ ਕੁੰਭਕਰਨ ਨਾ ਰਿਹਾ ਜਿਸ ਨੂੰ ਰਾਮ ਚੰਦਰ ਨੇ ਮਾਰ ਦਿੱਤਾ ਸੀ। ਹੰਕਾਰੀ ਨਿਕੁੰਭ ਨਾ ਰਿਹਾ ਜੋ ਕੁੰਭਕਰਨ ਦਾ ਪੁੱਤਰ ਸੀ ਤੇ ਹਨੂੰਮਾਨ ਹੱਥੋਂ ਮਾਰਿਆ ਗਿਆ ਸੀ। ਇਸ ਥਾਂ ਕਦੀ ਮਹਾਂਬਲੀ ਪੈਦਾ ਹੋਏ, ਹੰਕਾਰ ਨੇ ਸਭ ਨੂੰ ਮਾਰ ਦਿੱਤਾ ॥ ੩੬ ॥

ਕਹਾਂ ਬਾਪਰੋ ਪੈਂਦੇ ਖਾਨ। ਕਰਜੋ ਚਹਤਿ ਅਪਨੇ ਹਤਿ ਪ੍ਰਾਨ।
ਭਾਵੀ ਨੇ ਤੈਸੇ ਮਨ ਫੇਰਾ। ਲੈ ਵਸਤੂ ਵਧਿ ਗਰਬ ਘਨੇਰਾ॥ ੩੭॥

ਵਿਚਾਰਾ ਪੈਂਦੇ ਖਾਨ ਕੌਣ ਸੀ, ਉਹ ਆਪਣੇ ਪ੍ਰਾਣ ਗਵਾਉਣਾ ਚਾਹੁੰਦਾ ਸੀ। ਭਾਵੀ ਨੇ ਉਸ ਦਾ ਉਸ ਤਰ੍ਹਾਂ ਹੀ ਮਨ ਫੇਰ ਦਿੱਤਾ, ਵੱਧ ਵਸਤਾਂ ਲੈ ਕੇ ਬਹੁਤ ਹੰਕਾਰ ਕਰਦਾ ਸੀ॥੩੭॥

ਨਿਜ ਵਡਿਆਈ ਅਧਿਕ ਬਿਚਾਰਤਿ। ਢਿਗ ਨਿਜ ਗ੍ਰਾਮ ਗਯੋ ਹੰਕਾਰਤਿ।
ਚਢਜੋ ਆਇ ਆਗੇ ਦਾਮਾਦ। ਖਾਂ ਅਸਮਾਨ ਦੇਖਿ ਅਹਿਲਾਦ॥ ੩੮॥

ਆਪਣੀ ਵਡਿਆਈ ਜ਼ਿਆਦਾ ਵਿਚਾਰਦਾ ਸੀ, ਹੰਕਾਰ ਕਰਦਾ ਆਪਣੇ ਪਿੰਡ ਚਲੇ ਗਿਆ। ਅੱਗੇ ਦਾਮਾਦ ਘੋੜੇ ਤੇ ਚੜ੍ਹਿਆ ਆ ਰਿਹਾ ਸੀ, ਪੈਂਦੇ ਖਾਂ ਆਪਣੇ ਦਾਮਾਦ ਅਸਮਾਨ ਖਾਂ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਇਆ॥੩੮॥

ਬੂਝਜੋ 'ਇਹੁ ਤੁਰੰਗ ਕਬਿ ਪਾਯੋ?। ਪੋਸ਼ਿਸ਼ ਨਈ ਪਹਿਰਿ ਕਿਤ ਆਯੋ ?'।
ਪ੍ਰਿਯ ਦਮਾਦ ਕੋ ਸਕਲ ਸੁਨਾਈ। 'ਇਹੁ ਸਭਿ ਵਸਤੁ ਗੁਰੂ ਤੇ ਪਾਈ॥ ੩੯॥

ਉਹ ਪੁੱਛਣ ਲੱਗਾ, "ਇਹ ਘੋੜਾ ਕਦ ਪਾਇਆ ਹੈ, ਨਵੀਂ ਪੁਸ਼ਾਕ ਪਹਿਣ ਕੇ ਕਿਥੋਂ ਆਏ ਹੋ ?" ਆਪਣੇ ਪਿਆਰੇ ਦਾਮਾਦ ਨੂੰ ਸਾਰੀ ਗੱਲ ਸੁਣਾਈ, "ਇਹ ਸਾਰੀਆਂ ਵਸਤਾਂ ਗੁਰੂ ਜੀ ਤੋਂ ਪਾਈਆਂ ਹਨ॥੩੯॥

ਦੂਰ ਦੇਸ਼ ਤੇ ਇਕ ਸਿਖ ਲਜਾਯੋ। ਲਾਖਹੁੰ ਦਰਬ ਖਰਚਿ ਕਰਿ ਪਾਯੋ।
ਛੋਰਦਾਰ ਚੀਰਾ ਬਰ ਚੀਰ। ਗੁਰ ਹਜ਼ੂਰ ਪਹਿਰਾਇ ਸਰੀਰ॥ ੪੦॥

ਦੂਰ ਦੇਸ਼ ਤੋਂ ਇਕ ਸਿੱਖ ਲਿਆਇਆ ਹੈ, ਲੱਖਾਂ ਦਾ ਧਨ ਖਰਚ ਕੇ ਬਣਾਇਆ ਹੈ। ਛੋਲਦਾਰ ਵੱਡੀ ਸ੍ਰੇਸ਼ਟ ਪੋਸ਼ਾਕ ਹੈ, ਗੁਰੂ ਜੀ ਨੇ ਆਪਣੀ ਹਜ਼ੂਰੀ ਵਿਚ ਮੈਨੂੰ ਪਹਿਨਾਇਆ ਹੈ॥੪੦॥

ਕਰਿ ਬਖਸ਼ਿਸ਼ ਕੋ ਹੁਕਮ ਪ੍ਰਕਾਸ਼ਾ। 'ਪਹਿਰਹੁ ਤਬਹਿ ਆਇ ਹਮ ਪਾਸਾ'।
ਸੁਨਿ ਅਸਮਾਨਖਾਨ ਕਹਿ ਬੈਨ। 'ਇਹੁ ਸਭਿ ਤੁਮਰੀ ਲਾਇਕ ਹੈ ਨ॥ ੪੧॥

ਬਖਸ਼ਿਸ਼ ਕਰਕੇ ਹੁਕਮ ਦਿੱਤਾ ਕਿ "ਮੇਰੇ ਪਾਸ ਆ ਕੇ ਇਸ ਨੂੰ ਪਹਿਣੋ।" ਇਹ ਸੁਣ ਕੇ ਅਸਮਾਨ ਖਾਨ ਨੇ ਕਿਹਾ, "ਇਹ ਸਭ ਤੁਹਾਡੇ ਲਾਇਕ ਨਹੀਂ ਹੈ॥੪੧॥

ਤੁਮ ਹੋ ਬਡੇ ਛੋਟ ਮੁਹਿ ਜਾਨਹੁ। ਦਿਹੁ ਤੁਰੰਗ ਮੈਂ ਫੇਰਨਿ ਠਾਨਹੁੰ।
ਪੋਸ਼ਿਸ਼ ਦੀਜਹਿ ਹੋਤਿ ਸਕਾਰੇ। ਉਚਿਤ ਬਾਤ ਕੋ ਲੇਹੁ ਬਿਚਾਰੇ' ॥ ੪੨॥

ਤੁਸੀਂ ਵੱਡੇ ਹੋ, ਮੈਨੂੰ ਛੋਟਾ ਜਾਣੋ, ਇਹ ਘੋੜਾ ਮੈਨੂੰ ਦੇਵੋ, ਮੈਂ ਇਸ ਨੂੰ ਫੇਰ ਕੇ ਲਿਆਉਂਦਾ ਹਾਂ। ਇਹ ਸ੍ਰੇਸ਼ਟ ਪੋਸ਼ਾਕ ਵੀ ਮੈਨੂੰ ਦੇ ਦੇਵੋ, ਇਸ ਉਚਿਤ ਗੱਲ ਨੂੰ ਮਨ ਵਿਚ ਵਿਚਾਰ ਲਵੋ"॥੪੨॥

ਪੈਂਦੇ ਕਹਜੋ 'ਨ ਇਮ ਬਨਿ ਆਵੈ। ਜਬਿ ਜਾਨਹਿਂ ਗੁਰ ਅਧਿਕ ਰਿਸਾਵੈਂ।
ਬਾਲਪਨੇ ਕੀ ਬਾਤ ਨ ਕੀਜੈ। ਘਰ ਕੀ ਵਸਤੁ ਅਪਰ ਪਿਖਿ ਲੀਜੈ' ॥ ੪੩॥

ਪੈਂਦੇ ਖਾਨ ਨੇ ਕਿਹਾ, "ਇਸ ਤਰ੍ਹਾਂ ਨਹੀਂ ਹੋ ਸਕਦਾ, ਜਦ ਗੁਰੂ ਜੀ ਇਸ ਤਰ੍ਹਾਂ ਜਾਣਨਗੇ ਤਾਂ ਬਹੁਤ ਗੁੱਸੇ ਵਿਚ ਆਉਣਗੇ। ਬਚਪਨੇ ਦੀ ਗੱਲ ਨਾ ਕਰੋ, ਘਰ ਦੀ ਕੋਈ ਹੋਰ ਵਸਤੂ ਵੇਖ ਲਵੋ"॥੪੩॥

ਇਮ ਦਮਾਦ ਸੋਂ ਕਹਿ ਰਿਸ ਸੰਗਾ। ਗਮਨਜੋ ਅੱਗ੍ਰ ਕੁਦਾਇ ਤੁਰੰਗਾ।
ਫਿਰਜੋ ਗ੍ਰਾਮ ਕੇ ਗਿਰਦ ਦਿਖਾਵਤਿ। ਸਭਿ ਗਰੀਅਨਿ ਕੇ ਬਿਖੈ ਫੰਦਾਵਤਿ॥੪੪॥

ਇਸ ਤਰ੍ਹਾਂ ਦਾਮਾਦ ਨੂੰ ਗੁੱਸੇ ਨਾਲ ਕਿਹਾ, ਘੋੜਾ ਕਦਾਉਂਦਾ ਅੱਗੇ ਚਲੇ ਗਿਆ। ਪਿੰਡ ਦੇ ਚਾਰ ਚੁਫੇਰੇ ਘੋੜਾ ਵਿਖਾਉਂਦਾ ਫਿਰਿਆ, ਸਾਰੀਆਂ ਗਲੀਆਂ ਵਿਚ ਘੋੜੇ ਨੂੰ ਟਪਾਇਆ ॥੪੪॥

ਨਿਜ ਉੱਤਮਤਾ ਕਰਹਿ ਜਨਾਵਨ। ਸਭਿ ਖਾਨਨਿ ਕੋ ਫੇਰ ਦਿਖਾਵਨਿ।
ਜੋ ਮਿਲਿ ਜਾਇ ਬਾਤ ਤਿਸ ਕਹੈ। 'ਨਿਜ ਬਲ ਗੁਨ ਤੇ ਇਮ ਹਮ ਲਹੈ?' ॥੪੫॥

ਆਪਣੀ ਉੱਤਮਤਾ ਲੋਕਾਂ ਨੂੰ ਵਿਖਾਉਂਦਾ ਸੀ, ਸਭ ਪਠਾਣਾਂ ਨੂੰ ਫੇਰ ਕੇ ਵਿਖਾਉਂਦਾ ਸੀ, ਜਿਹੜਾ ਵੀ ਮਿਲ ਜਾਂਦਾ ਸੀ, ਉਸ ਨੂੰ ਬੜੇ ਮਾਨ ਨਾਲ ਕਹਿੰਦਾ ਸੀ, "ਆਪਣੇ ਬਲ ਅਤੇ ਗੁਣ ਕਰਕੇ ਇਹ ਮੈਂ ਲਿਆ ਹੈ ?" ॥੪੫॥

*ਅੱਠਵੀਂ ਰਾਸ ਦਾ ਅੱਠਵਾਂ ਅਧਿਆਇ ਸਮਾਪਤ ਹੋਇਆ ॥੮॥*

## *ਅਧਿਆਇ ਨੌਵਾਂ*

### *ਪੈਂਦੇ ਖਾਂ ਦੇ ਜਵਾਈ ਨੇ ਬਾਜ਼ ਫੜਨਾ*

ਦੋਹਰਾ- ਅਸਮਾਂ ਖਾਂ ਚਿਤ ਲਟਪਟੀ ਵਸਤੁ ਸੁਸਰਕੀ ਦੇਖਿ।
ਲੈਹੋਂ ਕਹਿ ਨਿਜ ਸਾਸ ਕੋ ਕੈ ਗ੍ਰਿਹ ਤਜੋਂ ਅਸ਼ੇਖ॥ ੧॥

ਅਸਮਾਨ ਖਾਂ ਦਾ ਚਿੱਤ ਆਪਣੇ ਸੌਹਰੇ ਦੀ ਵਸਤੂ ਨੂੰ ਵੇਖ ਕੇ ਬਹੁਤ ਲਲਚਾ ਗਿਆ। ਸੋਚਣ ਲੱਗਾ ਮੈਂ ਆਪਣੀ ਸੱਸ ਨੂੰ ਕਹਿ ਕੇ ਲੈ ਲਵਾਂਗਾ, ਨਹੀਂ ਤਾਂ ਘਰ ਹੀ ਛੱਡ ਦੇਵਾਂਗਾ॥੧॥

ਸ੍ਵੈਯਾ ਛੰਦ- ਬਨੌਂ ਫਕੀਰ ਨਿਕਸਿ ਕਰਿ ਬਾਹਰ ਮਿਲੌਂ ਨ ਤਿਨਕੀ ਤਨੁਜਾ ਸੰਗ।
ਮੋਹਿ ਉਚਿਤ ਹੈ ਸੁੰਦਰ ਪੋਸ਼ਿਸ਼ ਚੀਰਾ ਛੋਰਦਾਰ ਸਜਿ ਸੰਗ।
ਖਾਨ ਮਹਾਨ ਆਰਬਲ ਹੋਏ ਤਊ ਬਾਂਕਪਨ ਰਿਦੈ ਉਮੰਗ।
ਮੁਝ ਸਮ ਸੁਤ ਕੋ ਦੇਤਿ ਨ ਹਿਤ ਕਰਿ ਅਨਲਾਇਕ ਨਹਿੰ ਸਹੌਂ ਪ੍ਰਸੰਗ॥੨॥

ਮੈਂ ਬਾਹਰ ਨਿਕਲ ਕੇ ਫ਼ਕੀਰ ਬਣ ਜਾਵਾਂਗਾ ਤੇ ਉਨ੍ਹਾਂ ਦੀ ਲੜਕੀ ਨੂੰ ਨਹੀਂ ਮਿਲਾਂਗਾ। ਸੁੰਦਰ ਵੱਡਾ ਛੋਲਦਾਰ ਪੁਸ਼ਾਕਾ ਮੇਰੇ ਵਾਸਤੇ ਉਚਿਤ ਹੈ, ਮੈਨੂੰ ਇਹ ਬਹੁਤ ਸੱਜੇਗਾ। ਪੈਂਦੇ ਖਾਨ ਦੀ ਉਮਰ ਹੁਣ ਬਹੁਤ ਵੱਡੀ ਹੋ ਗਈ ਹੈ, ਫਿਰ ਵੀ ਉਸਦੇ ਮਨ ਵਿਚ ਬਾਂਕਾ ਬਣਨ ਦੀ ਉਮੰਗ ਹੈ। ਮੇਰੇ ਵਰਗੇ ਪੁੱਤਰ ਨੂੰ ਪਿਆਰ ਨਾਲ ਦਿੰਦਾ ਨਹੀਂ, ਇਹ ਅਯੋਗ ਗੱਲ ਮੈਂ ਬਰਦਾਸ਼ਤ ਨਹੀਂ ਕਰਾਂਗਾ॥੨॥

ਏਵ ਬਿਚਾਰਤਿ ਗਮਨਜੋ ਗ੍ਰਿਹ ਕੋ ਬੈਠਿ ਸਾਸ ਢਿਗ ਦ੍ਰਿਗ ਜਲ ਨੀਰ।
ਮੁਰਝਾਨੋ ਮੁਖ, ਪਿਖਿ ਕਰਿ ਬੋਲੀ 'ਕਿਮ ਤੂ ਦੁਖ ਤੇ ਦਿਖਤਿ ਅਧੀਰ ?'।
ਸੁਨਿ ਕਰਿ ਕਹਜੋ 'ਕੀਨਿ ਅਪਮਾਨਾ ਮੈਂ ਜਾਚੇ ਦੇ ਖਾਨ ਨ ਚੀਰ।
ਗੁਰੂ ਨਿਕਟਿ ਤੇ ਲਜਾਯੋ ਹਯ ਕੋ ਮੁਹਿ ਅਰੂਢਿਬੇ ਦਿਯੋ ਨ ਬੀਰ॥ ੩॥

ਇਸ ਤਰ੍ਹਾਂ ਵਿਚਾਰਦਾ ਘਰ ਨੂੰ ਚਲਾ ਗਿਆ ਤੇ ਸੱਸ ਦੇ ਪਾਸ ਬੈਠ ਕੇ ਅੱਖਾਂ ਵਿਚੋਂ ਅੱਥਰੂ ਵਹਾਉਣ ਲੱਗਾ। ਸੱਸ ਮੁਰਝਾਇਆ ਹੋਇਆ ਮੂੰਹ ਵੇਖ ਕੇ ਬੋਲੀ, "ਕਿਵੇਂ ਦੁਖੀ ਹੋ ਕੇ ਤੂੰ ਧੀਰਜ ਰਹਿਤ ਵਿਖਾਈ ਦੇ ਰਿਹਾ ਹੈਂ ?" ਇਹ ਸੁਣ ਕੇ

ਉਸ ਕਿਹਾ, "ਪੈਂਦੇ ਖਾਨ ਨੇ ਮੇਰਾ ਅਪਮਾਨ ਕੀਤਾ ਹੈ ਜਦ ਮੈਂ ਉਨ੍ਹਾਂ ਪਾਸੋਂ ਕਪੜੇ ਮੰਗੇ।" ਗੁਰੂ ਜੀ ਪਾਸੋਂ ਘੋੜਾ ਲਿਆਇਆ ਹੈ, ਪਰ ਮੈਨੂੰ ਉਸ ਨੇ ਚੜ੍ਹਨ ਵਾਸਤੇ ਨਹੀਂ ਦਿੱਤਾ ਹੈ॥੩॥

ਤੈਂ ਦਿਵਾਇ ਤੇ ਕੁਸ਼ਲ ਅਹੈ ਮਮ ਨਾਂਹਿ ਤ ਮਰਿ ਹੌਂ ਦੇਰਿ ਨ ਲਾਇ।
ਹਮ ਪਠਾਨ ਕੇ ਪੂਤ ਸਹੈਂ ਨਹਿਂ ਜੇ ਪ੍ਰਤਿਕੂਲੀ ਬਾਤ ਬਨਾਇ।
ਸੁਤ ਸਮ ਮੋਕਹੁ ਪਜਾਰ ਕਰਹੁ ਨਿਤ ਯਾਂਤੇ ਛਲ ਕੋ ਜਾਨਜੋ ਜਾਇ।
ਪੋਸ਼ਿਸ਼ ਤੁਰੰਗ ਦੇਹੁ ਤਬਿ ਜੀਵਨ ਇਹੁ ਸਾਚੀ ਮੈਂ ਦੇਂਹੁ ਸੁਨਾਇ ॥ ੪॥

ਤੂੰ ਜੇ ਦਿਵਾ ਦੇਵੇਂ ਤਾਂ ਠੀਕ ਹੈ, ਨਹੀਂ ਤਾਂ ਮੈਂ ਮਰ ਜਾਵਾਂਗਾ ਤੇ ਦੇਰ ਨਹੀਂ ਲਾਵਾਂਗਾ। ਅਸੀਂ ਪਠਾਣ ਦੇ ਪੁੱਤਰ ਹਾਂ, ਜੇ ਕੋਈ ਉਲਟੀ ਗੱਲ ਬਣਾਏ ਤਾਂ ਅਸੀਂ ਜਰਦੇ ਨਹੀਂ ਹਾਂ। ਤੁਸੀਂ ਮੈਨੂੰ ਸਦਾ ਪੁੱਤਰ ਵਾਂਗ ਪਿਆਰ ਕਰਦੇ ਹੋ, ਇਸ ਕਰਕੇ ਇਹ ਛਲ ਮੈਥੋਂ ਜਾਣਿਆ ਨਹੀਂ ਜਾਂਦਾ। ਪੋਸ਼ਾਕ ਅਤੇ ਘੋੜਾ ਦੋਵੇਂ ਦੇਵੇ ਤਦ ਜੀਵਨ ਹੈ, ਇਹ ਸੱਚੀ ਗੱਲ ਤੁਹਾਨੂੰ ਸੁਣਾ ਦਿੰਦਾ ਹਾਂ॥੪॥

ਸੁਨਤਿ ਸਾਸ ਨੇ ਦੀਨਿ ਦਿਲਾਸਾ 'ਹੇ ਸੁਤ! ਸ੍ਵਾਸ ਨ ਲੇਹੁ ਬਿਸਾਲ।
ਹਮਰੀ ਵਸਤੁ ਸਕਲ ਕੋ ਮਾਲਿਕ ਤੈ ਹਿਤ ਕਰਿ ਸੰਚਿਤ ਧਨ ਮਾਲ।
ਖਾਨਹਿ ਆਇ ਖਾਨ ਲੈ ਦੈਹੌਂ, ਕਹਾਂ ਬਸਤ੍ਰ ਅਰੁ ਤੁਰੰਗ ਕਮਾਲ'।
ਇਮ ਕਹਿ ਨੇਤ੍ਰ ਪੋਛਿ, ਦੇ ਧੀਰਜ ਕਰਤੀ ਪਜਾਰ ਪ੍ਰੀਤਿ ਕੇ ਨਾਲ॥ ੫॥

ਇਹ ਸੁਣ ਕੇ ਸੱਸ ਨੇ ਦਿਲਾਸਾ ਦਿੱਤਾ, "ਹੇ ਪੁੱਤਰ! ਲੰਮੇ-ਲੰਮੇ ਸਾਹ ਨਾ ਲੈ। ਤੂੰ ਸਾਡੀਆਂ ਸਾਰੀਆਂ ਵਸਤਾਂ ਦਾ ਮਾਲਕ ਹੈਂ, ਤੇਰੇ ਵਾਸਤੇ ਹੀ ਅਸੀਂ ਮਾਲ ਧਨ ਇਕੱਠਾ ਕਰ ਰਹੇ ਹਾਂ, ਜਦ ਪੈਂਦੇ ਖਾਂ ਘਰ ਆ ਜਾਵੇਗਾ ਤਾਂ ਮੈਂ ਇਹ ਵਸਤਾਂ ਲੈ ਦੇਵਾਂਗੀ, ਇਹ ਕਮਾਲ ਦੇ ਕਪੜੇ ਤੇ ਘੋੜਾ ਕੀ ਚੀਜ਼ ਹਨ।" ਇਸ ਤਰ੍ਹਾਂ ਕਹਿ ਕੇ ਅੱਖਾਂ ਪੂੰਝ ਦਿੱਤੀਆਂ ਤੇ ਪਿਆਰ ਪ੍ਰੀਤ ਦੇ ਨਾਲ ਧੀਰਜ ਦਿੱਤਾ॥੫॥

ਇਤਨੇ ਮਹਿਂ ਪੈਂਦਾ ਗ੍ਰਿਹ ਆਯੋ ਹਰਖਤਿ ਬਦਨ ਕਮਲ ਸਮ ਕੀਨਿ।
ਬੈਠਜੋ ਪਲੰਘ ਧਰਜੋ ਖਰ ਖੰਡਾ ਸਿਪਰ ਸਹਿਤ ਬਪੁ ਗਰਮੀ ਚੀਨ।
ਬਸਤ੍ਰ ਉਤਾਰਿ ਧਰੇ ਸਭਿ ਤਤਛਿਨ ਦਾਰਾ ਅੱਗ੍ਰ ਬਨਹਿ ਨਿਤ ਦੀਨਿ।
ਪ੍ਰਬਲ ਆਇ ਤਬਿ ਕੰਤ ਸਮੀਪੀ ਪੋਸ਼ਿਸ਼ ਪਿਖਤਿ ਅਨੰਦ ਕੋ ਲੀਨਿ॥ ੬॥

ਏਨੇ ਵਿਚ ਪੈਂਦੇ ਖਾਂ ਘਰ ਆ ਗਿਆ, ਖ਼ੁਸ਼ੀ ਨਾਲ ਮੁਖੜਾ ਕੰਵਲ ਦੇ ਫੁੱਲ ਵਾਂਗ ਖਿੜਿਆ ਸੀ। ਪਲੰਘ ਤੇ ਬੈਠ ਗਿਆ ਤੇ ਗਰਮੀ ਵੇਖ ਕੇ ਖੰਡਾ ਤੇ ਢਾਲ ਲਾਹ ਕੇ ਰੱਖ ਦਿੱਤੀ। ਸਾਰੇ ਕਪੜੇ ਉਤਾਰ ਤੁਰਤ ਰੱਖ ਦਿੱਤੇ ਤੇ ਇਸਤਰੀ ਅੱਗੇ ਸਦਾ ਹੀ ਦੀਨ ਬਣਦਾ ਸੀ। ਫਿਰ ਬਲਵਾਨ ਪਤੀ ਦੇ ਪਾਸ ਆਈ ਤੇ ਪੋਸ਼ਾਕ ਵੇਖ ਕੇ ਬਹੁਤ ਪ੍ਰਸੰਨ ਹੋਈ॥੬॥

ਕਹਤਿ ਭਈ 'ਇਹ ਗੁਰ ਕੀ ਬਖਸ਼ਿਸ਼ ਜਾਚਤਿ ਚਹਿਤਿ ਖਾਨ ਅਸਮਾਨ।
ਰੁਦਤਿ ਕ੍ਰੋਧ ਤੇ ਹਠ ਬਹੁ ਧਾਰਸਿ ਕਹੈ ਕਿ ਖਾਨ ਕੀਨਿ ਅਪਮਾਨ।
ਤੁਝ ਕੋ ਉਚਿਤ ਨਹੀਂ ਇਮ ਕਰਿਬੋ ਅਨਖਵਾਨ ਹੈ ਪੂਤ ਪਠਾਨ।
ਸੁਤਾ ਛੋਰਿ ਕਰਿ ਗਮਨ ਜਾਇ ਕਿਤ ਤੋ ਮੁਸ਼ਕਲ ਤਵ ਬਨਹਿ ਮਹਾਨ' ॥੭॥

ਕਹਿਣ ਲੱਗੀ, "ਇਹ ਗੁਰੂ ਜੀ ਦੀ ਬਖਸ਼ਿਸ਼ ਅਸਮਾਨ ਖ਼ਾਨ ਮੰਗਦਾ ਹੈ। ਕ੍ਰੋਧ ਨਾਲ ਹੱਠ ਬਹੁਤ ਧਾਰ ਕੇ ਰੋ ਰਿਹਾ ਹੈ ਤੇ ਕਹਿੰਦਾ ਹੈ ਖਾਨ ਨੇ ਮੇਰਾ ਬਹੁਤ ਅਪਮਾਨ ਕੀਤਾ ਹੈ। ਤੁਹਾਡੇ ਵਾਸਤੇ ਇੰਝ ਕਰਨਾ ਉਚਿਤ ਨਹੀਂ, ਪਠਾਣ ਦਾ ਪੁੱਤਰ ਬੜਾ ਅਣਖੀ ਹੈ। ਪੁੱਤਰੀ ਨੂੰ ਛੱਡ ਕੇ ਕਿਤੇ ਚਲੇ ਜਾਵੇਗਾ ਤਾਂ ਤੇਰੇ ਉਤੇ ਵੱਡੀ ਮੁਸ਼ਕਲ ਆ ਬਣੇਗੀ" ॥੭॥

'ਗੁਰਬਖਸ਼ਿਸ਼ ਦੇ, ਮੁਝ ਸੋਂ ਭਾਖਜੋ 'ਪੋਸ਼ਿਸ਼ ਇਹੀ ਪਹਿਰ ਨਿਤ ਆਇ।
ਹਯ ਪਰ ਚਢਹੁ ਅਖੇਰ ਕਰਹੁ ਜਬਿ ਯਾਂਤੇ ਅਬਿ ਨ ਦਿਯੋ ਕੁਛ ਜਾਇ'।
ਕੇਤਿਕ ਦਿਨ ਮਹਿਂ ਕਰਿ ਪ੍ਰਸੰਨ ਗੁਰ ਆਇਸੁ ਲੇ ਸਭਿ ਦੇਹੁੰ ਬਨਾਇ।
ਬਾਲਿਕ ਮੂਢ ਨ ਜਾਨਹਿ ਬੁਧਿ ਕੋ ਇਕ ਹਠ ਕੋ ਮਨ ਮਹਿਂ ਉਪਜਾਇ ॥ ੮ ॥

ਪੈਂਦੇ ਖਾਂ ਨੇ ਕਿਹਾ, "ਗੁਰੂ ਜੀ ਨੇ ਬਖਸ਼ਿਸ਼ ਕਰਦਿਆਂ ਮੈਨੂੰ ਕਿਹਾ ਹੈ ਕਿ ਇਹ ਪੋਸ਼ਾਕ ਪਾ ਕੇ ਨਿਤ ਮੇਰੇ ਪਾਸ ਆਵੇ, ਘੋੜੇ ਉਤੇ ਜਦ ਚੜ੍ਹੇ ਤਾਂ ਸ਼ਿਕਾਰ ਖੇਡਣ ਜਾਵੇ, ਇਸ ਕਰਕੇ ਹੁਣ ਮੈਥੋਂ ਕੁਝ ਵੀ ਦਿੱਤਾ ਨਹੀਂ ਜਾਣਾ, ਕੁਝ ਦਿਨਾਂ ਬਾਅਦ ਗੁਰੂ ਜੀ ਨੂੰ ਪ੍ਰਸੰਨ ਕਰਕੇ, ਗੁਰੂ ਜੀ ਦੀ ਆਗਿਆ ਲੈ ਕੇ ਸਭ ਕੁਝ ਠੀਕ ਢੰਗ ਨਾਲ ਦੇ ਦੇਵਾਂਗਾ। ਬਾਲਕ ਮੂਰਖ ਹੈ, ਬੁਧ ਨੂੰ ਨਹੀਂ ਜਾਣਦਾ, ਇਕ ਹੱਠ ਨੂੰ ਹੀ ਮਨ ਵਿਚ ਪੈਦਾ ਕਰਦਾ ਹੈ ॥੮॥

ਜਿਸ ਗੁਰ ਤੇ ਨਿਤ ਵਸਤੁ ਅਮੋਲਕ ਕਿਮ ਤਿਨ ਕੋ ਕਹਿਬੋ ਨਹਿਂ ਮਾਨਿ'।
ਕਹੇ ਭਾਰਜਾ 'ਕਜਾ ਮੁਖ ਭਾਖਤਿ ਨਹਿਂ ਦਮਾਦ ਕੀ ਕਰਹਿਂ ਪਛਾਨ।
ਬਨਹਿਂ ਫਕੀਰ, ਜਾਇ ਮਰਿ ਕੈਧੌਂ, ਤੌ ਸ਼ੋਭਾ ਬਡ ਪਾਇਂ ਜਹਾਨ।
ਸੁਤਾ ਤਰੁਨ ਪਿਖਿ, ਹੋਇ ਮਰਨ ਤਬਿ, ਕਹਾਂ ਰਹੈਗੀ ਤੈ ਕੁਲ ਕਾਨ' ॥ ੯ ॥

ਜਿਸ ਗੁਰੂ ਜੀ ਪਾਸੋਂ ਨਿਤ ਅਮੋਲਕ ਵਸਤਾਂ ਪ੍ਰਾਪਤ ਕਰਦਾ ਹਾਂ ਕਿਵੇਂ ਉਸ ਗੁਰੂ ਜੀ ਦਾ ਕਿਹਾ ਨਾ ਮੰਨਾਂ"। ਉਸ ਦੀ ਪਤਨੀ ਨੇ ਕਿਹਾ, "ਮੂੰਹ ਵਿਚੋਂ ਕੀ ਬੋਲਦਾ ਹੈਂ, ਆਪਣੇ ਦਾਮਾਦ ਦੀ ਪਛਾਣ ਨਹੀਂ ਕਰਦਾ ਹੈਂ ? ਫਕੀਰ ਬਣ ਜਾਵੇਗਾ ਜ ਮਰ ਜਾਵੇਗਾ ਤਾਂ ਫਿਰ ਜਹਾਨ ਵਿਚ ਵੱਡੀ ਸ਼ੋਭਾ ਪਾਵੇਂਗੇ। ਆਪਣੀ ਜਵਾਨ ਪੁੱਤਰੀ ਵੱਲ ਵੇਖ, ਜੇ ਉਹ ਮਰ ਜਾਵੇਗਾ ਤ ਤੇਰੀ ਕੁਲ ਦੀ ਅਣਖ ਕਿਥੇ ਰਹੇਗੀ" ॥੯॥

ਇਮ ਕਹਿ ਝਿਰਕਯੋ ਖਾਨ 'ਕਰਹੁ ਬੁਧਿ' ਬਸਤ੍ਰ ਸਿਰਾਨੇ ਲਿਏ ਉਚਾਇ।
'ਨਿਤ ਗੁਰ ਢਿਗ ਤੇ ਬਖਸ਼ਿਸ਼ ਪਾਵਤਿ ਕਹਾਂ ਏਸ ਬਿਨ ਜੀਓ ਨ ਜਾਇ'।
'ਪਾਵਤਿ ਹਾਥ, ਕਹਾਂ ਤੂੰ ਕਰਤੀ? ਰੋਜ਼ੀ ਖਾਨ ਬਿਗਾਰਤਿ ਕਾਇ'।
ਕਰ ਤੇ ਤਜਹਿ ਨ ਪੈਂਦਾ ਪੋਸ਼ਿਸ਼, ਛੀਨਤਿ ਦਾਰਾ ਮੁਖ ਮੁਸਕਾਇ ॥ ੧੦ ॥

ਇਸ ਤਰ੍ਹਾਂ ਕਹਿ ਕੇ ਖਾਨ ਨੂੰ ਝਿੜਕਿਆ, "ਕੁਝ ਸਮਝ ਕਰੋ ਤੇ ਸਿਰਹਾਣੇ ਪਏ ਕਪੜੇ ਚੁੱਕ ਲਏ, "ਨਿਤ ਗੁਰੂ ਜੀ ਪਾਸੋਂ ਬਖਸ਼ਿਸ਼ ਪਾਉਂਦੇ ਹੋ। ਕੀ ਇਸ ਬਗੈਰ ਜੀਆ ਨਹੀਂ ਜਾਂਦਾ।" ਪੈਂਦੇ ਖਾਂ ਨੇ ਕਿਹਾ, "ਹੱਥ ਪਾਉਂਦੀ ਹੈਂ, ਇਹ ਤੂੰ ਕ ਕਰਦੀ ਹੈ ? ਖਾਨ ਦੇ ਰੁਜ਼ਗਾਰ ਨੂੰ ਕਿਉਂ ਵਿਗਾੜਦੀ ਹੈਂ।" ਪੈਂਦੇ ਖਾਂ ਹੱਥ ਤੋਂ ਪੁਸ਼ਾਕ ਛੱਡ ਨਹੀਂ ਸੀ ਰਿਹਾ ਤੇ ਉਸ ਦ ਪਤਨੀ ਮੁੱਖ ਨਾਲ ਮੁਸਕਰਾ ਕੇ ਖੋਹ ਰਹੀ ਸੀ ॥੧੦॥

ਝਟਕਿ ਹਾਥ ਪਟ ਝਟਪਟ ਛੀਨੇ ਇਸਤ੍ਰੀ ਜਿਤ ਤੇ ਕਹਯੋ ਨ ਜਾਇ।
ਜੇ ਨਹਿਂ ਕਟਹਿਂ ਸੁਭਟ ਕੇ ਠਟ ਤੇ, ਲੋਹਾ ਸਹੈਂ ਨਹੀਂ ਤਜਿ ਥਾਇਂ।
ਸੇ ਨਰ ਅਬਲਾਮ੍ਰਿਦੁਲ ਜੀਤ ਕਰਿ ਬਸੀ ਬਨਾਇ ਲੇਤਿ ਸਤਿ ਭਾਇ।
ਨੀਚ ਗ੍ਰੀਵ ਗੁਰ ਦਿਸ਼ਿ ਤੇ ਚਿੰਤਤਿ 'ਮਿਲੌਂ ਜਬੈ ਕਜਾ ਕਹੌਂ ਤਦਾਇ' ॥ ੧੧ ॥

ਹੱਥ ਨਾਲ ਝਟਕਾ ਦੇ ਕੇ ਕਪੜੇ ਝਟਪਟ ਇਸਤਰੀ ਦੇ ਅਧੀਨ ਹੋਏ ਪੈਂਦੇ ਖਾਂ ਤੋਂ ਖੋਹ ਲਏ। ਸੂਰਮਿਆਂ ਦੇ ਇਕੱਠ : ਜੋ ਕਦੇ ਨਹੀਂ ਪਿੱਛੇ ਜਾਂਦਾ ਤੇ ਸ਼ਸਤਰਾਂ ਦੇ ਵਾਰ ਸਹਾਰਦਾ ਹੈ ਤੇ ਇਕ ਪੈਰ ਵੀ ਪਿੱਛੇ ਨਹੀਂ ਚਲਦਾ ਹੈ। ਉਨ੍ਹਾਂ ਮਨੁੱਖਾਂ ਨਰਮ ਇਸਤਰੀਆਂ ਜਿੱਤ ਕੇ ਸਹਿਜੇ ਹੀ ਵਸ ਕਰ ਲੈਂਦੀਆਂ ਹਨ। ਸਿਰ ਨੀਵਾਂ ਕਰਕੇ ਬੈਠ ਗਿਆ ਤੇ ਗੁਰੂ ਜੀ ਵਲੋਂ ਚਿੰਤ ਹੋ ਗਿਆ, ਕਿ "ਮੈਂ ਉਨ੍ਹਾਂ ਨੂੰ ਮਿਲ ਕੇ ਕੀ ਕਹਾਂਗਾ" ॥੧੧॥

ਬੈਠਯੋ ਰਹਯੋ ਬਿਸੂਰਤਿ ਮੂਰਖ ਕਿਸ ਪ੍ਰਕਾਰ ਨਹਿਂ ਬਨਯੋ ਉਪਾਇ।
ਖਾਂ ਅਸਮਾਨ ਸਾਸ ਤੇ ਲੇ ਕਰਿ ਹੇਰਤਿ ਰਹਯੋ ਰਿਦੈ ਹਰਖਾਇ।
ਨਹਿਨ ਬਿਲੋਕੇ ਬਸਤ੍ਰ ਕਬਹੁਂ ਅਸ ਕਹਾਂ ਪਹਿਰਿਬੇ ਮਹਿਂ ਤਿਸ ਆਇ।
ਚੀਰਾ ਛੋਰਦਾਰ ਸਿਰ ਬੰਧਯੋ ਪੋਸ਼ਿਸ਼ ਪਹਿਰੀ ਅੰਗ ਸਜਾਇ॥ ੧੨॥

ਮੂਰਖ ਮੁਰਝਾਇਆ ਹੋਇਆ ਬੈਠਿਆ ਰਿਹਾ, ਕਿਸੇ ਪ੍ਰਕਾਰ ਵੀ ਕੋਈ ਉਪਾਅ ਨਾ ਬਣਿਆ, ਅਸਮਾਨ ਖਾਂ ਪੋਸ਼ਾਕ ਨੂੰ ਸੱਸ ਪਾਸੋਂ ਲੈ ਕੇ ਹਿਰਦੇ ਵਿਚ ਬੜਾ ਪ੍ਰਸੰਨ ਹੋ ਕੇ ਵੇਖਦਾ ਰਿਹਾ। ਜਿਹੜੇ ਕੱਪੜੇ ਕਦੇ ਜ਼ਿੰਦਗੀ ਵਿਚ ਵੇਖੇ ਵੀ ਨਹੀਂ ਸਨ, ਕਿਥੋਂ ਉਸ ਦੇ ਪਹਿਨਨ ਵਾਸਤੇ ਆ ਗਏ। ਛੋਲੇਦਾਰ ਪੱਗੜੀ ਸਿਰ ਤੇ ਬੰਨ੍ਹ ਲਈ ਤੇ ਕਪੜੇ ਸਰੀਰ ਤੇ ਪਾ ਕੇ ਆਪਣੇ ਅੰਗਾਂ ਨੂੰ ਸਜਾ ਲਿਆ॥੧੨॥

ਖੜਗ ਸਿਪਰ ਕੋ ਤਨ ਲਗਾਇ ਕਰਿ ਵਹਿਰ ਫਿਰਯੋ ਸਭਿ ਗ੍ਰਾਮ ਦਿਖਾਇ।
ਪੈਂਦਾ ਬਹੁਤ ਬਿਸੂਰਤਿ ਬਿਸਮਯੋ ਪਿਯੋ ਨ ਪਾਨੀ ਭੋਜ ਨ ਖਾਇ।
ਪਰਯੋ ਨਿਸਾ ਮਹਿਂ ਚਿੰਤਾ ਕੇ ਬਸਿ ਨਹੀਂ ਬਿਲੋਚਨ ਨਿੰਦ੍ਰਾ ਪਾਇ।
ਜਾਗਤਿ ਹੀ ਪ੍ਰਭਾਤਿ ਹੁਇ ਆਈ ਰੋਗਾਤੁਰ ਸਮਿ ਪੋਢ ਰਹਾਇ॥ ੧੩॥

ਤਲਵਾਰ ਢਾਲ ਨੂੰ ਸਰੀਰ ਤੇ ਪਹਿਣ ਕੇ, ਸਾਰੇ ਨਗਰ ਵਿਚ ਵਿਖਾਉਂਦਾ ਹੋਇਆ ਫਿਰਿਆ। ਪੈਂਦੇ ਖਾਂ ਬਹੁਤ ਦੁਖੀ ਹੋ ਕੇ ਮੁਰਝਾ ਗਿਆ, ਨਾ ਪਾਣੀ ਪੀਂਦਾ ਸੀ ਤੇ ਨਾ ਕੁਝ ਖਾਂਦਾ ਸੀ। ਸਾਰੀ ਰਾਤ ਚਿੰਤਾ ਦੇ ਵੱਸ ਪਿਆ ਰਿਹਾ ਤੇ ਅੱਖਾਂ ਨੇ ਨੀਂਦ ਨਾ ਪਾਈ। ਜਾਗਦਿਆਂ ਹੀ ਸਵੇਰ ਹੋ ਗਈ ਤੇ ਰੋਗੀਆ ਵਾਂਗ ਪਿਆ ਰਿਹਾ॥੧੩॥

ਪ੍ਰਾਤਿ ਜਾਨਿ ਅਸਮਾਨ ਖਾਨ ਤਬਿ ਕਰਿ ਸ਼ਨਾਨ ਪੋਸ਼ਿਸ਼ ਪਹਿਰੰਤਿ।
ਚੀਰਾ ਛੋਰਦਾਰ ਸਿਰ ਸਜਿ ਕੈ ਜ਼ਰੀਦਾਰ ਪਾਛੇ ਲਰਕੰਤਿ।
ਖੰਡਾ ਸਿਪਰ ਲਗਾਇ ਅੰਗ ਸੋਂ ਦਿਖਿ ਸ਼ੋਭਾ ਤਨ ਮਨ ਹਰਖੰਤਿ।
ਪੈਂਦਖਾਨ ਕੋ ਬਿਨਾ ਬੂਝਿਬੇ ਹਯ ਪਰ ਜ਼ੀਨ ਪਾਇ ਦੁਤਿਵੰਤਿ॥ ੧੪॥

ਸਵੇਰ ਹੋਈ ਜਾਣ ਕੇ ਅਸਮਾਨ ਖਾਨ ਨੇ ਇਸ਼ਨਾਨ ਕਰਕੇ ਪੋਸ਼ਾਕਾ ਪਹਿਣ ਲਿਆ। ਛੋਲੇਦਾਰ ਪੱਗੜੀ ਸਿਰ ਤੇ ਬੰਨ੍ਹ ਕੇ ਜ਼ਰੀਦਾਰ ਪੱਲਾ ਪਿੱਛੇ ਲਮਕਦਾ ਸੀ। ਖੰਡਾ ਅਤੇ ਢਾਲ ਆਪਣੇ ਸਰੀਰ ਤੇ ਪਹਿਣ ਕੇ, ਆਪਣੇ ਸਰੀਰ ਦੀ ਸ਼ੋਭਾ ਨੂੰ ਵੇਖ ਕੇ ਪ੍ਰਸੰਨ ਹੋ ਰਿਹਾ ਸੀ। ਪੈਂਦੇ ਖਾਨ ਨੂੰ ਪੁੱਛਣ ਤੋਂ ਬਗੈਰ ਘੋੜੇ ਤੇ ਕਾਠੀ ਪਾ ਕੇ ਸ਼ੋਭਾ ਪਾ ਰਿਹਾ ਸੀ॥੧੪॥

ਕਰਿ ਚਿਤ ਚੋਂਪ ਅਰੋਹ ਭਯੋ ਹਯ ਵਹਿਰ ਅਖੇਰ ਕਰਨਿ ਕੋਚਾਲਿ।
ਮੁਦਤਿ ਫੰਦਾਵਤਿ ਕਬਹੁਂ ਭਜਾਵਤਿ ਜਿਸ ਮਹਿਂ ਗੁਨ ਚਪਲਾਦਿ ਬਿਸਾਲ।
ਬਨ ਮਹਿਂ ਗਯੋ ਫਿਰਯੋ ਇਤ ਉਤ ਕੋ ਖੋਜਤਿ ਮ੍ਰਿਗਨਿ ਬਿਹੰਗਨ ਜਾਲ।
ਬਹੁ ਫਿਰ ਕਰਿ ਇਕ ਗ੍ਰਾਮ ਬਾਗ ਢਿਗ ਤਿਸ ਮਹਿਂ ਬੈਠਯੋ ਆਇ ਸੁਖਾਲ॥੧੫॥

ਚਿੱਤ ਵਿਚ ਬੜਾ ਪ੍ਰਸੰਨ ਹੋ ਕੇ ਘੋੜੇ ਤੇ ਚੜ੍ਹ ਗਿਆ ਤੇ ਬਾਹਰ ਸ਼ਿਕਾਰ ਖੇਡਣ ਨੂੰ ਚਲ ਪਿਆ। ਪ੍ਰਸੰਨ ਹੋ ਕੇ ਕਦੀ ਉਸ ਨੂੰ ਟਪਾਉਂਦਾ ਸੀ ਤੇ ਕਦੀ ਭਜਾਉਂਦਾ ਸੀ, ਜਿਸ ਵਿਚ ਚੰਚਲਤਾ ਦੇ ਮਹਾਨ ਗੁਣ ਸਨ। ਜੰਗਲ ਵਿਚ ਗਿਆ ਤੇ ਏਧਰ ਓਧਰ ਫਿਰਿਆ, ਹਿਰਨਾਂ ਅਤੇ ਪੰਛੀਆਂ ਦੇ ਝੁੰਡਾਂ ਨੂੰ ਲਭ ਰਿਹਾ ਸੀ। ਬਹੁਤ ਫਿਰ ਕੇ ਇਕ ਪਿੰਡ ਦੇ ਇਕ ਬਾਗ ਦੇ ਪਾਸ ਆ ਕੇ ਆਰਾਮ ਨਾਲ ਬੈਠ ਗਿਆ॥੧੫॥

ਸ੍ਰੀ ਗੁਰਦਿੱਤਾ ਪਿਤਾ ਬਚਨ ਤੇ ਪ੍ਰਾਤਿ ਭਏ ਤਯਾਰੀ ਨਿਜ ਕੀਨਿ।
ਸੁੰਦਰ ਹਯ ਪਰ ਜ਼ੀਨ ਪੁਵਾਇਵ ਮੀਰ ਸ਼ਿਕਾਰ ਹਕਾਰਿ ਸੁ ਲੀਨਿ।
ਅਪਰ ਸੁਭਟ ਕਛੁ ਸੰਗ ਚਢਾਇਵ ਪੈਂਦੇ ਖਾਂ ਆਇਵ ਨਹਿਂ, ਚੀਨਿ।
ਕਰਤਿ ਪ੍ਰਤੀਖਨਿ ਬਹੁਰ ਅਰੂਢੇ ਲੇ ਕਰਿ ਸਾਥ ਸੁ ਬਾਜ਼ ਨਵੀਨ॥ ੧੬ ॥

ਸ੍ਰੀ ਗੁਰਦਿੱਤਾ ਨੇ ਆਪਣੇ ਪਿਤਾ ਜੀ ਦੇ ਬਚਨਾਂ ਕਰਕੇ ਸਵੇਰੇ ਸਵੱਖਤੇ ਹੀ ਸ਼ਿਕਾਰ ਤੇ ਜਾਣ ਦੀ ਤਿਆਰੀ ਕੀਤੀ। ਸੁੰਦਰ ਘੋੜੇ ਤੇ ਕਾਠੀ ਪਵਾ ਕੇ ਸ਼ਿਕਾਰ ਦੇ ਮੀਰ ਨੂੰ ਆਵਾਜ਼ ਮਾਰ ਕੇ ਬੁਲਾ ਲਿਆ। ਕੁਝ ਹੋਰ ਜੋਧਿਆਂ ਨੂੰ ਵੀ ਨਾਲ ਚੜ੍ਹਾਇਆ, ਪਰ ਪੈਂਦੇ ਖਾਂ ਨੂੰ ਆਉਂਦੇ ਨਾ ਵੇਖਿਆ। ਕੁਝ ਸਮਾਂ ਇੰਤਜ਼ਾਰ ਕੀਤਾ ਨਵੇਂ ਬਾਜ਼ ਨੂੰ ਆਪਣੇ ਹੱਥ 'ਤੇ ਨਾਲ ਲੈ ਕੇ ਘੋੜਿਆਂ ਤੇ ਸਵਾਰ ਹੋਕੇ ਚਲ ਪਏ॥੧੬॥

ਗਮਨੇ ਜਬਿ ਉਦਿਆਨ ਪਹੁੰਚੇ ਬਾਜ਼ ਬਿਹੰਗਨਿ ਪਰ ਛੁਟਵਾਇ।
ਗਹੇ ਕਿਤਿਕ, ਤਿਸ ਤਾਮੇ ਦੇ ਪੁਨ ਅਧਿਕ ਸ਼ਿਕਾਰ ਕੀਨਿ ਮਨ ਭਾਇ।
ਕਰਹਿਂ ਸਰਾਹਨ 'ਬਾਜ਼ ਅਮੋਲਕ ਇਸ ਕੇ ਸਮ ਨਹਿਂ ਪਿਖਯੋ ਕਦਾਇ।
ਝਪਟਤਿ ਖਗ ਕੋ ਜਾਨਿ ਨ ਦੇਤੋ' ਭੱਖਜਤਿ ਮਾਸ ਭਯੋ ਤ੍ਰਿਪਤਾਇ॥ ੧੭ ॥

ਜਦ ਚਲ ਕੇ ਜੰਗਲ ਵਿਚ ਪਹੁੰਚੇ ਤਾਂ ਬਾਜ਼ ਨੂੰ ਪੰਛੀਆਂ ਉਤੇ ਛੱਡਿਆ ਗਿਆ, ਬਹੁਤ ਪੰਛੀਆਂ ਨੂੰ ਉਸ ਫੜਿਆ, ਫਿਰ ਉਸ ਨੂੰ ਲਾਲਚ ਦੇ ਕੇ ਫਿਰ ਮਨ-ਭਾਉਂਦਾ ਸ਼ਿਕਾਰ ਕੀਤਾ। ਸਾਰੇ ਬਾਜ਼ ਦੀ ਸ਼ਲਾਘਾ ਕਰਦੇ ਸਨ, "ਬਾਜ਼ ਬੜਾ ਅਮੋਲਕ ਹੈ ਇਸ ਵਰਗਾ ਬਾਜ਼ ਪਹਿਲਾਂ ਕਿਤੇ ਨਹੀ ਵੇਖਿਆ ਹੈ। ਝਟਪਟ ਪੰਛੀ ਤੇ ਝਪਟਾ ਮਾਰਦਾ ਹੈ ਤੇ ਜਾਣ ਨਹੀਂ ਦਿੰਦਾ ਹੈ" ਤੇ ਮਾਸ ਖਾ-ਖਾ ਕੇ ਉਹ ਬਹੁਤ ਰੱਜ ਗਿਆ॥੧੭॥

ਗਯੋ ਅਘਾਇ ਨ ਤਜਾਗਯੋ ਸੋ ਪੁਨ ਸ੍ਰੀ ਗੁਰਦਿੱਤੇ ਹਟਿਬੋ ਕੀਨਿ।
ਦਿਨ ਕੁਛ ਚਢਯੋ ਘਾਮ ਭਾ ਤੀਛਨ ਸ੍ਰੀ ਕਰਤਾਰ ਪੁਰੇ ਮਗ ਲੀਨ।
ਪੈਂਦਖਾਨ ਕੇ ਗ੍ਰਾਮ ਬਰੋਬਰ ਹੁਤੀ ਝੀਲ ਤਹਿਂ ਆਇ ਸੁ ਚੀਨ।
ਨਿਕਸਿ ਸੁਕਾਬ ਚਲਯੋ ਉਡ ਨਭ ਕੋ ਸਭਿਨਿ ਬਿਲੋਕਯੋ ਤਿਤ ਦ੍ਰਿਗ ਦੀਨ॥੧੮ ॥

ਖਿਆਲ ਰਹਿਤ ਅੱਗੇ ਗਏ, ਤੇ ਪੈਂਡਾ ਛਡਿਆ ਨਹੀਂ, ਸ੍ਰੀ ਗੁਰਦਿੱਤੇ ਨੇ ਫਿਰ ਹੱਟਣ ਵਾਸਤੇ ਕਿਹਾ। ਦਿਨ ਬਹੁਤ ਚੜ੍ਹ ਆਇਆ ਤੇ ਗਰਮੀ ਬਹੁਤ ਹੋ ਗਈ ਸੀ, ਇਸ ਕਰਕੇ ਵਾਪਸੀ ਦਾ ਕਰਤਾਰਪੁਰ ਦਾ ਰਸਤਾ ਲਿਆ। ਪੈਂਦੇ ਖਾਂ ਦਾ ਪਿੰਡ ਬਰਾਬਰ ਹੀ ਸੀ, ਉਥੇ ਆ ਕੇ ਇਕ ਝੀਲ ਵੇਖੀ। ਇਕ ਸੁਰਖਾਬ ਅਕਾਸ਼ ਵੱਲ ਉੱਡ ਕੇ ਚਲਿਆ, ਸਾਰਿਆਂ ਨੇ ਉਸ ਨੂੰ ਅੱਖਾਂ ਨਾਲ ਵੇਖਿਆ॥੧੮॥

ਸ੍ਰੀ ਗੁਰਦਿੱਤੇ ਹੁਕਮ ਕਰਯੋ ਤਬਿ 'ਤਜਹੁ ਬਾਜ਼ ਇਸ ਲੇਹੁ ਗਹਾਇ'।
ਮੀਰ ਸ਼ਿਕਾਰ ਹਟਤਿ ਬਹੁਤੇਰਾ 'ਅਬਿ ਇਹੁ ਗਹਹਿ ਨ, ਰਹਿ ਤ੍ਰਿਪਤਾਇ'।
ਤਊ ਛੁਟਾਇਵ, ਗਯੋ ਗਗਨ ਕੋ, ਨਹਿਂ ਸੁਕਾਬ ਕੇ ਪਾਛੈ ਧਾਇ।
ਜਹਿਂ ਅਸਮਾਨਖਾਨ ਥੋ ਉਤਰਯੋ ਤਿਸੀ ਬਾਗ ਮਹਿਂ ਪ੍ਰਵਿਸ਼ਯੋ ਜਾਇ॥ ੧੯ ॥

ਸ੍ਰੀ ਗੁਰਦਿੱਤੇ ਨੇ ਫਿਰ ਹੁਕਮ ਕੀਤਾ, "ਬਾਜ਼ ਨੂੰ ਛੱਡੋ ਇਸ ਪੰਛੀ ਨੂੰ ਫੜ ਲਿਆਵੇ", ਮੀਰ ਸ਼ਿਕਾਰੀ ਨੇ ਬਹੁਤ ਰੋਕਿਆ, "ਹੁਣ ਇਹ ਨਹੀਂ ਫੜੇਗਾ, ਬਹੁਤ ਰਜਿਆ ਹੋਇਆ ਹੈ।" ਫਿਰ ਵੀ ਬਾਜ਼ ਨੂੰ ਛੱਡ ਦਿੱਤਾ ਤੇ ਅਕਾਸ਼ ਵੱਲ ਚੜ੍ਹ ਗਿਆ ਤੇ ਸੁਰਖਾਬ ਦੇ ਪਿੱਛੇ ਨਾ ਗਿਆ ਜਿਸ ਬਾਗ ਵਿਚ ਅਸਮਾਨ ਖਾਨ ਉਤਰਿਆ ਸੀ, ਉਸੇ ਬਾਗ ਵਿਚ ਜਾ ਦਾਖਲ ਹੋਇਆ॥੧੯॥

ਹੁਤੇ ਬਿਹੰਗ ਉਡੇ ਤਹਿਂ ਸਭਿ ਹੀ ਦੇਖਤਿ ਭਯੋ ਖਾਨ ਅਸਮਾਨ।
ਬੈਠ੍ਯੋ ਬਾਜ਼ ਸਫੇਦ ਕਿਸਮ ਕੋ ਪਕਰਨ ਕੇ ਹਿਤ ਜਤਨ ਸੁ ਠਾਨਿ।
ਜਯੋਂ ਕਰਿ ਕੈ ਪਕਰ ਲੀਨਿ ਤਿਸ 'ਦਿਯੋ ਖ਼ੁਦਾਇ ਆਪ ਮੁਝ ਆਨਿ'।
ਆਇ ਪਿਛਾਰੀ ਦੇਖਹਿ ਕੋਇ ਨ ਯਾਂਤੇ ਕੀਨਸਿ ਸ਼ੀਘ੍ਰ ਪਯਾਨ॥ ੨੦॥

ਜਿੰਨੇ ਵੀ ਪੰਛੀ ਉਸ ਬਾਗ ਵਿਚ ਸਨ ਸਭ ਹੀ ਉੱਡ ਗਏ ਇਹ ਅਸਮਾਨ ਖਾਂ ਨੇ ਵੇਖਿਆ। ਇਹ ਸਫੇਦ ਰੰਗ ਦਾ ਜਦ ਬਾਜ਼ ਬੈਠਿਆ ਵੇਖਿਆ ਤਾਂ ਉਸ ਨੂੰ ਫੜਨ ਦਾ ਯਤਨ ਕੀਤਾ। ਜਿਵੇਂ ਕਿਵੇਂ ਕਰਕੇ ਫੜ ਲਿਆ ਤੇ ਕਹਿਣ ਲੱਗਾ, "ਇਹ ਖ਼ੁਦਾ ਨੇ ਮੈਨੂੰ ਆਪ ਦਿੱਤਾ ਹੈ।" ਜਦ ਪਿਛੇ ਆਇਆ ਕਿਸੇ ਨੂੰ ਵੀ ਨਾ ਵੇਖਿਆ, ਇਸ ਕਰਕੇ ਤੁਰਤ ਓਥੋਂ ਚਲਾ ਗਿਆ॥੨੦॥

ਨੀਕੇ ਤਿਂਹ ਛਿਪਾਇ ਕਰਿ ਗਮਨ੍ਯੋ ਬਿਨਾ ਪਿਖ ਘਰ ਪ੍ਰਵਿਸ਼੍ਯੋ ਜਾਇ।
ਨਿਕਟਿ ਸਾਸ ਕੇ ਤਬਹਿ ਸੁਨਾਇਵ 'ਮੋ ਕਹੁ ਦੀਨਸਿ ਬਾਜ਼ ਖ਼ੁਦਾਇ।
ਬਿਨਾਂ ਜਤਨ ਤੇ ਬੈਠ੍ਯੋ ਪ੍ਰਾਪਤਿ ਬਡ ਕੀਮਤ ਕੋ ਸੇਤ ਸੁਹਾਇ'।
ਕਹਨਿ ਲਗੀ 'ਸੁਤ ! ਕਰਹੁ ਛੁਪਾਵਨ ਜਿਸਤੇ ਪਿਖਹਿ ਨ ਕੋ ਝਗਰਾਇ' ॥੨੧॥

ਚੰਗੀ ਤਰ੍ਹਾਂ ਉਸ ਨੂੰ ਛੁਪਾ ਕੇ, ਕਿਸੇ ਦੇ ਵੇਖਣ ਤੋਂ ਬਗੈਰ, ਘਰ ਅੰਦਰ ਦਾਖਲ ਹੋ ਗਿਆ। ਫਿਰ ਆਪਣੀ ਸੱਸ ਪਾਸ ਜਾ ਕੇ ਕਹਿਣ ਲੱਗਾ, "ਮੈਨੂੰ ਖ਼ੁਦਾ ਨੇ ਇਕ ਬਾਜ਼ ਦਿੱਤਾ ਹੈ, ਬਿਨਾਂ ਯਤਨ ਦੇ ਬੈਠਿਆਂ ਪ੍ਰਾਪਤ ਹੋਇਆ ਹੈ, ਬੜਾ ਵਡਮੁੱਲਾ ਹੈ ਤੇ ਉਸਦਾ ਚਿੱਟਾ ਰੰਗ ਬੜਾ ਸ਼ੋਭ ਰਿਹਾ ਹੈ।" ਪੈਂਦੇ ਖਾਂ ਦੀ ਇਸਤਰੀ ਕਹਿਣ ਲੱਗੀ, "ਬਾਜ਼ ਨੂੰ ਛੁਪਾ ਕੇ ਰੱਖੋ ਤਾਂਕਿ ਵੇਖ ਕੇ ਕੋਈ ਝਗੜਾ ਨਾ ਖੜਾ ਕਰੇ" ॥੨੧॥

ਦੋਹਰਾ-ਸੁਨਤਿ ਬਾਜ਼ ਕੀ ਬਾਤ ਕੋ ਉਠਿ ਤਬਿ ਪੈਂਦੇ ਖਾਨ।
ਦੇਖਨਿ ਲਗ੍ਯੋ ਪਛਾਨ ਲਿਯ 'ਇਹੁ ਗੁਰ ਕੋ ਬਲਵਾਨ'॥ ੨੨॥

ਬਾਜ਼ ਦੀ ਗੱਲ ਨੂੰ ਸੁਣ ਕੇ ਫਿਰ ਪੈਂਦੇ ਖਾਂ ਉਠਿਆ, ਵੇਖ ਕੇ ਬਾਜ਼ ਨੂੰ ਪਛਾਣ ਲਿਆ ਤੇ ਕਿਹਾ, "ਇਹ ਬਾਜ਼ ਗੁਰੂ ਜੀ ਦਾ ਹੈ" ॥੨੨॥

ਸ੍ਵੈਯਾ ਛੰਦ-'ਲੇ ਕਰਿ ਬਾਜ਼ ਜਾਉਂ ਮੈਂ ਗੁਰ ਢਿਗ ਸਭਿ ਅਪਰਾਧ ਛਿਮਾ ਕਰਿਵਾਇ'।
ਪੋਸ਼ਿਸ਼ ਪਹਿਰਿ ਅਰੂਢਨਿ ਹਯ ਪਰ 'ਕਰ੍ਯੋ ਹਕਾਰਨ ਗਯੋ ਨ ਕਾਇ।
ਇਸ ਕੋ ਪਿਖਿ ਪ੍ਰਸੰਨ ਪੁਨ ਹੋਵੈਂ ਅਪਨੋ ਜਾਨੈਂ ਹਿਤ ਉਪਜਾਇਂ।
ਰੋਜ਼ੀ ਬਨੀ ਰਹੈ ਸੁਖ ਪਾਵਹਿਂ ਜਿਨ ਤੇ ਸਭਿ ਸਮਾਜ ਨਿਤ ਪਾਇਂ ॥੨੩॥

ਪੈਂਦੇ ਖਾਨ ਨੇ ਕਿਹਾ, "ਮੈਂ ਇਹ ਬਾਜ਼ ਗੁਰੂ ਜੀ ਪਾਸ ਲੈ ਕੇ ਜਾਵਾਂਗਾ ਤੇ ਸਾਰੇ ਅਪਰਾਧ ਮੁਆਫ ਕਰਵਾ ਲਵਾਂਗਾ।" ਪੋਸ਼ਾਕ ਪਹਿਣ ਕੇ ਘੋੜੇ ਤੇ ਚੜ੍ਹ ਗਿਆ, "ਗੁਰੂ ਜੀ ਨੇ ਬੁਲਾਇਆ ਸੀ ਮੈਂ ਗਿਆ ਨਹੀਂ ਹਾਂ। ਇਸ ਨੂੰ ਵੇਖ ਕੇ ਪ੍ਰਸੰਨ ਹੋਣਗੇ ਤੇ ਪ੍ਰੇਮ ਕਰਕੇ ਆਪਣਾ ਜਾਣਨਗੇ। ਜੇ ਰੋਜ਼ੀ ਬਣੀ ਰਹੇ ਤਾਂ ਸੁਖ ਪਾਵਾਂਗੇ, ਜਿੰਨ੍ਹਾਂ ਪਾਸੋਂ ਸਾਰਾ ਸਾਜ਼ੋ-ਸਾਮਾਨ ਨਿੱਤ ਪਾਉਂਦੇ ਹਾਂ" ॥੨੩॥

ਸੁਨਤਿ ਖਾਨ ਅਸਮਾਨ ਬਖਾਨੀ 'ਕਹਾਂ ਖਾਨ ਜੀ ! ਖੋਯਹੁ ਦੀਨ।
ਹਿੰਦੂ ਗੁਰ ਕੇ ਸੇਵਕ ਬਨਿਕੇ ਟੁਕਰਾ ਖਾਹਿਂ ਇਮਾਨ ਬਿਹੀਨ।
ਅਪਰ ਥਾਨ ਕਯਾ ਨਹੀਂ ਜੀਵਕਾ ਸਕਲ ਜ਼ਹਾਨ ਕਯਾ ਰੋਜ਼ੀ ਹੀਨ।
ਇਤੋ ਤ੍ਰਾਸ ਧਰਿ,ਕਹਤਿ ਬਾਜ਼ ਦਿਹ,ਚਹੈ ਖਤਾ ਬਖਸ਼ਾਵਨ ਕੀਨਿ ॥੨੪॥

ਇਹ ਸੁਣ ਕੇ ਅਸਮਾਨ ਖਾਨ ਨੇ ਕਿਹਾ, "ਖਾਨ ਜੀ! ਇਹ ਕੀ ਹੈ, ਆਪਣਾ ਦੀਨ ਵੀ ਗਵਾ ਲਿਆ ਹੈ। ਹਿੰਦੂ ਗੁਰੂ ਦੇ ਸੇਵਕ ਹੋ ਕੇ, ਈਮਾਨ ਛੱਡ ਕੇ ਰੋਟੀ ਦਾ ਟੁਕੜਾ ਖਾਂਦੇ ਹੋ। ਏਨਾ ਡਰ ਧਾਰਨ ਕਰਕੇ ਕਹਿੰਦੇ ਹੋ ਕਿ ਇਹ ਬਾਜ ਦੇ ਕੇ ਗਲਤੀ ਬਖਸ਼ਾ ਲਵੇਂਗੇ॥੨੪॥

ਜੇ ਗੁਰ ਕੋ ਸੁਧ ਹੋਇ ਬਾਜ਼ ਕੀ ਪਠੈ ਸੈਨ ਮੈਂ ਕਰਿਹੋਂ ਜੰਗ।
ਜੇ ਬਲ ਅਧਿਕ ਮੋਹਿ ਪਰ ਘਾਲਹਿ, ਜਾਇ ਮਿਲੋਂ ਹਜ਼ਰਤ ਕੇ ਸੰਗ।
ਪ੍ਰਥਮ ਚੁਰਾਯੋ ਬਾਜ਼ ਸ਼ਾਹ ਕੋ ਇਸਤੇ ਭਲੋ ਸੇਤ ਤਨ ਰੰਗ।
ਸੋ ਪਲਟੇ ਮੈਂ ਦੇਉਂ ਜਾਇ ਕਰਿ ਹੁਇ ਪ੍ਰਸੰਨ ਮੋਪਰ ਸਰਬੰਗ॥ ੨੫॥

ਜੇ ਗੁਰੂ ਜੀ ਨੂੰ ਬਾਜ ਦੀ ਖ਼ਬਰ ਹੈ ਤਾਂ ਆਪਣੀ ਸੈਨਾ ਭੇਜੇ ਮੈਂ ਜੰਗ ਕਰਾਂਗਾ, ਜੇ ਮੇਰੇ ਤੇ ਜ਼ਿਆਦਾ ਜ਼ੋਰ ਪਾਉਣਗੇ ਤਾਂ ਮੈਂ ਬਾਦਸ਼ਾਹ ਨੂੰ ਜਾ ਮਿਲਾਂਗਾ। ਪਹਿਲਾਂ ਬਾਦਸ਼ਾਹ ਦਾ ਬਾਜ਼ ਚੋਰੀ ਕੀਤਾ ਹੈ, ਇਸ ਨਾਲੋਂ ਚੰਗਾ ਇਹ ਸਫੇਦ ਰੰਗ ਦਾ ਬਾਜ਼ ਹੈ। ਜੇ ਮੈਂ ਬਦਲਾ ਲੈ ਕੇ ਇਹ ਸਫੇਦ ਰੰਗ ਦਾ ਬਾਜ਼ ਬਾਦਸ਼ਾਹ ਨੂੰ ਦੇਵਾਂਗਾ ਤਾਂ ਮੇਰੇ ਤੇ ਹਰ ਪ੍ਰਕਾਰ ਪ੍ਰਸੰਨ ਹੋਣਗੇ॥੨੫॥

ਤੁਮ ਸਮ ਨਹੀਂ ਦੀਨਤਾ ਕਰਿਹੋਂ ਐਂਠਦਾਰ ਮੈਂ ਪੂਤ ਪਠਾਨ।
ਰਣ ਕਰਿ ਮਰਨਿ ਸਹੋਂ ਸਭਿ ਤਨ ਪਰ ਦੇਨੋ ਬਾਜ਼ਨ ਕਬਿਹੂੰ ਮਾਨਿ।
ਵਸਤੁ ਅਜਾਇਬ ਪਾਇ ਅਚਾਨਕ ਦਈ ਖ਼ੁਦਾਇ ਰਿਦੈ ਇਮੁ ਜਾਨਿ।
ਕੋਨ ਮਰਦ ਅਸ ਗੀਦੀ ਕਾਰਜ ਕਰਿ ਹੈ ਧਰਹਿ ਜੁ ਕੁਲ ਕੀ ਕਾਨ ॥ ੨੬ ॥

ਤੁਹਾਡੇ ਵਾਂਗ ਮੈਂ ਦੀਨਤਾ ਨਹੀਂ ਧਾਰਨ ਕਰਾਂਗਾ, ਮੈਂ ਬੜੀ ਆਕੜ ਵਾਲਾ ਪਠਾਣ ਦਾ ਪੁੱਤਰ ਹਾਂ। ਲੜਾਈ ਕਰਕੇ ਮਰਨਾ ਬਰਦਾਸ਼ਤ ਕਰਾਂਗਾ ਪਰ ਕਦੀ ਵੀ ਬਾਜ਼ ਦੇਣਾ ਨਹੀਂ ਮੰਨਾਂਗਾ। ਇਹ ਅਜੀਬ ਵਸਤੂ ਮੈਂ ਅਚਾਨਕ ਪਾਈ ਹੈ, ਪ੍ਰਭੂ ਨੇ ਇਸ ਤਰ੍ਹਾਂ ਹਿਰਦੇ ਵਿਚ ਜਾਣ ਕੇ ਦਿੱਤੀ ਹੈ। ਕੋਣ ਕਾਇਰ ਐਸਾ ਕਾਰਜ ਕਰ ਸਕਦਾ ਹੈ ਜਿਹੜਾ ਕੁਲ ਦੀ ਅਣਖ ਨੂੰ ਧਰਤੀ ਤੇ ਧਰ ਸਕਦਾ ਹੈ" ॥੨੬॥

ਸੁਨਿ ਪੈਂਦਾ ਬਹੁ ਦੁਖੀ ਹੋਇ ਮਨ ਚਿੰਤਾ ਬਸਿ ਨਹਿਂ ਕਰਹਿ ਬਖਾਨਿ।
ਬਸਿ ਨ ਬਸਾਇ ਮਹਾਂ ਪਛੁਤਾਵਹਿ 'ਭਯੋ ਲਖਹਿ ਉਤਪਾਤ ਮਹਾਨ'।
ਮੀਰ ਸ਼ਿਕਾਰ ਇਤਨ ਮਹਿਂ ਪਹੁਚੇ ਖੋਜਤਿ ਬਾਜ਼ ਉਤਾਇਲ ਠਾਨਿ।
ਬਾਗ਼ ਬਿਖੈ ਫਿਰ ਸਭਿ ਦਿਸ਼ਿ ਪਿਖਿ ਕਰਿ ਨਹਿਂ ਪ੍ਰਾਪਤਿ ਮਨ ਭਏ ਹਿਰਾਨ ॥੨੭॥

ਇਹ ਸੁਣ ਕੇ ਪੈਂਦੇ ਖਾਂ ਮਨ ਵਿਚ ਬਹੁਤ ਦੁਖੀ ਹੋਇਆ, ਚਿੰਤਾ ਦੇ ਵੱਸ ਹੋਇਆ ਕੁਝ ਕਹਿੰਦਾ ਨਹੀਂ ਸੀ। ਕੁਝ ਵੱਸ ਨਹੀਂ ਚਲਦਾ ਸੀ, ਬਹੁਤ ਪਛਤਾਉਂਦਾ ਸੀ, ਸਮਝਦਾ ਸੀ "ਮਹਾਨ ਬਖੇੜਾ ਪੈਦਾ ਹੋ ਗਿਆ ਹੈ।" ਏਨੇ ਵਿਚ ਮੀਰ ਸ਼ਿਕਾਰ ਬਾਜ਼ ਨੂੰ ਲੱਭਦਾ-ਲੱਭਦਾ ਬੜੀ ਕਾਹਲੀ ਨਾਲ ਪਹੁੰਚਿਆ। ਬਾਗ਼ ਵਿਚ ਸਭ ਪਾਸੇ ਵੇਖਣ ਤੇ ਜਦ ਪ੍ਰਾਪਤ ਨਾ ਹੋਇਆ ਤਾਂ ਮਨ ਵਿਚ ਬਹੁਤ ਹੈਰਾਨ ਹੋਇਆ॥੨੭॥

ਪੁਨ ਪੈਂਦੇ ਕੇ ਗਏ ਸਦਨ ਦਰ, ਕਰਿ ਗੁਹਾਰ ਕੋ ਲੀਨਿ ਬੁਲਾਇ।
ਨਿਕਸਤਿ ਵਹਿਰ ਨਾਰਿ ਸਿਖਰਾਇਵ, 'ਦੇਖਹੁ ਕਿਸਹੁਂ ਨ ਦੇਹੁ ਸੁਨਾਇ।
ਚਹੈ ਦਮਾਦ ਜਿਯਨਿ ਕੋ ਜੇ ਚਿਤ ਮੁਕਰ ਜਾਹੁ ਕਹੁ 'ਇਤਹੁਂ ਨ ਆਇ'।
ਨਾਂਹਿਤ ਮਰਨ ਅਰੰਭ ਰਹਜੋ ਇਹੁ, ਸੁਨਿ ਲੀਨਸਿ ਤੁਮ ਜਿਤਿਕ ਅਲਾਇ' ॥੨੮॥

ਫਿਰ ਪੈਂਦੇ ਖਾਨ ਦੇ ਘਰ ਦੇ ਦਰਵਾਜ਼ੇ ਤੇ ਗਿਆ ਤੇ ਆਵਾਜ਼ ਮਾਰ ਕੇ ਬੁਲਾ ਲਿਆ। ਬਾਹਰ ਨਿਕਲਦੇ ਨੂੰ ਉਸ ਦੀ

ਪਤਨੀ ਨੇ ਸਿਖਾਇਆ, "ਵੇਖੋ ਕਿਸੇ ਨੂੰ ਨਹੀਂ ਦੱਸਣਾ ਹੈ, ਜੇ ਆਪਣੇ ਜਵਾਈ ਦਾ ਜੀਵਨ ਚਾਹੁੰਦਾ ਹੈਂ ਤਾਂ ਮੁਕਰ ਜਾਵੇਂ ਤੇ ਕਹਿ ਦੇਵੇਂ 'ਏਧਰ ਨਹੀਂ ਆਇਆ', ਨਹੀਂ ਤਾਂ ਮਰਨਾ ਆਰੰਭ ਹੋਇਆ ਇਹ ਸਮਝੋ, ਤੁਸੀਂ ਪਹਿਲਾਂ ਸੁਣ ਹੀ ਲਿਆ ਹੈ, ਜੋ ਉਸ ਨੇ ਕਿਹਾ ਹੈ" ॥੨੮॥

ਮੀਰ ਸ਼ਿਕਾਰਨ ਸੋਂ ਮਿਲਿ ਬੋਲ੍ਯੋ 'ਇਤ ਦਿਸ਼ ਤੇ ਹਮ ਲਖ੍ਯੋ ਨ ਕੋਇ'।
ਕਹਿ ਕਰਿ ਗ੍ਰਾਮ ਸੁ ਡਿੰਡਮ ਫੇਰਾ 'ਗੁਰ ਕੋ ਬਾਜ਼ ਪਿਖ੍ਯੋ ਕਿਤ ਹੋਇ।
ਪੈਂਦਖਾਨ ਅਬਿ ਤਾਂਹਿ ਮੰਗਾਵਤਿ ਨਹੀਂ ਦੁਰਾਵਨ ਕੀਜਹਿ ਸੋਇ'।
ਇਮ ਕਹਿ ਕਰਿ ਘਰ ਘਰ ਨਰ ਬਿਚਰੇ ਕੋਨ ਕਹੈ 'ਤੂ ਨਿਜ ਘਰ ਜੋਇ' ॥੨੯॥

ਪੈਂਦੇ ਖਾਂ ਮੀਰ ਸ਼ਿਕਾਰੀ ਨੂੰ ਮਿਲ ਕੇ ਬੋਲਿਆ, "ਇਸ ਪਾਸੇ ਅਸੀਂ ਕੋਈ ਵੀ ਬਾਜ਼ ਆਉਂਦਾ ਨਹੀਂ ਵੇਖਿਆ ਹੈ।" ਫਿਰ ਕਹਿ ਕੇ ਪਿੰਡ ਵਿਚ ਢੰਡੋਰਾ ਫੇਰ ਦਿੱਤਾ, "ਜੇ ਕਿਸੇ ਨੇ ਗੁਰੂ ਜੀ ਦਾ ਬਾਜ਼ ਵੇਖਿਆ ਹੋਵੇ, ਪੈਂਦੇ ਖਾਂ ਉਸ ਨੂੰ ਮੰਗਵਾਉਂਦਾ ਹੈ ਉਸ ਨੂੰ ਕੋਈ ਵੀ ਲੁਕਾਵੇ ਨਹੀਂ।" ਇੰਝ ਕਹਿ ਕੇ ਮਨੁੱਖ ਘਰ-ਘਰ ਵਿਚ ਫਿਰੇ ਪਰ ਕੌਣ ਕਹੇ, "ਤੂੰ ਆਪਣੇ ਘਰ ਵਿਚ ਵੇਖਿਆ ਹੈ" ॥੨੯॥

ਦੋਇ ਘਰੀ ਲਗਿ ਕਰਿ ਖੁਜਵਾਵਨ ਆਇਵ ਤਬਹਿ ਖਾਨ ਅਸਮਾਨ।
'ਖੋਜ੍ਯੋ ਸਭਿ ਥਲ ਬਾਜ਼ ਨ ਪਾਯੋ, ਕਰੋ ਨਿਹਾਰਨ ਆਨ ਜਿ ਥਾਨ'।
ਨਿਮਕ ਹਰਾਮ ਹੋਇ ਕਰਿ ਮਰਨੋ ਪ੍ਰੇਰੇ ਕਾਲ ਸੁ ਕਰਤਿ ਬਖਾਨ।
ਮੀਰ ਸ਼ਿਕਾਰ ਸੁਨਤਿ ਬਿਸਮਾਨੇ 'ਭਯੋ ਗ੍ਰਾਮ ਮਹਿਂ ਕਪਟ ਮਹਾਨ' ॥ ੩੦॥

ਦੋ ਘੜੀਆਂ ਤੱਕ ਸਾਰੇ ਬਾਜ਼ ਦੀ ਭਾਲ ਕੀਤੀ ਤਦ ਅਸਮਾਨ ਖਾਨ ਨੇ ਆ ਕੇ ਕਿਹਾ, "ਸਾਰੇ ਲੱਭਿਆ ਹੈ, ਪਰ ਬਾਜ਼ ਕਿਤੇ ਨਹੀਂ ਮਿਲਿਆ ਹੈ, ਕਿਸੇ ਹੋਰ ਥਾਂ ਜਾ ਕੇ ਲਭੋ।" ਨਿਮਕ ਹਰਾਮ ਹੋ ਕੇ ਮੌਤ ਦੇ ਪ੍ਰੇਰੇ ਪਾਸੋਂ ਕਾਲ ਇਹ ਕੁਝ ਕਹਾ ਰਿਹਾ ਸੀ। ਮੀਰ ਸ਼ਿਕਾਰ ਸੁਣ ਕੇ ਬਹੁਤ ਹੈਰਾਨ ਹੋਇਆ ਇਸ ਪਿੰਡ ਵਿਚ ਹੀ ਹੈ, ਮਹਾਨ ਕਪਟ ਹੋਇਆ ਹੈ॥੩੦॥

ਦੋਹਰਾ-ਕਹਤਿ 'ਬਿਲੋਕਤਿ ਹਮ ਰਹੇ ਆਇ ਬਾਜ ਇਸ ਥਾਨ।
ਨੀਕੇ ਖੋਜਹੁ ਲ੍ਯਾਈਏ ਸ੍ਰੀ ਗੁਰ ਬਾਜ ਮਹਾਨ'॥ ੩੧॥

ਉਹ ਕਹਿਣ ਲੱਗਾ, "ਅਸੀਂ ਚੰਗੀ ਤਰ੍ਹਾਂ ਵੇਖਦੇ ਰਹੇ ਹਾਂ, ਬਾਜ਼ ਇਸ ਥਾਂ ਹੀ ਆਇਆ ਹੈ, ਚੰਗੀ ਤਰ੍ਹਾਂ ਲਭ ਕੇ ਲਿਆਵੋ, ਇਹ ਗੁਰੂ ਜੀ ਦਾ ਮਹਾਨ ਬਾਜ਼ ਹੈ" ॥੩੧॥

ਇਮ ਕਹਿ ਕਰਿ ਗਮਨੇ ਤੁਰਤ ਮੀਰ ਸ਼ਿਕਾਰ ਹਿਰਾਨ।
ਸ੍ਰੀ ਗੁਰਦਿੱਤੇ ਦਿਸ਼ਿ ਗਏ ਕਹਿਨ 'ਬਾਜ਼ ਘਰ ਖਾਨ'॥ ੩੨॥

ਇਹ ਕਹਿ ਕੇ ਮੀਰ ਸ਼ਿਕਾਰ ਹੈਰਾਨ ਹੋ ਕੇ ਤੁਰਤ ਚਲਾ ਗਿਆ ਤੇ ਸ੍ਰੀ ਗੁਰਦਿੱਤੇ ਵਾਲੇ ਪਾਸੇ ਜਾ ਕੇ ਕਿਹਾ, "ਬਾਜ਼ ਪੈਂਦੇ ਖਾਨ ਦੇ ਘਰ ਹੈ"॥੩੨॥

*ਅੱਠਵੀਂ ਰਾਸ ਦਾ ਨੌਵਾਂ ਅਧਿਆਇ ਸਮਾਪਤ ਹੋਇਆ ਹੈ॥੯॥*

# ਅਧਿਆਇ ਦਸਵਾਂ

### ਪੈਂਦਾ ਗੁਰੂ ਜੀ ਦੇ ਹਜ਼ੂਰ

ਦੋਹਰਾ- ਧਾਏ ਮੀਰ ਸ਼ਿਕਾਰ ਤਬਿ ਸ੍ਰੀ ਗੁਰਦਿੱਤੇ ਪਾਸ।
ਖਾਨਨਿ ਸਦਨ ਦੁਰਾਇ ਲਿਯ ਬਾਜ਼ ਬਿਸਦ ਬਿਨ ਤ੍ਰਾਸ॥ ੧॥

ਮੀਰ ਸ਼ਿਕਾਰ ਫਿਰ ਬੜੀ ਜਲਦੀ ਸ੍ਰੀ ਗੁਰਦਿੱਤੇ ਦੇ ਪਾਸ ਗਿਆ ਤੇ ਕਿਹਾ ਕਿ ਪੈਂਦੇ ਖਾਂ ਨੇ ਕਿਸੇ ਪ੍ਰਕਾਰ ਦਾ ਡਰ ਭੈ ਨਾ ਮੰਨ ਕੇ ਬਾਜ਼ ਨੂੰ ਲੁਕਾ ਲਿਆ ਹੈ॥੧॥

ਸੈਯਾ ਛੰਦ- ਫੇਰਯੋ ਡਿੰਡਮ ਬਿਦਤ ਜਨਾਵਹਿ, ਬਾਜ ਭਲੋ ਪਿਖਿ ਲਾਲਚ ਕੀਨਿ।
ਨਹੀਂ ਗ੍ਰਾਮ ਤੇ ਵਹਿਰ ਉਡਯੋ ਕਿਤ, ਰਹੇ ਬਿਲੋਕਤਿ ਹਮ ਦ੍ਰਿਗ ਦੀਨਿ।
ਕਪਟ ਕਰਤਿ ਮਨ, ਰਾਖਨ ਕੇ ਹਿਤ ਤਿਨ ਕੀ ਗਤਿ ਨੀਕੇ ਲਖਿ ਲੀਨਿ।
ਗੁਰ ਸੁਤ ਸੁਨਤਿ ਬਿਚਾਰਨ ਕਰਿਕੈ ਚਲੇ ਪਿਤਾ ਕੇ ਨਿਕਟਿ ਪ੍ਰਬੀਨ॥ ੨॥

ਢੰਡੋਰਾ ਫੇਰ ਕੇ ਪ੍ਰਗਟ ਤੌਰ ਤੇ ਇਹ ਜਣਾਇਆ ਹੈ, ਵਧੀਆ ਬਾਜ਼ ਵੇਖ ਕੇ ਲਾਲਚ ਕੀਤਾ ਹੈ। ਬਾਜ਼ ਪਿੰਡ ਤੋਂ ਬਾਹਰ ਉੱਡ ਕੇ ਕਿਤੇ ਨਹੀਂ ਗਿਆ, ਅਸੀਂ ਅੱਖਾਂ ਲਾ ਕੇ ਵੇਖਦੇ ਰਹੇ ਹਾਂ। ਮਨ ਵਿਚ ਕਪਟ ਕਰਦਾ ਹੈ, ਚੰਗੀ ਨਸਲ ਦਾ ਬਾਜ਼ ਜਾਣ ਕੇ ਬਾਜ਼ ਨੂੰ ਰਖਣ ਦੀ ਨੀਤ ਹੈ।" ਗੁਰੂ ਜੀ ਦੇ ਪੁੱਤਰ ਨੇ ਇਹ ਸੁਣ ਕੇ ਵਿਚਾਰ ਕਰਕੇ ਆਪਣੇ ਪਿਤਾ ਜੀ ਪਾਸ ਚਲ ਪਿਆ॥੨॥

ਬਦਨ ਖਿੰਨ ਕੁਛ ਚਿੰਤਾ ਕੇ ਬਸਿ, ਗਏ ਉਤਾਇਲ ਸਤਿਗੁਰ ਤੀਰ।
ਕਰਿ ਬੰਦਨ ਬੈਠੇ, ਅਵਲੋਕੇ, ਬੂਝਤਿ ਭਏ ਪੁੱਤ੍ਰ ਕੋ ਧੀਰ।
'ਗਏ ਅਖੇਰ ਬਾਜ ਕਸ ਦੇਖਯੋ? ਖਗ ਪਰ ਚੋਟ ਕਰੀ ਕਿਮ ਬੀਰ?।
ਝਪਟਤਿ ਬਿਹੰਗ ਕਿ ਨਹਿਂ ਉਡ ਕਰਿ ਕੈ, ਜਾਇ ਕਿ ਨਹੀਂ ਦੂਰ ਤੇ ਨੀਰ'॥੩॥

ਚਿਹਰਾ ਚਿੰਤਾ ਵਸ ਹੋ ਕੇ ਮੁਰਝਾ ਗਿਆ ਤੇ ਬੜੀ ਛੇਤੀ ਗੁਰੂ ਜੀ ਪਾਸ ਪਹੁੰਚ ਗਿਆ। ਬੰਦਨਾ ਕਰਕੇ ਬੈਠ ਗਿਆ, ਧੀਰਜਵਾਨ ਗੁਰੂ ਜੀ ਨੇ ਵੇਖ ਕੇ ਪੁਛਿਆ ਤੇ ਕਿਹਾ, "ਸ਼ਿਕਾਰ ਖੇਡਣ ਗਿਆ ਸੀ, ਬਾਜ਼ ਕਿਸ ਤਰ੍ਹਾਂ ਦਾ ਵੇਖਿਆ ਹੈ? ਕਿਵੇਂ ਸੂਰਬੀਰ ਬਾਜ਼ ਪੰਛੀ ਨੂੰ ਸੱਟ ਮਾਰ ਕੇ ਫੜਦਾ ਹੈ। ਉੱਡ ਕੇ ਪੰਛੀ ਨੂੰ ਝਪਟਾ ਮਾਰ ਕੇ ਫੜਦਾ ਹੈ ਕਿ ਨਹੀਂ ਤੇ ਕੀ ਦੂਰ ਨੇੜੇ ਵੀ ਜਾਂਦਾ ਹੈ"॥੩॥

ਗੁਰ ਸੁਤ ਸਕਲ ਪ੍ਰਸੰਗ ਸੁਨਾਯੋ 'ਗਏ ਵਹਿਰ ਪਿਖਿ ਬ੍ਰਿੰਦ ਬਿਹੰਗ।
ਜਿਸ ਪਰ ਮੀਰ ਸ਼ਿਕਾਰਨਿ ਛੋਰਯੋ ਤਿਸ ਕੋ ਤਤਛਿਨ ਬਲ ਕੇ ਸੰਗ।
ਲਿਯੋ ਦਬਾਇ, ਜਾਨ ਨਹਿਂ ਦੀਨਸਿ, ਉਕਸ ਨ ਪਾਯੋ ਕੋ ਖਗ ਅੰਗ।
ਤਾਮੇ ਖਾਤਿ ਰਹਯੋ, ਤਬਿ ਤ੍ਰਿਪਤਯੋ, ਹਟੇ ਹੇਰਿ ਕਰਿ ਤਿਸ ਕੋ ਢੰਗ॥ ੪॥

ਗੁਰੂ ਜੀ ਦੇ ਪੁੱਤਰ ਨੇ ਸਾਰਾ ਪ੍ਰਸੰਗ ਸੁਣਾਇਆ, "ਬਾਹਰ ਜੰਗਲ ਵਿਚ ਗਏ ਤਾਂ ਬਹੁਤ ਪੰਛੀ ਵੇਖੇ, ਜਿਸ ਪੰਛੀ ਤੇ ਮੀਰ

ਸ਼ਿਕਾਰ ਨੇ ਛੱਡਿਆ, ਉਸ ਨੂੰ ਤੁਰਤ ਤਾਕਤ ਨਾਲ ਦੱਬ ਲਿਆ, ਜਾਣ ਨਾ ਦਿੱਤਾ, ਪੰਛੀ ਦਾ ਕੋਈ ਅੰਗ ਵੀ ਹਿਲ ਨਾ ਸਕਿਆ। ਪੰਛੀ ਨੂੰ ਫਿਰ ਖਾਂਦਾ ਰਿਹਾ ਜਦ ਰੱਜ ਗਿਆ ਤਾਂ ਅਸੀਂ ਉਸ ਦੇ ਸ਼ਿਕਾਰ ਦੇ ਢੰਗ ਨੂੰ ਵੇਖ ਕੇ ਵਾਪਸ ਮੁੜ ਪਏ॥੪॥

ਛੋਟੇ ਮੀਰ ਨਿਕਟਿ ਜਬਿ ਆਏ ਇਕ ਸੁਰਖਾਬ ਨਿਕਸ੍ਯੋ ਦ੍ਰਿਸ਼ਟਾਇ।
ਤਿਸ ਪਰ ਬਾਜ਼ ਛੋਰਿ ਕਰਿ ਦੀਨਸਿ ਕਰੀ ਨ ਚੋਟ ਰਹ੍ਯੋ ਤ੍ਰਿਪਤਾਇ।
ਉਡਿ ਕਰਿ ਗ੍ਰਾਮ ਮਝਾਰ ਪ੍ਰਵੇਸ਼੍ਯੋ ਮੀਰ ਸ਼ਿਕਾਰ ਗਏ ਤਬਿ ਧਾਇ।
ਸਦਨ ਛੁਪਾਯੋ ਕਿਸ ਪਠਾਨ ਪਿਖਿ, ਖੋਜਿ ਰਹੇ ਤਹਿਂ ਹਾਥ ਨ ਆਇ॥ ੫॥

ਛੋਟਾ ਮੀਰ ਜਦ ਨੇੜੇ ਆਇਆ ਤਾਂ ਇਕ ਸੁਰਖਾਬ (ਚਕਵਾ) ਨਿਕਲਿਆ ਨਜ਼ਰ ਆਇਆ, ਉਸ ਉਤੇ ਬਾਜ਼ ਨੂੰ ਛਡਿਆ, ਪਰ ਉਸ ਨੂੰ ਨਾ ਮਾਰਿਆ, ਕਿਉਂਕਿ ਬਾਜ਼ ਪਹਿਲਾਂ ਹੀ ਰਜਿਆ ਹੋਇਆ ਸੀ। ਬਾਜ਼ ਉੱਡ ਕੇ ਪਿੰਡ ਵਿਚ ਚਲਾ ਗਿਆ, ਮੀਰ ਸ਼ਿਕਾਰ ਪਿੱਛੇ-ਪਿੱਛੇ ਦੌੜਦਾ ਗਿਆ, ਕਿਸੇ ਪਠਾਣ ਨੇ ਵੇਖ ਕੇ ਘਰ ਵਿਚ ਛੁਪਾਇਆ ਹੈ, ਉਥੇ ਲੱਭਦੇ ਰਹੇ ਹਾਂ, ਪਰ ਹੱਥ ਵਿਚ ਨਹੀਂ ਆਇਆ ਹੈ॥੫॥

ਜਿਮ ਮਨ ਭਾਇ ਕਰੋ ਪ੍ਰਭੁ ਜੀ! ਅਬਿ, ਬਿਨ ਪੈਂਦੇ ਘਰ ਅਪਰ ਨ ਸੋਇ।
ਅੰਤਰਜਾਮੀ ਘਟ ਘਟ ਸੁਾਮੀ ਖਾਮੀ ਕਰੀ ਲਈ ਸਭਿ ਜੋਇ।
ਹੋਨਹਾਰ ਕੋ ਲਖਿ ਮੁਸਕਾਏ 'ਤੁਰਕ ਇਮਾਨ ਬਿਹੀਨ ਸੁ ਹੋਇ'।
ਤੂਸ਼ਨਿ ਕਰੀ ਛਿਮਾ ਉਰ ਧਾਰੀ ਮਹਾਂ ਗੰਭੀਰ ਧੀਰ ਮਨ ਭੋਇ॥ ੬॥

ਹੇ ਪ੍ਰਭੂ ਜੀ! ਜਿਵੇਂ ਤੁਹਾਡੇ ਮਨ ਨੂੰ ਚੰਗਾ ਲੱਗੇ, ਉਸ ਤਰ੍ਹਾਂ ਕਰੋ, ਉਹ ਪੈਂਦੇ ਖਾਨ ਤੋਂ ਬਗੈਰ ਹੋਰ ਕਿਸੇ ਦੇ ਘਰ ਨਹੀਂ ਹੈ।" ਅੰਤਰਜਾਮੀ ਗੁਰੂ ਜੀ ਜਿਹੜੇ ਘੱਟ-ਘੱਟ ਦੀ ਜਾਣਦੇ ਸਨ ਜਿਸ ਨੇ ਕਪਟ ਕੀਤਾ ਸੀ, ਉਸ ਬਾਰੇ ਸਭ ਕੁਝ ਜਾਣ ਗਏ। ਹੋਣੀ ਨੂੰ ਸਮਝ ਕੇ ਮੁਸਕਰਾਏ, "ਤੁਰਕ ਈਮਾਨ ਰਹਿਤ ਹੋ ਗਏ ਹਨ" ਚੁੱਪ ਹੋ ਗਏ, ਹਿਰਦੇ ਵਿਚ ਖਿਮਾ ਧਾਰਨ ਕੀਤੀ ਮਹਾਂ ਗੰਭੀਰ ਤੇ ਹਿਰਦੇ ਵਿਚ ਧੀਰਜ ਧਾਰਨ ਕੀਤਾ॥੬॥

ਮੇਲਾ ਅਧਿਕ ਸੰਗਤਾਂ ਦਰਸਤਿ ਮਨ ਬਾਂਛਤਿ ਗੁਰ ਤੇ ਬਰ ਪਾਇ।
ਤ੍ਰਿਪਤ ਨ ਹੋਤਿ, ਬਿਲੋਕਤਿ ਦ੍ਰਿਗ ਭਰਿ, ਬੈਠਤਿ ਨਿਕਟਿ ਮੋਦ ਉਪਜਾਇ।
ਸੁਨਹਿਂ ਬਾਕ ਸਨਮੁਖ ਇਕ ਥਿਰ ਹ੍ਵੈ ਕਰਹਿਂ ਪ੍ਰੇਮ ਉਰ ਰੂਪ ਬਸਾਇ।
ਜਪਹਿਂ ਨਾਮ ਸਿੱਖੀ ਬਡਿ ਸ਼ਰਧਾ, ਚਾਹਤਿ ਇਕ ਪਰਲੋਕ ਸਹਾਇ॥ ੭॥

ਬਹੁਤ ਵੱਡਾ ਮੇਲਾ ਲੱਗਾ ਹੋਇਆ ਸੀ, ਸੰਗਤਾਂ ਗੁਰੂ ਜੀ ਦਾ ਦਰਸ਼ਨ ਕਰ ਰਹੀਆਂ ਸਨ ਤੇ ਮੂੰਹ ਮੰਗੇ ਗੁਰੂ ਜੀ ਤੋਂ ਵਰ ਪਾ ਰਹੇ ਸਨ। ਦਰਸ਼ਨ ਕਰ ਕਰ ਕੇ ਤ੍ਰਿਪਤ ਨਹੀਂ ਸੀ ਹੁੰਦੇ, ਗੁਰੂ ਜੀ ਪਾਸ ਬੈਠ ਕੇ ਬੜੇ ਪ੍ਰਸੰਨ ਹੁੰਦੇ ਸਨ। ਕਈ ਸਾਹਮਣੇ ਹੋ ਕੇ ਬਚਨ ਸੁਣਦੇ ਸਨ, ਕਈ ਖੜੇ ਹੋ ਕੇ ਪ੍ਰੇਮ ਕਰਕੇ ਹਿਰਦੇ ਵਿਚ ਗੁਰੂ ਜੀ ਦੇ ਰੂਪ ਨੂੰ ਵਸਾਉਂਦੇ ਸਨ। ਬੜੀ ਸ਼ਰਧਾ ਨਾਲ ਸਿੱਖੀ ਧਾਰ ਕੇ ਨਾਮ ਜਪਦੇ ਸਨ ਤੇ ਪਰਲੋਕ ਵਿਚ ਗੁਰੂ ਜੀ ਦੀ ਸਹਾਇਤਾ ਚਾਹੁੰਦੇ ਸਨ॥੭॥

ਇਮ ਮੇਲਾ ਬਡ ਪੰਚ ਦਿਵਸ ਲੌ ਰਹ੍ਯੋ ਹਜ਼ੂਰ ਸਮੇਤ ਅਨੰਦ।
ਮੁੱਖ੍ਯ ਸਿੱਖ ਜਿਨ ਕੇ ਸੰਗ ਸੰਗਤਿ ਤਿਸੀ ਦੇਸ਼ ਕੋ ਮਹਾਂ ਮਸੰਦ।
ਦੇ ਦੇ ਸਿਰੋਪਾਉ ਸਭਿਹਿਨਿ ਕੋ ਕਰੇ ਬਿਸਰਜਨ ਜਥਾ ਬਿਲੰਦ।
ਸਨੇ ਸਨੇ ਗਮਨੇ ਇਮ ਸਗਰੇ ਬਰਨਤਿ ਸਤਿਗੁਰ ਕੇ ਗੁਨ ਬ੍ਰਿੰਦ॥ ੮॥

ਇਸ ਤਰ੍ਹਾਂ ਪੰਜ ਦਿਨਾਂ ਤਕ ਮੇਲਾ ਰਿਹਾ, ਗੁਰੂ ਜੀ ਸਹਿਤ ਸਾਰੇ ਅਨੰਦ ਵਿਚ ਸਨ। ਜਿਸ ਦੇਸ਼ ਦੀ ਸਿੱਖ ਸੰਗਤ ਸੀ,

ਉਸੇ ਦੇਸ਼ ਦੇ ਹੀ ਮਹਾਨ ਮਸੰਦ ਸਨ। ਗੁਰੂ ਜੀ ਨੇ ਸਾਰਿਆ ਨੂੰ ਸਿਰੋਪੇ ਦੇ ਕੇ ਵਿਦਾ ਕੀਤਾ। ਹੌਲੀ-ਹੌਲੀ ਸਾਰੇ ਚਲੇ ਗਏ ਤੇ ਜਾਂਦੇ ਹੋਏ ਗੁਰੂ ਜੀ ਦੇ ਮਹਾਨ ਗੁਣਾਂ ਦਾ ਵਰਣਨ ਕਰਦੇ ਸਨ॥੮॥

'ਡੀਲ ਬਿਸਾਲ, ਸੁਭਾਉ ਕ੍ਰਿਪਾਲੂ, ਉਪਕਾਰੀ ਸਤਿਗੁਰ ਬਰ ਬੀਰ।
ਦਾਤਾ ਮਹਿਦ ਨਿਹਾਲ ਕਰਤਿ ਜਨ, ਰਿਪੁ ਤੁਰਕਨਿ ਗਨ ਹਰਤਾ ਧੀਰ।
ਜਹਿਂ ਕਹਿਂ ਦਾਸਨਿ ਬਨਹਿਂ ਸਹਾਇਕ ਜੇ ਸਿਮਰਤਿ ਉਰ ਪਰਤੇ ਭੀਰ।
ਧਨੁਖ ਤੀਰ ਧਰਿ ਹਰਿ ਅਰਿ ਤੀਰਹਿਂ ਪੀਰਨ ਪੀਰ ਸੁ ਮੀਰਨ ਮੀਰ' ॥ ੯ ॥

ਕਹਿੰਦੇ ਸਨ, "ਗੁਰੂ ਜੀ ਦਾ ਵਿਸ਼ਾਲ ਡੀਲ-ਡੌਲ ਹੈ ਤੇ ਸੁਭਾਅ ਬੜਾ ਕ੍ਰਿਪਾਲੂ ਹੈ, ਉਪਕਾਰੀ ਸਤਿਗੁਰੂ ਜੀ ਵੱਡੇ ਸੂਰਬੀਰ ਹਨ। ਵੱਡੀਆਂ ਦਾਤਾਂ ਦੇ ਕੇ ਆਮ ਸਿੱਖਾਂ ਨੂੰ ਨਿਹਾਲ ਕਰਦੇ ਸਨ, ਧੀਰਜਵਾਨ ਵੈਰੀ ਤੁਰਕਾਂ ਦਾ ਨਾਸ਼ ਕਰਦੇ ਹਨ। ਜਿਥੇ ਕਿਥੇ ਆਪਣੇ ਸੇਵਕਾਂ ਦੇ ਸਹਾਇਕ ਬਣਦੇ ਹਨ, ਜਿਹੜੇ ਭੀੜ ਪੈਣ 'ਤੇ ਦਿਲੋਂ ਯਾਦ ਕਰਦੇ ਹਨ। ਧਨੁੱਖ ਤੀਰ ਧਾਰਨ ਕਰਕੇ ਵੈਰੀ ਤੇ ਤੀਰ ਖੋਹ ਲੈਣ ਵਾਲੇ ਹਨ ਤੇ ਪੀਰਾਂ ਦੇ ਪੀਰ ਹਨ ਤੇ ਮੀਰਾਂ ਦੇ ਮੀਰ ਹਨ' ॥੯॥

ਇੱਤਜਾਦਿਕ ਗੁਨ ਬਰਨਤਿ ਜਾਤੇ ਦੇਸ਼ ਬਿਦੇਸ਼ਨ ਮਹਿ ਬਿਦਤਾਇ।
ਅਦਭੁਤ ਕਰਮ ਜਿਨਹੁਂ ਕੇ ਦਿਖੀਯਤਿ, ਅਨਗਨ ਸੈਨਾ ਦੀਨਿ ਖਪਾਇ।
ਸਮਸਰ ਪੁਜਜੋ ਨ ਮੁਲਖਨਿ ਮਾਲਿਕ ਅਪਰ ਕੌਨ ਅਰ ਸਕਹਿ ਅਗਾਇ।
ਸ਼੍ਰੀ ਹਰਿਗੋਵਿੰਦ ਚੰਦ ਬੰਦਨਾ ਕਰਹਿਂ ਸੁਰਾਸਰ ਜਿਨ ਕੇ ਪਾਇ॥ ੧੦ ॥

ਇੱਤਆਦਿ ਗੁਣ ਵਰਣਨ ਕਰਦੇ ਜਾਂਦੇ ਹਨ ਤੇ ਦੇਸ਼ ਵਿਦੇਸ਼ਾਂ ਵਿਚ ਜੱਸ ਪ੍ਰਗਟ ਕਰਦੇ ਹਨ। ਜਿਨ੍ਹਾਂ ਦੇ ਅਦਭੁਤ ਕਰਮ ਦਿੱਸਦੇ ਹਨ, ਤੇ ਜਿਨ੍ਹਾਂ ਨੇ ਵੈਰੀ ਦੀ ਅਣਗਿਣਤ ਸੈਨਾ ਖਪਾ ਦਿੱਤੀ ਹੈ। ਬਾਦਸ਼ਾਹ ਸ਼ਾਹ ਜਹਾਨ ਜਿਹੜਾ ਕਈ ਮੁਲਕਾਂ ਦਾ ਮਾਲਕ, ਉਹ ਵੀ ਬਰਾਬਰੀ ਨਹੀਂ ਕਰ ਸਕਦਾ, ਹੋਰ ਕੌਣ ਹੈ ਜਿਹੜਾ ਅੱਗੇ ਅੜ ਸਕੇ। ਸ੍ਰੀ ਹਰਿਗੋਬਿੰਦ ਸਾਹਿਬ ਜੀ ਨੂੰ ਇੰਦਰ ਦੇਵਤਾ ਵੀ ਉਨ੍ਹਾ ਦੇ ਚਰਨਾਂ ਤੇ ਬੰਦਨਾ ਕਰਦਾ ਹੈ॥੧੦॥

ਪੰਚ ਦਿਵਸ ਅਸ ਬੀਤ ਗਏ ਜਬਿ ਸਤਿਗੁਰ ਬੈਠੇ ਸਭਾ ਲਗਾਇ।
ਪੈਂਦਖਾਨ ਕੋ ਸਿਮਰਨ ਕੀਨਸਿ 'ਕਿਸ ਕਾਰਨ ਤੇ ਇਤ ਨਹਿਂ ਆਇ?।
ਪੋਸ਼ਿਸ਼ ਬਰ ਤੁਰੰਗ ਕੋ ਲੈ ਕਰਿ ਫੇਰ ਨਹੀਂ ਨਿਜ ਬਦਨ ਦਿਖਾਇ।
ਉਰ ਹੰਕਾਰ ਕਿ ਹਯ ਤੇ ਗਿਰ ਗਾ, ਲਗੀ ਚੋਟ, ਕੈ ਰਹਯੋ ਲਜਾਇ' ॥ ੧੧ ॥

ਪੰਜ ਦਿਨ ਇਸ ਤਰ੍ਹਾਂ ਬੀਤ ਗਏ, ਜਦ ਸਤਿਗੁਰੂ ਸਭਾ ਲੈ ਕੇ ਬੈਠੇ ਸਨ ਤਾਂ ਪੈਂਦੇ ਖਾਂ ਨੂੰ ਯਾਦ ਕੀਤਾ ਕਿ ਕਿਸ ਕਾਰਨ ਏਧਰ ਨਹੀਂ ਆਇਆ ਹੈ?। ਸ੍ਰੇਸ਼ਟ ਪੋਸ਼ਾਕ ਤੇ ਘੋੜਾ ਲੈ ਕੇ ਫਿਰ ਆਪਣਾ ਚਿਹਰਾ ਨਹੀਂ ਵਿਖਾਇਆ ਹੈ। ਹਿਰਦੇ ਵਿਚ ਹੰਕਾਰ ਹੈ ਜਾਂ ਘੋੜੇ ਤੋਂ ਡਿੱਗ ਪਿਆ ਹੈ, ਸੱਟ ਲੱਗੀ ਹੈ ਜਾਂ ਸ਼ਰਮ ਕਰਕੇ ਨਹੀਂ ਆਇਆ ਹੈ॥੧੧॥

ਕਾਰਨ ਘਨੇ ਬਿਚਾਰ ਕਰੇ ਇਮ, ਤਬਿ ਸਤਿਗੁਰੂ ਪਠਾਯੋ ਦਾਸ।
'ਸੁਧ ਸਗਰੀ ਨੀਕੇ ਅਬਿ ਲੀਜਹਿ, ਗਮਨਹੁਂ ਪੈਂਦਖਾਨ ਕੇ ਪਾਸ।
ਹਮ ਦਿਸ਼ਿ ਤੇ ਤਿਸ ਜਾਇ ਹਕਾਰਹੁ ਆਨਹੁਂ ਸੰਗ ਹੋਇ ਨਿਰਜਾਸ'।
ਸੁਨਤਿ ਗਯੋ ਤਬਿ ਪਹੁਚਿ ਬਿਲੋਕਯੋ ਮਲਿਨ ਬਸਨ ਜੁਤਿ ਹੁਤੋ ਉਦਾਸ ॥੧੨ ॥

ਇਸ ਤਰ੍ਹਾਂ ਕਈ ਕਾਰਨ ਵਿਚਾਰ ਕੀਤੇ, ਫਿਰ ਸਤਿਗੁਰੂ ਜੀ ਨੇ ਸੇਵਕ ਨੂੰ ਇਹ ਕਹਿ ਕੇ ਭੇਜਿਆ, "ਹੁਣ ਜਾ ਕੇ ਚੰਗੀ ਤਰ੍ਹਾਂ ਸਾਰੀ ਖ਼ਬਰ ਲਵੇ ਤੇ ਪੈਂਦੇ ਖਾਂ ਦੇ ਪਾਸ ਜਾਵੇ। ਸਾਡੇ ਵਲੋਂ ਉਸ ਨੂੰ ਜਾ ਕੇ ਬੁਲਾਵੇ ਤੇ ਆਪਣੇ ਨਾਲ ਲੈ ਕੇ ਆਵੇ ਤਾਂਕਿ

ਸਾਰੀ ਗੱਲ ਦਾ ਨਿਰਣਾ ਹੋ ਜਾਵੇ ਕਿ ਨਾ ਆਉਣ ਦਾ ਕੀ ਕਾਰਨ ਹੈ। ਇਹ ਸੁਣ ਕੇ ਸੇਵਕ ਚਲੇ ਗਿਆ ਤੇ ਜਾ ਕੇ ਵੇਖਿਆ ਪੈਂਦੇ ਖਾਂ ਬੜੇ ਮੈਲੇ ਕਪੜੇ ਪਾ ਕੇ ਉਦਾਸ ਬੈਠਾ ਸੀ॥੧੨॥

'ਸੁਨਹੁ ਖਾਨ ਜੀ! ਗੁਰੂ ਹਕਾਰਤਿ, ਕਹਜੋ ਸੰਗ ਅਪਨੇ ਤੂੰ ਲਜਾਇ'।
ਮੂਢ ਕੁਭਾਗੀ ਪ੍ਰੇਰਜੋ ਕਾਲ ਸੁ ਜਿਮ ਬੈਠਜੋ ਤਿਮ ਉਠਜੋ ਸਿਧਾਇ।
ਨੀਕੇ ਬਸਤ੍ਰ ਸ਼ਸਤ੍ਰ ਨਹਿਂ ਪਹਿਰੇ, ਹੋਨਹਾਰ ਨੇ ਤਥਾ ਕਰਾਇ।
ਨਹਿਂ ਤੁਰੰਗ ਪਰ ਚਢਿ ਕਰਿ ਗਮਨਜੋ ਮਹਾਂ ਬਿਸੂਰਤਿ ਆਇਵ ਪਾਂਇ॥੧੩॥

ਸੇਵਕ ਨੇ ਜਾ ਕੇ ਕਿਹਾ, "ਹੇ ਖਾਨ ਜੀ ਸੁਣੋ! ਗੁਰੂ ਜੀ ਬੁਲਾਉਂਦੇ ਹਨ ਤੇ ਉਨ੍ਹਾਂ ਕਿਹਾ ਹੈ, ਆਪਣੇ ਨਾਲ ਲੈ ਕੇ ਆਵੋ।" ਮੂਰਖ ਭੈੜੇ ਭਾਗਾਂ ਵਾਲਾ ਕਾਲ ਦਾ ਪ੍ਰੇਰਿਆ, ਜਿਵੇਂ ਬੈਠਾ ਸੀ ਉਸ ਤਰ੍ਹਾਂ ਹੀ ਉੱਠ ਕੇ ਚਲ ਪਿਆ। ਚੰਗੇ ਬਸਤਰ ਸ਼ਸਤਰ ਨਾ ਪਹਿਣੇ, ਹੋਣੀ ਨੇ ਉਸ ਤਰ੍ਹਾਂ ਹੀ ਕਰਾਇਆ। ਨਾਂ ਘੋੜੇ ਤੇ ਚੜ੍ਹ ਕੇ ਗਿਆ, ਮੁਰਝਾਈ ਸੂਰਤ ਲੈ ਕੇ ਪੈਦਲ ਹੀ ਆ ਗਿਆ॥੧੩॥

ਸ੍ਰੀ ਸਤਿਗੁਰ ਕੋ ਬੰਦਨ ਕਰਿ ਕੈ ਸਨਮੁਖ ਬੈਠਜੋ ਮਤਿ ਬਿਚਲਾਇ।
ਦੇਖਿ ਨ ਸਕਹਿ ਸਮੁਖ ਮਨ ਖੋਟਾ, ਅੰਤਰਜਾਮੀ ਸਭਿ ਲਖਿ ਪਾਇ।
ਸ੍ਰੀ ਮੁਖ ਬੂਝਜੋ 'ਪੋਸ਼ਿਸ਼ ਚੀਰਾ ਪਹਿਰ ਭਲੇ ਤਨ ਕਜੋਂ ਨਹਿਂ ਆਇ?।
ਖੜਗ ਸਿਪਰ ਜੁਤਿ ਚਢਜੋ ਤੁਰੰਗ ਨ ਕਿਮ ਆਯੋ ਅਸ ਹੁਕਮ ਮਿਟਾਇ? ॥੧੪॥

ਸਤਿਗੁਰੂ ਜੀ ਨੂੰ ਬੰਦਨਾ ਕਰਕੇ ਭੈੜੀ ਬੁੱਧੀ ਲੈ ਕੇ ਸਾਹਮਣੇ ਬੈਠ ਗਿਆ। ਸਾਹਮਣੇ ਵੇਖ ਨਹੀਂ ਸੀ ਸਕਦਾ, ਮਨ ਵਿਚ ਖੋਟ ਸੀ, ਅੰਤਰਜਾਮੀ ਗੁਰੂ ਜੀ ਸਭ ਕੁਝ ਜਾਣ ਗਏ। ਗੁਰੂ ਜੀ ਨੇ ਪੁਛਿਆ, "ਪੋਸ਼ਾਕ ਤੇ ਚੰਗੀ ਪੱਗੜੀ ਪਹਿਣ ਕੇ ਕਿਉਂ ਨਹੀਂ ਆਇਆ ਹੈਂ? ਤਲਵਾਰ ਢਾਲ ਲੈ ਕੇ ਘੋੜੇ ਉਤੇ ਸਵਾਰ ਨਹੀਂ ਹੋਇਆ ਹੈਂ, ਸਾਡੇ ਵਲੋਂ ਹੁਕਮ-ਅਦੂਲੀ ਕਰਕੇ ਕਿਉਂ ਆਇਆ ਹੈ?॥੧੪॥

ਮਲਿਨ ਬੇਸ ਅਰੁ ਮਲਿਨ ਬਦਨ ਬਨਿ, ਕਿਮ ਸਚਿੰਤ ਉਰ, ਬਿਨਾ ਹੁਲਾਸ।
ਪੰਚ ਦਿਵਸ ਬਖਸ਼ਿਸ਼ ਕੋ ਲੇਕਰਿ ਕਜੋਂ ਨ ਅਨੰਦਤਿ ਵਹਿਰ ਪ੍ਰਕਾਸ਼।
ਕੋ ਕਾਰਜ ਕਿਮ ਬਿਗਰਜੋ ਤੁਵ ਪ੍ਰਿਯ? ਸਕਲ ਸਾਚ ਕਹੀਯਹਿ ਹਮ ਪਾਸ।
ਮਿੱਥਯਾ ਤੇ ਸੁਧਰਤਿ ਹੁਇ ਨਾਂਹੀ, ਸਾਚ ਕਹੇ ਸੁਖ ਸਾਸ ਗਿਰਾਸ'॥ ੧੫॥

ਮੈਲੇ ਕਪੜੇ ਹਨ, ਅਤੇ ਮੈਲਾ ਹੀ ਚਿਹਰਾ ਬਣਾਇਆ ਹੈ, ਹਿਰਦਾ ਖੁਸ਼ੀ ਰਹਿਤ ਤੇ ਚਿੰਤਾ ਸਹਿਤ ਹੈ। ਪੰਜ ਦਿਨ ਬਖਸ਼ਿਸ਼ ਨੂੰ ਲੈ ਕੇ ਕਿਉਂ ਬਾਹਰ ਅਨੰਦ ਪ੍ਰਕਾਸ਼ ਨਹੀਂ ਕੀਤਾ ਹੈ। ਕੀ ਕਾਰਜ ਹੈ ਕਿਵੇਂ ਤੇਰਾ ਚਿੱਤ ਵਿਗੜ ਗਿਆ ਹੈ, ਸਾਰਾ ਸੱਚ ਸਾਡੇ ਪਾਸ ਕਹੋ। ਝੂਠ ਬੋਲਣ ਨਾਲ ਸੁਧਾਰ ਨਹੀਂ ਹੋਣਾ ਹੈ, ਸੱਚ ਕਹਿਣ ਨਾਲ ਸਾਸ-ਗਿਰਾਸ ਸੁੱਖ ਪ੍ਰਾਪਤ ਹੋਵੇਗਾ॥੧੫॥

ਪ੍ਰੇਰਜੋ ਭਾਵੀ ਕੂਰ ਕਹਤਿ ਭਾ, ਗੁਰ ਪ੍ਰਤਾਪ ਜੱਦਪਿ ਕੁਛ ਜਾਨਿ।
'ਦਾਸ ਆਪ ਕੇ ਗਯੋ ਹਕਾਰਨ ਬੈਠਜੋ ਜਥਾ ਹੁਤੋ ਨਿਜ ਥਾਨ।
ਤਥਾ ਵਹਿਰ ਤੇ ਇਤਿ ਚਲਿ ਆਯੋ ਨਹੀਂ ਬਸਤ੍ਰ ਸੋ ਪਹਿਰਨ ਠਾਨਿ।
ਪੁਨ ਦਰਸੋਂ ਤਨ ਪੋਸ਼ਿਸ਼ ਸੋ ਧਰਿ ਕੋਇ ਨ ਬਿਗਰਜੋ ਕਾਜ ਮਹਾਨ॥ ੧੬॥

ਪਰ ਹੋਣੀ ਦਾ ਪ੍ਰੇਰਿਆ ਝੂਠ ਬੋਲਿਆ, ਗੁਰੂ ਜੀ ਦਾ ਪ੍ਰਤਾਪ ਜਾਣ ਕੇ ਬੋਲਿਆ, ਸੇਵਕ ਮੈਨੂੰ ਬੁਲਾਉਣ ਗਿਆ ਸੀ

ਆਪਣੇ ਥਾਂ ਤੇ ਜਿਵੇਂ ਵੀ ਬੈਠਾ ਸੀ, ਉਸ ਤਰ੍ਹਾਂ ਹੀ ਬਾਹਰੋਂ ਇਸ ਤਰ੍ਹਾਂ ਚਲ ਕੇ ਆ ਗਿਆ ਹਾਂ ਤੇ ਕਪੜੇ ਵੀ ਨਹੀਂ ਪਾਏ ਹਨ। ਸਰੀਰ ਤੇ ਫਿਰ ਪੋਸ਼ਾਕ ਪਹਿਣ ਕੇ ਦਰਸ਼ਨ ਕਰ ਲਵਾਂਗਾ, ਕੋਈ ਵੀ ਵੱਡਾ ਕਾਰਜ ਨਹੀਂ ਵਿਗੜਿਆ ਹੈ॥੧੬॥

ਪਾਨ ਬਦਨ ਨਹਿਂ ਪਾਨ ਪਖਾਰੇ ਇਸ ਕਾਰਨ ਤੇ ਮਨ ਅਲਸਾਇ।
ਸਿਮਰਨ ਤੂਰਨ ਰਾਵਰ ਕੋ ਲਖਿ ਉਠਿ ਗਮਨਜੋ ਇਤ ਸਹਿਜ ਸੁਭਾਇ'।
ਸਤਿਗੁਰ ਕਹਜੋ 'ਬਾਜ ਉਡਿ ਪਹੁਚਜੋ ਤੋਹਿ ਗ੍ਰਾਮ ਮਹਿਂ ਲਿਯੋ ਦੁਰਾਇ।
ਮੀਰ ਸ਼ਿਕਾਰ ਕਹੈ 'ਹਮ ਹੇਰਤਿ ਰਹਜੋ ਤਹਾਂ ਨ ਗਯੋ ਅਗੁਵਾਇ' ॥ ੧੭ ॥

ਹੱਥ ਮੂੰਹ ਪਾਣੀ ਨਾਲ ਨਹੀਂ ਧੋਤਾ ਹੈ, ਇਸ ਕਾਰਨ ਮਨ ਸੁਸਤ ਹੋਇਆ ਹੈ। ਆਪ ਜੀ ਦੇ ਯਾਦ ਕਰਨ ਨੂੰ ਸਮਝ ਕੇ, ਤੁਰਤ ਸਹਿਜ ਸੁਭਾਵ ਉਠ ਕੇ ਚਲ ਪਿਆ ਹਾਂ।'' ਸਤਿਗੁਰੂ ਜੀ ਨੇ ਕਿਹਾ, ''ਬਾਜ਼ ਉੱਡ ਕੇ ਤੇਰੇ ਪਿੰਡ ਵਿਚ ਗਿਆ ਸੀ, ਉਸ ਨੂੰ ਲੁਕਾ ਲਿਆ ਹੈ। ਮੀਰ ਸ਼ਿਕਾਰ ਕਹਿੰਦਾ ਹੈ, ''ਅਸੀਂ ਵੇਖਦੇ ਰਹੇ ਹਾਂ, ਉਹ ਪਿੰਡ ਤੋਂ ਅੱਗੇ ਨਹੀਂ ਗਿਆ ਹੈ'' ॥੧੭॥

ਪੈਂਦੇ ਕਹਜੋ 'ਹੁਤੋ ਮੈਂ ਸ਼ਾਮਲ ਆਏ ਖੋਜਤਿ ਮੀਰ ਸ਼ਿਕਾਰ।
ਤਬਿ ਡਿੰਡਮ ਕਹਿ ਗ੍ਰਾਮ ਦਿਵਾਯੋ ਲਈ ਸਤਰ ਲੌ ਸਭਿ ਕੀ ਸਾਰ।
ਨਿਕਸਜੋ ਨਹੀਂ, ਕਹਾਂ ਬਸਿ ਮੇਰੋ, ਗਯੋ ਕਹੂੰ ਉਡਿ, ਨਹੀਂ ਨਿਹਾਰ।
ਤ੍ਰਿਪਤੇ ਬਾਜ਼, ਸ੍ਵਾਨ, ਅਰੁ ਨਾਊ ਜਾਹਿਰ ਅਹੈ ਕਰੈਂ ਨਹਿਂ ਕਾਰ॥ ੧੮ ॥

ਪੈਂਦੇ ਨੇ ਕਿਹਾ, ''ਮੈਂ ਮੀਰ ਸ਼ਿਕਾਰ ਨਾਲ ਮਿਲ ਕੇ ਖੋਜ ਕਰਦਾ ਰਿਹਾ, ਫਿਰ ਕਹਿ ਕੇ ਪਿੰਡ ਵਿਚ ਡੌਂਡੀ ਵੀ ਪਿਟਵਾਈ ਤੇ ਪਰਦੇ ਵਿਚ ਰਹਿਣ ਵਾਲੇ ਇਸਤਰੀਆਂ ਦੇ ਥਾਵਾਂ ਤਕ ਸਭ ਦੀ ਤਲਾਸ਼ੀ ਲਈ ਹੈ। ਬਾਜ਼, ਕੁੱਤੇ ਅਤੇ ਨਾਈ ਰੱਜੇ ਹੋਏ ਕੰਮ ਨਹੀਂ ਆਉਂਦੇ, ਇਹ ਜੱਗ ਜ਼ਾਹਰ ਹੈ'' ॥੧੮॥

ਗਯੋ ਦੂਰ ਉਡ, ਬੂਝ ਬਹੁ ਨਰ, ਨਹੀਂ ਖੋਜ ਪਾਯਹੁ ਕਿਸ ਥਾਨ।
ਬੀਚ ਗ੍ਰਾਮ ਕੇ ਬਾਜ ਨ ਲੋਪਜੋ ਤੁਮ ਢਿਗ ਕੀਨਸਿ ਕੂਰ ਬਖਾਨ।
ਤਹਿਂ ਜੇ ਹੁਤੋ, ਸਦਨ ਹੈ ਤੁਮਰੋ, ਕੋ ਅਸ ਕਰਹਿ ਕਪਟ ਕੋ ਠਾਨਿ।
ਗਯੋ ਬਿਪਨ ਕਿਸ, ਕਜੋਂ ਅਬਿ ਪ੍ਰਾਪਤ ਬਾਜ਼ ਸੁਪੇਦ ਸੁ ਬੇਗ ਮਹਾਨ ॥੧੯॥

ਉੱਡ ਕੇ ਦੂਰ ਚਲਾ ਗਿਆ ਹੈ, ਬਹੁਤ ਮਨੁੱਖਾਂ ਨੂੰ ਪੁਛਿਆ ਹੈ, ਕਿਸੇ ਥਾਂ ਤੋਂ ਵੀ ਨਹੀਂ ਲਭਾ ਹੈ। ਪਿੰਡ ਵਿਚ ਕਿਸੇ ਨੇ ਬਾਜ਼ ਨੂੰ ਨਹੀਂ ਲੁਕਾਇਆ ਹੈ, ਤੁਹਾਡੇ ਪਾਸ ਝੂਠ ਬੋਲਿਆ ਹੈ, ਉਥੇ ਜੋ ਤੁਹਾਡਾ ਘਰ ਹੈ, ਕਿਹੜਾ ਐਸਾ ਮਨੁੱਖ ਹੈ ਜਿਹੜਾ ਐਸਾ ਕਪਟ ਕਰੇ। ਕਿਸੇ ਵਣ ਵਿਚ ਚਲਾ ਗਿਆ ਹੈ, ਸਫੇਦ ਬਾਜ਼ ਹੁਣ ਕਿਥੋਂ ਲਭੇਗਾ ਜਿਹੜਾ ਬਹੁਤ ਤੇਜ਼ ਹੈ॥੧੯॥

ਪੁਨ ਸਤਿਗੁਰ ਕੁਛ ਨਿਠੁਰ ਗਿਰਾ ਜੁਤਿ ਸਮੁਝਾਵਤਿ ਹਿਤ ਕੀ ਤਿਹ ਬਾਤ।
'ਕਰਿ ਬਿਚਾਰ ਕੋ ਸਾਚ ਉਚਾਰਹੁ, ਗੁਨ ਅਪਰਾਧ ਛਿਮਾ ਤੇ ਸ਼ਾਂਤ।
ਲੇਹੁ ਸਦਨ ਸੁਧ, ਬੁਧਿ ਤੇ ਸਿਧ ਕਰਿ, ਬਿਬਧ ਬਿਪਿਨ ਕੇ ਛਲ ਕਰਿ ਘਾਤ।
ਜੇ ਉਰ ਲਖਹੁ, ਭਾਖਿ ਦਿਹੁ ਸਭਿ ਮਹਿਂ, ਬਹੁਰ ਨ ਦੋਸ਼ ਰਹੈ ਤੁਮ ਗਾਤ' ॥੨੦॥

ਫਿਰ ਸਤਿਗੁਰੂ ਕੁਝ ਸਖ਼ਤ ਆਵਾਜ਼ ਵਿਚ ਉਸ ਨੂੰ ਸਮਝਾਉਣ ਲਈ, ਉਸ ਦੇ ਹਿਤ ਦੀ ਗੱਲ ਕੀਤੀ, ''ਵਿਚਾਰ ਕਰਕੇ ਸੱਚ ਬੋਲੋ। ਅਪਰਾਧ ਖਿਮਾਂ ਰੂਪ ਗੁਣ ਤੋਂ ਸ਼ਾਂਤ ਹੋ ਜਾਂਦਾ ਹੈ। ਕਈ ਤਰ੍ਹਾਂ ਦੇ ਛਲ ਜੋ ਕਰਦਾ ਹੈਂ ਇਨ੍ਹਾਂ ਦਾ ਘਾਤ ਕਰਕੇ, ਭਾਵ ਛੱਲ ਦੂਰ ਕਰਕੇ, ਆਪਣੇ ਘਰ ਵਿਚੋਂ ਖਬਰ ਲਵੋ। ਜੇ ਹਿਰਦੇ ਵਿਚ ਜਾਣਦਾ ਹੈਂ ਤਾਂ ਮੇਰੇ ਪਾਸ ਕਹਿ ਦੇਵੋ ਤਾਕਿ ਤੇਰੇ ਉਤੇ ਬਹੁਤਾ ਦੋਸ਼ ਨਾ ਰਹੇ'' ॥੨੦॥

ਸੁਨਿ ਮੂਰਖ ਕ੍ਰੁਛ ਸਹਿਤ ਬੱਕ੍ਰਤਾ ਕਹਿਤ, 'ਨ ਹਮ ਹੇਰਯੋ ਕਿਤ ਨੈਨ।
ਕਹੇ ਕਿਸੂ ਕੇ ਦੋਸ਼ ਅਰੋਪਹੁ ਤਿਸ ਪਰ ਕਿਸ ਕੋ ਕਿਮ ਬਸ ਹੈ ਨ।
ਵਸਤੁ ਆਪ ਕੀ ਕਰਹਿਂ ਦੁਰਾਵਨ, ਉਚਿਤ ਨ ਹਮ ਕੋ, ਹੁਇ ਦੁਖ ਦੈਨ।
ਗਯੋ ਅਪਰ ਥਲ ਉਡਿ ਕਰਿ ਪੰਖੀ ਤ੍ਰਾਸਤਿ ਮੀਰ ਸ਼ਿਕਾਰ ਕਹੈ ਨਾ ॥ ੨੧ ॥

ਇਹ ਸੁਣ ਕੇ ਮੂਰਖ ਵਿੰਗੇਪਣ ਨਾਲ ਕਹਿਣ ਲੱਗਾ, "ਮੈਂ ਉਸ ਨੂੰ ਕਿਤੇ ਵੀ ਅੱਖਾਂ ਨਾਲ ਨਹੀਂ ਵੇਖਿਆ ਹੈ। ਕਿਸੇ ਦੇ ਕਹਿਣ ਉੱਤੇ ਮੇਰੇ ਤੇ ਦੋਸ਼ ਲਾਉਂਦੇ ਹੋ, ਉਸ ਉੱਤੇ ਕਿਸੇ ਦਾ ਵੀ ਕੋਈ ਵੱਸ ਨਹੀਂ ਹੈ, ਤੁਹਾਡੀ ਵਸਤੂ ਅਸੀਂ ਲੁਕਾ ਲਈਏ ਸਾਡੇ ਵਾਸਤੇ ਉਚਿਤ ਨਹੀਂ ਹੈ, ਇਹ ਦੁਖਦਾਈ ਗੱਲ ਹੈ। ਪੰਛੀ ਕਿਸੇ ਹੋਰ ਥਾਂ ਉੱਡ ਕੇ ਚਲਾ ਗਿਆ ਹੈ, ਡਰਦਾ ਮੀਰ ਸ਼ਿਕਾਰ ਸੱਚ ਕਹਿੰਦਾ ਨਹੀਂ ਹੈ ॥੨੧॥

ਕਾਰਨ ਕੂਰਾ ਕਰਨਿ ਨੀਕ ਬਿਧਿ ਤ੍ਰਿਤੀ ਵੇਰ ਸਤਿਗੁਰੂ ਕਹੰਤਿ।
'ਸਮੁਝਿ ਸੁਮਤਿ ਕੋ, ਕਪਟ ਤਜਾਗਿ ਚਿਤ, ਸਾਚੀ ਬਾਤ ਕਹਹੁ ਹਿਤਵੰਤਿ।
ਪਿਖਯੋ ਬਾਜ ਤੌ ਕਰਹੁ ਬਤਾਵਨਿ, ਰਹਯੋ ਗ੍ਰਾਮ ਮਹਿਂ ਸਕਲ ਭਨੰਤਿ।
ਗੁਰਘਰ ਕੋ ਸੇਵਕ ਤੂੰ ਆਛੋ ਬਾਂਛਹੁ ਭਲੋ, ਨ ਬਨ ਛਲਵੰਤਿ' ॥ ੨੨ ॥

ਚੰਗੀ ਤਰ੍ਹਾਂ ਝੂਠਾ ਕਰਨ ਲਈ ਸਤਿਗੁਰੂ ਜੀ ਨੇ ਤੀਸਰੀ ਵਾਰ ਕਿਹਾ, "ਚੰਗੀ ਮੱਤ ਨੂੰ ਚੰਗੀ ਤਰ੍ਹਾਂ ਸਮਝ, ਚਿੱਤ ਵਿਚੋਂ ਕਪਟ ਨੂੰ ਛੱਡ ਦੇ ਹਿੱਤ ਵਾਲੀ ਸੱਚੀ ਗੱਲ ਕਹੋ, ਜੇ ਬਾਜ਼ ਵੇਖਿਆ ਹੈ ਤਾਂ ਉਸ ਬਾਰੇ ਦੱਸੋ, ਸਾਰੇ ਪਿੰਡ ਵਿਚ ਦੱਸਦਾ ਰਿਹਾ ਹੈ। ਗੁਰੂ ਘਰ ਦਾ ਤੂੰ ਇਕ ਚੰਗਾ ਸੇਵਕ ਹੈਂ, ਗੁਰੂ ਦਾ ਭਲਾ ਚਾਹੇਂ ਤੇ ਛਲੀਆ ਨਾ ਬਣ" ॥੨੨॥

ਨਿਮਕ ਹਰਾਮੀ ਸੁਨਿ ਕੈ ਰਿਸ ਧਰਿ ਬਦਨ ਬਿਲੋਚਨ ਕੀਨਸਿ ਲਾਲ।
'ਤੁਹਮਤ ਦੇਤਿ ਤੁਫਾਨ ਬਕੇ ਤੇ, ਉਰ ਬਿਚਾਰ ਕਰਿ ਕਯੋਂ ਨ ਬਿਸਾਲ।
ਭਲੇ ਨਰਨ ਕੀ ਪਤਿ ਮਹਿਂ ਰਖਨਾ ਡਾਲਤਿ ਹੋ, ਨਹਿਂ ਕਰਹੁ ਸੰਭਾਲ।
ਅਹੇ ਜੀਵਕਾ ਸਹਿ ਹੌਂ ਯਾਂਤੇ, ਨਾਹਿਂ ਤ ਕੌਨ ਕਹੈ ਇਸ ਢਾਲ?' ॥ ੨੩ ॥

ਨਿਮਕ ਹਰਾਮੀ ਨੇ ਸੁਣ ਕੇ ਗੁੱਸਾ ਧਾਰ ਕੇ ਚਿਹਰਾ ਤੇ ਅੱਖਾਂ ਲਾਲ ਕਰ ਲਏ ਤੇ ਬੋਲਿਆ, "ਮੀਰ ਸ਼ਿਕਾਰ ਦੇ ਝੂਠ ਕਹਿਣ ਤੇ ਮੈਨੂੰ ਤੁਹਮਤ ਦਿੰਦੇ ਹੋ, ਹਿਰਦੇ ਵਿਚ ਕਿਉਂ ਵੀਚਾਰ ਨਹੀਂ ਕਰਦੇ ਹੋ, ਭਲੇ ਮਨੁੱਖਾਂ ਦੀ ਇੱਜ਼ਤ ਆਬਰੂ ਵਿਚ ਫ਼ਰਕ ਪਾਉਂਦੇ ਹੋ ਤੇ ਉਨ੍ਹਾਂ ਦੀ ਸੰਭਾਲ ਨਹੀਂ ਕਰਦੇ ਹੋ। ਰੋਜ਼ੀ ਕਰਕੇ ਮੈਂ ਬਰਦਾਸ਼ਤ ਕੀਤਾ ਹੈ, ਨਹੀਂ ਤਾਂ ਕੌਣ ਮੈਨੂੰ ਇਸ ਤਰ੍ਹਾਂ ਕਹਿ ਸਕਦਾ ਹੈ" ॥੨੩॥

ਮੰਦਮਤੀ ਕੋ ਹਠ ਬਡ ਜਾਨਯੋ ਮਤਿ ਬਿੱਪ੍ਰੀਤ ਕਰੀ ਜਿਹ ਕਾਲ।
ਭਯੋ ਪਾਪ ਰਤਿ, ਸਮੁਝਤਿ ਨਹਿਂ ਚਿਤ, ਬੈਠਿ ਰਹਯੋ ਕਰਿ ਕ੍ਰੋਧ ਬਿਸਾਲ।
ਬਿਧੀਚੰਦ ਕੋ ਨਿਕਟਿ ਹਕਾਰਯੋ ਕਹਯੋ ਕਾਨ ਮਹਿਂ 'ਅਬਿ ਤੂੰ ਚਾਲ।
ਸਮਾ ਦੁਪਹਿਰੇ ਕੋ ਸਮ ਜਾਮਨਿ ਗਮਨਹੁ, ਆਨਹੁ ਬਾਜ ਉਤਾਲ' ॥ ੨੪ ॥

ਮੂਰਖ ਮੱਤ ਵਾਲੇ ਦੇ ਵੱਡੇ ਹੱਠ ਨੂੰ ਜਾਣਿਆ, ਜਿਸ ਦੀ ਕਾਲ ਨੇ ਬੁਧੀ ਉਲਟੀ ਕਰ ਦਿੱਤੀ ਸੀ। ਪਾਪਾਂ ਨਾਲ ਪਿਆਰ ਕਰਨ ਵਾਲਾ ਬਣ ਗਿਆ, ਚਿੱਤ ਵਿਚ ਸਮਝਦਾ ਨਹੀਂ ਸੀ, ਵੱਡਾ ਕ੍ਰੋਧ ਧਾਰ ਕੇ ਬੈਠਾ ਰਿਹਾ। ਗੁਰੂ ਜੀ ਨੇ ਬਿਧੀ ਚੰਦ ਨੂੰ ਆਪਣੇ ਪਾਸ ਬੁਲਾਇਆ ਤੇ ਉਸ ਦੇ ਕੰਨ ਵਿਚ ਕਿਹਾ, "ਹੁਣ ਤੁਸੀਂ ਚਲੋ, ਦੁਪਹਿਰ ਦਾ ਸਮਾਂ ਰਾਤ ਵਾਂਗ ਹੈ, ਛੇਤੀ ਨਾਲ ਬਾਜ਼ ਨੂੰ ਲੈ ਕੇ ਆਵੋ" ॥੨੪॥

ਸੁਨਤਿ ਪਯਾਨੋ ਬੀਰ ਤੀਰ ਸਮ ਸ੍ਰੀ ਸਤਿਗੁਰ ਪਗ ਕਮਲ ਮਨਾਇ।
ਛੋਟੇ ਮੀਰ ਗ੍ਰਾਮ ਮਹਿਂ ਪਹੁਚਯੋ ਬਦਨ ਅਛਾਦਯੋ ਬਸਨ ਬਨਾਇ।
ਨਿਜ ਨਿਜ ਸਦਨ ਪ੍ਰਵੇਸ਼ੇ ਸਗਰੇ ਸੁਪਤਿ ਪਰੇ, ਕੋ ਬੈਠਿ ਰਹਾਇ।
ਪੈਂਦ ਖਾਨ ਕੇ ਘਰ ਮਹਿਂ ਬਰ ਕਰਿ ਪਿਖਯੋ ਨ ਮਾਨੁਖ ਇਤ ਉਤ ਜਾਇ ॥੨੫॥

ਇਹ ਸੁਣ ਕੇ ਸੂਰਬੀਰ ਬਿਧੀ ਚੰਦ, ਗੁਰੂ ਜੀ ਦੇ ਚਰਨ ਕੰਵਲਾਂ 'ਤੇ ਬੰਦਨਾ ਕਰਕੇ ਤੀਰ ਵਾਂਗ ਚਲਾ ਗਿਆ। ਛੋਟੇ ਮੀਰ ਪਿੰਡ ਵਿਚ ਪਹੁੰਚਿਆ, ਉਸ ਨੇ ਇਕ ਕਪੜਾ ਲੈ ਕੇ ਆਪਣਾ ਚਿਹਰਾ ਢੱਕਿਆ ਹੋਇਆ ਸੀ। ਸਾਰੇ ਲੋਕ ਆਪਣੇ ਘਰਾਂ ਵਿਚ ਦਾਖਲ ਹੋਏ ਸਨ, ਕੋਈ ਸੁੱਤਾ ਪਿਆ ਸੀ ਤੇ ਕੋਈ ਬੈਠਾ ਹੋਇਆ ਸੀ। ਪੈਂਦੇ ਖਾਨ ਦੇ ਘਰ ਵਿਚ ਵੜ ਕੇ ਵੇਖਿਆ ਏਧਰ ਓਧਰ ਜਾ ਕੇ ਵੇਖਿਆ ਕੋਈ ਵੀ ਮਾਨੁੱਖ ਅੰਦਰ ਨਹੀਂ ਸੀ॥੨੫॥

ਪ੍ਰਿਥਕ ਚੁਬਾਰਾ ਸਭਿ ਕੇ ਅੰਤਰਿ ਸੁਪਤਯੋ ਤਹਾਂ ਖਾਨ ਅਸਮਾਨ।
ਬਖਸ਼ਿਸ਼ ਗੁਰ ਕੀ ਬਾਜ ਸਹਿਤ ਤਿਸ, ਆਡੇ ਪਰ ਬਿਠਾਇ ਸੁਖ ਮਾਨਿ।
ਪਰਯੋ ਨਿਚਿੰਤ ਨਹੀ ਸੁਧ ਤਨ ਕੀ, ਆਵਤਿ ਜਾਤ ਬਾਇ ਮੁਖ ਪ੍ਰਾਨ।
ਬਿਧੀ ਚੰਦ ਢਿਗ ਜਾਇ ਪ੍ਰਵੇਸ਼ਯੋ ਪਿਖਿ ਸਭਿ ਵਸਤੂ ਆਨੰਦ ਠਾਨਿ ॥੨੬॥

ਸਾਰੇ ਘਰ ਦੇ ਅੰਦਰ ਇਕ ਵਖਰਾ ਚੁਬਾਰਾ ਸੀ, ਉਥੇ ਅਸਮਾਨ ਖਾਂ ਸੁੱਤਾ ਪਿਆ ਸੀ। ਗੁਰੂ ਦੀ ਬਖਸ਼ਿਸ਼ ਨਾਲ ਬਾਜ਼ ਸਹਿਤ ਸੁਖ ਮੰਨ ਕੇ ਅੱਡੇ ਤੇ ਬਿਠਾਇਆ ਸੀ। ਬੇਫਿਕਰ ਸੁੱਤਾ ਸੀ, ਸਰੀਰ ਦੀ ਕੋਈ ਸੋਝੀ ਨਹੀਂ ਸੀ, ਟੱਡੇ ਹੋਏ ਮੂੰਹ ਵਿਚੋਂ ਸਵਾਸ ਆਉਂਦੇ ਜਾਂਦੇ ਸਨ। ਬਿਧੀ ਚੰਦ ਉਸ ਦੇ ਪਾਸ ਚਲਾ ਗਿਆ, ਸਾਰੀਆਂ ਚੀਜ਼ਾਂ ਨੂੰ ਵੇਖ ਕੇ ਉਸ ਆਨੰਦ ਪਾਇਆ॥੨੬॥

ਧਰੇ ਕਿਲਕ ਪਰ ਬਸਤ੍ਰ ਉਤਾਰੇ, ਚੀਰਾ ਬੰਧਯੋ ਹੁਤੋ ਸੋ ਲੀਨਿ।
ਖੜਗ ਸਿਪਰ ਜੁਗ ਧਰੀ ਸਿਰ੍ਹਾਨੇ ਤਤਛਿਨ ਹਾਥ ਉਠਾਵਨਿ ਕੀਨਿ।
ਆਡੇ ਪਰ ਤੇ ਬਾਜ਼ ਗਹਯੋ ਤਬਿ, ਨਿਕਸਯੋ ਸ਼ੀਘ੍ਰ ਬਿਸਾਲ ਪ੍ਰਬੀਨ।
ਕਿਸੂ ਨ ਦੇਖਯੋ ਅਦਭੁਤ ਕਰਮਾ, ਆਯੋ ਪੁਰਿ ਕਰਤਾਰ ਸੁ ਲੀਨਿ ॥ ੨੭॥

ਕਿੱਲੀ ਨਾਲ ਟੰਗਿਆਂ ਹੋਇਆਂ ਕਪੜਿਆਂ ਨੂੰ ਲਾਹਿਆ, ਜਿਹੜੀ ਪੱਗ ਬੱਧੀ ਹੋਈ ਸੀ ਉਹ ਵੀ ਲੈ ਲਈ। ਤਲਵਾਰ ਤੇ ਢਾਲ ਸਿਰ੍ਹਾਨੇ ਰੱਖੀ ਸੀ, ਉਹ ਵੀ ਤੁਰਤ ਨਾਲ ਚੁੱਕ ਲਈਆਂ। ਅੱਡੇ ਤੋਂ ਬਾਜ਼ ਨੂੰ ਫੜ ਲਿਆ ਤੇ ਚਤੁਰ ਬਿਧੀ ਚੰਦ ਤੁਰਤ ਬਾਹਰ ਨਿਕਲ ਆਇਆ। ਅਦਭੁਤ ਕਰਮ ਸੀ ਕਿ ਕਿਸੇ ਨੇ ਵੀ ਨਾ ਵੇਖਿਆ, ਉਨ੍ਹਾਂ ਵਸਤਾਂ ਨੂੰ ਲੈ ਕੇ ਕਰਤਾਰਪੁਰ ਆ ਗਿਆ॥੨੭॥

ਅਨਤ ਥਾਨ ਧਰਿ ਗਮਨਯੋ ਗੁਰ ਢਿਗ 'ਤੁਮ ਪ੍ਰਤਾਪ ਤੇ ਸਭਿ ਕਿਛੁ ਲਯਾਇ।
ਪੋਸ਼ਿਸ਼ ਬਾਜ਼ ਸਮੇਤ, ਸਿਪਰ, ਅਸਿ, ਧਰੀ ਆਨਿ ਕਰਿ ਆਨ ਸਥਾਇ।
ਸ੍ਰਵਨ ਲਾਗਿ ਕਰਿ ਮੰਦ ਮੰਦ ਸੁਰ, ਕਰਯੋ ਕਾਜ ਸੋ ਦਯੋ ਸੁਨਾਇ।
ਪੈਂਦਾ ਬੈਠਯੋ ਰਹਯੋ ਤਹਾਂ ਹੀ ਅਪਰ ਖਯਾਲ ਗੁਰ ਸਮਾਂ ਬਿਤਾਇ ॥ ੨੮॥

ਉਨ੍ਹਾਂ ਵਸਤਾਂ ਨੂੰ ਹੋਰ ਥਾਂ ਰੱਖ ਕੇ, ਗੁਰੂ ਜੀ ਦੇ ਪਾਸ ਚਲਾ ਗਿਆ ਤੇ ਜਾ ਕੇ ਕਿਹਾ, "ਤੁਹਾਡੇ ਪ੍ਰਤਾਪ ਨਾਲ ਸਭ ਕੁਝ ਲੈ ਆਇਆ ਹਾਂ। ਪੋਸ਼ਾਕ, ਬਾਜ਼, ਢਾਲ ਤੇ ਤਲਵਾਰ ਸਹਿਤ ਲਿਆ ਕੇ ਕਿਸੇ ਹੋਰ ਥਾਂ ਰੱਖ ਦਿੱਤੀਆਂ ਹਨ। ਗੁਰੂ ਜੀ ਦੇ ਕੰਨਾਂ ਲਾਗੇ ਹੌਲੀ-ਹੌਲੀ ਬੋਲ ਕੇ ਜਿਹੜਾ ਕੰਮ ਕੀਤਾ ਸੀ ਸੁਣਾ ਦਿੱਤਾ। ਪੈਂਦਾ ਉਥੇ ਹੀ ਬੈਠਿਆ ਸੀ, ਗੁਰੂ ਜੀ ਨੇ ਹੋਰ ਖਿਆਲ ਵਿਚ ਸਮਾਂ ਬਤੀਤ ਕੀਤਾ॥੨੮॥

ਬਹੁਰ ਖਾਨ ਦਿਸ਼ਿ ਕਰੇ ਬਿਲੋਚਨ ਸ੍ਰੀ ਮੁਖ ਤੇ ਫੁਰਮਾਵਨ ਕੀਨਿ।
'ਅਜਹੁ ਸਮੁਝਿ ਕੁਛ ਬਿਗਰਜੋ ਨਾਹਿਨ ਦੀਜਹਿ ਬਾਜ਼ ਤੋਹਿ ਜੋ ਲੀਨਿ।
ਲੈਬੇ ਹੇਤੁ ਕਰਹਿਂ ਜੇ ਲਾਲਚ ਤਉ ਦੇਹਿਂ ਤੁਝ ਚਿਤ ਲਿਹੁ ਚੀਨ।
ਹਮ ਕੋ ਦਿਹੁ ਦਿਖਾਇ ਇਕ ਬਾਰੀ, ਬਹੁਰ ਲੇਹੁ ਤੁਮ, ਕੂਰ ਕਹੀਂ ਨ॥ ੨੯ ॥

ਫਿਰ ਗੁਰੂ ਜੀ ਨੇ ਖਾਨ ਵਲ ਨੈਣ ਕੀਤੇ ਤੇ ਮੁਖ ਤੋਂ ਫੁਰਮਾਇਆ, "ਹਾਲੇ ਵੀ ਸਮਝ ਲੈ ਕੁਝ ਵਿਗੜਿਆ ਨਹੀਂ, ਉਹ ਬਾਜ਼ ਦੇ ਦੇਵੇ ਜਿਹੜਾ ਤੂੰ ਲਿਆ ਹੈ। ਲੈਣ ਵਾਸਤੇ ਜੇ ਤੂੰ ਲਾਲਚ ਕਰਦਾ ਹੈਂ ਤਾਂ ਤੇਰੇ ਚਿੱਤ ਨੂੰ ਸਮਝ ਕੇ ਤੈਨੂੰ ਹੀ ਦੇ ਦੇਵਾਂਗੇ। ਸਾਨੂੰ ਇਕ ਵਾਰ ਵਿਖਾ ਦੇਵੇ, ਫਿਰ ਆਪ ਲੈ ਲਵੋ, ਅਸੀਂ ਝੂਠ ਨਹੀਂ ਕਹਿੰਦੇ ਹਾਂ॥੨੯॥

ਨਾਹਕ ਜਨਮ ਬਾਦ ਕਜੋਂ ਖੋਵਤਿ ਸਾਚੇ ਬਨੋ ਭੋਗਿ ਸੁਖ ਬ੍ਰਿੰਦ'।
ਸੁਨਤਿ ਕਹਤਿ ਭਾ, ਲਖਹਿ ਪ੍ਰਤਾਪ ਨ, ਭਾਵੀ ਪ੍ਰਬਲ ਕਰਜੋ ਮਤਿ ਮੰਦ।
'ਸ੍ਰੀ ਸਤਿਗੁਰ! ਤੁਮ ਕੂਰ ਕਹਤਿ ਹੋ ਔਚਕ ਤੁਹਮਤ ਦੇਤਿ ਬਿਲੰਦ।
ਜੇ ਉਰ ਨਿਸ਼ਚੇ ਕਰਤਿ ਨਹੀਂ ਪ੍ਰਭੁ! ਰਾਵਰਿ ਪਦ ਅਰਬਿੰਦ ਸੁਗੰਦ' ॥ ੩੦ ॥

ਫਜ਼ੂਲ ਵਿਚ ਜਨਮ ਕਿਉਂ ਗਵਾਉਂਦੇ ਹੋ, ਸੱਚੇ ਬਣੋ ਤੇ ਅਨੇਕਾਂ ਸੁੱਖ ਭੋਗੋ।" ਸੁਣਕੇ ਕਹਿਣ ਲੱਗਾ, ਪਰ ਗੁਰੂ ਜੀ ਦੇ ਪ੍ਰਤਾਪ ਨੂੰ ਨਾ ਸਮਝਿਆ, ਜ਼ਬਰਦਾਸ ਭਾਵੀ ਨੇ ਬੁੱਧੀ ਮਾੜੀ ਕਰ ਦਿੱਤੀ। "ਹੇ ਸਤਿਗੁਰੂ ਜੀ! ਤੁਸੀਂ ਝੂਠ ਕਹਿੰਦੇ ਹੋ, ਅਚਾਨਕ ਵੱਡੀ ਤੁਹਮਤ ਲਾਉਂਦੇ ਹੋ। ਹੇ ਪ੍ਰਭੂ! ਜੇ ਤੁਹਾਨੂੰ ਦਿਲ ਵਿਚ ਨਿਸ਼ਚਾ ਨਹੀਂ ਆਉਂਦਾ ਤਾਂ ਆਪ ਜੀ ਦੇ ਚਰਨ ਕੰਵਲਾਂ ਦੀ ਸੁਗੰਧ ਖਾ ਲੈਂਦਾ ਹਾਂ" ॥੩੦॥

ਕਰਿਕੈ ਚਰਨ ਦਿਸ਼ਾ ਨਿਜ ਕਰ ਕੇ ਤੀਨ ਬੇਰ ਕਰਿ ਸਪਥ ਸੁਨਾਇ।
ਭਾਵੀ ਬਸਿ ਹੁਇ ਭਾਖਤਿ ਮਿੱਥਜਾ ਗੁਰ ਪ੍ਰਤਾਪ ਦੀਨਸਿ ਬਿਸਰਾਇ।
ਅੰਤਰਜਾਮੀ ਸਮਰਥ ਸ੍ਰੀ ਪ੍ਰਭੁ ਤਿਨ ਕੋ ਸਭਿ ਨਰ ਸਮ ਲਖਿ ਪਾਇ।
ਕੂਰ ਸਪਥ ਕਰਿ ਸਾਚ ਬਨਜੋ ਚਹਿ 'ਮੈਂ ਨਹਿਂ ਪਿਖੀ ਬਾਜ਼ ਕੀ ਛਾਇ' ॥ ੩੧ ॥

ਆਪਣੇ ਹੱਥ ਨੂੰ ਗੁਰੂ ਜੀ ਦੇ ਚਰਨਾਂ ਵੱਲ ਕਰਕੇ ਤਿੰਨ ਵਾਰ ਸੁਗੰਧ ਸੁਣਾਈ। ਹੋਣੀ ਦੇ ਵੱਸ ਵਿਚ ਹੋ ਕੇ ਝੂਠ ਬੋਲਦਾ ਸੀ ਤੇ ਗੁਰੂ ਜੀ ਦੇ ਪ੍ਰਤਾਪ ਨੂੰ ਵਿਸਾਰ ਦਿੱਤਾ। ਅੰਤਰਜਾਮੀ ਗੁਰੂ ਜੀ ਸਰਬ ਸਮਰੱਥ ਸਨ, ਉਨ੍ਹਾਂ ਨੂੰ ਇਕ ਆਮ ਮਨੁੱਖ ਵਾਂਗ ਸਮਝਦਾ ਸੀ। ਝੂਠੀ ਸੌਂਹ ਚੁੱਕ ਸੱਚਾ ਬਣਨਾ ਚਾਹੁੰਦਾ ਸੀ, ਕਹਿਣ ਲੱਗਾ, "ਮੈਂ ਤਾਂ ਬਾਜ਼ ਦਾ ਪ੍ਰਛਾਵਾਂ ਵੀ ਨਹੀਂ ਵੇਖਿਆ ਹੈ" ॥੩੧॥

ਦੋਹਰਾ-ਗੁਰ ਕੋ ਡਰ ਉਰ ਤੁਰਕ ਤਜਿ, ਕੂਰ ਆਨ ਕੋ ਜਾਨਿ।
ਸ੍ਰੀ ਹਰਿਗੋਵਿੰਦ ਚੰਦ ਤਬਿ ਕੀਨਸਿ ਕ੍ਰੋਧ ਮਹਾਨ॥ ੩੨ ॥

ਤੁਰਕ ਨੇ ਗੁਰੂ ਜੀ ਦੇ ਡਰ ਨੂੰ ਦਿਲ ਵਿਚੋਂ ਵਿਸਾਰ ਦਿੱਤਾ। ਉਸ ਦੀ ਸੁਗੰਧ ਨੂੰ ਝੂਠੀ ਜਾਣ ਕੇ, ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਫਿਰ ਬਹੁਤ ਕ੍ਰੋਧ ਕੀਤਾ॥੩੨॥

*ਅੱਠਵੀਂ ਰਾਸ ਦਾ ਦਸਵਾਂ ਅਧਿਆਇ ਸਮਾਪਤ ਹੋਇਆ॥੧੦॥*

# ਅਧਿਆਇ ਗਿਆਰ੍ਹਵਾਂ

## ਪੈਂਦੇ ਖਾਨ ਦੀ ਬੇਮੁਖਤਾ

ਦੋਹਰਾ-ਕੂਰ ਆਨ ਕੌ ਜਾਨਿ ਮਨ ਸ੍ਰੀ ਗੁਰ ਕੀਨਿ ਬਖਾਨ।
'ਬਿਧੀਚੰਦ ਸਭਿ ਆਨਿ ਕਰਿ ਦਿਹੁ ਦਿਖਾਇ ਲੇ ਮਾਨ'॥ ੧॥

ਪੈਂਦੇ ਖਾਨ ਦੀ ਸਹੁੰ ਨੂੰ ਝੂਠੀ ਜਾਣ ਕੇ ਗੁਰੂ ਜੀ ਨੇ ਕਿਹਾ, "ਬਿਧੀ ਚੰਦ! ਸਾਰੀਆਂ ਚੀਜ਼ਾਂ ਲਿਆ ਕੇ ਵਿਖਾ ਦੇਵੋ ਤਾਕਿ ਸੱਚ ਮੰਨ ਲਵੇ"॥੧॥

ਸੈਯਾ ਛੰਦ-ਸੁਨਿ ਆਇਸੁ ਕੋ ਤਤਛਿਨ ਉਠਿ ਕਰਿ ਬਾਜ਼, ਪੁਸ਼ਾਕ, ਖੜਗ ਲੇ ਆਇ।
ਸਭਾ ਬੀਚ ਸਭਿਹੂੰਨਿ ਅਗਾਰੀ ਧਰਿ ਕਰਿ ਤਿਹ ਥਲ ਦੀਏ ਦਿਖਾਇ।
ਕ੍ਰੋਧ ਕਰਤਿ ਹੀ ਸਤਿਗੁਰ ਬੋਲੇ 'ਕਹੁ ਪਾਪੀ ਇਹੁ ਕਹਿਂ ਤੇ ਲਜਾਇ ?।
ਬਾਰ ਬਾਰ ਸਮੁਝਾਇ ਰਹੇ ਤੁਝ, ਰੇ ਮਤਿਮੰਦ! ਨ ਮਿੱਥਜਾ ਗਾਇ॥ ੨॥

ਇਹ ਸੁਣ ਕੇ ਗੁਰੂ ਜੀ ਦੀ ਆਗਿਆ ਮੰਨ ਕੇ ਬਿਧੀ ਚੰਦ ਤੁਰਤ ਉੱਠ ਕੇ ਬਾਜ਼, ਪੋਸ਼ਾਕ, ਤਲਵਾਰ ਅਤੇ ਢਾਲ ਨੂੰ ਲੈ ਆਇਆ। ਸਭਾ ਦੇ ਵਿਚ ਸਾਰਿਆਂ ਦੇ ਅੱਗੇ ਧਰ ਕੇ, ਉਥੇ ਸਾਰੀਆਂ ਵਸਤਾਂ ਵਿਖਾ ਦਿੱਤੀਆਂ। ਫਿਰ ਕ੍ਰੋਧ ਕਰਕੇ ਸਤਿਗੁਰੂ ਜੀ ਬੋਲੇ, "ਹੇ ਪਾਪੀ! ਕਹੋ ਇਹ ਵਸਤਾਂ ਕਿਥੋਂ ਆਈਆਂ ਹਨ? ਬਾਰ-ਬਾਰ ਤੈਨੂੰ ਸਮਝਾ ਰਹੇ ਹਾਂ ਕਿ ਹੇ ਮਾੜੀ ਮਤ ਵਾਲੇ! ਝੂਠ ਨਾ ਬੋਲ॥੨॥

ਕਹਜੋ ਨ ਮਾਨਜੋ ਮੂਰਖ! ਤੈਂ ਕੁਛ, ਕੂਰ ਕਹਤਿ ਭਾ ਬਡ ਹਠ ਧਾਰਿ'।
ਲਾਜ ਬਿਲੋਚਨ ਬੋਲ ਨ ਸਾਕਹਿ, ਨੀਚੀ ਗ੍ਰੀਵ ਸਚਿੰਤ ਬਿਚਾਰ।
ਪੁਨ ਗੁਰ ਕਹਜੋ 'ਕਹੈਂ ਕਜੋਂ ਨਾਂਹੀ, ਧਿਕ ਤੋਕਹੁ, ਨਹਿਂ ਸਾਚ ਉਚਾਰਿ।
ਨਿਮਕ ਹਰਾਮੀ ਸੂਰਤ ਬਨਿ ਕੈ ਬੈਠਿ ਰਹਜੋ ਕਜਾ ਕੀਨਿ ਗਵਾਰ॥ ੩॥

ਹੇ ਮੂਰਖ! ਸਾਡਾ ਕਿਹਾ ਨਹੀਂ ਮੰਨਿਆ ਹੈਂ, ਫਿਰ ਵੀ ਹੱਠ ਕਰਕੇ ਤੂੰ ਝੂਠ ਹੀ ਬੋਲਦਾ ਰਿਹਾ ਹੈਂ।" ਅੱਖਾਂ ਵਿਚ ਸ਼ਰਮ ਹੋਣ ਕਰਕੇ ਕੁਝ ਬੋਲ ਨਾ ਸਕਿਆ, ਨੀਵੀਂ ਧੌਣ ਕਰਕੇ ਚਿੰਤ ਸਹਿਤ ਵਿਚਾਰ ਕਰਦਾ ਰਿਹਾ। ਫਿਰ ਗੁਰੂ ਜੀ ਨੇ ਕਿਹਾ, "ਹੁਣ ਕਹਿੰਦਾ ਕਿਉਂ ਨਹੀਂ, ਤੈਨੂੰ ਧਿਰਕਾਰ ਹੈ, ਸੱਚ ਦਾ ਉਚਾਰਨ ਨਹੀਂ ਕੀਤਾ ਹੈ। ਨਿਮਕ ਹਰਾਮੀ ਸੂਰਤ ਬਣਾ ਕੇ ਬੈਠ ਰਿਹਾ ਹੈਂ, ਮੂਰਖ ਹੁਣ ਕੀ ਕਰ ਸਕਦਾ ਹੈਂ"॥੩॥

ਬੈਨ ਬਾਨ ਤੇ ਬਿਧਜੋ ਅਧਿਕ ਹੀ, ਝੂਠਾ ਭਯੋ, ਸਹਜੋ ਨਹਿਂ ਜਾਇ।
ਸਭਾ ਬਿਖੈ ਰਿਸ ਧਰਿ ਕੈ ਬੋਲਜੋ 'ਨਾਹਕ ਤੁਹਮਤ ਮੋਹਿ ਲਗਾਇ।
ਬਾਜ਼ ਸਦਨ ਮਹਿਂ ਰਾਖਨ ਕੀਨਸਿ ਕਹਜੋ ਫੇਰ ਕਿਨ ਲੀਨਿ ਛਿਪਾਇ।
ਅਬਿ ਨਿਕਾਸ ਲੇ ਆਇ ਸਭਾ ਮਹਿਂ, ਬਿਧੀਚੰਦ ਇਹੁ ਕਪਟ ਬਨਾਇ'॥੪॥

ਗੁਰੂ ਜੀ ਦੇ ਬਚਨ ਨਾਲ ਤੀਰ ਨਾਲੋਂ ਵੀ ਜ਼ਿਆਦਾ ਵਿੰਨ੍ਹਿਆ ਗਿਆ, ਝੂਠਾ ਹੋ ਗਿਆ ਸੀ, ਜੋ ਬਰਦਾਸ਼ਤ ਨਹੀਂ ਸੀ ਹੁੰਦਾ। ਸਭ ਵਿਚ ਗੁੱਸਾ ਧਾਰ ਕੇ ਬੋਲਿਆ, 'ਮੇਰੇ ਉਤੇ ਫਜ਼ੂਲ ਤੁਹਮਤ ਲਾਉਂਦੇ ਹੋ, ਬਾਜ਼ ਘਰ ਵਿਚ ਹੀ ਰਖਿਆ ਹੈ ਤੇ ਫਿਰ ਕਿਹਾ ਹੈ ਕਿਸੇ ਨੇ ਛੁਪਾ ਲਿਆ ਹੈ। ਹੁਣ ਕੱਢ ਕੇ ਸਭਾ ਵਿਚ ਲੈ ਆਏ ਹੋ, ਇਹ ਸਭ ਕੁਝ ਬਿਧੀ ਚੰਦ ਨੇ ਕਪਟ ਬਣਾਇਆ ਹੈ'॥੪॥

ਝੂਠਾ ਭਯੋ ਬਿਦਤ ਹੀ ਮੂਰਖ ਤਊ ਨ ਹਠ ਤਜਿ ਬੋਲਤਿ ਬੈਨ।
ਦੇਖਿ ਕੁਮਤਿ ਕੋ ਸ੍ਰੀ ਹਰਿਗੋਵਿੰਦ ਰਿਸ ਤੇ ਰਕਤ ਭਏ ਜੁਗ ਨੈਨ।
ਤਊ ਛਿਮਾ ਨਿਜ ਬਿਰਦ ਬਿਚਾਰਤਿ ਕਹਜੋ 'ਮੰਦ ਇਹ ਕਲਮਲ ਐਨ।
ਅਜਹੁਂ ਨ ਸਮੁਝਤਿ, ਸਾਚ ਬਨਹਿ ਜੜ੍ਹ, ਭਏ ਕੁਭਾਗ ਜੀਵਥੋ ਹੈ ਨ॥ ੫॥

ਮੂਰਖ ਪਰਗਟ ਤੌਰ ਤੇ ਝੂਠਾ ਹੋ ਗਿਆ ਫਿਰ ਹੱਠ ਨਾ ਛੱਡ ਕੇ ਬੋਲਦਾ ਸੀ। ਉਸ ਦੀ ਭੈੜੀ ਮੱਤ ਨੂੰ ਵੇਖ ਕੇ ਸ੍ਰੀ ਹਰਿਗੋਬਿੰਦ ਸਾਹਿਬ ਦੇ ਦੋਵੇਂ ਨੈਣ ਗੁੱਸੇ ਨਾਲ ਲਾਲ ਹੋ ਗਏ, ਫਿਰ ਵੀ ਖਿਮਾ ਵਾਸਤੇ ਆਪਣੇ ਬਿਰਦ ਵਿਚਾਰ ਕੇ ਕਿਹਾ, "ਇਹ ਬੜਾ ਮੂਰਖ ਤੇ ਪਾਪਾਂ ਦਾ ਘਰ ਹੈ। ਹਾਲੇ ਵੀ ਸਮਝਿਆ ਨਹੀਂ, ਮੂਰਖ ਸੱਚਾ ਬਣਦਾ ਹੈ। ਮਾੜੇ ਭਾਗ ਹਨ, ਹੁਣ ਇਹ ਜੀਊਂਦਾ ਨਹੀਂ ਰਹੇਗਾ॥੫॥

ਦੋਹਰਾ- ਸ੍ਰੀ ਨਾਨਕ ਮਸਨੰਦ ਪਰ ਕੂਰੀ ਸਪਥ ਕਰੰਤਿ।
ਨਹੀਂ ਉਚਿਤ ਹਮਰੇ ਰਹਜੋ, ਅਜਹੂੰ ਕੂਰ ਉਚਰੰਤਿ॥ ੬॥

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੀ ਝੂਠੀ ਸੁਗੰਧ ਚੁੱਕਦਾ ਹੈ। ਹੁਣ ਇਹ ਸਾਡੇ ਉਚਿਤ ਨਹੀਂ ਰਿਹਾ ਹੈ, ਹਾਲੇ ਵੀ ਝੂਠ ਬੋਲਦਾ ਹੈ॥੬॥

ਲਾਤ ਮੁਸ਼ਟ ਕਬਜ਼ਾਨ ਕੀ ਕਰੀਅਹਿ ਮਾਰ ਨਿਕਾਰ।
ਉਠਹੁ ਸੁਭਟ ਗਹੀਯਹਿ ਤੁਰਤ ਗੀਦੀ ਤੁਰਕ ਗਵਾਰ॥ ੭॥

ਤਲਵਾਰਾਂ ਦੀਆਂ ਮੁੱਠਾਂ ਦੀ ਮਾਰ ਮਾਰ ਕੇ, ਇਸ ਨੂੰ ਬਾਹਰ ਕੱਢ ਦੇਵੋ। ਹੇ ਸੂਰਬੀਰੋ ਉਠੋ ਤੇ ਇਸ ਕਾਇਰ ਤੁਰਕ ਗਵਾਰ ਨੂੰ ਤੁਰਤ ਫੜ ਲਵੋ"॥੭॥

ਸੈਯਾ ਛੰਦ- ਸੁਨਿ ਗੁਰ ਆਇਸੁ ਉਠੇ ਸਭਟ ਗਨ ਕਹੇ ਕੁਬਾਕਨਿ ਲਾਤ ਪ੍ਰਹਾਰ।
'ਗੁਰੂ ਸਭਾ ਤੇ ਨਿਕਸਹੁ ਬਾਹਰ' ਕਿਨਹੁ ਚਪੇਟ ਬਦਨ ਪਰ ਮਾਰਿ।
ਮੁਸ਼ਟਨਿ ਮਾਰ, ਹਤਹਿ ਕੋ ਕਬਜੇ, ਰਿਸ ਤੇ ਪਗੀਆ ਦੀਨਿ ਉਤਾਰਿ।
ਦੇਤਿ ਧਕੇਲਾ ਚਾਲਤਿ ਮੇਲਾ, ਉਠਜੋ ਧਕੇਲਤਿ ਫੇਰ ਨਿਹਾਰ॥ ੮॥

ਗੁਰੂ ਜੀ ਦੀ ਆਗਿਆ ਸੁਣ ਕੇ ਬਹੁਤ ਸੂਰਮੇ ਉੱਠੇ ਤੇ ਭੈੜੇ ਬਚਨ ਬੋਲ ਕੇ ਉਸ ਉਤੇ ਲੱਤਾਂ ਦੇ ਵਾਰ ਕੀਤੇ, "ਗੁਰੂ ਜੀ ਦੀ ਸਭਾ ਵਿਚੋਂ ਬਾਹਰ ਨਿਕਲੋ।" ਕਿਸੇ ਨੇ ਮੂੰਹ ਉਤੇ ਚਪੇੜ ਮਾਰੀ। ਕਿਸੇ ਨੇ ਤਲਵਾਰ ਦੀਆਂ ਮੁੱਠਾਂ ਦੇ ਵਾਰ ਕੀਤੇ ਤੇ ਕਿਸੇ ਕਬਜ਼ੇ ਮਾਰੇ ਤੇ ਗੁੱਸੇ ਵਿਚ ਆ ਕੇ ਉਸ ਦੀ ਪੱਗ ਲਾਹ ਦਿੱਤੀ। ਧੱਕੇ ਦਿੰਦੇ ਹੋਏ ਨਾਲ-ਨਾਲ ਚਲਦੇ ਹਨ। ਧੱਕੇ ਦਿੰਦੇ ਹਨ, ਫਿਰ ਉਠਿਆ ਵੇਖ ਕੇ ਧੱਕੇ ਦਿੰਦੇ ਹਨ॥੮॥

ਲੇ ਕਰਿ. ਜਾਤਿ ਮਾਰ ਬਹੁ ਕਰਤੇ ਤਉ ਗਰਬ ਤੇ ਗਿਰਾ ਸੁਨਾਇ।
'ਸ੍ਰੀ ਗੁਰ! ਮੋਹਿ ਸੰਗ ਜਿਮ ਕੀਨੀ ਇਸ ਕੋ ਫਲ ਤੁਮ ਲੈਹੋ ਪਾਇ।
ਸ਼ਾਹਜਹਾਂ ਸੋਂ ਮਿਲਿ ਕੈ ਸਭਿ ਕਹਿ, ਸ਼ੀਘ੍ਰ ਬਾਹਨੀ ਬ੍ਰਿੰਦ ਚਢਾਇ।
ਆਨਿ ਗਹੌਂ ਤੁਮ ਕੋ ਨਿਜ ਬਲ ਤੇ ਤੋ ਪਲਟਾ ਮੇਰੇ ਕਰ ਆਇ'॥ ੯॥

ਜਦ ਮਾਰਦੇ ਲੈ ਕੇ ਜਾ ਰਹੇ ਸਨ ਤਾਂ ਬੜੇ ਘੁਮੰਡ ਵਿਚ ਆ ਕੇ ਬੋਲਿਆ, "ਸ੍ਰੀ ਗੁਰੂ ਜੀ ਨੇ ਮੇਰੇ ਨਾਲ ਜਿਸ ਤਰ੍ਹਾਂ ਕੀਤੀ ਹੈ, ਇਸ ਦਾ ਫਲ ਤੁਸੀਂ ਪਾ ਲਵੋਗੇ। ਸ਼ਾਹਜਹਾਂ ਨੂੰ ਮਿਲ ਕੇ ਤੇ ਸਾਰੀ ਗੱਲ ਕਹਿ ਕੇ ਛੇਤੀ ਹੀ ਬਹੁਤ ਫੌਜ ਚੜ੍ਹਾ ਕੇ ਲਿਆਵਾਂਗਾ। ਆਪਣੇ ਬਲ ਨਾਲ ਆ ਕੇ ਤੈਨੂੰ ਫੜ ਲਵਾਂਗਾ ਤਦ ਬਦਲਾ ਮੇਰੇ ਹੱਥ ਆਵੇਗਾ"॥੯॥

ਸ੍ਰੀ ਗੁਰ ਭਨਜੋ 'ਜਥਾ ਤੁਵ ਮਨ ਮੈਂ ਤਥਾ ਕਰਹੁ ਬਲ ਬੁਧਿ ਉਪਜਾਇ।
ਇਮ ਤੁਵ ਕਹਿਬੇ ਡਰਤਿ ਨਹੀਂ ਹਮ, ਨਿਜ ਕਰਨੀ ਫਲ ਕੋ ਅਬਿ ਪਾਇ।
ਨਿਮਕਹਰਾਮੀ ਬਾਜ਼ ਦੁਰਾਯੋ ਕੂਰੀ ਸਪਥ ਕਰੀ ਇਸ ਥਾਇਂ।
ਚਹੀਯਤਿ ਕੈਦ, ਤਊ ਤੁਝ ਛੋਰਾ, ਕਰਤਿ ਰਹੋ ਜੈਸੇ ਮਨ ਭਾਇ' ॥ ੧੦ ॥

ਸ੍ਰੀ ਗੁਰੂ ਜੀ ਨੇ ਕਿਹਾ, ''ਜਿਵੇਂ ਵੀ ਤੇਰੇ ਮਨ ਵਿਚ ਹੈ, ਉਸ ਤਰ੍ਹਾਂ ਬਲ ਬੁਧੀ ਲਾ ਕੇ ਕਰੋ। ਤੇਰੇ ਇਸ ਤਰ੍ਹਾਂ ਕਹਿਣ ਤੇ ਅਸੀਂ ਡਰਦੇ ਨਹੀਂ, ਹੁਣ ਤੂੰ ਆਪਣੀ ਕਰਨੀ ਦਾ ਫਲ ਪਾਵੇਂਗਾ। ਨਿਮਕਹਰਾਮੀ ਤੂੰ ਬਾਜ਼ ਲੁਕਾਇਆ ਸੀ ਤੇ ਏਥੇ ਆ ਕੇ ਝੂਠੀ ਸੌਂਹ ਚੁੱਕੀ। ਤੈਨੂੰ ਕੈਦ ਕਰਨਾ ਚਾਹੁੰਦੇ ਸੀ, ਪਰ ਤੈਨੂੰ ਛੱਡ ਦਿੱਤਾ ਹੈ, ਤਾਂਕਿ ਆਪਣੇ ਮਨ ਦੀ ਇੱਛਾ ਅਨੁਸਾਰ ਜਿਵੇਂ ਚਾਹੁੰਦਾ ਹੈਂ ਕਰਦਾ ਰਹੇਂ' ॥੧੦॥

ਨਿਸ਼ਠੁਰ ਸੁਨਿ ਪੁਨ, ਸੁਭਟਨਿ ਰਿਸ ਮਨ, ਗਹੀ ਗ੍ਰੀਵ ਲੈ ਚਲੇ ਧਕੇਲ।
ਮਾਰਤਿ ਮੁਸ਼ਟਨ ਲਾਤਨਿ ਕੋ ਤਨ ਕਰਜੋ ਅਗਾਰੀ ਬਲ ਤੇ ਪੇਲ।
'ਅਜਹੁ ਮੂਢ ਤੂੰ ਬੋਲਤਿ ਸਮਸਰ, ਬਚਕੈ ਜਾਹੁ ਗ੍ਰਾਮ ਨਿਜ ਗੈਲ'।
ਸ੍ਰੀ ਕਰਤਾਰ ਪੁਰੇ ਕੀ ਹਦ ਲੌਂ ਕਰਜੋ ਨਿਕਾਰਨ ਹੁਇ ਕਰਿ ਗੈਲ ॥ ੧੧ ॥

ਗੁਰੂ ਜੀ ਦੇ ਕਰੜੇ ਬਚਨ ਸੁਣ ਕੇ ਸੂਰਮੇ ਮਨ ਵਿਚ ਕ੍ਰੋਧ ਧਾਰ ਕੇ, ਧੌਣ ਤੋਂ ਫੜ ਕੇ ਧੱਕ ਰਹੇ ਸਨ। ਮੁਕੀਆਂ ਅਤੇ ਲੱਤਾਂ ਮਾਰਦੇ ਸਨ ਤੇ ਤਾਕਤ ਨਾਲ ਧਕ ਕੇ ਅੱਗੇ ਲਾ ਲਿਆ। 'ਹਾਲੇ ਵੀ ਮੂਰਖ ਬਰਾਬਰ ਝੂਠ ਬੋਲਦਾ ਹੈਂ, ਬਚ ਕੇ ਆਪਣੇ ਪਿੰਡ ਦੇ ਰਾਹੇ ਪੈ ਜਾ'', ਤੇ ਸੂਰਮਿਆ ਨਾਲ-ਨਾਲ ਜਾ ਕੇ ਕਰਤਾਰਪੁਰ ਦੀ ਹੱਦ ਵਿਚੋਂ ਬਾਹਰ ਕੱਢ ਦਿੱਤਾ॥੧੧॥

ਅਧਿਕ ਮਾਰ ਕਰਿ ਦੁਖਤਿ ਕਰਜੋ ਬਹੁ ਸਤਿਗੁਰ ਕੇ ਜੋਧਾ ਪੁਨ ਆਇ।
ਛੋਟੇ ਮੀਰ ਗ੍ਰਾਮ ਕੇ ਮਾਰਗ ਲੋਚਨ ਤੇ ਜਲ ਮੋਚਤਿ ਜਾਇ।
ਦੀਰਘ ਸ੍ਵਾਸ ਲੇਤਿ ਹੈ ਪੁਨ ਪੁਨ ਸੂਕੇ ਅਧਰ ਬਦਨ ਕੁਮਲਾਇ।
ਸਿਰ ਕੇ ਬਾਰ ਉਰਝ ਕਰਿ ਬਿਥਰੇ, ਬਸਤ੍ਰ ਫਟੇ ਕੁਛ ਬਡ ਬਿਕੁਲਾਇ ॥ ੧੨ ॥

ਬਹੁਤ ਮਾਰ ਨੇ ਦੁਖੀ ਕੀਤਾ, ਫਿਰ ਸਤਿਗੁਰੂ ਦੇ ਬਹੁਤ ਯੋਧੇ ਆਏ। ਛੋਟੇ ਮੀਰ ਪਿੰਡ ਦੇ ਰਾਹ ਅੱਖਾਂ ਵਿਚੋਂ ਜਲ ਵਗਾਉਂਦਾ ਜਾ ਰਿਹਾ ਸੀ। ਲੰਮੇ-ਲੰਮੇ ਸਾਹ ਲੈ ਰਿਹਾ ਸੀ, ਬਾਰ-ਬਾਰ ਬੁਲ੍ਹ ਸੁਕਦੇ ਸਨ ਤੇ ਚਿਹਰਾ ਕੁਮਲਾ ਗਿਆ ਸੀ। ਸਿਰ ਦੇ ਵਾਲ ਉਲਝ ਕੇ ਖਿਲਰੇ ਸਨ, ਕੱਪੜੇ ਪਾਟੇ ਹੋਏ ਸਨ ਤੇ ਬੜਾ ਵਿਆਕੁਲ ਹੋਇਆ ਸੀ॥੧੨॥

ਰਿਦੈ ਬਿਚਾਰਤਿ ਪੰਥ ਸਿਧਾਰਤਿ, ਗੁਰ ਕੇ ਸਮੁਖ ਕਰੋਂ ਮੈਂ ਜੰਗ।
ਹੁਇ ਸਮੀਪ ਗਹਿ ਲੈਹੋਂ ਤਤਛਿਨ, ਗਰ ਮੈਂ ਬਸਤ੍ਰ ਪਾਇ ਬਲ ਸੰਗ।
ਕਰੌਂ ਦੀਨ ਤਬਿ ਪ੍ਰਾਪਤਿ ਪਲਟਾ, ਜੀਵਨ ਹੋਇ ਤਬੈ ਸਰਬੰਗ।
ਤੌ ਪੈਂਦਾ ਮੈਂ ਨਾਮ ਕਹਾਵੌਂ, ਬੈਠੌਂ ਖਾਨਨਿ ਸਭਾ ਉਮੰਗ ॥ ੧੩ ॥

ਹਿਰਦੇ ਵਿਚ ਵਿਚਾਰਦਾ ਰਾਹੇ ਰਾਹ ਜਾ ਰਿਹਾ ਸੀ, 'ਗੁਰੂ ਦੇ ਸਾਹਮਣੇ ਹੋ ਕੇ ਮੈਂ ਜੰਗ ਕਰਾਂਗਾ। ਨੇੜੇ ਹੋ ਕੇ ਤੁਰਤ ਫੜ ਲਵਾਂਗਾ ਤੇ ਸ਼ਕਤੀ ਨਾਲ ਗਲ ਵਿਚ ਕਪੜਾ ਪਾਵਾਂਗਾ। ਦੀਨ ਕਰਕੇ ਮੈਂ ਬਦਲਾ ਪ੍ਰਾਪਤ ਕਰਾਂਗਾ, ਫਿਰ ਹੀ ਮੇਰਾ ਜੀਊਣ ਯੋਗ ਹੋਵੇਗਾ। ਫਿਰ ਮੈਂ ਪੈਂਦਾ ਆਪਣਾ ਨਾਂ ਕਹਾਵਾਂਗਾ ਤੇ ਖਾਨਾਂ ਦੀ ਸਭਾ ਵਿਚ ਬੜੇ ਚਾਅ ਨਾਲ ਬੈਠਾਂਗਾ' ॥੧੩॥

ਜਿਨ ਮਹਿਂ ਹੁਤੇ ਸਨੇਹ ਅਧਿਕ ਹੀ, ਹੋਨਹਾਰ ਅਸ ਦ੍ਵੈਸ਼ ਉਪਾਇ।
ਸਦਨ ਪ੍ਰਵੇਸ਼ਜੋ ਤੂਸ਼ਨਿ ਮੁਖ ਤੇ ਅੱਗ੍ਰ ਦਮਾਦ ਮਿਲਜੋ ਦੁਖ ਪਾਇ।

ਬਿਸਮਤਿ ਕਹਤਿ 'ਬਾਜ਼ ਕਿਨ ਚੋਰਯੋ? ਪੋਸ਼ਿਸ਼ ਖੜਗ ਸਮੇਤ ਉਠਾਇ।
ਨਹੀਂ ਸਦਨ ਮੈਂ, ਕੋ ਨਰ ਤਸਕਰ, ਕੋ ਅਸ ਪਹੁੰਚਯੋ ਲਿਯੋ ਚੁਰਾਇ' ॥੧੪॥

ਜਿਨ੍ਹਾਂ ਵਿਚ ਜ਼ਿਆਦਾ ਪਿਆਰ ਹੁੰਦਾ ਹੈ, ਹੋਣੀ ਉਨ੍ਹਾਂ ਵਿਚ ਅਜਿਹਾ ਦ੍ਵੈਖ ਪੈਦਾ ਕਰਦੀ ਹੈ। ਘਰ ਦੇ ਵਿਚ ਚੁੱਪ ਕੀਤ
ਦਾਖਲ ਹੋਇਆ, ਸਾਹਮਣੇ ਦਾਮਾਦ ਦੁਖ ਪਾ ਕੇ ਮਿਲਿਆ। ਬੜਾ ਹੈਰਾਨ ਹੋ ਕੇ ਕਹਿਣ ਲੱਗਾ, "ਬਾਜ਼ ਨੂੰ ਕਿਸ ਨੇ
ਚੁਰਾਇਆ ਹੈ। ਪੋਸ਼ਾਕ ਨੂੰ ਤਲਵਾਰ ਸਹਿਤ ਕੋਈ ਲੈ ਗਿਆ ਹੈ। ਘਰ ਵਿਚ ਕੁਝ ਵੀ ਨਹੀਂ ਹੈ, ਕੋਈ ਚੋਰ ਏਥੇ ਪਹੁੰਚਿਆ ਹੈ
ਤੇ ਚੁਰਾ ਕੇ ਲੈ ਗਿਆ ਹੈ" ॥੧੪॥

ਸੁਨਿ ਦਮਾਦ ਤੇ ਦੁਖੀ ਅਧਿਕ ਮਨ ਤਾੜਿ ਬਿਲੋਚਨ ਬੋਲਤਿ ਬਾਤ।
'ਪਤਿ ਮੇਰੀ ਮਹਿਂ ਰਖ਼ਨਾ ਪਾਇਵ, ਕਰੀ ਹਟਾਵਨ ਰੋਜ਼ੀ ਖਾਤਿ।
ਤਊ ਨ ਬਾਜ਼ ਨਿਕਟਿ ਰਖਿ ਸਾਕਯੋ, ਦਿਨ ਮਹਿਂ ਚੁਰਿਵਾਇਵ ਲਖਿ ਘਾਤ।
ਕ੍ਰੋਧਤਿ ਗੁਰੂ ਮਾਰ ਕਰਿਵਾਇਸੁ ਦਿਯੋ ਨਿਕਾਸਿ ਮੋਹਿ ਹਤਿ ਲਾਤਿ' ॥੧੫॥

ਦਾਮਾਦ ਤੋਂ ਇਸ ਤਰ੍ਹਾਂ ਸੁਣ ਕੇ ਮਨ ਵਿਚ ਬਹੁਤ ਦੁਖੀ ਹੋਇਆ ਅੱਖਾਂ ਨੂੰ ਤਾੜ ਕੇ ਗੱਲ ਕੀਤੀ, "ਮੇਰੀ ਪਤਿ ਵਿਚ
ਫਰਕ ਪਾਇਆ ਹੈ, ਜਿਹੜੀ ਰੋਜ਼ੀ ਖਾਂਦੇ ਸੀ, ਉਹ ਬੰਦ ਕਰ ਦਿੱਤੀ ਹੈ। ਫਿਰ ਵੀ ਤੂੰ ਬਾਜ਼ ਨੂੰ ਆਪਣੇ ਪਾਸ ਨਹੀਂ ਰੱ
ਸਕਿਆ, ਦਿਨ ਦੇ ਸਮੇਂ ਘਾਤ ਲਾ ਕੇ ਚੋਰੀ ਕਰਕੇ ਲੈ ਗਏ ਹਨ। ਗੁਰੂ ਨੇ ਗੁੱਸੇ ਵਿਚ ਆ ਕੇ ਮਾਰ ਪਵਾਈ ਹੈ ਤੇ ਲੱਤਾਂ ਮਾ
ਕੇ ਮੈਨੂੰ ਦਰਬਾਰ ਵਿਚੋਂ ਕੱਢ ਦਿੱਤਾ ਹੈ" ॥੧੫॥

ਕਹਿ ਦਮਾਦ 'ਨਹਿਂ ਚਿੰਤਾ ਧਰੀਯਹਿ ਤੁਝ ਬਲ ਜਾਨਤਿ ਜਗ ਬਖਯਾਤ।
ਸ਼ਾਹੁ ਜਹਾਂ ਕੇ ਸੰਗ ਮਿਲਾਵੌਂ ਅਧਿਕ ਜੀਵਕਾ ਦੇ ਹੈ ਦਾਤਿ।
ਲਸ਼ਕਰ ਸੰਗ ਹਜ਼ਾਰਹੁਂ ਲੈ ਕੇ ਪੁਨ ਆਵਹਿਂ ਹਮ ਚਢਿ ਕਰਿ ਘਾਤ।
ਕਿਧੌਂ ਪਕਰਿ ਕਰਿ ਲੇ ਗੁਰ ਚਲਿ ਹੈਂ ਸ਼ਾਹਜਹਾਂ ਢਿਗ, ਤੌ ਸ਼ੁਭ ਬਾਤ ॥੧੬॥

ਦਾਮਾਦ ਨੇ ਕਿਹਾ, "ਤੁਸੀਂ ਚਿੰਤਾ ਨਾ ਕਰੋ, ਤੁਹਾਡੀ ਸ਼ਕਤੀ ਨੂੰ ਪ੍ਰਗਟ ਰੂਪ ਵਿਚ ਸਾਰਾ ਜੱਗ ਜਾਣਦਾ ਹੈ। ਸ਼ਾਹਜਹ
ਦੇ ਨਾਲ ਮਿਲਾਵਾਂਗਾ, ਉਹ ਜ਼ਿਆਦਾ ਤਨਖ਼ਾਹ ਦਾਤ ਵਜੋਂ ਦੇਵੇਗਾ। ਜਾਂ ਗੁਰੂ ਨੂੰ ਫੜ ਕੇ ਸ਼ਾਹ ਜਹਾਨ ਪਾਸ ਲੈ ਜਾਵਾਂ
ਤਾਂ ਬਹੁਤ ਚੰਗੀ ਗੱਲ ਹੋਵੇਗੀ ॥੧੬॥

ਬਾਜ਼ ਚੁਰਾਯੋ ਪਿਖਯੋ ਨ ਦ੍ਰਿਗ ਮੈਂ ਪਹੁੰਚਯੋ ਕੁਸ਼ਲ ਸਹਿਤ ਤਹਿਂ ਜਾਇ।
ਕੈਸੋ ਹੋਤਿ ਅਨਿਕ ਭਟ ਸੰਗੈ, ਮਾਰਿ ਖੜਗ ਦੇਤੋ ਉਥਲਾਇ।
ਸੁਪਤਿ ਮ੍ਰਿਤਕ ਕੇ ਸਮਸਰ ਕਹੀਯਤਿ, ਕਹਾਂ ਕਰੌਂ ਕੁਛ ਕਹਯੋ ਨ ਜਾਇ।
ਅਬਿ ਪਲਟਾ ਲੈਬੇ ਕਹੁ ਸਮਰਥ, ਦਿਨ ਥੋਰਨ ਮੈਂ ਕਰੌਂ ਉਪਾਇ॥ ੧੭॥

ਬਾਜ਼ ਚੁਰਾਇਆ ਹੈ ਮੈਂ ਅੱਖਾਂ ਨਾਲ ਨਹੀਂ ਵੇਖਿਆ ਹੈ, ਠੀਕ ਠਾਕ ਉਥੇ ਪਹੁੰਚ ਗਿਆ ਹੈ। ਭਾਵੇਂ ਕਿੰਨੇ ਵੀ ਸੂਰ
ਨਾਲ ਹੁੰਦੇ, ਤਲਵਾਰ ਮਾਰ ਕੇ ਉਲਟਾ ਦਿੰਦਾ। ਸੁੱਤੇ ਨੂੰ ਮਰੇ ਹੋਏ ਦੇ ਬਰਾਬਰ ਕਹਿੰਦੇ ਹਨ, ਕੀ ਕਹਾਂ ਕੁਝ ਕਿਹਾ ਨ
ਜਾਂਦਾ ਹੈ। ਹੁਣ ਬਦਲਾ ਲੈਣ ਦੇ ਸਮਰੱਥ ਹਾਂ, ਥੋੜ੍ਹੇ ਦਿਨਾਂ ਵਿਚ ਹੀ ਉਪਾਅ ਕਰਾਂਗਾ ॥੧੭॥

ਧਰਹੁ ਖ਼ਾਨ ਜੀ ਧੀਰਜ ਉਰ ਮੈਂ, ਤਜਾਗੋ ਚਿੰਤਾ, ਸ਼ੋਕ ਨ ਧਾਰਿ।
ਡੀਲ ਬਡੋ ਅਰੁ ਪ੍ਰਾਕ੍ਰਮ ਦੀਰਘ, ਕੌਨ ਸਕਹਿ ਰਣ ਬਿਖੈ ਸਹਾਰ।

ਅਪਨੋ ਬਲ ਨ ਬਿਸਾਰਹੁ ਚਿਤ ਤੇ ਉੱਦਮ ਧਰਹੁ ਲੇਹੁ ਰਿਪੁ ਮਾਰਿ।
ਕਰਹੁ ਸ਼ਨਾਨ ਬਸਨ ਸੁਭ ਪਹਿਰੋ ਜਹਿਂ ਕਹਿਂ ਨਿਜ ਹਾਨੀ ਨ ਉਚਾਰਿ' ॥੧੮॥

ਹੇ ਖਾਨ ਜੀ ! ਦਿਲ ਵਿਚ ਧੀਰਜ ਧਾਰਨ ਕਰੋ, ਚਿੰਤਾ ਨੂੰ ਛੱਡੋ ਤੇ ਦੁਖ ਨਾ ਧਾਰਨ ਕਰੋ। ਤੁਹਾਡਾ ਸਰੀਰ ਵੱਡਾ ਹੈ ਅਤੇ ਵੱਡੇ ਤੁਹਾਡੇ ਪ੍ਰਾਕ੍ਰਮ ਹਨ, ਤੁਹਾਡੇ ਵਾਰ ਨੂੰ ਰਣਖੇਤਰ ਵਿਚ ਕੌਣ ਸਹਾਰ ਸਕਦਾ ਹੈ। ਚਿੱਤ ਤੋਂ ਆਪਣੀ ਸ਼ਕਤੀ ਨੂੰ ਨਾ ਵਿਸਾਰੋ, ਉੱਦਮ ਧਾਰ ਕੇ ਵੈਰੀ ਨੂੰ ਮਾਰੋ। ਇਸ਼ਨਾਨ ਕਰੋ ਤੇ ਸੁੰਦਰ ਕਪੜੇ ਪਹਿਣੋ, ਜਿਥੇ ਕਿਥੇ ਆਪਣੀ ਹਾਨੀ ਦਾ ਉਚਾਰਨ ਨਾ ਕਰੋ'' ॥੧੮॥

ਕਹਿ ਪੈਂਦਾ, 'ਮੁਝ ਸ਼ਾਂਤਿ ਨ ਪਰਿ ਹੈ, ਕਰਕਤਿ ਰਿਦੈ ਪਰੀ ਤਨ ਮਾਰ।
ਅਧਿਕ ਅਨਾਦਰ ਤੇ ਦੁਖ ਪਾਵਤਿ, ਮਰਜੋ ਨ ਮੈਂ ਸਭਿ ਲਈ ਸਹਾਰ।
ਜਬਿ ਲੌ ਪਲਟਾ ਲੇਉਂ ਨ ਅਪਨੋ, ਧਿਕ ਜੀਵਨ ਮੇਰੋ ਸੰਸਾਰ।
ਦਿਵਸ ਆਜ ਕੋ ਬਿਸਰੈਂ ਨਾਂਹੀ ਮਰਣ ਪ੍ਰਯੰਤ, ਕਰਜੋ ਨਿਰਧਾਰ' ॥ ੧੯॥

ਪੈਂਦੇ ਨੇ ਕਿਹਾ, ''ਮੈਨੂੰ ਸ਼ਾਂਤੀ ਨਹੀਂ ਆਉਂਦੀ ਹੈ, ਹਿਰਦਾ ਕੜਕਦਾ ਹੈ, ਸਰੀਰ ਨੂੰ ਬਹੁਤ ਮਾਰ ਪਈ ਹੈ। ਬਹੁਤ ਬੇਇੱਜ਼ਤੀ ਕਰਵਾ ਕੇ ਦੁਖ ਪਾਇਆ ਹੈ, ਮੈਂ ਮਰਿਆ ਨਹੀਂ ਸਾਰੀ ਕੁੱਟ ਸਹਾਰ ਲਈ ਹੈ। ਜਦ ਤਕ ਆਪਣਾ ਬਦਲਾ ਨਹੀਂ ਲਵਾਂਗਾ ਤਦ ਤਕ ਸੰਸਾਰ ਤੇ ਮੇਰਾ ਜੀਊਣਾ ਧਿਰਕਾਰ ਹੈ। ਅੱਜ ਦਾ ਦਿਨ ਮਰਨ ਤਕ ਮੈਥੋਂ ਵਿਸਾਰਿਆ ਨਹੀਂ ਜਾਣਾ, ਇਹ ਗੱਲ ਮੈਂ ਸਮਝੀ ਹੈ'' ॥੧੯॥

ਇੱਤਜਾਦਿਕ ਕਰਿ ਬਾਤ ਪਰਸਪਰ ਕਰਜੋ ਸ਼ਨਾਨ ਪੈਂਦ ਖਾਂ ਬਾਰਿ।
ਨੀਠ ਨੀਠ ਤੇ ਖਾਨਾਂ ਖਾਯਹੁ, ਖਾਂ ਅਸਮਾਨ ਭਨਜੋ ਬਹੁ ਬਾਰ।
ਚਿਤਵਤਿ ਚਿੰਤਾ ਚਿਤ ਮਹਿਂ ਸੁਖ ਬਿਨ, ਕੇਤਿਕ ਦਿਵਸ ਦਿਏ ਇਮ ਟਾਰਿ।
ਸਭਿ ਖਾਨਨ ਮਹਿਂ ਬਿਦਤਿ ਭਈ ਗਤਿ 'ਨਿਮਕਹਰਾਮੀ' ਕਿਤਿਕ ਉਚਾਰ ॥੨੦॥

ਆਪਸ ਵਿਚ ਇੱਤਆਦਿ ਗੱਲਾਂ ਕਰਕੇ, ਪੈਂਦੇ ਖਾਨ ਨੇ ਪਾਣੀ ਨਾਲ ਇਸ਼ਨਾਨ ਕੀਤਾ। ਮਸਾਂ-ਮਸਾਂ ਖਾਣਾ ਖਾਧਾ, ਅਸਮਾਨ ਖਾਂ ਨੇ ਜਦ ਬਹੁਤ ਵਾਰੀ ਕਿਹਾ। ਚਿੱਤ ਵਿਚ ਚਿੰਤਾ ਕਰਦਾ ਰਹਿੰਦਾ ਸੀ ਤੇ ਇਸ ਤਰ੍ਹਾਂ ਸੁਖ ਬਗੈਰ ਕਈ ਦਿਨ ਗੁਜ਼ਾਰ ਦਿੱਤੇ। ਸਾਰੇ ਪਠਾਣਾਂ ਵਿਚ ਇਹ ਗੱਲ ਮਸ਼ਹੂਰ ਹੋ ਗਈ ਤੇ ਕਈ ਲੋਕ ''ਨਿਮਕਹਰਾਮੀ ਉਚਾਰਨ ਕਰਦੇ ਸਨ ॥੨੦॥

ਬਸੀ ਨਾਮ, ਬਹੁ ਗ੍ਰਾਮਨ ਕੋ ਕਹਿਂ ਸਕਲ ਪਠਾਨਨਿ ਲੀਨਿ ਬਸਾਇ।
ਸਭਿ ਮਹਿਂ ਫਿਰਜੋ ਸਲਾਹ ਕਰਤਿ ਇਮ 'ਹਿੰਦੂ ਗੁਰ ਸਭਿ ਕੋ ਦੁਖਦਾਇ।
ਸਨੇ ਸਨੇ ਛੀਨਿਹਿ ਘਰ ਤੁਮਰੇ, ਨਹਿਂ ਜਾਨਹੁ, ਕੁਛ ਕਰਹੁ ਉਪਾਇ।
ਮਿਲਹੁ ਸਕਲ, ਬਲ ਧਰਹੁ ਬਿਸਾਲਾ, ਮਹਾਂ ਸ਼ੱਤ੍ਰੂ ਕੋ ਲੇਂ ਜਿਮ ਘਾਇ ॥ ੨੧॥

ਪਠਾਣਾਂ ਨੇ ਛੋਟੇ-ਛੋਟੇ ਬਹੁਤ ਪਿੰਡ ਵਸਾਏ ਸਨ, ਸਾਰਿਆਂ ਨੂੰ ਬਸੀ ਪਠਾਣਾਂ ਦੀ ਕਹਿੰਦੇ ਸਨ। ਸਾਰਿਆਂ ਵਿਚ ਇਸ ਤਰ੍ਹਾਂ ਸਲਾਹ ਕਰਦਾ ਫਿਰਿਆ, ''ਹਿੰਦੂ ਗੁਰੂ ਸਭ ਨੂੰ ਦੁਖ ਦਿੰਦੇ ਹਨ, ਹੌਲੀ-ਹੌਲੀ ਤੁਹਾਡੇ ਘਰ ਖੋਹ ਲਵੇਗਾ, ਤੁਸੀਂ ਜਾਣਦੇ ਨਹੀਂ ਕੁਝ ਉਪਾਅ ਕਰੋ। ਸਾਰੇ ਮਿਲ ਕੇ ਵਿਸ਼ਾਲ ਬਲ ਧਾਰਨ ਕਰੋ, ਮਹਾਨ ਵੈਰੀ ਨੂੰ ਜਿਵੇਂ ਕਿਵੇਂ ਮਾਰ ਲਵੋ ॥੨੧॥

ਗੁਰ ਮਾਰੇ, ਹਜ਼ਰਤ ਉਰ ਹਰਖੈ, ਮਨਸਬ ਸਭਿ ਕੇ ਕਰਹਿ ਸਵਾਇ।
ਸੰਚਜੋ ਦਰਬ ਧਰਜੋ ਜਿਸ ਬਲ ਮੈਂ ਸੋ ਜਾਨੋਂ ਮੈਂ ਸਨਹੁ ਸਹਾਇ।

ਲਾਖਹੁ ਲੂਟ ਕਰਹੁ ਸੁਖ ਭੋਗਨ, ਕਿਮ ਹਿੰਦੂ ਢਿਗ ਰਹਿਬੋ ਪਾਇ।
ਸੈਨਾ ਸਾਥ ਲਰਹੁ ਤੁਮ ਸਗਰੇ ਮੈਂ ਗੁਰ ਕੋ ਰਣ ਲੈਹੋਂ ਘਾਇ॥ ੨੨॥

ਗੁਰੂ ਦੇ ਮਾਰੇ ਜਾਣ ਨਾਲ, ਬਾਦਸ਼ਾਹ ਦਿਲ ਵਿਚ ਬਹੁਤ ਪ੍ਰਸੰਨ ਹੋਵੇਗਾ ਤੇ ਸਾਰਿਆਂ ਦੇ ਅਹੁਦੇ ਵਧਾ ਦੇਵੇਗਾ। ਧਨ ਇਕੱਠਾ ਕਰਕੇ ਜਿਥੇ ਰਖਿਆ ਹੈ, ਉਹ ਮੈਂ ਜਾਣਦਾ ਹਾਂ, ਮੈਂ ਤੁਹਾਡਾ ਸਹਾਇਕ ਬਣਾਂਗਾ। ਆਪਣੇ ਸੁੱਖ ਭੋਗਣ ਵਾਸਤੇ ਲੱਖਾਂ ਦੀ ਲੁਟ ਕਰੋ, ਇਕ ਹਿੰਦੂ ਪਾਸ ਇਹ ਧਨ ਕਿਵੇਂ ਰਹੇ। ਤੁਸੀਂ ਸਾਰੇ ਸੈਨਾ ਦੇ ਨਾਲ ਲੜੋ, ਮੈਂ ਗੁਰੂ ਨੂੰ ਰਣ ਵਿਚ ਮਾਰ ਲਵਾਂਗਾ॥੨੨॥

ਥੋਰੇ ਜਤਨ ਦਰਬ ਬਡ ਪਾਵਹੁ ਪੁਨ ਹਜ਼ਰਤਿ ਬਖ਼ਸ਼ਹਿ ਸਮੁਦਾਇ।
ਸਭਿ ਬਿਧਿ ਭਲੀ ਬਾਰਤਾ ਜਾਨੋ ਕਜੋਂ ਨ ਲੇਹੁ ਧਨ ਅਰੁ ਜਸੁ ਪਾਇ'।
ਸਭਿ ਬਸੀਅਨਿ ਸਹਿਂ ਕਹਿ ਕਹਿ ਇਸ ਬਿਧਿ ਅਪਨੇ ਸੰਗੀ ਕਰੇ ਬਨਾਇ।
ਲੋਭ ਲਗੇ ਧਨ ਕੇ ਸਭਿ ਮਾਨੀ 'ਕਰਿ ਉਦਮ ਤੁਮ ਬਨਹਿ ਸਹਾਇ'॥੨੩॥

ਥੋੜ੍ਹੇ ਯਤਨ ਨਾਲ ਵੱਡਾ ਧਨ ਪਾਵੋ, ਫਿਰ ਬਾਦਸ਼ਾਹ ਸਭ ਨੂੰ ਬਖਸ਼ ਦੇਵੇਗਾ। ਸਭ ਪ੍ਰਕਾਰ ਭਲੀ ਵਾਰਤਾ ਜਾਣੋ, ਅਸੀਂ ਕਿਉਂ ਧਨ ਨਾ ਲਈਏ ਅਤੇ ਜੱਸ ਪਾਈਏ।" ਸਾਰੇ ਪਿੰਡ ਵਾਲਿਆਂ ਨੂੰ ਕਹਿ-ਕਹਿ ਕੇ ਇਸ ਵਿਧੀ ਅਨੁਸਾਰ ਆਪਣੇ ਸਾਥੀ ਬਣਾ ਲਏ। ਸਾਰੇ ਧਨ ਦੇ ਲੋਭ ਵਿਚ ਲੱਗ ਕੇ ਮੰਨ ਗਏ ਤੇ ਕਹਿਣ ਲੱਗੇ, "ਤੂੰ ਉੱਦਮ ਕਰ, ਅਸੀਂ ਤੇਰੇ ਸਹਾਇਕ ਬਣਾਂਗੇ"॥੨੩॥

ਜੇ ਅਫ਼ਗ਼ਾਨ ਖਾਨ ਪਰਧਾਨੇ ਮਿਲੇ ਪੰਚਸੈ ਕਰੀ ਸਲਾਹ।
ਕਿਤਿਕ ਕਹਜੋ 'ਇਹ ਨਿਮਕਹਰਾਮੀ, ਪਾਰਜੋ ਜਿਨਹੁਂ ਹੋਤਿ ਸਮੁਹਾਇ'।
ਭੂਲਜੋ ਮੂਰਖ ਲਖੈ ਗਹੌਂ ਗੁਰ ਕਰਤਿ ਜਤਨ ਚਿਤਵਤਿ ਚਿਤ ਮਾਂਹਿ।
ਪੁਨ ਅਸਮਾਨ ਖਾਨ ਸੋਂ ਬੋਲਜੋ 'ਸੁਨਹੁ ਪੁੱਤ੍ਰ! ਅਬਿ ਬਿਲਮਹੁ ਨਾਂਹਿ॥੨੪॥

ਪੰਜ ਸੌ ਜਿਹੜੇ ਪਠਾਣਾਂ ਦੇ ਮੁਖੀ ਸਨ, ਉਨ੍ਹਾਂ ਸਾਰਿਆਂ ਮਿਲ ਕੇ ਸਲਾਹ ਕੀਤੀ। ਕਈਆਂ ਨੇ ਕਿਹਾ, "ਇਹ ਨਿਮਕ-ਹਰਾਮੀ ਹੈ, ਜਿਨ੍ਹਾਂ ਨੇ ਇਸ ਨੂੰ ਪਾਲਿਆ ਹੈ, ਉਨ੍ਹਾਂ ਦੇ ਸਾਹਮਣੇ ਹੁੰਦਾ ਹੈ।" ਭੁਲਿਆ ਹੋਇਆ ਮੂਰਖ ਸਮਝਦਾ ਹੈ ਗੁਰੂ ਨੂੰ ਯਤਨ ਕਰਕੇ ਫੜ ਲਵਾਂਗਾ, ਚਿੱਤ ਵਿਚ ਇੰਝ ਸੋਚਦਾ ਹੈ। ਫਿਰ ਅਸਮਾਨ ਖਾਨ ਨੂੰ ਕਹਿਣ ਲੱਗਾ, "ਪੁੱਤਰ! ਸੁਣੋ, ਹੁਣ ਕੁਝ ਦੇਰ ਨਹੀਂ ਹੈ॥੨੪॥

ਕੁਤਬਖਾਨ ਇਕ ਚਚਾ ਪੁੱਤ੍ਰ ਮਮ, ਸੂਬਾ ਨਗਰ ਜਲੰਧਰ ਮਾਨਿ।
ਦਿਨ ਥੋਰਨਿ ਤੇ ਮਨਸਬ ਦੀਰਘ ਪਾਯੋ ਭਲੇ ਬਸਹਿ ਤਿਸ ਥਾਨ।
ਪੂਰਬ ਮਸਲਤ ਕਰਿ ਕੈ ਤਿਹ ਸੋਂ ਬਹੁਰ ਜੰਗ ਸੰਗ ਗੁਰ ਕੇ ਠਾਨਿ।
ਭਏ ਪਠਾਨ ਸਹਾਇਕ ਇਹ ਸਭਿ ਕਾਰਜ ਹੋਵਹਿ ਸਿੱਧ ਮਹਾਨ'॥ ੨੫॥

ਕੁਤਬ ਖਾਨ ਇਕ ਮੇਰਾ ਚਚੇਰਾ ਭਰਾ ਹੈ, ਉਸ ਨੂੰ ਜਲੰਧਰ ਸ਼ਹਿਰ ਦਾ ਸੂਬੇਦਾਰ ਜਾਣੋ। ਥੋੜ੍ਹੇ ਦਿਨਾਂ ਤੋਂ ਉਸ ਵੱਡਾ ਅਹੁਦਾ ਪਾਇਆ ਹੈ, ਤੇ ਉਹ ਜਲੰਧਰ ਵਿਚ ਭਲੀ ਪ੍ਰਕਾਰ ਰਹਿੰਦਾ ਹੈ। ਪਹਿਲਾਂ ਉਸ ਨਾਲ ਸਲਾਹ ਕਰਕੇ, ਫਿਰ ਗੁਰੂ ਦੇ ਨਾਲ ਲੜਾਈ ਕਰੀਏ, ਇਹ ਪਠਾਣ ਸਾਡੇ ਮਦਦਗਾਰ ਹਨ, ਸਾਰਾ ਕਾਰਜ ਪੂਰਾ ਹੋ ਜਾਵੇਗਾ"॥੨੫॥

ਇਮ ਉਚਾਰਿ ਕਰਿ ਸੰਗ ਚਢਾਯੋ ਅਪਰ ਪੰਜ ਸੈ ਚਢੇ ਪਠਾਨ।
ਮਿਲਿ ਸਭਿ ਗਏ ਜਲੰਧਰ ਪੁਰਿ ਕੋ ਉਤਰੇ ਬਾਗਨਿ ਮੈਂ ਰੁਚਿ ਠਾਨਿ।

ਕੁਤਬਖਾਨ ਸੋਂ ਮਿਲੇ ਜਾਇ ਕਰਿ ਬੈਠੇ ਚਹੁੰਦਿਸ਼ਿ ਖੁਸ਼ੀ ਮਹਾਨ।
ਕਹਿ ਸ਼ੁਭ ਬਾਤਨਿ ਕਰਿ ਮੁਸਕਾਵਤਿ ਪੈਂਦਖਾਨ ਤਬਿ ਕੀਨਿ ਬਖਾਨ॥੨੬॥

ਇੰਝ ਕਹਿ ਕੇ ਅਸਮਾਨ ਖਾਨ ਨੂੰ ਨਾਲ ਘੋੜੇ ਤੇ ਚੜ੍ਹਾ ਲਿਆ ਤੇ ਹੋਰ ਜਿਹੜੇ ਪੰਜ ਸੌ ਪਠਾਣ ਸਨ ਸਾਰੇ ਮਿਲ ਕੇ ਜਲੰਧਰ ਗਏ ਤੇ ਉਥੇ ਬਾਗਾਂ ਵਿਚ ਮਿਲ ਕੇ ਉਤਾਰਾ ਕੀਤਾ ਤੇ ਫਿਰ ਕੁਤਬ ਖਾਨ ਨੂੰ ਜਾ ਕੇ ਮਿਲੇ ਤੇ ਚਾਰੇ ਪਾਸੇ ਮਹਾਨ ਪ੍ਰਸੰਨ ਹੋ ਕੇ ਬੈਠ ਗਏ। ਸ਼ੁਭ ਗਲਾਂ ਕਰਕੇ ਮੁਸਕਰਾਉਂਦੇ ਸਨ, ਤਦ ਪੈਂਦੇ ਖਾਨ ਨੇ ਕਿਹਾ॥੨੬॥

'ਸੁਨਹੁ ਭ੍ਰਾਤ! ਹਮ ਸਗਰੇ ਮਿਲਿ ਕਰਿ ਤੁਝ ਢਿਗ ਅਏ ਲੇਨਿ ਕੋ ਸੰਗ।
ਲਖਿ ਲਾਇਕ ਕੋ, ਮਨਸਬ ਦੀਰਘ ਸਭਿ ਤੇ ਤੋਕਹੁ ਜਾਨਿ ਉਤੰਗ।
ਕੁਤਬਖਾਨ ਬੋਲਜੋ 'ਤੁਮ ਕਿਤ ਕੋ ਭਏ ਏਕਠੇ ਚਢੇ ਤੁਰੰਗ?।
ਮੁਝ ਮਿਲਾਇ ਕਰਿ ਗਮਨਹੁ ਕਿਸ ਥਲ ਕੋ ਤੁਮ ਕਾਰਜ ਭਯੋ ਕੁਢੰਗ? ॥੨੭॥

"ਹੇ ਭਾਈ ਸਾਹਿਬ! ਸੁਣੋ, ਅਸੀਂ ਸਾਰੇ ਮਿਲ ਕੇ ਤੇਰੇ ਪਾਸ ਤੈਨੂੰ ਨਾਲ ਲੈ ਜਾਣ ਵਾਸਤੇ ਆਏ ਹਾਂ। ਤੁਸੀਂ ਬੜੇ ਲਾਇਕ ਹੋ, ਵੱਡਾ ਤੁਹਾਡਾ ਅਹੁਦਾ ਹੈ ਅਤੇ ਸਭ ਤੋਂ ਉੱਚਾ ਸਮਝ ਕੇ ਆਏ ਹਾਂ।" ਕੁਤਬ ਖਾਨ ਨੇ ਕਿਹਾ, "ਤੁਸੀਂ ਕਿਵੇਂ ਇਕੱਠੇ ਹੋਏ ਹੋ ਅਤੇ ਘੋੜਿਆਂ ਤੇ ਸਵਾਰ ਹੋ ਕੇ ਆਏ ਹੋ? ਮੈਨੂੰ ਲੈ ਕੇ ਕਿਸ ਥਾਂ ਜਾਵੋਗੇ, ਤੁਹਾਨੂੰ ਕਿਹੜਾ ਐਸਾ ਪੁੱਠਾ ਕੰਮ ਪੈ ਗਿਆ ਹੈ? ॥੨੭॥

ਗੁਰ ਢਿਗ ਰਹਤਿ ਮਹਿਦ ਨਿਤ ਹਰਖਤਿ ਅਬਿ ਕੈਸੇ ਕਹੁ ਭਈ ਬਿਚਾਰ।
ਪੈਂਦ ਖਾਨ ਸੁਨਿ ਬਾਤ ਭ੍ਰਾਤ ਤੇ ਕੀਨੇ ਸਰਬ ਪ੍ਰਸੰਗ ਉਚਾਰਿ।
'ਬਿਗਰ ਪਰਜੋ, ਗੁਰ ਸੰਗ ਬਿਰਸ ਭਾ, ਸਭਾ ਬੀਚ ਪਤਿ ਦਈ ਉਤਾਰਿ।
ਅਪਰ ਕਰੀ ਜਬਰੀ ਕਜਾ ਉਚਰੋਂ, ਪਰਜੋ ਬੈਰ ਅਬਿ ਰਿਸ ਉਰ ਧਾਰਿ॥੨੮॥

ਗੁਰੂ ਜੀ ਪਾਸ ਰਹਿ ਕੇ ਸਦਾ ਪ੍ਰਸੰਨ ਰਹਿੰਦੇ ਹੋ, ਹੁਣ ਦੱਸੋ ਕੈਸੀ ਵਿਚਾਰ ਬਣੀ ਹੈ।" ਪੈਂਦੇ ਖਾਨ ਨੇ ਭਰਾ ਦੀ ਗੱਲ ਸੁਣ ਕੇ ਸਾਰਾ ਪ੍ਰਸੰਗ ਵਰਣਨ ਕਰ ਦਿੱਤਾ। ਗੁਰੂ ਨਾਲ ਵਿਗਾੜ ਪੈ ਗਿਆ ਹੈ ਤੇ ਬੜੀ ਬੇਰਸੀ ਹੋ ਗਈ ਹੈ ਤੇ ਉਨ੍ਹਾਂ ਨੇ ਸਭਾ ਵਿਚ ਮੇਰੀ ਪੱਤ ਲਾਹ ਦਿੱਤੀ ਹੈ। ਹੋਰ ਕਿਹੜੀ ਜ਼ਬਰਦਸਤੀ ਕੀਤੀ ਹੈ, ਕੀ ਉਚਾਰਨ ਕਰਾਂ, ਹੁਣ ਸਾਡਾ ਵੈਰ ਪੈ ਗਿਆ ਹੈ ਤੇ ਹਿਰਦੇ ਵਿਚ ਗੁੱਸਾ ਧਾਰਨ ਕੀਤਾ ਹੈ॥੨੮॥

ਜਤਨ ਰਚਜੋ ਜਿਮ, ਸੁਨਹੁ ਭ੍ਰਾਤ ! ਸੋ ਸ਼ਾਹਜਹਾਂ ਸੋਂ ਮਿਲਿਹੋਂ ਜਾਇ।
ਹਰਿਗੋਵਿੰਦ ਕੇ ਭੇਦ ਬਿਲੰਦੋ ਸਭਿ ਬਿਧਿ ਤੇ ਦੈਹੋਂ ਸਮੁਝਾਇ।
ਭਈ ਸ਼ਾਹੁ ਕੀ ਹਾਰ ਤੀਨ ਰਣ ਸੋ ਪਲਟਾ ਅਬਿ ਲੈਹੋਂ ਪਾਇ।
'ਪਕਰਿ ਗੁਰੂ ਕੋ ਮੈਂ ਢਿਗ ਲਜਾਵੋਂ ਇਸ ਪ੍ਰਕਾਰ ਤੇ ਧੀਰ ਧਰਾਇ॥ ੨੯॥

ਹੇ ਭਾਈ ਸਾਹਿਬ! ਸੁਣੋ, ਜਿਵੇਂ ਅਸੀਂ ਜਤਨ ਧਾਰਨ ਕੀਤਾ ਹੈ, ਬਾਦਸ਼ਾਹ ਸ਼ਾਹਜਹਾਂ ਨੂੰ ਜਾ ਕੇ ਮਿਲਾਂਗੇ। ਸ੍ਰੀ ਹਰਿਗੋਬਿੰਦ ਦੇ ਮੈਂ ਸਾਰੇ ਭੇਦ ਚੰਗੀ ਤਰ੍ਹਾਂ ਜਾਣਦਾ ਹਾਂ ਤੇ ਉਨ੍ਹਾ ਨੂੰ ਸਭ ਵਿਧੀਆਂ ਨਾਲ ਸਮਝਾ ਦੇਵਾਂਗਾ। ਤਿੰਨਾਂ ਜੰਗਾਂ ਵਿਚ ਬਾਦਸ਼ਾਹ ਦੀ ਹਾਰ ਹੋਈ ਹੈ, ਹੁਣ ਮੈਂ ਉਸਦਾ ਬਦਲਾ ਲਵਾਂਗਾ। ਗੁਰੂ ਨੂੰ ਫੜ ਕੇ ਮੈਂ ਉਨ੍ਹਾਂ ਪਾਸ ਲਿਆਵਾਂਗਾ, ਇਸ ਪ੍ਰਕਾਰ ਮੈਂ ਉਸਨੂੰ ਧੀਰਜ ਦੇਵਾਂਗਾ॥੨੯॥

ਜਜੋਂ ਕਜੋਂ ਕਰਿ ਬਡ ਲਸ਼ਕਰ ਲੈ ਕਰਿ ਗੁਰ ਕੇ ਸੰਗ ਜੰਗ ਕੋ ਪਾਇ।
ਕਰੋਂ ਘਾਤ ਕੈ ਪਕਰੋਂ ਬਲ ਸੋਂ ਤਬਿ ਮੇਰੋ ਤਨ ਮਨ ਸਿਤਲਾਇ।

ਤੁਮ ਭੀ ਬਨਹੁ ਸਹਾਇਕ ਗਮਨਹੁ, ਲਾਇਕ ਭ੍ਰਾਤ ਜਾਨਿ ਕਰਿ ਆਇ।
ਸਮਾਂ ਪਾਇ ਅਸ ਕਾਰਜ ਪਰਿਹੈ, ਬਾਰ ਬਾਰ ਹੁਇ ਨਹਿਂ ਇਸ ਭਾਇ॥ ੩੦॥

ਜਿਵੇਂ ਕਿਵੇਂ ਕਰਕੇ ਵੱਡਾ ਲਸ਼ਕਰ ਲੈ ਕੇ, ਗੁਰੂ ਨਾਲ ਜੰਗ ਕਰਾਂਗਾ। ਮਾਰ ਦੇਵਾਂਗਾ ਜਾਂ ਸ਼ਕਤੀ ਨਾਲ ਫੜ ਲਵਾਂਗਾ ਤਦ ਮੇਰਾ ਤਨ ਮਨ ਠੰਡਾ ਹੋਵੇਗਾ। ਤੁਸੀਂ ਵੀ ਮੇਰੇ ਸਹਾਇਕ ਬਣੋ ਤੇ ਮੇਰੇ ਨਾਲ ਚਲੋ, ਅਸੀਂ ਲਾਇਕ ਭਰਾ ਜਾਣ ਕੇ ਤੁਹਾਡੇ ਪਾਸ ਆਏ ਹਾਂ। ਸਮਾਂ ਪਾ ਕੇ ਐਸਾ ਕਾਰਜ ਪਿਆ ਹੈ, ਬਾਰ ਬਾਰ ਇਸ ਤਰ੍ਹਾਂ ਨਹੀਂ ਹੁੰਦਾ ਹੈ॥੩੦॥

ਦੋਹਰਾ- ਭੀਰ ਪਰੇ ਰੱਖਜਕ ਬਨੈਂ, ਭ੍ਰਾਤਾ ਸੁਭ ਕੈ ਮੀਤ।
ਤਿਮ ਦਾਤਾ ਦੁਰਭਿੱਛ ਮਹਿਂ ਤੀਨਹੁੰ ਲੇਂ ਜਸੁ ਨੀਤ॥ ੩੧॥

ਭਰਾ ਭੀੜ ਪੈਣ ਤੇ ਰਖਵਾਲੇ ਬਣਦੇ ਹਨ, ਤੇ ਸ਼ੁਭ ਸਮੇਂ ਦੇ ਮਿੱਤਰ ਹਨ, ਉਸ ਤਰ੍ਹਾਂ ਦੁਖ ਸਮੇਂ ਦਾਤਾ ਬਣਦੇ ਹਨ ਤੇ ਸਦਾ ਤਿੰਨਾਂ ਸਮਿਆਂ ਵਿਚ ਜੱਸ ਪ੍ਰਾਪਤ ਕਰਦੇ ਹਨ॥੩੧॥

ਭ੍ਰਾਤਨਿ ਪਰ ਉਪਕਾਰ ਜੋ ਜਿਮ ਧਨ ਸੰਚਯੋ ਹੋਤਿ।
ਪਰੈ ਭੀਰ ਦਾਰਿਦ ਜਬੈ ਸਭਿ ਸੰਕਟ ਕੋ ਖੋਤਿ ॥ ੩੨॥

ਭਰਾਵਾਂ 'ਤੇ ਉਪਕਾਰ ਕਰਨਾ, ਧਨ ਜੋੜਨ ਦੇ ਬਰਾਬਰ ਹੈ ਜਦ ਵੀ ਦੁਖ ਦਰਦ ਬਣਦਾ ਹੈ ਤਾਂ ਸਾਰੇ ਕਸ਼ਟਾਂ ਨੂੰ ਦੂਰ ਕਰ ਦਿੰਦੇ ਹਨ॥੩੨॥

ਰਾਜਨੀਤਿ ਜਾਨਤਿ ਭਲੇ ਮਿਲਿਨਿ ਲਰਨਿ ਕੇ ਘਾਤ।
ਦਾਨਸ਼ਵੰਦ ਬਿਲੰਦ ਤੂੰ ਕਰੀਅਹਿ ਮਸਲਤ ਬਾਤ॥ ੩੩॥

ਤੁਸੀਂ ਭਲੀ ਪ੍ਰਕਾਰ ਰਾਜਨੀਤੀ ਜਾਣਦੇ ਹੋ ਤੇ ਮਿਲਣ ਲੜਨ ਦੇ ਦਾਅ ਜਾਣਦੇ ਹੋ। ਤੁਸੀਂ ਬੜੇ ਅਕਲਮੰਦ ਹੋ, ਸਾਡੇ ਨਾਲ ਸਲਾਹ ਦੀ ਗੱਲਬਾਤ ਕਰੋ' ॥੩੩॥

ਕੁਤਬਖਾਨ ਸੁਨਿ ਬਿਸਮ ਮਨ ਤੂਸ਼ਨਿ ਹੁਇ ਕੁਛ ਕਾਲ।
ਬੁਰਾ ਹੋਨਿ ਤਿਸ ਕੋ ਲਖਯੋ ਕ੍ਰਿਤਘਨ ਜਾਨਿ ਬਿਸਾਲ॥ ੩੪॥

ਕੁਤਬਖਾਨ ਸੁਣ ਕੇ ਮਨ ਵਿਚ ਹੈਰਾਨ ਹੋਇਆ ਤੇ ਕੁਝ ਸਮਾਂ ਚੁੱਪ ਰਿਹਾ। ਮਹਾਨ ਕ੍ਰਿਤਘਣ ਜਾਣ ਕੇ ਉਸ ਦਾ ਬੁਰਾ ਹੋਣਾ ਸਮਝਿਆ॥੩੪॥

*ਅੱਠਵੀਂ ਰਾਸ ਦਾ ਗਿਆਰ੍ਹਵਾਂ ਅਧਿਆਇ ਸਮਾਪਤ ਹੋਇਆ॥੧੧॥*

## *ਅਧਿਆਇ ਬਾਰ੍ਹਵਾਂ*

*ਕੁਤਬ ਖਾਂ ਨਾਲ ਸਲਾਹ*

ਦੋਹਰਾ- ਪੈਂਦ ਚਚਾ ਕੋ ਸੁਤ ਹੁਤੋ ਕੁਤਬ ਖਾਨ ਬੁਧਿਵਾਨ।
ਤਰਕਤਿ ਬੋਲਯੋ ਭ੍ਰਾਤ ਸੋਂ ਬਿੱਪ੍ਰਿ ਜਾਨਿ ਮਹਾਨ॥ ੧॥

ਪੈਂਦੇ ਖਾਨ ਦੇ ਚਾਚੇ ਦਾ ਪੁੱਤਰ ਕੁਤਬ ਖਾਨ ਬੜਾ ਬੁਧੀਵਾਨ ਸੀ। ਮਹਾਨ ਮਾੜੀ ਗੱਲ ਜਾਣ ਕੇ ਆਪਣੇ ਭਰਾ ਨਾਲ ਤਰਕ ਕਰਕੇ ਬੋਲਿਆ॥੧॥

*ਨਿਸ਼ਾਨੀ ਛੰਦ-* 'ਬਾਜ ਬਸਨ ਬਖ਼ਸ਼ਸ਼ ਕਰੇ ਗੁਰ ਨਿਜ ਪੁਨ ਲੀਨੇ।
ਬਡ ਪੁਰਖਨਿ ਕੇ ਬਹੁ ਮਤੇ ਕੈਸਿਹੁਂ ਰਿਸ ਕੀਨੇ।
ਉੱਤਮ ਵਸਤੂ ਤੋਹਿ ਦੇ ਬਹੁ ਹੋਤਿ ਪ੍ਰਸੰਨਾ।
ਪ੍ਰਤਿਪਾਰਜੋ ਕਰਿ ਪ੍ਰੇਮ ਕੋ ਸਭਿ ਦਾਰਿਦ ਹੰਨਾ॥ ੨॥

ਘੋੜਾ ਅਤੇ ਵਸਤਰ ਜਿਹੜੇ ਗੁਰੂ ਜੀ ਨੇ ਬਖਸ਼ਿਸ਼ ਕੀਤੇ ਸੀ, ਉਹ ਫਿਰ ਵਾਪਸ ਲੈ ਲਏ। ਮਹਾਂਪੁਰਸ਼ਾਂ ਦੇ ਫਰਾਖ ਦਿਲ ਹੁੰਦੇ ਹਨ, ਕਿਵੇਂ ਉਨ੍ਹਾਂ ਨੇ ਗੁੱਸਾ ਕਰ ਲਿਆ। ਜਦ ਤੈਨੂੰ ਉੱਤਮ ਵਸਤਾਂ ਦਿੰਦੇ ਸਨ ਤਾਂ ਬਹੁਤ ਪ੍ਰਸੰਨ ਹੁੰਦਾ ਸੀ। ਬੜੇ ਪ੍ਰੇਮ ਨਾਲ ਤੈਨੂੰ ਪਾਲਿਆ ਤੇ ਤੇਰੀ ਸਾਰੀ ਗ਼ਰੀਬੀ ਦੂਰ ਕੀਤੀ ਹੈ॥੨॥

ਦਈ ਵਸਤੁ ਅਪਨੀ ਲਈ, ਤੈਂ ਕਯੋਂ ਰਿਸ ਧਾਰੀ?
ਲਰਨਿ ਹੇਤੁ ਕਹੁ ਕੌਨ ਹੈ ਜਿਸ ਤੇ ਦੁਖ ਭਾਰੀ।
ਜਿਨਹੁਂ ਹਾਥ ਤੇ ਤਨ ਵਧਯੋ ਸੁਖ ਲਹੇ ਘਨੇਰੇ।
ਭਯੋ ਪੁਕਾਰੂ ਤਿਨਹੁ ਪਰ ਕਰਿ ਨਿੰਦ ਬਡੇਰੇ॥ ੩॥

ਆਪਣੀ ਦਿੱਤੀ ਹੋਈ ਵਸਤੂ ਵਾਪਸ ਲੈ ਲਈ, ਫਿਰ ਤੂੰ ਕਿਉਂ ਗੁੱਸਾ ਧਾਰਨ ਕੀਤਾ ਹੈ? ਲੜਨ ਵਾਸਤੇ ਦੱਸ ਕੌਣ ਹੈ, ਜਿਸ ਤੋਂ ਭਾਰੀ ਦੁਖੀ ਹੈਂ। ਜਿਨ੍ਹਾਂ ਹੱਥਾਂ ਨਾਲ ਤੇਰਾ ਸਰੀਰ ਵਧਿਆ ਤੇ ਭਾਰੀ ਸੁਖ ਪ੍ਰਾਪਤ ਕੀਤਾ। ਉਨ੍ਹਾਂ ਦੀ ਬਹੁਤ ਨਿੰਦਿਆ ਕਰਕੇ ਬਾਦਸ਼ਾਹ ਪਾਸ ਪੁਕਾਰ ਕਰਨ ਲੱਗਾ ਹੈਂ॥੩॥

ਨਿਮਕਹਰਾਮੀ ਨਾਮ ਇਮ ਮਰਿ ਦੋਜ਼ਕ ਜਾਵੈਂ।
ਬੈਠਹਿਂ ਉਮਰਾਵਨ ਬਿਖੈ ਅਪਜਸ ਕੋ ਪਾਵੈਂ।
ਬਨਹਿਂ ਕ੍ਰਿਤਘਨੀ ਲਵਨ ਅਚਿ, ਉਚਿਤ ਨ ਇਹੁ ਤੇਰੇ।
ਕਿਧੋਂ ਦਿਵਸ ਪਹੁਚੇ ਬੁਰੇ ਜਮ ਕੋ ਘਰ ਹੇਰੇਂ॥ ੪॥

ਨਿਮਕਹਰਾਮੀ ਤੇਰਾ ਨਾਮ ਹੋ ਜਾਵੇਗਾ ਤੇ ਮਰ ਕੇ ਦੋਜ਼ਕ ਵਿਚ ਜਾਵੇਂਗਾ ਤੇ ਉਮਰਾਵ ਵਿਚ ਬੈਠਾ ਬੜੀ ਨਿਰਾਦਰੀ ਪਾਵੇਂਗਾ। ਲੂਣ ਖਾ ਕੇ ਕ੍ਰਿਤਘਨੀ ਬਣੇਂਗਾ, ਤੇਰੇ ਵਾਸਤੇ ਇਹ ਉਚਿਤ ਨਹੀਂ ਹੈ, ਜਾਂ ਤੇਰੇ ਮਾੜੇ ਦਿਨ ਆ ਗਏ ਹਨ, ਜਮਾਂ ਦੇ ਘਰ ਨੂੰ ਵੇਖੇਂਗਾ॥੪॥

ਗੁਰ ਐਸੋ ਘਟ ਕਜਾ ਲਖਯੋ ਜੋ ਰਣ ਤੇ ਹਾਰੇ।
ਬਡੋ ਬਹਾਦੁਰ ਜੰਗ ਮੈਂ ਅਰਿ ਬ੍ਰਿੰਦਨਿ ਮਾਰੈ।
ਕਿਮ ਜਾਨਤਿ ਅਨਜਾਨ ਭਾ, ਭਾਵੀ ਮਨ ਪ੍ਰੇਰਾ।
ਜਿਯਨਿ ਚਹਤਿ ਸ਼ਰਨੀ ਪਰਹੁ, ਮਾਨਹੁਂ, ਹਿਤ ਤੇਰਾ॥ ੫॥

ਗੁਰੂ ਜੀ ਵਿਚ ਕਿਹੜੀ ਘਾਟ ਵੇਖੀ ਹੈ, ਜਿਹੜਾ ਰਣਖੇਤਰ ਵਿਚ ਹਾਰ ਜਾਣਗੇ। ਜੰਗ ਵਿਚ ਉਹ ਬਹੁਤ ਬਹਾਦਰ ਹਨ ਤੇ ਉਨ੍ਹਾਂ ਅਨੇਕਾਂ ਵੈਰੀਆਂ ਨੂੰ ਮਾਰਿਆ ਹੈ। ਕਿਵੇਂ ਜਾਣਦਿਆਂ ਵੀ ਅਣਜਾਣ ਬਣ ਗਿਆ ਹੈਂ, ਹੋਣੀ ਨੇ ਤੇਰੇ ਮਨ ਨੂੰ ਪ੍ਰੇਰਿਆ ਹੈ। ਜੇ ਜੀਉਣਾ ਚਾਹੁੰਦਾ ਹੈ ਤਾਂ ਉਨ੍ਹਾਂ ਦੀ ਸ਼ਰਨ ਪਵੇ ਮੈਂ ਇਸ ਵਿਚ ਤੇਰੀ ਭਲਾਈ ਮੰਨਦਾ ਹਾਂ' ॥੫॥

ਸੁਨਤਿ ਬ੍ਰਾਤ ਕੀ ਬਾਤ ਕੋ ਪੈਂਦੇ ਦੁਖ ਪਾਵਾ।
ਕਰਯੋ ਭਲੋ, ਮਾਨਯੋ ਬੁਰੋ, ਭਾਵੀ ਬਿਚਲਾਵਾ।

ਕਹਜੋ 'ਕਿ ਤੇਰੇ ਉਦਰ ਮਹਿਂ ਗੁਰ ਕੇਰ ਕਰਾਹੂ।
ਸੋ ਬੋਲਤਿ ਮਿਟਿ ਦੀਨ ਤੇ ਜਾਨੀ ਮਨ ਮਾਂਹੂ॥ ੬॥

ਭਰਾ ਦੀ ਗੱਲ ਸੁਣ ਕੇ ਪੈਂਦਾ ਬਹੁਤ ਦੁਖੀ ਹੋਇਆ, ਉਸ ਭਲਾ ਕਿਹਾ ਸੀ, ਜਿਸ ਨੂੰ ਬੁਰਾ ਮੰਨਿਆ, ਹੋਣੀ ਨੇ ਉਸ ਦੇ ਮਨ ਨੂੰ ਵਿਗਾੜ ਦਿੱਤਾ ਸੀ। ਕਹਿਣ ਲੱਗਾ, "ਕੀ ਤੇਰੇ ਪੇਟ ਵਿਚ ਗੁਰੂ ਦਾ ਕੜਾਹ ਬੋਲਦਾ ਹੈ ਕਿ ਮੈਂ ਦੀਨ ਤੋਂ ਹੱਟ ਜਾਵਾਂ, ਇਹ ਗੱਲ ਮੈਂ ਮਨ ਵਿਚ ਜਾਣੀ ਹੈ॥੬॥

ਮਾਰਜੋ ਕੈ ਬੰਧਜੋ ਚਹੌਂ ਜਿਸ ਕੋ ਕਰਿ ਦਾਵਾ।
ਨਿੰਮ੍ਰਿ ਬਨੌਂ ਅਬਿ ਅੱਗ੍ਰ ਤਿਸ, ਇਹੁ ਸੀਖ ਸਿਖਾਵਾ।
ਮਹਿਮਾ ਬਰਨਨ ਕਰਤਿ ਹੈ ਗੁਰ ਕੀ ਬਹੁ ਬਾਰੀ।
ਨਹਿਂ ਮਾਨੌਂ, ਮੈਂ ਮਿਲੌਂ ਨਹਿਂ, ਕੁਲ ਕਾਨ ਹਮਾਰੀ॥ ੭॥

ਮਾਰਿਆ ਜਾਂ ਬੰਨਣਾ ਚਾਹੁੰਦਾ ਹਾਂ, ਜਿਸ ਦਾ ਤੂੰ ਦਾਅਵਾ ਕਰਦਾ ਹੈਂ। ਉਸ ਦੇ ਸਾਹਮਣੇ ਜਾ ਕੇ ਨਿੰਮਰ ਹੋ ਜਾਵਾਂ, ਇਹ ਸਿਖਿਆ ਸਿਖਾਉਂਦੇ ਹੋ। ਬਹੁਤ ਵਾਰ ਗੁਰੂ ਦੀ ਮਹਿਮਾ ਵਰਣਨ ਕਰਦੇ ਹੋ। ਮੈਂ ਨਹੀਂ ਮੰਨਾਂਗਾ, ਮੈਂ ਉਸ ਨੂੰ ਨਹੀਂ ਮਿਲਾਂਗਾ, ਇਹ ਸਾਡੀ ਕੁਲ ਦੀ ਅਣਖ ਹੈ"॥੭॥

ਮੁਸਕਾਨਜੋ ਸੁਨਿ ਕੁਤਬਖਾਂ 'ਇਹ ਠੀਕ ਬਖਾਨੀ।
ਪਾਰਜੋ ਦੇ ਦੇ ਗ੍ਰਾਸ ਮੁਖ, ਜਗ ਬਿਦਤ ਸੁ ਜਾਨੀ।
ਲਾਖਹੁਂ ਧਨ ਕੋ ਪਾਇ ਕਰਿ ਲਾਇਕ ਕੋ ਹੋਵਾ।
ਅਬਿ ਤਿਨਕੀ ਮਹਿਮਾ ਸੁਨੇ ਜਨੁ ਸੂਲ ਪਰੋਵਾ॥ ੮॥

ਕੁਤਬ ਖਾਂ ਸੁਣ ਕੇ ਮੁਸਕਰਾਇਆ, "ਇਹ ਠੀਕ ਕਿਹਾ ਹੈ, ਤੈਨੂੰ ਮੂੰਹ ਵਿਚ ਬੁਰਕੀਆਂ ਦੇ ਦੇ ਪਾਲਿਆ ਹੈ, ਸਾਰੇ ਜਗ ਵਿਚ ਇਹ ਤਥ ਪ੍ਰਗਟ ਹੈ। ਲੱਖਾਂ ਦਾ ਧਨ ਪਾ ਕੇ ਇਸ ਲਾਇਕ ਹੋਇਆ ਹੈਂ, ਹੁਣ ਉਨ੍ਹਾਂ ਦੀ ਮਹਿਮਾਂ ਸੁਣ ਕੇ ਮਾਨੋਂ ਸੂਲ ਵਿਚ ਪਰੋਇਆ ਜਾਂਦਾ ਹੈਂ॥੮॥

ਮੇਰੇ ਉਦਰ ਕਰਾਹੁ ਹੈ ਕੈ ਅੰਤਰ ਤੇਰੇ।
ਹਿੰਦੂ ਤੁਰਕ ਇਹੁ ਸਭਿ ਲਖਹਿਂ ਬਹੁ ਬਰਖਨਿ ਹੇਰੇ।
ਹਿਤ ਕੇ ਬਾਕ ਨ ਮਾਨਤੋ ਕਹਿ ਤਰਕ ਸੁਨਾਵੈਂ।
ਗਾਰਜੋ ਲਸ਼ਕਰ ਸ਼ਾਹੁ ਕੋ, ਤਿਸ ਕੋ ਤੂੰ ਘਾਵੈਂ॥ ੯॥

ਮੇਰੇ ਪੇਟ ਵਿਚ ਗੁਰੂ ਦਾ ਕੜਾਹ ਹੈ ਜਾਂ ਤੇਰੇ ਅੰਦਰ ਹੈ। ਹਿੰਦੂ ਤੁਰਕ ਇਹ ਸਭ ਜਾਣਦੇ ਹਨ, ਬਹੁਤ ਸਾਲਾਂ ਤੋਂ ਵੇਖ ਰਹੇ ਹਨ। ਆਪਣੇ ਭਲੇ ਦੀ ਗੱਲ ਮੰਨਦਾ ਨਹੀਂ ਤੇ ਅਗੋਂ ਹੁਜਤਾਂ ਸੁਣਾਉਂਦਾ ਹੈਂ ਜਿਸ ਨੇ ਬਾਦਸ਼ਾਹ ਦਾ ਸਾਰਾ ਲਸ਼ਕਰ ਹੀ ਮਾਰ ਦਿੱਤਾ ਸੀ, ਉਸ ਨੂੰ ਤੂੰ ਮਾਰੇਂਗਾ॥੯॥

ਐਸੀ ਹੀ ਬੁਧਿ ਠਾਨਿ ਕੈ ਨਿਜ ਕਾਜ ਬਿਗਾਰਾ।
ਲਘੁਤਾ ਬਡਿਤਾ ਨਹਿਂ ਲਖਹਿ ਉਰ ਵਧਿ ਹੰਕਾਰਾ।
ਦੀਨ ਬਨਤਿ ਆਗੈ ਸਭਿਨਿ ਪੁਨ ਜਾਇਂ ਪੁਕਾਰੂ।
ਇਹੀ ਬਾਤ ਆਛੀ ਲਖੀ, ਖਾਵੰਦ ਕੋ ਮਾਰੂ!'॥ ੧੦॥

ਐਸੀ ਬੁਧੀ ਬਣਾ ਕੇ ਆਪਣਾ ਕੰਮ ਵਿਗਾੜਿਆ ਹੈ, ਵੱਡਾ ਛੋਟਾ ਨਹੀਂ ਸਮਝਦਾ ਤੇ ਦਿਲ ਵਿਚ ਬੜਾ ਹੰਕਾਰ ਵਧਾਇਆ ਹੈ। ਪਹਿਲਾ ਸਾਰਿਆ ਦੇ ਅੱਗੇ ਦੀਨ ਬਣੇਗਾ, ਫਿਰ ਜਾ ਕੇ ਪੁਕਾਰ ਕਰੇਗਾ, ਇਹ ਗੱਲ ਚੰਗੀ ਸਮਝੀ ਹੈ, ਆਪਣੇ ਮਾਲਕ ਨੂੰ ਹੀ ਮਾਰਨਾ ਚਾਹੁੰਦਾ ਹੈਂ" ॥੧੦॥

ਘਨੀ ਬੱਕ੍ਰਤਾ ਗਿਰਾ ਸੁਨਿ ਪੈਂਦੇ ਦੁਖ ਪਾਯੋ।
ਨੀਚ ਗ੍ਰੀਵ ਲੱਜਿਤ ਭਯੋ ਕੁਛ ਬੋਲ ਨ ਆਯੋ।
ਰਿਦੈ ਬਿਚਾਰਜੋ ਕੁਤਬ ਖਾਂ ਸਭਿ ਮਿਲੇ ਪਠਾਨਾ।
ਸਭਿਹੂੰ ਮਿਲਿ ਮਸਲਤ ਕਰੀ ਹਜ਼ਰਤ ਢਿਗ ਜਾਨਾ॥ ੧੧॥

ਬਹੁਤ ਉਲਟ ਗੱਲਾਂ ਸੁਣ ਕੇ ਪੈਂਦੇ ਨੇ ਬਹੁਤ ਦੁਖ ਪਾਇਆ। ਸ਼ਰਮਸਾਰ ਹੋ ਕੇ ਧੌਣ ਨੀਵੀਂ ਕਰ ਲਈ ਕੁਝ ਵੀ ਬੋਲਣਾ ਨਾ ਆਇਆ। ਕੁਤਬ ਖਾਂ ਨੇ ਹਿਰਦੇ ਵਿਚ ਵਿਚਾਰ ਕੀਤੀ, ਸਾਰੇ ਪਠਾਣ ਇਕੱਠੇ ਹੋਏ ਹਨ। ਸਾਰਿਆਂ ਨੇ ਮਿਲ ਕੇ ਬਾਦਸ਼ਾਹ ਦੇ ਪਾਸ ਜਾਣ ਦੀ ਸਲਾਹ ਕੀਤੀ ਹੈ॥੧੧॥

ਬੁਰਾ ਨ ਭਲਾ ਬਿਚਾਰਿਓ ਮੁਝ ਢਿਗ ਚਲਿ ਆਏ।
ਭਯੋ ਸਮਾਂ ਇਨ ਗ਼ਾਰਕੀ ਅਸ ਜਾਨੀ ਜਾਏ।
ਕਹੌਂ ਸਭਿ ਕੀ ਕਹਿਵਤਿ ਸਹੌਂ ਹਿਤ ਕੀ ਕਹਿ ਬਾਨੀ।
ਜਿਮ ਮਤਿ ਹੈ ਸਗਰੇਨਿ ਕੋ ਤਿਮ ਕਰੌਂ ਬਖਾਨੀ॥ ੧੨॥

ਬੁਰਾ-ਭਲਾ ਨਹੀਂ ਵਿਚਾਰਿਆ ਹੈ ਤੇ ਮੇਰੇ ਪਾਸ ਚਲ ਕੇ ਆਏ ਹਨ। ਇਨ੍ਹਾਂ ਦੇ ਹੁਣ ਗਰਕ ਹੋਣ ਦਾ ਸਮਾਂ ਆਇਆ ਹੈ, ਇਸ ਤਰ੍ਹਾਂ ਪਤਾ ਲੱਗਦਾ ਹੈ। ਇਨ੍ਹਾਂ ਦੇ ਹਿਤ ਦੇ ਹੁਣ ਬਚਨ ਕਰਦਾ ਹਾਂ ਜਿਵੇਂ ਸਾਰਿਆਂ ਦੀ ਸਲਾਹ ਹੈ, ਉਸ ਤਰ੍ਹਾਂ ਹੀ ਗੱਲ ਕਰਦਾ ਹਾਂ। ਜਿਵੇਂ ਸਾਰਿਆਂ ਦੀ ਸਲਾਹ ਹੈ, ਉਸ ਤਰ੍ਹਾਂ ਹੀ ਕਹਿੰਦਾ ਹਾਂ॥੧੨॥

ਏਵ ਬਿਚਾਰਤਿ ਚਿਤ ਹੁਤੋ ਤਬਿ ਪੈਂਦ ਉਚਾਰੀ।
'ਲਖਿ ਲਾਯਕ ਕੋ ਭ੍ਰਾਤ ਹਮ ਢਿਗ ਆਇ ਤੁਮਾਰੀ।
ਚਲਿ ਪਹੁਚੇ ਧਰਿ ਮਾਨ ਕੋ, ਤੈਂ ਕਰਿ ਅਪਮਾਨਾ।
ਭ੍ਰਾਤਨਿ ਕੀ ਤਜਿ ਕਾਨ ਕੋ ਗੁਰ ਸੁਜਸੁ ਬਖਾਨਾ॥ ੧੩॥

ਜਦ ਚਿੱਤ ਵਿਚ ਇੰਝ ਵਿਚਾਰਦਾ ਸੀ ਤਦ ਪੈਂਦੇ ਨੇ ਕਿਹਾ, "ਆਪਣੇ ਭਰਾ ਨੂੰ ਲਾਇਕ ਸਮਝ ਕੇ ਅਸੀਂ ਤੇਰੇ ਪਾਸ ਆਏ ਸੀ ਬੜੇ ਮਾਣ ਨਾਲ ਚਲ ਕੇ ਪਹੁੰਚੇ ਸੀ ਪਰ ਤੂੰ ਸਾਡਾ ਅਪਮਾਨ ਕਰ ਦਿੱਤਾ ਹੈ, ਭਰਾਵਾਂ ਦੀ ਅਣਖ ਨੂੰ ਛੱਡ ਕੇ ਗੁਰੂ ਦਾ ਸ੍ਰੇਸ਼ਟ ਜੱਸ ਕੀਤਾ ਹੈ" ॥੧੩॥

ਕੁਤਬਖਾਨ ਕਹਿ 'ਸਾਚ ਤੂੰ, ਪਰ ਲੇਹੁ ਬਿਚਾਰੀ।
ਦੀਨ ਇਮਾਨ ਪਛਾਨਿ ਕੈ ਮੈਂ ਬਾਤ ਉਚਾਰੀ।
ਜਿਨਹੁੰ ਦਿਯਾ ਖਾਵਤਿ ਰਹਜੋ ਤਿਨ ਮਾਰਨ ਚਾਹਾ।
ਕਹੁ ਇਮਾਨ ਤਬਿ ਕਿਤ ਰਹਜੋ, ਉਰ ਦੀਨਿ ਭੁਲਾਹਾ॥ ੧੪॥

ਕੁਤਬ ਖਾਨ ਨੇ ਕਿਹਾ, "ਤੂੰ ਸੱਚਾ ਹੈਂ, ਪਰ ਵਿਚਾਰ ਲਵੋ, ਦੀਨ ਈਮਾਨ ਪਛਾਣ ਕੇ ਮੈਂ ਇਹ ਗੱਲ ਕੀਤੀ ਸੀ, ਜਿਸ ਦਾ ਦਿੱਤਾ ਖਾਂਦਾ ਰਿਹਾ ਹੈਂ ਉਸ ਨੂੰ ਮਾਰਨਾ ਚਾਹੁੰਦਾ ਹੈਂ, ਦੱਸੋ ਫਿਰ ਈਮਾਨ ਕਿਥੇ ਰਿਹਾ, ਹਿਰਦੇ ਵਿਚੋਂ ਭੁਲਾ ਦਿੱਤਾ ਹੈ" ॥੧੪॥

ਕਹਿ ਪੈਂਦਾ 'ਸੁਨਿ ਭ੍ਰਾਤ ਜੀ! ਤਜਾਗੋਂ ਨ ਇਮਾਨਾ।
ਸਦਾ ਦੀਨ ਕੀ ਬਾਤ ਪਰ ਹਮ ਹੈਂ ਸਵਧਾਨਾ।
ਛੀਨ ਵਸਤੁ ਗੁਰ ਸਰਬ ਹੀ ਕੀਨਸਿ ਤ੍ਰਿਸਕਾਰਾ।
ਹਿੰਦੂ ਗਾਰ ਉਚਾਰਤੇ ਮੁਝਿ ਵਹਿਰ ਨਿਕਾਰਾ॥ ੧੫॥

ਪੈਂਦੇ ਨੇ ਕਿਹਾ, "ਹੇ ਭਾਈ ਜੀ ! ਸੁਣੋ, ਮੈਂ ਈਮਾਨ ਨੂੰ ਨਹੀਂ ਛੱਡਾਂਗਾ। ਸਦਾ ਦੀਨ ਦੀ ਗੱਲ ਤੇ ਮੈਂ ਸੁਚੇਤ ਹਾਂ। ਗੁਰੂ ਨੇ ਮੇਰੀਆਂ ਸਾਰੀਆਂ ਵਸਤਾਂ ਖੋਹ ਕੇ ਮੇਰਾ ਨਿਰਾਦਰ ਕੀਤਾ ਹੈ। ਹਿੰਦੂ ਗਾਲ੍ਹਾਂ ਕੱਢਦਿਆਂ ਮੈਨੂੰ ਬਾਹਰ ਕੱਢ ਦਿੱਤਾ ਹੈ॥੧੫॥

ਲਾਖਹੁਂ ਭ੍ਰਾਤ ਨਿਭ੍ਰਾਤ ਮੈਂ ਕਿਮ ਜਾਇ ਸਹਾਰੇ।
ਜਾਵਦ ਕਰਿ ਕੈ ਜੰਗ ਕੋ ਗੁਰ ਲੇਹੁਂ ਨ ਮਾਰੇ।
ਪੁਨ ਦੁਸ਼ਮਨ ਹੈ ਸ਼ਾਹੁ ਕੋ ਸੁਭ ਘਾਤ ਬਿਚਾਰੀ।
ਖਾਨ ਪੰਚ ਸੈ ਮਿਲਿ ਗਏ ਅਬਿ ਨਿਕਟਿ ਤੁਮਾਰੀ॥ ੧੬॥

ਲੱਖਾਂ ਭਰਾਵਾਂ ਦਾ ਮੈਂ ਭਰਾ ਹੈ, ਕਿਵੇਂ ਸਹਾਰਿਆ ਜਾ ਸਕਦਾ ਹੈ ਜਦ ਤਕ ਮੈਂ ਜੰਗ ਕਰਕੇ ਗੁਰੂ ਨੂੰ ਮਾਰ ਨਹੀਂ ਲੈਂਦਾ। ਫਿਰ ਉਹ ਬਾਦਸ਼ਾਹ ਦਾ ਦੁਸ਼ਮਣ ਹੈ ਮੈਂ ਸ਼ੁਭ ਦਾਅ ਵਿਚਾਰਿਆ ਹੈ। ਪੰਜ ਸੌ ਪਠਾਣ ਮਿਲ ਗਏ ਹਨ ਜਿਹੜੇ ਹੁਣ ਤੁਹਾਡੇ ਪਾਸ ਹਨ॥੧੬॥

ਦਿਹੁ ਉਤਸਾਹੁ ਸਹਾਇ ਕੋ ਮਿਲਿ ਹਜ਼ਰਤ ਸੰਗਾ।
ਜਿਸ ਤੇ ਲਸ਼ਕਰ ਲੇ ਬਡੋ ਠਾਨੋਂ ਬਹੁ ਜੰਗਾ।
ਇਮ ਪੈਂਦਾ ਜਬਿ ਦੀਨ ਭਾ ਪਿਖਿ ਕੁਤਬ ਉਚਾਰਾ।
'ਨਹਿਂ ਚਿੰਤਾ ਚਿਤ ਮਹਿਂ ਧਰਹੁ ਬਨ ਕਾਜ ਤੁਮਾਰਾ॥ ੧੭॥

ਸਹਾਇਕ ਹੋ ਕੇ ਉਤਸ਼ਾਹ ਦੇਵੋ, ਬਾਦਸ਼ਾਹ ਨੂੰ ਮਿਲ ਕੇ, ਉਸ ਪਾਸੋਂ ਬਹੁਤ ਫੌਜ ਲੈ ਕੇ ਵੱਡੀ ਜੰਗ ਕਰਾਂ।" ਇਸ ਤਰ੍ਹਾਂ ਪੈਂਦਾ ਜਦ ਦੀਨ ਹੋਇਆ ਵੇਖਿਆ ਤਾਂ ਕੁਤਬ ਨੇ ਕਿਹਾ, "ਚਿੱਤ ਵਿਚ ਚਿੰਤਾ ਨਾ ਧਰੋ, ਤੁਹਾਡਾ ਕੰਮ ਬਣ ਜਾਵੇਗਾ॥੧੭॥

ਬਨੋਂ ਸਹਾਇਕ ਸਗਲ ਬਿਧਿ ਬਲ ਜੇਤਿਕ ਮੋਹੀ।
ਹਜ਼ਰਤ ਸੰਗ ਮਿਲਾਇ ਕਰਿ ਕਹਿ ਮਹਿਮਾ ਤੋਹੀ।
ਤੁਮ ਸਭਿ ਗਮਨਹੁ ਅੱਗ੍ਰ ਅਬਿ ਮੈਂ ਆਇ ਪਿਛੇਰੇ।
ਸ਼ਾਹੁ ਮਾਨਿ ਇਸ ਬਾਤ ਕੋ, ਦੇ ਸੈਨ ਬਡੇਰੇ॥ ੧੮॥

ਮੈਂ ਹਰ ਤਰ੍ਹਾਂ ਨਾਲ ਤੁਹਾਡਾ ਸਹਾਇਕ ਬਣਾਂਗਾ, ਜਿੰਨੀ ਵੀ ਮੇਰੇ ਵਿਚ ਸ਼ਕਤੀ ਹੈ, ਬਾਦਸ਼ਾਹ ਦੇ ਨਾਲ ਮਿਲਾ ਕੇ ਤੇਰੀ ਮਹਿਮਾ ਕਰਾਂਗਾ। ਤੁਸੀਂ ਸਾਰੇ ਅੱਗੇ ਚਲੋ, ਮੈਂ ਬਾਅਦ ਵਿਚ ਆਵਾਂਗਾ। ਬਾਦਸ਼ਾਹ ਇਸ ਗੱਲ ਨੂੰ ਮੰਨ ਕੇ ਬਹੁਤ ਫੌਜ ਦੇਵੇਗਾ॥੧੮॥

ਕਰਜੋ ਬਹੁਤ ਨੁਕਸਾਨ ਗੁਰ ਮਾਰੇ ਉਮਰਾਊ।
ਬਾਜ ਰੁ ਬਾਜੀ ਰਖੇ ਲਰਿ ਬਿਨ ਤ੍ਰਾਸ ਸੁਭਾਊ।
ਯਾਤੇ ਜਾਨੀ ਪਰਤਿ ਹੈ ਦੇ ਲਸ਼ਕਰ ਸੰਗਾ।
ਬਨਹਿ ਬਡਾਈ ਤੋਹਿ ਕਹੁ ਕਰਿ ਸਨਮੁਖ ਜੰਗਾ॥ ੧੯॥

ਗੁਰੂ ਜੀ ਨੇ ਬਹੁਤ ਹਾਕਮਾਂ ਨੂੰ ਮਾਰ ਕੇ ਬਹੁਤ ਨੁਕਸਾਨ ਕੀਤਾ ਹੈ ਬਾਜ਼ ਤੇ ਘੋੜੇ ਰੱਖੇ ਹਨ, ਤੇ ਕਿਸੇ ਪ੍ਰਕਾਰ ਦੇ ਡਰ ਤੋਂ ਰਹਿਤ ਹੋ ਕੇ ਲੜਾਈ ਕਰਦੇ ਹਨ। ਇਸ ਤੋਂ ਪ੍ਰਗਟ ਹੁੰਦਾ ਹੈ ਕਿ, ਤੈਨੂੰ ਫ਼ੌਜ ਦੇਵੇਗਾ ਸਾਹਮਣੇ ਹੋ ਕੇ ਜੰਗ ਕਰਨ ਨਾਲ ਤੇਰੀ ਵਡਿਆਈ ਬਣੇਗੀ' ॥੧੯॥

ਸੁਨਿ ਪੈਂਦੇ ਆਨੰਦ ਲਹਿ ਤਿਹ ਕਰੀ ਬਡਾਰੀ।
'ਧੰਨ ਧੰਨ ਤੂੰ ਕੁਤਬਖਾਂ ਇਮ ਹੀ ਬਨਿ ਆਈ।
ਭ੍ਰਾਤਨਿ ਮਹਿਂ ਸਿਰਮੌਰ ਹੈਂ ਸਭਿ ਕੀ ਤੁਹਿ ਲਾਜਾ।
ਲਾਯਕ ਹੈਂ ਸਭਿ ਬਾਤ ਕੇ ਅਸ ਕਰਿਬੇ ਕਾਜਾ' ॥ ੨੦॥

ਇਹ ਸੁਣ ਕੇ ਪੈਂਦੇ ਨੇ ਬਹੁਤ ਪ੍ਰਸੰਨ ਹੋ ਕੇ ਉਸ ਦੀ ਵਡਿਆਈ ਕੀਤੀ, "ਹੇ ਕੁਤਬ ਖਾਨ! ਤੂੰ ਧੰਨ ਹੈਂ, ਇਸ ਤਰ੍ਹਾਂ ਬਣ ਆਉਂਦੀ ਹੈ। ਭਰਾਵਾਂ ਵਿਚ ਤੂੰ ਸਿਰਮੌਰ ਹੈਂ, ਤੂੰ ਸਾਰਿਆਂ ਦੀ ਲਾਜ ਰਖਦਾ ਹੈਂ। ਸਭ ਗੱਲਾਂ ਦੇ ਤੂੰ ਲਾਇਕ ਹੈਂ, ਇਸ ਤਰ੍ਹਾਂ ਕਾਰਜ ਕਰਦਾ ਹੈਂ" ॥੨੦॥

ਦੀਨੀ ਕਸਮ ਕੁਰਾਨ ਕੀ 'ਆਵਹੁ ਸਹਿਸਾਈ।
ਸਰਹਿ ਨ ਕਾਰਜ ਤੁਝ ਬਿਨਾ ਕਰਿ ਬੁੱਧਿ ਉਪਾਈ'।
ਬਾਂਧਿ ਅਹਿਦ ਇਸ ਰੀਤਿ ਸੋਂ ਪੈਂਦੇ ਕਰਿ ਤਯਾਰੀ।
ਸੰਗ ਖਾਨ ਲੈ ਪੰਚ ਸੈ ਹਿਤ ਕਰਤਿ ਉਚਾਰੀ॥ ੨੧॥

ਕੁਰਾਨ ਦੀ ਕਸਮ ਦੇ ਕੇ ਕਿਹਾ, "ਛੇਤੀ ਆਵੀਂ, ਤੇਰੇ ਬਗੈਰ ਕਾਰਜ ਹੋਣਾ ਨਹੀਂ, ਬੁੱਧੀ ਵਰਤ ਕੇ ਇਹ ਕਾਰਜ ਕਰੋ"। ਇਸ ਤਰ੍ਹਾਂ ਇਕਰਾਰ ਲੈ ਕੇ ਪੈਂਦੇ ਨੇ ਜਾਣ ਦੀ ਤਿਆਰੀ ਕਰ ਲਈ। ਆਪਣੇ ਨਾਲ ਪੰਜ ਸੌ ਪਠਾਣ ਲੈ ਲਿਆ ਜਿਹੜੇ ਪੈਂਦੇ ਦਾ ਹਿਤ ਉਚਾਰਨ ਕਰਦੇ ਸਨ ॥੨੧॥

ਮਸਲਤ ਠਾਨਿ ਦਮਾਦ ਸੌਂ 'ਹੁਇਂ ਕਾਜ ਹਮਾਰੇ।
ਨੀਠ ਨੀਠ ਕਰਿ ਕਤਬ ਖਾਂ ਭਾ ਪੱਖ ਹਮਾਰੇ'।
ਲਵਪੁਰਿ ਕੇ ਮਾਰਗ ਪਰੇ ਨਿਸ ਠਾਨਹਿਂ ਡੇਰਾ।
ਜਥਾਕ੍ਰੱਮ ਸਭਿ ਉਲੰਘ ਕਰਿ ਪਿਖਿ ਨਗਰ ਬਡੇਰਾ॥ ੨੨॥

ਆਪਣੇ ਦਾਮਾਦ ਨਾਲ ਫਿਰ ਸਲਾਹ ਕੀਤੀ, "ਸਾਡਾ ਕੰਮ ਬਣ ਜਾਵੇਗਾ ਮਸਾਂ-ਮਸਾਂ ਕਰਕੇ ਕੁਤਬ ਖਾਂ ਨੇ ਸਾਡਾ ਪੱਖ ਲਿਆ ਹੈ।" ਲਾਹੌਰ ਦੇ ਰਾਹੇ ਪੈ ਗਏ, ਰਾਤ ਨੂੰ ਕਿਤੇ ਡੇਰਾ ਕਰ ਲੈਂਦੇ ਸਨ। ਹੌਲੀ-ਹੌਲੀ ਸਾਰਾ ਪੈਂਡਾ ਲੰਘ ਕੇ ਵੱਡੇ ਨਗਰ ਲਾਹੌਰ ਨੂੰ ਜਾ ਵੇਖਿਆ ॥੨੨॥

ਉਤਰੇ ਸੁੰਦਰ ਥਲ ਪਿਖਯੋ ਬਿਸਰਾਮਤਿ ਹੋਏ।
ਅਨਿਕ ਜਤਨ ਕੋ ਰਚਤਿ ਭੇ ਰਲ ਮਿਲਿ ਸਭਿ ਕੋਏ।
'ਕਿਮ ਪਹੁੰਚਹਿਂ ਹਮ ਸ਼ਾਹੁ ਢਿਗ' ਚਿੰਤਾ ਬਡ ਧਾਰੀ।
ਅਰਜ਼ੀ ਕਿਸ ਉਮਰਾਵ ਨੇ ਤਿਹ ਨਹੀਂ ਉਚਾਰੀ॥ ੨੩॥

ਇਕ ਸੁੰਦਰ ਥਾਂ ਵੇਖ ਕੇ ਵਿਸ਼ਰਾਮ ਵਾਸਤੇ ਉਤਾਰਾ ਕਰ ਲਿਆ। ਸਾਰੇ ਰਲ ਮਿਲ ਕੇ ਅਨੇਕਾਂ ਯਤਨਾਂ ਤੇ ਵਿਚਾਰ ਕਰਦੇ ਸਨ, "ਅਸੀਂ ਬਾਦਸ਼ਾਹ ਪਾਸ ਕਿਵੇਂ ਪਹੁੰਚੀਏ।" ਵੱਡੀ ਚਿੰਤਾ ਧਾਰਨ ਕੀਤੀ ਸੀ। ਉਨ੍ਹਾਂ ਦੀ ਬੇਨਤੀ ਕਿਸੇ ਵੀ ਹਾਕਮ ਨੇ ਉਚਾਰਨ ਨਾ ਕੀਤੀ ॥੨੩॥

ਖਾਂਵਜ਼ੀਰ ਕੋ ਸੁਧ ਭਈ 'ਗੁਰ ਪਰ ਸੁ ਪੁਕਾਰੂ।
ਨਿਮਕ ਹਰਾਮੀ ਬਨਿ ਗਯੋ ਕੀਨਸਿ ਪ੍ਰਤਿਪਾਰੂ'।
ਬਰਜਜੋ ਸਭਿ ਉਮਰਾਵ ਕੋ 'ਅਰਜ਼ੀ ਨ ਉਚਾਰੋ'।
ਯਾਂਤੇ ਸਭਿ ਹਟਿ ਕਰਿ ਰਹੇ ਉਰ ਮਹਿਂ ਡਰ ਧਾਰੋ॥ ੨੪॥

ਵਜ਼ੀਰ ਖਾਂ ਨੂੰ ਖਬਰ ਮਿਲੀ ਕਿ ਗੁਰੂ ਜੀ ਉਤੇ ਪੁਕਾਰ ਕਰਨ ਆਏ ਹਨ, ਜਿਸ ਦੀ ਗੁਰੂ ਜੀ ਨੇ ਪਾਲਣਾ ਕੀਤੀ ਸੀ, ਉਹ ਹੀ ਨਿਮਕ ਹਰਾਮ ਬਣ ਗਿਆ ਹੈ। ਉਸ ਸਾਰੇ ਹਾਕਮਾਂ ਨੂੰ ਰੋਕ ਦਿੱਤਾ ਕਿ ''ਇਸ ਦੀ ਅਰਜ਼ੀ ਦਾ ਉਚਾਰਨ ਨਾ ਕਰਨ।'' ਇਸ ਲਈ ਸਾਰੇ ਹਿਰਦੇ ਵਿਚ ਡਰ ਧਾਰ ਕੇ ਹਟੇ ਰਹੇ॥੨੪॥

ਸਭਿ ਕੇ ਢਿਗ ਪੈਂਦਾ ਗਯੋ ਰਿਸ਼ਵਤ ਦੇ ਹਾਰਾ।
ਤਿਮ ਹੀ ਖਾਂ ਅਸਮਾਨ ਬਹੁ ਕੀਨੇ ਉਪਚਾਰਾ।
ਏਕ ਮਾਸ ਲਗਿ ਬਹੁ ਫਿਰੇ ਕਰਿ ਜਤਨ ਅਨੇਕਾ।
ਹਜ਼ਰਤ ਸੁਨਹਿ ਪੁਕਾਰ ਕੋ, ਬਸ ਚਲਯੋ ਨ ਏਕਾ॥ ੨੫॥

ਪੈਂਦਾ ਸਾਰੇ ਹਾਕਮਾ ਦੇ ਪਾਸ ਗਿਆ ਤੇ ਰਿਸ਼ਵਤ ਦੇ-ਦੇ ਕੇ ਹਾਰ ਗਿਆ। ਉਸ ਤਰ੍ਹਾਂ ਹੀ ਅਸਮਾਨ ਖਾਂ ਨੇ ਬਹੁਤ ਯਤਨ ਕੀਤੇ। ਇਕ ਮਹੀਨੇ ਤਕ ਬਹੁਤ ਯਤਨ ਕਰਕੇ ਫਿਰਦੇ ਰਹੇ। ਬਾਦਸ਼ਾਹ ਉਨ੍ਹਾਂ ਦੀ ਪੁਕਾਰ ਸੁਣੇ ਕੋਈ ਵੀ ਵੱਸ ਨਾ ਚਲਿਆ॥੨੫॥

ਸਹਿਤ ਦਮਾਦ ਬਿਲੰਦ ਦੁਖ ਚਿੰਤਾ ਨਿਤ ਬਾਢੀ।
ਰਿਦੈ ਬਿਸੂਰਤਿ ਸੂਲ ਲਗਿ ਗਾਢੀ ਨਹਿਂ ਕਾਢੀ।
ਕਰਕਤਿ ਊਠਤਿ ਬੈਠਿਤੇ ਬਡ ਪੀਰ ਉਪਾਵੈ।
ਕਹਾਂ ਕਰਹਿ ਬਸ ਨਹਿਂ ਚਲਹਿ ਬਿਰਥਾ ਸਭਿ ਜਾਵੈ॥ ੨੬॥

ਆਪਣੇ ਦਾਮਾਦ ਸਹਿਤ ਦੋਵਾਂ ਦੀ ਚਿੰਤਾ ਬਹੁਤ ਵੱਧ ਗਈ। ਹਿਰਦੇ ਵਿਚ ਜਿਹੜੀ ਸੂਲ ਗੱਡੀ ਸੀ, ਉਹ ਨਾ ਨਿਕਲੀ। ਉਠਦਿਆਂ ਬੈਠਦਿਆਂ ਸਖਤ ਪੀੜ ਹੁੰਦੀ ਸੀ। ਕੀ ਕਰਨ ਕੁਝ ਵੱਸ ਨਹੀਂ ਸੀ ਚਲਦਾ, ਸਭ ਯਤਨ ਵਿਅਰਥ ਜਾਂਦੇ ਸਨ॥੨੬॥

'ਕਜਾ ਮੁਖ ਲੈ ਘਰ ਕੋ ਚਲੈਂ ਰੋਜ਼ੀ ਨਿਤ ਖੋਈ।
ਕਹਾਂ ਕਹੈਂਗੇ ਬੈਠਿ ਕਰਿ ਜਬਿ ਮਿਲਿ ਸਭਿ ਕੋਈ।
ਜੀਵਨ ਤੇ ਮਰਿਬੋ ਭਲੇ, ਧਿਕ ਖਾਨਾ ਖਾਨੇ।
'ਘਰ ਕੇ ਰਹੇ ਨ ਘਾਟ ਕੇ', ਇਮ ਲੋਕ ਬਖਾਨੇ'॥ ੨੭॥

ਸੋਚਦੇ ਸਨ, ''ਕੀ ਮੂੰਹ ਲੈ ਕੇ ਘਰ ਨੂੰ ਜਾਈਏ, ਨਿਤ ਦੀ ਰੋਜ਼ੀ ਵੀ ਗਵਾਈ। ਜਦ ਸਾਰੇ ਮਿਲ ਕੇ ਬੈਠਣਗੇ ਤਾਂ ਕੀ ਕਹਾਂਗੇ ਇਸ ਜੀਵਨ ਨਾਲੋਂ ਮਰਨਾ ਚੰਗਾ ਹੈ, ਸਾਡੇ ਖਾਣਾ ਖਾਣ ਨੂੰ ਧਿਰਕਾਰ ਹੈ। 'ਨਾ ਘਰ ਦੇ ਰਹੇ ਹਾਂ ਤੇ ਨਾ ਘਾਟ ਦੇ' ਲੋਕ ਇਸ ਤਰ੍ਹਾਂ ਕਹਿਣਗੇ''॥੨੭॥

ਨਿਸ਼ਚਾ ਰਹਿਬੇ ਚਲਨ ਕੋ ਠਹਿਰਤਿ ਨਹਿਂ ਕੋਈ।
ਰੁਚਿ ਕਰਿ ਖਾਨਾ ਖਾਇ ਨਹਿਂ ਦ੍ਰਿਗ ਨੀਂਦ ਨ ਹੋਈ।

ਕਰਤਿ ਖੁਸ਼ਾਮਦ ਥਕਿ ਰਹੇ ਨਹਿਂ ਸਰਜੋ ਸੁ ਕਾਜਾ।
ਦਰਬ ਸਰਬ ਕੋ ਖਰਚ ਕਰਿ ਭਾ ਛੀਨ ਸਮਾਜਾ॥ ੨੮॥

ਰਹਿਣ ਜਾਂ ਚਲਣ ਦਾ ਨਿਸ਼ਚਾ ਪਰਪੱਕ ਨਹੀਂ ਸੀ ਹੁੰਦਾ। ਰੁਚੀ ਅਨੁਸਾਰ ਖਾਣਾ ਨਹੀਂ ਸੀ ਖਾਂਦੇ ਤੇ ਅੱਖਾਂ ਵਿਚ ਨੀਂਦ ਨਹੀਂ ਸੀ ਆਉਂਦੀ। ਹਾਕਮਾਂ ਦੀਆਂ ਖੁਸ਼ਾਮਦਾਂ ਕਰ-ਕਰ ਥੱਕੇ ਪਰ ਕੋਈ ਕੰਮ ਵੀ ਨਾ ਸਰਿਆ। ਸਾਰਾ ਧਨ ਖਰਚ ਕੇ ਸਾਰੇ ਸਾਮਾਨ ਵੀ ਗਵਾ ਬੈਠੇ॥੨੮॥

ਏਕ ਮਾਸ ਬੀਤਜੋ ਜਬੈ ਇਮ ਭਏ ਬਿਹਾਲਾ।
ਕੁਤਬਖਾਨ ਆਗਵਨ ਕਿਯ ਲਵਪੁਰਿ ਤਿਸ ਕਾਲਾ।
ਕਰਜੋ ਸੁਨਾਵਨ ਕਿਸੂ ਨਰ 'ਜਾਲੰਧਰ ਸੂਬਾ।
ਉਤਰਜੋ ਆਨਿ ਸ ਸੈਨ ਕੇ ਕਜਾ ਹੁਇ ਮਨਸੂਬਾ'॥ ੨੯॥

ਜਦ ਇਕ ਮਹੀਨਾ ਬੀਤ ਗਿਆ ਤਾਂ ਬਿਹਾਲ ਹੋ ਗਏ। ਉਸ ਸਮੇਂ ਕੁਤਬ ਖਾਨ ਲਾਹੌਰ ਆਇਆ। ਕਿਸੇ ਮਨੁੱਖ ਨੇ ਉਨ੍ਹਾਂ ਨੂੰ ਸੁਣਾਇਆ, "ਜਲੰਧਰ ਦੇ ਸੂਬਾ ਨੇ ਸੈਨਾ ਸਮੇਤ ਆ ਕੇ ਉਤਾਰਾ ਕੀਤਾ ਹੈ, ਕੀ ਮਨਸੂਬਾ ਹੋਵੇਗਾ"॥੨੯॥

ਸੁਨਤਿ ਅਨੰਦਤਿ ਪੈਂਦਖਾਂ ਜਨੁ ਤਰੁ ਕਮਲਾਯੋ।
ਸੀਂਚਜੋ ਜਲ ਕਿਨ ਆਨਿ ਕੈ ਇਮਿ ਬਿਧਿ ਟਹਿਕਾਯੋ।
ਚਤਰ ਘਟੀ ਜਬਿ ਦਿਨ ਰਹਜੋ ਗਮਨੇ ਤਿਸ ਡੇਰੇ।
ਜਾਇ ਤਮਾਮ ਸਲਾਮ ਕਿਯ ਮਿਲਿ ਪ੍ਰੇਮ ਬਡੇਰੇ॥ ੩੦॥

ਇਹ ਸੁਣ ਕੇ ਪੈਂਦੇ ਖਾਂ ਬਹੁਤ ਪ੍ਰਸੰਨ ਹੋਇਆ ਜਿਵੇਂ ਕੁਮਲਾਏ ਬ੍ਰਿੱਛ ਨੂੰ ਕਿਸੇ ਨੇ ਆ ਕੇ ਪਾਣੀ ਦਿੱਤਾ ਹੋਵੇ, ਇਸ ਤਰ੍ਹਾਂ ਟਹਿਕ ਗਿਆ। ਜਦ ਚਾਰ ਘੜੀਆਂ ਦਿਨ ਰਹਿੰਦਾ ਸੀ ਤਾਂ ਉਸ ਦੇ ਡੇਰੇ ਤੇ ਗਏ। ਜਾ ਕੇ ਸਾਰਿਆਂ ਨੇ ਸਲਾਮ ਕੀਤੀ ਤੇ ਬੜੇ ਪ੍ਰੇਮ ਨਾਲ ਮਿਲੇ॥੩੦॥

ਬੈਠੇ ਨਿਕਟਿ ਪ੍ਰਸੰਗ ਨਿਜ ਕਹਿ ਸਕਲ ਸੁਨਾਯੋ।
'ਹਾਰੇ ਜਤਨ ਅਨੇਕ ਕਰਿ ਕੁਛ ਭੇਵ ਨ ਪਾਯੋ।
ਅਬਿ ਲੌ ਨਹੀਂ ਪੁਕਾਰ ਕਿਨ ਢਿਗ ਸ਼ਾਹੁ ਉਚਾਰੀ।
ਮੇਲ ਕਰਨਿ ਸਨਮਾਨ ਸੌਂ ਬਿਸਵਾਸ ਨ ਧਾਰੀ॥ ੩੧॥

ਪਾਸ ਬੈਠ ਕੇ ਆਪਣਾ ਸਾਰਾ ਪ੍ਰਸੰਗ ਸੁਣਾਇਆ, "ਅਨੇਕਾਂ ਯਤਨ ਕਰਕੇ ਹਾਰ ਗਏ ਹਾਂ, ਕੁਝ ਭੇਤ ਨਹੀਂ ਪਾਇਆ ਹੈ। ਹੁਣ ਤਕ ਕਿਸੇ ਨੇ ਵੀ ਬਾਦਸ਼ਾਹ ਪਾਸ ਸਾਡੀ ਪੁਕਾਰ ਉਚਾਰਨ ਨਹੀਂ ਕੀਤੀ। ਸਾਡੇ ਨਾਲ ਸਨਮਾਨ ਨਾਲ ਮੇਲ ਹੋ ਸਕੇ, ਹੁਣ ਤਕ ਵਿਸ਼ਵਾਸ ਨਹੀਂ ਧਾਰਨ ਕੀਤਾ ਹੈ॥੩੧॥

ਮਿਲਿ ਮਿਲਿ ਕਰਨਿ ਖੁਸ਼ਾਮਦਨਿ, ਰਿਸ਼ਵਤ ਕੋ ਦੈਬੋ।
ਸਭਿ ਉਮਰਾਵਨਿ ਕੇ ਸਦਨ ਉਠਿ ਕਰਿ ਨਿਤ ਜੈਬੋ।
ਕਿਨਹੂੰ ਕਹਜੋ ਨ ਸ਼ਾਹ ਸੌਂ ਹਮ ਸਭਿ ਕਰਿ ਲੀਨੇ।
ਢਿਗ ਵਜ਼ੀਰਖਾਂ ਰਹਨ ਤੇ ਡਰਪਹਿਂ ਧ੍ਰਿਤ ਹੀਨੇ॥ ੩੨॥

ਰਿਸ਼ਵਤ ਦੇ ਕੇ ਮਿਲ-ਮਿਲ ਖੁਸ਼ਾਮਦਾਂ ਵੀ ਕੀਤੀਆਂ, ਸਾਰੇ ਹਾਕਮਾਂ ਦੇ ਘਰ ਨਿਤ ਉੱਠ ਕੇ ਜਾਂਦੇ ਹਾਂ। ਕਿਸੇ ਨੇ ਵੀ

ਜਾ ਕੇ ਬਾਦਸ਼ਾਹ ਨੂੰ ਨਹੀਂ ਕਿਹਾ ਹੈ, ਅਸੀਂ ਸਾਰੇ ਉਪਾਅ ਕਰ ਲਏ ਹਨ। ਵਜ਼ੀਰ ਖਾਂ ਦੇ ਪਾਸ ਰਹਿਣ ਕਾਰਨ ਧੀਰਜ ਰਹਿਤ ਹੋ ਕੇ ਡਰਦੇ ਹਨ॥੩੨॥

ਰਹੇ ਪ੍ਰਤੀਖਤਿ ਤੋਹਿ ਕਹੁ, ਨਾਤੁਰ ਘਰ ਜਾਤੇ।
ਧਨ ਕੋ ਦੀਰਘ ਖਰਚ ਹੈ, ਮੁਝ ਤੇ ਸਭਿ ਖਾਤੇ।
ਮਮ ਕਾਰਜ ਸਗਰੇ ਬਿਖੈ ਤੁਮ ਬਨਹੁ ਜਹਾਜੁ।
ਸਭਿ ਭ੍ਰਾਤਨਿ ਕੀ ਰਾਖਿ ਹੈਂ ਪਤਿ ਦੀਰਘ ਲਾਜੂ॥ ੩੩॥

ਤੁਹਾਡੀ ਇੰਤਜ਼ਾਰ ਕਰਦੇ ਰਹੇ ਹਾਂ, ਨਹੀਂ ਤਾਂ ਘਰ ਚਲੇ ਜਾਂਦੇ, ਧਨ ਦਾ ਬਹੁਤ ਖਰਚਾ ਹੋਇਆ ਹੈ, ਸਾਰੇ ਮੇਰੇ ਪਾਸੋਂ ਖਾਂਦੇ ਹਨ। ਮੇਰੇ ਸਾਰੇ ਕਾਰਜ ਵਿਚ ਹੁਣ ਤੁਸੀਂ ਜਹਾਜ਼ ਬਣੋ। ਸਾਰੇ ਭਰਾਵਾਂ ਦੀ ਪੱਤ ਰੱਖ ਲਵੋ, ਬਹੁਤ ਜ਼ਿਆਦਾ ਸ਼ਰਮਸਾਰ ਹਾਂ"॥੩੩॥

ਕਹੈ ਕੁਤਬ 'ਸੁਨਿ ਪੈਂਦ ਖਾਂ ਇਹ ਨਿਸ਼ਚੈ ਜਾਨੀ।
ਖਾਂ ਵਜ਼ੀਰ ਤੇ ਸਭਿ ਡਰੈਂ ਹੋਹਿਂ ਨ ਸਮੁਹਾਨੀ।
ਮੁਝ ਤੇ ਭੀ ਤਿਸ ਤ੍ਰਾਸ ਤੇ ਇਹੁ ਕਹੀ ਨ ਜਾਈ।
ਯਾਂਤੇ ਕਾਰਜ ਕਠਨ ਹੈ, ਕੈਸੇ ਬਨਿ ਆਈ'॥ ੩੪॥

ਕੁਤਬ ਨੇ ਕਿਹਾ, "ਹੇ ਪੈਂਦੇ ਖਾਂ ! ਸਾਰਿਆਂ ਨੇ ਇਹ ਨਿਸ਼ਚਾ ਜਾਣਿਆ ਹੈ, ਸਾਰੇ ਵਜ਼ੀਰ ਖਾਂ ਤੋਂ ਡਰਦੇ ਹਨ ਤੇ ਉਸ ਦੇ ਸਾਹਮਣੇ ਨਹੀਂ ਹੁੰਦੇ ਹਨ। ਮੇਰੇ ਪਾਸੋਂ ਵੀ ਇਸ ਡਰ ਕਾਰਨ ਕਿਹਾ ਨਹੀਂ ਜਾਵੇਗਾ ਇਸ ਕਰਕੇ ਇਹ ਕਾਰਜ ਬਹੁਤ ਕਠਨ ਹੈ ਕਿਸ ਤਰ੍ਹਾਂ ਬਣੇਗਾ"॥੩੪॥

ਅਤਿ ਸਚਿੰਤ ਪੈਂਦਾ ਭਯੋ ਤੂਟੀ ਸਭਿ ਆਸਾ।
ਜਨੁ ਮਲਾਹ ਵਿਚ ਧਾਰਕੇ ਤਜਿ ਤਰੀ ਨਿਰਾਸਾ।
'ਦਾਨਸ਼ਵੰਦ ਬਿਲੰਦ ਤੂੰ ਕੁਛ ਜਤਨ ਬਤਾਵੋ।
ਜਿਸ ਬਿਧ ਕਾਰਜੁ ਇਹੁ ਸਰਹਿ ਸੋ ਜਕਤਿ ਬਨਾਵੋ॥ ੩੫॥

ਪੈਂਦਾ ਬਹੁਤ ਫਿਕਰਮੰਦ ਹੋ ਗਿਆ, ਸਾਰੀਆਂ ਆਸਾਂ ਟੁੱਟ ਗਈਆਂ ਮਾਨੋਂ ਮਲਾਹ ਨੇ ਬੇੜੀ ਨੂੰ ਜਲ ਦੇ ਪ੍ਰਵਾਹ ਵਿਚ ਨਰਾਸ ਹੋ ਕੇ ਛੱਡ ਦਿੱਤਾ ਹੋਵੇ। ਪੈਂਦੇ ਨੇ ਫਿਰ ਕਿਹਾ, "ਤੂੰ ਬਹੁਤ ਅਕਲਮੰਦ ਹੈਂ ਕੋਈ ਯਤਨ ਦੱਸੋ, ਜਿਸ ਵਿਧੀ ਨਾਲ ਇਹ ਕਾਰਜ ਹੋ ਜਾਵੇ ਉਹ ਜੁਗਤੀ ਬਣਾਵੋ॥੩੫॥

ਤੁਮ ਵਾਕਫ ਦਰਬਾਰ ਕੇ ਰਹਿ ਸ਼ਾਹੁ ਨਜੀਕੇ।
ਪਹੁੰਚਹਿ ਜਾਇ ਪ੍ਰਕਾਰ ਤਹਿਂ, ਹੁਇ ਕਾਰਜ ਨੀਕੇ।
ਅਪਰ ਨਹੀਂ ਹਮਰੇ ਹਿਤੂ ਸਮ ਤੋਹਿ ਸੁਜਾਨਾ।
ਲਖਜੋ ਅਲੰਬ ਬਿਸਾਲ ਉਰ ਆਵਨ ਤਬਿ ਠਾਨਾ॥ ੩੬॥

ਤੁਸੀਂ ਦਰਬਾਰ ਦੇ ਵਾਕਫ ਹੋ ਤੇ ਬਾਦਸ਼ਾਹ ਦੇ ਪਾਸ ਰਹਿੰਦੇ ਹੋ। ਪੁਕਾਰ ਲੈ ਕੇ ਬਾਦਸ਼ਾਹ ਪਾਸ ਪਹੁੰਚੀਏ ਤੇ ਕੰਮ ਚੰਗੀ ਤਰ੍ਹਾਂ ਹੋ ਜਾਵੇ। ਤੁਹਾਡੇ ਵਰਗਾ ਚਤੁਰ ਹੋਰ ਸਾਡਾ ਕੋਈ ਹਿਤੂ ਨਹੀਂ ਹੈ। ਦਿਲ ਵਿਚ ਆਪ ਦਾ ਵੱਡਾ ਭਰੋਸਾ ਤਕਿਆ ਹੈ, ਇਸ ਕਰਕੇ ਏਥੇ ਆਏ ਹਾਂ"॥੩੬॥

ਕਹਿਤਿ ਕੁਤਬ ਖਾਂ 'ਜਤਨ ਸੁਨਿ ਲਿਹੁ ਬੇਣੂ ਉਤੰਗਾ।
ਮੁਰਗੀ ਬੰਧਿ ਬੁਲਾਈਏ ਊਚੀ ਤਿਹ ਸੰਗਾ।
ਸੁਨਹਿ ਸ਼ਾਹੁ ਹੁਇ ਪ੍ਰਾਤਿ ਜਬਿ ਲੇ ਨਿਕਟਿ ਬੁਲਾਈ।
ਸਕਲ ਪ੍ਰਸੰਗ ਸੁਨਾਈਏ, ਮੈਂ ਬਨੌਂ ਸਹਾਈ॥ ੩੭॥

ਕੁਤਬ ਖਾਂ ਨੇ ਕਿਹਾ, "ਯਤਨ ਸੁਣ ਲਵੋ, ਇਕ ਲੰਮਾ ਵਾਂਸ ਲਵੋ ਉਸ ਦੇ ਨਾਲ ਇਕ ਮੁਰਗੀ ਬੰਨ੍ਹ ਕੇ ਉਸ ਨੂੰ ਉੱਚੀ-ਉੱਚੀ ਬੁਲਾਵੋ। ਜਦ ਸਵੇਰ ਹੋਵੇਗੀ ਤਾਂ ਬਾਦਸ਼ਾਹ ਸੁਣ ਕੇ ਪਾਸ ਬੁਲਾ ਲਵੇਗਾ ਸਾਰਾ ਪ੍ਰਸੰਗ ਬਾਦਸ਼ਾਹ ਨੂੰ ਸੁਣਾਵੋ, ਮੈਂ ਤੁਹਾਡਾ ਸਹਾਇਕ ਬਣਾਂਗਾ॥੩੭॥

ਇਸ ਉਪਾਇ ਬਿਨ ਅਪਰ ਨਹਿਂ ਕੀਜਹਿ ਤਤਕਾਲਾ'।
ਸੁਨਤਿ ਅਨੰਦਤਿ ਪੈਂਦ ਖਾਂ ਲਖਿ ਜਤਨ ਸੁਖਾਲਾ।
ਨਿਸ਼ਚੈ ਮਸਲਤ ਕਰਿ ਉਠਜੋਂ ਗਾ ਅਪਨੇ ਡੇਰੇ।
ਸਭਿ ਸਾਥੀਨ ਸੁਨਾਇਕੈ ਹਰਖੇ ਤਿਸ ਬੇਰੇ॥ ੩੮॥

ਇਸ ਉਪਾਅ ਦੇ ਬਗੈਰ ਹੋਰ ਕੋਈ ਗੱਲ ਤੁਰਤ ਨਾ ਕਰੋ।" ਸੁਖਾਲਾ ਯਤਨ ਸਮਝ ਕੇ ਪੈਂਦੇ ਖਾਂ ਇਹ ਸੁਣ ਕੇ ਬਹੁਤ ਪ੍ਰਸੰਨ ਹੋਇਆ। ਸਲਾਹ ਨਿਸ਼ਚੇ ਕਰਕੇ ਉਠ ਪਿਆ ਤੇ ਆਪਣੇ ਡੇਰੇ ਚਲਾ ਗਿਆ। ਆਪਣੇ ਸਾਰੇ ਸਾਥੀਆਂ ਨੂੰ ਸੁਣਾ ਕੇ, ਉਸ ਸਮੇਂ ਬਹੁਤ ਪ੍ਰਸੰਨ ਹੋਏ॥੩੮॥

*ਅੱਠਵੀਂ ਰਾਸ ਦਾ ਬਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੨॥*

## ਅਧਿਆਇ ਤੇਰ੍ਹਵਾਂ

*ਫਰਿਆਦ ਪੁਚਾਈ*

ਦੋਹਰਾ- ਪਹੁੰਚਤਿ ਡੇਰੇ ਜਤਨ ਕਿਯ ਮੁਰਗੀ ਮੋਲ ਮੰਗਾਇ।
ਦੀਰਘ ਬੇਣੂ ਸੰਗ ਤਿਹ ਊਪਰ ਭਲੇ ਬੰਧਾਇ॥ ੧॥

ਡੇਰੇ ਪਹੁੰਚ ਕੇ ਯਤਨ ਕਰਕੇ ਇਕ ਮੁਰਗੀ ਮੁੱਲ ਮੰਗਵਾਈ, ਤੇ ਉਸ ਨੂੰ ਲੰਮੇ ਵਾਂਸ ਦੇ ਉਪਰ ਭਲੀ ਪ੍ਰਕਾਰ ਬੰਨ੍ਹ ਦਿੱਤਾ॥੧॥

ਚੌਪਈ- ਤਿਸ ਕੇ ਤਰੇ ਮਸਾਲ ਬੰਧਾਈ। ਸੰਗ ਸਨੇਹ ਬਿਸਾਲ ਭਿਗਾਈ।
ਬੀਤੀ ਅਰਧ ਰਾਤਿ ਜਬਿ ਜਾਨੀ। ਅਗਨਿ ਲਗਾਇ ਜਗਾਵਨਿ ਠਾਨੀ॥੨॥

ਉਸ ਦੇ ਥੱਲੇ ਇਕ ਮਸ਼ਾਲ ਬੰਨ੍ਹਵਾ ਦਿੱਤੀ ਜਿਸ ਨੂੰ ਬਹੁਤ ਤੇਲ ਨਾਲ ਭਿਉਂ ਦਿੱਤਾ। ਜਦ ਇਹ ਸਮਝਿਆ ਕਿ ਅੱਧੀ ਰਾਤ ਬੀਤ ਗਈ ਹੈ ਤਾਂ ਅੱਗ ਲਾ ਕੇ ਮਸ਼ਾਲ ਨੂੰ ਜਗਾ ਲਿਆ॥੨॥

ਸੰਗ ਪਠਾਨ ਪੰਚ ਸੈ ਕਰੇ। ਗਮਨੇ ਸ਼ਾਹੁ ਮਹਲ ਕੇ ਤਰੇ।
ਕਰੈਂ 'ਫਿਰਾਦ, ਫਿਰਾਦ' ਪੁਕਾਰੀ। ਕਰਤਿ ਰੌਰ ਕੋ ਚਲੇ ਅਗਾਰੀ॥ ੩॥

ਆਪਣੇ ਨਾਲ ਪੰਜ ਸੌ ਪਠਾਣ ਲੈ ਲਏ ਤੇ ਬਾਦਸ਼ਾਹ ਦੇ ਮਹਿਲਾਂ ਦੇ ਥੱਲੇ ਚਲੇ ਗਏ ਤੇ 'ਫਰਿਆਦ ਫਰਿਆਦ' ਕਹਿ ਕੇ ਬੜੀ ਉੱਚੀ ਪੁਕਾਰ ਕੀਤੀ ਤੇ ਰੌਲਾ ਪਾਉਂਦੇ ਅੱਗੇ ਚਲੇ ਗਏ॥੩॥

ਐਰਾਵਤੀ ਦਿਸ਼ਾ ਬਡ ਮੰਦਿਰ। ਸ਼ਾਹਜਹਾਂ ਸੁਪਤਯੋ ਤਿਸ ਅੰਦਰ।
ਦਿਨ ਮਹਿਂ ਭੇਦ ਪੂਛਿ ਸਭਿ ਲੀਨਾ। ਤਿਸੀ ਸਥਾਨ ਪਯਾਨੌ ਕੀਨਾ॥ ੪ ॥

ਰਾਵੀ ਨਦੀ ਵਾਲੇ ਪਾਸੇ ਵੱਡੇ ਮਹੱਲ ਸਨ, ਸ਼ਾਹਜਹਾਂ ਉਸ ਮਹੱਲ ਦੇ ਅੰਦਰ ਸੁੱਤਾ ਪਿਆ ਸੀ। ਦਿਨ ਸਮੇਂ ਸਾਰਾ ਭੇਦ ਪੁੱਛ ਲਿਆ ਸੀ, ਉਸ ਸਥਾਨ ਤੇ ਚਲੇ ਗਏ॥੪॥

ਐਰਾਵਤੀ ਤੀਰ ਹੁਇ ਖਰੇ। ਸੋ ਮਸਾਲ ਮੁਰਗੀ ਢਿਗ ਕਰੇ।
ਤ੍ਰਾਸ ਪਾਇ ਤਬਿ ਚੀਕਤਿ ਊਚੀ। ਸ਼ਾਹੁ ਨਿਕਟਿ ਸੋ ਜਾਇ ਪਹੂੰਚੀ॥ ੫ ॥

ਰਾਵੀ ਨਦੀ ਦੇ ਕਿਨਾਰੇ ਖੜੇ ਹੋ ਗਏ, ਮਸ਼ਾਲ ਤੇ ਮੁਰਗੀ ਨੂੰ ਨੇੜੇ ਕੀਤਾ। ਮੁਰਗੀ ਡਰ ਕੇ ਬਹੁਤ ਉੱਚੀ ਉੱਚੀ ਚੀਕੀ ਤੇ ਬਾਦਸ਼ਾਹ ਦੇ ਪਾਸ ਪਹੁੰਚ ਗਈ॥੫॥

ਜਯੋਂ ਜਯੋਂ ਛੇਰਤਿ ਹੁਇ ਕਰਿ ਨੇਰੇ। ਤਯੋਂ ਤਯੋਂ ਚੀਕਤਿ ਊਚ ਬਡੇਰੇ।
ਸਭਿਨਿ 'ਫਿਰਾਦ, ਫਿਰਾਦ' ਪੁਕਾਰੀ। ਇਮ ਰੌਰਾ ਕੀਨਸਿ ਜਬਿ ਭਾਰੀ॥ ੬ ॥

ਜਿਵੇਂ-ਜਿਵੇਂ ਨੇੜੇ ਹੋ ਕੇ ਛੇੜਦੇ ਸਨ, ਤਿਵੇਂ-ਤਿਵੇਂ ਮੁਰਗੀ ਬਹੁਤ ਉੱਚੀ ਚੀਕਦੀ ਸੀ। ਸਾਰਿਆਂ ਨੇ 'ਫਰਿਆਦ ਫਰਿਆਦ' ਦੀ ਪੁਕਾਰ ਕੀਤੀ। ਇਸ ਤਰ੍ਹਾਂ ਜਦ ਭਾਰੀ ਰੌਲਾ ਪਾਇਆ॥੬॥

ਅਰੁ ਮਸਾਲ ਕੋ ਭਯੋ ਪ੍ਰਕਾਸ਼ਾ। ਜਾਗੀ ਬੇਗਮ ਜਨੁ ਲਹਿ ਤ੍ਰਾਸਾ।
ਸ਼ਾਹੁਜਹਾਂ ਕੇ ਸੁਪਤੀ ਸੰਗ। ਸੋ ਭੀ ਜਾਗਯੋ ਹਾਲਤਿ ਅੰਗ॥ ੭ ॥

ਅਤੇ ਮਸ਼ਾਲ ਦਾ ਪ੍ਰਕਾਸ਼ ਹੋਇਆ, ਡਰ ਕੇ ਬੇਗਮ ਜਾਗ ਪਈ। ਉਹ ਸ਼ਾਹਜਹਾਂ ਦੇ ਨਾਲ ਸੁੱਤੀ ਸੀ, ਬਾਦਸ਼ਾਹ ਵੀ ਬੇਗਮ ਦੇ ਅੰਗ ਹਿਲਣ ਕਰਕੇ ਜਾਗ ਪਿਆ॥੭॥

ਕਹਿ ਬੇਗਮ 'ਕੋ ਹੈ ਇਸ ਕਾਲ?। ਕਿਸਨੇ ਕੀਨਸਿ ਕੋਨ ਬਿਹਾਲ।
ਦਿਨ ਮਹਿਂ ਸੁਨਹੁ ਨ ਨਰਨ ਪੁਕਾਰਾ। ਇਸ ਹਿਤ ਤੇ ਰੌਰਾ ਨਿਸ ਡਾਰਾ ॥੮॥

ਬੇਗਮ ਨੇ ਕਿਹਾ, "ਇਸ ਸਮੇਂ ਕੌਣ ਹੈ, ਕਿਸ ਨੂੰ ਕਿਸ ਨੇ ਬੁਰੇ ਹਾਲ ਕੀਤਾ ਹੈ। ਦਿਨ ਵੇਲੇ ਲੋਕਾਂ ਦੀ ਪੁਕਾਰ ਨਹੀਂ ਸੁਣਦੇ ਹੋ, ਇਸ ਕਰਕੇ ਰਾਤ ਨੂੰ ਆ ਕੇ ਰੌਲਾ ਪਾਉਂਦੇ ਹਨ" ॥੮॥

ਕਹਤਿ ਸ਼ਾਹੁ 'ਪ੍ਰਾਤੀ ਹੁਇ ਜਾਇ। ਸੁਨੌਂ ਪੁਕਾਰ ਸਮੀਪ ਬੁਲਾਇ'।
ਇਮ ਸੁਨਿ ਪਹਿਰੂ ਦੌਰਿ ਉਚਾਰਾ। 'ਕੋ ਗਵਾਰ ਤੁਮ ਰੌਰ ਉਚਾਰਾ? ॥ ੯ ॥

ਬਾਦਸ਼ਾਹ ਨੇ ਕਿਹਾ, "ਜਦ ਸਵੇਰ ਹੋ ਜਾਵੇਗੀ ਤਾਂ ਪਾਸ ਬੁਲਾ ਕੇ ਪੁਕਾਰ ਸੁਣਾਂਗਾ।" ਇਸ ਤਰ੍ਹਾਂ ਸੁਣ ਕੇ ਪਹਿਰੇਦਾਰ ਨੇ ਦੌੜ ਕੇ ਕਿਹਾ, "ਕਿਹੜੇ ਮੂਰਖ ਹੋ ਜਿਨ੍ਹਾਂ ਏਨਾ ਰੌਲਾ ਪਾਇਆ ਹੈ ? ॥੯॥

ਜਾਗਯੋ ਹਜ਼ਰਤ ਕੀਨਿ ਉਚਾਰ। ਸੁਨਹਿਂ ਪੁਕਾਰ ਪ੍ਰਭਾਤਿ ਹਕਾਰਿ।
ਅਬਿ ਨਹਿਂ ਬੋਲਹੁ ਸ਼ਾਹੁ ਰਿਸੈ ਹੈ। ਪਠਿਹਿ ਸਿਪਾਹੀ ਮਾਰ ਕਰੈ ਹੈ' ॥ ੧੦ ॥

ਬਾਦਸ਼ਾਹ ਜਾਗਿਆ ਹੈ ਤੇ ਉਸ ਨੇ ਕਿਹਾ ਹੈ ਕਿ ਸਵੇਰੇ ਬੁਲਾ ਕੇ ਪੁਕਾਰ ਸੁਣੇਗਾ। ਹੁਣ ਨਾ ਬੋਲੋ, ਬਾਦਸ਼ਾਹ ਗੁੱਸੇ ਹੋ ਰਿਹਾ ਹੈ, ਸਿਪਾਹੀ ਭੇਜ ਕੇ ਮਾਰੇਗਾ' ॥੧੦॥

ਪੈਂਦਾ ਹੁਇ ਅਨੰਦ ਤਬਿ ਚਾਲਾ। 'ਹਜ਼ਰਤ ਸੁਨੀ ਪੁਕਾਰ ਬਿਸਾਲਾ।
ਹੋਤਿ ਭੋਰ ਹੁਇ ਨਜਾਂਵ ਹਮਾਰਾ'। ਇਮ ਭਾਖਤਿ ਨਿਜ ਸਿਵਰ ਪਧਾਰਾ ॥੧੧॥

ਪੈਂਦਾ ਫਿਰ ਪ੍ਰਸੰਨ ਹੋ ਕੇ ਚਲ ਪਿਆ, "ਬਾਦਸ਼ਾਹ ਨੇ ਸਾਡੀ ਪੁਕਾਰ ਸੁਣ ਲਈ ਹੈ, ਸਵੇਰ ਹੋਣ ਤੇ ਸਾਡਾ ਨਿਆਂ ਹੋ ਜਾਵੇਗਾ।" ਇਸ ਤਰ੍ਹਾਂ ਕਹਿ ਕੇ ਆਪਣੇ ਡੇਰੇ ਚਲੇ ਗਿਆ ॥੧੧॥

ਭਈ ਪ੍ਰਭਾਤਿ ਕੁਤਬਖਾਂ ਪਾਸ। ਨਿਜ ਪ੍ਰਸੰਗ ਸਭਿ ਕੀਨਿ ਪ੍ਰਕਾਸ਼।
'ਤੌ ਮਤਿ ਤੇ ਕਾਰਜ ਬਨਿ ਜਾਇ। ਜਬਹਿ ਹਕਾਰਹਿ ਬਨਹੁ ਸਹਾਇ' ॥੧੨॥

ਜਦ ਸਵੇਰ ਹੋਈ ਤਾਂ ਕੁਤਬ ਖਾਨ ਪਾਸ ਆਪਣੇ ਸਾਰੇ ਪ੍ਰਸੰਗ ਨੂੰ ਸੁਣਾਇਆ। "ਤੇਰੀ ਸਲਾਹ ਨਾਲ ਕਾਰਜ ਬਣ ਜਾਵੇ ਜਦ ਸਾਨੂੰ ਬੁਲਾਉਣ ਤਾਂ ਸਾਡੇ ਸਹਾਇਕ ਬਣ ਜਾਵੋ" ॥੧੨॥

ਕਹੈ ਕੁਤਬ 'ਉਰ ਧਾਰਹੁ ਧੀਰ। ਮੈਂ ਹਜ਼ਰਤ ਕੇ ਪਹੁੰਚਹੁਂ ਤੀਰ।
ਜੇਤਿਕ ਮੋ ਤੇ ਤਹਿਂ ਬਨਿ ਆਵੈ। ਕਰੌਂ ਸਹਾਇ ਕਾਜ ਹੁਇ ਜਾਵੈ' ॥੧੩॥

ਕੁਤਬ ਨੇ ਕਿਹਾ, "ਹਿਰਦੇ ਵਿਚ ਧੀਰਜ ਧਾਰਨ ਕਰੋ, ਮੈਂ ਬਾਦਸ਼ਾਹ ਦੇ ਪਾਸ ਜਾਵਾਂਗਾ। ਜਿੰਨਾ ਮੈਥੋਂ ਹੋ ਸਕੇ ਸਹਾਇਤਾ ਕਰਾਂਗਾ ਤੇ ਕਾਰਜ ਹੋ ਜਾਵੇਗਾ" ॥੧੩॥

ਹਜ਼ਰਤ ਨਿਕਟਿ ਚਲ੍ਯੋ ਕਹਿ ਸੋਇ। ਨਗਰ ਜਲੰਧਰ ਸੂਬਾ ਜੋਇ।
ਰੁਚਿਰ ਕਚਹਿਰੀ ਕੋ ਇਸਥਾਨ। ਚਾਮੀਕਰ ਤੇ ਲਿਪਝੋ ਮਹਾਨ ॥੧੪॥

ਜਿਹੜਾ ਜਲੰਧਰ ਨਗਰ ਦਾ ਸੂਬੇਦਾਰ ਸੀ ਉਹ ਕਹਿ ਕੇ ਬਾਦਸ਼ਾਹ ਦੇ ਪਾਸ ਚਲਿਆ। ਕਚਹਿਰੀ ਵਾਲਾ ਸਥਾਨ ਬੜਾ ਸੁੰਦਰ ਸੀ ਜਿਹੜਾ ਸਾਰਾ ਸੋਨੇ ਦੇ ਪਤਰਿਆਂ ਨਾਲ ਜੜਿਆ ਹੋਇਆ ਸੀ ॥੧੪॥

ਨਾਨਾਬਿਧਿ ਕੇ ਤਰੁਵਰੁ ਲਿਖੇ। ਅਨਿਕ ਬਿਹੰਗ ਚਿੱਤ੍ਰ ਜਿਨ ਬਿਖੇ।
ਜਹਿਂ ਖੁਸ਼ਬੋਇ ਮਹਾਂ ਮਹਿਕਾਈ। ਮਨਹੁਂ ਨਰਨ ਕੋ ਲੇਤਿ ਬੁਲਾਈ ॥੧੫॥

ਕਈ ਪ੍ਰਕਾਰ ਦੇ ਬ੍ਰਿਛ ਬਣਾਏ ਸਨ ਤੇ ਅਨੇਕ ਪੰਛੀਆਂ ਦੇ ਚਿੱਤਰ ਬਣੇ ਹੋਏ ਸਨ। ਜਿਥੇ ਬੜੀ ਸੁਗੰਧੀ ਮਹਿਕ ਰਹੀ ਸੀ, ਮਾਨੋਂ ਉਹ ਮਨੁੱਖਾਂ ਨੂੰ ਬੁਲਾ ਰਹੀ ਸੀ ॥੧੫॥

ਆਇ ਤੁਰਕਪਤਿ ਬੈਠ੍ਯੋ ਬੀਚ। ਖਸ ਟਾਟੀ ਪਰ ਜਲ ਬਹੁ ਸੀਂਚ।
ਨਾਨਾਬਿਧਿ ਕੇ ਪੁਸ਼ਪ ਬਖੇਰੇ। ਲਰਕਾਈ ਮਾਲਾ ਚਹੁਫੇਰੇ ॥੧੬॥

ਤੁਰਕਾਂ ਦਾ ਬਾਦਸ਼ਾਹ ਵਿਚ ਆ ਕੇ ਬੈਠ ਗਿਆ, ਖਸ ਦੇ ਬਣੇ ਪਰਦੇ ਉਤੇ ਬਹੁਤ ਪਾਣੀ ਸੁੱਟ ਕੇ ਗਿਲਾ ਕੀਤਾ ਸੀ। ਕਈ ਪ੍ਰਕਾਰ ਦੇ ਫੁਲ ਖਿਲਾਰੇ ਸਨ ਤੇ ਚਾਰੇ ਪਾਸੇ ਫੁੱਲਾਂ ਦੇ ਹਾਰ ਲਮਕਾਏ ਹੋਏ ਸਨ ॥੧੬॥

ਬੈਠਿ ਤਖਤ ਪਰ ਲੇਤਿ ਸਲਾਮ। ਚਲਿ ਆਏ ਉਮਰਾਵ ਤਮਾਮ।
ਬਹੁਰ ਵਜ਼ੀਰਖਾਨ ਚਲਿ ਆਯੋ। ਕੁਤਬ ਸਲਾਮ ਕਰੀ ਮੁਦ ਪਾਯੋ ॥੧੭॥

ਬਾਦਸ਼ਾਹ ਤਖਤ ਤੇ ਬੈਠ ਕੇ ਸਲਾਮ ਲੈ ਰਿਹਾ ਸੀ, ਸਾਰੇ ਉਮਰਾਵ ਚਲ ਕੇ ਆ ਗਏ। ਫਿਰ ਵਜ਼ੀਰ ਖਾਂ ਚਲ ਕੇ ਆਇਆ। ਕੁਤਬ ਨੇ ਬੜੇ ਪ੍ਰਸੰਨ ਹੋ ਕੇ ਸਲਾਮ ਕੀਤੀ ॥੧੭॥

ਕਿਤਿਕ ਦੇਰ ਮਹਿਂ ਬੋਲ੍ਯੋ ਸ਼ਾਹੂ। 'ਕੌਨ ਹੁਤੋ ਅਸ ਨਿਸ ਕੇ ਮਾਂਹੂ?।
ਜਾਰ ਮਸਾਲੈਂ ਕਹੀ ਪੁਕਾਰੂ। ਕਿਸ ਕੋ ਛੀਨ੍ਯੋ? ਕੈ ਕਿਨ ਮਾਰੂ ॥੧੮॥

ਕੁਝ ਦੇਰ ਬਾਅਦ ਬਾਦਸ਼ਾਹ ਬੋਲਿਆ, "ਰਾਤ ਦੇ ਸਮੇਂ ਕਿਹੜੇ ਬੰਦੇ ਸਨ, ਜਿਹੜੇ ਮਸ਼ਾਲਾਂ ਬਾਲ ਕੇ ਪੁਕਾਰ ਕਰਦੇ ਸਨ। ਉਨ੍ਹਾਂ ਪਾਸੋਂ ਕਿਸੇ ਨੇ ਕੁਝ ਖੋਹਿਆ ਹੈ ਜਾਂ ਕਿਸੇ ਨੇ ਮਾਰਿਆ ਹੈ॥੧੮॥

ਦਈ ਨੀਂਦ ਉਚਟਾਇ ਹਮਾਰੀ। ਨਹਿਂ ਪੁਨ ਆਈ, ਰਹੀ ਖੁਮਾਰੀ।
ਮਹਾਂ ਦੁਖਿਤ ਨਰ ਬ੍ਰਿੰਦ ਪੁਕਾਰੇ। ਸੁਨਤਿ ਪਾਹਰੂ ਸੈ ਹਟਕਾਰੇ'॥ ੧੯॥

ਸਾਡੀ ਨੀਂਦ ਉਚਾਟ ਕਰ ਦਿੱਤੀ, ਫਿਰ ਦੁਬਾਰਾ ਨੀਂਦ ਆਈ ਨਹੀਂ ਹੈ। ਬਹੁਤ ਦੁਖੀ ਹੋ ਕੇ ਅਨੇਕਾਂ ਮਨੁੱਖ ਪੁਕਾਰ ਕਰਦੇ ਸਨ, ਸੁਣ ਕੇ ਪਹਿਰੇਦਾਰ ਨੇ ਹਟਾਏ" ॥੧੯॥

ਅਸ ਪਾਯੋ ਅਵਕਾਸ਼ ਸੁਖਾਰੇ। ਹਾਥ ਜੋਰਿ ਕਰਿ ਕੁਤਬ ਉਚਾਰੇ।
'ਪੈਂਦਖਾਨ ਜੋ ਬਲੀ ਬਿਲੰਦ। ਚਾਕਰ ਢਿਗ ਸ੍ਰੀ ਹਰਿਗੋਵਿੰਦ॥ ੨੦॥

ਕੁਤਬ ਨੇ ਆਸਾਨ ਮੌਕਾ ਜਾਣ ਕੇ ਹੱਥ ਜੋੜ ਕੇ ਕਿਹਾ, "ਪੈਂਦੇ ਖਾਨ ਜੋ ਬੜਾ ਬਲਵਾਨ ਹੈ, ਉਹ ਸ੍ਰੀ ਹਰਿਗੋਬਿੰਦ ਪਾਸ ਨੌਕਰ ਸੀ॥੨੦॥

ਗੁਰ ਕੁਛ ਜਬਰੀ ਤਿਹ ਸੋਂ ਕਰੀ। ਦਿਯੋ ਨਿਕਾਸਿ ਵਸਤੁ ਸਭਿ ਹਰੀ।
ਬਹੁਤ ਦਿਵਸ ਕੋ ਫਿਰਹਿ ਪੁਕਾਰੂ। ਰਾਵਰਿ ਪਾਸ ਨ ਪਹੁਚੀ ਸਾਰੂ'॥ ੨੧॥

ਗੁਰੂ ਜੀ ਨੇ ਉਸ ਨਾਲ ਕੁਝ ਜ਼ਬਰਦਸਤੀ ਕੀਤੀ ਹੈ, ਉਸਦੀਆਂ ਸਾਰੀਆਂ ਵਸਤਾਂ ਲੈ ਕੇ ਨੌਕਰੀ ਵਿਚੋਂ ਕੱਢ ਦਿੱਤਾ ਹੈ। ਬਹੁਤ ਦਿਨਾਂ ਦਾ ਪੁਕਾਰ ਕਰਦਾ ਫਿਰਦਾ ਹੈ, ਪਰ ਆਪ ਜੀ ਪਾਸ ਪਹੁੰਚ ਨਹੀਂ ਸਕਿਆ ਹੈ" ॥੨੧॥

ਸੁਨੀ ਸ਼ਾਹੁ ਗੁਰ ਕੀ ਗਥ ਜਬੈ। ਖਾਂਵਜ਼ੀਰ ਦਿਸ਼ ਦੇਖਯੋ ਤਬੈ।
ਤਿਨ ਕਰ ਜੋਰਿ ਪ੍ਰਸੰਗ ਸੁਨਾਯੋ। 'ਹਜ਼ਰਤ ਪਿਖਹੁ ਸਮਾਂ ਕਸ ਆਯੋ॥ ੨੨॥

ਬਾਦਸ਼ਾਹ ਨੇ ਜਦ ਗੁਰੂ ਜੀ ਦੀ ਗਾਥਾ ਸੁਣੀ ਤਾਂ ਵਜ਼ੀਰ ਖਾਂ ਵਲ ਵੇਖਿਆ। ਉਸ ਨੇ ਹੱਥ ਜੋੜ ਕੇ ਪ੍ਰਸੰਗ ਸੁਣਾਇਆ। 'ਹਜ਼ੂਰ! ਵੇਖੋ ਕੈਸਾ ਸਮਾਂ ਆ ਗਿਆ ਹੈ॥੨੨॥

ਸੁਨਤਿ ਹੁਤੇ ਤ੍ਰਯੋਦਸਮੀ ਸਦੀ। ਹੋਵਹਿਂ ਨਰ ਖੋਟੇ ਕਰਿ ਬਦੀ।
ਸੋ ਅਬ ਲੌ ਨਹਿਂ ਆਵਤਿ ਭਈ। ਆਗੇ ਹੀ ਲੱਛਨ ਬਿਦਤਈ॥ ੨੩॥

ਸੁਣਦੇ ਹੁੰਦੇ ਸੀ ਕਿ ਤੇਰ੍ਹਵੀਂ ਸਦੀ ਹਿਜਰੀ ਵਿਚ, ਮਨੁੱਖ ਬਦੀਆਂ ਕਰਕੇ ਬਹੁਤ ਖੋਟੇ ਹੋ ਜਾਣਗੇ। ਉਹ ਹੁਣ ਤਕ ਤੇ ਨਹੀਂ ਆਇਆ ਸੀ, ਪਰ ਅੱਗੇ ਇਸ ਦੇ ਲੱਛਣ ਪ੍ਰਗਟ ਰੂਪ ਵਿਚ ਦਿਖਾਈ ਦਿੰਦੇ ਹਨ॥੨੩॥

ਇਸ ਪਠਾਨ ਕੀ ਸੁਨੀਅਹਿ ਬਾਤ। ਜਿਮ ਮੈਂ ਸੁਨੀ ਕਹੌਂ ਬੱਖਜਾਤ।
ਮਾਦਰ ਪਦਰ ਹੀਨ ਇਹ ਰਹਯੋ। ਰੁਲਤਿ ਫਿਰਤਿ ਕਿਤ ਥਾਉਂ ਨ ਲਹਯੋ॥੨੪॥

ਇਸ ਪਠਾਣ ਦੀ ਗੱਲ ਸੁਣੋ, ਜਿਵੇਂ ਮੈਂ ਸੁਣੀ ਹੈ, ਉਸ ਤਰ੍ਹਾਂ ਹੀ ਕਹਿੰਦਾ ਹਾਂ। ਮਾਂ ਬਾਪ ਤੋਂ ਬਗੈਰ ਇਹ ਰਹਿੰਦਾ ਸੀ, ਰੁਲਦੇ ਫਿਰਦੇ ਨੂੰ ਕੋਈ ਥਾਂ ਨਹੀਂ ਸੀ ਲੱਭਦਾ॥੨੪॥

ਦਯਾਲੁ ਸੁਭਾਵ ਗੁਰੂ ਜਬਿ ਹੇਰਾ। ਰਾਖਯੋ ਨਿਕਟਿ ਜਥਾ ਹੁਇ ਚੇਰਾ।
ਡੀਲ ਬਿਲੰਦ ਬਲੀ ਇਹ ਜਾਨਾ। ਪਾਰਯੋ ਇਸ ਕੋ ਪੁਤ੍ਰ ਸਮਾਨਾ॥ ੨੫॥

ਦਿਆਲੂ ਸੁਭਾਅ ਵਾਲੇ ਗੁਰੂ ਜੀ ਨੇ ਜਦ ਵੇਖਿਆ ਤੇ ਆਪਣੇ ਕੋਲ ਚੇਲਿਆਂ ਵਾਂਗ ਰੱਖ ਲਿਆ। ਵੱਡੇ ਡੀਲ-ਡੌਲ ਵਾਲਾ ਅਤੇ ਬਲਵਾਨ ਜਾਣ ਕੇ, ਇਸ ਨੂੰ ਪੁੱਤਰਾਂ ਵਾਂਗ ਪਾਲਿਆ॥੨੫॥

ਨਿਜ ਕਰ ਦੇਤੇ ਰਹੇ ਗਿਰਾਸ। ਕਰਤਿ ਪ੍ਰੇਮ ਕੋ ਰਾਖ੍ਯੋ ਪਾਸ।
ਜਬਿ ਇਨ ਅਪਨੋ ਆਪ ਸੰਭਾਰਾ। ਆਯਹੁ ਤਿਨ ਪਰ ਕਰਨਿ ਪੁਕਾਰਾ ॥੨੬॥

ਆਪਣੇ ਹੱਥਾਂ ਨਾਲ ਇਸ ਨੂੰ ਬੁਰਕੀਆਂ ਖੁਵਾਉਂਦੇ ਰਹੇ ਤੇ ਪ੍ਰੇਮ ਕਰਕੇ ਆਪਣੇ ਪਾਸ ਰਖਿਆ। ਜਦ ਇਸ ਨੇ ਆਪਣਾ ਆਪ ਸੰਭਾਲ ਲਿਆ ਤਾਂ ਉਨ੍ਹਾਂ ਦੇ ਉਤੇ ਪੁਕਾਰ ਕਰਨ ਆ ਗਿਆ ਹੈ॥੨੬॥

ਲਵਨ ਖਾਇ ਕਰਿ ਦੇਹਿ ਬਧਾਈ। ਨਿਮਕਹਰਾਮੀ ਦਾਦ ਉਠਾਈ।
ਯਾਂਤੇ ਸਮਾਂ ਜਾਨਿ ਯਤਿ ਖੋਟਾ। ਅਦਬ ਨ ਰਾਖਹਿ ਬਡ ਕੋ ਛੋਟਾ॥ ੨੭॥

ਉਨ੍ਹਾਂ ਦਾ ਲੂਣ ਖਾ ਕੇ ਸਰੀਰ ਵਧਾਇਆ ਹੈ, ਹੁਣ ਨਿਮਕ ਹਰਾਮੀ ਫਰਿਆਦ ਕਰਨ ਆ ਗਿਆ ਹੈ। ਇਸ ਕਰਕੇ ਇਹ ਸਮਾਂ ਅਤਿ ਖੋਟਾ ਜਾਣੋ, ਵੱਡੇ ਛੋਟੇ ਦਾ ਅਦਬ ਨਹੀਂ ਰੱਖਦੇ ਹਨ॥੨੭॥

ਪੁੱਤ੍ਰ ਪਿਤਾ ਕੋ ਕਰਹਿ ਪ੍ਰਹਾਰਾ। ਪਤਿ ਕੋ ਹਤਿ ਚਾਹਤਿ ਚਿਤ ਦਾਰਾ।
ਕਰਹਿ ਭਲੇ ਪਰ ਬੁਰਾ ਬਿਸਾਲ। ਸੁਨੇ ਨ ਪਿਖੇ ਜਾਇਂ ਅਸ ਹਾਲ' ॥ ੨੮॥

ਪੁੱਤਰ ਪਿਤਾ ਤੇ ਵਾਰ ਕਰਦਾ ਹੈ, ਤੇ ਪਤਨੀ ਪਤੀ ਨੂੰ ਮਾਰਨਾ ਚਾਹੁੰਦੀ ਹੈ। ਜਿਹੜਾ ਭਲਾ ਕਰਦਾ ਹੈ, ਉਸ ਨਾਲ ਬੁਰਾ ਹੁੰਦਾ ਹੈ, ਐਸਾ ਹਾਲ ਸੁਣਿਆ ਨਾ ਵੇਖਿਆ ਜਾਂਦਾ ਹੈ'' ॥੨੮॥

ਇਮ ਸੁਨਿ ਸ਼ਾਹੁ ਤੂਸ਼ਨੀ ਭਯੋ। ਕੁਛਕ ਸਮਾਂ ਜਬਿਹੂੰ ਬਿਤਿ ਗਯੋ।
ਪੁਨ ਅਸ ਕਾਜ ਆਨ ਕਰਿ ਪਰਯੋ। ਖਾਂਵਜ਼ੀਰ ਕੋ ਪਠਵਨ ਕਰਯੋ॥ ੨੯॥

ਇਹ ਸੁਣ ਕੇ ਬਾਦਸ਼ਾਹ ਚੁਪ ਹੋ ਗਿਆ, ਜਦ ਕੁਝ ਸਮਾਂ ਬੀਤ ਗਿਆ। ਫਿਰ ਐਸਾ ਕੰਮ ਆ ਪਿਆ ਕਿ ਵਜ਼ੀਰ ਖਾਂ ਨੂੰ ਭੇਜ ਦਿੱਤਾ॥੨੯॥

'ਜਾਇ ਸੁਧਾਰਹੁ ਬਿਗਰੈ ਨਾਂਹੀ। ਤੁਝ ਬਿਨ ਬਨੈ ਨ ਬੁਧਿ ਬਹੁ ਚਾਹੀ'।
ਗਯੋ ਵਹਿਰ ਉਠਿ ਖਾਨਵਜ਼ੀਰ। ਹਰਖੇ ਤਬਿ ਉਮਰਾਵ ਜਿ ਤੀਰ॥ ੩੦॥

"ਜਾ ਕੇ ਸੁਧਾਰ ਕਰੋ, ਗੱਲ ਵਿਗੜੇ ਨਹੀਂ, ਇਸ ਕੰਮ ਨੂੰ ਨਜਿੱਠਣ ਵਾਸਤੇ ਬਹੁਤੀ ਬੁੱਧੀ ਚਾਹੀਦੀ ਹੈ।" ਵਜ਼ੀਰ ਖਾਂ ਉੱਠ ਕੇ ਬਾਹਰ ਚਲਾ ਗਿਆ, ਜਿਹੜੇ ਉਮਰਾਵ ਪਾਸ ਬੈਠੇ ਸਨ, ਉਹ ਪ੍ਰਸੰਨ ਹੋ ਗਏ॥੩੦॥

ਇਤ ਪੈਂਦਾ ਲੇ ਸੰਗ ਦਮਾਦ। ਪਹੁੰਚ੍ਯੋ ਪੋਰ ਪੁਚਾਵਨ ਦਾਦ।
ਸੰਗ ਪਠਾਨ ਪੰਚ ਸੈ ਭਏ। ਸਭਿ ਇਕ ਥਾਨ ਬੈਠਿਤੇ ਭਏ॥ ੩੧॥

ਏਧਰ ਪੈਂਦਾ ਆਪਣੇ ਦਾਮਾਦ ਨੂੰ ਲੈ ਕੇ ਫਰਿਆਦ ਕਰਨ ਵਾਸਤੇ ਦਰਵਾਜ਼ੇ ਵਿਚ ਪਹੁੰਚਿਆ। ਨਾਲ ਪੰਜ ਸੌ ਪਠਾਣ ਸੀ, ਸਾਰੇ ਇਕ ਥਾਂ ਬੈਠ ਗਏ॥੩੧॥

ਨਿਸ ਮਹਿਂ ਹੁਤੋ ਪਾਹਰੂ ਜੋਇ। ਆਯੋ ਪੋਰ ਬਿਲੋਕੇ ਸੋਇ।
ਜਾਨਿ ਪੁਕਾਰੂ ਬੂਝਨ ਕੀਨੇ। 'ਰੌਰ ਕਰਯੋ ਤੁਮ ਹੂੰ ਨਿਸ ਚੀਨੇ?'॥ ੩੨॥

ਰਾਤ ਨੂੰ ਜਿਹੜਾ ਪਹਿਰੇਦਾਰ ਉਨ੍ਹਾਂ ਨੂੰ ਮਿਲਿਆ ਸੀ, ਦਰਵਾਜ਼ੇ ਵਿਚ ਆ ਕੇ ਉਸਨੂੰ ਵੇਖਿਆ। ਪੁਕਾਰੂ ਜਾਣ ਕੇ ਪੁਛਣ ਲੱਗਾ, 'ਰਾਤ ਨੂੰ ਤੁਸੀਂ ਹੀ ਰੌਲਾ ਪਾਇਆ ਸੀ?'' ॥੩੨॥

ਸੁਨਤਿ ਪੈਂਦਖਾਂ ਉਠਿ ਸਹਿਸਾਇ। ਹਾਥ ਜੋਰ ਕਰਿ ਥਿਰ ਅਗੁਵਾਇ।
'ਕਿਮ ਹਜ਼ਰਤ ਨੇ ਰਾਤਿ ਉਚਾਰਾ। ਕਰਹਿ ਕਿ ਨਾਂਹੀ ਨਜਾਵ ਹਮਾਰਾ॥੩੩॥

ਇਹ ਸੁਣ ਕੇ ਪੈਂਦੇ ਖਾਂ ਝਟ ਉਠਿਆ ਤੇ ਹੱਥ ਜੋੜ ਕੇ ਅੱਗੇ ਖਲੋ ਗਿਆ, "ਰਾਤ ਨੂੰ ਬਾਦਸ਼ਾਹ ਨੇ ਕੀ ਕਿਹਾ ਸੀ. ਉਹ ਸਾਡਾ ਨਿਆਂ ਕਰਨਗੇ ਕਿ ਨਹੀਂ॥੩੩॥

ਜੋ ਅਬਿ ਸਿਮਰਨ ਦੇਹੁ ਕਰਾਇ। ਦਰਬ ਪੰਚ ਸੈ ਹਮ ਤੇ ਪਾਇ।
ਕਹਤਿ ਪਾਹਰੂ ਨਜਾਵ ਤੁਮਾਰਾ। ਕਰਿਬੇ ਕਾਰਨ ਸ਼ਾਹੁ ਉਚਾਰਾ॥ ੩੪ ॥

ਜੇ ਹੁਣ ਉਨ੍ਹਾਂ ਨੂੰ ਯਾਦ ਕਰਵਾ ਦੇਵੇਂ, ਪੰਜ ਸੌ ਰੁਪਏ ਸਾਥੋਂ ਪਾਉਗੇ।" ਪਹਿਰੇਦਾਰ ਨੇ ਕਿਹਾ ਕਿ ਬਾਦਸ਼ਾਹ ਨੇ ਤੁਹਾਡਾ ਨਿਆਂ ਕਰਨ ਵਾਸਤੇ ਕਿਹਾ ਹੈ॥੩੪॥

ਨਿਸ ਕੀ ਬਾਤ ਹੋਇ ਜੇ ਸਿਮਰਨ। ਤੁਮਹੁ ਹਕਾਰਨ ਕਰਿ ਹੈ ਤਤਛਿਨ।
ਲਾਲਚ ਲਗੈ ਪਾਹਰੂ ਗਯੋ। ਮੇਲ ਸਲਾਬਤ ਖਾਂ ਸੋਂ ਕਿਯੋ॥ ੩੫ ॥

ਰਾਤ ਦੀ ਗੱਲ ਜੇ ਯਾਦ ਹੋਈ ਤਾਂ ਤੁਹਾਨੂੰ ਤੁਰਤ ਬੁਲਾ ਲੈਣਗੇ।" ਲਾਲਚ ਕਰਕੇ ਪਹਿਰੇਦਾਰ ਗਿਆ ਤੇ ਸਲਾਬਤ ਖਾਂ ਨੂੰ ਜਾ ਕੇ ਮਿਲਿਆ॥੩੫॥

'ਨਿਸ ਮਹਿਂ ਹਜ਼ਰਤ ਸੁਨੀ ਪੁਕਾਰ। ਕਹਯੋ ਨਜਾਵ ਹਮ ਕਰਹਿਂ ਸਕਾਰ।
ਸੋ ਅਬਿ ਆਇ ਪੌਰ ਪਰ ਬੈਸੇ। ਅਰਜ਼ ਸੁਨਾਇ ਦੀਜੀਯਹਿ ਐਸੇ' ॥ ੩੬ ॥

ਪਹਿਰੇਦਾਰ ਨੇ ਕਿਹਾ, "ਰਾਤ ਨੂੰ ਬਾਦਸ਼ਾਹ ਨੇ ਪੁਕਾਰ ਸੁਣੀ ਸੀ ਤੇ ਉਨ੍ਹਾਂ ਕਿਹਾ ਸੀ ਕਿ ਸਵੇਰੇ ਅਸੀਂ ਨਿਆਂ ਕਰਾਂਗੇ। ਉਹ ਹੁਣ ਆ ਕੇ ਦਰਵਾਜ਼ੇ ਤੇ ਬੈਠੇ ਹਨ. ਬਾਦਸ਼ਾਹ ਨੂੰ ਉਨ੍ਹਾਂ ਦੀ ਬੇਨਤੀ ਸੁਣਾ ਦੇਵੋ" ॥੩੬॥

ਕਹੀ ਸਲਾਬਤ ਤਬਿ ਕਰ ਜੋਰਿ। 'ਨਿਸ ਕੇ ਅਏ ਪੁਕਾਰੂ ਪੌਰ।
ਹੁਕਮ ਜਥਾ ਹੁਇ ਤੈਸੇ ਕਰੈਂ।' ਸੁਨਤਿ ਸ਼ਾਹੁ ਇਮ ਚਿਤਵਨ ਧਰੈ॥ ੩੭ ॥

ਸਲਾਬਤ ਖਾਂ ਨੇ ਫਿਰ ਹੱਥ ਜੋੜ ਕੇ ਕਿਹਾ, "ਰਾਤ ਨੂੰ ਫਰਿਆਦੀ ਦਰਵਾਜ਼ੇ ਤੇ ਆਏ ਸਨ। ਜਿਵੇਂ ਆਪ ਜੀ ਦਾ ਹੁਕਮ ਹੋਵੇ ਉਸ ਤਰ੍ਹਾਂ ਕਰੀਏ।" ਬਾਦਸ਼ਾਹ ਨੇ ਸੁਣ ਕੇ ਇਸ ਤਰ੍ਹਾਂ ਚਿੱਤ ਵਿਚ ਧਾਰਨ ਕੀਤਾ॥੩੭॥

ਗੁਰ ਕੇ ਸੰਗ ਭਏ ਰਣ ਜੈਸੇ। ਨਿਕਟਿ ਬੁਲਾਇ ਲਖਹਿਂ ਸੁਨਿ ਤੈਸੇ।
ਥੋਰੇ ਸੁਭਟਨਿ ਬਹੁਤ ਖਪਾਏ। ਅਦਭੁਤ ਭਈ ਲਖੀ ਨਹਿਂ ਜਾਏ॥ ੩੮ ॥

ਗੁਰੂ ਜੀ ਨਾਲ ਜਿਵੇਂ ਜੰਗਾਂ ਹੋਈਆਂ ਹਨ, ਪਾਸ ਬੁਲਾ ਕੇ ਸੁਣ ਕੇ ਸਮਝੀਏ। ਥੋੜ੍ਹੇ ਸੂਰਮਿਆਂ ਨੇ ਬਹੁਤਿਆਂ ਨੂੰ ਮਾਰ ਦਿੱਤਾ ਸੀ। ਬੜੀ ਅਦਭੁਤ ਕਹਾਣੀ ਹੋਈ ਜਿਹੜੀ ਸਮਝ ਵਿਚ ਨਹੀਂ ਆਉਂਦੀ ਹੈ॥੩੮॥

ਇੱਤਯਾਦਿਕ ਸਭਿ ਸੁਨਿ ਹੈਂ ਬਾਤੀ। ਜਾਨਹਿਂ ਸਕਲ ਭੇਦ ਬੱਖਯਾਤੀ।
ਦਯੋ ਹੁਕਮ 'ਆਨਹੁਂ ਹਮ ਪਾਸ'। ਸੁਨਤਿ ਪਾਹਰੂ ਹਰਖ ਪ੍ਰਕਾਸ਼॥ ੩੯ ॥

ਇੱਤਆਦਿ ਸਾਰੀਆਂ ਗੱਲਾਂ ਸੁਣ ਕੇ, ਸਾਰਾ ਭੇਦ ਪ੍ਰਗਟ ਰੂਪ ਵਿਚ ਜਾਣੀਏ। ਹੁਕਮ ਦਿੱਤਾ, "ਉਨ੍ਹਾਂ ਨੂੰ ਸਾਡੇ ਪਾਸ ਲਿਆਵੋ", ਇਹ ਸੁਣ ਕੇ ਪਹਿਰੇਦਾਰ ਬਹੁਤ ਪ੍ਰਸੰਨ ਹੋਇਆ॥੩੯॥

ਪੈਂਦਖਾਨ ਕੋ ਜਾਇ ਹਕਾਰਾ। 'ਚਲੋ ਹੋਇ ਹੈ ਨਜਾਵ ਤੁਮਾਰਾ'।
ਸੁਨਿ ਪੈਂਦਾ ਅਨੰਦ ਕੇ ਸਾਥ। ਨਿਜ ਦਮਾਦ ਕੋ ਗਹਿ ਕਰਿ ਹਾਥ॥ ੪੦ ॥

ਪੈਂਦੇ ਖਾਨ ਨੂੰ ਜਾ ਕੇ ਬੁਲਾਇਆ, "ਚਲੋ ਤੁਹਾਡਾ ਹੁਣ ਨਿਆਂ ਹੋਵੇਗਾ।" ਇਹ ਸੁਣ ਕੇ ਪੈਂਦੇ ਖਾਨ ਅਨੰਦ ਦੇ ਨਾਲ ਆਪਣੇ ਦਾਮਾਦ ਦਾ ਹੱਥ ਫੜ ਕੇ ਚਲ ਪਿਆ॥੪੦॥

ਇਕ ਦੁਇ ਅਪਨੇ ਸੰਗ ਮਿਲਾਇ। ਅੰਤਰ ਦੁਰਗ ਪ੍ਰਵੇਸ਼ਜੋ ਜਾਇ।
ਆਗੇ ਖਰੋ ਸਲਾਬਤ ਹੇਰਾ। 'ਗਮਹੁ ਅੱਗ੍ਰ, ਧਨ ਦਿਹੁ ਕੁਛ ਮੇਰਾ॥ ੪੧॥

ਇਕ ਦੋ ਆਪਣੇ ਨਾਲ ਮਿਲਾਏ ਤੇ ਕਿਲ੍ਹੇ ਦੇ ਅੰਦਰ ਦਾਖਲ ਹੋ ਗਏ। ਅੱਗੇ ਖੜੇ ਸਲਾਬਤ ਨੇ ਵੇਖ ਕੇ ਕਿਹਾ, "ਜੇ ਅੱਗੇ ਜਾਣਾ ਹੈ ਤਾਂ ਮੈਨੂੰ ਵੀ ਧਨ ਦੇਵੋ॥੪੧॥

ਨਾਂਹਿ ਤ ਦੈਹੌਂ ਬਾਤ ਰੁਲਾਇ'। ਦਰਬ ਪੰਚ ਸੈ ਲਿਯ ਠਹਿਰਾਇ।
ਸ਼ਾਹੁ ਸਮੀਪ ਤਬਹਿ ਲੈ ਗਯੋ। ਜਾਇ ਕਚਹਿਰੀ ਦਾਖਲ ਭਯੋ॥ ੪੨॥

ਨਹੀਂ ਤਾਂ ਗੱਲ ਹੀ ਰੋਲ ਦੇਵਾਂਗਾ।" ਪੰਜ ਸੌ ਰੁਪਈਆ ਲੈਣਾ ਠਹਿਰਾਇਆ। ਤਦ ਬਾਦਸ਼ਾਹ ਦੇ ਪਾਸ ਲੈ ਗਿਆ ਤੇ ਕਚਹਿਰੀ ਵਿਚ ਦਾਖਲ ਹੋ ਗਏ॥੪੨॥

*ਅੱਠਵੀਂ ਰਾਸ ਦਾ ਤੇਰ੍ਹਵਾਂ ਅਧਿਆਇ ਸਮਾਪਤ ਹੋਇਆ॥੧੩॥*

# ਅਧਿਆਇ ਚੌਦ੍ਹਵਾਂ

*ਕਾਲੇ ਖਾਂ ਨੇ ਬੀੜਾ ਚੁੱਕਿਆ*

ਦੋਹਰਾ- ਦੇਖਿ ਦੂਰ ਤੇ ਸ਼ਾਹੁ ਕੋ ਨਿਵ ਨਿਵ ਕਰਤਿ ਸਲਾਮ।
ਅੱਗ੍ਰ ਜਾਇ ਠਾਂਢੋ ਭਯੋ ਜਿਹ ਠਾਂ ਸਭਾ ਤਮਾਮ॥ ੧॥

ਬਾਦਸ਼ਾਹ ਨੂੰ ਦੂਰੋਂ ਹੀ ਵੇਖ ਕੇ ਨਿਉਂ-ਨਿਉਂ ਕੇ ਸਲਾਮਾਂ ਕੀਤੀਆਂ। ਅੱਗੇ ਜਾ ਕੇ ਖੜਾ ਹੋ ਗਿਆ ਜਿਸ ਥਾਂ ਸਾਰੀ ਸਭਾ ਬੈਠੀ ਸੀ॥੧॥

ਚੌਪਈ- ਸੁੰਦਰ ਡੀਲ ਬਿਲੰਦ ਨਿਹਾਰਾ। ਬਾਹੁ ਬਿਸਾਲ ਬਡੇ ਬਲਵਾਰਾ।
ਹਜ਼ਰਤ ਮੁਦਤਿ ਭਨੀ ਤਬਿ ਬਾਨੀ। 'ਤੈਂ ਕਿਮ ਕੀਨਿ ਪੁਕਾਰ ਮਹਾਨੀ? ॥੨॥

ਸੁੰਦਰ ਵੱਡਾ ਡੀਲ-ਡੌਲ ਵੇਖਿਆ। ਵੱਡੀਆਂ-ਵੱਡੀਆਂ ਬਾਹਾਂ ਤੇ ਬੜੇ ਬਲ ਵਾਲਾ ਸੀ। ਬਾਦਸ਼ਾਹ ਨੇ ਫਿਰ ਕਿਹਾ, "ਤੂੰ ਕਿਵੇਂ ਮਹਾਨ ਪੁਕਾਰ ਕੀਤੀ ਹੈ? ॥੨॥

ਕਜਾ ਤੁਮ ਛੀਨਜੋ ਕੈ ਕਿਨ ਮਾਰਾ?। ਹੈ ਅਸ ਕੌਨ ਦਿਯੋ ਦੁਖ ਭਾਰਾ?'।
ਸੁਨਿ ਪੈਂਦੇ ਕਰ ਜੋਰਿ ਬਖਾਨਾ। 'ਹਰਿ ਗੁਵਿੰਦ ਮਮ ਸ਼ੱਤ੍ਰ ਮਹਾਨਾ॥ ੩॥

ਤੇਰੇ ਪਾਸੋਂ ਕੀ ਖੋਹਿਆ ਹੈ ਜਾਂ ਤੈਨੂੰ ਕਿਸੇ ਨੇ ਮਾਰਿਆ ਹੈ, ਐਸਾ ਕੌਣ ਹੈ ਜਿਸ ਤੈਨੂੰ ਭਾਰੀ ਦੁੱਖ ਦਿੱਤਾ ਹੈ?" ਇਹ ਸੁਣ ਕੇ ਪੈਂਦੇ ਖਾਂ ਨੇ ਹੱਥ ਜੋੜ ਕੇ ਕਿਹਾ, "ਗੁਰੂ ਹਰਿਗੋਬਿੰਦ ਮੇਰੇ ਵੱਡੇ ਵੈਰੀ ਹਨ॥੩॥

ਕਰਤਿ ਚਾਕਰੀ ਰਿਪੁ ਬਹੁ ਹਨੇ। ਠਾਂਨਤਿ ਜੰਗ ਕੀਨਿ ਬਲੇ ਘਨੇ।
ਮਮ ਬਾਹਨ ਕੇ ਹੋਇ ਅਲੰਬ। ਤੁਮਰੇ ਲਸ਼ਕਰ ਹਨੇ ਕਦੰਬ॥ ੪॥

ਉਨ੍ਹਾਂ ਦੀ ਨੌਕਰੀ ਕਰਕੇ ਬਹੁਤ ਵੈਰੀਆਂ ਨੂੰ ਮਾਰਿਆ। ਵੱਡੇ ਬਲ ਨਾਲ ਵੱਡੇ-ਵੱਡੇ ਜੰਗ ਕੀਤੇ ਹਨ। ਮੇਰੀਆਂ ਬਾਹਾਂ ਦਾ ਆਸਰਾ ਲੈ ਕੇ ਤੇਰੀਆਂ ਫੌਜਾਂ ਨੂੰ ਮਾਰਿਆ ਹੈ॥੪॥

ਬਡੀ ਬਡੀ ਮੈਂ ਜੋਖੋਂ ਖਾਇ। ਲਈ ਫਤੇ ਬਹੁ ਜਸੁ ਉਪਜਾਇ।
ਤਿਸ ਕੋ ਇਹ ਇਨਾਮੁ ਮੁਝ ਦੀਨੋ। ਆਯੁਧ ਬਸਤ੍ਰ ਛੀਨ ਕਰਿ ਲੀਨੋ ॥ ੫ ॥

ਵੱਡੇ-ਵੱਡੇ ਮੈਂ ਖਤਰਿਆ ਵਿਚ ਪਿਆ ਹਾਂ, ਫਤਹਿ ਪ੍ਰਾਪਤ ਕਰਕੇ ਵੱਡਾ ਜੱਸ ਉਪਜਾਇਆ ਹੈ। ਉਸ ਦਾ ਮੈਨੂੰ ਇਹ ਇਨਾਮ ਦਿੱਤਾ ਹੈ। ਸ਼ਸਤਰ ਵਸਤਰ ਸਭ ਖੋਹ ਲਏ ਹਨ॥੫॥

ਜਾਟ ਗਵਾਰਨਿ ਤੇ ਮਰਿਵਾਯੋ। ਤੁਮਰੋ ਤ੍ਰਾਸ ਤਨਕ ਨਹਿਂ ਪਾਯੋ।
ਜਬਿ ਰਾਵਰ ਕੀ ਦਈ ਦੁਹਾਈ। ਸੁਨਿ ਬਹੁਤੀ ਤਬਿ ਮਾਰ ਕਰਾਈ ॥ ੬ ॥

ਮੈਨੂੰ ਗਵਾਰ ਜੱਟਾਂ ਪਾਸੋਂ ਕੁਟਵਾਇਆ ਹੈ ਤੇ ਤੁਹਾਡਾ ਰਤਾ ਭਰ ਵੀ ਡਰ ਨਹੀਂ ਮੰਨਿਆ ਹੈ। ਜਦ ਮੈਂ ਤੁਹਾਡੀ ਦੁਹਾਈ ਦਿੱਤੀ, ਇਹ ਸੁਣ ਕੇ ਮੈਨੂੰ ਬਹੁਤ ਮਾਰ ਪਵਾਈ॥੬॥

ਜਿਤਿਕ ਚਮੂੰ ਗੁਰ ਕੇ ਸੰਗ ਰਹੈ। ਮਮ ਸਮ ਅਪਰ ਨ ਬਲ ਮੈਂ ਅਹੈ'।
ਸੁਨਤਿ ਕੁਤਬਖਾਂ ਕਹਤਿ ਬਨਾਇ।' ਇਸ ਕੋ ਨਾਮ ਰਹਯੋ ਬਿਦਤਾਇ ॥ ੭ ॥

ਜਿੰਨੀ ਵੀ ਸੈਨਾ ਗੁਰੂ ਦੇ ਪਾਸ ਰਹਿੰਦੀ ਹੈ, ਮੇਰੇ ਬਰਾਬਰ ਹੋਰ ਕੋਈ ਬਲ ਵਾਲਾ ਨਹੀਂ ਹੈ।'' ਇਹ ਸੁਣ ਕੇ ਕੁਤਬ ਖਾਂ ਨੇ ਬਣਾ ਕੇ ਕਿਹਾ, ''ਇਸ ਦਾ ਨਾਮ ਬੜਾ ਮਸ਼ਹੂਰ ਰਿਹਾ ਹੈ॥੭॥

ਰਣ ਮਹਿਂ ਪ੍ਰਾਕ੍ਰਮ ਕਰੇ ਬਡੇਰੇ। ਖੜਗ ਖਤੰਗਨਿ ਹਤੇ ਘਨੇਰੇ।
ਅਬਿ ਹਜ਼ੂਰ! ਇਸ ਡੀਲ ਨਿਹਾਰਹੁ। ਅਪਰ ਮਨਿੰਦ ਨ ਕੋਇ ਬਿਚਾਰਹੁ ॥ ੮ ॥

ਇਹ ਰਣਖੇਤਰ ਵਿਚ ਵੱਡਾ ਪ੍ਰਾਕ੍ਰਮ ਕਰਦਾ ਹੈ, ਤਲਵਾਰ ਅਤੇ ਤੀਰਾਂ ਨਾਲ ਬਹੁਤ ਵੈਰੀਆਂ ਨੂੰ ਮਾਰਦਾ ਹੈ, ਹੁਣ ਹਜ਼ੂਰ ! ਇਸ ਦਾ ਸਰੀਰ ਵੇਖੋ, ਹੋਰ ਕੋਈ ਵੀ ਇਸ ਵਰਗਾ ਨਾ ਵਿਚਾਰੋ॥੮॥

ਆਯੁਧ ਬਿੱਦਜਾ ਜਾਨਤਿ ਸਾਰੀ। ਨਿਜ ਬਚਾਇ ਦੇ ਰਿਪੁਨਿ ਪ੍ਰਹਾਰੀ।
ਨਰ ਉਠਾਇ ਪਟਕੈ ਛਿਤ ਮਾਂਹੀ। ਇਹ ਕਿਮ ਅਰਨ ਦੇਹਿ ਬਲ ਬਾਂਹੀ' ॥ ੯ ॥

ਸ਼ਸਤਰ ਵਿਦਿਆ ਸਭ ਜਾਣਦਾ ਹੈ, ਆਪਣੇ ਆਪ ਨੂੰ ਬਚਾ ਕੇ ਵੈਰੀਆਂ ਤੇ ਵਾਰ ਕਰਦਾ ਹੈ। ਮਨੁੱਖਾਂ ਨੂੰ ਚੁੱਕ ਕੇ ਧਰਤੀ ਤੇ ਪਟਕਾ ਕੇ ਮਾਰਦਾ ਹੈ। ਇਹ ਬਲਵਾਨ ਬਾਹਾਂ ਨਾਲ ਆਪਣੇ ਅੱਗੇ ਕਿਸੇ ਨੂੰ ਅੜਨ ਨਹੀਂ ਦਿੰਦਾ ਹੈ' ॥੯॥

ਰਣ ਬਾਤਨਿ ਤੇ ਹਜ਼ਰਤ ਦ੍ਰਵਜੋ। ਬਹੁਰ ਬੂਝਿਬੋ ਹਸ ਕੈ ਕਰਜੋ।
'ਕਹਾਂ ਕਹਾਂ ਕਹੁ ਜੰਗ ਪਰੇ ਹੈਂ? ਕਿਮ ਗੁਰ ਦਿਸ਼ਾ ਪ੍ਰਹਾਰ ਕਰੇ ਹੈਂ ?' ॥੧੦॥

ਜੰਗ ਦੀਆਂ ਗੱਲਾਂ ਸੁਣ ਕੇ ਬਾਦਸ਼ਾਹ ਰੀਝ ਗਿਆ ਤੇ ਫਿਰ ਹੱਸ ਕੇ ਹੋਰ ਗੱਲਾਂ ਪੁੱਛਣ ਲੱਗਾ, ''ਕਿਥੇ-ਕਿਥੇ ਜੰਗ ਕੀਤੇ ਹਨ ? ਗੁਰੂ ਵਾਲੇ ਪਾਸੇ ਤੋਂ ਕਿਵੇਂ ਵਾਰ ਹੁੰਦੇ ਹਨ ?'' ॥੧੦॥

ਤਬਿ ਪੈਂਦੇ ਕਹਿ ਸਕਲ ਸੁਨਾਏ। 'ਮੁਗਲਸਖਾਂ ਸੈਨਾ ਯੁਤਿ ਘਾਏ।
ਗੁਰਪੁਰਿ ਮਹਿਂ ਸੰਗ੍ਰਾਮ ਉਦਾਰੇ। ਤਹਿਂ ਮੈਂ ਜੀਤ ਲੀਨਿ ਗਨ ਮਾਰੇ॥ ੧੧ ॥

ਫਿਰ ਪੈਂਦੇ ਨੇ ਕਹਿ ਕੇ ਸਾਰਾ ਸੁਣਾਇਆ, ''ਮੁਖਲਸ ਖਾਂ ਨੂੰ ਸੈਨਾ ਸਹਿਤ ਮਾਰਿਆ ਸੀ। ਅੰਮ੍ਰਿਤਸਰ ਵਿਖੇ ਵੱਡੀ ਜੰਗ ਹੋਈ ਸੀ। ਉਥੇ ਮੈਂ ਬਹੁਤ ਆਦਮੀ ਮਾਰ ਕੇ ਯੁੱਧ ਜਿੱਤ ਲਿਆ॥੧੧॥

ਪੁਨਹਿ ਰੁਹੇਲਾ ਗ੍ਰਾਮ ਮਝਾਰਾ। ਲੇ ਦਲ ਅਬਦੁਲਖਾਨ ਸਿਧਾਰਾ।
ਤਹਾਂ ਜੁਧ ਐਸੋ ਕੁਛ ਭਯੋ। ਹਟਿ ਜੀਵਤਿ ਕੋ ਗ੍ਰਿਹ ਨਹਿਂ ਗਯੋ॥ ੧੨ ॥

ਫਿਰ ਰੁਹੇਲਾ ਪਿੰਡ ਵਿਚ, ਅਬਦੁਲ ਖਾਨ ਆਪਣੀ ਫੌਜ ਲੈ ਕੇ ਗਿਆ। ਉਥੇ ਇਸ ਤਰ੍ਹਾਂ ਦਾ ਜੰਗ ਹੋਇਆ, ਕੋਈ ਵੀ ਜੀਉਂਦਾ ਬਚ ਕੇ ਆਪਣੇ ਘਰ ਨਾ ਗਿਆ॥੧੨॥

ਤਹਿਂ ਪੁਰਸ਼ਾਰਥ ਕੀਨ ਘਨੇਰਾ। ਫਤੇ ਲਈ ਜਸੁ ਪਸਰਜੋ ਮੇਰਾ।
ਪੁਨ ਰਾਵਰ ਕੇ ਤੁਰੰਗ ਚੁਰਾਏ। ਲਲਾਬੇਗ ਜੁਤਿ ਕੰਬਰ ਧਾਏ॥ ੧੩॥

ਉਥੇ ਮੈਂ ਬੜਾ ਉੱਦਮ ਕੀਤਾ, ਫਤਹਿ ਪ੍ਰਾਪਤ ਕੀਤੀ ਤੇ ਮੇਰਾ ਸਾਰੇ ਜੱਸ ਪਸਰ ਗਿਆ। ਫਿਰ ਆਪ ਜੀ ਦੇ ਘੋੜੇ ਚੁਰਾਏ ਲਲਾ ਬੇਗ ਆਪਣੇ ਨਾਲ ਕੰਬਰ ਬੇਗ ਨੂੰ ਲੈ ਕੇ ਗਿਆ॥੧੩॥

ਤਹਿ ਮੈਂ ਕਰੀ ਲਥੇਰ ਪਥੇਰਾ। ਕਾਟਜੋ ਰਾਵਰਿ ਕਟਕ ਬਡੇਰਾ।
ਫਤੇ ਲਈ ਇਮ ਤੀਨਹੁ ਬਾਰੀ। ਹਰਿਗੁਵਿੰਦ ਅਬਿ ਚਿੰਤ ਬਿਸਾਰੀ॥ ੧੪॥

ਉਥੇ ਮੈਂ ਲੋਥ ਤੇ ਲੋਥ ਚੜ੍ਹਾ ਦਿੱਤੀ, ਆਪ ਜੀ ਦੀ ਵੱਡੀ ਸੈਨਾ ਨੂੰ ਕੱਟ ਕੇ ਸੁੱਟ ਦਿੱਤਾ। ਇਸ ਤਰ੍ਹਾਂ ਤਿੰਨੇ ਵਾਰ ਫਤਹਿ ਪ੍ਰਾਪਤ ਕੀਤੀ। ਸ੍ਰੀ ਹਰਿਗੋਬਿੰਦ ਨੇ ਹੁਣ ਚਿੰਤਾ ਵਿਸਾਰ ਦਿੱਤੀ ਹੈ॥੧੪॥

*ਨੋਟ : ਪੈਂਦੇ ਖਾਂ ਪਿਛਲੀਆਂ ਦੋਹਾਂ ਲੜਾਈਆਂ ਵਿਚ ਸ਼ਾਮਲ ਨਹੀਂ ਸੀ ਹੋਇਆ। ਏਥੇ ਉਹ ਝੂਠ ਬੋਲ ਰਿਹਾ ਸੀ।*

ਕਰਿ ਮੇਰੋ ਤ੍ਰਿਸਕਾਰ ਨਿਕਾਰਾ। ਦਰਬ ਚਾਕਰੀ ਜਾਨਿ ਉਦਾਰਾ।
ਚਾਕਰ ਹੁਤੋ, ਅਦਬ ਮੈਂ ਰਾਖਾ। ਨਹਿਂ ਸਨਮੁਖ ਕੁਛ ਉੱਤਰ ਭਾਖਾ॥ ੧੫॥

ਮੇਰੀ ਬੇਇੱਜ਼ਤੀ ਕਰਕੇ ਮੈਨੂੰ ਕੱਢ ਦਿੱਤਾ, ਤਨਖਾਹ ਨੂੰ ਜ਼ਿਆਦਾ ਜਾਣਿਆ। ਜਦ ਤਕ ਮੈਂ ਨੌਕਰ ਸੀ, ਅਦਬ ਰੱਖਿਆ, ਸਾਹਮਣੇ ਕਦੇ ਵੀ ਉੱਤਰ ਨਹੀਂ ਸੀ ਦਿੱਤਾ॥੧੫॥

ਨਤੁ ਗੁਰ ਹੁਤੋ ਅੱਗ੍ਰ ਮਮ ਐਸੇ। ਤੋਰਤਿ ਗ੍ਰੀਵ ਕਾਕਰੀ ਜੈਸੇ।
ਦੇਤਿ ਬਗਾਇ ਨ ਲਾਵਤਿ ਬਾਰੀ। ਗਿਰਤਿ ਸੀਸ ਜਿਮ ਫਲ ਟੂਟਿ ਡਾਰੀ॥੧੬॥

ਨਹੀਂ ਤਾਂ ਜੇ ਮੇਰਾ ਗੁਰੂ ਐਸਾ ਹੁੰਦਾ ਤਾਂ ਮੈਂ ਖਖੜੀ ਵਾਂਗ ਧੌਣ ਭੰਨ ਦਿੰਦਾ। ਉਨ੍ਹਾਂ ਨੂੰ ਭਜਾ ਦਿੰਦਾ ਤੇ ਕੋਈ ਦੇਰ ਨਾ ਲਾਉਂਦਾ ਤੇ ਸਿਰ ਕੱਟ ਕੇ ਇੰਝ ਸੁੱਟ ਦਿੰਦਾ ਜਿਵੇਂ ਪਕਾ ਫਲ ਡਾਹਣੀ ਨਾਲੋਂ ਟੁੱਟ ਕੇ ਡਿੱਗਦਾ ਹੈ॥੧੭॥

ਕਜਾ ਬਲ ਗੁਰ ਕੋ ਮੋਰਿ ਅਗਾਰੀ। ਜਿਸ ਕੋ ਲੋਕ ਕਹੈਂ ਭੁਜ ਭਾਰੀ।
ਅਬਿ ਆਵਨ ਕੇ ਹੇਤੁ ਬਤਾਵੌਂ। ਤੁਮ ਸਹਾਇ ਤੇ ਬਦਲਾ ਪਾਵੌਂ॥ ੧੭॥

ਗੁਰੂ ਦੀ ਸ਼ਕਤੀ ਮੇਰੇ ਸਾਹਮਣੇ ਕੀ ਹੈ, ਜਿਸ ਨੂੰ ਲੋਕ ਭਾਰੀ ਬਾਹਾਂ ਵਾਲਾ ਕਹਿੰਦੇ ਹਨ। ਹੁਣ ਏਥੇ ਆਉਣ ਦਾ ਕਾਰਨ ਦੱਸਦਾ ਹਾਂ, ਤੁਸੀਂ ਸਹਾਇਤਾ ਕਰੋ ਤਾਂ ਮੈਂ ਬਦਲਾ ਲਵਾਂ॥੧੭॥

ਇਕ ਤੁਰੰਗ ਰਾਵਰ ਕੋ ਮਰਜੋ। ਦੂਸਰ ਅਹੈ ਤਿਨਹੁਂ ਢਿਗ ਖਰਜੋ।
ਹਯ ਸਮੇਤ ਗੁਰ ਕੌ ਗਹਿ ਲਜਾਵੌਂ। ਪੀਛੈ ਰਹਨਿ ਜੀਵਕਾ ਪਾਵੌਂ॥ ੧੮॥

ਆਪ ਜੀ ਦਾ ਇਕ ਘੋੜਾ ਮਰ ਗਿਆ ਹੈ, ਦੂਸਰਾ ਉਨ੍ਹਾਂ ਦੇ ਪਾਸ ਹੀ ਖੜਾ ਹੈ। ਘੋੜੇ ਸਮੇਤ ਗੁਰੂ ਨੂੰ ਫੜ ਕੇ ਲੈ ਆਵਾਂਗਾ ਤੇ ਪਿਛੋਂ ਆਪ ਪਾਸ ਰਹਿ ਕੇ ਰੋਜ਼ੀ ਪਾਵਾਂਗਾ॥੧੮॥

ਅਬਿ ਮੁਝ ਕੋ ਦਿਹੁ ਲਸ਼ਕਰ ਸੰਗ। ਕਰੌਂ ਜਾਇ ਮੈਂ ਦੀਰਘ ਜੰਗ।
ਗੁਰ ਕੇ ਗਰ ਦੁਪਟਾ ਗਹਿ ਪਾਵੌਂ। ਐਂਚਿ ਆਪਕੇ ਨਿਕਟਿ ਲਿਆਵੌਂ॥ ੧੯॥

ਹੁਣ ਮੈਨੂੰ ਫੌਜ ਦੇਵੋ ਤਾਂਕਿ ਮੈਂ ਉਸ ਨਾਲ ਜਾ ਕੇ ਵੱਡਾ ਜੰਗ ਕਰਾਂ। ਗੁਰੂ ਨੂੰ ਫੜ ਕੇ ਉਨ੍ਹਾਂ ਦੇ ਗਲ ਵਿਚ ਦੁਪੱਟਾ ਪਾਵਾਂਗਾ ਤੇ ਖਿੱਚ ਕੇ ਆਪ ਜੀ ਦੇ ਪਾਸ ਲਿਆਵਾਂਗਾ॥੧੯॥

ਪੈਂਦਖਾਨ ਤਬਿ ਨਾਮ ਕਹਾਊਂ। ਨਤੁਰ ਆਇ ਮੈਂ ਮੁਖ ਨ ਦਿਖਾਊਂ।
ਸੁਨਿ ਬਹਾਦਰੀ ਕੇ ਬਚ ਸ਼ਾਹੂ। ਮਹਾਂ ਅਨੰਦਤਿ ਹ੍ਵੈ ਮਨ ਮਾਂਹੂ॥ ੨੦॥

ਫਿਰ ਮੈਂ ਪੈਂਦੇ ਖਾਨ ਨਾਮ ਕਹਾਵਾਂਗਾ, ਨਹੀਂ ਤਾਂ ਮੈਂ ਆ ਕੇ ਆਪ ਜੀ ਨੂੰ ਮੂੰਹ ਨਹੀਂ ਵਿਖਾਵਾਂਗਾ। ਬਾਦਸ਼ਾਹ ਨੇ ਜਦ ਬਹਾਦਰੀ ਦੇ ਅਜਿਹੇ ਸ਼ਬਦ ਸੁਣੇ ਤਾਂ ਮਨ ਵਿਚ ਬੜਾ ਅਨੰਦਿਤ ਹੋ ਗਿਆ॥੨੦॥

'ਅਪਨੀ ਸਿਫਤ ਜਥਾ ਤੈਂ ਬਰਨੀ। ਅਬਹਿ ਲਾਯਕੀ ਸਚ ਇਹ ਕਰਨੀ।
ਡੀਲ ਬਿਲੰਦ ਬਲੀ ਬਡ ਬਾਹੂ। ਤਿਮ ਦਿਖੀਯਤਿ ਮਨ ਕੋ ਉਤਸਾਹੂ॥੨੧॥

ਬਾਦਸ਼ਾਹ ਨੇ ਕਿਹਾ, "ਆਪਣੀ ਸਿਫਤ ਜਿਵੇਂ ਤੂੰ ਕੀਤੀ ਹੈ, ਹੁਣ ਇਸ ਕਾਬਲੀਅਤ ਨੂੰ ਸੱਚ ਕਰਕੇ ਵਿਖਾਉਂਦਾ ਹੈਂ। ਜਿਵੇਂ ਤੇਰਾ ਵੱਡੀ ਡੀਲ ਡੌਲ ਵਾਲਾ ਬਲੀ ਸਰੀਰ ਹੈ, ਉਸ ਤਰ੍ਹਾਂ ਹੀ ਤੇਰੇ ਮਨ ਦਾ ਉਤਸ਼ਾਹ ਦਿਖਾਈ ਦਿੰਦਾ ਹੈ॥੨੧॥

ਮਨ ਭਾਵਤਿ ਲਸ਼ਕਰ ਸਮੁਦਾਇ। ਹਮ ਦੈ ਹੈਂ ਤੁਵ ਸੰਗ ਚਢਾਇ।
ਚਮੂੰ ਚਮੂੰ ਸੋਂ ਮਿਲਿ ਕੈ ਲਰੈ। ਤੁਮ ਪਹੁੰਚਹੁ ਜਹਿਂ ਗੁਰ ਥਿਰ ਅਰੈ॥ ੨੨॥

ਮਨ ਭਾਉਂਦਾ ਲਸ਼ਕਰ ਅਸੀਂ ਤੇਰੇ ਨਾਲ ਚੜ੍ਹਾ ਦਿੰਦੇ ਹਾਂ, ਫੌਜ ਫੌਜ ਨਾਲ ਮਿਲ ਕੇ ਲੜੇ, ਤੂੰ ਉਥੇ ਪਹੁੰਚ ਜਿਥੇ ਗੁਰੂ ਜੀ ਰਹਿ ਕੇ ਆਕੀ ਹੋਏ ਹਨ॥੨੨॥

ਅਪਰ ਸੁਭਟ ਗੁਰ ਕੇ ਬਲਵੰਤੇ। ਤੁਝ ਢਿਗ ਪਹੁੰਚਿ ਨ ਦੇਹਿਂ ਕਦੰਤੇ।
ਤੇਰੋ ਅਰੁ ਗੁਰ ਕੋ ਰਣ ਦ੍ਵੰਦ। ਜੁਟਹੁ ਜ਼ੋਰ ਕਰਿ ਬਾਹੁ ਬਿਲੰਦ॥ ੨੩॥

ਗੁਰੂ ਜੀ ਦੇ ਹੋਰ ਯੋਧੇ ਬੜੇ ਬਲਵਾਨ ਹਨ, ਉਹ ਤੈਨੂੰ ਉਨ੍ਹਾਂ ਦੇ ਪਾਸ ਕਦੀ ਵੀ ਪਹੁੰਚਣ ਨਹੀਂ ਦੇਣਗੇ। ਤੇਰਾ ਅਤੇ ਗੁਰੂ ਜੀ ਦਾ ਰਣ ਵਿਚ ਦ੍ਵੰਦ ਯੁੱਧ ਹੋਵੇ, ਜ਼ੋਰ ਨਾਲ ਜੁੱਟ ਜਾਵੇ ਤੇਰੀਆਂ ਬਾਹਾਂ ਬਹੁਤ ਵਡੀਆਂ ਹਨ॥੨੩॥

ਜੇ ਬਲ ਕਰਿ ਗੁਰ ਕੋ ਗਹਿ ਲਜਾਵੈਂ। ਮਨਸਬ ਮਨ ਸਭਿ ਬਾਂਛਤਿ ਪਾਵੈਂ।
ਹਯ ਦਿਲਬਾਗ ਸੰਗ ਲੈ ਆਉ। ਬਿਨਾਂ ਬਿਲੰਬ ਲੇਹੁ ਸਿਰੁਪਾਉ' ॥ ੨੪॥

ਜੇ ਤਾਕਤ ਨਾਲ ਗੁਰੂ ਜੀ ਨੂੰ ਫੜ ਲਿਆਵੇ ਤਾਂ ਅਹੁਦਾ ਅਤੇ ਮਨ ਦੀ ਮੁਰਾਦ ਸਭ ਕੁਝ ਪਾ ਲਵੇਂਗਾ। ਦਿਲਬਾਗ ਘੋੜੇ ਨੂੰ ਆਪਣੇ ਨਾਲ ਲੈ ਆਵੇ ਤਾਂ ਕਿਸੇ ਦੇਰ ਤੋਂ ਬਗੈਰ ਸਿਰੋਪਾ ਪਾਵੇਂ" ॥੨੪॥

ਪੈਂਦੇ ਕਹਜੋ 'ਹਜ਼ੂਰ ਅਗਾਰੀ। ਕਰਿ ਹੰਕਾਰ, ਨ ਕੂਰ ਉਚਾਰੀ।
ਬਾਲ ਅਵਸਥਾ ਤੇ ਮੈਂ ਸੰਗ। ਲਖੋਂ ਡੀਲ ਬਲ ਜੇਤਿਕ ਅੰਗ॥ ੨੫॥

ਪੈਂਦੇ ਨੇ ਕਿਹਾ, "ਹਜ਼ੂਰ ਦੇ ਅੱਗੇ ਹੰਕਾਰ ਕਰਕੇ ਮੈਂ ਝੂਠ ਨਹੀਂ ਬੋਲਿਆ ਹੈ। ਬਾਲ ਅਵਸਥਾ ਤੋਂ ਮੈਂ ਉਨ੍ਹਾਂ ਦੇ ਨਾਲ ਰਿਹਾ ਹਾਂ। ਮੈਂ ਉਨ੍ਹਾਂ ਦਾ ਡੀਲ ਡੌਲ ਅਤੇ ਸ਼ਕਤੀ ਨੂੰ ਭਲੀ ਪ੍ਰਕਾਰ ਜਾਣਦਾ ਹਾਂ॥੨੫॥

ਹੇਤੁ ਜੀਵਕਾ ਰਹੇ ਬਧਾਵਤਿ। ਮੈਂ ਦਬਿ ਜਾਤਿ ਜਿ ਓਜ ਲਗਾਵਤਿ।
ਰਾਵਰ ਹਾਥ ਧਰਹੁ ਸਿਰ ਮੇਰੇ। ਅਬਿ ਲਜਾਵੋਂ ਗਹਿ ਗੁਰੂ ਅਗੇਰੇ' ॥ ੨੬॥

ਰੋਜ਼ੀ ਕਰਕੇ ਮੈਂ ਉਨ੍ਹਾਂ ਦਾ ਹੌਸਲਾ ਵਧਾਉਂਦਾ ਰਿਹਾ ਹਾਂ, ਜੇ ਉਹ ਸ਼ਕਤੀ ਲਾਉਂਦੇ ਸੀ ਤਾਂ ਮੈਂ ਜਾਣ ਬੁਝ ਕੇ ਦਬ ਜਾਂਦਾ ਸੀ। ਤੁਸੀਂ ਮੇਰੇ ਸਿਰ ਤੇ ਹੱਥ ਰਖੋ, ਹੁਣ ਗੁਰੂ ਜੀ ਨੂੰ ਫੜ ਕੇ ਅੱਗੇ ਲਾ ਕੇ ਲੈ ਆਵਾਂਗਾ" ॥੨੬॥

ਇਮ ਸੁਨਿ ਸ਼ਾਹੁ ਦਈ ਕਰ ਸ਼ਾਰਤ। 'ਤੁਸ਼ਨਿਰਹੁ' ਸਮੁਝਾਇ ਬਿਚਾਰਤ।
ਖਿਰ ਉਮਰਾਵ ਹੁਤੇ ਸਮੁਦਾਈ। ਸਭਾ ਬਿਖੈ ਸਭਿਹੂੰਨਿ ਸੁਨਾਈ॥ ੨੭॥

ਇਸ ਤਰ੍ਹਾਂ ਸੁਣਕੇ ਬਾਦਸ਼ਾਹ ਨੇ ਹੱਥ ਨਾਲ ਇਸ਼ਾਰਾ ਕੀਤਾ, ਜਿਸ ਦਾ ਭਾਵ ਸੀ ਹੁਣ ਚੁਪ ਰਹੋ। ਇਸ ਨਾਲ ਮਾਨੋਂ

ਪੈਂਦੇ ਨੂੰ ਸਮਝਾਇਆ ਕਿ ਬਾਦਸ਼ਾਹ ਕੁਝ ਵਿਚਾਰ ਕਰ ਰਿਹਾ ਹੈ। ਬਹੁਤ ਉਮਰਾਵ ਇਕੱਠੇ ਹੋ ਕੇ ਬੈਠੇ ਸਨ, ਸਭਾ ਵਿਚ ਸਾਰਿਆਂ ਨੂੰ ਸੁਣਾਇਆ॥੨੭॥

'ਨਗਨ ਤੇਗ ਅਰੁ ਪਾਨਨ ਬੀਰਾ। ਧਰਹੁ ਆਨਿ ਕਰਿ ਬਿਚ, ਬਡ ਬੀਰਾ।
ਜੋ ਉਤਸਾਹ ਜੰਗ ਕੋ ਧਰੈ। ਹਰਿਗੁਵਿੰਦ ਪਰ ਚਢਿਬੋ ਕਰੈ॥ ੨੮॥

''ਨੰਗੀ ਤਲਵਾਰ ਤੇ ਪਾਨ ਦਾ ਬੀੜਾ ਲਿਆ ਕੇ ਸਭਾ ਦੇ ਵਿਚ ਰੱਖੋ। ਵੱਡਾ ਸੂਰਮਾ ਜਿਹੜਾ ਜੰਗ ਲੜਨ ਦਾ ਉਤਸ਼ਾਹ ਧਾਰਨ ਕਰੇ ਉਹ ਸ੍ਰੀ ਹਰਿਗੋਬਿੰਦ 'ਤੇ ਚੜ੍ਹਾਈ ਕਰ ਕੇ ਜਾਵੇ॥੨੮॥

ਪੈਂਦਖਾਨ ਕੇ ਸੰਗ ਸਿਧਾਰੈ। ਕਰਿ ਬਹਾਦੁਰੀ ਅਰਿ ਕੋ ਮਾਰੈ।
ਤੀਨ ਬਾਰ ਕਰਿ ਰਾਰ ਉਦਾਰਾ। ਜੋ ਉਮਰਾਵ ਚਢ੍ਯੋ ਸੋ ਮਾਰਾ॥ ੨੯॥

ਪੈਂਦੇ ਖਾਨ ਦੇ ਨਾਲ ਜਾਵੇ ਤੇ ਬਹਾਦੁਰੀ ਕਰਕੇ ਵੈਰੀ ਨੂੰ ਮਾਰੇ। ਤਿੰਨ ਵਾਰ ਉੱਚੀ ਆਵਾਜ਼ ਵਿਚ ਕਿਹਾ ਗਿਆ। ਜਿਹੜਾ ਵੀ ਉਮਰਾਵ ਚੜ੍ਹਾਈ ਕਰਕੇ ਗਿਆ ਸੀ ਉਹ ਮਾਰਿਆ ਗਿਆ ਸੀ॥੨੯॥

ਇਸ ਪਠਾਨ ਕੇ ਬਲ ਕਰਿ ਜੀਤਾ। ਅਬਿ ਕੇ ਗਹਿ ਲੀਜੈ ਦੇ ਭੀਤਾ।
ਇਸ ਪ੍ਰਕਾਰ ਸਭਿ ਸਭਾ ਮਝਾਰਾ। ਤੀਨ ਬਾਰ ਜਬਿ ਸ਼ਾਹੁ ਉਚਾਰਾ॥ ੩੦॥

ਇਸ ਪਠਾਣ ਦੇ ਬਲ ਕਰਕੇ ਜਿੱਤਦੇ ਸਨ, ਹੁਣ ਡਰ ਦੇ ਕੇ ਫੜ ਲਵੋ।'' ਇਸ ਪ੍ਰਕਾਰ ਸਾਰੀ ਸਭਾ ਦੇ ਵਿਚ ਜਦ ਬਾਦਸ਼ਾਹ ਨੇ ਤਿੰਨ ਵਾਰ ਉਚਾਰਨ ਕੀਤਾ॥੩੦॥

ਮੁਗਲਸਖਾਨ ਭ੍ਰਾਤ ਇਕ ਅਹੈ। ਕਾਲੇਖਾਨ ਨਾਮ ਜਗ ਕਹੈਂ।
ਸੂਬਾ ਪੁਰਿ ਪਿਸ਼ੌਰ ਕੋ ਭਾਰਾ। ਸੈਨਾ ਸੰਗ ਪਚਾਸ ਹਜ਼ਾਰਾ॥ ੩੧॥

ਤਾਂ ਮੁਖਲਸ ਖਾਨ ਦਾ ਇਕ ਭਰਾ ਸੀ, ਜਗ ਵਿਚ ਉਸ ਨੂੰ ਕਾਲੇ ਖਾਂ ਦੇ ਨਾਲ ਪੁਕਾਰਦੇ ਸਨ। ਉਹ ਪਿਸ਼ੌਰ ਸੂਬੇ ਦਾ ਵੱਡਾ ਸੂਬੇਦਾਰ ਸੀ ਤੇ ਉਸ ਪਾਸ ਪੰਜਾਹ ਹਜ਼ਾਰ ਸੈਨਾ ਸੀ॥੩੧॥

ਤਿਨ ਸੁਨਿ ਕੈ ਉਰ ਬਿਖੈ ਬਿਚਾਰਾ। ਭ੍ਰਾਤ ਮਰੇ ਕੋ ਬੈਰ ਸੰਭਾਰਾ।
ਤਿਸ ਕੋ ਪਲਟਾ ਮੈਂ ਨਹਿਂ ਲੀਨੋ। ਖਾਨ ਬ੍ਰਿੰਦ ਸਭਿ ਭਾਖਹਿਂ ਹੀਨੋ॥ ੩੨॥

ਉਸ ਨੇ ਸੁਣ ਕੇ ਦਿਲ ਵਿਚ ਵਿਚਾਰ ਕੀਤੀ, ਮੇਰੇ ਭਰਾ ਨੂੰ ਗੁਰੂ ਨੇ ਮਾਰਿਆ ਹੈ, ਉਸ ਦਾ ਮੈਂ ਵੈਰ ਲੈਂਦਾ ਹਾਂ। ਉਸ ਦਾ ਹੁਣ ਤਕ ਮੈਂ ਬਦਲਾ ਨਹੀਂ ਲਿਆ ਹੈ, ਸਾਰੇ ਪਠਾਣ ਮੈਨੂੰ ਮਾੜਾ ਕਹਿੰਦੇ ਹਨ॥੩੨॥

ਅਬਿ ਅਵਕਾਸ਼ ਭਲੋ ਮੁਝ ਪਾਵੈਂ। ਗਹੋਂ ਗੁਰੂ ਕੋ, ਸ਼ਾਹੁ ਪਠਾਵੈ।
ਇਕ ਤੌ ਹਜ਼ਰਤ ਕਾਰਜ ਅਹੈ। ਦੁਤੀਏ ਜਸੁ ਮੇਰੋ ਜਗ ਰਹੈ॥ ੩੩॥

ਹੁਣ ਮੈਨੂੰ ਭਲਾ ਮੌਕਾ ਮਿਲਿਆ ਹੈ, ਬਾਦਸ਼ਾਹ ਦੇ ਭੇਜਣ ਤੇ ਗੁਰੂ ਫੜ ਲਵਾਂਗਾ। ਇਕ ਤਾਂ ਬਾਦਸ਼ਾਹ ਦਾ ਕੰਮ ਹੋ ਜਾਵੇਗਾ, ਦੂਸਰਾ ਜੱਗ ਵਿਚ ਮੇਰਾ ਜੱਸ ਰਹੇਗਾ॥੩੩॥

ਤ੍ਰਿਤੀਏ ਪਲਟਾ ਮੁਗਲਸਖਾਨ। ਇਮ ਮੇਰੋ ਹੁਇ ਕਾਜ ਮਹਾਨ।
ਉਠਿ ਕਰ ਜੋਰਤਿ ਬੋਲ੍ਯੋ ਸੋਇ। 'ਹਜ਼ਰਤ ਹੁਕਮ ਮੋਹਿ ਕਉ ਹੋਇ॥ ੩੪॥

ਤੀਸਰਾ ਮੈਂ ਮੁਖਲਸ ਖਾਨ ਦਾ ਬਦਲਾ ਲੈ ਲਵਾਂਗਾ, ਇਸ ਤਰ੍ਹਾਂ ਮੇਰਾ ਮਹਾਨ ਕਾਰਜ ਹੋ ਜਾਵੇਗਾ। ਉੱਠ ਕੇ ਹੱਥ ਜੋੜ ਕੇ ਬੋਲਿਆ, 'ਹਜ਼ਰਤ! ਮੈਨੂੰ ਹੁਕਮ ਦੇਵੋ॥੩੪॥

ਸੈਨਾ ਸਕਲ ਜੰਗ ਕਰਿ ਘੈਹੈਂ। ਹਰਿਗੁਬਿੰਦ ਜੀਵਤਿ ਗਹਿ ਲੈਹੈਂ।
ਨਿਕਟਿ ਆਪ ਕੇ ਜਦ ਹਮ ਲਜਾਵੈਂ। ਭ੍ਰਾਤ ਮਰੇ ਕੀ ਕਰਕ ਮਿਟਾਵੈਂ॥ ੩੫॥

ਸਾਰੀ ਸੈਨਾ ਜੰਗ ਕਰਕੇ ਮਾਰ ਦੇਵਾਂਗਾ ਤੇ ਹਰਿਗੋਬਿੰਦ ਨੂੰ ਜੀਉਂਦੇ ਨੂੰ ਫੜ ਲਵਾਂਗਾ। ਜਦ ਆਪ ਜੀ ਦੇ ਪਾਸ ਲਿਆਵਾਂਗਾ ਤਾਂ ਭਰਾ ਮਰੇ ਦੀ ਪੀੜ ਮਿਟਾ ਲਵਾਂਗਾ॥੩੫॥

ਭਰਯੋ ਰਿਦਾ ਰਿਸ ਜ੍ਵਾਲ ਪ੍ਰਕਾਸ਼ੀ। ਸੋ ਸਭਿ ਗੁਰ ਪਰ ਕਰਵ ਨਿਕਾਸੀ।
ਤਿਸ ਦਿਨ ਸੁਪਤੋਂ ਨੀਂਦ ਸੁਖਾਰੀ। ਹਰਿਗੁਵਿੰਦ ਗਹਿ ਲੇਹੁਂ ਕਿ ਮਾਰੀ' ॥੩੬॥

ਹਿਰਦਾ ਭਰਿਆ ਹੈ ਤੇ ਗੁੱਸੇ ਦੀ ਜਵਾਲਾ ਪ੍ਰਕਾਸ਼ਮਈ ਹੋਈ ਹੈ, ਉਹ ਸਾਰੀ ਮੈਂ ਗੁਰੂ ਤੇ ਕਢਾਂਗਾ। ਉਸ ਦਿਨ ਮੈਂ ਸੌਖੀ ਨੀਂਦ ਸਵਾਂਗਾ ਜਿਸ ਦਿਨ ਗੁਰੂ ਹਰਿਗੋਬਿੰਦ ਨੂੰ ਫੜ ਲਵਾਂ ਜਾਂ ਮਾਰ ਲਵਾਂ" ॥੩੬॥

ਸੁਨਤਿ ਸ਼ਾਹੁ ਤਬਿ ਹਰਖ ਵਧਾਵੈ। 'ਕਾਲੇਖਾਂ ! ਇਮ ਹੀ ਬਨਿ ਆਵੈ।
ਪੈਂਦਖਾਨ ਕੇ ਸੰਗ ਸਿਧਾਵਹੁ। ਸਜਹੁ ਸੈਨ ਦੁੰਦਭਿ ਬਜਵਾਵਹੁ' ॥ ੩੭॥

ਇਹ ਸੁਣ ਕੇ ਬਾਦਸ਼ਾਹ ਦੀ ਪ੍ਰਸੰਨਤਾ ਵੱਧ ਗਈ ਤੇ ਉਸ ਕਿਹਾ, "ਕਾਲੇ ਖਾਂ ! ਇਸ ਤਰ੍ਹਾਂ ਹੀ ਬਣ ਆਵੇ। ਪੈਂਦੇ ਖਾਨ ਦੇ ਨਾਲ ਜਾਵੋ ਸੈਨਾ ਸਾਜ ਕੇ ਨਗਾਰੇ ਵਜਾਓ" ॥੩੭॥

ਇਮ ਸੁਨਿ ਕਾਲੇਖਾਂ ਹਰਖਾਯੋ ਕਰਿ ਸਲਾਮ ਕੋ ਸੀਸ ਝੁਕਾਯੋ।
ਨਗਨ ਤੇਗ ਬਿਚ ਸਭਾ ਉਠਾਈ। ਪਾਨਨ ਬੀਰਾ ਲੀਨਿ ਚਬਾਈ॥ ੩੮॥

ਇਸ ਤਰ੍ਹਾਂ ਸੁਣ ਕੇ ਕਾਲੇ ਖਾਂ ਬਹੁਤ ਪ੍ਰਸੰਨ ਹੋਇਆ ਤੇ ਸਲਾਮ ਕਰਕੇ ਸਿਰ ਝੁਕਾਇਆ। ਸਭਾ ਵਿਚ ਨੰਗੀ ਤਲਵਾਰ ਚੁੱਕ ਲਈ ਤੇ ਪਾਨ ਦਾ ਬੀੜਾ ਚੁੱਕ ਕੇ ਚਬਾ ਲਿਆ॥੩੮॥

ਪਿਖਿ ਉਤਸਾਹ ਸ਼ਾਹੁ ਤਿਸ ਕਾਲਾ। ਸਿਰੋਪਾਉ ਮੰਗਵਾਇ ਬਿਸਾਲਾ।
ਜ਼ਰੀ ਬਸਤ੍ਰ ਸੁੰਦਰ ਮੁਦਧਾਰੇ। ਕਲਗ਼ੀ ਜਿਗਾ ਜਿਨਹੁਂ ਪਰ ਧਾਰੇ॥ ੩੯॥

ਉਸ ਸਮੇਂ ਕਾਲੇ ਖਾਂ ਦਾ ਉਤਸ਼ਾਹ ਵੇਖ ਕੇ ਬਾਦਸ਼ਾਹ ਵੱਡਾ ਸਿਰੋਪਾ ਮੰਗਵਾਇਆ। ਜ਼ਰੀ ਦੇ ਸੁੰਦਰ ਵਸਤਰ ਪ੍ਰਸੰਨਤਾ ਸਹਿਤ ਧਾਰਨ ਕੀਤੇ, ਜਿਨ੍ਹਾਂ ਉਤੇ ਕਲਗੀ ਅਤੇ ਜਿਗ੍ਹਾ ਧਾਰਨ ਕਰ ਲਈ॥੩੯॥

ਕੰਕਨ ਕੰਚਨ ਹੀਰਨ ਜਰੇ। ਦ੍ਵੈ ਮੰਗਵਾਇ ਸੁ ਬਖਸ਼ਨ ਕਰੇ।
ਕੰਠਾ ਬਡ ਕੀਮਤ ਮੁਕਤਨ ਕੋ। ਉੱਜਲ ਗੋਲ ਦਿਯੋ ਪਹਿਰਨ ਕੋ॥ ੪੦॥

ਸੋਨੇ ਦੇ ਕੰਗਣ ਜਿਹੜੇ ਹੀਰਿਆਂ ਨਾਲ ਜੜੇ ਸਨ ਦੋ ਮੰਗਵਾ ਕੇ ਬਖਸ਼ ਦਿੱਤੇ। ਵੱਡਾ ਕੈਂਠਾ ਜਿਹੜਾ ਬੜੇ ਕੀਮਤੀ ਮੋਤੀਆਂ ਨਾਲ ਜੜਿਆ ਸੀ ਅਤੇ ਜਿਹੜਾ ਬੜਾ ਉੱਜਲ ਅਤੇ ਗੋਲ ਸੀ ਪਹਿਨਣ ਵਾਸਤੇ ਦਿੱਤਾ॥੪੦॥

ਸਵਾ ਲਾਖ ਕੋ ਖਿਲਤ ਕਹਾਵੈ। ਲੇ ਕਾਲੇਖਾਂ ਉਰ ਹਰਖਾਵੈ।
ਹਜ਼ਰਤ ਹੁਇ ਪ੍ਰਸੰਨ ਜਬਿ ਦੀਨਾ। ਸਭਿ ਉਮਰਾਵਨਿ ਹੇਰਨ ਕੀਨਾ॥ ੪੧॥

ਸਵਾ ਲੱਖ ਦੀ ਖਿਲਤ ਬਖਸ਼ੀ, ਜਿਸ ਨੂੰ ਲੈ ਕੇ ਕਾਲੇ ਖਾਂ ਬਹੁਤ ਪ੍ਰਸੰਨ ਹੋਇਆ। ਜਦ ਬਾਦਸ਼ਾਹ ਨੇ ਪ੍ਰਸੰਨ ਹੋ ਕੇ ਦਿੱਤੀ ਤਾਂ ਸਭ ਉਮਰਾਵ ਵੇਖਣ ਲੱਗੇ॥੪੧॥

ਹੁਤੋ ਮੀਤ ਇਕ ਅਬਦੁਲ ਖਾਨ। ਖੋਜਾ ਅਨਵਰ ਨਾਮ ਬਖਾਨਿ।
ਤਿਨ ਭੀ ਦੇਖਤਿ ਚੌਪ ਬਢਾਈ। ਚਹੀ ਗੁਰੂ ਪਰ ਕਰਨ ਚਢਾਈ॥ ੪੨॥

ਗੁਰੂ ਜੀ ਹੱਥੋਂ ਮਾਰੇ ਗਏ ਅਬਦੁਲ ਖਾਨ ਦਾ ਇਕ ਮਿੱਤਰ ਸੀ ਤੇ ਉਸਦਾ ਖੋਜਾ ਅਨਵਰ ਨਾਂ ਸੀ ਉਸ ਵੀ ਵੇਖ ਕੇ ਬਹੁਤ ਖੁਸ਼ੀ ਵਧਾਈ ਤੇ ਗੁਰੂ ਜੀ ਉਤੇ ਚੜ੍ਹਾਈ ਕਰਨੀ ਚਾਹੀ॥੪੨॥

ਦ੍ਵੈ ਹਜ਼ਾਰ ਪ੍ਰਤਨਾ ਕੋ ਮਾਲਿਕ। ਬੈਰ ਸੰਭਾਰਿ ਖਰਜੋ ਤਤਕਾਲਕ।
ਜਿਤੇ ਵਕੀਲ ਸ਼ਾਹ ਕੇ ਜਾਨੋਂ। ਤਿਨ ਸਭਿ ਕੋ ਸਿਰਮੌਰ ਪਛਾਨੋਂ॥ ੪੩॥

ਦੋ ਹਜ਼ਾਰ ਸੈਨਾ ਦਾ ਮਾਲਕ ਸੀ, ਵੈਰ ਸੰਭਾਲ ਕੇ ਤੁਰਤ ਖੜਾ ਹੋ ਗਿਆ ਜਿੰਨੇ ਵੀ ਬਾਦਸ਼ਾਹ ਦੇ ਵਕੀਲ ਸਨ, ਉਨ੍ਹਾਂ ਸਭ ਤੋਂ ਉਹ ਸ਼੍ਰੋਮਣੀ ਸੀ॥੪੩॥

'ਹਜ਼ਰਤ ! ਹੁਕਮ ਆਪ ਕੋ ਪਾਊਂ। ਪੈਂਦਖਾਂਨ ਕੇ ਸੰਗ ਸਿਧਾਊਂ।
ਅਬਦੁਲ ਖਾਨ ਮੀਤ ਮਮ ਮਾਰਾ। ਅਹੈ ਕਰਜ਼ ਸਿਰ ਕਰੋਂ ਉਤਾਰਾ॥ ੪੪॥

ਕਹਿਣ ਲੱਗਾ, "ਹਜ਼ੂਰ! ਜੇ ਆਪ ਦਾ ਹੁਕਮ ਪਾਵਾਂ ਤਾਂ ਪੈਂਦੇ ਖਾਨ ਦੇ ਨਾਲ ਮੈਂ ਜਾਵਾਂ। ਗੁਰੂ ਨੇ ਮੇਰੇ ਮਿੱਤਰ ਅਬਦੁਲ ਖਾਨ ਨੂੰ ਮਾਰਿਆ ਸੀ। ਮੇਰੇ ਸਿਰ ਤੇ ਉਸ ਦਾ ਕਰਜ਼ ਹੈ, ਉਹ ਮੈਂ ਲਾਹ ਲਵਾਂ॥੪੪॥

ਦਾਵ ਭੇਤ ਬੁਧਿ ਕੇ ਉਪਜਾਇ। ਕਾਲੇਖਾਂ ਕੋ ਬਨੌਂ ਸਹਾਇ'।
ਪੰਚ ਹਜ਼ਾਰਨਿ ਕੋ ਸਿਰੁਪਾਇ। ਹਰਖ ਸ਼ਾਹੁ ਕਰਿ ਤਾਂਹਿ ਦਿਵਾਇ॥ ੪੫॥

ਬੁੱਧੀ ਦੇ ਦਾਅ ਭੇਦ ਪ੍ਰਗਟ ਕਰਕੇ ਕਾਲੇ ਖਾਂ ਦਾ ਸਹਾਇਕ ਬਣਾਂਗਾ।" ਪੰਜ ਹਜ਼ਾਰ ਦਾ ਸਿਰੋਪਾ, ਬਾਦਸ਼ਾਹ ਨੇ ਪ੍ਰਸੰਨ ਹੋ ਕੇ ਦਿਵਾਇਆ॥੪੫॥

'ਜਜੈਂ ਕਜੈਂ ਕਰਿ ਗੁਰਿ ਕੋ ਗਹਿ ਆਨੈਂ। ਲਰਤਿ ਬਾਹਨੀ ਰਨ ਕਰਿ ਹਾਨੈਂ'।
ਸਹਿਤ ਦਮਾਦ ਜੁ ਪੈਂਦੇਖਾਨ। ਸਿਰੋਪਾਉ ਤਿਨ ਦੇਵਨ ਠਾਨਿ॥ ੪੬॥

"ਜਿਵੇਂ-ਜਿਵੇਂ ਕਰਕੇ ਗੁਰੂ ਨੂੰ ਫੜ ਲਿਆਵਾਂਗੇ, ਲੜਾਈ ਕਰਕੇ ਉਨ੍ਹਾਂ ਦੀ ਸਾਰੀ ਫੌਜ ਨੂੰ ਮਾਰ ਦੇਵਾਂਗੇ।" ਪੈਂਦੇ ਖਾਨ ਨੂੰ ਦਾਮਾਦ ਸਹਿਤ, ਉਨ੍ਹਾਂ ਨੂੰ ਸਿਰੋਪਾ ਦੇਣ ਦਾ ਮਨ ਬਣਾਇਆ॥੪੬॥

ਦੇ ਸਨਮਾਨ ਬਿਦਾ ਸਭਿ ਕਰੇ। ਨਿਕਸੇ ਵਹਿਰ ਮੋਦ ਉਰ ਭਰੇ।
ਜਬਿ ਅਪਨੇ ਡੇਰੇ ਮਹਿਂ ਗਏ। 'ਦੁੰਦਭਿ ਬਜਹਿ' ਹੁਕਮ ਕੋ ਦਏ॥ ੪੭॥

ਸਨਮਾਨ ਦੇ ਕੇ ਸਭ ਨੂੰ ਵਿਦਾ ਕੀਤਾ। ਸਾਰੇ ਬੜੇ ਪ੍ਰਸੰਨ ਚਿੱਤ ਬਾਹਰ ਨਿਕਲੇ। ਜਦ ਆਪਣੇ ਡੇਰੇ ਵਿਚ ਗਏ ਨਗਾਰੇ ਵਜਾਉਣ ਦਾ ਹੁਕਮ ਦੇ ਦਿੱਤਾ॥੪੭॥

*ਅੱਠਵੀਂ ਰਾਸ ਦਾ ਚੌਦਵਾਂ ਅਧਿਆਇ ਸਮਾਪਤ ਹੋਇਆ॥੧੪॥*

## *ਅਧਿਆਇ ਪੰਦਰ੍ਹਵਾਂ*

### *ਲਸ਼ਕਰ ਦੀ ਚੜ੍ਹਾਈ*

*ਦੋਹਰਾ-* ਕੁਤਬਖਾਂਨ ਬੈਠਜੋ ਪਿਖਜੋ ਹਜ਼ਰਤ ਅਪਨੇ ਤੀਰ।
'ਤੂੰ ਭੀ ਕਰਿ ਪ੍ਰਸਥਾਨ ਕੋ ਸੁਮਤਿਵੰਤ ਬਡ ਬੀਰ॥ ੧॥

ਬਾਦਸ਼ਾਹ ਨੇ ਜਦ ਕੁਤਬ ਖਾਨ ਨੂੰ ਆਪਣੇ ਪਾਸ ਬੈਠਾ ਵੇਖਿਆ ਤਾਂ ਕਿਹਾ, "ਤੂੰ ਵੀ ਨਾਲ ਚਲੇ ਜਾ, ਤੂੰ ਵੱਡਾ ਬੁੱਧੀਵਾਨ ਤੇ ਸੂਰਮਾ ਹੈਂ॥੧॥

ਚੌਪਈ- ਨਗਰ ਜਲੰਧਰ ਤਾਲਖ ਤੇਰੇ। ਦਿਹੁ ਲਸ਼ਕਰ ਉਤਸਾਹੁ ਘਨੇਰੇ।
ਸਭਿ ਕੀ ਸੁਧ ਲਿਹੁ ਦੇਖਹੁ ਜੰਗ। ਬਨਹੁ ਸਹਾਇਕ ਪੈਂਦੇ ਸੰਗ ॥ ੨ ॥

ਨਗਰ ਜਲੰਧਰ ਤੇਰੇ ਅਧੀਨ ਹੈ, ਬੜੇ ਉਤਸ਼ਾਹ ਨਾਲ ਵੱਡੀ ਗਿਣਤੀ ਵਿਚ ਲਸ਼ਕਰ ਦੇਵੋ। ਸਭ ਦੀ ਖਬਰ ਰੱਖੋ ਤੇ ਜੰਗ ਵੇਖੋ ਤੇ ਪੈਂਦੇ ਦੇ ਸਹਾਇਕ ਬਣੋ ॥੨॥

ਨਿਕਟਿ ਰਹਨਿ ਤੇ ਤੂੰ ਸਭਿ ਜਾਨਹਿ। ਗਹਜੋ ਜਾਇ ਗੁਰ ਤਿਮ ਬਿਧਿ ਠਾਨਹਿਂ।
ਅਪਨਿ ਚਮੂੰ ਸਭਿ ਸੰਗ ਰਲਾਵੈ। ਮਿਲਿ ਕਰਿ ਕਾਜ ਕਰੋ ਇਤ ਆਵੈ ॥ ੩ ॥

ਪਾਸ ਰਹਿਣ ਕਰਕੇ ਤੂੰ ਸਭ ਕੁਝ ਜਾਣਦਾ ਹੈਂ, ਜਿਵੇਂ ਗੁਰੂ ਫੜਿਆ ਜਾਵੇ ਉਸ ਤਰ੍ਹਾਂ ਵਿਧੀ ਬਣਾਵੇਂ। ਆਪਣੀ ਸਾਰੀ ਫੌਜ ਨਾਲ ਰਲਾਵੇ, ਮਿਲ ਕੇ ਕੰਮ ਕਰਕੇ ਏਧਰ ਆਵੇ' ॥੩॥

ਸੁਨਤਿ ਕੁਤਬਖਾਂ ਕਹਿ ਕਰ ਬੰਦਿ। 'ਨਿਸ਼ਚੈ ਗਹਿਂ ਸ਼੍ਰੀ ਹਰਿਗੋਬਿੰਦ।
ਪੈਂਦਖਾਨ ਜਬਿ ਤੇ ਉਠਿ ਆਵਾ। ਤਬਿ ਕੋ ਮੋਹਿ ਭਰੋਸ ਉਪਾਵਾ ॥ ੪ ॥

ਇਹ ਸੁਣਕੇ ਕੁਤਬ ਖਾਂ ਨੇ ਹੱਥ ਜੋੜ ਕੇ ਕਿਹਾ, "ਨਿਸਚੇ ਹੀ ਅਸੀਂ ਸ੍ਰੀ ਹਰਿਗੋਬਿੰਦ ਨੂੰ ਫੜ ਲਵਾਂਗੇ। ਪੈਂਦੇ ਖਾਨ ਜਦ ਦਾ ਉੱਠ ਕੇ ਆਇਆ ਹੈ ਤਦ ਦਾ ਮੈਨੂੰ ਭਰੋਸਾ ਹੋ ਗਿਆ ਹੈ ॥੪॥

ਪੁਨ ਲਸ਼ਕਰ ਅਬਿ ਚਢਜੋ ਬਿਸਾਲਾ। ਕਿਮ ਗੁਰ ਬਚਹਿ ਨਹੀਂ ਇਸ ਕਾਲਾ।
ਜਾਇ ਸੰਗ ਮੈਂ ਦੇਉਂ ਗਹਾਇ। ਸਭਿ ਸੈਨਾ ਕੋ ਸੰਗ ਮਿਲਾਇ' ॥ ੫ ॥

ਫਿਰ ਬਹੁਤ ਵੱਡੇ ਲਸ਼ਕਰ ਨੇ ਚੜ੍ਹਾਈ ਕੀਤੀ ਹੈ, ਇਸ ਵਾਰ ਗੁਰੂ ਜੀ ਕਿਸੇ ਤਰ੍ਹਾਂ ਵੀ ਨਹੀਂ ਬਚ ਸਕਦੇ ਹਨ। ਨਾਲ ਜਾ ਕੇ ਮੈਂ ਫੜਾ ਦੇਵਾਂਗਾ, ਸਾਰੀ ਸੈਨਾ ਨੂੰ ਆਪਣੇ ਨਾਲ ਮਿਲਾ ਲਵਾਂਗਾ' ॥੫॥

ਸ਼ਾਹੁ ਜਹਾਂ ਪ੍ਰਸੰਨ ਬਡ ਹ੍ਵੈ ਕੈ। ਬਹੁ ਮੋਲਾ ਸਿਰੁਪਾਉ ਸੁ ਦੈ ਕੈ।
ਕੁਤਬਖਾਨ ਕੋ ਦੀਨਸਿ ਵਿਦਾ। ਹਰਖਤਿ ਵਹਿਰ ਨਿਕਸਿ ਕਰਿ ਤਦਾ ॥੬ ॥

ਸ਼ਾਹ ਜਹਾਂ ਨੇ ਬੜਾ ਪ੍ਰਸੰਨ ਹੋ ਕੇ ਤੇ ਬੜਾ ਕੀਮਤੀ ਸਿਰੋਪਾ ਦੇ ਕੇ ਕੁਤਬ ਖਾਨ ਨੂੰ ਵਿਦਾ ਕੀਤਾ, ਉਹ ਪ੍ਰਸੰਨ ਹੋ ਕੇ ਉਸੇ ਵੇਲੇ ਬਾਹਰ ਆ ਗਿਆ ॥੬॥

ਕਾਲੇਖਾਨ ਸੰਗ ਸਭਿ ਮਿਲੇ। ਚਢਿਨਿ ਹੇਤੁ ਕਰਿ ਮਸਲਤ ਭਲੇ।
ਪੈਂਦਖਾਨ ਤੇ ਆਦਿਕ ਕਹੈਂ। 'ਲੂਟਹਿਂ ਗੁਰ' ਧਨ ਗਨ ਕੋ ਲਹੈਂ ॥ ੭ ॥

ਕਾਲੇ ਖਾਨ ਦੇ ਨਾਲ ਸਾਰੇ ਮਿਲ ਗਏ, ਚੜ੍ਹਾਈ ਕਰਨ ਵਾਸਤੇ ਭਲੀ ਪ੍ਰਕਾਰ ਸਲਾਹ ਕਰਦੇ ਸਨ। ਪੈਂਦੇ ਖਾਨ ਤੇ ਹੋਰ ਕਹਿੰਦੇ ਸਨ, "ਗੁਰੂ ਨੂੰ ਲੁਟਾਂਗੇ ਤਾਂ ਬਹੁਤ ਧਨ ਪ੍ਰਾਪਤ ਕਰਾਂਗੇ ॥੭॥

ਸਭਿ ਜਾਨਤਿ ਮੈਂ ਭੇਦ ਬਤਾਵੌਂ। ਕਰ ਗਹਿ ਕੈ ਗੁਰ ਕਉ ਲੈ ਆਵੌਂ।
ਨਿਜ ਨਿਜ ਦਲ ਦੁੰਦਭਿ ਬਜਵਾਏ। ਸਰਬ ਭਾਂਤਿ ਤਜਾਰੀ ਕਰਿਵਾਏ ॥ ੮ ॥

ਮੈਂ ਸਭ ਕੁਝ ਜਾਣਦਾ ਹਾਂ, ਸਾਰੇ ਭੇਦ ਦਸਾਂਗਾ, ਹੱਥ ਨਾਲ ਫੜ ਕੇ ਗੁਰੂ ਨੂੰ ਲੈ ਆਵਾਂਗਾ।" ਆਪਣੇ ਆਪਣੇ ਦਲ ਨੇ ਨਗਾਰੇ ਵਜਾਏ ਤੇ ਸਭ ਪ੍ਰਕਾਰ ਦੀਆਂ ਤਿਆਰੀਆਂ ਕਰਵਾਈਆਂ ॥੮॥

ਗਨ ਗੁਲਕਾਂ ਬਾਰੂਦ ਘਨੇਰੀ। ਬਰਤਾਈ ਲਸ਼ਕਰ ਬਹੁਤੇਰੀ।
ਹਯ ਹੱਥਜਾਰ ਅਪਰ ਬਰਤਾਏ। ਧਨ ਦੇ ਕਰਿ ਮਨ ਸਭਿਨਿ ਵਧਾਏ ॥ ੯ ॥

ਬਹੁਤ ਗੋਲੀਆਂ ਤੇ ਬਾਰੂਦ ਲੈ ਲਿਆ ਤੇ ਲਸ਼ਕਰ ਵਿਚ ਬਹੁਤ ਵੰਡ ਦਿੱਤਾ। ਘੋੜੇ ਅਤੇ ਹੋਰ ਹਥਿਆਰ ਵੀ ਵਰਤਾ ਦਿੱਤੇ ਤੇ ਧਨ ਦੇ ਕੇ ਸਭ ਦੇ ਮਨ ਵਧਾ ਦਿੱਤੇ॥੯॥

ਨਿਜ ਨਿਜ ਸੈਨ ਅਸੂਦੀ ਕਰਿ ਕੈ। ਪੰਚਹੁ ਬੀਰ ਚਢੇ ਰਿਸ ਧਰਿ ਕੈ।
ਮਿਲਿ ਆਪਸ ਮਹਿਂ ਭਏ ਸ਼ਰਾਬੀ। ਬੋਲ ਅਟਪਟੇ ਚਹਤਿ ਖਰਾਬੀ॥ ੧੦॥

ਆਪਣੀ ਆਪਣੀ ਸੈਨਾ ਇਕੱਠੀ ਕਰਕੇ, ਪੰਜੇ ਸੂਰਬੀਰ ਗੁੱਸਾ ਧਾਰ ਕੇ ਸਵਾਰ ਹੋ ਗਏ। ਆਪਸ ਵਿਚ ਮਿਲ ਕੇ ਸ਼ਰਾਬੀ ਹੋ ਗਏ। ਊਟ ਪਟਾਂਗ ਬੋਲ ਕੇ ਖਰਾਬੀ ਕਰਨਾ ਚਾਹੁੰਦੇ ਸੀ ਤੇ ਬਕਵਾਸ ਕਰਦੇ ਸਨ॥੧੦॥

'ਗੁਰ ਕਜਾ ਵਸਤੁ ਹਮਾਰੇ ਆਗੇ। ਚਢਹਿਂ ਇਰਾਨ ਵਲਾਇਤ ਭਾਗੇ।
ਅਬਿ ਪਹੁੰਚਨਿ ਕੀ ਬਿਲਮ ਹਮਾਰੀ। ਇਕ ਹਮਲੇ ਰਿਪੁ ਦੈ ਹੈਂ ਮਾਰੀ'॥੧੧॥

''ਗੁਰੂ ਸਾਡੇ ਸਾਹਮਣੇ ਕੀ ਚੀਜ਼ ਹੈ, ਸਾਡੇ ਚੜ੍ਹਾਈ ਕਰਨ ਤੇ ਇਰਾਨ ਵਲਾਇਤ ਅੱਗੇ ਲੱਗ ਕੇ ਭੱਜ ਜਾਂਦੇ ਹਨ। ਹੁਣ ਸਾਡੇ ਪੁਹੰਚਣ ਦੀ ਦੇਰ ਹੈ, ਇਕ ਹਮਲੇ ਵਿਚ ਹੀ ਦੁਸ਼ਮਣ ਨੂੰ ਮਾਰ ਦੇਵਾਂਗੇ''॥੧੧॥

ਸੂਬਾ ਕਾਲੇਖਾਨ ਬਿਸਾਲਾ। ਦੁਤਿਯ ਕੁਤਬਖਾਂ ਚਢਿ ਤਿਸ ਕਾਲਾ।
ਖੋਜਾ ਅਨਵਰ ਭਯੋ ਅਰੂਢਨ। ਪ੍ਰੇਰਤਿ ਕਾਲਾ ਸਭਿਨਿ ਹੂੰ ਮੂਢਨਿ॥ ੧੨॥

ਕਾਲੇ ਖਾਨ ਵੱਡਾ ਸੂਬੇਦਾਰ ਹੈ, ਦੂਸਰਾ ਕੁਤਬ ਖਾਂ ਉਸ ਨਾਲ ਚੜ੍ਹਾਈ ਕਰ ਰਿਹਾ ਹੈ। ਤੀਸਰਾ ਖੋਜਾ ਅਨਵਰ ਵੀ ਘੋੜੇ ਤੇ ਸਵਾਰ ਹੋ ਗਿਆ ਹੈ। ਸਾਰੇ ਮੂਰਖਾਂ ਨੂੰ ਕਾਲ ਨੇ ਪ੍ਰੇਰਿਆ ਹੈ, ਭਾਵ ਇਨ੍ਹਾਂ ਸਾਰੇ ਮੂਰਖਾਂ ਦੀ ਮੌਤ ਆਈ ਹੈ॥੧੨॥

ਪੈਂਦੇਖਾਨ, ਖਾਨ ਅਸਮਾਨਾ। ਪੰਚਹੁਂ ਜੋਧਾ ਠਾਨਿ ਗੁਮਾਨਾ।
ਪਾਪ ਬਿਖੈ ਰਤਿ ਜੇ ਬਡ ਪਾਪੀ। ਬਾਰ ਬਾਰ ਤਬਿ ਹੋਇ ਸੁਰਾਪੀ॥ ੧੩॥

ਪੈਂਦੇ ਖਾਨ ਤੇ ਅਸਮਾਨ ਖਾਨ ਇਹ ਪੰਜ ਹੰਕਾਰੀ ਆਪਣੇ ਆਪ ਨੂੰ ਵੱਡੇ ਜੋਧੇ ਸਮਝਦੇ ਹਨ। ਪਾਪ ਵਿਚ ਰਤੇ ਹੋਏ ਵੱਡੇ ਪਾਪੀ ਹਨ। ਤਦ ਬਾਰ-ਬਾਰ ਸ਼ਰਾਬੀ ਹੋਏ॥੧੩॥

ਬਾਦਿਤ ਅਨਿਕ ਭਾਂਤਿ ਬਜਵਾਏ। ਸਕਲ ਅਰੂਢੇ ਦਲ ਸਮੁਦਾਏ।
ਮਨਹੁਂ ਟੀਡਗਨ ਗਮਨੇ ਐਸੇ। ਹਿਮ ਮਹਿਂ ਗਰਨ ਜਾਤਿ ਹੈਂ ਜੈਸੇ॥ ੧੪॥

ਅਨੇਕ ਪ੍ਰਕਾਰ ਦੇ ਵਾਜੇ ਵਜਵਾਏ, ਸਾਰਾ ਦਲ ਘੋੜਿਆਂ ਤੇ ਚੜ੍ਹ ਗਿਆ। ਮਾਨੋਂ ਟਿੱਡੀ ਦਲ ਹਿਮਾਲੀਆ ਪਹਾੜ ਵਿਚ ਗਲ੍ਹਣ ਵਾਸਤੇ ਚਲਿਆ ਹੋਵੇ॥੧੪॥

ਮਨਹੁਂ ਮਕੌਰਨ ਲਾਗੇ ਪੰਖ। ਸਮੁਖ ਬਿਹੰਗਨ ਚਲੇ ਅਸੰਖ।
ਅਪਰ ਭਾਵ ਕਵਿ ਕੇ ਮਨ ਮਿਲਯੋ। ਜਨੁ ਸਲਿਤਾਪਤਿ ਉਛਲਤਿ ਚਲਯੋ॥੧੫॥

ਮਾਨੋਂ ਕੀੜੇ ਮਕੌੜਿਆਂ ਨੂੰ ਖੰਭ ਲੱਗ ਗਏ ਹੋਣ ਤੇ ਪੰਛੀਆਂ ਦੀ ਖੁਰਾਕ ਵਾਸਤੇ ਅਸੰਖਾਂ ਦੀ ਗਿਣਤੀ ਵਿਚ ਉਨ੍ਹਾਂ ਦੇ ਸਾਹਮਣੇ ਚਲੇ ਹੋਣ। ਹੋਰ ਭਾਵ ਵੀ ਕਵੀ ਦੇ ਮਨ ਵਿਚ ਆਇਆ ਹੈ, ਮਾਨੋਂ ਸਾਗਰ ਉਛਾਲੇ ਮਾਰ ਕੇ ਧਰਤੀ ਵੱਲ ਚਲ ਪਿਆ ਹੋਵੇ॥੧੫॥

ਪਰਤਿ ਕੁਲਾਹਲ ਮਾਰਗ ਮਾਂਹੀ। ਉਡੀ ਧੂਲ ਰਵਿ ਢਾਂਪਯੋ ਤਾਂਹੀ।
ਧਰਾ ਹਲਾਵਤਿ ਗਮਨੀ ਸੈਨਾ। ਮਾਨਹੁਂ ਆਪ ਚਲੀ ਜਮ ਐਨਾ॥ ੧੬॥

ਰਾਹ ਵਿਚ ਬੜੀ ਕੁਲਾਹਲ ਮੱਚੀ ਹੋਈ ਸੀ, ਧੂੜ ਦੇ ਉੱਡਣ ਨਾਲ ਸੂਰਜ ਢਕਿਆ ਗਿਆ ਸੀ। ਚਲਦੀ ਸੈਨਾ ਧਰਤੀ ਨੂੰ ਹਿਲਾ ਰਹੀ ਸੀ, ਮਾਨੋਂ ਆਪ ਜਮ ਦੇ ਘਰ ਚਲੀ ਸੀ॥੧੬॥

ਕੇਤਿਕ ਚਢੇ ਉਤੰਗ ਮਤੰਗਨਿ। ਕਿਤਿਕ ਨਚਾਵਤਿ ਚਪਲ ਤੁਰੰਗਨਿ।
ਗਜਰਾਹਨ ਬੰਧੇ ਬਡ ਬੀਰ। ਗਹਿ ਕਮਾਨ ਭਰਿ ਤਰਕਸ਼ ਤੀਰ॥ ੧੭॥

ਕਈ ਹਾਥੀਆਂ ਦੇ ਉਤੇ ਚੜ੍ਹੇ ਸਨ, ਕਈ ਚੰਚਲ ਘੋੜਿਆਂ ਨੂੰ ਨਚਾਉਂਦੇ ਸਨ। ਵੱਡੇ ਸੂਰਬੀਰਾਂ ਨੇ ਸਿਰ ਤੇ ਭੂਖਣ ਸਜਾਏ ਹੋਏ ਸਨ ਤੀਰਾਂ ਦੇ ਭੱਥੇ ਭਰ ਕੇ ਕਮਾਨਾਂ ਫੜੀਆਂ ਹੋਈਆਂ ਸਨ॥੧੭॥

ਕਿਤਿਕ ਤੁਫੰਗਨ ਹਾਥ ਉਠਾਵੈਂ। ਹਯਨਿ ਭਗਾਇ ਨਚਾਇ ਦਿਖਾਵੈਂ।
ਦੀਰਘ ਤੋਮਰ ਹਾਥ ਉਭਾਰੇ। ਬੰਬਲਿਆਲੇ ਖਰ ਅਨਿਯਾਰੇ॥ ੧੮॥

ਕਈਆਂ ਨੇ ਬੰਦੂਕਾਂ ਹੱਥਾਂ ਵਿਚ ਫੜੀਆਂ ਹੋਈਆਂ ਸਨ ਤੇ ਘੋੜਿਆਂ ਨੂੰ ਭਜਾ ਕੇ ਨਚਾ ਕੇ ਵਿਖਾਉਂਦੇ ਸਨ। ਵੱਡੇ-ਵੱਡੇ ਨੇਜ਼ੇ ਹੱਥਾਂ ਉਪਰ ਚੁੱਕੇ ਸਨ, ਜਿਹੜੇ ਬੰਬਲਾਂ ਵਾਲੇ, ਤਿੱਖੇ ਅਤੇ ਨੋਕਦਾਰ ਸਨ॥੧੮॥

ਖਰ ਖੰਡੇ ਤੇਗੇ ਦਰਮਜਾਨੀ। ਸੈਫ, ਸਰੋਹੀ, ਸਾਂਗ ਮਹਾਨੀ।
ਇਮ ਲਵਪੁਰਿ ਤੇ ਚਢਿ ਕਰਿ ਚਾਲੇ। ਸਭਿ ਸਮਾਜ ਹਿਤ ਲਰਨ ਸੰਭਾਲੇ॥੧੯॥

ਤਿੱਖੇ ਖੰਡੇ ਤੇ ਤੇਗੇ ਮਿਆਨਾਂ ਵਿਚ ਪਾਏ ਹੋਏ ਸਨ। ਸੈਫ ਅਤੇ ਸਰੋਹੀ ਦੇਸ਼ ਦੀਆਂ ਤਲਵਾਰਾਂ ਅਤੇ ਮਹਾਨ ਬਰਛੇ ਫੜੇ ਹੋਏ ਸਨ। ਇਸ ਤਰ੍ਹਾਂ ਲਾਹੌਰ ਤੋਂ ਚੜ੍ਹ ਕੇ ਚਲ ਪਏ, ਲੜਨ ਵਾਸਤੇ ਸਭ ਪ੍ਰਕਾਰ ਦੇ ਸਾਜ਼ੋ-ਸਾਮਾਨ ਸੰਭਾਲ ਲਏ॥੧੯॥

ਪੰਦ੍ਰਹ ਕੋਸ ਜਾਇ ਕਿਯ ਡੇਰਾ। ਨਿਸ ਬਿੱਸ੍ਰਾਮ ਕਰਨਿ ਥਲ ਹੇਰਾ।
ਮੌਜੂਦਾਤ ਲੀਨਿ ਸਭਿ ਹਿਨਿ ਕੀ। ਨਿਜ ਨਿਜ ਮਿਸਲ ਬਨਾਇ ਭਟਨਿ ਕੀ॥੨੦॥

ਪੰਦਰਾਂ ਕੋਹ ਤੇ ਜਾ ਕੇ ਡੇਰਾ ਕੀਤਾ, ਆਪਣੇ ਵਿਸ਼ਰਾਮ ਕਰਨ ਵਾਸਤੇ ਚੰਗਾ ਥਾਂ ਵੇਖਿਆ, ਫਿਰ ਸਾਰਿਆਂ ਦੀ ਹਾਜ਼ਰੀ ਲਾਈ, ਸਾਰੇ ਯੋਧਿਆਂ ਦੀ ਆਪਣੀ-ਆਪਣੀ ਮਿਸਲ (ਫਾਈਲ) ਬਣਾਈ॥੨੦॥

ਸਭਿ ਕੋ ਸਾਵਧਾਨ ਕਰਿ ਲੀਨਾ। ਜੋ ਜਿਹ ਚਾਹਤਿ ਸੋ ਤਿਹ ਦੀਨਾ।
ਖਾਨ ਪਾਨ ਕਰਿ ਕੈ ਤਿਸ ਥਾਨ। ਲਸ਼ਕਰ ਸੁਪਤ ਜਥਾ ਸੁਖ ਠਾਨਿ॥ ੨੧॥

ਸਭ ਨੂੰ ਸਾਵਧਾਨ ਕਰ ਲਿਆ, ਜੋ-ਜੋ ਚਾਹੁੰਦੇ ਸੀ ਉਨ੍ਹਾਂ ਨੂੰ ਦਿੱਤਾ, ਉਥੇ ਅੰਨ੍ਹ ਪਾਣੀ ਖਾ ਕੇ ਲਸ਼ਕਰ ਆਰਾਮ ਦੇ ਨਾਲ ਸੌਂ ਗਿਆ॥੨੧॥

ਬਡੀ ਪ੍ਰਾਤਿ ਤੇ ਬਜੇ ਨਗਾਰੇ। ਜੋਧਾ ਉਠੇ ਕੀਨਿ ਸਭਿ ਤਯਾਰੇ।
ਪਾਇ ਹਯਨਿ ਪਰ ਨਿਜ ਨਿਜ ਜ਼ੀਨ। ਤੂਰਨ ਤਬਹਿ ਅਰੂਢਨ ਕੀਨਿ॥੨੨॥

ਸਵੇਰੇ ਸਵੱਖਤੇ ਨਗਾਰੇ ਵੱਜ ਗਏ, ਯੋਧਿਆਂ ਨੇ ਉੱਠ ਕੇ ਤਿਆਰੀਆਂ ਕਰ ਲਈਆਂ। ਆਪਣੇ-ਆਪਣੇ ਘੋੜਿਆਂ ਤੇ ਕਾਠੀਆਂ ਪਾ ਲਈਆਂ, ਤੁਰੰਤ ਫਿਰ ਘੋੜਿਆਂ ਤੇ ਚੜ੍ਹ ਗਏ॥੨੨॥

ਬਡ ਮਤੰਗ ਪਰ ਪਾਇ ਐਬਾਰੀ। ਲਾਗੀ ਜ਼ਰੀ ਸਤਾਰਨ ਸਾਰੀ।
ਚਢਿ ਕਾਲੇ ਖਾਂ ਮਾਰਗ ਚਾਲਾ। ਗਮਨਜੋ ਲਸ਼ਕਰ ਸੰਗ ਬਿਸਾਲਾ॥ ੨੩॥

ਵੱਡੇ ਹਾਥੀਆਂ ਤੇ ਐਬਾਰੀਆਂ ਪਾ ਲਈਆਂ, ਜਿਨ੍ਹਾਂ ਨੂੰ ਸਾਰੇ ਜ਼ਰੀ ਤੇ ਸਤਾਰੇ ਲੱਗੇ ਹੋਏ ਸਨ। ਕਾਲੇ ਖਾਂ ਚੜ੍ਹ ਕੇ ਰਸਤੇ ਪੈ ਗਿਆ ਤੇ ਨਾਲ ਬਹੁਤ ਵੱਡਾ ਲਸ਼ਕਰ ਚਲ ਪਿਆ॥੨੩॥

ਦੁੰਦਭਿ ਬਜਹਿਂ ਸੈਂਕਰੇ ਆਗੇ। ਚਲੇ ਜਾਹਿਂ ਸੰਘਰ ਅਨੁਰਾਗੇ।
'ਮਾਰਹਿਂ, ਗਹਹਿਂ' ਕਰਤਿ ਬਕਬਾਦਾ। ਸੁਨਿ ਸੁਨਿ ਕਾਲੇਖਾਂ ਅਹਿਲਾਦਾ॥੨੪॥

ਅੱਗੇ ਸੈਂਕੜੇ ਹੀ ਨਗਾਰੇ ਵੱਜ ਉਠੇ, ਯੁੱਧ ਦੇ ਚਾਅ ਵਿਚ ਚਲੇ ਜਾ ਰਹੇ ਸਨ। ''ਮਾਰਾਂਗੇ ਜਾਂ ਫੜਾਂਗੇ'' ਬਕਵਾਸ ਕਰਦੇ ਸਨ, ਸੁਣ-ਸੁਣ ਕੇ ਕਾਲੇ ਖਾਂ ਬਹੁਤ ਪ੍ਰਸੰਨ ਹੁੰਦਾ ਸੀ॥੨੪॥

ਨਦੀ ਬਿਪਾਸਾ ਕੇ ਤਟ ਆਏ। ਜਹਿਂ ਕਹਿਂ ਤੇ ਕੇਵਟ ਬੁਲਿਵਾਏ।
ਕਰੀ ਸਮੂਹ ਏਕ ਥਲ ਤਰਨੀ। ਤੂਰਨ ਪਾਰ ਸੈਨ ਸਭਿ ਕਰਨੀ॥ ੨੫ ॥

ਬਿਆਸਾ ਨਦੀ ਦੇ ਕਿਨਾਰੇ ਆ ਪਹੁੰਚੇ, ਜਿਥੋਂ ਕਿਥੋਂ ਮਲਾਹ ਬੁਲਵਾਏ। ਸਾਰੀਆਂ ਬੇੜੀਆਂ ਇਕ ਥਾਂ ਇਕੱਠੀਆਂ ਕੀਤੀਆਂ ਤੇ ਤੁਰਤ ਸਾਰੀ ਸੈਨਾ ਨੂੰ ਪਾਰ ਕਰਨ ਵਾਸਤੇ ਕਿਹਾ॥੨੫॥

ਲਗੇ ਉਤਾਰਨਿ ਭਰਿ ਭਰਿ ਪੂਰ। ਕਰਤਿ ਸ਼ੀਘ੍ਰਤਾ ਉਤਰੇ ਸੂਰ।
ਪੰਚਹੁਂ ਜੋਧਾ ਲਸ਼ਕਰ ਸਾਰੋ। ਭਏ ਪਾਰ ਨਹਿਂ ਲਗੀ ਅਵਾਰੋ॥ ੨੬ ॥

ਬੇੜੀਆਂ ਦੇ ਪੂਰ ਭਰ-ਭਰ ਕੇ ਪਾਰ ਕਰਦੇ ਸਨ, ਸੂਰਮੇ ਬੜੀ ਸ਼ੀਘਰਤਾ ਕਰਕੇ ਪਾਰ ਹੋ ਗਏ। ਪੰਜੇ ਯੋਧੇ ਤੇ ਸਾਰਾ ਲਸ਼ਕਰ, ਪਾਰ ਹੋ ਗਏ ਤੇ ਬਹੁਤੀ ਦੇਰ ਨਾ ਲੱਗੀ॥੨੬॥

ਕੁਤਬਖਾਨ ਕੋ ਕਰਿ ਕੈ ਆਗੇ। ਚਲੇ ਜਲੰਧਰ ਕੇ ਮਗ ਲਾਗੇ।
ਪਹੁਂਚਤਿ ਭਏ ਕਰਜੋ ਸਭਿ ਡੇਰਾ। ਛਾਯਾ ਸਹਿਤ ਥਾਨ ਜਹਿਂ ਹੇਰਾ॥ ੨੭ ॥

ਕੁਤਬ ਖਾਨ ਨੂੰ ਅੱਗੇ ਕਰਕੇ, ਜਲੰਧਰ ਦੇ ਰਸਤੇ ਪੈ ਗਏ। ਜਲੰਧਰ ਪਹੁੰਚ ਕੇ ਸਭ ਨੇ ਡੇਰਾ ਕੀਤਾ। ਜਿਥੇ ਚੰਗਾ ਛਾਂ ਵਾਲਾ ਥਾਂ ਵੇਖਿਆ॥੨੭॥

ਤੰਬੂ ਬ੍ਰਿੰਦ ਲਗੇ ਚਹੁਂ ਫੇਰੇ। ਮਨਹੁਂ ਸਮੁੰਦ੍ਰ ਪਾਇ ਕਰਿ ਘੇਰੇ।
ਦੀਪ ਸਮਾਨ ਨਗਰ ਦ੍ਰਿਸ਼ਟਾਵਤਿ। ਹਯ ਹਿਰੇਖ ਜਹਿਂ ਕਹਾਂ ਉਠਾਵਤਿ ॥੨੮॥

ਚਾਰ-ਚੁਫੇਰੇ ਬਹੁਤ ਤੰਬੂ ਲਵਾ ਦਿੱਤੇ, ਮਾਨੋਂ ਸਮੁੰਦਰ ਨੂੰ ਘੇਰਾ ਪਾ ਲਿਆ ਹੋਵੇ। ਇਕ ਟਾਪੂ ਵਾਂਗ ਨਗਰ ਦਿਖਾਈ ਦਿੰਦਾ ਸੀ, ਜਿਥੇ ਕਿੱਥੇ ਘੋੜਿਆਂ ਦੇ ਹਿਣਕਣ ਦੀ ਆਵਾਜ਼ ਆਉਂਦੀ ਸੀ॥੨੮॥

ਜਥਾ ਜੋਗ ਸੇਵਾ ਸਭਿ ਕੇਰੀ। ਕੁਤਬਖਾਨ ਕਰਿਵਾਇ ਘਨੇਰੀ।
ਖਾਨ ਪਾਨ ਸਨਮਾਨ ਸਮੇਤਾ। ਬੂਝਿ ਬੂਝਿ ਸਭਿਹਿਨਿ ਕਹੁ ਦੇਤਾ॥ ੨੯ ॥

ਯਥਾ-ਯੋਗ ਸਭ ਦੀ ਸੇਵਾ ਕੀਤੀ, ਕੁਤਬ ਖਾਨ ਨੇ ਬਹੁਤ ਸੇਵਾ ਕਰਵਾਈ। ਖਾਣਾ ਪੀਣਾ ਬੜੇ ਸਨਮਾਨ ਸਹਿਤ ਦਿੱਤਾ ਤੇ ਸਾਰਿਆਂ ਨੂੰ ਪੁੱਛ-ਪੁੱਛ ਕੇ ਜ਼ਰੂਰੀ ਸਾਮਾਨ ਦਿੰਦਾ ਸੀ॥੨੯॥

ਨਿਸ ਬਿੱਸ੍ਰਾਮ ਕਰਜੋ ਸਭਿ ਕਾਹੂ। ਮਿਲਿ ਮਿਲਿ ਅਪਨੀ ਮਿਸਲਨਿ ਮਾਂਹੂ।
ਭਈ ਪ੍ਰਾਤਿ ਤੁਰਕ ਜੁ ਉਮਰਾਵ। ਚਿਤਵਹਿਂ ਚਿਤ ਮਹਿਂ ਅਨਿਕ ਉਪਾਵ॥੩੦॥

ਰਾਤ ਨੂੰ ਸਾਰਿਆਂ ਨੇ ਵਿਸ਼ਰਾਮ ਕੀਤਾ, ਸਾਰੇ ਆਪਣੀਆਂ ਆਪਣੀਆਂ ਮਿਸਲਾਂ ਵਿਚ ਮਿਲ ਕੇ ਪਏ ਰਹੇ। ਜਦ ਸਵੇਰ ਹੋਈ ਤਾਂ ਜਿਹੜੇ ਹਾਕਮ ਤੁਰਕ ਸਨ, ਉਹ ਆਪਣੇ ਚਿੱਤ ਵਿਚ ਅਨੇਕਾਂ ਉਪਾਅ ਸੋਚਣ ਲੱਗੇ॥੩੦॥

ਭਏ ਏਕ ਥਲ ਮਸਲਤਿ ਕਰਿਬੇ। ਗੀਦੀ ਡਰਤਿ, ਲਖਤਿ, ਹੁਇ ਮਰਿਬੇ।
ਕੀਨਸਿ ਕਾਲੇਖਾਨ ਬਖਾਨ। 'ਕੁਤਬਖਾਨ ਸੁਨਿ ਤੂੰ ਮਤਿਵਾਨ!॥ ੩੧ ॥

ਸਲਾਹ ਕਰਨ ਵਾਸਤੇ ਇਕ ਥਾਂ ਇਕੱਠੇ ਹੋਏ, ਕਾਇਰ ਡਰਦੇ ਹਨ ਅਤੇ ਸਮਝਦੇ ਹਨ ਕਿ ਮਰਨਾ ਹੋਵੇਗਾ। ਕਾਲੇ ਖਾਨ ਨੇ ਕਿਹਾ, ''ਹੇ ਕੁਤਬ ਖਾਨ! ਸੁਣੋ ਤੂੰ ਬੜਾ ਬੁਧੀਵਾਨ ਹੈਂ॥੩੧॥

ਆਗੇ ਜੰਗ ਗੁਰੂ ਬਹੁ ਕਰੇ। ਗਨ ਉਮਰਾਵਾ ਸੈਨ ਜੁਤਿ ਮਰੇ।
ਸੋ ਬਿਧਿ ਹੋਇ ਨ, ਕਹੋ ਉਪਾਇ। ਨਿਕਟਿ ਰਹਹਿਂ ਤੂੰ ਜਾਨਹਿ ਦਾਇ' ॥੩੨॥

ਗੁਰੂ ਨੇ ਪਹਿਲਾ ਵੀ ਬਹੁਤ ਜੰਗ ਕੀਤੇ ਹਨ। ਬਹੁਤ ਉਮਰਾਵ ਸੈਨਾ ਸਹਿਤ ਮਾਰੇ ਹਨ, ਅਜਿਹੀ ਵਿਧੀ ਨਾ ਹੋਵੇ ਕੋਈ ਉਪਾਅ ਦੱਸੋ। ਤੂੰ ਨੇੜੇ ਰਹਿੰਦਾ ਹੈਂ ਜਿਸ ਕਰਕੇ ਦਾਅ ਜਾਣਦਾ ਹੈਂ'' ॥੩੨॥

ਕਹਤਿ ਕੁਤਬ 'ਜੋਧਾ ਗੁਰ ਬਲੀ। ਤ੍ਰਾਸ ਨ ਕਰਹਿ ਲਰਹਿ ਬਿਧਿ ਭਲੀ।
ਸਭਿ ਲਸ਼ਕਰ ਕੌ ਪਾਵਹੁ ਜ਼ੋਰ। ਮਿਲਿ ਕੈ ਸੰਘਰ ਕੀਜਹਿ ਘੋਰ॥ ੩੩॥

ਕੁਤਬ ਨੇ ਕਿਹਾ, ''ਗੁਰੂ ਬਲਵਾਨ ਯੋਧਾ ਹੈ, ਉਹ ਕਿਸੇ ਪਾਸੋਂ ਡਰਦਾ ਨਹੀਂ ਤੇ ਭਲੀ ਵਿਧੀ ਅਨੁਸਾਰ ਲੜਦਾ ਹੈ। ਸਾਰਾ ਲਸ਼ਕਰ ਲੈ ਕੇ ਜ਼ੋਰ ਪਾਵੇਂ, ਮਿਲ ਕੇ ਘੋਰ ਸੰਘਰਸ਼ ਕਰੋ॥੩੩॥

ਅਪਰ ਭੇਦ ਮੈਂ ਲਖੌਂ ਨ ਕੋਈ। ਨਹੀਂ ਮੇਲ ਗੁਰ ਸੌਂ ਕਬਿ ਹੋਈ।
ਕਰਾਮਾਤ ਕਾਮਲ ਜੇ ਹੋਇ। ਤੌ ਬਸ ਚਲਹਿ ਨ ਹਮਰੋ ਕੋਇ' ॥ ੩੪॥

ਹੋਰ ਭੇਦ ਮੈਂ ਕੋਈ ਜਾਣਦਾ ਨਹੀਂ ਹਾਂ, ਮੇਰਾ ਗੁਰੂ ਨਾਲ ਕਦੇ ਵੀ ਮੇਲ ਨਹੀਂ ਹੋਇਆ। ਜੇ ਉਸ ਵਿਚ ਕਾਮਲ ਕਰਾਮਾਤ ਹੋਵੇ, ਤਾਂ ਫਿਰ ਸਾਡਾ ਕੋਈ ਵਸ ਨਹੀਂ ਚਲੇਗਾ'' ॥੩੪॥

ਪੈਂਦਾ ਕਹੈ 'ਵਹਿਮ ਕਜਾ ਕੀਜੈ। ਮੈਂ ਗੁਰ ਪਕਰੌਂ ਦੇਖਨਿ ਕੀਜੈ।
ਕਰਾਮਾਤ ਕਾਮਲ ਜੇ ਕਹਹੁ। ਸਭਿ ਛਿਤ ਕੋ ਮਾਲਿਕ ਹੁਇ ਲਹਹੁ' ॥ ੩੫॥

ਪੈਂਦੇ ਖਾਂ ਨੇ ਕਿਹਾ, ''ਵਹਿਮ ਕਿਉਂ ਕਰਦੇ ਹੋ, ਮੈਂ ਗੁਰੂ ਨੂੰ ਫੜ ਲਵਾਂਗਾ ਤੁਸੀਂ ਵੇਖਦੇ ਰਹਿਣਾ। ਜੇ ਕਾਮਲ ਕਰਾਮਾਤ ਹੋਵੇ ਤਾਂ ਜਾਣ ਲਵੋ ਸਾਰੀ ਧਰਤੀ ਦੇ ਮਾਲਕ ਹੋਏ ਵੇਖਦੇ'' ॥੩੫॥

ਕਹਿ ਕਾਲੇਖਾਂ 'ਨਿਸ਼ਚੈ ਅਹੈ। ਤਊ ਲਰਨ ਕੋ ਭੇਦ ਜਿ ਲਹੈ।
ਤੌ ਆਛੇ ਰਿਪੁ ਤੇ ਜੈ ਪਾਵੈ। ਗ਼ਾਫਲ ਹੋਇ ਹਾਰ ਸੋ ਜਾਵੈ॥ ੩੬॥

ਕਾਲੇ ਖਾਂ ਨੇ ਕਿਹਾ, ''ਤਦ ਨਿਸ਼ਚਾ ਆਵੇ, ਜੇ ਉਨ੍ਹਾਂ ਦੇ ਲੜਨ ਦੇ ਭੇਦ ਨੂੰ ਜਾਣ ਲਵੇ ਤਦ ਹੀ ਵੈਰੀ ਤੇ ਚੰਗੀ ਜਿੱਤ ਪ੍ਰਾਪਤ ਹੁੰਦੀ ਹੈ, ਅਣਜਾਣ ਹੋ ਕੇ ਹਾਰ ਹੀ ਮਿਲਦੀ ਹੈ॥੩੬॥

ਦਾਵ ਘਾਵ ਜੇ ਜਾਨਹਿ ਨਾਂਹੀ। ਤਿਨ ਕੀ ਫਤਹ ਨ ਹ੍ਵੈ ਰਣ ਮਾਂਹੀ।
ਰਿਪੁ ਕੋ ਬਲ, ਦਲ, ਦੁਰਗ, ਸੁ ਕੋਸ਼। ਸਖਾ ਸਹਾਇਕ ਜਾਂਹਿ ਭਰੋਸ॥ ੩੭॥

ਜਿਹੜਾ ਦਾਅ ਘਾਅ ਨਹੀਂ ਜਾਣਦਾ ਹੈ, ਉਸ ਦੀ ਰਣਖੇਤਰ ਵਿਚ ਫਤਹਿ ਨਹੀਂ ਹੁੰਦੀ ਹੈ। ਵੈਰੀ ਦਾ ਬਲ, ਫੌਜ, ਕਿਲ੍ਹਾ, ਖਜ਼ਾਨਾ, ਮਿੱਤਰ ਮਦਦਗਾਰ ਜਿਨ੍ਹਾਂ ਤੇ ਭਰੋਸਾ ਹੋਵੇ॥੩੭॥

ਲਖਿਬੇ ਉਚਿਤ ਅਹੈਂ ਇਹ ਸਾਰੇ। ਬਹੁਤ ਆਪਨੇ ਹੇਰਿ ਬਿਚਾਰੇ।
ਅਧਿਕ ਸ਼ੱਤ੍ਰੁ ਮਹਿਂ ਜਾਨਹਿਂ ਜੋਇ। ਤਿਹ ਕੋ ਜਤਨ ਕਰਹਿ ਬੁਧਿ ਸੋਇ॥ ੩੮॥

ਇਨ੍ਹਾਂ ਸਾਰਿਆਂ ਦੀ ਜਾਣਕਾਰੀ ਉਚਿਤ ਰੂਪ ਵਿਚ ਹੋਣੀ ਚਾਹੀਦੀ ਹੈ। ਫਿਰ ਆਪਣਿਆਂ ਨੂੰ ਵੇਖ ਕੇ ਵਿਚਾਰ ਕਰੇ। ਵੈਰੀ ਪਾਸ ਜੋ ਕਿਲ੍ਹਾ ਸੈਨਾ ਆਦਿ ਚੀਜ਼ਾਂ ਬਹੁਤ ਜਾਣੇ, ਉਸ ਦਾ ਜਿਹੜਾ ਯਤਨ ਕਰੇ ਉਹੀ ਬੁਧੀਮਾਨ ਹੈ॥੩੮॥

ਯਾਂਤੇ ਗਰਬ ਬਾਤ ਕੋ ਤਜਾਗਹੁ। ਕਰੋ ਬਿਚਾਰ ਨੀਤ ਮਗ ਲਾਗਹੁ।
ਅਨਵਰ ਕੋ ਅਬਿ ਭੇਜਨਿ ਕੀਜੈ। ਆਏ ਲਰਨ ਭੇਦ ਨਹਿਂ ਦੀਜਹਿ॥ ੩੯॥

ਇਸ ਕਰਕੇ ਹੰਕਾਰ ਵਾਲੀ ਗੱਲ ਨੂੰ ਛੱਡੋ, ਤੇ ਵਿਚਾਰ ਕਰਕੇ ਨੀਤੀ ਦੇ ਰਾਹ ਲਗੋ। ਅਨਵਰ ਨੂੰ ਹੁਣ ਉਥੇ ਭੇਜੋ ਅਸੀਂ ਲੜਨ ਆਏ ਹਾਂ ਇਹ ਭੇਦ ਉਹ ਨਾ ਦੇਵੇ॥੩੯॥

ਪਰਖਹਿ ਗੁਰ ਕੀ ਸਗਰੀ ਬਾਤ। ਦਲ ਬਲ ਆਦਿ ਪਾਇ ਹੈ ਘਾਤ।
ਇਸ ਆਏ ਤੇ ਪੁਨ ਰਣ ਮੰਡਹਿਂ। ਖੜਗ ਧਰਨ ਤੇ ਕਰਿ ਖੰਡ ਖੰਡਹਿਂ ॥੪੦॥

ਗੁਰੂ ਦੀ ਸਾਰੀ ਗੱਲ ਦੀ ਪਰਖ ਕਰੇ, ਦਲ ਬਲ ਆਦਿ ਦਾ ਅੰਦਾਜ਼ਾ ਲਾਵੇ, ਉਸ ਦੇ ਆਉਣ ਤੇ ਫਿਰ ਲੜਾਈ ਛੇੜੀਏ, ਫਿਰ ਤਿਖੀਆਂ ਤਲਵਾਰਾਂ ਨਾਲ ਟੋਟੇ-ਟੋਟੇ ਕਰ ਦੇਵਾਂਗੇ' ॥੪੦॥

ਦੋਹਰਾ-ਖੋਜਾ ਅਨਵਰ ਖਾਨ ਸੁਨਿ ਕੀਨਿ ਸਰਾਹਨਿ ਬਾਤ।
'ਇਮ ਹੀ ਆਛੀ ਕਰਨਿ ਹੈ ਜਾਨਿ ਲੀਜੀਐ ਘਾਤਿ'॥ ੪੧॥

ਖੋਜੇ ਅਨਵਰ ਖਾਨ ਨੇ ਇਹ ਗੱਲ ਸੁਣ ਕੇ ਸ਼ਲਾਘਾ ਕੀਤੀ ਤੇ ਕਹਿਣ ਲੱਗਾ, ''ਇਸ ਤਰ੍ਹਾਂ ਹੀ ਕਰਨਾ ਚੰਗਾ ਹੈ, ਇਸ ਦਾਅ ਨੂੰ ਸਮਝ ਲਵੋ' ॥੪੧॥

ਅਸ ਮਸਲਤ ਨਿਸ਼ਚੈ ਕਰੀ ਕਾਲੇ ਖਾਂ ਉਮਰਾਵ।
ਭਯੋ ਤਯਾਰ ਤਬਿ ਚਲਨ ਕੋ ਅਨਵਰ ਜਾਂਕੋ ਨਾਵ॥ ੪੨॥

ਕਾਲੇ ਖਾਂ ਨੇ ਹੋਰ ਅਮੀਰਾਂ ਨਾਲ ਇਸ ਤਰ੍ਹਾਂ ਪੱਕੀ ਸਲਾਹ ਕੀਤੀ। ਫਿਰ ਜਿਸ ਦਾ ਨਾਂ ਅਨਵਰ ਸੀ ਉਹ ਗੁਰੂ ਜੀ ਪਾਸ ਜਾਣ ਵਾਸਤੇ ਤਿਆਰ ਹੋ ਗਿਆ॥੪੨॥

*ਅੱਠਵੀਂ ਰਾਸ ਦਾ ਪੰਦਰ੍ਹਵਾਂ ਅਧਿਆਇ ਸਮਾਪਤ ਹੋਇਆ॥੧੫॥*

## *ਅਧਿਆਇ ਸੋਲ੍ਹਵਾਂ*

### *ਗੁਰੂ ਹਰਿਗੋਬਿੰਦ ਜੀ ਮਹਿਮਾ*

ਦੋਹਰਾ-ਸ਼ਾਹੁ ਸਹਿਤ ਇਮ ਪੈਂਦ ਕੋ ਭਾਖ੍ਯੋ ਸਕਲ ਪ੍ਰਸੰਗ।
ਸ੍ਰੀ ਹਰਿ ਗੋਵਿੰਦ ਚੰਦ ਕੋ ਸੁਨਹੁ ਪ੍ਰੇਮ ਕੇ ਸੰਗ॥ ੧॥

ਬਾਦਸ਼ਾਹ ਸਹਿਤ ਇੰਝ ਪੈਂਦੇ ਨੂੰ ਸਾਰਾ ਪ੍ਰਸੰਗ ਸੁਣਾਇਆ। ਸ੍ਰੀ ਹਰਿਗੋਬਿਦ ਸਾਹਿਬ ਜੀ ਦਾ ਸਾਰਾ ਪ੍ਰਸੰਗ ਪ੍ਰੇਮ ਨਾਲ ਸੁਣੋ॥੧॥

*ਸੈਯਾ ਛੰਦ*-ਲਾਇ ਬਿਸਾਲ ਸੁਧਰਮਾ ਕੇ ਸਮ ਦਿਪਤਿ ਸਭਾ ਗੁਰ ਇੰਦ੍ਰ ਮਨਿੰਦ।
ਚਹੁੰਦਿਸ਼ਿ ਤੇ ਸੰਗਤਿ ਨਿਤ ਆਵਹਿ ਦਰਸਹਿ ਪੂਜਹਿ ਪਦ ਅਰਬਿੰਦ।
ਸੁਰ ਸਮ ਸਿਖ ਕੀ ਭੀਰ ਨਿਕਟਿ ਬਹੁ ਅਰਪ ਅਨੇਕ ਅਕੋਰਨਿ ਬ੍ਰਿੰਦ।
ਮਨੋ ਕਾਮਨਾ ਪ੍ਰਾਪਤਿ ਹ੍ਵੈ ਕੈ ਜਸੁ ਉਚਰਹਿਂ ਸ੍ਰੀ ਹਰਿਗੋਵਿੰਦ॥ ੨॥

ਗੁਰੂ ਜੀ ਦੇਵਤਿਆਂ ਵਰਗੀ ਵੱਡੀ ਸਭਾ ਲਾਉਂਦੇ ਹਨ ਤੇ ਉਨ੍ਹਾਂ ਦੀ ਇੰਦਰ ਦੀ ਸਭਾ ਵਾਂਗ ਮਹਾਨ ਸ਼ੋਭਾ ਪਾਉਂਦੀ ਹੈ। ਚਾਰੇ ਪਾਸਿਆਂ ਤੋਂ ਨਿਤ ਸੰਗਤ ਆਉਂਦੀ ਹੈ ਤੇ ਚਰਨ ਕੰਵਲਾਂ ਤੇ ਬੰਦਨਾਂ ਕਰਕੇ ਦਰਸ਼ਨ ਕਰਦੇ ਹਨ। ਦੇਵਤਿਆਂ ਵਾਂਗ

ਸਿੱਖਾਂ ਦੀ ਭੀੜ ਲੱਗੀ ਰਹਿੰਦੀ ਹੈ ਤੇ ਕਰੋੜਾਂ ਦਾ ਧਨ ਅਰਪਣ ਕਰਦੇ ਹਨ। ਮਨੋਂ ਕਾਮਨਾਵਾਂ ਪੂਰੀਆਂ ਕਰਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਜੱਸ ਉਚਾਰਨ ਕਰਦੇ ਹਨ॥੨॥

ਸੁਭਤਿ ਸਿੰਘਾਸਨ ਮਨਹੁਂ ਬਿਸ਼ਨ ਪ੍ਰਭੁ ਚਹੈਂ ਸੁ ਕਰੈਂ ਬਿਲੰਬ ਨ ਕੋਇ।
ਤਊ ਮਾਨਵੀ ਲੀਲ੍ਹਾ ਧਾਰੈ ਰਾਮਚੰਦ ਕੇ ਸਮਸਰ ਹੋਇ।
ਬਾਰ ਬਾਰ ਪ੍ਰਿਜ ਰਣ ਕੋ ਠਾਨਹਿਂ ਕ੍ਰਿਸ਼ਨ ਚੰਦ ਉਪਮਾ ਤਬਿ ਹੋਇ।
ਕਰਹਿ ਭੋਗ ਮਹਿਂ ਜੋਗ ਅਨੰਦਤਿ ਰੋਗ ਸੋਗ ਸਿੱਖਨ ਕੇ ਖੋਇ॥ ੩॥

ਵਿਸ਼ਨੂੰ ਵਾਂਗ ਸਿੰਘਾਸਣ ਤੇ ਬੈਠੇ ਸੋਭਦੇ ਹਨ, ਪ੍ਰਭੂ ਜੀ ਜੋ ਵੀ ਚਾਹੁੰਦੇ ਹਨ ਉਹ ਕਿਸੇ ਵੀ ਦੇਰ ਤੋਂ ਬਗੈਰ ਕਰਦੇ ਹਨ। ਫਿਰ ਵੀ ਮਾਨਵੀ ਲੀਲ੍ਹਾ ਧਾਰ ਕੇ ਰਾਮ ਚੰਦਰ ਦੇ ਬਰਾਬਰ ਹੁੰਦੇ ਹਨ। ਬਾਰ-ਬਾਰ ਯੁੱਧ ਕਰਨਾ ਚਾਹੁੰਦੇ ਹਨ, ਤਦ ਉਨ੍ਹਾਂ ਦੀ ਕ੍ਰਿਸ਼ਨ ਵਰਗੀ ਉਪਮਾ ਬਣ ਜਾਂਦੀ ਹੈ। ਗ੍ਰਿਹਸਤ ਵਿਚ ਜੋਗ ਕਮਾਉਂਦੇ ਹਨ ਤੇ ਸਿੱਖਾਂ ਦੇ ਰੋਗ ਸੋਗ ਦੂਰ ਕਰਕੇ ਪ੍ਰਸੰਨ ਕਰਦੇ ਹਨ॥੩॥

ਜਿਸ ਪਰ ਕਰਹਿ ਕ੍ਰਿਪਾ ਪ੍ਰਭੁ ਅਪਨੀ ਦੇਂ ਸਿਮਰਨ ਸਤਿਨਾਮ ਕਿ ਗ੍ਯਾਨ।
ਠਾਢੀ ਰਹੈਂ ਅਠਾਰਹਿ ਸਿੱਧਾਂ ਆਇਸੁ ਮਾਨਹਿਂ ਜੋਰਤਿ ਪਾਨ।
ਸ਼ਕਤਿ ਬਿਸਾਲ ਪਾਇ ਸਭਿ ਬਿਧਿ ਕੀ ਨਹਿਂ ਨ ਜਨਾਵਹਿਂ ਅਪਰ ਸਮਾਨ।
ਐਸੇ ਸਿੱਖ ਹਜ਼ਾਰਹੁਂ ਗੁਰ ਕੇ ਦਿਵਸ ਪੂਰਬ ਕੇ ਦਰਸਹਿਂ ਆਨਿ॥ ੪॥

ਜਿਸ ਉੱਤੇ ਵੀ ਪ੍ਰਭੂ ਜੀ ਆਪਣੀ ਕਿਰਪਾ ਕਰਦੇ ਹਨ, ਉਸ ਨੂੰ ਸਤਿਨਾਮ ਦਾ ਸਿਮਰਨ ਬਖਸ਼ ਕੇ ਗਿਆਨ ਦਿੰਦੇ ਹਨ। ਅਠਾਰਾਂ ਸਿਧੀਆਂ ਹੱਥ ਜੋੜ ਕੇ ਹਰ ਵੇਲੇ ਖੜੀਆਂ ਰਹਿੰਦੀਆਂ ਹਨ ਤੇ ਉਨ੍ਹਾਂ ਦੀ ਆਗਿਆ ਦਾ ਪਾਲਣ ਕਰਦੀਆਂ ਹਨ। ਸਭ ਵਿਧੀਆਂ ਨਾਲ ਬਹੁਤ ਸ਼ਕਤੀ ਪਾਈ ਹੈ, ਪਰ ਦੂਸਰਿਆਂ ਵਾਂਗ ਉਸ ਨੂੰ ਜਣਾਉਂਦੇ ਨਹੀਂ ਹਨ। ਐਸੇ ਹਜ਼ਾਰਾਂ ਗੁਰੂ ਜੀ ਦੇ ਸਿੱਖ ਹਨ, ਪੂਰਬ ਵਾਲੇ ਦਿਨ ਆ ਕੇ ਦਰਸ਼ਨ ਕਰਦੇ ਹਨ॥੪॥

ਕੁੱਕੋ ਨਾਮ ਹੁਤੋ ਸਿਖ ਗੁਰ ਕੋ ਪਠਨ ਸ੍ਰਵਨ ਮਹਿਂ ਪ੍ਰੇਮ ਮਹਾਨ।
ਤਿਹ ਸੁਤ ਨਾਮ ਅਨੰਤਾ ਜਾਨਹੁ ਗੁਰ ਸੇਵਾ ਮਹਿਂ ਰਹਿ ਸਵਧਾਨ।
ਸੂਪਕਾਰ ਕਹਿ ਦੇਗਥਾਨ ਢਿਗ ਗਹਿ ਗੁਲੇਲ ਹਤਿ ਬਾਇਸ ਤਾਨਿ।
ਨਿਕਟਿ ਨ ਹੋਨ ਦੇਹੁ, ਗਨ ਆਵਤਿ, ਇਸੀ ਕਾਜ ਪਰ ਰਹੁ, ਸਿਖ ਮਾਨਿ॥੫॥

ਇਕ ਕੁੱਕੋ ਨਾਂ ਦਾ ਗੁਰੂ ਜੀ ਦਾ ਸਿੱਖ ਸੀ, ਜਿਸ ਨੂੰ ਪੜ੍ਹਨ ਸੁਣਨ ਨਾਲ ਮਹਾਨ ਪ੍ਰੇਮ ਸੀ। ਉਸ ਦੇ ਪੁੱਤਰ ਦਾ ਨਾਂ ਅਨੰਤਾ ਸੀ ਤੇ ਉਹ ਗੁਰੂ ਜੀ ਦੀ ਸੇਵਾ ਵਿਚ ਸਦਾ ਸਾਵਧਾਨ ਰਹਿੰਦਾ ਸੀ। ਰਸੋਈਏ ਨੇ ਉਸ ਨੂੰ ਕਿਹਾ ਹੋਇਆ ਸੀ ਕਿ ਸਦਾ ਲੰਗਰ ਦੇ ਪਾਸ ਗੁਲੇਲ ਫੜ ਕੇ ਖੜਾ ਰਹੇ ਤੇ ਕਾਵਾਂ ਨੂੰ ਮਾਰੇ। ਕਈ ਕਾਂ ਆਉਂਦੇ ਸਨ ਪਰ ਉਹ ਪਾਸ ਨਹੀਂ ਸੀ ਆਉਣ ਦਿੰਦਾ, ਸਿਖਿਆ ਮੰਨ ਕੇ ਏਸੇ ਕੰਮ ਤੇ ਲੱਗਾ ਰਿਹਾ॥੫॥

ਗੁੰਧ ਚੂੰਨ ਪਿਖਿ ਬਾਇਸੁ ਆਯੋ, ਗਹਿ ਗੁਲੇਲ ਤਿਹ ਦਯੋ ਡਰਾਇ।
ਪੁਨ ਆਵਤਿ, ਹਟਕਾਵਤਿ ਪੁਨ ਪੁਨ, ਜਬਿ ਚਿਤ ਲਖ੍ਯੋ ਨਹੀਂ ਇਹੁ ਜਾਇ।
ਤਾਨ ਗੁਲੇਲਾ ਢਰ ਮਹਿਂ ਮਾਰ੍ਯੋ ਲੰਗਰਾ ਭਯੋ ਕਾਗ ਦੁਖ ਪਾਇ।
ਭੋਜਨ ਕਰਨਿ ਗੁਰੂ ਤਬਿ ਪਹੁੰਚੇ ਮਨ ਭਾਵਤਿ ਅਚਿ ਕੈ ਤ੍ਰਿਪਤਾਇ॥ ੬॥

ਗੁੰਨ੍ਹਿਆ ਹੋਇਆ ਆਟਾ ਵੇਖ ਕੇ ਇਕ ਕਾਂ ਆਇਆ, ਉਸ ਨੂੰ ਗੁਲੇਲ ਲੈ ਕੇ ਕਾਂ ਨੂੰ ਡਰਾ ਦਿੱਤਾ। ਕਾਂ ਫਿਰ ਆ ਗਿਆ, ਬਾਰ-ਬਾਰ ਹਟਾਉਂਦਾ ਸੀ, ਜਦ ਚਿੱਤ ਵਿਚ ਸਮਝਿਆ, ਇਹ ਹੁਣ ਨਹੀਂ ਜਾਵੇਗਾ ਤਾਂ ਉਸ ਦੇ ਢਰ ਵਿਚ ਗੁਲੇਲ

ਮਾਰੀ ਤੇ ਕਾਂ ਲੰਗੜਾ ਹੋ ਕੇ ਬਹੁਤ ਦੁਖੀ ਹੋ ਗਿਆ। ਫਿਰ ਗੁਰੂ ਜੀ ਭੋਜਨ ਕਰਨ ਵਾਸਤੇ ਪਹੁੰਚੇ ਤੇ ਮਨ-ਭਾਉਂਦਾ ਭੋਜਨ ਖਾ ਕੇ ਤ੍ਰਿਪਤ ਹੋ ਗਏ॥੬॥

ਗਨ ਕਾਗਨਿ ਕੋ ਟੁਕਰਾ ਪਾਏ ਤਤਛਿਨ ਮਿਲੇ ਖਾਇ ਸਮੁਦਾਇ।
ਤਿਨ ਮਹਿਂ ਲੰਗਰਾ ਦੁਖ ਤੇ ਬਿਚਰਤਿ, ਪਿਖਿ ਕ੍ਰਿਪਾਲ ਇਮ ਸ੍ਰਾਪ ਅਲਾਇ।
'ਜਾਇ ਰਸਾਤਲ, ਕਿਨ ਇਹ ਮਾਰਜੋ' ਤਬਿ ਬਾਇਸੁ ਕੀ ਪੀਰ ਨਸਾਇ।
ਸੁਨਤਿ ਅਨੰਤਾ ਚਿੰਤ ਅਨੰਤਾ ਜਾਇ ਪਿਤਾ ਸੋਂ ਕਹੀਂ ਸੁਨਾਇ॥ ੭॥

ਗੁਰੂ ਜੀ ਨੇ ਫਿਰ ਰੋਟੀਆਂ ਦੇ ਕੁਝ ਟੁਕੜੇ ਕਰਕੇ ਕਾਵਾਂ ਨੂੰ ਪਾਏ ਸਾਰੇ ਕਾਵਾਂ ਨੇ ਤੁਰਤ ਮਿਲ ਕੇ ਖਾ ਲਏ। ਉਨ੍ਹਾਂ ਵਿਚ ਜਿਹੜਾ ਲੰਗੜਾ ਸੀ ਉਹ ਬੜਾ ਦੁਖੀ ਹੋ ਕੇ ਫਿਰਦਾ ਸੀ, ਉਸ ਨੂੰ ਵੇਖ ਕੇ ਕ੍ਰਿਪਾਲੂ ਗੁਰੂ ਜੀ ਨੇ ਇੰਝ ਸਰਾਪ ਦਿੱਤਾ, "ਜਿਸ ਨੇ ਇਸ ਨੂੰ ਮਾਰਿਆ ਹੈ, ਉਹ ਨਰਕਾਂ ਵਿਚ ਜਾਵੇ" ਤਦ ਕਾਂ ਦੀ ਪੀੜ ਦੂਰ ਹੋ ਗਈ। ਇਹ ਸੁਣ ਕੇ ਅਨੰਤਾ ਚਿੱਤ ਵਿਚ ਬਹੁਤ ਹੀ ਚਿੰਤਾਵਾਨ ਹੋ ਕੇ ਜਾ ਕੇ ਆਪਣੇ ਪਿਤਾ ਜੀ ਨੂੰ ਸੁਣਾਇਆ॥੭॥

ਸੁਤ ਪਿਤ ਜੁਗ ਮਨ ਮਹਿਂ ਬਿਸਮਾਏ ਚਿੰਤਾ ਦੁਖਤਿ ਸ਼ੋਕ ਤੇ ਦੀਨਿ।
ਦੁਰਬਲ ਭਯੋ ਅਨੰਤਾ ਅਤਿਸ਼ੈ, ਕੁੱਕੋ ਦੇਖਿਦੇਖਿ ਨਿਤ ਛੀਨ।
ਬਿਨੈ ਕਰੀ ਬਹੁ ਸਿੱਖਨਿ ਆਗੈ। 'ਬਖ਼ਸ਼ਾਵਹੁ ਮਮ ਸੁਤ ਸੁਖ ਹੀਨ'।
ਤਿਨਹੁਂ ਕਹਜੋ 'ਬਿਧੀਏ ਢਿਗ ਗਮਨਹੁ, ਉਪਕਾਰੀ, ਗੁਰ ਨਿਕਟਿ ਪ੍ਰਬੀਨ' ॥੮॥

ਪਿਉ-ਪੁੱਤਰ ਦੋਵੇਂ ਮਨ ਵਿਚ ਬਹੁਤ ਹੈਰਾਨ ਹੋਏ ਤੇ ਚਿੰਤਾ ਨਾਲ ਦੁਖੀ ਹੋ ਕੇ ਬਹੁਤ ਦੀਨ ਹੋ ਗਏ। ਅਨੰਤਾ ਬਹੁਤ ਕਮਜ਼ੋਰ ਹੋ ਗਿਆ ਤੇ ਕੁੱਕੋ ਉਸ ਨੂੰ ਵੇਖ-ਵੇਖ ਕੇ ਲਿੱਸਾ ਹੁੰਦਾ ਜਾਵੇ। ਬਹੁਤ ਸਿੱਖਾਂ ਅੱਗੇ ਉਸ ਬੇਨਤੀ ਕੀਤੀ, "ਮੇਰੇ ਪੁੱਤਰ ਨੂੰ ਬਖਸ਼ਾਵੋ ਉਹ ਸੁਖ ਰਹਿਤ ਹੋ ਗਿਆ ਹੈ?" ਉਸ ਨੂੰ ਸਿੱਖਾਂ ਨੇ ਕਿਹਾ, "ਬਿਧੀ ਚੰਦ ਪਾਸ ਜਾਵੋ, ਉਹ ਬੜਾ ਉਪਕਾਰੀ ਹੈ ਤੇ ਸਦਾ ਚਤੁਰ ਗੁਰੂ ਜੀ ਪਾਸ ਰਹਿੰਦਾ ਹੈ"॥੮॥

ਸੁਨਤਿ ਜਾਇ ਤਿਸ ਕੇ ਪਗ ਪਕਰੇ ਭਾਖਜੋ ਸਕਲ ਪ੍ਰਸੰਗ ਸੁਨਾਇ।
'ਗੁਰ ਬਚ ਕਹਜੋ ਰਸਾਤਲ ਜਾਵਹਿ, ਇਹ ਬਖ਼ਸ਼ਾਵਹੁ ਜਤਨ ਉਪਾਇ।
ਸ਼ਰਨ ਪਰੇ ਨਹਿਂ ਅਪਰ ਸਹਾਇਕ ਤੁਮ ਬਿਨ ਹਮ ਕੋ ਥਾਇਂ ਨ ਕਾਇ'।
ਬਿਨੈ ਸੁਨੀ ਕਰੁਨਾ ਕਰਿ ਬਿਧੀਏ ਕਹਜੋ ਕਿ 'ਚਿੰਤਾ ਦੇਹੁ ਗਵਾਇ॥ ੯॥

ਕੁੱਕੋ ਨੇ ਜਾ ਕੇ ਬਿਧੀ ਚੰਦ ਦੇ ਪੈਰ ਫੜ ਲਏ ਤੇ ਉਸ ਨੂੰ ਸਾਰਾ ਪ੍ਰਸੰਗ ਸੁਣਾਇਆ, "ਗੁਰੂ ਜੀ ਨੇ ਬਚਨ ਕੀਤਾ ਹੈ ਨਰਕਾਂ ਵਿਚ ਜਾਵੇ, ਜਤਨ ਕਰਕੇ ਇਹ ਸਰਾਪ ਬਖਸ਼ਾਵੋ। ਤੁਹਾਡੀ ਸ਼ਰਨ ਪਏ ਹਾਂ ਤੁਹਾਡੇ ਬਗੈਰ ਸਾਡਾ ਹੋਰ ਕੋਈ ਥਾਂ ਨਹੀਂ ਹੈ।" ਬੇਨਤੀ ਸੁਣ ਕੇ ਬਿਧੀ ਚੰਦ ਨੇ ਕਿਹਾ, "ਚਿੰਤਾ ਨੂੰ ਗਵਾ ਦੇਵੋ॥੯॥

ਜਜੋਂ ਕਜੋਂ ਮੈਂ ਬਖ਼ਸ਼ਾਵਨ ਕਰਿ ਹੌਂ ਸਮਾਂ ਕਹਨਿ ਕੋ ਜਬਿ ਬਨ ਜਾਇ'।
ਇਮ ਕਹਿ ਗੁਰ ਸਮੀਪ ਤਬਿ ਗਮਨਜੋ ਸੁਤ ਪਿਤ ਸੁਨਤਿ ਰਹੇ ਹਰਖਾਇ।
ਸਤਿਗੁਰ ਚਢੇ ਅਖੇਰ ਕਰਨਿ ਕੋ ਚਲਜੋ ਸੰਗ ਹਯ ਜ਼ੀਨ ਪਵਾਇ।
ਬਹਿਰੀ, ਬਾਜ, ਕੁਹੀ, ਬਹੁ ਸ਼ਿਕਰੇ, ਚੀਤੇ ਬਲੀ, ਸ੍ਵਾਨ ਸਮੁਦਾਇ॥ ੧੦॥

ਜਿਵੇਂ-ਕਿਵੇਂ ਕਹਿ ਕੇ ਮੈਂ ਬਖਸ਼ਾ ਦੇਵਾਂਗਾ ਜਦ ਕਹਿਣ ਦਾ ਸਮਾਂ ਬਣ ਜਾਵੇਗਾ।" ਇਸ ਤਰ੍ਹਾਂ ਕਹਿ ਕੇ ਗੁਰੂ ਜੀ ਪਾਸ ਗਿਆ, ਪਿਉ ਪੁੱਤਰ ਬੜੇ ਪ੍ਰਸੰਨ ਹੋ ਕੇ ਸੁਣਦੇ ਰਹੇ। ਸਤਿਗੁਰੂ ਜੀ ਸ਼ਿਕਾਰ ਖੇਡਣ ਚਲੇ, ਘੋੜੇ ਤੇ ਕਾਠੀ ਪਵਾ ਕੇ ਨਾਲ ਚਲ ਪਿਆ। ਬਹਿਰੀਆਂ, ਬਾਜ, ਕੁਹੀਆਂ, ਬਹੁਤ ਸ਼ਿਕਰੇ, ਚੀਤੇ ਅਤੇ ਬਲੀ ਕੁੱਤੇ ਨਾਲ ਲੈ ਲਏ॥੧੦॥

ਬਨ ਬਿਚਰਤਿ ਬਨ ਜੀਵਨ ਘਾਵਤਿ ਕਰੇ ਮੁਕਤਿ ਜੇ ਨਿਜ ਕਰ ਘਾਇ।
ਹਟਿ ਕਰਿ ਟਿਕੇ ਆਨ ਕਰਿ ਸਤਿਗੁਰ ਛੋਟੇ ਮੀਰ ਗ੍ਰਾਮ ਨਿਕਟਾਇ।
ਬਿਧੀ ਚੰਦ ਅਵਕਾਸ਼ ਬਿਲੋਕਜੋ ਸਿਖ ਸੁਤ ਕੀ ਸਭਿ ਗਾਥ ਸੁਨਾਇ।
'ਦੇਹੁ ਰਸਾਤਲ ਮੋਹਿ ਪ੍ਰਭੂ! ਅਬਿ ਸਿਸ ਅਪਰਾਧ ਛਿਮਹੁ ਸੁਖਦਾਇ' ॥੧੧॥

ਜੰਗਲ ਵਿਚ ਫਿਰਦਿਆਂ, ਕਈ ਜੰਗਲੀ ਜੀਵ ਮਾਰੇ, ਜਿਨ੍ਹਾਂ ਨੂੰ ਆਪਣੇ ਹੱਥਾਂ ਨਾਲ ਮਾਰਿਆ, ਉਨ੍ਹਾਂ ਨੂੰ ਮੁਕਤ ਕਰ ਦਿੱਤਾ ਤੇ ਫਿਰ ਵਾਪਸ ਆ ਕੇ ਗੁਰੂ ਜੀ ਛੋਟੇ ਮੀਰ ਪਿੰਡ ਲਾਗੇ ਆ ਕੇ ਟਿੱਕ ਗਏ। ਬਿਧੀ ਚੰਦ ਨੇ ਫਿਰ ਮੌਕਾ ਵੇਖਿਆ ਤੇ ਸਿੱਖ ਦੇ ਪੁੱਤਰ ਦੀ ਸਾਰੀ ਕਹਾਣੀ ਸੁਣਾਈ, 'ਹੇ ਸੁੱਖਾਂ ਦੇ ਦਾਤੇ ਪ੍ਰਭੂ ਜੀ! ਮੈਨੂੰ ਬੇਸ਼ਕ ਨਰਕ ਦੇ ਦੇਵੋ, ਪਰ ਇਸ ਬੱਚੇ ਦਾ ਅਪਰਾਧ ਬਖਸ਼ ਦੇਵੋ' ॥੧੧॥

ਕਹਜੋ ਗੁਰੂ 'ਸਿਸ ਕੋ ਨ ਰਸਾਤਲ, ਤੂੰ ਮਮ ਪ੍ਰਿਯ ਹੈਂ ਅਨੰਦ ਬਿਸਾਲ।
ਛੋਟਾਮੀਰ ਰਸਾਤਲ ਪਹੁਚੈ ਜਹਾਂ ਬਸਹਿਂ ਨਰ ਕੁਟਿਲ ਕੁਚਾਲ'।
ਇਮ ਕਹਿ ਸਿਖ ਸੁਤ ਬਖਸ਼ਨ ਕੀਨਸਿ ਭਯੋ ਗ੍ਰਾਮ ਕੋ ਸ੍ਰਾਪ ਕੁਚਾਲ।
ਚਢਿ ਆਏ ਕਰਤਾਰਪੁਰੇ ਪੁਨਿ ਬੈਠੇ ਸੰਧਜਾ ਸਮੈਂ ਕ੍ਰਿਪਾਲ॥ ੧੨॥

ਗੁਰੂ ਜੀ ਨੇ ਕਿਹਾ, "ਬਾਲਕ ਨੂੰ ਨਰਕ ਨਹੀਂ ਦਿੱਤਾ ਹੈ, ਇਹ ਤਾਂ ਮੇਰਾ ਪਿਆਰਾ ਅਨੰਦਾਇਕ ਬੱਚਾ ਹੈ। ਛੋਟਾ ਮੀਰ ਪਿੰਡ ਨਰਕਾਂ ਵਿਚ ਪਹੁੰਚੇ ਜਿਥੇ ਬੜੇ ਕਪਟੀ ਤੇ ਭੈੜੇ ਚਾਲਿਆਂ ਵਾਲੇ ਲੋਕ ਰਹਿੰਦੇ ਹਨ।" ਇਸ ਤਰ੍ਹਾਂ ਕਹਿ ਕੇ ਸਿੱਖ ਦੇ ਪੁੱਤਰ ਨੂੰ ਬਖਸ਼ ਦਿੱਤਾ ਤੇ ਪਿੰਡ ਨੂੰ ਵੱਡਾ ਸਰਾਪ ਦੇ ਦਿੱਤਾ। ਫਿਰ ਚੜ੍ਹ ਕੇ ਕਰਤਾਰਪੁਰ ਆ ਗਏ ਤੇ ਕ੍ਰਿਪਾਲੂ ਸ਼ਾਮ ਵੇਲੇ ਬੈਠ ਗਏ॥੧੨॥

ਬਿਧੀਚੰਦ ਸੋਂ ਪਿਤ ਸੁਤ ਦੋਨਹੁਂ ਆਇ ਬੰਦਨਾ ਪਦ ਪਰ ਕੀਨਿ।
ਦਯਾ ਸਿੰਧੁ ਚਰਣਾਂਮ੍ਰਿਤ ਦੀਨੋ ਸਿਖ ਸੁਤ ਪਾਨ ਕਰਜੋ ਦੁਖ ਹੀਨ।
ਤਨ ਮਨ ਸੰਕਟ ਸਕਲ ਨਾਸ਼ ਕਰਿ ਪ੍ਰਥਮ ਸਮਾਨ ਭਯੋ ਪਲ ਪੀਨ।
ਇਮ ਸਤਿਗੁਰ ਕੁਛ ਦਿਵਸ ਬਿਤਾਏ ਸਦਾ ਸਹਾਈ ਸਿੱਖਜਨਿ ਦੀਨ॥੧੩॥

ਬਿਧੀ ਚੰਦ ਸਮੇਤ ਪਿਤਾ ਪੁੱਤਰ ਦੋਵੇਂ ਆਏ ਤੇ ਗੁਰੂ ਜੀ ਦੇ 'ਚਰਨ ਕੰਵਲਾਂ' ਤੇ ਬੰਦਨਾ ਕੀਤੀ। ਦਇਆ ਦੇ ਸਮੁੰਦਰ ਭਾਵ ਗੁਰੂ ਜੀ ਨੇ ਉਸਨੂੰ ਚਰਣਾਂਮਿਤ ਦਿੱਤਾ ਜਿਸ ਨੂੰ ਪੀ ਕੇ ਸਿੱਖ ਪੁੱਤਰ ਦੇ ਸਾਰੇ ਦੁੱਖ ਦੂਰ ਹੋ ਗਏ। ਤਨ ਮਨ ਦਾ ਸਾਰਾ ਸੰਕਟ ਦੂਰ ਕਰਕੇ ਪਹਿਲਾਂ ਵਾਂਗ ਮਾਸ ਮੋਟਾ ਹੋ ਗਿਆ। ਇਸ ਤਰ੍ਹਾਂ ਸਤਿਗੁਰੂ ਜੀ ਨੇ ਕੁਝ ਦਿਨ ਬਤੀਤ ਕੀਤੇ, ਉਹ ਸਦਾ ਸਿੱਖਾਂ ਦੇ ਸਹਾਈ ਹੋ ਕੇ ਸਿੱਖਿਆ ਦਿੰਦੇ ਸਨ॥੧੩॥

ਮਾਸ ਅਸਾਢ ਪ੍ਰਵਿਰਤਜੋ ਜਗ ਮਹਿਂ ਇਕ ਦਿਨ ਸ਼੍ਰੀ ਪ੍ਰਭੁ ਚਢੇ ਸ਼ਿਕਾਰ।
ਬਰਣ ਸੁਪੇਦ ਤੁਰੰਗਮ ਕੋ ਸੁਭ ਜਿਮ ਰਵਿ ਬਾਹਨ ਸੁਭਤਿ ਉਦਾਰ।
ਜਾਮਾ ਗਰ ਅਭਿਰਾਮ ਝੀਨ ਬਹੁ ਸੂਖਮ ਸੂਤ ਦਿਪਹਿ ਤਨ ਚਾਰੁ।
ਸਿਰ ਉਸ਼ਨੀਕ ਨੀਕ ਬਿਧਿ ਬੰਧਨ ਹੀਰੇ ਸ੍ਵੇਤ ਜਿਗਾ ਦੁਤਿਕਾਰ॥ ੧੪॥

ਜਗਤ ਵਿਚ ਹਾੜ ਦਾ ਮਹੀਨਾ ਚਲ ਰਿਹਾ ਸੀ, ਇਕ ਦਿਨ ਗੁਰੂ ਜੀ ਸ਼ਿਕਾਰ ਵਾਸਤੇ ਘੋੜੇ ਤੇ ਅਸਵਾਰ ਹੋਏ, ਸਫੇਦ ਰੰਗ ਦੇ ਘੋੜੇ ਤੇ ਚੜ੍ਹੇ ਇੰਝ ਲੱਗ ਰਹੇ ਸਨ, ਜਿਵੇਂ ਸੂਰਜ ਦਾ ਚਿੱਟਾ ਘੋੜਾ ਬਹੁਤ ਸ਼ੋਭ ਰਿਹਾ ਹੋਵੇ। ਗਲ ਵਿਚ ਸੁੰਦਰ ਸੂਖਮ

ਜਾਮਾ ਪਾਇਆ ਹੋਇਆ ਸੀ। ਜਿਸ ਦਾ ਸੂਤ ਸੁੰਦਰ ਤਨ ਤੇ ਬੜਾ ਫੱਬ ਰਿਹਾ ਸੀ। ਸਿਰ ਤੇ ਸੁੰਦਰ ਦਸਤਾਰ ਬੰਨ੍ਹੀ ਹੋਈ ਸੀ, ਜਿਸ ਨੂੰ ਸਫ਼ੇਦ ਹੀਰਿਆਂ ਨਾਲ ਜੜੀ ਜਿਗਾ ਬੜੀ ਚਮਕ ਰਹੀ ਸੀ॥੧੪॥

ਮੁਕਤਾ ਗੋਲ ਮੋਲ ਬਹੁ ਜਿਨ ਕੋ ਉੱਜਲ ਮਾਲਾ ਦਿਪਤਿ ਬਿਸਾਲ।
ਬਾਜ਼ ਸੁਪੈਦ ਹਾਥ ਪਰ ਬੈਠਯੋ ਮਨਹੁੰ ਮਾਨਸਰ ਆਇ ਮਰਾਲ।
ਚੰਦ, ਕੁੰਦ, ਮਾਨਿੰਦ, ਸੁਧਾ ਨਹਿ ਸਜਤਿ ਸ੍ਵੇਤਤਾ ਇਸ ਬਿਧਿ ਨਾਲ।
ਸ੍ਰੀ ਗੁਰਦਿੱਤਾ ਅੱਗ੍ਰ ਸਿਧਾਵਤਿ ਬਿਧੀਚੰਦ ਗੁਰ ਪਾਛੈ ਚਾਲਿ॥ ੧੫॥

ਗੋਲ ਮੋਤੀ ਜਿਹੜੇ ਬਹੁਤ ਕੀਮਤੀ ਸਨ ਉਨ੍ਹਾਂ ਦੀ ਪਾਈ ਹੋਈ ਉੱਜਲ ਮਾਲਾ ਬਹੁਤ ਚਮਕ ਰਹੀ ਸੀ। ਸਫ਼ੈਦ ਬਾਜ਼ ਹੱਥ ਉੱਤੇ ਬੈਠਾ ਸੀ, ਮਾਨੋਂ ਮਾਨ ਸਰੋਵਰ ਤੋਂ ਹੰਸ ਆਇਆ ਸੀ। ਚੰਦ੍ਰਮਾਂ, ਮਰਤਬਾਨ ਦਾ ਫੁੱਲ ਅਤੇ ਅੰਮ੍ਰਿਤ ਵੀ ਉਸਦੀ ਬਰਾਬਰੀ ਨਹੀਂ ਕਰ ਸਕਦੇ, ਇਸ ਤਰ੍ਹਾਂ ਸਫੇਦੀ ਸੱਜ ਰਹੀ ਹੈ। ਸ੍ਰੀ ਗੁਰਦਿੱਤਾ ਜੀ ਗੁਰੂ ਜੀ ਦੇ ਅੱਗੇ-ਅੱਗੇ ਜਾ ਰਹੇ ਹਨ ਤੇ ਬਿੱਧੀ ਚੰਦ ਗੁਰੂ ਦੇ ਪਿੱਛੇ ਜਾ ਰਿਹਾ ਹੈ॥੧੫॥

ਬੰਕੇ ਬੀਰ ਬ੍ਰਿੰਦ ਬਲਵੰਤੇ ਬਾਹੁ ਬਿਸਾਲ ਚਢੇ ਬਾਜੀਨਿ।
ਬਾਨ ਕਮਾਨ੍ਹ ਤੁਫੰਗ ਸੰਭਾਰਤਿ ਪੀਛੇ ਗਮਹਿ ਬੀਰ ਰਸ ਭੀਨ।
ਸ੍ਰੀ ਹਰਿ ਗੋਵਿੰਦ ਬਾਗ ਗਹੀ ਕਰ, ਸੁੰਦਰ ਸੁਭਤਿ ਤੁਰੰਗਮ ਪੀਨ।
ਜਨੁ ਐਰਾਵਤ ਬਤਸ, ਚਪਲ ਅਤਿ, ਚਲਤਿ ਚਾਲ ਚੋਰਤਿ ਚਿਤ ਚੀਨ॥੧੬॥

ਬਾਂਕੇ ਸੂਰਬੀਰ ਬਹੁਤ ਬਹਾਦਰ ਹਨ, ਵੱਡੀਆਂ-ਵੱਡੀਆਂ ਬਾਹਾਂ ਹਨ ਤੇ ਘੋੜਿਆਂ ਤੇ ਸਵਾਰ ਹਨ। ਤੀਰਾਂ ਦੇ ਭੱਥੇ, ਕਮਾਨਾਂ ਅਤੇ ਬੰਦੂਕਾਂ ਸੰਭਾਲਦੇ ਬੀਰ-ਰਸ ਵਿਚ ਭਿੱਜੇ ਸੂਰਮੇ ਪਿੱਛੇ-ਪਿੱਛੇ ਜਾ ਰਹੇ ਹਨ। ਸ੍ਰੀ ਗੁਰੂ ਹਰਿਗੋਬਿੰਦ ਜੀ ਘੋੜੇ ਦੀ ਵਾਗ ਫੜ ਕੇ ਸੁੰਦਰ ਮੋਟੇ ਤਾਜ਼ੇ ਘੋੜੇ ਉੱਤੇ ਸ਼ੋਭ ਰਹੇ ਹਨ। ਜਿਵੇਂ ਅਰਾਵਤ ਹਾਥੀ ਦਾ ਬੱਚਾ ਹੋਵੇ, ਚੰਚਲ ਘੋੜਾ ਜਦ ਚਲਦਾ ਹੈ ਤਾਂ ਵੇਖ ਕੇ ਚਿੱਤ ਚੁਰਾਇਆ ਜਾਂਦਾ ਹੈ॥੧੬॥

ਮਨਹੁੰ ਦੁਗਧ ਕੋ ਉਦਧਿ ਮਥਨ ਕਰਿ ਸਾਰ ਸੇਤਤਾ ਲਈ ਨਿਕਸਿ।
ਕਮਲਾਸਨ ਇਕ ਚਿਤ ਹੁਇ ਸਿਰਜਯੋ ਅੰਗ ਅੰਗ ਕਰਿ ਕੈ ਨਿਰਜਾਸ।
ਮਨਹੁੰ ਕਾਮ ਕਾਰੀਗਰ ਕਰ ਸੋਂ ਆਕ੍ਰਿਤਕਰੀ, ਰਹੀ ਸੁ ਪ੍ਰਕਾਸ਼।
ਕਿਧੋਂ ਤੁਰੰਗਮ ਰਚਿ ਕਰਿ ਤਨ ਸਭਿ ਲੇਪਨ ਕੀਨਿ ਸੁਧਾ ਪੁਨ ਤਾਸ॥੧੭॥

ਮਾਨੋਂ ਦੁੱਧ ਦਾ ਸਮੁੰਦਰ ਰਿੜਕ ਕੇ ਉਜਲਤਾ ਰੂਪ ਸਫੇਦੀ ਕੱਢ ਲਈ ਹੈ। ਮਾਨੋਂ ਬ੍ਰਹਮਾ ਨੇ ਇਕ ਚਿੱਤ ਹੋ ਕੇ ਅੰਗ-ਅੰਗ ਨਿਰੀਖਣ ਕਰ ਕੇ ਸਿਰਜਿਆ ਹੋਵੇ। ਮਾਨੋਂ ਕਾਮ ਨੇ ਕਾਰੀਗਰ ਹੱਥਾਂ ਨਾਲ ਮੂਰਤੀਮਾਨ ਕੀਤੀ ਹੋਵੇ ਜਿਹੜੀ ਸ੍ਰੇਸ਼ਟ ਰੂਪ ਵਿਚ ਪ੍ਰਕਾਸ਼ ਰਹੀ ਸੀ। ਮਾਨੋਂ ਘੋੜਾ ਬਣਾ ਕੇ ਉਸ ਦੇ ਸਰੀਰ ਉੱਤੇ ਅੰਮ੍ਰਿਤ ਦੀ ਲਿਪਾਈ ਕੀਤੀ ਹੋਵੇ॥੧੭॥

ਅੱਗ੍ਰ ਨਾਸਕਾ ਤੀਖਨ ਸੁੰਦਰ ਊਚੀ ਗ੍ਰੀਵ ਚਲਤਿ ਬਲ ਸੰਗ।
ਦੋਨ ਸ੍ਰੋਨ ਲਘੁ ਤੀਖਨ ਊਚੇ, ਰੁਚਿਰੁ ਬਿਲੋਚਨ ਕੁਫਕੁ ਉਤੰਗ।
ਕਰਤਿ ਕੁੰਡਲੀ ਅਗਲੇ ਪਾਇਨਿ ਜਥਾ ਜੋਗ ਜਿਸ ਕੇ ਸਰਬੰਗ।
ਸਟਕਾਰੀ ਲਾਂਗੁਲ ਬਹੁ ਫੇਰਤਿ, ਮਨ ਸੋਂ ਲੀਨ ਹੋਤਿ ਇਕ ਰੰਗ॥ ੧੮॥

ਅਗਲੀਆਂ ਨਾਸਾਂ ਤਿੱਖੀਆਂ ਤੇ ਸੁੰਦਰ ਹਨ, ਧੌਣ ਉੱਚੀ ਹੈ ਤੇ ਬੜੇ ਬਲ ਨਾਲ ਚਲਦਾ ਹੈ, ਦੋਵੇਂ ਕੰਨ ਛੋਟੇ ਤੇ ਤਿੱਖੇ ਉੱਚੇ ਹਨ, ਸੁੰਦਰ ਅੱਖਾਂ ਬਹੁਤ ਉੱਚੀਆਂ ਹਨ। ਅਗਲੇ ਪੈਰ ਕੁੰਡਲੀ ਕਰਦੇ ਤੇ ਸਾਰੇ ਅੰਗ ਯਥਾ-ਜੋਗ ਬਹੁਤ ਸੁੰਦਰ ਹਨ।

ਲਮਕਦੀ ਪੂਛ ਨੂੰ ਬਹੁਤ ਫੇਰਦਾ ਹੈ। ਇਕ ਰੰਗ ਹੋ ਕੇ ਮਨ ਨਾਲ ਲੀਨ ਰਹਿੰਦਾ ਹੈ ਭਾਵ ਮਨ ਆਗਿਆ ਅਨੁਸਾਰ ਰਹਿੰਦਾ ਹੈ॥੧੮॥

ਰਹਜੋ ਜਾਮ ਦਿਨ ਗਮਨਤਿ ਇਸ ਬਿਧਿ ਦੋਇ ਸਿੱਖ ਆਏ ਅਗੁਵਾਇ।
ਪਹੁਚਿ ਅਗੇਰੇ ਕਰਿ ਪਗ ਬੰਦਨ, ਪਿਖਿ ਸਤਿਗੁਰ ਠਾਢੇ ਤਿਸ ਥਾਇਂ।
ਬੂਝਨ ਕਰੀ 'ਕਹਾਂ ਤੇ ਤੁਮ ਹੋ? ਕਜਾ ਤੁਮ ਕਾਜ ਕਰਤਿ ਸਤਿ ਭਾਇ?
ਕਿਤ ਕੌ ਗਮਨੇ? ਕਜਾ ਚਿਤ ਇੱਛਾ?' ਸੁਨਿ ਦੋਇਨ ਮੁਖ ਬਾਕ ਅਲਾਇ॥੧੯॥

ਇਸ ਵਿਧੀ ਅਨੁਸਾਰ ਪਹਿਰ ਦਿਨ ਰਹਿੰਦਾ ਸੀ ਤਦ ਦੋ ਸਿੱਖ ਗੁਰੂ ਜੀ ਪਾਸ ਆਏ। ਅੱਗੇ ਪਹੁੰਚ ਕੇ ਉਨ੍ਹਾਂ ਚਰਨਾਂ ਤੇ ਬੰਦਨਾ ਕੀਤੀ, ਵੇਖ ਕੇ ਸਤਿਗੁਰੂ ਜੀ ਉਥੇ ਖੜੇ ਹੋ ਗਏ। ਉਨ੍ਹਾਂ ਨੂੰ ਪੁਛਿਆ, "ਤੁਸੀਂ ਕਿਥੋਂ ਦੇ ਰਹਿਣ ਵਾਲੇ ਹੋ ਤੇ ਕੀ ਕੰਮ ਤੁਸੀਂ ਕਰਦੇ ਹੋ? ਕਿਥੇ ਚਲੇ ਹੋ? ਚਿੱਤ ਵਿਚ ਕੀ ਇੱਛਾ ਹੈ?" ਇਹ ਸੁਣ ਕੇ ਦੋਵਾਂ ਨੇ ਕਿਹਾ॥੧੯॥

'ਕਰਤਿ ਚਿਤੇਰੇ ਕੀ ਕ੍ਰਿਤ ਸੁੰਦਰ ਜਾਤਿ ਹਮਾਰੀ ਲਖਹੁ ਤਿਖਾਨ।
ਰਾਵਰ ਕੇ ਦਰਸ਼ਨ ਹਿਤ ਆਏ, ਦਿਵਸ ਬਹੁਤ ਕੀ ਚਾਹ ਮਹਾਨ।
ਉਚਿਤ ਹਮਾਰੇ ਕ੍ਰਿੱਤ ਆਪ ਕੀ, ਸੋਂਪਿ ਕਰਹਿਂ ਹਮ ਇੱਛਾ ਠਾਨਿ'।
ਸਤਿਗੁਰ ਦਈ ਨ ਤਬਿ ਕੁਛ ਆਇਸੁ ਬਿਧੀਚੰਦ ਨੇ ਮਨ ਕੀ ਜਾਨਿ॥੨੦॥

"ਅਸੀਂ ਚਿਤਰਕਾਰੀ ਦੀ ਕ੍ਰਿਤ ਕਰਦੇ ਹਾਂ, ਸਾਡੀ ਸੁੰਦਰ ਜਾਤੀ ਤ੍ਰਿਖਾਣ ਜਾਣੋ। ਆਪ ਜੀ ਦੇ ਦਰਸ਼ਨਾਂ ਵਾਸਤੇ ਆਏ ਹਾਂ ਕਈ ਦਿਨਾਂ ਤੋਂ ਮਹਾਨ ਚਾਹਤ ਹੈ। ਜੇ ਸਾਡੇ ਕਰਨ ਵਾਲਾ ਕੋਈ ਕੰਮ ਤੁਹਾਡਾ ਹੋਵੇ, ਉਹ ਅਸੀਂ ਇੱਛਾ ਧਾਰ ਕੇ ਕਰਾਂਗੇ" ਸਤਿਗੁਰੂ ਜੀ ਨੇ ਫਿਰ ਕੋਈ ਆਗਿਆ ਨਾ ਦਿੱਤੀ ਤੇ ਬਿਧੀ ਚੰਦ ਨੇ ਮਨ ਦੀ ਜਾਣ ਲਈ॥੨੦॥

ਕਹਤਿ ਭਯੋ 'ਅਬਿ ਪੋਸ਼ਿਸ਼ ਜੈਸੀ ਬਾਜ਼ੀ ਬਾਜ਼ ਸਮੇਤ ਸੁਹਾਇ।
ਸ਼ਸਤ੍ਰ ਸਹਿਤ ਇਹ ਮੂਰਤਿ ਸੁੰਦਰ ਮੋ ਕਹੁ ਲਿਖਿ ਦੀਜਹਿ ਸੁਖ ਪਾਇ।
ਕਰਹੁ ਸੁਫਲ ਅਪਨੀ ਸਭਿ ਵਿੱਦਜਾ ਹਾਥ ਬਿਲੋਚਨ ਕੋ ਸਫਲਾਇ।
ਨਖ ਸ਼ਿਖ ਲੌ ਚਿੱਤ੍ਰਤਿ ਕਰਿ ਆਛੇ ਇਹੁ ਉਪਕਾਰ ਕਰਹੁ ਮਨ ਲਾਇ'॥੨੧॥

ਕਹਿਣ ਲੱਗਾ, "ਗੁਰੂ ਜੀ ਨੇ ਜੈਸੀ ਹੁਣ ਪੁਸ਼ਾਕ ਪਾਈ ਹੈ, ਇਸ ਤਰ੍ਹਾਂ ਪੁਸ਼ਾਕ ਅਤੇ ਬਾਜ਼ ਸਹਿਤ ਘੋੜਾ ਸੁਹਾਏ, ਸ਼ਸਤਰਾਂ ਸਹਿਤ ਇਹ ਸੁੰਦਰ ਮੂਰਤ ਬਣੇ, ਸੁਖ ਪਾ ਕੇ ਮੈਨੂੰ ਬਣਾ ਕੇ ਦੇ ਦੇਵੋ। ਆਪਣੀ ਸਾਰੀ ਵਿਦਿਆ ਨੂੰ ਸਫਲ ਕਰੋ ਤੇ ਹੱਥਾਂ ਤੇ ਨੈਣਾਂ ਨੂੰ ਸਫਲ ਬਣਾਓ। ਨੌਹਾਂ ਤੋਂ ਸਿਰ ਤਕ ਚੰਗਾ ਚਿੱਤਰ ਬਣਾਵੋ, ਤੇ ਇਹ ਉਪਕਾਰ ਮਨ ਲਾ ਕੇ ਕਰੋ"॥੨੧॥

ਸੁਨਜੋ ਨਕਾਸ਼ ਭਨਜੋ ਜੁਤਿ ਬਿਨਤੀ 'ਸ਼ੇਸ਼ ਗਨੇਸ਼ ਸਾਰਦਾ ਮਾਇ।
ਪਾਰ ਨ ਪਾਇ ਸਕਹਿਂ ਜਿਨ ਕੇਰਾ ਸੋ ਮਮ ਪਾਸ ਲਿਖੇ ਕਿਮ ਜਾਇਂ।
ਨਿਸ਼ਚੇ ਸੁਨੀ ਬਾਤ ਇਕ ਐਸੇ:- ਗੁਰ, ਕੈ ਗੁਰ ਸਿੱਖ ਸਿੰਧੁ ਤਰਾਇਂ।
ਕਰਹਿਂ ਕ੍ਰਿਪਾ ਤੌਂ ਮੈਂ ਲਿਖਿ ਸਕਿਹੌਂ, ਅਲਪ ਜੀਵ ਕੇ ਬਨਹਿਂ ਸਹਾਇ॥੨੨॥

ਜਦ ਕਲਾਕਾਰਾਂ ਨੇ ਸੁਣਿਆ ਤਾਂ ਉਨ੍ਹਾਂ ਬੇਨਤੀ ਕੀਤੀ, "ਸ਼ੇਸ਼ਨਾਗ, ਗਨੇਸ਼ ਤੇ ਸਾਰਦਾ ਮਾਂ ਵੀ ਜਿਸ ਦਾ ਪਾਰ ਨਹੀਂ ਪਾ ਸਕਦੇ, ਉਨ੍ਹਾਂ ਦੀ ਤਸਵੀਰ ਸਾਡੇ ਪਾਸੋਂ ਕਿਵੇਂ ਬਣ ਸਕੇਗੀ। ਨਿਸ਼ਚੇ ਰੂਪ ਵਿਚ ਇਕ ਗੱਲ ਇਸ ਤਰ੍ਹਾਂ ਸੁਣੀ ਹੈ, ਕਿ ਗੁਰੂ ਜੀ ਦੇ ਗੁਰਸਿੱਖ ਸਾਗਰ ਤੇ ਵੀ ਤਰ ਸਕਦੇ ਹਨ। ਜੇ ਤੁਸੀਂ ਕਿਰਪਾ ਕਰੋਗੇ ਤਾਂ ਮੈਂ ਚਿੱਤਰ ਬਣਾ ਸਕਾਂਗਾ, ਛੋਟੇ ਜੀਵ ਦੇ ਸਹਾਇਕ ਬਣੋ॥੨੨॥

ਕਰਹੁ ਕ੍ਰਿਪਾ ਤਥਿ ਲਿਖਹਿ ਪੁੱਤ੍ਰ ਮਮ' ਬਿਧੀਚੰਦ ਤਿਹ ਨਿਕਟਿ ਬੁਲਾਇ।
'ਹੇ ਸੁਤ! ਲਿਖਹੁ ਸਹਾਇ ਗੁਰੂ ਨਿਤ ਪੂਰਹੁ ਕਾਮਨਾ ਮਮ ਹਿਤ ਲਾਇ'।
ਮਾਨਿ ਬਚਨ ਦੋਨਹੁ ਤਹਿਂ ਬੈਠੇ ਲਿਖਨ ਲਗੇ ਮਨ ਪ੍ਰੇਮ ਉਪਾਇ।
ਨਖ ਸ਼ਿਖ ਲੌ ਮੂਰਤਿ ਗੁਰ ਹਯ ਕੀ ਸ਼ਸਤ੍ਰ ਬਸਤ੍ਰ ਜੁਤਿ ਜਥਾ ਸੁਹਾਇ॥੨੩॥

ਕਿਰਪਾ ਕਰੋ ਫਿਰ ਮੇਰਾ ਪੁੱਤਰ ਤਸਵੀਰ ਬਣਾਏ। ਬਿਧੀ ਚੰਦ ਨੇ ਫਿਰ ਉਨ੍ਹਾਂ ਨੂੰ ਪਾਸ ਬੁਲਾਇਆ ਤੇ ਕਿਹਾ, "ਹੇ ਪੁੱਤਰ! ਲਿਖੋ "ਹੇ ਗੁਰੂ ਜੀ! ਨਿਤ ਮੇਰੀ ਸਹਾਇਤਾ ਕਰੋ ਤੇ ਹਿਤ ਲਾ ਕੇ ਮੇਰੀ ਕਾਮਨਾ ਪੂਰੀ ਕਰੋ।" ਇਹ ਬਚਨ ਮੰਨ ਕੇ ਦੋਵੇਂ ਬੈਠ ਗਏ ਤੇ ਮਨ ਵਿਚ ਪ੍ਰੇਮ ਪਾ ਕੇ ਚਿੱਤਰ ਬਣਾਉਣ ਲੱਗ ਗਏ। ਨੌਹਾਂ ਤੋਂ ਲੈ ਕੇ ਸਿਰ ਤਕ ਘੋੜੇ ਦੀ ਸਸ਼ਤਰਾਂ ਵਸਤਰਾਂ ਸਹਿਤ ਤਸਵੀਰ ਬਣਾਉਣ ਲੱਗ ਗਏ॥੨੩॥

ਸ੍ਰੀ ਸਤਿਗੁਰੂ ਅਖੇਰ ਗਏ ਬਨ ਜੀਵ ਅਨਿਕ ਕੋ ਮੁਕਤੀ ਦੀਨਿ।
ਤੁਰੰਗ ਪਲਾਇ ਫੰਦਾਇ ਚਲਾਇ ਸੁ ਰਿਦੈ ਅਨੰਦਤਿ ਅਧਿਕ ਪ੍ਰਬੀਨ।
ਦਿਨ ਲਘੁ ਰਹਯੋ ਜਾਨਿ ਹਟਿ ਆਏ ਸੰਗ ਬਾਹਨੀ ਸਗਰੀ ਲੀਨ।
ਸਿੱਖ ਜਲੰਧਰ ਤੇ ਇਕ ਆਯੋ ਹਾਥ ਜੋਰਿ ਤਿਨ ਬਿਨਤੀ ਕੀਨਿ॥ ੨੪॥

ਫਿਰ ਗੁਰੂ ਜੀ ਸ਼ਿਕਾਰ ਖੇਡਣ ਚਲੇ ਗਏ ਤੇ ਅਨੇਕ ਜੀਵਾਂ ਨੂੰ ਮੁਕਤੀ ਬਖਸ਼ੀ। ਘੋੜੇ ਨੂੰ ਭਜਾਉਂਦੇ ਅਤੇ ਕੁਦਵਾਉਂਦੇ ਸਨ ਤੇ ਹਿਰਦੇ ਵਿਚ ਬੜੇ ਆਨੰਦ ਨਾਲ ਭਰੇ ਸਨ। ਜਦ ਥੋੜ੍ਹਾ ਦਿਨ ਰਹਿ ਗਿਆ ਤਾਂ ਸਾਰੀ ਸੈਨਾ ਲੈ ਕੇ ਵਾਪਸ ਆ ਗਏ। ਜਲੰਧਰ ਤੋਂ ਇਕ ਸਿੱਖ ਆਇਆ, ਉਸ ਨੇ ਹੱਥ ਜੋੜ ਕੇ ਬੇਨਤੀ ਕੀਤੀ॥੨੪॥

'ਸ੍ਰੀ ਪ੍ਰਭੁ! ਮਹਾਰਾਜ ਗੁਰ ਸੁਨੀਯਹਿ, ਸੈਨਾ ਆਨ ਪਰੀ ਸਮੁਦਾਇ।
ਨਗਰ ਜਲੰਧਰ ਕੇ ਚਹੁਂਗਿਰਦੇ, ਦਿਢ ਸਮਾਜ ਹਿਤ ਜੰਗ ਬਨਾਇ।
ਪੈਂਦਖਾਨ ਭੀ ਅਹੈ ਇਨਹੁ ਸੰਗ, ਕੋ ਕੋ ਕਹੈਃ-ਇਹੀ ਦਲ ਲਯਾਇ।
ਭੇਤ ਨ ਦੇਤਿ ਕਪਟ ਕਿਯ ਚਾਹਤਿ ਸੁਨ ਮੈਂ ਸੁਧ ਹਿਤ ਪਹੁੰਚਯੋ ਧਾਇ'॥੨੫॥

ਉਹ ਕਹਿਣ ਲੱਗਾ, "ਹੇ ਸ੍ਰੀ ਪ੍ਰਭੂ ਮਹਾਰਾਜ ਗੁਰੂ ਜੀ! ਸੁਣੋ, ਬਹੁਤ ਸੈਨਾ ਜਲੰਧਰ ਆ ਕੇ ਇਕੱਠੀ ਹੋਈ ਹੈ। ਜਲੰਧਰ ਦੇ ਚਾਰ-ਚੁਫੇਰੇ ਜੰਗ ਦਾ ਬਹੁਤ ਸਾਜ਼-ਸਾਮਾਨ ਲੈ ਕੇ ਬੈਠੀ ਹੈ। ਇਨ੍ਹਾਂ ਦੇ ਨਾਲ ਪੈਂਦੇ ਖਾਨ ਵੀ ਆਇਆ ਹੈ, ਕੋਈ ਕੋਈ ਕਹਿੰਦਾ ਹੈ ਕਿ ਇਹ ਹੀ ਫੌਜ ਨੂੰ ਲੈ ਕੇ ਆਇਆ ਹੈ। ਭੇਦ ਨਹੀਂ ਦਿੰਦੇ, ਕਪਟ ਕਰਨਾ ਚਾਹੁੰਦੇ ਹਨ, ਇਹ ਸੁਣ ਕੇ ਮੈਂ ਭੇਦ ਦੇਣ ਵਾਸਤੇ ਭੱਜਾ ਆਇਆ ਹਾਂ"॥੨੫॥

ਸੁਨਿ ਕਰਿ ਸਤਿਗੁਰ ਕਹਯੋ 'ਧੀਰ ਧਰਿ ਚਿੰਤਾ ਕਰਹੁ ਨਹੀਂ ਚਿਤ ਕੋਇ।
ਚਢਿ ਆਵਹਿ, ਜਮ ਸਦਨ ਸਿਧਾਵਹਿ, ਨਹਿਂ ਥਿਰਤਾ ਪਾਵਹਿ ਜਗ ਸੋਇ।
ਸ੍ਰੀ ਗੁਰ ਨਾਨਕ ਭਲੀ ਕਰਹਿ ਸਭਿ, ਬਿਘਨ ਅਨੇਕਨਿ ਤਤਛਿਨ ਖੋਇ'।
ਇਮ ਬੋਲਤਿ ਚਲਿ ਉਤਰੇ ਆਇ ਸੁ ਬਾਗ ਬਿਖੈ ਤਰੁਵਰ ਬਹੁ ਜੋਇ॥ ੨੬॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਧੀਰਜ ਧਰੋ, ਚਿੱਤ ਵਿਚ ਕਿਸੇ ਪ੍ਰਕਾਰ ਦੀ ਚਿੰਤਾ ਨਾ ਕਰੋ। ਜੇ ਚੜ੍ਹ ਕੇ ਆਉਣਗੇ ਤਾਂ ਜਮਾਂ ਦੇ ਘਰ ਵਿਚ ਭੇਜ ਦੇਵਾਂਗੇ, ਉਹ ਜਗਤ ਵਿਚ ਸਥਿਰਤਾ ਨਹੀਂ ਪਾਉਣਗੇ। ਸ੍ਰੀ ਗੁਰੂ ਨਾਨਕ ਦੇਵ ਜੀ ਸਭ ਦੀ ਭਲੀ ਕਰਨਗੇ। ਅਨੇਕਾਂ ਵਿਘਨਾਂ ਨੂੰ ਉਹ ਤੁਰਤ ਦੂਰ ਕਰ ਦਿੰਦੇ ਹਨ।" ਗੁਰੂ ਜੀ ਇਸ ਤਰ੍ਹਾਂ ਬੋਲਦੇ ਉਸ ਬਾਗ ਵਿਚ ਆ ਉਤਰੇ, ਜਿਸ ਬਾਗ ਵਿਚ ਬਹੁਤ ਦਰੱਖਤ ਸਨ॥੨੬॥

ਭਯੋ ਫਰਸ਼ ਬੈਠੇ ਗੁਰ ਤਿਹ ਛਿਨ, ਸੋ ਨਕਾਸ਼ ਮੂਰਤਿ ਲਿਖ ਲਯਾਇ।
ਬਿਧੀਚੰਦ ਕੋ ਕੀਨਿ ਦਿਖਾਵਨ ਦੇਖਤਿ ਰਹਯੋ ਰਿਦੈ ਹਰਖਾਇ।

ਤਿਨ ਤੇ ਲੈ ਗੁਰ ਅੱਗ੍ਰ ਧਰੀ ਜਬਿ ਅਵਿਲੋਕਤਿ ਸ੍ਰੀ ਮੁਖ ਮੁਸਕਾਇ।
ਲਿਖ੍ਯੋ ਤੁਰੰਗ ਨਖ ਸ਼ਿਖ ਲੌ ਸੁੰਦਰ ਭਏ ਪ੍ਰਸੰਨ ਸੁ ਬਚਨ ਅਲਾਇ॥ ੨੭॥

ਉਥੇ ਵਿਛਾਉਣਾ ਵਿਛਾ ਕੇ ਗੁਰੂ ਜੀ ਬੈਠ ਗਏ ਤੇ ਉਸ ਸਮੇਂ ਉਹ ਨਿਕਾਸ਼ ਘੋੜੇ ਦੀ ਮੂਰਤੀ ਬਣਾ ਲਿਆਇਆ। ਉਹ ਤਸਵੀਰ ਉਨ੍ਹਾਂ ਬਿਧੀ ਚੰਦ ਨੂੰ ਵਿਖਾਈ ਤੇ ਬਿਧੀ ਚੰਦ ਵੇਖ ਕੇ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ। ਉਨ੍ਹਾਂ ਪਾਸੋਂ ਤਸਵੀਰ ਲੈ ਕੇ ਗੁਰੂ ਜੀ ਦੇ ਅੱਗੇ ਧਰੀ, ਗੁਰੂ ਜੀ ਵੇਖ ਕੇ ਮੁਸਕਰਾਏ। ਉਨ੍ਹਾਂ ਘੋੜੇ ਨੂੰ ਨੌਹਾਂ ਤੋਂ ਲੈ ਕੇ ਸਿਰ ਤਕ ਬੜਾ ਸੁੰਦਰ ਵੇਖ ਕੇ ਬਹੁਤ ਪ੍ਰਸੰਨ ਹੋ ਕੇ ਬਚਨ ਕੀਤੇ॥੨੭॥

'ਆਛੀ ਕਰੀ ਹਰੀ ਭਵ ਪੀਰਾ, ਕਯੋਂ ਨ ਲਿਖਹੁ, ਪਿਖਿ ਹੋ ਬੁਧਿਵਾਨ'।
ਪਿਤਾ ਪੁੱਤ ਸੁਨਿ ਮੋਦ ਉਪੰਨਾ ਜਨਮ ਮਰਨ ਕੇ ਦੁਖ ਭਾ ਹਾਨ।
ਬਾਰ ਬਾਰ ਬੰਦਤਿ ਪਗ ਪੰਕਜ ਭਏ ਨਿਹਾਲ ਪ੍ਰੇਮ ਕੋ ਠਾਨਿ।
ਸ੍ਰੀ ਸਤਿਗੁਰ ਅਵਿਲੋਕਨ ਕਰਿਕੈ ਬਿਧੀਚੰਦ ਕੇ ਦੀਨਸਿ ਪਾਨ॥ ੨੮॥

"ਚੰਗੀ ਤਸਵੀਰ ਬਣਾਈ ਹੈ, ਆਪਣੇ ਜਨਮ ਮਰਨ ਦੀ ਪੀੜ ਦੂਰ ਕਰ ਲਈ ਹੈ। ਕਿਉਂ ਨਾ ਬਣਾਓ, ਬੜੇ ਬੁਧੀਵਾਨ ਵਿਖਾਈ ਦਿੰਦੇ ਹੋ।" ਪਿਉ-ਪੁੱਤਰ ਸੁਣ ਬਹੁਤ ਪ੍ਰਸੰਨ ਹੋਏ, ਜਨਮ ਮਰਨ ਦੇ ਦੁੱਖ ਨੂੰ ਦੂਰ ਕਰ ਲਿਆ। ਬਾਰ-ਬਾਰ ਚਰਨ ਕੰਵਲਾਂ ਤੇ ਬੰਦਨਾ ਕਰਦੇ ਸਨ ਤੇ ਪ੍ਰੇਮ ਧਾਰਨ ਕਰਕੇ ਨਿਹਾਲ ਹੋ ਗਏ। ਸਤਿਗੁਰੂ ਜੀ ਨੇ ਤਸਵੀਰ ਵੇਖ ਕੇ ਬਿਧੀ ਚੰਦ ਦੇ ਹੱਥ ਵਿਚ ਫੜਾ ਦਿੱਤੀ॥੨੮॥

ਲੇ ਗੁਰ ਬਖਸ਼ਿਸ਼ ਨਿਜ ਸਿਰ ਪਰ ਧਰਿ ਅਦਬ ਸਾਥ ਢਿਗ ਰਾਖਨਿ ਕੀਨਿ।
ਅਬਿਲੌ ਤਿਸ ਕੀ ਕੁਲ ਜੋ ਉਪਜੈ ਤਿਨ ਕੇ ਢਿਗ ਸੁੰਦਰ ਸੋ ਚੀਨਿ।
ਦਰਸ਼ਨ ਕਰਿ ਮਨ ਬਾਂਛਤਿ ਪਾਵਹਿ ਆਕ੍ਰਿਤ ਜਾਨੀ ਜਾਇ ਪ੍ਰਬੀਨ।
ਦੈਬੇ ਲਗ੍ਯੋ ਬਿਤੇਰਨਿ ਕੋ ਧਨ, ਭਏ ਦੀਨ ਮਨ ਤਿਨਹੁਂ ਨ ਲੀਨ॥ ੨੯॥

ਗੁਰੂ ਜੀ ਪਾਸੋਂ ਬਖਸ਼ਿਸ਼ ਲੈ ਕੇ ਬੜੇ ਆਦਰ ਨਾਲ ਸਿਰ ਤੇ ਧਰ ਕੇ ਆਪਣੇ ਪਾਸ ਰੱਖ ਲਈ, ਹੁਣ ਤਕ ਇਸ ਕੁਲ ਵਿਚ ਜਿਹੜਾ ਪੈਦਾ ਹੁੰਦਾ ਹੈ ਉਸ ਦੇ ਪਾਸ ਇਹ ਸੁੰਦਰ ਤਸਵੀਰ ਵੇਖੀ ਜਾਂਦੀ ਹੈ, ਇਹ ਵੀ ਸੁਣਿਆ ਕਿ ਪਿੰਡ ਸੁਰ ਸਿੰਘ ਵਿਚ ਜਿਹੜਾ ਬਿਧੀ ਚੰਦ ਦਾ ਅਸਥਾਨ ਹੈ, ਉਥੇ ਇਹ ਮੂਰਤੀ ਪਈ ਹੈ। ਉਸਦੇ ਦਰਸ਼ਨ ਕਰਕੇ ਮੂੰਹ ਮੰਗਿਆ ਫਲ ਮਿਲਦਾ ਹੈ ਤੇ ਤਸਵੀਰ ਬਹੁਤ ਉੱਤਮ ਸਮਝੀ ਜਾਂਦੀ ਹੈ। ਗੁਰੂ ਜੀ ਉਸ ਨੂੰ ਬਹੁਤ ਧਨ ਦੇਣ ਲੱਗੇ ਪਰ ਉਨ੍ਹਾਂ ਮਨ ਵਿਚ ਦੀਨ ਹੋ ਕੇ ਧਨ ਨਾ ਲਿਆ॥੨੯॥

ਦੋਹਰਾ-ਇਸ ਪ੍ਰਕਾਰ ਸ੍ਰੀ ਸਤਿਗੁਰੂ ਧੀਰਜ ਸਹਿਤ ਬਿਲੰਦ।
ਕਰਤਿ ਬਿਲਾਸ ਅਨੇਕ ਬਿਧਿ ਸੰਕਟ ਦਾਸ ਨਿਕੰਦ॥ ੩੦॥

ਇਸ ਪ੍ਰਕਾਰ ਗੁਰੂ ਜੀ ਮਹਾਨ ਧੀਰਜ ਵਾਲੇ ਸਨ। ਅਨੇਕ ਪ੍ਰਕਾਰ ਦੇ ਵਿਲਾਸ ਕਰਦੇ ਸਨ ਤੇ ਆਪਣੇ ਦਾਸਾਂ ਦੇ ਸੰਕਟ ਦੂਰ ਕਰਦੇ ਸਨ॥੩੦॥

ਉਠੇ ਬਾਗ਼ ਤੇ ਸਤਿਗੁਰੂ ਪਹੁੰਚੇ ਮੰਦਿਰ ਜਾਇ।
ਖਾਨ ਪਾਨ ਕਰਿ ਜਥਾ ਰੁਚਿ ਸੁਪਤਿ ਭਏ ਸੁਖ ਪਾਇ॥ ੩੧॥

ਗੁਰੂ ਜੀ ਬਾਗ ਵਿਚੋਂ ਉੱਠ ਕੇ ਆਪਣੇ ਘਰ ਚਲੇ ਗਏ ਤੇ ਰੁਚੀ ਅਨੁਸਾਰ ਖਾ ਪੀ ਕੇ ਸੁਖ ਸਹਿਤ ਸੌਂ ਗਏ॥੩੧॥

*ਅੱਠਵੀਂ ਰਾਸ ਦਾ ਸੋਲਵਾਂ ਅਧਿਆਇ ਸਮਾਪਤ ਹੋਇਆ॥੧੬॥*

# ਅਧਿਆਇ ਸਤਾਰ੍ਹਵਾਂ

### ਖੋਜਾ ਅਨਵਰ ਦੂਤ

ਦੋਹਰਾ- ਦਿਵਸ ਆਗਲੇ ਸਤਿਗੁਰੂ ਬੈਠੇ ਲਾਇ ਦਿਵਾਨ।
ਪਠਜੋ ਹੁਤੇ ਖੋਜਾਨਵਰ ਸੂਬੇ ਕਾਲੇ ਖਾਨ॥ ੧॥

ਅਗਲੇ ਦਿਨ ਸਤਿਗੁਰੂ ਜੀ ਦੀਵਾਨ ਲਾ ਕੇ ਬੈਠੇ ਸਨ। ਕਾਲੇ ਖਾਨ ਸੂਬੇਦਾਰ ਨੇ ਖੋਜੇ ਅਨਵਰ ਨੂੰ ਭੇਜਿਆ ਸੀ॥੧॥

ਚੌਪਈ- ਪੂਰਬ ਕਈ ਬਾਰ ਸੋ ਆਵਾ। ਕਹਿ ਵਜ਼ੀਰਖਾਂ ਜਬਹਿ ਪਠਾਵਾ।
ਗੁਰੂ ਕੇ ਸੰਗ ਮਿਲਜੋ ਬਹੁਬਾਰੀ। ਯਾਂਤੇ ਭੇਜਜੋ ਜਾਨਿ ਚਿਨਾਰੀ॥ ੨॥

ਉਹ ਪਹਿਲਾਂ ਵੀ ਕਈ ਵਾਰ ਗੁਰੂ ਜੀ ਪਾਸ ਆਇਆ ਸੀ ਤੇ ਵਜ਼ੀਰ ਖਾਂ ਉਸ ਨੂੰ ਕਹਿ ਕੇ ਭੇਜਦਾ ਸੀ। ਉਹ ਗੁਰੂ ਜੀ ਨੂੰ ਬਹੁਤ ਵਾਰ ਮਿਲਿਆ ਸੀ, ਇਸ ਕਰਕੇ ਕਾਲੇ ਖਾਨ ਨੇ ਜਾਣ ਪਹਿਚਾਣ ਹੋਣ ਕਰਕੇ ਭੇਜਿਆ ਸੀ॥੨॥

ਨਗਰ ਜਲੰਧਰ ਕੋ ਤਜਿ ਆਯੋ। ਸ੍ਰੀ ਕਰਤਾਰ ਪੁਰ ਨਿਯਰਾਯੋ।
ਤਿਹ ਛਿਨ ਮਨ ਮਹਿਂ ਕਪਟ ਬਿਚਾਰਾ। ਅਬਿ ਮੈਂ ਪਰਖੋਂ ਕਰਿ ਨਿਰਧਾਰਾ॥ ੩॥

ਜਲੰਧਰ ਨਗਰ ਨੂੰ ਛੱਡ ਕੇ ਆ ਗਿਆ ਤੇ ਕਰਤਾਰ ਪੁਰ ਦੇ ਨੇੜੇ ਆ ਗਿਆ। ਉਸ ਨੇ ਉਸ ਸਮੇਂ ਮਨ ਵਿਚ ਕਪਟ ਵਿਚਾਰਿਆ। ਹੁਣ ਮੈਂ ਗੁਰੂ ਜੀ ਨੂੰ ਪਰਖ ਕੇ ਨਿਰਧਾਰਨ ਕਰਾਂਗਾ॥੩॥

ਸ੍ਰੀ ਨਾਨਕ ਅਵਤਾਰ ਕਿ ਨਾਂਹੀ। ਕਰਾਮਾਤ ਕਾਮਲਧਰਿ ਮਾਂਹੀ।
ਪ੍ਰਥਮ ਆਵਤੋ ਮਸਲਤ ਕਰਨੇ। ਅਬਿ ਕੈ ਗੁਰੂ ਪ੍ਰਾਨ ਹਮ ਹਰਨੇ॥ ੪॥

ਇਹ ਸ੍ਰੀ ਨਾਨਕ ਦੇਵ ਜੀ ਦਾ ਅਵਤਾਰ ਹੈ ਕਿ ਨਹੀਂ, ਕੀ ਇਨ੍ਹਾਂ ਕਾਮਲ ਕਰਾਮਾਤ ਧਾਰਨ ਕੀਤੀ ਹੈ। ਪਹਿਲਾਂ ਹੀ ਸਲਾਹ ਕਰਨ ਵਾਸਤੇ ਆਉਂਦਾ ਸੀ ਹੁਣ ਮੈਂ ਗੁਰੂ ਜੀ ਦੇ ਪ੍ਰਾਣ ਲੈਣੇ ਹਨ॥੪॥

ਇਮ ਬਿਚਾਰ ਕਰਿ ਦੁਇ ਦੀਨਾਰ। ਦੋਨਹੁਂ ਹਾਥਨਿ ਪਰ ਤਬਿ ਧਾਰਿ।
ਤਰੇ ਹਾਥ ਕਰਿ ਏਕ ਛਪਾਈ। ਇਕ ਕਰ ਊਪਰ ਦੇਹਿ ਦਿਖਾਈ॥ ੫॥

ਇਹ ਵਿਚਾਰ ਕੇ ਦੋ ਅਸਰਫੀਆਂ ਦੋਹਾਂ ਹੱਥਾਂ ਵਿਚ ਧਾਰਨ ਕਰ ਲਈਆਂ। ਇਕ ਹੱਥ ਦੇ ਥੱਲੇ ਛੁਪਾ ਲਈ, ਇਕ ਉਪਰ ਕਰਕੇ ਵਿਖਾ ਦਿੱਤੀ॥੫॥

ਜੇ ਅਜਮਤ, ਲੌਂ ਦੋਨਹੁਂ ਜਾਨ। ਅਪਨੀ ਭੇਟ ਧਰਾਇਂ ਬਖਾਨਿ।
ਸਭਾ ਬਿਖੈ ਜਹਿਂ ਬੈਠੇ ਸੁਨੇ। ਪਹੁਂਚਜੋ ਗੀਦੀ ਤਰਕਤਿ ਘਨੇ॥ ੬॥

ਜੇ ਇਨ੍ਹਾਂ ਵਿਚ ਕਰਾਮਾਤ ਹੈ ਤਾਂ ਦੋਵੇਂ ਜਾਣ ਕੇ ਲੈ ਲੈਣ ਤੇ ਆਪਣੀ ਭੇਟ ਕਹਿ ਕੇ ਧਰਾ ਲੈਣ। ਸਭਾ ਵਿਚ ਜਿਥੇ ਬੈਠੇ ਸੁਣ, ਉਥੇ ਕਾਇਰ ਹੁਜਤਾਂ ਕਰਦਾ ਪਹੁੰਚ ਗਿਆ॥੬॥

ਉਤਰਿ ਤੁਰੰਗ ਤੇ ਗਯੋ ਅਗਾਰੀ। ਤਿਮ ਦੀਨਾਰ ਹਾਥ ਪਰ ਧਾਰੀ।
ਜਬਿ ਸਤਿਗੁਰੂ ਕੋ ਨਜ਼ਰ ਦਿਖਾਈ। ਕੀਨਿ ਬਿਲੋਕਨ ਭਨਜੋ ਸੁਨਾਈ॥ ੭॥

'ਆਵਹੁ ਖਾਨ! ਸੁਮਤਿ ਬਿਪਰੀਤੀ। ਕਰੀ ਪ੍ਰਥਮ ਤੇ ਅਪਰ ਅਨੀਤੀ'।
ਕਹੈ 'ਸੁ ਅਬਿ ਲੌ ਪਹੁੰਚਯੋ ਆਇ ਨ। ਕਹਾਂ ਕੁਮਤਿ ਕਿਯ, ਦੇਹੁ ਬਤਾਵਨ' ॥੮॥

ਖਾਨ! ਆਵੋ, ਮੱਤ ਬੜੀ ਉਲਟੀ ਕੀਤੀ ਹੈ, ਪਹਿਲਾਂ ਤੋਂ ਹੀ ਪੁੱਠੀ ਨੀਤ ਕਰ ਲਈ ਹੈ।" ਕਹਿਣ ਲੱਗਾ, "ਹੁਣ ਤਕ ਤਾਂ ਮੈਂ ਪਹੁੰਚਿਆ ਵੀ ਨਹੀਂ ਹਾਂ, ਮੈਂ ਕਿੱਥੇ ਮਾੜੀ ਮਤ ਕੀਤੀ ਹੈ, ਮੈਨੂੰ ਦੱਸ ਦੇਵੋ" ॥੮॥

ਸੁਨਿ ਗੁਰ ਉਚਰਯੋ, ਜਬਿ ਜੁਗ ਫੂਟੈਂ। ਤਿਸ ਕੋ ਸ਼ੱਤ੍ਰੂ ਤੁਰਤ ਹੀ ਕੂਟੈਂ।
ਘਰ ਲਗਿ ਜਾਨਿ ਨ ਦੇਹਿਂ ਸੁਜਾਨ। ਪਹੁੰਚਹਿਂ ਤੁਰਤ ਕਰਹਿਂ ਤਿਸ ਹਾਨ ॥੯॥

ਇਹ ਸੁਣ ਗੁਰੂ ਜੀ ਨੇ ਕਿਹਾ, "ਇਸ ਵਿਚ ਤਿੰਨ ਭਾਵ ਹਨ, ਇਕ ਰਾਜਨੀਤੀ ਦਾ ਸੱਚ ਕਿਹਾ ਹੈ ਕਿ ਜਦ ਕੋਈ ਜੋੜੀ ਆਪੋ ਵਿਚ ਪਾਟ ਜਾਵੇ ਤਾਂ ਦੋਵੇਂ ਨਿਰਬਲ ਹੋ ਕੇ ਮਾਰੇ ਜਾਂਦੇ ਹਨ, ਦੂਜੇ ਨਰਦਾਂ ਜੋਟੇ ਫੁੱਟਣ ਨਾਲ ਛੇਤੀ ਮਰਦੀਆਂ ਹਨ ਤੇ ਅਸਲ ਮੁਰਾਦ ਹੈ ਕਿ ਅਸ਼ਰਫੀਆਂ ਦਾ ਜੋੜਾ ਤੂੰ ਵੱਖ-ਵੱਖ ਕਰ ਦਿੱਤਾ ਹੈ ਇਹ ਤੁਹਾਡੀ ਹਾਨੀ ਦਾ ਚਿੰਨ੍ਹ ਹੈ ॥੯॥

ਯਾਂਤੇ ਤੁਮ ਕੋ ਭਯੋ ਕੁਸੈਨ। ਮੁਸ਼ਕਲ ਮਹਾਂ ਪਹੁਚਿਬੇ ਭੈਨ।
ਸ਼੍ਰੀ ਗੁਰ ਨਾਨਕ ਕੋ ਘਰ ਅਗਮ। ਇਹਾਂ ਨ ਚਲਹਿ ਸ਼ੱਤ੍ਰੂ ਕੋ ਛਦਮ ॥੧੦॥

ਇਸ ਕਰਕੇ ਜਿਹੜਾ ਅਸ਼ਰਫੀਆਂ ਦੇ ਜੋੜੇ ਨੂੰ ਨਖੇੜਿਆ ਹੈ ਇਹ ਕੁਸ਼ਗਨ ਹੋਇਆ ਹੈ, ਹੁਣ ਤੂੰ ਘਰ ਨਹੀਂ ਅੱਪੜੇਂਗਾ। ਸ੍ਰੀ ਗੁਰੂ ਨਾਨਕ ਦਾ ਘਰ ਅਗਮ ਹੈ, ਏਥੇ ਵੈਰੀ ਦਾ ਛੱਲ ਨਹੀਂ ਚਲਦਾ ਹੈ ॥੧੦॥

ਕਰਾਮਾਤ ਕਾਮਲ ਬੱਖਜਾਤੀ। ਤਿਸ ਕੋ ਦੇਨਿ ਕਹਿਰ ਸੱਖਜਾਤੀ।
ਜੇ ਗੀਦੀ ਚਿਤ ਚਾਹਹਿ ਕੋਇ। ਜਲ ਕਨ ਉਦਧਿ ਨ ਘਾਟੋ ਹੋਇ' ॥੧੧॥

ਇਹ ਘਰ ਕਰਾਮਾਤ ਵਿਚ ਕਾਮਲ ਪ੍ਰਗਟ ਹੈ, ਕਰਾਮਾਤ ਦਾ ਦੇਣਾ ਕਹਿਰ ਸਾਖਿਆਤ ਕਰਨਾ ਹੈ। ਜੇ ਕੋਈ ਕਾਇਰ ਚਿੱਤ ਵਿਚ ਚਾਹੇ ਤਾਂ ਇਕ ਬੂੰਦ ਨਿਕਲਣ ਨਾਲ ਸਮੁੰਦਰ ਨੂੰ ਕੋਈ ਘਾਟਾ ਨਹੀਂ ਪੈਂਦਾ ਹੈ, ਕਿਉਂਕਿ ਗੁਰੂ ਘਰ ਤਾਂ ਇਕ ਸਮੁੰਦਰ ਹੈ" ॥੧੧॥

ਤੁਰਕ ਸੁਨਤਿ ਮਨ ਮੈਂ ਬਿਸਮਾਯੋ। ਛਿਮਾ ਹੇਤੁ ਕਰ ਜੋਰਿ ਅਲਾਯੋ।
'ਧੰਨ! ਧੰਨ! ਪੂਰਨ ਗੁਰ ਅਹੋ। ਸਭਿ ਘਟਿ ਘਟਿ ਕੀ ਜਾਨਤਿ ਅਹੋ ॥੧੨॥

ਤੁਰਕ ਸੁਣ ਕੇ ਮਨ ਵਿਚ ਬਹੁਤ ਹੈਰਾਨ ਹੋਇਆ, ਮੁਆਫ਼ੀ ਵਾਸਤੇ ਹੱਥ ਜੋੜ ਕੇ ਬੋਲਿਆ। "ਧੰਨ! ਧੰਨ! ਤੁਸੀਂ ਪੂਰਨ ਗੁਰੂ ਹੋ, ਸਭ ਘਟ-ਘਟ ਦੀ ਜਾਣਦੇ ਹੋ ॥੧੨॥

ਹੁਈ ਸੁ ਬਿਤੀ ਛਿਮਹੁ ਅਪਰਾਧੂ। ਸਰਲ ਸੁਭਾਉ ਸਦਾ ਸਮ ਸਾਧੂ'।
ਤਬਿ ਸਤਿਗੁਰ ਕਹਿ ਅੱਗ੍ਰ ਹਟਾਯੋ। ਇਕ ਦਿਸ਼ਿ ਮਹਿਂ ਕਹਿ ਤਾਂਹਿ ਬਿਠਾਯੋ ॥੧੩॥

ਜੋ ਹੋਈ ਬੀਤੀ ਹੈ ਮੇਰਾ ਅਪਰਾਧ ਮੁਆਫ਼ ਕਰੋ, ਤੁਹਾਡਾ ਸਾਧੂਆਂ ਵਾਂਗ ਸਦਾ ਸਰਲ ਸੁਭਾਅ ਹੈ।" ਤਦ ਸਤਿਗੁਰੂ ਜੀ ਨੇ ਕਹਿ ਕੇ ਆਪਣੇ ਸਾਹਮਣੇ ਤੋਂ ਹਟਾਇਆ, ਇਕ ਪਾਸੇ ਕਹਿ ਕੇ ਬਿਠਾ ਦਿੱਤਾ ॥੧੩॥

ਸੰਗਤਿ ਕੁਛਕ ਤਬਹਿ ਚਲਿ ਆਈ। ਦਰਸ਼ਨ ਕਰਨਿ ਭੇਟ ਬਹੁ ਲਜਾਈ।
ਕਰਿ ਕਰਿ ਬੰਦਨ ਅੱਗ੍ਰ ਚਢਾਵੈ। ਜੋਰਤਿ ਹਾਥ ਕਾਮਨਾ ਪਾਵੈ ॥੧੪॥

ਤਦ ਕੁਝ ਸੰਗਤ ਚਲ ਕੇ ਆ ਗਈ, ਦਰਸ਼ਨ ਕਰਨ ਵਾਸਤੇ ਉਹ ਬਹੁਤ ਭੇਟਾਵਾਂ ਲੈ ਕੇ ਆਏ। ਬੰਦਨਾ ਕਰ-ਕਰ ਭੇਟਾਵਾਂ ਚੜ੍ਹਾਉਂਦੇ ਸਨ, ਹੱਥ ਜੋੜ ਕੇ ਕਾਮਨਾਵਾਂ ਪਾਉਂਦੇ ਸਨ ॥੧੪॥

ਸ਼ਸਤ੍ਰ ਬਸਤ੍ਰ ਭੂਖਨ ਨਗ ਜਰੇ। ਅਨਿਕ ਤੁਰੰਗਮ ਕੀਨਸਿ ਖਰੇ।
ਜਬਹਿ ਅਕੋਰਨ ਲਗੋ ਅੰਬਾਰੂ। ਉਰ ਬਿਸਮਾਨਜੋ ਤੁਰਕ ਉਦਾਰੂ॥ ੧੫॥

ਸ਼ਸਤਰ, ਵਸਤਰ, ਨਗਾਂ ਨਾਲ ਜੜੇ ਗਹਿਣੇ ਤੇ ਅਨੇਕਾਂ ਘੋੜੇ ਲਿਆ ਕੇ ਖੜੇ ਕਰ ਦਿੱਤੇ। ਜਦ ਉਪਹਾਰਾਂ ਦਾ ਢੇਰ ਲੱਗ ਗਿਆ ਤਾਂ ਤੁਰਕ ਅਨਵਰ ਖਾਂ ਬਹੁਤ ਹੈਰਾਨ ਹੋਇਆ॥੧੫॥

ਸ਼ਾਹੁ ਮੁਲਖ ਮਾਲਿਕ ਜੋ ਅਹੈ। ਏਤੋ ਧਨ ਨਿਤਪ੍ਰਤਿ ਨਹਿਂ ਲਹੈ।
ਜਬਰੀ ਕਰਹਿ ਪ੍ਰਜਾ ਤੇ ਲੇਤਿ। ਦੁਖੀ ਹੋਇ ਜੇਤਿਕ ਨਰ ਦੇਤਿ॥ ੧੬॥

ਬਾਦਸ਼ਾਹ ਜਿਹੜਾ ਕਈ ਦੇਸ਼ਾਂ ਦਾ ਮਾਲਕ ਹੈ, ਏਨਾ ਧਨ ਤਾਂ ਉਸ ਨੂੰ ਰੋਜ਼ ਪ੍ਰਾਪਤ ਨਹੀਂ ਹੁੰਦਾ ਹੈ। ਉਹ ਜ਼ਬਰਦਸਤੀ ਪਰਜਾ ਪਾਸੋਂ ਧਨ ਲੈਂਦਾ ਹੈ, ਸਾਰੇ ਮਨੁੱਖ ਦੁਖੀ ਹੋ ਕੇ ਧਨ ਦਿੰਦੇ ਹਨ॥੧੬॥

ਧਨੀ ਕਿ ਰੰਕ ਇਹਾਂ ਧਨ ਲਜਾਵੈਂ। ਅਰਪਿ ਅਨੰਦਤਿ ਸੀਸ ਨਿਵਾਵੈਂ।
ਕਰ ਜੋਰਤਿ ਪੁਨ ਬਿਨੈ ਬਖਾਨੈਂ। 'ਯਾ ਖ਼ੁਦਾਇ! ਧਨ ਆਇ ਮਹਾਨੈ'॥੧੭॥

ਧਨੀ ਜਾਂ ਗਰੀਬ ਸਾਰੇ ਏਥੇ ਧਨ ਲਿਆਉਂਦੇ ਹਨ, ਧਨ ਅਰਪਣ ਕਰਕੇ ਸਿਰ ਨਿਵਾ ਕੇ ਪ੍ਰਸੰਨ ਹੁੰਦੇ ਹਨ। ਹੱਥ ਜੋੜ ਕੇ ਫਿਰ ਬੇਨਤੀ ਕਰਦੇ ਹਨ, "ਹੇ ਖ਼ੁਦਾ! ਮਹਾਨ ਧਨ ਆਵੇ"॥੧੭॥

ਇੱਤਜਾਦਿਕ ਬਹੁ ਰਿਦੇ ਬਿਚਾਰਾ। ਤਬਿ ਲੌਂ ਏਕ ਸਿੱਖ ਸੁਨਿਆਰਾ।
ਅਚਰਜ ਚੌਪਰ ਧਰਜੋ ਅਗਾਰੀ। ਬਸਤ੍ਰ ਬਚਿੱਤ੍ਰ ਰਚਜੋ ਚਿਤਕਾਰੀ॥ ੧੮॥

ਇੱਤਆਦਿ ਬਹੁਤ ਹਿਰਦੇ ਵਿਚ ਵਿਚਾਰ ਕੀਤੀ, ਤਬ ਤਕ ਇਕ ਸੁਨਿਆਰਾ ਸਿੱਖ ਆ ਗਿਆ। ਉਸ ਨੇ ਇਕ ਅਸਚਰਜ ਚੌਪੜ ਗੁਰੂ ਜੀ ਅੱਗੇ ਧਰ ਦਿੱਤਾ। ਵਚਿਤਰ ਕੱਪੜੇ ਤੇ ਚਿਤ੍ਰਕਾਰੀ ਕੀਤੀ ਹੋਈ ਸੀ॥੧੮॥

ਡਲ ਕੰਚਨ ਕੇ ਨਗ ਵਿਚ ਜਰੇ। ਅਨਿਕ ਰੰਗ ਕੇ ਦੀਪਤਿ ਖਰੇ।
ਚਾਮੀਕਰ ਕੀ ਨਰਦ ਬਿਸਾਲਾ। ਚੂਨੀ ਜਰੀ ਜਿਨਹੁੰ ਮਹਿਂ ਜਾਲਾ॥ ੧੯॥

ਚੋਪੜ ਦੇ ਪਾਸਿਆਂ ਵਿਚ ਸੋਨੇ ਦੇ ਨਗ ਜੜੇ ਹੋਏ ਸਨ, ਅਨੇਕ ਰੰਗਾਂ ਦੇ ਬਣੇ ਹੋਏ ਖੜੇ ਕੀਤੇ ਚਮਕ ਰਹੇ ਸਨ। ਨਰਦ ਸੋਨੇ ਦੇ ਬਣੇ ਹੋਏ ਸਨ ਅਤੇ ਇਨ੍ਹਾਂ ਨਰਦਾਂ ਵਿਚ ਸਾਰੇ ਰਤਨਾਂ ਦੇ ਟੁਕੜੇ ਜੜੇ ਹੋਏ ਸਨ॥੧੯॥

ਬਹੁਤ ਮੋਲ ਕੋ ਬਨਜੋ ਅਜਾਇਬ। ਅਰਪਜੋ ਆਨਿ ਅੱਗ੍ਰ ਗੁਰੁ ਸਾਹਿਬ।
ਸੋ ਦੇਖਤਿ ਇਕਠੋ ਕਰਿਵਾਯੋ। ਲੇ ਪ੍ਰਭੁ ਜ਼ਾਨੂ ਤਰੇ ਟਿਕਾਯੋ॥ ੨੦॥

ਬਹੁਤ ਮੁਲ ਦਾ ਅਜੀਬ ਬਣਿਆ ਹੋਇਆ ਸੀ, ਉਸ ਨੇ ਲਿਆ ਕੇ ਗੁਰੂ ਜੀ ਨੂੰ ਅਰਪਣ ਕਰ ਦਿੱਤਾ। ਉਸ ਨੂੰ ਵੇਖ ਕੇ ਗੁਰੂ ਜੀ ਨੇ ਇਕੱਠਾ ਕਰਵਾਇਆ। ਲੈ ਕੇ ਗੁਰੂ ਜੀ ਨੇ ਗੋਡੇ ਥੱਲੇ ਟਿਕਾ ਲਿਆ॥੨੦॥

ਜਬਿ ਸਭਿ ਸੰਗਤਿ ਦਰਸ਼ਨ ਕੀਨਿ। ਸਰਬ ਅਕੋਰ ਅਰਪਿ ਕਰਿ ਦੀਨਿ।
ਬੈਠੇ ਮਨੋ ਕਾਮਨਾ ਪਾਇ। ਤਬਿ ਅਨਵਰ ਬੋਲਜੋ ਇਸ ਭਾਇ॥ ੨੧॥

ਜਦ ਸਾਰੀ ਸੰਗਤ ਨੇ ਦਰਸ਼ਨ ਕਰ ਲਏ, ਸਾਰਿਆਂ ਨੇ ਉਪਹਾਰ ਅਰਪਣ ਕਰ ਦਿੱਤੇ। ਬੈਠ ਕੇ ਮਾਨੋਂ ਸਭ ਨੇ ਆਪਣੀ ਕਾਮਨਾ ਪਾ ਲਈ। ਤਦ ਅਨਵਰ ਇਸ ਪ੍ਰਕਾਰ ਬੋਲਿਆ॥੨੧॥

'ਸੁਨਹੁ ਪੀਰ! ਕਜਾ ਮਨ ਮਹਿਂ ਭਾਯੋ। ਥੋ ਰੁਖ ਤੋਰ ਹਮਹਿਂ ਦਿਖਰਾਯੋ।
ਮਿਲਤੇ ਪ੍ਰੀਤਿ ਸਮੇਤ ਹਮੇਸ਼। ਦੇਨਿ ਲੇਨਿ ਕਰਿ ਕਾਰ ਅਸ਼ੇਸ਼॥ ੨੨॥

"ਹੇ ਪੀਰ ਜੀ! ਸੁਣੋ, ਤੁਹਾਡੇ ਮਨ ਵਿਚ ਕੀ ਭਾਇਆ ਹੈ, ਇਸ ਵਾਰ ਮੈਨੂੰ ਬੜੀ ਬੇ-ਰੁਖੀ ਵਿਖਾਈ ਹੈ। ਸਦਾ ਹੀ ਬੜੀ ਪ੍ਰੀਤ ਨਾਲ ਮਿਲਦੇ ਸੀ। ਦੇਣ ਲੈਣ ਦੀ ਸਦਾ ਕਾਰ ਕਰਦੇ ਸੀ॥੨੨॥

ਅਬਿ ਕੇ ਲਈ ਨਜ਼ਰ ਭੀ ਨਹੀਂ। ਅਪਰ ਬਾਤ ਕਰਨੀ ਕਿਤ ਰਹੀ।
ਗਨ ਰੰਕਨਿ ਕੀ ਦ੍ਰਿਸ਼ ਰੁਖ ਕਰੋ। ਲੇ ਲੇ ਨਜ਼ਰ ਸੰਭਾਰਨ ਧਰੋ'॥ ੨੩॥

ਹੁਣ ਨਜ਼ਰ ਭਰ ਕੇ ਵੀ ਨਹੀਂ ਵੇਖਿਆ, ਹੋਰ ਗੱਲ ਕਰਨੀ ਤਾਂ ਕਿਤੇ ਰਹੀ। ਆਮ ਲੋਕਾਂ ਵਲ ਹੀ ਰੁਖ ਕੀਤਾ ਹੈ। ਨਜ਼ਰਾਨੇ ਲੈ-ਲੈ ਕੇ ਸੰਭਾਲ ਰਹੇ ਹੋ"॥੨੩॥

ਕਹਿ ਸ੍ਰੀ ਹਰਿ ਗੋਬਿੰਦ ਸੁਜਾਨਾ। 'ਸੁਨਹੁ ਖਾਨ' ਸਭਿ ਕਰਹਿਂ ਬਖਾਨਾ।
ਰੀਤਿ ਪ੍ਰੀਤਿ ਕੀ ਸਮ ਪੈ ਪਾਨੀ। ਮਿਲਤਿ ਹੋਤਿ ਹੈਂ ਏਕ ਸਮਾਨੀ॥ ੨੪॥

ਸ੍ਰੀ ਹਰਿਗੋਬਿੰਦ ਜੀ ਨੇ ਫੁਰਮਾਇਆ, "ਹੇ ਖਾਨ! ਸੁਣੋ, ਸਭ ਕੁਝ ਬਿਆਨ ਕਰਦੇ ਹਾਂ। ਪ੍ਰੀਤ ਦੀ ਰੀਤ ਦੁੱਧ ਪਾਣੀ ਵਾਂਗ ਹੈ। ਦੋਵੇਂ ਮਿਲ ਕੇ ਇਕ ਸਮਾਨ ਹੋ ਜਾਂਦੇ ਹਨ॥੨੪॥

ਜਬਿ ਮੇਲਹਿ ਕੋ ਕਪਟ ਖਟਾਈ। ਲਗਹਿ ਨ ਬਿਲਮ ਤੁਰਤ ਬਿਲਗਾਈ।
ਬਹੁਰ ਨ ਮਿਲਹਿ ਅਨੇਕ ਜਤਨ ਤੇ। ਤਥਾ ਫਰਕ ਪਰਿਹੈ ਮਨ ਮਨ ਤੇ॥੨੫॥

ਜਦ ਉਸ ਵਿਚ ਕੋਈ ਕਪਟ ਰੂਪੀ ਖਟਾਸ ਪਾ ਦਿੰਦਾ ਹੈ ਤਾਂ ਫਿਰ ਦੇਰ ਨਹੀਂ ਲੱਗਦੀ ਤੁਰਤ ਫੱਟ ਜਾਂਦਾ ਹੈ। ਫਿਰ ਅਨੇਕਾਂ ਯਤਨ ਕਰਨ ਨਾਲ ਵੀ ਦੁਬਾਰਾ ਮਿਲਦਾ ਨਹੀਂ ਹੈ, ਉਸ ਤਰ੍ਹਾਂ ਮਨ ਮਨ ਵਿਚ ਫਰਕ ਪਿਆ ਹੈ॥੨੫॥

ਪੈ ਪਾਨੀ ਨ ਖਟਾਈ ਸਹੈ। ਤਥਾ ਕਪਟ ਤੇ ਪ੍ਰੀਤ ਨ ਰਹੈ।
ਇਮ ਬਿਚਾਰ ਕਰਿ ਹੂਜੈ ਮੋਨ। ਨਤੁ ਉਘਰਤਿ ਜੈ ਹੈ ਛਲ, ਜੋਨ'॥ ੨੬॥

ਜਿਵੇਂ ਦੁੱਧ ਪਾਣੀ ਖਟਾਈ ਨੂੰ ਨਹੀਂ ਸਹਾਰ ਸਕਦੇ ਹਨ, ਉਸ ਤਰ੍ਹਾਂ ਹੀ ਕਪਟ ਨਾਲ ਪ੍ਰੀਤ ਨਹੀਂ ਰਹਿੰਦੀ ਹੈ। ਇੰਝ ਵਿਚਾਰ ਕੇ ਚੁੱਪ ਹੋ ਜਾਵੋ, ਨਹੀਂ ਤਾਂ ਜਿਹੜਾ ਛਲ ਹੈ, ਉਹ ਖੁਲ੍ਹ ਜਾਵੇਗਾ"॥੨੬॥

ਸੁਨਿ ਅਨਵਰ ਸੋ ਤਜਜੋ ਪ੍ਰਸੰਗ। ਬਹੁਰ ਮਿਲਨ ਹਿਤ ਕਹਿ ਗੁਰੁ ਸੰਗ।
'ਬੈਠੇ ਬੋਲਤਿ ਪ੍ਰਾਪਤਿ ਭੇਤਿ। ਤੂਸ਼ਨਿ ਕਰੇ ਨਹੀ ਕੁਛ ਦੇਤਿ'॥ ੨੭॥

ਇਹ ਸੁਣ ਕੇ ਅਨਵਰ ਨੇ ਪ੍ਰਸੰਗ ਛੱਡ ਦਿੱਤਾ। ਗੁਰੂ ਜੀ ਨੂੰ ਫਿਰ ਮਿਲਣ ਬਾਰੇ ਸੋਚਣ ਲੱਗਾ, "ਬੈਠ ਕੇ ਬੋਲਣ ਨਾਲ ਭੇਦ ਮਿਲਦਾ ਹੈ, ਚੁੱਪ ਕੀਤਿਆਂ ਕੋਈ ਕਿਸੇ ਪ੍ਰਕਾਰ ਦਾ ਵੀ ਭੇਦ ਨਹੀਂ ਦਿੰਦਾ"॥੨੭॥

'ਸੁਨਹੁ ਪੀਰ ਜੀ! ਚੌਪਰ ਚਾਰੂ। ਜਾਨੂੰ ਤਰੇ ਧਰਜੋ ਸੰਭਾਰੂ।
ਅਦਭੁਤ ਬਨਜੋ ਪਿਖਿਨਿ ਲਲਚਾਵੇਂ। ਤੁਮ ਸੋਂ ਬਾਜ਼ੀ ਖੇਲ ਮਚਾਵੇਂ॥ ੨੮॥

ਫਿਰ ਕਹਿਣ ਲੱਗਾ, "ਹੇ ਪੀਰ ਜੀ! ਸੁਣੋ, ਸੁੰਦਰ ਚੋਪੜ ਨੂੰ ਤੁਸੀਂ ਸੰਭਾਲ ਕੇ ਗੋਡੇ ਥੱਲੇ ਰਖਿਆ ਹੈ। ਬੜਾ ਅਦਭੁਤ ਬਣਿਆ ਹੈ, ਵੇਖਣ ਨੂੰ ਜੀਅ ਲਲਚਾਉਂਦਾ ਹੈ, ਤੁਹਾਡੇ ਨਾਲ ਇਕ ਬਾਜ਼ੀ ਖੇਡਾਂਗਾ॥੨੮॥

ਧਰਿਯਹਿ ਧਨ ਨਿਜ ਦਾਵ ਵਿਚਾਰੀ। ਖੇਲਤਿ ਜੈ ਲਿਹੁਂ ਕੈ ਦਿਹੁਂ ਹਾਰੀ'।
ਸੁਨਿ ਸ੍ਰੀ ਹਰਿਗੋਬਿੰਦ ਉਚਾਰੀ। 'ਇਹ ਤੋ ਖੇਲਹਿਂ ਜੂਪ ਜੁਆਰੀ॥ ੨੯॥

ਨਿਜ ਦਾਵ ਵਿਚਾਰ ਕੇ ਧਨ ਧਰੋ, ਖੇਡ ਕੇ ਜਿੱਤ ਲਵੋ ਜਾਂ ਹਾਰ ਦੇਵੋ।" ਇਹ ਸੁਣ ਸ੍ਰੀ ਹਰਿਗੋਬਿੰਦ ਨੇ ਕਿਹਾ, "ਇਹ ਤਾਂ ਜੂਆ ਹੈ ਜਿਸ ਨੂੰ ਜੁਆਰੀਏ ਖੇਡਦੇ ਹਨ॥੨੯॥

ਹਮ ਅਲਾਹ ਕੇ ਫਕਰ ਬਿਸਾਲੇ। ਭਲ ਉਪਦੇਸ਼ਤਿ ਭਲੇ ਸੰਭਾਲੇ।
ਜੇ ਕਰਿ ਚਿਤ ਪਰਚਾ ਤੁਮ ਧਰੋ। ਬਿਨਾ ਦਾਵ ਧਨ ਖੇਲਨ ਕਰੋ' ॥ ੩੦॥

ਅਸੀਂ ਅਲਾਹ ਦੇ ਵੱਡੇ ਫਕੀਰ ਹਾਂ, ਭਲਾ ਉਪਦੇਸ਼ ਦਿੰਦੇ ਹਾਂ ਤੇ ਭਲਾ ਹੀ ਸੰਭਾਲਦੇ ਹਾਂ। ਜੇ ਚਿਤ ਵਿਚ ਤੁਸੀ ਖੇਡਣਾ ਚਾਹੁੰਦੇ ਹੋ ਤਾਂ ਕਿਸੇ ਦਾਵ ਤੋਂ ਬਗੈਰ ਖੇਡ ਲਵੋ'' ॥੩੦॥

ਅਨਵਰ ਭਨੇ 'ਛੂਛ ਨਹਿਂ ਆਛੋ। ਕੁਛ ਧਰਿ ਕਰਿ ਖੇਲਨ ਚਿਤ ਬਾਂਛੋ'।
ਜਾਨਿ ਖਾਨ ਕੀ ਅਧਿਕ ਖੁਟਾਈ। ਕਹਜੋ ਗੁਰੂ 'ਹਮ ਚਾਹਿ ਨ ਕਾਈ ॥ ੩੧ ॥

ਅਨਵਰ ਨੇ ਕਿਹਾ, ''ਖਾਲੀ ਖੇਡਣਾ ਚੰਗਾ ਨਹੀਂ, ਕੁਝ ਧਰ ਕੇ ਚਿੱਤ ਵਿਚ ਖੇਡਣਾ ਚਾਹੁੰਦਾ ਹਾਂ।'' ਖਾਨ ਦੇ ਵੱਡੇ ਕਪਟ ਨੂੰ ਜਾਣ ਕੇ ਗੁਰੂ ਜੀ ਨੇ ਕਿਹਾ, ''ਅਸੀਂ ਕੁਝ ਨਹੀਂ ਚਾਹੁੰਦੇ ਹਾਂ ॥੩੧॥

ਕਰਹੁ ਆਪ ਜੈਸੇ ਮਨ ਭਾਵੈ। ਪ੍ਰਾਪਤਿ ਹਾਰ, ਜੀਤ ਨਹਿਂ ਪਾਵੈਂ'।
ਅਸ ਕਹਿ ਚੌਪਰ ਅੱਗ੍ਰ ਬਿਛਾਯੋ। ਬੈਠਜੋ ਸਮੁਖ ਮੂਢ ਹਰਖਾਯੋ॥ ੩੨ ॥

ਤੁਸੀਂ ਉਸ ਤਰ੍ਹਾਂ ਕਰੋ ਜਿਵੇਂ ਤੁਹਾਡੇ ਮਨ ਵਿਚ ਭਾਉਂਦਾ ਹੈ, ਹਾਰ ਜਾਵੇਂਗਾ, ਜਿੱਤ ਨਹੀਂ ਸਕੇਂਗਾ'' ਇਸ ਤਰ੍ਹਾਂ ਕਹਿ ਕੇ ਚੌਪੜ ਅੱਗੇ ਵਿਛਾ ਦਿੱਤੀ। ਮੂਰਖ ਅਨਵਰ ਸਾਹਮਣੇ ਬੈਠ ਕੇ ਬਹੁਤ ਪ੍ਰਸੰਨ ਹੋਇਆ ॥੩੨॥

ਚਿਤਵਹਿ 'ਖੇਲਨ ਵਿੱਦਜਾ ਮੇਰੇ। ਚਹੌਂ ਸੁ ਲਜਾਵੋਂ ਡਲ ਕੋ ਗੇਰੇ।
ਸ਼ਾਹੁ ਸਭਾ ਮਹਿਂ ਜੀਤਤਿ ਰਹਜੋ। ਅਨਿਕ ਬਾਰ ਧਨ ਮੈਂ ਬਹੁ ਲਹਜੋ॥ ੩੩ ॥

ਚਿਤ ਵਿਚ ਸੋਚਦਾ ਹੈ, ''ਖੇਡਣ ਦੀ ਵਿਦਿਆ ਮੈਨੂੰ ਆਉਂਦੀ ਹੈ, ਪਾਸੇ ਸੁੱਟ ਕੇ ਜਿਹੜਾ ਵੀ ਦਾਵ ਚਾਹਾਂਗਾ ਪਾ ਲਵਾਂਗਾ। ਬਾਦਸ਼ਾਹ ਦੀ ਸਭਾ ਵਿਚ ਜਿੱਤਦਾ ਰਿਹਾ ਹਾਂ, ਅਨੇਕ ਬਾਰ ਬਹੁਤ ਧਨ ਲਿਆ ਹੈ ॥੩੩॥

ਅਪਰ ਬਾਤ ਮੈਂ ਦਾਵ ਨ ਖਾਵੈ। ਚੌਪਰ ਖੇਲਤਿ ਦਰਬ ਹਰਾਵੈ।
ਉਠੋਂ ਜੀਤ ਕਰਿ ਜੇ ਧਨ ਸੰਗ। ਤੋ ਲਖਿ ਹੌਂ ਗੁਰ ਹਾਰਹਿ ਜੰਗ ॥ ੩੪ ॥

ਹੋਰ ਕਿਸੇ ਗੱਲ ਵਿਚ ਦਾਵ ਨਹੀਂ ਖਾਣਗੇ, ਚੌਪੜ ਖੇਡ ਕੇ ਧਨ ਹਰਾਉਣਗੇ। ਜੇ ਧਨ ਸਹਿਤ ਜਿੱਤ ਕੇ ਉਠਾਂਗਾ ਤਾਂ ਇਹ ਸਮਝਾਂਗਾ, ਗੁਰੂ ਜੀ ਜੰਗ ਹਾਰ ਜਾਣਗੇ'' ॥੩੪॥

ਦਾਵ ਪੰਚ ਸੈ ਦਰਬ ਲਗਾਇਵ। ਤਬਿ ਸਤਿਗੁਰੁ ਡਲ ਡਾਰਿ ਰਿੜ੍ਹਾਇਵ।
ਚਮਕਤਿ ਚੂੰਨੀ ਕੰਚਨ ਜਰੇ। ਪੁਨ ਲੇ ਖਾਨ ਗੇਰਿਬੋ ਕਰੇ॥ ੩੫॥

ਪੰਜ ਸੌ ਰੁਪਏ ਦਾਵ ਤੇ ਲਾ ਦਿੱਤੇ। ਤਦ ਸਤਿਗੁਰੂ ਜੀ ਨੇ ਪਾਸਿਆਂ ਨੂੰ ਰੇੜ੍ਹਿਆ। ਹੀਰੇ ਜਵਾਹਰਾਤ ਅਤੇ ਸੋਨੇ ਨਾਲ ਜੜੇ ਹੋਏ, ਪਾਸੇ ਚਮਕਦੇ ਸਨ। ਫਿਰ ਖਾਨ ਨੇ ਲੈ ਕੇ ਪਾਸਿਆਂ ਨੂੰ ਸੁੱਟਿਆ ॥੩੫॥

ਸਭਾ ਲਗੀ ਸੁਭਟਨਿ ਕੀ ਹੇਰਹਿ। ਚਲਹਿ ਨਰਦ ਨਿਜ ਡਲ ਕੋ ਗੇਰਹਿ।
ਦਾਉ ਬਿਸਾਲ ਗੁਰੂ ਤਬਿ ਲਜਾਵੈਂ। ਤੁਰਕ ਨਰਦ ਕੋ ਮਾਰਿ ਹਟਾਵੈਂ॥ ੩੬॥

ਸੂਰਮਿਆਂ ਦੀ ਸਭਾ ਲੱਗੀ ਸੀ, ਸਾਰੇ ਵੇਖ ਰਹੇ ਸਨ, ਅਨਵਰ ਪਾਸਾ ਸੁੱਟ ਕੇ ਆਪਣੀਆਂ ਨਰਦਾਂ (ਗੋਟਾਂ) ਨੂੰ ਚਲਾਉਂਦਾ ਸੀ। ਤਦ ਗੁਰੂ ਜੀ ਵਿਸ਼ਾਲ ਦਾਵ ਲਾਉਂਦੇ ਸਨ ਤੇ ਤੁਰਕ ਦੀ ਨਰਦ (ਗੋਟ) ਨੂੰ ਮਾਰ ਕੇ ਹਟਾ ਦਿੰਦੇ ਸਨ ॥੩੬॥

ਪੁਨ ਕਾਚੀ ਹੁਇ ਵਹਿਰ ਨਿਕਾਸੇਂ। ਆਨੈ ਫੇਰਤਿ ਚਾਰਹੁਂ ਪਾਸੇ।
ਅੰਤਰ ਨਹਿਂ ਪ੍ਰਵੇਸ਼ਿਬੇ ਪਾਵਤਿ। 'ਮਾਰਜੋ' ਕਹਿ, ਗੁਰ ਮਾਰ ਹਟਾਵਤਿ ॥ ੩੭ ॥

ਫਿਰ ਅਨਵਰ ਦੀ ਨਰਦ (ਗੋਟ) ਨੂੰ ਕੱਚੀ ਕਰਕੇ ਕੱਢ ਦਿੰਦੇ ਸਨ। ਅਨਵਰ ਚਾਰੇ ਪਾਸਿਆਂ ਤੋਂ ਫੇਰ ਫੇਰ ਨਰਦ ਲਿਆਉਂਦਾ ਹੈ, ਅੰਦਰ ਪ੍ਰਵੇਸ਼ ਕਰਨਾ ਨਹੀਂ ਪਾਉਂਦਾ ਹੈ। 'ਮਾਰ ਲਿਆ' ਕਹਿ ਕੇ ਗੁਰੂ ਜੀ ਮਾਰ ਕੇ ਹਟਾ ਦਿੰਦੇ ਸਨ॥੩੭॥

ਅਪਨੀ ਆਠਹੁ ਨਰਦ ਪਕਾਈ। ਰਾਖੀ ਤਿਸ ਕੀ ਚਾਰ ਕਚਾਈ।
ਹਾਰਜੋ ਦਰਬ ਪੰਚ ਸੈ ਮੂੜਾ। ਸਰਬਰ ਹੁਯੋ ਚਹਤਿ ਹੈ ਕੂੜਾ॥ ੩੮॥

ਆਪਣੀਆਂ ਅੱਠੇ ਨਰਦਾਂ ਪੱਕੀਆਂ ਕਰ ਲਈਆਂ, ਉਸ ਦੀਆਂ ਚਾਰ ਕੱਚੀਆਂ ਰਖੀਆਂ। ਮੂਰਖ ਪੰਜ ਸੌ ਰੁਪਏ ਹਾਰ ਗਿਆ। ਝੂਠਾ ਗੁਰੂ ਜੀ ਦੇ ਬਰਾਬਰ ਹੋਣਾ ਚਾਹੁੰਦਾ ਸੀ॥੩੮॥

ਲੱਜਿਤ ਭਯੋ ਕਛੁਕ ਪੁਨ ਚਪਜੋ। ਦਾਵ ਪੰਚ ਸੈ ਧਨ ਤਬਿ ਥਪਜੋ।
ਬਾਜ਼ੀ ਪ੍ਰਥਮ ਹਰਾਇ ਸੁ ਚਾਹਾ। ਅਬਿ ਕੈ ਦਰਬ ਲਹੌਂ ਇਨ ਪਾਹਾ॥ ੩੯॥

ਕੁਝਕੁ ਸ਼ਰਮਿੰਦਾ ਹੋਇਆ ਫਿਰ ਖਿੱਝ ਗਿਆ, ਫਿਰ ਪੰਜ ਸੌ ਰੁਪਏ ਦਾਵ ਤੇ ਰੱਖ ਦਿੱਤੇ। ਬਾਜ਼ੀ ਪਹਿਲੀ ਜੋ ਹਾਰ ਗਿਆ ਸੀ ਹੁਣ ਚਾਹੁੰਦਾ ਸੀ ਕਿ ਇਨ੍ਹਾਂ ਪਾਸੋਂ ਧਨ ਵਾਪਸ ਲਵਾਂਗਾ॥੩੯॥

ਚੂਨੀ ਚਮਕਤਿ ਹੇਮ ਲਪੇਟੀ। ਜਨੁ ਸੂਰਜ ਕੀ ਕਿਰਨ ਸਮੇਟੀ।
ਤਿਨ ਪਰ ਨਵ ਗ੍ਰੈਹ ਜਨੁ ਥਿਰ ਕਰੇ। ਅਸ ਡਲ ਸ਼ੋਭਤਿ ਹੈਂ ਦੁਤਿ ਭਰੇ॥ ੪੦॥

ਹੀਰੇ ਜਵਾਹਰਾਤ ਅਤੇ ਸੋਨੇ ਦੀਆਂ ਬਣੀਆਂ ਗੋਟਾਂ ਚਮਕਦੀਆਂ ਸਨ, ਜਿਵੇਂ ਉਨ੍ਹਾਂ ਨੇ ਸੂਰਜ ਦੀਆਂ ਕਿਰਨਾਂ ਸਮੇਟ ਕੇ ਰਖੀਆਂ ਹੋਣ। ਉਨ੍ਹਾਂ ਉਪਰ ਜਿਵੇਂ ਨੌਂ ਗ੍ਰੈਹ ਸਥਿਰ ਕੀਤੇ ਹੋਣ। ਇਸ ਤਰ੍ਹਾਂ ਨਰਦਾਂ ਦੀ ਚਮਕ ਸ਼ੋਭਦੀ ਹੈ॥੪੦॥

ਬਹੁਰ ਦੂਸਰੀ ਬਾਜ਼ੀ ਖੇਲਤਿ। ਗੁਰ ਕਰ ਕਮਲਨਿ ਤੇ ਡਲ ਮੇਲਤਿ।
ਕਰਹਿ ਤੁਰਕ ਬਿੱਦਜਾ ਬਹੁਤੇਰੀ। ਗੁਰ ਕੀ ਨਰਦ ਨ ਮਰਿ ਇਕ ਬੇਰੀ॥ ੪੧॥

ਫਿਰ ਦੂਸਰੀ ਬਾਜ਼ੀ ਖੇਡਣ ਲੱਗੇ, ਗੁਰੂ ਜੀ ਆਪਣੇ ਕਰ ਕੰਵਲਾਂ ਨਾਲ ਨਰਦਾਂ ਮੇਲਦੇ ਸਨ। ਤੁਰਕ ਬਹੁਤ ਵਿਦਿਆ ਲਾਉਂਦਾ ਸੀ, ਪਰ ਗੁਰੂ ਜੀ ਦੀ ਇਕ ਨਰਦ ਵੀ ਨਾ ਮਾਰ ਸਕਿਆ॥੪੧॥

ਤਿਸ ਕੀ ਨਰਦ ਆਇ ਜਬਿ ਆਗੇ। ਕਹਿ ਗੁਰ ਮਾਰਹਿਂ, ਜਨੁ ਸਰ ਲਾਗੇ।
ਚਪਜੋ ਤੁਰਕ ਬਿਧਿ ਕਰਤਿ ਅਨੇਕਾ। ਮਹਿਮਾ ਲਖਿ ਨ ਸਕਹਿ ਅਬਿਬੇਕਾ॥੪੨॥

ਉਸ ਦੀ ਨਰਦ ਜਦ ਅੱਗੇ ਆਉਂਦੀ ਸੀ, ਗੁਰੂ ਜੀ ਕਹਿ ਕੇ ਮਾਰ ਲੈਂਦੇ ਸਨ, ਮਾਨੋਂ ਤੀਰ ਵੱਜਦਾ ਸੀ। ਖਿੱਝ ਕੇ ਤੁਰਕ ਅਨੇਕਾਂ ਵਿਧੀਆਂ ਕਰਦਾ ਸੀ। ਗਿਆਨ ਰਹਿਤ ਮੂਰਖ ਮਹਿਮਾ ਨਹੀਂ ਸੀ ਸਮਝਦਾ॥੪੨॥

ਬਾਜ਼ੀ ਜੀਤ ਲਈ ਜਨੁ ਜੰਗ। ਬੇਧਹਿਂ ਬਾਕ ਬਾਨ ਕੇ ਸੰਗ।
ਬੈਠਜੋ ਦਰਬ ਹਰਾਇ ਹਜ਼ਾਰ। ਦੁਖ ਚਿੰਤਾ ਬਹੁ ਰਿਦੇ ਗਵਾਰ॥ ੪੩॥

ਗੁਰੂ ਜੀ ਨੇ ਬਾਜ਼ੀ ਜਿੱਤ ਲਈ ਮਾਨੋਂ ਜੰਗ ਜਿੱਤ ਲਈ ਹੋਵੇ, ਬਚਨਾਂ ਦੇ ਬਾਣਾਂ ਨਾਲ ਉਸਨੂੰ ਵਿੰਨ੍ਹ ਦਿੱਤਾ। ਇਕ ਹਜ਼ਾਰ ਰੁਪਏ ਹਾਰ ਕੇ ਬੈਠ ਗਿਆ। ਗਵਾਰ ਦਾ ਹਿਰਦਾ ਦੁੱਖ ਅਤੇ ਚਿੰਤਾ ਨਾਲ ਭਰ ਗਿਆ॥੪੩॥

ਨਹਿਂ ਊਚੇ ਸਨਮੁਖ ਕਰਿ ਨੈਨ। ਬੋਲਿ ਨ ਸਕਹਿ ਗਰਬ ਕੇ ਬੈਨ।
ਚਪਜੋ ਲਾਜ ਤੇ ਪੁਨ ਚਹਿ ਖੇਲਾ। ਅਹਿ ਤੇ ਗਰੜ ਡਰਾਇ ਸਪੇਲਾ॥ ੪੪॥

ਸਾਹਮਣੇ ਅੱਖਾਂ ਉਚੀਆਂ ਨਹੀਂ ਸੀ ਕਰਦਾ, ਹੰਕਾਰ ਦੇ ਸ਼ਬਦ ਬੋਲ ਨਹੀਂ ਸੀ ਸਕਦਾ। ਸ਼ਰਮਸਾਰ ਹੋ ਕੇ ਖਿਝਿਆ ਸੀ ਤੇ ਫਿਰ ਖੇਡਣਾ ਚਾਹੁੰਦਾ ਸੀ ਮਾਨੋਂ ਸੱਪ ਗਰੜ ਨੂੰ ਡਰਾਉਣਾ ਚਾਹੁੰਦਾ ਸੀ॥੪੪॥

*ਅੱਠਵੀਂ ਰਾਸ ਦਾ ਸਤਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੭॥*

# ਅਧਿਆਇ ਅਠਾਰ੍ਹਵਾਂ

## ਖੋਜੇ ਅਨਵਰ ਨੂੰ ਮਾਰ ਪਈ

ਦੋਹਰਾ- ਬੇਰ ਤੀਸਰੀ ਫੇਰ ਜਬਿ ਬਾਜ਼ੀ ਦਈ ਲਗਾਇ।
ਬਸ ਨਹਿਂ ਮੂਰਖ ਕੋ ਚਲਹਿ ਦੁਖ ਜੁਤਿ ਦਰਬ ਹਰਾਇ॥ ੧॥

ਤੀਜਰੀ ਵਾਰ ਫਿਰ ਬਾਜ਼ੀ ਲਾ ਦਿੱਤੀ, ਮੂਰਖ ਦਾ ਵੱਸ ਨਹੀਂ ਸੀ ਚਲਦਾ, ਦੁੱਖ ਸਹਿਤ ਧਨ ਹਰਾਈ ਜਾਂਦਾ ਸੀ॥੧॥

ਚੌਪਈ-ਸ੍ਰੀ ਸਤਿਗੁਰੂ ਪ੍ਰਥਮ ਡਲ ਡਾਲਤਿ। ਨਿਜ ਨਰਦਨਿ ਕੇ ਜੁਗ ਕਰਿ ਚਾਲਤਿ।
ਤੁਰਕ ਰੋਰਤੇ ਜੁਗ ਨਹਿਂ ਆਵੈ। ਰਾਖੈ ਦਾਵ ਸੁ ਉਠਨਿ ਨ ਪਾਵੈ॥ ੨॥

ਸ੍ਰੀ ਸਤਿਗੁਰੂ ਜੀ ਪਹਿਲਾ ਪਾਸਾ ਸੁੱਟਦੇ ਸਨ ਤੇ ਆਪਣੇ ਨਰਦਾ ਦਾ ਜੋਟਾ ਚਲਾਉਂਦੇ ਸਨ। ਤੁਰਕ ਨੂੰ ਜੋਟਾ ਚਲਾਉਣਾ ਨਹੀਂ ਸੀ ਆਉਂਦਾ। ਦਾਵ ਰਖਦਾ ਸੀ, ਪਰ ਉਠਣ ਨਹੀਂ ਪਾਉਂਦਾ ਸੀ॥੨॥

ਜਹਾਂ ਨਰਦ ਤਿਸ ਕੀ ਮਿਲਿ ਜਾਇ। ਆਨਹਿਂ ਦਾਵ ਹਤਹਿਂ ਤਿਸ ਥਾਇਂ।
ਪੌਬਾਰਾਂ, ਕੈ ਆਨਿ ਅਠਾਰਾ। ਖੋੜਸ, ਪੰਦ੍ਰਹਿ, ਕੈ ਦਸਚਾਰਾ॥ ੩॥

ਜਿਥੇ ਵੀ ਉਸ ਦੀ ਨਰਦ ਮਿਲ ਜਾਂਦੀ ਸੀ, ਦਾਵ ਵਿਚ ਆਉਣ ਤੇ ਉਸ ਥਾਂ ਹੀ ਮਾਰ ਦਿੰਦੇ ਸਨ। ਪੌ ਬਾਰਾਂ ਜਾਂ ਅਠਾਰਾਂ, ਸੋਲ੍ਹਾਂ, ਪੰਦਰ੍ਹਾਂ ਜਾਂ ਚੌਦ੍ਹਾਂ ਆਉਂਦੇ ਸਨ॥੩॥

ਤੁਰਕ ਤੀਨ ਕਾਨੇ ਕੈ ਚਾਰ। ਪਾਂਚ ਤੀਨ ਕੇ ਨੈ ਨਿਰਧਾਰ।
ਕਬਿ ਜੁਗ ਚਲਨ ਤੁਰਕ ਢਿਗ ਆਵੈ। ਨਾਂਹਿ ਤ ਬਿਛਰੀ ਨਰਦ ਚਲਾਵੈ॥੪॥

ਤੁਰਕ ਦੇ ਤਿੰਨ ਕਾਣੇ ਜਾਂ ਚਾਰ ਆਉਂਦੇ ਸਨ, ਪੰਜ, ਤਿੰਨ ਕਦੀ ਨੌਂ ਆਉਂਦੇ ਸਨ। ਤੁਰਕ ਕਦੇ-ਕਦੇ ਜੋਟੇ ਦੀ ਚਾਲ ਚਲਦਾ ਸੀ। ਨਹੀਂ ਤਾਂ ਅੱਡ-ਅੱਡ ਨਰਦਾਂ ਚਲਾਉਂਦਾ ਸੀ॥੪॥

ਪੁਨ ਘਟ ਬਾਢ ਚਲਨਿ ਕੋ ਲਾਗਾ। ਛਲ ਤੇ ਜੀਤ ਚਹਨਿ ਅਨੁਰਾਗਾ।
ਜਥਾ ਹਲੀ ਰੁਕਮੀ ਸੰਗ ਅਰਜੇ। ਖੇਲਤਿ ਕੂਰ ਘਾਤ ਸੋ ਕਰਜੇ॥ ੫॥

ਫਿਰ ਘੱਟ ਵੱਧ ਚਲਣ ਲੱਗਾ, ਛਲ ਕਰਕੇ ਜਿੱਤ ਪ੍ਰਾਪਤ ਕਰਨਾ ਚਾਹੁੰਦਾ ਸੀ। ਮਾਨੋਂ ਬਲਭੱਦਰ ਰੁਕਮਣੀ ਦੇ ਭਰਾ ਨਾਲ ਖੇਡਦਿਆਂ ਉਸ ਨੇ ਝੂਠਾ ਦਾਵ ਲਾਇਆ ਸੀ॥੫॥

ਤਥਾ ਚਹੈ ਮੂਰਖ ਕਰਿਵਾਈ। ਲਗਹਿ ਦਾਵ ਘਟ, ਬਾਢ ਚਲਾਈ।
ਤਊ ਛਿਮਾਨਿਧਿ ਛਿਮਾ ਧਰੰਤੇ। ਜਹਾਂ ਧਰਹਿ ਤਹਿਂ ਮਾਰ ਕਰੰਤੇ॥ ੬॥

ਮੂਰਖ ਉਸ ਤਰ੍ਹਾਂ ਕਰਨਾ ਚਾਹੁੰਦਾ ਸੀ, ਦਾਵ ਲੱਗੇ ਤੇ ਘੱਟ ਵੱਧ ਚਲਾਵਾਂ, ਫਿਰ ਖਿਮਾਨਿਧ ਗੁਰੂ ਜੀ ਖਿਮਾ ਹੀ ਧਾਰਦੇ ਸਨ, ਜਿਥੇ ਉਹ ਨਰਦ ਨੂੰ ਧਰਦਾ ਸੀ, ਮਾਰ ਲੈਂਦੇ ਸਨ॥੬॥

ਪੁਨ ਪੌਬਾਰਾ ਰਾਖਜੇ ਦਾਵ। ਕਰਤਿ ਉਪਾਵ ਨ ਸਕਜੋ ਉਠਾਵ।
ਆਨਿ ਢੁਕੀ ਬਾਜ਼ੀ ਤਬਿ ਨੇਰੇ। ਸਤਿਗੁਰ ਪਾਕੀ ਨਰਦ ਅਗੇਰੇ॥ ੭॥

ਫਿਰ ਪੌਬਾਰਾਂ ਦਾਵ ਰਖਿਆ, ਬਹੁਤ ਉਪਾਅ ਕਰਦਾ ਰਿਹਾ ਪਰ ਚੁੱਕ ਨਾ ਸਕਿਆ। ਫਿਰ ਬਾਜ਼ੀ ਮੁਕਣ ਦੇ ਨੇੜੇ ਆ ਗਈ, ਸਤਿਗੁਰੂ ਜੀ ਦੇ ਨਰਦ ਪੱਕ ਗਏ॥੭॥

ਚੌਦਹਿਂ ਦਾਵ ਤੁਰਕ ਕੋ ਪਰਜੋ। 'ਪੌਂਬਾਰਾ' ਕਹਿ ਉਠਿਬੋ ਕਰਜੋ।
ਗੁਰ ਡਾਲੇ ਡਲ ਆਇ ਸਤਾਰਾਂ। ਲਗੇ ਉਠਾਵਨਿ ਗ੍ਰੇਹ ਮਝਾਰਾ॥ ੮॥

ਚੌਦ੍ਹਾਂ ਦਾਵ ਤੁਰਕ ਨੂੰ ਪਿਆ, 'ਪੌਬਾਰਾਂ ਕਹਿ ਕੇ ਚੁੱਕ ਲਿਆ। ਗੁਰੂ ਨੇ ਪਾਸਾ ਸੁਟਿਆ ਤਾਂ ਸਤਾਰਾਂ ਆਇ, ਗ੍ਰਹਿ ਵਿਚ ਉਠਾਉਣ ਲੱਗੇ॥੮॥

ਗਈ ਤੀਸਰੀ ਬਾਜ਼ੀ ਜਾਨਿ। ਤੁਰਕ ਕੂਰ ਤਬਿ ਕੀਨਿ ਬਖਾਨ।
'ਭਏ ਕੁਫਰ ਕੇ ਪੀਰ ਬਿਸਾਲੇ। ਚੌਪਰ ਖਿਲਤਿ ਕੁਫਰ ਹੀ ਚਾਲੇ'॥ ੯॥

ਜਦ ਵੇਖਿਆ ਕਿ ਤੀਸਰੀ ਬਾਜ਼ੀ ਵੀ ਹੱਥੋਂ ਨਿਕਲ ਚਲੀ ਹੈ, ਤੁਰਕ ਫਿਰ ਝੂਠ ਬੋਲਣ ਲੱਗ ਗਿਆ, "ਤੁਸੀਂ ਕੁਫਰ ਦੇ ਵੱਡੇ ਪੀਰ ਹੋ, ਚੋਪੜ ਖੇਡਦਿਆਂ ਸਭ ਕੁਫਰ ਦੀਆਂ ਚਾਲਾਂ ਚਲੀਆਂ ਹਨ"॥੯॥

ਗੁਰ ਬੋਲੇ 'ਹਮਰੇ ਨ ਦਰੋਗ। ਫਰਕ ਅਲਾਹੀ ਲਖਿਬੇ ਜੋਗ।
ਤੁਵ ਸਮ ਛਲੀ ਕਰੋਗ ਉਚਾਰੇ। ਸਬਹਿ ਦਰੋਗ ਨਿਕੇਤ ਤੁਮਾਰੇ'॥ ੧੦॥

ਗੁਰੂ ਜੀ ਬੋਲੇ, "ਸਾਡੇ ਪਾਸ ਝੂਠ ਨਹੀਂ ਹੈ, ਅਸੀਂ ਰੱਬ ਦੇ ਫਕੀਰ ਸਮਝੇ ਜਾਂਦੇ ਹਾਂ, ਤੇਰੇ ਵਰਗਾ ਛਲੀਆ ਝੂਠ ਬੋਲਦਾ ਹੈ, ਸਾਰੇ ਝੂਠ ਤੇਰੇ ਪਾਸ ਹਨ"॥੧੦॥

ਜਬਿ ਜਾਨੀ ਬਾਜ਼ੀ ਅਬਿ ਗਈ। ਗਹਿ ਕਰਿ ਸੋਂ ਚੌਪਰ ਉਲਟਈ।
ਨਿੰਦਾ ਕਰਨਿ ਲਗਜੋ ਮਤਿ ਮੰਦ। 'ਤੁਮਰੇ ਸਦਨ ਦਰੋਗ ਬਿਲੰਦ॥ ੧੧॥

ਜਦ ਜਾਣਿਆ ਕਿ ਬਾਜ਼ੀ ਹੁਣ ਚਲੀ ਗਈ ਹੈ ਤਾਂ ਹੱਥ ਨਾਲ ਫੜ ਕੇ ਚੋਪੜ ਉਲਟਾ ਦਿੱਤੀ। ਮਾੜੀ ਮੱਤ ਵਾਲਾ ਫਿਰ ਗੁਰੂ ਜੀ ਦੀ ਨਿੰਦਾ ਕਰਨ ਲੱਗਾ, "ਤੁਹਾਡੇ ਘਰ ਵਿਚ ਵੱਡਾ ਝੂਠ ਹੈ॥੧੧॥

ਜੈਸੇ ਫਕਰ ਅਲਾਹੀ ਬਨੇ। ਸਭਿ ਜਗ ਜਾਨਤਿ, ਗੁਨ ਤਿਮ ਭਨੇ।
ਮੰਤ੍ਰਨਿ ਸੰਗ ਕਰਜੋ ਬਸ ਭਾਰੀ। ਜਹਾਂਗੀਰ ਕੀ ਸੁਮਤਿ ਬਿਗਾਰੀ॥ ੧੨॥

ਜਿਸ ਤਰ੍ਹਾਂ ਰੱਬੀ ਫਕੀਰ ਬਣੇ ਹੋ, ਸਭ ਜੱਗ ਜਾਣਦਾ ਹੈ, ਉਸ ਤਰ੍ਹਾਂ ਤੁਹਾਡਾ ਗੁਣ ਬਿਆਨ ਕਰਦੇ ਹਨ। ਮੰਤ੍ਰਾਂ ਨਾਲ ਭਾਰੀ ਜਾਦੂ ਵੱਸ ਕੀਤਾ ਹੈ ਤੇ ਜਹਾਂਗੀਰ ਦੀ ਸ੍ਰੇਸ਼ਟ ਮੱਤ ਵਿਗਾੜ ਦਿੱਤੀ ਸੀ॥੧੨॥

ਕਹਿ ਕਰਿ ਕੂਰੇ ਕਪਟ ਕੁਢਾਲ। ਚੰਦੂ ਗਹਜੋ ਦਿਵਾਨ ਬਿਸਾਲ।
ਬਹੁ ਦਿਨ ਮਹਿਂ ਤਰਸਾਇ ਸੰਘਾਰਾ। ਬਿਨਾਂ ਰਹਿਮ, ਜਾਨਹਿ ਜਗ ਸਾਰਾ॥੧੩॥

ਝੂਠ ਕਪਟ ਕਹਿ ਕੇ ਚੰਦੂ ਦੀਵਾਨ ਨੂੰ ਬੁਰੀ ਤਰ੍ਹਾਂ ਫੜ ਲਿਆ। ਬਹੁਤ ਦਿਨ ਤਸੀਹੇ ਦੇ ਕੇ ਮਾਰਿਆ। ਸਾਰਾ ਜੱਗ ਤੁਹਾਨੂੰ ਰਹਿਮ ਰਹਿਤ ਜਾਣਦਾ ਹੈ॥੧੩॥

ਪੁਨ ਕਾਜ਼ੀ ਕੀ ਸੁਤਾ ਲੁਭਾਇ। ਬਸਿ ਮੰਤ੍ਰਨਿ ਕਰਿ ਲਈ ਭਜਾਇ।
ਸ਼ਾਹੁਜਹਾਂ ਕੋ ਲੇ ਪੁਨ ਬਾਜ਼। ਮਾਰਨ ਮਰਨ ਕਰਜੋ ਰਣ ਸਾਜ਼'॥ ੧੪॥

ਫਿਰ ਕਾਜ਼ੀ ਦੀ ਪੁੱਤਰੀ ਨੂੰ ਲੁਭਾ ਲਿਆ ਤੇ ਮੰਤ੍ਰਾਂ ਨਾਲ ਵੱਸ ਕਰਕੇ ਭਜਾ ਲਈ। ਸ਼ਾਹਜਹਾਂ ਦਾ ਫਿਰ ਬਾਜ਼ ਲੈ ਲਿਆ ਤੇ ਯੁੱਧ ਦੀ ਰਚਨਾ ਕਰਕੇ ਮਰਨ ਮਾਰਨ ਕੀਤਾ"॥੧੪॥

ਸ੍ਰੀ ਹਰਿਗੋਵਿੰਦ ਕ੍ਰਿਸ਼ਨ ਮਨਿੰਦ। ਕਾਰਨ ਕੂਰੇ ਕਰਨਿ ਬਿਲੰਦ।
ਮੋਨ ਠਾਨਿ ਸਨਮੁਖ ਤਿਸ ਹੇਰੇ। ਸਮ ਸਿਸਪਾਲ ਸੁ ਬੋਲਤਿ ਬੇਰੇ:- ॥ ੧੫ ॥

ਸ੍ਰੀ ਹਰਿਗੋਬਿੰਦ ਜੀ ਕ੍ਰਿਸ਼ਨ ਵਰਗੇ ਹਨ, ਝੂਠਾ ਕਰਨ ਵਾਸਤੇ ਕੁਝ ਨਹੀਂ ਬੋਲੇ। ਗੁਰੂ ਜੀ ਚੁੱਪ ਧਾਰ ਕੇ ਸਾਹਮਣੇ ਬੈਠੇ ਰਹੇ। ਸਿਸਪਾਲ ਵਾਂਗ ਉਹ ਫਿਰ ਬੋਲਿਆ ॥੧੫॥

'ਰਾਖਨ ਸੈਨਾ ਸੰਗ ਹਜ਼ਾਰਨਿ। ਕਰਨਿ ਅਖੇਰਨਿ ਜੀਵ ਸੰਘਾਰਨਿ।
ਭੋਗਹੁ ਸਗਲ ਜਗਤ ਕੇ ਭੋਗ। ਕਹਤਿ ਦਰੋਗ਼ ਠਗਹੁ ਬਹੁ ਲੋਗ ॥ ੧੬ ॥

ਹਜ਼ਾਰਾਂ ਦੀ ਸੈਨਾ ਪਾਸ ਰੱਖਦੇ ਹੋ, ਸ਼ਿਕਾਰ ਖੇਡਣ ਦੇ ਬਹਾਣੇ ਜੀਵਾਂ ਦਾ ਘਾਤ ਕਰਦੇ ਹੋ। ਸਾਰੇ ਜਗਤ ਦੇ ਭੋਗਾਂ ਨੂੰ ਭੋਗਦੇ ਹੋ, ਝੂਠ ਬੋਲ ਕੇ ਬਹੁਤ ਲੋਕਾਂ ਨੂੰ ਠੱਗਦੇ ਹੋ' ॥੧੬॥

ਸੁਨਤਿ ਛਿਮਾਨਿਧਿ ਛਿਮਾ ਧਰੰਤੇ। ਜਾਨਿ ਵਕੀਲ ਨ ਮਾਰ ਕਰੰਤੇ।
ਸੋ ਮੂਰਖ ਲਖਿ ਲਸ਼ਕਰ ਜ਼ੋਰ। ਬੋਲਤਿ ਕਰਤਿ ਤਰਕਨਾ ਘੋਰ ॥ ੧੭ ॥

ਇਹ ਸੁਣ ਖਿਮਾਨਿਧ ਨੇ ਖਿਮਾ ਧਾਰਨ ਕਰ ਛੱਡੀ, ਦੂਤ ਜਾਣ ਕੇ ਨਾ ਮਾਰਿਆ। ਉਹ ਮੂਰਖ ਲਸ਼ਕਰ ਦੇ ਜ਼ੋਰ ਤੇ ਬਹੁਤ ਝੂਠ ਬੋਲਦਾ ਰਿਹਾ ਤੇ ਕਈ ਪ੍ਰਕਾਰ ਦੀਆਂ ਹੁਜਤਾਂ ਕਰਦਾ ਰਿਹਾ ॥੧੭॥

'ਪੁਨ ਘੇਰੜ ਭਗਵਾਨ ਸੰਘਾਰਜੋ। ਅਬਦੁਲਖਾਨ ਸੈਨ ਜੁਤਿ ਮਾਰਜੋ।
ਬਹੁਰ ਸ਼ਾਹੁ ਕੇ ਹਯ ਚੁਰਿਵਾਏ। ਲਰੇ ਹਜ਼ਾਰਹੁ ਸੁਭਟ ਖਪਾਏ ॥ ੧੮ ॥

"ਫਿਰ ਘੇਰੜ ਭਗਵਾਨ ਨੂੰ ਮਾਰਿਆ ਤੇ ਅਬਦੁਲ ਖਾਨ ਨੂੰ ਸੈਨਾ ਸਹਿਤ ਮਾਰ ਦਿਤਾ। ਫਿਰ ਬਾਦਸ਼ਾਹ ਦੇ ਘੋੜੇ ਚੁਰਵਾਏ ਤੇ ਲੜ ਕੇ ਹਜ਼ਾਰਾਂ ਸੂਰਮੇ ਮਾਰ ਦਿੱਤੇ ॥੧੮॥

ਲਾਖਹੁਂ ਧਨ ਦੇ, ਚਢਹੁ ਤੁਰੰਗ। ਬਰਤਹੁ ਗ੍ਰਿਹਸਤ ਬਿਸਾਲ ਅਨੰਗ।
ਜਗ ਕੇ ਲੋਕ ਅਪਰ ਹੈਂ ਜੈਸੇ। ਤੁਮਰੇ ਕਰਮ ਦਿਖਤਿ ਸਭਿ ਐਸੇ ॥ ੧੯ ॥

ਲੱਖਾਂ ਰੁਪਈਆਂ ਦੇ ਮੁੱਲ ਦੇ ਘੋੜਿਆਂ ਤੇ ਚੜ੍ਹਦੇ ਹੋ ਤੇ ਵਿਸ਼ਾਲ ਗ੍ਰਿਹਸਤ ਭੋਗਦੇ ਹੋ। ਜਿਸ ਤਰ੍ਹਾਂ ਦੇ ਜਗਤ ਦੇ ਹੋਰ ਲੋਕ ਹਨ, ਤੁਹਾਡੇ ਸਾਰੇ ਕਰਮ ਉਨ੍ਹਾਂ ਵਰਗੇ ਵਿਖਾਈ ਦਿੰਦੇ ਹਨ ॥੧੯॥

ਇਮ ਦਰੋਗ਼ ਕੇ ਫਕਰ ਬਿਸਾਲੇ। ਨਾਮ ਅਲਾਹ ਨ ਕਬਹੁਂ ਸਮ੍ਹਾਲੇ।
ਦੁਨੀਆਂ ਤੇ ਫਾਰਕ ਨਿਰ ਦਾਵੇ। ਫਕਰ ਅਲਾਹੀ ਸੁਊ ਕਹਾਵੇ ॥ ੨੦ ॥

ਇਸ ਤਰ੍ਹਾਂ ਧਰੋਹ ਦੇ ਵੱਡੇ ਫਕੀਰ ਹੋ ਤੇ ਅਲਾਹ ਦਾ ਨਾਂ ਕਦੇ ਸੰਭਾਲਿਆ ਹੀ ਨਹੀਂ। ਦੁਨੀਆਂ ਤੋਂ ਵੱਖਰਾ ਤੇ ਦਾਵੇ ਰਹਿਤ ਜਿਹੜਾ ਹੋਵੇ ਉਹੀ ਅਲਾਹ ਦਾ ਫਕੀਰ ਅਖਵਾਉਂਦਾ ਹੈ ॥੨੦॥

ਤੁਮਰੋ ਮਤੋ ਹੇਰਿ ਕਰਿ ਐਸੇ। ਲਖੇ ਗਏ ਪੂਰਬ ਗੁਰ ਤੈਸੇ।
ਗੁਰ ਨਾਨਕ ਤੇ ਆਦਿ ਜੁ ਸਾਰੇ। ਜਾਨੇ ਪਰੇ ਕੂਰ ਮਤਿਵਾਰੇ ॥ ੨੧ ॥

ਤੁਹਾਡੀ ਐਸੀ ਮੱਤ ਵੇਖ ਕੇ, ਪਹਿਲੇ ਗੁਰੂ ਵੀ ਤੁਹਾਡੇ ਵਰਗੇ ਸਮਝੇ ਗਏ ਹਨ। ਗੁਰੂ ਨਾਨਕ ਤੇ ਆਦਿ ਹੋਰ ਜਿਹੜੇ ਗੁਰੂ ਹੋਏ ਹਨ, ਉਹ ਵੀ ਸਾਰੇ ਕੂੜ ਦੇ ਮਤਵਾਲੇ ਜਾਣ ਪੈਂਦੇ ਹਨ ॥੨੧॥

ਗੁਰੂ ਕਹਾਇ ਠਗਤਿ ਜਗ ਰਹੇ। ਕਿਨਹੁਂ ਨ ਭੇਤ ਤੁਮਾਰੋ ਲਹੇ'।
ਨਾਮ ਸੁਨਜੋ ਸ੍ਰੀ ਨਾਨਕ ਕੇਰਾ। ਸ੍ਰੀ ਹਰਿਗੋਵਿੰਦ ਕ੍ਰੋਧ ਘਨੇਰਾ ॥ ੨੨ ॥

ਗੁਰੂ ਕਹਾ ਕੇ ਜੱਗ ਨੂੰ ਠੱਗਦੇ ਰਹੇ ਹਨ. ਕਿਸੇ ਨੇ ਵੀ ਤੁਹਾਡਾ ਭੇਦ ਨਹੀਂ ਜਾਣਿਆ ਹੈ।" ਜਦ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਾ ਸੁਣਿਆ ਤਾਂ ਸ੍ਰੀ ਹਰਿਗੋਬਿੰਦ ਜੀ ਬਹੁਤ ਗੁੱਸੇ ਵਿਚ ਆ ਗਏ॥੨੨॥

ਪਿਖਿ ਸੁਭਟਨ ਦਿਸ਼ਿ ਊਚ ਉਚਾਰੇ। 'ਜੋ ਇਸ ਕੇ ਸਿਰ ਪਨਹੀ ਮਾਰੇ।
ਤਿਸ ਪਰ ਖੁਸ਼ੀ ਹੋਇ ਗੁਰ ਕੇਰੀ। ਲਾਤ ਮੁਸ਼ਟ ਕੀ ਮਾਰ ਬਡੇਰੀ' ॥ ੨੩ ॥

ਯੋਧਿਆਂ ਵੱਲ ਵੇਖ ਕੇ ਉੱਚੀ ਆਵਾਜ਼ ਵਿਚ ਬੋਲੇ, "ਜਿਹੜਾ ਵੀ ਇਸ ਦੇ ਸਿਰ ਵਿਚ ਛਿੱਤਰ ਮਾਰੇਗਾ ਤਿਸ 'ਤੇ ਗੁਰੂ ਜੀ ਬੜੀ ਖੁਸ਼ੀ ਹੋਵੇਗੀ, ਲੱਤਾਂ ਮੁਕੀਆਂ ਨਾਲ ਵੱਡੀ ਮਾਰ ਮਾਰੋ"॥੨੩॥

ਰਿਸ ਕੇ ਸਹਿਤ ਗੁਰੂ ਮੁਖ ਦੇਖਿ। ਉਠੇ ਤੁਰਤ ਹੀ ਬਲੀ ਬਿਸ਼ੇਖ।
ਬਿਧੀਏ ਗਹਿ ਕਰਿ ਪਾਗ ਉਤਾਰੀ। ਊਚੀ ਲਾਤਿ ਉਭਾਰਿ ਪ੍ਰਹਾਰੀ॥ ੨੪ ॥

ਗੁਰੂ ਜੀ ਦਾ ਕ੍ਰੋਧ ਨਾਲ ਭਰਿਆ ਮੁਖ ਵੇਖ ਕੇ, ਸਾਰੇ ਸੂਰਮੇ ਤੁਰਤ ਉੱਠ ਪਏ। ਬਿਧੀ ਚੰਦ ਨੇ ਫੜ ਕੇ ਪੱਗ ਲਾਹ ਦਿੱਤੀ ਤੇ ਲੱਤ ਉੱਚੀ ਚੁੱਕ ਕੇ ਮਾਰੀ॥੨੪॥

ਲਿਯੋ ਖਰੋ ਕਰਿ ਨਰ ਤੇ ਨਜਾਰੋ। ਲਗੇ ਜੂਤ ਮੁਖ ਕਰਤਿ ਪੁਕਾਰੋ।
ਪੁਨ ਗੁਰ ਕਹ੍ਯੋ 'ਪ੍ਰਥਮ ਗੁਰ ਕੇਰੀ। ਜਿਸ ਮੁਖ ਕੀਨੀ ਨਿੰਦ ਬਡੇਰੀ॥ ੨੫ ॥

ਹੋਰ ਮਨੁੱਖਾਂ ਤੋਂ ਵੱਖਰਾ ਕਰ ਕੇ ਖੜਾ ਕਰ ਲਿਆ, ਜੁਤੀਆਂ ਮਾਰਨ ਲੱਗੇ। ਮੁਖ ਨਾਲ ਦੁਹਾਈ ਦਿੰਦਾ ਸੀ। ਫਿਰ ਗੁਰੂ ਜੀ ਨੇ ਕਿਹਾ, "ਪਹਿਲੇ ਗੁਰੂ ਜੀ ਦੀ ਜਿਸ ਮੁਖ ਨਾਲ ਇਸ ਵੱਡੀ ਨਿੰਦਾ ਕੀਤੀ ਹੈ॥੨੫॥

ਤਿਸ ਪਰ ਪਨਹੀ ਅਨਗਨ ਮਾਰਹੁ। ਮਹਾਂ ਦੋਸ਼ ਇਸ ਕੇਰਿ ਉਤਾਰਹੁ'।
ਸੁਨਿ ਭਟ ਬਡੇ ਡੀਲ ਬਲਵਾਰੇ। ਊਚ ਉਭਾਰਤਿ ਜੂਤ ਪ੍ਰਹਾਰੇ॥ ੨੬ ॥

ਉਸ ਦੇ ਮੂੰਹ ਉਤੇ ਅਣਗਿਣਤ ਜੁੱਤੀਆਂ ਮਾਰੋ, ਇਸ ਦੇ ਮਹਾਂ ਦੋਸ਼ ਨੂੰ ਉਤਾਰ ਦੇਵੋ। ਵੱਡੇ ਡੀਲ ਡੋਲ ਵਾਲੇ ਵੱਡੇ ਸੂਰਬੀਰ ਸੁਣ ਕੇ ਜੁਤੀਆਂ ਉੱਚੀਆਂ ਉੱਚੀਆਂ ਚੁੱਕ ਕੇ ਮਾਰਦੇ ਸਨ॥੨੬॥

ਹੋਵਨ ਲਗੀ ਮਾਰ ਤਿਸ ਬੇਰੇ। ਜਨ ਬਾਸਨ ਕੋ ਘੜਹਿਂ ਠਠੇਰੇ।
ਸਰਬ ਅੰਗ ਪਰ ਮਾਰ ਪਰੰਤੀ। ਇਕ ਰਹਿਂ ਖਰੇ ਨ ਥਾਉਂ ਦਿਖੰਤੀ॥ ੨੭ ॥

ਉਸ ਸਮੇਂ ਉਸ ਨੂੰ ਮਾਰ ਪੈਣ ਲੱਗੀ, ਜਿਵੇਂ ਬਰਤਨ ਨੂੰ ਠਠੇਰੇ ਘੜਦੇ ਹਨ। ਸਾਰੇ ਅੰਗਾਂ ਤੇ ਮਾਰ ਪੈਂਦੀ ਸੀ, ਕਈ ਖੜੇ ਰਹਿ ਜਾਂਦੇ ਸਨ ਕਿਉਂਕਿ ਮਾਰਨ ਵਾਸਤੇ ਕੋਈ ਥਾਂ ਨਹੀਂ ਲਭਦਾ ਸੀ॥੨੭॥

ਜਬਿ ਅਨਗਨ ਹੀ ਬਰਖੇ ਜੂਤ। ਧਰੀ ਮੋਨ ਲਖਿ ਮਹਾਂ ਕਸੂਤ।
ਪ੍ਰਾਨ ਅੰਤ ਕੀ ਚਿੰਤਾ ਬਨੀ। ਅੰਗ ਅੰਗ ਪਰ ਚੋਟਾਂ ਘਨੀ॥ ੨੮ ॥

ਜਦ ਅਣਗਿਣਤ ਜੁਤੀਆਂ ਦੀ ਵਰਖਾ ਹੋਈ ਤਦ ਮਹਾਨ ਉਲਟੀ ਗੱਲ ਸਮਝ ਕੇ ਚੁੱਪ ਹੋ ਗਿਆ। ਪ੍ਰਾਣਾਂ ਦੇ ਅੰਤ ਦੀ ਚਿੰਤਾ ਬਣ ਗਈ। ਅੰਗ-ਅੰਗ ਤੇ ਬਹੁਤ ਸੱਟ ਲੱਗਦੀ ਸੀ॥੨੮॥

ਕੰਪਿਤ ਮਹਾਂ ਤ੍ਰਾਸ ਕੋ ਧਾਰੇ। ਉਠਿ ਸਤਿਗੁਰੁ ਤਬਿ ਸਦਨ ਸਿਧਾਰੇ।
ਗਨ ਸਿੱਖਨਿ ਬਹੁ ਮਾਰ ਮਚਾਈ। ਜਾਨਤਿ ਭਾ ਅਬਿ ਹ੍ਵੈ ਬਚਾਈ॥ ੨੯ ॥

ਮਹਾਨ ਡਰ ਧਾਰ ਕੇ ਕੰਬਦਾ ਸੀ, ਸਤਿਗੁਰੂ ਜੀ ਫਿਰ ਉੱਠ ਕੇ ਘਰ ਨੂੰ ਚਲੇ ਗਏ। ਬਹੁਤ ਸਿੱਖਾਂ ਨੇ ਮਾਰ ਮਚਾਈ। ਜਾਣਦਾ ਸੀ ਹੁਣ ਬਚਾ ਹੋ ਜਾਵੇਗਾ॥੨੯॥

ਕੰਪਤਿ ਦੇਹਿ ਗਿਰਜੋ ਤਬਿ ਧਰਨੀ। ਪ੍ਰਾਪਤਿ ਫਲ ਜਸ ਕੀਨਸਿ ਕਰਨੀ।
ਪਿਖਿ ਕਰਿ ਸਿਖ ਗਨ ਚਰਨ ਪ੍ਰਹਾਰੈਂ। ਤਰਜਤਿ ਗਾਰੀ ਸਗਲ ਨਿਕਾਰੈਂ॥ ੩੦ ॥

ਕੰਬਦਾ ਸਰੀਰ ਧਰਤੀ ਤੇ ਡਿੱਗ ਪਿਆ, ਜੈਸਾ ਕੀਤਾ ਸੀ ਵੈਸਾ ਫਲ ਪ੍ਰਾਪਤ ਕਰ ਲਿਆ। ਵੇਖ ਕਈ ਸਿੱਖ ਲੱਤਾਂ ਮਾਰਦੇ ਸਨ ਤੇ ਨਾਲ-ਨਾਲ ਸਾਰੇ ਗਾਲ੍ਹਾਂ ਕੱਢਦੇ ਸਨ॥੩੦॥

ਪਰਜੋ ਬਿਹਾਲ ਨਹੀਂ ਸੁਧ ਕੋਈ। ਕੇਤਿਕ ਕਹਤਿ 'ਮ੍ਰਿਤੂ ਇਸ ਹੋਈ'।
ਜਾਤੀ ਮਲਕ ਧਾਇ ਤਬਿ ਗਯੋ। ਜਾਇ ਗੁਰੂ ਢਿਗ ਠਾਂਢੋ ਭਯੋ॥ ੩੧ ॥

ਬਿਹਾਲ ਪੈ ਗਿਆ ਕੋਈ ਸੋਝੀ ਨਾ ਰਹੀ, ਕਈ ਕਹਿੰਦੇ ਸਨ "ਇਹ ਮਰ ਗਿਆ ਹੈ।" ਜਾਤੀ ਮਲਕ ਫਿਰ ਦੌੜਿਆ ਗਿਆ ਤੇ ਜਾ ਕੇ ਗੁਰੂ ਜੀ ਪਾਸ ਖੜਾ ਹੋ ਗਿਆ॥੩੧॥

'ਮਹਾਰਾਜ ਪੈਂਦਾ ਚਲਿ ਆਯੋ। ਲਾਖ ਗਿਨਨ ਤਕ ਸੈਨਾ ਲਯਾਯੋ।
ਹੇਤੁ ਭੇਤ ਇਹ ਪਠਜੋ, ਗੁਸਾਈਂ ! ਸਮਤਾ ਕਰਤਿ ਮਾਰ ਬਡ ਖਾਈ॥ ੩੨ ॥

'ਮਹਾਰਾਜ ਪੈਂਦੇ ਖਾਂ ਚਲ ਕੇ ਆਇਆ ਹੈ, ਲੱਖਾਂ ਦੀ ਗਿਣਤੀ ਵਿਚ ਸੈਨਾ ਲਿਆਇਆ ਹੈ। ਇਸ ਅਨਵਰ ਖਾਂ ਨੂੰ ਆਪ ਜੀ ਦੇ ਪਾਸ ਭੇਦ ਲੈਣ ਵਾਸਤੇ ਭੇਜਿਆ ਸੀ। ਬਰਾਬਰੀ ਕਰਦਿਆਂ ਬਹੁਤ ਮਾਰ ਖਾਧੀ ਹੈ॥੩੨॥

ਅਬਿ ਛੁਰਾਇ ਦਿਹੁ ਸਭਟ ਹਟਾਇ। ਨਾਂਹਿ ਤ ਮਾਰਜੋ ਇਹ ਮਰਿ ਜਾਇ।
ਜੀਤਜੋ ਦਰਬ ਫੇਰਿ ਕਰਿ ਦੀਜੈ। ਆਪ ਜੂਪ ਕੇ ਨਾਹਿ ਨ ਲੀਜੈ' ॥ ੩੩ ॥

ਹੁਣ ਸੂਰਮਿਆਂ ਨੂੰ ਕਹਿ ਕੇ ਛੁਡਵਾ ਦੇਵੋ ਨਹੀਂ ਤਾਂ ਮਾਰ ਖਾਂਧਾ ਮਾਰਿਆ ਜਾਵੇਗਾ। ਜਿਹੜਾ ਤੁਸੀਂ ਧਨ ਜਿਤਿਆ ਹੈ, ਉਹ ਵਾਪਸ ਕਰ ਦੇਵੋ, ਆਪ ਜੂਏ ਦੇ ਪੈਸੇ ਨਾ ਲਵੋ' ॥੩੩॥

ਬਿੱਪ੍ਰ ਬਿਨੈ ਸੁਨਿ ਭਏ ਕ੍ਰਿਪਾਲੁ। ਦਿਯੋ ਛੋਰਿ ਸਗਰੋ ਤਤਕਾਲ।
ਪੰਦ੍ਰਹ ਸਦ ਬਖਸ਼ਜੋ ਧਨ ਜਬੈ। ਲੈਕਰਿ ਪਹੁੰਚਜੋ ਦਿਜਬਰ ਤਬੈ॥ ੩੪ ॥

ਬ੍ਰਾਹਮਣ ਦੀ ਬੇਨਤੀ ਸੁਣ ਕੇ ਗੁਰੂ ਜੀ ਕ੍ਰਿਪਾਲੂ ਹੋ ਗਏ, ਤੁਰਤ ਉਸ ਨੂੰ ਛੱਡ ਦਿੱਤਾ। ਪੰਦਰ੍ਹਾਂ ਸੌ ਦਾ ਸਾਰਾ ਧਨ ਸੌਂਪ ਦਿੱਤਾ, ਤਦ ਬ੍ਰਾਹਮਣ ਲੈ ਕੇ ਅਨਵਰ ਖਾਂ ਦੇ ਪਾਸ ਪਹੁੰਚ ਗਿਆ॥੩੪॥

ਸਭਟ ਪ੍ਰਹਾਰਤਿ ਸਕਲ ਹਟਾਏ। ਦਈ ਧੀਰ ਸਿਰ ਪਾਗ ਬੰਧਾਏ।
'ਤੀਨ ਲੋਕਪਤਿ ਰਾਵਣ ਬਲੀ। ਜਿਨਹੁੰ ਜੀਤ ਲੀਨਸਿ ਬਿਧਿ ਭਲੀ॥ ੩੫ ॥

ਜਿਹੜੇ ਸੂਰਮੇ ਮਾਰ ਰਹੇ ਸਨ, ਉਨ੍ਹਾਂ ਨੂੰ ਹਟਾ ਦਿੱਤਾ, ਸਿਰ ਉਤੇ ਪੱਗ ਬੰਨ੍ਹਾ ਕੇ ਧੀਰਜ ਦਿੱਤੀ, "ਤਿੰਨ ਲੋਕਾਂ ਦੇ ਮਾਲਕ ਨੇ ਜਿਸ ਬਲਵਾਨ ਰਾਵਣ ਨੂੰ ਭਲੀ ਪ੍ਰਕਾਰ ਜਿੱਤ ਲਿਆ ਸੀ॥੩੫॥

ਜਰਾ ਸਿੰਧੁ ਗਨ ਚਮੂੰ ਬਟੋਰਿ। ਆਇ ਅਨੇਕ ਬਾਰਿ ਕਰਿ ਜ਼ੋਰ।
ਜੀਤ ਨ ਸਕਜੋ ਮਰਜੋ ਬਲਵੰਤ। ਤਿਨ ਆਗੇ ਕਹੁ ਤੂੰ ਕਜਾ ਜੰਤ?' ॥ ੩੬ ॥

ਜਰਾ ਸਿੰਧ ਬਹੁਤ ਫੌਜ ਇਕੱਠੀ ਕਰਕੇ ਲਿਆਇਆ ਸੀ, ਅਨੇਕ ਵਾਰ ਜ਼ੋਰ ਕਰਕੇ ਆਇਆ ਸੀ, ਜਿੱਤ ਨਾ ਸਕਿਆ ਸੂਰਬੀਰ ਮਾਰਿਆ ਗਿਆ ਸੀ। ਉਸ ਦੇ ਸਾਹਮਣੇ ਤੁਸੀਂ ਜੀਵ ਵਿਚਾਰੇ ਕੌਣ ਹੋ ?" ॥੩੬॥

ਦੇ ਪਾਨੀ, ਮੁਖ ਪਾਨ ਪਖਾਰੇ। ਬੈਠਜੋ ਸਗਰੇ ਬਸਤ੍ਰ ਸੰਭਾਰੇ।
ਦਰਬ ਸਰਬ ਜਬਿ ਧਰਜੋ ਅਗਾਰੀ। ਪਿਖਿ ਹਰਖਤਿ ਭਾ ਰਿਦੇ ਮਝਾਰੀ॥ ੩੭ ॥

ਪਾਣੀ ਦੇ ਕੇ ਮੂੰਹ ਤੇ ਹੱਥ ਧੁਆਏ ਤੇ ਸਾਰੇ ਵਸਤਰ ਸੰਭਾਲ ਕੇ ਬੈਠ ਗਿਆ। ਜਦ ਸਾਰਾ ਧਨ ਅੱਗੇ ਧਰ ਦਿੱਤਾ ਤਾਂ ਹਿਰਦੇ ਵਿਚ ਬਹੁਤ ਪ੍ਰਸੰਨ ਹੋਇਆ ॥੩੭॥

ਝਾਰ ਪਿਛੋਰ ਭਲੇ ਕਰਿਵਾਇ। ਮੋਨ ਧਰੇ ਗਮਨ੍ਯੋ ਸਹਿਸਾਇ।
ਤੁਰੰਗ ਅਰੂੜ੍ਹ ਸੰਗਲੇ ਦਾਸ। ਗਯੋ ਜਲੰਧਰ ਨਗਰ ਜਹਾਂ ਸੁ॥ ੩੮॥

ਛੰਡ ਝਾੜ ਕੇ ਭਲਾ ਕਰਵਾਇਆ, ਚੁਪ ਕਰਕੇ ਤੁਰਤ ਚਲਾ ਗਿਆ। ਘੋੜੇ ਤੇ ਚੜ੍ਹ ਕੇ ਨਾਲ ਦਾਸ ਨੂੰ ਲੈ ਕੇ ਉਥੇ ਚਲੇ ਗਿਆ ਜਿਥੇ ਜਲੰਧਰ ਨਗਰ ਹੈ॥੩੮॥

ਚਿਤ ਮਹਿਂ ਚਿਤਵਤਿ ਮਮ ਗਤਿ ਐਸੀ। ਲਖ ਨਹਿਂ ਸਕਹਿਂ, ਇਹਾਂ ਬਿਧਿ ਕੈਸੀ।
ਮੋ ਕਹੁ ਤਿਮ ਕਰਨੀ ਬਨਿ ਆਵੈ। ਹਤੌਂ ਗੁਰੂ ਤਬਿ ਪਲਟਾ ਪਾਵੈਂ॥ ੩੯॥

ਚਿੱਤ ਵਿਚ ਸੋਚਦਾ ਸੀ, "ਮੇਰੀ ਐਸੀ ਹਾਲਤ ਹੋਈ ਹੈ, ਸਮਝ ਨਾ ਸਕਣਗੇ, ਇਹ ਕਿਸ ਵਿਧੀ ਨਾਲ ਹੋਇਆ। ਮੈਨੂੰ ਹੁਣ ਉਸ ਤਰ੍ਹਾਂ ਕਰਨਾ ਬਣਦਾ ਹੈ, ਗੁਰੂ ਨੂੰ ਮਾਰ ਕੇ ਫਿਰ ਬਦਲਾ ਲਵਾਂਗਾ॥੩੯॥

ਨਿਸਾ ਪਰੀ ਅਬਿ ਹਇ ਅੰਧਕਾਰੇ। ਆਇ ਨ ਜਾਇ ਨ ਕੋ ਇਸ ਬਾਰੇ।
ਅਸ ਬੁਧਿ ਬਲ ਤੇ ਕਰੌਂ ਉਪਾਇ। ਕਾਲੇਖਾਨ ਸੁਨਤਿ ਚਢਿ ਜਾਇ॥ ੪੦॥

ਰਾਤ ਪੈ ਗਈ ਹੈ ਹੁਣ ਹਨ੍ਹੇਰਾ ਹੋ ਗਿਆ ਹੈ, ਇਸ ਵੇਲੇ ਕੋਈ ਵੀ ਆਉਂਦਾ ਜਾਂਦਾ ਨਹੀਂ ਹੈ। ਬੁੱਧੀ ਦੇ ਬਲ ਨਾਲ ਐਸਾ ਉਪਾਅ ਕਰਦਾ ਹਾਂ ਕਿ ਕਾਲੇ ਖਾਂ ਸੁਣਦਾ ਹੀ ਚੜ੍ਹਾਈ ਕਰ ਦੇਵੇ॥੪੦॥

ਪਰਹਿ ਜਾਮਨੀ ਬਿਖੈ ਲਰਾਈ। ਹਮਲਾ ਕਰੇ ਗੁਰੂ ਲੇ ਘਾਈ।
ਪੁਰਿ ਕਰਤਾਰ ਲੂਟ ਸਭਿ ਲੈ ਹੈਂ। ਗੁਰ ਬਾਹਨੀ ਸਭਿ ਹਨਿ ਦੈ ਹੈਂ॥ ੪੧॥

ਰਾਤ ਵੇਲੇ ਲੜਾਈ ਹੋਵੇਗੀ, ਹਮਲਾ ਕਰਕੇ ਗੁਰੂ ਨੂੰ ਮਾਰ ਲਵਾਂਗੇ। ਸਾਰੇ ਕਰਤਾਰਪੁਰ ਨੂੰ ਲੁੱਟ ਲਵਾਂਗੇ, ਗੁਰੂ ਦੀ ਸਾਰੀ ਫੌਜ ਨੂੰ ਮਾਰ ਦੇਵਾਂਗੇ॥੪੧॥

ਮ੍ਰਿਤਕ ਹਜ਼ਾਰਹੁ ਹ੍ਵੈ ਘਮਸਾਨ। ਕੈ ਗੁਰ ਭਾਜਹਿ ਡਰ ਉਰ ਮਾਨਿ।
ਰਖਨਾ ਪਰਜੋ ਆਬਰੂ ਮੇਰੀ। ਨਹਿਂ ਬਿਦਤਹਿ, ਇਮ ਗਿਨ ਕਰਿ ਹੇਰੀ॥ ੪੨॥

ਹਜ਼ਾਰਾਂ ਦੀ ਮੌਤ ਹੋਵੇਗੀ ਅਤੇ ਵੱਡਾ ਘਮਸਾਣ ਹੋਵੇਗਾ ਜਾਂ ਗੁਰੂ ਡਰ ਮੰਨ ਕੇ ਭੱਜ ਜਾਵੇਗਾ। ਮੈਨੂੰ ਆਪਣੀ ਇੱਜ਼ਤ ਰਖਣੀ ਪੈਣੀ ਹੈ, ਨਹੀਂ ਤਾਂ ਸਾਰੇ ਪ੍ਰਗਟ ਹੋ ਜਾਵੇਗਾ, ਇਸ ਤਰ੍ਹਾਂ ਵਿਚਾਰ ਕੇ ਵੇਖਿਆ॥੪੨॥

ਸੰਧਯਾ ਸਮੈਂ ਸੁ ਉਤਰਜੋ ਜਾਇ। ਅਪਰ ਬਸਤ੍ਰ ਤਨ ਪਰ ਬਦਲਾਇ।
ਕਾਲੇਖਾਲ ਪਾਸ ਚਲਿ ਗਯੋ। ਕਰਿ ਸਲਾਮ ਕੋ ਬੈਠਤਿ ਭਯੋ॥ ੪੩॥

ਸ਼ਾਮ ਵੇਲੇ ਉਥੇ ਜਾ ਉਤਰਿਆ ਤੇ ਤਨ ਦੇ ਕਪੜੇ ਜਾ ਕੇ ਬਦਲਾਏ। ਫਿਰ ਚਲ ਕੇ ਕਾਲੇ ਖਾਂ ਪਾਸ ਗਿਆ ਤੇ ਸਲਾਮ ਕਰਕੇ ਬੈਠ ਗਿਆ॥੪੩॥

ਪੈਂਦੇਖਾਨ ਕੁਸ਼ਾਮਦ ਕਾਰਨ। ਬਾਤ ਮ੍ਰਿਦੁਲ ਦਿਗ ਕਰਤਿ ਉਚਾਰਨ।
ਸੇਵਾ ਹੇਤੁ ਕੁਤਬ ਖਾਂ ਬੈਸਾ। ਦੇਤਿ ਹੁਕਮ ਕਰਿ ਕਾਰਜ ਤੈਸਾ॥ ੪੪॥

ਪੈਂਦੇ ਖਾਨ ਖੁਸ਼ਾਮਦ ਕਰਨ ਵਾਸਤੇ ਬੜੀਆਂ ਮਿੱਠੀਆਂ-ਮਿੱਠੀਆਂ ਗੱਲਾਂ ਕਰ ਰਿਹਾ ਸੀ ਤੇ ਕੁਤਬ ਖਾਂ ਸੇਵਾ ਵਾਸਤੇ ਪਾਸ ਬੈਠਾ ਸੀ, ਜਿਵੇਂ ਹੁਕਮ ਦਿੰਦਾ ਸੀ, ਉਸ ਤਰ੍ਹਾਂ ਕੰਮ ਕਰਦਾ ਸੀ॥੪੪॥

*ਅਠਵੀਂ ਰਾਸ ਦਾ ਅਠਾਰ੍ਹਵਾਂ ਅਧਿਆਇ ਸਮਾਪਤ ਹੋਇਆ॥੧੮॥*

# ਅਧਿਆਇ ਉਨ੍ਹੀਂਵਾਂ

## ਲਸ਼ਕਰ ਚੜ੍ਹ ਆਇਆ

ਦੋਹਰਾ- ਅਨਵਰਖਾਨ ਵਿਚਾਰਿਕੈ ਚਤੁਰਾਈ ਉਪਜਾਇ।
ਕਹ੍ਯੋ 'ਗਯੋ ਗੁਰ ਕੇ ਨਿਕਟਿ ਭੇਤ ਪਾਇ ਸੁਧ ਲ੍ਯਾਇ ॥ ੧॥

ਅਨਵਰ ਖਾਨ ਵਿਚਾਰ ਕੇ ਚਤੁਰਾਈ ਉਪਜਾਉਂਦਾ ਸੀ। ਕਹਿਣ ਲੱਗਾ, 'ਗੁਰੂ ਦੇ ਪਾਸ ਜਾ ਕੇ ਭੇਦ ਪਾ ਕੇ ਖਬਰ ਲਿਆਇਆ ਹਾਂ॥੧॥

ਚੌਪਈ- ਅਬਿ ਲੌ ਸੁਧ ਗੁਰ ਕੋ ਨਹਿਂ ਹੋਈ। ਕੀਨਸਿ ਨਹੀਂ ਸੁਚੇਤੀ ਕੋਈ।
ਲਰਹੁ ਜਾਮਨੀ ਮਹਿਂ ਕਰਿ ਹੇਲਾ। ਕਰਿ ਲੈਹੋ ਸਭਿ ਕਾਜ ਸੁਹੇਲਾ॥੨॥

ਹੁਣ ਤਕ ਗੁਰੂ ਨੂੰ ਕੋਈ ਖਬਰ ਨਹੀਂ ਹੋਈ ਹੈ, ਕਿਸੇ ਪ੍ਰਕਾਰ ਦੀ ਚੌਕਸੀ ਨਹੀਂ ਕੀਤੀ ਹੈ। ਹੱਲਾ ਕਰਕੇ ਰਾਤ ਨੂੰ ਲੜੋ, ਸਾਰਾ ਕਾਰਜ ਹੀ ਸੌਖਾ ਕਰ ਲਵੋ॥੨॥

ਕੁਛ ਥੋਰੀ ਸੀ ਚਮੂੰ ਨਿਹਾਰੀ। ਪਰਹੁ ਬਿਖ਼ਬਰੀ ਕੀਜਹਿ ਮਾਰੀ।
ਕਾਜ ਸੁਗਮ ਹੀ ਜੇ ਬਨਿ ਜਾਇ। ਦਾਨਸ਼ਵੰਦ ਨ ਬਿਲਮ ਲਗਾਇ॥ ੩॥

ਬਹੁਤ ਥੋੜ੍ਹੀ ਜਿਹੀ ਫੌਜ ਵੇਖੀ ਹੈ, ਬਿਖਬਰੀ ਵਿਚ ਪੈ ਕੇ ਮਾਰ ਲਵੋ ਜੇ ਕੰਮ ਸੌਖਿਆਂ ਹੀ ਬਣ ਜਾਵੇ, ਅਕਲਮੰਦ ਆਦਮੀ ਫਿਰ ਦੇਰ ਨਹੀਂ ਲਾਉਂਦੇ॥੩॥

ਤੁਮ ਸਮਰਥ ਹੋ ਅਧਿਕ ਜਦਾਪੀ। ਸ਼ੱਤ੍ਰ ਨ ਗਿਨੀਅਹਿ ਅਲਪ ਕਦਾਪੀ।
ਕਨਕਾ ਪਾਵਕ ਸੁਗਮ ਬੁਝੱਯਤਿ। ਬਨ ਲਗਿ ਬਧਹਿ ਨ ਕਿਮਹੁਂ ਮਿਟੱਯਤਿ॥੪॥

ਫਿਰ ਵੀ ਤੁਸੀਂ ਜ਼ਿਆਦਾ ਸਮਰੱਥ ਹੋ, ਵੈਰੀ ਨੂੰ ਕਦੇ ਵੀ ਘਟ ਨਾ ਗਿਣੀਏ। ਅੱਗ ਦਾ ਤੀਲਾ ਵੀ ਸੌਖੇ ਨਹੀਂ ਬੁਝਦਾ ਹੈ, ਜੇ ਅੱਗ ਜੰਗਲ ਤਕ ਵੱਧ ਜਾਵੇ ਤੇ ਫਿਰ ਕਦੀ ਵੀ ਬੁਝਦੀ ਨਹੀਂ ਹੈ॥੪॥

ਪ੍ਰਾਤਿ ਹੋਤਿ ਲੌ ਲਰਹੁ ਨ ਜਾਈ। ਬਨਹਿ ਸੁਚੇਤ ਲੇਹਿ ਸੁਧ ਪਾਈ।
ਦੀਰਘ ਲਰਹਿ ਕਿ ਜਾਵਹਿ ਭਾਜਿ। ਬਡੇ ਜਤਨ ਤੇ ਬਨਿ ਹੈ ਕਾਜ॥੫॥

ਸਵੇਰ ਹੋਣ ਤਕ ਲੜਿਆ ਨਹੀਂ ਜਾਵੇਗਾ, ਫਿਰ ਉਸ ਨੂੰ ਖਬਰ ਮਿਲ ਜਾਵੇਗੀ ਤੇ ਸੁਚੇਤ ਹੋ ਜਾਵੇਗਾ। ਬਹੁਤ ਵੱਡੀ ਲੜਾਈ ਕਰੇਗਾ ਜਾਂ ਭੱਜ ਜਾਵੇਗਾ, ਫਿਰ ਵੱਡੇ ਯਤਨ ਨਾਲ ਕੰਮ ਬਣੇਗਾ'॥੫॥

ਸੁਨਿ ਪੈਂਦੇ ਖਾਂ ਭਲੇ ਸਰਾਹਾ। 'ਇਮ ਹੀ ਬਨਹਿ, ਹਨਹਿਂ ਰਣ ਮਾਂਹਾ।
ਕਾਰਜ ਹੋਇ, ਸੁ ਕਰਿ ਹੀ ਲੇਹਿ। ਮ੍ਰਿਗ ਜਿਮ ਸਿੰਘ ਜਾਨ ਨਹਿਂ ਦੇਹਿ॥੬॥

ਇਹ ਸੁਣ ਕੇ ਪੈਂਦੇ ਖਾਂ ਨੇ ਭਲੀ ਪ੍ਰਕਾਰ ਸ਼ਲਾਘਾ ਕੀਤੀ। ਇਸ ਤਰ੍ਹਾਂ ਹੀ ਬਣੇ, ਜੰਗ ਦੇ ਮੈਦਾਨ ਵਿਚ ਮਾਰੀਏ। ਜਿਹੜਾ ਕਾਰਜ ਹੋਵੇ ਉਹ ਕਰ ਲਵੋ, ਜਿਵੇਂ ਸ਼ੇਰ ਹਿਰਨ ਨੂੰ ਜਾਣ ਨਹੀਂ ਦਿੰਦਾ ਹੈ॥੬॥

ਫਤੇ ਕਰਹੁ ਲਿਹੁ ਸੁਜਸੁ ਬਡਾਈ। ਹਜ਼ਰਤ ਨਿਕਟਿ ਚਲਹੁ ਹਰਖਾਈ।
ਸਭਿ ਕੇ ਮਨਸਬ ਹੋਇਂ ਸਵਾਏ। ਹਯ ਸਮੇਤ ਗੁਰ ਦੇਹੁ ਪੁਚਾਏ'॥੭॥

ਫਤਹਿ ਪ੍ਰਾਪਤ ਕਰਕੇ ਸ੍ਰੇਸ਼ਟ ਜਸ ਤੇ ਵਡਿਆਈ ਪ੍ਰਾਪਤ ਕਰੇ ਤੇ ਬੜੇ ਪ੍ਰਸੰਨ ਹੋ ਕੇ ਬਾਦਸ਼ਾਹ ਦੇ ਪਾਸ ਜਾਵੇ, ਤੇ ਘੋੜੇ ਸਮੇਤ ਗੁਰੂ ਨੂੰ ਪਹੁੰਚਾ ਦੇਵੇ"॥੭॥

ਕਾਲੇਖਾਨ ਕਹਯੋ ਤਿਸ ਬੇਰੀ। 'ਕਹਾਂ ਕੁਤਬ ਖਾਂ ! ਮਸਲਤ ਤੇਰੀ?
ਜੰਗ ਜਾਮਨੀ ਕੈ ਦਿਨ ਕੇਰਾ। ਗਹਯੋ ਜਾਇ ਜਿਮ ਗੁਰੂ ਬਡੇਰਾ॥ ੮॥

ਉਸ ਸਮੇਂ ਕਾਲੇ ਖਾਂ ਨੇ ਕਿਹਾ, "ਹੇ ਕੁਤਬ ਖਾਂ ! ਤੇਰੀ ਕੀ ਰਾਇ ਹੈ ? ਜੰਗ ਰਾਤ ਦੀ ਚੰਗੀ ਹੈ ਕਿ ਦਿਨ ਦੀ, ਜਿਵੇਂ ਵੀ ਵੱਡਾ ਗੁਰੂ ਫੜਿਆ ਜਾਵੇ॥੮॥

ਅਸ ਨ ਹੋਇ ਜਯੋਂ ਪ੍ਰਥਮ ਲਰਾਈ। ਲਲਾ ਸੁ ਕੰਬਰ ਦਲ ਸਮੁਦਾਈ।
ਸੋਵਤਿ ਅਬਿ ਲੌ ਪਾਇਂ ਪਸਾਰੇ। ਕਾਰਜ ਸਰਯੋ ਨ, ਰਣ ਮੈਂ ਹਾਰੇ॥ ੯॥

ਐਸਾ ਨਾ ਹੋਵੇ ਜਿਵੇਂ ਪਹਿਲੀ ਲੜਾਈ ਹੋਈ ਸੀ, ਲਲਾ ਤੇ ਕੰਬਰ ਦਲ ਦਾ ਜੋ ਹਾਲ ਹੋਇਆ ਸੀ। ਹੁਣ ਤਕ ਪੈਰ ਪਸਾਰ ਕੇ ਸੁੱਤੇ ਪਏ ਹਾਂ, ਕਾਰਜ ਸਰਿਆ ਨਹੀਂ, ਰਣ ਵਿਚ ਹਾਰ ਜਾਵਾਂਗੇ॥੯॥

ਯਾਂਤੇ ਮ੍ਰਿਗ ਮਾਰਨ ਕੇ ਕਾਜਾ। ਹਤਨਿ ਸਿੰਘ ਕੋ ਕਰਹਿ ਸਮਾਜਾ।
ਇਮ ਕਹਵਤਿ ਲੋਕਨਿ ਤੇ ਸੁਨੀ। ਪਰਖਨ ਕੀਨਿ ਬਾਤ ਹੈ ਘਨੀ'॥ ੧੦॥

ਇਸ ਕਰਕੇ ਹਿਰਨ ਮਾਰਨ ਵਾਸਤੇ, ਸ਼ੇਰ ਮਾਰਨ ਦਾ ਸਾਜ਼-ਸਾਮਾਨ ਤਿਆਰ ਕਰੀਏ। ਇਸ ਤਰ੍ਹਾਂ ਅਸੀਂ ਲੋਕਾਂ ਨੂੰ ਕਹਿੰਦਿਆਂ ਨੂੰ ਸੁਣਿਆ ਹੈ, ਇਹ ਗੱਲ ਚੰਗੀ ਤਰ੍ਹਾਂ ਪਰਖੀ ਜਾ ਚੁੱਕੀ ਹੈ'॥੧੦॥

ਕਹਯੋ ਕੁਤਬ ਖਾਂ 'ਨਿਸਚੇ ਐਸੇ। ਆਪ ਕਰੀ ਫੁਰਮਾਵਨ ਜੈਸੇ।
ਤਊ ਦੇਖੀਏ ਭਲੇ ਬਿਚਾਰੇ। ਗੁਰੂ ਸੂਰਮਾ ਹਤੇ ਹਜ਼ਾਰੋਂ॥ ੧੧॥

ਕੁਤਬ ਖਾਂ ਨੇ ਕਿਹਾ, "ਇਹ ਗੱਲ ਬਿਲਕੁਲ ਸੱਚੀ ਹੈ, ਜਿਵੇਂ ਆਪ ਜੀ ਨੇ ਫੁਰਮਾਈ ਹੈ। ਫਿਰ ਗੱਲ ਭਲੀ ਪ੍ਰਕਾਰ ਵਿਚਾਰ ਕੇ ਵੇਖ ਲਵੋ, ਗੁਰੂ ਹਜ਼ਾਰਾਂ ਸੂਰਮਿਆਂ ਨੂੰ ਮਾਰ ਦਿੰਦਾ ਹੈ॥੧੧॥

ਏਕਾ ਏਕੀ ਗਹਯੋ ਨ ਜਾਇ। ਖੜਗ ਪ੍ਰਹਾਰਹਿ ਸੁਭਟ ਗਿਰਾਇ।
ਹਰਿ ਗੋਬਿੰਦ ਬਿਨਾਂ ਸਵਧਾਨੀ। ਇਹੁ ਨੀਕੀ ਸਭਿ ਕੇ ਮਨ ਭਾਨੀ॥ ੧੨॥

ਯਕਲਖਤ ਉਹ ਫੜਿਆ ਨਹੀਂ ਜਾਵੇਗਾ, ਤਲਵਾਰ ਦੇ ਵਾਰ ਕਰਕੇ ਬਹੁਤ ਸੂਰਮਿਆਂ ਨੂੰ ਮਾਰ ਕੇ ਡੇਗ ਦੇਵੇਗਾ। ਇਸ ਸਮੇਂ ਸ੍ਰੀ ਹਰਿਗੋਬਿੰਦ ਸਾਵਧਾਨੀ ਤੋਂ ਬਗੈਰ ਹਨ, ਭਾਵ ਤਿਆਰ ਨਹੀਂ ਹਨ, ਇਹ ਚੰਗੀ ਗੱਲ ਸਾਰਿਆਂ ਦੇ ਮਨ ਨੂੰ ਭਾਅ ਗਈ, ਭਾਵ ਸਾਰਿਆਂ ਦੇ ਮਨ-ਭਾਉਂਦੀ ਗੱਲ ਸੀ॥੧੨॥

ਪਾਛਲ ਰਾਤਿ ਪਰੋ ਕਰਿ ਹੇਲਾ। ਕਰੋ ਚਮੂੰ ਹਤਿ ਰੇਲ ਰੁ ਪੇਲਾ।
ਪੈਂਦਾ ਸਨਮੁਖ ਤਿਨ ਕੇ ਜੈ ਹੈ। ਬਲ ਬਿਸਾਲ ਤੇ ਗਹਿ ਗੁਰ ਲੈ ਹੈ॥ ੧੩॥

ਪਿਛਲੀ ਰਾਤ ਹੋਣ ਤੇ ਹਲਾ ਕਰਕੇ ਪੈ ਜਾਵੋ, ਉਸ ਦੀ ਫੌਜ ਨੂੰ ਮਾਰ ਕੇ ਸਭ ਨੂੰ ਲੰਮੇ ਪਾ ਦੇਵੋ। ਪੈਂਦਾ ਖਾਂ ਉਨ੍ਹਾਂ ਦੇ ਸਾਹਮਣੇ ਜਾਵੇਗਾ ਤੇ ਵਿਸ਼ਾਲ ਬਲ ਨਾਲ ਗੁਰੂ ਨੂੰ ਫੜ ਲਵੇਗਾ॥੧੩॥

ਅਲਪ ਬਾਹਿਨੀ ਮਾਰਨ ਕਹਾਂ। ਹਤਹਿਂ ਤੁਰਤ ਹਮ ਲਸ਼ਕਰ ਮਹਾਂ'।
ਇਮ ਠਾਨਤਿ ਮਸਲਤ ਜਿਸ ਕਾਲ। ਚਹਤਿ ਚਢਨ ਕਹੁ ਬੀਰ ਬਿਸਾਲ॥੧੪॥

ਥੋੜੀ ਜਿਹੀ ਸੈਨਾ ਨੂੰ ਮਾਰਨਾ ਕਿਹੜਾ ਔਖਾ ਹੈ, ਸਾਡੇ ਪਾਸ ਵੱਡਾ ਲਸ਼ਕਰ ਹੈ ਤੁਰਤ ਹੀ ਮਾਰ ਦੇਵਾਂਗੇ।" ਜਿਸ ਸਮੇਂ ਇਹ ਸਲਾਹ ਕਰ ਰਹੇ ਸਨ, ਤਾਂ ਵੱਡੇ-ਵੱਡੇ ਸੂਰਮੇ ਚੜ੍ਹਾਈ ਕਰਨੀ ਚਾਹੁੰਦੇ ਸਨ॥੧੪॥

ਤਬਿ ਲੋ ਧੀਰਮਲ ਕੀ ਪਾਤੀ। ਪਹੁੰਚੀ ਤਿਨ ਢਿਗ ਕੁਮਤਿ ਕੁਬਾਤੀ
ਅਪਨਾ ਆਪ ਬਚਾਵਨ ਕਾਰਨ। ਪਿਤ ਗੁਰ ਤਜਾਗ ਤੁਰਕ ਅਨੁਸਾਰਨ ॥੧੫॥

ਤਦ ਤਕ ਧੀਰ ਮਲ ਦੀ ਚਿੱਠੀ ਪਹੁੰਚ ਗਈ। ਜਿਸ ਵਿਚ ਖੋਟੀ ਮੱਤ ਨਾਲ ਖੋਟੀਆਂ ਗੱਲਾਂ ਲਿਖੀਆਂ ਹੋਈਆਂ ਸਨ। ਆਪਣੇ ਆਪ ਨੂੰ ਬਚਾਉਣ ਕਾਰਨ, ਪਿਤਾ ਤੇ ਗੁਰੂ ਜੀ ਨੂੰ ਛੱਡ ਕੇ ਤੁਰਕਾਂ ਦਾ ਆਗਿਆਕਾਰੀ ਹੋ ਗਿਆ ਸੀ ॥੧੫॥

ਖੋਲਿ ਪਠੀ ਸਭਿ ਮਹਿਂ ਬੱਖਜਾਤ। 'ਲਿਖਤੁਮ ਧੀਰਮਲ ਨਿਜ ਬਾਤ।
ਪੈਂਦਖਾਨ! ਮੈਂ ਪੱਖੀ ਤੇਰਾ। ਨਹਿਂ ਅਪਮਾਨ ਸਹੈ ਮਨ ਮੇਰਾ॥ ੧੬॥

ਚਿੱਠੀ ਖੋਲ੍ਹ ਕੇ ਪੜ੍ਹ ਕੇ ਸਾਰਿਆਂ ਵਿਚ ਪ੍ਰਗਟ ਕੀਤੀ, "ਧੀਰ ਮਲ ਆਪਣੀ ਗੱਲ ਲਿਖਦਾ ਹੈ, 'ਹੇ ਪੈਂਦੇ ਖਾਨ! ਮੈਂ ਤੇਰਾ ਪੱਖੀ ਹਾਂ, ਤੇਰਾ ਅਪਮਾਨ ਮੇਰਾ ਮਨ ਨਹੀਂ ਸਹਿੰਦਾ ਹੈ ॥੧੬॥

ਅਬਿ ਤੂੰ ਆਉ ਬਿਲੰਬ ਨ ਧਾਰੇ। ਸ਼ਾਹੁ ਸੰਗ ਕਰਿ ਮੇਲ ਹਮਾਰੇ।
ਮੈਂ ਨ ਬਿਰੋਧ ਕਮਾਵਨ ਕਰੋਂ। ਹਜ਼ਰਤ ਕੇ ਹਮੇਸ਼ ਅਨੁਸਾਰੋਂ॥ ੧੭॥

ਹੁਣ ਤੂੰ ਆ ਜਾ ਦੇਰ ਨਾ ਲਾਵੇਂ, ਬਾਦਸ਼ਾਹ ਦੇ ਨਾਲ ਮੇਰਾ ਮੇਲ ਕਰਵਾ ਦੇਵੇਂ, ਮੈਂ ਵਿਰੋਧ ਨਹੀਂ ਕਮਾਵਾਂਗਾ ਤੇ ਸਦਾ ਬਾਦਸ਼ਾਹ ਦੀ ਆਗਿਆ ਅਨੁਸਾਰ ਰਹਾਂਗਾ" ॥੧੭॥

ਸੁਨਿ ਸਭਿ ਕੇ ਮਨ ਹਰਖਤਿ ਹੋਏ। ਪਰਜੋ ਭੇਦ ਘਰ ਮੈਂ ਇਮ ਜੋਏ।
'ਉੱਤਰ ਲਿਖਹੁ ਦੇਤਿ ਸੁਧ ਰਹੋ। ਜਿਮ ਹੁਇ ਫਤੇ ਹਮਾਰੀ ਕਹੋ' ॥ ੧੮॥

ਇਹ ਸੁਣ ਕੇ ਸਾਰਿਆਂ ਦੇ ਮਨ ਪ੍ਰਸੰਨ ਹੋ ਗਏ, ਇਸ ਤਰ੍ਹਾਂ ਗੁਰੂ ਘਰ ਵਿਚ ਹੀ (ਫੁਟ) ਪਾਟਕ ਪੈ ਗਿਆ ਸੀ। ਤੁਰਕਾਂ ਆਪਸ ਵਿਚ ਸਲਾਹ ਕਰਕੇ ਕਿਹਾ, "ਉੱਤਰ ਲਿਖੋ, ਖਬਰ ਦਿੰਦਾ ਰਹੇ, ਜਿਵੇਂ ਸਾਡੀ ਜਿੱਤ ਹੋਵੇ ਉਸ ਤਰ੍ਹਾਂ ਕਹੋ।" ॥੧੮॥

ਤੁਰਕਨ ਤੇ ਲਿਖਾਇ ਕਰਿ ਲਜਾਯੋ। ਧੀਰ ਮੱਲ ਕੇ ਨਿਕਟਿ ਪੁਚਾਯੋ।
ਸਭਿ ਲਸ਼ਕਰ ਤਜਾਰੀ ਤਬਿ ਕੀਨਿ। ਜਹਿਂ ਕਹਿਂ ਤੇ ਹਕਾਰਿ ਨਰ ਲੀਨ ॥੧੯॥

ਧੀਰਮਲ ਦਾ ਦੂਤ ਤੁਰਕਾਂ ਪਾਸੋਂ ਲਿਖਾ ਕੇ ਲੈ ਆਇਆ ਤੇ ਚਿੱਠੀ ਧੀਰ ਮਲ ਨੂੰ ਪਹੁੰਚਾ ਦਿੱਤੀ। ਸਭ ਲਸ਼ਕਰ ਨੇ ਫਿਰ ਤਿਆਰੀ ਕਰ ਲਈ, ਜਿਥੋਂ ਕਿਥੋਂ ਮਨੁੱਖਾਂ ਨੂੰ ਬੁਲਾ ਲਿਆ ॥੧੯॥

ਨਹੀਂ ਜੰਗ ਕੀ ਬਾਤ ਸੁਨਾਵੈਂ। ਕਹੈਂ 'ਸੁ ਰੋਪੜ ਕੋ ਚਲਿ ਜਾਵੈਂ।
ਕਾਲੇਖਾਨ ਨਜਾਜ਼ ਤਿਹ ਦੇਨੀ। ਨਿਜ ਮੁਰਾਦ ਹਾਸਲ ਕਰਿ ਲੇਨੀ॥ ੨੦॥

ਜੰਗ ਦੀ ਗੱਲ ਨਹੀਂ ਸੁਣਾਉਂਦੇ ਸਨ, ਕਹਿੰਦੇ ਸਨ, ਰੋਪੜ ਨੂੰ ਚਲ ਕੇ ਜਾਵਾਂਗੇ। ਕਾਲੇ ਖਾਨ ਨੇ ਉਥੇ ਭੇਟਾ ਚੜ੍ਹਾਉਣੀ ਹੈ ਤੇ ਆਪਣੀ ਮੁਰਾਦ ਪ੍ਰਾਪਤ ਕਰ ਲੈਣੀ ਹੈ ॥੨੦॥

ਪੀਰ ਸਖਾਲਤ ਵਲੀ ਬਿਸਾਲਾ। ਲਸ਼ਕਰ ਸਹਿਤ ਤਹਾਂ ਕੌ ਚਾਲਾ'।
ਲਵਪੁਰਿ ਤੇ ਜਬਿ ਕੇ ਇਤ ਚਾਲੇ। ਭੇਤ ਨ ਦੇਤਿ ਕਹਤਿ ਇਸ ਢਾਲੇ ॥੨੧॥

ਪੀਰ ਸਲਾਖਤ ਵੱਡਾ ਵਲੀ ਹੈ, ਲਸ਼ਕਰ ਸਹਿਤ ਉਥੇ ਚਲਿਆ ਹੈ।" ਲਾਹੌਰ ਤੋਂ ਜਦ ਦੇ ਏਧਰ ਚਲੇ ਹਨ, ਕਿਸੇ ਨੂੰ ਭੇਦ ਨਹੀਂ ਦਿੰਦੇ ਹਨ ਤੇ ਇਸ ਤਰ੍ਹਾਂ ਕਹਿੰਦੇ ਹਨ ॥੨੧॥

ਜੇਤਿਕ ਦੁਆਬੇ ਬਿਖੇ ਪਠਾਨ। ਕਰੇ ਇਕੱਤ੍ਰ ਹਕਾਰਨ ਠਾਨਿ।
ਅਧਿਕ ਬਾਹਿਨੀ ਕਰੀ ਬਟੋਰ॥ ਕਿਤਿਕ ਆਇ ਮਿਲਿ ਲੂਟਨ ਲੌਰ ॥੨੨॥

ਦੁਆਬੇ ਵਿਚ ਜਿੰਨੇ ਵੀ ਪਠਾਣ ਸੀ, ਸਾਰਿਆਂ ਨੂੰ ਬੁਲਾ ਕੇ ਇਕੱਠਿਆ ਕਰ ਲਿਆ। ਬਹੁਤ ਫੌਜ ਜੋੜ ਲਈ, ਕਈ ਤਾਂ ਮਿਲ ਕੇ ਲੁੱਟਣ ਦੀ ਚਾਹ ਕਰਕੇ ਹੀ ਆ ਮਿਲੇ॥੨੨॥

ਕਾਲੇ ਖਾਂ ਸਭਿ ਕੋ ਸਨਮਾਨੈ। ਖਾਨ ਪਾਨ ਦੇ ਮ੍ਰਿਦੁਲ ਬਖਾਨੈ।
ਲਸ਼ਕਰ ਬਡੋ ਦੇਖ ਕਰਿ ਫੂਲਾ। ਜੰਗ ਕਰਨਿ ਕੋ ਚਿਤ ਅਨਕੂਲਾ॥ ੨੩॥

ਕਾਲੇ ਖਾਂ ਨੇ ਸਭ ਦਾ ਸਨਮਾਨ ਕੀਤਾ, ਖਾਣ ਪੀਣ ਦੇ ਕੇ ਬੜੇ ਮਿੱਠੇ ਬੋਲ ਕਹੇ। ਵੱਡਾ ਲਸ਼ਕਰ ਵੇਖ ਕੇ ਫੁੱਲ ਗਿਆ ਅਤੇ ਚਿੱਤ ਨੂੰ ਜੰਗ ਕਰਨ ਦੇ ਅਨੁਕੂਲ ਬਣਾ ਲਿਆ॥੨੩॥

ਚਢਜੋ ਨਿਸਾ ਮਹਿਂ ਬਜੇ ਨਿਸ਼ਾਨ। ਤਤਛਿਨ ਪਾਏ ਜ਼ੀਨ ਕਿਕਾਨ।
ਗੁਲਕਾਂ ਗਨ ਬਰੂਦ ਬਰਤਾਈ। ਪੁਰਿ ਤੇ ਵਹਿਰ ਨਿਕਸਿ ਥਿਰ ਥਾਈਂ॥ ੨੪॥

ਰਾਤ ਨੂੰ ਹੀ ਨਗਾਰੇ ਵਜਾ ਕੇ ਚੜ੍ਹ ਪਿਆ ਤੇ ਤੁਰਤ ਘੋੜਿਆਂ ਤੇ ਕਾਠੀਆਂ ਪਾ ਲਈਆਂ। ਗੋਲੀਆਂ ਅਤੇ ਬਾਰੂਦ ਬਹੁਤ ਵਰਤਾਇਆ, ਸ਼ਹਿਰ ਤੋਂ ਬਾਹਰ ਨਿਕਲ ਕੇ ਇਕ ਥਾਂ ਖੜੇ ਹੋ ਗਏ॥੨੪॥

ਅਰਧ ਲਾਖ ਅਰੁ ਦੋਇ ਹਜ਼ਾਰ। ਕਾਲੇਖਾਨ ਸਾਥ ਅਸਵਾਰ।
ਸੈਨਾ ਸਹੱਸ੍ਰ ਇਕਾਦਸ਼ ਆਨਿ। ਕੁਤਬਖਾਨ ਕੇ ਸੰਗ ਪਯਾਨ॥ ੨੫॥

ਬਵੰਜਾ ਹਜ਼ਾਰ ਫੌਜ ਕਾਲੇ ਖਾਨ ਦੇ ਨਾਲ ਅਸਵਾਰ ਹੋ ਗਈ। ਗਿਆਰਾਂ ਹਜ਼ਾਰ ਹੋਰ ਫੌਜ ਕੁਤਬ ਖਾਨ ਦੇ ਨਾਲ ਚੱਲ ਪਈ॥੨੫॥

ਸਭਿ ਦੁਆਬੇ ਤੇ ਕਰੀ ਬਟੋਰਿ। ਚਮੂੰ ਸਹੱਸ੍ਰ ਦੋਇ ਦਸ ਔਰ।
ਸਗਰੀ ਭਈ ਪਚੱਤ੍ਰ ਹਜ਼ਾਰ। ਅਪਰ ਸੈਂਕਰੇ ਮਿਲਿ ਅਸਵਾਰ॥ ੨੬॥

ਸਾਰੇ ਦੁਆਬੇ ਵਿਚ ਹੋਰ ਫੌਜ ਇਕੱਠੀ ਕੀਤੀ, ਬਾਰਾਂ ਹਜ਼ਾਰ ਹੋਰ ਫੌਜ ਨਾਲ ਆ ਮਿਲੀ। ਸਾਰੀ ਫੌਜ ਪਚੱਤਰ ਹਜ਼ਾਰ ਹੋ ਗਈ, ਹੋਰ ਵੀ ਸੈਂਕੜੇ ਅਸਵਾਰ ਆ ਮਿਲੇ॥੨੬॥

ਮਿਲੇ ਆਨਿ ਜਿਤ ਕਿਤ ਤੇ ਤੁਰਕ। ਪ੍ਰੇਰੇ ਕਾਲ ਹੋਨਿ ਕੋ ਗ਼ਰਕ।
ਕਿਤਿਕ ਊਨ ਭਾ ਲਸ਼ਕਰ ਲਾਖ। ਲੇ ਕਰਿ ਸਾਥ ਜੰਗ ਅਭਿਲਾਖ॥ ੨੭॥

ਹੋਰ ਵੀ ਜਿਥੋਂ ਕਿਥੋਂ ਤੁਰਕ ਆ ਮਿਲੇ, ਕਾਲ ਦੇ ਪ੍ਰੇਰੇ ਹੋਏ ਗਰਕ ਹੋਣ ਵਾਸਤੇ ਆ ਗਏ। ਸਾਰਾ ਲਸ਼ਕਰ ਲੱਖ ਨਾਲੋਂ ਥੋੜ੍ਹਾ ਹੀ ਘਟ ਰਹਿ ਗਿਆ। ਜਿਹੜੇ ਜੰਗ ਦੀ ਅਭਿਲਾਖਾ ਲੈਕੇ ਨਾਲ ਆ ਮਿਲੇ ਸਨ॥੨੭॥

ਨਿਜ ਨਿਜ ਮਿਸਲਨਿ ਬਜੇ ਨਗਾਰੇ। ਨਿਕਸੇ ਨਗਰ ਹੋਇ ਸਭਿ ਤਯਾਰੇ।
ਪੀਵਤਿ ਮਿਲਿ ਸ਼ਰਾਬ ਮਤਵਾਰੇ। ਬਾਕ ਅਟਪਟੇ ਕਰਤਿ ਉਚਾਰੇ॥ ੨੮॥

ਆਪਣੀਆ-ਆਪਣੀਆਂ ਮਿਸਲਾਂ ਨੇ ਨਗਾਰੇ ਵਜਾਏ, ਸਾਰੇ ਤਿਆਰ ਹੋ ਕੇ ਨਗਰ ਵਿਚੋਂ ਬਾਹਰ ਆ ਗਏ। ਮਿਲ ਕੇ ਸ਼ਰਾਬ ਪੀ ਕੇ ਮਤਵਾਲੇ ਹੋ ਰਹੇ ਸਨ, ਤੇ ਊਟਪਟਾਂਗ ਗੱਲਾਂ ਕਰਦੇ ਸਨ॥੨੮॥

ਸਾਗਰ ਮਨਹੁੰ ਉਛਲ ਕਰਿ ਚਾਲਾ। ਗਮਨਜੋ ਲਸ਼ਕਰ ਏਵ ਬਿਸਾਲਾ।
ਉਡੀ ਧੂਲ ਛਾਦਜੋ ਅਸਮਾਨਾ। ਕਰਨਿ ਨੈਨ ਮਹਿਂ ਪਰਹਿ ਮਹਾਨਾ॥ ੨੯॥

ਮਾਨੋਂ ਸਾਗਰ ਹੀ ਉੱਛਲ ਕੇ ਚੱਲ ਪਿਆ ਸੀ, ਇਸ ਤਰ੍ਹਾਂ ਵਿਸ਼ਾਲ ਲਸ਼ਕਰ ਚਲ ਪਿਆ। ਬਹੁਤ ਧੂੜ ਉੱਡੀ ਤੇ ਅਸਮਾਨ ਹੀ ਢਕਿਆ ਗਿਆ। ਕੰਨਾਂ ਤੇ ਨੇਤਰਾਂ ਵਿਚ ਬਹੁਤ ਧੂੜ ਪੈਂਦੀ ਸੀ॥੨੯॥

ਉਡਗਨ ਚੰਦ ਨ ਪਰਹਿ ਦਿਖਾਈ। ਮਨਹੁਂ ਘਟਾ ਚਹੁੰਦਿਸ਼ ਘਿਰ ਆਈ।
ਚਲਯੋ ਸ਼ਲਭ ਦਲ ਬ੍ਰਿੰਦ ਮਨਿੰਦ। ਸਿੰਧੁ ਅਹੈਂ ਸ੍ਰੀ ਹਰਿਗੋਬਿੰਦ॥ ੩੦॥

ਚੰਦ ਤੇ ਤਾਰੇ ਵਿਖਾਈ ਨਹੀਂ ਸੀ ਦਿੰਦੇ, ਮਾਨੋਂ ਚਾਰੇ ਪਾਸੇ ਘਟਾ ਘਿਰ ਕੇ ਆ ਗਈ ਸੀ। ਟਿੱਡੀ ਦਲ ਵਾਂਗ ਸਾਰਾ ਦਲ ਚੜ੍ਹ ਪਿਆ, ਮਾਨੋਂ ਗੁਰੂ ਹਰਿਗੋਬਿੰਦ ਜੀ ਅੱਗੇ ਸਮੁੰਦਰ ਸਨ॥੩੦॥

ਬੂਡਿ ਬੂਡਿ ਸਗਰੇ ਮਰਿ ਜੈ ਹੈਂ। ਥਿਰ ਹੋਵਨਿ ਕੋ ਥਾਂਵ ਨ ਪੈਹੈਂ।
ਲਸ਼ਕਰ ਸੰਗ ਲਏ ਇਮ ਸਾਰਾ। ਕਾਲੇਖਾਂ ਗਮਨਯੋ ਮੁਦ ਧਾਰਾ॥ ੩੧॥

ਉਸ ਸਾਗਰ ਵਿਚ ਸਾਰੇ ਡੁੱਬ-ਡੁੱਬ ਕੇ ਮਰ ਜਾਣਗੇ, ਬੈਠਣ ਵਾਸਤੇ ਕਿਤੇ ਥਾਂ ਨਹੀਂ ਪਾਉਣਗੇ। ਇਸ ਤਰ੍ਹਾਂ ਸਾਰਾ ਲਸ਼ਕਰ ਨਾਲ ਲੈ ਲਿਆ। ਕਾਲੇ ਖਾਂ ਬੜਾ ਪ੍ਰਸੰਨ ਹੋ ਕੇ ਚਲ ਪਿਆ॥੩੧॥

ਭਏ ਕੁਸ਼ਗਨ ਸੁ ਮਰਨ ਜਨਾਵੈਂ। ਬਾਮ ਬਿਲੋਚਨ ਸਭਿ ਫਰਕਾਂਵੈਂ।
ਸ਼ਿਵਾ ਅਸ਼ਿਵਾ ਸਮੁਖ ਕੋ ਧਾਵੈਂ। ਮੁਖ ਤੇ ਅਗਨੀ ਬਮਤਿ ਦਿਖਾਵੈ॥ ੩੨॥

ਐਸੇ ਭੈੜੇ ਸ਼ਗਨ ਹੋਏ ਜਿਹੜੇ ਮੌਤ ਦੇ ਪ੍ਰਤੀਕ ਸਨ, ਖੱਬੀਆਂ ਅੱਖਾਂ ਸਭ ਦੀਆਂ ਫੜਕਦੀਆਂ ਸਨ। ਅਸ਼ੁਭ ਗਿੱਦੜੀਆਂ ਸਾਹਮਣੇ ਭੱਜਦੀਆਂ ਸਨ, ਤੇ ਮੂੰਹ ਤੋਂ ਅੱਗ ਨਿਕਲਦੀ ਵਿਖਾਉਂਦੀਆਂ ਸਨ॥੩੨॥

ਉਲਕਾਪਾਤ ਹੋਤਿ ਬਹੁਤੇਰੇ। ਬੋਲਤਿ ਹੈਂ ਉਲੂਕ ਚਹੁਫੇਰੇ।
ਮਰਯੋ ਹੁਤੋ ਕੋ ਨਗਰ ਮਝਾਰੀ। ਰੁਦਨਿ ਸੁਨਾਵਤਿ ਹੈਂ ਬਹੁ ਨਾਰੀ॥ ੩੩॥

ਆਕਾਸ਼ ਤੋਂ ਅੰਗਾਰੇ ਡਿੱਗ ਰਹੇ ਸਨ ਅਤੇ ਚਾਰ-ਚੁਫੇਰੇ ਉਲੂ ਬੋਲ ਰਹੇ ਸਨ। ਨਗਰ ਵਿਚ ਕੋਈ ਮਰ ਗਿਆ ਸੀ, ਬਹੁਤ ਇਸਤਰੀਆਂ ਇਕੱਠੀਆਂ ਹੋ ਕੇ ਰੋ ਰਹੀਆਂ ਸਨ॥੩੩॥

ਪੈਂਦਾ ਕੁਤਬਖਾਨ ਬਲਵਾਨਾ। ਲੀਨੇ ਸੰਗ ਖਾਨ ਅਸਮਾਨਾ।
ਮਸਲਤ ਕਰਤਿ ਲਰਨ ਕੀ, ਚਾਲੇ॥ ੩੪॥

ਪੈਂਦਾ, ਕੁਤਬ ਖਾਨ ਬੜੇ ਬਲਵਾਨ ਹਨ, ਉਨ੍ਹਾਂ ਆਪਣੇ ਨਾਲ ਅਸਮਾਨ ਖਾਂ ਨੂੰ ਲੈ ਲਿਆ। ਲੜਾਈ ਦੀ ਸਲਾਹ ਕਰਕੇ ਚਲ ਪਏ॥੩੪॥

ਮਾਰਗ ਅਰਧ ਗਏ ਚਲਿ ਜਬੈ। ਮਿਲਯੋ ਮਲਕ ਦਾਤਾਰ ਸੁ ਤਬੈ।
ਕੁਛਕ ਸੈਨ ਹੈ ਜਿਸ ਕੇ ਸੰਗ। ਕੁਤਬਖਾਨ ਕੋ ਭ੍ਰਾਤ ਸੁ ਅੰਗ॥ ੩੫॥

ਜਦ ਰਸਤੇ ਵਿਚ ਅੱਧ ਵਿਚ ਪਹੁੰਚੇ ਤਾਂ ਉਨ੍ਹਾਂ ਨੂੰ ਮਲਕ ਦਾਤਾਰ ਮਿਲਿਆ। ਉਸ ਦੇ ਨਾਲ ਵੀ ਕੁਝ ਸੈਨਾ ਸੀ, ਉਹ ਕੁਤਬ ਖਾਨ ਦਾ ਭਰਾ ਲੱਗਦਾ ਸੀ॥੩੫॥

ਕਰਿ ਸਲਾਮ ਕੋ ਬੂਝਤਿ ਖਰਯੋ। 'ਕਿਤ ਕੋ ਸਭਿਨਿ ਪਯਾਨਾ ਕਰਯੋ?'।
ਕਾਲੇਖਾਂ ਬੋਲਯੋ ਗਰਬਾਇ। 'ਕੇਹਰਿ ਬਲੀ ਰਹੈ ਇਸ ਥਾਇਂ॥ ੩੬॥

ਉਹ ਸਲਾਮ ਕਰਕੇ ਪੁੱਛਣ ਲੱਗਾ, ''ਸਾਰੇ ਮਿਲ ਕੇ ਕਿਧਰ ਚੱਲੇ ਹੋ ?'' ਕਾਲੇ ਖਾਂ ਬੜੇ ਹੰਕਾਰ ਵਿਚ ਬੋਲਿਆ, ''ਇਸ ਥਾਂ ਇਕ ਬੜਾ ਬਲਵਾਨ ਸ਼ੇਰ ਰਹਿੰਦਾ ਹੈ॥੩੬॥

ਬਹੁਤ ਜੀਵ ਸੰਘਾਰਨਿ ਕਰੇ। ਕੋ ਬਲ ਧਾਰਿ ਨ ਆਗੇ ਅਰੇ।
ਤਿਸ ਕੇ ਹਿਤ ਸ਼ਿਕਾਰ ਕੋ ਚਾਲੇ। ਅਬਿ ਸੰਘਾਰਹਿਂ ਖੋਜਿ ਬਿਸਾਲੇ'॥ ੩੭॥

ਬਹੁਤ ਜੀਵਾਂ ਨੂੰ ਉਸ ਮਾਰਿਆ ਹੈ, ਕੋਈ ਵੀ ਬਲ ਧਾਰ ਕੇ ਉਸ ਦੇ ਅੱਗੇ ਨਹੀਂ ਅੜਦਾ ਹੈ। ਉਸ ਦਾ ਸ਼ਿਕਾਰ ਕਰਨ ਚਲੇ ਹਾਂ, ਹੁਣ ਵਿਸਾਲ ਖੇਜ ਕਰਕੇ ਮਾਰ ਦੇਵਾਂਗੇ'' ॥੩੭॥

ਇਮ ਕਹਿ ਸੁਨਿ ਕਰਿ ਹਰਖ ਕਰੰਤੇ। ਚਲਤਿ ਅਗਾਰੀ ਚੌਂਪ ਧਰੰਤੇ।
ਛੋਟੇ ਮੀਰ ਗ੍ਰਾਮ ਲੌ ਗਏ। ਜਾਇ ਸੁ ਲਸ਼ਕਰ ਇਕ ਥਲ ਭਏ॥ ੩੮ ॥

ਇਸ ਤਰ੍ਹਾਂ ਕਹਿ ਸੁਣ ਕੇ ਬਹੁਤ ਪ੍ਰਸੰਨ ਹੋਏ ਤੇ ਬੜੇ ਸ਼ੌਕ ਧਾਰਨ ਕਰਕੇ ਅੱਗੇ-ਅੱਗੇ ਚਲਦੇ ਸਨ। ਛੋਟੇ ਮੀਰ ਪਿੰਡ ਵਿਚ ਗਏ ਤੇ ਉੱਥੇ ਜਾ ਕੇ ਸਾਰਾ ਲਸਕਰ ਇਕ ਥਾਂ ਇਕੱਠਾ ਹੋ ਗਿਆ॥੩੮॥

ਭਰਜੌ ਧੂਰ ਤੇ ਸੋ ਤਬਿ ਗ੍ਰਾਮ। ਲੂਟ ਪਰੀ ਢਹਿਗੇ ਸਭਿ ਧਾਮ।
ਨਿਸਾ ਬਿਖੈ ਨਹਿਂ ਜਾਹਿਂ ਪਛਾਨੇ। ਮਿਲਜੇ ਗਰਦ ਮੈਂ ਭਾ ਸਭਿ ਹਾਨੇ॥ ੩੯ ॥

ਉਹ ਸਾਰਾ ਨਗਰ ਧੂੜ ਨਾਲ ਭਰ ਗਿਆ, ਸਾਰੇ ਪਿੰਡ ਵਿਚ ਲੁੱਟ ਪੈ ਗਈ ਤੇ ਸਾਰੇ ਘਰ ਢਹਿ ਗਏ। ਰਾਤ ਸਮੇਂ ਪਛਾਣੇ ਨਹੀਂ ਸੀ ਜਾਂਦੇ, ਘੱਟੇ ਵਿਚ ਮਿਲ ਕੇ ਹੀ ਸਾਰੇ ਮਾਰੇ ਗਏ॥੩੯॥

ਗੁਰ ਕੋ ਬਾਕ ਸਾਚ ਸੋ ਭਯੋ। ਉਤਰੇ ਜਬਹਿ ਉਚਰਿ ਜੋ ਦਯੋ।
ਪੈਂਦੇਖਾਨ, ਖਾਨ ਅਸਮਾਨ। ਮਿਲਿ ਕਰਿ ਕੁਤਬਖਾਨ ਇਕ ਥਾਨ॥ ੪੦ ॥

ਗੁਰੂ ਦਾ ਵਾਕ ਸੱਚਾ ਹੋ ਗਿਆ, ਜਦ ਉੱਥੇ ਉਤਾਰਾ ਕਰਕੇ ਉਚਾਰਨ ਕੀਤਾ ਸੀ। ਪੈਂਦੇ ਖਾਨ ਤੇ ਅਸਮਾਨ ਤੇ ਕੁਤਬ ਖਾਂ ਇਕ ਥਾਂ ਮਿਲ ਕੇ ਬੈਠ ਗਏ॥੪੦॥

ਅਨਵਰਖਾਨ, ਮਲਕ ਦਾਤਾਰ। ਮਿਲਿ ਮਸਲਤ ਕੋ ਕਰਤਿ ਉਚਾਰ।
'ਬਿਨਾਂ ਸ਼ਬਦ ਤੇ ਅਬਿ ਚਲਿ ਪਰੀਯਹਿ। ਸਕਲ ਅਚਾਨਕ ਪ੍ਰਾਨਨਿ ਹਰੀਅਹਿ' ॥੪੧ ॥

ਅਨਵਰ ਖਾਨ ਤੇ ਮਲਕ ਦਾਤਾਰ ਨੇ ਮਿਲ ਕੇ ਸਲਾਹ ਕਰਕੇ ਕਿਹਾ। ''ਹੁਣ ਕਿਸੇ ਆਵਾਜ਼ ਤੋਂ ਬਗੈਰ ਚਲ ਪਈਏ, ਤੇ ਸਾਰਿਆਂ ਦੇ ਅਚਾਨਕ ਪ੍ਰਾਣ ਕੱਢ ਦੇਈਏ''॥੪੧॥

ਪੈਂਦਾ ਕਹੈ 'ਜਾਉ ਮੈਂ ਤਹਾਂ। ਗੁਰ ਕੋ ਪੌਰ ਨਿਕਸਿਬੋ ਜਹਾਂ।
ਨਿਕਸਤਿ ਅੰਕ ਭਰੌਂ ਬਸਿ ਕਰੌਂ। ਜੀਵਤਿ ਗਹੌਂ, ਮਹਾਂ ਬਲ ਧਰੌਂ॥ ੪੨ ॥

ਪੈਂਦੇ ਨੇ ਕਿਹਾ, ''ਮੈਂ ਉੱਥੇ ਜਾਵਾਂਗਾ, ਜਿਥੇ ਗੁਰੂ ਜੀ ਦਾ ਦਰਵਾਜ਼ਾ ਨਿਕਲਦਾ ਹੈ, ਨਿਕਲਦੇ ਨੂੰ ਜੱਫਾ ਪਾ ਕੇ, ਵੱਸ ਵਿਚ ਕਰ ਲਵਾਂਗਾ ਬਹੁਤ ਬਲ ਧਾਰਨ ਕਰਕੇ ਜੀਉਂਦੇ ਨੂੰ ਫੜ ਲਵਾਂਗਾ''॥੪੨॥

ਪੁਰਿ ਕੇ ਲੂਟ ਲੇਹੁ ਸਭਿ ਐਨ। ਹਤਹੁ ਤੁਰਤ ਗੁਰ ਕੀ ਲਘੁ ਸੈਨ।
ਕਾਰਜ ਸੁਗਮ ਭਲੇ ਬਨਿ ਜਾਇ। ਇਹੀ ਰੀਤਿ ਹਮਰੇ ਮਨ ਭਾਇ' ॥ ੪੩ ॥

ਨਗਰ ਦੇ ਸਾਰੇ ਘਰ ਲੁੱਟ ਲਵਾਂਗੇ, ਫਿਰ ਗੁਰੂ ਦੀ ਥੋੜ੍ਹੀ ਸੈਨਾ ਤੁਰਤ ਮਾਰ ਦੇਵਾਂਗੇ। ਇਹ ਸਾਰਾ ਕਾਰਜ ਸੌਖੇ ਹੀ ਬਣ ਜਾਵੇਗਾ, ਇਹੋ ਰੀਤ ਮੇਰੇ ਮਨ ਭਾਉਂਦੀ ਹੈ''॥੪੩॥

*ਅੱਠਵੀਂ ਰਾਸ ਦਾ ਉਨ੍ਹੀਵਾਂ ਅਧਿਆਇ ਸਮਾਪਤ ਹੋਇਆ॥੧੯॥*

☆☆☆

# ਅਧਿਆਇ ਵੀਹਵਾਂ

## ਜੰਗ ਦਾ ਆਰੰਭ

ਦੋਹਰਾ- ਸਤਿਗੁਰ ਹਰਿਗੋਵਿੰਦ ਜੀ ਬਡੇ ਬਹਾਦੁਰ ਧੀਰ।
ਮਾਰ ਨਿਕਾਸਜੋ ਖਾਨ ਕੋ ਲਖਿ ਨਿੰਦਕ ਬੇਪੀਰ॥ ੧॥

ਸਤਿਗੁਰੂ ਸ੍ਰੀ ਹਰਿਗੋਬਿੰਦ ਜੀ ਬੜੇ ਬਹਾਦਰ ਅਤੇ ਧੀਰਜਵਾਨ ਹਨ ਉਨ੍ਹਾਂ ਨੇ ਪੈਂਦੇ ਖਾਂ ਨੂੰ ਨਿੰਦਕ ਅਤੇ ਬੇ-ਪੀਰ ਸਮਝ ਕੇ ਮਾਰ ਕੇ ਆਪਣੀ ਸੈਨਾ ਵਿਚੋਂ ਕੱਢ ਦਿੱਤਾ॥੧॥

ਪਾਧੜੀ ਛੰਦ-ਕਰਿ ਖਾਨ ਪਾਨ ਸਵਧਾਨ ਬੀਰ। ਕਰਤਾਰ ਪੁਰੇ ਚਹੁੰ ਦਿਸ਼ਨਿ ਭੀਰ।
'ਹੁਇ ਸਨਧਬੱਧ ਭਟ ਅਰਧ ਜੋਇ। ਬਿਸਰਾਮ ਹੇਤੁ ਲਿਹੁ ਅਰਧ ਸੋਇ॥੨॥

ਖਾ ਪੀ ਕੇ ਸੂਰਮੇ ਸਾਵਧਾਨ ਹੋ ਗਏ, ਕਰਤਾਰਪੁਰ ਵਿਖੇ ਚਾਰੇ ਪਾਸੇ ਭੀੜ ਹੋ ਗਈ। ਗੁਰੂਜੀ ਫੁਰਮਾਇਆ, "ਜਿਹੜੇ ਅੱਧੇ ਸੂਰਮੇ ਹਥਿਆਰ ਬੱਧ ਹਨ, ਉਹ ਸੁਚੇਤ ਹੋ ਜਾਣ ਬਾਕੀ ਅੱਧੇ ਵਿਸ਼ਰਾਮ ਵਾਸਤੇ ਸੌਂ ਜਾਵੇ॥੨॥

ਤੁਰਕਾਨ ਸੈਨ ਤੇ ਬਨਿ ਸੁਚੇਤ। ਸੁਨਿ ਸ਼ਬਦ ਉਠਹੁ ਸਭਿ ਜੰਗ ਹੇਤੁ।
ਗੁਲਕਾਂ ਬਰੂਦ ਲੀਜਹਿ ਸੰਭਾਲ'। ਸੁਨਿ ਸੁਭਟ ਗੁਰੂ ਕੇ ਬਲਿ ਬਿਸਾਲ॥੩॥

ਫਿਰ ਤੁਰਕਾਂ ਦੀ ਸੈਨਾ ਤੋਂ ਸੁਚੇਤ ਬਣ ਕੇ, ਆਵਾਜ਼ ਸੁਣ ਕੇ ਸਭ ਜੰਗ ਵਾਸਤੇ ਉਠ ਪਵੋ। ਗੋਲੀਆਂ ਅਤੇ ਬਾਰੂਦ ਸੰਭਾਲ ਕੇ ਲੈ ਜਾਵੋ" ਗੁਰੂ ਜੀ ਦੇ ਵਿਸ਼ਾਲ ਬਲਵਾਨ ਸੂਰਮਿਆਂ ਨੇ ਸੁਣਿਆ॥੩॥

ਗੁਰ ਹੁਕਮ ਪਾਇ ਹ੍ਵੈ ਕੈ ਸੁਚੇਤ। ਗਰਜੇ ਬਿਲੰਦ ਬਡ ਜੰਗ ਹੇਤੁ।
ਗਹਿ ਸਿਪਰ ਖੜਗ ਕਟ ਕਸਨਿ ਕੀਨਿ। ਨਿਜ ਨਿਜ ਤੁਰੰਗ ਪਰ ਪਾਇ ਜ਼ੀਨ॥੪॥

ਗੁਰੂ ਜੀ ਦਾ ਹੁਕਮ ਪਾ ਕੇ ਸੁਚੇਤ ਹੋ ਗਏ, ਜੰਗ ਵਾਸਤੇ ਸਾਰੇ ਬੜੀ ਉੱਚੀ ਆਵਾਜ਼ ਵਿਚ ਗਰਜੇ। ਤਲਵਾਰ ਅਤੇ ਢਾਲਾਂ ਫੜ ਕੇ ਕਮਰ ਕੱਸੇ ਕੱਸ ਲਏ ਤੇ ਆਪਣੇ-ਆਪਣੇ ਘੋੜੇ ਤੇ ਕਾਠੀ ਪਾ ਲਈ॥੪॥

ਹੁਇ ਸਨਧਬੱਧ ਫਿਰਤੇ ਚੁਫੇਰੇ। ਤੁਰਕਾਨ ਹਾਨਿ ਰਣ ਚਹਿੰ ਬਡੇਰੇ।
ਜਬਿ ਸਵਾ ਜਾਮ ਰਹਿ ਗੀ ਸੁ ਰਾਤਿ। ਗੁਰਗਿਰਾ ਪਢਤਿ ਸਿਖ ਫਿਰਤ ਜਾਤਿ॥੫॥

ਹਥਿਆਰ ਬੱਧ ਹੋ ਕੇ ਚਾਰ ਚੁਫੇਰੇ ਫਿਰਦੇ ਸਨ, ਤੁਰਕਾਂ ਦਾ ਨੁਕਸਾਨ ਕਰਨ ਵਾਸਤੇ ਵੱਡੀ ਜੰਗ ਚਾਹੁੰਦੇ ਸਨ। ਜਦ ਸਵਾ ਪਹਿਰ ਰਾਤ ਰਹਿ ਗਈ, ਉੱਚੀ ਆਵਾਜ਼ ਵਿਚ ਗੁਰਬਾਣੀ ਪੜ੍ਹਦੇ ਸਿੱਖ ਤੁਰੇ ਫਿਰਦੇ ਸਨ॥੫॥

ਧੁਨਿ ਉਠਤਿ ਉਚ ਸੁਨਿਯੰਤਿ ਦੂਰ। ਕਰਤਾਰ ਪੁਰੇ ਚਹੁ ਗਿਰਦ ਭੂਰ।
ਜਬਿ ਸੁਨੀ ਆਨਿ ਤੁਰਕਾਨ ਕਾਨ। ਉਰ ਭਏ ਸ਼ੁੱਧ ਕਰਿ ਕਪਟ ਹਾਨਿ॥੬॥

ਬੜੀ ਉੱਚੀ ਆਵਾਜ਼ ਵਿਚ ਧੁਨ ਉਠਦੀ ਸੀ ਤੇ ਕਰਤਾਰਪੁਰ ਬਹੁਤ ਦੂਰ ਤਕ ਸੁਣਦੀ ਸੀ। ਜਦ ਤੁਰਕਾਂ ਨੇ ਉਹ ਆਵਾਜ਼ ਆਪਣੇ ਕੰਨਾਂ ਨਾਲ ਸੁਣੀ ਤਾਂ ਉਨ੍ਹਾਂ ਦੇ ਹਿਰਦੇ ਸ਼ੁੱਧ ਹੋ ਗਏ ਤੇ ਕਪਟ ਦੂਰ ਹੋ ਗਿਆ॥੬॥

ਤਬਿ ਕਾਲੇਖਾਂ ਬੋਲਜੋ ਸੁਨਾਇ। 'ਅਬਿ ਭਯੋ ਨੇਰ ਜਾਨਜੋ ਸੁ ਜਾਇ।
ਸਮ ਕਾਤੁਰ ਦੁੰਦਭਿ ਨਹਿਂ ਬਜਾਇ। ਇਹੁ ਅਨੁਚਿਤ ਗਤਿ, ਨਹਿਂ ਮੁਹਿ ਸੁਹਾਇ॥੭॥

ਤਦ ਕਾਲੇ ਖਾਂ ਸਭ ਨੂੰ ਸੁਣਾ ਕੇ ਬੋਲਿਆ, "ਹੁਣ ਬਹੁਤ ਹਨੇਰਾ ਹੋ ਗਿਆ ਹੈ ਇਹ ਜਾਣਿਆ ਜਾਂਦਾ ਹੈ। ਕਾਇਰਾਂ ਵਾਂਗ ਜੇ ਅਸੀਂ ਧੌਂਸੇ ਨਹੀਂ ਵਜਾਉਂਦੇ, ਇਹ ਅਨੁਚਿਤ ਗਤੀ ਹੈ, ਮੈਨੂੰ ਚੰਗੀ ਨਹੀਂ ਲੱਗਦੀ ਹੈ॥੭॥

ਤਜਿ ਦੇਹੁ ਕਪਟ, ਭਾ ਜੰਗ ਭੇਰ। ਧੌਂਸਨਿ ਬਜਾਇ ਅਬਿ ਕਰਹੁ ਨੇਰ'।
ਕਹਿ ਕੁਤਬਖਾਨ ਅਰੁ ਪੈਂਦਖਾਨ। 'ਇਹੁ ਆਪ ਜਿ ਮਰਜ਼ੀ ਦਿਹੁ ਨਿਸ਼ਾਨ॥੮॥

ਕਪਟ ਛੱਡ ਦੇਵੋ, ਤੇ ਜੰਗ ਦਾ ਭੇੜ ਕਰੋ, ਧੌਂਸੇ ਵਜਾ ਕੇ ਹੁਣ ਨੇੜੇ ਜਾਵੋ।" ਕੁਤਬ ਖਾਨ ਅਤੇ ਪੈਂਦੇ ਖਾਨ ਨੇ ਕਿਹਾ, "ਜੇ ਇਹ ਆਪ ਦੀ ਮਰਜ਼ੀ ਹੈ ਤਾਂ ਨਗਾਰਾ ਵਜਾਓ॥੮॥

ਅਬਿ ਕਰਹੁ ਨ ਬਿਲਮ ਬਿਹਾਇ ਕਾਲ। ਇਕਬਾਰ ਪਰਹੁ ਹਮਲਾ ਬਿਸਾਲ।
ਪੁਰਿ ਮਹਿਂ ਪ੍ਰਵੇਸ਼ ਹੁਇ ਕਰਹੁ ਮਾਰ। ਨਹਿਂ ਅਰਨ ਦੇਹੁ ਸੈਨਾ ਅਗਾਰ'॥੯॥

ਹੁਣ ਦੇਰ ਨਾ ਕਰੋ ਤੇ ਸਮਾਂ ਨਾ ਗਵਾਓ, ਇਕ ਵਾਰ ਵੱਡਾ ਹਮਲਾ ਕਰ ਕੇ ਪੈ ਜਾਵੋ। ਪਿੰਡ ਵਿਚ ਦਾਖਲ ਹੋ ਕੇ ਮਾਰੋ-ਮਾਰ ਕਰ ਦੇਵੋ ਤੇ ਗੁਰੂ ਜੀ ਦੀ ਸੈਨਾ ਨੂੰ ਅੱਗੇ ਅੜਨ ਨਾ ਦੇਵੋ'॥੯॥

ਜਬਿ ਕਰਜੋ ਹੁਕਮ ਦੁੰਦਭਿ ਬਜਾਇ। ਤਬਿ ਦਈ ਚੋਬ ਦੁਹਰੀ ਲਗਾਇ।
ਧੁਨਿ ਪਰੀ ਕਾਨ ਜੋਧਾਨਿ ਆਇ। ਸਵਧਾਨ ਹੁਤੇ ਚਹੁੰਦਿਸ਼ਿ ਫਿਰਾਇ॥੧੦॥

ਜਦ ਹੁਕਮ ਕੀਤਾ ਤਾਂ ਨਗਾਰੇ ਵਜਾਏ ਤੇ ਡੱਗੇ ਉਤੇ ਦੋਹਰੀ ਚੋਬ ਲਾਈ। ਜਦ ਇਹ ਧੁਨ ਗੁਰੂ ਜੀ ਦੇ ਯੋਧਿਆਂ ਦੇ ਕੰਨ ਵਿਚ ਪਈ ਤਾਂ ਉਹ ਬਾਹਰ ਆਏ ਤੇ ਸਾਵਧਾਨ ਹੋ ਕੇ ਚਾਰੇ ਪਾਸੇ ਫਿਰੇ॥੧੦॥

ਦਿਜ ਮਲਕ ਜਾਤਿ ਤਿਨ ਮਹਿਂ ਫਿਰੰਤਿ। 'ਹੁਜਹਿ ਤਯਾਰ' ਸਭਿ ਕੋ ਕਹੰਤਿ।
'ਸੁਧ ਕਰੋ ਗੁਰੂ ਢਿਗ, ਜਾਇ ਧਾਇ। ਸਵਧਾਨ ਬਨਹੁ ਹਿਤ ਲਰਨ ਆਇ'॥੧੧॥

ਬ੍ਰਾਹਮਣ ਯੋਧਾ ਜਾਤੀ ਮਲਕ ਉਨ੍ਹਾਂ ਵਿਚ ਫਿਰਦਾ ਸੀ, "ਤਿਆਰ ਹੋ ਜਾਵੋ" ਸਭ ਨੂੰ ਕਹਿੰਦਾ ਸੀ। ਭੱਜ ਕੇ ਗੁਰੂ ਨੂੰ ਜਾ ਕੇ ਖਬਰ ਦੇਵੋ, ਸਾਵਧਾਨ ਬਣੋ, ਤੁਰਕ ਲੜਨ ਹਿਤ ਆਏ ਹਨ'॥੧੧॥

ਹਯ ਕੋ ਭਜਾਇ ਪਹੁੰਚਯੋ ਤੁਰੰਗ। ਉਤਰਯੋ ਸੁ ਪੌਰ ਅੰਤਰਿ ਬਰੰਤਿ।
ਗੁਰ ਅੱਗ੍ਰ ਸੌਚ ਕਰਿ ਕੈ ਸ਼ਨਾਨ। ਥਿਰ ਰੂਪ ਸੱਚਿਦਾਨੰਦ ਧਯਾਨ॥੧੨॥

ਘੋੜੇ ਨੂੰ ਭਜਾ ਕੇ ਪਹੁੰਚ ਗਿਆ ਤੇ ਘੋੜੇ ਉਤੋਂ ਉਤਰ ਕੇ ਗੁਰੂ ਜੀ ਦੇ ਘਰ ਦੇ ਅੰਦਰ ਦਾਖਲ ਹੋ ਗਿਆ। ਗੁਰੂ ਜੀ ਨੇ ਅੱਗੇ ਸੋਚ ਕਰਕੇ ਇਸ਼ਨਾਨ ਕੀਤਾ ਸੀ ਤੇ ਆਸਣ ਲਾ ਕੇ ਪ੍ਰਭੂ ਵਿਚ ਧਿਆਨ ਲਾਇਆ ਸੀ॥੧੨॥

ਤਬਿ ਗਯੋ ਬਿੱਪ੍ਰ ਕੀਨਸਿ ਬਖਾਨ। 'ਦਲ ਤੁਰਕ ਆਇ ਪਹੁੰਚਯੋ ਮਹਾਨ।
ਜਿਮ ਹੋਇ ਹੁਕਮ ਕੀਜਹਿ ਉਪਾਇ। ਚਢਿ ਚਲਹਿ ਬੀਰ, ਜਿਸ ਲੇਹੁ ਨਾਇ'॥੧੩॥

ਤਦ ਬ੍ਰਾਹਮਣ ਅੰਦਰ ਗਿਆ ਤੇ ਕਿਹਾ, "ਤੁਰਕਾਂ ਦਾ ਬਹੁਤ ਵੱਡਾ ਦਲ ਪਹੁੰਚ ਗਿਆ ਹੈ। ਜਿਵੇਂ ਤੁਹਾਡਾ ਹੁਕਮ ਹੋਵੇ, ਉਸ ਤਰ੍ਹਾਂ ਉਪਾਅ ਕਰੀਏ, ਉਹ ਸੂਰਬੀਰ ਚੜ੍ਹ ਕੇ ਚਲੇ ਜਾਣ ਜਿਨ੍ਹਾਂ ਦਾ ਨਾਂ ਲਵੋ'॥੧੩॥

ਸੁਧਿ ਭਾਖਿ ਬਿੱਪ੍ਰ, ਰਹਿ ਠਾਂਢਿ ਤੀਰ। ਸ੍ਰੀ ਹਰਿਗੁਵਿੰਦ ਸੁਨਿ ਬੀਰ ਧੀਰ।
ਜਪ ਕੀਨਿ ਪਾਠ ਚਿਤ ਏਕ ਹੋਇ। ਪ੍ਰਭੁ ਸਰਬ ਕਲਾ ਸਮਰੱਥ ਸੋਇ॥੧੪।

ਬ੍ਰਾਹਮਣ ਖਬਰ ਦੇ ਕੇ ਗੁਰੂ ਜੀ ਦੇ ਪਾਸ ਖੜਾ ਰਿਹਾ, ਸ੍ਰੀ ਹਰਿਗੋਬਿੰਦ ਧੀਰਜਵਾਨ ਸੂਰਬੀਰ ਨੇ ਇਕ ਚਿੱਤ ਹੋ ਕੇ ਜਪੁਜੀ ਸਾਹਿਬ ਦਾ ਪਾਠ ਕੀਤਾ, ਪ੍ਰਭੂ ਹੀ ਸਰਬਕਲਾ ਸਮਰੱਥ ਹੈ॥੧੪॥

ਪਠਿ ਅੰਤ ਕੀਨਿ ਸਿਰ ਕੋ ਨਿਵਾਇ। ਤਬਿ ਸੁਨੀ ਤੁਫੰਗਨ ਧੁਨਿ ਉਠਾਇ।
ਸਵਧਾਨ ਬੀਰ ਜੇ ਅੱਗ੍ਰ ਠਾਂਢਿ। ਰਣ ਭਯੋ ਪ੍ਰਥਮ, ਤਹਿਂ ਰੋਸ ਬਾਢ॥ ੧੫ ॥

ਸਾਰਾ ਪਾਠ ਕਰਕੇ ਸਿਰ ਨਿਵਾ ਕੇ ਬੰਦਨਾ ਕੀਤੀ, ਫਿਰ ਬੰਦੂਕਾਂ ਚਲਣ ਦੀ ਆਵਾਜ਼ ਸੁਣੀ। ਸਾਵਧਾਨ ਸੂਰਬੀਰ ਜਿਹੜੇ ਅੱਗੇ ਖੜੇ ਸਨ ਉਨ੍ਹਾਂ ਰੋਸ ਵਧਾ ਕੇ ਪਹਿਲਾਂ ਜੰਗ ਆਰੰਭ ਕੀਤਾ॥੧੫॥

ਜਿਮ ਭ੍ਰਾਠ ਬਿਖੈ ਭੁਜਿਯੰਤਿ ਧਾਨ। ਸੁਨਿਯੰਤਿ ਤਥਾ ਬਹੁ ਸ਼ਬਦ ਕਾਨ।
ਤਬਿ ਭਨਜੋ ਬਿੱਪ੍ਰ ਸੋਂ 'ਛਿੱਪ੍ਰ ਜਾਇ। ਲੱਖੂ ਸੁ ਬੀਰ ਦੀਜੈ ਚਢਾਇ'॥ ੧੬ ॥

ਜਿਵੇਂ ਭੱਠੀ ਵਿਚ ਚੌਲ ਭੁਜਦੇ ਹਨ, ਅਜਿਹਾ ਸ਼ਬਦ ਕੰਨਾਂ ਨਾਲ ਬਹੁਤ ਸੁਣਾਈ ਦਿੰਦਾ ਸੀ। ਤਦ ਗੁਰੂ ਜੀ ਨੇ ਬ੍ਰਾਹਮਣ ਨੂੰ ਕਿਹਾ, "ਛੇਤੀ ਜਾਵੋ ਤੇ ਸੂਰਬੀਰ ਲੱਖੂ ਸ੍ਰੇਸ਼ਟ ਸੂਰਮੇ ਨੂੰ ਚੜ੍ਹਾਈ ਕਰਨ ਵਾਸਤੇ ਕਹੋ"॥੧੬॥

ਜਬਿ ਹਤੀ ਸਾਂਗ ਰਣ ਪ੍ਰਥਮ ਮਾਂਹਿ। ਕਿਯ ਸੈਨਪਤੀ ਲਖਿ ਸੁਭਟ ਤਾਂਹਿ।
ਗੁਰ ਕਹਜੋ 'ਪੰਚ ਸੈ ਸੈਨ ਸੰਗ। ਤੁਰਕਾਂਨ ਹਾਨ ਹਿਤ ਰਚਹਿ ਜੰਗ॥ ੧੭ ॥

ਜਦ ਉਸ ਨੇ ਪਹਿਲੀ ਜੰਗ ਵਿਚ ਬਰਛੀ ਮਾਰੀ ਸੀ ਤਾਂ ਉਸ ਨੂੰ ਸੂਰਮਾ ਜਾਣ ਕੇ ਸੈਨਾਪਤੀ ਬਣਾਇਆ ਸੀ। ਗੁਰੂ ਜੀ ਨੇ ਕਿਹਾ, "ਪੰਜ ਸੌ ਸੂਰਮਾ ਨਾਲ ਲੈ ਕੇ, ਤੁਰਕਾਂ ਨੂੰ ਮਾਰਨ ਵਾਸਤੇ ਜੰਗ ਕਰੇ॥੧੭॥

ਭਟ ਮਿਹਰ ਚੰਦ, ਅਮੀਆਂ ਸੁ ਦੋਇ। ਦਲ ਸੰਗ ਚਾਰ ਸੈ ਲੇਹਿਂ ਸੋਇ।
ਤਿਸ ਕੀ ਸਹਾਇ ਮਹਿਂ ਸਾਵਧਾਨ। ਦੁਹੁਂ ਦਿਸ਼ਾ ਰਹਹਿਂ ਰਿਪੁ ਕਰਹਿਂ ਹਾਨ॥੧੮॥

ਸੂਰਮਾ ਮਿਹਰ ਚੰਦ ਅਤੇ ਅਮੀਆਂ ਦੋਵੇਂ ਆਪਣੇ ਨਾਲ ਚਾਰ ਸੌ ਦਾ ਦਲ ਨਾਲ ਲੈਣ, ਉਸ ਦੀ ਸਹਾਇਤਾ ਵਿਚ ਸਾਵਧਾਨ ਰਹਿਣ। ਦੁਸ਼ਮਣ ਦੇ ਚਾਰੇ ਪਾਸੇ ਰਹਿ ਕੇ ਉਸ ਨੂੰ ਮਾਰਨ॥੧੮॥

ਨੌਂ ਸੈ ਸਊਰ ਹੈਂ ਸ਼ੇਖ ਜੋਇ। ਪੁਰਿ ਕਰਹਿ ਰੱਛ ਚਹੁੰਦਿਸ਼ਿਨਿ ਸੋਇ'।
ਭਟ ਹੁਤੇ ਅਸ਼ਟ ਦਸ ਸੈ ਤਰੰਗ। ਜੋ ਬਚੇ ਕਰਤਿ ਜੰਗਲ ਸੁ ਜੰਗ॥ ੧੯ ॥

ਨੌਂ ਸੌ ਸਵਾਰ ਜੋ ਬਾਕੀ ਹਨ, ਉਹ ਚਾਰੇ ਪਾਸੇ ਫਿਰ ਕੇ ਨਗਰ ਦੀ ਰਖਿਆ ਕਰਨ। ਅਠਾਰਾਂ ਸੌ ਘੋੜ-ਸਵਾਰ ਸੂਰਮੇ ਸਨ ਜਿਹੜੇ ਮਾਲਵੇ ਦੀ ਜੰਗ ਵਿਚੋਂ ਬਚੇ ਸਨ॥੧੯॥

ਸਿਖ ਹੁਤੇ ਬਹੁਤ ਦੇਸ਼ਾਨਿ ਆਇ। ਸਭਿ ਹੁਇ ਸੁਚੇਤ ਸਤਿਗੁਰ ਅਲਾਇ।
ਦਿਜ ਮਲਕਜਾਤਿ ਸੁਨਿ ਹੁਕਮ ਧਾਇ। ਲੱਖੂ ਪ੍ਰਚੰਡ ਦੀਨਸਿ ਚਢਾਇ॥੨੦॥

ਬਹੁਤ ਦੇਸ਼ਾਂ ਤੋਂ ਸਿੱਖ ਆਏ ਸਨ, ਸਤਿਗੁਰੂ ਜੀ ਦੇ ਕਹਿਣ ਤੇ ਸਭ ਸੁਚੇਤ ਹੋ ਗਏ। ਗੁਰੂ ਜੀ ਦਾ ਹੁਕਮ ਸੁਣ ਬ੍ਰਾਹਮਣ ਜਾਤੀ ਮਲਕ ਭੱਜਾ ਚਲਾ ਗਿਆ ਤੇ ਪ੍ਰਚੰਡ ਲੱਖੂ ਨੂੰ ਜੰਗ ਵਾਸਤੇ ਚੜ੍ਹਾ ਦਿੱਤਾ॥੨੦॥

ਪਸ਼ਚਾਤ ਸੈਨਪਤਿ ਜੁਗ ਸੁਚੇਤ। ਸੁਨਿ ਹੁਕਮ ਚਢੇ ਬਡ ਜੰਗ ਹੇਤੁ।
ਬਹੁ ਭਯੋ ਕੁਲਾਹਲ ਸਗਲ ਥਾਨ। ਚਲਿ ਜ੍ਵਾਲਾ ਬਮਣੀ ਸ਼ਬਦ ਠਾਨਿ॥੨੧॥

ਬਾਅਦ ਵਿਚ ਦੋਵੇਂ ਸੈਨਾਪਤੀ ਮਿਹਰ ਚੰਦ ਅਤੇ ਅਮੀਆ, ਹੁਕਮ ਸੁਣ ਕੇ ਸੁਚੇਤ ਹੋ ਕੇ ਜੰਗ ਵਾਸਤੇ ਚੜ੍ਹ ਪਏ। ਸਾਰੇ ਥਾਵਾਂ ਤੇ ਬੜਾ ਕੁਲਾਹਲ ਮੱਚ ਗਿਆ। ਬੰਦੂਕਾਂ ਜਵਾਲਾ ਛਡਦੀਆਂ, ਬੜੀ ਉੱਚੀ ਆਵਾਜ਼ ਪੈਦਾ ਕਰ ਰਹੀਆਂ ਸਨ॥੨੧॥

ਸੂਰਨਿ ਅਨੰਦ, ਕਾਤੁਰ ਡਰੰਤਿ। ਗੁਰ ਕੇ ਨਿਸ਼ਾਂਨ ਊਚੇ ਬਜੰਤਿ।
ਤਬਿ ਸ੍ਰੀ ਗੁਰਦਿੱਤਾ ਨਿਕਟਿ ਆਇ। ਹੁਇ ਸਨਧਬੱਧ ਰਿਪੁ ਲਰਨਿ ਚਾਇ॥੨੨॥

ਸੂਰਮੇ ਬੜੇ ਆਨੰਦ ਨਾਲ ਭਰ ਗਏ, ਤੇ ਕਾਇਰ ਡਰ ਗਏ ਤੇ ਗੁਰੂ ਜੀ ਦੇ ਨਗਾਰੇ ਬੜੇ ਉੱਚੀ ਵੱਜਦੇ ਸਨ। ਤਦ ਸ੍ਰੀ ਗੁਰਦਿੱਤਾ ਗੁਰੂ ਜੀ ਦੇ ਨੇੜੇ ਆਇਆ, ਹਥਿਆਰਬੰਦ ਹੋ ਕੇ ਬੜੇ ਚਾਅ ਨਾਲ ਦੁਸ਼ਮਣ ਨਾਲ ਲੜਨ ਲਈ ਤਿਆਰ ਹੋਇਆ ॥੨੨॥

ਪਿਤ ਕੀ ਨਿਦੇਸ਼ ਚਾਹਤਿ ਬਿਸਾਲ। ਕਰ ਧਰਜੋ ਧਨੁਖ ਨਿਸ਼ਠੁਰ ਕਰਾਲ।
ਮਿਲਿ ਸੁਭਟਨ ਮਹਿਂ ਪੂਰਬ ਕਹੰਤਿ। ਰਨ ਸਮੈ ਨ ਪਿਤ ਕੇ ਢਿਗ ਰਹੰਤਿ ॥੨੩॥

ਪਿਤਾ ਜੀ ਦਾ ਮਹਾਨ ਨਿਰਦੇਸ਼ ਚਾਹੁੰਦਾ ਸੀ ਤੇ ਬੜਾ ਸਖਤ ਵਿਕਰਾਲ ਧਨੁੱਖ ਹੱਥ ਵਿਚ ਧਾਰਨ ਕੀਤਾ ਸੀ। ਸੂਰਮਿਆਂ ਨਾਲ ਪਹਿਲਾਂ ਮਿਲ ਕੇ ਕਿਹਾ, "ਲੜਾਈ ਸਮੇਂ ਮੈਂ ਕਦੀ ਵੀ ਪਿਤਾ ਜੀ ਪਾਸ ਨਹੀਂ ਹੋਇਆ ਹਾਂ ॥੨੩॥

ਚਿਤ ਚਹਤਿ ਰਹਤਿ ਲਹਿ ਮੁਦਤਵਾਨ। ਲਖਿ ਪੁੱਤ੍ਰ ਕਾਮਨਾ ਗੁਰ ਬਖਾਨਿ।
'ਜਬਿ ਲਗਿ ਸੁ ਨਿਸਾ ਰਹਿ ਅੰਧਕਾਰ। ਪਰ ਅਪਰ ਨਰਨਿ ਨਹਿਂ ਪਰਿ ਚਿਨਾਰ ॥੨੪॥

ਚਿੱਤ ਵਿਚ ਬੜੇ ਚਾਉ ਨਾਲ ਪਾਸ ਹੋਣਾ ਚਾਹੁੰਦਾ ਰਹਿੰਦਾ ਹਾਂ।" ਪੁੱਤਰ ਦੀ ਕਾਮਨਾ ਵੇਖ ਕੇ ਗੁਰੂ ਜੀ ਨੇ ਕਿਹਾ, "ਜਦ ਤਕ ਰਾਤ ਦਾ ਹਨ੍ਹੇਰਾ ਰਹੇਗਾ, ਆਪਣੇ ਪਰਾਏ ਮਨੁੱਖ ਵਿਚ ਕੋਈ ਪਛਾਣ ਨਹੀਂ ਰਹੇਗੀ ॥੨੪॥

ਤਬਿ ਲਰੋ ਨਗਰ ਮਹਿਂ ਰਹੁ ਫਿਰੰਤਿ। ਸਵਧਾਨ ਸਭਿਨਿ ਜੋਧਾ ਕਰੰਤਿ।
ਹੁਇ ਪ੍ਰਾਤਿ,ਲਰਹਿਂ ਤਬਿ ਖੇਤ ਮਾਹਿ। ਗਨ ਤੁਰਕ ਆਇਂ,ਹਤਿ ਪ੍ਰਾਨ ਤਾਂਹਿ ॥੨੫॥

ਤਦ ਤਕ ਨਗਰ ਵਿਚ ਫਿਰਦੇ ਰਹੋ, ਸਾਰੇ ਯੋਧਿਆਂ ਨੂੰ ਸਾਵਧਾਨ ਕਰਦੇ ਰਹੋ। ਸਵੇਰ ਹੋਣ ਤੇ ਰਣਖੇਤਰ ਵਿਚ ਲੜਾਂਗੇ, ਬਹੁਤ ਤੁਰਕ ਆਉਣਗੇ, ਮਾਰ ਕੇ ਉਨ੍ਹਾਂ ਦੇ ਪ੍ਰਾਣ ਕੱਢ ਦੇਵਾਂਗੇ' ॥੨੫॥

ਇਮ ਪਿਤਾ ਬਾਕ ਕੋ ਸੀਸ ਧਾਰਿ। ਹਯ ਚਢਜੋ ਫਿਰਤਿ ਸੂਰਨਿ ਮਝਾਰ।
ਜਿਤ ਗੋਲ ਤੁਰਕ ਕੋ ਆਇ ਜੋਰ। ਤਿਤ ਜਾਤਿ ਸੂਰਮੇ ਦੌਰਿ ਦੌਰਿ ॥੨੬॥

ਇਸ ਤਰ੍ਹਾਂ ਪਿਤਾ ਜੀ ਦੇ ਬਚਨਾਂ ਨੂੰ ਸਿਰ ਤੇ ਧਾਰ ਕੇ, ਘੋੜੇ ਤੇ ਚੜ੍ਹ ਕੇ ਸੂਰਮਿਆਂ ਦੇ ਵਿਚ ਫਿਰਦਾ ਸੀ। ਜਿਸ ਪਾਸੇ ਤੁਰਕਾਂ ਦੇ ਝੁੰਡ ਦਾ ਜ਼ੋਰ ਵੇਖਦੇ ਸਨ, ਉਸ ਪਾਸੇ ਸੂਰਮੇ ਦੌੜ-ਦੌੜ ਕੇ ਜਾਂਦੇ ਸਨ ॥੨੬॥

ਤਜਿ ਤੁਪਕ ਤੁੰਡ ਕੋ ਤੋਰਿ ਤੋਰਿ। ਕਰਿ ਘੋਰ ਜੰਗ, ਦੈਂ ਮੋਰਿ ਮੋਰਿ।
ਤੀਖਨ ਖ਼ਤੰਗ ਤਬਿ ਛੋਰਿ ਛੋਰਿ। ਸ਼ੱਤ੍ਰਨਿ ਸਰੀਰ ਗਨ ਫੋਰਿ ਫੋਰਿ ॥ ੨੭॥

ਬੰਦੂਕਾਂ ਛੱਡ-ਛੱਡ ਸਿਰਾਂ ਨੂੰ ਭੰਨ-ਭੰਨ ਕੇ ਘੋਰ ਜੰਗ ਕਰਕੇ ਮੋੜ ਦਿੰਦੇ ਸਨ। ਫਿਰ ਤਿੱਖੇ ਤੀਰ ਛੱਡ-ਛੱਡ ਕੇ ਵੈਰੀਆਂ ਦੇ ਸਰੀਰ ਵਿੰਨ੍ਹ-ਵਿੰਨ੍ਹ ਕੇ ਮਾਰੀ ਜਾ ਰਹੇ ਸਨ ॥੨੭॥

ਗਨ ਤੁਰਕ ਜਿ ਹੇਲਾ ਘਾਲਿ ਘਾਲਿ। ਹਯ ਸੂਰ ਮਾਰਿ ਛਿਤ ਡਾਲਿ ਡਾਲਿ।
ਘਮਸਾਨ ਘਨੋ ਕਰਿ ਬਾਰਿ ਬਾਰਿ। ਜੇ ਪਰਹਿਂ ਆਇ ਤਿਨ ਮਾਰਿ ਮਾਰਿ ॥੨੮॥

ਜਦ ਬਹੁਤ ਤੁਰਕ ਇਕੱਠੇ ਹੋ ਕੇ ਹੱਲਾ ਕਰਦੇ ਸਨ ਤਾਂ ਘੋੜਿਆਂ ਅਤੇ ਸੂਰਮਿਆਂ ਨੂੰ ਮਾਰ-ਮਾਰ ਕੇ ਧਰਤੀ ਤੇ ਸੁੱਟੀ ਜਾਂਦੇ ਸਨ। ਬਾਰ-ਬਾਰ ਘਮਸਾਣ ਯੁੱਧ ਕਰ ਕਰ ਕੇ, ਜਿਹੜੇ ਆ ਪੈਂਦੇ ਸਨ, ਉਨ੍ਹਾਂ ਨੂੰ ਮਾਰ-ਮਾਰ ਸੁੱਟ ਦਿੰਦੇ ਸਨ ॥੨੮॥

*ਪ੍ਰਮਾਣਕਾ ਛੰਦ*-ਤੁਰੰਗ ਛੋਰਿ ਛੋਰਿ ਕੈ। ਖਤੰਗ ਚਾਂਪ ਜੋਰਿ ਕੈ।
ਪ੍ਰਹਾਰਿ ਸ਼ੱਤ੍ਰੂ ਗੇਰਤੇ। ਪਰੇ ਬਿਹਾਲ ਟੇਰਤੇ ॥ ੨੯॥

ਬੰਦੂਕਾਂ ਛੱਡ-ਛੱਡ ਕੇ, ਤੀਰ ਧਨੁੱਖ ਵਿਚ ਜੋੜ ਕੇ, ਵਾਰ ਕਰਕੇ ਵੈਰੀ ਨੂੰ ਡੇਗ ਦਿੰਦੇ ਸਨ ਤੇ ਬਿਹਾਲ ਹੋ ਕੇ ਲੰਮੇ ਪੈ ਜਾਂਦੇ ਸਨ ॥੨੯॥

ਤੁਰੰਗ ਅੰਗ ਭੰਗ ਹ੍ਵੈ। ਗਿਰੰਤਿ ਸੂਰ ਸੰਗ ਹ੍ਵੈ।
ਤਜੰਤਿ ਫੇਰ ਧਾਇ ਹੈਂ। ਪਰੰਤਿ ਏਕ ਆਇ ਹੈਂ॥ ੩੦॥

ਘੋੜਿਆਂ ਦੇ ਅੰਗ ਟੁੱਟ ਜਾਂਦੇ ਸਨ, ਨਾਲ ਹੀ ਸੂਰਮੇਂ ਵੀ ਡਿੱਗ ਪੈਂਦੇ ਸਨ, ਫਿਰ ਛੱਡ ਕੇ ਭੱਜ ਜਾਂਦੇ ਸੀ, ਕਈ ਹੋਰ ਆ ਕੇ ਪੈਂਦੇ ਹਨ॥੩੦॥

ਕੁਲਾਹਲੰ ਹਲਾ ਹਲੀ। ਬਲੀਨ ਮੈਂ ਚਲਾਚਲੀ।
ਸੁ ਜ਼ੋਰ ਪਾਇ ਆਵਤੇ। ਥਿਰੰਤਿ ਲਾਗਿ ਘਾਵ ਤੇ॥ ੩੧॥

ਵਿਕਰਾਲ ਹਲਾ ਹਲੀ ਮੱਚੀ ਹੈ। ਸੂਰਮਿਆਂ ਵਿਚ ਚਲਾ-ਚਲੀ ਹੋ ਰਹੀ ਹੈ। ਜਿਹੜੇ ਜ਼ੋਰ ਪਾ ਕੇ ਆਉਂਦੇ ਹਨ ਉਹ ਜ਼ਖਮੀ ਹੋ ਕੇ ਅਟਕ ਜਾਂਦੇ ਹਨ॥੩੧॥

ਨ ਤੀਰ ਹੋਨਿ ਪਾਵਤੇ। ਸੁ ਚਾਰ ਓਰ ਧਾਵਤੇ।
ਪਰੰਤਿ ਹੂਹ ਦੇਯ ਕੈ। ਮੁਰੰਤਿ ਘਾਵ ਖੇਯ ਕੈ॥ ੩੨॥

ਨੇੜੇ ਨਹੀਂ ਹੋ ਸਕਦੇ, ਚਾਰੇ ਪਾਸੇ ਭੱਜਦੇ ਹਨ, ਹੂਕਰ ਮਾਰ ਕੇ ਡਿੱਗ ਪੈਂਦੇ ਹਨ ਤੇ ਜ਼ਖਮ ਖਾ ਕੇ ਮੁੜ ਜਾਂਦੇ ਹਨ॥੩੨॥

ਬਿਲੰਦ ਕੋਪ ਧਾਰਿ ਹੀ। ਉਚਾਰਿ 'ਮਾਰਿ ਮਾਰਿ' ਹੀ।
ਲਗੈਂ ਤੁਫੰਗ ਤੀਰ ਹੀ। ਗਿਰੰਤਿ ਧੀਰ ਬੀਰ ਹੀ॥ ੩੩॥

ਬਹੁਤ ਗੁੱਸਾ ਧਾਰਨ ਕਰਦੇ ਹਨ ਤੇ 'ਮਾਰ ਲਵੋ ਮਾਰ ਲਵੋ' ਉਚਾਰਨ ਕਰਦੇ ਹਨ, ਗੋਲੀ ਅਤੇ ਤੀਰ ਦੇ ਲਗਦਿਆਂ ਹੀ, ਧੀਰਜਵਾਨ ਸੂਰਮੇ ਡਿੱਗ ਪੈਂਦੇ ਸਨ॥੩੩॥

ਪਰੇ ਤੁਰੰਗ ਸੂਰਮਾ। ਮਿਲੰਤਿ ਜਾਤਿ ਧੂਰ ਮਾ।
ਦਿਖੰਤਿ ਨਾ ਅੰਧੇਰ ਮੈਂ। ਧਵਾਇ ਜੇ ਦਰੇਰ ਮੈਂ॥ ੩੪॥

ਘੋੜੇ ਤੇ ਸੂਰਮੇ ਪਏ ਸਨ, ਧੂੜ ਵਿਚ ਮਿਲ ਜਾਂਦੇ ਸਨ, ਹਨ੍ਹੇਰੇ ਵਿਚ ਦਿੱਸਦੇ ਨਹੀਂ ਸਨ, ਘੋੜਿਆਂ ਦੇ ਦੁੜਾਉਣ ਨਾਲ ਮਿੱਟੀ ਵਿਚ ਦਲੇ ਜਾਂਦੇ ਸਨ॥੩੪॥

ਗਿਰੰਤਿ ਤਾਂਹਿ ਊਪਰੇ। ਬਿਨਾ ਹਤੇ ਸੁ ਭੂ ਪਰੇ।
ਦਰੰਤਿ ਪਾਇ ਸੰਗ ਤੇ। ਪਲਾਇਕੈ ਤੁਰੰਗ ਤੇ॥ ੩੫॥

ਉਨ੍ਹਾਂ ਦੇ ਉਤੇ ਹੀ ਡਿੱਗ ਪੈਂਦੇ ਸਨ, ਮਾਰਨ ਤੋਂ ਬਗੈਰ ਹੀ ਧਰਤੀ ਤੇ ਵਿਛ ਜਾਂਦੇ ਸਨ। ਕਿਸੇ ਦਾ ਉਹਲਾ ਪਾ ਕੇ ਲੁਕ ਜਾਂਦੇ ਸਨ, ਤੇ ਘੋੜੇ ਨੂੰ ਭਜਾ ਕੇ ਲੈ ਜਾਂਦੇ ਸਨ॥੩੫॥

ਤੁਫੰਗ ਕੇ ਤੜਾਕ ਹ੍ਵੈਂ। ਖਤੰਗ ਕੇ ਸੜਾਕ ਹ੍ਵੈਂ।
ਮਚਜੋ ਘਮੰਡ ਘੋਰ ਹੀ। ਮਰੈਂ, ਨ ਤੁੰਡ ਮੋਰਿ ਹੀ॥ ੩੬॥

ਗੋਲੀਆਂ ਤੜਾਕ-ਤੜਾਕ ਚਲਦੀਆਂ ਸਨ, ਤੀਰ ਸ਼ੂਕਦੇ ਜਾਂਦੇ ਸਨ, ਬੜਾ ਘੋਰ ਘਮਸਾਣ ਮਚਿਆ ਸੀ, ਮਰ ਜਾਂਦੇ ਸਨ ਤੇ ਸਿਰ ਪਿਛਾਂਹ ਨਹੀਂ ਮੋੜਦੇ ਸਨ॥੩੬॥

ਕਿਤੇਕ ਤ੍ਰਾਸ ਪਾਇ ਕੈ। ਨ ਹੋਤਿ ਸਾਮੁਹਾਇਕੈ।
ਟਰੰਤਿ ਆਨ ਥਾਨ ਕੋ। ਪ੍ਰਹਾਨ ਕੈ ਗੁਮਾਨ ਕੋ॥ ੩੭॥

ਕਈ ਡਰ ਪਾ ਕੇ, ਸਾਹਮਣੇ ਨਹੀਂ ਸੀ ਹੁੰਦੇ, ਹੰਕਾਰ ਨੂੰ ਛੱਡਕੇ ਕਿਸੇ ਹੋਰ ਥਾਂ ਚਲੇ ਜਾਂਦੇ ਸਨ॥੩੭॥

ਬਜੇ ਜੁਝਾਊ ਬਾਦਿਤਾ। ਉਤੰਗ ਜੰਗ ਨਾਦਤਾ।
ਪ੍ਰਚਾਰ ਬੀਰ ਆਵਤੇ। ਮਰੈਂ ਤੁਫੰਗ ਘਾਵਤੇ॥ ੩੮॥

ਜੰਗ ਦੇ ਵਾਜੇ ਵਜਦੇ ਸਨ, ਜੰਗ ਦਾ ਬੜਾ ਉੱਚਾ ਸ਼ੋਰ ਮਚਿਆ ਹੋਇਆ ਸੀ। ਸੂਰਮੇ ਵੰਗਾਰ ਕੇ ਆਉਂਦੇ ਸਨ ਤੇ ਗੋਲੀ ਲੱਗਣ ਨਾਲ ਮਰ ਜਾਂਦੇ ਸਨ॥੩੮॥

ਬਿਲੰਬ ਨਾ ਲਗੰਤਿ ਹੈ। ਚਟਾਪਟੀ ਜੁਝੰਤਿ ਹੈਂ।
ਬਿਸਾਲ ਸ਼ੋਰ ਮਾਚਿਓ। ਲਹੂ ਸੁ ਧੂਲਿ ਰਾਚਿਓ॥ ੩੯॥

ਕੋਈ ਦੇਰ ਨਹੀਂ ਸੀ ਲੱਗਦੀ, ਝਟਪਟ ਜੂਝ ਜਾਂਦੇ ਸਨ, ਬਹੁਤ ਸ਼ੋਰ ਮਚਿਆ ਸੀ: ਲਹੂ ਤੇ ਧੂੜ ਇਕ ਦੂਸਰੇ ਨਾਲ ਮਿਲੇ ਹੋਏ ਸਨ॥੩੯॥

ਦੋਹਰਾ-ਇਸ ਪ੍ਰਕਾਰ ਸੰਘਰ ਮਚਯੋ ਤਿਮਰ ਜਾਮਨੀ ਮਾਂਹਿ।
ਧੁਖਹਿਂ ਪਲੀਤੇ ਬ੍ਰਿੰਦ ਹੀ ਉਠਹਿਂ ਸ਼ਬਦ ਬਡ ਜਾਂਹਿ॥ ੪੦॥

ਇਸ ਪ੍ਰਕਾਰ ਹਨੇਰੀ ਰਾਤ ਵਿਚ ਸੰਘਰਸ਼ ਮਚਿਆ ਹੋਇਆ ਸੀ, ਬਹੁਤ ਪਲੀਤੇ ਧੁੱਖਦੇ ਸਨ ਤੇ ਗੋਲੀ ਚਲਣ ਨਾਲ ਬਹੁਤ ਉੱਚੀ ਆਵਾਜ਼ ਗੂੰਜਦੀ ਸੀ॥੪੦॥

*ਅੱਠਵੀਂ ਰਾਸ ਦਾ ਵੀਹਵਾਂ ਅਧਿਆਇ ਸਮਾਪਤ ਹੋਇਆ॥੨੦॥*

# *ਅਧਿਆਇ ਇੱਕੀਵਾਂ*

*ਰਾਤ ਦਾ ਜੰਗ*

ਦੋਹਰਾ-ਲਿਏ ਬਾਹਨੀ ਲਰਤਿ ਭਾ ਲੱਖੂ ਬੀਰ ਬਿਸਾਲ।
ਜਿਤ ਦਿਸ਼ ਆਵਹਿ ਟੋਲ ਰਿਪੁ ਹਨਹਿ ਤੁਫੰਗ ਕਰਾਲ॥ ੧॥

ਸੂਰਬੀਰ ਲੱਖੂ ਆਪਣੀ ਸੈਨਾ ਨੂੰ ਲੈ ਕੇ ਲੜਨ ਵਾਸਤੇ ਚਲ ਪਿਆ। ਜਿਸ ਪਾਸੇ ਤੋਂ ਵੀ ਵੈਰੀ ਦੇ ਟੋਲੇ ਆਉਂਦੇ ਸਨ, ਵਿਕਰਾਲ ਗੋਲੀਆਂ ਚਲਾ ਕੇ ਉਨ੍ਹਾਂ ਨੂੰ ਮਾਰ ਦਿੰਦੇ ਸਨ॥੧॥

*ਭੁਜੰਗ ਪ੍ਰਯਾਤ ਛੰਦ*-ਨਹੀਂ ਨੇਰ ਢੂਕੇ ਕੁਪਯੋ ਖਾਨ ਕਾਲਾ। ਸੁ ਉਚੇ ਉਚਾਰਯੋ ਕਠੋਰੰ ਬਿਸਾਲਾ।
'ਕਹਾਂ ਤ੍ਰਾਸ ਧਾਰਯੋ ਖਰੇ ਦੇਰ ਲਾਵੋ? ਕਰੋ ਕਯੋਂ ਨ ਹੇਲਾ ਸੁ ਆਪਾ ਬਚਾਵੋ॥੨॥

ਜਦ ਨੇੜੇ ਨਾ ਜਾ ਸਕੇ ਤਾਂ ਕਾਲੇ ਖਾਂ ਬਹੁਤ ਗੁੱਸੇ ਵਿਚ ਆਇਆ, ਬੜੀ ਉੱਚੀ ਆਵਾਜ਼ ਵਿਚ ਕਠੋਰਤਾ ਨਾਲ ਬੋਲਿਆ, "ਕਿਉਂ ਡਰ ਧਾਰਨ ਕੀਤਾ ਹੈ, ਖੜੇ ਹੋ ਕੇ ਕਿਉਂ ਦੇਰ ਲਾਉਂਦੇ ਹੋ? ਆਪਣੇ ਆਪ ਨੂੰ ਬਚਾਉਂਦੇ ਹੋ ਹਮਲਾ ਕਿਉਂ ਨਹੀਂ ਕਰਦੇ ਹੋ?॥੨॥

ਗੁਰ ਸੈਨ ਥੋਰੀ ਜਥਾ ਲੋਨ ਆਟਾ। ਪਰੋ ਏਕ ਬਾਰੀ ਅਸੀ ਕਾਢਿ ਕਾਟਾ।
ਚਢੈ ਸੂਰ ਜੋ ਲੋ, ਫਤੇ ਲਹੁ ਪਾਈ। ਜਬੈ ਕ੍ਰੋਧ ਕੈ ਖਾਨ, ਬਾਨੀ ਸੁਨਾਈ॥੩॥

ਗੁਰੂ ਸੈਨਾ ਬਹੁਤ ਥੋੜ੍ਹੀ ਹੈ, ਆਟੇ ਵਿਚ ਲੂਣ ਦੇ ਸਮਾਨ ਹੈ, ਇਕ ਵਾਰ ਪੈ ਕੇ ਤਲਵਾਰਾਂ ਕੱਢ ਕੇ ਕੱਟ ਦੇਵੋ, ਸੂਰਜ ਚੜ੍ਹਨ ਤੋਂ ਪਹਿਲਾਂ-ਪਹਿਲਾਂ ਫਤਹਿ ਪ੍ਰਾਪਤ ਕਰ ਲਵੋ।" ਜਦ ਕਾਲੇ ਖਾਨ ਨੇ ਕ੍ਰੋਧ ਦੇ ਨਾਲ ਹੁਕਮ ਸੁਣਾਇਆ॥੩॥

ਹੁਤੇ ਬੀਰ ਸੈਨਾਪਤੀ ਓਜ ਧਾਰੇ। ਚਮੂੰ ਸੋਂ ਕਹਯੋ ਕੂੜਠਾਂਢੇ ਨਿਹਾਰੇ।
'ਚਲੋ ਕਯੋਂ ਨ ਆਗੇ ਕਰਹੁ ਪ੍ਰਾਨ ਪਯਾਰੇ। ਪਰਯੋ ਸ਼ਾਹ ਕੋ ਕਾਜ ਕੀਜੈ ਸੁਧਾਰੇ' ॥੪॥

ਜਿਹੜੇ ਸੈਨਾਪਤੀ ਸੂਰਮੇ ਸਨ, ਉਨ੍ਹਾਂ ਨੇ ਸ਼ਕਤੀ ਧਾਰਨ ਕੀਤੀ ਤੇ ਉਨ੍ਹਾਂ ਨੇ ਸੈਨਾ ਨੂੰ ਜਦ ਬੁਰੀ ਤਰ੍ਹਾਂ ਖੜੀ ਵੇਖਿਆ ਤਾਂ ਕਿਹਾ, 'ਅੱਗੇ ਕਿਉਂ ਨਹੀਂ ਚਲਦੇ ਹੋ, ਆਪਣੇ ਪ੍ਰਾਣਾਂ ਨੂੰ ਪਿਆਰ ਕਰ ਰਹੇ ਹੋ। ਬਾਦਸ਼ਾਹ ਦਾ ਕੰਮ ਪਿਆ ਹੈ, ਹੁਣ ਸੁਧਾਰ ਕੇ ਕਾਰਜ ਕਰੋ' ॥੪॥

ਸੁਨੀ ਖਾਨ ਕਾਨੰ ਜੁ ਬੀਸੈ ਹਜ਼ਾਰਾ। ਦਲੰ ਚਾਲਿ ਆਗੈ ਚਹਯੋ ਜੰਗ ਭਾਰਾ।
ਹਕੰ ਹਾਕ ਬਾਜੀ, ਤੁਰੰਗੰ ਧਵਾਏ। ਕਰੈਂ ਤਯਾਰ ਹਾਥੈਂ ਤੁਫੰਗੈਂ ਉਠਾਏ॥ ੫॥

ਜਦ ਖਾਨ ਨੇ ਕੰਨ ਨਾਲ ਸੁਣਿਆ ਜੋ ਵੀਹ ਹਜ਼ਾਰ ਸੈਨਾ ਦਾ ਸੈਨਾਪਤੀ ਸੀ ਉਹ ਦਲ ਨੂੰ ਅੱਗੇ ਲੈ ਜਾ ਕੇ ਭਾਰੀ ਜੰਗ ਕਰਨਾ ਚਾਹੁੰਦਾ ਸੀ। ਘੋੜਿਆਂ ਨੂੰ ਹਿਕ-ਹਿਕ ਕੇ ਭਜਾਇਆ ਤੇ ਹੱਥਾਂ ਨਾਲ ਤਿਆਰ ਕਰ-ਕਰ ਬੰਦੂਕਾਂ ਚੁਕੀਆਂ॥੫॥

ਹਲਾ ਹਾਲ ਬੋਲੈਂ ਧਕਾਧੱਕ ਹੋਏ। ਅੰਧੇਰਾ ਮਹਾਂ ਧੂਰ ਦੀਖੇ ਨ ਕੋਏ।
ਗਿਰੇ ਬੀਰ ਕੇਤੇ ਮਰੇ ਸੋ ਅਟੰਕੇ। ਪਰੇ ਊਪਰੇ ਨਾ ਉਠੇ ਹ੍ਵੈ ਅਤੰਕੇ॥ ੬॥

ਹਲਾ ਹਾਲ ਬੋਲਦੇ ਧਕਾ ਧਕ ਹੋਏ, ਹਨੇਰਾ ਤੇ ਮਹਾਨ ਧੂੜ ਸੀ ਕੁਝ ਵੀ ਦਿਖਾਈ ਨਹੀਂ ਸੀ ਦਿੰਦਾ। ਬਹੁਤ ਸੂਰਮੇ ਡਿੱਗ ਪਏ ਜਿਹੜੇ ਅਟਕ ਗਏ ਉਹ ਮਰ ਗਏ, ਇਕ ਦੂਸਰੇ ਉਪਰ ਡਿੱਗ ਪਏ ਤੇ ਡਰਦੇ ਮਾਰੇ ਉੱਠੇ ਨਹੀਂ॥੬॥

ਸੰਭਾਰੈਂ ਕਿਤੇ, ਹਾਥ ਡਾਰੀ ਤੁਫੰਗੈਂ। ਕਿਤੇ ਛੂਟਿ ਕੇ ਛੂਛ ਦੌਰੇ ਤੁਰੰਗੈ।
ਬਿਨਾ ਮਾਰ ਕੀਨੇ ਮਰੇ ਸ਼ੱਤ੍ਰੂ ਕੇਤੇ। ਤਰੇ ਊਪਰੇ ਹੋਤਿ ਭੈ ਕੇ ਸਮੇਤੇ॥ ੭॥

ਕਿਸੇ ਨੇ ਘੋੜਿਆਂ ਨੂੰ ਬੰਦੂਕਾਂ ਫੜ ਕੇ ਸੰਭਾਲ ਲਿਆ, ਕਿਤੇ ਘੋੜੇ ਛੁਟਕਾਰਾ ਪਾ ਕੇ ਖਾਲ੍ਹੀ ਦੌੜੇ ਫਿਰਦੇ ਸਨ। ਬਿਨਾਂ ਮਾਰਨ ਤੋਂ ਹੀ ਅਨੇਕਾਂ ਵੈਰੀ ਮਰ ਗਏ। ਭੈ ਦੇ ਨਾਲ ਇਕ ਦੂਸਰੇ ਦੇ ਹੇਠਾਂ ਉਪਰ ਹੁੰਦੇ ਸਨ॥੭॥

ਸਹੰਸ੍ਰੈ ਜੁ ਬੀਸੰ ਢੁਕੇ ਵਾਇ ਧੌਂਸੇ। ਇਤੇ ਬੀਰ ਲੱਖੂ ਲਿਏ ਸੰਗ ਨੌ ਸੈ।
ਭਯੈ ਠਾਂਢਿ ਆਗੇ ਤੁਫੰਗੈ ਚਲਾਈ। ਦੜਾ ਦਾੜ ਗੇਰੇ ਲਗੀ ਬੇਗ ਜਾਈ॥੮॥

ਜੋ ਵੀਹ ਹਜ਼ਾਰ ਸੈਨਾ ਸੀ, ਉਹ ਧੌਂਸੇ ਵਜਾ ਕੇ ਅੱਗੇ ਵਧੀ, ਏਧਰ ਸੈਨਾਪਤੀ ਲੱਖੂ ਨੇ ਵੀ ਆਪਣਾ ਨੌਂ ਸੌ ਸੂਰਮਿਆਂ ਨੂੰ ਆਪਣੇ ਨਾਲ ਲਿਆ। ਅੱਗੇ ਖਲੋ ਕੇ ਉਸ ਬੰਦੂਕਾਂ ਚਲਾਈਆਂ, ਤੁਰੰਤ ਜਦ ਗੋਲੀਆਂ ਜਾ ਕੇ ਲਗੀਆਂ ਤਾਂ ਦਾੜ-ਦਾੜ ਕਰਦੇ ਡਿੱਗ ਪਏ॥੮॥

ਜਿਤੀ ਛੋਰਿ ਗੋਰੀ ਸਭੀ ਲਾਗਿ ਬੀਰੰ। ਨਹੀਂ ਛੂਛ ਕੋਈ ਗਈ ਹੋਇ ਤੀਰੰ।
ਇਕੰਵਾਰ ਮੈਂ ਸੂਰ ਨੌਂ ਸੈ ਗਿਰਾਏ। ਪੁਨੰ ਪਾਇ ਬਾਰੂਦ ਤਯਾਰੀ ਕਰਾਏ॥੯॥

ਜਿੰਨੀਆਂ ਗੋਲੀਆਂ ਛਡੀਆਂ ਉਹ ਸਾਰੀਆਂ ਸੂਰਮਿਆਂ ਨੂੰ ਲੱਗੀਆਂ, ਕੋਲ ਦੀ ਹੋ ਕੇ ਕੋਈ ਵੀ ਗੋਲੀ ਖਾਲੀ ਨਾ ਗਈ। ਇਕੋ ਵਾਰ ਵਿਚ ਨੌਂ ਸੌ ਸੂਰਮਿਆਂ ਨੂੰ ਡੇਗ ਲਿਆ, ਫਿਰ ਬਾਰੂਦ ਪਾ ਕੇ ਦੁਬਾਰਾ ਤਿਆਰ ਕੀਤੀਆਂ॥੯॥

ਛਣੰਕਾਰ ਹੋਵੈਂ ਗਜੰ ਫੇਰ ਭਾਰੇ। ਦੁ ਗੋਰੀ ਸੁ ਪਾਵੈਂ ਠੁਕੈਂ ਛਿੱਪ੍ਰ ਡਾਰੇ।
ਪਲੀਤਾਨਿ ਬਾਰੂਦ ਮੇਲੈਂ ਜਮਾਵੈਂ। ਕਲਾ ਪੈ ਜੜੈਂ ਮੋੜ ਤੋੜੇ ਟਿਕਾਵੈਂ॥੧੦॥

ਗਜਾਂ ਦੇ ਫੇਰਨ ਨਾਲ ਭਾਰੀ ਛਣਕਾਰ ਹੁੰਦੀ ਸੀ, ਦੋ ਗੋਲੀਆਂ ਫਿਰ ਪਾ ਕੇ ਠੋਕ ਦਿੰਦੇ ਸਨ। ਪਲੀਤੇ ਬਾਰੂਦ ਨੂੰ ਮੇਲ ਕੇ ਜਗਾਉਂਦੇ ਸਨ, ਕਲਾ ਤੇ ਜੋੜ ਕੇ ਮੋੜ ਕੇ ਤੋੜੇ ਟਿਕਾਉਂਦੇ ਸਨ॥੧੦॥

ਧਰੈਂ ਹਾਥ ਪੈ, ਸਾਮੁਹੇ ਸ਼ੱਤ੍ਰੂ ਬ੍ਰਿੰਦਾ। ਚਲਾਵੈਂ, ਲਗੈਂ ਜਾਇ ਜੋਧੇ ਨਿਕੰਦਾ।
ਪ੍ਰਕਾਸ਼ੈਂ ਪਲੀਤੇ ਸੁਭੈਂ ਜੰਗ ਥਾਨੇ। ਅੰਧੇਰੀ ਨਿਸਾ ਮਹਿ ਸਮੂਹੰ ਟਨਾਨੇ॥੧੧॥

ਸਾਰੇ ਵੈਰੀਆਂ ਦੇ ਸਾਹਮਣੇ ਹੱਥਾਂ ਤੇ ਧਰਦੇ ਸਨ, ਜਦ ਚਲਾਉਂਦੇ ਸਨ ਤਾਂ ਚਲ ਕੇ ਉਹ ਯੋਧਿਆਂ ਦਾ ਨਾਸ਼ ਕਰ ਦਿੰਦੀਆਂ ਸਨ। ਪਲੀਤੇ ਪ੍ਰਕਾਸ਼ਦੇ [illegible] ਦੇ ਸਥਾਨ ਤੇ ਸ਼ੋਭਦੇ ਸਨ, ਹਨ੍ਹੇਰੀ ਰਾਤ ਵਿਚ ਉਹ ਜੁਗਨੂੰਆਂ ਵਾਂਗ ਚਮਕਦੇ ਸਨ॥੧੧॥

ਮਨੋ ਬਾਰਿ[illegible] ਗਿਰੈ ਗਾਜ ਭਾਰੀ। ਇਮੈਂ ਹੋਤਿ ਨਾਦੰ ਤੁਫੰਗੈਂ ਛੁਟਾਰੀ।
ਦੁਹੂੰ ਓਰ ਧੌਸਾਨਿ ਧੁੰਕਾਰ ਗਾਢਾ। ਮਨੋ ਮੇਘ ਗਾਜੇ ਮਹਾਂ ਨਾਦ ਬਾਢਾ॥੧੨॥

ਮਾਨੋਂ ਬਦਲਾਂ ਵਿਚੋਂ ਭਾਰੀ ਬਿਜਲੀ ਡਿਗਦੀ ਹੈ। ਬੰਦੂਕਾਂ ਚਲਣ ਨਾਲ ਇਸ ਤਰ੍ਹਾਂ ਆਵਾਜ਼ ਪੈਦਾ ਹੁੰਦੀ ਹੈ। ਦੋਵੇਂ ਪਾਸੇ ਬੜੀ ਉੱਚੀ ਆਵਾਜ਼ ਵਿਚ ਧੌਂਸੇ ਵੱਜ ਰਹੇ ਸਨ, ਮਾਨੋਂ ਬਦਲ ਗਜਣ ਨਾਲ ਵੱਡਾ ਨਾਦ ਪੈਦਾ ਹੁੰਦਾ ਹੈ॥੧੨॥

ਪਰੈਂ ਬ੍ਰਿੰਦ ਗੋਰੀ, ਵੁਠੇ ਖੇਤ ਓਰੇ। ਕ੍ਰਿਖੀ ਬੀਰ ਬੰਕੇ ਸੁ ਬੋਰੇ ਨ ਤੋਰੇ।
ਤੁਫੰਗਾਨ ਦੂਜੇ ਪ੍ਰਹਾਰਜੋ ਸੁ ਵਾਰਾ। ਗਿਰੇ ਸੂਰ ਗੋਰੇ ਭਯੋ ਤ੍ਰਾਸ ਭਾਰਾ॥੧੩॥

ਗੋਲੀਆਂ ਇਸ ਤਰ੍ਹਾਂ ਵਰ੍ਹਦੀਆਂ ਸਨ, ਮਾਨੋਂ ਖੇਤਰ ਵਿਚ ਗੜੇ ਬਰਸ ਰਹੇ ਸਨ। ਖੇਤੀ ਰੂਪੀ ਬਾਂਕੇ ਬੀਰਾਂ ਨੂੰ ਉਹ ਵੱਡੀ ਗਿਣਤੀ ਵਿਚ ਭੰਨੀ ਤੋੜੀ ਜਾਂਦੇ ਸਨ। ਫਿਰ ਬੰਦੂਕਾਂ ਦਾ ਦੂਜਰਾ ਵਾਰ ਕੀਤਾ, ਬਹੁਤ ਸੂਰਮੇ ਡਿੱਗ ਪਏ ਤੇ ਬੜਾ ਭਾਰੀ ਖੌਫ਼ ਫੈਲ ਗਿਆ॥੧੩॥

ਜੁਆਲਾ ਬਮੰਤੀ ਤਬੈ ਦ੍ਰਿਸ਼ਟਿ ਆਵੈ। ਅਧੇਰਾ ਸੁ ਦੂਰੰ ਨ ਦੇਖੰਨ ਪਾਵੈ।
ਸੁ ਹੋਏ ਬਿਹਾਲੰ ਮਹਾਂ ਮਾਰ ਮਾਚੀ। ਹਯੰ ਸੂਰ ਕੇ ਸ਼ੋਣ ਸੌਂ ਭੂਮਿ ਰਾਚੀ॥੧੪॥

ਜਵਾਲਾ ਬਲਦੀ ਉਸ ਸਮੇਂ ਹੀ ਨਜ਼ਰੀ ਆਉਂਦੀ ਸੀ, ਦੂਰ ਤਕ ਹਨੇਰਾ ਸੀ ਕੁਝ ਵੀ ਦਿਖਾਈ ਨਹੀਂ ਸੀ ਦਿੰਦਾ। ਤੁਰਕ ਬਹੁਤ ਬਿਹਾਲ ਹੋ ਗਏ, ਬਹੁਤ ਮਾਰ ਪਈ, ਘੋੜਿਆਂ ਅਤੇ ਸੂਰਮਿਆਂ ਦੇ ਲਹੂ ਨਾਲ ਧਰਤੀ ਰੰਗੀ ਗਈ॥੧੪॥

ਇਸੀ ਰੀਤਿ ਮਾਰੇ ਘਮੰਸਾਨ ਮੇਲਾ। ਗੁਰੂ ਬੀਰ ਮੋਰੇ ਜਬੈ ਘਾਲਿ ਹੇਲਾ।
ਫਟੈਂ ਤੁੰਡ ਆਗੈ ਮਿਟੇ ਜਾਹਿਂ ਪਾਛੈ। ਨਹੀਂ ਫੇਰ ਆਵੰਨ ਕੋ ਚੀਤ ਬਾਛੈਂ॥੧੫॥

ਇਸ ਰੀਤੀ ਅਨੁਸਾਰ ਸੂਰਮਿਆਂ ਨੇ ਘਮਸਾਣ ਮਚਾਇਆ, ਜਦ ਵੀ ਹਲਾ ਕਰਦੇ ਸਨ ਤਾਂ ਗੁਰੂ ਦੇ ਸੂਰਮੇ ਵਾਪਸ ਮੋੜ ਦਿੰਦੇ ਸਨ। ਪਿੱਛੇ ਹਟਦੇ ਜਾਂਦੇ ਸਨ ਕਿਉਂਕਿ ਅੱਗੋਂ ਗੁਰੂ ਦੇ ਸੂਰਮੇ ਵੈਰੀ ਦੀ ਸੈਨਾਂ ਦਾ ਮੂੰਹ ਭੰਨੀ ਜਾਂਦੇ ਸਨ। ਫਿਰ ਉਹ ਦੁਬਾਰਾ ਆਉਣ ਨੂੰ ਚਿੱਤ ਵਿਚ ਚਾਹੁੰਦੇ ਹੀ ਨਹੀਂ ਸੀ॥੧੫॥

ਦਿਸ਼ਾ ਦੂਸਰੀ ਕੋ ਪੁਰੰ ਕੇਰ ਜਾਵੈਂ। ਤਹਾਂ ਔਰ ਬੀਰੰ ਤੁਫੰਗੈਂ ਚਲਾਵੈਂ।
ਨਹੀਂ ਹੋਨਿ ਦੇਂ ਨੇਰ, ਹੇਲਾ ਜੁ ਘਾਲੈਂ। ਕਰੈਂ ਮਾਰ ਗੋਰੀ ਤਤੰਕਾਲ ਡਾਲੈਂ॥੧੬॥

ਜਦ ਨਗਰ ਦੀ ਦੂਸਰੀ ਤਰਫ਼ ਨੂੰ ਜਾਂਦੇ ਸਨ ਤਾਂ ਉਥੇ ਹੋਰ ਸੂਰਮੇ ਇਕੋ ਵਾਰ ਬੰਦੂਕਾਂ ਚਲਾ ਦਿੰਦੇ ਸਨ। ਨਗਰ ਦੇ ਨੇੜੇ ਹੀ ਨਹੀਂ ਹੋਣ ਦਿੰਦੇ ਸਨ ਜਦ ਵੀ ਹੱਲਾ ਕਰਦੇ ਸਨ, ਤਾਂ ਗੁਰੂ ਜੀ ਦੇ ਸੂਰਮੇ ਗੋਲੀਆਂ ਮਾਰ ਕੇ ਤੁਰਤ ਡੇਗ ਦਿੰਦੇ ਸਨ॥੧੬॥

ਫਿਰੈਂ ਆਲਬਾਲੇ, ਚਲੈਂ ਚੁੰਗ ਹੋਏ। ਜਿਤੇ ਜ਼ੋਰ ਘਾਲੈਂ ਸਕੈਂ ਨਾ ਖਰੋਏ।
ਪਰੈ ਮਾਰ ਗੋਰੀਨ ਕੀ ਏਕ ਬਾਰਾ। ਸਹਾਰੈਂ ਨ ਸ਼ੱਤ੍ਰ ਗਿਰੈਂ ਹੈਂ ਸੁਮਾਰਾ॥੧੭॥

ਚਾਰ-ਚੁਫੇਰੇ ਫਿਰਦੇ ਸਨ ਤੇ ਟੋਲੇ ਬੰਨ੍ਹ ਕੇ ਚਲਦੇ ਸਨ, ਜਿੰਨਾ ਵੀ ਜ਼ੋਰ ਲਾਉਂਦੇ ਸਨ, ਖਲੋ ਨਹੀਂ ਸੀ ਸਕਦੇ। ਇਕ ਵਾਰ ਗੋਲੀਆਂ ਦੀ ਐਸੀ ਮਾਰ ਪਈ, ਵੈਰੀ ਆਪਣੇ ਆਪ ਨੂੰ ਸੰਭਾਲ ਨਾ ਸਕਿਆ ਤੇ ਜ਼ਖਮੀ ਹੋ ਕੇ ਬੇ-ਸ਼ੁਮਾਰ ਡਿੱਗ ਰਹੇ ਸਨ॥੧੭॥

ਕਿਤੈ ਪ੍ਰਾਨ ਹਾਨੇ ਕਿਤੈ ਭਾਜ ਜੈ ਹੈਂ। ਕਿਤੈ ਦੇਖਿ ਕੈ ਮੂਰਛਾ ਤੇ ਗਿਰੈ ਹੈਂ।
ਪਰੈਂ ਭੂਮ ਔਧੇ ਬਹੈਂ ਸ਼੍ਰੋਣ ਅੰਗਾ। ਭਏ ਅੰਧ ਜੈਸੇ ਬਡੀ ਧੂਲ ਸੰਗਾ॥੧੮॥

ਕਈ ਪ੍ਰਾਣ ਗਵਾ ਬਹਿੰਦੇ ਸਨ, ਕਈ ਭੱਜ ਜਾਂਦੇ ਸਨ, ਕਿਤੇ ਵੇਖ ਕੇ ਹੀ ਬੇਹੋਸ਼ ਹੋ ਕੇ ਡਿੱਗ ਪੈਂਦੇ ਸਨ। ਧਰਤੀ ਤੇ ਮੂੰਹ ਭਾਰ ਡਿੱਗ ਪੈਂਦੇ ਸਨ ਤੇ ਅੰਗਾਂ ਵਿਚੋਂ ਲਹੂ ਵਗਦਾ ਸੀ। ਬੜੀ ਧੂੜ ਦੇ ਉਡਣ ਨਾਲ ਅੰਨ੍ਹੇ ਹੋ ਗਏ ਸਨ॥੧੮॥

ਚਢੀ ਸ੍ਵਾਸ ਸੋਂ ਸੀਸ ਸੋਂ ਨਾਸਕਾਂ ਮੈਂ। ਗਏ ਕਾਨ ਪੂਰੇ ਤਥਾ ਬਾਹਿਕਾ ਮੈਂ।
ਧਕਾ ਧੱਕ ਹੋਈ ਧਵਾਏ ਤੁਰੰਗਾ। ਗਿਰੇ ਖੇਤ ਜੋਧਾ ਮਲੇ ਪਾਇ ਸੰਗਾ॥੧੯॥

ਧੂੜ ਸਾਹ ਦੇ ਨਾਲ ਸਿਰ ਅਤੇ ਨਾਸਾਂ ਵਿਚ ਚੜ੍ਹ ਗਈ ਸੀ, ਤਿਵੇਂ ਹੀ ਘੋੜਿਆਂ ਦੇ ਹਿਕਣ ਵਾਲਿਆਂ ਦੇ ਕੰਨ ਭਰ ਗਏ ਸਨ। ਧੱਕ ਧੱਕ ਹੋਈ ਜਦ ਘੋੜੇ ਭਜਾਏ, ਯੋਧੇ ਖੇਤ ਵਿਚ ਡਿੱਗ ਕੇ ਦਲੇ ਮਲੇ ਗਏ॥੧੯॥

ਦੋਹਰਾ-ਅਰੇ ਅਧਿਕ ਗੁਰ ਸੂਰਮੇ ਮਰੇ ਤੁਰਕ ਗਨ ਜਾਨਿ।
ਕੁਤਬਖਾਨ ਸੋਂ ਰਿਸੁ ਕਹਜੋ ਨਿਸ਼ਠੁਰ ਕਾਲੇਖਾਨ॥ ੨੦॥

ਗੁਰੂ ਜੀ ਦੇ ਸੂਰਮੇ ਬਹੁਤ ਅੜੇ, ਤੇ ਬਹੁਤ ਤੁਰਕ ਜਾਨਾਂ ਗਵਾ ਬੈਠੇ। ਫਿਰ ਕਾਲੇ ਖਾਨ ਨੇ ਬੜੇ ਗੁੱਸੇ ਵਿਚ ਆ ਕੇ ਕੁਤਬ ਖਾਨ ਨੂੰ ਕਿਹਾ॥੨੦॥

'ਦ੍ਵੈ ਘਟਿਕਾ ਮੈਂ ਫਜਰ ਹ੍ਵੈ ਸਰਜੋ ਨ ਕਾਰਜ ਕੋਇ।
ਪੁਰਿ ਸਮੀਪਤਾ ਨਹਿਂ ਭਈ, ਕਹਾਂ ਮਾਰਿ ਲੁਟਿ ਹੋਇ'॥ ੨੧॥

''ਦੋ ਘੜੀਆਂ ਵਿਚ ਸਵੇਰ ਹੋ ਜਾਣੀ ਹੈ, ਕੋਈ ਵੀ ਕੰਮ ਸਰਿਆ ਨਹੀਂ ਹੈ। ਨਗਰ ਦੇ ਲਾਗੇ ਵੀ ਨਹੀਂ ਗਏ, ਲੁੱਟ ਮਾਰ ਕਿਥੇ ਹੋਵੇ'॥੨੧॥

ਪਾਧੜੀ ਛੰਦ-ਸੁਨਿ ਕੁਤਬ ਖਾਨ ਧਾਰੰਤਿ ਧੀਰ। 'ਤਮ ਧੂਰ ਅਧਿਕ ਤੇ ਕਸ਼ਟ ਬੀਰ।
ਲਰ ਸਕੇ ਨ ਪ੍ਰਾਕ੍ਰਮ ਕੁਛ ਦਿਖਾਇ। ਨਹਿਂ ਸ਼ੱਤ੍ਰੁ ਅੱਗ੍ਰ ਜਾਨਜੇ ਸੁ ਜਾਇ॥੨੨॥

ਇਹ ਸੁਣ ਕੇ ਕੁਤਬ ਖਾਨ ਨੇ ਧੀਰਜ ਧਾਰਨ ਕੀਤਾ, ''ਧੂੜ ਤੇ ਹਨੇਰਾ ਬਹੁਤ ਹੋਣ ਕਰਕੇ, ਸੂਰਮੇ ਬਹੁਤ ਕਸ਼ਟ ਪਾ ਰਹੇ ਹਨ, ਕਿਸੇ ਪ੍ਰਕਾਰ ਵੀ ਉੱਦਮ ਕਰਕੇ ਲੜ ਨਹੀਂ ਸਕਦੇ ਹਨ, ਅੱਗੇ ਵੈਰੀ ਬਾਰੇ ਵੀ ਕੁਝ ਜਾਣਿਆ ਨਹੀਂ ਜਾਂਦਾ॥੨੨॥

ਜਬਿ ਕਰਹਿਂ ਹੇਲ ਹਯ ਮੇਲਿ ਪੇਲਿ। ਭਿਰ ਪਰਹਿਂ ਆਪ ਲਾਗਤਿ ਧਕੇਲ।
ਗਿਰ ਮਰੈਂ ਬ੍ਰਿੰਦ ਉਠਨੇ ਨ ਪਾਇਂ। ਦਰੜੰਤਿ ਜਾਤਿ ਊਪਰ ਧਵਾਇ॥੨੩॥

ਜਦ ਘੋੜੇ ਮੇਲ ਕੇ ਵਧ ਕੇ ਹਮਲਾ ਕਰਦੇ ਹਨ ਤਾਂ ਘੋੜੇ ਆਪਸ ਵਿਚ ਹੀ ਧੱਕਾ ਲੱਗ ਕੇ ਡਿੱਗ ਪੈਂਦੇ ਹਨ। ਇਸ ਤਰ੍ਹਾਂ ਡਿੱਗ ਕੇ ਬਹੁਤ ਮਰ ਜਾਂਦੇ ਸਨ ਤੇ ਫਿਰ ਉੱਠ ਨਹੀਂ ਸੀ ਸਕਦੇ, ਫਿਰ ਘੋੜੇ ਭੱਜੇ ਜਾਂਦੇ ਹੋਏ, ਡਿੱਗ ਪਏ ਸੂਰਮਿਆਂ ਨੂੰ ਹੀ ਦਰੜ ਦਿੰਦੇ ਹਨ॥੨੩॥

ਬਹੁ ਲਰੇ ਬੀਰ, ਨਹਿਂ ਸਰਹਿ ਕਾਰ। ਅਬਿ ਹੋਇ ਫਜਰ ਤਬਿ ਲੇਹੁ ਮਾਰ।
ਲਸ਼ਕਰ ਨ ਬਾਦ ਦੀਜੈ ਮਰਾਇ। ਪੁਰਿ ਸਨੈ ਸਨੈ ਲੈਹੈਂ ਛੁਰਾਇ'॥ ੨੪॥

ਸੂਰਮੇ ਬਹੁਤ ਲੜੇ ਹਨ, ਪਰ ਕੋਈ ਕਾਰਜ ਨਹੀਂ ਸਰਿਆ ਹੈ, ਹੁਣ ਸਵੇਰ ਹੋ ਲੈਣ ਦੇਵੋ ਫਿਰ ਮਾਰ ਲਵਾਂਗੇ। ਫਜ਼ੂਲ ਵਿਚ ਲਸ਼ਕਰ ਨਾ ਮਰਵਾ ਲਈਏ, ਨਗਰ ਨੂੰ ਫਿਰ ਹੌਲੀ-ਹੌਲੀ ਛੁੜਵਾ ਲਵਾਂਗੇ'॥੨੪॥

ਢਿਗ ਪੈਂਦਖਾਨ ਕਹਿ 'ਨੀਕ ਬਾਤ। ਸਵਧਾਨਿ ਕਰਹੁ ਅਬਿ ਹੋਹਿ ਪ੍ਰਾਤ।
ਮੈਂ ਮਿਲੌਂ ਸੰਗ ਹੇਲਾ ਕਰਾਇ। ਇਕਬਾਰ ਗਹੌਂ ਗੁਰ ਨਿਕਟਿ ਜਾਇ'॥੨੫॥

ਪਾਸ ਪੈਂਦੇ ਖਾਨ ਮੌਜੂਦ ਸੀ, ਉਹ ਕਹਿਣ ਲੱਗਾ, ''ਚੰਗੀ ਗੱਲ ਹੈ, ਸਾਰਿਆਂ ਨੂੰ ਸਾਵਧਾਨ ਕਰੋ, ਹੁਣ ਸਵੇਰ ਹੋਣ ਵਾਲੀ ਹੈ, ਮੈਂ ਨਾਲ ਮਿਲ ਕੇ ਹੱਲਾ ਕਰਵਾਵਾਂਗਾ, ਇਕ ਵਾਰ ਵਿਚ ਗੁਰੂ ਦੇ ਪਾਸ ਜਾ ਕੇ ਉਸ ਨੂੰ ਫੜ ਲਵਾਂਗਾ॥੨੫॥

ਇੱਤਜਾਦਿ ਖਰੇ ਸਭਿ ਕਹਤਿ ਬੈਨ। ਬਡ ਜੰਗ ਹੋਤਿ ਚਹਿਂ ਪਿਖਿਨਿ ਨੈਨ।
ਕਿਮ ਅਰੇ ਬੀਰ ਥੋਰੇ ਅਗਾਇ। ਬਿਸਮਾਇ ਰਿਦੈ ਲਸ਼ਕਰ ਲਰਾਇ ॥ ੨੬ ॥

ਸਾਰੇ ਖੜੇ ਹੋ ਕੇ ਇਤਿਆਦਿ ਗੱਲਾਂ ਕਰ ਰਹੇ ਸਨ, ਵੱਡੀ ਜੰਗ ਹੋ ਰਹੀ ਹੈ, ਅੱਖਾਂ ਨਾਲ ਵੇਖਣੀ ਚਾਹੁੰਦੇ ਹਾਂ। ਥੋੜ੍ਹੇ ਸੂਰਬੀਰ ਕਿਵੇਂ ਅੱਗੇ ਅੜੇ ਹਨ। ਏਡਾ ਵੱਡਾ ਲਸ਼ਕਰ ਲੜਾ ਕੇ ਬਹੁਤ ਹੈਰਾਨ ਹੋਏ ਹਾਂ ॥੨੬॥

ਬਹੁ ਨਮਸਕਾਰਨੀ ਛੋਰਿ ਛੋਰਿ। ਸੁਭਟਨਿ ਸਰੀਰ ਕੋ ਫੋਰਿ ਫੋਰਿ।
ਕਰਿ ਪ੍ਰਾਨ ਹਾਨਿ ਛਿਤ ਡਾਲਿ ਡਾਲਿ। ਗਨ ਲੋਥ ਪੋਥ ਹਯ ਘਾਲਿ ਘਾਲਿ ॥੨੭ ॥

ਬਹੁਤ ਬੰਦੂਕਾਂ ਛੱਡ-ਛੱਡ, ਸੂਰਮਿਆਂ ਦੇ ਸਰੀਰਾਂ ਨੂੰ ਭੰਨ-ਭੰਨ ਪ੍ਰਾਣ ਹੀਣ ਕਰਕੇ ਧਰਤੀ ਤੇ ਸੁੱਟ-ਸੁੱਟ, ਕਈ ਘੋੜੇ ਅਤੇ ਮਨੁੱਖ ਲੜ-ਲੜ ਕੇ ਲੋਥ ਪੋਥ ਹੋਏ ਹਨ ॥੨੭॥

ਬਹੁ ਤੁਰਕ ਤੁਰੰਗ ਅੰਬਾਰ ਲਾਗ। ਰਣਖੇਤ ਪਰੇ ਤਨ ਤਯਾਗਿ ਤਯਾਗਿ।
ਇਕ ਮੁਖ ਕਰਾਹਤੇ 'ਹਾਇ ਹਾਇ'। ਦੁਖ ਮਹਾਂ, ਘਾਵ ਗਨ ਖਾਇ ਖਾਇ ॥੨੮ ॥

ਬਹੁਤ ਤੁਰਕਾਂ ਅਤੇ ਘੋੜਿਆਂ ਦੇ ਢੇਰ ਲੱਗੇ ਹਨ, ਸਰੀਰ ਛੱਡ-ਛੱਡ ਕੇ ਰਣਖੇਤਰ ਵਿਚ ਪਏ ਹਨ। ਕਈ ਮੁੱਖ ਤੋਂ 'ਹਾਇ ਹਾਇ' ਕਹਿ ਰਹੇ ਹਨ। ਬਹੁਤ ਜ਼ਖਮ ਖਾ-ਖਾ ਕੇ ਮਹਾਨ ਦੁਖੀ ਹੋਏ ਹਨ ॥੨੮॥

ਗੁਰ ਸੂਰ ਥੋਰਹੂੰ ਲਾਗਿ ਘਾਇ। ਪ੍ਰਭੁ ਮਹਾਰਾਜ ਹੋਵਤਿ ਸਹਾਇ।
ਤੁਰਕਨਿ ਹਜ਼ਾਰ ਹੂੰ ਪ੍ਰਾਨ ਹਾਨਿ। ਮਿਲਿ ਧੂਰ ਪਰੇ ਸੁਪਤੇ ਮਹਾਨ ॥ ੨੯ ॥

ਗੁਰੂ ਦੇ ਸੂਰਮਿਆਂ ਨੂੰ ਬਹੁਤ ਥੋੜ੍ਹੇ ਜ਼ਖਮ ਲੱਗੇ ਸਨ, ਪ੍ਰਭੂ ਮਹਾਰਾਜ ਨੇ ਉਨ੍ਹਾਂ ਦੀ ਸਹਾਇਤਾ ਕੀਤੀ ਸੀ। ਹਜ਼ਾਰਾਂ ਤੁਰਕ ਪ੍ਰਾਣ ਹੀਣ ਹੋ ਕੇ ਮੈਦਾਨ ਵਿਚ ਧੂੜ ਨਾਲ ਮਿਲ ਕੇ ਸੁਤੇ ਪਏ ਸਨ ॥੨੯॥

ਬਹੁ ਭਯੋ ਪੰਕ ਸ਼੍ਰੋਣੰਤਿ ਚਾਲਿ। ਇਮ ਲਰਤਿ ਮਰਤਿ ਰਣ ਘਾਲਿ ਘਾਲਿ।
ਬਿਤਿ ਗਈ ਜਾਮਨੀ ਤਮ ਸਮੇਤ। ਨਭ ਚਢਯੋ ਦਿਨੇਸ਼ ਪ੍ਰਕਾਸ਼ ਹੇਤੁ ॥ ੩੦ ॥

ਖ਼ੂਨ ਵਹਿ-ਵਹਿ ਕੇ ਬਹੁਤ ਚਿੱਕੜ ਹੋਇਆ ਸੀ, ਇਸ ਤਰ੍ਹਾਂ ਰਣਖੇਤਰ ਵਿਚ ਜ਼ੋਰ ਲਾ-ਲਾ ਕੇ ਮਰੇ ਸਨ। ਰਾਤ ਹਨੇਰੇ ਸਮੇਤ ਬੀਤ ਗਈ, ਅਕਾਸ਼ ਤੇ ਸੂਰਜ ਚੜ੍ਹਿਆ ਤਾਂ ਪ੍ਰਕਾਸ਼ ਹੋਇਆ ॥੩੦॥

ਤਬਿ ਲਗੇ ਦਿਖਨ ਭਟ ਆਪ ਮਾਂਹਿ। ਤਕ ਤੀਰ ਤੁਫੰਗਨਿ ਹਤਹਿ ਤਾਂਹਿ।
ਤੋਮਰ ਬਿਲੰਦ ਊਚੇ ਉਭਾਰਿ। ਕਿਨ ਕਰਾਚੋਲ ਲੀਨੇ ਨਿਕਾਰਿ ॥ ੩੧ ॥

ਤਦ ਭਟਾਂ ਨੂੰ ਭਟ ਆਪਸ ਵਿਚ ਦਿੱਸਣ ਲੱਗੇ, ਫਿਰ ਤਕ-ਤਕ ਤੀਰ ਤੇ ਬੰਦੂਕਾਂ ਚਲਾ ਕੇ ਮਾਰਨ ਲੱਗੇ। ਨੇਜ਼ੇ ਬਹੁਤ ਉੱਚੇ ਉਭਾਰ ਕੇ ਕਈਆਂ ਦੀਆਂ ਆਂਤੜੀਆਂ ਕੱਢ ਲੈਂਦੇ ਸਨ ॥੩੧॥

ਜੁਟ ਪਰੇ ਕਾਟਿਬੇ ਸੁਭਟ ਅੰਗ। ਖੰਡੇ ਪ੍ਰਚੰਡ ਦੁਇ ਧਾਰ ਸੰਗ।
ਬਹਿ ਚਲਯੋ ਸ਼੍ਰੋਣ ਤੇ ਬਸਤ੍ਰ ਲਾਲ। ਜਨੁ ਕੁਸਮਤ ਕਿੰਸਕ ਤਰੁ ਬਿਸਾਲ ॥ ੩੨ ॥

ਸੂਰਮੇ ਇਕ ਦੂਸਰੇ ਦੇ ਅੰਗ ਕੱਟਣ ਵਿਚ ਜੁਟ ਪਏ, ਦੋ-ਧਾਰੀ ਖੰਡਿਆਂ ਦੇ ਪ੍ਰਚੰਡ ਵਾਰ ਕਰਦੇ ਸਨ। ਬਹੁਤ ਖ਼ੂਨ ਚਲਿਆ ਤੇ ਵਸਤਰ ਲਾਲ ਹੋ ਗਏ, ਮਾਨੋਂ ਕੇਸੂ ਦੇ ਫੁੱਲਾਂ ਦੇ ਬ੍ਰਿਛ ਖਿੜੇ ਹੋਏ ਸਨ ॥੩੨॥

ਕੈ ਰੰਗ ਪਤੰਗੀ ਪਾਇ ਪਾਇ। ਭਟ ਫਾਗ ਖੇਲਤੇ ਧਾਇ ਧਾਇ।
ਕਹਿਂ 'ਮਾਰ' ਗੀਤ ਜਨੁ ਗਾਇ ਗਾਇ। ਮਿਲਿ ਜਾਹਿਂ ਬੀਰ ਚਿਤ ਚਾਇ ਚਾਇ ॥੩੩ ॥

ਜਾਂ ਲਾਲ ਰੰਗ ਪਾ-ਪਾ ਕੇ ਸੂਰਮੇ ਭੱਜ-ਭੱਜ ਕੇ ਹੋਲੀ ਖੇਡ ਰਹੇ ਸਨ। 'ਮਾਰ ਲਵੋ ਮਾਰ ਲਵੋ' ਦਾ ਗੀਤ ਗਾ-ਗਾ ਕੇ ਸੂਰਮੇ ਚਿੱਤ ਵਿਚ ਬੜਾ ਚਾਅ ਧਾਰ ਕੇ ਮਿਲ ਰਹੇ ਸਨ॥੩੩॥

ਹੁਇ ਜੂਥ ਜੰਬੁਕਨਿ ਕਰਿ ਪੁਕਾਰ। ਉਰ ਅਨੰਦ ਅਧਿਕ ਆਮਿਖ ਅਹਾਰ।
ਬਹੁ ਫਿਰਤਿ ਜੋਗਨੀ ਸ੍ਰੋਣ ਪਾਨ। ਭਰਿ ਭਰਿ ਕਪਾਲ ਤ੍ਰਿਪਤੈਂ ਮਹਾਨ॥ ੩੪॥

ਗਿੱਦੜਾਂ ਦੀਆਂ ਟੋਲੀਆਂ ਮਿਲ-ਮਿਲ ਕੇ ਚੀਖਾਂ ਮਾਰਦੀਆਂ ਸਨ, ਮਾਸ ਦਾ ਬਹੁਤ ਅਹਾਰ ਵੇਖ ਕੇ ਹਿਰਦੇ ਵਿਚ ਬੜੇ ਪ੍ਰਸੰਨ ਹੋ ਰਹੇ ਸਨ। ਬਹੁਤ ਜੋਗਣੀਆਂ ਲਹੂ ਪੀਣ ਵਾਸਤੇ ਫਿਰ ਰਹੀਆਂ ਸਨ, ਖਪਰ ਭਰ-ਭਰ ਕੇ ਪੀ ਕੇ ਤ੍ਰਿਪਤ ਹੋ ਰਹੀਆਂ ਸਨ॥੩੪॥

ਨਿਜ ਉਦਰ ਪੂਰਿ ਲੇਤੀ ਡਕਾਰ। ਗਾਵੰਤਿ ਗੀਤ ਪਾਵਤਿ ਧਮਾਰ।
ਗਨ ਕਾਕ ਕੰਕ ਕੂਕੈਂ ਕਰਾਲ। ਬਹੁ ਮਿਲੀ ਗ੍ਰਿੱਝ ਭੱਖਹਿਂ ਬਿਸਾਲ॥ ੩੫॥

ਆਪਣਾ ਪੇਟ ਭਰ ਕੇ ਡਕਾਰ ਮਾਰਦੀਆਂ ਸਨ ਤੇ ਧਮਾਲਾਂ ਪਾ ਕੇ ਗੀਤ ਗਾਉਂਦੀਆਂ ਸਨ। ਕਾਂ ਤੇ ਚਿੜੀਆਂ, ਇਲਾਂ ਵਿਕਰਾਲ ਰੂਪ ਵਿਚ ਕੂਕਦੀਆਂ ਸਨ, ਬਹੁਤ ਗਿਰਝਾਂ ਮਿਲ ਕੇ ਮਾਸ ਖਾ ਰਹੀਆਂ ਸਨ॥੩੫॥

ਬਡ ਭਯੋ ਭੀਮ ਰਣ ਖੇਤ ਹੇਰਿ। ਨਰ ਤੁਰੰਗ ਮਰੇ ਧਰ ਪਰ ਘਨੇਰ।
ਦਾਰੁਨ ਮਹਾਨ ਕੂਕਰ ਸ਼੍ਰਿੰਗਾਲ। ਮਿਲਿ ਮਾਸ ਅਹਾਰੀ ਬਿਹੰਗ ਜਾਲ॥ ੩੬॥

ਰਣਖੇਤਰ ਵਿਚ ਵੱਡਾ ਯੁੱਧ ਹੋਇਆ ਵੇਖਦੇ ਸਨ, ਮਨੁੱਖ ਅਤੇ ਘੋੜੇ ਵੱਡੀ ਗਿਣਤੀ ਵਿਚ ਮਰੇ ਹੋਏ ਵੇਖਦੇ ਸਨ। ਭਿਆਨਕ ਕੁੱਤੇ, ਗਿੱਦੜ ਅਤੇ ਪੰਛੀ ਮਿਲ-ਮਿਲ ਕੇ ਮਾਸ ਦਾ ਭੋਜਨ ਕਰ ਰਹੇ ਸਨ॥੩੬॥

ਕਹਕਹ ਹਸੰਤਿ ਕਾਲੀ ਕਰਾਲ। ਕਰ ਰਕਤ ਖਪਰ ਲਟਕੰਤਿ ਬਾਲ।
ਪੋਅੰਤਿ ਮੁੰਡ ਮਾਲਾ ਬਿਸਾਲ। ਬਹੁ ਨਚਹਿਂ ਜੋਗਨੀ ਬਜਹਿ ਤਾਲ॥ ੩੭॥

ਵਿਕਰਾਲ ਕਾਲੀ ਖਿੜ-ਖਿੜ ਕੇ ਹਸਦੀ ਸੀ। ਹੱਥਾਂ ਵਿਚ ਲਹੂ ਦੇ ਖਪਰ ਫੜੇ ਸਨ ਤੇ ਵਾਲ ਲਮਕਦੇ ਸਨ। ਕੱਟੇ ਹੋਏ ਸਿਰਾਂ ਦੀ ਲੰਮੀ ਮਾਲਾ ਪਰੋ ਕੇ ਪਾਈ ਹੈ ਤੇ ਤਾਲ ਦੇ ਵੱਜਣ ਨਾਲ ਬਹੁਤ ਜੋਗਣੀਆਂ ਨੱਚ ਰਹੀਆਂ ਹਨ॥੩੭॥

ਛੁਟਕੰਤਿ ਤੁਪਕ ਫਟਕੰਤਿ ਦੇਹਿ। ਲਟਕੰਤਿ ਗਿਰਤਿ ਮਿਲਿਯੰਤਿ ਖੇਹ।
ਕਰਤਾਰ ਪੁਰਾ ਦੀਪਕ ਮਨਿੰਦ। ਜਨੁ ਤੁਰਕ ਪਤੰਗ ਸੁ ਪਰਤਿ ਬ੍ਰਿੰਦ॥ ੩੮॥

ਬੰਦੂਕਾਂ ਚਲਦੀਆਂ ਹਨ ਤੇ ਸਰੀਰ ਪਾਟਦੇ ਹਨ, ਲਮਕ ਕੇ ਡਿੱਗ ਪੈਂਦੇ ਹਨ ਤੇ ਮਿੱਟੀ ਵਿਚ ਮਿਲ ਜਾਂਦੇ ਹਨ। ਕਰਤਾਰਪੁਰ ਨਗਰ ਇਕ ਦੀਪਕ ਵਾਂਗ ਹੈ, ਜਿਸ ਉਤੇ ਤੁਰਕ ਪਤੰਗੇ ਵੱਡੀ ਗਿਣਤੀ ਵਿਚ ਆ-ਆ ਕੇ ਕੁਰਬਾਨ ਹੋ ਰਹੇ ਹਨ॥੩੮॥

ਬਿਨ ਬਿਲਮ ਮਰੇ ਲਾਗੇ ਸੁ ਢੇਰ। ਜਿਤ ਕਿਤ ਦਿਖੰਤਿ ਪੁਰਿਕੇ ਚੁਫੇਰ।
ਤਬਿ ਕਾਲੇਖਾਂ ਉਮਰਾਵ ਜੋਇ। ਲਸ਼ਕਰ ਸੁ ਮਰਜੋ ਬਹੁ ਨੈਨ ਜੋਇ॥ ੩੯॥

ਕਿਸੇ ਦੇਰ ਤੋਂ ਬਗੈਰ ਮਰ ਜਾਂਦੇ ਹਨ ਤੇ ਢੇਰ ਲੱਗ ਜਾਂਦਾ ਹੈ, ਜਿਥੇ ਕਿਥੇ ਨਗਰ ਦੇ ਚਾਰ ਚੁਫੇਰੇ ਦਿਖਾਈ ਦਿੰਦੇ ਹਨ। ਤਦ ਕਾਲੇ ਖਾਂ ਤੇ ਹੋਰ ਜਿਹੜੇ ਉਮਰਾਵ ਹਨ, ਉਨ੍ਹਾਂ ਜਿਹੜਾ ਲਸ਼ਕਰ ਮਰਿਆ ਸੀ, ਉਸ ਨੂੰ ਆਪਣੀਆਂ ਅੱਖਾਂ ਨਾਲ ਵੇਖਿਆ॥੩੯॥

'ਇਹ ਭਯੋ ਕਹਾਂ' ਮਨ ਮੈਂ ਹਿਰਾਨ। 'ਨਹਿਂ ਲਗਜੋ ਕਾਲ ਭਟ ਨਾਸ਼ ਪ੍ਰਾਨ।
ਰਹਿ ਸ਼ੇਖ ਅਰਧ, ਜਾਨੇ ਸੁ ਜਾਇਂ'। ਮਨ ਪਾਇ ਤ੍ਰਾਸ, ਮੁਖ ਨਹਿਂ ਅਲਾਇ॥੪੦॥

ਮਨ ਵਿਚ ਬੜੇ ਹੈਰਾਨ ਹੋਏ, "ਇਹ ਕੀ ਹੋ ਗਿਆ ਹੈ, ਕੁਝ ਸਮਾਂ ਵੀ ਨਹੀਂ ਲੱਗਾ ਹੈ, ਬਹੁਤ ਸੂਰਮੇ ਮਾਰੇ ਗਏ ਹਨ, ਇਹ ਪਤਾ ਲੱਗਦਾ ਹੈ ਕਿ ਕੇਵਲ ਅੱਧੇ ਹੀ ਬਾਕੀ ਬਚੇ ਹਨ।" ਮਨ ਵਿਚ ਬਹੁਤ ਡਰ ਗਏ ਮੂੰਹ ਤੋਂ ਕੁਝ ਨਾ ਬੋਲੇ॥੪੦॥

*ਅੱਠਵੀਂ ਰਾਸ ਦਾ ਇੱਕੀਵਾਂ ਅਧਿਆਇ ਸਮਾਪਤ ਹੋਇਆ॥੨੧॥*

# ਅਧਿਆਇ ਬਾਈਵਾਂ

## *ਦਿਨ ਦਾ ਜੰਗ*

ਦੋਹਰਾ- ਭਈ ਪ੍ਰਭਾਤਿ ਬਿਲੋਕਿ ਕੈ ਲਸ਼ਕਰ ਹਤਿ ਭਾ ਬ੍ਰਿੰਦ।
ਕੁਤਬ, ਪੈਂਦ, ਅਨਵਰ ਅਪਰ ਲਖਿ ਕੈ ਬਲੀ ਬਿਲੰਦ॥ ੧॥

ਸਵੇਰ ਦਾ ਚਾਨਣ ਹੋਣ ਤੇ ਕੁਤਬ ਖਾਂ, ਪੈਂਦੇ ਖਾਂ, ਅਨਵਰ ਖਾਂ ਆਦਿ ਸੂਰਮਿਆਂ ਨੇ ਵੱਡੀ ਗਿਣਤੀ ਵਿਚ ਆਪਣਾ ਲਸ਼ਕਰ ਮਰਿਆ ਵੇਖਿਆ ॥੧॥

ਰਸਾਵਲ ਛੰਦ- ਰਿਸਜੋ ਖਾਨ ਕਾਲਾ। ਇਨੋ ਤਾਤਕਾਲਾ।
ਕਹਜੋ ਕੋਪ ਸੰਗਾ। 'ਨ ਕੋਟੰ ਉਤੰਗਾ॥ ੨॥

ਕਾਲੇ ਖਾਂ ਨੇ ਬਹੁਤ ਗੁੱਸੇ ਵਿਚ ਆ ਕੇ ਉਨ੍ਹਾਂ ਨੂੰ ਤੁਰਤ ਕਿਹਾ, "ਨਾ ਕੋਈ ਵੱਡਾ ਕਿਲ੍ਹਾ ਹੈ॥੨॥

ਨਹੀਂ ਦੀਹ ਖਾਈ। ਲਰੇ ਦੂਰ ਆਈ।
ਮਰੇ ਬੀਰ ਆਧੇ। ਨਹੀਂ ਸ਼ੱਤ੍ਰੂ ਸਾਧੇ॥ ੩॥

ਨਾ ਕੋਈ ਡੂੰਘੀ ਖਾਈ ਹੈ, ਦੂਰ ਤੋਂ ਆ ਕੇ ਲੜੇ ਹਨ, ਅੱਧੇ ਸੂਰਬੀਰ ਮਾਰੇ ਗਏ ਹਨ ਤੇ ਵੈਰੀ ਨੂੰ ਵੀ ਸਾਧਿਆ ਨਹੀਂ ਹੈ॥੩॥

ਕਹਾਂ ਬਾਤ ਹੋਈ। ਕਰੋ ਕਜੋਂ ਨ ਢੋਈ?
ਪਰੈ ਬ੍ਰਿੰਦ ਹੇਲਾ। ਰਿਪੂ ਰੇਲਿ ਪੇਲਾ॥ ੪॥

ਕੀ ਗੱਲ ਹੋਈ ਹੈ, ਪਾਸ ਕਿਉਂ ਨਹੀਂ ਜਾਂਦੇ ਹੋ ? ਬਹੁਤ ਹੱਲੇ ਕੀਤੇ ਹਨ, ਦੁਸ਼ਮਣ ਨੂੰ ਰੇਲ ਪੇਲ ਨਹੀਂ ਕੀਤਾ ਹੈ॥੪॥

ਜਿਤੀ ਦੇਰ ਧਾਰੋ। ਤਿਤੋ ਹੈ ਬਿਗਾਰੋ।
ਚਹੂੰ ਓਰ ਘੇਰਾ। ਕਰੋ ਏਕ ਬੇਰਾ॥ ੫॥

ਜਿੰਨੀ ਵੀ ਦੇਰ ਲਾਵੋਗੇ, ਉਤਨਾ ਹੀ ਵਿਗਾੜ ਹੋਵੇਗਾ, ਇਕ ਵਾਰ ਚਾਰੇ ਪਾਸੇ ਘੇਰਾ ਪਾਓ॥੫॥

ਦੋਹਰਾ- ਕੁਤਬਖਾਨ! ਪੂਰਬ ਦਿਸ਼ਾ ਦਸ ਹਜ਼ਾਰ ਲੈ ਸੈਨ।
ਪੁਰਿ ਕੇ ਸਨਮੁਖ ਹੇਲ ਕਰਿ ਮਾਰਿ ਕਰਹੁ ਬਿਨ ਚੈਨ॥ ੬॥

ਹੇ ਕੁਤਬ ਖਾਨ ! ਤੂੰ ਪੂਰਬ ਵਾਲੇ ਪਾਸੇ ਦਸ ਹਜ਼ਾਰ ਸੈਨਾ ਲੈ ਕੇ ਜਾਵੇਂ ਤੇ ਕਿਸੇ ਪ੍ਰਕਾਰ ਦੇ ਚੈਨ ਤੋਂ ਬਗੈਰ ਨਗਰ ਦੇ ਸਾਹਮਣੇ ਹਮਲਾ ਕਰੋ॥੬॥

ਅਨਵਰ ਅਰੁ ਅਸਮਾਨ ਖਾਂ! ਦੱਖਣ ਦਿਸ਼ਿ ਕੀ ਓਰ।
ਪੁਰਿ ਕੈ ਨਿਕਟਿ ਪਹੂਚਿਕੈ ਕਰੀਐ ਸੰਘਰ ਘੋਰ॥ ੭॥

ਅਨਵਰ ਅਤੇ ਅਸਮਾਨ ਖਾਂ ! ਤੁਸੀਂ ਦੱਖਣ ਵਾਲੇ ਪਾਸੇ ਜਾਵੋ ਤੇ ਨਗਰ ਦੇ ਨੇੜੇ ਪਹੁੰਚ ਕੇ ਘੋਰ ਸੰਘਰਸ਼ ਕਰੋ॥੭॥

ਸੋਰਠਾ- ਦਸ ਹਜ਼ਾਰ ਲਿਹੁ ਸੰਗ ਜਬਿ ਹੇਲਾ ਸਗਰੇ ਕਰਹਿਂ।
ਕਰਾਚੋਲ ਕੇ ਜੰਗ ਲਰਤਿ ਲਰਤਿ ਪੁਰਿ ਮਹਿਂ ਬਰਹਿਂ॥ ੮॥

ਦਸ-ਦਸ ਹਜ਼ਾਰ ਫੌਜ ਨਾਲ ਲੈ ਕੇ ਸਾਰੇ ਹੱਲਾ ਕਰੋ ਤੇ ਤਲਵਾਰ ਨਾਲ ਜੰਗ ਲੜਦੇ ਲੜਦੇ ਨਗਰ ਵਿਚ ਦਾਖਲ ਹੋ ਜਾਵੋ॥੮॥

ਮੈਂ ਪਸ਼ਚਮ ਦਿਸ਼ਿ ਠਾਂਢਿ ਇਤਿ ਤੇ ਕਰੌਂ ਪ੍ਰਵੇਸ਼ ਕੋ।
ਹਤਹਿਂ ਖੜਗ ਕੋ ਕਾਢਿ ਅਰਹਿ ਜੁ ਆਇ ਅਸ਼ੇਸ਼ ਕੋ॥ ੯॥

ਮੈਂ ਪੱਛਮ ਦਿਸ਼ਾ ਵਿਚ ਖੜਾ ਹੋ ਕੇ ਇਸ ਪਾਸੇ ਤੋਂ ਪ੍ਰਵੇਸ਼ ਕਰਾਂਗਾ। ਤਲਵਾਰਾਂ ਕੱਢ ਕੇ ਮਾਰਾਂਗੇ, ਜਿਹੜਾ ਵੀ ਵੈਰੀ ਸਾਹਮਣੇ ਆਏ ਸਾਰਿਆਂ ਨੂੰ ਮਾਰਾਂਗਾ॥੯॥

ਪੈਂਦਖਾਨ ਬਲਵਾਨ ਉੱਤਰ ਦਿਸ਼ਿ ਲਰਿ ਕੈ ਪਰਹਿ।
ਲਿਹੁ ਬਿਚਲਾਇ ਮਹਾਨ ਮਾਰਿ ਮਾਰਿ ਕਰਿਕੈ ਬਰਹਿਂ॥ ੧੦॥

ਪੈਂਦੇ ਖਾਨ ਬਲਵਾਨ ਉੱਤਰ ਵਾਲੇ ਪਾਸੇ ਹਮਲਾ ਕਰਕੇ ਲੜੇ। ਮਹਾਨ ਲੜਾਈ ਕਰੋ ਤੇ ਵੈਰੀਆਂ ਨੂੰ ਮਾਰ-ਮਾਰ ਅੰਦਰ ਦਾਖਲ ਹੋਵੋ"॥੧੦॥

ਇਮ ਮਸਲਤ ਕੋ ਧਾਰਿ ਲੈ ਲੈ ਦਸੰ ਹਜ਼ਾਰ ਦਲ।
ਚਾਰ ਓਰ ਹੁਇ ਚਾਰ ਭਨਤਿ ਪਰਸਪਰ ਅਪਨ ਬਲ॥ ੧੧॥

ਇਸ ਤਰ੍ਹਾਂ ਸਲਾਹ ਨੂੰ ਧਾਰ ਕੇ ਦਸ ਦਸ ਹਜ਼ਾਰ ਦਲ ਲੈ ਕੇ ਚਲ ਪਏ। ਚਾਰੇ ਪਾਸੇ ਚਾਰੇ ਹੋ ਕੇ ਆਪਣੇ-ਆਪਣੇ ਬਲ ਬਾਰੇ ਆਪਸ ਵਿਚ ਬੋਲਦੇ ਸਨ॥੧੧॥

ਰਸਾਵਲ ਛੰਦ-ਬਜਾਏ ਨਗਾਰੇ। ਚਲੇ ਚੌਂਪ ਧਾਰੇ।
ਜੁਦੀ ਸੈਨ ਕੀਨੀ। ਨਿਜੰ ਸੰਗ ਲੀਨੀ॥ ੧੨॥

ਨਗਾਰੇ ਵਜਾਏ, ਬੜੇ ਚਾਅ ਨਾਲ ਚਲ ਪਏ, ਆਪਣੀਆਂ ਸੈਨਾਵਾਂ ਵੱਖ ਕੀਤੀਆਂ ਤੇ ਆਪਣੇ-ਆਪਣੇ ਨਾਲ ਲੈ ਲਈਆਂ॥੧੨॥

ਸੁਰਾ ਪਾਨ ਕੀਨੇ। ਰਣੰ ਰੰਗ ਭੀਨੇ।
ਬਡੇ ਧੁੰਗ ਹੋਏ। ਚਹੈਂ ਸ਼ੱਤ੍ਰੂ ਢੋਏ॥ ੧੩॥

ਸ਼ਰਾਬ ਪੀਤੀ, ਜੰਗ ਦੇ ਰੰਗ ਵਿਚ ਭਿੱਜ ਗਏ, ਬਹੁਤ ਟੋਲੇ ਹੋ ਗਏ, ਵੈਰੀ ਨੂੰ ਮਾਰਨਾ ਚਾਹੁੰਦੇ ਸਨ॥੧੩॥

ਬਕੈਂ ਬੀਰ ਬੰਕੇ। ਬਿਸਾਲੇ . ਨਿਸ਼ੰਕੇ।
'ਗੁਰੂ ਥਾਨ ਕੋਨੇ? ਪਿਖੋ ਕਜੋਂ ਨ ਤੌਨੇ॥ ੧੪॥

ਬੀਰ ਬਾਂਕੇ ਬੋਲਦੇ ਸਨ, ਵਿਸ਼ਾਲ ਸ਼ੰਕੇ ਰਹਿਤ ਸਨ, "ਗੁਰੂ ਕਿਸ ਥਾਂ ਹੈ? ਉਸ ਨੂੰ ਕਿਉਂ ਨਹੀਂ ਵੇਖਦੇ ਹਾਂ॥੧੪॥

ਬਲੀ ਜੋ ਕਹਾਵੈ। ਨਹੀਂ ਦਾਵ ਖਾਵੈ।
ਗਹੋ ਕਜੌਂ ਨ ਜੈ ਕੈ। ਕਿਧੌਂ ਮਾਰਿ ਧੈ ਕੈ'॥ ੧੫॥

ਬਲੀ ਜੋ ਕਹਾਉਂਦਾ ਹੈ, ਉਹ ਦਾਅ ਨਹੀਂ ਪਾਉਂਦਾ ਹੈ, ਉਸ ਨੂੰ ਜਾ ਕੇ ਕਿਉਂ ਨਹੀਂ ਫੜਦੇ ਜਾਂ ਧਾ ਕੇ ਮਾਰਦੇ ਕਿਉਂ ਨਹੀਂ"॥੧੫॥

ਇਮੰ ਊਚ ਭਾਖੈਂ। ਬਿਸਾਲਾ ਭਿਲਾਖੈ। ਭਏ ਚਾਰ ਓਰੰ। ਕਰਜੋ ਜੰਗ ਘੋਰੰ ॥੧੬॥

ਇਸ ਤਰ੍ਹਾਂ ਉੱਚੀ-ਉੱਚੀ ਕਹਿੰਦੇ ਸਨ, ਵਿਸ਼ਾਲ ਅਭਿਲਾਖਾ ਸੀ, ਚਾਰੇ ਪਾਸੇ ਹੋ ਗਏ ਤੇ ਘੋਰ ਜੰਗ ਕੀਤਾ॥੧੬॥

ਤੁਫੰਗੈਂ ਚਲਾਈ। ਤੁਰੰਗੈਂ ਧਵਾਈ। ਮਹਾ ਨਾਦ ਹੋਵਾ। ਬਿਧੀਚੰਦ ਜੋਵਾ ॥੧੭॥

ਬੰਦੂਕਾਂ ਚਲਾਈਆਂ, ਘੋੜੇ ਭਜਾਏ, ਬਹੁਤ ਉੱਚਾ ਨਾਦ ਹੋਇਆ, ਬਿਧੀ ਚੰਦ ਨੇ ਵੇਖਿਆ॥੧੭॥

ਚਹੂੰ ਓਰ ਹੇਰਾ। ਜਥਾ ਪਾਇ ਘੇਰਾ। ਸਭੀ ਭੇਤ ਜਾਨਾ। ਜਥਾ ਸ਼ੱਤ੍ਰ ਠਾਨਾ ॥੧੮॥

ਚਾਰੇ ਪਾਸੇ ਵੇਖਿਆ, ਜਿਵੇਂ ਘੇਰਾ ਪਾਇਆ ਸੀ, ਸਾਰੇ ਭੇਦ ਨੂੰ ਜਾਣਿਆ, ਜਿਵੇਂ ਵੈਰੀ ਡਟਿਆ ਸੀ॥੧੮॥

ਪੁਰੀ ਕੇ ਚੁਫੇਰੇ। ਫਿਰਜੋ ਬੀਰ ਹੇਰੇ। ਜਥਾ ਚਾਰ ਥਾਈਂ। ਰਿਪੂ ਸੈਨ ਆਈ ॥੧੯॥

ਨਗਰ ਦੇ ਚਾਰ-ਚੁਫੇਰੇ, ਸੂਰਮਿਆਂ ਨੂੰ ਵੇਖਦਾ ਫਿਰਿਆ, ਜਿਵੇਂ ਚਾਰ ਥਾਵਾਂ ਤੇ ਦੁਸ਼ਮਣ ਦੀ ਸੈਨਾ ਆਈ ਸੀ॥੧੯॥

ਗੁਰੂ ਪਾਸ ਜੈ ਕੈ। ਸੁਨਾਈ ਸਬੈ ਕੈ। 'ਬਧੇ ਚਾਰ ਗੋਲੰ। ਬਕੈਂ ਊਚ ਬੋਲੰ ॥੨੦॥

ਗੁਰੂ ਪਾਸ ਜਾ ਕੇ, ਸਾਰੀ ਕਹਿ ਕੇ ਸੁਣਾਈ, "ਚਾਰ ਥਾਵਾਂ ਤੇ ਘੇਰੇ ਬੰਨ੍ਹੇ ਹਨ, ਤੇ ਬੜੀ ਉੱਚੀ-ਉੱਚੀ ਬੋਲਦੇ ਹਨ॥੨੦॥

ਚਹੈਂ ਬੀਚ ਆਏ। ਬਡੋ ਜ਼ੋਰ ਪਾਏ। ਸੁ ਕੀਜੈ ਉਪਾਈ। ਰਿਪੂ ਲੇਹੁ ਘਾਈ' ॥੨੧॥

ਨਗਰ ਦੇ ਅੰਦਰ ਦਾਖ਼ਲ ਹੋਣਾ ਚਾਹੁੰਦੇ ਹਨ, ਵੱਡਾ ਜ਼ੋਰ ਪਾਇਆ ਹੈ, ਇਸ ਕਰਕੇ ਕੋਈ ਉਪਾਅ ਕਰੋ, ਜਿਸ ਨਾਲ ਵੈਰੀ ਨੂੰ ਮਾਰ ਲਈਏ"॥੨੧॥

ਸੁਨੀ ਬਾਤ ਸਾਰੀ। ਗੁਰੂ ਯੋਂ ਉਚਾਰੀ। 'ਜਿਤੀ ਸੈਨ ਭਾਰੀ। ਕਰੋਂ ਥਾਊਂ ਚਾਰੀ ॥੨੨॥

ਗੁਰੂ ਜੀ ਨੇ ਸਾਰੀ ਗੱਲ ਸੁਣੀ, ਫਿਰ ਉਨ੍ਹਾਂ ਕਿਹਾ, "ਜਿੰਨੀ ਭਾਰੀ ਸੈਨਾ ਹੈ, ਉਹ ਚਾਰ ਥਾਵਾਂ ਤੇ ਕਰ ਦੇਵੋ॥੨੨॥

ਦੋਹਰਾ-ਪੂਰਬ ਦਿਸ਼ਿ ਜਾਤੀ ਮਲਕ ਲੇ ਦਲ ਸੰਗ ਸਮੂਹਾਇ।
ਮਿਹਰਚੰਦ ਅਮੀਆਂ ਦੁਤੀ ਦੱਖਣ ਦਿਸ਼ ਕੋ ਜਾਇ॥ ੨੩॥

ਪੂਰਬ ਵਾਲੇ ਪਾਸੇ ਜਾਤੀ ਮਲਕ ਆਪਣਾ ਸਾਰਾ ਦਲ ਲੈ ਕੇ ਜਾਵੇ। ਮਿਹਰ ਚੰਦ ਤੇ ਅਮੀਆਂ ਦੋਵੇਂ ਦੱਖਣ ਵਾਲੇ ਪਾਸੇ ਜਾਣ॥੨੩॥

ਲੱਖੂ ਪਸ਼ਚਮੁ ਦਿਸ਼ਿ ਲਰੈ ਲੈ ਸੈਨਾ ਸਵਧਾਨ।
ਰਹਹਿ ਪੀਨ ਕਰਿ ਪੁਰਿ ਨਿਕਟਿ ਹਨਹਿ ਤੁਫੰਗ ਮਹਾਨ॥ ੨੪॥

ਲੱਖੂ ਆਪਣੀ ਸੈਨਾ ਲੈ ਕੇ ਸਾਵਧਾਨ ਹੋ ਕੇ ਪੱਛਮ ਵਾਲੇ ਪਾਸੇ ਜਾ ਕੇ ਲੜੇ। ਤਕੜਾਈ ਕਰਕੇ ਨਗਰ ਦੇ ਨੇੜੇ ਰਹੇ ਤੇ ਬਹੁਤ ਬੰਦੂਕਾਂ ਚਲਾਵੇ॥੨੪॥

ਬਿਧੀਚੰਦ! ਸੰਗ ਚਮੂੰ ਕੇ ਉੱਤਰ ਦਿਸ਼ਾ ਪਧਾਰਿ।
ਵਧਹੁ ਅੱਗ੍ਰ ਨਹਿੰ ਅਧਿਕ ਤੁਮ, ਢਿਗ ਰਿਪੁ ਪਹੁੰਚਹਿ ਮਾਰ' ॥ ੨੫॥

ਹੇ ਬਿਧੀ ਚੰਦ! ਤੂੰ ਸੈਨਾ ਦੇ ਨਾਲ ਉੱਤਰ ਵਾਲੇ ਪਾਸੇ ਚਲੇ ਜਾਵੋ, ਤੂੰ ਬਹੁਤ ਅੱਗੇ ਨਾ ਜਾ, ਦੁਸ਼ਮਣ ਦੇ ਪਾਸ ਪਹੁੰਚ ਕੇ ਮਾਰ ਕਰੋ" ॥੨੫॥

ਰਸਾਵਲ ਛੰਦ-ਗੁਰੂ ਬੈਨ ਸ੍ਰੋਨੇ। ਲਏ ਮਾਨਿ ਤੋਨੇ।
ਕਰੀ ਸੰਗ ਸੈਨਾ। ਚਲੇ ਬੀਰ ਭੈ ਨਾ॥ ੨੬॥

ਗੁਰੂ ਜੀ ਦੇ ਬਚਨ ਸੁਣ ਕੇ, ਬਿਧੀ ਚੰਦ ਨੇ ਮੰਨ ਲਏ, ਆਪਣੀ ਸੈਨਾ ਨਾਲ ਲਈ, ਸੂਰਮੇ ਭੈ-ਰਹਿਤ ਹੋ ਕੇ ਚਲ ਪਏ॥੨੬॥

ਜਹਾਂ ਖਾਨ ਕਾਲਾ। ਬਡੋ ਹੇਲ ਘਾਲਾ।
ਗਯੋ ਬੀਰ ਲੱਖੂ। ਮਹਾਂ ਓਜ ਰੱਖੂ॥ ੨੭॥

ਜਿਥੇ ਕਾਲੇ ਖਾਂ ਸੀ ਉਥੇ ਵੱਡਾ ਹੱਲਾ ਹੋਇਆ, ਸੂਰਬੀਰ ਲੱਖੂ ਉਥੇ ਗਿਆ ਉਹ ਮਹਾਨ ਸ਼ਕਤੀ ਰੱਖਦਾ ਸੀ॥੨੭॥

ਤੁਫੰਗੈਂ ਚਲਾਈ। ਕਿ ਨੇਜੇ ਭ੍ਰਮਾਈ।
ਬਡੇ ਬਾਨ ਮਾਰੇ। ਸੁ ਲੋਹਾ ਕਰਾਰੇ॥ ੨੮॥

ਬੰਦੂਕਾਂ ਚਲਾਈਆਂ, ਨੇਜ਼ੇ ਭੰਵਾਏ, ਬਹੁਤ ਤੀਰ ਮਾਰੇ ਤੇ ਕਰਾਰਾ ਲੋਹਾ ਚਲਿਆ॥੨੮॥

ਕਿਤੇ ਸਾਂਗ ਮਾਰੈਂ। ਕ੍ਰਿਪਾਨੈਂ ਪ੍ਰਹਾਰੈਂ।
ਤੁਫੰਗਾਨਿ ਮੇਲਾ। ਲਿਯੋ ਝਾਲਿ ਹੇਲਾ॥ ੨੯॥

ਕਿਤੇ ਬਰਛੀਆਂ ਮਾਰਦੇ ਸਨ, ਕਿਤੇ ਕਿਰਪਾਨਾਂ ਦੇ ਵਾਰ ਕਰਦੇ ਸਨ। ਬੰਦੂਕਾਂ ਮੇਲਦੇ ਸਨ, ਹੱਲੇ ਨੂੰ ਝਲ ਲਿਆ॥੨੯॥

ਖਰੇ ਥੰਭ ਜੈਸੇ। ਹਲੇ ਸੋ ਨ ਕੈਸੇ।
ਅਰੇ ਹੋਇ ਸੋਹੈਂ। ਕਰੀ ਬੰਕ ਭੌਹੈਂ ॥ ੩੦॥

ਥੰਭੇ ਵਾਂਗ ਖੜੇ ਸਨ, ਕਿਸੇ ਤਰ੍ਹਾਂ ਵੀ ਹਿਲਦੇ ਨਹੀਂ ਸਨ, ਅੜਦੇ ਹੋਏ ਸੋਭਦੇ ਸਨ। ਅੱਖਾਂ ਦੀਆਂ ਭੋਹਾਂ ਵਿੰਗੀਆਂ ਕੀਤੀਆਂ ਸਨ॥੩੦॥

ਦੜਾ ਦਾੜ ਗੇਰੈਂ। ਤੁਰੰਗੈਂ ਘਨੇਰੈਂ।
ਉਥੱਲੈ ਪਥੱਲੈਂ। ਨਹੀਂ ਪਾਇ ਹੱਲੈਂ॥ ੩੧॥

ਧੜਾ-ਧੜ ਡੇਗੀ ਜਾਂਦੇ ਸਨ, ਘੋੜਿਆਂ ਨੂੰ ਬਹੁਤ ਉੱਥਲ ਪੁੱਥਲ ਕਰ ਦਿੱਤਾ, ਇਕ ਪੈਰ ਵੀ ਨਹੀਂ ਹਿਲਾਉਂਦੇ ਸਨ॥੩੧॥

ਮਹਾਂ ਸ਼ਸਤ੍ਰ ਖਾਏ। ਰਿਪੂ ਬ੍ਰਿੰਦ ਘਾਏ।
ਭਯੋ ਜੰਗ ਭਾਰੀ। ਪਰੀ ਭੂਰ ਮਾਰੀ॥ ੩੨॥

ਬਹੁਤ ਸ਼ਸਤਰ ਖਾਧੇ, ਬਹੁਤ ਵੈਰੀ ਮਾਰੇ, ਵੱਡਾ ਜੰਗ ਹੋਇਆ, ਬਹੁਤ ਮਾਰ ਪਈ॥੩੨॥

**ਚਲੇ ਖੱਗ ਖੰਡੇ। ਦੁਧਾਰੇ ਪ੍ਰਚੰਡੇ। ਕਰੇ ਖੰਡ ਖੰਡੇ। ਘਨੇ ਹੀ ਘੁਮੰਡੇ॥੩੩॥**

ਦੋ-ਧਾਰ ਖੰਡੇ ਪ੍ਰਚੰਡ ਰੂਪ ਵਿਚ ਚਲੇ, ਵੈਰੀ ਖੰਡ-ਖੰਡ ਕਰ ਦਿੱਤੇ ਬਹੁਤ ਹੀ ਘੁਮੰਡ ਕਰਦੇ ਸਨ॥੩੩॥

ਭਏ ਰੁੰਡ ਮੁੰਡੇ। ਕਿਨੂ ਜੰਗ ਛੰਡੇ।
ਕਟੀ ਗ੍ਰੀਵ ਬਾਹੂ। ਪਰੇ ਭੂਮਿ ਮਾਂਹੂ॥ ੩੪॥

ਸਿਰ ਬਿਨਾਂ ਧੜ ਹੋ ਗਏ ਤੇ ਧੜ ਬਿਨਾਂ ਸਿਰ ਹੋ ਗਏ, ਕਈਆਂ ਨੂੰ ਜੰਗ ਨੇ ਛੱਡ ਦਿੱਤਾ। ਕਿਸੇ ਦੀ ਧੌਣ ਜਾਂ ਬਾਂਹ ਕੱਟੀ ਸੀ, ਉਹ ਧਰਤੀ ਤੇ ਲੰਮੇ ਪਏ ਸਨ॥੩੪॥

ਕਿਸੂ ਸੀਸ ਕਾਟਾ। ਕਿਨੂ ਕੋਇ ਡਾਟਾ।
ਰਿਪੂ ਨੇਰ ਹੋਏ। ਸੁ ਨੇਜ਼ ਪਰੋਏ॥ ੩੫॥

ਕਿਸੇ ਦਾ ਸਿਰ ਕਟਿਆ ਹੋਇਆ ਸੀ, ਕਿਸੇ ਨੂੰ ਕੋਈ ਡਾਂਟਦਾ ਸੀ। ਦੁਸ਼ਮਣ ਦੇ ਨੇੜੇ ਹੋ ਕੇ ਉਸ ਨੂੰ ਨੇਜ਼ੇ ਵਿਚ ਪਰੋ ਲੈਂਦੇ ਸਨ॥੩੫॥

ਤੁਫੰਗਾਨਿ ਛੋਰੀ। ਕਿਸੂ ਮਾਰਿ ਗੋਰੀ। ਕਿ ਸਾਂਗੰ ਪ੍ਰਹਾਰੀ। ਭਜੇ ਭੀਰੁ ਭਾਰੀ॥੩੬॥

ਬੰਦੂਕਾਂ ਛੱਡਦੇ ਸਨ, ਕਿਸੇ ਨੂੰ ਗੋਲੀ ਮਾਰਦੇ ਸਨ, ਕਿਸੇ ਤੇ ਬਰਛੀ ਦਾ ਵਾਰ ਕਰਦੇ ਸਨ, ਇਕੱਠੇ ਹੋ ਕੇ ਭੱਜਦੇ ਸਨ॥੩੬॥

ਮਹਾਂ ਲੋਹ ਮਾਚਾ। ਲਹੂ ਧੂਲ ਰਾਚਾ। ਕਿਸੂ ਤੁੰਡ ਖੰਡਾ। ਕਿ ਸੀਸੰ ਬਿਹੰਡਾ॥੩੭॥

ਮਹਾਨ ਲੋਹੇ ਤੇ ਲੋਹਾ ਖੜਕਦਾ ਸੀ, ਲਹੂ ਧੂੜ ਨਾਲ ਮਿਲਿਆ ਹੋਇਆ ਸੀ ਕਿਸੇ ਦਾ ਮੂੰਹ ਵੱਢਿਆ ਸੀ, ਕਿਸੇ ਦਾ ਸਿਰ ਕਟਿਆ ਸੀ॥੩੭॥

ਹਥਾ ਵੱਥ ਹੋਏ। ਰਿਪੂ ਕੀਨਿ ਢੋਏ। ਚਲੈਂ ਤੀਰ ਤੀਖੇ। ਜੁ ਸਰਪੰ ਸਰੀਖੇ॥੩੮॥

ਹਥੋ-ਹਥੀ ਹੋਏ ਸਨ, ਵੈਰੀ ਆ ਢੁਕਿਆ ਸੀ, ਤਿੱਖੇ ਤੀਰ ਚਲਦੇ ਸਨ, ਜਿਹੜੇ ਸੱਪ ਵਾਂਗ ਸ਼ੂਕਦੇ ਸਨ॥੩੮॥

ਭਯੋ ਭੂਰ ਨਾਦੰ। ਕਰੈਂ ਸੂਰ ਬਾਦੰ। ਗੁਰੂ ਤਯਾਰ ਹੋਏ। ਮਹਾਂ ਜੰਗ ਜੋਏ॥੩੯॥

ਬੜੀ ਉੱਚੀ ਆਵਾਜ਼ ਵਿਚ ਨਾਦ ਹੋਇਆ: ਸੂਰਮੇ ਆਪਸ ਵਿਚ ਝਗੜਾ ਕਰਦੇ ਸਨ, ਗੁਰੂ ਜੀ ਤਿਆਰ ਹੋ ਗਏ ਜਿਨ੍ਹਾਂ ਮਹਾਨ ਜੰਗ ਵੇਖੇ ਸਨ॥੩੯॥

ਧਰੇ ਜੁੱਧ ਚੀਰੰ। ਸੁਭੰਤੇ ਸ਼ਰੀਰੰ। ਬਡੋ ਖੱਗ ਭਾਰਾ। ਗਰੇ ਬੀਚ ਧਾਰਾ॥੪੦॥

ਯੁੱਧ ਦੇ ਕੱਪੜੇ ਧਾਰਨ ਕੀਤੇ, ਸਰੀਰ ਬਹੁਤ ਸ਼ੋਭ ਰਿਹਾ ਸੀ, ਵੱਡੀ ਭਾਰੀ ਤਲਵਾਰ ਗਲ ਵਿਚ ਪਾ ਲਈ॥੪੦॥

ਲਈ ਢਾਲ ਚੌਰੀ। ਹੁਤੀ ਭਾਰ ਗੌਰੀ। ਲਗਾਈ ਪਿਛਾਰੇ। ਮਹਾਂ ਸ਼ੋਭ ਧਾਰੇ॥੪੧॥

ਚੌੜੀ ਢਾਲ ਲੈ ਲਈ, ਜਿਹੜੀ ਬਹੁਤ ਭਾਰੀ ਸੀ, ਪਿੱਛੇ ਪਹਿਣ ਲਈ ਮਹਾਨ ਸ਼ੋਭਾ ਧਾਰਨ ਕੀਤੀ॥੪੧॥

ਸੁਭੈ ਭੂਰ ਭਾਥਾ। ਭਰਜੋ ਬਾਨ ਸਾਥਾ। ਲਗਜੋ ਹੇਮ ਜਾਂਹੀ। ਦਿਪੈਂ ਹੀਰ ਮਾਂਹੀ॥੪੨॥

ਭੱਥਾ ਬਹੁਤ ਸ਼ੋਭ ਰਿਹਾ ਸੀ, ਜਿਹੜਾ ਤੀਰਾਂ ਨਾਲ ਭਰਿਆ ਸੀ, ਜਿਨ੍ਹਾਂ ਨੂੰ ਸੋਨਾ ਲਗਿਆ ਹੋਇਆ ਸੀ, ਹੀਰਿਆਂ ਵਾਂਗ ਚਮਕਦਾ ਸੀ॥੪੨॥

ਸੁ ਮੋਤੀਨਿ ਗੁੱਛੇ। ਭਲੇ ਗੋਲ ਸੁਛੇ। ਸਜਜੋ ਅੰਗ ਸੰਗਾ। ਗਹਜੋ ਚਾਂਪ ਚੰਗਾ॥੪੩॥

ਸ੍ਰੇਸ਼ਟ ਮੋਤੀਆਂ ਦੇ ਗੁੱਛੇ, ਭਲੀ ਪ੍ਰਕਾਰ ਗੋਲ ਅਤੇ ਸ਼ੁਧ ਸਨ, ਉਨ੍ਹਾਂ ਦੇ ਸਰੀਰ ਦੇ ਅੰਗ ਸੱਜੇ ਹੋਏ ਸਨ, ਵੱਡਾ ਧਨੁੱਖ ਫੜਿਆ ਹੋਇਆ ਸੀ॥੪੩॥

ਕਠੋਰੈਂ ਬਿਸਾਲਾ। ਮਹਾਂ ਭਾਰ ਵਾਲਾ। ਹਯੰ 'ਜਾਨ ਭਾਈ'। ਸੁ ਲੀਨੋ ਮੰਗਾਈ॥੪੪॥

ਬੜਾ ਸਖਤ ਸੀ, ਬਹੁਤ ਭਾਰ ਵਾਲਾ ਸੀ, ਜਿਹੜਾ 'ਜਾਨ ਭਾਈ' ਘੋੜਾ ਸੀ, ਉਸ ਨੂੰ ਮੰਗਵਾ ਲਿਆ॥੪੪॥

ਬਡੋ ਰੋਰ ਹੋਵਾ। ਚਹੂੰ ਓਰ ਜੋਵਾ। ਮਚਜੋ ਜੰਗ ਭਾਰਾ। ਸੁ ਲੋਹਾ ਕਰਾਰਾ॥੪੫॥

ਵੱਡਾ ਰੋਲਾ ਹੋਇਆ, ਚਾਰੇ ਪਾਸੇ ਵੇਖਿਆ, ਭਾਰੀ ਜੰਗ ਮਚਿਆ ਹੋਇਆ ਸੀ, ਕਰਾਰਾ ਲੋਹੇ ਤੇ ਲੋਹਾ ਵੱਜ ਰਿਹਾ ਸੀ॥੪੫॥

ਗੁਰੂ ਕੋਟ ਤੀਰੰ। ਖਰੇ ਸੰਧਿ ਤੀਰੰ। ਮਹਾਂ ਸ਼ੱਤ੍ਰੂ ਹੇਰੇ। ਲਰੰਤੇ ਘਨੇਰੇ॥੪੬॥

ਗੁਰੂ ਜੀ ਕੋਟ ਦੇ ਪਾਸ ਸਨ, ਕਮਾਨ ਵਿਚ ਤੀਰ ਜੋੜ ਕੇ, ਵੱਡੇ ਵੈਰੀ ਵੱਲ ਵੇਖਿਆ ਜਿਹੜੇ ਬਹੁਤ ਲੜ ਰਹੇ ਸਨ॥੪੬॥

ਤਿਨ੍ਹੋਂ ਤਾਕਿ ਮਾਰਾ। ਚਲਜੋ ਸ਼ੂਕ ਮਾਰਾ। ਡਸੇ ਸ਼ੱਤ੍ਰੂ ਜਾਈ। ਜੁ ਆਯੇ ਅਗਾਈ॥੪੭॥

ਉਨ੍ਹਾਂ ਨੂੰ ਤਕ ਕੇ ਮਾਰਿਆ, ਤੀਰ ਸ਼ੂਕਦਾ ਚਲੇ ਗਿਆ। ਜਾ ਕੇ ਵੈਰੀਆਂ ਨੂੰ ਵਿੰਨ੍ਹ ਗਿਆ, ਜਿਹੜਾ ਵੀ ਸਾਹਮਣੇ ਆਏ॥੪੭॥

ਬਿਧਜੋ ਏਕ ਦੋਊ। ਤ੍ਰਿਤੀ ਚੋਥ ਸੋਊ। ਜੁਊ ਆਇ ਆਗੇ। ਗਯੋ ਬੀਧ, ਲਾਗੇ ॥੪੮॥

ਇਕ ਦੋ ਨੂੰ ਵਿੰਨ੍ਹ ਕੇ ਤੀਜੇ ਚੌਥੇ ਨੂੰ ਵੀ ਜਾ ਲੱਗਾ, ਜਿਹੜਾ ਵੀ ਅੱਗੇ ਆਇਆ, ਲੱਗਣ ਨਾਲ ਵਿੰਨ੍ਹਿਆ ਗਿਆ॥੪੮॥

ਪਰਜੋ ਪਾਰ ਜਾਈ। ਰਿਪੂਨਾ ਅਗਾਈ। ਮਰੇ ਬੀਰ ਘੋਰਾ। ਇਕੈ ਬਾਨ ਛੋਰਾ ॥੪੯॥

ਜਾ ਕੇ ਪਾਰ ਹੋ ਗਿਆ, ਵੈਰੀਆਂ ਤੋਂ ਅੱਗੇ ਜਾ ਪਿਆ, ਬਹੁਤ ਸੂਰਮੇ ਮਾਰੇ ਗਏ, ਕੇਵਲ ਇਕ ਤੀਰ ਹੀ ਛੱਡਿਆ ਸੀ॥੪੯॥

ਜਥਾ ਪੌਨ ਕੇਲੇ। ਗਿਰਾਵੈ ਧਕੇਲੇ। ਤਥਾ ਏਕ ਬਾਰੀ। ਗਿਰੇ ਸ਼ੱਤ੍ਰੂ ਭਾਰੀ ॥੫੦॥

ਜਿਵੇਂ ਤੇਜ ਹਵਾ ਕੇਲੇ ਨੂੰ ਧਕ ਕੇ ਸੁੱਟ ਦਿੰਦੀ ਹੈ, ਉਸ ਤਰ੍ਹਾਂ ਇਕੋ ਵਾਰ ਵੈਰੀਆਂ ਦਾ ਝੁੰਡ ਡਿੱਗ ਪੈਂਦਾ ਸੀ॥੫੦॥

ਪੁਨੰ ਔਰ ਜੋਰਾ। ਧਨੂ ਐਂਚਿ ਘੋਰਾ। ਲਗਜੋ ਕਾਨ ਪਾਨਾ। ਕਰੇ ਤਾਨ ਤਾਨਾ ॥੫੧॥

ਫਿਰ ਹੋਰ ਜੋੜਿਆ ਤੇ ਭਿਆਨਕ ਧਨੁੱਖ ਨੂੰ ਖਿਚਿਆ, ਹੱਥ ਕੰਨ ਨੂੰ ਜਾ ਲੱਗਾ, ਐਡੇ ਬਲ ਨਾਲ ਖਿਚਿਆ॥੫੧॥

ਤਜਯੋ, ਨਾਦ ਹੋਵਾ। ਰਿਪੂ ਕੈ ਪਰੋਵਾ। ਨਹੀਂ ਜਾਇ ਜਾਨਾ। ਪਰੈ ਪਾਰ ਬਾਨਾ ॥੫੨॥

ਛੱਡਣ ਨਾਲ ਆਵਾਜ਼ ਹੋਈ, ਕਿੰਨੇ ਵੈਰੀਆਂ ਨੂੰ ਵਿੰਨ੍ਹ ਗਿਆ, ਇਹ ਨਹੀ ਜਾਣਿਆ ਜਾਂਦਾ, ਤੀਰ ਪਾਰ ਹੋ ਗਿਆ॥੫੨॥

ਇਸੀ ਰੀਤਿ ਛੋਰੇ। ਫਿਰੇ ਚਾਰ ਓਰੇ। ਜਹਾਂ ਜ਼ੋਰ ਘਾਲੈਂ। ਤਹਾਂ ਛਿੱਪ੍ਰ ਚਾਲੈਂ ॥੫੩॥

ਏਸੇ ਰੀਤੀ ਨਾਲ ਛੱਡੇ, ਚਾਰ-ਚੁਫੇਰੇ ਫਿਰੇ, ਜਿਥੇ ਵੀ ਜ਼ੋਰ ਪੈਂਦਾ ਸੀ, ਉਥੇ ਤੁਰਤ ਚਲੇ ਜਾਂਦੇ ਸਨ॥੫੩॥

ਹਤੈਂ ਤੀਰ ਤੀਖੇ। ਜੁ ਸਰਪੰ ਸਰੀਖੇ। ਮਰੈਂ ਸੂਰ ਘੋਰੇ। ਪੁਰੰ ਚਾਰ ਓਰੇ ॥੫੪॥

ਤਿੱਖੇ ਤੀਰਾਂ ਨਾਲ ਮਾਰਦੇ ਸਨ, ਜਿਹੜੇ ਸੱਪ ਵਾਂਗ ਸ਼ੂਕਦੇ ਸਨ, ਬਹੁਤ ਸੂਰਮਿਆਂ ਨੂੰ ਮਾਰਦੇ ਸਨ, ਨਗਰ ਦੇ ਚਾਰੇ ਪਾਸੇ ਚਲਦੇ ਸਨ॥੫੪॥

ਬਡਾ ਹੇਲ ਮੇਲਾ। ਚਹੈਂ ਰੇਲਿ ਪੇਲਾ। ਪਰੈ ਮਾਰ ਆਗੇ। ਗਿਰੈਂ ਸ਼ਸਤ੍ਰ ਲਾਗੇ ॥੫੫॥

ਤੁਰਕਾਂ ਨੇ ਵੱਡਾ ਹੱਲਾ ਕੀਤਾ, ਰੇਲ ਪੇਲ ਕਰਨਾ ਚਾਹੁੰਦੇ ਸਨ, ਅੱਗੇ ਮਾਰ ਪੈਂਦੀ ਸੀ, ਸ਼ਸਤਰ ਲੱਗਣ ਨਾਲ ਡਿੱਗ ਪੈਂਦੇ ਸਨ॥੫੫॥

ਪਿਛੈ ਪਾਇ ਘਾਲੈਂ। ਨਹੀਂ ਅੱਗ੍ਰ ਚਾਲੈਂ। ਡਰੈਂ ਹੇਰਿ ਮਾਰੈਂ ਨਹੀਂ ਧੀਰ ਧਾਰੈਂ ॥੫੬॥

ਪਿੱਛੇ ਪੈਰ ਰਖਦੇ ਸਨ, ਅੱਗੇ ਨਹੀਂ ਸੀ ਚਲਦੇ, ਡਰਦੇ ਸਨ ਕਿ ਵੇਖ ਕੇ ਮਾਰਨਗੇ, ਧੀਰਜ ਨਹੀਂ ਸੀ ਧਾਰਨ ਕਰਦੇ॥੫੬॥

ਤੁਫੰਗਾਨਿ ਗੋਰੀ। ਲਗੈ ਅੰਗ ਫੋਰੀ। ਪਰੈਂ ਝੂਮ ਘੂਮੈ। ਮਿਲੈਂ ਧੂਲਿ ਭੂ ਮੈਂ ॥੫੭॥

ਬੰਦੂਕਾਂ ਦੀਆਂ ਗੋਲੀਆਂ ਲੱਗਣ ਨਾਲ ਅੰਗ ਵਿੰਨ੍ਹੇ ਜਾਂਦੇ ਸਨ, ਝੂਮ ਕੇ ਘੇਰਨੀ ਖਾ ਕੇ ਡਿੱਗ ਪੈਂਦੇ ਸਨ ਤੇ ਧਰਤੀ ਤੇ ਮਿੱਟੀ ਵਿਚ ਮਿਲ ਜਾਂਦੇ ਸਨ॥੫੭॥

ਨਹੀਂ ਅੱਗ੍ਰ ਆਵੈਂ। ਮਹਾਂ ਤ੍ਰਾਸ ਪਾਵੈਂ। ਗੁਰੂ ਬਾਨ ਲਾਗੈਂ। ਤਬੈ ਪ੍ਰਾਨ ਤਜਾਗੈਂ ॥੫੮॥

ਅੱਗੇ ਨਹੀਂ ਸੀ ਆਉਂਦੇ, ਮਹਾਨ ਡਰ ਮੰਨਦੇ ਸਨ, ਗੁਰੂ ਦੇ ਤੀਰ ਵੱਜਦੇ ਸਨ ਤਾਂ ਉਸੇ ਵੇਲੇ ਪ੍ਰਾਣ ਛੱਡ ਜਾਂਦੇ ਸਨ॥੫੮॥

ਚਹੂੰ ਓਰ ਮਾਰੇ। ਸੁ ਲਾਗੇ ਅੰਬਾਰੇ। ਤੁਰੰਗੰ ਕਿ ਬੀਰਾ। ਪਰੇ ਹੈ ਬਿਖੀਰਾ॥੫੯॥

ਚਾਰੇ ਪਾਸੇ ਮਾਰਦੇ ਸਨ, ਲੋਥਾਂ ਦੇ ਢੇਰ ਲੱਗ ਗਏ, ਘੋੜੇ ਅਤੇ ਸੂਰਮੇ ਖਿੰਡੇ ਪਏ ਸਨ॥੫੯॥

ਪਰੈਂ ਦੌਰ ਕੈ ਕੈ। ਫਿਰੈਂ ਮਾਰ ਖੈਕੈ। ਤਬੈ ਖਾਨ ਕਾਲਾ। ਹਿਰਾਨੰ ਬਿਸਾਲਾ॥੬੦॥

ਕਈ ਦੌੜ ਪਏ, ਮਾਰ ਖਾ ਕੇ ਵਾਪਸ ਮੁੜ ਪਏ। ਤਦ ਕਾਲੇ ਖਾਨ ਬਹੁਤ ਹੈਰਾਨ ਹੋਇਆ॥੬੦॥

*ਅੱਠਵੀਂ ਰਾਸ ਦਾ ਬਾਈਵਾਂ ਅਧਿਆਇ ਸਮਾਪਤ ਹੋਇਆ॥੨੨॥*

# ਅਧਿਆਇ ਤੇਈਵਾਂ

### ਖੋਜਾ ਅਨਵਰ ਬੱਧ

*ਦੋਹਰਾ*-ਇਮ ਚਹੁੰ ਦਿਸ਼ਿ ਮੈਂ ਗੋਲ ਦਲ ਸੰਗ ਲਿਏ ਸਰਦਾਰ।
ਚਹਿਤ ਬਰਨ ਕੋ ਜ਼ੋਰ ਤੇ ਸਭਿ ਸ੍ਰੀ ਪੁਰਿ ਕਰਤਾਰ॥ ੧॥

ਇਸ ਤਰ੍ਹਾਂ ਚਾਰੇ ਪਾਸੇ ਹਾਕਮਾਂ ਨੇ ਆਪਣੀ ਸੈਨਾ ਦੇ ਦਲਾਂ ਨੂੰ ਨਾਲ ਲਿਆ। ਉਹ ਆਪਣੇ ਜ਼ੋਰ ਨਾਲ ਸ੍ਰੀ ਕਰਤਾਰਪੁਰ ਵਿਚ ਦਾਖਲ ਹੋਣਾ ਚਾਹੁੰਦੇ ਸਨ॥੧॥

*ਤੋਮਰ ਛੰਦ*-ਗਹਿ ਤੀਰ ਤੋਮਰ ਫੇਰ। ਤੁਰਕਾਨ ਕੋ ਹਤਿ ਗੇਰ।
ਮਿਹਰਾ ਮਹਾਂ ਬਰ ਬੀਰ। ਅਮਿਯਾਂ ਸਹਾਇਕ ਧੀਰ॥ ੨॥

ਤੀਰ ਤੇ ਨੇਜ਼ੇ ਫੜ ਕੇ, ਤੁਰਕਾਂ ਨੂੰ ਮਾਰ ਕੇ ਡੇਗ ਰਹੇ ਸਨ। ਮਿਹਰਾ ਵਡਾ ਵਰਿਆਮ ਸੂਰਬੀਰ ਸੀ, ਅਮੀਆਂ ਉਸ ਦਾ ਧੀਰਜਵਾਨ ਸਹਾਇਕ ਸੀ॥੨॥

ਗੁਰ ਕੋ ਪ੍ਰਤਾਪ ਬਿਸਾਲ। ਕਰਿ ਜੰਗ ਕੋਪ ਕਰਾਲ।
ਅਸਮਾਨ ਖਾਨ ਮਹਾਨ। ਜਹਿੰ ਠਾਂਢਿ ਮਾਰਤਿ ਬਾਨ॥ ੩॥

ਗੁਰੂ ਜੀ ਦੇ ਪ੍ਰਤਾਪ ਨਾਲ, ਵਿਕਰਾਲ ਗੁੱਸੇ ਵਿਚ ਆ ਕੇ ਜੰਗ ਕਰ ਰਿਹਾ ਸੀ, ਅਸਮਾਨ ਖਾਂ ਜਿਥੇ ਖੜਾ ਹੋ ਕੇ ਤੀਰ ਮਾਰ ਰਿਹਾ ਸੀ॥੩॥

ਜਿਹ ਸੰਗ ਦੂਤ ਸਹਾਇ। ਜਿਨ ਮਾਰ ਪੂਰਬ ਖਾਇ।
ਬਿਨ ਲਾਜ ਮੂਰਖ ਫੇਰ। ਗੁਰ ਸੌਂ ਚਹੈ ਭਟ ਭੇਰ॥ ੪॥

ਜਿਸ ਦਾ ਦੂਤ ਅਨਵਰ ਖਾਂ ਸਹਾਇਕ ਸੀ, ਜਿਸ ਨੇ ਪਹਿਲਾਂ ਮਾਰ ਖਾਧੀ ਸੀ। ਲਾਜ ਤੋਂ ਬਗੈਰ ਮੂਰਖ ਫਿਰ ਗੁਰੂ ਜੀ ਦੇ ਸੂਰਮਿਆਂ ਨਾਲ ਮੁਕਾਬਲਾ ਕਰਨਾ ਚਾਹੁੰਦਾ ਸੀ॥੪॥

ਦਿਸ਼ ਦੋਨ ਮੈਂ ਸਰਦਾਰ। ਬਹੁ ਕੋਪ ਤੇ ਭਟ ਚਾਰ।
ਗਨ ਸੈਨ ਲੈ ਕਰਿ ਸੰਗ। ਪਗ ਰੋਪਿ ਕੈ ਕਿਯ ਜੰਗ॥ ੫॥

ਦੋਹਾਂ ਪਾਸਿਆਂ ਦੇ ਸਰਦਾਰ, ਬਹੁਤ ਗੁੱਸੇ ਵਿਚ ਆਏ। ਆਪਣੇ ਨਾਲ ਬਹੁਤ ਸੈਨਾ ਲੈ ਕੇ, ਪੈਰ ਰੋਕ ਕੇ ਜੰਗ ਕੀਤੀ॥੫॥

ਦਿਸ਼ਿ ਦੱਖਨੀ ਘਮਸਾਨ। ਬਹੁ ਕੀਨਿ ਹਾ ਭਟ ਪ੍ਰਾਨ।
ਗੁਲਕਾਨ ਕੋ ਬਰਖਾਇ। ਕਰਕਾ ਮਨੋ ਘਨ ਪਾਇ॥ ੬॥

ਦੱਖਣੀ ਦਿਸ਼ਾ ਵਿਚ ਬੜਾ ਘਮਸਾਣ ਮਚਿਆ ਸੀ, ਬਹੁਤ ਸੂਰਮਿਆਂ ਦੇ ਪ੍ਰਾਣਾਂ ਦਾ ਨਾਸ਼ ਹੋਇਆ। ਇਸ ਤਰ੍ਹਾਂ ਗੋਲੀਆਂ ਦੀ ਵਰਸ਼ਾ ਕੀਤੀ, ਮਾਨੋਂ ਬਦਲ ਗੜ੍ਹੇ ਵਰਸਾ ਰਹੇ ਹੋਣ॥੬॥

ਸਿਰ ਫੂਟਿ ਹਾਂਡਨਿ ਜੈਸ। ਉਰ ਫੋਰਿ ਮਾਰਤਿ ਹੈਸ।
ਤੁਰਕਾਨਿ ਹੇਲ ਸੁ ਘਾਲਿ। ਕਰ ਐਂਚਿ ਕੈ ਕਰਵਾਲ॥ ੭॥

ਹਾਂਡੀਆਂ ਵਾਂਗ ਸਿਰ ਪਾਟ ਗਏ, ਇਸ ਤਰ੍ਹਾਂ ਮਾਰਦੇ ਸਨ ਕਿ ਹਿਰਦੇ ਪਾਟ ਜਾਂਦੇ ਸਨ। ਤੁਰਕਾਂ ਨੇ ਵੱਡਾ ਹੱਲਾ ਕੀਤਾ। ਤਲਵਾਰਾਂ ਖਿੱਚ ਕੇ ਆ ਗਏ॥੭॥

ਗੁਰ ਸੈਨ ਪੈ ਚਲਿ ਆਇ। ਮਿਲਿ ਗੇ ਤਬੈ ਸਮੁਦਾਇ।
ਮੁਖ 'ਮਾਰਿ ਮਾਰਿ' ਉਚਾਰਿ। ਗਹਿ ਤੋਮਰੈਂ ਤਰਵਾਰ॥ ੮॥

ਗੁਰੂ ਜੀ ਦੀ ਸੈਨਾ ਤੇ ਪੈ ਗਏ, ਫਿਰ ਸਾਰੇ ਇਕੱਠੇ ਹੋ ਗਏ। ਮੁੱਖ ਤੋਂ 'ਮਾਰ ਮਾਰ' ਉਚਾਰਨ ਕਰਦੇ ਸਨ, ਨੇਜ਼ੇ ਤੇ ਤਲਵਾਰਾਂ ਫੜੀਆਂ ਹੋਈਆਂ ਸਨ॥੮॥

ਮਿਹਰਾ ਰੁਪਜੋ ਧਰਿ ਧੀਰ। ਧਨੁ ਐਂਚਿ ਮਾਰਤਿ ਤੀਰ।
ਸੁਭਟਾਨਿ ਕੋ ਲਲਕਾਰਿ। ਤੁਪਕਾਨਿ ਗੋਰਿਨਿ ਮਾਰਿ॥ ੯॥

ਮਿਹਰਾ ਧੀਰਜ ਧਾਰ ਕੇ ਗੁੱਸੇ ਵਿਚ ਆਇਆ, ਧਨੁੱਖ ਖਿੱਚ ਖਿੱਚ ਕੇ ਤੀਰ ਮਾਰਦਾ ਸੀ। ਸੂਰਮਿਆਂ ਨੂੰ ਲਲਕਾਰ ਕੇ ਬੰਦੂਕ ਨਾਲ ਗੋਲੀਆਂ ਮਾਰਦਾ ਸੀ॥੯॥

ਖਰ ਸਾਂਗ ਮਾਰਿ ਧਸਾਇ। ਤਰਵਾਰ ਤੇ ਕਰਿ ਘਾਇ।
ਗਨ ਤੁੰਡ ਮੁੰਡ ਬਿਹੰਡ। ਕਰਿ ਖੰਡ ਖੰਡ ਘਮੰਡਿ॥ ੧੦॥

ਤਿਖਾ ਨੇਜ਼ਾ ਫੜ ਕੇ ਧਸਾ ਦਿੰਦਾ ਸੀ ਤੇ ਤਲਵਾਰ ਨਾਲ ਘਾਇਲ ਕਰ ਦਿੰਦਾ ਸੀ। ਕਈਆਂ ਨੂੰ ਸਿਰ ਲਾਹ ਕੇ ਨਾਸ਼ ਕੀਤਾ। ਟੋਟੇ-ਟੋਟੇ ਕਰਕੇ ਉਨ੍ਹਾਂ ਦੇ ਘੁਮੰਡ ਨੂੰ ਤੋੜਿਆ॥੧੦॥

ਜੁਟਿ ਆਪ ਮੈਂ ਤਿਸ ਬਾਰ। ਇਕਸਾਰ ਹੋਵਤਿ ਮਾਰਿ।
ਕਟਿ ਅੰਗ ਸ਼੍ਰੋਣਤ ਭੀਜ। ਰਣ ਖੇਤ ਮੈਂ ਜਨੁ ਬੀਜ॥ ੧੧॥

ਉਸ ਸਮੇਂ ਆਪਸ ਵਿਚ ਜੁੱਟ ਪਏ, ਇਕਸਾਰ ਮਾਰ ਪੈਂਦੀ ਸੀ, ਅੰਗ ਕੱਟਣ ਨਾਲ ਲਹੂ ਨਾਲ ਭਿੱਜ ਗਏ। ਜੰਗ ਰੂਪ ਖੇਤ ਵਿਚ ਕੱਟੇ ਹੋਏ ਅੰਗ ਲਹੂ ਨਾਲ ਲਿਬੜੇ ਮਾਨੋਂ ਬੀਜ ਖਿਲਰੇ ਹਨ॥੧੧॥

ਬਹੁ ਬੀਰ ਘਾਇਲ ਹੋਇ। ਮਰਿ ਭੂਮ ਪੈ ਪਰਿ ਕੋਇ।
ਅਸਮਾਨਖਾਨ ਖਤੰਗ। ਗੁਰ ਬੀਰ ਬੇਧਤਿ ਅੰਗ॥ ੧੨॥

ਬਹੁਤ ਸੂਰਮੇ ਘਾਇਲ ਹੋਏ, ਕਈ ਭੂਮੀ ਤੇ ਮਰੇ ਪਏ ਸਨ। ਅਸਮਾਨ ਖਾਂ ਦੇ ਤੀਰ, ਗੁਰੂ ਜੀ ਦੇ ਸੂਰਮਿਆਂ ਦੇ ਅੰਗ ਵਿੰਨ੍ਹ ਰਹੇ ਸਨ॥੧੨॥

ਕਿਹ ਸੀਸ ਪੈ ਤਰਵਾਰ। ਕਿਹ ਕੰਧ ਕੋ ਕਟਿ ਡਾਰਿ।
ਮੁਖ ਛੇਦ ਕੀਨਸਿ ਕਾਹਿ। ਕਟਿ ਜੰਘ ਕੋ ਚਲਿ ਨਾਂਹਿ॥ ੧੩॥

ਕਿਸੇ ਦੇ ਸਿਰ ਤੇ ਤਲਵਾਰ ਵੱਜਦੀ ਸੀ, ਕਿਸੇ ਦਾ ਮੋਢਾ ਹੀ ਵੱਢ ਕੇ ਸੁੱਟ ਦਿੱਤਾ ਸੀ। ਕਈਆਂ ਦੇ ਮੂੰਹ ਵਿਚ ਹੀ ਡੇਕ ਹੋ ਗਏ, ਕਈਆਂ ਦੀਆਂ ਲੱਤਾਂ ਕਟੀਆਂ ਗਈਆਂ, ਚਲਿਆ ਨਹੀਂ ਸੀ ਜਾਂਦਾ॥੧੩॥

ਦਿਸ਼ ਦੱਖਣੀ ਬਡ ਸ਼ੋਰ। ਤੁਰਕਾਨ ਦੀਨਸਿ ਜ਼ੋਰ।
ਗੁਰ ਤੀਰ ਧਾਇ ਸੁਨਾਇ। 'ਢਿਗ ਆਇਗੇ ਸਮੁਦਾਇ'॥ ੧੪॥

ਦੱਖਣੀ ਦਿਸ਼ਾ ਵੱਲ ਵੱਡਾ ਸ਼ੋਰ ਸੀ, ਤੁਰਕਾਂ ਨੇ ਜ਼ੋਰ ਪਾਇਆ ਸੀ। ਗੁਰੂ ਜੀ ਦੇ ਨੇੜੇ ਦੌੜ ਕੇ ਸੁਣਾਇਆ, "ਇਕੱਠੇ ਹੋ ਕੇ ਨੇੜੇ ਆਵਾਂਗੇ"॥੧੪॥

ਬਿਧੀਆ ਹੁਤੇ ਤਬਿ ਤੀਰ। ਤਿਹ ਸੰਗ ਬੋਲਤਿ ਧੀਰ:-।
ਉਤ ਜਾਹੁ ਬੀਰ! ਸ਼ਿਤਾਬ। ਦਲ ਸ਼ੱਤ੍ਰ ਲੀਜਹਿ ਦਾਬ॥ ੧੫॥

ਫਿਰ ਬਿਧੀ ਚੰਦ ਗੁਰੂ ਜੀ ਦੇ ਲਾਗੇ ਸੀ, ਗੁਰੂ ਜੀ ਨੇ ਉਸ ਨੂੰ ਕਿਹਾ, "ਹੇ ਸੂਰਬੀਰ! ਓਧਰ ਤੁਰਤ ਜਾਵੋ ਤੇ ਵੈਰੀ ਦੇ ਦਲ ਨੂੰ ਦੱਬ ਲਵੋ॥੧੫॥

ਹਤਿ ਆਯੁਧਾਨਿ ਹਟਾਇ। ਦਿਹੁ ਕਾਟ ਜੋ ਸਮੁਹਾਇ'।
ਸੁਨਿ ਬਾਕ ਕੋ ਹਰਿਖਾਇ। ਤਤਕਾਲ ਬਾਜ ਧਵਾਇ॥ ੧੬॥

ਸ਼ਸਤਰ ਮਾਰ ਕੇ ਹਟਾ ਦੇਵੋ, ਜਿਹੜਾ ਵੀ ਸਾਹਮਣੇ ਆਏ ਵੱਢ ਦੇਵੋ।" ਗੁਰੂ ਜੀ ਦਾ ਬਚਨ ਸੁਣ ਕੇ ਬਿਧੀ ਚੰਦ ਬਹੁਤ ਪ੍ਰਸੰਨ ਹੋਇਆ, ਤੁਰਤ ਉਸ ਘੋੜਾ ਭਜਾਇਆ॥੧੬॥

ਅਮਿਯਾਂ ਘਿਰਜੋ ਜਹਿਂ ਬੀਰ। ਰੁਪ ਮਾਰਿਤੋ ਗਨ ਤੀਰ।
ਮਿਹਰਾ ਸਹਾਇ ਕਰੰਤਿ। ਲਲਕਾਰ ਕਾਟਿ ਗਿਰੰਤਿ॥ ੧੭॥

ਜਿਥੇ ਅਮੀਆਂ ਸੂਰਮਾ ਘਿਰਿਆ ਸੀ, ਗੁੱਸੇ ਵਿਚ ਆ ਕੇ ਬਹੁਤ ਤੀਰ ਮਾਰ ਰਿਹਾ ਸੀ। ਮਿਹਰਾ ਉਸਦੀ ਸਹਾਇਤਾ ਕਰਦਾ ਸੀ, ਲਲਕਾਰ ਕੇ ਕੱਟ ਕੇ ਸੁੱਟ ਦਿੰਦਾ ਸੀ॥੧੭॥

ਬਿਧੀਆ ਗਯੋ ਜਿਮ ਸ਼ੇਰ। ਨਿਜ ਬੀਰ ਦੇਤਿ ਦਲੇਰ।
'ਗੁਰ ਓਜ ਕੋ ਉਰ ਧਾਰਿ। ਤੁਰਕਾਨਿ ਕੋ ਲਿਹੁ ਮਾਰਿ'॥ ੧੮॥

ਬਿਧੀ ਚੰਦ ਸ਼ੇਰ ਵਾਂਗ ਗਿਆ, ਆਪਣੇ ਸੂਰਮਿਆਂ ਨੂੰ ਉਸ ਦਲੇਰੀ ਦਿੱਤੀ, "ਗੁਰੂ ਜੀ ਦੇ ਬਲ ਨੂੰ ਆਪਣੇ ਹਿਰਦਿਆਂ ਵਿਚ ਧਾਰਨ ਕਰੋ ਤੇ ਤੁਰਕਾਂ ਨੂੰ ਮਾਰ ਲਵੋ"॥੧੮॥

ਤਜਿ ਤੀਰ ਆਪ ਕਰਾਲ। ਬਹੁ ਬੇਧਿ ਕੈ ਰਿਪੁ ਸਾਲ।
ਪਗ ਰੋਪਿ ਕੈ ਅਗਵਾਇ। ਸਮ ਥੰਭ ਕੇ ਥਿਰ ਥਾਇਂ॥ ੧੯॥

ਆਪ ਵਿਕਰਾਲ ਤੀਰ ਛੱਡ ਕੇ, ਵੈਰੀਆਂ ਨੂੰ ਬਹੁਤ ਦੁੱਖੀ ਕੀਤਾ, ਬਹੁਤ ਕਰੋਧ ਨਾਲ ਅੱਗੇ ਵਧਿਆ ਤੇ ਖੰਭੇ ਵਾਂਗ ਇਕ ਥਾਂ ਸਥਿਰ ਹੋ ਗਿਆ॥੧੯॥

ਤੁਰਕਾਨ ਆਇ ਜਿ ਹੇਲ। ਸਭਿ ਮਾਰਿ ਕੈ ਤਿਹ ਝੇਲਿ।
ਤਿਨ ਮੋਰਿ ਪਾਛਲ ਪਾਇ। ਰੁਪਿ ਕੈ ਰਹਜੋ ਅਗੁਵਾਇ॥ ੨੦॥

ਜਿਹੜੇ ਤੁਰਕ ਹੱਲਾ ਕਰਕੇ ਆਏ ਉਨ੍ਹਾਂ ਸਭ ਨੂੰ ਮਾਰ ਕੇ ਹੱਲਾ ਡੱਕ ਲਿਆ, ਉਨ੍ਹਾਂ ਨੂੰ ਪਿੱਛਲੇ ਪੈਰੀਂ ਮੋੜ ਦਿੱਤਾ, ਬੜੇ ਗੁੱਸੇ ਵਿਚ ਆ ਕੇ ਵੈਰੀ ਦੇ ਅੱਗੇ ਖੜਾ ਰਿਹਾ॥੨੦॥

*ਪਾਧੜੀ ਛੰਦ*-ਤਬਿ ਅਨਵਰਖਾਨ ਬਿਲੋਕਿ ਸੈਨ। ਕਿਮ ਸੁਭਟ ਹਟਤਿ ਰਣ ਲਰਤਿ ਹੈ ਨ।
ਕੋ ਅਰਜੋ ਆਇ ਨਹਿਂ ਜਾਨਿ ਦੇਤਿ। ਗਮਨਜੋ ਅਗਾਇ ਬਿਚ ਜੰਗ ਖੇਤ॥੨੧॥

ਤਦ ਅਨਵਰ ਖਾਨ ਸੈਨਾ ਨੂੰ ਵੇਖ ਕੇ ਕਿ ਸੂਰਮੇ ਕਿਵੇਂ ਪਿਛੇ ਨੂੰ ਹੱਟ ਕੇ ਆ ਰਹੇ ਹਨ ਤੇ ਲੜਦੇ ਨਹੀਂ ਹਨ, ਕੋਈ ਆ ਕੇ ਅੜਿਆ ਹੈ ਉਸ ਨੂੰ ਜਾਣ ਨਹੀਂ ਦੇਵਾਂਗਾ ਤਾਂ ਉਹ ਅੱਗੇ ਵੱਧ ਜੰਗ ਦੇ ਮੈਦਾਨ ਵਿਚ ਚਲਾ ਗਿਆ ॥੨੧॥

ਲੈ ਬੀਰ ਕਿਤਿਕ ਕਰਿ ਰੇਲ ਪੇਲ। ਬਿਚ ਬਰਜੋ ਆਇ ਬਕਿ 'ਹੇਲ ਹੇਲ'।
ਪਿਖਿ ਬਿਧੀਚੰਦ ਲਲਕਾਰ ਤਾਂਹਿ। ਮਿਲਿ ਪਰੇ ਬੀਰ ਤਬਿ ਆਪ ਮਾਂਹਿ ॥੨੨॥

ਕਈ ਸੂਰਮੇ ਲੈ ਕੇ ਤੇ ਰੇਲ ਪੇਲ ਕਰਕੇ, ਇਹ ਕਹਿੰਦਾ ਹੋਇਆ ਵਿਚ ਆ ਵੜਿਆ, "ਹੱਲਾ ਕਰੋ ਹੱਲਾ ਕਰੋ।" ਬਿਧੀ ਚੰਦ ਦੀ ਲਲਕਾਰ ਨੂੰ ਵੇਖ ਕੇ ਸਾਰੇ ਸੂਰਮੇ ਆਪਸ ਵਿਚ ਮਿਲ ਗਏ ॥੨੨॥

ਕੀਨਸਿ ਚਿਨਾਰਿ ਤਬਿ ਖਾਨ ਦੇਖਿ। ਗੁਰਸਿੱਖ ਅਧਿਕ ਰਹਿ ਢਿਗ ਵਿਸ਼ੇਖ।
'ਇਹ ਕਾਰਦਾਰ ਸ੍ਰੀ ਹਰਿਗੁਵਿੰਦ। ਲਿਹੁ ਮਾਰਿ ਮਿਲਹੁ ਚਹੁੰ ਓਰ ਬ੍ਰਿੰਦ' ॥੨੩॥

ਅਨਵਰ ਖਾਨ ਨੇ ਵੇਖ ਕੇ ਬਿਧੀ ਚੰਦ ਨੂੰ ਪਛਾਣ ਲਿਆ, ਵੱਡਾ ਗੁਰਸਿੱਖ ਹੈ ਤੇ ਵਿਸ਼ੇਸ਼ ਤੌਰ ਤੇ ਗੁਰੂ ਜੀ ਦੇ ਪਾਸ ਰਹਿੰਦਾ ਹੈ, ਇਹ ਸ੍ਰੀ ਹਰਿਗੋਬਿੰਦ ਜੀ ਦਾ ਕਾਰਦਾਰ ਹੈ। ਚਾਰੇ ਪਾਸੇ ਇਕੱਠੇ ਹੋ ਕੇ ਇਸ ਨੂੰ ਮਾਰ ਲਵੋ' ॥੨੩॥

ਅਸਮਾਨਖਾਨ ਕੋ ਸੰਗ ਲੀਨਿ। ਚਹੂੰ ਓਰ ਓਰੜੇ ਜ਼ੋਰ ਦੀਨਿ।
ਬਡ ਪਰਜੋ ਰੌਰ ਛੂਟਹਿਂ ਤੁਫੰਗ। ਇਤਿ ਗੁਰੂ ਸਿੱਖ ਮਿਲਿ ਏਕ ਸੰਗ ॥੨੪॥

ਅਸਮਾਨ ਖਾਨ ਨੂੰ ਆਪਣੇ ਨਾਲ ਲਿਆ ਤੇ ਚਾਰੇ ਪਾਸੇ ਹੋ ਕੇ ਜ਼ੋਰ ਦਿੱਤਾ। ਬੜਾ ਰੌਲਾ ਪਿਆ ਬੰਦੂਕਾਂ ਚਲ ਰਹੀਆਂ ਸਨ, ਏਧਰ ਗੁਰੂ ਦੇ ਸਿੱਖ ਵੀ ਮਿਲ ਕੇ ਇਕ ਥਾਂ ਹੋ ਗਏ ॥੨੪॥

ਹੱਥਜਾਰ ਹਾਥ ਲੈ ਸਾਵਧਾਨ। ਤਬਿ ਬਿਧੀਚੰਦ ਕੋਪਜੋ ਮਹਾਨ।
ਧਨੁ ਐਂਚਿ ਐਂਚਿ ਤਜਾਰੰਤਿ ਤੀਰ। ਤੁਰਕਾਨਿ ਤਾਕਿ ਬੇਧੰਤਿ ਸਰੀਰ ॥੨੫॥

ਹੱਥ ਵਿਚ ਹਥਿਆਰ ਲੈ ਕੇ ਸਾਵਧਾਨ ਹੋ ਗਏ, ਤਦ ਬਿਧੀ ਚੰਦ ਬਹੁਤ ਗੁੱਸੇ ਵਿਚ ਆਇਆ। ਧਨੁੱਖ ਖਿੱਚ-ਖਿੱਚ ਕੇ ਤੀਰ ਛੱਡ ਰਿਹਾ ਸੀ ਤੇ ਤੁਰਕਾਂ ਨੂੰ ਵੇਖ-ਵੇਖ ਕੇ ਉਨ੍ਹਾਂ ਦਾ ਸਰੀਰ ਵਿੰਨ੍ਹ ਰਿਹਾ ਸੀ ॥੨੫॥

ਜਿਸ ਲਗਹਿਂ, ਨਹੀਂ ਜਾਚੰਤਿ ਨੀਰ। ਪਾਰਿ ਪਾਰ ਸੁਸ਼ਕ ਗੇਰੰਤਿ ਬੀਰ।
ਤਬਿ ਅਰਜੋ ਆਇ ਅਨਵਰ ਪਠਾਨ। ਬਹੁ ਕੋਪ ਸੰਗ ਕੀਨਸਿ ਬਖਾਨ ॥੨੬॥

ਜਿਸ ਨੂੰ ਵੀ ਲੱਗਦਾ ਸੀ, ਉਹ ਫਿਰ ਪਾਣੀ ਨਹੀਂ ਸੀ ਮੰਗਦਾ। ਐਸੇ ਤਿੱਖੇ ਤੀਰ ਹਨ ਕਿ ਲਹੂ ਵਿਚ ਵੀ ਭਿੱਜਦੇ ਨਹੀਂ, ਸਿੱਧੇ ਸਰੀਰ ਨੂੰ ਵਿੰਨ੍ਹ ਕੇ ਸੁਕੇ ਪਾਰ ਕਰ ਜਾਂਦੇ ਹਨ। ਤਦ ਫਿਰ ਅਨਵਰ ਪਠਾਣ ਅੱਗੇ ਆ ਅੜਿਆ, ਬੜੇ ਗੁੱਸੇ ਨਾਲ ਕਹਿਣ ਲੱਗਾ ॥੨੬॥

'ਤ੍ਰਿਸਕਾਰ ਕੀਨਿ ਬਹੁ ਮਾਰ ਮੋਹਿ। ਬਿਚ ਸਭਾ ਆਬਰੂ ਖੋਇ ਤੋਹਿ।
ਅਬਿ ਲੇਹੁਂ ਸੁ ਪਲਟਾ ਕਰਿ ਵਿਨਾਸ਼। ਤਜਿ ਦੇਹੁ ਸਰਬ ਜੀਵੰਨਿ ਆਸ ॥੨੭॥

'ਮੈਨੂੰ ਬਹੁਤ ਮਾਰ ਕੇ ਤੂੰ ਜ਼ਲੀਲ ਕੀਤਾ ਹੈ, ਸਭਾ ਦੇ ਵਿਚ ਮੇਰੀ ਆਬਰੂ ਖੋਹੀ ਹੈ। ਹੁਣ ਤੈਨੂੰ ਮਾਰ ਕੇ ਬਦਲਾ ਲਵਾਂਗਾ, ਹੁਣ ਜੀਉਣ ਦੀ ਸਾਰੀ ਆਸ ਛੱਡ ਦੇਵੋ' ॥੨੭॥

ਤਵ ਮਾਰ, ਗੁਰੂ ਕੋ ਗਹਹਿਂ ਜਾਇ। ਤਬਿ ਰਹੈ ਮੋਹਿ ਪਤਿ, ਪੁਰਿ ਲੁਟਾਇ।
ਨਹਿਂ ਸ਼ਾਹੁ ਤ੍ਰਾਸ ਕੋ ਤਨਕ ਕੀਨਿ। ਲਸ਼ਕਰ ਤਮਾਮ ਢਿਗ ਨਾਂਹਿ ਚੀਨ ॥੨੮॥

ਤੈਨੂੰ ਮਾਰ ਕੇ ਫਿਰ ਗੁਰੂ ਨੂੰ ਜਾ ਕੇ ਫੜਾਂਗੇ, ਤਦ ਮੇਰੀ ਪੱਤ ਰਹੇਗੀ, ਜਿਹੜੀ ਮੈਂ ਇਸ ਨਗਰ ਵਿਚ ਲੁਟਾਈ ਹੈ। ਬਾਦਸ਼ਾਹ ਦਾ ਵੀ ਰਤੀ ਭਰ ਡਰ ਨਹੀਂ ਮੰਨਿਆ ਹੈ, ਸਾਰਾ ਲਸ਼ਕਰ ਪਾਸ ਹੈ, ਵੇਖਿਆ ਨਹੀਂ ॥੨੮॥

ਨਹਿੰ ਕਰਨ ਉਚਿਤ ਕਰਿ ਮੋਹਿ ਸੰਗ। ਅਬਿ ਲੇਹੁ ਸੁ ਪਲਟਾ ਬੀਚ ਜੰਗ'।
ਸੁਨਿ ਬਿਧੀਚੰਦ ਕੀਨਸਿ ਬਖਾਨਿ। 'ਬਲਵਾਨ ਕੇਹਰੀ ਗੁਰ ਮਹਾਨ॥ ੨੯॥

ਮੇਰੇ ਨਾਲ ਤੂੰ ਉਹ ਕੀਤੀ ਸੀ, ਜੋ ਕਰਨੀ ਉਚਿਤ ਨਹੀਂ ਸੀ ਹੁਣ ਜੰਗ ਦੇ ਮੈਦਾਨ ਵਿਚ ਉਹ ਬਦਲਾ ਲਵਾਂਗਾ।'' ਇਹ ਸੁਣ ਕੇ ਬਿਧੀ ਚੰਦ ਨੇ ਕਿਹਾ, ''ਗੁਰੂ ਜੀ ਮਹਾਨ ਬਲਵਾਨ ਸ਼ੇਰ ਹਨ॥੨੯॥

ਸਮ ਤੋਹਿ ਮ੍ਰਿਗ ਮਾਰੇ ਅਨੇਕ। ਜਿਨ ਕੋ ਗਿਨੰਤਿ ਨਹਿੰ ਹੁਇ ਬਿਬੇਕ।
ਅਰ ਬਡੇ ਮਸਤ ਬਲ ਜੁਤਿ ਮਤੰਗ। ਸੋ ਲਲਾਬੇਗ ਕੰਬਰ ਜਿ ਅੰਗ॥ ੩੦॥

ਤੇਰੇ ਵਰਗੇ ਹਿਰਨ ਉਨ੍ਹਾਂ ਅਨੇਕਾਂ ਮਾਰੇ ਹਨ, ਜਿਨ੍ਹਾਂ ਦੀ ਗਿਣਤੀ ਵੀ ਨਹੀਂ ਹੋ ਸਕਦੀ ਹੈ। ਵੱਡੇ-ਵੱਡੇ ਬਲਵਾਨ ਹਾਥੀਆਂ ਸਹਿਤ ਜਿਨ੍ਹਾਂ ਦੇ ਅੰਗ ਲਲਾ ਬੇਗ ਅਤੇ ਕੰਬਰ ਬੇਗ ਵਰਗੇ ਸਨ॥੩੦॥

ਹਤਿ ਮੁਗ਼ਲਸਖਾਂ, ਅਬਦੁਲ ਪਠਾਨ। ਪਰਿ ਕੈ ਨਿਚਿੰਤ ਸੁਪਤੇ ਮਹਾਨ।
ਜੇ ਸੁਪਤਿ ਸਿੰਘ ਕੋ ਮ੍ਰਿਗ ਜਗਾਹਿ। ਤੋ ਜੀਵਨ ਤਿਸਕੋ ਹੋਤਿ ਨਾਹਿਂ॥ ੩੧॥

ਮੁਖਲਸ ਖਾਂ ਅਤੇ ਅਬਦੁਲ ਖਾਨ ਪਠਾਣ ਨੂੰ ਮਾਰਿਆ, ਲੰਮੇ ਪੈ ਕੇ ਉਹ ਮਹਾਨ ਨੀਂਦ ਸੌਂ ਗਏ। ਜੇ ਸੁੱਤੇ ਸ਼ੇਰ ਨੂੰ ਹਿਰਨ ਜਗਾਵੇ, ਤਾਂ ਉਸ ਦਾ ਜੀਵਨ ਬਚਦਾ ਨਹੀਂ ਹੈ॥੩੧॥

ਅਬਿ ਕਰਹੁ ਜਗਾਵਨ ਤੁਮਹੁ ਆਇ। ਬਲਧਾਰ ਆਜ ਦੇਂ ਸਭਿ ਖਪਾਇ।
ਨਹਿੰ ਤਜਹਿੰ,ਕਰਹੁ ਕੇਤਿਕ ਉਪਾਇ। ਜੇ ਜਿਯਨਿ ਚਾਹਿ,ਅਬਿ ਤੇ ਪਲਾਇ ॥੩੨॥

ਹੁਣ ਤੂੰ ਆ ਕੇ ਮੈਨੂੰ ਜਗਾਇਆ ਹੈ, ਬਲ ਧਾਰ ਕੇ ਅਜ ਸਾਰੇ ਮਾਰ ਦੇਵਾਂਗਾ। ਭਾਵੇਂ ਕਿੰਨੇ ਵੀ ਉਪਾਅ ਕਰ ਲੈ, ਮੈਂ ਤੈਨੂੰ ਨਹੀਂ ਛੱਡਾਂਗਾ, ਪਰ ਜੇ ਜੀਉਣਾ ਚਾਹੁੰਦਾ ਹੈ ਤਾਂ ਭੱਜ ਜਾ''॥੩੨॥

ਸੁਨਿ ਅਨਵਰ ਮਨ ਰਿਸ ਅਧਿਕ ਧਾਰਿ। ਧਨੁ ਐਂਚਿ ਤਾਕਿ ਕਰਿ ਸਰ ਪ੍ਰਹਾਰ।
ਲਗਿ ਜੀਨ ਮਾਂਹਿ ਅਟਕਯੋ ਮਝਾਰ। ਤਬਿ ਬਿਧੀਚੰਦ ਹਯ ਕੋ ਸੰਭਾਰਿ॥ ੩੩॥

ਇਹ ਸੁਣ ਕੇ ਅਨਵਰ ਨੇ ਬਹੁਤ ਗੁੱਸਾ ਧਾਰਨ ਕੀਤਾ। ਧਨੁੱਖ ਖਿੱਚ ਕੇ ਤੀਰ ਦਾ ਵਾਰ ਕੀਤਾ। ਘੋੜੇ ਦੀ ਕਾਠੀ ਵਿਚ ਲੱਗ ਕੇ ਵਿਚ ਅੜ ਗਿਆ, ਫਿਰ ਬਿਧੀ ਚੰਦ ਨੇ ਘੋੜੇ ਨੂੰ ਸੰਭਾਲਿਆ॥੩੩॥

ਇਤਿ ਉਤ ਧਵਾਇ ਚੌਗਿਰਦ ਫੇਰ। ਗੁਨ ਮਹਿਂ ਅਰੋਪਿ ਖਪਰਾ ਬਡੇਰ।
ਧਨੁ ਤਾਨ ਕਾਨ ਲਗਿ ਰਿਸ ਮਹਾਨ। ਰਿਪੁ ਤਾਕਿ ਲੱਛ ਛੋਡਯੋ ਸੁ ਬਾਨ॥ ੩੪॥

ਏਧਰ ਓਧਰ ਭਜਾ ਕੇ ਚੌਗਿਰਦ ਫੇਰਿਆ ਤੇ ਫਿਰ ਚਿੱਲੇ ਵਿਚ ਵੱਡਾ ਤੀਰ ਰਖ ਕੇ ਧਨੁੱਖ ਨੂੰ ਮਹਾਨ ਗੁੱਸੇ ਨਾਲ ਕੰਨਾਂ ਤਕ ਖਿਚਿਆ ਤੇ ਵੈਰੀ ਦਾ ਨਿਸ਼ਾਨਾ ਲਾ ਕੇ ਤੀਰ ਛੱਡ ਦਿੱਤਾ॥੩੪॥

ਸਮ ਸਰਪ ਸ਼ੂੰਕ ਚਾਲਯੋ ਬਿਸਾਲ। ਬਡ ਬੇਗ ਸਹਿਤ ਲਗਿ ਸ਼ੱਤ੍ਰ ਭਾਲ।
ਪੰਖਨਿ ਸਮੇਤ ਧਸਿ ਹੋਇ ਪਾਰ। ਕੁਛ ਰਹਯੋ ਦਿਖਤਿ ਬਾਗਰ ਅਕਾਰ॥ ੩੫॥

ਸੱਪ ਵਾਂਗ ਸ਼ੂਕਦਾ ਬਹੁਤ ਤੇਜ ਚਲਿਆ ਤੇ ਛੇਤੀ ਜਾ ਕੇ ਵੈਰੀ ਦੇ ਮੱਥੇ ਨੂੰ ਵੱਜਾ। ਖੰਭਾਂ ਸਮੇਤ ਧਸ ਕੇ ਪਾਰ ਹੋ ਗਿਆ, ਤੀਰ ਦਾ ਕੁਝ ਪਿਛਲਾ ਹਿੱਸਾ ਦਿੱਸਦਾ ਰਿਹਾ॥੩੫॥

ਜੁਗ ਭੌਂਹ ਬੀਚ ਸੋ ਅਸੁ ਸੁਹਾਇ। ਜਨੁ ਤਿਲਕ ਲਾਲ ਸੁੰਦਰ ਲਗਾਇ।
ਕਿਹ ਜਤਨ ਸੰਗ ਕੈ ਗੁਲ ਅਨਾਰ। ਬਹੁ ਸਜਹਿ, ਭਾਲ ਰਾਖਯੋ ਸੁਧਾਰਿ॥ ੩੬॥

ਧਰਤੀ ਉੱਤੇ ਡਿੱਗ ਕੇ ਇਸ ਤਰ੍ਹਾਂ ਸੁਹਾਇਆ, ਮਾਨੋਂ ਸੁੰਦਰ ਲਾਲ ਤਿਲਕ ਲਾਇਆ ਹੋਵੇ, ਜਾਂ ਕਿਸੇ ਯਤਨ ਨਾਲ ਅਨਾਰ ਦਾ ਫੁੱਲ ਕਿਸੇ ਨੇ ਮੱਥੇ ਤੇ ਟਿਕਾ ਕੇ ਰਖਿਆ ਹੋਵੇ ਤੇ ਉਹ ਬੜਾ ਸੱਜ ਰਿਹਾ ਹੋਵੇ॥੩੬॥

ਜਨੁ ਬੈਠਿ ਨਿੱਡਜ ਮਹਿਂ ਸਿਰ ਨਿਕਾਰਿ। ਇਹੁ ਬਤਸ ਸਾਰਕਾ ਮੁਖ ਪਸਾਰਿ।
ਜਨੁ ਬਿਧੀਚੰਦ ਕੋ ਕ੍ਰੋਧ ਲਾਲ। ਥਿਰ ਭਯੋ ਜਾਇ ਤਕਿ ਸ਼ੱਤ੍ਰੁ ਭਾਲ॥ ੩੭ ॥

ਇਹ ਮਾਨੋਂ ਆਲ੍ਹਣੇ ਵਿਚ ਬੈਠ ਕੇ ਮੈਨਾਂ ਦੇ ਬੱਚੇ ਨੇ ਸਿਰ ਕੱਢ ਕੇ ਮੂੰਹ ਪਸਾਰਿਆ ਹੋਵੇ, ਮਾਨੋਂ ਬਿਧੀ ਚੰਦ ਦਾ ਲਾਲ ਕ੍ਰੋਧ ਵੈਰੀ ਦਾ ਮੱਥਾ ਤਕ ਸਥਿਰ ਹੋ ਗਿਆ ਹੋਵੇ॥੩੭॥

ਗਿਰ ਪਰਯੋ ਭੂਮਿ ਪਰ ਝੂੰਮ ਸੋਇ। ਲਗਿ ਬਾਯੁ ਬੇਗ ਜਯੋਂ ਬ੍ਰਿਛ ਕੋਇ।
ਪਿਖਿ ਤੁਰਕ ਤ੍ਰਾਸ ਕੋ ਪਾਇ ਭੂਰ। ਤਜਿ ਚਲੇ ਜੰਗ ਪਿਖਿ ਸ਼ੋਰ ਸੂਰ॥ ੩੮ ॥

ਝੂਮ ਕੇ ਧਰਤੀ ਉਤੇ ਡਿੱਗ ਪਿਆ, ਜਿਵੇਂ ਤੇਜ਼ ਹਵਾ ਨੇ ਵੱਡਾ ਬ੍ਰਿਛ ਸੁੱਟ ਦਿੱਤਾ ਹੋਵੇ। ਇਹ ਵੇਖ ਕੇ ਤੁਰਕ ਬਹੁਤ ਡਰ ਗਏ। ਸੂਰਮੇ ਦਾ ਰੌਲਾ ਸੁਣ ਕੇ ਜੰਗ ਛੱਡ ਕੇ ਚਲ ਪਏ॥੩੮॥

ਗੁਰ ਸੈਨ ਅਧਿਕ ਹਮਲਾ ਸੁ ਘਾਲਿ। ਪੁਨ ਪਰੇ ਰਿਪੁਨਿ ਪਰ ਬਰ ਕਰਾਲ।
ਅਸਿ ਕੋ ਨਿਕਾਸਿ ਚਮਕਾਇ ਹਾਥ। ਕਰਿ ਤਛਾ ਮੁੱਛ ਬਡ ਬੇਗ ਸਾਥ॥ ੩੯ ॥

ਗੁਰੂ ਜੀ ਦੀ ਸੈਨਾ ਨੇ ਫਿਰ ਵੱਡਾ ਹਮਲਾ ਕੀਤਾ, ਬੜੇ ਵਿਕਰਾਲ ਰੂਪ ਨਾਲ ਵੈਰੀ ਤੇ ਟੁੱਟ ਕੇ ਪੈ ਗਏ। ਤਲਵਾਰਾਂ ਕੱਢ ਕੇ ਹੱਥਾਂ ਵਿਚ ਚਮਕਾਈਆਂ ਤੇ ਬੜੀ ਤੇਜ਼ੀ ਨਾਲ ਵਾਢੀ ਪਾ ਦਿੱਤੀ॥੩੯॥

ਭਾਜਤਿ ਕਟੰਤਿ ਨਹਿਂ ਟਿਕਤਿ ਪਾਇ। ਅਸਮਾਨਖਾਨ ਬਹੁ ਕਰਿ ਉਪਾਇ।
ਜਬਿ ਲਖਯੋ ਕਿ ਮੇਰੋ ਹੁਇ ਬਿਨਾਸ਼। ਤਜਿ ਸਾਮੁਹਾਇ ਟਰਿ ਹੋਇ ਪਾਸ ॥੪੦ ॥

ਭਜਦਿਆਂ ਨੂੰ ਵੀ ਕੱਟਦੇ ਜਾਂਦੇ ਸਨ, ਟਿਕ ਨਾ ਸਕੇ, ਅਸਮਾਨ ਖਾਨ ਫਿਰ ਬਹੁਤ ਉਪਾਅ ਕਰਕੇ ਜਦ ਵੇਖਿਆ ਕਿ ਮੇਰਾ ਵਿਨਾਸ਼ ਹੋ ਜਾਵੇਗਾ ਤਾਂ ਸਾਹਮਣੇ ਛੱਡ ਕੇ ਲਾਂਭੇ ਟਲ ਗਿਆ॥੪੦॥

ਗੁਰ ਸੈਨਾ ਸਭਿ ਕੇ ਪਗ ਜਮਾਇ। ਭਟ ਕਰੇ ਠਾਂਢਿ ਰਣ, ਲੇਤਿ ਨਾਇ।
ਤਬਿ ਬਿਧੀਚੰਦ ਇਮ ਜੀਤ ਪਾਇ। ਗੁਰ ਖਰੇ ਲਰਤਿ ਚਲਿ ਨਿਕਟਿ ਆਇ ॥੪੧ ॥

ਸਾਰੀ ਗੁਰੂ ਦੀ ਸੈਨਾ ਦੇ ਪੈਰ ਜਮਾਏ ਤੇ ਸਾਰੇ ਸੂਰਮੇ ਨਾਂ ਲੈ ਲੈ ਖੜੇ ਕੀਤੇ। ਤਦ ਬਿਧੀ ਚੰਦ ਇਸ ਤਰ੍ਹਾਂ ਜਿੱਤ ਪਾ ਕੇ, ਜਿਥੇ ਗੁਰੂ ਜੀ ਖੜੇ ਲੜਦੇ ਸਨ, ਉਨ੍ਹਾਂ ਦੇ ਪਾਸ ਚਲ ਕੇ ਆ ਗਿਆ॥੪੧॥

ਸਭਿ ਕਹੀ ਗਾਥ ਅਨਵਰ ਪਠਾਨ। 'ਰਣ ਲਰਤੋ ਪਲਟੇ ਹਿਤ ਮਹਾਨ।
ਪਹੁੰਚਾਇ ਭਿਸ਼ਤ ਨਿਜ ਦਲ ਟਿਕਾਇ। ਤੁਪਕਾਨਿ ਤਜਾਗ ਤੁਰਕਾਨਿ ਘਾਇ ॥੪੨ ॥

ਅਨਵਰ ਪਠਾਣ ਦੀ ਸਾਰੀ ਗਾਥਾ ਕਹਿ ਕੇ ਸੁਣਾਈ, ਮੈਦਾਨ ਦੇ ਵਿਚ ਬਦਲੇ ਵਾਸਤੇ ਲੜ ਰਿਹਾ ਸੀ। ਆਪਣੇ ਦਲ ਨੂੰ ਟਿਕਾ ਕੇ ਉਸ ਨੂੰ ਬਹਿਸ਼ਤ ਵਿਚ ਭੇਜ ਦਿੱਤਾ ਹੈ। ਗੋਲੀਆਂ ਛੱਡ ਕੇ ਬਹੁਤ ਤੁਰਕਾਂ ਨੂੰ ਘਾਇਲ ਕੀਤਾ ਹੈ॥੪੨॥

ਬਹੁ ਲਰਤਿ ਸੁਭਟ ਘਮਸਾਨ ਘਾਲਿ। ਇਮ ਦਿਸ਼ਾ ਦੱਖਣੀ ਰਣ ਕਰਾਲ।
ਗੁਰ ਫਤੇ ਭਈ ਦੁੰਦਭਿ ਬਜੰਤਿ। ਸਭਿ ਕਹਤਿ ਸ਼ਬਦ ਜੈਕਾਰਵੰਤਿ॥ ੪੩ ॥

ਬੜੇ ਘਮਸਾਣ ਦੀ ਘਾਲਣਾ ਕਰਕੇ ਸੂਰਮੇ ਲੜ ਰਹੇ ਹਨ, ਇਸ ਤਰ੍ਹਾਂ ਦੱਖਣੀ ਦਿਸ਼ਾ ਵਿਚ ਵਿਕਰਾਲ ਜੰਗ ਹੋ ਰਿਹਾ ਸੀ। ਗੁਰੂ ਜੀ ਦੀ ਫਤਹਿ ਹੋਈ ਤਾਂ ਨਗਾਰੇ ਵਜਾਏ, ਸਾਰੇ ਜੈਕਾਰੇ ਛੱਡ ਰਹੇ ਸਨ॥੪੩॥

*ਅੱਠਵੀਂ ਰਾਸ ਦਾ ਤੇਈਵਾਂ ਅਧਿਆਇ ਸਮਾਪਤ ਹੋਇਆ॥੨੩॥*

# ਅਧਿਆਇ ਚਵੀਵਾਂ

## ਜੰਗ ਜਾਰੀ

ਦੋਹਰਾ-ਸ੍ਰੀ ਸਤਿਗੁਰ ਜੋਧਾ ਬਲੀ ਛੋਰਤਿ ਤੀछਨ ਬਾਨ।
ਕਰਹਿ ਏਕ ਤੇ ਨਾਸ਼ ਗਨ ਗਿਰਹਿਂ ਤੁਰਕ ਤਜਿ ਪ੍ਰਾਨ॥ ੧॥

ਸ੍ਰੀ ਸਤਿਗੁਰੂ ਜੀ ਬਲੀ ਯੋਧੇ ਬੜੇ ਤਿੱਖੇ ਤੀਰ ਛੱਡਦੇ ਸਨ। ਇਕ ਨੂੰ ਤੀਰ ਮਾਰਦੇ ਸਨ, ਪਰ ਕਈ ਤੁਰਕ ਪ੍ਰਾਣ ਛੱਡ ਨਾਸ਼ ਹੋ ਕੇ ਡਿੱਗ ਪੈਂਦੇ ਸਨ॥੧॥

ਮਧੁਭਾਰ ਛੰਦ-ਲਰਿਤੇ ਸੁ ਬੀਰ। ਬਿਧਿਤੇ ਸਰੀਰ। ਹੁਇ ਅੱਗ੍ਰ ਧੀਰ। ਪ੍ਰਵਿਸ਼ੰਤਿ ਤੀਰ॥੨॥

ਸ੍ਰੇਸ਼ਟ ਸੂਰਮੇ ਲੜਦੇ ਸਨ, ਸਰੀਰਾਂ ਨੂੰ ਵਿੰਨ੍ਹਦੇ ਸਨ, ਧੀਰਜਵਾਨ ਅੱਗੇ ਵਧਦੇ ਹਨ, ਤੀਰ ਮਾਰਦੇ ਹਨ॥੨॥

ਤੁਪਕੈਂ ਤੜਾਕ। ਗੁਲਕਾਂ ਸੜਾਕ। ਲਗਿ ਅੰਗ ਫੋਰ। ਉਕਸੈਂ ਨ ਥੋਰ॥ ੩॥

ਤੜਾਕ-ਤੜਾਕ ਬੰਦੂਕਾਂ ਚਲਦੀਆਂ ਹਨ, ਗੋਲੀਆਂ ਸੜਾਕ-ਸੜਾਕ ਜਾਂਦੀਆਂ ਹਨ। ਸਰੀਰ ਦੇ ਅੰਗਾਂ ਨੂੰ ਲੱਗ ਕੇ ਭੰਨ ਦਿੰਦੀਆਂ ਹਨ, ਥੋੜ੍ਹਾ ਵੀ ਨਹੀਂ ਉਕਸਦੇ॥੩॥

ਗਿਰਤੇ ਬਿਹਾਲ। ਬਹਿ ਸ਼੍ਰੋਣ ਲਾਲ। ਛੁਟਕੇ ਤੁਰੰਗ। ਅਸਵਾਰ ਭੰਗ॥ ੪॥

ਬੇਹਾਲ ਹੋ ਕੇ ਡਿੱਗਦੇ ਹਨ, ਲਾਲ ਲਹੂ ਵਹਿੰਦਾ ਹੈ, ਅਸਵਾਰ ਦੇ ਮਰਨ ਨਾਲ ਘੋੜੇ ਖਾਲੀ ਤੁਰੇ ਫਿਰਦੇ ਹਨ॥੪॥

ਗੁਰ ਕ੍ਰੋਧ ਧਾਰਿ। ਬਹੁ ਬਾਨ ਮਾਰਿ। ਟਿਕਨੇ ਨ ਦੇਤਿ। ਬਡ ਜੰਗ ਖੇਤ॥੫॥

ਗੁਰੂ ਜੀ ਨੇ ਬਹੁਤ ਕ੍ਰੋਧ ਧਾਰਨ ਕੀਤਾ, ਬਹੁਤ ਤੀਰ ਚਲਾਏ। ਟਿਕਣ ਨਹੀਂ ਦਿੰਦੇ। ਰਣਖੇਤਰ ਵਿਚ ਵੱਡਾ ਜੰਗ ਹੋ ਰਿਹਾ ਹੈ॥੫॥

ਉਤ ਪੈਂਦਖਾਨ। ਮੁਚਕੰਤਿ ਬਾਨ। ਲਗਿ ਕਾਹੁ ਨਾਂਹਿ। ਨਿਫਲੇ ਸੁ ਜਾਹਿਂ॥੬॥

ਓਧਰ ਪੈਂਦੇ ਖਾਨ, ਤੀਰ ਛੱਡਦਾ ਹੈ, ਕੋਈ ਵੀ ਨਹੀਂ ਲੱਗਦਾ, ਸਾਰੇ ਅਸਫਲ ਜਾਂਦੇ ਹਨ॥੬॥

ਬਿਸਮੈ ਬਿਸਾਲ। ਕਿਤ ਜਾਹਿਂ ਜਾਲ। ਗੁਰ ਬੀਰ ਬ੍ਰਿੰਦ। ਥਿਰਤੇ ਬਿਲੰਦ॥੭॥

ਬੜੇ ਹੈਰਾਨ ਹੁੰਦੇ ਹਨ ਕਿ ਸਾਰੇ ਤੀਰ ਕਿਥੇ ਜਾਂਦੇ ਹਨ। ਗੁਰੂ ਜੀ ਦੇ ਸੂਰਮੇ ਇਕੱਠੇ ਹੋ ਕੇ ਸਥਿਰ ਹੋ ਕੇ ਅੜ ਜਾਂਦੇ ਹਨ॥੭॥

ਨਹਿਂ ਘਾਵ ਖਾਹਿਂ। ਤਿਮ ਹੀ ਦਿਖਾਹਿਂ। ਤੁਰਕਾਨ ਨਾਸ਼। ਦਿਖਤੇ ਚੁਪਾਸ॥੮॥

ਜ਼ਖਮੀ ਨਹੀਂ ਹੁੰਦੇ ਹਨ, ਉਸ ਤਰ੍ਹਾਂ ਹੀ ਦਿਖਾਈ ਦਿੰਦੇ ਹਨ, ਤੁਰਕਾਂ ਦਾ ਨਾਸ਼ ਹੋ ਰਿਹਾ, ਚਾਰੇ ਪਾਸੇ ਮਰੇ ਦਿਖਾਈ ਦਿੰਦੇ ਹਨ॥੮॥

ਰਦ ਪੀਸ ਪੀਸ। ਦਲ ਬ੍ਰਿੰਦ ਈਸ਼। ਸੁਭਟਾਨਿ ਪ੍ਰੇਰਿ। ਹੁਇ ਕੈ ਦਲੇਰ॥੯॥

ਦੰਦ ਪੀਹ-ਪੀਹ, ਬਾਦਸ਼ਾਹ ਦਾ ਵੱਡਾ ਦਲ, ਸੂਰਮਿਆਂ ਨੂੰ ਪ੍ਰੇਰ ਕੇ ਦਲੇਰੀ ਦਿੰਦੇ ਹਨ॥੯॥

ਜਬਿ ਹੋਤਿ ਮਾਰ। ਗਿਰਤੇ ਸੁਮਾਰ। ਠਟਕੰਤਿ ਹੇਰਿ। ਨਹਿਂ ਹ੍ਵੈਂ ਅਗੇਰ॥੧੦॥

ਜਦ ਮਾਰ ਪੈਂਦੀ ਹੈ, ਜ਼ਖਮੀ ਹੋ ਕੇ ਡਿੱਗ ਪੈਂਦੇ ਹਨ, ਵੇਖ ਕੇ ਠਹਿਰ ਜਾਂਦੇ ਹਨ, ਅੱਗੇ ਨਹੀਂ ਵਧਦੇ ਹਨ॥੧੦॥

ਦਿਸ਼ਿ ਪ੍ਰਾਚਿ ਮਾਂਹਿ। ਕੁਤਬਾ ਲਰਾਹਿ। ਜਿਸ ਅੱਗ੍ਰ ਬਿੱਪ੍ਰ। ਸਰ ਛੋਰਿ ਛਿੱਪ੍ਰ ॥੧੧॥

ਪੂਰਬ ਵਾਲੇ ਪਾਸੇ, ਕੁਤਬਾ ਲੜਦਾ ਹੈ, ਜਿਸ ਦੇ ਅੱਗੇ ਬ੍ਰਾਹਮਣ ਜਾਤੀ ਮਲਕ ਹੈ, ਉਹ ਤੀਰ ਛੱਡਦਾ ਹੈ ॥੧੧॥

ਚਹਿ ਬੀਚ ਜਾਨਿ। ਪੁਰਿ ਕੇ ਸਥਾਨ। ਜਬਿ ਹੇਲ ਘਾਲਿ। ਤਜਿ ਸ਼ੱਤ੍ਰੂ ਜਾਲ ॥੧੨॥

ਤੁਰਕ ਅੰਦਰ ਨਗਰ ਦੇ ਸਥਾਨ ਵਿਚ ਜਾਣਾ ਚਾਹੁੰਦੇ ਹਨ। ਜਦ ਵੈਰੀਆਂ ਦੇ ਸਮੂਹ ਨੂੰ ਛੱਡ ਕੇ ਹੱਲਾ ਕਰਦੇ ਹਨ ॥੧੨॥

ਦੋਹਰਾ-ਥਿਰ ਹ੍ਵੈ ਜਾਤੀ ਮਲਕ ਦਿਜ ਮਾਰਿਤ ਕਸਿ ਕਸਿ ਬਾਨ।
ਸੱਯਦ ਮੁਗ਼ਲ ਪਠਾਨ ਗਨ ਗਿਰਹਿਂ ਪ੍ਰਾਨ ਕਰਿ ਹਾਨ ॥ ੧੩ ॥

ਤਾਂ ਜਾਤੀ ਮਲਕ ਸਥਿਰ ਹੋ ਕੇ ਕਸ-ਕਸ ਕੇ ਤੀਰ ਮਾਰਦਾ ਹੈ ਸੱਯਦ, ਮੁਗ਼ਲ, ਪਠਾਣ, ਪ੍ਰਾਣਹੀਣ ਹੋ ਕੇ ਧਰਤੀ ਤੇ ਡਿੱਗਦੇ ਜਾਂਦੇ ਹਨ ॥੧੩॥

ਰਸਾਵਲ ਛੰਦ-ਗੁਰੂ ਸੂਰ ਬੰਕੇ। ਸੁ ਹ੍ਵੈ ਕੈ ਨਿਸ਼ੰਕੇ। ਕਬੈ ਸ਼ਸਤ੍ਰ ਲਾਗੈਂ। ਕੁਊ ਪ੍ਰਾਨ ਤਜਾਗੈਂ ॥੧੪॥

ਗੁਰੂ ਜੀ ਦੇ ਬਾਂਕੇ ਸੂਰਮੇ ਹਨ, ਉਹ ਨਿਸ਼ੰਕ ਹੋ ਕੇ ਲੜਦੇ ਹਨ, ਕਦੀ ਸ਼ਸਤਰ ਲੱਗਣ ਨਾਲ ਕੋਈ ਪ੍ਰਾਣ ਛੱਡ ਜਾਂਦਾ ਹੈ ॥੧੪॥

ਨਹੀਂ ਤ੍ਰਾਸ ਮਾਨੈਂ। ਮਿਲੈਂ ਸ਼ੱਤ੍ਰੂ ਹਾਨੈਂ। ਸਭੀ ਬੀਚ ਬਿੱਪ੍ਰੰ। ਤਜੈ ਤੀਰ ਛਿੱਪ੍ਰੰ ॥੧੫॥

ਉਹ ਕਿਸੇ ਪਾਸੋਂ ਡਰਦੇ ਨਹੀਂ, ਮਿਲ ਕੇ ਵੈਰੀ ਨੂੰ ਮਾਰਦੇ ਹਨ, ਤੀਰ ਛੱਡਦੇ ਹਨ ॥੧੫॥

ਪਰਜੋ ਆਨਿ ਹੇਲਾ। ਮਹਾਂ ਸ਼ੋਰ ਮੇਲਾ। ਤੁਫੰਗਾਨਿ ਨਾਦੰ। ਬਕੈਂ ਬੀਰ ਬਾਦੰ ॥੧੬॥

ਆ ਕੇ ਹੱਲਾ ਕੀਤਾ, ਬਹੁਤ ਸ਼ੋਰ ਮਚਿਆ। ਬੰਦੂਕਾਂ ਦੇ ਚਲਣ ਦੀ ਆਵਾਜ਼ ਆਈ। ਸੂਰਮੇਂ ਝਗੜਾ ਕਰਦੇ ਹਨ ॥੧੬॥

ਰੁਪੈਂ ਢਾਲ ਹਾਥੇ। ਦੁਤੀ ਖੱਗ ਸਾਥੇ। ਸਰੋਹੀ ਸੁ ਖੰਡੇ। ਦੁਧਾਰੇ ਪ੍ਰਚੰਡੇ ॥੧੭॥

ਹੱਥ ਵਿਚ ਢਾਲ ਫੜ ਕੇ ਕ੍ਰੋਧ ਵਿਚ ਆਉਂਦੇ ਹਨ, ਦੂਸਰੇ ਹੱਥ ਵਿਚ ਤਲਵਾਰ ਫੜਦੇ ਹਨ। ਸਰੋਹੀ ਨਾਮੀਂ ਤਲਵਾਰ ਨਾਲ ਕੱਟਦੇ ਹਨ, ਪ੍ਰਚੰਡ ਦੋ-ਧਾਰੇ ਖੰਡੇ ਚਲਾਉਂਦੇ ਹਨ ॥੧੭॥

ਕਟਾਕੱਟ ਕਾਟੈਂ। ਮਨੋ ਮਾਸ ਬਾਟੈਂ। ਭਏ ਖੰਡ ਖੰਡਾ। ਪਰੇ ਭੂਮਿ ਮੰਡਾ ॥੧੮॥

ਕਟਾਕੱਟ ਕੱਟਦੇ ਹਨ, ਮਾਨੋਂ ਮਾਸ ਵੰਡਦੇ ਹਨ, ਟੁਕੜੇ-ਟੁਕੜੇ ਹੋ ਜਾਂਦੇ ਹਨ, ਧਰਤੀ ਤੇ ਡਿੱਗ ਪੈਂਦੇ ਹਨ ॥੧੮॥

ਕਿਸੂ ਕਾਟਿ ਤੁੰਡਾ। ਪਿਖੇ ਭੀਰੁ ਪੰਡਾ। ਚਲੇ ਜੰਗ ਛੰਡਾ। ਨਚੈ ਨੰਗ ਖੰਡਾ ॥੧੯॥

ਕਿਸੇ ਦਾ ਮੂੰਹ ਵੱਢ ਦਿੰਦੇ ਹਨ। ਕਾਇਰਾਂ ਦੇ ਮੂੰਖ ਪੀਲੇ ਹੋ ਗਏ ਹਨ। ਉਹ ਜੰਗ ਨੂੰ ਛੱਡ ਕੇ ਚਲੇ ਜਾਂਦੇ ਹਨ, ਨੰਗਾ ਖੰਡਾ ਨੱਚਦਾ ਹੈ ॥੧੯॥

ਫਟੇ ਬਸਤ੍ਰ ਝੰਡਾ। ਭਯੋ ਬੰਸ ਖੰਡਾ। ਬਡੋ ਜੁੱਧ ਮੰਡਾ। ਪਰੀ ਮਾਰ ਚੰਡਾ ॥੨੦॥

ਝੰਡੇ ਦੇ ਕਪੜੇ ਪਾਟ ਗਏ ਹਨ, ਵਾਂਸ ਟੁੱਟ ਗਿਆ ਹੈ, ਵੱਡਾ ਯੁੱਧ ਹੋਇਆ। ਪ੍ਰਚੰਡ ਮਾਰ ਪਈ ॥੨੦॥

ਦੋਹਰਾ-ਕੁਤਬਖਾਨ ਜਾਤੀ ਮਲਕ ਲਰਤਿ ਕਰਤਿ ਘਮਸਾਨ।
ਦੁਹੂੰ ਦਿਸ਼ਿਨਿ ਕੇ ਸੂਰਮਾ ਲਗਿ ਆਯੁਧ ਹਤਿ ਪ੍ਰਾਨ ॥ ੨੧ ॥

ਕੁਤਬ ਖਾਨ ਤੇ ਜਾਤੀ ਮਲਕ ਬੜਾ ਘਮਸਾਣ ਦਾ ਜੰਗ ਲੜ ਰਹੇ ਸਨ। ਦੋਹਾਂ ਪਾਸਿਆਂ ਦੇ ਸੂਰਮੇ ਸ਼ਸਤਰ ਲੱਗਣ ਨਾਲ ਪ੍ਰਾਣ ਛੱਡ ਜਾਂਦੇ ਸਨ ॥੨੧॥

ਸ੍ਵੈਯਾ-ਯੌਂ ਚਹੂੰ ਓਰ ਤੇ ਮਾਰ ਮਚੀ ਤੁਰਕਾਨਿ ਕੇ ਢੇਰ ਲਗੇ ਮਰਿ ਕੈ।
ਸ੍ਰੀ ਹਰਿਗੋਬਿੰਦ ਤੀਰਨਿ ਤੇ ਬਹੁ ਬੀਰ ਸਰੀਰ ਪਰੇ ਥਰਕੈਂ।
ਬੇਧਤਿ ਪਾਰ ਪਰੈਂ ਅਸੁ ਕੇ ਨਰ ਨਾ ਅਟਕੈਂ ਖਪਰੇ ਬਰਿ ਕੈ।
ਬੇਧਨ ਕੋ ਕਰਿ ਕੈ ਸਰਕੈਂ ਪਿਖਿ ਕਾਤੁਰ ਹੀ ਧਰਕੈਂ ਡਰਿ ਕੈ॥੨੨॥

ਇਸ ਤਰ੍ਹਾਂ ਚਾਰੇ ਪਾਸੇ ਤੁਰਕਾਂ ਨੂੰ ਮਾਰ ਪਈ ਕਿ ਮਰ-ਮਰ ਕੇ ਉਨ੍ਹਾਂ ਦੇ ਢੇਰ ਲੱਗ ਗਏ। ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਤੀਰ ਲੱਗਣ ਨਾਲ, ਬਹੁਤ ਸੂਰਮਿਆਂ ਦੇ ਸਰੀਰ ਪਏ ਕੰਬਦੇ ਹਨ। ਤੀਰ ਵਿੰਨ੍ਹ ਕੇ ਇਸ ਤਰ੍ਹਾਂ ਪਾਰ ਹੋ ਜਾਂਦੇ ਹਨ ਕਿ ਤੀਰ ਲੱਗਣ ਨਾਲ ਮਨੁੱਖ ਵਿਚ ਅਟਕਦੇ ਨਹੀਂ। ਵਿੰਨ੍ਹ ਕੇ ਤੀਰ ਅੱਗੇ ਨਿਕਲ ਜਾਂਦੇ ਹਨ ਜਿਸ ਨੂੰ ਵੇਖ ਕੇ ਕਾਇਰਾਂ ਦੇ ਹਿਰਦੇ ਧੜਕਦੇ ਹਨ॥੨੨॥

ਸ੍ਰੀ ਹਰਿਗੋਵਿੰਦ ਬੀਰ ਬਹਾਦੁਰ ਪੰਨਗ ਕੇ ਸਮ ਬਾਨ ਚਲਾਵੈਂ।
ਬ੍ਰਿੰਦ ਪ੍ਰਹਾਰਤਿ ਸ਼ੱਤ੍ਰਨਿ ਡਾਰਤਿ, ਛੂਛ ਨਿਖੰਗ ਹ੍ਵੈ ਔਰ ਮੰਗਾਵੈਂ।
ਲਾਘਵਤਾ ਕਰਿ ਛੋਰਤਿ ਹੈਂ ਇਕਸਾਰ ਹੀ ਸਾਰ ਮਹਾਂ ਬਰਖਾਵੈਂ।
ਏਕ ਕੋ ਬੇਧਤਿ ਦ੍ਵੈ ਪੁਨ ਤੀਨਹੁ, ਚਾਰ ਕਿ ਪੰਚ, ਛਠੋਂ ਸੁ ਗਿਰਾਵੈ॥੨੩॥

ਸ੍ਰੀ ਹਰਿਗੋਬਿੰਦ ਜੀ ਬੀਰ ਬਹਾਦਰ ਸੱਪ ਵਾਂਗ ਤੀਰ ਚਲਾਉਂਦੇ ਸਨ। ਬਹੁਤ ਵੈਰੀਆਂ ਤੇ ਵਾਰ ਕਰਕੇ ਡੇਗ ਦਿੰਦੇ ਸਨ, ਜਦ ਭੱਥਾ ਖਾਲੀ ਹੋ ਜਾਂਦਾ ਸੀ ਤਾਂ ਹੋਰ ਭੱਥੇ ਮੰਗਵਾ ਲੈਂਦੇ ਸਨ। ਲਗਾਤਾਰ ਤੀਰ ਛੱਡਦੇ ਹਨ ਮਾਨੋਂ ਲੋਹੇ ਦਾ ਮੀਂਹ ਵਰਸਾ ਰਹੇ ਹਨ। ਇਕ ਨੂੰ ਵਿੰਨ੍ਹ ਕੇ ਤੀਰ ਦੋ ਫਿਰ ਤਿੰਨ, ਫਿਰ ਚਾਰ, ਫਿਰ ਪੰਜ ਅਤੇ ਛੇਵੇਂ ਨੂੰ ਵੀ ਡੇਗ ਲੈਂਦਾ ਸੀ॥੨੩॥

ਜਾਂਹਿ ਸਥਾਨ ਲੌ ਸ਼ੱਤ੍ਰ ਖਰੇ ਹੁਇ ਸੂਰ ਬਲੀ ਕਿ ਸਮੂਹ ਤਰੰਗਾ।
ਜਾਇ ਤਹਾਂ ਤਕ ਬੇਧਤਿ ਤੀਰ ਗਿਰੈਂ ਤਤਕਾਲ ਛੁਟੈਂ ਜਿਨ ਅੰਗਾ।
ਮੋਟ ਬਡੇ ਅਰੁ ਦੀਰਘ ਦਾਰੁਣ ਆਯੁਤ ਹੈਂ ਖਪਰੇ ਸੁਖਤੰਗਾ।
ਤੀਖਣ ਲੋਹ ਪੁਲਾਦ ਕਰੇ ਤਨ ਪਾਰ ਪਰੇ ਕਰਿ ਪ੍ਰਾਨਨਿ ਭੰਗਾ॥੨੪॥

ਜਿਸ ਸਥਾਨ ਤਕ ਵੈਰੀਆਂ ਦੇ ਸੂਰਬੀਰ ਅਤੇ ਘੋੜੇ ਖੜੇ ਹਨ ਉਥੋਂ ਤਕ ਤੀਰ ਜਾ ਕੇ ਵਿੰਨ੍ਹ ਦਿੰਦੇ ਹਨ, ਜਿਨ੍ਹਾਂ ਦੇ ਅੰਗ ਵਿੰਨ੍ਹੇ ਜਾਂਦੇ ਹਨ, ਉਹ ਤੁਰਤ ਡਿੱਗ ਪੈਂਦੇ ਹਨ। ਤੀਰ ਬੜੇ ਮੋਟੇ, ਭਿਆਨਕ ਵੱਡੇ ਅਤੇ ਚੌੜੇ ਹਨ। ਤਿੱਖੇ ਫੌਲਾਦ ਦੇ ਬਣੇ ਹਨ ਤੇ ਤਨ ਨੂੰ ਪਾਰ ਕਰਕੇ ਉਹ ਪ੍ਰਾਣ ਕੱਢ ਲੈਂਦੇ ਹਨ॥੨੪॥

ਧਾਂਕ ਪਰੀ ਦਲ ਜੀਵਤਿ ਮੈਂ 'ਨਰ ਕੌਨ ਬਲੀ ਅਸ ਬਾਨ ਪ੍ਰਹਾਰੈ।
ਕੌਨ ਕੁਦੰਡ ਕਠੋਰ ਖਿਚੈ ਇਸ ਲਾਇਕ ਨਾ ਜਗ ਬੀਚ ਨਿਹਾਰੈ।
ਬੇਧਤਿ ਬੀਸ ਕ ਲੇ ਚਲਿ ਜਾਤਿ, ਪਰੈਂ ਤਜਿ ਪ੍ਰਾਨਨ ਲੋਕ ਹਜ਼ਾਰੈਂ।
ਤੀਰ ਕੇ ਘਾਵ ਸਰੀਰ ਬਿਲੋਕਿ ਅਧੀਰਜ ਬੀਰ ਹ੍ਵੈ ਭੀਰੁ ਪਧਾਰੈਂ॥੨੫॥

ਜਿਹੜੇ ਮਨੁੱਖ ਜੀਊਂਦੇ ਸਨ, ਉਨ੍ਹਾਂ ਵਿਚ ਬੜੀ ਧਾਕ ਪਈ ਸੀ, 'ਕਿਹੜਾ ਬਲਵਾਨ ਪੁਰਸ਼ ਹੈ ਜਿਹੜਾ ਅਜਿਹੇ ਬਾਣਾਂ ਦਾ ਵਾਰ ਕਰ ਰਿਹਾ ਹੈ। ਕਿਹੜਾ ਐਡੇ ਵੱਡੇ ਅਤੇ ਸਖਤ ਧਨੁੱਖ ਨੂੰ ਖਿੱਚਦਾ ਹੈ, ਇਸ ਵਰਗਾ ਤਾਂ ਜਗ ਵਿਚ ਹੋਰ ਕੋਈ ਵੇਖਿਆ ਨਹੀਂ ਹੈ। ਇਕ ਬਾਣ ਵੀਹ ਮਨੁੱਖਾਂ ਨੂੰ ਵਿੰਨ੍ਹ ਜਾਂਦਾ ਹੈ, ਹਜ਼ਾਰਾਂ ਲੋਕ ਪ੍ਰਾਣ ਛੱਡ ਕੇ ਥੱਲੇ ਡਿੱਗ ਪਏ ਹਨ, ਤੀਰਾਂ ਦੇ ਜ਼ਖਮਾਂ ਨੂੰ ਵੇਖ ਕੇ ਸੂਰਮੇਂ ਧੀਰਜ ਰਹਿਤ ਹੋ ਕੇ ਇਕੱਠੇ ਹੋ ਕੇ ਭੱਜ ਉੱਠੇ॥੨੫॥

ਸ਼ੂਕਤਿ ਜਾਤਿ ਸਬੇਗ ਸਪੰਖਨ ਜਜੋਂ ਚਲਿ ਘਾਵਤਿ ਤੋਪ ਕੋ ਗੋਰਾ।
ਓਟ ਬਚੈ ਨਹਿਂ ਕੋਟ ਉਪਾਵ ਤੇ, ਲੋਟਤਿ ਭੂਮ ਪਰੈ ਤਨੁ ਘੋਰਾ।

ਪਾਨ ਨ ਹਾਲਤਿ, ਪਾਨ ਨ ਜਾਚਤਿ, ਤੂਰਨ ਪ੍ਰਾਨਨਿ ਦੇਤਿ ਹੈ ਛੋਰਾ।
ਜਾਂਘ ਕਟੈ ਕਿ ਭੁਜਾ ਕਟਿ ਜਾਤਿ, ਫੁਟੈ ਸਿਰ ਭਾਲ ਕਿ ਦੈਂ ਉਰ ਫੋਰਾ॥ ੨੬ ॥

ਖੰਭਾਂ ਸਹਿਤ ਤੀਰ ਬੜੇ ਤੇਜ਼ ਸ਼ੂਕਦੇ ਜਾਂਦੇ ਹਨ, ਜਿਵੇਂ ਤੋਪ ਦਾ ਗੋਲਾ ਚਲਦਾ ਹੈ। ਕ੍ਰੋੜਾਂ ਉਪਾਅ ਕਰਨ ਤੇ ਵੀ ਕਿਸੇ ਆਸਰੇ ਵੀ ਬਚਦਾ ਨਹੀਂ ਹੈ, ਘੋੜੇ ਭੂਮੀ ਉਤੇ ਡਿੱਗ ਕੇ ਲੋਟ ਪੋਟ ਹੋ ਜਾਂਦੇ ਹਨ। ਹੱਥ ਵੀ ਹਿਲਦਾ ਨਹੀਂ, ਪਾਣੀ ਵੀ ਨਹੀਂ ਮੰਗਦੇ, ਤੁਰਤ ਪ੍ਰਾਣ ਛੱਡ ਜਾਂਦੇ ਹਨ। ਲੱਤਾਂ ਕੱਟ ਜਾਂਦੀਆਂ ਹਨ ਜਾਂ ਬਾਹਾਂ ਕੱਟੀਆਂ ਜਾਂਦੀਆਂ ਹਨ, ਸਿਰ ਮੱਥਾ ਪਾਟ ਜਾਂਦਾ ਕਿ ਹਿਰਦੇ ਨੂੰ ਹੀ ਪਾੜ ਦਿੰਦੇ ਹਨ॥੨੬॥

ਜਾਂ ਦਿਸ਼ਿ ਦੇਖਤਿ ਤੀਰ ਸੁ ਆਵਤਿ ਧਾਵਤਿ ਤਾਂ ਦਿਸ਼ਿ ਤੇ ਟਰਿਕੈ।
ਘਾਵਤਿ ਪ੍ਰਾਨ ਗਵਾਵਤਿ ਨਾਹਕ ਨਾ ਸਮੁਹਾਵਤਿ ਹੈਂ ਅਰਿ ਕੈ।
ਕਾਹਿਂ ਨ ਭਾਵਤਿ ਹੈ ਲਰਿਬੋ, ਪਛੁਤਾਵਤਿ 'ਕਜੋਂ ਗਮਨੇ ਚਰਿ ਕੈ।
ਕੋ ਸਮਝਾਵਤਿ ਦੂਸਰ ਕੋ, 'ਇਤ ਕਜੋਂ ਚਲਿ ਆਵਤਿ ਨਾ ਡਰਿਕੈ' ॥ ੨੭ ॥

ਜਿਸ ਪਾਸੇ ਵੇਖਦੇ ਹਨ ਤੀਰ ਆਉਂਦੇ ਦਿਖਾਈ ਦਿੰਦੇ ਹਨ ਉਹ ਪਾਸਾ ਛੱਡ ਕੇ ਦੂਸਰੇ ਪਾਸੇ ਵੱਲ ਭੱਜਦੇ ਹਨ। ਪ੍ਰਾਣਾਂ ਦਾ ਨਾਹਕ ਵਿਚ ਨਾਸ਼ ਕਰਵਾਉਣਾ ਨਹੀਂ ਚਾਹੁੰਦੇ ਹਨ ਤੇ ਭੱਜ ਕੇ ਦੂਸਰੇ ਪਾਸੇ ਹੋ ਜਾਂਦੇ ਹਨ, ਦੁਸ਼ਮਣ ਦੇ ਸਾਹਮਣੇ ਨਹੀਂ ਹੁੰਦੇ ਹਨ, ਲੜਨਾ ਕਿਸੇ ਤਰ੍ਹਾਂ ਵੀ ਚੰਗਾ ਨਹੀਂ ਲੱਗਦਾ ਪਛਤਾਉਂਦੇ ਹਨ, "ਕਿਉਂ ਚੜ੍ਹ ਕੇ ਆਏ ਹਾਂ। ਕੋਈ ਦੂਸਰੇ ਨੂੰ ਸਮਝਾਉਂਦਾ ਹੈ; ਏਧਰ ਕਿਉਂ ਡਰ ਕੇ ਚਲੇ ਆਉਂਦੇ ਹੋ" ॥੨੭॥

ਛੋਰਿ ਤੁਫੰਗ ਹਜ਼ਾਰਨਿ ਕੋ, ਗੁਲਕਾਂ ਘਨ ਓਰਨਿ ਜਜੋਂ ਬਰਖਾਵੈਂ।
ਫੇਰ ਬਰੂਦ ਉਤਾਇਲ ਡਾਲਤਿ, ਕੋ ਗਜ ਕਾਢਤਿ ਠੋਕ ਉਠਾਵੈਂ।
ਪਾਇ ਦੁਗੋਰਨਿ ਕੋ ਗੁਰ ਸੂਰ ਪਲੀਤਨਿ ਕੋ ਕਰਿ ਜੋਰ ਮਿਲਾਵੈਂ।
ਪਾਵਕ ਡਾਭਿ ਉਠਾਵਤਿ ਨਾਦ ਤੜਾਭੜ ਯੌਂ ਇਕ ਬਾਰ ਚਲਾਵੈਂ॥ ੨੮ ॥

ਹਜ਼ਾਰਾਂ ਬੰਦੂਕਾਂ ਛੱਡਦੇ ਹਨ ਤੇ ਗੋਲੀਆਂ ਦੀ ਇੰਝ ਵਰਖਾ ਹੋ ਰਹੀ ਹੈ ਜਿਵੇਂ ਬੱਦਲਾਂ ਵਿਚ ਗੜਿਆਂ ਦੀ ਵਰਖਾ ਹੁੰਦੀ ਹੈ। ਫਿਰ ਬਾਰੂਦ ਬੜੀ ਛੇਤੀ-ਛੇਤੀ ਪਾਉਂਦੇ ਹਨ, ਕੋਈ ਗਜ਼ ਕੱਢ ਕੇ ਠੋਕ ਕੇ ਚੁਕਦੇ ਸਨ। ਦੋ ਗੋਲੀਆਂ ਪਾ ਕੇ ਗੁਰੂ ਜੀ ਦੇ ਸੂਰਬੀਰ ਪਲੀਤਿਆਂ ਨੂੰ ਜੋੜ ਮਿਲਾਉਂਦੇ ਸਨ। ਅੱਗ ਲਾ ਕੇ ਤੜ-ਤੜ ਦੀ ਆਵਾਜ਼ ਹੁੰਦੀ ਹੈ ਤੇ ਸਾਰੇ ਇਕੋ ਵਾਰ ਚਲਾ ਦਿੰਦੇ ਸਨ॥੨੮॥

ਕ੍ਰੋਧ ਕਰੈਂ ਚਹੂੰ ਓਰਨ ਤੇ ਮਿਲਿ ਹੇਲ ਕੋ ਘਾਲਤਿ ਸ਼ੋਰ ਮਚਾਏ।
ਬ੍ਰਿੰਦ ਤੁਫੰਗ ਖਤੰਗਨ ਕੋ ਹਤਿ ਬੇਧਤਿ ਅੰਗ ਤੁਰੰਗ ਧਵਾਏ।
ਤੋਮਰ ਤੁੰਗ ਭ੍ਰਮਾਇ ਪ੍ਰਹਾਰਤਿ, ਯੌਂ ਤੁਰਕਾਨਿ ਪਰੇ ਤਹਿਂ ਆਏ।
ਰੈਨ ਮੈਂ ਦੌਂ ਲਗਿ ਕਾਨਨ ਕੋ ਤਿਹ ਦੇਖਿ ਪਤੰਗ ਮਰੈਂ ਜਨੁ ਆਏ॥ ੨੯ ॥

ਚਾਰੇ ਪਾਸੇ ਕ੍ਰੋਧ ਕਰਕੇ ਮਿਲ ਕੇ ਹੱਲਾ ਕਰਨ ਵਾਸਤੇ ਸ਼ੋਰ ਮਚਾਉਂਦੇ ਸਨ। ਬਹੁਤ ਗੋਲੀਆਂ ਅਤੇ ਤੀਰਾਂ ਨਾਲ ਮਾਰ ਕੇ ਅੰਗਾਂ ਨੂੰ ਵਿੰਨ੍ਹ ਕੇ ਘੋੜਿਆਂ ਨੂੰ ਭਜਾਉਂਦੇ ਸਨ। ਉਚੇ ਨੇਜ਼ੇ ਭੰਵਾ ਕੇ ਵਾਰ ਕਰਦੇ ਸਨ। ਇਸ ਤਰ੍ਹਾਂ ਤੁਰਕ ਉਥੇ ਆ ਕੇ ਪੈ ਗਏ, ਰਾਤ ਨੂੰ ਜਿਵੇਂ ਜੰਗਲ ਨੂੰ ਅੱਗ ਲੱਗੀ ਵੇਖ ਕੇ, ਪਤੰਗੇ ਵੇਖ ਕੇ ਆ ਕੇ ਮਰ ਜਾਂਦੇ ਹਨ॥੨੯॥

ਕਾਲੇਖਾਂ ਪ੍ਰੇਰਤਿ ਟੇਰਤਿ ਹੈ ਪੁਰਿ ਘੇਰਤਿ ਹੇਰਤਿ ਮਾਰ ਮਚਾਈ।
ਆਗੇ ਤੁਫੰਗਨਿ ਤਜਾਰ ਕਰੀ, ਜਬਿ ਨੇਰ ਪਰੈ, ਗੁਰ ਸੂਰ ਚਲਾਈਂ।

ਪੈਂਦ ਪਠਾਨ ਪਰੈ ਦਿਸ਼ਿ ਦੂਸਰ, ਤੀਸਰ ਪਾਸ ਮੈਂ ਤਾਂਹਿ ਜਮਾਈ।
ਓਰੜਿ ਯੌਂ ਚਹੂੰ ਓਰਨ ਤੇ ਕਰਿ ਜ਼ੋਰ ਕੇ ਸ਼ੋਰ ਲਰੈਂ ਸਮੁਹਾਈ ॥ ੩੦ ॥

ਕਾਲੇ ਖਾਂ ਪ੍ਰੇਰ ਕੇ ਤੋਰਦਾ ਹੈ, ਨਗਰ ਨੂੰ ਘੇਰਨ ਵਾਸਤੇ ਵੇਖਦਾ ਹੈ ਤੇ ਵੱਡੀ ਮਾਰ ਮਚਾਈ ਹੈ। ਅੱਗੇ ਬੰਦੂਕਾਂ ਤਿਆਰ ਕੀਤੀਆਂ, ਜਦ ਨੇੜੇ ਆ ਗਏ ਤਾਂ ਗੁਰੂ ਜੀ ਦੇ ਸੂਰਮਿਆਂ ਨੇ ਇਕੱਠੀਆਂ ਚਲਾ ਦਿੱਤੀਆਂ। ਪੈਂਦੇ ਖਾਂ ਦੂਸਰੀ ਦਿਸ਼ਾ ਵਿਚ ਪਿਆ, ਤੀਸਰੇ ਪਾਸੇ ਉਸ ਦਾ ਜਵਾਈ ਸੀ। ਇਸ ਤਰ੍ਹਾਂ ਚਾਰੇ ਪਾਸਿਆਂ ਤੋਂ ਘੇਰ ਜ਼ੋਰ ਕਰਕੇ ਸਾਹਮਣੇ ਆ ਕੇ ਸ਼ੋਰ ਮਚਾ ਕੇ ਲੜੇ॥੩੦॥

ਜਿਤ ਜ਼ੋਰ ਪਰੈ ਭਟ ਘੋਰ ਮਹਾਂ ਤਿਤ ਓਰ ਬਿਧੀਸਸਿ ਜਾਇ ਪ੍ਰਹਾਰੈ।
ਗੁਰ ਸ੍ਰੀ ਹਰਿਗੋਵਿੰਦ ਆਪ ਕਿਧੌਂ ਤਜਿ ਬਾਨ ਕਠੋਰ ਕੇ ਸ਼ੱਤ੍ਰ ਨਿਵਾਰੈਂ।
ਪਿਖਿ ਈਛਨ ਤੇ ਰਣ ਭੀਛਨ ਕੋ ਬਹੁ ਤੀਛਨ ਐਂਚਤਿ ਕਾਨ ਲੌ ਮਾਰੈਂ।
ਕਰਿ ਭੰਗ ਤੁਰੰਗਨਿ ਸੂਰਨਿ ਅੰਗਨਿ ਜੰਗ ਮੈਂ ਰੰਗ ਸੁਰੰਗ ਪਸਾਰੈ ॥ ੩੧ ॥

ਜਿਧਰੇ ਵੀ ਭੱਟਾਂ ਦਾ ਬਹੁਤ ਜ਼ੋਰ ਪੈਂਦਾ ਸੀ, ਉਧਰ ਬਿਧੀ ਚੰਦ ਜਾ ਕੇ ਵਾਰ ਕਰਦਾ ਸੀ। ਸ੍ਰੀ ਗੁਰੂ ਹਰਿਗੋਬਿੰਦ ਨੇ ਆਪ ਕਠੋਰ ਬਾਣ ਛੱਡ ਕੇ ਵੈਰੀ ਨੂੰ ਦੂਰ ਕਰ ਦਿੱਤਾ। ਅੱਖਾਂ ਨਾਲ ਜਦ ਘੋਰ ਯੁੱਧ ਵੇਖਿਆ ਤਾਂ ਗੁਰੂ ਜੀ ਨੇ ਕੰਨਾਂ ਤਕ ਧਨੁੱਖ ਖਿੱਚ ਕੇ ਮਾਰੇ। ਘੋੜਿਆਂ ਅਤੇ ਸੂਰਮਿਆਂ ਦੇ ਅੰਗਾਂ ਨੂੰ ਭੰਗ ਕਰ ਦਿੱਤਾ ਤੇ ਜੰਗ ਵਿਚ ਰੰਗ ਹੀ ਰੰਗ ਫੈਲ ਗਿਆ॥੩੧॥

ਨਾਦ ਤੁਫੰਗਨ ਹੋਤਿ ਘਨੋ ਨਭ ਧੂਮ ਮਹਾਂ ਪਸਰਜੋ ਦ੍ਰਿਸ਼ਟਾਵੈ।
ਮਾਨਹੁ ਸ਼ਜਾਮ ਘਟਾ ਘਨ ਕੀ ਗਨ ਗੋਰਨਿ ਓਰਨ ਜਜੋਂ ਬਰਖਾਵੈਂ।
ਪਾਵਕ ਹੋਤਿ ਬਰੂਦ ਭਖੇ, ਤੜਿਤਾ ਸਮ ਦੀਖ ਮਹਾਂ ਚਮਕਾਵੈਂ।
ਧੂਰ ਤੇ ਪੂਰਨ ਹੋਇ ਰਹਜੋ ਪੁਰਿ, ਤੂਰਨ ਸੂਰਨਿ ਹੂਰ ਲਿਜਾਵੈਂ॥ ੩੨ ॥

ਬੰਦੂਕਾਂ ਚਲਣ ਦੀ ਬੜੀ ਉੱਚੀ ਆਵਾਜ਼ ਹੋ ਰਹੀ ਸੀ ਤੇ ਅਕਾਸ਼ ਤੇ ਬਹੁਤ ਧੂੜ ਪਸਰੀ ਹੋਈ ਦਿੱਸਦੀ ਸੀ। ਮਾਨੋ ਕਾਲੀ ਘਟਾ ਚੜ੍ਹੀ ਸੀ ਤੇ ਗੋਲੀਆਂ ਦੇ ਗੜਿਆਂ ਦੀ ਵਰਖਾ ਹੋ ਰਹੀ ਸੀ। ਬਰੂਦ ਭਖਣ ਨਾਲ ਅੱਗ ਨਿਕਲਦੀ ਸੀ ਜਿਹੜੀ ਬਿਜਲੀ ਵਾਂਗ ਦਿਸਦੀ ਬਹੁਤ ਚਮਕਦੀ ਸੀ। ਸਾਰਾ ਨਗਰ ਧੂੜ ਨਾਲ ਭਰਿਆ ਸੀ, ਤੁਰਤ ਹੂਰਾਂ ਸੂਰਮਿਆਂ ਨੂੰ ਵਰ ਕੇ ਲੈ ਜਾਂਦੀਆਂ ਸਨ॥੩੨॥

ਚਾਵੰਡ ਚੀਕਤਿ ਮਾਸ ਅਚੈਂ, ਬਹੁ ਬਾਇਸੁ ਕੰਕ ਅਘਾਵਤਿ ਹੈਂ।
ਕੂਕਰ ਜੰਬੁਕ ਕੂਕਤਿ ਹੈਂ ਗਨ ਆਮਿਖ ਐਂਚਤਿ ਖਾਵਤਿ ਹੈਂ।
ਸ੍ਰੋਣਤ ਪੀਵਤਿ ਆਨੰਦ ਥੀਵਤਿ ਜੋਗਨੀ ਨਾਚਤਿ ਗਾਵਤਿ ਹੈਂ।
ਦੁੰਦਭਿ, ਢੋਲ, ਪਟੇ ਤੁਰਰੀ ਗਨ ਨਾਦ ਉਠਾਇ ਬਜਾਵਤਿ ਹੈਂ॥ ੩੩ ॥

ਇੱਲਾਂ ਚੀਕਦੀਆਂ ਮਾਸ ਖਾ ਰਹੀਆਂ ਸਨ, ਬਹੁਤ ਕਾਂ ਅਤੇ ਇੱਲਾਂ ਮਾਸ ਖਾ ਰਹੇ ਸਨ। ਕੁੱਤੇ ਅਤੇ ਗਿੱਦੜ ਕੂਕਦੇ ਸਨ ਤੇ ਖਿੱਚ-ਖਿੱਚ ਕੇ ਮਾਸ ਖਾ ਰਹੇ ਸਨ। ਜੋਗਨੀਆਂ ਬੜੇ ਆਨੰਦ ਨਾਲ ਲਹੂ ਪੀ ਰਹੀਆਂ ਸਨ ਤੇ ਨੱਚ ਕੇ ਗਾ ਰਹੀਆਂ ਸਨ। ਦੁੰਦਭੀਆਂ, ਢੋਲ, ਪਟੇ, ਤੁਰੀਆਂ ਕਈ ਪ੍ਰਕਾਰ ਦੇ ਵਾਜੇ ਨਾਦ ਪੈਦਾ ਕਰ ਰਹੇ ਸਨ॥੩੩॥

ਪੁਰਿ ਆਵਨਿ ਕੋ ਰੁਕਿ ਪੰਥ ਗਯੋ ਬਡ ਢੇਰ ਡਰਜੋ ਮ੍ਰਿਤੁ ਘੋਰਨ ਕੋ।
ਗਨ ਸੂਰਨਿ ਕੇ ਤਨ ਬੀਚ ਪਰ, ਬਹਿ ਸ੍ਰੋਣ ਚਲਜੋ ਦੁਹੂ ਓਰਨ ਕੋ।

ਜਨੁ ਗੇਰੂ ਕੇ ਸੈਲ ਸ੍ਰਵੈਂ ਬਹੁ ਥਾਨਨ ਹੋਤਿ ਨਦੀ ਲਘੁ ਬੋਰਨ ਕੋ।
ਜਨੁ ਦੂਸਰ ਕੋਟ ਰਚ੍ਯੋ ਲਰਿਬੇ ਹਿਤ ਓਟ ਕਰੇ ਰਿਪੁ ਮੋਰਨਿ ਕੋ॥ ੩੪ ॥

ਨਗਰ ਵਿਚ ਆਉਣ ਦੇ ਰਾਹ ਬੰਦ ਹੋ ਗਏ, ਮਰੇ ਹੋਏ ਘੋੜਿਆਂ ਦਾ ਵੱਡਾ ਢੇਰ ਲੱਗਾ ਹੋਇਆ ਸੀ। ਸੂਰਮਿਆਂ ਦੇ ਬਹੁਤ ਸਰੀਰ ਵਿਚ ਪਏ ਸਨ ਤੇ ਦੋਵੀਂ ਪਾਸੀ ਖੂਨ ਵਹਿ ਤੁਰਿਆ। ਮਾਨੋਂ ਬਹੁਤੀਆਂ ਥਾਵਾਂ ਤੋਂ ਗੇਰੂ ਦਾ ਪਰਬਤ ਸਿੰਮ ਰਿਹਾ ਹੈ ਤੇ ਛੋਟੀ ਨਦੀ ਬਣ ਕੇ ਡੋਬਣ ਲੱਗਾ ਹੈ, ਮਾਨੋਂ ਇਹ ਲੜਾਈ ਵਾਸਤੇ ਦੂਸਰਾ ਕਿਲ੍ਹਾ ਰਚਿਆ ਹੈ ਤੇ ਵੈਰੀਆਂ ਨੂੰ ਮੋੜਨ ਵਾਸਤੇ ਓਟ ਬਣਾਈ ਹੈ॥੩੪॥

ਭੈਰਵ ਥਾਨ ਭਯੋ ਚਹੁੰ ਓਰਨ: ਆਮਿਖ ਹਾਡ ਕਿ ਸ੍ਰੋਣਤ ਚਾਲਾ।
ਹਾਥ ਕਟੇ, ਕਿਤ ਮੁੰਡ ਪਰ੍ਯੋ ਕਟਿ, ਜਾਂਘ ਕਟੀ, ਗਨ ਰੁੰਡ ਕਰਾਲਾ।
ਆਇ ਸਕੈਂ ਨ ਉਲੰਘ ਕੈ ਤਾਂਹਿ ਗਿਰੈਂ ਹਯ ਹੇਰਿ ਕਿ ਤ੍ਰਾਸ ਬਿਸਾਲਾ।
ਛੋਰਿ ਤੁਫੰਗਨਿ ਅੰਗਨ ਭੰਗਤਿ ਰੰਗ ਸੁਰੰਗ ਬਨੈਂ ਤਤਕਾਲਾ॥ ੩੫ ॥

ਚਾਰੇ ਪਾਸੇ ਭਿਆਨਕ ਥਾਂ ਹੋ ਗਿਆ, ਮਾਸ: ਹੱਡੀਆਂ ਤੇ ਲਹੂ ਚਲ ਰਿਹਾ ਸੀ। ਕਿਤੇ ਹੱਥ ਕੱਟੇ ਪਏ ਸਨ, ਕਿਤੇ ਮੂੰਹ ਕੱਟਿਆ ਪਿਆ ਸੀ, ਕਿਤੇ ਲੱਤਾਂ ਕੱਟੀਆਂ ਸਨ, ਬਹੁਤ ਸੂਰਮੇ ਵਿਕਰਾਲ ਰੂਪ ਧਾਰ ਕੇ ਸਿਰਾਂ ਤੋਂ ਬਗੈਰ ਪਏ ਸਨ। ਉਨ੍ਹਾਂ ਲੋਥਾਂ ਨੂੰ ਉਲੰਘ ਕੇ ਆ ਨਹੀਂ ਸੀ ਸਕਦੇ, ਬਹੁਤ ਡਰ ਵੇਖ ਕੇ ਘੋੜੇ ਉਥੇ ਡਿੱਗ ਪੈਂਦੇ ਸਨ। ਬੰਦੂਕਾਂ ਛੱਡ ਕੇ ਅੰਗਾਂ ਨੂੰ ਭੰਗ ਕਰਦੇ ਸਨ ਤੇ ਤੁਰਤ ਰਣਖੇਤਰ ਵਿਚ ਰੰਗ ਹੀ ਰੰਗ ਫੈਲ ਜਾਂਦਾ ਸੀ॥੩੫॥

ਸੂਰ ਤੁਰੰਗ ਸਰੀਰ ਪਰੇ ਮ੍ਰਿਤ, ਸੈਲ ਮਨਿੰਦ ਪਰ੍ਯੋ ਦ੍ਰਿਸ਼ਟਾਵੈਂ।
ਮੁੰਡ ਕਟੇ ਜਨੁ ਪਾਥਰ ਕੇ ਗਨ, ਜਾਂਘ ਭੁਜਾ ਕਟਿ ਕਾਠ ਲਖਾਵੈਂ।
ਸ੍ਰੋਣਤ ਕੇ ਝਰਨੇ ਸੁ ਝਰੈਂ, ਮਿਝ ਬਿੰਦ ਪਰੀ ਜਨੁ ਫੇਨ ਉਠਾਵੈ।
ਲਾਂਗੁਲ ਗ੍ਰੀਵਨ ਕੇਸ ਪਵੰਗਮ ਬਿੰਦ ਖਰੇ ਤ੍ਰਿਨ ਸੋ ਮਨ ਭਾਵੈਂ॥ ੩੬ ॥

ਸੂਰਮਿਆਂ ਅਤੇ ਘੋੜਿਆਂ ਦੇ ਮਰੇ ਹੋਏ ਸਰੀਰ ਪਏ ਸਨ, ਪੱਥਰ ਵਾਂਗ ਪਏ ਦਿਖਾਈ ਦਿੰਦੇ ਸਨ। ਕੱਟੇ ਹੋਏ ਸਿਰ ਪੱਥਰ ਦੀਆਂ ਮੂਰਤੀਆਂ ਵਾਂਗ ਲਗਦੇ ਸਨ ਤੇ ਲੱਤਾਂ ਤੇ ਬਾਹਾਂ ਇੰਞ ਦਿਸਦੀਆਂ ਸਨ ਜਿਵੇਂ ਲਕੜਾਂ ਖਿਲਰੀਆਂ ਹੋਣ। ਖੂਨ ਦੇ ਝਰਨੇ ਚਲ ਰਹੇ ਸਨ ਤੇ ਮਿੱਝ ਪਈ ਝੱਗ ਵਾਂਗ ਉਬਲ ਰਹੀ ਸੀ। ਘੋੜਿਆਂ ਦੀਆਂ ਪੂਛਾਂ ਤੇ ਗਲੇ ਦੇ ਵਾਲ ਖਿਲਰੇ ਹੋਏ ਘਾਹ ਵਾਂਗ ਲੱਗ ਰਹੇ ਸਨ॥੩੬॥

ਹੇਰ ਹਿਰਾਨ ਭਏ ਤੁਰਕਾਂਨ 'ਕਹਾਂ ਇਨ ਕੀ ਅਬਿ ਕਯਾਮਤ ਆਈ।
ਹੋਇ ਪਰੇ ਮ੍ਰਿਤੁ, ਕੌਨ ਹਤੇ ਇਹ ਸ਼ੱਤ੍ਰਨ ਥੋਰਨਿ ਤੇ ਸਮੁਦਾਈ।
ਜੰਗ ਕਰ੍ਯੋ ਮਿਸ ਕਾਲ ਬਿਸਾਲ, ਲਖੀ ਇਹ ਜਾਇ, ਹਨੇ ਤਿਨ ਆਈ'।
ਮੂਢ ਭਏ ਪਚਿ, ਮੋਨ ਧਰੀ ਮੁਖ, ਸੋਚਤਿ ਹੈਂ, ਕੁਛ ਜਾਨੀ ਨ ਜਾਈ॥ ੩੭ ॥

ਇਹ ਵੇਖ ਕੇ ਤੁਰਕ ਬਹੁਤ ਹੈਰਾਨ ਹੋਏ, "ਕੀ ਇਨ੍ਹਾਂ ਦੀ ਹੁਣ ਕਿਆਮਤ ਆ ਗਈ ਹੈ, ਮਰੇ ਪਏ ਹਨ, ਇਨ੍ਹਾਂ ਨੂੰ ਕੌਣ ਮਾਰਦਾ ਹੈ, ਵੈਰੀਆਂ ਦੀ ਗਿਣਤੀ ਤਾਂ ਬਹੁਤ ਥੋੜ੍ਹੀ ਹੈ। ਕਾਲ ਨੇ ਬਹਾਨੇ ਨਾਲ ਜੰਗ ਕੀਤਾ ਹੈ। ਇਹ ਸਮਝ ਵਿਚ ਆਉਂਦਾ ਹੈ ਕਿ ਕੀ ਕਾਲ ਨੇ ਹੀ ਆ ਕੇ ਮਾਰ ਦਿੱਤੇ ਹਨ।" ਮੂਰਖ ਬਹੁਤ ਜ਼ਲੀਲ ਹੋਏ, ਮੂੰਹ ਤੇ ਮੋਨ ਧਾਰਨ ਕਰ ਲਈ, ਸੋਚਦੇ ਹਨ, ਪਰ ਕੁਝ ਜਾਣਿਆਂ ਨਹੀਂ ਜਾਂਦਾ ਹੈ॥੩੭॥

*ਅੱਠਵੀਂ ਰਾਸ ਦਾ ਚਵੀਵਾਂ ਅਧਿਆਇ ਸਮਾਪਤ ਹੋਇਆ॥੨੪॥*

# ਅਧਿਆਇ ਪੰਝੀਵਾਂ

## ਜੰਗ-ਜਾਰੀ

ਦੋਹਰਾ-ਅਧਿਕ ਗਈ ਮਰਿ ਸੈਨ ਜਬਿ ਰਹੀ ਅਲਪ ਸੀ ਆਇ।
ਕਰਿਬੇ ਹੇਲ ਸਮੂੱਥ ਨਹਿਂ ਭੇ ਘਾਇਲ ਸਮੁਦਾਇ॥ ੧॥

ਜਦ ਬਹੁਤ ਸੈਨਾ ਮਾਰੀ ਗਈ ਤੇ ਥੋੜ੍ਹੀ ਜਿਹੀ ਹੀ ਬਾਕੀ ਰਹਿ ਗਈ। ਜਿਹੜੀ ਹੱਲਾ ਕਰਨ ਦੇ ਸਮਰਥ ਨਹੀਂ ਸੀ, ਬਹੁਤ ਜ਼ਖਮੀ ਹੋ ਕੇ ਪਏ ਸਨ॥੧॥

ਰਸਾਵਲ ਛੰਦ-ਰਹੇ ਦੂਰ ਠਾਂਢ। ਮਹਾਂ ਚਿੰਤ ਬਾਢ। ਨਹੀਂ ਨੇਰ ਆਵੈਂ। ਖਰੇ ਦੂਰ ਥਾਵੈਂ॥੨॥

ਦੂਰ ਖੜੇ ਰਹੇ, ਬਹੁਤ ਚਿੰਤਾ ਵਧੀ, ਨੇੜੇ ਨਹੀਂ ਸੀ ਆਉਂਦੇ, ਦੂਰ ਥਾਂ ਜਾ ਕੇ ਖੜੇ ਹੋ ਗਏ॥੨॥

ਤਬੈ ਖਾਨ ਕਾਲੇ। ਬਿਚਾਰਜੋ ਬਿਸਾਲੇ। ਰਹੀ ਸੈਨ ਥੋਰੀ। ਥਿਰੀ ਚਾਰ ਓਰੀ॥੩॥

ਤਦ ਕਾਲੇ ਖਾਂ, ਬਹੁਤ ਵਿਚਾਰਿਆ, ਸੈਨਾ ਬਹੁਤ ਥੋੜ੍ਹੀ ਰਹਿ ਗਈ ਹੈ ਚਾਰੇ ਪਾਸੇ ਖੜੀ ਹੈ॥੩॥

ਨਹੀਂ ਜੰਗ ਠਾਨੈਂ। ਰਿਦੈ ਤ੍ਰਾਸ ਮਾਨੈਂ। ਕਰੈ ਕ੍ਵੈ ਨ ਹੇਲਾ। ਭਯੋ ਜਾਨ ਮੇਲਾ॥੪॥

ਜੰਗ ਨਹੀਂ ਕਰਦੇ ਹਨ, ਦਿਲ ਵਿਚ ਡਰ ਮੰਨਦੇ ਹਨ, ਹੱਲਾ ਨਹੀਂ ਕਰਦੇ ਹਨ ਮਾਨੋਂ ਮੇਲਾ ਲੱਗਾ ਹੋਇਆ ਹੈ॥੪॥

ਨਹੀਂ ਓਜ ਧਾਰੈਂ। ਨ ਆਗੈ ਪਧਾਰੈਂ। ਚਮੂੰ ਲਜੈਂ ਬਟੋਰੀ। ਲਰੋਂ ਏਕ ਓਰੀ॥੫॥

ਸ਼ਕਤੀ ਧਾਰਨ ਨਹੀਂ ਸੀ ਕਰਦੇ, ਨਾ ਅੱਗੇ ਹੀ ਆਉਂਦੇ ਸਨ। ਸੈਨਾਂ ਇਕੱਠੀ ਕਰ ਲਵਾਂ, ਇਕ ਪਾਸੇ ਹੋ ਕੇ ਲੜਾਂ॥੫॥

ਕਰੌਂ ਜੋਰ ਸਾਰੋ। ਅਰੈ, ਤਾਂਹਿ ਮਾਰੋਂ। ਚਲੈਂ ਸ਼ੱਤ੍ਰ ਸੌਹੈਂ। ਰਿਸੇ ਬੰਕ ਭੌਹੈਂ॥ ੬॥

ਸਾਰਾ ਜ਼ੋਰ ਕਰਾਂਗਾ, ਜਿਹੜੇ ਅੜਨਗੇ ਉਨ੍ਹਾਂ ਨੂੰ ਮਾਰਾਂਗਾ। ਵੈਰੀ ਚਲ ਕੇ ਬੜੇ ਸੋਹੇ। ਗੁੱਸੇ ਵਿਚ ਆ ਕੇ ਭੌਂਵਾ ਚੜ੍ਹਾ ਲਈਆਂ॥੬॥

ਗੁਰੂ ਕੋ ਪਲਾਵੈਂ। ਅਰੈ ਤੇ ਗਹਾਵੈਂ। ਬੰਗਾਰੈਂ ਸੁ ਪੈਂਦਾ। ਨਹੀਂ ਤ੍ਰਾਸ ਕੈਂਦਾ॥੭॥

ਗੁਰੂ ਨੂੰ ਭਜਾਈਏ, ਅੜੇ ਤੇ ਫੜਾ ਦੇਈਏ। ਪੈਂਦਾ ਗੁਰੂ ਜੀ ਨੂੰ ਵੰਗਾਰੇ ਉਹ ਕਿਸੇ ਪਾਸੋਂ ਡਰਦਾ ਨਹੀਂ॥੭॥

ਬਿਲੋਕੈਂ ਤਮਾਸ਼ਾ। ਲਰੈਂ ਮੋਹਿ ਪਾਸਾ। ਰਿਦੈ ਏਵ ਧਾਰੀ। ਚਮੂੰ ਸੋ ਹਕਾਰੀ॥੮॥

ਤਮਾਸ਼ਾ ਵੇਖੀਏ, ਮੇਰੇ ਪਾਸ ਲੜਨ। ਹਿਰਦੇ ਵਿਚ ਇੰਝ ਧਾਰਨ ਕੀਤਾ, ਸਾਰੀ ਫੌਜ ਬੁਲਾ ਲਈ॥੮॥

ਕਹਜੋ ਜਾਇ ਸਾਰੇ। 'ਸਭੈ ਹੀ ਹਕਾਰੇ। ਕਹੇ ਬਾਕ ਕਾਲੇ। ਮਿਲੋ ਆਨਿ ਜਾਲੇ॥੯॥

ਸਾਰੇ ਜਾ ਕੇ ਕਹਿ ਦਿੱਤਾ, "ਸਾਰੇ ਹੀ ਬੁਲਾਓ, ਕਾਲੇ ਖਾਂ ਨੇ ਕਿਹਾ ਇਕੱਠੇ ਹੋ ਕੇ ਆ ਮਿਲੋ"॥੯॥

ਦੋਹਰਾ-ਸੁਨਿ ਸੁਨਿ ਕੈ ਬਚ ਸ਼੍ਰੌਨ ਮਹਿਂ ਸਨੈ ਸਨੈ ਸਮੁਦਾਇ।
ਗਮਨੇ ਕਾਲੇਖਾਂ ਨਿਕਟਿ ਹਤਹਿ ਤੁਪਕ ਪਿਛਵਾਇ॥ ੧੦॥

ਆਪਣੇ ਕੰਨਾਂ ਨਾਲ ਬਚਨ ਸੁਣ-ਸੁਣ ਕੇ ਸਾਰੇ ਹੌਲੀ-ਹੌਲੀ ਇਕੱਠੇ ਹੋ ਗਏ। ਕਾਲੇ ਖਾਂ ਦੇ ਪਾਸ ਚਲੇ ਗਏ, ਪਿਛੋਂ ਬੰਦੂਕਾਂ ਚਲਾਈਏ॥੧੦॥

ਪਾਧੜੀ ਛੰਦ-ਅਸਮਾਨਖਾਨ ਪਹੁੰਚਜੋ ਸੁ ਧਾਇ। ਜੋ ਬਚੀ ਬਾਹਨੀ ਸੰਗ ਲਾਇ।
ਦੁੰਦਭਿ ਬਜੰਤਿ ਹਾਰੇ ਤੁਰੰਗ। ਕੋ ਭਿਗੇ ਅੰਗ ਸ਼੍ਰੋਣਤ ਸੁ ਰੰਗ॥ ੧੧॥

ਅਸਮਾਨ ਖਾਂ ਦੌੜ ਕੇ ਪਹੁੰਚਿਆ, ਜਿਹੜੀ ਸੈਨਾ ਬਚੀ ਸੀ ਉਸ ਨਾਲ ਲੈ ਲਈ। ਨਗਾਰੇ,ਵਜਦੇ ਸਨ, ਘੋੜੇ ਹਾਰੇ ਹੋਏ ਸਨ। ਜਿਨ੍ਹਾਂ ਦੇ ਸਾਰੇ ਅੰਗ ਲਹੂ ਨਾਲ ਭਿੱਜੇ ਹੋਏ ਸਨ ਤੇ ਲਹੂ ਵਰਗਾ ਰੰਗ ਹੋਇਆ ਸੀ॥੧੧॥

ਉਤਸਾਹ ਹੀਨ, ਜੈ ਤੇ ਨਿਰਾਸ। ਮੁਖ ਮਲਿਨ ਬੀਰ, ਉਰ ਭੂਰ ਤ੍ਰਾਸ।
ਸੁਨਿ ਕੁਤਬਖਾਨ ਦਿਸ਼ਿ ਅਪਨਿ ਛੋਰ। ਚਲਿ ਫਿਰਜੋ,ਖਿਰੇ ਸਭਿ ਜਾਂਹਿ ਓਰ॥੧੨॥

ਸਾਰੇ ਉਤਸ਼ਾਹ ਹੀਣ ਤੇ ਫ਼ਤਹਿ ਵਲੋਂ ਨਿਰਾਸ਼ ਸਨ, ਸੂਰਮਿਆਂ ਦੇ ਮੁੱਖ ਮਲੀਨ ਸਨ ਤੇ ਹਿਰਦੇ ਵਿਚ ਵੱਡਾ ਭੈ ਸੀ। ਇਹ ਸੁਣ ਕੇ ਕੁਤਬ ਖਾਨ ਆਪਣੀ ਦਿਸ਼ਾ ਛੱਡ ਕੇ, ਉਧਰ ਚਲ ਪਿਆ ਜਿਸ ਪਾਸੇ ਸਾਰੇ ਖੜੇ ਸਨ॥੧੨॥

ਜੇ ਬਚੇ ਲਰਤਿ ਸਭਿ ਲੀਨਿ ਸੰਗ। ਦੁੰਦਭਿ ਬਜਾਇ ਨਾਦਤਿ ਉਤੰਗ।
ਜਿਮ ਗਿਰ ਬਿਸਾਲ ਹੜ੍ਹ ਰੋਕਿ ਲੀਨਿ। ਟੱਕਰ ਸੁ ਖਾਇ ਹਟਿਬੋ ਸੁ ਕੀਨਿ॥੧੩॥

ਜਿਹੜੇ ਬਚੇ ਸਨ ਸਾਰੇ ਨਾਲ ਲੈ ਲਏ। ਨਗਾਰੇ ਵਜਦੇ ਸੀ ਤੇ ਬੜੀ ਉੱਚੀ ਆਵਾਜ਼ ਹੋ ਰਹੀ ਸੀ। ਜਿਵੇਂ ਪਹਾੜ ਵਿਸ਼ਾਲ ਹੜ੍ਹ ਨੂੰ ਰੋਕ ਲੈਂਦਾ ਹੈ, ਟੱਕਰ ਮਾਰ ਕੇ ਪਾਣੀ ਵਾਪਸ ਹੋ ਜਾਂਦਾ ਹੈ॥੧੩॥

ਤਿਮ ਜਾਤਿ ਸੈਨ ਬਡ ਘਾਇ ਖਾਇ। ਸੁਨ ਪੈਂਦਖਾਨ ਬੀਰਨਿ ਬੁਲਾਇ।
ਨਿਜ ਦਿਸ਼ਾ ਛੋਰਿ ਗਮਨਜੋ ਸੁ ਬੀਰ। ਉਮਰਾਵ ਜੁ ਕਾਲੇਖਾਨ ਤੀਰ॥੧੪॥

ਇਸ ਤਰ੍ਹਾਂ ਤੁਰਕਾਂ ਦੀ ਸੈਨਾ ਵੱਡੇ ਜ਼ਖਮ ਖਾ ਕੇ ਵਾਪਸ ਜਾ ਰਹੀ ਸੀ। ਸੁਣ ਕੇ ਪੈਂਦੇ ਖਾਂ ਨੇ ਸੂਰਮਿਆਂ ਨੂੰ ਬੁਲਾਇਆ। ਆਪਣੀ ਦਿਸ਼ਾ ਛੱਡ ਸੂਰਮਾ ਚਲ ਪਿਆ, ਜਿਹੜੇ ਉਮਰਾਵ ਕਾਲੇ ਖਾਂ ਪਾਸ ਸਨ॥੧੪॥

ਜਿਮ ਚਹੂੰ ਓਰ ਤੇ ਸਿਮਟਿ ਨੀਰ। ਇਕ ਥਾਨ ਹੋਤਿ ਸਰੁਵਰੁ ਗਹੀਰ।
ਤਿਮ ਭਈ ਸੈਨ ਇਕਠੀ ਬਿਸਾਲ। ਮਸਲਤਿ ਕਰੰਤਿ ਮਿਲਿ ਬੀਰ ਜਾਲ॥੧੫॥

ਜਿਵੇਂ ਚਾਰੇ ਪਾਸਿਆਂ ਤੋਂ ਇਕੱਠਾ ਹੋਇਆ ਪਾਣੀ, ਇਕ ਥਾਂ ਡੂੰਘੇ ਤਲਾਬ ਵਿਚ ਬਦਲ ਜਾਂਦਾ ਹੈ, ਇਸ ਤਰ੍ਹਾਂ ਵਿਸ਼ਾਲ ਸੈਨਾ ਇਕੱਠੀ ਹੋ ਗਈ, ਸਾਰੇ ਸੂਰਮੇ ਮਿਲ ਕੇ ਸਲਾਹ ਕਰਨ ਲੱਗੇ॥੧੫॥

'ਜਿਮ ਭਏ ਪ੍ਰਥਮ ਰਣ, ਹਾਰ ਪਾਇ। ਤਿਸ ਰੀਤਿ ਹੋਇ, ਜਾਨੀ ਸੁ ਜਾਇ।
ਅਬਿ ਲਰਹੁ ਏਕ ਥਲ ਜ਼ੋਰ ਘਾਲ। ਤਜਿ ਚਹੂੰ ਓਰ ਘੇਰਾ ਕਰਾਲ॥੧੬॥

ਜਿਵੇਂ ਪਹਿਲਾਂ ਲੜਾਈ ਕਰਕੇ ਹਾਰ ਪਾਈ ਹੈ, ਉਸ ਰੀਤ ਨਾਲ ਫਿਰ ਹਾਰ ਹੋ ਜਾਵੇਗੀ, ਇਹ ਜਾਣਿਆ ਜਾਂਦਾ ਹੈ। ਹੁਣ ਇਕ ਥਾਂ ਜ਼ੋਰ ਪਾ ਕੇ ਲੜਾਈ ਕਰੋ, ਚਾਰੇ ਪਾਸੇ ਦੇ ਵਿਕਰਾਲ ਘੇਰੇ ਨੂੰ ਛੱਡ ਦੇਵੋ॥੧੬॥

ਗੁਰ ਪਕਰ ਲੇਹੁ ਸਭਿ ਕਾਜ ਸਿੱਧ। ਜਿਸ ਤੇ ਸੁ ਕਰਹਿ ਸੁਨ ਸ਼ਾਹੁ ਬ੍ਰਿੱਧ।
ਅਬਿ ਪੈਂਦਖਾਨ ! ਸਵਧਾਨ ਹੋਇ। ਤੁਮ ਕਰਹੁ ਕਾਜ ਕਹਿ ਪ੍ਰਥਮ ਜੋਇ॥੧੭॥

ਗੁਰੂ ਨੂੰ ਫੜ ਲਈਏ ਤੇ ਸਾਰੇ ਕਾਰਜ ਸਿੱਧ ਹੋ ਜਾਂਦੇ ਹਨ, ਜਿਸ ਕਰਕੇ ਬਾਦਸ਼ਾਹ ਉੱਚਾ ਰੁਤਬਾ ਦੇ ਦੇਵੇਗਾ। ਹੁਣ ਪੈਂਦੇ ਖਾਂ ! ਸਾਵਧਾਨ ਹੋਵੋ। ਤੂੰ ਹੁਣ ਉਹ ਕੰਮ ਕਰ, ਜੋ ਪਹਿਲਾਂ ਕਿਹਾ ਹੈ॥੧੭॥

ਸਿਰੁਪਾਉ ਦੇਹਿ ਹਜ਼ਰਤ ਬਿਸਾਲ। ਬਡ ਬਨਹਿ ਜੀਵਕਾ ਲਿਹੁ ਸੰਭਾਲਿ।
ਨਤੁ ਮਰਨ ਨੀਕ ਮਨ ਲੇਹੁ ਜਾਨ'। ਸੁਨਿ ਕਾਨ ਬਾਕ,ਕਹਿ ਕੁਤਬਖਾਨ:- ॥੧੮॥

ਬਾਦਸ਼ਾਹ ਤੈਨੂੰ ਵੱਡਾ ਸਿਰੋਪਾ ਦੇਵੇਗਾ, ਵੱਡਾ ਅਹੁਦਾ ਮਿਲੇਗਾ, ਉਸ ਨੂੰ ਜਾ ਕੇ ਸੰਭਾਲ ਲਵੋ, ਨਹੀਂ ਤਾਂ ਮਰਨਾ ਠੀਕ ਹੈ, ਮਨ ਵਿਚ ਜਾਣ ਲੈ।" ਇਹ ਗੱਲ ਕੰਨਾਂ ਨਾਲ ਸੁਣ ਕੇ ਕੁਤਬ ਖਾਨ ਨੇ ਕਿਹਾ॥੧੮॥

'ਇਮ ਕਰਨਿ ਉਚਿਤ ਇਸ ਥਲ ਸੰਭਾਰ। ਗਹਿ ਲੇਹੁ ਗੁਰੂ ਅਬਿ ਬਿਨ ਅਵਾਰ।
ਦੁਹੁ ਦਿਸ਼ਨਿ ਸੈਨ ਜੁੱਝੈਂ ਜੁਝਾਰ। ਇਮ ਲਰਨ ਬਿਖੈ ਨਹਿਂ ਪਾਇਂ ਹਾਰ ॥੧੯॥

"ਇਸ ਤਰ੍ਹਾਂ ਕਰਨਾ ਉਚਿਤ ਹੈ, ਇਹ ਥਾਂ ਸੰਭਾਲ ਲਵੋ, ਹੁਣ ਕਿਸੇ ਦੇਰ ਤੋਂ ਬਗੈਰ ਗੁਰੂ ਨੂੰ ਫੜ ਲਵੋ। ਦੋਵੇਂ ਪਾਸੇ ਜੁਝਾਰੂ ਸੈਨਾ ਲੜੇ, ਇਸ ਤਰ੍ਹਾਂ ਲੜਨ ਨਾਲ ਹਾਰ ਨਹੀਂ ਹੋਵੇਗੀ॥੧੯॥

ਕਹਿਂ ਲਾਗਿ ਲਰਹੁ, ਸਭਿ ਘਾਤ ਹੋਇ। ਸਭਿ ਬਾਦ ਜਾਹਿ, ਪਕਰਹੁ ਨ ਕੋਇ'।
ਸੁਨਿ ਪੈਂਦਖਾਨ ਬੋਲਜੋ ਗ਼ਰੂਰ। 'ਮੈਂ ਰਹਜੋ ਪਿਖਤਿ ਗੁਰ ਰਹਹਿ ਦੂਰ ॥੨੦॥

ਕਦ ਤਕ ਲੜੋਗੇ, ਸਭ ਮਰ ਜਾਣਗੇ, ਜਿਸ ਦਾ ਸਭ ਝਗੜਾ ਹੈ, ਉਸ ਨੂੰ ਕੋਈ ਫੜਦਾ ਨਹੀਂ," ਇਹ ਸੁਣ ਕੇ ਪੈਂਦੇ ਖਾਂ ਬੜੇ ਹੰਕਾਰ ਨਾਲ ਬੋਲਿਆ, "ਮੈਂ ਵੇਖਦਾ ਰਿਹਾ ਹਾਂ, ਗੁਰੂ ਦੂਰ ਹੀ ਰਹੇ ਹਨ॥੨੦॥

ਅਬਿ ਜ਼ੋਰ ਪਾਇ ਪਹੁਚੌਂ ਨਜ਼ੀਕ। ਤੁਮ ਦਿਖਹੁ ਖਰੇ ਗਹਿ ਲੇਹੁਂ ਠੀਕ।
ਨਿਜ ਸੈਨ ਬਿਖੈ ਆਨਹੁਂ ਉਠਾਇ। ਭਟ ਅਪਰ ਜਿ ਪਹੁੰਚਹਿਂ ਨਿਕਟਿ ਧਾਇ ॥੨੧॥

ਹੁਣ ਜ਼ੋਰ ਪਾ ਕੇ ਨੇੜੇ ਪਹੁੰਚਦਾ ਹਾਂ, ਤੁਸੀਂ ਜਿਥੇ ਵੀ ਖੜੇ ਵੇਖਦੇ ਰਹੋ, ਠੀਕ ਤਰ੍ਹਾਂ ਫੜ ਲਵਾਂਗਾ। ਨਿੱਜ ਸੈਨਾ ਵਿਚ ਚੁੱਕ ਕੇ ਲੈ ਆਵਾਂਗਾ, ਹੋਰ ਜਿਹੜੇ ਸੂਰਮੇ ਹਨ, ਉਹ ਭੱਜ ਕੇ ਨੇੜੇ ਚਲੇ ਜਾਣਗੇ॥੨੧॥

ਤਿਨ ਲੇਹੁ ਰੋਕਿ ਤੁਮ ਹੇਲ ਘਾਲ। ਤਬਿ ਤੁਰਤ ਸਿੱਧ ਕਾਰਜ ਬਿਸਾਲ'।
ਅਸਮਾਨ ਖਾਨ ਸੁਨਿ ਕਰਿ ਬਖਾਨ। 'ਮੈਂ ਹਨੌਂ ਬਾਨ ਤਕਿ ਤਾਨ ਤਾਨ ॥੨੨॥

ਤੁਸੀਂ ਹਲਾ ਕਰਕੇ ਉਨ੍ਹਾਂ ਨੂੰ ਰੋਕ ਲੈਣਾ ਤਦ ਤੁਰਤ ਸਾਰਾ ਕਾਰਜ ਸਿੱਧ ਹੋ ਜਾਵੇਗਾ।" ਅਸਮਾਨ ਖਾਨ ਨੇ ਸੁਣ ਕੇ ਕਿਹਾ, "ਮੈਂ ਤੱਕ ਕੇ ਤਾਨ ਕੇ ਬਾਣ ਮਾਰ ਕੇ ਮਾਰ ਦੇਵਾਂਗਾ॥੨੨॥

ਨਹਿਂ ਕਰਹੁ ਬਿਲਮ ਗੁਰ ਮਾਨ ਹਾਰ। ਨਹਿਂ ਲਰਜੋ ਦੂਰ ਐ ਕੈ ਜੁਝਾਰ'।
ਇਮ ਕਰਜੋ ਮੰਤ੍ਰ ਮਿਲਿ ਮੂਢ ਖਾਨ। ਪ੍ਰੇਰੰਤਿ ਕਾਲ, ਢਿਗ ਮ੍ਰਿੱਤੁ ਜਾਨਿ ॥੨੩॥

ਦੇਰ ਨਾ ਕਰੋ, ਗੁਰੂ ਹਾਰ ਮੰਨ ਲੈਣਗੇ, ਗੁਰੂ ਸੂਰਮਾ ਨੇੜੇ ਆ ਨਹੀਂ ਲੜਿਆ ਹੈ, ਦੂਰ ਹੀ ਰਿਹਾ ਹੈ।' ਇਸ ਤਰ੍ਹਾਂ ਮੂਰਖ ਖਾਨ ਨੇ ਮਿਲਕੇ ਸਲਾਹ ਕੀਤੀ, ਕਾਲ ਦੇ ਪ੍ਰੇਰੇ ਨੂੰ ਮੌਤ ਨੇੜੇ ਆਈ ਦਿੱਸੀ॥੨੩॥

ਇਕਠੇ ਸਮੂਹ ਦੁੰਦਭਿ ਬਜਾਇ। ਘੇਰਾ ਜੁ ਕੀਨਿ ਤਜਾਗਜੋ ਤਦਾਇ।
ਇਤਿ ਸ੍ਰੀ ਗੁਰਦਿੱਤਾ ਧਨੁ ਸੰਭਾਰਿ। ਤਜਾਗੰਤਿ ਤੀਰ ਰਿਪੁ ਮਾਰਿ ਮਾਰਿ ॥੨੪॥

ਨਗਾਰੇ ਵਜਾ ਕੇ ਸਾਰੇ ਇਕੱਠੇ ਹੋ ਗਏ, ਜਿਹੜਾ ਘੇਰਾ ਪਾਇਆ ਸੀ, ਉਸ ਨੂੰ ਛੱਡ ਦਿੱਤਾ। ਏਧਰ ਗੁਰਦਿੱਤਾ ਧਨੁੱਖ ਸੰਭਾਲ ਕੇ ਤੀਰ ਛੱਡ-ਛੱਡ ਕੇ ਵੈਰੀਆਂ ਨੂੰ ਮਾਰ ਰਿਹਾ ਸੀ॥੨੪॥

ਜਿਤ ਪਰਹਿ ਜਾਇ ਘਮਸਾਨ ਮੇਲਿ। ਗੇਰਤਿ ਤੁਰੰਗ ਹਤਿ ਸੁਭਟ ਗੇਲਿ।
ਸਰ ਹੋਹਿਂ ਪਾਰ ਬਲ ਧਾਰਿ ਮਾਰਿ। ਤੁਰਕਾਨਿ ਬ੍ਰਿੰਦ ਇਮ ਡਾਰਿ ਡਾਰਿ ॥੨੫॥

ਜਿਥੇ ਵੀ ਤੀਰ ਜਾ ਕੇ ਪੈਂਦੇ ਸਨ, ਘਮਸਾਣ ਮਚ ਜਾਂਦਾ ਸੀ, ਘੋੜਿਆਂ ਅਤੇ ਸੂਰਮਿਆਂ ਨੂੰ ਮਾਰ ਕੇ ਗੋਲੀਆਂ ਵਾਂਗ ਡੇਗਦਾ ਹੈ। ਏਨੇ ਜ਼ੋਰ ਨਾਲ ਤੀਰ ਮਾਰਦਾ ਸੀ ਕਿ ਉਹ ਪਾਰ ਹੋ ਜਾਂਦਾ ਸੀ, ਇਸ ਤਰ੍ਹਾਂ ਬਹੁਤ ਤੁਰਕਾਂ ਨੂੰ ਮਾਰ ਕੇ ਡੇਗ ਲਿਆ॥੨੫॥

ਹਯ ਕੋ ਕੁਦਾਇ ਚਹੁਂ ਗਿਰਦ ਫੇਰ। ਪੁਰਿ ਰੱਛ ਕੀਨਿ ਸਭਿ ਹੇਰਿ ਹੇਰਿ।
ਜਹਿਂ ਤੁਰਕ ਜ਼ੋਰ ਘਾਲੰਤਿ ਆਇ। ਸੁਨਿ ਸ਼ੋਰ ਜਾਤਿ ਉਤਲੰਤਿ ਧਾਇ ॥੨੬॥

ਘੋੜੇ ਨੂੰ ਕੁਦਾ ਕੇ ਚਾਰੇ ਪਾਸੇ ਫਿਰਦਾ ਸੀ, ਵੇਖ-ਵੇਖ ਕੇ ਸਾਰੇ ਨਗਰ ਦੀ ਰੱਖਿਆ ਕੀਤੀ। ਜਿਥੇ ਵੀ ਤੁਰਕਾਂ ਦਾ ਜ਼ੋਰ ਪੈ ਜਾਂਦਾ ਸੀ, ਸ਼ੋਰ ਸੁਣ ਕੇ ਤੁਰਤ ਉਧਰ ਚਲਾ ਜਾਂਦਾ ਸੀ॥੨੬॥

ਜਬਿ ਪਿਖਹਿਂ ਬੀਰ,ਗੁਰ ਪੁੱਤ ਆਇ। ਵਧਿ ਅਧਿਕ ਹਤਹਿਂ ਲਖਿ ਕਰਿ ਸਹਾਇ।
ਤੁਰਕਨਿ ਪਲਾਇ ਮਾਰੰਤਿ ਪਾਛ। ਕਰਿ ਤ੍ਰਾਸ ਬਹੁਰ ਨਹਿ ਜੰਗ ਬਾਂਛ॥੨੭॥

ਜਦ ਸੂਰਮੇ ਵੇਖਦੇ ਸਨ ਕਿ ਗੁਰੂ ਪੁੱਤਰ ਆਇਆ ਹੈ ਤਾਂ ਉਹ ਸਹਾਇਕ ਵੇਖ ਕੇ ਬਹੁਤ ਮਾਰੋ ਮਾਰ ਕਰ ਦਿੰਦੇ ਸਨ। ਤੁਰਕ ਪਿੱਛੇ ਵੱਲ ਭੱਜ ਜਾਂਦੇ ਸਨ, ਫਿਰ ਡਰਦੇ ਮਾਰੇ ਜੰਗ ਲੜਨਾ ਨਹੀਂ ਚਾਹੁੰਦੇ ਸਨ॥੨੭॥

ਕੇਤਿਕ ਨਿਖੰਗ ਛੂਛੇ ਕਰੰਤਿ। ਸਰ ਖਰ ਮੰਗਾਇ ਪੁਨ ਲੈ ਭਰੰਤਿ।
ਨਹਿਂ ਨਿਫਲ ਤੀਰ ਤਜਾਗੰਤਿ ਕੋਇ। ਹਯ ਭਟਨਿ ਅੰਗ ਲਗਿ ਪਰਤਿ ਸੋਇ॥੨੮॥

ਕਈ ਤੀਰਾਂ ਦੇ ਭੱਥੇ ਖਾਲੀ ਕੀਤੇ, ਫਿਰ ਹੋਰ ਤੀਰ ਮੰਗਵਾ ਕੇ ਭੱਥੇ ਭਰ ਲਏ। ਕੋਈ ਵੀ ਤੀਰ ਛੱਡਿਆ ਹੋਇਆ ਖਾਲੀ ਨਹੀਂ ਸੀ ਜਾਂਦਾ, ਸਾਰੇ ਘੋੜਿਆਂ ਜਾਂ ਸੂਰਮਿਆਂ ਨੂੰ ਜਾ ਲੱਗਦੇ ਸਨ॥੨੮॥

ਪੁਨ ਸੂਰਜ ਮਲ ਧਨੁ ਕੋ ਸੰਭਾਰਿ। ਕਰਿ ਚੌਂਪ ਸੁ ਛੋਰਤਿ ਸਰ ਪ੍ਰਹਾਰ।
ਸ੍ਰੀ ਤੇਗ ਬਹਾਦੁਰ ਫਿਰਤਿ ਮਾਂਹਿ। ਬਰਜੰਤਿ ਬਹੁਤ,ਘਰ ਹਟਤਿ ਨਾਂਹਿ॥੨੯॥

ਫਿਰ ਸੂਰਜ ਮਲ ਧਨੁੱਖ ਸੰਭਾਲ ਕੇ, ਬੜੇ ਸ਼ੌਕ ਨਾਲ ਤੀਰਾਂ ਦਾ ਵਾਰ ਕਰਨ ਲੱਗਾ। ਸ੍ਰੀ ਤੇਗ ਬਹਾਦਰ ਵੀ ਜੰਗ ਵਿਚ ਫਿਰਦੇ ਸਨ, ਘਰ ਵਾਲੇ ਬਹੁਤ ਵਰਜਦੇ ਸਨ, ਪਰ ਹੱਟਦੇ ਨਹੀਂ ਸਨ॥੨੯॥

ਨਿਜ ਨਿਜ ਤੁਰੰਗ ਫਿਰਤੇ ਧਵਾਇ। ਪੁਰਿ ਮਹਿਂ ਸਹਾਇ ਇਤ ਉਤਹਿ ਜਾਇ।
ਸੂਰਨਿ ਦਲੇਰ ਕਰਤੇ ਬਡੇਰ। ਕਹਿ ਤੁਪਕ ਚਲਾਵਹਿਂ ਦੇਤਿ ਗੇਰਿ॥੩੦॥

ਆਪਣੇ ਆਪਣੇ ਘੋੜੇ ਭਜਾਉਂਦੇ ਫਿਰਦੇ ਸਨ, ਏਧਰ ਓਧਰ ਜਾ ਕੇ ਨਗਰ ਦੀ ਸਹਾਇਤਾ ਕਰਦੇ ਸਨ। ਸੂਰਮੇ ਬਹੁਤ ਦਲੇਰੀ ਕਰਦੇ ਸਨ, ਕਹਿ ਕੇ ਬੰਦੂਕ ਚਲਾਉਂਦੇ ਸਨ ਤੇ ਡੇਗ ਦਿੰਦੇ ਸਨ॥੩੦॥

ਗੁਰ ਮਹਿਲ ਅਟਾਰੀ ਜਹਿਂ ਉਤੰਗ। ਤਹਿਂ ਚਢੀ ਨਾਨਕੀ ਪਿਖਹਿ ਜੰਗ।
ਨਿਜ ਨੁਖਾ ਸਹਤਿ ਸੁਨਿ ਅਧਿਕ ਰੋਰ। ਨਰ ਮ੍ਰਿਤਕ ਹਯਨਿ ਲਖਿ ਠੌਰ ਠੌਰ॥੩੧॥

ਗੁਰੂ ਜੀ ਦੇ ਮਹਿਲਾਂ ਵਿਚ ਜਿਥੇ ਉੱਚੀ ਅਟਾਰੀ ਸੀ, ਉਥੇ ਮਾਤਾ ਨਾਨਕੀ ਚੜ੍ਹ ਕੇ ਲੜਾਈ ਵੇਖਦੀ ਸੀ। ਆਪਣੀ ਨੂੰਹ ਸਮੇਤ ਜ਼ਿਆਦਾ ਰੌਲਾ ਸੁਣ ਕੇ ਥਾਂ-ਥਾਂ ਘੋੜਿਆਂ ਅਤੇ ਮਨੁੱਖਾਂ ਨੂੰ ਮਰਿਆ ਹੋਇਆਂ ਨੂੰ ਵੇਖ ਰਹੀਆਂ ਸਨ॥੩੧॥

ਚਢਿ ਕਰਿ ਮਰਵਾਹੀ ਊਚ ਥਾਨ। ਤੁਰਕਾਨਿ ਸੈਨ ਦੇਖਤਿ ਮਹਾਨ।
ਪਰਵਾਰ ਗੁਰਨਿ ਚਢਿ ਚਢਿ ਨਿਹਾਰ। ਕੜਕਾਰ ਤੁਫੰਗਨਿ ਬਾਰ ਬਾਰ॥੩੨॥

ਮਾਤਾ ਮਰਵਾਹੀ ਜੀ ਉੱਚੇ ਥਾਂ ਚੜ੍ਹ ਕੇ, ਤੁਰਕਾਂ ਦੀ ਮਹਾਨ ਸੈਨਾ ਨੂੰ ਵੇਖਦੇ ਸਨ। ਗੁਰੂ ਜੀ ਦਾ ਪਰਿਵਾਰ ਚੜ੍ਹ-ਚੜ੍ਹ ਕੇ ਵੇਖਦਾ ਸੀ। ਬੰਦੂਕਾਂ ਚਲਣ ਦੀ ਕੜ ਕੜ ਦੀ ਆਵਾਜ਼ ਬਾਰ ਬਾਰ ਆਉਂਦੀ ਸੀ॥੩੨॥

ਗੁਰਦਿਸ਼ਾ ਦਿਖਹਿਂ ਜਹਿਂ ਕਰਤਿ ਜੰਗ:-'ਗੁਰ ਨਾਨਕ ਬਨਹਿਂ ਸਹਾਇ ਅੰਗ'।
ਸਿਮਰੰਤਿ ਨਾਮ ਡਰ ਧਾਰਿ ਧਾਰਿ। ਤੁਰਕਾਨਿ ਫੌਜ ਬਹੁਤੀ ਨਿਹਾਰਿ॥੩੩॥

ਗੁਰੂ ਜੀ ਵਾਲੇ ਪਾਸੇ ਵੇਖਦੇ ਸਨ, ਜਿਥੇ ਉਹ ਜੰਗ ਕਰ ਰਹੇ ਸਨ, ਗੁਰੂ ਨਾਨਕ ਦੇਵ ਜੀ ਉਨ੍ਹਾਂ ਦੇ ਅੰਗਾਂ ਦੇ ਸਹਾਇਕ ਬਣਨ।'' ਡਰ ਧਾਰ ਧਾਰ ਕੇ ਨਾਮ ਦਾ ਸਿਮਰਨ ਕਰਦੀਆਂ ਸਨ, ਤੁਰਕਾਂ ਦੀ ਫੌਜ ਜ਼ਿਆਦਾ ਗਿਣਤੀ ਵਿਚ ਦਿਖਾਈ ਦਿੰਦੀ ਸੀ॥੩੩॥

ਪੁੱਤ੍ਰਨਿ ਸਨੇਹ ਉਰ ਅਧਿਕ ਆਇ। ਚਿਤ ਚਹਿਂ ਹਟਾਇਬੇ ਨਰ ਪਠਾਇ।
ਮਾਨਹਿਂ ਨ ਸੋਇ ਨਹਿਂ ਮੁਰਤਿ ਬੀਰ। 'ਹਮ ਸ਼ਸਤ੍ਰ ਧਰਤਿ ਛੱਤ੍ਰੀ ਸੁਧੀਰ ॥੩੪ ॥

ਹਿਰਦੇ ਵਿਚ ਪੁੱਤਰਾਂ ਬਾਰੇ ਜ਼ਿਆਦਾ ਪਿਆਰ ਆਉਂਦਾ ਸੀ, ਚਿੱਤ ਵਿਚ ਚਾਹੁੰਦੇ ਸਨ ਕਿ ਸੇਵਕਾਂ ਨੂੰ ਭੇਜ ਕੇ ਉਨ੍ਹਾਂ ਨੂੰ ਲੜਾਈ ਕਰਨ ਤੋਂ ਹਟਾ ਦੇਈਏ। ਉਹ ਮੰਨਦੇ ਨਹੀ ਸੀ ਤੇ ਯੋਧੇ ਮੁੜਦੇ ਨਹੀਂ ਸਨ, ਤੇ ਕਹਿੰਦੇ ਸਨ "ਅਸੀਂ ਸ੍ਰੇਸ਼ਟ ਧੀਰਜਵਾਨ ਖੱਤਰੀਆਂ ਨੇ ਸ਼ਸਤਰ ਧਾਰਨ ਕੀਤੇ ਹਨ॥੩੪॥

ਰਣ ਤਜਾਗਿ ਦੇਨਿ ਇਹੁ ਧਰਮ ਨਾਂਹਿ। ਗਨ ਰਿਪੁਨਿ ਹਨਹਿਂ ਹਮ ਜੰਗ ਮਾਂਹਿ।
ਗੁਰ ਪਿਤਾ ਜਥਾ ਹੱਥਜਾਰ ਧਾਰਿ। ਤੁਰਕਾਨਿ ਸੈਨ ਅਨਗਨ ਸੰਘਾਰਿ ॥੩੫ ॥

ਰਣਖੇਤਰ ਨੂੰ ਛੱਡਣਾ ਸਾਡਾ ਧਰਮ ਨਹੀਂ ਹੈ, ਅਸੀਂ ਜੰਗ ਵਿਚ ਬਹੁਤ ਵੈਰੀਆਂ ਨੂੰ ਮਾਰਾਂਗੇ। ਜਿਵੇਂ ਸਾਡੇ ਗੁਰੂ ਪਿਤਾ ਜੀ ਨੇ ਹਥਿਆਰ ਧਾਰਨ ਕੀਤੇ ਹਨ ਤੇ ਤੁਰਕਾਂ ਦੀ ਅਣਗਿਣਤ ਸੈਨਾ ਨੂੰ ਮਾਰਿਆ ਹੈ॥੩੫॥

ਹਮ ਹਤਹਿਂ ਤਥਾ, ਨਹਿਂ ਹਟਹਿਂ ਜੰਗ'। ਇਮ ਭਾਖਿ ਪ੍ਰਹਾਰਤਿ ਸਰ ਨਿਸ਼ੰਗ।
ਜਬਿ ਲਖੇ ਤੁਰਕ ਸਮੁਦਾਇ ਧਾਇ। ਇਕ ਥਲ ਸੁ ਭਏ ਸਭਿ ਸਿਮਟਿ ਆਇ ॥੩੬ ॥

ਅਸੀਂ ਵੀ ਉਸੇ ਤਰ੍ਹਾਂ ਮਾਰਾਂਗੇ, ਜੰਗ ਕਰਨ ਤੋਂ ਨਹੀਂ ਹਟਾਂਗੇ।" ਇਸ ਤਰ੍ਹਾਂ ਕਹਿ ਕੇ ਨਿਸ਼ੰਗ ਤੀਰਾਂ ਦੇ ਵਾਰ ਕਰ ਰਹੇ ਸਨ। ਜਦ ਤੁਰਕਾਂ ਦੀ ਸੈਨਾਂ ਨੂੰ ਅੱਗੇ ਵਧਦਿਆਂ ਵੇਖਿਆ, ਜਿਹੜੇ ਇਕ ਥਾਂ ਸਾਰੇ ਇਕੱਠੇ ਹੋ ਗਏ॥੩੬॥

ਸਤਿਗੁਰ ਸਮੇਤ ਬਿਧੀਆ ਸੁ ਧੀਰ। ਅਰੁ ਬਿੱਪ੍ਰ ਮਲਕ ਜਾਤੀ ਸੁ ਬੀਰ।
ਇੱਤਜਾਦਿ ਸੁਭਟ ਸਮੁਦਾਇ ਆਇ। ਸਿਤ ਬਸਤ੍ਰ ਛੀਟ ਸ਼ੋਣਤ ਲਗਾਇ ॥੩੭ ॥

ਸਤਿਗੁਰੂ ਸਮੇਤ ਧੀਰਜਵਾਨ ਬਿਧੀ ਚੰਦ ਅਤੇ ਬ੍ਰਾਹਮਣ ਜਾਤੀ ਮਲਕ ਸੂਰਮਾ ਇਤਿਆਦਿ ਸਾਰੇ ਸੂਰਬੀਰ ਇਕੱਠੇ ਹੋ ਕੇ ਆਏ, ਸਫੇਦ ਕੱਪੜਿਆਂ ਨੂੰ ਲਾਲ ਲਹੂ ਲੱਗਾ ਸੀ॥੩੭॥

ਰਿਪੁ ਸਮੁਖ ਬਾਂਧਿ ਕਰਿ ਟੋਲ ਬ੍ਰਿੰਦ। ਹੋਇ ਖਰੇ ਗੁਰੂ ਸ਼੍ਰੀ ਹਰਿਗੁਬਿੰਦ।
ਤੀਰਨ ਮੰਗਾਇ ਭਰਿ ਕਰਿ ਨਿਖੰਗ। ਜਨੁ ਗਨ ਬਟੋਰ ਪ੍ਰਵਿਸ਼ੇ ਭੁਜੰਗ ॥੩੮ ॥

ਵੈਰੀ ਸਾਹਮਣੇ ਬੰਨ੍ਹ ਕੇ ਕਈ ਟੋਲੇ ਬਣਾਏ। ਸ੍ਰੀ ਗੁਰੂ ਹਰਿਗੋਬਿੰਦ ਜੀ ਖੜੇ ਹੋ ਗਏ। ਇਕ ਤੀਰਾਂ ਦਾ ਭਰਿਆ ਹੋਇਆ ਭੱਥਾ ਮੰਗਵਾਇਆ, ਜਿਵੇਂ ਸੱਪ ਇਕੱਠੇ ਕਰਕੇ ਭੱਥੇ ਵਿਚ ਪਾਏ ਹੋਣ॥੩੮॥

ਗੁਲਕਾਨਿ ਬਹੁਤ ਬਾਰੂਦ ਦੀਨਿ। ਮਨ ਭਾਇ ਜਿਤੀ ਸੁਭਟਾਨਿ ਲੀਨਿ।
ਜਲ ਪਾਨ ਕੀਨਿ ਸਵਧਾਨ ਹੋਇ। ਤੁਰਕਾਨਿ ਅੱਗ੍ਰ ਰਣ ਮੈਂ ਖਲੋਇ॥ ੩੯ ॥

ਗੋਲੀਆਂ ਤੇ ਬਹੁਤ ਬਾਰੂਦ ਦਿੱਤਾ, ਜਿੰਨਾ ਵੀ ਕਿਸੇ ਨੂੰ ਚਾਹੀਦਾ ਸੀ ਲੈ ਲਿਆ। ਜਲ ਪਾਨ ਕਰਕੇ ਸਾਵਧਾਨ ਹੋ ਗਏ ਤੇ ਰਣਖੇਤਰ ਵਿਚ ਤੁਰਕਾਂ ਦੇ ਸਾਹਮਣੇ ਖਲੋ ਗਏ॥੩੯॥

ਦੁਹਿਂ ਦਿਸ਼ਨਿ ਸੂਰ ਗਨ ਦੂਰ ਦੂਰ। ਦੁੰਦਭਿ ਬਜੰਤਿ ਧੁਨਿ ਊਚ ਭੂਰ।
ਹ੍ਵੈ ਕੈ ਸੁਚੇਤ ਪੁਨ ਲਰਨ ਚਾਹਿ। ਸਰਦਾਰ ਪਹੁਚਿਬੇ ਹਿਤ ਉਮਾਹਿ॥ ੪੦ ॥

ਦੋਵੀਂ ਪਾਸੀ ਸੂਰਮੇ ਦੂਰ-ਦੂਰ ਖਲੋਤੇ ਸਨ, ਨਗਾਰੇ ਬੜੀ ਉੱਚੀ ਆਵਾਜ਼ ਵਿਚ ਵੱਜ ਰਹੇ ਸਨ। ਸੁਚੇਤ ਹੋ ਕੇ ਫਿਰ ਲੜਨਾ ਚਾਹਿਆ। ਸਰਦਾਰ ਬੜੇ ਉਮਾਹ ਨਾਲ ਪਹੁੰਚ ਗਏ॥੪੦॥

ਦੋਹਰਾ-ਇਸ ਪ੍ਰਕਾਰ ਥਿਰ ਬਾਂਧਿ ਕੈ ਦੁਹਿ ਦਿਸ਼ਿ ਤੇ ਸਵਧਾਨ।
ਲਰਨ ਮਰਨ ਅਰਿ ਸੌਂ ਅਰਨ ਛੁਟਹਿਂ ਤੁਫੰਗ ਮਹਾਨ॥ ੪੧ ॥

ਇਸ ਤਰ੍ਹਾਂ ਪਰ੍ਹੇ ਬੰਨ੍ਹ ਕੇ ਦੋਵਾਂ ਪਾਸਿਆਂ ਦੇ ਯੋਧੇ ਸਾਵਧਾਨ ਹੋ ਗਏ। ਲੜਨ ਮਰਨ ਅਤੇ ਵੈਰੀ ਨਾਲ ਅੜਨ ਲਈ ਮਹਾਨ ਬੰਦੂਕਾਂ ਚਲੀਆਂ॥੪੧॥

ਚਢਜੋ ਜਾਮ ਦਿਨ ਲਰਤਿ ਤਬਿ ਤੁਰਕ ਸ੍ਰਮਤਿ ਬਹੁ ਹੋਇ।
ਥਿਤੇ ਸਵਾ ਦੋ ਪਹਿਰ ਜਿਨ ਕਰਤੇ ਜੰਗ ਖਰੋਇ॥ ੪੨॥

ਤਦ ਲੜਦਿਆਂ ਨੂੰ ਇਕ ਪਹਿਰ ਦਿਨ ਬੀਤ ਗਿਆ, ਤੁਰਕ ਬਹੁਤ ਥੱਕ ਗਏ। ਉਹਨਾਂ ਨੂੰ ਖਲੋ ਕੇ ਜੰਗ ਕਰਦਿਆਂ ਨੂੰ ਸਵਾ ਦੋ ਪਹਿਰ ਬੀਤ ਗਏ ਸਨ॥੪੨॥

ਸਵਾ ਜਾਮ ਨਿਸ ਰਹੇ ਤੇ ਪਰਜੋ ਜੰਗ ਘਮਸਾਨ।
ਦਿਵਸ ਜਾਮ ਇਕ ਚਢੇ ਲਗਿ ਤੁਰਕਨਿ ਕੀ ਗਨ ਹਾਨਿ॥ ੪੩॥

ਸਵਾ ਪਹਿਰ ਰਾਤ ਰਹਿੰਦਿਆਂ ਮਹਾਨ ਘਮਸਾਣ ਦਾ ਜੰਗ ਕੀਤਾ ਸੀ। ਦਿਨ ਦੇ ਇਕ ਪਹਿਰ ਚੜ੍ਹਨ ਤਕ ਤੁਰਕਾਂ ਦਾ ਬਹੁਤ ਨੁਕਸਾਨ ਹੋਇਆ॥੪੩॥

ਪੰਥ ਚਲਤਿ ਕਛੁ ਸ੍ਰਮਤਿ ਭੇ ਬਹੁਰੋ ਜੰਗ ਬਿਸਾਲ।
ਪੁਨ ਸਤਿਗੁਰ ਸਮਰੱਥ ਬਡ ਨਾਸ਼ ਕੀਨਿ ਰਿਪੁ ਜਾਲ॥ ੪੪॥

ਕੁਝ ਰਾਹ ਵਿਚ ਚਲਦੇ ਥੱਕ ਗਏ ਸਨ ਤੇ ਬਾਅਦ ਵੱਡਾ ਜੰਗ ਵੀ ਹੋਇਆ ਸੀ, ਫਿਰ ਸਮਰੱਥ ਸਤਿਗੁਰੂ ਜੀ ਨੇ ਬਹੁਤ ਨੁਕਸਾਨ ਕੀਤਾ ਤੇ ਬਹੁਤ ਦੁਸ਼ਮਣਾਂ ਦਾ ਨਾਸ਼ ਕੀਤਾ॥੪੪॥

*ਅੱਠਵੀਂ ਰਾਸ ਦਾ ਪੰਝੀਵਾਂ ਅਧਿਆਇ ਸਮਾਪਤ ਹੋਇਆ॥੨੫॥*

## ਅਧਿਆਇ ਛੱਬੀਵਾਂ

*ਭਾਈ ਲੱਖੂ ਬੱਧ*

ਦੋਹਰਾ-ਪਰੇ ਬੰਧਿ ਦਲ ਦੋ ਖਰੇ ਛੁਟੈਂ ਤੁਫੰਗ ਰੁ ਤੀਰ।
ਜੋਧਾ ਵਧਹਿਂ ਪ੍ਰਹਾਰ ਕਰਿ ਪੁਨ ਨਿਜ ਥਿਰ ਹ੍ਵੈਂ ਤੀਰ॥ ੧॥

ਟੋਲੇ ਬੰਨ੍ਹ ਕੇ ਦੋਵੇਂ ਦਲ ਖੜੇ ਸਨ ਤੇ ਬੰਦੂਕਾਂ ਤੇ ਤੀਰ ਚਲ ਰਹੇ ਸਨ, ਵਾਰ ਕਰਕੇ ਯੋਧੇ ਅੱਗੇ ਵਧਦੇ ਸਨ ਤੇ ਫਿਰ ਆਪਣੇ ਟੋਲੇ ਵਿਚ ਵਾਪਸ ਆ ਜਾਂਦੇ ਸਨ॥੧॥

ਪਾਧੜੀ ਛੰਦ-ਤਬਿ ਕੁਤਬ ਖਾਨ ਪ੍ਰੇਰਜੋ ਤੁਰੰਗ। ਗਹਿ ਧਨੁਖ ਐਂਚਿ ਬਡ ਓਜ ਸੰਗ।
ਖਰ ਸਰ ਨਿਕਾਰਿ ਗੁਨ ਮਹਿਂ ਅਰੋਪਿ। ਸਭਿ ਕੌਂ ਦਿਖਾਇ ਰਣ ਕੀਨਿ ਚੋਂਪ॥੨॥

ਫਿਰ ਕੁਤਬ ਖਾਂ ਨੇ ਆਪਣੇ ਘੋੜੇ ਨੂੰ ਛੇੜਿਆ, ਧਨੁੱਖ ਫੜ ਕੇ ਉਸ ਨੂੰ ਬੜੇ ਜ਼ੋਰ ਨਾਲ ਖਿਚਿਆ, ਤਿਖਾ ਤੀਰ ਕੱਢ ਕੇ ਧਨੁੱਖ ਵਿਚ ਧਰਿਆ, ਸਾਰਿਆਂ ਨੂੰ ਵਿਖਾ ਬੜੇ ਚਾਅ ਨਾਲ ਯੁੱਧ ਕੀਤਾ॥੨॥

ਤਕਿ ਤਾਨ ਕਾਨ ਲਗਿ ਬਾਨ ਛੋਰਿ। ਬੇਧਤਿ ਸੁ ਬੇਗ ਭਟ ਗੁਰਨਿ ਓਰ।
ਬਜਿਯੰਤਿ ਰਾਗ ਮਾਰੂ ਨਿਸ਼ਾਨ। ਦਿਖਯੰਤਿ ਬੀਰ ਜੁਝਤਿ ਮਹਾਨ॥ ੩॥

ਕੰਨ ਤਕ ਖਿੱਚ ਕੇ ਤੀਰ ਛੱਡਿਆ, ਜਿਸ ਨੇ ਗੁਰੂ ਜੀ ਦੇ ਬਹੁਤ ਸੂਰਮਿਆਂ ਨੂੰ ਵਿੰਨ੍ਹ ਦਿੱਤਾ। ਮਾਰੂ ਰਾਗ ਦਾ ਨਿਗਾਰਾ ਵਜਿਆ, ਸੂਰਮੇ ਬਹੁਤ ਜੂਝਦੇ ਦਿਖਾਈ ਦੇ ਰਹੇ ਸਨ॥੩॥

ਬਿਚ ਬਾਹਿਨੀ ਸੁ ਗੁਰ ਸਥਿਤ ਹੋਇ। ਅਵਿਲੋਕ ਜੰਗ ਜਿਮ ਲਰਤਿ ਦੋਇ।
ਦੁਹਿ ਦਿਸ਼ਨਿ ਦੀਹ ਦੁੰਦਭਿ ਬਜੰਤਿ। ਉਤ ਖਾਨ ਸੁ ਕਾਲਾ ਰਨ ਦਿਖੰਤਿ॥੪॥

ਸੈਨਾ ਦੇ ਵਿਚ ਗੁਰੂ ਜੀ ਸਥਿਤ ਹੋਏ ਸਨ, ਜੰਗ ਨੂੰ ਵੇਖ ਰਹੇ ਸਨ, ਜਿਵੇਂ ਦੋਵੇਂ ਪਾਸੇ ਲੜ ਰਹੇ ਸਨ। ਦੋਵੇਂ ਪਾਸੀਂ ਭਿਆਨਕ ਨਿਗਾਰੇ ਵੱਜ ਰਹੇ ਸਨ, ਉਧਰ ਕਾਲੇ ਖਾਂ ਰਣਖੇਤਰ ਨੂੰ ਵੇਖ ਰਿਹਾ ਸੀ॥੪॥

ਗੁਰ ਸੁਭਟ ਬਲੀ ਲੱਖੂ ਸੁ ਨਾਮ। ਹਯ ਕੋ ਕੁਦਾਇ ਕਰਿ ਜੰਗ ਧਾਮ।
ਪਹੁੰਚਯੋ ਸਮੀਪ ਜਹਿਂ ਕੁਤਬਖਾਨ। ਭਰਿ ਬਾਨ ਪ੍ਰਹਾਰਹਿ ਤਾਨ ਤਾਨ॥੫॥

ਗੁਰੂ ਜੀ ਦਾ ਇਕ ਸੂਰਮਾ ਜਿਸ ਦਾ ਨਾਮ ਲਖੂ ਸੀ, ਉਹ ਘੋੜਾ ਕੁਦਵਾ ਕੇ ਮੈਦਾਨ ਜੰਗ ਵਿਚ ਚਲਾ ਗਿਆ। ਜਿਥੇ ਕੁਤਬ ਖਾਨ ਖੜਾ ਸੀ ਉਸ ਦੇ ਪਾਸ ਪਹੁੰਚਿਆ। ਧਨੁੱਖ ਭਰ ਕੇ ਤਾਨ-ਤਾਨ ਕੇ ਵਾਰ ਕਰਦਾ ਸੀ।

ਤਿਹ ਨਿਕਟਿ ਔਰ ਉਮਰਾਵ ਬੀਰ। ਹੁਇ ਅੱਗ੍ਰ ਚਾਂਪ ਐਂਚਤਿ ਸਧੀਰ।
ਗੁਰੁ ਸੁਭਟ ਵਧਹਿਂ ਜਬਿ ਸਮੁਖ ਆਇ। ਤਕਿ ਤਾਨ ਬਾਨ ਕੋ ਕਰਤਿ ਘਾਇ॥੬॥

ਉਸ ਦੇ ਲਾਗੇ ਹੋਰ ਵੀ ਕਈ ਉਮਰਾਵ ਸੂਰਬੀਰ ਸਨ, ਉਨ੍ਹਾਂ ਅੱਗੇ ਹੋ ਕੇ ਧਨੁੱਖ ਨੂੰ ਖਿਚਿਆ ਜਦ ਗੁਰੂ ਦਾ ਸੂਰਮਾ ਅੱਗੇ ਵੱਧ ਕੇ ਸਾਹਮਣੇ ਜਾਂਦਾ ਸੀ ਤਾਂ ਨਿਸ਼ਾਨਾ ਲਾ ਕੇ ਬਾਣ ਦਾ ਵਾਰ ਕਰਕੇ ਘਾਇਲ ਕਰ ਦਿੰਦੇ ਸਨ॥੬॥

ਤਨ ਦਿਪਹਿ ਬਿਭੂਖਨ ਹੇਮ ਜਾਂਹਿ। ਜਰ ਜਬਰ ਜਵਾਹਰਿ ਜ਼ੇਬ ਮਾਂਹਿ।
ਤਿਸ ਕੇ ਸਮੀਪ ਲੱਖੂ ਸਿਧਾਇ। ਖਰ ਸਰ ਨਿਕਾਰਿ ਮਨ ਮੈਂ ਰਿਸਾਇ॥੭॥

ਜਿਸ ਦੇ ਸਰੀਰ ਉਤੇ ਸੋਨੇ ਦੇ ਗਹਿਣੇ ਚਮਕ ਰਹੇ ਸਨ, ਜਿਹੜੇ ਹੀਰੇ ਜਵਾਹਰਾਤ ਨਾਲ ਜੜੇ ਹੋਏ ਸਨ। ਲੱਖੂ ਉਸ ਦੇ ਪਾਸ ਗਿਆ ਤੇ ਤਿੱਖਾ ਤੀਰ ਕੱਢ ਕੇ ਤੇ ਮਨ ਵਿਚ ਰੋਸ ਧਾਰ ਕੇ ਚਲਾਇਆ॥੭॥

ਭਰਿ ਬਾਨ ਕਾਨ ਲਗਿ ਤਾਨਿ ਭੂਰ। ਤਜਾਗਯੋ ਸਬੇਗ ਰਿਪੁ ਪੈ ਗ਼ਰੂਰ।
ਲਗਿ ਰਿਦਾ ਫੋਰ ਪਰਿ ਪਾਰਿ ਜਾਇ। ਉਥਲਾਇ ਦੀਨਿ ਹਯ ਤੇ ਗਿਰਾਇ॥੮॥

ਤੀਰ ਭਰ ਕੇ ਤੇ ਕੰਨ ਤਕ ਖਿੱਚ ਕੇ ਝਟ ਵੈਰੀ ਉਤੇ ਘੁਮੰਡ ਕਰਕੇ ਛੱਡ ਦਿੱਤਾ। ਉਹ ਲੱਗ ਕੇ ਹਿਰਦਾ ਪਾੜ ਕੇ ਪਾਰ ਹੋ ਗਿਆ ਤੇ ਸੂਰਮਾ ਘੋੜੇ ਤੋਂ ਉਲਟਾ ਕੇ ਡੇਗ ਦਿੱਤਾ॥੮॥

ਉਮਰਾਵ ਸਕਲ ਤਬਿ ਦੇਖਿ ਤਾਂਹਿ। ਲਲਕਾਰ ਬੰਗਾਰਯੋ ਜੰਗ ਮਾਂਹਿ।
ਪਿਖਿ ਕੁਤਬਖਾਨ, ਸਨਬੰਧਿ ਜਾਂਹਿ। ਢਿਗ ਹੁਤੋ, ਕ੍ਰੋਧ ਕਿਯ ਅਲਪ ਨਾਂਹਿ॥੯॥

ਜਦ ਸਾਰੇ ਉਮਰਾਵ ਨੇ ਉਸ ਨੂੰ ਵੇਖਿਆ ਤਾਂ ਲਲਕਾਰ ਕੇ ਜੰਗ ਵਿਚ ਵੰਗਾਰਿਆ। ਜਿਥੇ ਕੁਤਬ ਖਾਨ ਨੂੰ ਹਥਿਆਰ ਬੰਧ ਵੇਖਿਆ ਉਹ ਪਾਸ ਹੀ ਖੜਾ ਸੀ, ਉਸ ਨੇ ਬਹੁਤ ਕ੍ਰੋਧ ਕੀਤਾ॥੯॥

ਲੱਖੂ ਸਮੀਪ ਪ੍ਰੇਰਯੋ ਤੁਰੰਗ। 'ਕਿਤ ਚਲਯੋ ਮਾਰਿ? ਥਿਰ ਹੋਇ ਜੰਗ।
ਪਲਟਾ ਸੁ ਦੇਹੁ, ਲੈ ਕੈ ਨ ਜਾਇ। ਤਬਿ ਤੀਰ ਪ੍ਰਹਾਰਯੋ ਹੀਯ ਮਾਂਹਿ॥੧੦॥

ਲੱਖੂ ਦੇ ਪਾਸ ਘੋੜੇ ਨੂੰ ਪ੍ਰੇਰਿਆ, ਤੇ ਕਿਹਾ, "ਮਾਰ ਕੇ ਕਿਥੇ ਚਲਿਆ ਹੈਂ ? ਖੜਾ ਹੋ ਕੇ ਜੰਗ ਕਰ। ਬਦਲਾ ਹੁਣ ਦੇ, ਲੈ ਕੇ ਨਾ ਜਾ। ਤਦ ਉਸ ਹਿਰਦੇ ਵਿਚ ਤੀਰ ਮਾਰਿਆ॥੧੦॥

ਲਗਿ ਬਾਮ ਕੰਧ ਮੈਂ ਦਿਖਤਿ ਪਾਰ। ਤਨ ਘਾਇ ਖਾਇ ਹ੍ਵੈ ਕੈ ਸੁਮਾਰ।
ਰਿਸ ਖੜਗ ਨਿਕਾਸਜ ਦੁਹਨਿ ਹਾਥ। ਪੇਰਜੋ ਤੁਰੰਗ ਬਡ ਬੇਗ ਸਾਥ॥੧੧॥

ਉਹ ਤੀਰ ਖੱਬੇ ਮੋਢੇ ਵਿਚ ਵੇਖਦਿਆਂ ਪਾਰ ਹੋ ਗਿਆ, ਪਰ ਵੱਡਾ ਜ਼ਖਮੀ ਹੋ ਕੇ ਵੀ ਉਸ ਹੌਸਲਾ ਨਾ ਛੱਡਿਆ, ਗੁੱਸੇ ਵਿਚ ਆ ਕੇ ਸੱਜੇ ਹੱਥ ਨਾਲ ਤਲਵਾਰ ਨੂੰ ਕੱਢਿਆ। ਘੋੜੇ ਨੂੰ ਬਹੁਤ ਤੇਜ਼ੀ ਨਾਲ ਪ੍ਰੇਰਿਆ॥੧੧॥

ਤਬਿ ਕੁਤਬ ਖ਼ਾਨ ਰਹਿ ਗੋ ਸੁ ਦੂਰ। ਬਿਚ ਪਰਜੋ ਆਇ ਭਟ ਇਕ ਸਊਰ।
ਲਿਯ ਰੋਕਿ ਅੱਗ੍ਰ ਭਾ ਸਮੁਖ ਬੀਰ। ਨਹਿਂ ਦਿਯੋ ਜਾਨਿ, ਤਬਿ ਕੁਤਬ ਤੀਰ॥੧੨॥

ਤਦ ਕੁਤਬ ਖਾਨ ਬਹੁਤ ਦੂਰ ਰਹਿ ਗਿਆ, ਇਕ ਹੋਰ ਸੂਰਮਾ ਵਿਚ ਆ ਪਿਆ। ਉਸ ਸੂਰਮੇ ਨੇ ਸਾਹਮਣੇ ਹੋ ਕੇ ਅੱਗੇ ਜਾਣ ਤੋਂ ਰੋਕ ਲਿਆ ਤੇ ਉਸ ਕੁਤਬ ਖਾਂ ਦੇ ਪਾਸ ਜਾਣ ਨਾ ਦਿੱਤਾ॥੧੨॥

ਅਤਿ ਹੁਤੇ ਕ੍ਰੋਧ ਦਿਯ ਨਹਿਂ ਸੰਭਾਰ। ਸੋ ਖੜਗ ਤਾਂਹਿ ਪਰ ਤਮਕ ਝਾਰਿ।
ਕਟਿ ਮੁੰਡ ਗ੍ਰੀਵ ਤੇ ਆਇ ਭੂਮ। ਪੁਨ ਗਿਰਜੋ ਤੁਰੰਗ ਤੇ ਰੁੰਡ ਝੂਮਿ॥੧੩॥

ਲਖੂ ਬਹੁਤ ਕ੍ਰੋਧ ਨਾਲ ਭਰਿਆ ਸੀ, ਸੰਭਾਲ ਨਾ ਹੋਣ ਦਿੱਤੀ, ਲੱਖੂ ਨੇ ਉਹੀ ਤਲਵਾਰ ਉਸ ਸੂਰਮੇ ਦੇ ਉਤੇ ਝਾੜ ਦਿੱਤੀ, ਉਸ ਦਾ ਸਿਰ ਕਟਿਆ ਗਿਆ ਤੇ ਉਹ ਧਰਤੀ ਤੇ ਆ ਡਿੱਗਾ। ਫਿਰ ਭੁਆਂਟਣੀ ਖਾ ਕੇ ਘੋੜੇ ਤੋਂ ਡਿੱਗ ਪਿਆ॥੧੩॥

ਜਹਿਂ ਕੁਤਬ ਹੁਤੇ ਤਿਤ ਕੋ ਸਿਧਾਇ। ਤਿਹ ਚਹਤਿ ਹਤਨ ਭੌਂਹਨਿ ਚਢਾਇ।
ਸਭਿ ਸੈਨ ਬਿਲੋਕਤਿ, ਦੋਇ ਮਾਰ। ਆਵਤਿ ਸੁ ਬੇਗ ਕੁਤਬਾ ਨਿਹਾਰਿ॥੧੪॥

ਜਿਥੇ ਕੁਤਬ ਖਾਨ ਸੀ ਉਸ ਪਾਸੇ ਭੱਜ ਉਠਿਆ, ਭੋਹਾਂ ਚੜ੍ਹਾ ਕੇ ਉਸ ਨੂੰ ਮਾਰਨਾ ਚਾਹੁੰਦਾ ਸੀ। ਸਭ ਸੈਨਾ ਦੇ ਵੇਖਦਿਆਂ ਦੋ ਸੂਰਮੇ ਮਾਰ ਦਿੱਤੇ। ਕੁਤਬੇ ਨੂੰ ਵੇਖ ਕੇ ਬੜੀ ਤੇਜ਼ੀ ਨਾਲ ਆਇਆ॥੧੪॥

ਜਿਹ ਖੜਗ ਹਾਥ ਦਾਰੁਨ ਬਿਸਾਲ। ਸਭਿ ਰਹਜੋ ਭੀਜ ਬਹੁ ਸ੍ਰੋਣ ਨਾਲ।
ਮੋਢੇ ਖਤੰਗ ਬੀਧਜੋ ਦਿਖੰਤਿ। ਨਹਿਂ ਟਰਤਿ ਬੀਰ ਸਨਮੁਖ ਅਵੰਤਿ॥੧੫॥

ਜਿਸ ਹੱਥ ਵਿਚ ਭਿਆਨਕ ਤਲਵਾਰ ਫੜੀ ਸੀ, ਉਹ ਸਾਰੀ ਬਹੁਤ ਖ਼ੂਨ ਨਾਲ ਭਿੱਜ ਗਈ। ਮੋਢੇ ਨਾਲ ਤੀਰਾਂ ਦਾ ਭੱਥਾ ਬੱਧਾ ਦਿਸਦਾ ਸੀ। ਸੂਰਬੀਰ ਟਲਿਆ ਨਹੀਂ ਸਾਹਮਣੇ ਆ ਗਿਆ॥੧੫॥

ਪੁਨ ਐਂਚਿ ਬਾਨ ਖਰ ਕੁਤਬਖਾਨ। ਧਨੁ ਤਾਨ ਕਾਨ ਲਗਿ ਹੋਤਿ ਹਾਨ।
ਛੁਟਿ ਲਗਜੋ ਜਾਇ ਹਯ ਕੇ ਬਿਸਾਲ। ਗਿਰ ਪਰਜੋ ਤਬਹਿ ਨਹਿਂ ਅੱਗ੍ਰ ਚਾਲਿ॥੧੬॥

ਫਿਰ ਕੁਤਬ ਖਾਨ ਨੇ ਤਿੱਖਾ ਤੀਰ ਧਰ ਕੇ ਧਨੁੱਖ ਨੂੰ ਕੰਨਾਂ ਤਕ ਖਿੱਚਿਆ ਤੇ ਉਹ ਨਿਕਲ ਕੇ ਬੜੇ ਜ਼ੋਰ ਨਾਲ ਘੋੜੇ ਨੂੰ ਜਾ ਕੇ ਲਗਿਆ। ਘੋੜਾ ਡਿੱਗ ਪਿਆ, ਅੱਗੇ ਨਾ ਚਲ ਸਕਿਆ॥੧੬॥

ਲੱਖੂ ਸੁ ਬੀਰ ਉਤਰਜੋ ਤੁਰੰਤ। ਕਹਿ 'ਰਹੋ ਠਾਂਢ ਤੋ ਕੋ ਹਨੰਤਿ'।
ਪਗ ਸੰਗ ਬੇਗ ਕਰਿ ਸਮੁਖ ਜਾਇ। ਪੁਨ ਬ੍ਰਿੰਦ ਤੁਰਕ ਘੇਰਜੋ ਸੁ ਆਇ॥੧੭॥

ਸ੍ਰੇਸ਼ਟ ਸੂਰਬੀਰ ਲੱਖੂ ਤੁਰਤ ਘੋੜੇ ਤੋਂ ਉਤਰਿਆ ਤੇ ਕਿਹਾ, "ਖੜਾ ਰਹੋ ਤੈਨੂੰ ਮੈਂ ਹੁਣ ਮਾਰ ਦੇਣਾ ਹੈ।" ਪੈਰਾਂ ਨਾਲ ਬੜਾ ਤੇਜ਼ ਚਲ ਕੇ ਸਾਹਮਣੇ ਚਲੇ ਗਿਆ। ਫਿਰ ਬਹੁਤ ਤੁਰਕਾਂ ਨੇ ਆ ਕੇ ਘੇਰ ਲਿਆ॥੧੭॥

ਕੋ ਹਤਹਿ ਤੁਪਕ, ਕੋ ਬਾਨ ਮਾਰਿ। ਸਭਿ ਤੇ ਬਚਾਇ ਮਾਰੰਤਿ ਛਾਰ।
ਕੇਤਿਕ ਤੁਰੰਗ ਕੇ ਬਦਨ ਕਾਟਿ। ਇਤਿ ਉਤ ਫਿਰੰਤਿ ਕਿਹ ਭਟਨਿ ਡਾਟਿ॥੧੮॥

ਕੋਈ ਗੋਲੀ ਮਾਰਦਾ ਸੀ, ਕੋਈ ਤੀਰ ਮਾਰਦਾ ਸੀ, ਸਭ ਤੋਂ ਬਚਾ ਕਰਕੇ ਛਾਲ ਮਾਰ ਜਾਂਦਾ ਸੀ। ਕਈਆਂ ਘੋੜਿਆਂ ਦੇ ਮੂੰਹ ਕੱਟ ਕੇ ਏਧਰ ਓਧਰ ਫਿਰ ਕੇ ਸੂਰਮਿਆਂ ਨੂੰ ਡਾਂਟਦਾ ਸੀ॥੧੮॥

ਚਿਤ ਚਹਤਿ ਕੁਤਬ ਕੇ ਪਾਸ ਜਾਨਿ। ਬਹੁ ਪਹੁਚਿ ਬੀਰ ਰੋਕਯੋ ਮਹਾਨ।
ਬਚ ਆਪ ਖੜਗ ਕੇ ਘਾਇ ਘਾਲ। ਹਤਿ ਕਰੇ ਤੁਰਕ ਕੇਤਿਕ ਬਿਹਾਲ॥੧੯॥

ਚਿੱਤ ਵਿਚ ਕੁਤਬ ਖਾਨ ਦੇ ਪਾਸ ਜਾਣਾ ਚਾਹੁੰਦਾ ਸੀ, ਬਹੁਤ ਸੂਰਮਿਆਂ ਨੇ ਉਸ ਪਾਸ ਪਹੁੰਚ ਕੇ ਰੋਕਿਆ। ਆਪ ਬਚਾ ਕਰਕੇ ਕਈਆਂ ਨੂੰ ਤਲਵਾਰ ਨਾਲ ਘਾਇਲ ਕੀਤਾ ਤੇ ਕਈ ਤੁਰਕਾਂ ਨੂੰ ਬਿਹਾਲ ਕਰਕੇ ਮਾਰ ਦਿੱਤਾ॥੧੯॥

ਉਮਰਾਵ ਕਹਤਿ 'ਇਕ ਬੀਰ ਏਹੁ। ਕਯੋਂ ਡਰਤਿ ਜਾਤਿ, ਸੰਘਾਰ ਲੇਹੁ'।
ਤਬਿ ਕੁਤਬਖਾਨ ਰਿਸ ਕੈ ਬਿਸਾਲ। ਪ੍ਰੇਰਯੋ ਤੁਰੰਗ ਸਰ ਕੋ ਨਿਕਾਲਿ॥੨੦॥

ਉਮਰਾਵ ਨੇ ਕਿਹਾ, "ਇਹ ਇਕ ਯੋਧਾ ਹੈ, ਕਿਉਂ ਡਰਦੇ ਹੋ, ਇਸ ਨੂੰ ਮਾਰ ਲਵੋ। ਤਦ ਕੁਤਬ ਖਾਨ ਨੇ ਬਹੁਤ ਗੁੱਸੇ ਵਿਚ ਆ ਕੇ ਘੋੜਾ ਪ੍ਰੇਰ ਕੇ ਤੀਰ ਕਢਿਆ॥੨੦॥

ਤਕਿ ਭਾਲ, ਘਾਵ ਕੋ ਘਾਲਿ ਦੀਨ। ਬਿਧਗਯੋ ਤੁਰਤ, ਛਿਤ ਗਿਰਨ ਕੀਨਿ।
ਢਿਗ ਢੁਕਿ ਮਲੇਛ,ਮੂਰਛਾ ਨਿਹਾਰਿ। ਸਿਰ ਦਿਯੋ ਕਾਟ ਅਸਿ ਕਰਿ ਪ੍ਰਹਾਰ॥੨੧॥

ਮੱਥਾ ਤਕ ਕੇ ਵੱਡਾ ਜ਼ਖਮ ਕਰ ਦਿੱਤਾ, ਤੁਰਤ ਵਿੰਨਿਆ ਗਿਆ ਤੇ ਧਰਤੀ ਤੇ ਡਿੱਗ ਪਿਆ। ਇਕ ਮਲੇਛ ਨੇ ਨੇੜੇ ਹੋ ਕੇ ਜਦ ਬੇਹੋਸ਼ ਵੇਖਿਆ ਤਾਂ ਤਲਵਾਰ ਦਾ ਵਾਰ ਕਰਕੇ ਸਿਰ ਕੱਟ ਦਿੱਤਾ॥੨੧॥

ਲੱਖੂ ਸੁ ਬੀਰ ਇਮ ਮਰਨ ਕੀਨਿ। ਬਹੁ ਤੁਰਕ ਜੰਗ ਕਰਿ ਪ੍ਰਾਨ ਹੀਨ।
ਪਿਖਿ ਸੂਰ ਹੂਰ ਤਤਛਿਨ ਉਠਾਇ। ਨਿਜ ਤਨ ਦਿਖਾਇ ਲੀਨਸਿ ਚਢਾਇ॥੨੨॥

ਸ੍ਰੇਸ਼ਟ ਬੀਰ ਲੱਖੂ ਇੰਝ ਮਰ ਗਿਆ, ਜੰਗ ਕਰਕੇ ਬਹੁਤ ਤੁਰਕਾਂ ਨੂੰ ਮਾਰਿਆ। ਵੱਡਾ ਸੂਰਮਾ ਵੇਖ ਕੇ ਹੂਰਾਂ ਨੇ ਤੁਰਤ ਚੁੱਕ ਲਿਆ ਆਪਣਾ ਸਰੀਰ ਵਿਖਾ ਬਿਬਾਣ ਵਿਚ ਚੜ੍ਹਾ ਕੇ ਲੈ ਗਈਆਂ॥੨੨॥

ਤਬਿ ਕੁਤਬਖਾਨ ਜਸੁ ਲੀਨਿ ਪਾਇ। 'ਖਰ ਸਰ ਪ੍ਰਹਾਰ ਰਿਪੁ ਇਨਹੁ ਘਾਇ'।
ਇਮ ਲਗੇ ਲਰਨ ਦੁਹਿਦਿਸ਼ਿ ਸੁਭੱਟ। ਤਰਵਾਰ, ਤੀਰ, ਤੁਪਕਨਿ ਦਬੱਟ॥੨੩॥

ਤਦ ਕੁਤਬ ਖਾਨ ਜੱਸ ਪਾ ਲਿਆ, "ਤੀਰ ਦਾ ਵਾਰ ਕਰਕੇ ਵੈਰੀ ਨੂੰ ਮਾਰ ਲਿਆ।" ਇਸ ਤਰ੍ਹਾਂ ਦੋਹਾਂ ਪਾਸਿਆਂ ਦੇ ਸੂਰਮੇ ਲੜਨ ਲੱਗੇ। ਤਲਵਾਰ, ਤੀਰ, ਬੰਦੂਕਾਂ ਨਾਲ ਦਬਾਕੇ ਚਲਾਉਂਦੇ ਸਨ॥੨੩॥

ਦੋਹਰਾ-ਪੈਂਦਖਾਨ ਕੀ ਦਿਸ਼ਾ ਤਬਿ ਦੇਖਯੋ ਕਾਲੇਖਾਨ।
'ਅਬਿ ਤੇ ਆਛੋ ਕੋ ਸਮੋਂ ਗਹੋ ਗੁਰੂ ਬਲ ਠਾਨਿ'॥ ੨੪॥

ਕਾਲੇ ਖਾਨ ਨੇ ਫਿਰ ਪੈਂਦੇ ਖਾਨ ਵੱਲ ਵੇਖਿਆ। ਹੁਣ ਤੋਂ ਚੰਗਾ ਹੋਰ ਕਿਹੜਾ ਸਮਾਂ ਹੈ ਗੁਰੂ ਨੂੰ ਬਲ ਧਾਰ ਕੇ ਫੜ ਲਵੋ॥੨੪॥

ਰਸਾਵਲ ਛੰਦ-ਸੁਨੀ ਪੈਂਦਖਾਨਾ। ਮਹਾਂ ਕੋਪ ਠਾਨਾ।'ਅਬੈ ਜਾਉਂ, ਹੇਰੋ। ਜਥਾ ਓਜ ਮੇਰੋ॥੨੫॥

ਜਦ ਪੈਂਦੇ ਖਾਨ ਨੇ ਇਹ ਸੁਣਿਆ ਤਾਂ ਬਹੁਤ ਕ੍ਰੋਧ ਧਾਰਨ ਕੀਤਾ, "ਹੁਣ ਜਾਂਦਾ ਹਾਂ, ਵੇਖੋ ਜੈਸੀ ਮੇਰੇ ਵਿਚ ਸ਼ਕਤੀ ਹੈ॥੨੫॥

ਗਹੌਂ ਏਕ ਬਾਰੀ। ਹਯੰ ਤੇ ਉਤਾਰੀ। ਸੁ ਲਯਾਵੋਂ ਉਠਾਈ। ਨ ਦੇਰੰ ਲਗਾਈ॥੨੬॥

ਇਕੋ ਵਾਰ ਫੜ ਲਵਾਂਗਾ, ਘੋੜੇ ਤੋਂ ਉਤਾਰ ਲਵਾਂਗਾ, ਚੁੱਕ ਕੇ ਲੈ ਆਵਾਂਗਾ, ਕੋਈ ਵੀ ਦੇਰ ਨਹੀਂ ਲਾਵਾਂਗਾ॥੨੬॥

**ਪਿਖੀਜੈ ਤਮਾਸ਼ਾ। ਬਲੰ ਮੇ ਬਿਸਾਸਾ। ਨਹੀਂ ਸੰਸ ਕੀਜੈ। ਕਹੇ ਪੈ ਪਤੀਜੈ' ॥੨੭॥**

ਤਮਾਸ਼ਾ ਵੇਖੋ ਤੇ ਮੇਰੇ ਬਲ ਤੇ ਭਰੋਸਾ ਕਰੋ, ਕੋਈ ਸ਼ੰਕਾ ਨਾ ਕਰੋ, ਮੇਰੇ ਕਹੇ ਤੇ ਇਤਬਾਰ ਕਰੋ''॥੨੭॥

**ਤਬੈ ਖਾਨਕਾਲੇ। ਸਰਾਹਜੋ ਬਿਸਾਲੇ। 'ਜਥਾ ਸ਼ਾਹੁ ਪਾਸੀ। ਗਿਰਾ ਤੈਂ ਪ੍ਰਕਾਸ਼ੀ ॥੨੮॥**

ਤਦ ਕਾਲੇ ਖਾਨ ਨੇ ਬਹੁਤ ਸ਼ਲਾਘਾ ਕੀਤੀ, "ਜਿਵੇਂ ਬਾਦਸ਼ਾਹ ਪਾਸ ਤੂੰ ਕਿਹਾ ਸੀ॥੨੮॥

**ਗਹੌਂ ਸ੍ਰੀ ਗੁਰੂ ਮੈਂ। ਬਚੈ ਨਾਂਹਿ ਭੂਮੈਂ। ਕਰੋ ਬਾਤ ਪੂਰੀ। ਚਲੋ ਲੇ ਹਜ਼ੂਰੀ' ॥੨੯॥**

ਮੈਂ ਗੁਰੂ ਜੀ ਨੂੰ ਫੜ ਲਵਾਂਗਾ, ਭੂਮੀ ਤੇ ਨਹੀਂ ਬਚੇਗਾ, ਉਹ ਗੱਲ ਪੂਰੀ ਕਰੋ, ਗੁਰੂ ਜੀ ਨੂੰ ਬਾਦਸ਼ਾਹ ਦੇ ਹਜ਼ੂਰ ਲੈ ਕੇ ਚਲੋ''॥੨੯॥

**ਭਨੈ ਫੇਰ ਪੈਂਦਾ। 'ਨਹੀਂ ਤ੍ਰਾਸ ਕੈਂਦਾ। ਜਬੈ ਜਾਉਂ ਆਗੈ। ਗੁਰੂ ਜੰਗ ਲਾਗੈ ॥੩੦॥**

ਪੈਂਦੇ ਨੇ ਫਿਰ ਕਿਹਾ, "ਮੈਨੂੰ ਕਿਸੇ ਦਾ ਡਰ ਨਹੀਂ ਹੈ, ਜਦ ਮੈਂ ਅੱਗੇ ਜਾਵਾਂਗਾ ਗੁਰੂ ਨਾਲ ਜੰਗ ਕਰਾਂਗਾ॥੩੦॥

**ਲਿਜੈ ਰੋਕਿ ਔਰੀ। ਭਰੋਂ ਜਾਇ ਕੌਰੀ। ਦਿਖਾਵੌਂ ਤਮਾਸ਼ਾ। ਜੁ ਬਾਕੰ ਪ੍ਰਕਾਸ਼ਾ ॥੩੧॥**

ਹੋਰਨਾਂ ਨੂੰ ਵੀ ਰੋਕ ਲਵਾਂਗਾ, ਜਾ ਕੇ ਜਫਾ ਭਰ ਲਵਾਂਗਾ, ਤੁਹਾਨੂੰ ਤਮਾਸ਼ਾ ਵਿਖਾਵਾਂਗਾ, ਜਿਵੇਂ ਮੈਂ ਕਿਹਾ ਹੈ॥੩੧॥

**ਕਰੋਂ ਓਜ ਐਸੇ। ਬਸੀ ਹੋਇ ਜੈਸੇ। ਨਹੀਂ ਆਨ ਆਵੈ। ਗੁਰੂ ਨਾ ਛੁਡਾਵੈ ॥੩੨॥**

ਇਸ ਤਰ੍ਹਾਂ ਸ਼ਕਤੀ ਲਗਾਵਾਂਗਾ, ਜਿਸ ਤਰ੍ਹਾਂ ਉਹ ਵੱਸ ਵਿਚ ਆ ਜਾਣ, ਹੋਰ ਕੋਈ ਨਾ ਆਵੇ, ਗੁਰੂ ਨੂੰ ਨਾ ਛੁਡਾਵੇ, ਭਾਵ ਕਿਸੇ ਹੋਰ ਸਿੱਖ ਨੂੰ ਗੁਰੂ ਜੀ ਨੂੰ ਛਡਾਉਣ ਲਈ ਨੇੜੇ ਨਾ ਆਉਣ ਦੇਣਾ॥੩੨॥

**ਬਨੋ ਸਾਵਧਾਨਾ। ਦ੍ਰਿੜ੍ਹੋ ਜੰਗ ਥਾਨਾ। ਸੁਨੀ ਖਾਨ ਕਾਲੇ। ਜੁ ਬੀਰੰ ਬਿਸਾਲੇ ॥੩੩॥**

ਸਾਵਧਾਨ ਬਣੋ, ਜੰਗ ਦੇ ਸਥਾਨ ਤੇ ਦ੍ਰਿੜ੍ਹ ਰਹੋ।'' ਕਾਲੇ ਖਾਨ ਨੇ ਪੈਂਦੇ ਖਾਨ ਦੀ ਇਹ ਗੱਲ ਸੁਣੀ, ਜੋ ਵਿਸ਼ਾਲ ਸੂਰਬੀਰ ਹੈ॥੩੩॥

**ਲਏ ਬੀਨ ਬੀਨੰ। ਜੁਦੇ ਬ੍ਰਿੰਦ ਕੀਨੰ। ਸਭੀ ਕੋ ਸੁਨਾਈ। 'ਅਬੈ ਪੈਂਦ ਜਾਈ ॥੩੪॥**

ਚੋਣਵੇਂ ਯੋਧੇ ਲੈ ਲਏ, ਆਮ ਯੋਧਿਆਂ ਨੂੰ ਵੱਖ ਕਰ ਦਿੱਤਾ ਤੇ ਸਾਰਿਆਂ ਨੂੰ ਸੁਣਾ ਕੇ ਕਿਹਾ, "ਹੁਣ ਪੈਂਦੇ ਖਾਨ ਜਾਵੇਗਾ॥੩੪॥

**ਬਨੀਜੈ ਸਹਾਈ। ਰਹੋ ਘਾਤ ਲਾਈ। ਗੁਰੂ ਬੀਰ ਜੇਤੇ। ਰੁਖੋ ਰੋਕਿ ਤੇਤੇ ॥੩੫॥**

ਇਸ ਦੇ ਸਹਾਇਕ ਬਣੋ, ਦਾਅ ਲਾ ਕੇ ਰਹੋ, ਗੁਰੂ ਜੀ ਦੇ ਜਿੰਨੇ ਵੀ ਸੂਰਮੇ ਹਨ, ਉਨ੍ਹਾਂ ਸਾਰਿਆਂ ਨੂੰ ਰੋਕ ਕੇ ਰੱਖੋ॥੩੫॥

**ਪਹੂੰਚੈਂ ਨ ਜਾਈ। ਨ ਲੇਵੈਂ ਛੁਟਾਈ'। ਸੁਨੇ ਬੈਨ ਕਾਂਨਾ। ਭਏ ਸਾਵਧਾਨਾ ॥੩੬॥**

ਕੋਈ ਵੀ ਗੁਰੂ ਪਾਸ ਨਾ ਪਹੁੰਚੇ ਤੇ ਨਾ ਹੀ ਉਨ੍ਹਾਂ ਨੂੰ ਛੁਡਵਾ ਲਵੇ'' ਜਦ ਯੋਧਿਆਂ ਨੇ ਕਾਲੇ ਖਾਂ ਦਾ ਇਹ ਹੁਕਮ ਸੁਣਿਆਂ ਤਾਂ ਸਾਰੇ ਸਾਵਧਾਨ ਹੋ ਗਏ॥੩੬॥

**ਤੁਫੰਗੈਂ ਕਿ ਚਾਂਪੂ। ਗਹੇ ਧਾਰਿ ਦਾਪੂ। 'ਰਖੈਂ ਰੋਕਿ ਸਾਰੇ। ਲਰੈਂ ਦੇਹਿਂ ਮਾਰੇ' ॥੩੭॥**

ਬੰਦੂਕਾਂ ਜਾਂ ਧਨੁੱਖ ਬੜੇ ਹੰਕਾਰ ਨਾਲ ਫੜ ਲਏ ਤੇ ਕਹਿਣ ਲੱਗੇ, "ਸਾਰਿਆਂ ਨੂੰ ਰੋਕ ਲਵਾਂਗੇ ਤੇ ਲੜਾਈ ਕਰਨ ਤੇ ਮਾਰ ਦੇਵਾਂਗੇ''॥੩੭॥

ਦੋਹਰਾ- **ਸਭਿ ਮੈ ਤਬਿ ਅਸਮਾਨਖਾਂ ਲਖਜੋ ਬਹਾਦੁਰ ਭੂਰ।**
**ਕਰਜੋ ਮੁੱਖਜ ਤਿਨ ਕੇ ਬਿਖੈ ਪੂਰਨ ਸੂਰ ਗ਼ਰੂਰ॥ ੩੮॥**

ਸਾਰਿਆਂ ਵਿਚ ਫਿਰ ਅਸਮਾਨ ਖਾਂ ਨੂੰ ਸਭ ਤੋਂ ਵੱਡਾ ਬਹਾਦਰ ਜਾਣਿਆ, ਉਸ ਨੂੰ ਉਨ੍ਹਾਂ ਦਾ ਮੁਖੀਆ ਬਣਾ ਦਿੱਤਾ ਤੇ ਸੂਰਮੇ ਪੂਰਨ ਹੰਕਾਰ ਨਾਲ ਭਰ ਗਏ॥੩੮॥

ਬੰਧਿ ਟੋਲ ਇਕ ਥਲ ਭਏ ਬੀਨੇ ਭਟ ਜੇ ਜਾਲ।
ਇਕ ਦਿਸ਼ ਪੈਂਦਾ ਪ੍ਰਿਥਕ ਹ੍ਵੈ ਪ੍ਰੇਰਨ ਕੀਨਸਿ ਕਾਲ॥ ੩੯॥

ਇਕ ਟੋਲਾ ਬਣਾ ਕੇ ਸਾਰੇ ਚੁਣੇ ਹੋਏ ਸੂਰਮੇ ਇਕ ਥਾਂ ਇਕੱਠੇ ਹੋ ਗਏ। ਇਕ ਪਾਸੇ ਪੈਂਦੇ ਖਾਨ ਉਨ੍ਹਾਂ ਤੋਂ ਵੱਖ ਹੋ ਗਿਆ, ਜਿਸ ਨੂੰ ਕਾਲ ਨੇ ਪ੍ਰੇਰਿਆ ਸੀ॥੩੯॥

ਨਿਮਕ ਹਰਾਮੀ ਤੁਰਕ ਬਨ ਮਰਿ ਹੈ ਅਪਯਸ਼ ਪਾਇ।
ਲਖਿ ਕਰਿ ਦੀਰਘ ਬਲ ਅਪਨਿ ਰਹਜੋ ਮੂਢ ਗਰਬਾਇ॥ ੪੦॥

ਤੁਰਕ ਨਿਮਕਹਰਾਮੀ ਬਣ ਕੇ ਅਪਜਸ ਪਾ ਕੇ ਮਰ ਜਾਵੇਗਾ। ਆਪਣੇ ਵਿਚ ਵੱਡਾ ਬਲ ਸਮਝ ਕੇ, ਮੂਰਖ ਨੇ ਵੱਡਾ ਹੰਕਾਰ ਧਾਰਨ ਕੀਤਾ॥੪੦॥

ਸ੍ਰੀ ਸਤਿਗੁਰ ਸਭਿ ਜਾਨਿ ਕੈ ਚਪਲ ਕੁਦਾਇ ਤੁਰੰਗ।
ਭਏ ਪ੍ਰਿਥਕ ਬਲ ਕਰਨਿ ਕੋ ਭਟ ਬਰਜੇ ਨਿਜ ਸੰਗ॥ ੪੧॥

ਸਤਿਗੁਰੂ ਜੀ ਨੇ ਸਭ ਕੁਝ ਜਾਣ ਕੇ ਆਪਣੇ ਚੰਚਲ ਘੋੜੇ ਨੂੰ ਕੁਦਵਾਇਆ। ਪਹਿਲਾਂ ਇਕੱਲੇ ਇਕੱਲੇ ਲੜਾਈ ਕਰਨ ਵਾਸਤੇ ਵੱਖ ਹੋ ਗਏ ਤੇ ਦੂਸਰੇ ਯੋਧਿਆਂ ਨੂੰ ਰੋਕ ਦਿੱਤਾ॥੪੧॥

'ਰਹਹੁ ਸਥਿਰ ਰਣ ਸਮੁਖ ਹ੍ਵੈ ਹਤਹੁ ਤੁਫੰਗ ਕਰਾਲ'।
ਬਿਧੀਚੰਦ ਭਟ ਬ੍ਰਿੰਦ ਜੁਤਿ ਠਾਂਢੇ ਕੀਨਿ ਬਿਸਾਲ॥ ੪੨॥

''ਰਣ ਦੇ ਸਾਹਮਣੇ ਹੋ ਕੇ ਰਹੋ ਤੇ ਬੰਦੂਕਾਂ ਚਲਾ-ਚਲਾ ਕੇ ਮਾਰੋ'' ਬਿਧੀ ਚੰਦ ਨੂੰ ਹੋਰ ਬਹੁਤ ਭੱਟਾਂ ਸਮੇਤ ਖੜਾ ਕਰ ਦਿੱਤਾ॥੪੨॥

'ਹਮਲਾ ਕਰਿ ਤੁਰਕ ਨ ਪਰੈਂ ਦੇਖਹੁ ਬਨਿ ਸਵਧਾਨ।
ਇਤ ਹਮ ਢਿਗ ਜੋ ਆਇ ਹੈ ਕਰਹਿਂ ਸ਼ੱਤ੍ਰੂ ਹੋ ਹਾਨ'॥ ੪੩॥

''ਤੁਰਕ ਹਮਲਾ ਕਰਕੇ ਨਾ ਪੈ ਜਾਣ, ਸਾਵਧਾਨ ਬਣ ਕੇ ਵੇਖੋ, ਏਧਰ ਸਾਡੇ ਪਾਸ ਜੋ ਆਵੇਗਾ ਅਸੀਂ ਉਸ ਵੈਰੀ ਨੂੰ ਮਾਰ ਦੇਵਾਂਗੇ''॥੪੩॥

ਸੁਨਿ ਆਇਸੁ ਸਗਰੇ ਥਿਰੇ ਤੀਰ ਤੁਫੰਗ ਪ੍ਰਹਾਰ।
ਵਧਹਿ ਅੱਗ੍ਰ ਤਿਸ ਕੋ ਹਤਹਿਂ ਆਪ ਵਧਹਿਂ ਅਰਿ ਮਾਰਿ॥ ੪੪॥

ਇਹ ਆਗਿਆ ਸੁਣ ਕੇ ਸਾਰੇ ਤੀਰ ਅਤੇ ਬੰਦੂਕਾਂ ਦਾ ਵਾਰ ਕਰਨ ਵਾਸਤੇ ਖਲੋ ਗਏ, ਜਿਹੜਾ ਅੱਗੇ ਵਧੇਗਾ ਉਸ ਨੂੰ ਮਾਰਾਂਗੇ ਤੇ ਆਪ ਵਧ ਕੇ ਵੈਰੀ ਨੂੰ ਮਾਰਾਂਗੇ॥੪੪॥

ਸ੍ਰੀ ਗੁਰਦਿੱਤਾ ਧਨੁ ਗਹੇ ਸਰ ਖਰ ਕੋ ਬਰਖਾਇ।
ਸ਼ੱਤ੍ਰੂਨਿ ਕੇ ਸਨਮੁਖ ਥਿਰਜੋ ਰਣ ਮਹਿਂ ਗਨ ਉਥਲਾਇ॥ ੪੫॥

ਸ੍ਰੀ ਗੁਰਦਿੱਤਾ ਧਨੁੱਖ ਲੈ ਤਿੱਖੇ ਤੀਰਾਂ ਦੀ ਵਰਖਾ ਕਰ ਰਿਹਾ ਸੀ, ਵੈਰੀਆਂ ਦੇ ਸਾਹਮਣੇ ਖਲੋ ਗਿਆ ਤੇ ਰਣਖੇਤਰ ਵਿਚ ਉਸ ਕਈਆਂ ਨੂੰ ਉਲਟਾਇਆ॥੪੫॥

ਤੁੰਦ ਤੁਰੰਗ ਖਿਲੰਦ ਕਰਿ ਅਰਿ ਕੈ ਅੰਗ ਪਰੋਇ।
ਲਰਹਿਂ ਮਰਹਿਂ ਭਟ ਭਵ ਤਰਹਿਂ ਸਗਰੇ ਕਲਮਲ ਖੋਇ॥ ੪੬॥

ਘੋੜੇ ਨੂੰ ਬਹੁਤ ਤੇਜ਼ ਕਰਕੇ ਵੈਰੀ ਦੇ ਅੰਗ ਪਰੋਂਦਾ ਸੀ, ਲੜ ਮਰ ਕੇ ਸੂਰਮੇ ਧਰਤੀ ਉਤੇ ਡਿੱਗ ਪੈਂਦੇ ਸਨ ਤੇ ਉਨ੍ਹਾਂ ਦੇ ਸਾਰੇ ਪਾਪ ਦੂਰ ਹੋ ਜਾਂਦੇ ਸਨ॥੪੬॥

ਪੈਂਦਖਾਨ ਅਰੁ ਗੁਰੂ ਕੋ ਸੁਨੋ ਜੰਗ ਜਿਮ ਕੀਨਿ।
ਦੁਹਿਦਿਸ਼ਿ ਭਟ ਦੇਖਤਿ ਰਹੇ ਜਾਨੇ ਜੁਗ ਬਲ ਪੀਨ॥ ੪੭॥

ਪੈਂਦੇ ਖਾਂ ਅਤੇ ਗੁਰੂ ਜੀ ਬਾਰੇ ਸੁਣੋ, ਜਿਵੇਂ ਉਨ੍ਹਾਂ ਨੇ ਜੰਗ ਕੀਤਾ, ਦੋਵੀਂ ਪਾਸੀਂ ਸੂਰਮੇ ਖੜੇ ਵੇਖਦੇ ਰਹੇ, ਉਹ ਜਾਣਦੇ ਸਨ ਕਿ ਦੋਵੇਂ ਬਹੁਤ ਸ਼ਕਤੀਸ਼ਾਲੀ ਸਨ॥੪੭॥

*ਅੱਠਵੀਂ ਰਾਸ ਦਾ ਛੱਬੀਵਾਂ ਅਧਿਆਇ ਸਮਾਪਤ ਹੋਇਆ॥ ੨੬॥*

# *ਅਧਿਆਇ ਸਤਾਈਵਾਂ*

*ਪੈਂਦਖਾਨ ਦਾ ਅੰਤ ਤੇ ਉਧਾਰ*

ਦੋਹਰਾ-ਖਰੇ ਗੁਰੂ ਏਕਲ ਪਿਖੇ ਚਿਤ ਕੀ ਚੌਪ ਬਧਾਇ।
ਪੈਂਦਖਾਨ ਹਯ ਚਪਲ ਕੋ ਪ੍ਰੇਰਯੋ ਚਲਯੋ ਫੰਦਾਇ॥ ੧॥

ਜਦ ਉਸ ਗੁਰੂ ਜੀ ਨੂੰ ਇਕੱਲੇ ਨੂੰ ਖੜਾ ਵੇਖਿਆ ਤਾਂ ਚਿੱਤ ਦੀ ਚਾਹਤ ਨੂੰ ਵਧਾ ਕੇ ਪੈਂਦੇ ਖਾਨ ਨੇ ਚੰਚਲ ਘੋੜੇ ਨੂੰ ਪ੍ਰੇਰਿਆ ਤੇ ਕੁਦਵਾਉਂਦਾ ਚਲ ਪਿਆ॥੧॥

ਰਸਾਵਲ ਛੰਦ-ਪਿਖੈਂ ਸੈਨ ਦੋਊ। ਲਖੈਂ ਜੰਗ ਹੋਊ। ਲਗੈਂ ਡੰਕ ਘਾਊ। ਸੁ ਬਾਜੈਂ ਜੁਝਾਊ॥੨॥

ਦੋਵੇਂ ਫੌਜਾਂ ਵੇਖ ਰਹੀਆਂ ਸਨ, ਸਮਝਦੇ ਸਨ ਕਿ ਜੰਗ ਹੋਵੇਗੀ, ਨਗਾਰੇ ਨੂੰ ਡੱਗਾ ਲੱਗਾ, ਜੰਗੀ ਵਾਜੇ ਵੱਜਦੇ ਸਨ॥੨॥

ਵਰੋਲਾ ਤੁਰੰਗੰ। ਬਡੇ ਬੇਗ ਸੰਗੰ। ਹੁਤੋ ਕੋਟ ਛੋਟਾ। ਭਟੰ ਕੀਨਿ ਓਟਾ॥ ੩॥

ਵਰੋਲਾ ਨਾਮ ਵਾਲਾ ਗੁਰੂ ਜੀ ਵਲੋਂ ਪੈਂਦੇ ਖਾਂ ਨੂੰ ਬਖਸ਼ਿਆ ਘੋੜਾ, ਬੜੀ ਤੇਜ਼ੀ ਨਾਲ ਆਇਆ। ਮੈਦਾਨ ਛੋਟਾ ਸੀ, ਸੂਰਮਿਆਂ ਨੇ ਓਟ ਕੀਤੀ ਹੋਈ ਸੀ॥੩॥

ਤਹਾਂ ਬੀਚ ਠਾਂਢੇ। ਗੁਰੂ ਕੋਪ ਗਾਢੇ। ਪਿਖੈ ਪੈਂਦਖਾਨਾ। ਕੁਦਾਯੋ ਕਿਕਾਨਾ॥੪॥

ਉਸਦੇ ਵਿਚ ਗੁਰੂ ਜੀ ਬੜਾ ਕ੍ਰੋਧ ਵਧਾ ਕੇ ਖਲੋ ਗਏ, ਪੈਂਦੇ ਖਾਨ ਨੂੰ ਵੇਖਿਆ ਜਿਸ ਘੋੜੇ ਨੂੰ ਟਪਵਾਇਆ॥੪॥

. ਪਰਯੋ ਪਾਰ ਜਾਏ। ਨਹੀਂ ਪੈਰ ਛ੍ਵਾਏ। ਪਿਖੰਤੇ ਹਿਰਾਨਾ। ਬਡੋ ਓਜ ਠਾਨਾ॥੫॥

ਘੋੜਾ ਪਾਸ ਦਲੇ ਗਿਆ, ਧਰਤੀ ਉਤੇ ਪੈਰ ਨਾ ਲੱਗਣ ਦਿੱਤੇ। ਵੇਖਕੇ ਬਹੁਤ ਹੈਰਾਨ ਹੋਏ, ਘੋੜਾ ਬਹੁਤ ਸ਼ਕਤੀਸ਼ਾਲੀ ਸੀ॥੫॥

ਭਯੋ ਲਾਖ ਮੋਲਾ। ਸੁ ਨਾਮੰ ਵਰੋਲਾ। ਚਲਾਕੀ ਦਿਖਾਈ। ਗੁਰੂ ਤੀਰ ਜਾਈ ॥੬॥

ਉਸ ਦਾ ਇਕ ਲੱਖ ਮੁੱਲ ਸੀ, ਇਸ ਕਰਕੇ ਉਸ ਦਾ ਨਾਮ ਵਾ ਵਰੋਲਾ ਰੱਖਿਆ ਸੀ। ਗੁਰੂ ਜੀ ਦੇ ਪਾਸ ਜਾ ਕੇ ਉਸ ਬੜੀ ਚਾਲਾਕੀ ਵਿਖਾਈ॥੬॥

ਲਿਯੋ ਖੈਂਚਿ ਖੰਡਾ। ਤ੍ਰਿਖੀ ਧਾਰ ਚੰਡਾ। ਹਟੇ ਔਰ ਹੇਰੇ। ਨਹੀਂ ਹੋਤਿ ਨੇਰੇ ॥੭॥

ਖੰਡੇ ਨੂੰ ਖਿੱਚ ਲਿਆ ਜਿਹੜਾ ਵੱਡੀ ਤਿੱਖੀ ਧਾਰ ਨਾਲ ਚੰਡਿਆ ਹੋਇਆ ਸੀ। ਪਿੱਛੇ ਹਟੇ ਤੇ ਇਕ ਦੂਸਰੇ ਵੱਲ ਵੇਖਿਆ, ਨੇੜੇ ਨਹੀਂ ਸੀ ਹੁੰਦੇ॥੭॥

ਸਭੈ ਚੌਂਪ ਸੰਗਾ। ਦਿਖੈਂ ਦੁੰਦ ਜੰਗਾ। ਭਯੋ ਪੈਂਦ ਨੇਰੇ। ਕਹ੍ਯੋ ਬਾਕ ਟੇਰੇ ॥੮॥

ਸਾਰੇ ਯੋਧੇ ਬੜੇ ਸ਼ੌਕ ਨਾਲ ਗੁਰੂ ਜੀ ਅਤੇ ਪੈਂਦੇ ਖਾਨ ਦਾ ਦੁੰਦ ਯੁੱਧ ਵੇਖ ਰਹੇ ਸਨ। ਪੈਂਦੇ ਖਾਂ ਨੇੜੇ ਹੋਇਆ ਤੇ ਟੇਢਾ ਵਾਕ ਕਿਹਾ॥੮॥

'ਗੁਰੂ ਜੀ! ਸੰਭਾਰੋ। ਜਥਾ ਓਜ ਧਾਰੋ। ਕਰੋ ਨਾਂਹਿ ਟਾਰਾ। ਚਿਤੋ ਮੋਹਿ ਮਾਰਾ ॥੯॥

'ਗੁਰੂ ਜੀ ! ਸੰਭਾਲੋ, ਯਥਾ ਯੋਗ ਤਾਕਤ ਧਾਰੋ, ਹੁਣ ਟਾਲਾ ਨਾ ਕਰੋ, ਯਾਦ ਕਰੋ ਜਿਹੜਾ ਤੁਸੀਂ ਸਭਾ ਵਿਚ ਮੈਨੂੰ ਮਾਰਿਆ ਹੈ॥੯॥

ਦੋਹਰਾ- ਸੋ ਪਲਟੇ ਕੋ ਸਮੋ ਅਬਿ, ਲੈ ਹੌਂ, ਪਕਰੌਂ ਤੋਹਿ।
ਸ਼ਾਹਜਹਾਂ ਕੇ ਨਿਕਟਿ ਲੇ ਤਿਹਠਾਂ ਛੋਰਹਿ ਹੋਹਿ॥ ੧੦॥

ਉਹ ਹੁਣ ਬਦਲੇ ਦੇ ਬਰਾਬਰ ਸਮਝੋ, ਤੁਹਾਨੂੰ ਫੜ ਕੇ ਉਹ ਬਦਲਾ ਲਵਾਂਗਾ, ਸ਼ਾਹਜਹਾਨ ਬਾਦਸ਼ਾਹ ਦੇ ਪਾਸ ਜਾ ਕੇ ਤੁਹਾਨੂੰ ਛੱਡ ਦੇਵਾਂਗਾ॥੧੦॥

ਜੌ ਜੀਵਨ ਚਹੁ ਆਪਨਾ ਚਲੀਅਹਿ ਆਗੈ ਹੋਇ।
ਹਜ਼ਰਤ ਸੰਗ ਮਿਲਾਇ ਖਤਾ ਬਖਸ਼ਿ ਹੈ ਸੋਇ॥ ੧੧॥

ਇਸ ਕਰਕੇ ਜੇ ਆਪਣਾ ਜੀਵਨ ਚਾਹੁੰਦੇ ਹੋ ਤਾਂ ਅੱਗੇ ਲੱਗ ਕੇ ਚਲੋ, ਬਾਦਸ਼ਾਹ ਨੂੰ ਮਿਲਾ ਕੇ ਤੁਹਾਡੀ ਭੁੱਲ ਨੂੰ ਬਖਸ਼ਾ ਦੇਵਾਂਗਾ॥੧੧॥

ਰਸਾਵਲ ਛੰਦ- ਨਹੀਂ ਤੋ ਸੰਭਾਰੋ। ਜਿਤੇ ਓਜ ਧਾਰੋ।
ਕਰੋ ਵਾਰ ਖੰਡਾ। ਬਨੈ ਦੋਇ ਖੰਡਾ'॥ ੧੨॥

ਜੇ ਇਹ ਨਹੀਂ ਮੰਨਦੇ ਤਾਂ ਆਪਣੇ ਆਪ ਨੂੰ ਸੰਭਾਲੋ, ਜਿੰਨੀ ਵੀ ਸ਼ਕਤੀ ਹੈ ਧਾਰਨ ਕਰੋ, ਆਪਣੇ ਖੰਡੇ ਦਾ ਵਾਰ ਕਰੋ ਤਾਂ ਤੁਹਾਡਾ ਖੰਡਾ ਦੋ ਟੋਟੇ ਹੋ ਜਾਵੇਗਾ'॥੧੨॥

ਗੁਰੂ ਕੋਪ ਧਾਰੇ। ਸੁ ਵਾਕੰ ਉਚਾਰੇ। 'ਜੁ ਗੀਦੀ ਸੁ ਤ੍ਰਾਸੈ। ਤਕੈ ਸ਼ਾਹਿ ਪਾਸੈ ॥੧੩॥

ਗੁਰੂ ਜੀ ਨੇ ਗੁੱਸਾ ਧਾਰਨ ਕੀਤਾ ਤੇ ਬਚਨ ਕੀਤੇ, "ਜੋ ਕਾਇਰ ਹਨ ਉਹ ਡਰਦੇ ਹਨ, ਉਹ ਬਾਦਸ਼ਾਹਾਂ ਦਾ ਆਸਰਾ ਤਕ ਕੇ ਉਸ ਦੇ ਪਾਸ ਜਾਂਦੇ ਹਨ॥੧੩॥

ਹਮੈਂ ਜੰਗ ਭਾਵੈ। ਰਿਪੂ ਬ੍ਰਿੰਦ ਘਾਵੈਂ। ਨਹੀ ਮੇਲ ਠਾਨੈਂ। ਹਨੈਂ ਆਯੁਧਾਨੈਂ॥੧੪॥

ਸਾਨੂੰ ਜੰਗ ਚੰਗੀ ਲੱਗਦੀ ਹੈ, ਬਹੁਤ ਵੈਰੀਆਂ ਨੂੰ ਮਾਰਦੇ ਹਾਂ, ਅਸੀਂ ਕਿਸੇ ਨਾਲ ਮੇਲ ਨਹੀਂ ਕਰਦੇ, ਸ਼ਸਤਰ ਮਾਰ ਕੇ ਮਾਰ ਦਿੰਦੇ ਹਾਂ॥੧੪॥

ਕਰੈਂ ਤੋਰ ਹਾਨਾ। ਲਿਜੈ ਸਾਚ ਜਾਨਾ। ਅਬੈ ਪ੍ਰਾਨ ਧਾਰੈਂ। ਨ ਧਾਮੰ ਸਿਧਾਰੈਂ॥੧੫॥

ਤੈਨੂੰ ਮਾਰ ਦੇਵਾਂਗੇ, ਇਸ ਨੂੰ ਸੱਚ ਜਾਣ ਲਵੇ, ਹੁਣ ਪ੍ਰਾਣਾਂ ਸਹਿਤ ਆਪਣੇ ਘਰ ਨਹੀਂ ਜਾਵੇਂਗਾ॥੧੫॥

ਪਰਜੋ ਕਾਲ ਤੁੰਡਾ। ਬਨੈਂ ਰੁੰਡ ਮੁੰਡਾ। ਤਊ ਬਾਤ ਜੈਸੇ। ਸੁਨੋ ਕਾਨ ਤੈਸੇ॥੧੬॥

ਹੁਣ ਤੂੰ ਕਾਲ ਦੇ ਮੂੰਹ ਵਿਚ ਪਿਆ ਹੈਂ, ਹੁਣ ਰੁੰਡ ਮੁੰਡ ਹੋ ਜਾਵੇਂਗਾ। ਤੇਰੀ ਜਿਸ ਤਰ੍ਹਾਂ ਦੀ ਗੱਲ ਹੈ, ਉਸ ਤਰ੍ਹਾਂ ਕੰਨਾਂ ਨਾਲ ਸੁਣੋ॥੧੬॥

ਨਹੀਂ ਵਾਰ ਕੀਨੋ। ਰਹੇ ਚਿੱਤ ਭੀਨੋ। ਭਯੋ ਓਜ ਬਾਦੰ। ਝੁਰੈਂ ਧਾਰਿ ਯਾਦੰ॥੧੭॥

ਵਾਰ ਨਹੀ ਕੀਤਾ ਹੈ, ਚਿਤ ਵਿਚ ਭਿੱਜੇ ਰਹੇ ਹਾਂ। ਤੇਰੀ ਸ਼ਕਤੀ ਝਗੜੇ ਦਾ ਕਾਰਨ ਬਣੀ ਹੈ, ਇਸ ਨੂੰ ਯਾਦ ਕਰਕੇ ਝੂਰੇਂਗਾ॥੧੭॥

*ਤੋਟਕ ਛੰਦ*-ਇਸ ਤੇ ਹਮ ਤੋਹਿ ਸੁਨਾਵਤਿ ਹੈਂ। ਬਲ ਆਪਨ ਤੇ ਗਰਬਾਵਤਿ ਹੈਂ।
ਤੁਰਕਾਨਿ ਬਿਖੈ ਬਹੁ ਬਾਰ ਕਹੋ। ਬਲ ਮੋਹਿ ਬਡੋ ਗੁਰੁ ਜਾਇ ਗਹੋਂ॥੧੮॥

ਇਸ ਕਰਕੇ ਅਸੀਂ ਤੈਨੂੰ ਸੁਣਾਉਂਦੇ ਹਾਂ। ਤੂੰ ਆਪਣੀ ਸ਼ਕਤੀ ਦਾ ਹੰਕਾਰ ਕਰਦਾ ਹੈਂ। ਤੁਰਕਾਂ ਵਿਚ ਬਹੁਤ ਵਾਰ ਕਿਹਾ ਹੈ, ਮੇਰੇ ਵਿਚ ਜ਼ਿਆਦਾ ਸ਼ਕਤੀ ਹੈ, ਮੈਂ ਗੁਰੂ ਨੂੰ ਜਾ ਕੇ ਫੜ ਲਵਾਂਗਾ॥੧੮॥

ਇਸ ਤੇ ਅਬਿ ਪੂਰਬ ਵਾਰ ਕਰੋ। ਬਲ ਔ ਬੁਧਿ ਜੋ ਬਪੁ ਬੀਚ ਧਰੋ।
ਚਿਤ ਹੌਸ ਨ ਰਾਖਹੁ ਆਪਨ ਕੀ। ਕਰਿ ਲੇਹੁ ਬਿਧੀ ਸਭਿ ਪਾਪਨਿ ਕੀ॥੧੯॥

ਇਸ ਕਰਕੇ ਹੁਣ ਪਹਿਲਾ ਵਾਰ ਕਰੋ, ਤੇਰੇ ਸਰੀਰ ਵਿਚ ਜੋ ਵੀ ਬਲ ਅਤੇ ਬੁੱਧੀ ਹੈ ਉਸ ਨਾਲ ਵਾਰ ਕਰੋ। ਆਪਣੇ ਚਿੱਤ ਦੀ ਚਾਹਤ ਨੂੰ ਕਿਸੇ ਪ੍ਰਕਾਰ ਵੀ ਅਧੂਰੀ ਨਾ ਰਖੋ, ਪੂਰਾ ਜ਼ੋਰ ਲਾਵੋ ਤੇ ਪਾਪਾਂ ਦੀਆਂ ਸਾਰੀਆਂ ਵਿਧੀਆਂ ਪੂਰੀਆਂ ਕਰ ਲਵੋ'॥੧੯॥

ਸੁਨਿ ਖ਼ਾਨ ਬਿਚਾਰਤਿ ਮੂਢ ਬਲੀ। ਅਬਿ ਛੋਰ ਤੁਰੰਗਮ, ਘਾਤ ਭਲੀ।
ਫਿਰਿ ਪਾਇਨ ਸੋਂ ਨਿਜ ਵਾਰ ਕਰੌਂ। ਹੁਇ ਤੀਰ, ਕਿਧੌਂ ਕਰ ਮਾਂਹਿ ਧਰੌਂ॥੨੦॥

ਇਹ ਸੁਣ ਮੂਰਖ ਬਲੀ ਪਠਾਣ ਵਿਚਾਰਨ ਲੱਗਾ, "ਹੁਣ ਘੋੜਾ ਛੱਡ ਕੇ ਭਲੀ ਪ੍ਰਕਾਰ ਦਾਵ ਲਾਉਂਦਾ ਹਾਂ। ਫਿਰ ਪੈਦਲ ਚਲ ਕੇ ਵਾਰ ਕਰਾਂਗਾ ਜਾਂ ਨੇੜੇ ਹੋ ਕੇ ਹੱਥ ਨਾਲ ਫੜ ਲਵਾਂਗਾ॥੨੦॥

ਬਸ ਕੋ ਕਰਿ ਲੈ ਨਿਜ ਸੈਨ ਬਰੋਂ। ਚਿਰਕਾਲ ਇਹਾਂ ਅਬਿ ਮੈਂ ਨ ਥਿਰੋਂ।
ਸਭਿ ਸੈਨ ਰਹੀ ਰੁਕਿ ਮੂਰਨ ਤੇ। ਸ਼ੁਭ ਕਾਜ ਬਨੈ ਅਬਿ ਤੂਰਨ ਤੇ॥੨੧॥

ਵੱਸ ਵਿਚ ਕਰਕੇ ਆਪਣੀ ਸੈਨਾ ਵਿਚ ਜਾ ਵੜਾਂਗਾ, ਹੁਣ ਮੈਂ ਏਥੇ ਬਹੁਤ ਦੇਰ ਨਹੀਂ ਠਹਿਰਾਂਗਾ। ਸਾਰੀ ਸੈਨਾ ਹੀ ਰੁਕੀ ਹੋਈ ਹੈ, ਹੁਣ ਤੁਰਤ ਸ਼ੁਭ ਕਾਰਜ ਬਣ ਜਾਵੇਗਾ॥੨੧॥

ਹਯ ਊਪਰ ਮੋ ਬਲ ਲਾਗ ਨਹੀਂ। ਮਿਲਿ ਦੋਇ ਤੁਰੰਗ ਲਰੰਤਿ ਸਹੀ।
ਚਿਤ ਬੀਚ ਬਿਚਾਰ ਸ਼ਿਤਾਬ ਕਰੀ। ਬਲਵਾਨ ਤਜਜੋ ਹਯ ਤਾਂਹਿ ਘਰੀ॥੨੨॥

ਘੋੜੇ ਉਪਰ ਬੈਠਿਆਂ ਮੇਰੀ ਸ਼ਕਤੀ ਨਹੀਂ ਲਗੇਗੀ ਬੇਸ਼ਕ ਦੋਵਾਂ ਘੋੜਿਆਂ ਉੱਤੇ ਚੜ੍ਹੇ ਹੋਣ ਨਾਲ ਮਿਲਕੇ ਲੜਾਈ ਚੰਗੀ ਤਰ੍ਹਾਂ ਹੁੰਦੀ ਹੈ, ਪਰ ਜੋ ਮੈਂ ਚਾਹੁੰਦਾ ਹਾਂ ਉਹ ਮੇਰਾ ਜ਼ੋਰ ਘੋੜੇ ਉੱਤੇ ਚੜ੍ਹਿਆਂ ਨਹੀਂ ਪੈ ਸਕਦਾ। ਇਸ ਤਰ੍ਹਾਂ ਚਿੱਤ ਵਿਚਾਰ ਕੇ ਛੇਤੀ ਕੀਤੀ, ਉਸੇ ਵੇਲੇ ਬਲਵਾਨ ਘੋੜੇ ਨੂੰ ਛੱਡ ਦਿੱਤਾ॥੨੨॥

ਬਲ ਤੇ ਪਕਰਜੋ ਖਗ ਵਾਰ ਕਰਜੋ। ਨਿਜ ਹਾਥ ਉਭਾਰਤਿ ਨੇਰ ਧਰਜੋ।
ਗੁਰ ਪੀਨ ਉਰੁ ਤਕਿ ਮਾਰਤਿ ਭਾ। ਢਿਗ ਹੋਇ ਸੁ ਬਾਹੁ ਪਸਾਰਤਿ ਭਾ॥੨੩॥

ਬੜੇ ਬਲ ਨਾਲ ਤਲਵਾਰ ਫੜੀ ਤੇ ਵਾਰ ਕੀਤਾ, ਆਪਣਾ ਹੱਥ ਉਭਾਰ ਕੇ ਨੇੜੇ ਕੀਤਾ। ਗੁਰੂ ਜੀ ਦੀ ਢਾਲ ਉਤੇ ਤਲਵਾਰ ਵੱਜੀ, ਫਿਰ ਨੇੜੇ ਹੋ ਕੇ ਬਾਹਾਂ ਨੂੰ ਪਸਾਰਿਆ॥੨੩॥

ਹਰਿਗੋਵਿੰਦ ਦੇਖਤਿ ਧੀਰ ਧਰੀ। ਪਗ ਸਾਥ ਸ਼ਿਤਾਬ ਰਕਾਬ ਕਰੀ।
ਦਹ ਸੇਰ ਸੁ ਤੋਲ ਬਿਖੇ ਜੁਗ ਤੇ। ਬਲ ਦੀਰਘ ਸੰਗ ਤਹਾਂ ਲਗਤੇ॥ ੨੪॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਵੇਖ ਧੀਰਜ ਧਾਰਨ ਕੀਤਾ, ਪੈਰ ਦੇ ਨਾਲ ਤੁਰਤ ਰਕਾਬ ਕੀਤੀ। ਦੋਵੇਂ ਰਕਾਬਾਂ ਤੋਲ ਵਿਚ ਦਸ ਸੇਰ ਦੇ ਬਰਾਬਰ ਸਨ, ਵੱਡੇ ਬਲ ਨਾਲ ਉਹ ਉਥੇ ਲਗੀਆਂ ਸਨ॥੨੪॥

ਦੋਹਰਾ-ਹੁਤੀ ਭਰਤ ਕੀ ਪੀਨ ਬਡ ਖੜਗ ਲਗਯੋ ਤਿਹ ਸੰਗ।
ਸਰਯੋ ਨ ਕਾਰਜ ਕੁਛ ਤਬੈ ਨਿਫਲਯੋ ਵਾਰ ਕੁਢੰਗ॥ ੨੫॥

ਕਾਂਸੀ ਨਾਮੀ ਧਾਤ ਦੀ ਵੱਡੀ ਢਾਲ ਸੀ, ਉਸ ਉਤੇ ਵੱਡੀ ਤਲਵਾਰ ਆ ਕੇ ਵੱਜੀ, ਪੈਂਦੇ ਦਾ ਕੋਈ ਕਾਰਜ ਵੀ ਨਾ ਸਰਿਆ ਤੇ ਸਾਰਾ ਵਾਰ ਅਸਫਲ ਗਿਆ॥੨੫॥

ਪਾਧੜੀ ਛੰਦ-ਪੁਨ ਪੈਂਦਖਾਨ ਕੁਪਿ ਕੈ ਪ੍ਰਚੰਡ। ਖੰਡਾ ਉਭਾਰਿ ਬਲ ਬਾਂਹੁ ਦੰਡ।
ਕਰਿ ਤੁਰਤ ਫੁਰਤ ਕੂਦਯੋ ਉਤੰਗ। ਚਿਤ ਚਹਿ ਪ੍ਰਹਾਰ ਪ੍ਰਭੁ ਕੇ ਸੁ ਅੰਗ॥੨੬॥

ਫਿਰ ਪੈਂਦੇ ਖਾਨ ਬਹੁਤ ਗੁੱਸੇ ਵਿਚ ਆ ਕੇ, ਬਾਹਾਂ ਦੇ ਬਲ ਨਾਲ ਆਪਣੇ ਖੰਡੇ ਨੂੰ ਉਭਾਰਿਆ ਤੇ ਤੁਰਤ ਫੁਰਤ ਕਰਕੇ ਬੜੀ ਕਾਹਲੀ ਨਾਲ ਉਛਲਿਆ। ਉਹ ਗੁਰੂ ਜੀ ਦੇ ਕਿਸੇ ਅੰਗ ਤੇ ਵਾਰ ਕਰਨਾ ਚਾਹੁੰਦਾ ਸੀ॥੨੬॥

ਸ੍ਰੀ ਹਰਿਗੋਬਿੰਦ ਅਤਿ ਸ਼ੀਘ੍ਰ ਕਾਰ। ਢਾਲਾ ਬਿਲੰਦ ਕਰ ਲੀਨਿ ਧਾਰਿ।
ਰਿਪੁ ਖੜਗ ਆਵਤੋ ਨਿਕਟਿ ਦੇਖਿ। ਤਿਹ ਸੰਗ ਰੋਕ ਕਰਿ ਬਲ ਵਿਸ਼ੇਖ॥੨੭॥

ਸ੍ਰੀ ਹਰਿਗੋਬਿੰਦ ਜੀ ਨੇ ਅਤਿ ਸ਼ੀਘਰਤਾ ਕਰਕੇ, ਢਾਲ ਨੂੰ ਉਚਿਆਂ ਕਰਕੇ ਧਾਰ ਲਿਆ, ਵੈਰੀ ਦੀ ਤਲਵਾਰ ਨੂੰ ਨੇੜੇ ਆਉਂਦੀ ਵੇਖ ਕੇ ਬੜੀ ਸ਼ਕਤੀ ਨਾਲ ਵਾਰ ਨੂੰ ਢਾਲ ਤੇ ਰੋਕ ਲਿਆ॥੨੭॥

ਕਰਿ ਨਿਫਲ ਸ਼ੱਤ੍ਰ ਕੋ ਵਾਰ ਫੇਰ। ਧਰਿ ਧੀਰ ਖਰੇ ਤਿਸ ਕੇ ਅਗੇਰ।
ਤਬਿ ਪੈਂਦਖਾਨ ਚਿਤ ਚਿੰਤ ਪਾਇ। ਨਹਿਂ ਸਰਯੋ ਕਾਜ ਸਭਿ ਬਾਦ ਜਾਇ॥੨੮॥

ਵੈਰੀ ਦਾ ਵਾਰ ਫਿਰ ਅਸਫਲ ਕਰਕੇ, ਬੜਾ ਧੀਰਜ ਧਾਰ ਕੇ ਵੈਰੀ ਦੇ ਸਾਹਮਣੇ ਖੜੇ ਹੋ ਗਏ। ਤਦ ਪੈਂਦੇ ਖਾਨ ਨੇ ਚਿੱਤ ਵਿਚ ਚਿੰਤਾ ਪਾ ਕੇ ਇਹ ਸੋਚਿਆ ਕਿ ਕਾਰਜ ਨਹੀਂ ਸਰਿਆ ਹੈ, ਸਭ ਵਿਅਰਥ ਜਾਂਦਾ ਹੈ॥੨੮॥

ਪੁਨ ਛਿੱਪ੍ਰ ਉਛਲ ਇਤ ਉਤ ਤਕਾਇ। ਖਰ ਖੜਗ ਪ੍ਰਹਾਰਨ ਕਰਤਿ ਦਾਇ।
ਹੁਇ ਦਿਸ਼ਾ ਦੂਸਰੀ ਰਿਸ ਬਿਸਾਲ। ਕਰ ਕੋ ਉਭਾਰਿ ਮਾਰਯੋ ਕਰਾਲ॥੨੯॥

ਫਿਰ ਛੇਤੀ ਨਾਲ ਉਛਲ ਕੇ ਏਧਰ ਓਧਰ ਤਕਦਾ ਸੀ, ਤੇਜ਼ ਤਲਵਾਰ ਦਾ ਵਾਰ ਕਰਨ ਲਈ ਦਾਵ ਲਾਉਂਦਾ ਸੀ। ਉਸ ਨੇ ਦੂਸਰੇ ਪਾਸੇ ਹੋ ਕੇ ਵਿਸ਼ਾਲ ਗੁੱਸੇ ਨਾਲ ਹੱਥ ਨੂੰ ਉੱਚਾ ਚੁੱਕ ਕੇ ਵਿਕਰਾਲ ਵਾਰ ਕੀਤਾ॥੨੯॥

ਗੁਰ ਬੀਰ ਬਹਾਦੁਰ ਧੀਰ ਸਾਥ। ਕਰਿ ਛਿੱਪ੍ਰ ਤਾਂਹਿ ਦਿਸ਼ ਕੀਨਿ ਹਾਥ।
ਬਡ ਸਿਪਰ ਸਵਾਸਿਰ ਫੂਲ ਜੋਇ। ਤਿਹ ਲਗਯੋ ਖੜਗ ਬਲ ਅਧਿਕ ਸੋਇ॥੩੦॥

ਬੀਰ ਬਹਾਦਰ ਗੁਰੂ ਜੀ ਨੇ ਧੀਰਜ ਦੇ ਨਾਲ ਢਾਲ ਵਾਲਾ ਹੱਥ ਉਸੇ ਪਾਸੇ ਕਰ ਲਿਆ। ਵੱਡੀ ਢਾਲ ਸੀ ਜਿਸ ਦਾ ਫੂਲ ਵੀ ਸਵਾ ਸੇਰ ਦਾ ਸੀ, ਉਸ ਉਤੇ ਬੜੇ ਜ਼ੋਰ ਨਾਲ ਤਲਵਾਰ ਦਾ ਵਾਰ ਲੱਗਾ॥੩੦॥

ਖੰਡਾ ਦੁਖੰਡ ਟੂਟਜੋ ਪ੍ਰਚੰਡ। ਰਹਿ ਹਾਥ ਮੁਸ਼ਟ ਬਡ ਬਾਂਹੁ ਦੰਡ।
ਸ੍ਰੀ ਹਰਿਗੁਵਿੰਦ ਅਵਿਲੋਕ ਤਾਂਹਿ। ਅਬਿ ਹਤਨ ਹੇਤੁ ਕਿਯ ਵਾਰ ਨਾਂਹਿ ॥੩੧॥

ਪੈਂਦੇ ਦਾ ਪ੍ਰਚੰਡ ਖੰਡਾ ਟੁੱਟ ਗਿਆ ਤੇ ਖੰਡੇ ਦੀ ਮੁੱਠ ਹੀ ਉਸ ਦੇ ਹੱਥ ਵਿਚ ਰਹਿ ਗਈ। ਸ੍ਰੀ ਹਰਿਗੋਬਿੰਦ ਜੀ ਨੇ ਉਸ ਨੂੰ ਨਿਹੱਥਾ ਵੇਖ ਕੇ ਉਸ ਨੂੰ ਮਾਰਨ ਵਾਸਤੇ ਵਾਰ ਨਾ ਕੀਤਾ॥੩੧॥

ਹ੍ਵੈਗੋ ਲਚਾਰ, ਨਿਜ ਚਿਤ ਵਿਚਾਰ। ਬਲ ਬਾਂਹੁ ਕਰਨਿ ਗੁਰ ਸੋਂ ਜੁਝਾਰ।
ਦਿਸ ਬਾਮ ਜਾਇ ਤਬਿ ਪੈਂਦਖਾਨ। ਗੁਰ ਕੋ ਤੁਰੰਗ ਗਹਿ ਡਾਰਿ ਪਾਨ ॥੩੨॥

ਜਦ ਲਾਚਾਰ ਹੋ ਗਿਆ ਤਾਂ ਆਪਣੇ ਚਿੱਤ ਵਿਚ ਵਿਚਾਰ ਕੀਤੀ, ਗੁਰੂ ਜੀ ਨਾਲ ਹੁਣ ਬਾਹਾਂ ਨਾਲ ਬਲ ਕਰਦਾ ਹਾਂ। ਤਦ ਗੁਰੂ ਜੀ ਦੇ ਖੱਬੇ ਪਾਸੇ ਹੋ ਕੇ ਗੁਰੂ ਜੀ ਦੇ ਘੋੜੇ ਨੂੰ ਸੁੱਟਣ ਵਾਸਤੇ ਹੱਥ ਪਾਇਆ॥੩੨॥

ਜਹਿਂ ਹੁਤੋ ਤੰਗ ਇਕ ਹਾਥ ਪਾਇ। ਪੁਨ ਦੁਤਿਯ ਹਾਥ ਊਪਰ ਉਠਾਇ।
ਭਰ ਕਰਿ ਸੁ ਕੌਰ ਜੁਗ ਕਰਨ ਮਾਂਹਿ। ਬਲ ਤੇ ਉਠਾਇ ਗੇਰੈਨਿ ਚਾਹਿ ॥੩੩॥

ਜਿਥੇ ਘੋੜੇ ਦਾ ਤੰਗ ਕਾਠੀ ਨੂੰ ਕੱਸਣ ਵਾਲੀ ਪੇਟੀ ਸੀ, ਇਕ ਹੱਥ ਉਥੇ ਪਾਇਆ, ਫਿਰ ਦੂਸਰਾ ਹੱਥ ਉਪਰ ਉਠਾਇਆ, ਦੋਹਾਂ ਹੱਥਾਂ ਨਾਲ ਕਲਾਵਾ ਭਰ ਕੇ ਬਲ ਦੇ ਨਾਲ ਚੁੱਕ ਕੇ ਘੋੜੇ ਨੂੰ ਡੇਗਣਾ ਚਾਹਿਆ॥੩੩॥

ਸਮਰਥ ਉਚਾਇ ਸਾਕਹਿ ਸੁਮੇਰੁ। ਤਿਸ ਤੇ ਨ ਉਠਹਿਂ ਗੁਰ ਗੁਰ ਬਡੇਰ।
ਬਲ ਅਧਿਕ ਕਰਤਿ ਭਰਿ ਕੋਰਿ ਮਾਂਹਿ। ਟਿਕ ਰਹੇ ਤੁਰੰਗ ਹਾਲਜੋ ਸੁ ਨਾਹਿ ॥੩੪॥

ਜੇ ਕੋਈ ਸੁਮੇਰ ਪਰਬਤ ਨੂੰ ਵੀ ਚੁੱਕਣ ਦੇ ਸਮਰੱਥ ਹੋਵੇ, ਪਰ ਉਸ ਤੋਂ ਵੀ ਸਤਿਗੁਰੂ ਜੀ ਜੋ ਸਭ ਤੋਂ ਵੱਡੇ ਤੇ ਭਾਰੇ ਹਨ, ਨਹੀਂ ਚੁੱਕੇ ਜਾ ਸਕਦੇ। ਕਲਾਵਾ ਭਰ ਕੇ ਬਹੁਤ ਜ਼ੋਰ ਲਾਉਂਦਾ ਰਿਹਾ, ਟਿਕਿਆ ਰਿਹਾ ਤੇ ਘੋੜਾ ਹਿਲ ਨਾ ਸਕਿਆ॥੩੪॥

ਸ੍ਰੀ ਹਰਿਗੋਵਿੰਦ ਪਕਰੰਤਿ ਜਾਨਿ। ਹਯ ਕੇ ਛੁਟਾਨ ਹਿਤ ਜਤਨ ਠਾਨਿ।
ਦੋਨਹੁ ਰਕਾਬ ਮਾਰੀ ਸੁ ਜੋਰਿ। ਚੰਚਲ ਤੁਰੰਗ ਕਿਯ ਚਲਨਿ ਜ਼ੋਰ॥ ੩੫॥

ਸ੍ਰੀ ਹਰਿਗੋਬਿੰਦ ਜੀ ਨੇ ਘੋੜੇ ਦਾ ਤੰਗ ਪਕੜਿਆ ਜਾਣ ਕੇ, ਘੋੜੇ ਨੂੰ ਛੁਡਵਾਉਣ ਵਾਸਤੇ ਯਤਨ ਕੀਤਾ। ਜ਼ੋਰ ਨਾਲ ਦੋਵੇਂ ਰਕਾਬਾਂ ਮਾਰੀਆਂ ਤੇ ਚੰਚਲ ਘੋੜੇ ਨੂੰ ਚਲਣ ਵਾਸਤੇ ਜ਼ੋਰ ਲਾਇਆ॥੩੫॥

ਹਲਿਬੇ ਨ ਦੀਨਿ ਬਲ ਖਾਨ ਠਾਨਿ। ਰਾਖਜੋ ਟਿਕਾਇ ਚਹੁੰ ਚਰਨ ਥਾਨ।
ਬਲ ਮੈਂ ਬਿਸਾਲ ਗੁਰ ਕੋ ਕਿਕਾਨ। ਤ੍ਰਿਪਤਾਇ ਤਿਹਾਵਲ ਕਰਤਿ ਖਾਨ ॥੩੬॥

ਪੈਂਦੇ ਖਾਨ ਨੇ ਬਲ ਕਰਕੇ ਘੋੜਾ ਹਿਲਣ ਨਾ ਦਿੱਤਾ ਤੇ ਉਸ ਦੇ ਚਾਰੇ ਪੈਰਾਂ ਨੂੰ ਟਿਕਾਈ ਰੱਖਿਆ। ਗੁਰੂ ਜੀ ਦਾ ਘੋੜਾ ਬਲ ਵਿਚ ਵਿਸ਼ਾਲ ਤਾਕਤਵਰ ਸੀ। ਗੁਰੂ ਜੀ ਕੜਾਹ ਪ੍ਰਸ਼ਾਦਿ ਖਵਾ ਕੇ ਉਸਨੂੰ ਤ੍ਰਿਪਤ ਕਰਦੇ ਸਨ॥੩੬॥

ਜੋ ਸਰਬ ਅੰਗ ਤਨ ਕਰਿ ਬਿਸਾਲ। ਸ਼ਾਰਤ ਕਰੰਤਿ ਚਲਿ ਛਾਰ ਚਾਲ।
ਗੁਰ ਬਾਗ ਸੰਗ ਅਲਪੈਂ ਜਨਾਇ। ਜਿਮ ਚਹਤਿ ਕਰਤ ਚਲਿਬੋ ਕਿ ਧਾਇ ॥੩੭॥

ਜੋ ਸਾਰੇ ਅੰਗਾਂ ਕਰਕੇ ਬੜਾ ਸ਼ਕਤੀਸ਼ਾਲੀ ਸੀ ਤੇ ਇਸ਼ਾਰਾ ਕਰਨ ਤੇ ਹੀ ਤੇਜ਼ ਚਾਲ ਚਲ ਪੈਂਦਾ ਸੀ। ਗੁਰੂ ਜੀ ਆਪਣੇ ਘੋੜੇ ਨੂੰ ਬਹੁਤ ਘੱਟ ਛੇੜਦੇ ਸਨ, ਜਿਵੇਂ ਚਾਹੁੰਦੇ ਸਨ ਉਸ ਤਰ੍ਹਾਂ ਹੀ ਕਰਦਾ ਸੀ, ਚਲਦਾ ਸੀ ਜਾਂ ਭੱਜਦਾ ਸੀ॥੩੭॥

ਸੋ ਖਾ ਰਕਾਬ ਥਿਰ ਭਾ ਸਥਾਨ। ਅਸ ਅਧਿਕ ਬਲੀ ਭਟ ਪੈਂਦਖਾਨ।
ਗੁਰ ਲਖਜੋ ਤੁਰੰਗ ਨਹਿ ਚਲਨ ਦੀਨਿ। ਕਰ ਜੋਰ ਪਾਇ ਬਸ ਅਪਨ ਕੀਨਿ ॥੩੮॥

ਘੋੜਾ ਰਕਾਬਾਂ ਦੀ ਮਾਰ ਖਾ ਕੇ ਵੀ ਆਪਣੇ ਥਾਂ ਖੜਾ ਰਿਹਾ, ਏਨਾ ਵੱਡਾ ਬਲੀ ਪੈਂਦੇ ਖਾਨ ਸੀ। ਗੁਰੂ ਜੀ ਨੇ ਵੇਖਿਆ ਕਿ ਪੈਂਦੇ ਖਾਨ ਘੋੜੇ ਨੂੰ ਨਹੀਂ ਸੀ ਚਲਣ ਦਿੰਦਾ, ਸਾਰਾ ਜ਼ੋਰ ਪਾ ਕੇ ਆਪਣੇ ਵੱਸ ਵਿਚ ਕਰ ਲਿਆ ਸੀ॥੩੮॥

ਖਰ ਖੜਗ ਪ੍ਰਹਾਰ ਸੁ ਲਗਹਿ ਨਾਂਹਿ। ਦਿਸ਼ ਬਾਮ ਬਿਖੈ ਅਤਿ ਨਿਕਟਿ ਆਹਿ।
ਚਿਤਵੰਤਿ ਗੁਰੂ ਰਿਪੁ ਹਤਨ ਹੇਤੁ। ਕੋ ਕਰਹਿਂ ਜਤਨ ਰਹਿ ਜੰਗ ਖੇਤ॥ ੩੯॥

ਤੇਜ਼ ਤਲਵਾਰ ਦਾ ਵਾਰ ਉਸ ਤੇ ਲੱਗਦਾ ਨਹੀਂ ਸੀ, ਕਿਉਂਕਿ ਉਹ ਖੱਬੇ ਪਾਸੇ ਅਤਿ ਨੇੜੇ ਸੀ। ਗੁਰੂ ਜੀ ਵੈਰੀ ਨੂੰ ਮਾਰਨ ਬਾਰੇ ਸੋਚ ਰਹੇ ਸਨ। ਕਿਹੜਾ ਯਤਨ ਕਰੀਏ ਕਿ ਰਣਖੇਤਰ ਵਿਚ ਰਹਿ ਜਾਵੇ॥੩੯॥

ਤਤਕਾਲ ਗਰੁਵ ਢਾਲਾ ਸੰਭਾਲਿ। ਕਰਿ ਕੋ ਉਠਾਇ ਕਰਿ ਬਲ ਬਿਸਾਲ।
ਸਿਰ ਪੈਂਦਖਾਨ ਕੇ ਹਤਨ ਕੀਨਿ। ਨਹਿਂ ਸਕਿ ਸਹਾਰ, ਕਰ ਛੋਰ ਦੀਨਿ॥ ੪੦॥

ਗੁਰੂ ਜੀ ਨੇ ਤੁਰਤ ਢਾਲ ਸੰਭਾਲੀ, ਹੱਥ ਨਾਲ ਚੁੱਕ ਕੇ ਵਿਸ਼ਾਲ ਬਲ ਨਾਲ, ਪੈਂਦੇ ਖਾਨ ਦੇ ਸਿਰ ਵਿਚ ਮਾਰੀ, ਉਹ ਸੱਟ ਨੂੰ ਸਹਾਰ ਨਾ ਸਕਿਆ ਤੇ ਉਸ ਨੇ ਹੱਥ ਛੱਡ ਦਿੱਤੇ॥੪੦॥

ਥਿਰ ਭਯੋ ਕੁਛਕ ਬਹੁ ਘੂਮਿ ਘੂਮਿ। ਗਿਰ ਪਰਯੋ ਭੂਮ ਬਹੁ ਝੂਮਿ ਝੂਮਿ।
ਜਾਨੂਨ ਭਾਰ ਹ੍ਵੈ ਕੈ ਬਿਹਾਲ। ਛਿਤ ਪਰ ਸੁ ਪਰਯੋ ਮੁਰਛਾ ਬਿਸਾਲ॥ ੪੧॥

ਕੁਝ ਦੇਰ ਬੈਠਾ ਫਿਰ ਘੁੰਮ ਘੁੰਮ ਕੇ ਤੇ ਝੂਮ ਝੂਮ ਕੇ ਧਰਤੀ ਤੇ ਡਿੱਗ ਪਿਆ, ਫਿਰ ਬਹੁਤ ਬਿਹਾਲ ਹੋ ਕੇ ਗੋਡਿਆਂ ਭਾਰ ਹੋਇਆ ਤੇ ਫਿਰ ਧਰਤੀ 'ਤੇ ਡਿੱਗ ਕੇ ਵਿਸ਼ਾਲ ਬੇਹੋਸ਼ ਹੋ ਗਿਆ॥੪੧॥

ਤਨ ਸ੍ਵੇਦ ਸਹਿਤ ਸ੍ਰੀ ਗੁਰ ਨਿਹਾਰਿ। ਸੁਧ ਬਿਨਾਂ ਭਯੋ ਨਹਿਂ ਕੀਨ ਵਾਰ।
ਤਤਕਾਲ ਤੁਰੰਗਮ ਛੋਰਿ ਦੀਨਿ। ਤਰ ਉਤਰਿ ਗੁਰੂ ਰਣ ਧਰਮ ਚੀਨ॥ ੪੨॥

ਗੁਰੂ ਜੀ ਨੇ ਸਵੇਦ ਸਰੀਰ ਸਹਿਤ ਵੇਖਿਆ, ਜਦ ਬੇਹੋਸ਼ ਵੇਖਿਆ ਤਾਂ ਵਾਰ ਨਾ ਕੀਤਾ। ਗੁਰੂ ਜੀ ਨੇ ਤੁਰਤ ਘੋੜੇ ਨੂੰ ਛੱਡ ਦਿੱਤਾ, ਥੱਲੇ ਉਤਰ ਕੇ ਗੁਰੂ ਜੀ ਜੰਗ ਦੇ ਧਰਮ ਨੂੰ ਪਛਾਣਿਆ॥੪੨॥

ਜਬਿ ਛੁਟੀ ਮੂਰਛਾ ਸੁਧ ਸਰੀਰ। ਦੁਹਿ ਦਿਸ਼ਨਿ ਸੈਨ ਕੇ ਪਿਖਤਿ ਬੀਰ।
ਗੁਰ ਕੇਰ ਜੁ ਅੰਤਹਿਪੁਰ ਬਿਸਾਲ। ਚਢਿ ਤੁੰਗ ਅਟਾਰਨਿ ਤਾਤਕਾਲ॥ ੪੩॥

ਜਦ ਬੇਹੋਸ਼ੀ ਟੁੱਟੀ ਤੇ ਸਰੀਰ ਨੂੰ ਹੋਸ਼ ਆਈ, ਸੈਨਾ ਦੇ ਦੋਵੀਂ ਪਾਸੀਂ ਖੜੇ ਸੂਰਮੇ ਵੇਖ ਰਹੇ ਸਨ। ਗੁਰੂ ਜੀ ਦੇ ਜੋ ਵਿਸ਼ਾਲ ਮਹਿਲ ਸਨ, ਉਹ ਤੁਰਤ ਉਚੀਆਂ ਅਟਾਰੀਆਂ ਤੇ ਚੜ੍ਹ ਗਈਆਂ॥੪੩॥

ਅਵਲੋਕਿ ਝਰੋਖਨਿ ਮਹਿਂ ਸ ਤ੍ਰਾਸ। ਸ੍ਰੀ ਗੁਰ ਮਨਾਇ ਧਰਿ ਕਰਿ ਬਿਸਾਸ।
'ਸ੍ਰੀ ਨਾਨਕ ਆਦਿ ਹੋਵਹੁ ਸਹਾਇ। ਸਮੁਦਾਇ ਤੁਰਕ ਤੇ ਲਿਹੁ ਬਚਾਇ' ॥੪੪॥

ਝਰੋਖਿਆਂ ਵਿਚੋਂ ਵੇਖ ਕੇ ਬਹੁਤ ਤਰਾਸ ਪਾਉਂਦੀਆਂ ਸਨ ਤੇ ਭਰੋਸਾ ਧਰਕੇ ਸ੍ਰੀ ਵੱਡੇ ਗੁਰੂ ਜੀ ਨੂੰ ਮਨਾਉਂਦੀਆਂ ਸਨ। ਕਹਿੰਦੀਆਂ ਸਨ, "ਹੇ ਸ੍ਰੀ ਗੁਰੂ ਨਾਨਕ ਦੇਵ ਜੀ ਆਦਿ ਸਹਾਇਕ ਬਣੋ, ਇਸ ਤੁਰਕਾਂ ਦੇ ਸਮੂਹ ਤੋਂ ਬਚਾ ਲਵੋ" ॥੪੪॥

ਤਿਮ ਅਪਰ ਨਗਰ ਕੀ ਬਾਲ ਜਾਲ। ਬਨਕਨਿ ਸਮੇਤ ਪਿਖਿ ਤਾਤ ਕਾਲ।
ਅਤਿ ਤ੍ਰਾਸ ਪਾਇ ਥਰਹਰ ਕਰੰਤਿ। ਭਗਵੰਤ ਅਰਾਧਤਿ ਜਗਤਕੰਤ॥ ੪੫॥

ਉਸ ਤਰ੍ਹਾਂ ਨਗਰ ਦੀਆਂ ਸਾਰੀਆਂ ਇਸਤਰੀਆਂ ਬਾਣੀਆਂ ਸਮੇਤ ਤੁਰਤ ਵੇਖ ਕੇ ਅਤਿ ਡਰ ਗਈਆਂ ਅਤੇ ਥਰ-ਥਰ ਕੰਬਣ ਲੱਗੀਆਂ। ਜਗਤ ਦੇ ਮਾਲਕ ਭਗਵਤ ਦੀ ਆਰਾਧਣਾ ਕਰਦੀਆਂ ਸਨ॥੪੫॥

'ਪ੍ਰਭੁ ਮਹਾਰਾਜ ਰਾਖਹੁ ਸੁ ਲਾਜ। ਤੁਰਕਾਨ ਹਾਨਿ, ਕੈ ਜਾਹਿਂ ਭਾਜ'।
ਸਭਿਹੂਨਿ ਰਿਦੈ ਕੀ ਗੁਰ ਪਛਾਨਿ। ਭਾ ਤਪਤ ਤੇਜ ਬਿਦਤਯੋ ਮਹਾਨ॥੪੬॥

"ਹੇ ਪ੍ਰਭੂ ਮਹਾਰਾਜ, ਸਾਡੀ ਲਾਜ ਰੱਖੋ, ਤੁਰਕਾਂ ਨੂੰ ਮਾਰੋ ਜਾਂ ਉਹ ਭੱਜ ਜਾਣ।" ਗੁਰੂ ਜੀ ਸਾਰਿਆਂ ਦੇ ਹਿਰਦਿਆਂ ਨੂੰ ਪਛਾਣਦੇ ਸਨ ਉਨ੍ਹਾਂ ਦਾ ਤਪ ਤੇਜ ਸਾਰੇ ਹੀ ਮਹਾਨ ਪ੍ਰਗਟ ਸੀ॥੪੬॥

ਤੁਰਕਾਨਿ ਹਾਨ ਕੋ ਜਤਨ ਕੀਨਿ। ਤਬਿ ਖਰੋ ਭਯੋ ਪੈਂਦਾ ਸੁ ਚੀਨ।
ਬੋਲੇ ਬੰਗਾਰ 'ਸੁਨ ਰੇ ਪਠਾਨ! । ਮਮ ਵਾਰ ਦੇਹੁ ਬਨਿ ਸਾਵਧਾਨ॥੪੭॥

ਤੁਰਕਾਂ ਨੂੰ ਨਾਸ਼ ਕਰਨ ਦਾ ਉਨ੍ਹਾਂ ਯਤਨ ਕੀਤਾ, ਫਿਰ ਪੈਂਦੇ ਖਾਨ ਨੂੰ ਖੜੇ ਹੁੰਦਿਆਂ ਵੇਖਿਆ। ਵੰਗਾਰ ਕੇ ਬੋਲੇ, "ਹੇ ਪਠਾਣ! ਸੁਣ, ਸਾਵਧਾਨ ਹੋ ਕੇ ਹੁਣ ਮੈਨੂੰ ਵਾਰ ਦੇਵੋ" ॥੪੭॥

ਕਰਿ ਲੀਨ ਤੀਨ, ਤੈਂ ਬਲ ਲਗਾਇ'। ਤਬਿ ਪੈਂਦਖਾਨ ਬੋਲਯੋ ਰਿਸਾਇ।
'ਕਹਾ ਕਰੋ ਵਾਰ? ਗਹਿ ਲੇਉਂ ਅੰਗ। ਅਬਿ ਕੇ ਨ ਛੁਟਹੁ ਗਹਿ ਹੌਂ ਕੁਢੰਗ॥੪੮॥

"ਤੂੰ ਬਹੁਤ ਬਲ ਲਾ ਕੇ ਤਿੰਨ ਵਾਰ ਕੀਤੇ ਹਨ" ਤਦ ਪੈਂਦੇ ਖਾਨ ਗੁੱਸੇ ਵਿਚ ਆ ਕੇ ਬੋਲਿਆ, "ਤੂੰ ਵਾਰ ਕੀ ਕਰਨਾ ਹੈ, ਮੈਂ ਤੁਹਾਨੂੰ ਹੁਣੇ ਫੜ ਲਵਾਂਗਾ, ਹੁਣ ਐਸੀ ਬੁਰੀ ਤਰ੍ਹਾਂ ਫੜਾਂਗਾ ਕਿ ਛਡਾਂਗਾ ਨਹੀਂ॥੪੮॥

ਲੈ ਹੌਂ ਉਠਾਇ ਬਸ ਕਰਿ ਮਹਾਨ। ਕਰਿ ਲਿਜੈ ਓਜ ਦੈ ਹੌਂ ਨ ਜਾਨ।
ਨਹਿਂ ਗਹਯੋ ਗਯੋ ਛੁਟਿ ਗਾ ਸੁਖੈਨ। ਸੁਨਿ ਗੁਰੂ ਕੋਪ ਤੇ ਲਾਲ ਨੈਨ॥੪੯॥

ਚੰਗੀ ਤਰ੍ਹਾਂ ਵੱਸ ਕਰਕੇ ਚੁੱਕ ਲਵਾਂਗਾ, ਆਪਣਾ ਜ਼ੋਰ ਲਾ ਲਵੋ ਜਾਣ ਨਹੀਂ ਦੇਵਾਂਗਾ। ਇਕ ਵਾਰ ਫੜਿਆ ਗਿਆ ਆਸਾਨੀ ਨਾਲ ਨਹੀਂ ਛੁਟਕਾਰਾ ਪਾ ਸਕੋਂਗਾ।" ਇਹ ਸੁਣ ਕੇ ਗੁਰੂ ਜੀ ਨੇ ਗੁੱਸੇ ਨਾਲ ਅੱਖਾਂ ਲਾਲ ਕਰ ਲਈਆਂ॥੪੯॥

ਪਹੁੰਚੇ ਸਮੀਪ ਇਤਿ ਉਤ ਫਿਰੰਤਿ। ਕਰਿ ਸਿਪਰ ਖਾਨ ਆਗੇ ਕਰੰਤਿ।
ਗੁਰ ਚਹਤਿ ਏਕ ਹੀ ਵਾਰ ਸੰਗ। ਚੀਰਹਿਂ ਸਰੀਰ ਕਰਿ ਪ੍ਰਾਨ ਭੰਗ॥੫੦॥

ਏਧਰ ਓਧਰ ਫਿਰਦੇ ਨੇੜੇ ਪਹੁੰਚੇ, ਖਾਨ ਆਪਣੀ ਢਾਲ ਨੂੰ ਅੱਗੇ ਕਰ ਦਿੰਦਾ ਸੀ। ਗੁਰੂ ਜੀ ਇਕ ਹੀ ਵਾਰ ਨਾਲ ਮਾਰ ਦੇਣਾ ਚਾਹੁੰਦੇ ਸਨ। ਉਸ ਦਾ ਸਰੀਰ ਚੀਰ ਕੇ ਪ੍ਰਾਣਾਂ ਦਾ ਨਾਸ਼ ਕਰਨਾ ਚਾਹੁੰਦੇ ਸਨ॥੫੦॥

ਤਬਿ ਪੈਂਦਖਾਨ ਚਿਤ ਚਾਹਿ ਧਾਰਿ। ਗੁਰ ਗਹੌਂ ਅਬਹਿ ਕੋਰੀ ਮਝਾਰ।
ਲੇ ਚਲੌਂ ਵਹਿਰ ਨਹਿਂ ਕੋ ਛੁਰਾਇ। ਦਲ ਖਰੇ ਮਹਦ ਸਭਿ ਧਾਇ ਆਇਂ' ॥੫੧॥

ਤਦ ਪੈਂਦੇ ਖਾਨ ਨੇ ਚਿੱਤ ਵਿਚ ਚਾਹਤ ਧਾਰ ਕੇ ਸੋਚਿਆ, "ਹੁਣੇ ਗੁਰੂ ਜੀ ਨੂੰ ਆਪਣੇ ਕਲਾਵੇ ਵਿਚ ਫੜ ਲੈਂਦਾ ਹਾਂ। ਬਾਹਰ ਲੈ ਚਲਾਂਗਾ ਕੋਈ ਵੀ ਨਹੀਂ ਛੁਡਾਏਗਾ, ਬਹੁਤ ਵੱਡਾ ਦਲ ਖੜਾ ਹੈ ਸਾਰੇ ਭੱਜ ਆਉਣਗੇ" ॥੫੧॥

ਇਵ ਚਿਤਵਿ ਰੋਕਿਬੇ ਢਾਲ ਤਜਾਗਿ। ਕਰਿ ਫੁਰਤਿ ਤੁਰਤ ਗੁਰ ਗਹਿਨ ਲਾਗ।
ਅਵਕਾਸ਼ ਪਾਇ ਸ੍ਰੀ ਹਰਿਗੋਵਿੰਦ। ਖਰ ਖਗ ਪ੍ਰਚੰਡ ਤੜਿਤਾ ਮਨਿੰਦ॥੫੨॥

ਇਸ ਤਰ੍ਹਾਂ ਸੋਚਕੇ ਰੋਕਣ ਵਾਸਤੇ ਢਾਲ ਛੱਡ ਦਿੱਤੀ, ਫੁਰਤੀ ਕਰਕੇ ਤੁਰਤ ਗੁਰੂ ਜੀ ਨੂੰ ਫੜਨ ਲੱਗਾ। ਸ੍ਰੀ ਹਰਿਗੋਬਿੰਦ ਜੀ ਨੇ ਮੌਕਾ ਪਾ ਕੇ ਤਿੱਖੀ ਪ੍ਰਚੰਡ ਤਲਵਾਰ ਨੂੰ ਬਿਜਲੀ ਵਾਂਗ ਮਾਰਿਆ॥੫੨॥

ਬਲ ਤੇ ਉਭਾਰਿ ਸ਼ੱਤ੍ਰੂ ਸਰੀਰ। ਕੀਨੋ ਪ੍ਰਹਾਰ ਦੀਨੋ ਸੁ ਚੀਰ।
ਕਲਵੱਤ੍ਰ ਮਨੋ ਲੈ ਕੇ ਤ੍ਰਖਾਨ। ਜਿਮ ਕਰਤਿ ਦੋਇ ਕਾਸ਼ਟ ਮਹਾਨ॥੫੩॥

ਬਲ ਨਾਲ ਤਲਵਾਰ ਨੂੰ ਉੱਚਾ ਚੁੱਕ ਕੇ, ਵਾਰ ਕਰਕੇ ਪੈਂਦੇ ਖਾਂ ਦੇ ਸਰੀਰ ਨੂੰ ਇੰਝ ਚੀਰ ਦਿੱਤਾ, ਮਾਨੋਂ ਤਰਖਾਣ ਆਰੇ ਨਾਲ ਲੱਕੜ ਚੀਰ ਦਿੰਦਾ ਹੈ, ਜਿਵੇਂ ਉਹ ਲੱਕੜ ਦੇ ਦੋ ਮਹਾਨ ਟੋਟੇ ਕਰ ਦਿੰਦਾ ਹੈ॥੫੩॥

ਜਿਮ ਸਬੁਨੀਗਰ ਲੈ ਲੋਹ ਤਾਰ। ਸਾਬੁਨ ਦੁਖੰਡ ਕਰਿ ਬਿਨ ਅਵਾਰ।
ਜਬਿ ਗਿਰਨ ਲਾਗ ਕਹਿਂ ਗੁਰ ਉਦਾਰ 'ਤੁਵ ਤੁਰਕ ਜਨਮ, ਕਲਮਾ ਉਚਾਰ' ॥੫੪॥

ਜਿਵੇਂ ਸਾਬਣ ਬਣਾਉਣ ਵਾਲਾ ਲੋਹੇ ਦੀ ਤਾਰ ਲੈ ਕੇ ਬਿਨਾਂ ਦੇਰ ਤੋਂ ਝਟਪਟ ਸਾਬਣ ਦੇ ਦੋ ਟੁਕੜੇ ਕਰ ਦਿੰਦਾ ਹੈ। ਜਦ ਡਿੱਗਣ ਲੱਗਾ ਤਾਂ ਉਦਾਰ ਚਿੱਤ ਗੁਰੂ ਜੀ ਨੇ ਕਿਹਾ, "ਤੇਰਾ ਤੁਰਕਾਂ ਦੇ ਘਰ ਜਨਮ ਹੋਇਆ ਹੈ, ਕਲਮਾ ਪੜ੍ਹ ਲੈ" ॥੫੪॥

ਦੋਹਰਾ- ਗਿਰਨ ਲਗ੍ਯੋ ਪੈਂਦਾ ਕਹੈ, 'ਸ੍ਰੀਗੁਰ ਤੁਵ ਤਰਵਾਰ।
ਭਈ ਰੂਪ ਕਲਮਾ ਅਬਹਿ, ਕਰੀਯਹਿ ਮੋਹਿ ਉਧਾਰ' ॥ ੫੫॥

ਡਿੱਗਣ ਲੱਗੇ ਪੈਂਦੇ ਨੇ ਕਿਹਾ, "ਹੇ ਗੁਰੂ ਜੀ ਤੁਹਾਡੀ ਤਲਵਾਰ ਹੀ ਕਲਮੇ ਦਾ ਰੂਪ ਹੈ, ਹੁਣ ਮੇਰਾ ਉਧਾਰ ਕਰ ਦੇਵੋ" ॥੫੫॥

*ਅੱਠਵੀਂ ਰਾਸ ਦਾ ਸਤਾਈਵਾਂ ਅਧਿਆਇ ਸਮਾਪਤ ਹੋਇਆ॥੨੭॥*

# ਅਧਿਆਇ ਅਠਾਈਵਾਂ

### ਅਸਮਾਨ ਖਾਨ ਬੱਧ

ਦੋਹਰਾ- ਪੈਂਦਖਾਨ ਜਬਿ ਦੀਨ ਹ੍ਵੈ ਕੀਨਸਿ ਬਾਕ ਬਖਾਨ।
'ਸ੍ਰੀ ਗੁਰ ਤੁਮਰੇ ਹਾਥ ਕੀ ਮਿਸਰੀ ਕਲਮਾ ਜਾਨ' ॥ ੧॥

ਪੈਂਦੇ ਖਾਨ ਨੇ ਜਦ ਦੀਨ ਹੋ ਕੇ ਇਸ ਤਰ੍ਹਾਂ ਕਿਹਾ, "ਹੇ ਗੁਰੂ ਜੀ! ਤੁਹਾਡੀ ਹੱਥ ਦੀ ਤਲਵਾਰ ਨੂੰ ਹੀ ਮੈਂ ਮਿਸਰੀ ਰੂਪ ਕਲਮਾ ਜਾਣਿਆ ਹੈ" ॥੧॥

ਚੌਪਈ- ਸੁਨਤਿ ਸਨੇਹ ਰਿਦੈ ਹਇ ਆਯੋ। ਪਤਿਪਾਰ੍ਯੋ ਪੁਰਬ, ਅਪਨਾਯੋ।
ਨਿਜ ਕਰ ਗ੍ਰਾਸ ਪਾਇ ਮਖ ਮਾਂਹੀ। ਉੱਤਮ ਵਸਤੁ ਦੇਤਿ ਨਿਤ ਜਾਂਹੀ ॥੨॥

ਇਹ ਸੁਣ ਕੇ ਹਿਰਦੇ ਵਿਚ ਪ੍ਰੇਮ ਜਾਗ ਪਿਆ, ਪਹਿਲਾਂ ਅਪਨਾਇਆ ਫਿਰ ਪਾਲਣਾ ਕੀਤੀ, ਆਪਣੇ ਹੱਥਾਂ ਨਾਲ ਮੂੰਹ ਵਿਚ ਗ੍ਰਾਹੀਆਂ ਪਾਈਆਂ, ਸਦਾ ਹੀ ਉੱਤਮ ਵਸਤਾਂ ਦਿੰਦੇ ਰਹਿੰਦੇ ਸਨ॥੨॥

ਭਾਂਤਿ ਭਾਂਤਿ ਪੋਸ਼ਿਸ਼ ਪਹਿਰਾਇ। ਭਾਂਤਿ ਭਾਂਤਿ ਕੇ ਅਸਨ ਅਚਾਇ।
ਪੁਨਹਿ ਬਿਲੋਕਿ ਜਿਸਹਿ ਹਰਖਾਵੈਂ। ਦਾਨ ਮਾਨ ਦੇ ਨਿਤ ਤ੍ਰਿਪਤਾਵੈਂ ॥ ੩॥

ਭਾਂਤ-ਭਾਂਤ ਦੀਆਂ ਪੋਸ਼ਾਕਾਂ ਪਹਿਨਾਈਆਂ, ਤੇ ਭਾਂਤ-ਭਾਂਤ ਦੇ ਪਦਾਰਥ ਖਵਾਏ, ਜਿਸ ਨੂੰ ਵੇਖ ਕੇ ਪ੍ਰਸੰਨ ਕਰਦੇ ਸਨ ਤੇ ਦਾਨ ਮਾਨ ਦੇ ਕੇ ਤ੍ਰਿਪਤ ਕਰਦੇ ਸਨ॥੩॥

ਤਿਸਕੀ ਦਸ਼ਾ ਦੇਖਿ ਦੁਖਵਾਰੀ। ਕਮਲ ਬਿਲੋਚਨਿ ਤੇ ਤਜਿ ਵਾਰੀ।
ਬਦਨ ਸ੍ਵੇਦ ਜਿਸ ਕੇ ਬਹੁ ਹੋਵਾ। ਤਰਫਤਿ ਪਰ੍ਯੋ ਘਾਮ ਮਹਿਂ ਜੋਵਾ ॥੪॥

ਉਸ ਦੀ ਦੁਖੀ ਦਸ਼ਾ ਵੇਖ ਕੇ, ਕੰਵਲ ਨੈਣਾਂ ਵਿਚੋਂ ਪਾਣੀ ਨਿਕਲ ਆਇਆ ਜਿਸ ਦਾ ਚਿਹਰਾ ਹੁਣ ਬਹੁਤ ਸਫੇਦ ਹੋਇਆ ਸੀ ਤੇ ਧੁੱਪ ਵਿਚ ਪਏ ਨੂੰ ਤੜਫਦਾ ਵੇਖਿਆ॥੪॥

ਸਿਪਰ ਸਾਥ ਕੀਨਸਿ ਤਬਿ ਛਾਯਾ। ਹੇਤ ਬਦਨ ਪਰ ਘਾਮ ਮਿਟਾਯਾ।
ਦੇਖਤਿ ਖਰੇ ਅਸ਼੍ਰੂ ਦ੍ਰਿਗ ਝਰੈਂ। ਪੈਂਦਖਾਨ ਕੇ ਮੁਖ ਪਰ ਪਰੈਂ॥ ੫॥

ਫਿਰ ਢਾਲ ਨਾਲ ਉਸ ਨੂੰ ਛਾਂ ਕੀਤੀ, ਮੂੰਹ ਤੇ ਜਿਹੜੀ ਧੁੱਪ ਪੈਂਦੀ ਸੀ ਉਸ ਨੂੰ ਦੂਰ ਕੀਤਾ। ਖੜੇ ਵੇਖਦਿਆਂ ਨੈਣਾਂ ਵਿਚੋਂ ਹੰਝੂ ਝੜੇ, ਜਿਹੜੇ ਪੈਂਦੇ ਖਾਂ ਦੇ ਮੁੱਖ ਤੇ ਪਏ॥੫॥

ਜਿਮ ਕਾਸ਼ਟ ਕੋ ਪਾਰ ਬਧਾਵੈ। ਅਪਨਿ ਜਾਨਿ ਤਿਹ ਜਲ ਨ ਡੁਬਾਵੈ।
ਤਰਫਤਿ ਪਰਜੋ ਛਿਨਕ ਮੈਂ ਮਰਜੋ। ਸਤਿਗੁਰ ਨੇਹੁ ਅਧਿਕ ਉਰ ਕਰਜੋ॥ ੬॥

ਜਿਵੇਂ ਜਲ ਲੱਕੜ ਨੂੰ ਪਾਲ ਕੇ ਵਧਾਉਂਦਾ ਹੈ, ਆਪਣਾ ਜਾਣ ਕੇ ਜਲ ਲਕੜ ਨੂੰ ਆਪਣੇ ਵਿਚ ਨਹੀਂ ਡੋਬਦਾ ਹੈ। ਤੜਫਦਾ ਪਿਆ ਝਟ ਮਰ ਗਿਆ, ਸਤਿਗੁਰੂ ਜੀ ਨੇ ਹਿਰਦੇ ਵਿਚ ਬਹੁਤ ਸਨੇਹ ਕੀਤਾ॥੬॥

ਤਜਾਗਹਿਂ ਸ਼ਸਤ੍ਰ ਮਨੋਰਥ ਧਾਰਾ। ਹਤੇ ਹਮਹੁਂ ਨਰ ਤੁਰਕ ਹਜ਼ਾਰਾ।
ਪ੍ਰਤਿਪਾਰਜੋ ਨਿਜ ਕਰ ਤੇ ਘਾਯੋ। ਇੱਤਜਾਦਿਕ ਸਭਿ ਦੋਸ਼ ਉਪਾਯੋ॥ ੭॥

ਹੁਣ ਸ਼ਸਤਰ ਛੱਡ ਦੇਵਾਂਗੇ, ਇਹ ਮਨੋਰਥ ਧਾਰਨ ਕਰ ਲਿਆ, ਅਸੀਂ ਹਜ਼ਾਰਾਂ ਹੀ ਤੁਰਕਾਂ ਨੂੰ ਮਾਰਿਆ ਹੈ। ਜਿਸ ਨੂੰ ਪਾਲਿਆ ਸੀ, ਉਸ ਨੂੰ ਆਪਣੇ ਹੱਥ ਨਾਲ ਮਾਰ ਦਿੱਤਾ, ਇੱਤਆਦਿ ਸਭ ਦੋਸ਼ ਉਪਾਇਆ॥੭॥

ਤਜਿ ਅਬਿ ਦੇਤਿ ਤਊ ਕਠਨਾਈ। ਲਰਨ ਹੇਤੁ ਸੈਨਾ ਸਮੁਹਾਈ।
ਸਕਲ ਕਹੈਂ ਤ੍ਰਾਸਤਿ ਤਜਿ ਦਏ। ਇਮ ਬਿਚਾਰ ਨਹਿਂ ਤਜਾਗਤਿ ਭਏ॥ ੮॥

ਜੇ ਹੁਣ ਸ਼ਸਤਰ ਛੱਡ ਦੇਦੀਏ ਤਦ ਵੀ ਕਠਨਾਈ ਹੈ, ਲੜਨ ਹੇਤ ਜਿਹੜੀ ਸੈਨਾ ਇਕੱਠੀ ਕੀਤੀ ਹੈ, ਸਾਰੇ ਕਹਿਣਗੇ, "ਡਰਦੇ ਹੋਏ ਛੱਡ ਗਏ, ਇੰਝ ਵਿਚਾਰ ਕੇ ਛੱਡਦੇ ਨਹੀਂ ਹਨ॥੮॥

ਜਬਿ ਪੈਂਦਾ ਗੁਰ ਕੀ ਦਿਸ਼ਿ ਧਾਯੋ। ਖਾਂ ਅਸਮਾਨ ਸੰਗ ਹੀ ਆਯੋ।
ਸ੍ਰੀ ਗੁਰਦਿੱਤੇ ਤਿਹ ਅਟਕਾਯੋ। 'ਕਹਾਂ ਜਾਤਿ ਇਤ ਰਹਹੁ' ਅਲਾਯੋ॥ ੯॥

ਜਦ ਪੈਂਦਾ ਗੁਰੂ ਜੀ ਵਲ ਆਇਆ ਤਾਂ ਅਸਮਾਨ ਖਾਂ ਵੀ ਨਾਲ ਹੀ ਆਇਆ। ਸ੍ਰੀ ਗੁਰਦਿੱਤੇ ਨੇ ਉਸ ਨੂੰ ਰੋਕਿਆ, "ਕਿਥੇ ਜਾਂਦਾ ਹੈਂ ਏਥੇ ਰਹੋ" ਇਸ ਤਰ੍ਹਾਂ ਕਿਹਾ ਸੀ॥੯॥

ਤਾਨਿ ਧਨੁਖ ਕੋ ਤੀਰ ਪ੍ਰਹਾਰਾ। ਖਾਂ ਅਸਮਾਨ ਇਨਹੁਂ ਪਰ ਮਾਰਾ।
ਦੋਨਹੁਂ ਸੁਭਟ ਅਰੇ ਰਨ ਮਾਂਹੀ। ਧਰਿ ਉਰ ਤ੍ਰਾਸ ਮਿਟੇ ਕਿਮ ਨਾਂਹੀ॥ ੧੦॥

ਧਨੁੱਖ ਤਾਣ ਕੇ ਤੀਰ ਮਾਰਿਆ, ਅਸਮਾਨ ਖਾਨ ਨੇ ਉਨ੍ਹਾ ਉਤੇ ਮਾਰਿਆ। ਦੋਵੇਂ ਸੂਰਮੇ ਰਣ ਵਿਚ ਅੜ ਪਏ, ਹਿਰਦੇ ਦਾ ਤ੍ਰਾਸ ਕਿਸੇ ਤਰ੍ਹਾਂ ਵੀ ਮਿਟਦਾ ਨਹੀਂ ਸੀ॥੧੦॥

ਫੇਰਹਿਂ ਤੁਰੰਗ ਪ੍ਰਹਾਰਹਿਂ ਤੀਰ। ਕਬਹੁਂ ਦੂਰ ਕਬਿ ਹੋਵਹਿਂ ਨੀਰ।
ਧਨੁ ਬਿੱਦਜਾ ਅਪਨੀ ਦਿਖਰਾਵੈਂ। ਕਰਿ ਤੂਰਨਤਾ ਤੀਰ ਚਲਾਵੈਂ॥ ੧੧॥

ਘੋੜੇ ਫੇਰ ਕੇ ਤੀਰਾਂ ਦੇ ਵਾਰ ਕਰਦੇ ਸਨ, ਕਦੀ ਦੂਰ ਹੋ ਜਾਂਦੇ ਸਨ ਤੇ ਕਦੀ ਨੇੜੇ ਹੋ ਜਾਂਦੇ ਸਨ। ਆਪਣੀ ਧਨੁੱਖ ਵਿਦਿਆ ਵਿਖਾਉਂਦੇ ਸਨ। ਬੜੀ ਫੁਰਤੀ ਕਰਕੇ ਤੀਰ ਚਲਾਉਂਦੇ ਸਨ॥੧੧॥

ਲਗਜੋ ਨ ਕੋਊ ਇਤਿ ਉਤ ਟਰੈਂ। ਨਿਜ ਨਿਜ ਅੰਗ ਬਚਾਵਨ ਕਰੈਂ।
ਖਾਂ ਅਸਮਾਨ ਕ੍ਰੋਧ ਤਬਿ ਕੀਨਾ। ਤੀਛਨ ਅਹਿ ਸਮ ਭੀਛਨ ਲੀਨਾ॥ ੧੨॥

ਕਿਸੇ ਦੇ ਵੀ ਲੱਗਾ ਨਾ, ਏਧਰ ਓਧਰ ਟਲ ਜਾਂਦੇ ਸਨ, ਆਪਣੇ-ਆਪਣੇ ਅੰਗ ਬਚਾਉਂਦੇ ਸਨ। ਤਦ ਅਸਮਾਨ ਨੇ ਕ੍ਰੋਧ ਕੀਤਾ। ਇਕ ਤਿੱਖਾ ਤੇ ਭਿਆਨਕ ਤੀਰ ਲਿਆ॥੧੨॥

ਜੋੜਿ ਜ਼ੇਹ ਮਹਿਂ ਜ਼ੋਰ ਸਮੇਤ। ਛੋਰਯੋ ਬਾਨ ਹਾਨਿ ਕੇ ਹੇਤੁ।
ਲਗਯੋ ਜ਼ੀਨ ਮੈਂ ਜਾਇ ਮਹਾਨ। ਨਿਫਲਯੋ ਵਾਰ ਖਾਨ ਅਸਮਾਨ॥ ੧੩ ॥

ਧਨੁੱਖ ਵਿਚ ਜੋੜ ਕੇ ਸਾਰੇ ਜ਼ੋਰ ਨਾਲ ਬਾਣ ਮਾਰਨ ਲਈ ਛੱਡਿਆ। ਉਹ ਮਹਾਨ ਤੀਰ ਘੋੜੇ ਦੀ ਕਾਠੀ ਵਿਚ ਲੱਗਾ। ਅਸਮਾਨ ਖਾਨ ਦਾ ਵਾਰ ਇਸ ਤਰ੍ਹਾਂ ਅਸਫਲ ਗਿਆ॥੧੩॥

ਸ੍ਰੀ ਗੁਰਦਿੱਤਾ ਕ੍ਰੱਧਤਿ ਜੁੱਧ। ਲਿਯੋ ਬਾਨ ਖਪਰਾ ਇਕ ਸੁੱਧ।
ਤਾਨਿਕਾਨ ਲਗ ਤਾਨ ਮਹਾਨਾ। ਛੁਟਯੋ ਸ ਬੇਗ ਜੁ ਸਰਪ ਸਮਾਨਾ॥ ੧੪ ॥

ਸ੍ਰੀ ਗੁਰਦਿੱਤਾ ਵੀ ਬੜੇ ਕ੍ਰੋਧ ਨਾਲ ਯੁੱਧ ਕਰਨ ਲੱਗਾ, ਇਕ ਸ਼ੁੱਧ ਤੇਜ਼ ਤੀਰ ਨੂੰ ਲਿਆ। ਕੰਨਾਂ ਤਕ ਤਾਣ ਕੇ ਮਾਰਿਆ ਤੇ ਉਹ ਸੱਪ ਵਾਂਗ ਬਹੁਤ ਤੇਜ਼ ਗਿਆ॥੧੪॥

ਲਗਯੋ ਖਾਨ ਕੇ ਭਾਲ ਬਿਸਾਲਾ। ਜਨੁ ਨਿਧਿ ਦੇਖਤਿ ਪਹੁੰਚਯੋ ਬਜਾਲਾ।
ਸਿਰ ਕੋ ਫੋਰਿ ਪਾਰ ਤਬਿ ਪਰਯੋ। ਖਾਂ ਅਸਮਾਨ ਤੁਰੰਗ ਤੇ ਗਿਰਯੋ॥ ੧੫ ॥

ਉਹ ਅਸਮਾਨ ਖਾਨ ਦੇ ਮੱਥੇ ਵਿਚ ਇੰਝ ਲੱਗਾ ਮਾਨੋਂ ਸੱਪ ਖਜ਼ਾਨਾ ਵੇਖ ਕੇ ਪੁੱਜਾ ਹੈ। ਸਿਰ ਨੂੰ ਪਾੜ ਕੇ ਪਾਰ ਹੋ ਗਿਆ ਤੇ ਅਸਮਾਨ ਖਾਂ ਘੋੜੇ ਤੋਂ ਡਿੱਗ ਪਿਆ॥੧੫॥

ਪਰਯੋ ਨਿਕਟਿ ਬਾਬਾ ਚਲਿ ਗਯੋ। ਜਾਨਿ ਸਖਾ ਸਮ ਤਬਿ ਰੁਦਨਯੋ।
ਬਿਧੀ ਚੰਦ ਪਿਖਿਕੈ ਤਤਕਾਲਾ। ਹਯ ਕੋ ਪ੍ਰੇਰਤਿ ਪਹੁੰਚਿ ਉਤਾਲਾ॥ ੧੬ ॥

ਜਦ ਅਸਮਾਨ ਖਾਂ ਧਰਤੀ ਤੇ ਪਿਆ ਸੀ ਤਾਂ ਬਾਬਾ ਗੁਰਦਿੱਤਾ ਉਸ ਦੇ ਪਾਸ ਚੱਲ ਕੇ ਗਿਆ, ਆਪਣੇ ਦੋਸਤ ਵਾਂਗ ਉਸ ਨੂੰ ਵੇਖ ਕੇ ਰੋਇਆ। ਇਹ ਵੇਖ ਕੇ ਬਿਧੀ ਚੰਦ ਤੁਰਤ ਉਥੇ ਗਿਆ, ਘੋੜੇ ਨੂੰ ਪ੍ਰੇਰ ਕੇ ਤੁਰਤ ਉਥੇ ਪਹੁੰਚ ਗਿਆ॥੧੬॥

'ਤੁਰਕ ਤੀਰ! ਤੁਮ ਠਾਂਢੇ ਕਹਾਂ? ਦੇਖਹੁ ਲਸ਼ਕਰ ਉਮਡਯੋ ਮਹਾਂ।
ਬਨਹੁ ਸੁਚੇਤ ਲਰਨ ਕੇ ਹੇਤ। ਕੈ ਅਬਿ ਪਹੁੰਚਹੁ ਜਾਇ ਨਿਕੇਤ'॥ ੧੭ ॥

ਬਿਧੀ ਚੰਦ ਨੇ ਕਿਹਾ, "ਤੁਸੀਂ ਕਿਸੇ ਤੁਰਕ ਦੇ ਪਾਸ ਖੜੇ ਹੋ, ਵੇਖੋ ਵੱਡਾ ਲਸ਼ਕਰ ਚੜ੍ਹ ਕੇ ਆ ਗਿਆ ਹੈ। ਲੜਨ ਵਾਸਤੇ ਸੁਚੇਤ ਬਣੋ ਜਾਂ ਹੁਣ ਘਰ ਨੂੰ ਚਲੇ ਜਾਵੋ'॥੧੭॥

ਸੁਨਿ ਕਰਿ ਸ੍ਰੀ ਗੁਰਦਿੱਤਾ ਕਹੈ। 'ਹਮ ਸੌਂ ਨਿਤ ਖੇਲਤਿ ਇਹ ਰਹੈ।
ਬੈਸ ਬਰੋਬਰ ਧਰਤਿ ਸਨੇਹੂ। ਮਿਲਵਤਿ ਬਿਹਸਤਿ ਨਿਤਪ੍ਰਤਿ ਏਹੂ॥ ੧੮ ॥

ਇਹ ਸੁਣ ਕੇ ਸ੍ਰੀ ਗੁਰਦਿੱਤੇ ਨੇ ਕਿਹਾ, "ਇਹ ਸਾਡੇ ਨਾਲ ਸਦਾ ਖੇਡਦਾ ਰਿਹਾ ਹੈ, ਹਮ ਉਮਰ ਕਰਕੇ ਪਿਆਰ ਕਰਦਾ ਸੀ। ਨਿਤਾਪ੍ਰਤੀ ਮਿਲਦਾ ਸੀ ਤੇ ਗਲਾਂ-ਬਾਤਾਂ ਕਰਦਾ ਸੀ॥੧੮॥

ਬੋਲਤਿ ਵਹਿਰ ਅਰੂਢ ਸਿਧਾਰਤਿ। ਮਿਲਿ ਹਮ ਸੋਂ ਬਨ ਮ੍ਰਿਗਨ ਸੰਘਾਰਤਿ।
ਅਬਿ ਨਹਿਂ ਉਠਤਿ ਨ ਬੋਲਤਿ ਕੈਸੇ। ਹਮ ਢਿਗ ਖਰੇ ਦੇਖਿ ਕਰਿ ਐਸੇ' ॥੧੯ ॥

ਅਸੀਂ ਗਲਾਂ-ਬਾਤਾਂ ਕਰਦੇ ਘੋੜਿਆਂ ਤੇ ਚੜ੍ਹ ਕੇ ਜਾਂਦੇ ਸੀ ਤੇ ਮੇਰੇ ਨਾਲ ਮਿਲ ਕੇ ਹਿਰਨਾਂ ਦਾ ਸ਼ਿਕਾਰ ਖੇਡਦਾ ਸੀ। ਹੁਣ ਉਠਦਾ ਨਹੀਂ ਤੇ ਨਾ ਹੀ ਕਿਸੇ ਤਰ੍ਹਾਂ ਬੋਲਦਾ ਹੈ, ਅਸੀਂ ਅਜਿਹਾ ਵੇਖ ਕੇ ਪਾਸ ਖੜੇ ਹਾਂ"॥੧੯॥

ਬਿਧੀਚੰਦ ਕਹਿ 'ਇਹ ਮਰਿ ਗਯੋ। ਤੁਮਰੇ ਕਰ ਤੇ ਸ਼ੁਭ ਪਦ ਲਹਯੋ।
ਜੀਵਤਿ ਇਹਾਂ ਕ੍ਰਿਪਾ ਬਹੁ ਧਾਰਹੁ। ਭਯੋ ਮ੍ਰਿਤਕ ਭਵ ਤੇ ਅਬਿ ਤਾਰਹੁ' ॥੨੦॥

ਬਿਧੀ ਚੰਦ ਨੇ ਕਿਹਾ, "ਇਹ ਮਰ ਗਿਆ ਹੈ, ਤੁਹਾਡੇ ਹੱਥਾਂ ਨਾਲ ਮਰਨ ਕਰਕੇ ਇਸ ਸ਼ੁਭ ਪਦਵੀ ਪ੍ਰਾਪਤ ਕੀਤੀ ਹੈ। ਜਦ ਏਥੇ ਜੀਉਂਦਾ ਸੀ ਤਾਂ ਤੁਸੀਂ ਉਸ ਤੇ ਬਹੁਤ ਕਿਰਪਾ ਕੀਤੀ ਸੀ, ਹੁਣ ਮਰ ਗਿਆ ਹੈ ਤਾਂ ਮੁਕਤੀ ਬਖਸ਼ੋ" ॥੨੦॥

ਸੁਨਿ ਕਰਿ ਸ੍ਰੀ ਗੁਰ ਸੁਤ ਬਿਸਮਾਯੋ। ਸ਼ਸਤ੍ਰ ਧਰਨ ਕੋ ਇਹੁ ਫਲ ਪਾਯੋ।
ਰਨ ਕੇ ਲਰਨ ਤਨਕ ਨਹਿਂ ਦਯਾ। ਹੁਤੋ ਸਖਾ ਸਮ ਹਮ ਹਤਿ ਦਯਾ ॥੨੧॥

ਇਹ ਸੁਣ ਕੇ ਗੁਰੂ ਜੀ ਦਾ ਪੁੱਤਰ ਬਹੁਤ ਹੈਰਾਨ ਹੋਇਆ ਤੇ ਬੋਲਿਆ, "ਸ਼ਸਤਰ ਧਾਰਨ ਦਾ ਇਹ ਫਲ ਪਾਇਆ ਹੈ, ਰਣਖੇਤਰ ਵਿਚ ਲੜਨ ਵਿਚ ਰਤਾ ਭਰ ਵੀ ਕ੍ਰਿਪਾ ਨਹੀਂ ਹੈ, ਮਿੱਤਰ ਵਾਂਗ ਸੀ, ਮੈਂ ਮਾਰ ਦਿੱਤਾ ਹੈ" ॥੨੧॥

ਏਵ ਬਿਸੂਰਤਿ ਗੁਰ ਢਿਗ ਆਯੋ। ਦੇਖਤਿ ਮ੍ਰਿਤਕ ਬਦਨ ਕੁਮਲਾਯੋ।
ਹੇਰਿ ਪੁੱਤ੍ਰ ਕੀ ਦਸ਼ਾ ਕ੍ਰਿਪਾਲੂ। ਸਤਿਗੁਰ ਧੀਰਜ ਦਈ ਬਿਸਾਲੂ ॥ ੨੨॥

ਇਸ ਤਰ੍ਹਾਂ ਮੁਰਝਾਇਆ ਹੋਇਆ ਗੁਰੂ ਜੀ ਪਾਸ ਆਇਆ, ਮਰਿਆ ਵੇਖ ਕੇ ਚਿਹਰਾ ਕੁਮਲਾਇਆ ਸੀ। ਕ੍ਰਿਪਾਲੂ ਗੁਰੂ ਜੀ ਨੇ ਪੁੱਤਰ ਦੀ ਅਜਿਹੀ ਦਸ਼ਾ ਵੇਖ ਬਹੁਤ ਧੀਰਜ ਦਿੱਤਾ ॥੨੨॥

ਸੰਗ ਸੁਭਟ ਦੇ ਕਰਿ ਤਬਿ ਦੋਇ। ਘਰ ਅੰਤਰ ਪਹੁੰਚਾਏ ਸੋਇ।
ਕਰਿ ਚਿਤ ਸ਼ਾਂਤਿ ਬੈਠਿ ਕਰਿ ਰਹੇ। ਭਏ ਤੂਸ਼ਨੀ ਸੁਨੇ ਨ ਕਹੇ ॥ ੨੩॥

ਫਿਰ ਸੂਰਮਿਆਂ ਨੂੰ ਨਾਲ ਦੇ ਕੇ ਦੋਵੇਂ ਘਰ ਅੰਦਰ ਪਹੁੰਚਾ ਦਿੱਤੇ। ਚਿੱਤ ਸ਼ਾਂਤ ਕਰਕੇ ਬੈਠੇ ਰਹੇ, ਚੁਪ ਧਾਰਨ ਕਰ ਲਈ ਕੁਝ ਸੁਣਦੇ ਸਨ ਨਾ ਕਹਿੰਦੇ ਸਨ ॥੨੩॥

ਜਬਿ ਦੋਨਹੁ ਖਾਂ ਸਸੁਰ ਜਵਾਈ। ਸੰਘਰ ਘਨੇ ਘੋਰ ਮਹਿਂ ਘਾਈ।
ਕੁਤਬਖਾਨ ਅਰੁ ਕਾਲੇ ਖਾਨ। ਤਜਾਗੀ ਆਸਾ ਬਿਜੈ ਮਹਾਨ ॥ ੨੪॥

ਜਦ ਦੋਵੇਂ ਖਾਨ ਸਹੁਰਾ ਤੇ ਜਵਾਈ ਸੰਘਰਸ਼ ਵਿਚ ਬੁਰੀ ਤਰ੍ਹਾਂ ਮਾਰੇ ਗਏ ਤਦ ਕੁਤਬ ਖਾਨ ਅਤੇ ਕਾਲੇ ਖਾਨ ਨੇ ਜਿਤ ਦੀ ਮਹਾਨ ਆਸ ਨੂੰ ਛੱਡ ਦਿੱਤਾ ॥੨੪॥

ਲਸ਼ਕਰ ਜਿਸ ਕੇ ਸੰਗ ਚਢਾਯੋ। ਹੁਕਮ ਸ਼ਾਹੁ ਕਰਿ ਹਮਹਿਂ ਪਠਾਯੋ।
ਸੋ ਬਾਜ਼ੀ ਸਭਿ ਹੋਈ ਨਾਸ਼। ਗੁਰ ਪਕਰਨ ਕੋ ਛੁਟਯੋ ਬਿਸਾਸ ॥ ੨੫॥

ਜਿਸ ਦੇ ਨਾਲ ਲਸ਼ਕਰ ਚੜ੍ਹਾਏ ਸਨ, ਬਾਦਸ਼ਾਹ ਨੇ ਹੁਕਮ ਕਰਕੇ ਸਾਨੂੰ ਭੇਜਿਆ ਸੀ, ਉਹ ਸਾਰੀ ਬਾਜ਼ੀ ਨਾਸ਼ ਹੋ ਗਈ ਹੈ। ਗੁਰੂ ਜੀ ਨੂੰ ਫੜਨ ਦਾ ਵਿਸ਼ਵਾਸ ਟੁੱਟ ਗਿਆ ਹੈ ॥੨੫॥

ਕਾਲੇਖਾਨ ਬਖਾਨਤਿ ਖਰੋ। 'ਕਹੋ ਕੁਤਬਖਾਂ ਅਬਿ ਕਯਾ ਕਰੋਂ?।
ਪੈਂਦੇਖਾਨ ਜੰਗ ਮਰਿਵਾਇ। ਗੁਰੂ ਮਵਾਸ ਰਹਹਿ ਇਸ ਥਾਇਂ ॥ ੨੬॥

ਕਾਲੇ ਖਾਨ ਨੇ ਖੜੇ ਹੋ ਕੇ ਕਿਹਾ, "ਹੇ ਕੁਤਬ ਖਾਂ ਦੱਸੋ ਹੁਣ ਕੀ ਕਰੀਏ ? ਪੈਂਦੇ ਖਾਨ ਨੂੰ ਜੰਗ ਵਿਚ ਮਰਵਾ ਲਿਆ ਹੈ, ਗੁਰੂ ਆਕੀ ਹੋ ਕੇ ਇਸ ਥਾਂ ਰਹੇਗਾ ॥੨੬॥

ਹਟਿ ਕਰਿ ਲਵਪੁਰਿ ਓਰ ਸਿਧਾਰੈਂ। ਕਿਮ ਹਜ਼ਰਤ ਕੋ ਬਦਨ ਦਿਖਾਰੈਂ ?।
ਗੁਰ ਕੋ ਗਹਹਿਂ ਕਿ ਮਾਰਹਿਂ ਜੰਗ। ਇਮ ਕਹਿ ਚਢੇ ਸ਼ਾਹੁ ਕੇ ਸੰਗ ॥ ੨੭॥

ਕੀ ਵਾਪਸ ਲਾਹੌਰ ਨੂੰ ਚਲੇ ਜਾਈਏ, ਬਾਦਸ਼ਾਹ ਨੂੰ ਕੀ ਮੂੰਹ ਵਿਖਾਵਾਂਗੇ। "ਗੁਰੂ ਨੂੰ ਫੜਾਂਗੇ ਜਾਂ ਜੰਗ ਵਿਚ ਮਾਰਾਂਗੇ।" ਇਸ ਤਰ੍ਹਾਂ ਬਾਦਸ਼ਾਹ ਨੂੰ ਕਹਿ ਕੇ ਚੜ੍ਹਾਈ ਕੀਤੀ ਸੀ॥੨੭॥

ਦੌਨਹੁੰ ਮਹਿਂ ਇਕ ਭੀ ਨਹਿਂ ਬਨੀ। ਹਸਹਿ ਕਚਹਿਰੀ ਹਮ ਕੋ ਘਨੀ।
ਲਾਖਹੁੰ ਧਨ ਕੇ ਦੈ ਸਿਰੁਪਾਉ। ਬਡਿਆਏ ਦੇਖਤਿ ਉਮਰਾਉ॥ ੨੮॥

ਦੋਵਾਂ ਵਿਚੋਂ ਇਕ ਗੱਲ ਵੀ ਨਹੀਂ ਬਣੀ ਹੈ, ਕਚਹਿਰੀ ਸਾਡੇ ਉਤੇ ਬਹੁਤ ਹੱਸੇਗੀ। ਲੱਖਾਂ ਰੁਪਈਆਂ ਦੇ ਧਨ ਦੇ ਸਿਰੋਪੇ ਦਿੱਤੇ ਸਨ। ਸਾਰੇ ਉਮਰਾਵਾਂ ਦੇ ਵੇਖਦਿਆਂ ਵਡਿਆਈ ਦਿੱਤੀ ਸੀ॥੨੮॥

ਕਹਾਂ ਉਪਾਇ ਕਰਹਿਂ, ਕਹਿ ਦੇਹੂ?। ਨਾਤੁਰ ਮਰਨ ਮੂੰਡ ਪਰ ਲੇਹੂ।
ਲਸ਼ਕਰ ਲਰਤਿ ਗਯੋ ਮਰਿ ਘਨੋ। ਕਬਿਹੂੰ ਜਨਨੀ ਜਨੇ ਨ ਮਨੋ॥ ੨੯॥

ਹੁਣ ਕੀ ਉਪਾਅ ਕਰੀਏ, ਕਹਿ ਦੇਵੋ ? ਨਹੀਂ ਤਾਂ ਮੌਤ ਆਪਣੇ ਸਿਰ ਤੇ ਲਈਏ। ਬਹੁਤ ਲਸ਼ਕਰ ਲੜਦਾ ਮਰ ਗਿਆ ਹੈ, ਮਾਨੋਂ ਉਨ੍ਹਾਂ ਨੂੰ ਕਿਸੇ ਮਾਂ ਨੇ ਜੰਮਿਆ ਨਹੀਂ ਸੀ' ॥੨੯॥

ਕੁਤਬਖਾਨ ਸੁਨਿ ਕੀਨਿ ਬਖਾਨਿ। 'ਲੇਹੁ ਬਿਚਾਰ ਆਪ ਬੁਧਿਵਾਨ।
ਗਹਹੁ ਗੁਰੂ ਕੈ ਲੀਜੈ ਮਾਰਿ। ਇਸ ਬਿਨ ਮਸਲਤ ਅਪਰ ਨ ਸਾਰ॥ ੩੦॥

ਇਹ ਸੁਣ ਕੇ ਕੁਤਬ ਖਾਂ ਨੇ ਕਿਹਾ, "ਤੁਸੀਂ ਬੁਧੀਮਾਨ ਹੋ, ਆਪ ਹੀ ਵਿਚਾਰ ਲਵੋ। ਗੁਰੂ ਨੂੰ ਫੜ ਲਵੋ ਜਾਂ ਮਾਰ ਦੇਵੋ, ਇਸ ਤੋਂ ਬਗੈਰ ਹੋਰ ਕੋਈ ਸਲਾਹ ਕਾਰਗਰ ਨਹੀਂ॥੩੦॥

ਲਰਿਬੇ ਬਿਨਾ ਉਪਾਇ ਨ ਔਰ। ਮਾਰਹੁ ਕੈ ਮਰੀਅਹਿ ਇਸ ਠੌਰ।
ਸਭਿ ਲਸ਼ਕਰ ਕੋ ਕਰਿ ਇਕ ਥਾਇਂ। ਸਮੁਖ ਚਲਹਿਂ ਦੂੰਦਭਿ ਬਜਵਾਇ॥ ੩੧॥

ਲੜਨ ਤੋਂ ਬਗੈਰ ਹੋਰ ਕੋਈ ਉਪਾਅ ਨਹੀਂ ਹੈ, ਇਸ ਥਾਂ ਮਾਰੋ ਜਾਂ ਮਰ ਜਾਈਏ। ਸਾਰੇ ਲਸ਼ਕਰ ਨੂੰ ਇਕ ਥਾਂ ਕਰੀਏ ਤੇ ਨਗਾਰਾ ਵਜਾ ਕੇ ਗੁਰੂ ਦੇ ਸਾਹਮਣੇ ਚਲੇ ਜਾਈਏ॥੩੧॥

ਮਾਰੇ ਗਏ ਗਿਰੇ ਸੋ ਖੇਤ। ਜੀਵਤਿ ਪਹੁਚਹੁ ਹੋਹੁ ਸੁਚੇਤ।
ਕੈ ਲਿਹੁ ਮਾਰਿ ਕੇ ਘੇਰਹੁ ਗਹੋ। ਇਸ ਕਾਰਜ ਮਹਿਂ ਬਿਲਮ ਨ ਲਹੋ॥ ੩੨॥

ਜਿਹੜੇ ਮਾਰੇ ਗਏ ਹਨ, ਉਹ ਰਣਖੇਤਰ ਵਿਚ ਡਿੱਗੇ ਪਏ ਹਨ, ਜੀਉਂਦੇ ਸੁਚੇਤ ਹੋ ਕੇ ਉਸ ਦੇ ਸਾਹਮਣੇ ਪਹੁੰਚੋ। ਜਾਂ ਮਾਰ ਲਵੋ ਜਾਂ ਘੇਰ ਕੇ ਫੜ ਲਵੋ। ਇਸ ਕਾਰਜ ਵਿਚ ਦੇਰ ਨਾ ਲਾਵੋ॥੩੨॥

ਸਵਾਜਾਮ ਨਿਸ ਤੇ ਰਣ ਲਰੇ। ਬਾਸਰ ਡੇਢ ਜਾਮ ਅਬਿ ਚਰੇ।
ਭਏ ਥਕਤਿ ਸਭਿ ਹਯਨਿ ਸਮੇਤ। ਅਬਿ ਕਰਿ ਹੇਲ ਜੀਤੀਐ ਖੇਤ॥ ੩੩॥

ਸਵਾ ਪਹਿਰ ਰਾਤ ਤੋਂ ਲੜ ਰਹੇ ਹਾਂ, ਹੁਣ ਡੇਢ ਪਹਿਰ ਦਿਨ ਚੜ੍ਹ ਗਿਆ ਹੈ। ਘੋੜਿਆਂ ਸਮੇਤ ਸਾਰੇ ਥੱਕ ਗਏ ਹਨ, ਹੁਣ ਹੱਲਾ ਕਰ ਕੇ ਲੜਾਈ ਜਿੱਤ ਲਈਏ' ॥੩੩॥

ਇਮ ਸੁਨਿ ਕੈ ਤਬਿ ਕਾਲੇ ਖਾਨਾ। 'ਬਜਹਿ ਜੁਝਾਊ' ਹੁਕਮ ਬਖਾਨਾ।
ਨਰ ਪਠਿ ਸਭਿ ਭਟ ਲਿਏ ਬਟੋਰ। ਬੰਧਜੋ ਟੋਲ ਭਨਜੋ ਤਿਨ ਓਰ॥ ੩੪॥

ਇਹ ਸੁਣ ਕੇ ਤਦ ਕਾਲੇ ਖਾਨ ਨੇ ਹੁਕਮ ਕੀਤਾ, "ਯੁੱਧ ਦਾ ਨਗਾਰਾ ਵਜਾਓ" ਮਨੁੱਖਾਂ ਨੂੰ ਭੇਜ ਕੇ ਸਭ ਸੂਰਮਿਆਂ ਨੂੰ ਇਕੱਠਾ ਕਰ ਲਿਆ। ਉਨ੍ਹਾਂ ਦਾ ਇਕ ਟੋਲਾ ਬੰਨ੍ਹ ਲਿਆ ਤੇ ਉਨ੍ਹਾਂ ਵੱਲ ਵੇਖ ਕੇ ਕਹਿਣ ਲੱਗਾ॥੩੪॥

'ਜੋ ਅਬਿ ਪ੍ਰਾਨਨਿ ਪਜਾਰੇ ਕਰੈ। ਸੁਤ ਬਨਿਤਾ ਘਰ ਪ੍ਰੀਤੀ ਧਰੈ।
ਸੋ ਹਟਿ ਜਾਹੁ ਸ਼ਸਤ੍ਰ ਕੋ ਤਜਾਗਹੁ। ਅਪਰ ਜੀਵਕਾ ਕਰਿਬੇ ਲਾਗਹੁ॥ ੩੫॥

''ਜਿਹੜਾ ਹੁਣ ਪ੍ਰਾਣਾਂ ਨੂੰ ਪਿਆਰ ਕਰੇ, ਪੁੱਤਰ, ਇਸਤਰੀ ਅਤੇ ਘਰ ਨਾਲ ਪ੍ਰੀਤ ਧਾਰਨ ਕਰੇ, ਉਹ ਸ਼ਸਤਰ ਛੱਡ ਕੇ ਵਾਪਸ ਚਲਾ ਜਾਵੇ ਤੇ ਕੋਈ ਹੋਰ ਕੰਮ ਕਰਨ ਲੱਗ ਜਾਵੇ॥੩੫॥

ਜਿਸਨੇ ਕਰਨ ਹੋਇ ਬਡ ਜੰਗ। ਸੋ ਬਨਿ ਸੁਭਟ ਚਲੈ ਹਮ ਸੰਗ।
ਜੀਤ ਲੇਹੁ ਧਨ ਗਨ ਕੋ ਪਾਵਹੁ। ਭੋਗਹੁ ਸੁਖ ਜਗ ਜਸੁ ਸੁ ਬਢਾਵਹੁ॥ ੩੬॥

ਜਿਸ ਨੇ ਵੱਡੀ ਜੰਗ ਕਰਨੀ ਹੋਵੇ, ਉਹ ਜੋਧਾ ਬਣ ਕੇ ਸਾਡੇ ਨਾਲ ਚਲੇ। ਜਿੱਤ ਕੇ ਬਹੁਤ ਧਨ ਪਾਵੇ, ਸੁੱਖ ਭੋਗੋ ਅਤੇ ਜਗਤ ਵਿਚ ਜੱਸ ਵਧਾਵੇ॥੩੬॥

ਮਰਹੁ ਜੁੱਧ ਮਹਿਂ ਭਿਸ਼ਤ ਸਿਧਾਰਹੁ। ਦੁਹ ਲੋਕਨਿ ਮਹਿਂ ਸੁਖ ਨਿਰਧਾਰਹੁ।
ਡਰਹਿ ਜੁ ਮਰਿਬੇ, ਸੋ ਹਟਿ ਰਹੈ। ਮਿਹਨਤ ਕਰਹਿ ਮਜ਼ੂਰੀ ਲਹੈ॥ ੩੭॥

ਯੁੱਧ ਵਿਚ ਮਰ ਕੇ ਬਹਿਸ਼ਤਾਂ ਵਿਚ ਜਾਵੇ ਤੇ ਦੋਵਾਂ ਲੋਕਾਂ ਵਿਚ ਸੁੱਖ ਪਾਵੇ। ਜਿਹੜੇ ਮਰਨ ਤੋਂ ਡਰਦੇ ਹਨ, ਉਹ ਵਾਪਸ ਚਲੇ ਜਾਣ: ਮਿਹਨਤ ਮਜ਼ਦੂਰੀ ਕਰਕੇ ਗੁਜ਼ਾਰਾ ਕਰ ਲਵੇ॥੩੭॥

ਮੁਗ਼ਲ ਪਠਾਨ ਕਿ ਸੱਯਦ ਨੰਦ। ਤੁਮ ਸਭਿਹਿਨਿ ਕੇ ਬੰਸ ਬਿਲੰਦ।
ਸ਼ਾਹੁ ਚਾਕਰੀ ਕਰਤਿ ਹਮੇਸ਼। ਰਹੇ ਭੋਗਤੇ ਅਨੰਦ ਵਿਸ਼ੇਸ਼॥ ੩੮॥

ਮੁਗਲ, ਪਠਾਣ ਕਿ ਸੱਯਦ ਦੇ ਪੁੱਤਰ ਹੋ, ਤੁਹਾਡੇ ਸਾਰਿਆਂ ਦੇ ਵੰਸ਼ ਬਹੁਤ ਉੱਚੇ ਹਨ। ਬਾਦਸ਼ਾਹ ਦੀ ਸਦਾ ਨੌਕਰੀ ਕਰਦੇ ਹੋ, ਬਹੁਤ ਅਨੰਦ ਭੋਗਦੇ ਰਹੇ ਹੋ॥੩੮॥

ਅਬਿ ਇਹ ਹਜ਼ਰਤ ਕੋ ਲਖਿ ਕਾਜ। ਦੁਤੀਯੇ ਕਰਹੁ ਬੰਸ ਕੀ ਲਾਜ।
ਕਰਿ ਉਤਸਾਹੁ ਪਰਹੁ ਇਕਬਾਰੀ। ਗਹਹੁ ਕਿ ਗੁਰ ਕਹੁ ਲੀਜਹਿ ਮਾਰੀ' ॥੩੯॥

ਹੁਣ ਇਹ ਬਾਦਸ਼ਾਹ ਦਾ ਕੰਮ ਸਮਝ ਕੇ ਕਰੋ, ਦੂਸਰੀ ਆਪਣੇ ਵੰਸ਼ ਦੀ ਲਾਜ ਰੱਖੋ। ਉਤਸ਼ਾਹ ਕਰਕੇ ਇਕ ਵਾਰ ਪੈ ਜਾਵੋ, ਫੜੋ ਜਾਂ ਗੁਰੂ ਜੀ ਨੂੰ ਮਾਰ ਲਵੋ' ॥੩੯॥

ਸੁਨਿ ਜੋਧ ਹ੍ਵੈ ਕੈ ਸਵਧਾਨ। ਕਹਜੋ 'ਦੇਖੀਏ ਅਬਿ ਘਮਸਾਨ।
ਰਣ ਮਰਿ ਰਹੈਂ ਕਿ ਮਾਰਹਿਂ ਦੌਰਿ। ਕੈ ਗਹਿ ਆਨੈ ਗੁਰ ਇਸ ਠੌਰ' ॥ ੪੦॥

ਇਹ ਸੁਣ ਕੇ ਯੋਧਿਆਂ ਨੇ ਸਾਵਧਾਨ ਹੋ ਕੇ ਕਿਹਾ, ''ਹੁਣ ਤੁਸੀ ਸਾਡਾ ਘਮਸਾਣ ਵੇਖੋ, ਰਣਖੇਤਰ ਵਿਚ ਮਰ ਕੇ ਰਹਿ ਜਾਵਾਂਗੇ ਜਾਂ ਦੌੜ ਕੇ ਮਾਰ ਦੇਵਾਂਗੇ, ਜਾਂ ਗੁਰੂ ਨੂੰ ਇਸ ਥਾਂ ਫੜ ਕੇ ਲੈ ਆਵਾਂਗੇ'' ॥੪੦॥

ਇਮ ਲਸ਼ਕਰ ਕਰਿ ਉਤ ਉਤਸਾਹੂ। ਪ੍ਰੇਰੇ ਕਾਲ ਮਰਣ ਰਣ ਮਾਂਹੂ।
ਸਭਿ ਉਮਰਾਵਨਿ ਕੇਰ ਸਮੇਤ। ਉਮਡੇ ਅੱਗ੍ਰ ਬੀਚ ਬਡ ਖੇਤ॥ ੪੧॥

ਇਸ ਤਰ੍ਹਾਂ ਲਸ਼ਕਰ ਨੂੰ ਉਤਸ਼ਾਹਤ ਕਰਕੇ, ਕਾਲ ਨੇ ਰਣਖੇਤਰ ਵਿਚ ਮਰਨ ਵਾਸਤੇ ਪ੍ਰੇਰਿਆ। ਸਭ ਉਮਰਾਵ ਸਮੇਤ, ਉਮਡ ਕੇ ਰਣਖੇਤਰ ਵਿਚ ਅੱਗੇ ਆ ਗਏ॥੪੧॥

ਹੇਲਾ ਕਰਿਬੇ ਮਸਲਤ ਕਰੀ। ਸਤਿਗੁਰ ਜਾਨਜੋ ਪਹੁਚੇ ਅਰੀ।
ਤੀਰਨਿ ਸੰਗ ਨਿਖੰਗ ਭਰਜੋ ਹੈ। ਸਾਵਧਾਨ ਦਲ ਅਪਨਿ ਕਰਜੋ ਹੈ॥ ੪੨॥

ਹੱਲਾ ਕਰਨ ਦੀ ਸਲਾਹ ਕੀਤੀ, ਸਤਿਗੁਰੂ ਜੀ ਜਾਣ ਗਏ ਕਿ ਦੁਸ਼ਮਣ ਪਹੁੰਚ ਗਿਆ ਹੈ। ਉਨ੍ਹਾਂ ਤੀਰਾਂ ਨਾਲ ਭੱਥੇ ਭਰ ਲਏ ਤੇ ਆਪਣੇ ਦਲ ਨੂੰ ਸਾਵਧਾਨ ਕਰ ਲਿਆ ॥੪੨ ॥

**'ਪ੍ਰਿਥਮ ਹਤਜੋ ਲਸ਼ਕਰ ਅਰਿ ਘਨੋ। ਬਚਜੋ, ਹੇਲ ਇਕ ਤੇ ਅਬਿ ਹਨੋ।**
**ਮਰਹਿਂ ਸੁਰਗ ਮਹਿਂ ਪਹੁੰਚਹਿਂ ਜਾਇ। ਜੀਵਤਿ ਸੁਖ ਭੋਗਹਿਂ ਧਨ ਪਾਇ' ॥੪੩ ॥**

ਗੁਰੂ ਜੀ ਨੇ ਕਿਹਾ, "ਪਹਿਲਾਂ ਹੀ ਵੈਰੀ ਦਾ ਬਹੁਤ ਲਸ਼ਕਰ ਮਾਰਿਆ ਹੈ, ਜਿਹੜਾ ਬਚਿਆ ਹੈ ਉਸ ਨੂੰ ਇਕ ਹੱਲੇ ਨਾਲ ਹੀ ਮਾਰ ਦੇਵਾਂਗੇ। ਜਿਹੜੇ ਮਰਨਗੇ ਉਹ ਸਵਰਗ ਵਿਚ ਪਹੁੰਚ ਜਾਣਗੇ, ਜਿਹੜੇ ਜੀਉਂਦੇ ਰਹਿਣਗੇ ਉਹ ਧਨ ਪਾ ਕੇ ਸੁੱਖ ਪਾਉਣਗੇ" ॥੪੩ ॥

**ਇਮ ਕਹਿ ਇਕ ਥਲ ਸਭਿਨਿ ਬਟੋਰੇ। ਕਰੇ ਸੁਚੇਤ ਰਿਪੁਨਿ ਕੀ ਓਰੇ।**
**ਕਹਿ ਕਰਿ ਸਭਿ ਦੁੰਦਭਿ ਬਜਵਾਏ। ਭਏ ਸਕਲ ਤੁਰਕਨਿ ਸਮੁਹਾਏ ॥੪੪ ॥**

ਇਸ ਤਰ੍ਹਾਂ ਕਹਿ ਕੇ ਸਾਰੇ ਇਕ ਥਾਂ ਇਕੱਠੇ ਕਰ ਲਏ, ਸਾਰਿਆਂ ਨੂੰ ਵੈਰੀ ਵਲੋਂ ਸੁਚੇਤ ਕਰ ਦਿੱਤਾ। ਕਹਿ ਕੇ ਸਭ ਨਗਾਰੇ ਵਜਵਾਏ ਤੇ ਸਾਰੇ ਤੁਰਕਾਂ ਦੇ ਸਾਹਮਣੇ ਹੋ ਗਏ ॥੪੪ ॥

*ਅੱਠਵੀਂ ਰਾਸ ਦਾ ਅਠਾਈਵਾਂ ਅਧਿਆਇ ਸਮਾਪਤ ਹੋਇਆ ॥੨੮॥*

## ਅਧਿਆਇ ਉਣੱਤੀਵਾਂ

*ਮਿਹਰਾ ਤੇ ਕੁਤਬ ਖਾਂ ਬੱਧ*

ਦੋਹਰਾ-**ਬਿਧੀ ਚੰਦ ਸੋਂ ਗੁਰ ਕਹਜੋ 'ਲੇਹੁ ਸੰਗ ਅਸਵਾਰ।**
**ਪਰਹੁ ਬਰੋਬਰ ਤੇ ਅਬਹਿ, ਲੀਜੈ ਤੁਰਕ ਸੰਘਾਰਿ' ॥ ੧ ॥**

ਗੁਰੂ ਜੀ ਨੇ ਬਿਧੀ ਚੰਦ ਨੂੰ ਕਿਹਾ, "ਆਪਣੇ ਨਾਲ ਅਸਵਾਰਾਂ ਨੂੰ ਲੈ ਲਵੋ, ਹੁਣ ਬਰਾਬਰ ਤੇ ਜਾ ਕੇ ਪਵੋ ਤੇ ਸਾਰੇ ਤੁਰਕਾਂ ਨੂੰ ਮਾਰ ਲਵੋ" ॥੧ ॥

ਰਸਾਵਲ ਛੰਦ-**ਕਰੇ ਸਾਵਧਾਨਾ। ਸਭੈ ਮੇਲ ਠਾਨਾ। ਇਤੇ ਮਾਂਹਿ ਆਏ। ਮਹਾਂ ਸ਼ੋਰ ਪਾਏ ॥੨ ॥**

ਸਾਵਧਾਨ ਕੀਤੇ, ਸਾਰੇ ਮਿਲ ਪਏ, ਏਨੇ ਵਿਚ ਤੁਰਕ ਵੀ ਆ ਗਏ। ਉਨ੍ਹਾਂ ਨੇ ਬਹੁਤ ਸ਼ੋਰ ਮਚਾਇਆ ॥੨ ॥

**ਤੁਫੰਗਾਨਿ ਛੋਰੀ। ਚਲੀ ਬ੍ਰਿੰਦ ਗੋਰੀ। ਬਡੋ ਹੇਲ ਘਾਲਾ। ਬਮੈਂ ਪੁੰਜ ਜ੍ਵਾਲਾ ॥੩ ॥**

ਬੰਦੂਕਾਂ ਛੱਡੀਆਂ, ਬਹੁਤ ਗੋਲੀਆਂ ਚਲੀਆਂ, ਵੱਡਾ ਹੱਲਾ ਕੀਤਾ ਤੇ ਬੰਦੂਕਾਂ ਦੇ ਚਲਣ ਨਾਲ ਬਹੁਤ ਅੱਗ ਨਿਕਲੀ ॥੩ ॥

**ਮਨ ਮੇਘ ਔਨਾ। ਉਡਾਯੋ ਸੁ ਪੌਨਾ। ਬਰੂਦੰ ਪ੍ਰਕਾਸ਼ੈ। ਛਟਾ ਜੈਸ ਭਾਸੈ ॥੪ ॥**

ਮਾਨੋਂ ਆਉਂਦੇ ਬੱਦਲ ਨੂੰ ਹਵਾ ਨੇ ਉਡਾ ਦਿੱਤਾ ਹੋਵੇ। ਬਰੂਦ ਨੂੰ ਅੱਗ ਲੱਗਣ ਨਾਲ ਪ੍ਰਕਾਸ਼ ਹੁੰਦਾ ਸੀ, ਮਾਨੋਂ ਬਿਜਲੀ ਚਮਕੀ ਹੋਵੇ ॥੪ ॥

**ਕੜੰਕਾਰ ਉੱਠੇ। ਮਨੋ ਜੋਰ ਵੁੱਠੈਂ। ਕ੍ਰਿਖੀ ਬੀਰ ਕੁੱਠੇ। ਪਰੇ ਭੂਮਿ ਲੁੱਠੇ ॥ ੫ ॥**

ਕੜ-ਕੜ ਦੀ ਆਵਾਜ਼ ਉੱਠਦੀ ਸੀ, ਮਾਨੋਂ ਜ਼ੋਰ ਨਾਲ ਵਰਖਾ ਹੋ ਰਹੀ ਹੈ। ਸੂਰਮਿਆਂ ਰੂਪੀ ਖੇਤੀ ਮਾਰੀ ਗਈ, ਧਰਤੀ ਤੇ ਪਏ ਤੜਫਦੇ ਸਨ ॥੫ ॥

ਪਰੀ ਮਾਰ ਗੋਰੀ। ਕਸੈਂ ਪੁੰਜ ਛੋਰੀ। ਧਵਾਵੈਂ ਤੁਰੰਗੀ। ਚਲਾਵੈਂ ਤੁਫੰਗੀ॥ ੬॥

ਗੋਲੀਆਂ ਦੀ ਮਾਰ ਪਈ, ਵੱਡੀ ਗਿਣਤੀ ਵਿਚ ਛੱਡੀਆਂ ਸਨ। ਘੋੜੇ ਭਜਾਉਂਦੇ ਸਨ, ਬੰਦੂਕਾਂ ਨੂੰ ਚਲਾਉਂਦੇ ਸਨ॥੬॥

ਭਯੋ ਸੂਰ ਮੇਲਾ। ਮਨੋ ਫਾਗ ਖੇਲਾ। ਪਤੰਗੀ ਸੁਰੰਗਾ। ਭਏ ਸ੍ਰੋਣ ਸੰਗਾ॥ ੭॥

ਸੂਰਮਿਆਂ ਦਾ ਮੇਲਾ ਲੱਗਾ ਸੀ, ਮਾਨੋਂ ਹੋਲੀ ਖੇਡ ਰਹੇ ਸਨ। ਲਾਲ ਰੰਗ ਦੀ ਲੱਕੜੀ ਵਾਂਗ ਹੋ ਗਏ ਸਨ, ਇੰਝ ਖੂਨ ਨਾਲ ਭਰ ਗਏ ਸਨ॥੭॥

ਪਰੇ ਏਕ ਬਾਰੀ। ਬਕੈਂ ਮਾਰ ਮਾਰੀ। ਹਲਾਹੂਲ ਰੇਲੇ। ਪਰੀ ਨਾ ਪਿਛੇਲੇ॥ ੮॥

ਇਕ ਵਾਰ ਟੁੱਟ ਕੇ ਪੈ ਗਏ, 'ਮਾਰੋ ਮਾਰ' ਬੋਲਦੇ ਸਨ। ਹੱਲਾ ਕਰਕੇ ਪੈ ਜਾਂਦੇ ਸਨ, ਸੈਨਾ ਪਿੱਛੇ ਨਾ ਹੱਟੀ॥੮॥

ਗਰੇ ਬੀਰ ਮਾਨੀ। ਬਡੇ ਸ਼ਸਤ੍ਰ ਪਾਨੀ। ਭਯੋ ਅੰਧਕਾਰਾ। ਵਧੀ ਧੂੰਮ ਧਾਰਾ॥੯॥

ਹੰਕਾਰੀ ਸੂਰਮੇ ਮਾਰੇ ਗਏ, ਜਿਨ੍ਹਾਂ ਵੱਡੇ-ਵੱਡੇ ਸ਼ਸਤਰ ਧਾਰਨ ਕੀਤੇ ਸਨ। ਧੂੜ ਉਡਣ ਨਾਲ ਹਨੇਰਾ ਹੋ ਗਿਆ, ਧੂੰਏਂ ਦੀ ਧਾਰ ਬਹੁਤ ਵਧੀ॥੯॥

ਉਡੀ ਧੂਲ ਛਾਈ। ਦਿਨਸ਼ ਛਪਾਈ। ਬਜੇ ਰਾਗ ਮਾਰੂ। ਸੁ ਜੂਝੈਂ ਜੁਝਾਰੂ॥੧੦॥

ਧੂੜ ਉਡ ਕੇ ਛਾ ਗਈ, ਉਸ ਸੂਰਜ ਨੂੰ ਢੱਕ ਲਿਆ। ਮਾਰੂ ਰਾਗ ਵੱਜਿਆ ਸੂਰਮੇ ਜੂਝ ਰਹੇ ਸਨ॥੧੦॥

ਦਿਸ਼ਾ ਦੋਨ ਸੂਰੰ। ਰਿਦੇ ਕ੍ਰੋਧ ਪੂਰੰ। ਕਰੇ ਲਾਲ ਨੈਨਾ। ਬਕੈਂ ਬਕ ਬੈਨਾ॥੧੧॥

ਦੋਵਾਂ ਪਾਸਿਆਂ ਦੇ ਸੂਰਮਿਆਂ ਦੇ ਹਿਰਦੇ ਕ੍ਰੋਧ ਨਾਲ ਭਰੇ ਸਨ, ਨੈਣ ਲਾਲ ਕੀਤੇ ਸਨ, ਵਿਕਰਾਲ ਬੋਲੀ ਬੋਲਦੇ ਸਨ॥੧੧॥

'ਗੁਰੂ ਬੀਰ ਗਾਢੋ। ਕਹਾਂ ਆਪ ਠਾਢੋ? ਚਲੋ ਤਾਂਹਿ ਤੀਰੰ। ਦਿਖੈਂ ਕੈਸ ਧੀਰੰ॥੧੨॥

"ਗੁਰੂ ਜੀ ਆਪ ਵੱਡੇ ਸੂਰਮੇ ਹਨ, ਆਪ ਕਿਥੇ ਖੜੇ ਹਨ? ਉਸ ਦੇ ਪਾਸ ਚਲੋ, ਵੇਖੀਏ ਕੈਸਾ ਧੀਰਜਵਾਨ ਹੈ॥੧੨॥

ਗਹੋ ਮੇਲ ਕੈ ਕੈ। ਕਿਧੋਂ ਪ੍ਰਾਨ ਘੈ ਕੈ। ਕਰੋ ਜੀਤ ਭਾਰੀ। ਨ ਕੀਜੈ ਅਵਾਰੀ॥੧੩॥

ਇਕੱਠੇ ਹੋ ਕੇ ਫੜ ਲਵੋ, ਜਾਂ ਪ੍ਰਾਣ ਕੱਢ ਦੇਵੋ। ਭਾਰੀ ਜਿੱਤ ਪ੍ਰਾਪਤ ਕਰੋ ਦੇਰ ਨਾ ਲਾਓ'॥੧੩॥

ਕਹੈਂ ਸ਼ੱਤ੍ਰ ਖੋਟੇ। ਜਬੈ ਲੌ ਨ ਹੋਟੇ। ਵਧੇ ਅੱਗ੍ਰ ਆਏ। ਤੁਰੰਗੀ ਧਵਾਏ॥੧੪॥

ਖੋਟੇ ਵੈਰੀ ਕਹਿੰਦੇ ਸਨ, ਤਦ ਤਕ ਅਗੋਂ ਨਾ ਮੋੜੇ। ਘੋੜੇ ਭਜਾਉਂਦੇ ਵੱਧ ਕੇ ਅੱਗੇ ਆ ਗਏ॥੧੪॥

ਦੋਹਰਾ- ਮਾਰ ਮਾਰ ਇਵ ਕਰਤਿ ਰਿਪੁ ਜਬਿ ਘਾਲਯੋ ਘਮਸਾਨ।
ਓਰੜ ਆਏ ਤੁਰਕ ਗਨ, ਸਕਲ ਮੇਲ ਕੋ ਠਾਨਿ॥ ੧੫॥

ਮਾਰ-ਮਾਰ ਇੰਝ ਕਰਦੇ ਸਨ, ਜਦ ਵੈਰੀ ਨੇ ਵੱਡਾ ਘਮਸਾਣ ਕੀਤਾ ਸਾਰੇ ਮਿਲ ਕੇ ਬਹੁਤ ਤੁਰਕ ਟੁੱਟ ਕੇ ਆ ਪਏ॥੧੫॥

ਸੈਯਾ- ਸ੍ਰੀ ਹਰਿਗੋਵਿੰਦ ਕੇ ਗਨ ਬੀਰ ਸਹਾਰ ਸਕੈਂ ਨ ਜਬੈ ਰਿਪੁ ਆਏ।
ਢੁੰਗ ਕੋ ਬਾਂਧਿ ਨਿਸੰਗ ਗਏ ਵਧਿ ਆਗੇ ਤੁਫੰਗ ਸਮੂਹ ਚਲਾਏ।
ਜੋ ਗੁਲਕਾਂ ਛੁਟਿ ਸ਼ੂੰਕ ਗਈ ਤੁਰਕਾਨਿ ਕੇ ਅੰਗ ਸਭੀ ਲਗਿ ਜਾਏ।
ਭੂਮ ਦੜਾਦੜ ਦੀਖਤਿ ਯੋ ਦਲ, ਬ੍ਰਿੱਛ ਹਲੇ ਫਲ, ਸੂਰ ਗਿਰਾਏ॥੧੬॥

ਜਦ ਵੈਰੀ ਧਾਵਾ ਕਰਕੇ ਆ ਪਏ ਤਾਂ ਸ੍ਰੀ ਹਰਿਗੋਬਿੰਦ ਸਾਹਿਬ ਦੇ ਸੂਰਮੇ ਬਰਦਾਸ਼ਤ ਨਾ ਕਰ ਸਕੇ। ਟੋਲੇ ਬੰਨ੍ਹ ਕੇ ਸਮੂਹ ਬੰਦੂਕਾਂ ਚਲਾ ਨਿਸੰਗ ਹੋ ਕੇ ਅੱਗੇ ਵਧੇ। ਜਿਹੜੀਆਂ ਗੋਲੀਆਂ ਨਿਕਲ ਕੇ ਸ਼ੂਕਦੀਆਂ ਗਈਆਂ, ਉਹ ਸਾਰਿਆਂ ਤੁਰਕਾਂ ਦੇ ਅੰਗਾਂ ਨੂੰ ਲੱਗ ਗਈਆਂ। ਵੈਰੀ ਦਾ ਦਲ ਧੜਾ-ਧੜ ਇੰਝ ਧਰਤੀ ਤੇ ਡਿੱਗ ਪਿਆ, ਜਿਵੇਂ ਬ੍ਰਿਛ ਨੂੰ ਹਿਲਾਉਣ ਨਾਲ ਪੱਕੇ ਫਲ ਡਿੱਗਦੇ ਹਨ॥੧੬॥

ਤੂਰਨ ਬ੍ਰਿੰਦ ਬਰੂਦ ਕੋ ਡਾਲਤਿ, ਐਂਚਿ ਨਿਕਾਲਤਿ ਹੈਂ ਗਜ ਸੂਰੇ।
ਦੇ ਗੁਲਕਾਨਿ ਕੋ ਠੋਕਤਿ ਹੈਂ, ਹਿਤ ਰੋਕਨ ਕੇ ਰਿਸ ਮੈਂ ਉਰ ਪੂਰੇ।
ਹਾਥ ਰਵਾਂ ਕਰਿ ਛੋਰਤਿ ਸੰਮੁਖ ਮਾਰਤਿ ਗੇਰਤਿ ਨੇਰ ਕਿ ਦੂਰੇ।
ਭੰਗ ਕੋ ਖਾਇ ਮਲੰਗ ਪਰੇ ਜਨੁ ਯੋ ਰਣ ਖੇਤ ਪਰੇ ਭਟ ਰੂਰੇ॥ ੧੭॥

ਤੁਰਤ ਬਾਰੂਦ ਪਾਉਂਦੇ ਸਨ ਤੇ ਸੂਰਮੇ ਖਿੱਚ ਕੇ ਗਜਾਂ ਨੂੰ ਕੱਢਦੇ ਸਨ। ਦੋ ਗੋਲੀਆਂ ਠੋਕਦੇ ਸਨ, ਰੋਕਣ ਵਾਸਤੇ ਹਿਰਦੇ ਗੁੱਸੇ ਨਾਲ ਭਰੇ ਸਨ। ਹੱਥ ਨੂੰ ਰਵਾਂ ਕਰਕੇ, ਸੇਧ ਕੇ ਸ਼ਿਸਤ ਬੰਨ੍ਹ ਕੇ ਛੱਡ ਦਿੰਦੇ ਸਨ, ਸਾਹਮਣੇ ਨੇੜੇ ਜਾਂ ਦੂਰ ਜਿਹੜੇ ਸੂਰਮੇ ਹੁੰਦੇ ਸਨ ਮਾਰ ਕੇ ਡੇਗ ਲੈਂਦੇ ਸਨ। ਜਿਵੇਂ ਭੰਗ ਖਾ ਮਲੰਗ ਪਏ ਹੁੰਦੇ ਹਨ ਇਸ ਤਰ੍ਹਾਂ ਸੁੰਦਰ ਸੂਰਮੇ ਰਣਖੇਤਰ ਵਿਚ ਪਏ ਸਨ॥੧੭॥

ਜੋ ਮਰਿਗੇ ਸੁ ਪਰੇ ਧਰ ਪੈ ਭਟ ਜੀਵਤਿ ਆਨਿ ਮਿਲੇ ਇਕ ਬਾਰੀ।
ਦੋਨਹੁਂ ਬੀਰ ਲਏ ਦਲ ਕੋ 'ਅਮਿਯਾਂ, ਮਿਹਰਾ' ਹੱਥਯਾਰਨਿ ਧਾਰੀ।
ਛੋਰਿ ਦਈ ਇਕਬਾਰ ਤੁਫੰਗਨਿ ਫੇਰ ਨਿਕਾਰਿ ਜੁਟੇ ਤਰਵਾਰੀ।
ਯੋਂ ਚਮਕੀ, ਜਨੁ ਬ੍ਰਿੰਦ ਛਟਾ ਘਨ ਮੈਂ ਦਮਕੈ, ਥਹਿਰੈਂ ਕਰਿ ਸਾਰੀ॥ ੧੮॥

ਜਿਹੜੇ ਮਰ ਗਏ ਸਨ ਉਹ ਧਰਤੀ ਤੇ ਡਿੱਗ ਪਏ ਤੇ ਜੀਉਂਦੇ ਸੂਰਮੇ ਫਿਰ ਆ ਕੇ ਮਿਲ ਪਏ। ਅਮੀਆਂ ਅਤੇ ਮਿਹਰਾ ਦੋਵੇਂ ਹਥਿਆਰ ਧਾਰੀ ਸੂਰਮੇ ਦਲ ਨੂੰ ਲੈ ਕੇ ਆ ਮਿਲੇ। ਉਨ੍ਹਾਂ ਇਕ ਵਾਰ ਬੰਦੂਕਾਂ ਛੱਡ ਦਿੱਤੀਆਂ ਤੇ ਤਲਵਾਰਾਂ ਕੱਢ ਕੇ ਜੁੱਟ ਪਏ। ਤਲਵਾਰਾਂ ਇੰਝ ਚਮਕਦੀਆਂ ਸਨ ਜਿਵੇਂ ਬੱਦਲਾਂ ਵਿਚ ਬਿਜਲੀ ਚਮਕਦੀ ਹੈ। ਇੰਝ ਹੱਥਾਂ ਵਿਚ ਸਾਰੀਆਂ ਤਲਵਾਰਾਂ ਲਿਸ਼ਕ ਰਹੀਆਂ ਸਨ॥੧੮॥

ਕਾਟਤਿ ਆਪਸ ਮੈਂ ਭਟ ਅੰਗ ਨਿਸੰਗ ਭਏ ਮਨ ਜੰਗ ਮਝਾਰੀ।
ਮੋਢਨਿ ਕੋ, ਕਟਿ ਕੋ ਕਟ ਦੇਤਿ, ਕਿਨੂ ਅਸਿ ਤੁੰਡ ਕਿ ਮੁੰਡ ਪੈ ਝਾਰੀ।
ਹਾਥ ਕਟੇ, ਕਿਹ ਗ੍ਰੀਵ ਕਟੀ ਕਿਸ ਜਾਂਘ ਕਟੀ, ਬਡ ਤੂਰਨ ਧਾਰੀ।
ਰੰਗ ਲਈ ਅਸਿ ਸ਼੍ਰੋਨਤ ਸੋਂ, ਮ੍ਰਿਤੁ ਚਾਬਤਿ ਪਾਨ ਜਜੋਂ ਜੀਭ ਨਿਕਾਰੀ॥ ੧੯॥

ਸੂਰਮੇ ਆਪਸ ਵਿਚ ਅੰਗ ਕੱਟ ਰਹੇ ਸਨ ਤੇ ਜੰਗ ਦੇ ਮੈਦਾਨ ਵਿਚ ਉਨ੍ਹਾਂ ਦੇ ਮਨ ਨਿਸੰਗ ਹੋ ਗਏ। ਕੋਈ ਮੋਢਿਆਂ ਨੂੰ ਕੋਈ ਲੱਕ ਨੂੰ ਕੱਟ ਦਿੰਦਾ ਹੈ ਕਿਸੇ ਨੇ ਤਲਵਾਰ ਵੈਰੀ ਦੇ ਮੂੰਹ ਜਾਂ ਸਿਰ ਤੇ ਝਾੜ ਦਿੱਤੀ। ਕਿਸੇ ਦਾ ਹੱਥ ਕਟਿਆ ਸੀ, ਕਿਸੇ ਦਾ ਗਲਾ ਕਟਿਆ ਗਿਆ, ਕਿਸੇ ਨੇ ਲੱਤ ਬੜੀ ਫੁਰਤੀ ਧਾਰ ਕੇ ਕੱਟ ਦਿੱਤੀ ਸੀ। ਤਲਵਾਰਾਂ ਖ਼ੂਨ ਨਾਲ ਰੰਗ ਲਈਆਂ। ਮਰਿਆਂ ਹੋਇਆਂ ਨੇ ਇੰਝ ਜ਼ਬਾਨਾਂ ਬਾਹਰ ਕਢੀਆਂ ਸਨ ਜਿਵੇਂ ਪਾਨ ਦੇ ਬੀੜੇ ਚੱਬ ਰਹੇ ਹੋਣ॥੧੯॥

ਮਾਨਹੁ ਬਜਾਹ ਸਮਾਜ ਬਨਜੇ ਜਨ ਪ੍ਰੀਤਿ ਕਰੇ ਜੁਗ ਓਰ ਢਰੇ।
ਸੂਰਨਿ ਕੇ ਪਿਖਿ ਨੂਰਨਿ ਕੋ ਕਰਿ ਤੂਰਨ ਹੂਰਨਿ ਆਨਿ ਬਰੇ।
ਬਾਦਤਿ ਬਾਜਤਿ 'ਮਾਰ' ਉਚਾਰਤਿ, ਗਾਵਤਿ ਗੀਤ ਜੁ ਮੋਦ ਭਰੇ।
ਹੋਤਿ ਮਹਾਂ ਉਤਸਾਹੁ ਮਿਲੇ ਪਟ ਰੰਗਤਿ ਰੰਗ ਸੁਰੰਗ ਖਰੇ॥ ੨੦॥

ਮਾਨੋਂ ਵਿਆਹ ਦਾ ਸਾਜ਼-ਸਾਮਾਨ ਬਣਿਆ ਹੈ ਤੇ ਦੋਵੇਂ ਪਾਸੇ ਆਪਸ ਵਿਚ ਮਿਲ ਕੇ ਪ੍ਰੀਤ ਕਰਦੇ ਹਨ। ਸੂਰਮਿਆਂ ਦੇ ਨੂਰਾਂ ਨੂੰ ਵੇਖ ਕੇ ਤੁਰਤ ਹੂਰਾਂ ਆ ਕੇ ਵਰ ਲੈਂਦੀਆਂ ਸਨ। ਵਾਜੇ ਵੱਜਦੇ 'ਮਾਰੋ ਮਾਰ' ਉਚਾਰਨ ਕਰਦੇ ਸਨ, ਮਾਨੋਂ ਖੁਸ਼ੀ ਦੇ ਗੀਤ ਗਾ ਰਹੇ ਸਨ। ਮਹਾਨ ਉਤਸ਼ਾਹ ਹੋ ਰਿਹਾ ਸੀ, ਲਹੂ ਦੇ ਰੰਗ ਨਾਲ ਰੰਗੇ ਹੋਏ ਸੂਰਮੇ ਚੰਗੇ ਰੰਗ ਦੇ ਹੋ ਗਏ ਸਨ॥੨੦॥

ਤੁਰਕਾਨਿ ਸਮੂਹ ਜਿ ਆਨਿ ਪਰੇ ਤਿਨ ਬੀਚ ਘਿਰ੍ਯੋ ਮਿਹਰਾ ਅਰਿ ਕੈ।
ਚਖ ਲਾਲ ਕਰੇ ਮੁਖ ਓਠਨਿ ਚਾਬਤਿ ਭੌਂਹ ਚਢੀ ਅਰਿ ਸੋਂ ਲਰਿ ਕੈ।
ਕਰ ਫੇਰਤਿ ਧੋਪ ਚਹੂੰ ਦਿਸ਼ਿ ਮੈਂ, ਭਟ ਢੂਕਤਿ ਨੇਰ ਗਿਰੈਂ ਮਰਿ ਕੈ।
ਹਯ ਘਾਤ ਭਯੋ ਤਬਿ, ਪਾਇਨ ਸੋਂ ਉਛਲੰਤਿ ਪ੍ਰਹਾਰਤਿ ਸੋ ਫਿਰਿਕੈ॥ ੨੧॥

ਜਦ ਤੁਰਕਾਂ ਦਾ ਸਮੂਹ ਆ ਕੇ ਪੈ ਗਿਆ ਤਾਂ ਮਿਹਰਾ ਵੈਰੀਆਂ ਦੇ ਵਿਚ ਘਿਰ ਗਿਆ। ਅੱਖਾਂ ਲਾਲ ਹੋਈਆਂ ਸਨ, ਹੋਂਠ ਚਬਦਾ ਸੀ ਤੇ ਵੈਰੀਆਂ ਨਾਲ ਲੜ-ਲੜ ਕੇ ਭਵਾਂ ਚੜ੍ਹੀਆਂ ਹੋਈਆਂ ਸਨ। ਹੱਥ ਨਾਲ ਚਾਰੇ ਪਾਸੇ ਤਲਵਾਰ ਫੇਰ ਰਿਹਾ ਸੀ, ਜਿਹੜੇ ਵੀ ਭੱਟ ਨੇੜੇ ਆਉਂਦੇ ਸਨ, ਮਰ ਕੇ ਡਿੱਗ ਪੈਂਦੇ ਸਨ। ਜਦ ਘੋੜਾ ਮਰ ਗਿਆ ਤਾਂ ਪੈਦਲ ਹੀ ਉਛਲਦਾ ਫਿਰ ਕੇ ਤਲਵਾਰ ਦੇ ਵਾਰ ਕਰਦਾ ਸੀ॥੨੧॥

ਮਾਰਿ ਸਮੂਹਨਿ ਸ਼ੱਤ੍ਰੁਨਿ ਕੋ, ਸਹਿ ਘਾਵ ਅਨੇਕ ਭਯੋ ਡਕਰੇ।
ਭੂਮਿ ਪਰ੍ਯੋ, ਨ ਤਊ ਰਣ ਛੋਰਤਿ, ਅੰਗਨ ਸੋਂ ਉਛਰੈ ਅਕਰੇ।
ਹੇਰਿ ਤਬੈ ਅਮਿਯਾਂ ਮਨ ਕ੍ਰੋਧਤਿ ਪੁੰਜ ਰਿਪੂ ਸਮੁਖੈ ਟਕਰੇ।
ਘਾਲਤਿ ਭਾ ਘਮਸਾਨ ਘਨੋ ਕਰਿ ਸੰਘਰ ਘੋਰ ਅਸੀ ਪਕਰੇ॥ ੨੨॥

ਵੈਰੀਆਂ ਦੇ ਸਮੂਹ ਨੂੰ ਮਾਰ ਕੇ, ਅਨੇਕਾਂ ਜ਼ਖਮ ਸਹਿ ਕੇ ਟੋਟੇ-ਟੋਟੇ ਹੋ ਗਿਆ। ਧਰਤੀ ਤੇ ਪਿਆ ਸੀ ਫਿਰ ਵੀ ਰਣਖੇਤਰ ਨੂੰ ਛੱਡਦਾ ਨਹੀਂ ਸੀ ਤੇ ਆਕੜ ਕੇ ਉਛਲਦਾ ਸੀ। ਉਸ ਨੂੰ ਵੇਖ ਕੇ ਅਮੀਆ ਮਨ ਵਿਚ ਬੜਾ ਕ੍ਰੋਧਤ ਹੋ ਕੇ ਵੈਰੀਆਂ ਦੇ ਸਮੂਹ ਅੱਗੇ ਜਾ ਟਕਰਿਆ। ਤਲਵਾਰ ਫੜ ਕੇ ਉਸ ਘਮਸਾਣ ਦਾ ਯੁੱਧ ਕੀਤਾ ਤੇ ਬਹੁਤ ਵੈਰੀਆਂ ਨੂੰ ਮਾਰਿਆ॥੨੨॥

ਆਨਿ ਪਰੇ ਤੁਰਕਾਨਿ ਬਲੀ ਤਿਨ ਹਾਨਤਿ ਘਾਵ, ਘਨੇ ਘਰ ਘਾਲਤਿ।
ਫੇਰ ਤੁਰੰਗ ਨਚਾਵਤਿ ਘਾਵਤਿ, ਆਪਨਿ ਦੇਹੁ ਅਛੇਹਨਿ ਝਾਲਤਿ।
ਅੰਗ ਤਛਾਮੁਛ ਤੂਰਨਤਾ ਕਰਿ ਆਇ ਅਰੇ ਰਿਪੁ ਕਾਟਤਿ ਡਾਲਤਿ।
ਹੋਤਿ ਸ਼ਹੀਦ ਭਯੋ ਰਣ ਮੈਂ, ਰਿਝ ਦੇਵ ਬਧੂ ਤਿਹ ਜੁੱਧ ਨਿਹਾਲਤਿ॥ ੨੩॥

ਬਲਵਾਨ ਤੁਰਕ ਆ ਪਏ, ਉਨ੍ਹਾਂ ਨੂੰ ਉਸ ਜ਼ਖਮੀ ਕਰਕੇ ਕਈ ਘਰਾਂ ਦਾ ਨਾਸ਼ ਕਰ ਦਿੱਤਾ, ਭਾਵ ਸੂਰਮਿਆਂ ਨੂੰ ਮਾਰਦਾ ਹੈ ਜਿਨ੍ਹਾਂ ਦੇ ਮਰਨ ਨਾਲ ਘਰਾਣੇ ਉੱਜੜ ਜਾਂਦੇ ਹਨ। ਫਿਰ ਘੋੜੇ ਨੂੰ ਨਚਾਉਂਦਾ, ਵੈਰੀਆਂ ਨੂੰ ਮਾਰਦਾ ਆਪਣੀ ਦੇਹ ਤੇ ਲਗਾਤਾਰ ਸ਼ਸਤਰ ਝਲਦਾ ਹੈ। ਤੁਰਤ ਅੰਗਾਂ ਨੂੰ ਟੁਕੜੇ-ਟੁਕੜੇ ਕਰਦਾ ਜਿਹੜਾ ਅੜਦਾ ਸੀ ਉਸ ਦੁਸ਼ਮਣ ਨੂੰ ਵੱਢ ਦਿੰਦਾ ਸੀ। ਰਣਖੇਤਰ ਵਿਚ ਸ਼ਹੀਦ ਹੋ ਗਿਆ। ਦੇਵਤਿਆਂ ਦੀਆਂ ਇਸਤਰੀਆਂ ਉਸ ਦਾ ਯੁੱਧ ਵੇਖ ਰਹੀਆਂ ਸਨ॥੨੩॥

ਦੋਹਰਾ- ਕੁਛ ਦਲ ਸੋਂ ਦ੍ਵੈ ਦਲਪਤੀ ਜੁਝੇ ਜੰਗ ਮਝਾਰ।
ਸਨਮੁਖ ਜੇ ਤੁਰਕਾਨਿ ਕੋ ਤਰਵਾਰਨਿ ਸੋਂ ਮਾਰ॥ ੨੪॥

ਉਸ ਦਲ ਵਿਚੋਂ ਦੋ ਸੈਨਾਪਤੀ ਮਿਹਰਾ ਤੇ ਅਮੀਆ ਜੰਗ ਵਿਚ ਸ਼ਹੀਦ ਹੋ ਗਏ, ਸਾਹਮਣੇ ਜਿਹੜਾ ਵੀ ਤੁਰਕ ਆਇਆ ਉਸ ਨੂੰ ਤਲਵਾਰਾਂ ਨਾਲ ਮਾਰ ਗਏ॥੨੪॥

ਸੈਯਾ- ਸ੍ਰੀ ਹਰਿਗੋਵਿੰਦ ਬੀਰ ਬਹਾਦੁਰ ਯੋਂ ਘਮਸਾਨ ਘਨੋ ਜਬਿ ਹੇਰੇ।
ਤੀਰ ਨਿਕਾਰਤਿ ਚਾਂਪ ਮੈ ਧਾਰਤਿ ਤਾਨ ਪ੍ਰਹਾਰਤਿ ਹੈਂ ਤਿਸ ਬੇਰੇ।

ਬ੍ਰਿੰਦ ਜਹਾਂ ਰਿਪੁ ਮਾਰਤਿ ਹੈਂ ਤਹਿ ਬੀਧਤਿ ਜਾਤਿ ਹੈਂ ਘੋਰ ਘਨੇਰੇ।
ਬ੍ਰਿੰਦ ਤੁਰੰਗਨਿ ਕੈ ਭਟ ਅੰਗਨਿ ਪਾਰ ਪਰੇ ਅਵਨੀ ਪਰ ਗੇਰੇ॥ ੨੫॥

ਸ੍ਰੀ ਹਰਿਗੋਬਿੰਦ ਬੀਰ ਬਹਾਦਰ ਨੇ ਇਸ ਤਰ੍ਹਾਂ ਦੇ ਭਿਆਨਕ ਘਮਸਾਣ ਜਦ ਵੇਖੇ ਤਾਂ ਤੀਰ ਕੱਢ ਕੇ ਧਨੁੱਖ ਤੇ ਰਖਿਆ ਤੇ ਨਿਸ਼ਾਨਾ ਲਾ ਕੇ ਉਸ ਸਮੇਂ ਵਾਰ ਕੀਤਾ। ਜਿਥੇ ਬਹੁਤ ਵੈਰੀ ਮਾਰ ਰਹੇ ਸਨ, ਤੀਰ ਉਨ੍ਹਾਂ ਸਭ ਨੂੰ ਵਿੰਨ੍ਹਦਾ ਗਿਆ। ਕਈ ਘੋੜਿਆਂ ਅਤੇ ਸੂਰਮਿਆਂ ਦੇ ਅੰਗਾਂ ਵਿਚੋਂ ਪਾਰ ਹੋ ਗਿਆ ਤੇ ਉਹ ਸਾਰੇ ਧਰਤੀ ਤੇ ਡਿੱਗ ਪਏ॥੨੫॥

ਏਕ ਪ੍ਰਹਾਰ ਅਨੇਕ ਸੰਘਾਰਤਿ ਯੋਂ ਸਰ ਮਾਰਤਿ ਸ਼ੱਤ੍ਰੂ ਨਿਬੇਰੇ।
ਸੂਰਨਿ ਕੋ ਅਰੁ ਘੋਰਨਿ ਕੋ ਲਗਿ ਘਾਵ ਮਰੇ ਜੁ ਲਗੇ ਤਿਨ ਢੇਰੇ।
ਏਕ ਕਰਾਹਤਿ ਚਾਹਤਿ ਹੈਂ ਜਲ ਏਕ ਦਲੇ ਹਯ ਪਾਇਨ ਕੇਰੇ।
ਔਂਧੇ ਪਰੇ, ਇਕ ਦਾਬੇ ਤਰੇ, ਇਕ ਹਾਂਕ ਹਕਾਰਤਿ ਦੀਰਘਿ ਟੇਰੇ॥ ੨੬॥

ਇਕ ਵਾਰ ਨਾਲ ਅਨੇਕਾਂ ਨੂੰ ਮਾਰਦੇ ਸਨ ਇਸ ਤਰ੍ਹਾਂ ਤੀਰ ਮਾਰ ਕੇ ਵੈਰੀ ਦਾ ਨਿਬੇੜਾ ਕਰੀ ਜਾਂਦੇ ਸਨ। ਸੂਰਮੇ ਅਤੇ ਘੋੜੇ ਜ਼ਖਮ ਲੱਗਣ ਨਾਲ ਮਰ ਜਾਂਦੇ ਸਨ। ਇਸ ਤਰ੍ਹਾਂ ਉਨ੍ਹਾਂ ਦੇ ਢੇਰ ਲੱਗ ਗਏ। ਇਕ ਕੁਰਲਾਉਂਦਾ ਹੋਇਆ ਪਾਣੀ ਮੰਗਦਾ ਸੀ ਤੇ ਇਕ ਘੋੜੇ ਦੇ ਪੈਰਾਂ ਥੱਲੇ ਦਬਿਆ ਜਾਂਦਾ ਸੀ। ਕਈ ਪੁੱਠੇ ਪਏ ਸਨ ਕਈ ਥੱਲੇ ਦੱਬੇ ਸਨ, ਕਈ ਉੱਚੀ-ਉੱਚੀ ਬੋਲਕੇ ਹਾਕਾਂ ਮਾਰਦੇ ਸਨ॥੨੬॥

ਯੋਂ ਖਪਰੇ ਗੁਰ ਕੇਰ ਚਲੇ, ਭਟ ਮਾਰਿ ਕੈ ਪਾਰ ਪਰੇ ਗਨ ਤੇ।
ਸ੍ਰੀ ਕਰਤਾਰ ਪੁਰੇ ਢਿਗ ਕੋ ਨਹਿਂ ਆਵਨ ਦੀਨਿ ਰਿਸੇ ਮਨ ਤੇ।
ਰੋਕ ਲਿਏ ਜਿਮ ਹੋਤਿ ਨਦੀ ਵਧ, ਸੈਲ ਅਰੇ, ਠਹਿਰੈ ਤਿਨ ਤੇ।
ਘਾਵ ਲਗੇ ਗਿਰਤੇ ਪਰਤੇ, ਉਰ ਤੇ ਧ੍ਰਿਤ ਕੋ ਹਰਤੇ ਤਨ ਤੇ॥ ੨੭॥

ਇਸ ਤਰ੍ਹਾਂ ਗੁਰੂ ਜੀ ਦੇ ਤੇਜ਼ ਤੀਰ ਚਲੇ, ਬਹੁਤ ਸੂਰਮਿਆਂ ਨੂੰ ਮਾਰ ਕੇ ਪਾਰ ਹੋ ਗਏ। ਸ੍ਰੀ ਕਰਤਾਰਪੁਰ ਨਗਰ ਤਕ ਨਾ ਆਉਣ ਦਿੱਤੇ ਇਸ ਤਰ੍ਹਾਂ ਮਨ ਵਿਚ ਕ੍ਰੋਧ ਨਾਲ ਭਰੇ ਸਨ। ਇਸ ਤਰ੍ਹਾਂ ਰੋਕ ਲਏ ਜਿਵੇਂ ਨਦੀ ਵਧਦੀ ਆ ਰਹੀ ਹੋਵੇ ਤੇ ਅੱਗੇ ਪਹਾੜ ਬਣ ਕੇ ਠੱਲ ਲਾ ਦਿੱਤੀ ਹੋਵੇ। ਜ਼ਖਮ ਲੱਗਣ ਨਾਲ ਡਿੱਗ ਪੈਂਦੇ ਸਨ, ਹਿਰਦੇ ਵਿਚ ਧਾਰਨ ਕਰਕੇ ਸਰੀਰ ਛੱਡ ਜਾਂਦੇ ਸਨ॥੨੭॥

ਖਾਂ ਕੁਤਬੇ ਤਬਿ ਕ੍ਰੋਧ ਕਰਜੋ ਪਿਖਿ ਪ੍ਰੇਰ ਤੁਰੰਗ ਭਯੋ ਸਮੁਹਾਈ।
ਸ੍ਰੀ ਗੁਰ ਹੈਂ ਜਿਸ ਥਾਂਨ ਥਿਰੇ, ਬਹੁ ਬਾਨ ਪ੍ਰਹਾਰਤਿ ਸੂਰਨਿ ਘਾਈ।
ਆਨ ਮਰਜੋ ਲਲਕਾਰ ਪਰਜੋ ਉਚਰਜੋ 'ਅਬਿ ਠਾਂਢ ਰਹੋ ਅਗੁਵਾਈ'।
ਯੋਂ ਕਹਿ ਤੀਰ ਨਿਕਾਰਤਿ ਬੀਰ ਅਧੀਰਜ ਚਾਂਪ ਕੋ ਐਂਚਿ ਚਲਾਈ॥ ੨੮॥

ਕੁਤਬ ਖਾਨ ਨੇ ਫਿਰ ਕ੍ਰੋਧ ਕੀਤਾ, ਵੇਖ ਕੇ ਘੋੜੇ ਨੂੰ ਪ੍ਰੇਰ ਕੇ ਸਾਹਮਣੇ ਆ ਗਿਆ। ਗੁਰੂ ਜੀ ਜਿਸ ਸਥਾਨ ਤੇ ਖੜੇ ਸਨ, ਬਹੁਤ ਤੀਰ ਮਾਰ ਕੇ ਸੂਰਮਿਆਂ ਨੂੰ ਮਾਰ ਰਹੇ ਸਨ। ਆ ਕੇ ਲਲਕਾਰਾ ਮਾਰ ਕੇ ਬੋਲਿਆ, "ਹੁਣ ਮੇਰੇ ਅੱਗੇ ਖੜਾ ਰਹੋ।" ਇਸ ਤਰ੍ਹਾਂ ਕਹਿ ਕੇ ਤੀਰ ਕੱਢ ਧਨੁੱਖ ਵਿਚ ਧਰ ਕੇ ਖਿੱਚ ਕੇ ਚਲਾ ਦਿੱਤਾ॥੨੮॥

ਤਾਂਹਿ ਬਚਾਇ ਗੁਰੂ ਕਰਿ ਤੂਰਨ ਤੀਰ ਨਿਖਗ ਤੇ ਭੀਮ ਨਿਕਾਰਾ।
ਜਜੋਂ ਹਯ ਪ੍ਰੇਰਤਿ ਅੱਗ੍ਰ ਕੁਦਾਵਤਿ ਸੰਧਿ ਕੁਦੰਡ ਮੈਂ ਐਂਚਤਿ ਮਾਰਾ।

ਲਾਗਿ ਗਯੋ ਉਰ ਮੈਂ ਪ੍ਰਵਿਸ਼ਯੋ, ਬਰਮੀ ਜਿਮ ਮਾਰ ਬਰਯੋ, ਤਿਮ ਮਾਰਾ।
ਬੇਗ ਤੇ ਬੀਧਿ ਤੁਰੰਗਮ ਕੋ ਤਤਕਾਲ ਪਿਛਾਰੀ ਦਿਸ਼ਾ ਪਰਿ ਪਾਰਾ॥ ੨੯॥

ਉਸ ਨੂੰ ਬਚਾ ਕੇ ਗੁਰੂ ਜੀ ਨੇ ਤੁਰਤ ਵੱਡਾ ਤੀਰ ਕੱਢ ਕੇ ਧਨੁੱਖ ਤੇ ਧਰ ਲਿਆ। ਘੋੜੇ ਨੂੰ ਪ੍ਰੇਰ ਕੇ ਅੱਗੇ ਕੁਦਾਵਾ ਕੇ ਧਨੁੱਖ ਨੂੰ ਖਿੱਚ ਕੇ ਮਾਰਿਆ। ਉਹ ਤੀਰ ਕੁਤਬ ਖਾਨ ਦੇ ਘੋੜੇ ਨੂੰ ਲੱਗ ਕੇ ਹਿਰਦੇ ਵਿਚ ਪ੍ਰਵੇਸ਼ ਕਰ ਗਿਆ ਜਿਵੇਂ ਸੱਪ ਵਰਮੀ ਵਿਚ ਵੜ ਜਾਂਦਾ ਹੈ, ਇਸ ਤਰ੍ਹਾਂ ਮਾਰਿਆ, ਇਸ ਤਰ੍ਹਾਂ ਘੋੜੇ ਨੂੰ ਵਿੰਨ੍ਹ ਕੇ ਪਿਛਲੇ ਪਾਸੇ ਰਾਹੀ ਪਾਰ ਹੋ ਗਿਆ॥੨੯॥

ਜਯੋਂ, ਜਲ ਬੇਗ ਤੇ ਕੂਲ ਗਿਰੈ, ਤਿਮ ਬਾਜ ਪਰਯੋ, ਕੁਤਬੇ ਤਬਿ ਛੋਰਾ।
ਸੰਮੁਖ ਸ਼੍ਰੀ ਹਰਿਗੋਵਿੰਦ ਕੇ ਤਬਿ ਧਾਇ ਪਰਯੋ ਗਹਿ ਕੈ ਖਗ ਘੋਰਾ।
ਆਨਿ ਪ੍ਰਹਾਰ ਕਰਯੋ ਹਯ ਕੇ ਮੁਖ ਲੀਨਿ ਬਚਾਇ ਲਗਯੋ ਕੁਛ ਥੋਰਾ।
ਆਪ ਗੁਰੂ ਤਬਿ ਐਚਿ ਕੇ ਮਯਾਨ ਤੇ ਬੇਗ ਸਮੇਤ ਚਲਾਇ ਸੁ ਜ਼ੋਰਾ॥ ੩੦॥

ਜਿਵੇਂ ਜਲ ਦਾ ਤੇਜ਼ ਵਹਿਣ ਨਾਲ ਨਦੀ ਦਾ ਕਿਨਾਰਾ ਡਿੱਗ ਪੈਂਦਾ ਹੈ, ਇਸ ਤਰ੍ਹਾਂ ਕੁਤਬ ਖਾਨ ਦਾ ਘੋੜਾ ਡਿੱਗ ਪਿਆ, ਕੁਤਬ ਖਾਨ ਨੇ ਫਿਰ ਉਸ ਨੂੰ ਛੱਡ ਦਿੱਤਾ। ਤਦ ਗੁਰੂ ਹਰਿਗੋਬਿੰਦ ਜੀ ਵੱਲ ਭਜਿਆ, ਇਕ ਵੱਡੀ ਕਿਰਪਾਨ ਫੜ ਕੇ ਪੈ ਗਿਆ। ਆ ਕੇ ਘੋੜੇ ਦੇ ਮੂੰਹ ਤੇ ਵਾਰ ਕੀਤਾ, ਗੁਰੂ ਜੀ ਨੇ ਉਸ ਨੂੰ ਬਚਾ ਲਿਆ, ਫਿਰ ਵੀ ਥੋੜ੍ਹਾ ਜ਼ਖਮ ਹੋ ਗਿਆ। ਫਿਰ ਗੁਰੂ ਜੀ ਨੇ ਆਪ ਮਿਆਨ ਵਿਚੋਂ ਤਲਵਾਰ ਖਿੱਚ ਕੇ ਬੜੇ ਜ਼ੋਰ ਨਾਲ ਚਲਾਈ॥੩੦॥

ਘਾਵ ਕੇ ਦਾਵ ਬਚਾਵਨ ਕਾਰਨ ਕੀਨਿ ਅਨੇਕ ਪੈ ਨਾਂਹਿ ਬਚਯੋ।
ਗ੍ਰੀਵ ਪੈ ਲਾਗ ਗਯੋ ਖਗ ਭੀਖਨ, ਤੀਖਨ ਧਾਰ ਬਿਸਾਲ, ਤਚਯੋ।
ਦੂਰ ਕਰਯੋ ਸਿਰ ਕੋ ਤਤਕਾਲ, ਰਹਯੋ ਧਰ ਪੈ ਧਰ ਭੀਖ ਨਚਯੋ।
ਫੇਰ ਗਿਰਯੋ ਕਟਿ ਜਯੋਂ ਕਦਲੀ, ਥਰਿ ਸ਼੍ਰੋਣਤ ਧੂਲ ਕੇ ਸੰਗ ਰਚਯੋ॥ ੩੧॥

ਘਾਵ ਨੂੰ ਬਚਾਉਣ ਵਾਸਤੇ ਅਨੇਕਾਂ ਯਤਨ ਕੀਤੇ, ਪਰ ਕੁਤਬ ਖਾਨ ਬਚ ਨਾ ਸਕਿਆ। ਵੱਡੀ ਤਲਵਾਰ ਗਲ ਤੇ ਲੱਗ ਗਈ, ਤਲਵਾਰ ਦੀ ਧਾਰ ਬਹੁਤ ਤੇਜ਼ ਹੋਣ ਕਰਕੇ ਕੱਟਿਆ ਗਿਆ। ਤੁਰਤ ਸਿਰ ਨੂੰ ਦੂਰ ਕੀਤਾ, ਧੜ ਧਰਤੀ ਤੇ ਨੱਚਦਾ ਰਹਿ ਗਿਆ। ਬਾਅਦ ਵਿਚ ਕਟੇ ਹੋਏ ਕੇਲੇ ਵਾਂਗ ਧੈਂ ਕਰਕੇ ਧਰਤੀ ਤੇ ਡਿੱਗ ਪਿਆ ਤੇ ਸੂਰਮੇ ਦਾ ਲਹੂ ਧੂੜ ਨਾਲ ਰਚ ਗਿਆ॥੩੧॥

*ਨੋਟ : ਜਦ ਸੂਰਮੇ ਵਿਚ ਜੋਸ਼ ਹੋਵੇ ਤਾਂ ਸਿਰ ਕੱਟਣ ਨਾਲ ਇਕ ਦਮ ਨਹੀਂ ਡਿੱਗਦਾ, ਦੋ ਚਾਰ ਕਦਮ ਉਹ ਨੱਚਣ ਵਾਂਗੂੰ ਟਪਦਾ ਹੈ। ਇਹੋ ਗੱਲ ਕੁਤਬ ਖਾਨ ਦਾ ਹੋਇਆ ਹੈ।*

ਖਾਂ ਕੁਤਬਾ ਜਬਿ ਮਾਰਿ ਲਯੋ ਤਿਸ ਤੀਰ ਕੇ ਬੀਰ ਪਰੇ ਅਰਿਰਾਈ।
ਖਿੰਦ ਬਿਲੋਕਿ ਤਬੈ ਬਿਧੀਆ ਭਟ ਸੰਗ ਲਿਏ ਬਹੁ ਮਾਰ ਮਚਾਈ।
ਪਾਵਕ ਮਾਂਹਿ ਪਤੰਗ ਪਰੈਂ ਜਿਮ, ਧਾਵਤਿ ਆਨਿ ਪਰੇ ਸਮੁਦਾਈ।
ਤੀਰ ਤੁਫੰਗਨਿ ਤੋਮਰ ਤੇ ਤਰਵਾਰਨਿ ਤੇ ਖਰਸਾਂਗ ਧਸਾਈ॥ ੩੨॥

ਕੁਤਬ ਖਾਂ ਜਦ ਮਾਰ ਲਿਆ ਤਾਂ ਉਸ ਦੇ ਨਜ਼ਦੀਕ ਵਾਲੇ ਸੂਰਮੇ ਲਲਕਾਰ ਕੇ ਪੈ ਗਏ। ਬਿਧੀ ਚੰਦ ਨੇ ਫਿਰ ਆਪਣੇ ਸੂਰਮਿਆਂ ਨੂੰ ਬੁਲਾ ਕੇ ਬਹੁਤ ਮਾਰ ਮਚਾਈ। ਜਿਵੇਂ ਅੱਗ ਵਿਚ ਪਤੰਗੇ ਪੈਂਦੇ ਹਨ ਇਸ ਤਰ੍ਹਾਂ ਭੱਜ ਕੇ ਸਾਰੇ ਵਿਚ ਆ ਪਏ। ਉਨ੍ਹਾਂ ਵਿਚ ਤੀਰ, ਬੰਦੂਕਾਂ, ਨੇਜ਼ੇ, ਤਲਵਾਰਾਂ ਤੇ ਬਰਛੀਆਂ ਧਸਾਈਆਂ॥੩੨॥

ਮੇਲਤਿ ਹੇਲ, ਧਕੇਲਤਿ ਪੇਲ, ਮਨੋ ਮਿਲਿ ਖੇਲਤਿ ਬਾਲਕ ਬ੍ਰਿੰਦਾ।
ਚੀਰ ਸਰੀਰ ਲਹੂ ਸੰਗ ਭੀਜਤਿ ਲੈ ਕਰਿ ਆਯੁਧ ਸ਼ੱਤ੍ਰ ਨਿਕੰਦ।

ਜੰਬੁਕ, ਜੋਗਨਿ, ਬਾਇਸ ਕੂਕਰ ਭਾ ਮਨਿ ਭਾਇ ਬਿਲੰਦ ਅਨੰਦਾ।
ਆਮਿਖ ਖਾਇ ਅਘਾਇ ਰਹੇ ਗਨ ਸ਼੍ਰੋਣਤ ਪੀਵਤਿ ਹੋਤਿ ਸੁਛੰਦਾ॥ ੩੩॥

ਹੱਲਾ ਮੇਲਦੇ ਸਨ, ਧੱਕੇ ਮਾਰ ਕੇ ਪੇਲਦੇ ਸਨ ਮਾਨੋਂ ਬਹੁਤ ਬਾਲਕ ਮਿਲ ਕੇ ਖੇਡ ਰਹੇ ਸਨ। ਕਪੜੇ ਤੇ ਸਰੀਰ ਲਹੂ ਨਾਲ ਭਿੱਜਿਆ ਸੀ, ਸ਼ਸਤਰ ਲੈ ਕੇ ਵੈਰੀ ਨੂੰ ਮਾਰਦੇ ਸਨ। ਗਿੱਦੜ, ਜੋਗਨੀਆਂ, ਕਾਂ, ਕੁੱਤੇ ਮਨ-ਭਾਉਂਦਾ ਭੋਜਨ ਖਾ ਕੇ ਅਨੰਦ ਲੈ ਰਹੇ ਸਨ। ਮਾਸ ਖਾ ਕੇ ਤ੍ਰਿਪਤ ਹੋ ਰਹੇ ਸਨ ਤੇ ਲਹੂ ਪੀ ਕੇ ਪ੍ਰਸੰਨਤਾ ਧਾਰ ਰਹੇ ਸਨ॥੩੩॥

ਕੋ ਲਗਿ ਮੈਂ ਬਰਨੌਂ ਬਹੁ ਭਾਂਤਿਨਿ ਜਸੋਂ ਤੁਰਕਾਨਿ ਕੋ ਮਾਰਿ ਨਿਬੇਰਾ।
ਭੂਮ ਦੜਾਦੜ ਬੀਰ ਗਿਰੈਂ, ਤਜਿ ਪ੍ਰਾਨ ਪਰੈਂ ਨ ਉਠੈਂ ਗਨ ਫੇਰਾ।
ਦਾਰੁਨ ਥਾਨ ਭਯੋ ਚਹੁੰ ਓਰਨ, ਹੇਰਤਿ ਭੀਰ ਕੋ ਤ੍ਰਾਸ ਘਨੇਰਾ।
ਖੰਡਨਿ ਤੁੰਡਨਿ ਮੁੰਡਨਿ ਕੋ, ਭਟ ਝੁੰਡਨਿ ਰੁੰਡਨ ਕਾਟਿ ਸੁ ਗੇਰਾ॥ ੩੪॥

ਮੈਂ ਕਿਥੋਂ ਤਕ ਵਰਣਨ ਕਰਾਂ ਬਹੁਤ ਭਾਂਤ ਜਿਵੇਂ ਤੁਰਕਾਂ ਨੂੰ ਮਾਰ ਕੇ ਨਿਬੇੜ ਦਿੱਤਾ। ਧਰਤੀ ਉੱਤੇ ਧੜਾ-ਧੜ ਯੋਧੇ ਡਿੱਗ ਰਹੇ ਸਨ, ਪ੍ਰਾਣ ਛੱਡ ਕੇ ਡਿੱਗ ਪੈਂਦੇ ਸਨ, ਦੁਬਾਰਾ ਫਿਰ ਨਹੀਂ ਸੀ ਉੱਠਦੇ। ਚਾਰੇ ਪਾਸੇ ਸਾਰਾ ਸਥਾਨ ਬਹੁਤ ਭਿਆਨਕ ਹੋਇਆ ਸੀ, ਭੀੜ ਨੂੰ ਵੇਖ ਕੇ ਬਹੁਤ ਡਰ ਪੈਂਦਾ ਹੁੰਦਾ ਸੀ। ਮੂੰਹ ਤੋੜ ਕੇ ਸਿਰ ਕੱਟ ਕੇ, ਸੂਰਮਿਆਂ ਦੇ ਝੁੰਡਾਂ ਦੇ ਰੁੰਡ ਕੱਟ ਕੇ ਡੇਗੇ ਹੋਏ ਸਨ॥੩੪॥

ਦੋਹਰਾ-ਮਰੇ ਗੁਰੂ ਕੇ ਭਟ ਘਨੇ, ਹਨੇ ਤੁਰਕ ਸਮੁਦਾਇ।
ਅਵਨੀ ਲਗੇ ਅੰਬਾਰ ਬਹੁ ਹੇਰਤਿ ਹੀ ਹਹਿਰਾਇ॥ ੩੫॥

ਗੁਰੂ ਜੀ ਦੇ ਵੀ ਬਹੁਤ ਸੂਰਮੇ ਮਰੇ, ਜਿਨ੍ਹਾਂ ਨੇ ਤੁਰਕਾਂ ਦੇ ਸਮੂਹ ਨੂੰ ਮਾਰ ਦਿੱਤਾ। ਧਰਤੀ ਤੇ ਬਹੁਤ ਅੰਬਾਰ ਲੱਗੇ ਸਨ, ਜਿਨ੍ਹਾਂ ਨੂੰ ਵੇਖਦਿਆਂ ਹੀ ਦਿਲ ਡਹਿਲ ਜਾਂਦਾ ਹੈ॥੩੫॥

ਕਾਲੇਖਾਂ ਕੁਛ ਭਟਨਿ ਸੋਂ ਰਹਜੋ ਸ਼ੇਸ਼ ਤਿਸ ਬਾਰ।
ਜੀਤ ਆਸ ਕੋ ਛੋਰਿ ਕੈ ਮਾਰਨ ਮਰਨੋ ਧਾਰਿ॥ ੩੬॥

ਉਸ ਸਮੇਂ ਕਾਲੇ ਖਾਂ ਕੁਝ ਸੂਰਮਿਆਂ ਸਹਿਤ ਰਹਿ ਗਿਆ, ਜਿੱਤ ਦੀ ਆਸ ਛੱਡ ਕੇ ਮਾਰਨ ਮਰਨ ਨੂੰ ਧਾਰਨ ਕੀਤਾ ਹੋਇਆ ਸੀ॥੩੬॥

*ਅੱਠਵੀਂ ਰਾਸ ਦਾ ਉਣੱਤੀਵਾਂ ਅਧਿਆਇ ਸਮਾਪਤ ਹੋਇਆ॥੨੯॥*

## ਅਧਿਆਇ ਤੀਹਵਾਂ

### ਕਾਲੇ ਖਾਂ ਨਾਲ ਜੰਗ

ਦੋਹਰਾ-ਸੂਰ ਹਜ਼ਾਰਕ ਬਚੇ ਜਬਿ ਕਾਲੇਖਾਂਨ ਬਿਚਾਰਿ।
'ਲਰੋਂ ਆਪ ਗੁਰੁ ਸੰਗ ਮੈਂ ਮਰੋਂ ਕਿ ਲੈਹੋਂ ਮਾਰਿ'॥ ੧॥

ਜਦ ਹਜ਼ਾਰ ਦੇ ਲਗਪਗ ਸੂਰਮਾ ਰਹਿ ਗਿਆ ਤਾਂ ਕਾਲੇ ਖਾਂ ਨੇ ਵਿਚਾਰ ਕੀਤੀ, "ਮੈਂ ਹੁਣ ਆਪ ਗੁਰੂ ਜੀ ਨਾਲ ਲੜਾਂਗਾ, ਮੈਂ ਮਰ ਜਾਵਾਂਗਾ ਜਾਂ ਮਾਰ ਲਵਾਂਗਾ"॥੧॥

ਭੁਜੰਗ ਪ੍ਰਯਾਤ ਛੰਦ-ਬਚੇ ਬੀਰ ਜੇਤੇ ਭਏ ਏਕ ਥਾਈਂ। ਰਿਦੇ ਧੀਰ ਖੋਈ ਪਿਖੇ ਤੇ ਲਰਾਈ।
ਨਹੀਂ ਦੇਰ ਲਾਗੀ ਇਤੀ ਸੈਨ ਜੂਝੀ। ਹਨੀ ਆਨਿ ਕੌਨੈ ਨਹੀ ਜਾਇ ਬੂਝੀ ॥੨ ॥

ਜਿੰਨੇ ਵੀ ਸੂਰਮੇ ਬਚੇ ਸਨ, ਉਹ ਸਾਰੇ ਇਕ ਥਾਂ ਇਕੱਠੇ ਹੋ ਗਏ। ਲੜਾਈ ਵੇਖ ਕੇ ਉਹ ਹਿਰਦੇ ਦਾ ਧੀਰਜ ਖੋਹ ਬੈਠੇ ਸਨ। ਨਹੀਂ ਦੇਰ ਲੱਗੀ ਏਨੀ ਸੈਨਾ ਲੜ ਕੇ ਮਰ ਗਈ ਹੈ, ਕਿਸ ਨੇ ਆ ਕੇ ਏਨੀ ਸੈਨਾ ਮਾਰ ਦਿੱਤੀ ਹੈ, ਕੁਝ ਵੀ ਸਮਝ ਨਹੀਂ ਆਉਂਦਾ ਹੈ॥੨॥

ਉਡੈਂ ਗ੍ਰਿੱਧ ਬ੍ਰਿੱਧੰ, ਰੜੈਂ ਕੰਕ ਬੰਕੰ। ਭਖੈਂ ਮਾਸ ਗੋਮਾਯ ਦੇਖੇ ਅਤੰਕੰ।
ਸਿਵਾ ਊਚ ਟੇਰੈਃ ਮਿਲੈਂ ਸ੍ਵਾਨ ਭੌਕੈਂ। ਕਿਤੇ ਘਾਇ ਖਾਏ ਸੁਨੈਂ ਨਾਦ, ਚੌਂਕੈਂ ॥ ੩ ॥

ਬਹੁਤ ਗਿੱਰਝਾਂ ਉੱਡ ਰਹੀਆਂ ਸਨ, ਕਾਂ ਆ ਕੇ ਬੋਲਦੇ ਸਨ, ਗਿੱਦੜ ਆ ਕੇ ਮਾਸ ਖਾਂਦੇ ਹਨ ਜਿਨ੍ਹਾਂ ਨੂੰ ਵੇਖ ਕੇ ਡਰ ਆਉਂਦਾ ਹੈ। ਜਾਨਵਰ ਬਹੁਤ ਉੱਚੀ-ਉੱਚੀ ਪੁਕਾਰ ਰਹੇ ਹਨ, ਮਿਲ ਕੇ ਕੁੱਤੇ ਭੌਂਕ ਰਹੇ ਹਨ। ਜਿਹੜੇ ਜ਼ਖਮ ਖਾ ਕੇ ਪਏ ਹਨ ਤੇ ਗਿੱਦੜਾਂ ਅਤੇ ਕੁੱਤਿਆਂ ਦੀ ਆਵਾਜ਼ ਸੁਣ ਕੇ ਤ੍ਰੌਂਬਕਦੇ ਹਨ॥੩॥

ਮੁਖੰ ਭੇ ਮਲੀਨੰ ਨਹੀਂ ਜੰਗ ਚਾਹੈਂ। ਲਰੈ ਜੋ ਅਬੈ ਜੀਵਤੋ ਕੌਨ ਜਾਹੈ।
ਤਊ ਖਾਨ ਕਾਲੇ ਦਿਸ਼ਾ ਕੋ ਬਿਲੋਕੈਂ। ਲਰੈ ਨਾਂਹਿ ਕੈਸੇ, ਕਹੋ ਕੌਨ ਰੋਕੈ ॥ ੪ ॥

ਮੁਖ ਗਲੀਨ ਹੋਏ ਹਨ, ਜੰਗ ਨਹੀਂ ਚਾਹੁੰਦੇ ਹਨ, "ਜਿਹੜਾ ਹੁਣ ਲੜੇਗਾ ਉਨ੍ਹਾਂ ਵਿਚੋਂ ਕੌਣ ਜੀਉਂਦਾ ਜਾਵੇਗਾ। ਫਿਰ ਵੀ ਕਾਲੇ ਖਾਂ ਵਲ ਵੇਖਦੇ ਸਨ, ਕਿਸ ਤਰ੍ਹਾਂ ਨਹੀਂ ਲੜਾਂਗੇ, ਕਹੋ ਕੌਣ ਉਸ ਨੂੰ ਰੋਕੇ॥੪॥

ਗੁਰੂ ਬੀਰ ਜੇਤੇ ਬਚੇ ਪ੍ਰਾਨ ਸੰਗਾ। ਕਰੈ ਓਤਸਾਹੰ ਸੁ ਹ੍ਵੈ ਕੈ ਨਿਸ਼ੰਗਾ।
ਕਹੈਂ ਉਚ ਟੇਰੈਂ 'ਹਨੇ ਸ਼ੱਤ੍ਰੂ ਸਾਰੇ'। ਬਜੈਂ ਜੀਤ ਲੈ ਕੈ ਗੁਰੂ ਕੇ ਨਗਾਰੇ ॥ ੫ ॥

ਗੁਰੂ ਜੀ ਦੇ ਸੂਰਮੇ ਜਿੰਨੇ ਪ੍ਰਾਣਾਂ ਸਹਿਤ ਬਚੇ ਹਨ, ਉਹ ਨਿਸੰਗ ਹੋ ਕੇ ਬਹੁਤ ਉਤਸ਼ਾਹ ਧਾਰਨ ਕਰਦੇ ਹਨ। ਉੱਚੀ ਆਵਾਜ਼ ਵਿਚ ਕਹਿੰਦੇ ਹਨ, "ਸਾਰੇ ਵੈਰੀਆਂ ਨੂੰ ਮਾਰ ਦੇਵਾਂਗੇ ਤੇ ਜਿੱਤ ਪ੍ਰਾਪਤ ਕਰਕੇ ਗੁਰੂ ਦੇ ਨਗਾਰੇ ਵੱਜਣਗੇ॥੫॥

'ਮਹਾਂ ਮੂਢ ਸ਼ਾਹੂ, ਪਠੈ ਸੈਨ ਜੋਊ। ਜਗੰਦੀਸ਼ ਸੰਗੰ ਚਹੈ ਪ੍ਰਰ ਹੋਊ।
ਜਿਨ੍ਹੋ ਕੇ ਅਗਾਰੀ ਬਨੈਂ ਹਾਥ ਜੋਰੇ। ਤਿਨ੍ਹੋ ਸਾਥ ਲੋਹਾ ਕਰੈ ਧਾਰਿ ਜੋਰੇ ॥ ੬ ॥

"ਮਹਾਂ ਮੂਰਖ ਬਾਦਸ਼ਾਹ ਜਿਹੜੀ ਵੀ ਸੈਨਾ ਭੇਜਦਾ ਹੈ, ਉਹ ਜਗਤ ਦੇ ਈਸ਼ਵਰ ਨਾਲ ਮੁਕਾਬਲਾ ਕਰਨਾ ਚਾਹੁੰਦੀ ਹੈ। ਜਿਨ੍ਹਾਂ ਦੇ ਅੱਗੇ ਹੱਥ ਜੋੜਨਾ ਬਣਦਾ ਹੈ, ਉਨ੍ਹਾਂ ਨਾਲ ਜ਼ੋਰ ਧਾਰ ਕੇ ਲੋਹਾ ਲੈਣਾ ਚਾਹੁੰਦਾ ਹੈ॥੬॥

ਚਮੂੰ ਬ੍ਰਿੰਦ ਭੇਜੀ ਕਈ ਬਾਰ ਮਾਰੀ। ਤਊ ਮੂਢ ਨਾਹੀਂ ਕਰਜੋ ਭਾਉ ਭਾਰੀ'।
ਕਹੈਂ ਆਪ ਮੈਂ ਬੀਰ ਬੰਕੇ ਜੁਝਾਰੇ। ਤੁਫੰਗਾਨਿ ਤੀਰਾਨਿ ਕੋ ਹਾਥ ਧਾਰੇ ॥ ੭ ॥

ਬਹੁਤ ਫੌਜ ਭੇਜੀ, ਕਈ ਵਾਰ ਮਾਰੀ ਹੈ, ਫਿਰ ਵੀ ਮੂਰਖ ਨੇ ਪ੍ਰੇਮ ਧਾਰਨ ਨਹੀਂ ਕੀਤਾ ਹੈ।" ਬਾਂਕੇ ਵੀਰ ਸੂਰਮੇਂ ਆਪਸ ਵਿਚ ਕਹਿੰਦੇ ਸਨ, ਜਿਨ੍ਹਾਂ ਨੇ ਬੰਦੂਕਾਂ ਅਤੇ ਤੀਰ ਹੱਥਾਂ ਵਿਚ ਧਾਰਨ ਕੀਤੇ ਹੋਏ ਸੀ॥੭॥

ਉਤੈ ਖਾਨ ਕਾਲੇ ਕਰਜੋ ਚੀਤ ਗਾਢਾ। ਗੁਰੂ ਸਾਥ ਜੂਝੌਂ ਰਿਦੈ ਚਾਵ ਬਾਢਾ।
ਅਬੈ ਜੰਗ ਤਜਾਗੋਂ ਚਲੋਂ ਮੈਂ ਪਲਾਈ। ਨਹੀਂ ਬਾਤ ਆਛੀ, ਰਹੋਂ ਕੌਨ ਥਾਂਈਂ ॥ ੮ ॥

ਉਧਰ ਕਾਲੇ ਖਾਨ ਨੇ ਵੀ ਪੱਕਾ ਇਰਾਦਾ ਬਣਾਇਆ, ਗੁਰੂ ਜੀ ਨਾਲ ਲੜਾਂਗਾ ਹਿਰਦੇ ਵਿਚ ਬੜਾ ਚਾਅ ਵਧਾਇਆ। ਹੁਣ ਜੇ ਮੈਂ ਜੰਗ ਛੱਡ ਕੇ ਭੱਜ ਜਾਵਾਂਗਾ ਤਾਂ ਚੰਗੀ ਗੱਲ ਨਹੀਂ ਹੈ, ਮੈਂ ਕਿਥੇ ਜਾ ਕੇ ਰਹਾਂਗਾ॥੮॥

ਲਜੈ ਬੰਸ ਖਾਨਾਂਨਿ ਨਿੰਦਾ ਉਚਾਰੈਂ। ਮਰੌਂ ਹੋਇ ਗੀਦੀ, ਸਭੈ ਹੀ ਧਿਕਾਰੈਂ।
ਜਸੰ ਹੀਨ ਹ੍ਵੈ ਕੈ ਸੁਖੰ ਹੀਨ ਜੀਵੌਂ। ਪਰੌਂ ਦੋਜ਼ਕੰ ਮੈਂ ਜਬੈ ਮ੍ਰਿਤੁ ਥੀਵੌਂ॥ ੯ ॥

ਪਠਾਣਾ ਦਾ ਖਾਨਦਾਨ ਮੈਨੂੰ ਸ਼ਰਮਿੰਦਾ ਕਰੇਗਾ ਤੇ ਲੋਕ ਨਿੰਦਿਆ ਉਚਾਰਨਗੇ। ਕਾਇਰ ਕਹਿਲਾ ਕੇ ਮਰਾਂਗਾ ਤੇ ਸਭ ਲੋਕ ਧਿਰਕਾਰਨਗੇ। ਜੱਸ ਹੀਣ ਹੋ ਕੇ ਸੁਖ ਹੀਣ ਜੀਵਾਂਗਾ, ਜਦ ਮਰਾਂਗਾ ਤਾਂ ਨਰਕਾਂ ਵਿਚ ਪਵਾਂਗਾ॥੯॥

ਸਦਾ ਕੌਨ ਜੀਵੈ, ਮਰੈ ਬੈਸ ਬੀਤੇ॥ ਭਲੇ ਜੀਵ ਸੋਈ ਜਸੰ ਜਾਂਹਿ ਲੀਤੇ।
ਇਮੀ ਭਾਂਤਿ ਬੂਰੀ ਰਿਦੈ ਚਿੰਤ ਕੈ ਕੈ। ਭਯੋ ਸਮੁਖੰ ਸੂਰਤਾ ਚੀਤ ਲੈ ਕੈ ॥੧੦॥

ਸਦਾ ਕੌਣ ਜੀਊਂਦਾ ਹੈ, ਉਮਰ ਬੀਤਣ ਨਾਲ ਮੌਤ ਹੋ ਜਾਂਦੀ ਹੈ, ਉਹੋ ਜੀਵ ਭਲੇ ਹਨ, ਜਿਹੜੇ ਇਸ ਦੁਨੀਆਂ ਤੋਂ ਜੱਸ ਲੈ ਕੇ ਜਾਂਦੇ ਹਨ।" ਹਿਰਦੇ ਵਿਚ ਚਿੰਤਾ ਕਰ ਕਰਕੇ ਇਸ ਪ੍ਰਕਾਰ ਸੋਚਦਾ ਰਿਹਾ, ਚਿੱਤ ਵਿਚ ਸੂਰਮਗਤੀ ਧਾਰ ਕੇ ਆਪਣੇ ਯੋਧਿਆਂ ਦੇ ਸਾਹਮਣੇ ਹੋਇਆ॥੧੦॥

ਜਿਤੇ ਬੀਰ ਬਾਚੇ ਸਮੀਪੰ ਹਕਾਰੇ। ਬਡੀ ਧੀਰ ਦੈ ਕੈ ਲਏ ਸੰਗ ਸਾਰੇ।
'ਗੁਰੂ ਕੋ ਗਹੋ ਬ੍ਰਿੰਦ ਹ੍ਵੈ ਕੈ ਨਜੀਕੰ। ਗਹਜੋ ਜੇ ਨ ਜਾਈ ਹਤੋ ਤੋ ਭਿ ਨੀਕੰ॥੧੧॥

ਜਿੰਨੇ ਵੀ ਸੂਰਮੇ ਬਚੇ ਸਨ, ਉਨ੍ਹਾਂ ਨੂੰ ਪਾਸ ਬੁਲਾਇਆ, ਬਹੁਤ ਧੀਰਜ ਦੇ ਕੇ ਸਾਰੇ ਆਪਣੇ ਨਾਲ ਲੈ ਲਏ। ਸਾਰੇ ਇਕੱਠੇ ਹੋ ਕੇ ਤੇ ਨਜ਼ਦੀਕ ਹੋ ਕੇ ਗੁਰੂ ਨੂੰ ਫੜ ਲਵੋ, ਜੇ ਫੜਿਆ ਨਾ ਜਾਵੇ ਤਾਂ ਮਾਰ ਦੇਵੋ, ਉਹ ਵੀ ਚੰਗੀ ਗੱਲ ਹੈ॥੧੧॥

ਇਹੀ ਕਾਜ ਪੂਰੋ ਜਬੈ ਹੋਇ ਜਾਵੈ। ਚਲੈਂ ਸ਼ਾਹੁ ਕੇ ਤੀਰ, ਸਾਰੀ ਸੁਨਾਵੈਂ।
ਲਹੈਂ ਮੌਜ ਭਾਰੀ ਧਨੰ, ਚੀਰ, ਘੋਰੇ। ਗਜੰ, ਪਾਲਕੀ ਆਦਿ ਸ਼ੋਭਾ ਨ ਥੋਰੇ॥੧੨॥

ਇਹ ਕਾਰਜ ਜਦ ਪੂਰਾ ਹੋ ਜਾਵੇਗਾ, ਤਾਂ ਬਾਦਸ਼ਾਹ ਦੇ ਪਾਸ ਜਾ ਕੇ ਸਾਰੀ ਗੱਲ ਸੁਣਾਵਾਂਗੇ, ਮੌਜ ਲਵਾਂਗੇ, ਭਾਰੀ ਧਨ, ਕਪੜੇ ਅਤੇ ਘੋੜੇ ਪ੍ਰਾਪਤ ਕਰਾਂਗੇ, ਪਾਲਕੀਆਂ ਸਹਿਤ ਹਾਥੀ ਲਵਾਂਗੇ, ਸਾਡੀ ਬਹੁਤ ਸ਼ੋਭਾ ਹੋਵੇਗੀ॥੧੨॥

ਸੁਖੰ ਭੋਗਿ ਸਾਰੇ ਘਰੋ ਬੈਠਿ ਫੇਰੀ। ਕਰੋ ਕਾਜ ਕੋ ਓਜ ਤੇ ਏਕ ਬੇਰੀ।
ਪੂੰਨੰ ਬੈਸ ਸਾਰੀ ਜਸੰ ਭੂਰ ਪਾਵੈ। ਸ਼ਰਾਬਾਨਿ ਪੀਵੈ ਕਬਾਬਾਨਿ ਖਾਵੈ॥੧੩॥

ਫਿਰ ਸਾਰੇ ਆਪਣੇ ਘਰਾਂ ਵਿਚ ਬੈਠ ਕੇ ਸੁਖ ਭੋਗੋ, ਇਕ ਵਾਰ ਸਾਰੀ ਸ਼ਕਤੀ ਲਾ ਕੇ ਕਾਰਜ ਕਰੋ। ਫਿਰ ਸਾਰੀ ਉਮਰ ਬਹੁਤ ਜੱਸ ਪਾਵੋ। ਸ਼ਰਾਬਾਂ ਪੀਵੋ ਤੇ ਕਬਾਬ ਖਾਵੋ॥੧੩॥

ਇਮੰ ਭਾਖਿਕੈ ਸੰਗ ਲੀਨੇ ਜੁਝਾਰੇ। ਨਵਾਲਾਨਿ ਪਯਾਲਾਨਿ ਮੇਲੀ ਉਦਾਰੇ।
ਸਵਾਧਾਨ ਹ੍ਵੈ ਕੈ ਕਰੈਂ ਸ਼ਸਤ੍ਰ ਤਯਾਰੀ। ਤੁਫੰਗਾਨਿ ਤੀਰਾਨਿ ਸਾਂਗੈਂ ਸੰਭਾਰੀ॥੧੪॥

ਇਸ ਤਰ੍ਹਾਂ ਕਹਿ ਕੇ ਸਾਰੇ ਸੂਰਮਿਆਂ ਨੂੰ ਆਪਣੇ ਨਾਲ ਲੈ ਲਿਆ। ਪਿਆਲੇ ਤੇ ਨਿਵਾਲੇ ਦੇ ਇਕੱਠੇ ਖਾਣ ਤੇ ਸ਼ਰਾਬ ਪੀਣ ਦੇ ਬੜੇ ਮੇਲੀ ਸਨ। ਬੜੇ ਸਾਵਧਾਨ ਹੋ ਕੇ ਸ਼ਸਤਰਾਂ ਦੀ ਤਿਆਰੀ ਕੀਤੀ। ਬੰਦੂਕਾਂ ਤੀਰ ਅਤੇ ਨੇਜ਼ੇ ਸੰਭਾਲ ਲਏ॥੧੪॥

ਲਏ ਦੀਹ ਨੇਜੇ, ਕਰਾਚੋਲ, ਭਾਲੇ। ਬਿਸਾਲੇ ਜੁ ਢਾਲੇ ਉਛਾਲੇ ਉਤਾਲੇ।
ਕਸੈਂ ਦੋਇ ਗੋਰੀ, ਪਲੀਤਾ ਮਿਲਾਵੈਂ। ਧਰੈਂ ਮੋੜਿ ਤੋੜਾ ਕਲਾ ਪੈ ਟਿਕਾਵੈਂ॥੧੫॥

ਬਹੁਤ ਵੱਡੇ-ਵੱਡੇ ਨੇਜ਼ੇ, ਕਿਰਪਾਨਾਂ ਅਤੇ ਭਾਲੇ ਫੜ ਲਏ, ਬੜੇ ਉਤਸ਼ਾਹ ਵਿਚ ਆ ਕੇ ਉਨ੍ਹਾਂ ਹਥਿਆਰਾਂ ਨੂੰ ਉਪਰ ਉਛਾਲਿਆ। ਗੋਲੀਆਂ ਕੱਸ ਕੇ ਪਲੀਤੇ ਮਿਲਾਉਂਦੇ ਸਨ, ਤੋੜੇ ਮੋੜ ਕੇ ਧਰਦੇ ਸਨ ਤੇ ਪਲੀਤੇ ਮਿਲਾਉਂਦੇ ਸਨ॥੧੫॥

ਲਏ ਬਾਨ ਪੈਨੇ ਜਿਨੋ ਚਾਂਪ ਧਾਰੇ। ਹਯੰ ਪ੍ਰੇਰਿ ਕੈ ਧਾਇ ਚਾਲੇ ਅਗਾਰੇ॥
ਹਲਾਹੂਲ ਹੋਈ ਪਰਜੋ ਰੋਰ ਭਾਰੋ। ਗੁਰੂ ਬੀਰ ਬੰਕੇ ਖਰੇ, ਧੀਰ ਧਾਰੋ॥ ੧੬॥

ਤਿਖੇ ਤੀਰ ਲੈ ਲਏ, ਜਿਨ੍ਹਾ ਨੇ ਧਨੁੱਖ ਧਾਰਨ ਕੀਤੇ ਹੋਏ ਸਨ. ਘੋੜਿਆ ਨੂੰ ਛੇੜ ਅੱਗੇ ਚਲ ਪਏ. ਹੱਲਾ ਗੁਲਾ ਹੋਇਆ ਤੇ ਰੌਲਾ ਪਿਆ। ਗੁਰੂ ਜੀ ਦੇ ਬਾਂਕੇ ਬੀਰ ਧੀਰਜ ਧਾਰ ਕੇ ਖੜੇ ਸਨ॥੧੬॥

ਗੁਰੂ ਓਜ ਕੇ ਆਸਰੇ ਮੋਦ ਧਾਰੇ। ਕਹੈਂ 'ਆਇਂ ਆਗੈ ਤਬੈ ਲੇਹਿ ਮਾਰੇ'।
ਤੁਫੰਗਾਨ ਬਾਰੂਦ ਗੋਰੀ ਮਿਲਾਏ। ਧਨੂਬਾਨ ਕੋ ਸੰਧਿ ਚਾਹੈਂ ਚਲਾਏ॥ ੧੭॥

ਗੁਰੂ ਜੀ ਦੀ ਸ਼ਕਤੀ ਦੇ ਆਸਰੇ, ਉਨ੍ਹਾਂ ਨੇ ਪ੍ਰਸੰਨਤਾ ਧਾਰਨ ਕੀਤੀ ਸੀ। ਕਹਿੰਦੇ ਸਨ ਜਦ ਅੱਗੇ ਆਉਣਗੇ ਤਾਂ ਮਾਰ ਲਵਾਂਗੇ। ਬੰਦੂਕਾਂ ਵਿਚ ਉਨ੍ਹਾਂ ਬਾਰੂਦ ਤੇ ਗੋਲੀਆਂ ਭਰ ਲਈਆਂ ਸਨ। ਧਨੁੱਖ ਨਾਲ ਤੀਰ ਜੋੜ ਕੇ ਚਲਾਉਣੇ ਚਾਹੁੰਦੇ ਸਨ॥੧੭॥

'ਜਬੈ ਨੇਰ ਢੂਕੇ ਮਿਲੈਂ ਤੁੰਡ ਦੈਨਾ। ਤਬੈ ਏਕ ਬਾਰੀ ਹਨੋ ਜੈਨ ਕੈਨਾ।
ਦੜਾਦਾੜ ਗੋਰੇ ਕ੍ਰਿਪਾਨੈ ਸੰਭਾਰੋ। ਤਛਾਮੁੱਛ ਕਾਟੋ ਜਥਾ ਕਾਠ ਆਰੋ' ॥੧੮॥

"ਜਦ ਨੇੜੇ ਆ ਕੇ ਉਨ੍ਹਾਂ ਦੇ ਚਿਹਰੇ ਦਿਖਾਈ ਦੇਣ, ਤਦ ਇਕ ਵਾਰ ਹੀ ਸਾਰਿਆ ਨੂੰ ਮਾਰ ਲਵੋ। ਦੜਾਦੜ ਗੋਲੀਆ ਅਤੇ ਕ੍ਰਿਪਾਨਾ ਸੰਭਾਲੀਏ ਤੇ ਜਿਵੇਂ ਆਰੀ ਲੱਕੜ ਨੂੰ ਕੱਟਦੀ ਇਸ ਤਰ੍ਹਾਂ ਸਾਰਿਆਂ ਨੂੰ ਦੂਫਾੜ ਕਰ ਦੇਵੋ" ॥੧੮॥

ਫਿਰੈਂ ਦੇਤਿ ਬਾਰੂਦ ਗੋਰੀ ਖਤੰਗਾ। ਦਏ ਦੀਹ ਨੇਜ਼ੇ 'ਹਨੋ ਸ਼ੱਤ੍ਰੂ ਅੰਗਾ'।
ਗੁਰੂ ਬੀਚ ਠਾਢੇ ਬਿਧੀਚੰਦ ਤੀਰੰ। ਖਰੇ ਬਿੱਪ੍ਰ ਜਾਤੀ ਧਨੂ ਸੰਧਿ ਤੀਰੰ॥੧੯॥

ਬਾਰੂਦ, ਗੋਲੀਆਂ ਤੇ ਤੀਰ ਦਿੰਦੇ ਫਿਰਦੇ ਸਨ, ਬਹੁਤ ਵੱਡੇ-ਵੱਡੇ ਨੇਜ਼ੇ ਦਿੱਤੇ ਤੇ ਕਿਹਾ, "ਵੈਰੀ ਨੂੰ ਮਾਰ ਦੇਵੋ।" ਗੁਰੂ ਜੀ ਵਿਚ ਖੜੇ ਸਨ, ਤੇ ਬਿਧੀ ਚੰਦ ਵੀ ਕੋਲ ਹੀ ਸੀ. ਬ੍ਰਾਹਮਣ ਜਾਤੀ ਮਲਕ ਨੇ ਧਨੁੱਖ ਫੜਿਆ ਹੋਇਆ ਸੀ, ਤੀਰਾਂ ਦਾ ਤੁੱਥਾ ਧਾਰਨ ਕੀਤਾ ਸੀ॥੧੯॥

ਕਰੇ ਨੈਨ ਸੌਹੇਂ, ਪਿਖੈਂ ਸ਼ੱਤ੍ਰੂ ਆਵੈਂ। ਹਨੈ ਏਕ ਬਾਰੀ ਨਹੀਂ ਪਾਛ ਜਾਵੈਂ।
ਲਈ ਮਾਰਿ ਸੈਨਾ, ਰਹੀ ਸ਼ੇਸ਼ ਥੋਰੀ। ਲਖੀ ਜਾਇ ਭਾਜੈ ਅਬੈ ਸ਼ਾਹ ਓਰੀ' ॥੨੦॥

ਨੈਣ ਬੜੇ ਸ਼ੋਭ ਰਹੇ ਸਨ ਤੇ ਵੈਰੀ ਦੇ ਆਉਣ ਬਾਰੇ ਵੇਖ ਰਹੇ ਸਨ, ਇਕੋ ਵਾਰ ਮਾਰ ਦੇਵਾਂਗੇ, ਪਿੱਛੇ ਨਹੀਂ ਜਾਣ ਦੇਵਾਂਗੇ। ਸਾਰੀ ਸੈਨਾ ਮਾਰ ਲਈ ਹੈ, ਬਹੁਤ ਥੋੜ੍ਹੀ ਬਚੀ ਹੈ, ਜਾਪਦਾ ਹੈ ਹੁਣ ਬਾਦਸ਼ਾਹ ਵੱਲ ਭੱਜ ਜਾਣਗੇ' ॥੨੦॥

ਦਿਸ਼ਾ ਦੋਨ ਐਸੇ ਭਏ ਤਯਾਰ ਜੁੱਧੰ। ਤਬੈ ਖਾਨਕਾਲਾ ਰਿਦੇ ਭੂਰ ਕ੍ਰੁੱਧੰ।
ਬਡੇ ਮੋਲ ਕੇਰਾ ਤੁਰੰਗੀ ਚਲਾਯੋ। ਦਲੰ ਹੇਲ ਘਾਲਯੋ ਹਲਾਹੂਲ ਘਾਯੋ॥੨੧॥

ਦੋਵੀਂ ਪਾਸੀਂ ਇਸ ਤਰ੍ਹਾਂ ਯੋਧੇ ਤਿਆਰ ਹੋ ਗਏ। ਤਦ ਕਾਲੇ ਖਾਨ ਨੇ ਹਿਰਦੇ ਵਿਚ ਬੜਾ ਕ੍ਰੋਧ ਧਾਰਨ ਕੀਤਾ। ਬੜੇ ਮਹਿੰਗੇ ਮੁੱਲ ਵਾਲੇ ਘੋੜੇ ਨੂੰ ਚਲਾਇਆ, ਦੋਵਾਂ ਦਲਾਂ ਨੇ ਹਮਲਾ ਕੀਤਾ ਤੇ ਬੜਾ ਰੌਲਾ ਪਾ ਕੇ ਵੈਰੀਆਂ ਨੂੰ ਮਾਰਿਆ॥੨੧॥

ਕਰਯੋ ਰੌਰ ਉਦੇ, ਮਹਾਂ ਸ਼ੋਰ ਮਾਚਯੋ। ਚਲਾਚਾਲ ਬੀਰੰ, ਰਿਦੈ ਰੋਸ ਰਾਚਯੋ।
ਪਰੇ ਹੂਹ ਦੈ ਕੈ ਜਬੈ ਨੇਰ ਆਏ। ਪਲੀਤੇ ਉਘਾੜੇ ਸੁ ਤੋੜੇ ਧੁਖਾਏ॥੨੨॥

ਬਹੁਤ ਰੌਲਾ ਪਾਇਆ ਤੇ ਬੜਾ ਸ਼ੋਰ ਮੱਚ ਗਿਆ। ਸੂਰਮੇ ਹਿਰਦੇ ਵਿਚ ਬੜਾ ਕ੍ਰੋਧ ਭਰ ਕੇ ਚਲੇ ਜਾ ਰਹੇ ਸਨ। ਜਦ ਨੇੜੇ ਆਏ ਤਾਂ ਲਲਕਾਰ ਕੇ ਪੈ ਗਏ। ਪਲੀਤੇ ਉਘਾੜੇ ਤੇ ਤੋੜੇ ਧੁਖਾਏ॥੨੨॥

ਚਲੇ ਆਇ ਸੀਧੇ ਢੁਕੈਂ ਢੋਇ ਕੀਨੀ। ਦੁਹੂੰ ਓਰ ਗੋਰੀ ਤਕੀ ਛੋਰਿ ਦੀਨੀ।
ਮਲੇਛਾਨਿ ਕੋ ਵਾਰ ਕੰਧੈ ਮਝਾਰਾ। ਗੁਰੂ ਬੀਰ ਬਾਚੇ ਨ ਬੰਕੋ ਸੁ ਬਾਰਾ॥੨੩॥

ਸਿੱਧੇ ਚਲੇ ਆਏ ਤੇ ਆ ਕੇ ਅੱਗੇ ਵਧੇ. ਦੋਵਾਂ ਪਾਸਿਆ ਨੇ ਵੇਖ ਕੇ ਗੋਲੀਆ ਛੱਡ ਦਿੱਤੀਆਂ। ਮਲੇਛਾਂ ਦੇ ਸਰੀਰਾਂ ਨੂੰ ਗੋਲੀਆਂ ਵਿੰਨ੍ਹ ਗਈਆਂ ਪਰ ਗੁਰੂ ਜੀ ਦੇ ਸੂਰਮੇ ਬਚ ਗਏ, ਉਨ੍ਹਾਂ ਦਾ ਵਾਲ ਵੀ ਵਿੰਗਾ ਨਾ ਹੋਇਆ॥੨੩॥

ਇਨੋਂ ਜੋ ਪ੍ਰਹਾਰੀ ਲਗੀ ਜਾਇ ਸਾਰੀ। ਗਿਰੇ ਜੰਗ ਮੈਂ ਅੰਗ ਭੰਗੇ ਸੁ ਮਾਰੀ।
ਫੁਟਜੋ ਸੀਸ ਤੁੰਡੰ, ਟੂਟੀ ਜੰਘ ਬਾਹੂ। ਬਿਧੇ ਕੰਧ ਛਾਤੀ ਕਿਸੂ ਪੇਟ ਮਾਂਹੂ ॥੨੪ ॥

ਇਨ੍ਹਾਂ ਨੇ ਜਿਹੜੀਆਂ ਗੋਲੀਆਂ ਚਲਾਈਆਂ ਸਨ, ਉਹ ਸਾਰੀਆਂ ਜਾ ਕੇ ਲਗੀਆਂ, ਉਹ ਜੰਗ ਦੇ ਮੈਦਾਨ ਵਿਚ, ਅੰਗ ਕੱਟਣ ਕਰਕੇ ਡਿੱਗ ਪਏ। ਕਿਸੇ ਦਾ ਸਿਰ ਮੂੰਹ ਟੁੱਟ ਗਿਆ, ਕਿਸੇ ਦੀ ਲੱਤ ਜਾਂ ਬਾਹ ਟੁੱਟ ਗਈ। ਕਿਸੇ ਦਾ ਮੋਢਾ ਜਾਂ ਛਾਤੀ ਵਿੰਨ੍ਹ ਗਈ, ਕਿਸੇ ਦੇ ਢਿੱਡ ਵਿਚ ਜਾ ਕੇ ਗੋਲੀ ਲੱਗੀ॥੨੪॥

ਹਯੰ ਸੰਗ ਕੇਤੇ ਗਿਰੇ ਜੁੱਧ ਮਾਂਹੀ। ਮਰੇ ਤਾਤਕਾਲੰ ਉਠੇ ਫੇਰ ਨਾਂਹੀ।
ਗੁਰੂ ਬਾਨ ਸੰਧੈਂ ਧਨੂ ਐਂਚਿ ਮਾਰੈਂ। ਜਿਤੇ ਹੋਤਿ ਆਗੇ ਸੁ ਪਾਰੰ ਪਧਾਰੈਂ ॥੨੫ ॥

ਕਈ ਘੋੜਿਆਂ ਸਮੇਤ ਯੁੱਧ ਦੇ ਮੈਦਾਨ ਵਿਚ ਡਿੱਗ ਪਏ, ਤੁਰਤ ਮਰ ਗਏ ਫਿਰ ਨਾ ਉਠ ਸਕੇ। ਗੁਰੂ ਜੀ ਨੇ ਧਨੁੱਖ ਵਿਚ ਤੀਰ ਰੱਖ ਕੇ ਖਿੱਚ ਕੇ ਮਾਰੇ, ਜਿੰਨੇ ਵੀ ਅੱਗੇ ਸਨ, ਉਨ੍ਹਾਂ ਨੂੰ ਪਾਰ ਕਰ ਗਏ॥੨੫॥

ਭਿੜਜੋ ਭੇੜ ਗਾਢੇ, ਦੜਾਦਾੜ ਡਾਰੇ। ਬਚੇ ਬੀਰ ਜੇਤੇ ਸੁ ਆਏ ਅਗਾਰੇ।
ਹੁਤੋ ਖਾਨ ਕਾਲਾ ਹੰਕਾਰੀ ਬਿਸਾਲਾ। ਗੁਰੂ ਤੀਰ ਢੁਕਜੋ ਸੁ ਕ੍ਰੋਧੰ ਕਰਾਲਾ ॥੨੬ ॥

ਵੱਡਾ ਭੇੜ ਹੋਇਆ ਧੜਾਧੜ ਡੇਗ ਦਿੱਤੇ, ਜਿਹੜੇ ਸੂਰਮੇ ਬਚੇ ਸਨ, ਉਹ ਅੱਗੇ ਆਏ। ਕਾਲੇ ਖਾਨ ਬੜਾ ਹੰਕਾਰੀ ਸੀ, ਉਹ ਬੜਾ ਕ੍ਰੋਧ ਧਾਰ ਕੇ ਗੁਰੂ ਜੀ ਦੇ ਨੇੜੇ ਆਇਆ॥੨੬॥

*ਅੰਮ੍ਰਿਤ ਧੁਨਿ ਛੰਦ*-ਸ੍ਰੀ ਹਰਿਗੋਵਿੰਦ ਬਦਨ ਕੋ ਦੇਖਿ ਬੁੱਧਿ ਬਿਧ ਸੁੱਧ।
ਤੁਰਕਨਿ ਸੰਗ ਬਿਰੁੱਧ ਕੈ ਬਿਧੀ ਚੰਦ ਧਰਿ ਕ੍ਰੁੱਧ।
ਬਿਧੀ ਚੰਦ ਧਰ ਕ੍ਰੁੱਧਧ, ਧਨੁ ਕਰਿ ਉੱਧਧਿ, ਧਰਿ ਸਰ ਸੰਧਧ।
ਧਰ ਮਨ ਬੁੱਧਧ, ਧਿਰ ਜਿਸ ਮੱਧਧ, ਧਿਰ ਅਰਿ ਮੱਧਧ।
ਧਰਾ ਸੁ ਜੁੱਧਧ, ਧਰਾ ਸੁ ਜੁੱਧਧ, ਧਰ ਸੁਰ ਸੁੱਧਧ, ਧਰਿ ਰਿਪੁ ਬ੍ਰਿੱਧਧ।
ਧਸਕਤਿ ਜੋਧਧ, ਧਰਕਤਿ ਬੋਧਧ ਧਿਧਕਧ ਕ੍ਰੁੱਧਧ ਧਮਕਤਿ ॥੨੭ ॥

ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਚੰਦ ਰੂਪੀ ਮੁੱਖ ਨੂੰ ਵੇਖ ਕੇ ਸ਼ੁੱਧ ਬੁੱਧੀ ਵਾਲਾ ਬਿਧੀ ਚੰਦ ਤੁਰਕ ਦੇ ਮੁਕਾਬਲੇ ਤੇ ਆ ਕੇ ਬਹੁਤ ਕ੍ਰੋਧਵਾਨ ਹੋਇਆ। ਬਿਧੀ ਚੰਦ ਨੇ ਵਿਸ਼ਨੂੰ ਵਾਂਗ ਗੁੱਸੇ ਵਿਚ ਕ੍ਰੋਧਵਾਨ ਹੋ ਕੇ ਧਨੁੱਖ ਉੱਚਾ ਕੀਤਾ ਤੇ ਚਿੱਲੇ ਵਿਚ ਤੀਰ ਰੱਖ ਕੇ ਛੱਡਿਆ। ਬਿਧੀ ਚੰਦ ਦਾ ਮਨ ਧਰਮ ਦਾ ਗਿਆਨੀ ਹੈ ਤੇ ਉਸਦਾ ਹਿਰਦਾ ਧੀਰਜ ਧਾਰਨ ਕਰਨ ਵਾਲਾ ਹੈ ਤੇ ਉਹ ਵੈਰੀ ਨੂੰ ਸੁੱਟਣ ਦਾ ਪ੍ਰਾਕ੍ਰਮ ਕਰਨ ਵਾਲਾ ਹੈ। ਉਸ ਨੇ ਯੁੱਧ ਧਰਮ ਨੂੰ ਧਾਰਨ ਕੀਤਾ, ਭਾਵ ਯੁੱਧ ਵਿਚ ਕੁੱਦ ਪਿਆ। ਪਰ ਉਸ ਨੂੰ ਵੈਰੀ ਦੀ ਜ਼ਿਆਦਾ ਗਿਣਤੀ ਦਾ ਪਤਾ ਹੈ, ਇਸ ਲਈ ਉਸ ਨੇ ਚੁਣ-ਚੁਣ ਕੇ ਵੈਰੀ ਦੇ ਚੋਣਵੇਂ ਸੂਰਮੇ ਮਾਰੇ। ਫਿਰ ਹੱਲਾ ਕਰਕੇ ਜੋਧਿਆਂ ਵਿਚ ਧੱਸ ਗਿਆ। ਹੱਠੀ ਸੂਰਮਿਆਂ ਦੇ ਦਿਲ ਧੜਕਾਉਂਦਾ ਤੇ ਕ੍ਰੋਧਵਾਨ ਵੈਰੀਆਂ ਨੂੰ ਧੱਕਦਾ ਤੇ ਧਮਕਾਉਂਦਾ ਅੱਗੇ ਜਾ ਰਿਹਾ ਹੈ॥੨੭॥

*ਚਾਚਰੀ ਛੰਦ*- ਤੁਫੰਗੈਂ। ਉਤੰਗੈਂ। ਉਠਾਈ। ਚਲਾਈ॥ ੨੮ ॥

ਬੜੀ ਛੋਟੀ ਬੰਦੂਕਾਂ ਚੁੱਕ ਕੇ ਚਲਾਈਆਂ॥੨੮॥

ਕਮਾਨੈਂ। ਸੁ ਤਾਨੈਂ। ਪ੍ਰਹਾਰੈਂ। ਸੰਘਾਰੈਂ॥ ੨੯ ॥

ਤੀਰ ਕਮਾਨਾਂ ਨੂੰ ਤਾਣ ਕੇ ਵਾਰ ਕਰਕੇ ਮਾਰ ਦਿੰਦੇ ਸਨ॥੨੯॥

ਜੁਝਾਰੈਂ। ਪ੍ਰਚਾਰੈਂ। ਉਭਾਰੈਂ। ਦੁਧਾਰੈਂ ॥ ੩੦ ॥

ਯੋਧੇ ਇਕ ਦੂਸਰੇ ਨੂੰ ਵੰਗਾਰਦੇ ਹਨ, ਦੋਧਾਰੇ ਖੰਡੇ ਉਪਰ ਚੁੱਕਦੇ ਹਨ॥੩੦॥

ਪ੍ਰਚੰਡੇ। ਉਮੰਡੇ। ਘਮੰਡੇ। ਸੁ ਖੰਡੇ॥ ੩੧॥

ਪ੍ਰਚੰਡ ਤਿੱਖੇ ਸੂਰਮੇ ਉਮਡ ਕੇ ਆ ਗਏ ਤੇ ਹੰਕਾਰੀਆਂ ਨੂੰ ਮਾਰਨ ਲੱਗੇ॥੩੧॥

ਮਹਾਨੇ। ਪ੍ਰਹਾਨੇ। ਭਜਾਨੇ। ਪਲਾਨੇ॥ ੩੨॥

ਜਿਹੜੇ ਬੜੇ ਮਹਾਨ ਹਨ, ਉਹ ਬਹੁਤ ਹੀ ਮਾਰੇ, ਜੋ ਡਰੇ ਸੋ ਦੌੜ ਗਏ॥੩੨॥

ਸਾਬਾਸ ਛੰਦ-ਚਲਤਿ ਖਤੰਗਹਿਂ। ਭਟ ਤਨੁ ਭੰਗਹਿਂ।
ਬਰਨ ਸੁਰੰਗਹਿਂ। ਗਿਰਤਿ ਤੁਰੰਗਹਿਂ॥ ੩੩॥

ਤੀਰ ਚਲਦੇ ਸਨ ਤੇ ਸੂਰਮਿਆਂ ਦੇ ਸਰੀਰਾਂ ਨੂੰ ਵਿੰਨ੍ਹ ਦਿੰਦੇ ਸਨ। ਲਾਲ ਰੰਗ ਨਾਲ ਰੰਗ ਕੇ ਘੋੜੇ ਡਿੱਗ ਰਹੇ ਹਨ॥੩੩॥

ਗਹਿਤਿ ਕ੍ਰਿਪਾਨਹਿ। ਖਿਚਕਰਿ ਮਜਾਨਹਿਂ।
ਬਲ ਕਰਿ ਬਾਹਤਿ। ਰਨ ਫਿਰ ਗਾਹਤਿ॥ ੩੪॥

ਹੱਥਾਂ ਵਿਚ ਕਿਰਪਾਨਾਂ ਫੜ ਕੇ ਤੇ ਮਿਆਨਾਂ ਵਿਚੋਂ ਖਿੱਚ ਕੇ, ਬੜੇ ਜ਼ੋਰ ਨਾਲ ਚਲਾਉਂਦੇ ਸਨ, ਫਿਰ ਰਣਖੇਤਰ ਨੂੰ ਗਾਹੁੰਦੇ ਸਨ॥੩੪॥

ਹਤਿ ਹਤਿ ਗੋਰਨਿ। ਮਰਿ ਜੁਗ ਓਰਨਿ।
ਧਰ ਪਰ ਡਾਰਤਿ। ਫਿਰ ਫਿਰ ਮਾਰਤਿ॥ ੩੫॥

ਗੋਲੀਆਂ ਚਲਾ-ਚਲਾ ਦੋਹਾਂ ਪਾਸਿਆਂ ਦੇ ਸੂਰਮਿਆਂ ਨੂੰ ਮਾਰਦੇ ਹਨ। ਧਰਤੀ ਤੇ ਡੇਗ ਦਿੰਦੇ ਹਨ। ਫਿਰ ਫਿਰ ਕੇ ਮਾਰਦੇ ਹਨ॥੩੫॥

ਸਤਿਗੁਰ ਹੇਰਤਿ। ਹਯ ਨਿਜ ਪ੍ਰੇਰਤਿ।
ਕਰਖਤਿ ਚਾਂਪਹਿ। ਕਰਿ ਬਲ ਆਪਹਿ॥ ੩੬॥

ਸਤਿਗੁਰੂ ਜੀ ਵੇਖਦੇ ਹਨ, ਆਪਣੇ ਘੋੜੇ ਨੂੰ ਪ੍ਰੇਰਦੇ ਹਨ, ਭਾਰੀ ਧਨੁੱਖ ਨੂੰ ਖਿੱਚਦੇ ਹਨ, ਆਪਣਾ ਪੂਰਾ ਬਲ ਲਾਉਂਦੇ ਹਨ॥੩੬॥

ਤੁਰਕ ਨਿਬੇਰਤਿ। ਗਿਰਿ ਗਿਰ ਟੇਰਤਿ।
ਪਰਤਿ ਕਰਾਹਤਿ। ਜਲ ਕਹੁ ਚਾਹਤਿ॥ ੩੭॥

ਤੁਰਕਾਂ ਦਾ ਨਿਬੇੜਾ ਕਰ ਰਹੇ ਹਨ, ਡਿੱਗ-ਡਿੱਗ ਕੇ ਤੜਫਦੇ ਹਨ, ਪਏ ਹੋਏ ਕੁਰਲਾਉਂਦੇ ਹਨ, ਪਾਣੀ ਮੰਗਦੇ ਹਨ॥੩੭॥

ਨਭ ਮਹਿਂ ਹੂਰਨਿ। ਪਿਖਿ ਬਰ ਸੂਰਨਿ।
ਚਖ ਜਿਨ ਚੰਚਲ। ਨਚਤਿ ਦ੍ਰਿਗੰਚਲ॥ ੩੮॥

ਅਕਾਸ਼ ਦੀਆਂ ਹੂਰਾਂ, ਸੂਰਮਿਆਂ ਨੂੰ ਵੇਖ ਕੇ ਵਰ ਲੈਂਦੀਆਂ ਹਨ, ਜਿਨ੍ਹਾਂ ਦੀਆਂ ਅੱਖਾਂ ਬਹੁਤ ਚੰਚਲ ਹਨ, ਉਨ੍ਹਾਂ ਦੀਆਂ ਪੱਲਕਾਂ ਨੱਚਦੀਆਂ ਹਨ॥੩੮॥

ਸੁਭਤਿ ਸੁ ਅੰਜਨ। ਕਰਿ ਮਨ ਰੰਜਨ।
ਨਚਤਿ ਸੁ ਖੰਜਨ। ਕਰ ਜਨੁ ਕੰਜਨ॥ ੩੯॥

ਅੱਖਾਂ ਵਿਚ ਸੁਰਮਾ ਪਾਇਆ ਸੋਭਦਾ ਹੈ, ਮਨ-ਪ੍ਰਚਾਵਾ ਕਰਦੀਆਂ ਹਨ, ਮਮੋਲੇ ਵਰਗੇ ਨੈਣ ਨੱਚਦੇ ਹਨ, ਉਨ੍ਹਾਂ ਦੇ ਹੱਥ ਮਾਨੋਂ ਕੰਵਲ ਹਨ ॥੩੯॥

ਭਟ ਬਰ ਟੌਲਤਿ। ਚਰਬ ਤਮੋਲਤ। ਹਸਿ ਹਸਿ ਬੋਲਤਿ। ਹਰਖਤਿ ਡੋਲਤਿ ॥੪੦॥

ਸੂਰਮੇ ਵਰ ਲਭਦੀਆਂ ਹਨ, ਪਾਨ ਦੇ ਬੀੜੇ ਚਬਦੀਆਂ ਹਨ, ਹੱਸ-ਹੱਸ ਬੋਲਦੀਆਂ ਸਨ, ਬੜੀਆਂ ਪ੍ਰਸੰਨ ਹੋ ਕੇ ਡੋਲਦੀਆਂ ਹਨ ॥੪੦॥

ਕਰਤਿ ਬਧਾਇਨਿ। ਬਹੁ ਚਿਤ ਚਾਇਨ। ਕਰ ਮਹਿੰਦੀ ਜੁਤਿ। ਬਰ ਨਹੁੰ ਦੀ ਕ੍ਰਿਤ ॥੪੧॥

ਵਧਾਈਆਂ ਦਿੰਦੀਆਂ ਹਨ, ਚਿੱਤ ਵਿਚ ਬਹੁਤ ਪ੍ਰਸੰਨ ਹੁੰਦੀਆਂ ਹਨ, ਹੱਥਾਂ ਨੂੰ ਮਹਿੰਦੀ ਲੱਗੀ ਹੈ। ਨਹੁੰਆਂ ਦੀ ਬਨਾਵਟ ਭਾਵ ਸੋਭਾ ਬੜੀ ਸੁੰਦਰ ਹੈ ॥੪੧॥

ਦੋਹਰਾ- ਇਸ ਪ੍ਰਕਾਰ ਜੁਗ ਸੈਨ ਕੋ ਰਣ ਮਾਚਜੋ ਘਮਸਾਨ।
ਨਿਬਰਿ ਗਏ ਬਹੁ ਸੂਰਮਾ ਆਪਸ ਮੈਂ ਲਰਿ ਹਾਨ॥ ੪੨॥

ਇਸ ਪ੍ਰਕਾਰ ਦੋਵਾਂ ਸੈਨਾਵਾਂ ਦਾ ਘਮਸਾਣ ਦਾ ਯੁੱਧ ਮਚਿਆ। ਬਹੁਤ ਸੂਰਮੇ ਆਪਸ ਵਿਚ ਲੜਦੇ ਇਕ ਦੂਸਰੇ ਨੂੰ ਮਾਰਦੇ ਖਤਮ ਹੋ ਗਏ ॥੪੨॥

ਨਰ ਤੁਰੰਗ ਗਨ ਮ੍ਰਿਤਕ ਕੇ ਲਾਗੇ ਬਡ ਅੰਬਾਰ।
ਭੀਖਨ ਭਯੋ ਸਥਾਨ ਸਭਿ ਲਾਲ ਰੰਗ ਕੋ ਧਾਰਿ॥ ੪੩॥

ਮਰੇ ਹੋਏ ਘੋੜਿਆਂ ਅਤੇ ਮਨੁੱਖਾਂ ਦੇ ਬਹੁਤ ਢੇਰ ਲੱਗੇ ਹੋਏ ਸਨ, ਸਾਰੇ ਸਥਾਨ ਲਾਲ ਰੰਗ ਧਾਰ ਕੇ ਬਹੁਤ ਭਿਆਨਕ ਲੱਗਦੇ ਸਨ ॥੪੩॥

ਆਮਿਖ ਆਂਤ੍ਰਨਿ ਮਿੱਝ ਤੇ ਸ਼੍ਰੋਣਤ ਕੇਰ ਪ੍ਰਵਾਹ।
ਭਈ ਅਧਿਕ ਦੁਰਗੰਧਤਾ ਗਨ ਹਾਡਨਿ ਜੁਤਿ ਤਾਂਹਿ॥ ੪੪॥

ਮਾਸ, ਆਂਦਰਾਂ, ਮਿੱਝ ਅਤੇ ਲਹੂ ਦਾ ਪ੍ਰਵਾਹ ਵੱਗ ਰਿਹਾ ਹੈ। ਬਹੁਤ ਹੱਡੀਆਂ ਸਮੇਤ ਉਥੇ ਬਹੁਤ ਦੁਰਗੰਧਤਾ ਫੈਲ ਗਈ ॥੪੪॥

ਐਂਚਤ ਮਾਸ ਗੁਮਾਇ ਗਨ ਲਰਿ ਆਪਸ ਮਹਿਂ ਸ੍ਵਾਨ।
ਚਾਟਤਿ ਸ਼੍ਰੋਣਤ ਮੀਝ ਕੋ ਤ੍ਰਿਪਤ ਹੋਤਿ ਕਰਿ ਖਾਨ॥ ੪੫॥

ਬਹੁਤ ਗਿੱਦੜ ਖਿੱਚ ਖਿੱਚ ਕੇ ਮਾਸ ਖਾ ਰਹੇ ਸਨ ਤੇ ਕੁੱਤੇ ਮਾਸ ਦੇ ਕਾਰਨ ਆਪਸ ਵਿਚ ਲੜ ਰਹੇ ਸਨ। ਲਹੂ ਤੇ ਮਿੱਝ ਨੂੰ ਚੱਟਦੇ ਸਨ ਤੇ ਖਾ-ਖਾ ਕੇ ਤ੍ਰਿਪਤ ਹੋ ਰਹੇ ਸਨ ॥੪੫॥

ਕੰਕ ਬੰਕ ਬੋਲਤਿ ਉਡਤਿ, ਕਾਕ ਖਾਹਿਂ ਬਹੁ ਟਰਿ।
ਗ੍ਰਿੱਧ ਬ੍ਰਿੱਧ ਭਰਮਹਿਂ ਟਿਕਹਿਂ ਮਾਨਵ ਹਯਨਿ ਉਧੇਰ॥ ੪੬॥

ਇੱਲਾਂ ਅਤੇ ਗਿੱਲਝਾਂ ਬੋਲ-ਬੋਲ ਕੇ ਉਡਦੀਆਂ ਸਨ, ਕਾਂ ਖਾ-ਖਾ ਕੇ ਹੱਟ ਗਏ ਸਨ। ਇਰਧ ਗਿਰਧ ਭਾਉਂਦੀਆਂ ਸਨ ਤੇ ਫਿਰ ਮਨੁੱਖਾਂ ਅਤੇ ਘੋੜਿਆਂ ਨੂੰ ਉਧੇੜ ਕੇ ਖਾਂਦੀਆਂ ਸਨ ॥੪੬॥

ਕਹੌਂ ਕਹਾਂ ਲਗਿ ਜੰਗ ਕੋ ਲਰਤਿ ਬਾਹਿਨੀ ਦੋਇ।
ਮ੍ਰਿਤਕ ਭਏ ਕੁਛ ਬਚ ਰਹੇ ਨਰ ਗਿਨਤੀ ਕੇ ਜੋਇ॥ ੪੭॥

ਕਿਥੋਂ ਤਕ ਜੰਗ ਦਾ ਵਰਣਨ ਕਰਾਂ, ਦੋਵੇਂ ਪਾਸੀਂ ਫੌਜਾਂ ਲੜ ਰਹੀਆਂ ਸਨ। ਕੁਝ ਮਰ ਗਏ ਕੁਝ ਬਚੇ ਰਹੇ, ਜਿਹੜੇ ਕੁਝ ਗਿਣਤੀ ਦੇ ਸੂਰਮੇ ਹੀ ਸਨ ॥੪੭॥

ਕਾਲੇ ਖਾਂ ਅਰੁ ਗੁਰੂ ਕੋ ਭਯੋ ਸਮੁਖ ਜਿਮ ਜੁੱਧ।
ਸੁਨਹੁ ਸੰਤ ਮਨ ਦੈ ਸਭੈ ਕਰਿਕੈ ਸੁੱਧਿ ਸੁ ਬੁੱਧਿ॥ ੪੮॥

ਕਾਲੇ ਖਾਂ ਅਤੇ ਗੁਰੂ ਜੀ ਦਾ ਜਿਹੜਾ ਆਹਮਣੇ ਸਾਹਮਣੇ ਯੁੱਧ ਹੋਇਆ ਮਨ ਦੇ ਕੇ ਸੁਧ ਬੁੱਧ ਕਰਕੇ ਹੇ ਸੰਤ ਰੂਪੀ ਸਰੋਤਿਓ ਉਸ ਦਾ ਵਰਣਨ ਸੁਣੋ॥੪੮॥

*ਅੱਠਵੀਂ ਰਾਸ ਦਾ ਤੀਹਵਾਂ ਅਧਿਆਇ ਸਮਾਪਤ ਹੋਇਆ॥੩੦॥*

# *ਅਧਿਆਇ ਇਕੱਤੀਵਾਂ*

*ਕਾਲੇ ਖਾਂ ਬੱਧ*

ਦੋਹਰਾ- ਲਗੀ ਸੈਨ ਸੋਂ ਸੈਨ ਤਬਿ ਹੱਥਯਾਰਨ ਕਹੁ ਮਾਰਿ।
ਕਾਲੇਖਾਂ ਸਨਮੁਖ ਗਯੋ ਜਹਿਂ ਸਤਿਗੁਰੂ ਨਿਹਾਰਿ॥ ੧॥

ਹਥਿਆਰਾਂ ਨੂੰ ਮਾਰ ਕੇ ਸੈਨਾ ਨਾਲ ਸੈਨਾ ਲੜ ਰਹੀ ਸੀ, ਤਦ ਕਾਲੇ ਖਾਂ ਸਤਿਗੁਰੂ ਜੀ ਨੂੰ ਵੇਖ ਕੇ ਉਨ੍ਹਾਂ ਦੇ ਸਾਹਮਣੇ ਗਿਆ॥੧॥

ਚੌਪਈ- ਚੰਚਲ ਕਰਤਿ ਤੁਰੰਗ ਨਚਾਯੋ। ਸ੍ਰੀ ਹਰਿਗੋਵਿੰਦ ਸਨਮੁਖ ਆਯੋ।
ਪਹੁੰਚਯੋ ਨਿਕਟਿ ਧਨੁਖ ਸੰਭਾਰਤਿ। ਖਰ ਖਪਰਾ ਗੁਨ ਮਹਿਂ ਸੰਚਾਰਤਿ॥੨॥

ਘੋੜੇ ਨੂੰ ਚੰਚਲ ਕਰਕੇ ਨਚਾਇਆ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਾਹਮਣੇ ਆਇਆ। ਧਨੁੱਖ ਨੂੰ ਸੰਭਾਲ ਕੇ ਪਾਸ ਪਹੁੰਚ ਗਿਆ ਤੇ ਤੀਰ ਨੂੰ ਚਿਲੇ ਵਿਚ ਜੋੜਦਾ ਹੈ॥੨॥

ਗੁਰਨਿ ਬੰਗਾਰਤਿ ਬਾਕ ਉਚਾਰੇ। 'ਪ੍ਰਿਥਮ ਤੁਮਹੁ ਬਹੁ ਖਾਨ ਸੰਘਾਰੇ।
ਜੋ ਤੀਰਨ ਕੋ ਅਧਿਕ ਚਲਾਵਤਿ। ਸਭਿ ਮਹਿਂ ਬਡ ਬਲਵਾਨ ਕਹਾਵਤਿ॥੩॥

ਕੁਝ ਬੋਲ ਕੇ ਗੁਰੂ ਜੀ ਨੂੰ ਵੰਗਾਰਦਾ ਹੈ, "ਪਹਿਲਾਂ ਤੂੰ ਬਹੁਤ ਖਾਨ ਮਾਰੇ ਹਨ, ਜੋ ਤੀਰਾਂ ਨੂੰ ਬਹੁਤ ਚਲਾਉਂਦਾ ਹੈਂ ਤੇ ਸਾਰਿਆਂ ਵਿਚ ਵੱਡਾ ਬਲਵਾਨ ਕਹਾਉਂਦਾ ਹੈਂ॥੩॥

ਅਬਿ ਮੈਂ ਚਲਿ ਆਯੋ ਤੁਮ ਓਰਾ। ਕਾਲੇਖਾਨ ਨਾਮ ਲਖਿ ਮੋਰਾ।
ਤੁਮ ਕੋ ਪਕਰਨਿ ਸ਼ਾਹੁ ਪਠਾਯੋ। ਬਹੁ ਲਸ਼ਕਰ ਲੇ ਚਢਿ ਮੈਂ ਆਯੋ॥ ੪॥

ਹੁਣ ਮੈਂ ਤੇਰੇ ਵੱਲ ਚਲ ਕੇ ਆਇਆ ਹਾਂ, ਕਾਲੇ ਖਾਨ ਮੇਰਾ ਨਾਂ ਸਮਝੋ। ਤੁਹਾਨੂੰ ਫੜਨ ਵਾਸਤੇ ਮੈਨੂੰ ਬਾਦਸ਼ਾਹ ਨੇ ਭੇਜਿਆ ਹੈ, ਬਹੁਤ ਲਸ਼ਕਰ ਲੈ ਕੇ ਮੈਂ ਚੜ੍ਹ ਕੇ ਆਇਆ ਹਾਂ॥੪॥

ਕੈ ਸਭਿ ਕੋ ਪਲਟਾ ਰਣ ਲੈ ਹੌਂ। ਨਾਂਹਿ ਤ ਪ੍ਰਾਨ ਆਪਨੇ ਦੈ ਹੌਂ।
ਸਾਵਧਾਨ ਹੁਇ ਸਹੁ ਮਮ ਬਾਨਾ। ਹਤੌਂ ਮਹਾਂ ਤੀਖਨ ਹਿਤ ਹਾਨਾ॥੫॥

ਜਾਂ ਸਾਰਿਆਂ ਦਾ ਬਦਲਾ ਮੈਦਾਨਿ-ਜੰਗ ਵਿਚ ਲਵਾਂਗਾ, ਨਹੀਂ ਤਾਂ ਆਪਣੇ ਪ੍ਰਾਣ ਦੇ ਦੇਵਾਂਗਾ। ਸਾਵਧਾਨ ਹੋ ਕੇ ਮੇਰੇ ਤੀਰਾਂ ਨੂੰ ਸਹੋ, ਇਨ੍ਹਾਂ ਬਹੁਤ ਤਿੱਖੇ ਤੀਰਾਂ ਨਾਲ ਤੈਨੂੰ ਮਾਰਾਂਗਾ"॥੫॥

ਸ੍ਰੀ ਹਰਿਗੋਵਿੰਦ ਸੁਨਿ ਮੁਸਕਾਏ। 'ਜਿਸ ਮਗ ਪੂਰਬ ਤੁਰਕ ਪਠਾਏ।
ਸੋ ਅਬਿ ਬੰਦ ਨਹੀਂ ਕੁਛ ਭਯੋ। ਸਭਿਨਿ ਆਇ ਭਟ ਰਣ ਕਰਿ ਲਯੋ॥ ੬॥

ਸ੍ਰੀ ਹਰਿਗੋਬਿੰਦ ਜੀ ਸੁਣ ਕੇ ਮੁਸਕਰਾਏ, "ਜਿਹੜੇ ਰਾਹ ਪਹਿਲਾਂ ਸਾਰੇ ਤੁਰਕ ਭੇਜੇ ਹਨ, ਉਹ ਰਾਹ ਹਾਲੇ ਬੰਦ ਨਹੀਂ ਹੋਇਆ ਹੈ। ਸਭ ਯੋਧਿਆਂ ਨੇ ਆ ਕੇ ਯੁੱਧ ਕਰ ਲਿਆ ਹੈ॥੬॥

ਨਾਸਹਿ ਸ਼ਾਹੁ ਬਾਹਿਨੀ ਸਾਰੀ। ਹਮ ਠਾਂਢੇ ਅਬਿ ਤੇਹਿ ਅਗਾਰੀ।
ਜਸੁ ਬਿੱਦਜਾ ਤੀਰਨਿ ਕੀ ਪਾਈ। ਸੋ ਅਬਿ ਕਰਹੁ ਦੇਹੁ ਦਿਖਰਾਈ॥ ੭॥

ਬਾਦਸ਼ਾਹ ਦੀ ਸਾਰੀ ਫੌਜ ਨੂੰ ਮਾਰ ਕੇ, ਅਸੀਂ ਹੁਣ ਤੇਰੇ ਸਾਹਮਣੇ ਖੜੇ ਹਾਂ, ਜਿਸ ਤਰ੍ਹਾਂ ਦੀ ਤੂੰ ਤੀਰ-ਅੰਦਾਜ਼ੀ ਦੀ ਵਿਦਿਆ ਪਾਈ ਹੈ ਉਹ ਹੁਣ ਸਾਨੂੰ ਵਿਖਾ ਦੇਵੇਂ॥੭॥

ਪੂਰਬ ਸਹੈਂ ਵਾਰ ਸਰ ਤੋਰਾ। ਪੀਛੇ ਕਰਹੁ ਬਿਲੋਕਨ ਮੇਰਾ।
ਇਮ ਸੁਨਿਤੇ ਸ੍ਰੁਤਿ ਲਉ ਧਨੁ ਤਾਨਾ। ਬਲ ਤੇ ਤਜ੍ਯਾਗਯੋ ਤੀਖਨ ਬਾਨਾ॥ ੮॥

ਪਹਿਲਾਂ ਤੇਰੇ ਤੀਰ ਦਾ ਵਾਰ ਬਰਦਾਸ਼ਤ ਕਰਦੇ ਹਾਂ, ਫਿਰ ਬਾਅਦ ਵਿਚ ਮੇਰਾ ਵਾਰ ਵੇਖ ਲੈਣਾ।" ਇਹ ਸੁਣ ਕੇ ਕਾਲੇ ਖਾਨ ਨੇ ਕੰਨਾਂ ਤਕ ਤਾਣ ਕੇ ਧਨੁੱਖ ਖਿਚਿਆ ਤੇ ਤਿੱਖਾ ਤੀਰ ਸਾਰੇ ਬਲ ਨਾਲ ਛੱਡਿਆ॥੮॥

ਛੋਰਤਿ ਬੋਲਯੋ ਕਾਲੇਖਾਨਾ। 'ਲੇਹੁ ਪਤਾ ਜਿਮ ਵਿੱਦ੍ਯਾਵਾਨਾ।
ਮਾਰਾ ਹੀ ਜਾਨਹੁ ਧਰ ਗਿਰਯੋ। ਆਵਤਿ ਸਰ ਸਤਿਗੁਰੂ ਨਿਹਰਯੋ॥ ੯॥

ਤੀਰ ਛੱਡ ਕੇ ਕਾਲੇ ਖਾਨ ਬੋਲਿਆ, "ਪਤਾ ਕਰ ਲਵੋਂ ਜਿਵੇਂ ਮੈਂ ਤੀਰ-ਅੰਦਾਜ਼ੀ ਦਾ ਵਿਦਿਆਵਾਨ ਹਾਂ। ਮਾਰਦਿਆਂ ਹੀ ਜਾਣੋਂ ਧਰਤੀ ਤੇ ਡਿੱਗ ਪਏ। ਤੀਰ ਆਉਂਦੇ ਨੂੰ ਸਤਿਗੁਰੂ ਨੇ ਵੇਖਿਆ॥੯॥

ਮਸਤਕ ਛੁਵਤਿ ਸੁ ਗਯੋ ਅਗਾਰੇ। ਖਰ ਖਪਰਾ ਕੁਛ ਮਾਸ ਉਤਾਰੇ।
ਬੂੰਦ ਰਕਤ ਕੀ ਨਿਕਸੀ ਲਾਲ। ਮਨਹੁ ਤਿਲਕ ਜੈ ਕੋ ਲਗਿ ਭਾਲ॥ ੧੦॥

ਮੱਥੇ ਨੂੰ ਛੂਹ ਕੇ ਅੱਗੇ ਚਲੇ ਗਿਆ, ਤੇਜ਼ ਖਪਰੇ ਨੇ ਕੁਝ ਮਾਸ ਲਾਹ ਦਿੱਤਾ। ਖ਼ੂਨ ਦੀ ਇਕ ਬੂੰਦ ਨਿਕਲੀ, ਮਾਨੋਂ ਮੱਥੇ ਤੇ ਜਿੱਤ ਦਾ ਤਿਲਕ ਲੱਗ ਗਿਆ ਹੋਵੇ॥੧੦॥

ਰਿਦੈ ਕ੍ਰੋਧ ਲਬਿ ਦੂਨ ਚਊਨਾ। ਕਰਯੋ ਨਿਕਾਸਨ ਸਰ ਖਰ ਤੂਨਾ।
ਤੂਰਨ ਪੂਰਿ ਕਾਨ ਲਗਿ ਮਾਰਾ। ਪਿਖਿ ਸਰੂਪ ਕੋ ਡਰ ਬਹੁ ਧਾਰਾ॥ ੧੧॥

ਹਿਰਦੇ ਵਿਚ ਦੂਣਾ ਚੋਣਾ ਕ੍ਰੋਧ ਭਰ ਗਿਆ। ਭੱਥੇ ਵਿਚੋਂ ਇਕ ਤੇਜ਼ ਤੀਰ ਕੱਢਿਆ। ਤੁਰੰਤ ਕੰਨ ਤਕ ਖਿੱਚ ਕੇ ਮਾਰਿਆ। ਗੁਰੂ ਸਰੂਪ ਨੂੰ ਵੇਖ ਕੇ ਬਹੁਤ ਡਰ ਧਾਰਨ ਕੀਤਾ॥੧੧॥

ਤਾਨਤਿ ਧਨੁ ਕੋ ਟਰਿ ਕਰਿ ਚਾਲਾ। ਪ੍ਰੇਰਤਿ ਬਾਜੀ ਬਹੁ ਬਲਵਾਲਾ।
ਛੁਟਯੋ ਤੀਰ ਗੁਰ ਕਰ ਤੇ ਐਸੇ। ਬਿਖਧਰ ਰਿਸ ਧਰਿ ਉਡਿਗਾ ਜੈਸੇ॥ ੧੨॥

ਤਾਣੇ ਹੋਏ ਧਨੁੱਖ ਨੂੰ ਟਾਲ ਕੇ ਚਲਾ ਗਿਆ, ਬਲਵਾਨ ਘੋੜੇ ਨੂੰ ਪ੍ਰੇਰ ਕੇ ਫੇਰ ਲਿਆ। ਗੁਰੂ ਜੀ ਦੇ ਹੱਥੋਂ ਐਸਾ ਤੀਰ ਚਲਿਆ, ਜਿਵੇਂ ਉੱਡਣਾ ਸੱਪ ਬੜੇ ਗੁੱਸੇ ਵਿਚ ਆ ਕੇ ਪੈ ਜਾਂਦਾ ਹੈ॥੧੨॥

ਤੁਰਕ ਗਯੋ ਬਚਿ, ਤੁਰੰਗ ਸੰਘਾਰਯੋ। ਲਗਯੋ ਉਦਰ ਮਹਿਂ ਪਾਰ ਪਧਾਰਯੋ॥੧੩॥

ਤੁਰਕ ਤਾਂ ਬਚ ਗਿਆ, ਪਰ ਘੋੜਾ ਮਾਰਿਆ ਗਿਆ, ਉਸ ਦੇ ਪੇਟ ਵਿਚ ਲੱਗ ਕੇ ਪਾਰ ਹੋ ਗਿਆ॥੧੩॥

ਕਾਲੇਖਾਨ ਉਤਰ ਕਰਿ ਖਰਜੋ। ਅਪਨਾ ਆਪ ਸੰਭਾਰਨ ਕਰਜੋ।
ਕਹਤਿ ਭਯੋ 'ਅਬਿ ਹੋਤਿ ਅਨੀਤੀ। ਜੇ ਤੁਮ ਕਰਹੁ ਜੰਗ ਕੀ ਰੀਤੀ॥ ੧੪ ॥

ਕਾਲੇ ਖਾਨ ਉਤਰ ਕੇ ਖੜਾ ਹੋ ਗਿਆ ਤੇ ਆਪਣੇ ਆਪ ਨੂੰ ਸੰਭਾਲਿਆ। ਕਹਿਣ ਲੱਗਾ, 'ਹੁਣ ਇਹ ਅਨੀਤੀ ਹੋਵੇਗੀ, ਜੇ ਤੁਸੀਂ ਜੰਗ ਦੀ ਰੀਤ ਕਰੋ' ॥੧੪॥

ਖਰੋ ਧਰਾ ਪਰ ਮੈਂ ਹਯ ਬਿਨਾ। ਤੁਮ ਚਢਿ ਰਹੇ ਬੇਗ ਜਿਸ ਘਨਾ।
ਜੇ ਕਰਿ ਸਮ ਹੁਇ ਰਣ ਕੋ ਕਰਹੁ। ਤਜਹੁ ਤੁਰੰਗ ਚਰਣ ਪਰ ਥਿਰਹੁ॥ ੧੫ ॥

ਮੈਂ ਘੋੜੇ ਤੋਂ ਬਗੈਰ ਧਰਤੀ ਤੇ ਖੜਾ ਹਾਂ, ਤੁਸੀਂ ਬੜੇ ਤੇਜ਼ ਘੋੜੇ ਤੇ ਚੜ੍ਹੇ ਹੋ। ਜੇ ਬਰਾਬਰ ਦੇ ਹੋ ਕੇ ਯੁੱਧ ਕਰੋ, ਤਾਂ ਘੋੜੇ ਨੂੰ ਛੱਡ ਤੇ ਪੈਰਾਂ ਤੇ ਖੜੇ ਹੋਵੋ॥੧੫॥

ਤੌ ਮੈਂ ਕਰੌਂ ਖੜਗ ਸੰਗ੍ਰਾਮਾ। ਤਕਿ ਬਹੁ ਦਾਵ ਦਹਿਨ ਅਰੁ ਬਾਮਾ।
ਜੇ ਨਹਿਂ ਮਾਨਹੁ ਚਹੁ ਸੰਘਾਰਾ। ਤੌ ਕਰਿ ਲੇਹੁ ਆਪਨੋ ਵਾਰਾ॥ ੧੬ ॥

ਫਿਰ ਮੈਂ ਤਲਵਾਰ ਦਾ ਯੁੱਧ ਕਰਾਂਗਾ, ਸਜਿਓਂ ਖਬਿਓਂ ਬਹੁਤ ਦਾਵ ਲਾਵਾਂਗਾ। ਜੇ ਨਹੀਂ ਮੰਨਦੇ ਹੋ ਮਾਰਨਾ ਚਾਹੁੰਦੇ ਹੋ ਤਾਂ ਆਪਣਾ ਵਾਰ ਕਰ ਲਵੋ॥੧੬॥

ਜਥਾ ਪ੍ਰਥਮ ਭਾ ਤੀਰਨਿ ਸੰਗ। ਤਥਾ ਖੜਗ ਕੋ ਚਹੀਯਹਿ ਜੰਗ।
ਹੋਇ ਬਰਾਬਰ ਹੇਰਹੁ ਵਾਰ। ਅਪਨੋ ਕੀਜੈ ਬਲ ਸੰਭਾਰਿ'॥ ੧੭ ॥

ਜਿਵੇਂ ਪਹਿਲਾਂ ਤੀਰਾਂ ਨਾਲ ਜੰਗ ਹੋਇਆ ਹੈ, ਹੁਣ ਤਲਵਾਰ ਦਾ ਜੰਗ ਉਸ ਤਰ੍ਹਾਂ ਹੀ ਹੋਣਾ ਚਾਹੀਦਾ ਹੈ। ਬਰਾਬਰ ਦੇ ਹੋਕੇ ਵਾਰ ਵੇਖੋ ਤੇ ਆਪਣੇ ਬਲ ਨੂੰ ਸੰਭਾਲੋ' ॥੧੭॥

ਸੁਨਿ ਸਤਿਗੁਰ ਕਾਲੇਖਾਂ ਬੈਨ। ਤਜਯੋ ਤੁਰੰਗ ਜਿਨਹੁਂ ਕੁਛ ਭੈ ਨ।
ਕਹਯੋ 'ਤੋਹਿ ਚਿਤ ਹੌਸ ਨ ਰਹੈ। ਲਰਹਿਂ ਤਥਾ ਜਿਮ ਅਬਿ ਤੂੰ ਚਹੈਂ॥ ੧੮ ॥

ਸਤਿਗੁਰੂ ਜੀ ਨੇ ਕਾਲੇ ਖਾਂ ਦੇ ਬਚਨ ਸੁਣ ਕੇ, ਘੋੜੇ ਨੂੰ ਛੱਡ ਦਿੱਤਾ, ਜਿਸ ਗੁਰੂ ਜੀ ਨੂੰ ਕਿਸੇ ਦਾ ਭੈ ਨਹੀਂ ਸੀ। ਗੁਰੂ ਜੀ ਨੇ ਕਿਹਾ, ''ਤੇਰੇ ਚਿੱਤ ਵਿਚ ਕੋਈ ਹਵਸ ਨਾ ਰਹਿ ਜਾਵੇ, ਉਸ ਤਰ੍ਹਾਂ ਹੀ ਲੜਾਂਗੇ ਜਿਵੇਂ ਤੂੰ ਹੁਣ ਚਾਹੁੰਦਾ ਹੈਂ॥੧੮॥

ਖੜਗ ਸਿਪਰ ਦੋਨਹੁਂ ਕਰ ਧਾਰੀ। ਭਏ ਸਮੁਖ ਦੋਨਹੁਂ ਭਟ ਭਾਰੀ।
ਦ੍ਵੈ ਦਲ ਕੇ ਦੋਨਹੁ ਸਰਦਾਰ। ਦੋਨਹੁਂ ਕੈ ਉਤਸਾਹ ਉਦਾਰ॥ ੧੯ ॥

ਢਾਲ ਤਲਵਾਰ ਦੋਵੇਂ ਧਾਰਨ ਕਰ ਲਈਆਂ, ਦੋਵੇਂ ਭਾਰੀ ਸੂਰਮੇ ਆਹਮੋ ਸਾਹਮਣੇ ਹੋ ਗਏ। ਦੋਵਾਂ ਦਲਾਂ ਦੇ ਦੋਵੇਂ ਸਰਦਾਰ ਸੀ, ਦੋਵਾਂ ਦਾ ਉਤਸ਼ਾਹ ਬਹੁਤ ਵਧਿਆ ਹੋਇਆ ਸੀ॥੧੯॥

ਦੋਨਹੁਂ ਬੀਰ ਬੀਰਰਸ ਢਰੇ। ਦੋਨਹੁਂ ਦਾਵ ਜੰਗ ਕੇ ਕਰੇ।
ਦੋਨਹੁਂ ਕੇ ਆਨਨ ਪਰ ਲਾਲੀ। ਦੋਨਹੁਂ ਵਿੱਦਜਾਵਾਨ ਬਿਸਾਲੀ॥ ੨੦ ॥

ਦੋਵੇਂ ਸੂਰਬੀਰ ਬੀਰ ਰਸ ਵਿਚ ਢਲੇ ਹਨ, ਦੋਵੇਂ ਜੰਗ ਦੇ ਦਾਅ ਜਾਣਦੇ ਹਨ। ਦੋਵਾਂ ਦੇ ਮੁੱਖ ਤੇ ਲਾਲੀ ਹੈ, ਦੋਵੇਂ ਯੁੱਧ ਵਿਦਿਆ ਦੇ ਵੱਡੇ ਮਾਹਰ ਹਨ॥੨੦॥

ਦੋਨਹੁਂ ਜੀਤਨ ਕੇ ਅਭਿਲਾਖੀ। ਦੋਨਹੁਂ ਕੋ ਦਲ ਦੇਖਤਿ ਆਂਖੀ।
ਦੋਨਹੁਂ ਇਤ ਉਤ ਬਿਚਰਨ ਲਾਗੇ। ਦੋਨਹੁਂ ਬਾਮ ਦਾਇਂ ਹੁਇਂ ਆਗੇ॥ ੨੧ ॥

ਦੋਵੇਂ ਜਿੱਤ ਦੀ ਅਭਿਲਾਸ਼ਾ ਰਖਦੇ ਹਨ, ਦੋਵਾਂ ਦੇ ਦਲ ਉਨ੍ਹਾਂ ਨੂੰ ਅੱਖਾਂ ਨਾਲ ਵੇਖ ਰਹੇ ਹਨ। ਦੋਵੇਂ ਏਧਰ ਓਧਰ ਵਿਚਰਨ ਲੱਗੇ, ਦੋਵੇਂ ਖੱਬੇ ਸੱਜੇ ਅੱਗੇ ਹੋਏ॥੨੧॥

**ਦੋਨਹੁਂ ਪਟੇਬਾਜ਼ ਕੀ ਵਿੱਦਯਾ। ਕਰਿ ਕਰਿ ਰੋਕ ਦੋਨਹੁਂ ਚਾਹਤਿ ਛਿੱਦਯਾ।**
**ਦੋਨਹੁਂ ਚਰਨ ਚਲਾਕੀ ਕਰੈਂ। ਵਾਰ ਰੋਕ ਦੋਨਹੁਂ ਢਿਗ ਅਰੈਂ॥ ੨੨ ॥**

ਦੋਵੇਂ ਗਤਕੇਬਾਜ਼ੀ ਦੀ ਵਿਦਿਆ ਜਾਣਦੇ ਹਨ, ਵਾਰ ਰੋਕ ਕੇ ਦੋਵੇਂ ਦੂਸਰੇ ਨੂੰ ਕੱਟਣਾ ਚਾਹੁੰਦੇ ਹਨ। ਦੋਵੇਂ ਪੈਰਾਂ ਦੀ ਚਲਾਕੀ ਕਰਦੇ ਹਨ, ਵਾਰ ਰੋਕ ਕੇ ਦੋਵੇਂ ਇਕ ਦੂਸਰੇ ਦੇ ਸਾਹਮਣੇ ਅੜਦੇ ਹਨ॥੨੨॥

**ਸਿਪਰ ਸਿਪਰ ਸੋਂ ਦੋਨਹੁਂ ਭੇਰ। ਕਰ ਦੋਨਹੁਂ ਚਮਕਤਿ ਸ਼ਮਸ਼ੇਰ।**
**ਜੁਟੇ ਬੀਰ ਦੋਨਹੁਂ ਸਮ ਸ਼ੇਰ। ਜਨੁ ਦੋਨਹੁਂ ਬਲਿ ਬ੍ਰਿਖਭ ਬਡੇਰ॥ ੨੩ ॥**

ਦੋਵੇਂ ਢਾਲ ਨਾਲ ਢਾਲ ਭੇੜ ਕੇ, ਆਪਣੇ ਹੱਥਾਂ ਵਿਚ ਤਲਵਾਰਾਂ ਚਮਕਾਉਂਦੇ ਹਨ। ਸ਼ੇਰ ਵਾਂਗ ਦੋਵੇਂ ਸੂਰਬੀਰ ਆਪਸ ਵਿਚ ਜੁੱਟ ਪਏ ਮਾਨੋਂ ਦੋਵੇਂ ਵੱਡੇ ਬਲਵਾਨ ਬੈਲ (ਸਾਨ੍ਹ) ਹਨ॥੨੩॥

**ਸਿੰਗ ਖੜਗ ਤੇ ਦੋਨਹੁਂ ਅਰੇ। ਮਨਹੁਂ ਮਸਤ ਦ੍ਵੈ ਕੁੰਜਰ ਭਿਰੇ।**
**ਭੁਜਦੰਡਨ ਹੈਂ ਸੁੰਡਾ ਜਿਨ ਕੇ। ਤੀਛਨ ਦਸਨ ਅਸਿਨਿ ਬਡ ਜਿਨ ਕੇ॥੨੪॥**

ਤਲਵਾਰਾਂ ਰੂਪੀ ਸਿੰਗਾਂ ਨਾਲ ਦੋਵੇਂ ਅੜ ਪਏ, ਮਾਨੋਂ ਦੋ ਮਸਤ ਹਾਥੀ ਭਿੜ ਰਹੇ ਸਨ। ਬਾਹਾਂ ਜਿਨ੍ਹਾਂ ਦੀਆਂ ਮਾਨੋਂ ਸੁੰਡਾਂ ਹਨ ਤੇ ਤਲਵਾਰਾਂ ਰੂਪੀ ਜਿਨ੍ਹਾਂ ਦੇ ਤਿੱਖੇ ਦੰਦ ਹਨ॥੨੪॥

**ਕਾਲੇਖਾਂ ਉਛਰਯੋ ਬਲ ਧਾਰੇ। ਖੜਗ ਉਭਾਰਿ ਗੁਰੂ ਲਲਕਾਰੇ।**
**'ਰਹੁ ਠਾਂਢੋ ਮਾਰਯੋ ਅਬਿ ਜਾਨਿ। ਨਹਿਂ ਜੈ ਹੈਂ ਅਬਿ ਲੈ ਕਰਿ ਪ੍ਰਾਨ'॥ ੨੫ ॥**

ਕਾਲੇ ਖਾਂ ਬਲ ਧਾਰ ਕੇ ਉਛਲਿਆ, ਤਲਵਾਰ ਨੂੰ ਚੁੱਕ ਕੇ ਗੁਰੂ ਜੀ ਨੂੰ ਲਲਕਾਰਿਆ। ਕਹਿਣ ਲੱਗਾ, "ਖੜੇ ਰਹੋ ਹੁਣੇ ਮਾਰਿਆ ਜਾਵੇਂਗਾ, ਹੁਣ ਪ੍ਰਾਣ ਲੈ ਕੇ ਵਾਪਸ ਨਹੀਂ ਜਾਵੇਂਗਾ"॥੨੫॥

**ਸਤਿਗੁਰ ਅਧਿਕ ਸ਼ੀਘ੍ਰਤਾ ਧਾਰੀ। ਕਰਤਿ ਚਲਾਕੀ ਸਿਪਰ ਅਗਾਰੀ।**
**ਰੋਕਿ ਵਾਰ ਨਿਜ ਖੜਗ ਪ੍ਰਹਾਰਾ। ਕਾਲੇਖਾਨ ਤਬੈ ਬਲ ਧਾਰਾ॥ ੨੬ ॥**

ਸਤਿਗੁਰੂ ਜੀ ਨੇ ਵਾਧੂ ਸ਼ੀਘ੍ਰਤਾ ਧਾਰਨ ਕੀਤੀ, ਚਲਾਕੀ ਕਰਕੇ ਅੱਗੇ ਢਾਲ ਕਰ ਦਿੱਤੀ। ਵਾਰ ਰੋਕ ਕੇ ਫਿਰ ਆਪਣਾ ਵਾਰ ਕੀਤਾ, ਕਾਲੇ ਖਾਂ ਨੇ ਤਦ ਬਲ ਧਾਰਨ ਕੀਤਾ॥੨੬॥

**ਲਿਯੋ ਖੜਗ ਪਰ ਖੜਗ ਜੁ ਮਾਰਾ। ਨਿਕਸਤਿ ਭਈ ਬ੍ਰਿੰਦ ਚਿਨਗਾਰਾ।**
**ਮਾਨਹੁ ਚਮਕਤਿ ਰੈਨ ਟਨਾਨੇ। ਟੂਟੇ ਨ ਦੋਨਹੁਂ ਬਚੇ ਮਹਾਨੇ॥ ੨੭॥**

ਤਲਵਾਰ ਤੇ ਤਲਵਾਰ ਦੀ ਮਾਰ ਲਈ ਤਾਂ ਅੱਗ ਦੀਆਂ ਬਹੁਤ ਚਿਣਗਾਂ ਨਿਕਲੀਆਂ, ਮਾਨੋਂ ਰਾਤ ਨੂੰ ਜੁਗਨੂੰ ਚਮਕਦੇ ਹਨ, ਦੋਵੇਂ ਤਲਵਾਰਾਂ ਟੁਟੀਆਂ ਨਾ, ਬਚ ਗਈਆਂ॥੨੭॥

**ਗਯੋ ਫਰਕ ਕਰਿ ਕਾਲੇਖਾਨ। ਭਯੋ ਨਿਫਲ ਦ੍ਵੈ ਵਾਰ ਕ੍ਰਿਪਾਨ।**
**ਥਕਤਿ ਨ ਦੋਨਹੁਂ ਜੋਧਾ ਭਾਰੀ। ਪੁਨ ਅਭਿਲਾਖਤਿ ਕਰਨਿ ਪ੍ਰਹਾਰੀ॥ ੨੮ ॥**

ਕਾਲੇ ਖਾਂ ਫਿਰ ਵਿੱਥ ਕਰ ਗਿਆ, ਕਿਰਪਾਨ ਦੇ ਦੋਵੇਂ ਵਾਰ ਅਸਫਲ ਗਏ। ਦੋਵੇਂ ਥੱਕਦੇ ਨਹੀਂ ਸਨ, ਭਾਰੀ ਯੋਧੇ ਸਨ, ਫਿਰ ਵਾਰ ਕਰਨ ਦੀ ਅਭਿਲਾਸ਼ਾ ਕਰਦੇ ਸਨ॥੨੮॥

ਲਾਇ ਘਾਤ ਪੁਨ ਢੁਕਯੋ ਨੇਰ। ਦੋਨਹੁਂ ਕੀਨਿ ਭੀਮ ਭਟ ਭੇਰ।
ਅੰਤਹਿਪੁਰ ਹੇਰਤਿ ਹੈ ਸਾਰਾ। ਤ੍ਰਾਸ ਤੁਰਕ ਬ੍ਰਿੰਦਨਿ ਤੇ ਧਾਰਾ॥ ੨੯॥

ਦਾਅ ਲਾ ਕੇ ਫਿਰ ਨੇੜੇ ਹੋ ਗਿਆ। ਦੋਵਾਂ ਸੂਰਮਿਆਂ ਨੇ ਭਿਆਨਕ ਮੁਕਾਬਲਾ ਕੀਤਾ। ਘਰ ਅੰਦਰ ਦੀਆਂ ਬੀਬੀਆਂ ਵੀ ਤੱਕ ਰਹੀਆਂ ਹਨ, ਤੁਰਕਾਂ ਦੇ ਸਮੂਹ ਤੋਂ ਬਹੁਤ ਤਰਾਸ ਧਾਰਨ ਕੀਤਾ ਸੀ॥੨੯॥

ਗੁਰੂ ਬੀਰ ਅਰੁ ਤੁਰਕ ਜਿ ਬਾਚੇ। ਰਣ ਹੇਰਤ ਸੰਸੈ ਚਿਤ ਰਾਚੇ।
ਅਰਯੋ ਤੁਰਕ ਨਹਿਂ ਮਾਰਯੋ ਗਯੋ। ਘਾਤ ਖੜਗ ਕੋ ਫਿਰਿ ਫਿਰਿ ਕਿਯੋ॥ ੩੦॥

ਗੁਰੂ ਜੀ ਦੇ ਸੂਰਬੀਰ ਅਤੇ ਜਿਹੜੇ ਤੁਰਕ ਬਚੇ ਸਨ, ਉਹ ਚਿੱਤ ਵਿਚ ਸ਼ੰਕੇ ਰਚ ਕੇ ਯੁੱਧ ਵੇਖ ਰਹੇ ਸਨ। ਤੁਰਕ ਅੜ ਗਿਆ, ਮਾਰਿਆ ਨਾ ਗਿਆ, ਤਲਵਾਰ ਦਾ ਬਾਰ-ਬਾਰ ਦਾਅ ਲਾ ਕੇ ਵਾਰ ਕਰਦਾ ਸੀ॥੩੦॥

ਬਿਧੀਚੰਦ ਆਦਿਕ ਬਡ ਜੋਧਾ। ਪਿਖਹਿਂ ਤੁਰਕ ਉਰ ਬਾਢਹਿ ਕ੍ਰੋਧਾ।
ਸਭਿ ਕੇ ਮਨ ਕੀ ਸਤਿਗੁਰ ਜਾਨੀ। ਚਾਹਤਿ ਭਏ ਕਰਨਿ ਰਿਪੁ ਹਾਨੀ॥ ੩੧॥

ਬਿਧੀ ਚੰਦ ਆਦਿਕ ਜਿਹੜੇ ਵੱਡੇ ਯੋਧੇ ਸਨ, ਤੁਰਕ ਨੂੰ ਵੇਖ ਕੇ ਉਨ੍ਹਾਂ ਦਾ ਕ੍ਰੋਧ ਵੱਧਦਾ ਸੀ। ਸਾਰਿਆਂ ਦੇ ਮਨ ਦੀ ਸਤਿਗੁਰੂ ਜੀ ਨੇ ਜਾਣ ਲਈ। ਉਹ ਵੈਰੀ ਨੂੰ ਮਾਰਨਾ ਚਾਹੁੰਦੇ ਸਨ॥੩੧॥

ਆਇ ਪਰਯੋ ਕਰਿ ਖੜਗ ਪ੍ਰਹਾਰ। ਕਾਲੇਖਾਨ ਮਹਾਂ ਬਲ ਧਾਰਿ।
ਸ੍ਰੀ ਹਰਿਗੋਬਿੰਦ ਢਾਲ ਸੰਭਾਲਿ। ਰੋਕਿ ਵਾਰ ਕੋ ਮਾਰੀ ਭ੍ਹਾਲ॥ ੩੨॥

ਕਾਲੇ ਖਾਂ ਮਹਾਨ ਬਲ ਧਾਰ ਕੇ ਤਲਵਾਰ ਦਾ ਵਾਰ ਕਰਕੇ ਆ ਪਿਆ। ਸ੍ਰੀ ਹਰਿਗੋਬਿੰਦ ਜੀ ਨੇ ਢਾਲ ਸੰਭਾਲੀ, ਤੇ ਵਾਰ ਨੂੰ ਰੋਕ ਕੇ ਬੜੀ ਫੁਰਤੀ ਨਾਲ ਢਾਲ ਉਸ ਦੇ ਮੱਥੇ ਤੇ ਮਾਰ ਦਿੱਤੀ॥੩੨॥

ਬਲ ਤੇ ਹਨੀ, ਗਿਰਨ ਲਗਿ ਪਾਛੇ। ਕਰਾਚੋਲ ਬਾਹਯੋ ਤਬਿ ਆਛੇ।
ਬਿਹਬਲ ਤੇ ਨ ਬਚਾਯੋ ਗਯੋ। ਲਗਯੋ ਸੀਸ ਚੀਰਤਿ ਬਪ ਭਯੋ॥ ੩੩॥

ਬੜੇ ਜ਼ੋਰ ਨਾਲ ਮਾਰੀ ਸੀ, ਜਿਸ ਕਰਕੇ ਪਿੱਛੇ ਡਿੱਗਣ ਲੱਗਾ, ਤਦ ਤਲਵਾਰ ਨੂੰ ਚੰਗੀ ਤਰ੍ਹਾਂ ਮਾਰਿਆ। ਬਿਹਬਲ ਹੋਇਆ ਸੀ, ਆਪਣਾ ਬਚਾਅ ਨਾ ਕਰ ਸਕਿਆ, ਤਲਵਾਰ ਸਿਰ ਨੂੰ ਲੱਗ ਕੇ ਸਾਰਾ ਸਰੀਰ ਹੀ ਚੀਰ ਗਈ॥੩੩॥

ਏਕੈ ਆਂਖ ਏਕ ਹੀ ਸ਼੍ਰੋਨ। ਇਕ ਕਰ, ਇਕ ਪਗ, ਖੰਡ ਸੁ ਦੋਨ।
ਅਰਧੋ ਅਰਧ ਸੁ ਚੀਰਨ ਕਰਤੀ। ਪੁਨ ਤਰਵਾਰ ਬਰੀ ਕੁਛ ਧਰਤੀ॥ ੩੪॥

ਇਕ ਹੀ ਅੱਖ ਸੀ, ਇਕ ਹੀ ਕੰਨ ਸੀ, ਇਕ ਹੱਥ ਤੇ ਇਕ ਹੀ ਪੈਰ ਸੀ, ਸਾਰਾ ਸਰੀਰ ਦੋ ਟੁਕੜੇ ਹੋ ਗਿਆ ਸੀ। ਅੱਧੋ ਅੱਧ ਚੀਰ ਕੇ ਰੱਖ ਦਿੱਤਾ। ਫਿਰ ਤਲਵਾਰ ਧਰਤੀ ਵਿਚ ਧੱਸ ਗਈ॥੩੪॥

ਹੁਇ ਜੁਗ ਖੰਡ ਪਰੇ ਤਰਫੰਤੇ। ਗਯੋ ਭਿਸ਼ਤ ਕੋ ਭ੍ਰਾ ਸੁਖਵੰਤੇ।
ਦੇਖਤਿ ਜੈ ਜੈ ਬਾਕ ਉਚਾਰਾ। ਬਜਯੋ ਫਤੇ ਕੋ ਅਧਿਕ ਨਗਾਰਾ॥ ੩੫॥

ਦੋ ਹਿੱਸੇ ਪਏ ਤੜਫ ਰਹੇ ਸਨ, ਤੇ ਸੁਖੀ ਹੋ ਕੇ ਬਹਿਸ਼ਤਾਂ ਨੂੰ ਚਲਾ ਗਿਆ। ਵੇਖਦਿਆਂ ਹੀ ਜੈ ਜੈ ਦਾ ਵਾਕ ਉਚਾਰਿਆ ਤੇ ਫਤਹਿ ਦਾ ਵੱਡਾ ਨਗਾਰਾ ਵੱਜਿਆ॥੩੫॥

ਬਚੇ ਤੁਰਕ ਕੁਛ ਚਲੇ ਪਲਾਈ। ਭੂਪ ਬਿਨਾ ਕੋ ਕਰੈ ਲਰਾਈ।
ਤਜਿ ਰਣਖੇਤ ਨਿਕੇਤ ਸਿਧਾਰੇ। ਦਈ ਸਭਿਨਿ ਕੀ ਸੁਧ 'ਰਣ ਮਾਰੇ' ॥ ੩੬॥

ਜਿਹੜੇ ਤੁਰਕ ਬਚੇ ਸਨ, ਉਨ੍ਹਾਂ ਵਿਚੋਂ ਕੁਝ ਭੱਜ ਚਲੇ, ਰਾਜੇ ਤੋਂ ਬਗੈਰ ਕੌਣ ਲੜਾਈ ਕਰੇ। ਰਣਖੇਤਰ ਨੂੰ ਛੱਡ ਕੇ ਘਰਾਂ ਨੂੰ ਚਲੇ ਗਏ ਤੇ ਸਾਰਿਆਂ ਦੀ ਖਬਰ ਦਿੱਤੀ ਕਿ ਰਣਖੇਤਰ ਵਿਚ ਮਾਰੇ ਗਏ ਹਨ'॥੩੬॥

ਜਹਿਂ ਕਹਿਂ ਬਿਧਵਾ ਗਨ ਤੁਰਕਾਨੀ। ਸਿਰ ਮੁਖ ਪੀਟਤਿ ਦੁਖੀ ਮਹਾਨੀ।
ਉਤ ਕਾਬਲ ਅਰੁ ਦਿੱਲੀ ਦੇਸ਼। ਚਾਕਰ ਗ੍ਰਾਮਨਿ ਨਗਰ ਅਸ਼ੇਸ਼॥ ੩੭॥

ਜਿਥੇ ਕਿਥੇ ਤੁਰਕਾਨੀਆਂ ਵਿਧਵਾ ਹੋ ਗਈਆਂ, ਬਹੁਤ ਦੁਖੀ ਹੋ ਕੇ ਸਿਰ ਮੂੰਹ ਪਿੱਟਦੀਆਂ ਸਨ। ਉਧਰ ਕਾਬਲ ਅਤੇ ਦਿੱਲੀ ਦੇਸ਼ ਵਿਚ ਪਿੰਡਾਂ ਅਤੇ ਸ਼ਹਿਰਾਂ ਦੇ ਨੌਕਰ ਸਨ॥੩੭॥

ਸ਼ੋਕ ਬਾਸ ਕਰਿ ਬਿਚ ਤੁਰਕਾਨੇ। ਭ੍ਰਾਤ ਪਿਤਾਦਿ ਬੰਧੁ ਜਿਨ ਹਾਨੇ।
ਕਿਸ ਕੋ ਪੁੱਤ੍ਰ, ਭਤੀਜਾ ਕਾਂਹੂ। ਭਏ ਸੰਘਾਰਣ ਸੰਘਰ ਮਾਂਹੂ॥ ੩੮॥

ਤੁਰਕਾਂ ਵਿਚ ਸਾਰੇ ਸ਼ੋਕ ਨੇ ਵਾਸਾ ਕੀਤਾ, ਜਿਨ੍ਹਾਂ ਦੇ ਭਰਾ, ਪਿਤਾ ਆਦਿ ਸਕੇ ਸੰਬੰਧੀ ਮਾਰੇ ਗਏ। ਕਿਸੇ ਦਾ ਪੁੱਤਰ ਭਤੀਜਾ ਮਾਰਿਆ ਗਿਆ ਇਸ ਜੰਗ ਦੇ ਵਿਚ ਬਹੁਤ ਮਾਰੇ ਗਏ॥੩੮॥

ਗੁਰੂ ਬੀਰਤਾ ਜ਼ਾਹਰ ਭਾਰੀ। ਬਚਜੋ ਕੌਨ ਜੋ ਗਯੋ ਅਗਾਰੀ।
ਜਹਾਂ ਕਹਾਂ ਤੁਰਕਨ ਕੇ ਓਕ। ਕੀਨ ਅਖਾਰੋ ਕੰਜਰ ਸ਼ੋਕ॥ ੩੯॥

ਗੁਰੂ ਜੀ ਦੀ ਵੀਰਤਾ ਸਾਰੇ ਚੰਗੀ ਤਰ੍ਹਾਂ ਪ੍ਰਗਟ ਹੋ ਗਈ, ਕੌਣ ਬਚਿਆ ਜਿਹੜਾ ਉਨ੍ਹਾਂ ਦੇ ਅੱਗੇ ਗਿਆ। ਜਿਥੇ ਕਿਥੇ ਤੁਰਕਾਂ ਦੇ ਘਰ ਸਨ ਉਥੇ ਹੀ ਸ਼ੋਕ ਰੂਪੀ ਕੰਜਰ ਨੇ ਤੁਰਕਾਂ ਦੇ ਘਰ ਨੂੰ ਅਖਾੜਾ ਬਣਾ ਲਿਆ ਭਾਵ ਸ਼ੋਕ ਉਥੇ ਨੱਚਣ ਲੱਗ ਪਿਆ॥੩੯॥

ਨਾਇਣ ਦੇਤਿ ਤਲੀਮਨ ਨਾਚਤਿ। 'ਹੈਹੈ ਓਹ' ਗਾਇਬੋ ਮਾਚਤਿ।
ਸਿਰ ਮੁਖ ਕੋ ਪੀਟਤਿ ਇਕ ਬਾਰੀ। ਉਠਹਿਂ ਤਾਲ ਜਨੁ ਮਿਲਮਿਲ ਭਾਰੀ॥੪੦॥

ਨਾਇਣ ਜੋ ਤਾਲੀਮ ਦੇ ਰਹੀ ਹੈ ਸੋ ਸ਼ੋਕ ਦਾ ਨਾਚ ਪੈ ਰਿਹਾ ਹੈ, ਹੈ ਹੈ, ਉਹ-ਉਹ ਆਦਿ ਪਦ ਜੋ ਪਿੱਟਣ ਵਾਲੀਆਂ ਦੇ ਉਠਦੇ ਹਨ, ਸੋ ਗਾਉਣ ਦੀ ਸੁਰ ਉੱਠ ਰਹੀ ਹੈ, ਜਿਵੇਂ ਭਾਰੀ ਤਾਲ ਮਿਲ-ਮਿਲ ਕੇ ਉੱਠਦਾ ਹੈ॥੪੦॥

ਇਸ ਬਿਧਿ ਕੀ ਗਤਿ ਲਹਿ ਤੁਰਕਾਨਾ। ਭਨਹਿਂ ਸਿਆਨੇ 'ਭਾ ਬਹੁ ਹਾਨਾ।
ਚਾਰ ਜੰਗ ਮੈਂ ਦਿਯੋ ਖਪਾਈ। ਸੱਯਦ ਮੁਗ਼ਲ ਖ਼ਾਨ ਸਮੁਦਾਈ॥ ੪੧॥

ਇਸ ਵਿਧੀ ਦੀ ਗਤੀ ਤੁਰਕਾਂ ਨੇ ਲਈ, ਸਿਆਣੇ ਕਹਿੰਦੇ ਸਨ, ਬਹੁਤ ਨੁਕਸਾਨ ਹੋਇਆ ਹੈ।'' ਚਾਰ ਜੰਗਾਂ ਵਿਚ ਬਹੁਤ ਤੁਰਕ ਖਪਾ ਦਿੱਤੇ ਹਨ, ਜਿਨ੍ਹਾਂ ਵਿਚ ਸੱਯਦ, ਮੁਗਲ ਅਤੇ ਪਠਾਣ ਸ਼ਾਮਲ ਹਨ॥੪੧॥

ਅਬਿ ਭੀ ਪਠਹਿ ਸ਼ਾਹੁ ਜੇ ਲਸ਼ਕਰ। ਸਰਬ ਨਿਬੇਰਹਿਂ ਰਨ ਕੋ ਕਰਿ ਕਰਿ।
ਨਹੀਂ ਚਾਕਰੀ ਜੋ ਅਬਿ ਕਰਿਹੈਂ। ਪ੍ਰਾਨ ਸਹਿਤ ਸੋ ਤੁਰਕ ਉਬਰਿਹੈਂ॥ ੪੨॥

ਹੁਣ ਵੀ ਜੇ ਬਾਦਸ਼ਾਹ ਲਸ਼ਕਰ ਭੇਜੇ ਤੇ ਸਾਰਿਆਂ ਨੂੰ ਯੁੱਧ ਕਰ-ਕਰ ਕੇ ਨਿਬੇੜ ਦੇਣਗੇ। ਜਿਹੜੇ ਹੁਣ ਬਾਦਸ਼ਾਹ ਦੀ ਨੌਕਰੀ ਨਹੀਂ ਕਰਦੇ ਹਨ, ਪ੍ਰਾਣਾਂ ਸਹਿਤ ਉਹੀ ਤੁਰਕ ਬਚੇਗਾ॥੪੨॥

ਨਾਂਹਿ ਤ ਦੈ ਹੈਂ ਗੁਰੂ ਖਪਾਇ। ਸ਼ਾਹਿ ਕ੍ਰੋਧ ਕਰਿ ਤਹਾਂ ਪਠਾਇ।
ਇਸ ਤੇ ਆਦਿ ਅਨਿਕ ਬਿਧਿ ਬਾਤੀ। ਕਰਹਿਂ ਤੁਰਕ ਮਿਲਿ,ਸੰਕਟ ਛਾਤੀ॥੪੩॥

ਨਹੀਂ ਤਾਂ ਗੁਰੂ ਜੀ ਸਭ ਨੂੰ ਮਾਰ ਦੇਣਗੇ, ਬਾਦਸ਼ਾਹ ਕ੍ਰੋਧ ਕਰਕੇ ਉਥੇ ਭੇਜੇਗਾ।'' ਇਸ ਤਰ੍ਹਾਂ ਦੀ ਅਨੇਕ ਪ੍ਰਕਾਰ ਦੀਆਂ ਗੱਲਾਂ, ਤੁਰਕ ਮਿਲ ਕੇ ਕਰਦੇ ਸਨ ਤੇ ਸੰਕਟ ਆਪਣੀ ਛਾਤੀ ਤੇ ਬਰਦਾਸ਼ਤ ਕਰਦੇ ਸਨ॥੪੩॥

ਸਤਿਗੁਰ ਕਾਲੇਖਾਂ ਜਬਿ ਹਯੋ। ਚਤੁਰ ਘਟੀ ਦਿਨ ਤਬਿ ਰਹਿ ਗਯੋ।
ਚਹੁੰ ਦਿਸ਼ਿ ਪੁਰਿ ਕੇ ਦਾਰੁਨ ਥਾਨ। ਧੁਕਿ ਧੁਕਿ ਉਠਿਬੇ ਲਗੇ ਮਸਾਨ॥ ੪੪ ॥

ਜਦ ਸਤਿਗੁਰੂ ਜੀ ਨੇ ਕਾਲੇ ਖਾਂ ਨੂੰ ਮਾਰਿਆ ਤਦ ਚਾਰ ਘੜੀਆਂ ਦਿਨ ਰਹਿ ਗਿਆ ਸੀ। ਨਗਰ ਦੇ ਚਾਰੇ ਪਾਸੇ ਭਿਆਨਕ ਸਥਾਨ ਦਿਖਾਈ ਦੇ ਰਹੇ ਸਨ। ਮਸਾਣ ਉੱਛਲ-ਉੱਛਲ ਕੇ ਉੱਠਣ ਲੱਗੇ ਭਾਵ ਮੁਰਦੇ ਉੱਛਲ-ਉੱਛਲ ਕੇ ਉੱਠਣ ਲੱਗੇ॥੪੪॥

ਜੰਬੁਕ ਬੋਲਤਿ ਤ੍ਰਾਸ ਉਪਾਵੈਂ। ਮਾਸ ਖਾਇ ਖਗ ਬ੍ਰਿੰਦ ਭ੍ਰਮਾਵੈਂ।
ਕੁਛਕ ਊਨ ਲਛ ਤੁਰਕ ਸੰਘਾਰੇ। ਗੁਰ ਕੇ ਬੀਰ ਸਾਤ ਸੈ ਮਾਰੇ॥ ੪੫ ॥

ਗਿੱਦੜ ਬੋਲ ਕੇ ਬਹੁਤ ਡਰ ਪੈਦਾ ਕਰਦੇ ਸਨ, ਬਹੁਤ ਪੰਛੀ ਮਾਸ ਖਾਂਦੇ ਭਰਮਦੇ ਫਿਰਦੇ ਸਨ। ਲੱਖ ਤੋਂ ਥੋੜ੍ਹੇ ਜਿਹੇ ਘੱਟ ਤੁਰਕ ਮਾਰੇ ਸਨ ਤੇ ਗੁਰੂ ਜੀ ਦੇ ਸੱਤ ਸੋ ਸੂਰਮੇ ਮਾਰੇ ਗਏ ਸਨ॥੪੫॥

ਪੁਨ ਸਤਿਗੁਰੁ ਕੀਨਸਿ ਬਿਸਰਾਮ। ਜਿਯਤਿ ਸੁਭਟ ਸਭਿ ਲਹਯੋ ਅਰਾਮ।
ਕਮਰਕਸਾ ਤਿਮ ਹੀ ਸਵਧਾਨਾ। ਸ੍ਰਮਤਿ ਜਿ ਪਾਂਚ ਜਾਮ ਰਣਠਾਨਾ॥ ੪੬ ॥

ਫਿਰ ਸਤਿਗੁਰੂ ਜੀ ਨੇ ਆਰਾਮ ਕੀਤਾ, ਜੀਉਂਦੇ ਸਾਰੇ ਸੂਰਬੀਰਾਂ ਨੇ ਆਰਾਮ ਕੀਤਾ। ਕਮਰਕਸਾ ਕੱਸ ਕੇ ਪਹਿਲਾਂ ਵਾਂਗ ਹੀ ਸਾਵਧਾਨ ਸਨ, ਪੰਜ ਪਹਿਰ ਤਕ ਜੰਗ ਕਰਨ ਕਰਕੇ ਥੱਕ ਗਏ ਸਨ॥੪੬॥

*ਅੱਠਵੀਂ ਰਾਸ ਦਾ ਇਕੱਤੀਵਾਂ ਅਧਿਆਇ ਸਮਾਪਤ ਹੋਇਆ॥੩੧॥*

## ਅਧਿਆਇ ਬੱਤੀਵਾਂ

*ਵਿਜੈ, ਕੀਰਤ ਪੁਰ ਵੱਲ ਤਿਆਰੀ*

ਦੋਹਰਾ- ਚਹੁੰਦਿਸ਼ਿ ਪੁਰਿ ਕਰਤਾਰ ਕੇ ਜੋਧਾ ਬ੍ਰਿੰਦ ਤੁਰੰਗ।
ਪਰੇ ਹਜ਼ਾਰਹੁੰ ਮ੍ਰਿਤਕ ਭੇ ਭੀਮ ਥਾਨ ਤਿਨ ਸੰਗ॥ ੧॥

ਕਰਤਾਰਪੁਰ ਦੇ ਚਾਰੇ ਪਾਸੇ ਬਹੁਤ ਯੋਧੇ ਅਤੇ ਘੋੜੇ ਹਜ਼ਾਰਾਂ ਦੀ ਗਿਣਤੀ ਵਿਚ ਮਰੇ ਪਏ ਸਨ, ਬਹੁਤ ਲੰਮਾ ਚੌੜਾ ਸਥਾਨ ਉਨ੍ਹਾਂ ਨਾਲ ਭਰਿਆ ਪਿਆ ਸੀ॥੧॥

ਚੌਪਈ- ਬਿਧੀ ਚੰਦ ਸੋਂ ਸ਼੍ਰੀ ਮੁਖ ਕਹਯੋ। 'ਲੱਖੂ ਆਦਿ ਪ੍ਰਲੋਕ ਜਿ ਲਹਯੋ।
ਪਠਹੁ ਦਾਸ ਤਿਨ ਲੋਥਨਿ ਲੇਯ। ਰਚਹਿਂ ਚਿਤਾ ਸਭਿ ਦਾਹ ਕਰੇਯ॥ ੨ ॥

ਬਿਧੀ ਚੰਦ ਨੂੰ ਗੁਰੂ ਜੀ ਨੇ ਕਿਹਾ, "ਲੱਖੂ ਆਦਿ ਯੋਧੇ ਜਿਹੜੇ ਪਰਲੋਕ ਚਲੇ ਗਏ ਹਨ, ਸੇਵਕ ਭੇਜ ਕੇ ਉਨ੍ਹਾਂ ਦੀਆਂ ਲੋਥਾਂ ਮੰਗਵਾਓ ਤੇ ਚਿਤਾ ਬਣਾ ਕੇ ਸਭ ਦਾ ਦਾਹ ਸੰਸਕਾਰ ਕਰ ਦੇਈਏ"॥੨॥

ਸੁਨਿ ਆਗਜਾ ਬਹੁ ਦਾਸ ਪਠਾਏ। ਅਮੀਚੰਦ ਮਿਹਰਾਦਿਕ ਲਜਾਏ।
ਕਾਸ਼ਟ ਸੰਚਿ ਦਾਹਿ ਸਭਿ ਕਰੇ। ਲਜਾਇ ਉਠਾਇ ਜਿ ਘਾਇਲ ਪਰੇ॥ ੩ ॥

ਗੁਰੂ ਜੀ ਦੀ ਆਗਿਆ ਸੁਣ ਕੇ ਬਿਧੀ ਚੰਦ ਨੇ ਬਹੁਤ ਸੇਵਕਾਂ ਨੂੰ ਭੇਜਿਆ ਅਮੀ ਚੰਦ, ਮਿਹਰੇ ਆਦਿ ਨੂੰ ਲੈ ਕੇ ਆਏ। ਲੱਕੜਾਂ ਇਕੱਠੀਆਂ ਕਰਕੇ ਸਭ ਦਾ ਦਾਹ ਸੰਸਕਾਰ ਕਰ ਦਿੱਤਾ। ਜਿਹੜੇ ਜ਼ਖਮੀ ਪਏ ਸੀ, ਉਨ੍ਹਾਂ ਨੂੰ ਵੀ ਚੁੱਕ ਕੇ ਲਿਆਏ॥੩॥

ਇਤਨੇ ਬਿਖੈ ਨਿਸਾ ਹੁਇ ਆਈ। ਸਜਾਲ ਪੁਕਾਰ ਕੀਨਿ ਚਹੁੰ ਘਾਈ।
ਕੂਕਰ ਬੋਲਤਿ ਭੱਖਜਤਿ ਮਾਸ। ਘਾਇਲ ਤੁਰਕ ਕਰਾਹਤਿ ਰਾਸ॥ ੪॥

ਏਨੇ ਵਿਚ ਰਾਤ ਹੋ ਗਈ। ਗਿੱਦੜਾਂ ਨੇ ਚਾਰੇ ਪਾਸੇ ਬਹੁਤ ਰੌਲਾ ਪਾਇਆ। ਕੁੱਤੇ ਮਾਸ ਖਾਂਦੇ ਭੌਂਕਦੇ ਸਨ। ਘਾਇਲ ਤੁਰਕ ਬਹੁਤ ਕੁਰਲਾਉਂਦੇ ਸਨ॥੪॥

ਪੁਰਿ ਮਹਿਂ ਜਹਿਂ ਕਹਿਂ ਨਰ ਮਿਲਿ ਬੈਸੇ। ਬਿਤੀ ਜਥਾ ਬਾਤਨ ਕਰਿ ਤੈਸੇ।
'ਅਸ ਸੰਘਰ ਨਹਿਂ ਭਯੋ ਕਦਾਈ। ਪੰਚ ਪਹਿਰ ਮਹਿਂ ਦਲ ਸਮੁਦਾਈ॥ ੫॥

ਨਗਰ ਵਿਚ ਜਿਥੇ ਕਿਥੇ ਮਨੁੱਖ ਮਿਲ ਕੇ ਬੈਠ ਗਏ, ਜਿਵੇਂ ਬੀਤੀ ਸੀ, ਉਸ ਤਰ੍ਹਾਂ ਗੱਲਾਂ ਕਰਦੇ ਸਨ। ਐਸਾ ਸੰਘਰਸ਼ ਪਹਿਲਾਂ ਕਦੀ ਨਹੀਂ ਹੋਇਆ। ਪੰਜਾਂ ਪਹਿਰਾਂ ਵਿਚ ਸਾਰਾ ਦਲ ਮਾਰ ਦਿੱਤਾ॥੫॥

ਦੋਨਹੁ ਦਿਸ਼ਿ ਤੇ ਲਰਿ ਲਰਿ ਮਰੇ। ਸਤਿਗੁਰ ਬਿਨਾ ਕੌਨ ਅਸ ਕਰੇ।
ਕਈ ਮਾਸ ਲੌ ਮਾਸ ਰਹੇ ਹੈ। ਅਸਥੀ ਬ੍ਰਿੰਦ ਪਰੇ ਦ੍ਰਿਸ਼ਟੈ ਹੈਂ'॥ ੬॥

ਦੋਵਾਂ ਪਾਸਿਆਂ ਦਾ ਦਲ ਲੜ-ਲੜ ਮਰ ਗਿਆ ਹੈ। ਸਤਿਗੁਰੂ ਤੋਂ ਬਗੈਰ ਕੌਣ ਇਸ ਤਰ੍ਹਾਂ ਕਰ ਸਕਦਾ ਹੈ। ਕਈ ਮਹੀਨਿਆਂ ਤਕ ਮਾਸ ਰਹੇਗਾ, ਬਹੁਤ ਹੱਡੀਆਂ ਪਈਆਂ ਦਿਸਦੀਆਂ ਰਹਿਣਗੀਆਂ'॥੬॥

ਮਨ ਸਤਿਗੁਰ ਕੈ ਭਈ ਗਿਲਾਨ। 'ਬਹੁ ਬਦਬੋਇ ਪ੍ਰਾਤਿ ਲੌ ਠਾਨਿ।
ਰਹਯੋ ਨ ਜਾਇ ਨਗਰ ਕੇ ਮਾਂਹੀ। ਕੁਛ ਉਪਾਇ ਇਸ ਕੋ ਹੁਇ ਨਾਹੀ'॥ ੭॥

ਸਤਿਗੁਰੂ ਜੀ ਦੇ ਮਨ ਵਿਚ ਘਿਰਣਾ ਪੈਦਾ ਹੋਈ, ''ਸਵੇਰ ਤਕ ਬਹੁਤ ਬਦਬੂ ਹੋ ਜਾਵੇਗੀ। ਇਹ ਨਗਰ ਵਿਚ ਫਿਰਿਆ ਨਹੀਂ ਜਾਵੇਗਾ, 'ਇਸ ਦਾ ਕੋਈ ਵੀ ਉਪਾਅ ਨਹੀਂ ਹੋਵੇਗਾ''॥੭॥

ਇਕ ਤੌ ਇਹੁ ਕਾਰਨ ਮਨ ਜਾਨਾ। ਦੁਤੀਏ ਬੁੱਢਣ ਸ਼ਾਹੁ ਪਛਾਨਾ।
ਅੰਤ ਸਮਾਂ ਪਹੁੰਚਯੋ ਤਿਸ ਆਈ। ਦਰਸ਼ਨ ਚਾਹਤਿ ਬੈਸ ਬਿਤਾਈ॥ ੮॥

ਇਕ ਤਾਂ ਇਹ ਕਾਰਨ ਮਨ ਵਿਚ ਜਾਣਿਆ, ਦੂਸਰਾ ਬੁਢਣ ਸ਼ਾਹ ਨੂੰ ਪਛਾਣਿਆ ਜਿਸ ਦਾ ਅੰਤ ਸਮਾਂ ਆ ਗਿਆ ਸੀ, ਸਾਰੀ ਉਮਰ ਬਤੀਤ ਕਰਕੇ ਉਹ ਦਰਸ਼ਨ ਕਰਨਾ ਚਾਹੁੰਦਾ ਸੀ॥੮॥

ਤਿਸ ਕੀ ਆਸਾ ਪੂਰਨ ਹੇਤੁ। ਚਢਨ ਚਹਯੋ ਗੁਰ ਕ੍ਰਿਪਾ ਨਿਕੇਤ।
ਤ੍ਰਿਤੀਏ ਜੇਤਿਕ ਗ੍ਰਾਮ ਸਮੀਪ। ਹੁਤੇ ਹਜ਼ਾਰਹੁੰ ਥਾਂਨ ਮਹੀਪ॥ ੯॥

ਉਸ ਦੀ ਆਸ ਪੂਰੀ ਕਰਨ ਵਾਸਤੇ, ਕਿਰਪਾ ਦੇ ਘਰ ਗੁਰੂ ਜੀ ਨੇ ਪਹਾੜਾਂ ਤੇ ਚੜ੍ਹਨਾ ਚਾਹਿਆ। ਤੀਸਰਾ ਜਿੰਨੇ ਵੀ ਨੇੜੇ ਪਿੰਡ ਸਨ ਉਨ੍ਹਾਂ ਦੇ ਵਸਨੀਕ ਹਜ਼ਾਰਾਂ ਥਾਵਾਂ ਤੇ ਹਾਕਮ ਲੱਗੇ ਹੋਏ ਸਨ॥੯॥

ਲਰਤਿ ਜੰਗ ਮਹਿਂ ਸੋ ਸਭਿ ਮਾਰੇ। ਸਨਬੰਧੀ ਤਿਨ ਕੇਰ ਪਿਛਾਰੇ।
ਰਚਹਿਂ ਦ੍ਵੈਸ਼ ਬਲ ਛਲ ਕੇ ਸੰਗ। ਮਰੇ ਬ੍ਰਿੰਦ ਤੇ ਹੁਇ ਮਨ ਭੰਗ॥ ੧੦॥

ਜੰਗ ਵਿਚ ਲੜਦਿਆਂ ਉਹ ਸਾਰੇ ਮਾਰੇ ਸਨ, ਉਨ੍ਹਾਂ ਦੇ ਸੰਬੰਧੀ ਪਿੱਛੇ ਰਹਿ ਗਏ ਸਨ। ਉਹ ਵੱਲਛਲ ਨਾਲ ਦ੍ਵੈਸ਼ ਰਚਣਗੇ, ਕਿਉਂਕਿ ਉਨ੍ਹਾਂ ਦੇ ਬਹੁਤ ਸੰਬੰਧੀਆਂ ਦੇ ਮਰਨ ਕਰਕੇ ਮਨ ਉਦਾਸ ਹੋਏ ਸਨ॥੧੦॥

ਇੱਤਜਾਦਿਕ ਕਾਰਨ ਕੁਛ ਔਰ। ਚਿਤਵਤਿ ਭੇ ਸੋਢੀ ਸਿਰਮੌਰ।
ਬਿਧੀਚੰਦ ਕੋ ਨਿਕਟਿ ਹਕਾਰਾ। ਕਹਤਿ ਭਏ 'ਹਮ ਕੀਨਿਸਿ ਤਜਾਰਾ॥ ੧੧॥

ਇਤਿਆਦਿ ਕੁਝ ਹੋਰ ਵੀ ਕਾਰਨ ਸਨ, ਗੁਰੂ ਹਰਿਗੋਬਿੰਦ ਸਾਹਿਬ ਉਨ੍ਹਾਂ ਬਾਰੇ ਵਿਚਾਰ ਕਰ ਰਹੇ ਸਨ। ਬਿਧੀ ਚੰਦ ਨੂੰ ਆਪਣੇ ਪਾਸ ਬੁਲਾਇਆ ਤੇ ਕਹਿਣ ਲੱਗੇ, "ਅਸੀਂ ਤਿਆਰੀ ਕੀਤੀ ਹੈ॥੧੧॥

ਕੀਰਤਪੁਰਿ ਮਹਿ ਪਹੁੰਚਹਿ ਜਾਈ। ਜਾਹੁ ਸਦਨ ਤੂੰ ਬਿਲਮ ਬਿਹਾਈ।
ਸਜੰਦਨ ਡੋਰੇ ਤਯਾਰਿ ਕਰੀਜੈ। ਬਹਿਲਨਿ ਵਸਤੂ ਸਕਟ ਭਰਿ ਲੀਜੈ॥੧੨॥

ਕੀਰਤਪੁਰ ਪਹੁੰਚਾਂਗੇ, ਤੂੰ ਤੁਰੰਤ ਬਿਨੇ ਦੇਰ ਬਗੈਰ ਘਰ ਨੂੰ ਜਾਵੇ ਤੇ ਰੱਥ ਅਤੇ ਡੋਲੇ ਤਿਆਰ ਕਰਵਾਓ। ਗੜ੍ਹਬਹਿਲਾਂ ਤੇ ਸਾਰੀਆਂ ਵਸਤਾਂ ਭਰ ਲਵੋ॥੧੨॥

ਕਰਹੁ ਨ ਲਾਲਚ, ਪ੍ਰਿਯ ਵਥੁ ਲੀਜੈ। ਅਪਰ ਸਰਬ ਹੀ ਤਯਾਗਨਿ ਕੀਜੈ।
ਵਹਿਰ ਗੰਗ ਸਰ ਪਰ ਹਮ ਖਰੇ। ਤੋਹਿ ਪ੍ਰਤੀਖਹਿਂ ਥਿਰਤਾ ਕਰੇ॥ ੧੩॥

ਲਾਲਚ ਨਾ ਕਰੋ, ਪਿਆਰੀਆਂ ਵਸਤਾਂ ਲੈ ਲਵੋ, ਬਾਕੀ ਸਭ ਨੂੰ ਛੱਡ ਦੇਵੋ। ਬਾਹਰ ਗੰਗਸਰ ਤੇ ਅਸੀਂ ਖੜੇ ਹਾਂ, ਉਥੇ ਖੜੇ ਹੋ ਕੇ ਤੇਰਾ ਇੰਤਜ਼ਾਰ ਕਰਾਂਗੇ॥੧੩॥

ਜਥਾ ਜੋਗ ਦੀਜਹਿ ਅਸੁਵਾਰੀ। ਆਨਹੁ ਸੰਗ ਸਰਬ ਕਰਿ ਤਯਾਰੀ।
ਬਿਧੀਚੰਦ ਸੁਨਿ ਗਮਨਯੋ ਤੂਰਨ। ਕਰਯੋ ਸੁਨਾਇ ਹੁਕਮ ਗੁਰ ਪੂਰਨ॥੧੪॥

ਯਥਾ-ਯੋਗ ਸਵਾਰੀਆਂ ਦੇਵੋ ਤੇ ਸਾਰਿਆਂ ਨੂੰ ਤਿਆਰ ਕਰਕੇ ਨਾਲ ਲੈ ਆਵੋ।" ਬਿਧੀ ਚੰਦ ਇਹ ਸੁਣ ਕੇ ਤੁਰਤ ਚਲਾ ਗਿਆ ਤੇ ਗੁਰੂ ਜੀ ਦਾ ਹੁਕਮ ਉਸ ਸਭ ਨੂੰ ਸੁਣਾਇਆ॥੧੪॥

ਦੋਹਰਾ-ਸੁਨਿ ਮਰਵਾਹੀ ਨਾਨਕੀ ਘਰ ਕੀ ਵਸਤੁ ਸੰਭਾਰਿ।
ਬਿਧੀਚੰਦ ਕੇ ਹਾਥ ਕਰਿ ਲਾਦੀ ਸਕਟ ਮਝਾਰ॥ ੧੫॥

ਇਹ ਸੁਣ ਕੇ ਮਾਤਾ ਮਰਵਾਹੀ ਜੀ ਅਤੇ ਮਾਤਾ ਨਾਨਕੀ ਜੀ ਨੇ ਘਰ ਦੀਆਂ ਸਾਰੀਆਂ ਵਸਤਾਂ ਸੰਭਾਲ ਲਈਆਂ, ਬਿਧੀ ਚੰਦ ਦੇ ਹੱਥਾਂ ਵਿਚ ਦੇ ਕੇ ਗੜ੍ਹਬਹਿਲਾਂ ਤੇ ਲੱਦ ਲਈਆਂ॥੧੫॥

ਚੌਪਈ- ਖੇਮਕੁਇਰ ਸੂਰਜ ਮਲ ਦਾਰਾ। ਨੁਖਾ ਗੁਜਰੀ ਦੁਤੀ ਉਦਾਰਾ।
ਸ਼ੀਘ੍ਰ ਚਢਾਇ ਰੁਚਿਰ ਜੁਗ ਡੋਰੇ। ਨਿਕਸੀ ਵਹਿਰ ਗੰਗਸਰ ਓਰੇ॥ ੧੬॥

ਖੇਮ ਕੌਰ ਸੂਰਜ ਮਲ ਦੀ ਪਤਨੀ ਤੇ ਦੂਸਰੀ ਨੂੰਹ ਗੁਜਰੀ ਨੂੰ ਸੁੰਦਰ ਡੋਲਿਆਂ ਵਿਚ ਚੜ੍ਹਾ ਲਿਆ, ਗੰਗਸਰ ਵਾਲੇ ਪਾਸੇ ਉਹ ਬਾਹਰ ਨਿਕਲੀਆਂ॥੧੬॥

ਦ੍ਵੈ ਖਾਸੇ ਇਕ ਪਰ ਮਰਵਾਹੀ। ਚਢੀ ਨਾਨਕੀ ਦੂਸਰ ਮਾਂਹੀ।
ਸ੍ਰੀ ਗੁਰਦਿੱਤਾ ਸਜੰਦਨ ਚਰੇ। ਸ੍ਰੀ ਹਰਿਰਾਇ ਨਿਕਟਿ ਥਿਰ ਕਰੇ॥ ੧੭॥

ਦੋ ਪਾਲਕੀਆਂ ਲਈਆਂ ਇਕ ਤੇ ਮਾਤਾ ਮਰਵਾਹੀ ਜੀ ਚੜ੍ਹੇ ਤੇ ਦੂਸਰੇ ਉਤੇ ਮਾਤਾ ਨਾਨਕੀ ਜੀ ਬੈਠ ਗਏ। ਸ੍ਰੀ ਗੁਰਦਿੱਤਾ ਜੀ ਰੱਥਾਂ ਉਤੇ ਚੜ੍ਹ ਗਏ, ਸ੍ਰੀ ਹਰਿਰਾਇ ਜੀ ਨੂੰ ਆਪਣੇ ਪਾਸ ਬਿਠਾ ਲਿਆ॥੧੭॥

ਬਿਧੀਚੰਦ ਸਿਖ ਆਦਿਕ ਨਾਰੀ। ਸਕਲ ਭਈ ਬਹਿਲਨਿ ਅਸੁਵਾਰੀ।
ਸ੍ਰੀ ਗੁਰ ਤੇਗ ਬਹਾਦਰ ਚੰਦ। ਅਣੀਰਾਇ ਹਯ ਚਢੇ ਬਿਲੰਦ॥ ੧੮॥

ਬਿਧੀ ਚੰਦ ਤੇ ਹੋਰ ਸਿੱਖ ਆਦਿ ਨਾਰੀਆਂ ਗੜ੍ਹਬਹਿਲਾਂ ਤੇ ਸਵਾਰ ਹੋ ਗਏ। ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਅਣੀਰਾਇ ਜੀ ਸ਼ਕਤੀਸ਼ਾਲੀ ਘੋੜਿਆਂ ਤੇ ਸਵਾਰ ਹੋ ਗਏ॥੧੮॥

ਬਾਬਕ ਗੁਰੂ ਰਬਾਬੀ ਦਾਰਾ। ਤੁਰਤ ਬਹਿਲ ਪਰ ਹ੍ਵੈ ਅਸਵਾਰਾ।
ਬਿਧੀ ਚੰਦ ਕੋ ਨੰਦਨ ਸਜਾਨੋ। ਲਾਲਚੰਦ ਚਢਿ ਕੀਨਿ ਪਯਾਨੋ॥ ੧੯॥

ਗੁਰੂ ਜੀ ਦਾ ਰਬਾਬੀ ਬਾਬਕ ਤੇ ਉਸ ਦੀ ਪਤਨੀ ਤੁਰਤ ਗਡ਼ਬਹਿਲਾਂ ਤੇ ਸਵਾਰ ਹੋ ਗਏ। ਬਿਧੀ ਦਾ ਪੁੱਤਰ ਬਡ਼ਾ ਸਿਆਣਾ ਸੀ, ਲਾਲ ਚੰਦ ਵੀ ਸਵਾਰ ਹੋ ਕੇ ਚਲ ਪਿਆ॥੧੯॥

ਜਾਤੀ ਮਲਕ ਕੁਟੰਬ ਸਮੇਤਾ। ਗਮਨ ਕੀਨਿ ਸਭਿ ਤਜੇ ਨਿਕੇਤਾ।
ਜੇ ਰਣ ਮਰੇ ਸੁ ਗੁਰ ਪੁਰਿ ਗਏ। ਘਾਇਲ ਹੁਤੇ ਕਸ਼ਟ ਜਿਨ ਥਿਏ॥ ੨੦॥

ਜਾਤੀ ਮਲਕ ਆਪਣੇ ਸਾਰੇ ਪਰਿਵਾਰ ਸਮੇਤ ਚਲ ਪਿਆ, ਸਭ ਨੇ ਆਪਣੇ ਘਰ ਛੱਡ ਦਿੱਤੇ, ਜਿਹਡ਼ੇ ਜੰਗ ਵਿਚ ਮਰੇ ਸਨ, ਉਹ ਗੁਰੂ-ਪੁਰੀ ਵਿਚ ਚਲੇ ਗਏ। ਜਿਹਡ਼ੇ ਜ਼ਖਮੀ ਹੋਣ ਕਰਕੇ ਪੀਡ਼ਤ ਸਨ॥੨੦॥

ਸ੍ਰੀ ਹਰਿਗੋਵਿੰਦ ਨਿਕਟਿ ਹਕਾਰੇ। ਸਭਿ ਸੌਂ ਕਰੁਣਾ ਦ੍ਰਿਸ਼ਟਿ ਨਿਹਾਰੇ।
ਪੀਡ਼ਾ ਹਰੀ ਸਕਲ ਕੀ ਜਬੈ। ਚਢਿ ਕਰਿ ਤਯਾਰ ਹੋਤਿ ਭੇ ਤਬੈ॥ ੨੧॥

ਉਨ੍ਹਾਂ ਸਭ ਨੂੰ ਗੁਰੂ ਜੀ ਨੇ ਆਪਣੇ ਪਾਸ ਬੁਲਾਇਆ ਤੇ ਸਾਰਿਆਂ ਨੂੰ ਕਿਰਪਾ ਦੀ ਦ੍ਰਿਸ਼ਟੀ ਨਾਲ ਵੇਖਿਆ। ਜਦ ਸਾਰਿਆਂ ਦੀ ਪੀਡ਼ ਦੂਰ ਹੋ ਗਈ ਤਾਂ ਉਹ ਵੀ ਸਾਰੇ ਤਿਆਰ ਹੋ ਕੇ ਨਾਲ ਚਲ ਪਏ॥੨੧॥

ਜਹਿਂ ਸਤਿਗੁਰ ਸਭਿ ਦਲ ਜੁਤਿ ਖਰੇ। ਤਯਾਰ ਹੋਇ ਤਹਿਂ ਆਵਨਿ ਕਰੇ।
ਗੁਰ ਘਰ ਕੇ ਸਮਾਜ ਬਡ ਭਾਰੇ। ਧਰੇ ਤਹਾਂ ਹੀ ਸਰਬ ਸੰਭਾਰੇ॥ ੨੨॥

ਜਿਥੇ ਸਤਿਗੁਰੂ ਜੀ ਸਾਰੇ ਦਲ ਸਮੇਤ ਖਡ਼ੇ ਸਨ, ਸਾਰੇ ਤਿਆਰ ਹੋ ਕੇ ਉਥੇ ਆ ਗਏ। ਗੁਰੂ ਘਰ ਦਾ ਸਾਜ਼ੋ-ਸਾਮਾਨ ਬਹੁਤ ਭਾਰਾ ਸੀ। ਉਥੇ ਧਰੇ ਹੀ ਸਭ ਸੰਭਾਲ ਲਏ॥੨੨॥

ਲੇ ਸਭਿਹਿਨਿ ਕੋ ਸੰਗ ਲਵਾਯੋ। ਬਿਧੀਚੰਦ ਗੁਰ ਕੇ ਢਿਗ ਆਯੋ।
ਹਾਥ ਜੋਰਿ ਸਭਿ ਗਾਥ ਬੁਝਾਰੀ। 'ਪ੍ਰਭ ਜੀ! ਚਲਿ ਆਏ ਸਮੁਦਾਈ॥ ੨੩॥

ਸਾਰਿਆਂ ਨੂੰ ਲੈ ਕੇ ਸੰਗ ਲਵਾਇਆ, ਫਿਰ ਬਿਧੀ ਚੰਦ ਗੁਰੂ ਜੀ ਦੇ ਪਾਸ ਆਇਆ। ਹੱਥ ਜੋਡ਼ ਕੇ ਸਾਰੀ ਗਾਥਾ ਸੁਣਾਈ, "ਹੇ ਪ੍ਰਭੂ ਜੀ ! ਸਾਰੇ ਚਲ ਕੇ ਆ ਗਏ ਹਨ॥੨੩॥

ਜੇਤਿਕ ਸਕਟਨਿ ਪਰ ਲਦਿ ਗਯੋ। ਤਿਤਿਕ ਸਮਾਜ ਸੰਗ ਕਰਿ ਲਯੋ।
ਧੀਰ ਮੱਲ ਕੋ ਕਹਯੋ ਘਨੇਰੇ। ਸੋ ਨਹਿਂ ਆਇਵ ਰਾਵਰਿ ਨੇਰੇ॥ ੨੪॥

ਜਿੰਨਾ ਸਾਮਾਨ ਛਕਡ਼ਿਆਂ ਤੇ ਲਦਿਆ ਗਿਆ ਹੈ, ਉਨਾ ਸਾਮਾਨ ਨਾਲ ਲੈ ਲਿਆ ਹੈ। ਧੀਰ ਮਲ ਨੂੰ ਬਹੁਤ ਕਿਹਾ ਹੈ, ਪਰ ਉਹ ਆਪ ਜੀ ਦੇ ਨੇਡ਼ੇ ਨਹੀਂ ਆਇਆ ਹੈ॥੨੪॥

ਕਹਤਿ ਸੁ "ਤਜੌਂ ਨ ਪੁਰਿ ਕਰਤਾਰ"। ਰਹਯੋ ਸਮਾਜ ਸੁ ਲਯੋ ਸੰਭਾਰਿ।
ਨਹਿਂ ਚਾਹਤਿ ਚਿਤ ਸੰਗ ਤੁਮਾਰਾ। ਬੱਕ੍ਰ ਬਾਕ ਪ੍ਰਤਿਕੂਲ ਉਚਾਰਾ॥ ੨੫॥

ਕਹਿੰਦਾ ਹੈ, 'ਮੈਂ ਕਰਤਾਰਪੁਰ ਨਹੀਂ ਛੱਡਾਂਗਾ' ਜਿਹਡ਼ਾ ਸਾਮਾਨ ਬਚਿਆ ਹੈ, ਉਹ ਸੰਭਾਲ ਲਿਆ ਹੈ। ਉਹ ਤੁਹਾਡਾ ਸੰਗ ਨਹੀਂ ਚਾਹੁੰਦਾ ਹੈ। ਤੁਹਾਡੇ ਉਲਟ ਉਸ ਕਬੋਲ ਬੋਲੇ ਹਨ॥੨੫॥

ਨਿਜ ਮਾਤਾ ਕੋ ਰਾਖਯੋ ਪਾਸ। ਕਹਿ ਬਹੁ ਬਿਧਿ ਕੀ ਪ੍ਰੀਤਿ ਅਵਾਸ।
ਬਡਨਿ ਹਮਾਰੇ ਨਗਰ ਬਸਾਯੋ। ਮਿਲ ਤੁਰਕਨਿ ਸੌਂ ਰਹੈਂ ਇਥਾਯੋ॥ ੨੬॥

ਆਪਣੀ ਮਾਤਾ ਨੂੰ ਉਸ ਪਾਸ ਰਖਿਆ ਹੈ, ਘਰ ਵਿਚ ਰਹਿਣ ਦੀ ਬਹੁਤ ਤਰ੍ਹਾਂ ਦੀ ਪ੍ਰੀਤ ਕਹੀ ਹੈ। ਕਹਿੰਦਾ ਹੈ, 'ਸਾਡੇ ਵੱਡਿਆਂ ਨੇ ਇਹ ਨਗਰ ਵਸਾਇਆ ਹੈ, ਤੁਰਕਾਂ ਨਾਲ ਮਿਲ ਕੇ ਇਸ ਥਾਂ ਰਹਾਂਗਾ॥੨੬॥

ਹਮ ਨਹਿਂ ਤਿਨ ਸੋਂ ਵੈਰ ਕਮਾਵੈਂ। ਤੁਰਕਨਿ ਕੇ ਅਨੁਸਾਰਿ ਬਿਤਾਵੈਂ।
ਸ੍ਰੀ ਗੁਰੁ ਗ੍ਰਿੰਥ ਰਾਖਿ ਕਰਿ ਲੀਨੋ। ਗੁਪਤ ਛੁਪਾਵਨਿ ਕਿਤ ਹੂੰ ਕੀਨੋ॥੨੭॥

ਅਸੀਂ ਉਨ੍ਹਾਂ ਨਾਲ ਵੈਰ ਨਹੀਂ ਰਖਾਂਗੇ, ਤੇ ਤੁਰਕਾਂ ਦੀ ਆਗਿਆ ਅਨੁਸਾਰ ਰਹਾਂਗੇ।'' ਸ੍ਰੀ ਗੁਰੂ ਗ੍ਰੰਥ ਰੱਖ ਲਿਆ, ਕਿਸੇ ਗੁਪਤ ਥਾਂ 'ਤੇ ਛੁਪਾ ਲਿਆ ਹੈ॥੨੭॥

ਖੋਜਿ ਰਹੇ ਸੋ ਹਾਥ ਨ ਆਯੋ। ਤਾਰੋ ਕਠਨ ਕੋਠਰੇ ਲਾਯੋ।
ਕਹੈ ਸੁ 'ਮੈਂ ਇਹ ਰਾਖਨਿ ਕਰੌਂ। ਇਸ ਕੀ ਆਸ ਏਕ ਮਨ ਧਰੌਂ॥੨੮॥

ਬਹੁਤ ਲੱਭ ਰਹੇ ਹਾਂ, ਪਰ ਹੱਥ ਨਹੀਂ ਆਇਆ ਹੈ, ਕੋਠੜੀ ਨੂੰ ਬੜਾ ਮਜ਼ਬੂਤ ਤਾਲਾ ਲਾਇਆ ਹੈ। ਕਹਿੰਦਾ ਹੈ, ''ਇਸ ਨੂੰ ਮੈਂ ਰਖਾਂਗਾ, ਇਸ ਦੀ ਇਕ ਆਸ ਮਨ ਵਿਚ ਧਾਰਨ ਕੀਤੀ ਹੈ॥੨੮॥

ਜਿਸ ਤੇ ਚਲੈ ਮੋਰ ਗੁਜ਼ਰਾਨਾ। ਖਾਨ ਪਾਨ ਕੋ ਖਰਚ ਮਹਾਨਾ'।
ਜੋਰ ਪਾਇ ਕਰਿ ਹੋਇ ਬਖੇਰਾ। ਕਹਹੁ ਤ ਲੇ ਆਵਹਿ ਇਸ ਬੇਰਾ'॥੨੯॥

ਜਿਸ ਨਾਲ ਮੇਰਾ ਗੁਜ਼ਾਰਾ ਚਲੇਗਾ, ਖਾਣ ਪੀਣ ਉਤੇ ਬਹੁਤ ਖਰਚ ਆਉਂਦਾ ਹੈ।' ਜ਼ੋਰ ਪਾਉਣ ਤੇ ਝਗੜਾ ਹੋਵੇਗਾ, ਜੇ ਕਹੋ ਤਾਂ ਏਸੇ ਵੇਲੇ ਲੈ ਆਈਏ'॥੨੯॥

ਸ੍ਰੀ ਹਰਿਗੋਵਿੰਦ ਲਖੀ ਖੁਟਾਈ। 'ਅੱਗ੍ਰ ਤੁਰਕ ਢਿਗ ਪੱਤ੍ਰ ਪਠਾਈ।
ਬਹੁਰ ਭਵਿੱਖਤਿ ਕਰਿ ਅਪਰਾਧੂ। ਜਥਾ ਸੁ ਪ੍ਰਿਥੀਆ ਪ੍ਰਥਮ ਅਸਾਧੂ॥੩੦॥

ਸ੍ਰੀ ਹਰਿਗੋਬਿੰਦ ਜੀ ਨੇ ਉਸ ਦੇ ਮਨ ਦੀ ਖੋਟ ਸਮਝ ਲਈ, ''ਜੇ ਤੁਰਕਾਂ ਪਾਸ ਪੱਤਰ ਭੇਜਦਾ ਹੈ, ਬਾਅਦ ਵਿਚ ਭਵਿੱਖ ਵਿਚ ਬਹੁਤ ਅਪਰਾਧ ਕਰੇਗਾ, ਪ੍ਰਿਥੀਏ ਵਾਂਗ ਇਹ ਪਹਿਲਾਂ ਤੋਂ ਹੀ ਦ੍ਰੋਖੀ ਅਤੇ ਅਸਾਧ ਹੈ॥੩੦॥

ਅਬਿ ਸਜ਼ਾਇ ਜੇ ਕਛੂ ਦਿਵਾਵੈਂ। ਨੀਕੀ ਨਹੀਂ ਕਿਸੂ ਮਨ ਭਾਵੈ।
ਹੋਇ ਅਧਿਕ ਹੀ ਅਵਗੁਨਿਆਰੋ। ਤਊ ਅੰਤ ਕੋ ਅਹੈ ਹਮਾਰੋ'॥੩੧॥

ਹੁਣ ਇਸ ਨੂੰ ਜੇ ਕੋਈ ਸਜ਼ਾ ਦਵਾਈਏ, ਚੰਗੀ ਗੱਲ ਨਹੀਂ, ਕਿਸੇ ਦੇ ਮਨ ਨੂੰ ਵੀ ਜਚੇਗੀ ਨਹੀਂ, ਇਹ ਵੱਡਾ ਔਗੁਣਹਾਰਾ ਵੀ ਬੇਸ਼ਕ ਹੋਵੇ, ਪਰ ਫਿਰ ਵੀ ਓੜਕ ਨੂੰ ਸਾਡਾ ਹੀ ਪੋਤਰਾ ਹੈ'॥੩੧॥

ਇੱਤਜਾਦਿਕ ਬਹੁ ਰਿਦੈ ਬਿਚਾਰੀ। ਸ੍ਰੀ ਹਰਿਗੋਵਿੰਦ ਗਿਰਾ ਉਚਾਰੀ।
'ਕੁਛ ਨਹਿਂ ਕਹਹੁ, ਚਹਹਿ ਸੋ ਕਰਹਿ। ਗੁਰ ਘਰ ਸੋਂ ਇਹੁ ਮੇਲ ਨ ਧਰਹਿ॥੩੨॥

ਇੱਤਆਦਿ ਹਿਰਦੇ ਵਿਚ ਬਹੁਤ ਵਿਚਾਰ ਕੀਤੀ, ਫਿਰ ਸ੍ਰੀ ਹਰਿਗੋਬਿੰਦ ਨੇ ਬਚਨ ਕੀਤੇ, ''ਕੁਝ ਨਾ ਕਹੋ, ਜੋ ਚਾਹੁੰਦਾ ਹੈ ਸੋ ਕਰੇ, ਗੁਰੂ ਘਰ ਨਾਲ ਇਹ ਮੇਲ ਧਾਰਨ ਨਹੀਂ ਕਰੇਗਾ॥੩੨॥

ਪ੍ਰਥਮ ਪ੍ਰਿਥਕ ਪ੍ਰਿਥੀਆ ਜਿਮ ਭਯੋ। ਤਿਮ ਇਹ ਰਹੈ ਅਪਰ ਮਗ ਲਯੋ'।
ਸੁਨਿ ਬਿਧੀਏ ਕਰ ਜੋਰਿ ਅਲਾਯੋ। 'ਤੁਮ ਆਇਸੁ ਲੇ ਗ੍ਰਿੰਥ ਲਿਖਾਯੋ॥੩੩॥

ਪਹਿਲਾ ਜਿਵੇਂ ਪ੍ਰਿਥੀਆ ਵੱਖ ਰਿਹਾ ਹੈ, ਉਸ ਤਰ੍ਹਾਂ ਹੀ ਇਹ ਵਖਰਾ ਰਸਤਾ ਧਾਰਨ ਕਰੇਗਾ।'' ਇਹ ਸੁਣ ਕੇ ਬਿਧੀ ਚੰਦ ਨੇ ਹੱਥ ਜੋੜ ਕੇ ਕਿਹਾ, ''ਤੁਹਾਡੀ ਆਗਿਆ ਲੈ ਕੇ ਜਿਹੜਾ ਗ੍ਰੰਥ ਲਿਖਾਇਆ ਹੈ॥੩੩॥

ਨਹੀਂ ਸੰਪੂਰਨ ਅਬਿ ਲੌ ਭਯੋ। ਰਾਗ ਬਿਲਾਵਲ ਲੌ ਲਿਖਿ ਲਯੋ।
ਆਧੋ ਰਹੈ ਸੁ ਜਾਨੀ ਪਰੈ। ਦੈਬੋ ਏਹੁ ਨਹੀਂ ਕਿਸ ਕਰੈ'॥ ੩੪॥

ਉਹ ਹਾਲੇ ਤਕ ਸੰਪੂਰਣ ਨਹੀਂ ਹੋਇਆ ਹੈ, ਰਾਗ ਬਿਲਾਵਲ ਤਕ ਹਾਲੇ ਤਕ ਲਿਖਿਆ ਹੈ, ਇਹ ਪਤਾ ਲੱਗਦਾ ਹੈ, ਅੱਧਾ ਹਾਲੇ ਲਿਖਣਾ ਰਹਿੰਦਾ ਹੈ, ਇਹ ਭਾਵ ਧੀਰ ਮਲ ਕਿਸੇ ਨੂੰ ਦੇਵੇਗਾ ਨਹੀਂ'॥੩੪॥

ਸ੍ਰੀ ਹਰਿਗੋਵਿੰਦ ਬਹੁਰ ਉਚਾਰੇ। 'ਗੁਰੂ ਗ੍ਰਿੰਥ ਲਿਖਿਯਹਿ ਜਗ ਸਾਰੇ।
ਪੁਰਿ ਪੁਰਿ ਗ੍ਰਾਮਨ ਘਰ ਘਰ ਹੋਇ। ਪਠਹਿ ਸੁਨਹਿ ਜਹਿਂ ਕਹਿਂ ਸਭਿ ਕੋਇ॥ ੩੫॥

ਸ੍ਰੀ ਹਰਿਗੋਬਿੰਦ ਜੀ ਨੇ ਫਿਰ ਕਿਹਾ, 'ਗੁਰੂ ਗ੍ਰੰਥ ਸਾਹਿਬ ਸਾਰੇ ਜਗਤ ਵਿਚ ਲਿਖੇ ਜਾਣਗੇ, ਨਗਰ-ਨਗਰ, ਪਿੰਡ-ਪਿੰਡ, ਘਰ-ਘਰ ਇਹ ਹੋਣਗੇ, ਜਿਥੇ ਕਿਥੇ ਸਭ ਇਸ ਨੂੰ ਪੜ੍ਹਨ, ਸੁਣਨਗੇ॥੩੫॥

ਬਹੁਰ ਸਮੇਂ ਐਸੋ ਹੁਇ ਜਾਇ। ਜਗਤ ਰਾਜ ਹਮ ਸਿੱਖ ਕਮਾਇਂ।
ਦੇਸ਼ ਬਿਦੇਸ਼ਨ ਬਧਹਿ ਪ੍ਰਤਾਪ। ਵਾਹਿਗੁਰੂ ਕਹੁ ਜਾਪਹਿਂ ਜਾਪ॥ ੩੬॥

ਬਾਅਦ ਵਿਚ ਐਸਾ ਸਮਾਂ ਹੋ ਜਾਵੇਗਾ, ਜਗਤ ਦਾ ਰਾਜ ਮੇਰੇ ਸਿੱਖ ਕਰਨਗੇ। ਦੇਸ਼ਾਂ ਵਿਦੇਸ਼ਾਂ ਵਿਚ ਇਨ੍ਹਾਂ ਦਾ ਪ੍ਰਤਾਪ ਵਧੇਗਾ, ਸਾਰੇ ਵਾਹਿਗੁਰੂ ਦਾ ਜਾਪ ਜਪਣਗੇ॥੩੬॥

ਇਸ ਤੇ ਆਦਿ ਜਿ ਗੁਰੁ ਘਰ ਦ੍ਰੋਹੀ। ਸਭਿ ਅਨੁਸਾਰਿ ਤਿਨਹੁਂ ਕੇ ਹੋਹੀਂ।
ਇਹ ਭੀ ਗ੍ਰਿੰਥ ਜ਼ੋਰ ਕੋ ਪਾਇ। ਲੈ ਹੈਂ ਅਪਨੇ ਨਿਕਟਿ ਮੰਗਾਇ॥ ੩੭॥

ਇਸ ਤੋਂ ਪਹਿਲਾਂ ਜਿਹੜੇ ਗੁਰੂ ਘਰ ਦੇ ਧ੍ਰੋਹੀ ਹਨ, ਸਾਰੇ ਉਨ੍ਹਾਂ ਦੇ ਅਨੁਸਾਰ ਭਾਵ ਸਾਰੇ ਗੁਰੂ ਘਰ ਦੇ ਪ੍ਰੇਮੀ ਹੋ ਜਾਣਗੇ। ਇਹ ਗ੍ਰੰਥ ਵੀ ਜ਼ੋਰ ਪਾ ਕੇ ਆਪਣੇ ਪਾਸ ਮੰਗਵਾ ਲਵਾਂਗੇ॥੩੭॥

ਤਿਨ ਸਿੱਖਨਿ ਕੇ ਹੋਇ ਅਧੀਨ। ਕਰਹਿ ਜੀਵਕਾ ਅਪਨੀ ਪੀਨ'।
ਇਮ ਕਹਿ ਸਤਿਗੁਰ ਤਯਾਰੀ ਕੀਨਿ। ਬੀਤੀ ਜਾਮ ਜਾਮਨੀ ਤੀਨ॥ ੩੮॥

ਉਨ੍ਹਾਂ ਸਿੱਖਾਂ ਦੇ ਅਧੀਨ ਹੋਣਗੇ ਤੇ ਆਪਣੀ ਚੰਗੀ ਰੋਜ਼ੀ ਪਾਉਣਗੇ।'' ਇਸ ਤਰ੍ਹਾਂ ਕਹਿ ਕੇ ਸਤਿਗੁਰੂ ਜੀ ਨੇ ਤਿਆਰੀ ਕੀਤੀ, ਰਾਤ ਤਿੰਨ ਪਹਿਰ ਬੀਤ ਗਈ ਸੀ॥੩੮॥

ਜਹਿਂ ਕਹਿਂ ਪੁਰਿ ਮਹਿਂ ਜਰਹਿਂ ਮਸਾਲ। ਆਇਂ ਜਾਇਂ ਬਹੁ ਵਸਤੁ ਸਮਾਲਿ।
ਗੁਰ ਜਹਿਂ ਖਰੇ ਤਹਾਂ ਲਗਿ ਸਾਰੇ। ਝਾਰ ਮਤਾਬੀ ਦਿਪਹਿਂ ਉਦਾਰੇ॥ ੩੯॥

ਜਿਥੇ ਜਿਥੇ ਨਗਰ ਵਿਚ ਮਸਾਲਾਂ ਜਗਦੀਆਂ ਸਨ, ਵਸਤਾਂ ਦੀ ਸੰਭਾਲ ਵਾਸਤੇ ਬਹੁਤ ਆਦਮੀ ਆਉਂਦੇ ਜਾਂਦੇ ਸਨ। ਜਿਥੇ ਗੁਰੂ ਜੀ ਖੜੇ ਸਨ ਉਥੋਂ ਤਕ ਝਾੜ ਤੇ ਮਤਾਬੀਆਂ ਵੱਡੀ ਗਿਣਤੀ ਵਿਚ ਜੱਗ ਰਹੀਆਂ ਸਨ॥੩੯॥

ਤਿਮਰ ਬਿਨਾਸੇ ਭਯੋ ਪ੍ਰਕਾਸ਼। ਜਨੁ ਦਿਨਮਣਿ ਹੀ ਚਢ੍ਯੋ ਅਕਾਸ਼।
ਸਰਬ ਆਨਿ ਜਬਿ ਇਕਠੇ ਭਏ। ਕਹਿ ਕਹਿ ਭਲ ਸੰਭਾਰਨਿ ਕਿਏ॥ ੪੦॥

ਹਨੇਰਾ ਦੂਰ ਹੋਇਆ ਤੇ ਪ੍ਰਕਾਸ਼ ਹੋ ਗਿਆ, ਜਿਵੇਂ ਆਕਾਸ਼ ਤੇ ਸੂਰਜ ਹੀ ਚੜ੍ਹ ਪਿਆ ਹੋਵੇ। ਸਾਰੇ ਜਦ ਆ ਕੇ ਇਕੱਠੇ ਹੋਏ ਤਾਂ ਕਹਿ ਕਹਿ ਕੇ ਸਭ ਭਲੀ ਪ੍ਰਕਾਰ ਸੰਭਾਲ ਲਏ॥੪੦॥

ਸਗਰੋ ਗੁਰ ਕੁਟੰਬ ਚਲਿ ਆਇ। ਸੰਗ ਸਿੱਖ ਸੈਨਾ ਸਮੁਦਾਇ।
ਪ੍ਰਿਥਕ ਪ੍ਰਿਥਕ ਸਭਿ ਬੂਝਨ ਕੀਨੇ। ਪੁਨ ਪ੍ਰਸਥਾਨ ਹੇਤ ਚਿਤ ਦੀਨੇ॥ ੪੧॥

ਗੁਰੂ ਜੀ ਦਾ ਸਾਰਾ ਪਰਿਵਾਰ ਚਲ ਕੇ ਆ ਗਿਆ, ਨਾਲ ਸਿੱਖ ਸੈਨਾ ਇਕੱਠੀ ਹੋਈ ਸੀ। ਵੱਖ-ਵੱਖ ਸਭ ਤੋਂ ਪੁਛਿਆ, ਫਿਰ ਚਲਣ ਵਾਸਤੇ ਚਿਤ ਲਾਇਆ॥੪੧॥

ਅੱਠਵੀਂ ਰਾਸ ਦਾ ਬੱਤੀਵਾਂ ਅਧਿਆਇ ਸਮਾਪਤ ਹੋਇਆ॥੩੨॥

## ਅਧਿਆਇ ਤੇਤੀਵਾਂ

### ਕੀਰਤ ਪੁਰ ਪਹੁੰਚੇ, ਬੁੱਢਣ ਸ਼ਾਹ

ਦੋਹਰਾ- ਛਾਰ ਮਤਾਬੀ ਬਹੁ ਜਰੇ ਸੰਗ ਮਸਾਲ ਅਨੇਕ।
ਡੋਰੇ ਸਜੰਦਨ ਸੰਗ ਕੁਛ ਕੀਨਸਿ ਜਲਧਿ ਬਿਬੇਕ॥ ੧॥

ਛਾੜ ਮਤਾਬੀਆਂ ਬਹੁਤ ਜਗੀਆਂ ਤੇ ਨਾਲ ਅਨੇਕਾਂ ਮਸਾਲਾਂ ਜਗ ਰਹੀਆਂ ਸਨ। ਡੋਲੇ, ਪਾਲਕੀਆਂ ਅਤੇ ਰੱਥ ਗੁਰੂ ਜੀ (ਗਿਆਨ ਦੇ ਸਾਗਰ) ਨੇ ਆਪਣੇ ਨਾਲ ਲੈ ਲਏ॥੧॥

ਚੌਪਈ- ਪਿਤਾ ਸਥਾਨ ਰੰਗਸਰ ਜਾਨਿ। ਕਰਿ ਬੰਦਨ ਕੀਨਸਿ ਪ੍ਰਸਥਾਨ।
ਆਗੇ ਚਲੈਂ ਮਸਾਲੈਂ ਬ੍ਰਿੰਦ। ਕਰਜੋ ਪਜਾਨ ਸ੍ਰੀ ਹਰਿਗੋਵਿੰਦ॥ ੨॥

ਰੰਗਸਰ ਨੂੰ ਪਿਤਾ ਸਥਾਨ ਜਾਣਕੇ ਬੰਦਨਾ ਕਰਕੇ ਪ੍ਰਸਥਾਨ ਕੀਤਾ। ਅੱਗੇ ਬਹੁਤ ਮਸਾਲਾਂ ਜੱਗ ਰਹੀਆਂ ਸਨ; ਸ੍ਰੀ ਹਰਿਗੋਬਿੰਦ ਸਾਹਿਬ ਜੀ ਚਲ ਪਏ॥੨॥

ਸਨੇ ਸਨੇ ਗਮਨੇ ਮਗ ਜਾਂਹੀ। ਬਜਹਿਂ ਨਗਾਰੇ ਬਹੁ ਧੁਨਿ ਤਾਂਹੀ।
ਸੈਨ ਸਕਲ ਕੋ ਆਇਸੁ ਦੀਨਿ। ਸ੍ਰੀ ਗੁਰਦਿੱਤੇ ਕੇ ਸੰਗ ਕੀਨਿ॥ ੩॥

ਹੋਲੀ-ਹੋਲੀ ਰਾਹੇ ਰਾਹ ਜਾ ਰਹੇ ਸਨ, ਬੜੀਆਂ ਧੁਨਾਂ ਵਿਚ ਨਗਾਰੇ ਵੱਜ ਰਹੇ ਸਨ। ਸਾਰੀ ਸੈਨਾ ਨੂੰ ਆਗਿਆ ਦਿੱਤੀ ਕਿ ਉਹ ਸ੍ਰੀ ਗੁਰਦਿੱਤੇ ਦੇ ਨਾਲ ਹੋ ਜਾਣ॥੩॥

'ਸਭਿ ਕੁਟੰਬ ਕੇ ਸੰਗ ਰਹੀਜੈ। ਸਾਵਧਾਨ ਹ੍ਵੈ ਕੈ ਗਮਨੀਜੈ'।
ਕਿਤਿਕ ਸਊਰ ਸੰਗ ਨਿਜ ਲੀਨੇ। ਤਜਿ ਮਗ ਬਾਮ ਪਯਾਨਾ ਕੀਨੇ॥ ੪॥

ਸਾਰੇ ਪਰਿਵਾਰ ਦੇ ਨਾਲ ਰਹੀਏ ਤੇ ਬੜੇ ਸਾਵਧਾਨ ਹੋ ਕੇ ਚਲੀਏ।" ਕੁਝ ਸਵਾਰ ਆਪਣੇ ਨਾਲ ਲੈ ਲਏ। ਖੱਬੇ ਪਾਸੇ ਦਾ ਰਾਹ ਛੱਡ ਕੇ ਚਲ ਪਏ ਭਾਵ ਟੱਬਰ ਨੂੰ ਵੱਖ ਕਰਕੇ ਖੱਬੇ ਪਾਸਿਓਂ ਤੋਰਿਆ ਤੇ ਆਪ ਸੱਜੇ ਰਸਤੇ ਤੁਰੇ ਕਿ ਜੇ ਕੋਈ ਮੁਠ-ਭੇੜ ਹੋਵੇ ਤਾਂ ਸਾਡੇ ਨਾਲ ਹੋਵੇ॥੪॥

ਜਾਮ ਜਾਮਨੀ ਭਈ ਬਿਤੀਤ। ਪ੍ਰਾਤ ਹੇਰਿ ਸਭਿ ਕੇ ਮੁਦ ਚੀਤ।
ਅੰਤਹਿਪੁਰਿ ਸੋਂ ਚਮੂੰ ਬਡੇਰੀ। ਗਮਨ ਕਰਤਿ ਰਜ ਉਠਤਿ ਘਨੇਰੀ॥ ੫॥

ਪਹਿਰ ਰਾਤ ਬਤੀਤ ਹੋ ਗਈ, ਸਵੇਰ ਵੇਖ ਕੇ ਸਭ ਦੇ ਮਨ ਪ੍ਰਸੰਨ ਹੋ ਗਏ। ਮਹਿਲਾਂ ਨਾਲ ਬਹੁਤ ਫੌਜ ਸੀ, ਚਲਣ ਨਾਲ ਬਹੁਤ ਮਿੱਟੀ ਉੱਡਦੀ ਸੀ॥੫॥

ਸੂਧੇ ਪੰਥ ਚਲੇ ਸਭਿ ਜਾਈਂ। ਗ੍ਰਾਮ ਨਗਰ ਉਲੰਘਤਿ ਸਮੁਦਾਈ।
ਦਿਸ਼ਾ ਦਾਹਿਨੀ ਸਤਿਗੁਰ ਜਾਤੇ। ਕਰਤਿ ਜੁੱਧ ਕੀ ਬਹੁ ਬਿਧਿ ਬਾਤੇਂ॥ ੬ ॥

ਸਿੱਧੇ ਰਾਹ ਸਭ ਚਲੇ ਜਾ ਰਹੇ ਸਨ, ਬਹੁਤ ਪਿੰਡ ਅਤੇ ਨਗਰਾਂ ਨੂੰ ਲੰਘਦੇ ਜਾ ਰਹੇ ਸਨ। ਸੱਜੇ ਪਾਸੇ ਸਤਿਗੁਰੂ ਜੀ ਜਾ ਰਹੇ ਸਨ, ਯੁੱਧ ਦੀਆਂ ਬਹੁਤ ਪ੍ਰਕਾਰ ਦੀਆਂ ਗੱਲਾਂ ਕਰਦੇ ਜਾਂਦੇ ਸਨ॥੬॥

ਬਿਧੀਚੰਦ ਤੇ ਆਦਿ ਜਿ ਸੰਗ। ਕਹਤਿ ਭਯੋ ਪ੍ਰਭੁ ਦੀਰਘ ਜੰਗ।
ਜਾਮ ਦਿਵਸ ਜਬਿ ਹੀ ਚਢਿ ਆਯੋ। ਛਾਯਾ ਸਹਿਤ ਕੂਪ ਦਰਸਾਯੋ॥ ੭ ॥

ਬਿਧੀ ਚੰਦ ਆਦਿ ਜਿਹੜੇ ਨਾਲ ਸਨ, ਕਹਿ ਰਹੇ ਸਨ ਕਿ ਪ੍ਰਭੂ ਬਹੁਤ ਵੱਡੀ ਜੰਗ ਹੋਈ ਹੈ। ਪਹਿਰ ਦਿਨ ਜਦ ਚੜ੍ਹ ਆਇਆ, ਛਾਂ ਸਹਿਤ ਇਕ ਖੂਹ ਵੇਖਿਆ॥੭॥

ਉਤਰੇ ਹੇਰਯੋ ਰੰਮ ਸਥਾਨ। ਸੀਤਲ ਨੀਰ ਕਰਤਿ ਭੇ ਪਾਨ।
ਕਿਤਿਕ ਸਮੈ ਬੈਠੇ ਸੁਖ ਪਾਯੋ। ਬਿਧੀਚੰਦ ਸੋਂ ਬਾਕ ਸੁਨਾਯੋ॥ ੮ ॥

ਉਤਰ ਕੇ ਰਮਣੀਕ ਸਥਾਨ ਵੇਖਿਆ, ਠੰਡਾ ਜਲ ਛਕਿਆ। ਕਾਫੀ ਸਮਾਂ ਬੈਠ ਕੇ ਸੁਖ ਪਾਇਆ ਤੇ ਬਿਧੀ ਚੰਦ ਨੂੰ ਬਚਨ ਸੁਣਾਇਆ॥੮॥

'ਸਾਹਿਬਜ਼ਾਦੇ ਚਮੂੰ ਅਸ਼ੇਖ। ਕਿਤਿਕ ਦੂਰ ਪਾਛੈ? ਲਿਹੁ ਦੇਖਿ।
ਹਮ ਤੇ, ਜਬਿ ਆਗੇ ਹੁਇ ਜਾਇਂ। ਤਬਿ ਪ੍ਰਸਥਾਨ ਕਰਹਿਂ ਇਸ ਥਾਇਂ ॥ ੯ ॥

"ਸਾਹਿਬਜ਼ਾਦੇ ਤੇ ਬਾਕੀ ਸੈਨਾ, ਕਿੰਨੀ ਦੂਰ ਪਿੱਛੇ ਰਹਿ ਗਈ ਹੈ ? ਇਹ ਵੇਖ ਲਵੋ। ਸਾਡੇ ਤੋਂ ਜਦ ਅੱਗੇ ਹੋ ਜਾਣਗੇ, ਤਦ ਅਸੀਂ ਇਸ ਅਸਥਾਨ ਤੋਂ ਚਲਾਂਗੇ"॥੯॥

ਬਿਧੀਆ ਚਢਿ ਕਰਿ ਤੁੰਗ ਸਥਾਨ। ਦੇਖਨਿ ਲਗਯੋ, ਸੁਨਹਿ ਧੁਨਿ ਕਾਨ।
ਕਿਤਿਕ ਦੂਰ ਆਗੇ ਚਲਿ ਗਏ। ਬਜਤਿ ਨਿਸ਼ਾਨ ਤਬਹਿ ਸੁਨਿ ਲਏ ॥੧੦॥

ਬਿਧੀ ਚੰਦ ਉੱਚੇ ਸਥਾਨ ਤੇ ਚੜ੍ਹ ਕੇ ਵੇਖਣ ਲੱਗਾ ਤੇ ਕੰਨਾਂ ਨਾਲ ਧੁਨੀ ਸੁਣਦਾ ਸੀ। ਕਿੰਨੀ ਦੂਰ ਅੱਗੇ ਚਲੇ ਗਏ, ਵਾਜੇ ਵਜਦੇ ਤਦ ਸੁਣ ਲਏ॥੧੦॥

ਸਵਾਜਾਮ ਦਿਨ ਚਢਯੋ ਨਿਹਾਰਾ। ਉਤਰ ਪਰਯੋ ਸਭਿ ਗੁਰ ਪਰਿਵਾਰਾ।
ਕਹਿ ਕਰਿ ਦੀਰਘ ਫਰਸ਼ ਕਰਾਯੋ। ਗੁਰ ਸੁਤ ਬੈਠਿ ਦਿਵਾਨ ਲਗਾਯੋ॥੧੧॥

ਸਵਾ ਪਹਿਰ ਦਿਨ ਚੜ੍ਹਿਆ ਵੇਖਿਆ, ਸਾਰਾ ਗੁਰੂ ਪਰਿਵਾਰ ਉੱਤਰ ਪਿਆ। ਕਹਿ ਕੇ ਵੱਡੇ ਵਿਛਾਉਣੇ ਵਿਛਾਏ ਤੇ ਗੁਰੂ ਪੁੱਤਰ ਨੇ ਬੈਠ ਕੇ ਦੀਵਾਨ ਲਗਾਇਆ॥੧੧॥

ਬਾਬਕ ਸ਼ਬਦ ਗਾਵਨੇ ਲਾਗਯੋ। ਸੁਨਿ ਪ੍ਰਭੁ ਮਹਿਮਾ ਮਨ ਅਨੁਰਾਗਯੋ।
ਬਿਧੀਚੰਦ ਤੇ ਸੁਨਿ ਗੁਰੂ ਕਾਨ। 'ਆਗੇ ਗਏ ਸਕਲ ਕਰਿ ਪਯਾਨ' ॥ ੧੨ ॥

ਬਾਬਕ ਸ਼ਬਦਾਂ ਦਾ ਗਾਇਣ ਕਰਨ ਲੱਗਾ, ਪ੍ਰਭੂ ਦੀ ਮਹਿਮਾਂ ਸੁਣ ਕੇ ਮਨ ਵਿਚ ਪ੍ਰੇਮ ਜਾਗਿਆ। ਬਿਧੀ ਚੰਦ ਤੋਂ ਗੁਰੂ ਜੀ ਨੇ ਆਪਣੇ ਕੰਨਾਂ ਨਾਲ ਸੁਣਿਆ, "ਸਾਰੇ ਚਲ ਕੇ ਅੱਗੇ ਨਿਕਲ ਗਏ ਹਨ"॥੧੨॥

ਚਢੇ ਤੁਰੰਗ ਅਗਾਰੀ ਚਲੇ। ਤਿਸ ਥਲ ਕੀ ਮਹਿਮਾ ਕਹਿ ਭਲੇ।
ਪਹੁਚੇ ਸਤਿਗੁਰ ਤਿਸੀ ਸਥਾਨ। ਦੇਖਯੋ ਆਗੇ ਲਗਯੋ ਦਿਵਾਨ॥ ੧੩ ॥

ਫਿਰ ਗੁਰੂ ਜੀ ਵੀ ਘੋੜਿਆਂ ਤੇ ਚੜ੍ਹ ਕੇ ਅੱਗੇ ਚਲ ਪਏ, ਉਸ ਸਥਾਨ ਦੀ ਭਲੀ ਮਹਿਮਾ ਕਹੀ। ਸਤਿਗੁਰੂ ਜੀ ਉਸ ਸਥਾਨ ਤੇ ਪਹੁੰਚੇ ਤੇ ਉਥੇ ਜਾ ਕੇ ਵੇਖਿਆ, ਅੱਗੇ ਉਨ੍ਹਾਂ ਦੇ ਪੁੱਤਰ ਨੇ ਦੀਵਾਨ ਲਾਇਆ ਹੋਇਆ ਸੀ॥੧੩॥

ਗਾਵਤਿ ਸ਼ਬਦ ਸੁਤ ਸਾਰੇ। ਰਿਦੈ ਅਨੰਦ ਬਿਲੰਦੈ ਧਾਰੇ।
ਸਭਿਹਿਨਿ ਹੇਰੇ ਸਤਿਗੁਰ ਆਏ। ਖਰੇ ਭਏ ਸਨਮਾਨ ਬਿਠਾਏ॥ ੧੪॥

ਸਾਰੇ ਪੁੱਤਰ ਸ਼ਬਦ ਗਾ ਰਹੇ ਸਨ ਤਾਂ ਵੇਖਕੇ ਹਿਰਦੇ ਵਿਚ ਬਹੁਤ ਅਨੰਦ ਧਾਰਨ ਕੀਤਾ। ਸਾਰਿਆਂ ਨੇ ਵੇਖਿਆ ਕਿ ਸਤਿਗੁਰੂ ਜੀ ਆ ਗਏ ਹਨ, ਸਾਰੇ ਖੜੇ ਹੋ ਗਏ ਤੇ ਸਨਮਾਨ ਨਾਲ ਬਿਠਾਏ॥੧੪॥

ਸਕਟਾਦਿਕ ਨਰ ਜਿਤਿਕ ਪਿਛਾਰੀ। ਸਭਿਨਿ ਹੇਤੁ ਇਸਥਿਰਤਾ ਧਾਰੀ।
ਚਰਨ ਕਮਲ ਕੋ ਲਖਿ ਕਰਿ ਬੇਲਾ। ਸ਼ਬਦ ਭੋਗ ਤਬਿ ਪਾਇ ਸੁਹੇਲਾ॥੧੫॥

ਛਕੜੇ ਆਦਿ ਮਨੁੱਖ ਜਿੰਨੇ ਵੀ ਪਿੱਛੇ ਰਹਿ ਗਏ ਸਨ, ਉਨ੍ਹਾਂ ਸਾਰਿਆਂ ਵਾਸਤੇ ਬੈਠੇ ਰਹੇ। ਡੇਢ ਵਜੇ ਤੋਂ ਪਿਛੋਂ ਦੀ ਚਰਨ ਕੰਵਲ ਦੀ ਚੋਕੀ ਦਾ ਵੇਲਾ ਹੋਇਆ ਜਾਣਕੇ ਸੁਖਦਾਈ ਸ਼ਬਦ ਦਾ ਤਦ ਭੋਗ ਪਾ ਦਿੱਤਾ॥੧੫॥

ਸਕਲ ਤੁਰੰਗਨਿ ਦਈ ਨਿਹਾਰੀ। ਮਾਰਗ ਸ੍ਰਮ ਸਗਰੋ ਨਿਰਵਾਰੀ।
ਸਾਵਧਾਨ ਬਨਿ ਤੁਰਨ ਸਾਰੇ। ਸਤਿਗੁਰ ਹੋਤਿ ਭਏ ਅਸਵਾਰੇ॥ ੧੬॥

ਸਾਰੇ ਘੋੜਿਆਂ ਨੂੰ ਨਿਹਾਰੀਆਂ ਖੁਵਾਈਆਂ ਤੇ ਰਸਤੇ ਦੀ ਸਾਰੀ ਥਕਾਵਟ ਦੂਰ ਕੀਤੀ। ਫਿਰ ਸਾਰੇ ਸਾਵਧਾਨ ਹੋ ਕੇ, ਸਤਿਗੁਰੂ ਜੀ ਘੋੜੇ ਤੇ ਸਵਾਰ ਹੋ ਗਏ॥੧੬॥

ਗਮਨਤਿ ਪੰਥ ਉਲੰਘਯੋ ਸਾਰਾ। ਤਬਿ ਸਤੁਦ੍ਰੱਵ ਕੋ ਕੂਲ ਨਿਹਾਰਾ।
ਸਨੇ ਸਨੇ ਉਤਰੇ ਸਭਿ ਪਾਰਾ। ਸਮੁਖ ਨਿਕਟਿ ਜਬਿ ਪਿਖੇ ਪਹਾਰਾ॥੧੭॥

ਚਲ ਕੇ ਸਾਰਾ ਪੈਂਡਾ ਲੰਘ ਗਏ, ਫਿਰ ਜਾ ਕੇ ਸਤਲੁਜ ਦਰਿਆ ਦੇ ਕੰਢੇ ਨੂੰ ਵੇਖਿਆ। ਹੌਲੀ-ਹੌਲੀ ਸਾਰੇ ਪਾਰ ਹੋ ਗਏ, ਜਦ ਨੇੜੇ ਹੀ ਸਾਹਮਣੇ ਪਹਾੜ ਵੇਖੇ॥੧੭॥

ਹੇਤੁ ਜਨਾਵਨ ਸੀਸ ਨਿਵਾਯੋ। ਦੇਖਤਿ ਬਿਧੀਏ ਬਾਕ ਅਲਾਯੋ।
'ਕਿਸ ਕੋ ਇਹਾਂ ਬੰਦਨਾ ਕੀਨਿ? ਕਰਹੁ ਬਤਾਵਨ ਪ੍ਰਭੂ ਪ੍ਰਬੀਨ!'॥ ੧੮॥

ਤਾਂ ਪ੍ਰੇਮ ਜਤਾਉਣ ਵਾਸਤੇ ਸਿਰ ਨਿਵਾਇਆ, ਇਹ ਵੇਖ ਕੇ ਬਿਧੀ ਚੰਦ ਨੇ ਕਿਹਾ, "ਏਥੇ ਕਿਸ ਨੂੰ ਬੰਦਨਾ ਕੀਤੀ ਹੈ? ਹੇ ਨਿਪੁੰਨ ਪ੍ਰਭੂ! ਮੈਨੂੰ ਇਸ ਬਾਰੇ ਸੁਣਾਓ"॥੧੮॥

ਸੁਨਿ ਸ੍ਰੀ ਹਰਿਗੋਵਿੰਦ ਬਖਾਨਾ। 'ਜਾਨਹੁ ਬਹੁ ਕਾਰਨ ਇਸਥਾਨਾ।
ਰਿਖਿ ਬਸਿਸ਼ਟ ਤਪ ਕੀਨਿ ਘਨੇਰੇ। ਸ਼ਤ ਸੁਤ ਮ੍ਰਿਤਕ ਸੁਨੇ ਜਿਸ ਬੇਰੇ॥੧੯॥

ਇਹ ਸੁਣ ਸ੍ਰੀ ਹਰਿਗੋਬਿੰਦ ਜੀ ਨੇ ਕਿਹਾ, "ਇਸ ਸਥਾਨ ਦੇ ਬਹੁਤ ਕਾਰਨ ਜਾਣੋ। ਏਥੇ ਵਸ਼ਿਸ਼ਟ ਰਿਖੀ ਨੇ ਬਹੁਤ ਤਪ ਕੀਤਾ ਸੀ, ਜਿਸ ਵੇਲੇ ਸੌ ਪੁਤਰਾਂ ਦੇ ਮਰਨ ਬਾਰੇ ਸੁਣਿਆ॥੧੯॥

ਬੂਡਨ ਲਗਯੋ ਨਦੀ ਇਸ ਮਾਂਹੀ। ਤਪ ਕੇ ਤੇਜ ਡੁਬਾਯੋ ਨਾਂਹੀ।
ਸੌ ਪ੍ਰਵਾਹ ਅਪਨੇ ਕਰਿ ਲੀਨੇ। ਸਭਿ ਥਲ ਮਹਿਂ ਲਘੁ ਜਲ ਕਰਿ ਦੀਨੇ॥੨੦॥

ਤਾਂ ਇਸ ਨਦੀ ਵਿਚ ਡੁੱਬਣ ਲੱਗਾ, ਪਰ ਤਪ ਦੇ ਤੇਜ ਕਰਕੇ ਡੁੱਬਿਆ ਨਹੀਂ। ਦਰਿਆ ਨੇ ਸੌ ਪ੍ਰਵਾਹ ਆਪਣੇ ਕਰ ਲਏ, ਸਭ ਥਾਈਂ ਪਾਣੀ ਬਹੁਤ ਘਟ ਕਰ ਦਿੱਤਾ॥੨੦॥

ਪੁਨਿਹ ਪਾਂਸ ਨਿਜ ਗਰ ਮੈਂ ਡਾਰੀ। ਗਿਰਯੋ ਅਪਰ ਸਲਿਤਾ ਕੇ ਬਾਰੀ।
ਤਿਸ ਨੇ ਪਾਂਸ ਕਟੀ ਰਿਖਿ ਜੋਵਾ। ਨਾਮ ਬਿਪਾਸਾ ਤਬਿ ਤੇ ਹੋਵਾ॥ ੨੧॥

ਫਿਰ ਆਪਣੇ ਗਲ ਵਿਚ ਫਾਂਸੀ ਪਾਈ। ਨਦੀ ਦੇ ਪਾਣੀ ਉੱਤੇ ਡਿੱਗ ਪਿਆ, ਦਰਿਆ ਨੇ ਉਸ ਨੂੰ ਰਿਖੀ ਵੇਖ ਕੇ ਫਾਂਸੀ ਕੱਟ ਦਿੱਤੀ, ਨਾਮ ਬਿਆਸਾ ਤਦ ਦਾ ਪਿਆ ਹੈ।

ਬਹੁਰ ਸੁਨਹੁ ਦੇਵੀ ਕੋ ਥਾਨ। ਜਗਤ ਈਸ਼ਰੀ ਅਸੁਰਨਿ ਹਾਨ।
ਦਸਮ ਰੂਪ ਧਰਿ ਜਬਿ ਹਮ ਰਹੈਂ। ਅਨਿਕ ਬਿਲਾਸ ਕਰਤਿ ਸੁਖ ਲਹੈਂ॥੨੨॥

ਫਿਰ ਸੁਣੋ ਇਹ ਦੇਵੀ ਦਾ ਸਥਾਨ ਹੈ, ਜਗਤ ਦੀ ਮਾਲਕ ਨੇ ਦੈਂਤਾਂ ਦਾ ਨਾਸ਼ ਕੀਤਾ ਸੀ। ਦਸਮ ਰੂਪ ਧਾਰ ਜਦ ਅਸੀਂ ਰਹਾਂਗੇ, ਅਨੇਕ ਬਿਲਾਸ ਕਰਕੇ ਸੁੱਖ ਪ੍ਰਾਪਤ ਕਰਾਂਗੇ॥੨੨॥

*ਨੋਟ : ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਸਿੱਖ ਦੇਵੀ ਦਾ ਤ੍ਰਿਸਕਾਰ ਕਰਦੇ ਸਨ, ਫਿਰ ਆਪ ਗੁਰੂ ਜੀ ਦੇਵੀ ਨੂੰ ਕਿਵੇਂ ਨਮਸਕਾਰ ਕਰ ਸਕਦੇ ਹਨ।*

ਅਬਿ ਤੇ ਭੀ ਰਣ ਕਰਹਿਂ ਬਡੇਰੇ। ਸ਼ੱਤ੍ਰ ਬਿਨਾਸ ਹੋਹਿਂ ਬਹੁਤੇਰੇ।
ਸਿਰਜਹਿਂ ਪੰਥ ਬੈਠਿ ਹਮ ਇਹਾਂ। ਜਿਸ ਕੋ ਤੇਜ ਵਧਹਿ ਜਗ ਮਹਾਂ॥੨੩॥

ਹੁਣ ਨਾਲੋਂ ਵੀ ਵੱਡੇ ਯੁੱਧ ਕਰਾਂਗੇ, ਸ਼ਤਰੂ ਦਾ ਬਹੁਤ ਵਿਨਾਸ਼ ਹੋਵੇਗਾ। ਏਥੇ ਬੈਠ ਕੇ ਅਸੀਂ ਪੰਥ ਦੀ ਸਿਰਜਣਾ ਕਰਾਂਗੇ, ਜਿਸ ਦਾ ਜਗਤ ਵਿਚ ਵੱਡਾ ਤੇਜ ਵਧੇਗਾ॥੨੩॥

ਤੁਰਕਨ ਕੋ ਕਰਿਕੈ ਸੰਘਾਰ। ਕਰਹਿਂ ਰਾਜ ਬਡ ਧਰਾ ਸੰਭਾਰਿ।
ਇੱਤ੍ਯਾਦਿਕ ਬਹੁ ਗਾਥ ਸੁਨਾਈ। ਮਾਰਗ ਚਲਤਿ ਗੁਰੂ ਸੁਖਦਾਈ॥੨੪॥

ਤੁਰਕਾਂ ਨੂੰ ਮਾਰ ਕੇ, ਸਾਰੀ ਧਰਤੀ ਸੰਭਾਲ ਕੇ ਆਪਣਾ ਰਾਜ ਕਰਨਗੇ।" ਇੱਤਆਦਿ ਬਹੁਤ ਗਾਥਾ ਸੁਣਾਈ, ਸੁਖਦਾਈ ਗੁਰੂ ਜੀ ਰਸਤੇ-ਰਸਤੇ ਚਲੇ ਜਾ ਰਹੇ ਸਨ॥੨੪॥

ਤਬਿ ਲੌ ਦੋਇ ਘਟੀ ਦਿਨ ਰਹ੍ਯੋ। ਦੋਇ ਕੋਸ ਕੀਰਤਪੁਰਿ ਲਹ੍ਯੋ।
ਤਹਾਂ ਪਿਸ਼ਾਬ ਕਰਨਿ ਕੇ ਹੇਤੁ। ਉਤਰ ਪਰੇ ਪ੍ਰਭੁ ਕ੍ਰਿਪਾ ਨਿਕੇਤ॥੨੫॥

ਤਦ ਤਕ ਦੋ ਘੜੀਆਂ ਦਿਨ ਰਹਿ ਗਿਆ, ਦੋ ਕੋਹ ਕੀਰਤਪੁਰ ਰਹਿ ਗਿਆ ਸੀ। ਉਥੇ ਪਿਸ਼ਾਬ ਕਰਨ ਵਾਸਤੇ, ਕਿਰਪਾ ਦੇ ਘਰ ਪ੍ਰਭੂ ਜੀ ਘੋੜੇ ਤੋਂ ਉਤਰ ਪਏ॥੨੫॥

ਬਿਧੀਚੰਦ ਨੇ ਪਕਰ੍ਯੋ ਘੋਰਾ। ਕਰਤਿ ਭਯੋ ਰੁਖ਼ ਸੋ ਜਲ ਓਰਾ।
ਲੇ ਤਿਨ ਆਗੇ ਪਾਨ ਕਰਾਵਾ। ਨਿਰਮਲ ਨੀਰ ਅਚ੍ਯੋ ਮਨ ਭਾਵਾ॥੨੬॥

ਬਿਧੀ ਚੰਦ ਨੇ ਘੋੜਾ ਫੜਿਆ। ਘੋੜਾ ਪਾਣੀ ਵਲ ਆਪਣਾ ਰੁਖ ਕਰਦਾ ਸੀ। ਬਿਧੀ ਚੰਦ ਨੇ ਘੋੜੇ ਨੂੰ ਅੱਗੇ ਕਰਕੇ ਪਾਣੀ ਪਿਲਾਇਆ। ਘੋੜੇ ਨੇ ਮਨ-ਭਾਉਂਦਾ ਨਿਰਮਲ ਜਲ ਪੀਤਾ॥੨੬॥

ਕਰਤਿ ਪਾਨ ਕੋ ਹਯ ਗਿਰ ਪਰ੍ਯੋ। ਹੇਰਤਿ ਖਰੇ ਤੁਰਤ ਹੀ ਮਰ੍ਯੋ।
ਰਣ ਮਹਿਂ ਲਗੇ ਘਾਵ ਗਨ ਭਾਰੇ। ਗੁਰ ਪਹੁੰਚਾਵਨ ਹੇਤੁ ਜਿਵਾਰੇ॥੨੭॥

ਪਾਣੀ ਪੀਂਦਾ ਘੋੜਾ ਡਿੱਗ ਪਿਆ, ਤੇ ਖੜੇ-ਖੜੇ ਵੇਖਦਿਆਂ ਘੋੜਾ ਤੁਰਤ ਮਰ ਗਿਆ। ਜੰਗ ਵਿਚ ਬਹੁਤ ਭਾਰੀ ਜ਼ਖਮ ਲੱਗੇ ਸਨ, ਗੁਰੂ ਜੀ ਨੂੰ ਪਹੁੰਚਾਉਣ ਵਾਸਤੇ ਜੀਉਂਦਾ ਰਿਹਾ ਸੀ॥੨੭॥

ਬਡੇ ਭਾਗ ਸੁਰ ਪੁਰਿ ਕੋ ਗਯੋ। ਨਾਮ ਜਾਨਭਾਈ ਜਿਸ ਭਯੋ।
ਲੋਹ ਸਵਾਮਣ ਜਾਹਿਂ ਸਰੀਰ। ਕਰਤਿ ਜੰਗ ਬੇਧ੍ਯੋ ਬਹੁ ਬੀਰ॥੨੮॥

ਵੱਡੇ ਭਾਗਾਂ ਵਾਲਾ ਘੋੜਾ ਸਵਰਗਾਂ ਨੂੰ ਚਲੇ ਗਿਆ, ਜਿਸ ਦਾ ਨਾਂ ਗੁਰੂ ਜੀ ਨੇ ਜਾਨ ਭਾਈ ਰਖਿਆ ਸੀ। ਜਿਸ ਨੇ ਆਪਣੇ ਸਰੀਰ ਉੱਤੇ ਸਵਾ ਮਣ ਲੋਹਾ ਹੀ ਧਾਰਨ ਕੀਤਾ ਹੋਇਆ ਸੀ, ਲੜਾਈ ਵਿਚ ਬਹੁਤ ਵਾਰ ਵਿੰਨ੍ਹਿਆ ਗਿਆ ਸੀ,

ਬਹੁਤ ਗਹਿਰੇ ਜ਼ਖ਼ਮ ਲੱਗੇ ਸਨ॥੨੮॥

ਅਵਰ ਤੁਰੰਗ ਗੁਰੂ ਚਢਿ ਚਲੇ। ਤਿਸ ਹਯ ਕੇ ਗੁਨ ਬਰਨਤਿ ਭਲੇ।
ਕੀਰਤਪੁਰਿ ਤਬਹੀ ਨਿਯਰਾਯੋ। ਪ੍ਰਵਿਸ਼ੇ ਪਿਖਿ ਕਹਿ 'ਭਲੇ ਵਸਾਯੋ' ॥੨੯॥

ਹੋਰ ਘੋੜੇ ਤੇ ਗੁਰੂ ਜੀ ਚੜ੍ਹ ਕੇ ਚਲ ਪਏ, ਉਸ ਘੋੜੇ ਦੇ ਭਲੇ ਗੁਣ ਵਰਣਨ ਕਰਦੇ ਸਨ। ਕੀਰਤਪੁਰ ਫਿਰ ਨੇੜੇ ਆ ਗਿਆ, ਪ੍ਰਵੇਸ਼ ਕਰਕੇ ਵੇਖ ਕੇ ਕਿਹਾ, "ਚੰਗਾ ਨਗਰ ਵਸਾਇਆ ਹੈ" ॥੨੯॥

ਬੁੱਢਨ ਸ਼ਾਹੁ ਨਿਕਟਿ ਚਲਿ ਗਏ। ਬੈਠਯੋ ਜਹਾਂ ਸਮਾਧੀ ਕਏ।
ਸਿਮਰਤ ਸ੍ਰੀ ਹਰਿਗੋਵਿੰਦ ਰੂਪ। 'ਦਿਹੁ ਦਰਸ਼ਨ ਅਬਿ ਆਨਿ ਅਨੂਪ' ॥੩੦॥

ਬੁੱਢਣ ਸ਼ਾਹ ਦੇ ਪਾਸ ਚਲ ਕੇ ਗਏ, ਜਿਥੇ ਉਹ ਸਮਾਧੀ ਲਾ ਕੇ ਬੈਠਾ ਸੀ। ਸ੍ਰੀ ਗੁਰੂ ਹਰਿਗੋਬਿੰਦ ਦੇ ਸਰੂਪ ਦਾ ਸਿਮਰਨ ਕਰਦਾ ਸੀ। ਕਹਿੰਦਾ ਸੀ, "ਹੇ ਅਨੂਪਮ ਗੁਰੂ ਜੀ! ਹੁਣ ਆ ਕੇ ਦਰਸ਼ਨ ਦੇਵੋ" ॥੩੦॥

ਕਿਹਯੋ 'ਆਇ ਮੈਂ ਹਰਿਗੋਵਿੰਦ। ਖੋਲਿ ਬਿਲੋਕਹੁ ਚਖ ਅਰਬਿੰਦ।
ਦੇਹੁ ਦਰਸ ਨਿਜ ਬਾਕ ਸੁਨਾਇ'। ਜਬਿ ਇਹੁ ਕਾਨ ਪਰੀ ਧੁਨਿ ਜਾਇ ॥੩੧॥

ਗੁਰੂ ਜੀ ਨੇ ਕਿਹਾ, "ਮੈਂ ਹਰਿਗੋਬਿੰਦ ਆ ਗਿਆ ਹਾਂ, ਕੰਵਲ ਨੈਣ ਖੋਲ੍ਹ ਕੇ ਵੇਖੋ। ਆਪਣੇ ਬਚਨ ਸੁਣਾ ਕੇ ਦਰਸ਼ਨ ਦੇਵੋ।" ਜਦ ਕੰਨਾਂ ਵਿਚ ਇਹ ਧੁਨੀ ਪਈ॥੩੧॥

ਅਧਿਕ ਅਨੰਦ ਤੇ ਨੈਨ ਉਘਾਰੇ। ਪਰਯੋ ਚਰਨ ਜਸੁ ਰੁਚਿਰ ਉਚਾਰੇ।
'ਨਮੋ ਨਮੋ ਤੁਮ ਕੋ ਜਗ ਸ੍ਵਾਮੀ! ਨਮੋ ਨਮੋ ਪ੍ਰਭੁ ਅੰਤਰਜਾਮੀ!॥ ੩੨॥

ਬੜੇ ਅਨੰਦ ਨਾਲ ਨੈਣ ਖੋਲ੍ਹੇ, ਚਰਨਾਂ ਤੇ ਪੈ ਗਿਆ ਤੇ ਸੁੰਦਰ ਜੱਸ ਉਚਾਰਨ ਕੀਤਾ, "ਹੇ ਜਗਤ ਦੇ ਸਵਾਮੀ! ਤੁਹਾਨੂੰ ਨਮਸਕਾਰ ਹੈ, ਹੇ ਪ੍ਰਭੂ ਅੰਤਰਜਾਮੀ ਤੁਹਾਨੂੰ ਨਮਸਕਾਰ ਹੈ॥੩੨॥

ਨਮੋ ਨਮੋ ਗਨ ਤੁਰਕਨਿ ਹਰਤਾ! ਨਮੋ ਨਮੋ ਉੱਜਲ ਜਸੁ ਕਰਤਾ।
ਸੱਚਿਦਾਨੰਦ ਸਰੂਪ ਤੁਮਾਰਾ। ਮੱਛ ਕੱਛ ਬਾਵਨ ਤਨ ਧਾਰਾ॥ ੩੩॥

ਬਹੁਤ ਤੁਰਕਾਂ ਨੂੰ ਮਾਰਨ ਵਾਲੇ! ਤੈਨੂੰ ਨਮਸਕਾਰ ਹੈ, ਉੱਜਲ ਜੱਸ ਦੇ ਕਰਤਾ! ਤੁਹਾਨੂੰ ਨਮਸਕਾਰ ਹੈ। ਸੱਚਿਦਾਨੰਦ ਤੁਹਾਡਾ ਸਰੂਪ ਹੈ, ਮੱਛ ਅਵਤਾਰ, ਕੱਛ ਅਵਤਾਰ ਅਤੇ ਬਾਵਨ ਅਵਤਾਰ ਤੁਸੀਂ ਧਾਰਨ ਕੀਤਾ॥੩੩॥

*ਨੋਟ : ਬਾਬਾ ਬੁੱਢਣ ਸ਼ਾਹ ਇਕ ਮੁਸਲਮਾਨ ਫ਼ਕੀਰ ਹੈ, ਉਹ ਪੌਰਾਣਿਕ ਮਹਿਮਾ ਕਿਵੇਂ ਕਰ ਸਕਦਾ ਹੈ। ਆਪਣੇ ਸਤਿਗੁਰੂ ਨੂੰ ਮੱਛੀ, ਕੱਛੂ, ਨਰ ਸਿੰਘ, ਰਾਮ ਚੰਦਰ, ਸ੍ਰੀ ਕ੍ਰਿਸ਼ਨ ਆਦਿ ਦੀ ਉਪਮਾ ਕਿਵੇਂ ਦੇ ਸਕਦਾ ਹੈ। ਇਹ ਅਢੁਕਵੀਂ ਉਪਮਾ ਬ੍ਰਾਹਮਣੀ ਦਬਾਅ ਦਾ ਫਲ ਹੈ ਜਿਹੜੀ ਯੋਗ ਨਹੀਂ।*

ਸੂਕਰ ਸ੍ਰੀ ਨਰਸਿੰਘ ਬਨੇ ਹੋ। ਰਾਮਚੰਦ ਸ੍ਰੀ ਕ੍ਰਿਸ਼ਨ ਭਨੇ ਹੋ।
ਸ੍ਰੀ ਨਾਨਕ ਸ੍ਰੀ ਅੰਗਦ ਅਮਰ। ਰਾਮ ਗੁਰੂ ਅਰਜਨ, ਰਚਿ ਸਮਰ ! ॥ ੩੪॥

ਸੂਰ ਤੇ ਸ੍ਰੀ ਨਰ ਸਿੰਘ ਬਣੇ ਹੋ, ਸ੍ਰੀ ਰਾਮਚੰਦਰ ਅਤੇ ਸ੍ਰੀ ਕ੍ਰਿਸ਼ਨ ਬਣ ਕੇ ਬੋਲੇ ਹੋ। ਸ੍ਰੀ ਗੁਰੂ ਨਾਨਕ, ਸ੍ਰੀ ਗੁਰੂ ਅੰਗਦ, ਸ੍ਰੀ ਗੁਰੂ ਅਮਰਦਾਸ, ਸ੍ਰੀ ਗੁਰੂ ਰਾਮਦਾਸ, ਸ੍ਰੀ ਗੁਰੂ ਅਰਜਨ ਦੇਵ ਬਣ ਕੇ ਯੁੱਧਾਂ ਦੇ ਰਚਨਹਾਰ ਬਣੇ ਹੋ॥੩੪॥

ਛਟਮ ਰੂਪ ਧਰਿ ਦਰਸ਼ਨ ਦੀਨਾ। ਮਮ ਕੱਲਯਾਨ ਸਕਲ ਬਿਧਿ ਕੀਨਾ।
ਘਾਵ ਸ਼੍ਰੋਣ ਜੁਤਿ ਅਧਿਕ ਸੁਹਾਏ। ਹਤਿ ਰਾਵਨ ਜਨੁ ਰਘੁਬਰ ਆਏ' ॥ ੩੫॥

ਛੇਵਾਂ ਰੂਪ ਧਾਰ ਕੇ ਦਰਸ਼ਨ ਦਿੱਤੇ ਹਨ, ਸਭ ਵਿਧੀਆਂ ਅਨੁਸਾਰ ਮੇਰਾ ਕਲਿਆਣ ਕੀਤਾ ਹੈ, ਜ਼ਖਮਾਂ ਅਤੇ ਲਹੂ ਸਹਿਤ ਜ਼ਿਆਦਾ ਸੁਹਾਏ ਹੋ ਮਾਨੋਂ ਰਾਵਣ ਨੂੰ ਮਾਰਨ ਵਾਸਤੇ ਰਾਮਚੰਦਰ ਬਣ ਕੇ ਆਏ ਹੋ" ॥੩੫॥

ਕਹਿ ਜਸੁ ਬਹੁ ਬਿਧਿ ਪਗ ਪਰ ਪਰਜੋ। ਗੁਰ ਗਹਿ ਭੁਜ ਗਰ ਲਾਵਨਿ ਕਰਜੋ।
ਸਕਲ ਆਸ ਪੂਰਨ ਤਬਿ ਭਈ। ਸਭਿ ਗਜਾਤਾ ਉਰ ਮਹਿਂ ਬਿਦਤਈ॥ ੩੬ ॥

ਜੱਸ ਕਹਿ ਕੇ ਬਹੁਤ ਵਿਧੀਆਂ ਨਾਲ ਚਰਨਾਂ ਤੇ ਪਿਆ, ਗੁਰੂ ਜੀ ਨੇ ਬਾਹਾਂ ਤੋਂ ਫੜ ਕੇ ਆਪਣੇ ਗਲ ਨਾਲ ਲਾ ਲਿਆ। ਤਦ ਸਾਰੀ ਆਸ ਪੂਰੀ ਹੋਈ। ਸਭ ਗਿਆਨ ਹਿਰਦੇ ਵਿਚ ਪ੍ਰਗਟ ਹੋ ਗਿਆ॥੩੬॥

ਸ੍ਰੀ ਗੁਰਦਿੱਤਾ ਤਬਿ ਚਲਿ ਆਯੋ। ਨਮੋ ਪਰਸਪਰ ਕਰਿ ਸੁਖ ਪਾਯੋ।
ਸਤਿਗੁਰ ਭਨਜੋ 'ਜਾਇਂ ਹਮ ਡੇਰੇ। ਇਹ ਅਬਿ ਬੈਠਹਿਂਗੇ ਢਿਗ ਤੇਰੇ' ॥ ੩੭ ॥

ਸ੍ਰੀ ਗੁਰਦਿੱਤਾ ਫਿਰ ਚਲ ਕੇ ਆ ਗਿਆ, ਆਪਸ ਵਿਚ ਨਮਸਕਾਰ ਕਰਕੇ ਸੁੱਖ ਪਾਇਆ। ਸਤਿਗੁਰੂ ਜੀ ਨੇ ਕਿਹਾ, "ਅਸੀਂ ਆਪਣੇ ਡੇਰੇ ਜਾਵਾਂਗੇ, ਇਹ ਹੁਣ ਤੁਹਾਡੇ ਪਾਸ ਬੈਠਣਗੇ" ॥੩੭॥

ਇਮ ਕਹਿ ਗਮਨ ਕੀਨਿ ਤਤਕਾਲਾ। ਜਾਤੀਮਲਕ ਬਿੱਪ੍ਰ ਲੇ ਨਾਲਾ।
ਉਤਰਿ ਸੈਲ ਤੇ ਸਦਨ ਪ੍ਰਵੇਸ਼ੇ। ਦਰਸ਼ਨ ਦੀਨਿ ਕੁਟੰਬ ਅਸ਼ੇਸ਼ੇ॥ ੩੮ ॥

ਇੰਝ ਕਹਿ ਕੇ ਤੁਰਤ ਉੱਠ ਕੇ ਚਲੇ ਗਏ, ਜਾਤੀ ਮਲਕ ਬ੍ਰਾਹਮਣ ਨੂੰ ਆਪਣੇ ਨਾਲ ਲਿਆ ਤੇ ਪਹਾੜ ਤੋਂ ਉਤਰ ਕੇ ਆਪਣੇ ਘਰ ਵਿਚ ਚਲੇ ਗਏ ਤੇ ਸਾਰੇ ਪਰਿਵਾਰ ਨੂੰ ਦਰਸ਼ਨ ਦਿੱਤੇ॥੩੮॥

ਕਟ ਕਸਿ ਤ੍ਰੌਦਸ਼ ਜਾਮ ਬਿਤਾਏ। ਸ਼ਸਤ੍ਰ ਬਸਤ੍ਰ ਸਭਿ ਅੰਗ ਲਗਾਏ।
ਦੋਇ ਘਰੀ ਊਪਰ ਬਿਤ ਜਬੈ। ਕਮਰ ਕਸਾ ਖੋਲਜੋ ਗੁਰ ਤਬੈ॥ ੩੯ ॥

ਕਮਰਕਸਾ ਕਰਕੇ ਤੇਰਾਂ ਪਹਿਰ ਬਤੀਤ ਕੀਤੇ, ਸ਼ਸਤਰ ਬਸਤਰ ਸਭ ਅੰਗ ਨੂੰ ਲਾਏ। ਦੋ ਘੜੀਆਂ ਜਦ ਉਪਰ ਬੀਤੀਆਂ, ਗੁਰੂ ਜੀ ਨੇ ਫਿਰ ਕਮਰਕਸਾ ਖੋਲ੍ਹ ਦਿੱਤਾ॥੩੯॥

ਸ਼ਸਤ੍ਰ ਬਸਤ੍ਰ ਸਭਿ ਧਰੇ ਉਤਾਰੀ। ਕੀਨਿ ਸ਼ਨਾਨ ਲੀਨਿ ਬਹੁ ਬਾਰੀ।
ਤੀਰ ਆਦਿ ਕੇ ਘਾਵ ਬਿਸਾਲਾ। ਲਗੇ ਬਹੱਤਰ ਜਾਬਿ ਰਣ ਘਾਲਾ॥ ੪੦ ॥

ਸ਼ਸਤਰ ਬਸਤਰ ਜਿਹੜੇ ਧਾਰਨ ਕੀਤੇ ਸਨ ਸਭ ਉਤਾਰ ਦਿੱਤੇ ਤੇ ਬਹੁਤ ਪਾਣੀ ਲੈ ਕੇ ਇਸ਼ਨਾਨ ਕੀਤਾ। ਤੀਰਾਂ ਆਦਿ ਦੇ ਵਿਸ਼ਾਲ ਜ਼ਖਮ ਲੱਗੇ ਸਨ ਜਦ ਰਣਖੇਤਰ ਵਿਚ ਯੁੱਧ ਕੀਤਾ ਸੀ ਤਾਂ ਐਸੇ ਬਹੱਤਰ ਜ਼ਖਮ ਲੱਗੇ ਸਨ॥੪੦॥

ਕਮਰਕਸਾ ਖੋਲਤਿ ਗਨ ਗਿਨੇ। ਸੁਨੇ ਸਭਿ ਬਿਸਮੇ ਸੇਵਕ ਭਨੇ।
ਚਤੁਰ ਘਟੀ ਜਬਿ ਜਾਮਨਿ ਗਈ। ਕਰਿ ਭੋਜਨ ਦ੍ਰਿਗ ਨਿੰਦ੍ਰਾ ਲਈ॥ ੪੧ ॥

ਕਮਰਕਸਾ ਖੋਲ੍ਹ ਕੇ ਇਨ੍ਹਾਂ ਸਾਰੇ ਜ਼ਖਮਾਂ ਨੂੰ ਗਿਣਿਆ। ਜਦ ਸਭ ਸੇਵਕਾਂ ਨੇ ਸੁਣਿਆਂ ਤਾਂ ਉਹ ਬਹੁਤ ਹੈਰਾਨ ਹੋਏ। ਚਾਰ ਘੜੀ ਜਦ ਰਾਤ ਗਈ ਤਾਂ ਭੋਜਨ ਕਰਕੇ ਅੱਖਾਂ ਨੇ ਨੀਂਦ ਲਈ॥੪੧॥

ਅਪਰ ਸਰਬ ਹੀ ਕਰਿ ਕਰਿ ਖਾਨ। ਸੁਪਤਿ ਭਏ ਕਰਿ ਚਿੰਤਾ ਹਾਨਿ।
ਉਤ ਬੁੱਢਣ ਢਿਗ ਬਾਬਾ ਥਿਰੇ। ਭਗਤਿ ਗਜਾਨ ਕੀ ਚਰਚਾ ਕਰੇ॥ ੪੨ ॥

ਹੋਰ ਸਾਰੇ ਖਾਣਾ ਖਾ ਕੇ ਚਿੰਤਾ ਦੂਰ ਕਰਕੇ ਸੌਂ ਗਏ। ਓਧਰ ਬਾਬਾ ਬੁੱਢਣ ਸ਼ਾਹ ਪਾਸ ਸ੍ਰੀ ਗੁਰਦਿੱਤਾ ਜੀ ਬੈਠੇ ਸਨ। ਭਗਤੀ ਗਿਆਨ ਤੇ ਚਰਚਾ ਕੀਤੀ॥੪੨॥

ਸਤਿਗੁਰ ਕੇ ਗੁਨ ਬਰਨਤਿ ਰਹੇ। ਜਿਨ ਕੇ ਸੁਨਿ ਸਿਖ ਦੁਰਮਤਿ ਦਹੇ।
ਸ੍ਰੀ ਗੁਰਦਿੱਤੇ ਸੰਗ ਉਚਾਰਾ। 'ਜਿਸ ਛਿਨ ਛੂਟੇ ਸਰੀਰ ਤੁਮਾਰਾ॥ ੪੩ ॥

ਸਤਿਗੁਰੂ ਜੀ ਦੇ ਗੁਣ ਵਰਣਨ ਕਰਦੇ ਰਹੇ, ਜਿਨ੍ਹਾਂ ਨੂੰ ਸੁਣ ਕੇ ਸਿੱਖਾਂ ਦੀ ਭੈੜੀ ਮੱਤ ਦਾ ਨਾਸ਼ ਹੁੰਦਾ ਹੈ। ਬਾਬਾ ਬੁੱਢਣ ਸ਼ਾਹ ਨੂੰ ਸ੍ਰੀ ਗੁਰਦਿੱਤੇ ਨੇ ਕਿਹਾ, 'ਜਿਸ ਵੇਲੇਂ ਤੁਹਾਡੇ ਪ੍ਰਾਣ ਨਿਕਲਣ॥੪੩॥

ਕਰੁਨਾ ਕਰਿ ਇਤ ਹੀ ਥਲ ਆਇ। ਬਨਿਹ ਦੇਹੁਰਾ ਸਭਿ ਸੁਖਦਾਇ।
ਪ੍ਰਾਨ ਅੰਤ ਕੋ ਸਮਾ ਪਹੂਚਾ। ਪਾਯੋ ਗੁਰੂ ਦਰਸ਼ਨ ਚਿਤ ਰੂਚਾ॥ ੪੪॥

ਕਿਰਪਾ ਕਰਕੇ ਇਸ ਹੀ ਥਾਂ ਆ ਜਾਓ, ਤੁਹਾਡਾ ਸੁਖਦਾਈ ਦੇਹੁਰਾ ਬਣੇਗਾ। ਪ੍ਰਾਣਾਂ ਦਾ ਅੰਤ ਦਾ ਸਮਾ ਪਹੁੰਚਿਆ ਹੈ, ਗੁਰੂ ਜੀ ਦੇ ਦਰਸ਼ਨ ਪਾਉਣ ਦੀ ਰੁਚੀ ਹੈ' ॥੪੪॥

ਕਹਤਿ ਸੁਨਤਿ ਇਸ ਭਾਂਤਿ ਸੁ ਬਾਨੀ। ਤੀਨ ਜਾਮ ਤਬਿ ਨਿਸਾ ਬਿਹਾਨੀ।
ਗੁਰੂ ਅਰਾਧਨ ਕੇ ਹ੍ਵੈ ਤਤਪਰ। ਮਹਾਂ ਤਾਪਸੀ ਬੈਸ ਬਡੀ ਧਰਿ॥ ੪੫॥

ਇਸ ਪ੍ਰਕਾਰ ਬਾਣੀ ਕਹਿ ਸੁਣ ਕੇ, ਤਿੰਨ ਪਹਿਰ ਫਿਰ ਰਾਤ ਬੀਤ ਗਈ। ਗੁਰੂ ਜੀ ਦੀ ਆਰਾਧਣਾ ਕਰਨ ਵਾਸਤੇ ਤਿਆਰ ਹੋ ਗਿਆ। ਮਹਾਂ ਤਪਸਵੀ ਨੇ ਵੱਡੀ ਉਮਰ ਧਾਰਨ ਕੀਤੀ ਹੈ॥੪੫॥

*ਅੱਠਵੀਂ ਰਾਸ ਦਾ ਤੇਤੀਵਾਂ ਅਧਿਆਇ ਸਮਾਪਤ ਹੋਇਆ॥੩੩॥*

## ਅਧਿਆਇ ਚੌਤੀਵਾਂ

*ਬਾਦਸ਼ਾਹ ਨੂੰ ਹਾਰ ਦੀ ਖ਼ਬਰ*

ਦੋਹਰਾ- ਸ੍ਰੀ ਗੁਰ ਹਰਿਗੋਬਿੰਦ ਜੀ ਕੀਨੋ ਸੌਚ ਸ਼ਨਾਨ।
ਪਹੁੰਚੇ ਬੱਢਣਸ਼ਾਹ ਢਿਗ ਭਗਤ ਆਪਨੋ ਜਾਨਿ॥ ੧॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਸੌਚ ਇਸ਼ਨਾਨ ਕੀਤਾ ਫਿਰ ਬੁੱਢਣ ਸ਼ਾਹ ਪਾਸ ਪਹੁੰਚ ਗਏ, ਉਸ ਨੂੰ ਆਪਣਾ ਭਗਤ ਜਾਣਿਆ॥੧॥

ਚੌਪਈ- ਦੇਖਤਿ ਬੰਦੇ ਪਦ ਅਰਬਿੰਦਾ। 'ਧੰਨ ਧੰਨ ਤੁਮ ਕੋ ਸੁਖ ਕੰਦਾ!
ਅੰਤ ਸਮੇਂ ਮੁਝ ਦਰਸ਼ਨ ਦੀਨ। ਕਰਜੋ ਕ੍ਰਿਤਾਰਥ ਸੰਕਟ ਹੀਨ॥੨॥

ਬੁੱਢਣ ਸ਼ਾਹ ਨੇ ਵੇਖ ਕੇ ਚਰਨ ਕੰਵਲਾਂ ਤੇ ਬੰਦਨਾ ਕੀਤੀ ਤੇ ਕਿਹਾ 'ਸੁਖਾਂ ਦੇ ਮੂਲ! ਤੁਸੀਂ ਧੰਨ ਹੋ, ਮੇਰੇ ਅੰਤ ਸਮੇਂ ਤੁਸੀਂ ਦਰਸ਼ਨ ਦਿੱਤੇ ਹਨ ਕ੍ਰਿਤਾਰਥ ਕਰਕੇ ਮੇਰਾ ਸੰਕਟ ਦੂਰ ਕੀਤਾ ਹੈ' ॥੨॥

ਸੁਨਿ ਕਰਿ ਸਤਿਗੁਰ ਬਾਕ ਉਚਾਰਾ। 'ਜੀਵਨ ਕੋ ਚਿਤ ਚਹਿ ਜਿ ਤੁਮਾਰਾ।
ਪਿਖਹੁ ਅਪਰ ਕੁਛ ਜਗਤ ਤਮਾਸ਼ਾ। ਕਰਹੁ ਆਪਨੀ ਪੂਰਨ ਆਸਾ॥ ੩॥

ਇਹ ਸੁਣ ਕੇ ਸਤਿਗੁਰੂ ਜੀ ਨੇ ਬਚਨ ਕੀਤਾ, "ਜੇ ਤੁਹਾਡਾ ਹੋਰ ਜੀਉਣ ਨੂੰ ਜੀਅ ਕਰਦਾ ਹੈ ਤਾਂ ਕੁਝ ਹੋਰ ਜਗਤ ਦਾ ਤਮਾਸ਼ਾ ਵੇਖ ਲਵੋ, ਆਪਣੀ ਆਸ ਪੂਰੀ ਕਰੋ" ॥੩॥

ਹਾਥ ਜੋਰਿ ਤਬਿ ਸਕਲ ਸੁਨਾਈ। 'ਬਰਖ ਪੰਚ ਸੈ ਬੈਸ ਬਿਤਾਈ।
ਐਸੋ ਸਮਾਂ ਨ ਪ੍ਰਾਪਤ ਫੇਰੀ। ਭਏ ਦ੍ਰਿਸ਼ਟਿ ਗੋਚਰ ਤੁਮ ਮੇਰੀ॥ ੪॥

ਹੱਥ ਜੋੜ ਕੇ ਫਿਰ ਸਾਰੀ ਗੱਲ ਸੁਣਾਈ, "ਮੈਂ ਪੰਜ ਸੌ ਸਾਲ ਉਮਰ ਬਤੀਤ ਕੀਤੀ ਹੈ, ਫਿਰ ਐਸਾ ਸਮਾਂ ਪ੍ਰਾਪਤ ਨਹੀਂ ਹੋਵੇਗਾ, ਹੁਣ ਤੁਸੀਂ ਮੇਰੀ ਦ੍ਰਿਸ਼ਟੀ ਦੇ ਸਾਹਮਣੇ ਹੋ॥੪॥

ਮਹਾਂ ਤਾਪਸੀ ਜੋਗੀ ਘਨੇ। ਤਜਿ ਸੁਖ ਜਗ, ਬੈਰਾਗੀ ਬਨੇ।
ਅੰਤ ਸਮੇਂ ਮਹਿਂ ਦਰਸ ਤੁਮਾਰਾ। ਚਾਹਤਿ, ਨਹਿਂ ਪ੍ਰਾਪਤਿ ਤਿਸ ਬਾਰਾ॥ ੫॥

ਮਹਾਂ ਤਪਸਵੀ ਅਤੇ ਵੱਡੇ-ਵੱਡੇ ਜੋਗੀ, ਜਗਤ ਦੇ ਸਾਰੇ ਸੁੱਖ ਛੱਡ ਵੈਰਾਗੀ ਬਣਦੇ ਹਨ। ਅੰਤ ਸਮੇਂ ਉਹ ਤੁਹਾਡੇ ਦਰਸ਼ਨ ਚਾਹੁੰਦੇ ਹਨ, ਪਰ ਉਸ ਸਮੇਂ ਪ੍ਰਾਪਤ ਨਹੀਂ ਹੁੰਦੇ ਹਨ॥੫॥

ਨੇਤਿ ਨੇਤਿ ਜਿਸ ਬੇਦ ਪੁਕਾਰੇ। ਸ਼ੇਖ ਸਾਰਦਾ ਪਾਇਂ ਨ ਪਾਰੇ।
ਸੋ ਤੁਮ ਨਿਕਟਿ, ਭਾਗ ਬਡ ਮੇਰੇ। ਇਮ ਕਹਿ ਬੰਦਨ ਕਰਿ ਤਿਸ ਬੇਰੇ॥ ੬॥

ਬੇਅੰਤ-ਬੇਅੰਤ ਜਿਸ ਨੂੰ ਵੇਦ ਪੁਕਾਰਦੇ ਹਨ, ਸ਼ੇਸ਼ਨਾਗ ਤੇ ਸ਼ਾਰਦਾ ਜਿਸ ਦਾ ਪਾਰ ਨਹੀਂ ਪਾ ਸਕਦੇ। ਉਹ ਤੁਸੀਂ ਮੇਰੇ ਪਾਸ ਹੋ ਮੇਰੇ ਵੱਡੇ ਭਾਗ ਹਨ।" ਇਹ ਕਹਿ ਕੇ ਉਸ ਸਮੇਂ ਬੰਦਨਾ ਕੀਤੀ॥੬॥

ਅਵਨੀ ਤਲ ਮਹਿਂ ਪੌਢਨ ਕੀਨਿ। ਭੌਤਕ ਤਨ ਤਤਛਿਨ ਤਜਿ ਦੀਨ।
ਜਿਮ ਗਜ ਫੂਲ ਮਾਲ ਕੋ ਡਾਰੇ। ਬਿਨ ਸੰਕਟ ਤਿਮ ਤਜਜੋ ਸੁਖਾਰੇ॥ ੭॥

ਧਰਤੀ ਦੇ ਤਲ ਤੇ ਲੰਮਾ ਪੈ ਗਿਆ ਤੇ ਪੰਜ ਭੂਤਕ ਸਰੀਰ ਨੂੰ ਤੁਰਤ ਛੱਡ ਦਿੱਤਾ, ਜਿਵੇਂ ਹਾਥੀ ਫੁੱਲਾਂ ਦੀ ਮਾਲਾ ਡਾਲ ਦਿੰਦਾ ਹੈ। ਕਿਸੇ ਸੰਕਟ ਤੋਂ ਬਗੈਰ ਆਸਾਨੀ ਨਾਲ ਹੀ ਸਰੀਰ ਛੱਡ ਦਿੱਤਾ॥੭॥

ਸਤਿਗੁਰ ਬਿਖੈ ਲੀਨ ਹੁਇ ਗਯੋ। ਪੁਨ ਬਾਬਕ ਤਹਿਂ ਪਹੁੰਚਤਿ ਭਯੋ।
ਆਸਾਵਾਰ ਗਾਇਬੋ ਕੀਨਿ। ਪਾਰਬ੍ਰਹਮ ਸਿਫਤੀ ਸੁਖ ਚੀਨਿ॥ ੮॥

ਸਤਿਗੁਰ ਵਿਚ ਲੀਨ ਹੋ ਗਿਆ, ਫਿਰ ਬਾਬਕ ਰਾਗੀ ਉਥੇ ਪਹੁੰਚ ਗਿਆ ਆਸਾ ਦੀ ਵਾਰ ਦਾ ਗਾਇਣ ਕੀਤਾ, ਪਾਰਬ੍ਰਹਮ ਦੀਆਂ ਸਿਫਤਾਂ ਵਿਚ ਸੁਖ ਪਾਇਆ॥੮॥

ਭਈ ਪ੍ਰਭਾਤਿ ਕਬਰ ਖਨਵਾਇ। ਆਛੀ ਬਿਧਿ ਤਿਸ ਕੋ ਦਫਨਾਇ।
ਬਿਧੀਆ ਸ੍ਰੀ ਗੁਰਦਿੱਤਾ ਸਾਥ। ਸਭਿਹਿਨਿ ਸੰਗ ਲਏ ਤਬਿ ਨਾਥ॥ ੯॥

ਸਵੇਰ ਹੋਈ ਤਾਂ ਕਬਰ ਖੁਦਵਾਈ, ਅੱਛੀ ਵਿਧੀ ਅਨੁਸਾਰ ਉਸ ਨੂੰ ਦਫਨ ਕੀਤਾ ਗਿਆ। ਬਿਧੀ ਚੰਦ ਅਤੇ ਸ੍ਰੀ ਗੁਰਦਿੱਤਾ ਆਦਿ ਸਾਰਿਆਂ ਨੂੰ ਗੁਰੂ ਜੀ ਨੇ ਆਪਣੇ ਨਾਲ ਲਿਆ॥੯॥

ਕੀਰਤਪੁਰਿ ਨਿਕੇਤ ਕੋ ਆਏ। ਅਨਿਕ ਪ੍ਰਕਾਰਨਿ ਬਾਕ ਸੁਨਾਏ।
ਬਸ ਕਰਿ ਬਹੁਤੇ ਦਿਵਸ ਗੁਜ਼ਾਰੇ। ਸਿੱਖ ਹਜ਼ਾਰਹੁਂ ਜਗ ਨਿਸਤਾਰੇ॥ ੧੦॥

ਫਿਰ ਕੀਰਤਪੁਰ ਆਪਣੇ ਘਰ ਨੂੰ ਆ ਗਏ, ਅਨੇਕ ਪ੍ਰਕਾਰ ਦੇ ਬਚਨ ਸੁਣਾਏ, ਵਸ ਕੇ ਬਹੁਤ ਦਿਨ ਗੁਜ਼ਾਰੇ, ਜਗਤ ਵਿਚ ਹਜ਼ਾਰਾਂ ਸਿੱਖਾਂ ਦਾ ਕਲਿਆਣ ਕੀਤਾ॥੧੦॥

ਧੀਰਮੱਲ ਰਹਿ ਪੁਰਿ ਕਰਤਾਰਾ। ਸਭਿ ਗੁਰੁ ਕੇ ਸੁ ਸਮਾਜ ਸੰਭਾਰਾ।
ਡਰ ਧਰਿ ਤੁਰਕੇਸ਼ੁਰ ਕੋ ਮਨ ਮੈਂ। ਪਾਤੀ ਲਿਖਤਿ ਭਯੋ ਤਿਸ ਛਿਨਿ ਮੈਂ॥ ੧੧॥

ਧੀਰ ਮੱਲ ਕਰਤਾਰਪੁਰ ਵਿਚ ਹੀ ਰਹਿ ਗਿਆ, ਗੁਰੂ ਜੀ ਦੇ ਸਾਰੇ ਸਾਮਾਨ ਨੂੰ ਉਸ ਸੰਭਾਲ ਲਿਆ, ਭਾਵ ਕਬਜ਼ਾ ਕਰ ਲਿਆ। ਤੁਰਕਾਂ ਦੇ ਬਾਦਸ਼ਾਹ ਦਾ ਡਰ ਮੰਨ ਕੇ, ਉਸ ਨੂੰ ਉਸੇ ਵੇਲੇ ਚਿੱਠੀ ਲਿਖ ਦਿੱਤੀ॥੧੧॥

'ਹਮ ਹਮੇਸ਼ ਹਜ਼ਰਤ ਅਨੁਸਾਰੀ। ਜਥਾ ਅਪਰ ਖ਼ਲਕਤ ਹੈ ਸਾਰੀ'।
ਪਠਜੋ ਦੂਤ ਲਵਪੁਰਿ ਕੋ ਧਾਯੋ। ਆਗੈ ਸਕਲ ਸ਼ਾਹੁ ਸੁਨਿ ਪਾਯੋ॥ ੧੨ ॥

"ਮੈਂ ਸਦਾ ਹੀ ਬਾਦਸ਼ਾਹ ਦੀ ਆਗਿਆ ਅਨੁਸਾਰ ਹਾਂ, ਜਿਵੇਂ ਹੋਰ ਸਾਰੀ ਖਲਕਤ ਹੈ।" ਇਕ ਦੂਤ ਨੂੰ ਲਾਹੌਰ ਨੂੰ ਭੇਜਿਆ। ਬਾਦਸ਼ਾਹ ਨੇ ਪਹਿਲਾਂ ਹੀ ਸਾਰੀ ਗੱਲ ਸੁਣ ਰਖੀ ਸੀ॥੧੨॥

ਜੇ ਕਾਤੁਰ ਭਾਜੇ ਧਰਿ ਤ੍ਰਾਸ। ਕਹਜੋ ਜਾਇ ਕਾਲੇ ਖਾਂ ਨਾਸ।
'ਕੁਤਬਾ, ਪੈਂਦਖਾਨ, ਅਸਮਾਨ। ਅਨਵਰ ਸਹਿਤ ਚਮੂੰ ਸਭਿ ਹਾਨਿ' ॥ ੧੩ ॥

ਜੇ ਕਾਇਰ ਡਰ ਕੇ ਭੱਜ ਗਿਆ ਹੋਵੇ ਤਾਂ ਕਾਲੇ ਖਾਂ ਦਾ ਨਾਸ਼ ਹੋਣਾ ਕਿਹਾ ਜਾ ਸਕਦਾ ਹੈ। ਕੁਤਬ ਖਾਨ, ਪੈਂਦੇ ਖਾਨ, ਅਸਮਾਨ ਖਾਨ ਤੇ ਅਨਵਰ ਖਾਨ ਸਮੇਤ ਸਾਰੀ ਫੌਜ ਮਾਰ ਦਿੱਤੀ ਹੈ" ॥੧੩॥

ਸੁਨਤਿ ਸ਼ਾਹਿ ਦਹਿਲਜੋ, ਬਿਸਮਾਨਜੋ। ਖਾਂ ਵਜ਼ੀਰ ਕੇ ਸੰਗ ਬਖਾਨਜੋ।
'ਹੋਤਿ ਅਚੰਭਾ ਮਮ ਉਰ ਮਾਂਹੀ। ਕਾਰਜ ਸਰਜੋ ਨ ਕੁਛੁ ਦਲ ਪਾਂਹੀ॥ ੧੪ ॥

ਇਹ ਸੁਣ ਕੇ ਬਾਦਸ਼ਾਹ ਬਹੁਤ ਡਰਿਆ ਤੇ ਹੈਰਾਨ ਹੋਇਆ ਤੇ ਵਜ਼ੀਰ ਖਾਨ ਨੂੰ ਕਹਿਣ ਲੱਗਾ, "ਮੇਰੇ ਦਿਲ ਵਿਚ ਬਹੁਤ ਅਚੰਭਾ ਹੋਇਆ ਹੈ ਸਾਰੇ ਦਲ ਪਾਸੋਂ ਕੁਝ ਵੀ ਕਾਰਜ ਨਹੀਂ ਸਰਿਆ ਹੈ॥੧੪॥

ਕੁਛਕ ਊਨ ਇਕ ਲੱਛ ਪਠਾਏ। ਸੋ ਗੁਰ ਰਣ ਕਰਿ ਛਿਤ ਸੁਪਤਾਏ।
ਦਲ ਕੋ ਬਲ ਕੋ ਕਰਿ ਹੰਕਾਰ। ਗਏ ਜੰਗ ਕੋ ਪਾਇਸੁ ਹਾਰ' ॥ ੧੫ ॥

ਇਕ ਲੱਖ ਤੋਂ ਕੁਝ ਹੀ ਘੱਟ ਲਸ਼ਕਰ ਭੇਜਿਆ ਸੀ, ਉਹ ਗੁਰੂ ਨੇ ਯੁੱਧ ਕਰਕੇ ਰਣਖੇਤਰ ਵਿਚ ਧਰਤੀ ਤੇ ਲਿਟਾ ਦਿੱਤਾ। ਦਲ ਦੇ ਬਲ ਦਾ ਹੰਕਾਰ ਕਰਕੇ, ਜੰਗ ਕਰਨ ਗਏ ਸੀ ਤੇ ਹਾਰ ਗਏ" ॥੧੫॥

ਸੁਨਿ ਕਰਿ ਖਾਂ ਵਜ਼ੀਰ ਤਬਿ ਬੋਲਾ 'ਹਜ਼ਰਤ ਜੀ ਰਾਵਰਿ ਚਿਤ ਡੋਲਾ।
ਹੁਤੇ ਸ਼ਾਹੁ ਜਿਮ ਬਡੇ ਤੁਮਾਰੇ। ਸੇਵਤਿ ਗੁਰੁ ਪਗ ਸਿਜਦਾ ਧਾਰੇ॥ ੧੬ ॥

ਇਹ ਸੁਣ ਕੇ ਵਜ਼ੀਰ ਖਾਂ ਬੋਲਿਆ, "ਹਜ਼ਰਤ ਜੀ ਆਪ ਜੀ ਦਾ ਚਿੱਤ ਡੋਲ ਗਿਆ ਹੈ, ਤੁਹਾਡੇ ਵਡੇਰੇ ਜਿਹੜੇ ਬਾਦਸ਼ਾਹ ਹੋਏ ਹਨ ਉਹ ਗੁਰੂ ਜੀ ਦੇ ਚਰਨਾਂ ਤੇ ਸਿਜਦਾ ਕਰਕੇ ਪੂਜਦੇ ਸਨ॥੧੬॥

ਕਰਿ ਪ੍ਰਸੰਨ ਬਰ ਸਭਿ ਨੇ ਪਾਏ। ਸਕਲ ਸਮਾਜ ਲਏ ਮਨ ਭਾਏ।
ਸ੍ਰੀ ਨਾਨਕ ਸੰਗ ਬਾਬਰ ਮੇਲਾ। ਰਾਜ ਤੇਜ ਬਰ ਲੀਨਿ ਸੁਹੇਲਾ॥ ੧੭ ॥

ਪ੍ਰਸੰਨ ਕਰ ਕੇ ਸਾਰਿਆਂ ਨੇ ਵਰ ਪਾਏ, ਸਾਰਾ ਮਨ ਭਾਉਂਦਾ ਸਾਰੇ ਸਾਮਾਨ ਪ੍ਰਾਪਤ ਕੀਤਾ। ਗੁਰੂ ਨਾਨਕ ਜੀ ਨਾਲ ਬਾਬਰ ਜੀ ਦਾ ਮੇਲ ਹੋਇਆ। ਉਸ ਰਾਜ ਤਾਜ ਦਾ ਵਰ ਆਸਾਨੀ ਨਾਲ ਲੈ ਲਿਆ॥੧੭॥

ਸ਼ਾਹੁ ਹਮਾਉਂ ਜਬਹਿ ਨਿਕਾਸਾ। ਪਹੁੰਚਜੋ ਸ੍ਰੀ ਅੰਗਦ ਕੇ ਪਾਸਾ।
ਤਿਨ ਕੇ ਬਰ ਲੇ ਕਰਿ ਪਤਿਸ਼ਾਹੀ। ਕਰਜੋ ਰਾਜ ਬਡ ਅਵਿਨੀ ਮਾਂਹੀ॥ ੧੮ ॥

ਜਦ ਬਾਦਸ਼ਾਹ ਹਮਾਯੂੰ ਨੂੰ ਦਿੱਲੀ ਵਿਚੋਂ ਕੱਢ ਦਿੱਤਾ ਤਾਂ ਸ੍ਰੀ ਗੁਰੂ ਅੰਗਦ ਦੇਵ ਪਾਸ ਪਹੁੰਚਿਆ। ਉਨ੍ਹਾਂ ਪਾਸੋਂ ਵਰ ਲੈ ਕੇ ਉਸ ਬਾਦਸ਼ਾਹੀ ਪ੍ਰਾਪਤ ਕੀਤੀ। ਵੱਡੀ ਧਰਤੀ ਉਤੇ ਰਾਜ ਕੀਤਾ॥੧੮॥

ਸੁਮਤਿਵੰਤਿ ਬਡ ਅਕਬਰ ਭਏ। ਸ੍ਰੀ ਗੁਰ ਅਮਰ ਅਰਾਧਨਿ ਕਿਏ।
ਗੜ੍ਹ ਚਿਤੌੜ ਤਿਨ ਬਚ ਤੇ ਟੂਟਜੋ। ਦ੍ਵਾਦਸ਼ ਬਰਖਨਿ ਜੋ ਨਹਿਂ ਛੂਟਜੋ॥ ੧੯ ॥

ਮਹਾਨ ਅਕਬਰ ਵੱਡੀ ਬੁਧੀ ਵਾਲੇ ਹੋਏ ਹਨ, ਉਨ੍ਹਾਂ ਗੁਰੂ ਅਮਰਦਾਸ ਜੀ ਦੀ ਆਰਾਧਨਾ ਕੀਤੀ। ਚਿਤੌੜ ਦਾ ਗੜ੍ਹ ਗੁਰੂ ਜੀ ਦੇ ਬਚਨਾ ਨਾਲ ਟੁੱਟਾ, ਜਿਹੜਾ ਕਿ ਬਾਰਾਂ ਸਾਲ ਦੀ ਘੇਰਾਬੰਦੀ ਦੇ ਬਾਵਜੂਦ ਵੀ ਟੁੱਟ ਨਹੀਂ ਸੀ ਸਕਿਆ॥੧੯॥

ਮਿਲਿ ਕਰਿ ਭੇਟ ਪਰਗਣਾ ਕੀਨਿ। ਤਿਨ ਪ੍ਰਸੰਨਤਾ ਤੇ ਸੁਖ ਲੀਨ।
ਪੁਨ ਸ਼੍ਰੀ ਅਰਜਨ ਹਰਿ ਗੋਵਿੰਦ। ਮਿਲ੍ਯੋ ਪਦਰ ਤੁਵ ਦ੍ਵੈ ਕਰ ਬੰਦਿ॥੨੦॥

ਉਸ ਨੇ ਗੁਰੂ ਜੀ ਨੂੰ ਮਿਲ ਕੇ ਇਕ ਪਰਗਣਾ ਭੇਟ ਕੀਤਾ, ਉਨ੍ਹਾਂ ਦੀ ਪ੍ਰਸੰਨਤਾ ਲੈ ਕੇ ਸੁੱਖ ਪਾਇਆ। ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਹਰਿਗੋਬਿੰਦ ਤੁਹਾਡੇ ਪਿਤਾ ਜੀ ਉਨ੍ਹਾਂ ਨੂੰ ਦੋਵੇਂ ਹੱਥ ਜੋੜ ਕੇ ਮਿਲੇ॥੨੦॥

ਸਾਢਸਤੀ ਆਦਿਕ ਦੁਖ ਭਾਰੇ। ਗੁਰ ਪ੍ਰਸੰਨ ਕਰਿ ਸਕਲ ਨਿਵਾਰੇ।
ਜਬਿ ਕੀ ਤੁਮ ਪਤਿਸ਼ਾਹਿਤ ਪਾਈ। ਅਨਿਕ ਬਾਰ ਹੀ ਰਾਰ ਮਚਾਈ॥੨੧॥

ਸਾੜਸਤੀ ਆਦਿ ਭਾਰੀ ਦੁੱਖ ਲੱਗੇ ਸਨ, ਗੁਰੂ ਜੀ ਨੇ ਪ੍ਰਸੰਨ ਹੋ ਕੇ ਸਾਰੇ ਦੂਰ ਕੀਤੇ। ਜਦ ਦੀ ਤੁਸੀਂ ਬਾਦਸ਼ਾਹੀ ਪਾਈ ਹੈ, ਅਨੇਕ ਵਾਰ ਲੜਾਈ ਮਚਾਈ ਹੈ॥੨੧॥

ਬਹੁ ਨੁਕਸਾਨ ਤੁਮਾਰਾ ਭਯੋ। ਲਾਖਹੁੰ ਲਸ਼ਕਰ ਤਹਿਂ ਖਪਿ ਗਯੋ।
ਮੈਂ ਬਹੁ ਬਾਰਿ ਅਰਜ਼ ਕਰਿ ਰਹ੍ਯੋ। ਭੇਤ ਨ ਕਛੁ ਆਪ ਨੇ ਲਹ੍ਯੋ॥੨੨॥

ਤੁਹਾਡਾ ਬਹੁਤ ਨੁਕਸਾਨ ਹੋਇਆ ਹੈ, ਲੱਖਾਂ ਦਾ ਲਸ਼ਕਰ ਉਥੇ ਖੱਪ ਗਿਆ ਹੈ। ਮੈਂ ਬਹੁਤ ਵਾਰ ਬੇਨਤੀ ਕਰਦਾ ਰਿਹਾ ਹਾਂ, ਆਪ ਜੀ ਨੇ ਕੁਝ ਵੀ ਭੇਦ ਨਹੀਂ ਪਾਇਆ ਹੈ॥੨੨॥

ਅਪਰ ਨਰਨ ਸਮ ਜਾਨਤਿ ਉਰ ਮੈਂ। ਲਾਖਹੁੰ ਹਤਹਿਂ ਜੁ ਏਕ ਬਚਨ ਮੈਂ।
ਜਿਨ ਸੈਂ ਕਰ ਜੋਰੇ ਬਨਿ ਆਵੈ। ਤਿਨ ਸੈਂ ਜੰਗ ਕਹਾਂ ਮਨ ਭਾਵੈ॥੨੩॥

ਤੁਸੀਂ ਆਪਣੇ ਦਿਲ ਵਿਚ ਉਨ੍ਹਾਂ ਨੂੰ ਆਮ ਮਨੁੱਖਾਂ ਵਾਂਗ ਸਮਝਦੇ ਹੋ, ਜਿਹੜੇ ਇਕ ਬਚਨ ਕਰਕੇ ਲੱਖਾਂ ਨੂੰ ਮਾਰ ਸਕਦੇ ਹਨ। ਜਿਸ ਨਾਲ ਮੇਲ ਕਰਨ ਨਾਲ ਬਣ ਆਉਂਦੀ ਹੈ, ਉਸ ਨਾਲ ਜੰਗ ਕਰਨੀ ਕਿਉਂ ਮਨ ਨੂੰ ਭਾਉਂਦੀ ਹੈ॥੨੩॥

ਮੁਗਲਸਖਾਂ ਪੁਨ ਅਬਦੁਲ ਖਾਨ। ਲਲਾ ਸੁ ਕੰਬਰ, ਸੈਨ ਮਹਾਨ।
ਬਨਿ ਪੈਂਦਾ ਅਬਿ ਨਿਮਕ ਹਰਾਮੀ। ਤੁਮਰੋ ਲਸ਼ਕਰ ਕਰਿ ਅਨੁਗਾਮੀ॥੨੪॥

ਮੁਖਲਸ ਖਾਂ ਫਿਰ ਅਬਦੁਲ ਖਾਨ, ਲਲਾ ਬੇਗ ਤੇ ਕੰਬਰ ਬੇਗ ਮਹਾਨ ਸੈਨਾ ਜਿਨ੍ਹਾਂ ਪਾਸ ਸੀ। ਹੁਣ ਪੈਂਦਾ ਨੇ ਨਿਮਕ ਹਰਾਮੀ ਬਣ ਕੇ ਤੁਹਾਡੇ ਲਸ਼ਕਰ ਨੂੰ ਆਪਣੇ ਪਿੱਛੇ ਲਾ ਲਿਆ॥੨੪॥

ਮਰਯੋ ਜਾਇ ਕੁਛ ਸਰੀ ਨ ਕਾਰਾ। ਜੇ ਗੁਰ ਸੰਗ ਲਰੈ ਜਗ ਸਾਰਾ।
ਤਊ ਨ ਜੀਤ ਸਕੈ ਮਰਿ ਰਹੈ। ਕਹਾਂ ਬਾਤ ਤੁਮ ਲਸ਼ਕਰ ਅਹੈ'॥੨੫॥

ਜਾ ਕੇ ਮਰ ਗਿਆ ਕੋਈ ਕਾਰਜ ਵੀ ਨਾ ਸਰਿਆ। ਜੇ ਗੁਰੂ ਜੀ ਨਾਲ ਸਾਰਾ ਜਗ ਵੀ ਲੜੇ, ਫਿਰ ਵੀ ਜਿੱਤ ਨਾ ਸਕੇ, ਮਰ ਕੇ ਰਹਿ ਜਾਵੇਗਾ, ਲਸ਼ਕਰ ਦੀ ਤੁਸੀਂ ਕੀ ਗੱਲ ਕਰਦੇ ਹੋ'॥੨੫॥

ਇੱਤਯਾਦਿਕ ਜਬਿ ਕਰਤੇ ਬਾਤੀ। ਤਬਿ ਲੇ ਧੀਰ ਮੱਲ ਕੀ ਪਾਤੀ।
ਦਈ ਦੂਤ ਨੈ ਆਗੈ ਧਰਿਕੈ। ਖਾਂ ਵਜ਼ੀਰ ਸਗਰੀ ਪਠਿ ਕਰਿ ਕੈ॥੨੬॥

ਇੱਤਆਦਿ ਜਦ ਗੱਲਾਂ ਕਰ ਰਹੇ ਸਨ ਤਦ ਤਕ ਧੀਰਮਲ ਦੀ ਚਿੱਠੀ ਪਹੁੰਚ ਗਈ। ਦੂਤ ਨੇ ਅੱਗੇ ਧਰ ਕੇ ਦਿੱਤੀ। ਵਜ਼ੀਰ ਖਾਂ ਨੇ ਸਾਰੀ ਪੜ੍ਹ ਲਈ॥੨੬॥

ਬਿਸਮੈ ਭਯੋ 'ਕਹਾਂ ਇਨ ਕੀਨਿ। ਗੁਰ ਪੌਤ੍ਰਾ ਇਮ ਭਯੋ ਅਧੀਨ।
ਨਹੀਂ ਸ਼ਾਹੁ ਕੋ ਬਨਹਿ ਸੁਨਾਵਨਿ। ਸੁਨਿ ਪੁਨ ਕਰਹਿ ਨ ਜੰਗ ਮਚਾਵਨਾ॥੨੭॥

ਬਹੁਤ ਹੈਰਾਨ ਹੋਇਆ, "ਇਸ ਨੇ ਕੀ ਕੀਤਾ ਹੈ, ਗੁਰੂ ਜੀ ਦਾ ਪੋਤਰਾ ਇਸ ਤਰ੍ਹਾਂ ਅਧੀਨ ਹੋ ਗਿਆ ਹੈ। ਇਹ ਬਾਦਸ਼ਾਹ ਨੂੰ ਸੁਣਾਉਣੀ ਨਹੀਂ ਬਣਦੀ ਹੈ, ਸੁਣ ਕੇ ਫਿਰ ਜੰਗ ਨਾ ਮਚਾ ਦੇਵੇ"॥੨੭॥

ਕਹਯੋ ਸ਼ਾਹੁ ਸੋਂ 'ਖਤ ਮਹਿਂ ਲਿਖੇ:- ਮਰਯੋ ਤੁਰੰਗ ਦੁਤਿਯ ਰਣ ਬਿਖੇ।
ਪੌਨ ਭਰੇ ਖਲੜੇ ਇਹੁ ਸ੍ਵਾਸ। ਇਨ ਕੇ ਜੀਵਨ ਕਹਾਂ ਬਿਸਾਸ॥ ੨੮ ॥

ਬਾਦਸ਼ਾਹ ਨੂੰ ਕਿਹਾ, "ਚਿੱਠੀ ਵਿਚ ਲਿਖਿਆ ਹੈ, ਦੂਸਰਾ ਘੋੜਾ ਵੀ ਯੁੱਧ ਵਿਚ ਮਰ ਗਿਆ ਹੈ। ਇਹ ਪੌਣ ਭਰੇ ਸਵਾਸਾਂ ਦੇ ਖਲੜੇ ਹਨ, ਇਨ੍ਹਾਂ ਦਾ ਜੀਵਨ ਦਾ ਕੀ ਵਿਸ਼ਵਾਸ ਹੈ॥੨੮॥

ਇਸ ਤੇ ਭੀ ਤੁਮ ਰੋਸ ਨਿਵਾਰੋ। ਨਿੰਮ੍ਰ ਹੋਇ ਅਬਿ ਬੰਦਨ ਧਾਰੋ।
ਜਥਾ ਬਡੇਰੇ ਮਾਨਤਿ ਰਹੇ। ਤਥਾ ਆਪ ਕੋ ਲਾਇਕ ਅਹੇ॥ ੨੯ ॥

ਇਸ ਤੇ ਵੀ ਤੁਸੀਂ ਰੋਸ ਦੂਰ ਕਰੋ, ਸਨਿਮਰ ਹੋ ਕੇ ਹੁਣ ਬੰਦਨਾ ਧਾਰੋ। ਜਿਵੇਂ ਆਪ ਜੀ ਦੇ ਵਡੇਰੇ ਮੰਨਦੇ ਰਹੇ ਹਨ, ਉਸ ਤਰ੍ਹਾਂ ਹੀ ਕਰਨਾ ਤੁਹਾਡੇ ਲਾਇਕ ਬਣਦਾ ਹੈ॥੨੯॥

ਕਿਸੀ ਵਸਤੁ ਕੀ ਕਮੀ ਨ ਤੁਮ ਕੋ। ਬਨਹੁ ਸਰਲ, ਤਜਾਗਹੁ ਗੁਰ ਗਮ ਕੋ।
ਬਹੁਰ ਕੁਟਿਲਤਾ ਧਾਰਹੁ ਨਾਂਹੀ। ਸੁਖ ਭੋਗਹੁ ਅਪਨੇ ਘਰ ਮਾਂਹੀ' ॥ ੩੦ ॥

ਤੁਹਾਨੂੰ ਕਿਸੇ ਵਸਤੂ ਦੀ ਘਾਟ ਨਹੀਂ ਹੈ, ਸਰਲ ਬਣੋ ਤੇ ਗੁਰੂ ਵਲੋਂ ਫਿਕਰ ਛੱਡ ਦੇਵੋ। ਬਹੁਤ ਕੁਟਲਨੀਤੀ ਧਾਰਨ ਨਾ ਕਰੋ ਤੇ ਆਪਣੇ ਘਰ ਵਿਚ ਸੁੱਖ ਭੋਗੋ"॥੩੦॥

ਸੁਨਿ ਉਪਦੇਸ਼ ਸ਼ਾਹੁ ਮਨ ਫਿਰਯੋ। ਨਿਸ ਕ੍ਰਿਤ ਲਖਿ ਪਛੁਤਾਵਨ ਕਰਯੋ।
'ਬ੍ਰਿਥਾ ਆਪਨੀ ਸੈਨ ਮਰਾਈ। ਜਿਸ ਤੇ ਕਾਰਜ ਸਰਯੋ ਨ ਰਾਈ' ॥ ੩੧ ॥

ਇਹ ਉਪਦੇਸ਼ ਸੁਣ ਕੇ ਬਾਦਸ਼ਾਹ ਦਾ ਮਨ ਫਿਰ ਗਿਆ, ਆਪਣੀ ਕ੍ਰਿਤ ਸਮਝ ਕੇ ਪਛੁਤਾਇਆ। "ਵਿਅਰਥ ਵਿਚ ਆਪਣੀ ਸੈਨਾ ਮਰਵਾ ਲਈ ਹੈ, ਜਿਸ ਨਾਲ ਇਕ ਰਾਈ ਭਰ ਵੀ ਕਾਰਜ ਨਹੀਂ ਸਰਿਆ ਹੈ"॥੩੧॥

ਹਾਥ ਜੋਰਿ ਗੁਰ ਦਿਸ਼ਿ ਮੁਖ ਕਰਿਕੈ। ਸਿਜਦਾ ਕੀਨਿ ਧਰਨਿ ਸਿਰ ਧਰਿ ਕੈ।
'ਅਬਿ ਮੈਂ ਦ੍ਰੋਹ ਨ ਤੁਮ ਸੰਗ ਕਰੌਂ। ਜਬਿ ਲਗਿ ਪ੍ਰਾਨ ਦੇਹਿ ਮੈਂ ਧਰੌਂ॥ ੩੨ ॥

ਹੱਥ ਜੋੜ ਕੇ ਗੁਰੂ ਜੀ ਵਾਲੇ ਪਾਸੇ ਮੂੰਹ ਕਰਕੇ ਧਰਤੀ ਤੇ ਸਿਰ ਰੱਖ ਕੇ ਸਿਜਦਾ ਕੀਤਾ। 'ਹੁਣ ਮੈਂ ਤੁਹਾਡੇ ਨਾਲ ਧ੍ਰੋਹ ਨਹੀਂ ਕਰਾਂਗਾ, ਜਦ ਤਕ ਮੇਰੀ ਦੇਹ ਵਿਚ ਪ੍ਰਾਣ ਹਨ॥੩੨॥

ਪਾਛਲ ਬਾਤ ਛਿਮਾ ਸਭਿ ਕਰੀਅਹਿ। ਮੋ ਪਰ ਨਹੀਂ ਕੋਪ ਕੋ ਧਰੀਅਹਿ'।
ਖਾਂਵਜ਼ੀਰ ਪਾਤੀ ਲਿਖਿ ਦੀਨਿ। ਧੀਰਮੱਲ ਭੇਜਨ ਕੀਨਿ॥ ੩੩ ॥

ਪਿਛਲੀ ਗੱਲ ਸਭ ਮੁਆਫ਼ ਕਰੋ, ਮੇਰੇ ਉਤੇ ਕੋਈ ਗੁੱਸਾ ਨਾ ਧਾਰਨ ਕਰੋ।" ਵਜ਼ੀਰ ਖਾਂ ਨੇ ਚਿੱਠੀ ਲਿਖ ਦਿੱਤੀ ਤੇ ਧੀਰਮਲ ਵਲ ਭੇਜ ਦਿੱਤੀ॥੩੩॥

'ਗੁਰ ਘਰ ਸੋਂ ਨਹਿਂ ਸ਼ਾਹੁ ਬਿਗਾਰਹਿ। ਬੰਦਨ ਕਰੀ, ਭਯੋ ਅਨੁਸਾਰਹਿ'।
ਲੇ ਕਰਿ ਹਲਕਾਰਾ ਢਿਗ ਆਯੋ। ਪਠਿ ਕਰਿ ਧੀਰ ਮੱਲ ਹਰਖਾਯੋ॥ ੩੪ ॥

"ਗੁਰੂ ਘਰ ਨਾਲ ਬਾਦਸ਼ਾਹ ਨਹੀਂ ਵਿਗਾੜਨਗੇ, 'ਬੰਦਨਾ ਕਰਕੇ ਉਨ੍ਹਾਂ ਦੀ ਆਗਿਆ ਅਨੁਸਾਰ ਹੋ ਗਏ ਹਨ।" ਹਲਕਾਰਾ ਚਿੱਠੀ ਲੈ ਕੇ ਧੀਰਮਲ ਦੇ ਪਾਸ ਆਇਆ। ਪੜ੍ਹ ਕੇ ਧੀਰਮਲ ਬਹੁਤ ਪ੍ਰਸੰਨ ਹੋਇਆ॥੩੪॥

ਸ਼ਾਹ ਦਿਸ਼ਾ ਇਸ ਬਿਧਿ ਭੀ ਬਾਤੀ। ਅਬਿ ਗੁਰ ਕਥਾ ਸੁਨਹੁ ਅਵਦਾਤੀ।
ਕੀਰਤਪੁਰਿ ਕੋ ਅਧਿਕ ਵਸਾਯੋ। ਸਿਖ ਸੰਤਨਿ ਕੋ ਅਨਦ ਉਪਾਯੋ॥ ੩੫॥

ਬਾਦਸ਼ਾਹ ਵਾਲੇ ਪਾਸੇ ਇਸ ਵਿਧੀ ਅਨੁਸਾਰ ਗੱਲ ਬਾਤ ਹੋਈ ਹੁਣ ਗੁਰੂ ਜੀ ਦੀ ਉੱਤਮ ਅਤੇ ਉੱਜਲ ਕਥਾ ਸੁਣੋ। ਕੀਰਤਪੁਰ ਨੂੰ ਬਹੁਤ ਵਸਾਇਆ, ਸਿੱਖ ਸੰਗਤਾਂ ਨੂੰ ਅਨੰਦ ਬਖਸ਼ਿਆ॥੩੫॥

ਕਬਹੁੰ ਜਾਇ ਗੁਰ ਕਰਹਿਂ ਅਖੇਰੈਂ। ਹੁਇ ਬਿਹੰਗ ਮ੍ਰਿਗ ਮੁਕਤਿ ਘਨੇਰੈਂ।
ਬਹੁ ਸੰਗਤਿ ਦਰਸ਼ਨ ਕੋ ਆਵੈ। ਧਨੀ ਮਸੰਦ ਦਰਬ ਬਹੁ ਲਜਾਵੈਂ॥ ੩੬॥

ਕਦੀ ਗੁਰੂ ਜੀ ਜਾ ਕੇ ਸ਼ਿਕਾਰ ਖੇਡਦੇ ਸਨ, ਪੰਛੀ, ਹਿਰਨਾਂ ਆਦਿ ਨੂੰ ਮੁਕਤੀ ਬਖਸ਼ਦੇ ਸਨ। ਬਹੁਤ ਸੰਗਤ ਦਰਸ਼ਨਾਂ ਵਾਸਤੇ ਆਉਂਦੀ ਸੀ ਤੇ ਧਨੀ ਮਸੰਦ ਬਹੁਤ ਧਨ ਲਿਆਉਂਦੇ ਸਨ॥੩੬॥

ਚਾਰਹੁੰ ਦਿਸ਼ਿ ਤੇ ਗੁਰ ਕੀ ਕਾਰ। ਨਿਤਪ੍ਰਤਿ ਆਵਹਿ ਦਰਬ ਉਦਾਰ।
ਰਾਤ ਦਿਵਸ ਹੁਇ ਦੀਰਘ ਦੇਗ। ਤਜਜੋ ਜੰਗ, ਰਹਿ ਬਿਨ ਉਦਵੇਗ॥ ੩੭॥

ਚਾਰੇ ਪਾਸਿਆਂ ਤੋਂ ਗੁਰੂ ਜੀ ਦੀ ਕਾਰ ਭੇਂਟ ਆਉਂਦੀ ਸੀ, ਨਿਤਾਪ੍ਰਤੀ ਬਹੁਤ ਧਨ ਆਉਂਦਾ ਸੀ। ਰਾਤ ਦਿਨ ਬਹੁਤ ਵੱਡਾ ਲੰਗਰ ਲੱਗਦਾ ਸੀ, ਜੰਗ ਛੱਡ ਦਿੱਤੀ ਤੇ ਜੰਗ ਦੇ ਜੋਸ਼ ਤੋਂ ਬਗੈਰ ਰਹਿੰਦੇ ਸਨ॥੩੭॥

ਮੇਲਾ ਲਗਜੋ ਰਹੈ ਦਰਬਾਰ। ਦਰਸ਼ਨ ਦੇਖੇ ਅਨੰਦ ਉਦਾਰ।
ਕਥਾ ਕੀਰਤਨ ਦਿਨ ਪ੍ਰਤਿ ਹੋਇ। ਸੁਨਿ ਸੁਨਿ ਮਨ ਨਿਰਮਲ ਸਭਿ ਕੋਇ॥੩੮॥

ਦਰਬਾਰ ਵਿਚ ਮੇਲਾ ਲੱਗਾ ਰਹਿੰਦਾ ਸੀ, ਦਰਸ਼ਨ ਕਰਕੇ ਉੱਤਮ ਅਨੰਦ ਪ੍ਰਾਪਤ ਕਰਦੇ ਸਨ। ਕਥਾ ਕੀਰਤਨ ਹਰ ਰੋਜ਼ ਹੁੰਦਾ ਸੀ, ਸੁਣ-ਸੁਣ ਕੇ ਸਭ ਦੇ ਮਨ ਨਿਰਮਲ ਹੁੰਦੇ ਸਨ॥੩੮॥

ਇਕ ਦਿਨ ਬੈਠੇ ਸਭਾ ਲਗਾਏ। ਦੂਰ ਦੇਸ਼ ਤੇ ਦ੍ਵੈ ਸਿੱਖ ਆਏ।
ਤਿਹ ਕੀ ਸੰਗਤ ਲਿਖਿ ਅਰਦਾਸ। ਪਹੁੰਚਾਈ ਸਤਿਗੁਰ ਕੇ ਪਾਸ॥ ੩੯॥

ਇਕ ਦਿਨ ਸਭਾ ਲਾ ਕੇ ਬੈਠੇ ਸਨ, ਦੂਰ ਦੇਸ਼ ਤੋਂ ਦੋ ਸਿੱਖ ਆਏ। ਉਸ ਦੇਸ਼ ਦੀ ਸੰਗਤ ਨੇ ਅਰਦਾਸ ਲਿਖ ਕੇ ਸਤਿਗੁਰੂ ਜੀ ਦੇ ਪਾਸ ਪਹੁੰਚਾਈ॥੩੯॥

ਕਰਿ ਬੰਦਨ ਧਰਿ ਦੀਨਿ ਅਗਾਰੀ। ਖੋਲਿ ਸੁ ਪਠੀ ਹਕੀਕਤ ਸਾਰੀ।
'ਸ੍ਰੀ ਸਤਿਗੁਰ ! ਤੁਮ ਹੋ ਬਸਿ ਪ੍ਰੇਮ। ਪਹੁੰਚਹੁ ਸਿੱਖਨਿ ਢਿਗ ਦਿਹੁ ਛੇਮ॥੪੦॥

ਉਨ੍ਹਾਂ ਸਿੱਖਾਂ ਨੇ ਬੰਦਨਾ ਕਰਕੇ ਅੱਗੇ ਧਰ ਦਿੱਤੀ, ਗੁਰੂ ਜੀ ਨੇ ਖੋਲ੍ਹ ਕੇ ਸਾਰੀ ਹਕੀਕਤ ਪੜ੍ਹੀ। ਲਿਖਿਆ ਸੀ, 'ਹੇ ਸ੍ਰੀ ਸਤਿਗੁਰੂ ਜੀ ! ਤੁਸੀਂ ਪ੍ਰੇਮ ਦੇ ਵੱਸ ਹੋ, ਸਾਡੇ ਸਿੱਖਾਂ ਦੇ ਪਾਸ ਪਹੁੰਚ ਕੇ ਕਲਿਆਣ ਬਖਸ਼ੋ॥੪੦॥

ਇਹੁ ਸਭਿ ਦੇਸ਼ ਦਾਸ ਗੁਰ ਕੇਰਾ। ਚਾਹਤਿ ਹੈ ਇਤਿ ਦਰਸ਼ਨ ਹੇਰਾ।
ਅਪਨੋ ਘਰ ਪਾਵਨ ਕੋ ਕਰੈਂ। ਰਾਵਰ ਕੇ ਪਾਵਨ ਜਬਿ ਪਰੈਂ॥ ੪੧॥

ਇਹ ਸਾਰਾ ਦੇਸ਼ ਗੁਰੂ ਦਾ ਦਾਸ ਹੈ, ਤੁਹਾਡੇ ਦਰਸ਼ਨ ਕਰਨਾ ਚਾਹੁੰਦੇ ਹਨ ਆਪਣੇ ਘਰ ਪਵਿੱਤਰ ਕਰ ਲਈਏ, ਜਦ ਆਪ ਜੀ ਦੇ ਚਰਨ ਸਾਡੇ ਘਰਾਂ ਵਿਚ ਪੈਣਗੇ'॥੪੧॥

ਸੁਨਿ ਸਤਿਗੁਰ ਸ੍ਰੀ ਮੁਖ ਮੁਸਕਾਏ। 'ਦੇਸ਼ ਦੂਰ ਬਹੁ ਕਿਤ ਕੋ ਜਾਏ'।
ਬਿਧੀਚੰਦ ਕੀ ਦਿਸ਼ਾ ਨਿਹਾਰਾ। ਹਿਤ ਭੇਜਨਿ ਕੇ ਬਾਕ ਉਚਾਰਾ॥ ੪੨॥

ਸੁਣ ਕੇ ਸਤਿਗੁਰੂ ਜੀ ਮੁੱਖ ਤੋਂ ਮੁਸਕਰਾਏ, "ਦੇਸ਼ ਬਹੁਤ ਦੂਰ ਹੈ, ਕਿਥੋਂ ਤਕ ਜਾਈਏ।" ਫਿਰ ਬਿਧੀ ਚੰਦ ਵਲ ਵੇਖਿਆ ਤੇ ਉਸ ਨੂੰ ਭੇਜਣ ਵਾਸਤੇ ਬਚਨ ਕੀਤਾ॥੪੨॥

'ਤੋਹਿ ਮੋਹਿ ਮੈਂ ਭੇਦ ਨ ਕੋਈ। ਪਹੁੰਚਹੁ ਤਹਾਂ ਸਿਦਕ ਲਿਹੁ ਜੋਈ।
ਸਭਿ ਸੰਗਤ ਕੋ ਦਰਸ਼ਨ ਦੀਜੈ। ਗੁਰ ਕੀ ਕਾਰ ਸੰਭਾਰਿ ਸੁ ਲੀਜੈ'॥ ੪੩॥

"ਤੇਰੇ ਮੇਰੇ ਵਿਚ ਕੋਈ ਭੇਦ ਨਹੀਂ ਹੈ, ਉਥੇ ਪਹੁੰਚੋ ਤਾਂਕਿ ਉਹ ਸਿਦਕ ਪ੍ਰਾਪਤ ਕਰਨ। ਸਾਰੀ ਸੰਗਤ ਨੂੰ ਦਰਸ਼ਨ ਦੇਵੋ, ਜੋ ਗੁਰੂ ਦੀ ਕਾਰ ਭੇਟ ਹੋਵੇ ਉਹ ਸੰਭਾਲ ਲਵੋ"॥੪੩॥

ਸੁਨਿ ਆਇਸੁ ਕੋ ਬਿਲਮ ਨ ਕਰੀ। ਚਲਨ ਹੇਤੁ ਮਨਸਾ ਉਰ ਧਰੀ।
ਚਰਨ ਕਮਲ ਕੋ ਬੰਦਨ ਕਰਿਕੈ। ਗਮਨਜੋ ਬਿਧੀਚੰਦ ਹਿਤ ਧਰਿਕੈ॥ ੪੪॥

ਆਗਿਆ ਸੁਣ ਕੇ ਦੇਰ ਨਾ ਕੀਤੀ ਤੇ ਚਲਣ ਵਾਸਤੇ ਹਿਰਦੇ ਵਿਚ ਮਨਸ਼ਾ ਧਾਰਨ ਕੀਤੀ। ਚਰਨ ਕੰਵਲਾਂ ਨੂੰ ਬੰਦਨਾਂ ਕਰਕੇ ਬਿਧੀ ਚੰਦ ਹਿਤ ਧਰ ਕੇ ਚਲੇ ਗਿਆ॥੪੪॥

*ਅੱਠਵੀਂ ਰਾਸ ਦਾ ਚੌਤੀਵਾਂ ਅਧਿਆਇ ਸਮਾਪਤ ਹੋਇਆ॥੩੪॥*

## *ਅਧਿਆਇ ਪੈਂਤੀਵਾਂ*

*ਦੇਊ ਨਗਰ, ਸੁੰਦਰ ਸ਼ਾਹ ਪਾਸ ਬਿਧੀਚੰਦ*

ਦੋਹਰਾ- ਅਜ਼ਮਤ ਦੇ ਸ੍ਰੀ ਸਤਿਗੁਰੂ ਬਿਧੀਆ ਦਿਯੋ ਪਠਾਇ।
ਸੱਤਿਨਾਮ ਸ੍ਰੀ ਮੰਤ੍ਰ ਜਪਿ ਪਹੁੰਚਯੋ ਮਗ ਸਹਿਸਾਇ॥ ੧॥

ਕਰਾਮਾਤ ਦੇ ਕੇ ਸ੍ਰੀ ਸਤਿਗੁਰੂ ਜੀ ਨੇ ਬਿਧੀ ਚੰਦ ਨੂੰ ਭੇਜ ਦਿੱਤਾ। ਸਤਿਨਾਮ ਸ੍ਰੀ ਮੰਤਰ ਜਪ ਕੇ ਝਟ ਰਾਹ ਵਿਚ ਪਹੁੰਚ ਗਿਆ॥੧॥

ਚੌਪਈ- ਪੂਰਬ ਦੱਖਣ ਸੰਧਿ ਜਿ ਅਹੇ। ਅਗਨ ਕੋਨ ਮਹਿਸੇ ਨਰ ਰਹੈਂ।
ਤਿਤ ਕੋ ਅਜ਼ਮਤ ਕੋ ਕਰਿ ਜ਼ੋਰ। ਜਾਇ ਪਹੂੰਚਤਿ ਭਾ ਇਕ ਠੌਰ॥੨॥

ਪੂਰਬ ਤੇ ਦੱਖਣ ਦੀ ਜੋ ਸੰਧੀ ਹੈ, ਅਗਨ ਕੋਨ ਵਿਚ ਉਹ ਮਨੁੱਖ ਰਹਿੰਦੇ ਸਨ, ਓਧਰ ਕਰਾਮਾਤ ਦੇ ਜ਼ੋਰ ਨਾਲ, ਇਕ ਥਾਂ ਜਾ ਪਹੁੰਚਿਆ॥੨॥

ਦੇਊ ਨਗਰ ਇਕ ਤਹਾਂ ਬਸੰਤਾ। ਸੁੰਦਰ ਸ਼ਾਹ ਫਕੀਰ ਰਹੰਤਾ।
ਤਹਾਂ ਸ਼ੁਸ਼ਕ ਤਰੁ ਹੇਰਨਿ ਕਰਜੋ। ਬੈਠਿ ਬਿਧੀਚੰਦ ਆਨੰਦ ਧਰਜੋ॥੩॥

ਉਥੇ ਇਕ ਦੇਵ ਨਗਰ ਨਾਂ ਦਾ ਸ਼ਹਿਰ ਵੱਸਦਾ ਸੀ, ਉਥੇ ਸੁੰਦਰ ਸ਼ਾਹ ਫਕੀਰ ਰਹਿੰਦਾ ਸੀ। ਉਥੇ ਇਕ ਸੁੱਕਾ ਦਰੱਖਤ ਵੇਖਿਆ, ਬਿਧੀ ਚੰਦ ਨੇ ਉਸ ਦੇ ਥੱਲੇ ਬੈਠ ਕੇ ਆਨੰਦ ਧਾਰਨ ਕੀਤਾ॥੩॥

*ਨੋਟ : ਦੇਊ ਨਗਰ ਯੂ.ਪੀ. ਵਿਚ ਹੈ।*

ਹਰਜੋ ਹੋਤਿ ਭਾ ਸੋ ਤਤਕਾਲਾ। ਪੁਰਿ ਜਨ ਪੇਖਿ ਅਚੰਭ ਬਿਸਾਲਾ।
ਆਇ ਸਭਿਨਿ ਸੇਵਾ ਬਡ ਕੀਨਿ। ਦੇਖਹਿਂ ਜਨੁ ਮਹਾਤਮਾ ਚੀਨ॥ ੪॥

ਉਹ ਦਰੱਖਤ ਤੁਰਤ ਹਰਾ-ਭਰਾ ਹੋ ਗਿਆ, ਨਗਰ ਦੇ ਲੋਕ ਵੇਖ ਕੇ ਬਹੁਤ ਹੈਰਾਨ ਹੋਏ। ਆ ਕੇ ਸਾਰਿਆਂ ਨੇ ਬਹੁਤ ਸੇਵਾ ਕੀਤੀ, ਸਾਰਿਆਂ ਨੇ ਵੇਖ ਕੇ ਮਹਾਤਮਾ ਪਛਾਣਿਆ॥੪॥

ਸੁੰਦਰ ਸ਼ਾਹੁ ਬਸਹਿ ਤਹਿਂ ਕਾਨਨ। ਸੁਨਤਿ ਭਯੋ ਮਹਿਮਾ ਇਹੁ ਕਾਨਨ।
'ਮਹਾਂ ਪੁਰਖ ਇਕ ਆਵਨ ਕਰਜੋ। ਬੈਠਤਿ ਸੁਸ਼ਕ ਬ੍ਰਿੱਛ ਭਾ ਹਰਜੋ' ॥ ੫॥

ਸੁੰਦਰ ਸ਼ਾਹ ਉਸ ਜੰਗਲ ਵਿਚ ਰਹਿੰਦਾ ਸੀ, ਉਸ ਨੇ ਆਪਣੇ ਕੰਨ ਨਾਲ ਇਹ ਮਹਿਮਾ ਸੁਣੀ, "ਇਕ ਮਹਾਂਪੁਰਖ ਆਇਆ ਹੈ, ਉਸ ਦੇ ਬੈਠਦਿਆਂ ਸੁਕਾ ਬ੍ਰਿਛ ਹਰਿਆ ਹੋ ਗਿਆ ਹੈ" ॥੫॥

ਬਿਸਮਤ ਹੁਇ ਹੇਰਨ ਕਹੁ ਚਾਹਾ। ਕੇਹਰਿ ਏਕ ਹਕਾਰਜੋ ਪਾਹਾ।
ਹੁਇ ਅਰੂਢ ਬਿਧੀਏ ਢਿਗ ਆਯੋ। ਅਪਨਿ ਸ਼ੇਰ ਤੇ ਚਹਤਿ ਡਰਾਯੋ॥ ੬॥

ਹੈਰਾਨ ਹੋ ਕੇ ਵੇਖਣਾ ਚਾਹਿਆ, ਇਕ ਸ਼ੇਰ ਨੂੰ ਆਪਣੇ ਪਾਸ ਬੁਲਾਇਆ। ਉਸ ਉਤੇ ਸਵਾਰ ਹੋ ਕੇ ਬਿਧੀ ਚੰਦ ਪਾਸ ਆਇਆ। ਆਪਣੇ ਸ਼ੇਰ ਤੋਂ ਡਰਾਉਣਾ ਚਾਹੁੰਦਾ ਸੀ॥੬॥

ਹੁਤੀ ਨਰਨਿ ਕੀ ਭੀਰ ਵਡੇਰੇ। ਕੇਹਰਿ ਭੀਮ ਆਵਤੇ ਹੇਰੇ।
ਭਾਜ ਲੋਕ ਜਾਇ ਪੁਰਿ ਬਰੇ। ਬਿਧੀਚੰਦ ਇਕ ਬਿਰਤਾ ਧਰੇ॥ ੭॥

ਮਨੁੱਖਾਂ ਦੀ ਬਹੁਤ ਵੱਡੀ ਭੀੜ ਲੱਗੀ ਸੀ, ਉਨ੍ਹਾਂ ਵੱਡੇ ਸ਼ੇਰ ਨੂੰ ਆਉਂਦਿਆਂ ਵੇਖਿਆ। ਲੋਕ ਭੱਜ ਕੇ ਨਗਰ ਵਿਚ ਜਾ ਵੜੇ। ਬਿਧੀ ਚੰਦ ਇਕ ਬਿਰਤੀ ਧਾਰ ਕੇ ਬੈਠਾ ਰਿਹਾ॥੭॥

ਸੁੰਦਰ ਸ਼ਾਹ ਨਿਕਟਿ ਜਬਿ ਆਯੋ। ਨਿਜ ਕੇਹਰਿ ਤੇ ਚਹਤਿ ਗਹਾਯੋ।
ਤਬਿ ਬਿਧੀਏ ਚਖ ਤਾੜਿ ਬਿਲੋਕਾ। ਆਵਤਿ ਚਲਜੋ ਤੁਰਤ ਹੀ ਰੋਕਾ॥ ੮॥

ਸੁੰਦਰ ਸ਼ਾਹ ਜਦ ਨੇੜੇ ਆਇਆਂ ਤਾਂ ਆਪਣੇ ਸ਼ੇਰ ਤੋਂ ਬਿਧੀ ਚੰਦ ਨੂੰ ਫੜਵਾਉਣਾ ਚਾਹੁੰਦਾ ਸੀ। ਫਿਰ ਬਿਧੀ ਚੰਦ ਨੇ ਅੱਖਾਂ ਖੋਲ੍ਹ ਕੇ ਵੇਖਿਆ ਤਾਂ ਚਲ ਕੇ ਆਉਂਦਾ ਸ਼ੇਰ ਨੂੰ ਤੁਰਤ ਹੀ ਰੋਕ ਲਿਆ॥ ੮॥

ਭਯੋ ਸਥੰਭ ਸਿਲਾ ਸਮ ਸ਼ੇਰ। ਚਰਨ ਬਦਨ ਹਾਲਤਿ ਨਹਿਂ ਫੇਰ।
ਨਿਜ ਅਜ਼ਮਤ ਕੋ ਸੁੰਦਰ ਸ਼ਾਹੂ। ਲਾਇ ਰਹਜੋ ਜੇਤਿਕ ਸੀ ਪਾਹੂ॥ ੯॥

ਸ਼ੇਰ ਪੱਥਰ ਦੇ ਖੰਭੇ ਵਾਂਗ ਹੋ ਗਿਆ, ਫਿਰ ਪੈਰ ਤੇ ਮੂੰਹ ਹਿੱਲਦਾ ਨਹੀਂ ਸੀ। ਆਪਣੀ ਸਾਰੀ ਕਰਾਮਾਤ ਨੂੰ ਸੁੰਦਰ ਸ਼ਾਹ ਲਾ ਰਿਹਾ ਜਿੰਨੀ ਵੀ ਉਸ ਦੇ ਪਾਸ ਸੀ॥੯॥

ਗਰਬ ਸਰਬ ਨਿਜ ਉਰ ਕੋ ਹਰਜੋ। ਬਡੋ ਆਪਨੇ ਤੇ ਲਖਿ ਪਰਜੋ।
ਜਾਇ ਬੰਦਨਾ ਕੀਨਿ ਅਗਾਰੀ। 'ਮਹਾਂ ਪੁਰਖ ਤੁਮ ਹੋ ਤਪਿ ਭਾਰੀ॥ ੧੦॥

ਉਸਦੇ ਹਿਰਦੇ ਦਾ ਸਾਰਾ ਹੰਕਾਰ ਦੂਰ ਹੋ ਗਿਆ, ਆਪਣੇ ਤੋਂ ਵੱਡਾ ਸਮਝ ਵਿਚ ਆ ਗਿਆ। ਅੱਗੇ ਜਾ ਕੇ ਬੰਦਨਾ ਕੀਤੀ ਤੇ ਕਿਹਾ, "ਤੁਸੀਂ ਮਹਾਂਪੁਰਖ ਹੋ, ਜਿਨ੍ਹਾਂ ਭਾਰੀ ਤੱਪ ਕੀਤਾ ਹੈ॥੧੦॥

ਛਿਮਹੁ ਅਵੱਗਜਾ ਹਮ ਤੇ ਭਈ। ਕੇਹਰਿ ਕੋ ਅਬਿ ਦਿਹੁ ਮੁਕਤਈ'।
ਤਬਿ ਬਿਧੀਆ ਕਹਿ ਜਤਨ ਗਹੀਰ। ਸੱਤਿਨਾਮ ਕਹਿ ਛਿਰਕਹੁ ਨੀਰ' ॥੧੧॥

ਮੈਥੋਂ ਜਿਹੜੀ ਅਵੱਗਿਆ ਹੋ ਗਈ ਹੈ, ਉਹ ਮੁਆਫ ਕਰ ਦੇਵੋ, ਸ਼ੇਰ ਨੂੰ ਹੁਣ ਮੁਕਤੀ ਬਖਸ਼ੋ।" ਤਦ ਬਿਧੀ ਚੰਦ ਨੇ ਗੰਭੀਰ ਹੋ ਕੇ ਕਿਹਾ, "ਸਤਿਨਾਮ ਕਹਿ ਕੇ ਪਾਣੀ ਛਿੜਕੋ"॥੧੧॥

ਸੁੰਦਰ ਸ਼ਾਹੁ ਕਰਜੋ ਜਬਿ ਕਹਜੋ। ਪ੍ਰਾਨ ਅੰਤ ਕੇਹਰਿ ਤਬਿ ਲਹਜੋ।
ਅਪਰ ਦੇਹਿ-ਸੁੰਦਰ ਹੁਇ ਗਈ। ਬਿਧੀਚੰਦ ਕੋ ਬੰਦਨ ਕਈ॥ ੧੨॥

ਸੁੰਦਰ ਸ਼ਾਹ ਨੇ ਜਦ ਬਿਧੀ ਚੰਦ ਦੇ ਕਹੇ ਅਨੁਸਾਰ ਕੀਤਾ ਤਾਂ ਸ਼ੇਰ ਦੇ ਪ੍ਰਾਣਾਂ ਦਾ ਅੰਤ ਹੋ ਗਿਆ। ਹੋਰ ਹੀ ਸੁੰਦਰ ਸਰੀਰ ਹੋ ਗਿਆ ਤੇ ਉਸ ਨੇ ਬਿਧੀ ਚੰਦ ਨੂੰ ਬੰਦਨਾ ਕੀਤੀ॥੧੨॥

ਦੇਖਤਿ ਬਿਸਮਜੋ ਸੁੰਦਰ ਸ਼ਾਹੂ। 'ਕੋ ਹੈਂ ਤੂੰ ਕਹੁ ਸਚੁ ਹਮ ਪਾਹੂ'।
ਸੁਨਤਿ ਆਪਨੀ ਕਥਾ ਸੁਨਾਈ। 'ਮੋਕਹੁ ਜਾਨਹੁ ਕਿੰਨਰ ਰਾਈ॥ ੧੩॥

ਇਹ ਵੇਖ ਕੇ ਸੁੰਦਰ ਸ਼ਾਹ ਬਹੁਤ ਹੈਰਾਨ ਹੋਇਆ, "ਤੁਸੀਂ ਕੌਣ ਹੋ, ਮੇਰੇ ਪਾਸ ਸੱਚੋ ਸੱਚ ਕਹੋ।" ਇਹ ਸੁਣ ਕੇ ਸ਼ੇਰ ਨੇ ਆਪਣੀ ਕਥਾ ਸੁਣਾਈ ਤੇ ਕਿਹਾ, "ਮੈਨੂੰ ਗੰਧਰਬਾਂ ਦਾ ਰਾਜਾ ਜਾਣੋ॥੧੩॥

ਦੇਵ ਸਭਾ ਮਹਿਂ ਬੈਠੋ ਹੁਯੋ। ਦੁਰਬਾਸ਼ਾ ਤਹਿਂ ਆਵਨ ਕਿਯੋ।
ਮੋ ਕੋ ਉਲੰਘਿ ਅਗਾਰੀ ਜਾਇ। ਬੈਠਜੋ ਰਿਖਿਬਰ ਸਹਿਜ ਸੁਭਾਇ॥ ੧੪॥

ਮੈਂ ਦੇਵਤਿਆਂ ਦੀ ਸਭਾ ਵਿਚ ਬੈਠਾ ਸੀ ਤਾਂ ਉਥੇ ਦੁਰਬਾਸਾ ਰਿਸ਼ੀ ਆ ਗਿਆ। ਮੈਨੂੰ ਲੰਘ ਕੇ ਅੱਗੇ ਜਾ ਕੇ ਰਿਖੀ ਸਹਿਜ ਸੁਭਾਅ ਹੀ ਬੈਠ ਗਿਆ॥੧੪॥

ਮਮ ਊਪਰ ਕੋ ਉਲੰਘਜੋ ਜਬੈ। ਰਿਸ ਤੇ ਕ੍ਰੂਰ ਦ੍ਰਿਸ਼ਟਿ ਮੈਂ ਤਬੈ।
ਦੁਰਬਾਸ਼ੇ ਜਬਿ ਮੋਕਹੁ ਹੇਰਾ। ਕ੍ਰੂਰ ਬਿਲੋਚਨ ਬਦਨ ਬਡੇਰਾ॥ ੧੫॥

ਮੇਰੇ ਉਪਰ ਦੀ ਜਦ ਲੰਘਿਆ ਤਾਂ ਮੈਂ ਗੁੱਸੇ ਵਿਚ ਆ ਕੇ ਕ੍ਰੂਰ ਦ੍ਰਿਸ਼ਟੀ ਧਾਰਨ ਕੀਤੀ। ਦੁਰਬਾਸ਼ੇ ਜਦ ਮੈਨੂੰ ਵੇਖਿਆ ਤਾਂ ਮੇਰੇ ਕ੍ਰੂਰ ਨੈਣ ਸਨ ਤੇ ਮੁੱਖ ਗੁੱਸੇ ਵਿਚ ਬਹੁਤ ਮੋਟਾ ਕੀਤਾ ਹੋਇਆ ਸੀ॥੧੫॥

ਤਪਨਿਧਿ ਕ੍ਰੋਧੀ ਸ੍ਰਾਪ ਬਖਾਨਾ। 'ਮੁਝ ਦਿਸ਼ਿ ਦੇਖਤਿ ਸ਼ੇਰ ਸਮਾਨਾ।
ਧਰਹੁ ਜੂਨਿ ਅਵਨੀ ਤਲ ਜਾਇ'। ਸੁਨਿ ਮੈਂ ਬੂਝਜੋ ਬਹੁ ਡਰ ਪਾਇ॥ ੧੬॥

ਕ੍ਰੋਧੀ ਤਪੱਸਵੀ ਭਾਵ ਦੁਰਬਾਸ਼ਾ ਨੇ ਸਰਾਪ ਦਿੱਤਾ, "ਮੇਰੇ ਵਲ ਸ਼ੇਰ ਵਾਂਗ ਵੇਖਦਾ ਹੈਂ, ਇਹ ਜੂਨ ਧਰਤੀ ਤੇ ਜਾ ਕੇ ਧਾਰਨ ਕਰੋ।" ਇਹ ਸੁਣ ਕੇ ਮੈਂ ਡਰ ਕੇ ਪੁਛਿਆ॥੧੬॥

'ਸ੍ਰਾਪ ਅੰਤ ਕਬਿ ਹੋਵੈ ਮੇਰਾ'। ਕ੍ਰਿਪਾ ਕਰਤਿ ਬੋਲਜੋ ਤਿਸ ਬੇਰਾ।
'ਸ੍ਰੀ ਗੁਰ ਨਾਨਕ ਕਲਿ ਅਵਤਾਰੇ। ਸੋ ਜਬਿ ਖਸ਼ਟਮ ਬਪੁ ਕੋ ਧਾਰੇਂ॥ ੧੭॥

"ਮੇਰੇ ਸਰਾਪ ਦਾ ਕਦ ਅੰਤ ਹੋਵੇਗਾ" ਕਿਰਪਾ ਕਰਕੇ ਉਸ ਸਮੇਂ ਬੋਲਿਆ, "ਸ੍ਰੀ ਗੁਰੂ ਨਾਨਕ ਦੇਵ ਜੀ ਕਲਜੁਗ ਵਿਚ ਅਵਤਾਰ ਹੋਣਗੇ, ਉਹ ਜਦ ਛੇਵਾਂ ਰੂਪ ਧਾਰਨ ਕਰਨਗੇ॥੧੭॥

ਤਿਸ ਕੋ ਸਿਖ ਗਜਾਨੀ ਇਕ ਦੇਖਿ। ਤਬਿ ਮੁਕਤਹਿ ਗੋ ਸ੍ਰਾਪ ਵਿਸ਼ੇਖ'।
ਸੋ ਇਹੁ ਮਿਲਜੋ ਜੂਨ ਛੁਟਿ ਮੇਰੀ। ਮੈਂ ਅਬਿ ਗਮਨੌਂ ਦਰਸ਼ਨ ਹੇਰੀ॥ ੧੮॥

ਉਨ੍ਹਾਂ ਦਾ ਇਕ ਸਿੱਖ ਗਿਆਨੀ ਜਦ ਤੁਹਾਨੂੰ ਵੇਖੇਗਾ ਤਦ ਇਸ ਸਰਾਪ ਤੋਂ ਮੁਕਤ ਹੋ ਜਾਵੇਂਗੇ।" ਸੋ ਇਹ ਮਿਲੇ ਹਨ ਤੇ ਮੇਰੀ ਜੂਨ ਛੁੱਟ ਗਈ ਹੈ, ਮੈਂ ਹੁਣ ਦਰਸ਼ਨ ਕਰਕੇ ਚਲੇ ਜਾਵਾਂਗਾ॥੧੮॥

ਭਾਗ ਧੰਨ ਤੂੰ ਅਪਨੇ ਜਾਨਿ। ਪੂਰਿ ਕਾਮਨਾ ਹੋਇ ਮਹਾਨ'।
ਇਮ ਕਹਿ ਨਭ ਕੀ ਓਰ ਸਿਧਾਯੋ। ਸੁੰਦਰ ਸ਼ਾਹੁ ਸੁਨਤਿ ਬਿਸਮਾਯੋ॥੧੯॥

ਤੂੰ ਹੁਣ ਆਪਣੇ ਧੰਨ ਭਾਗ ਜਾਣੋਂ, ਤੇਰੀ ਮਹਾਨ ਕਾਮਨਾ ਪੂਰੀ ਹੋ ਗਈ ਹੈ।'' ਇਸ ਤਰ੍ਹਾਂ ਕਹਿ ਕੇ ਅਕਾਸ਼ ਵੱਲ ਚਲਾ ਗਿਆ, ਸੁੰਦਰ ਸ਼ਾਹ ਸੁਣ ਕੇ ਬਹੁਤ ਹੈਰਾਨ ਹੋਇਆ॥੧੯॥

ਕਰਿ ਬਿਨਤੀ ਤਜਿ ਗਿਨਤੀ ਆਨਿ। ਰਾਖ੍ਯੋ ਅਪਨੇ ਨਿਕਟਿ ਸੁਜਾਨ।
ਅਨਿਕ ਭਾਂਤਿ ਕੀ ਸੇਵਾ ਕਰੀ। ਸੁਨਤਿ ਬਚਨ ਦੁਬਿਧਾ ਸਭਿ ਹਰੀ॥੨੦॥

ਹੋਰ ਸਾਰੀਆਂ ਗਿਣਤੀਆਂ ਛੱਡ ਕੇ ਬੇਨਤੀ ਕਰਕੇ ਬਿਧੀ ਚੰਦ ਨੂੰ ਆਪਣੇ ਪਾਸ ਰਖਿਆ। ਅਨੇਕ ਪ੍ਰਕਾਰ ਦੀ ਸੇਵਾ ਕੀਤੀ ਤੇ ਬਚਨ ਸੁਣ ਕੇ ਸਾਰੀ ਦੁਬਿਧਾ ਦੂਰ ਹੋ ਗਈ॥੨੦॥

ਤੀਨ ਦਿਵਸ ਬਸਿ ਬਿਧੀਆ ਚਾਲਾ। ਹਿਤ ਰਾਖਨ ਕਹਿ ਬਿਨੈ ਬਿਸਾਲਾ।
'ਤੁਮ ਮੇਰੇ ਗੁਰ ਦੀਨਸਿ ਗਜਾਨਾ। ਫਲ ਪ੍ਰਾਪਤਿ ਤਪ ਕਿਯ ਜੁ ਮਹਾਨਾ॥੨੧॥

ਤਿੰਨ ਦਿਨ ਉਥੇ ਰਹਿ ਕੇ ਬਿਧੀ ਚੰਦ ਚਲ ਪਿਆ, ਪਾਸ ਰਖਣ ਵਾਸਤੇ ਬਹੁਤ ਬੇਨਤੀਆਂ ਕੀਤੀਆਂ, ''ਤੁਸੀਂ ਮੇਰੇ ਗੁਰੂ ਹੋ ਮੈਨੂੰ ਗਿਆਨ ਦਿੱਤਾ ਹੈ ਜਿਹੜਾ ਮੈਂ ਮਹਾਨ ਤੱਪ ਕੀਤਾ ਸੀ, ਉਸ ਦਾ ਫਲ ਪ੍ਰਾਪਤ ਹੋਇਆ ਹੈ॥੨੧॥

ਰਹ੍ਯੋ ਨ ਜਾਇ ਤੁਮਾਰੇ ਬਿਨਾ। ਤਨ ਤਜਿਬੋ ਤੁਮ ਢਿਗ, ਚਹਿ ਘਨਾ'।
ਬਿਧੀਚੰਦ ਸੁਨਿ ਧੀਰਜ ਦੀਨਿ। 'ਮਮ ਤੁਮ ਬੈਸ ਏਕ ਸਮ ਚੀਨ॥੨੨॥

ਤੁਹਾਡੇ ਬਗੈਰ ਹੁਣ ਰਿਹਾ ਨਹੀਂ ਜਾਂਦਾ, ਤੁਹਾਡੇ ਪਾਸ ਆਪਣਾ ਸਰੀਰ ਛਡਾਂ, ਦਿਲ ਇਹ ਚਾਹੁੰਦਾ ਹੈ।'' ਇਹ ਸੁਣ ਕੇ ਬਿਧੀ ਚੰਦ ਨੇ ਧੀਰਜ ਦਿੱਤਾ, ''ਮੇਰੀ ਤੇਰੀ ਉਮਰ ਇਕ ਸਮਾਨ ਜਾਣੋ॥੨੨॥

ਮਾਸ ਰੁ ਬਾਸਰੁ ਘਟਿਕਾ ਸੋਇ। ਮੋਰ ਤੋਰ ਤਨ ਤਜਾਗਨਿ ਹੋਇ'।
ਸੁਨਤਿ ਅਨੰਦ ਭਾ ਸੁੰਦਰ ਸ਼ਾਹੂ। 'ਕਰਹੁ ਕ੍ਰਿਪਾ ਤਬਿ ਹੋਵਹੁ ਪਾਹੂ॥੨੩॥

ਮਹੀਨਾ, ਦਿਨ ਤੇ ਘੜੀ ਉਹੋ ਹੋਵੇਗੀ ਜਦੋਂ ਮੇਰੇ ਤੇਰੇ ਸਰੀਰ ਦਾ ਤਿਆਗ ਹੋਵੇਗਾ।'' ਇਹ ਸੁਣ ਕੇ ਸੁੰਦਰ ਸ਼ਾਹ ਬਹੁਤ ਅਨੰਦਿਤ ਹੋਇਆ ਤੇ ਕਿਹਾ, ''ਤਦ ਕਿਰਪਾ ਕਰਕੇ ਮੇਰੇ ਪਾਸ ਹੋਵੋ॥੨੩॥

ਦੋਨਹੁ ਤਨ ਤਜਾਗਹਿਂ ਇਕ ਕਾਲ। ਗਮਨਹੁ ਲੇ ਪ੍ਰਲੋਕ ਨਿਜ ਨਾਲ।
ਦਾਸ ਜਾਨਿ ਨਿਜ ਬਿਰਦ ਸੰਭਾਰਹੁ। ਆਪ ਤਰਹੁ ਅਰੁ ਮੋ ਕਹੁ ਤਾਰਹੁ'॥੨੪॥

ਦੋਵੇਂ ਸਰੀਰ ਇਕੋ ਸਮੇਂ ਛੱਡਾਂਗੇ, ਮੈਨੂੰ ਨਾਲ ਲੈ ਕੇ ਪ੍ਰਲੋਕ ਵਿਚ ਜਾਵੋ। ਮੈਨੂੰ ਦਾਸ ਜਾਣ ਕੇ ਆਪਣਾ ਧਰਮ ਪਛਾਣੋ, ਆਪ ਤਰੋ ਅਤੇ ਮੈਨੂੰ ਵੀ ਤਾਰੋ'॥੨੪॥

ਸੁਨਿ ਬਿਨਤੀ ਬਿਧੀਆ ਸੁ ਪ੍ਰਸੰਨ। 'ਤਵ ਸੰਕਲਪ ਹੋਇ ਨਹਿਂ ਅੰਨ।
ਜਬਹਿ ਸਮਾਂ ਤਨ ਤਜਿਬੇ ਹੋਇ। ਤੁਝ ਢਿਗ ਪਹੁਚੋਂ ਲਖਿ ਮੈਂ ਸੋਇ॥੨੫॥

ਇਹ ਬੇਨਤੀ ਸੁਣ ਕੇ ਬਿਧੀ ਚੰਦ ਪ੍ਰਸੰਨ ਹੋਇਆ, ''ਤੇਰਾ ਸੰਕਲਪ ਵੱਖਰਾ ਨਹੀਂ ਹੋਵੇਗਾ। ਜਦ ਸਮਾਂ ਤਨ ਛੱਡਣ ਦਾ ਆਵੇਗਾ, ਮੈਂ ਸਮਝ ਕੇ ਤੇਰੇ ਪਾਸ ਪਹੁੰਚ ਜਾਵਾਂਗਾ॥੨੫॥

ਇਹਾਂ ਆਨਿ ਮੈਂ ਤਜਾਗਹੁਂ ਪ੍ਰਾਨ। ਬੈਠਹੁ ਆਪ ਧਰਹੁ ਗੁਰ ਧ੍ਯਾਨ'।
ਸੁਨਿ ਅਨੰਦ ਬਹੁ ਸੁੰਦਰ ਸ਼ਾਹੂ। ਬੰਦਤਿ ਬਿਧੀਚੰਦ ਪਦ ਪਾਹੂ॥੨੬॥

ਏਥੇ ਆ ਕੇ ਮੈਂ ਪ੍ਰਾਣ ਤਿਆਗਾਂਗਾ, ਤੁਸੀਂ ਬੈਠ ਕੇ ਗੁਰੂ ਵਿਚ ਧਿਆਨ ਧਾਰਨ ਕਰੋ।'' ਇਹ ਸੁਣ ਕੇ ਸੁੰਦਰ ਸ਼ਾਹ ਬਹੁਤ ਪ੍ਰਸੰਨ ਹੋਇਆ ਤੇ ਬਿਧੀ ਚੰਦ ਦੇ ਚਰਨਾਂ ਤੇ ਬੰਦਨਾ ਕੀਤੀ॥੨੬॥

'ਅਬਿ ਮੈਂ ਕਾਜ ਗੁਰੂ ਕੇ ਜਾਵੌਂ। ਤਨ ਕੇ ਅੰਤ ਸਮੈ ਪੁਨ ਆਵੌਂ'।
ਇਮ ਕਹਿ ਗਯੋ ਦੇਸ਼ ਤਿਸ ਮਾਂਹੀ। ਗੁਰ ਸੰਗਤਿ ਪੱਤ੍ਰੀ ਪਠਿ ਜਾਂਹੀ॥ ੨੭॥

''ਹੁਣ ਮੈਂ ਗੁਰੂ ਜੀ ਦਾ ਕੰਮ ਕਰਨ ਜਾਵਾਂਗਾ, ਫਿਰ ਸਰੀਰ ਛੱਡਣ ਸਮੇਂ ਏਥੇ ਦੁਬਾਰਾ ਆਵਾਂਗਾ।'' ਇਸ ਤਰ੍ਹਾਂ ਕਹਿ ਕੇ ਉਸ ਦੇਸ਼ ਵਿਚ ਗਿਆ, ਜਿਥੋਂ ਦੀ ਗੁਰਸੰਗਤ ਨੇ ਚਿੱਠੀ ਭੇਜੀ ਸੀ॥੨੭॥

ਸਾਗਰ ਟਾਪੂ ਮਹਿ ਅਭਿਰਾਮ। ਪੁਰਿ ਮੈਨਾਕ ਤਾਂਹਿ ਕੋ ਨਾਮ।
ਦਿਯੋ ਹੁਕਮਨਾਮਾ ਗੁਰ ਕੇਰਾ। 'ਇਹੁ ਸਿਖ ਪਿਖਹੁ ਰੂਪ ਜਿਮ ਮੇਰਾ' ॥ ੨੮॥

ਸਮੁੰਦਰ ਵਿਚ ਇਕ ਸੁੰਦਰ ਟਾਪੂ ਸੀ, ਉਸ ਸਥਾਨ ਦਾ ਨਾਂ ਮੈਨਾਕਪੁਰ ਸੀ, ਉਥੇ ਜਾ ਕੇ ਗੁਰੂ ਜੀ ਦਾ ਹੁਕਮਨਾਮਾ ਦਿੱਤਾ, ਜਿਸ ਵਿਚ ਲਿਖਿਆ ਸੀ, ''ਇਸ ਸਿੱਖ ਨੂੰ ਮੇਰਾ ਰੂਪ ਸਮਝੋ''॥੨੮॥

*ਨੋਟ : ਮੈਨਾਕਪੁਰ ਇਕ ਪਹਾੜ ਹੈ ਜੋ ਦਖਣੀ ਹਿੰਦ ਤੇ ਲੰਕਾ ਦੇ ਵਿਚਕਾਰ ਟਿਕਿਆ ਦਸਿਆ ਜਾਂਦਾ ਹੈ, ਇਹ ਵੀ ਹੋ ਸਕਦਾ ਹੈ ਕਿ ਸ਼ਿਵਨਾਭ ਦੇ ਦੇਸ਼ ਤੋਂ ਮੁਰਾਦ ਹੋਵੇ, ਕਿਉਂਕਿ ਉਥੇ ਗੁਰੂ ਨਾਨਕ ਦੇਵ ਜੀ ਗਏ ਸਨ ਤੇ ਉਥੇ ਉਨ੍ਹਾਂ ਦੇ ਬੜੇ ਸਿੱਖ ਰਹਿੰਦੇ ਸਨ।*

ਸੁਨਤਿ ਅਨੰਦ ਭਏ ਸਿਖ ਸਾਰੇ। ਦੇਤਿ ਉਪਾਇਨ ਬੰਦਨ ਧਾਰੇ।
ਸ੍ਰੀ ਗੁਰ ਹਰਿਗੋਵਿੰਦ ਮਨਿੰਦ। ਬਿਧੀਚੰਦ ਕੋ ਮਾਨਹਿਂ ਬ੍ਰਿੰਦ॥ ੨੯॥

ਇਹ ਸੁਣ ਕੇ ਸਾਰੇ ਸਿੱਖ ਪ੍ਰਸੰਨ ਹੋ ਗਏ, ਤੇ ਬੰਦਨਾ ਧਾਰ ਕੇ ਉਪਹਾਰ ਦੇਣ ਲੱਗੇ। ਸ੍ਰੀ ਗੁਰੂ ਹਰਿਗੋਬਿੰਦ ਵਾਂਗ ਸਾਰੇ ਬਿਧੀ ਚੰਦ ਨੂੰ ਮੰਨਦੇ ਸਨ॥੨੯॥

ਬਸਨ ਬਿਭੂਖਨ ਜਰੇ ਜਵਾਹਰ। ਜਬਰ ਅਜਾਇਬ ਜ਼ੇਬ ਸੁ ਜ਼ਾਹਰ।
ਭਾਂਤਿ ਭਾਂਤਿ ਕੇ ਭੋਜਨ ਭਾਵਤਿ। ਪ੍ਰੇਮੁ ਭਾਉ ਤੇ ਭਲੇ ਅਚਾਵਤਿ॥ ੩੦॥

ਬਸਤਰ ਅਤੇ ਗਹਿਣੇ, ਹੀਰੇ ਜਵਾਹਰਾਤ ਨਾਲ ਜੜੇ ਸਨ, ਉਨ੍ਹਾਂ ਦੀ ਅਜੀਬ ਸ਼ੋਭਾ ਪ੍ਰਗਟ ਹੋ ਰਹੀ ਸੀ। ਭਾਂਤ-ਭਾਂਤ ਦੇ ਮਨ-ਭਾਉਂਦੇ ਭੋਜਨ ਬੜੇ ਪ੍ਰੇਮ ਨਾਲ ਭਲੀ ਪ੍ਰਕਾਰ ਬਣਾਉਂਦੇ ਸਨ॥੩੦॥

ਰੈਣ ਦਿਵਸ ਆਇਸੁ ਮਹਿਂ ਰਹੈਂ। ਬਾਂਛਤਿ ਰਿਦੈ ਮਨੋਰਥ ਲਹੈਂ।
ਗੁਰਬਾਨੀ ਪਢਿ ਅਰਥ ਸਮੇਤ। ਬਿਧੀਚੰਦ ਉਪਦੇਸ਼ ਸੁ ਦੇਤਿ॥ ੩੧॥

ਰਾਤ ਦਿਨ ਆਗਿਆ ਵਿਚ ਰਹਿੰਦੇ ਸਨ ਤੇ ਆਪਣੀਆਂ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਸਨ। ਅਰਥਾਂ ਸਮੇਤ ਗੁਰਬਾਣੀ ਪੜ੍ਹਦੇ ਸਨ, ਬਿਧੀ ਚੰਦ ਸ੍ਰੇਸ਼ਟ ਉਪਦੇਸ਼ ਦਿੰਦਾ ਸੀ॥੩੧॥

'ਗੁਰ ਮਹਿਮਾ ਸਿਮਰਤਿ ਸਤਿਨਾਮੂ। ਹਉਮੈ ਤਜਾਗਨਿ ਮਨ ਬਿਸਰਾਮੂ।
ਦਯਾ ਖਿਮਾ ਸੁਚ ਸੰਜਮ ਧੀਰਜ। ਧਰਮ ਪਰਾਇਨ ਸਾਚੁ ਸੁ ਬੀਰਜ॥ ੩੨॥

ਉਹ ਕਹਿੰਦਾ ਸੀ, ''ਗੁਰੂ ਮਹਿਮਾ ਗਾਵੋ ਤੇ ਸਤਿਨਾਮ ਦਾ ਸਿਮਰਨ ਕਰੋ। ਹਉਮੈ ਤਿਆਗਣ ਨਾਲ ਮਨ ਨੂੰ ਵਿਸ਼ਰਾਮ ਮਿਲਦਾ ਹੈ। ਦਇਆ, ਖਿਮਾ, ਸੁਚ, ਸੰਜਮ, ਧੀਰਜ ਅਤੇ ਧਰਮ ਆਸਰਾ ਹਨ ਤੇ ਸੱਚ ਵੱਡਾ ਬਲਵਾਨ ਹੈ॥੩੨॥

ਗੁਰਸਿੱਖੀ ਨਿਰਮਲ ਸੰਤੋਸ਼। ਸਦਾ ਗੁਰੂ ਕੇ ਰਹੇ ਭਰੋਸ'।
ਇੱਤਜਾਦਿਕ ਗੁਨ ਸਕਲ ਬਤਾਏ। ਮਨ ਬਿਕਾਰ ਦੁਬਿਧਾਦਿ ਹਟਾਏ॥ ੩੩॥

ਗੁਰਸਿੱਖੀ ਨਿਰਮਲ ਸੰਤੋਖ ਹੈ, ਤੇ ਸਦਾ ਗੁਰੂ ਜੀ ਦੇ ਭਰੋਸੇ ਤੇ ਰਹੋ।'' ਇੱਤਆਦਿ ਸਾਰੇ ਗੁਣ ਵਰਣਨ ਕੀਤੇ, ਮਨ ਦੇ ਵਿਕਾਰ ਤੇ ਦੁਬਿਧਾ ਆਦਿ ਹਟਾ ਦਿੱਤੇ॥੩੩॥

ਗੁਰਮਤਿ ਸਿੱਖਨਿ ਮਹਿਂ ਉਪਜਾਈ। ਦੁਰਮਤਿ ਮਤਸਰ ਆਦਿ ਮਿਟਾਈ।
ਕਰਿ ਕਰਿ ਬਿਨੈ ਮਾਸ ਇਕ ਰਾਖਾ। ਅਸਨ ਅਚਾਇ ਮ੍ਰਿਦੁਲ ਬਹੁ ਭਾਖਾ ॥੩੪॥

ਗੁਰਮਤਿ ਸੁੱਖਾਂ ਵਿਚ ਉਪਜਾਈ ਤੇ ਦੁਰਮਤਿ ਹੰਕਾਰ ਆਦਿ ਮਿਟਾਏ। ਬਿਨੈ ਕਰ-ਕਰ ਕੇ ਇਕ ਮਹੀਨਾ ਰਖਿਆ, ਭੋਜਨ ਖੁਵਾ ਕੇ ਬਹੁਤ ਕੋਮਲ ਸ਼ਬਦ ਬੋਲਦੇ ਸਨ ॥੩੪॥

ਗਮਨ ਹੇਤੁ ਬਹੁ ਬਾਰ ਉਚਰਜੋ। ਸੰਗਤਿ ਤਬਹਿ ਬਿਸਰਜਨ ਕਰਜੋ।
ਅਰਪੇ ਹਯ ਜਿਨ ਕੀਮਤ ਭਾਰੇ। ਸੰਗ ਦਾਸ ਦੀਨਸਿ ਰਖਵਾਰੇ ॥ ੩੫॥

ਚਲਣ ਵਾਸਤੇ ਬਹੁਤ ਵਾਰ ਉਚਾਰਨ ਕੀਤਾ, ਸੰਗਤ ਨੇ ਫਿਰ ਵਿਦਾ ਕੀਤਾ। ਘੋੜੇ ਅਰਪਣ ਕੀਤੇ ਜਿਨ੍ਹਾਂ ਦੀ ਵੱਡੀ ਕੀਮਤ ਸੀ ਤੇ ਕੁਝ ਸੇਵਕ ਰਖਵਾਲੀ ਵਾਸਤੇ ਦਿੱਤੇ ॥੩੫॥

ਬਹੁ ਸਮਾਜ ਲੈ ਚਢਜੋ ਜਹਾਜੂ। ਆਯਹੁ ਉਤਰਿ, ਕਰੇ ਗੁਰ ਕਾਜੂ।
ਕੀਰਤਪੁਰਿ ਮਹਿਂ ਆਨਿ ਪ੍ਰਵੇਸ਼ਾ। ਅੱਗ੍ਰ ਉਪਾਇਨ ਕੀਨਿ ਅਸ਼ੇਸ਼ਾ ॥ ੩੬॥

ਬਹੁਤ ਸਾਮਾਨ ਲੈ ਕੇ ਜਹਾਜ਼ ਵਿਚ ਚੜ੍ਹ ਗਿਆ, ਗੁਰੂ ਦਾ ਕਾਰਜ ਕਰਕੇ ਉਤਰ ਕੇ ਆ ਗਿਆ। ਕੀਰਤਪੁਰ ਵਿਚ ਆ ਦਾਖਲ ਹੋਇਆ ਤੇ ਗੁਰੂ ਜੀ ਅੱਗੇ ਬਹੁਤ ਉਪਹਾਰ ਧਰ ਦਿੱਤੇ ॥੩੬॥

*ਨੋਟ : ਇਸ ਅੰਕ ਵਿਚ ਇਹ ਦੱਸਿਆ ਹੈ ਕਿ ਬਿਧੀ ਚੰਦ ਜਹਾਜ਼ ਤੇ ਚੜ੍ਹਕੇ ਸਮੁੰਦਰ ਪਾਰ ਕਰਦਾ ਹੈ, ਇਸ ਲਈ ਇਹ ਸ੍ਰੀ ਲੰਕਾ ਦਾ ਟਾਪੂ ਹੋ ਸਕਦਾ ਹੈ।*

ਪਰਜੋ ਚਰਨ ਪਰ ਬੰਦਨ ਠਾਨੀ। ਮੁਖ ਮੁਸਕਾਇ ਦੇਖਿ ਕਹਿ ਬਾਨੀ।
'ਜਨਮ ਧੰਨ ਜਗ ਭਯੋ ਤੁਹਾਰਾ। ਰਹਜੋ ਸੁਧਾਰਤਿ ਗੁਰ ਘਰ ਕਾਰਾ' ॥ ੩੭॥

ਗੁਰੂ ਜੀ ਦੇ ਚਰਨਾ ਤੇ ਪੈ ਕੇ ਬੰਦਨਾ ਕੀਤੀ, ਗੁਰੂ ਜੀ ਨੇ ਮੁਖ ਤੋਂ ਮੁਸਕਰਾ ਕੇ ਕਿਹਾ, "ਜਗਤ ਵਿਚ ਤੁਹਾਡਾ ਧੰਨ ਜਨਮ ਹੋਇਆ ਹੈ, ਗੁਰੂ ਘਰ ਦੇ ਕਾਰਜ ਹੀ ਸੁਧਾਰਦਾ ਰਿਹਾ ਹੈਂ" ॥੩੭॥

ਬਿਧੀਚੰਦ ਆਨੰਦ ਬਿਲੰਦੇ। ਪਰਸਿ ਪਦਾਰਬਿੰਦ ਕਰ ਬੰਦੇ।
'ਇਹੁ ਸਭਿ ਰਾਵਰ ਕੀ ਬਹੁ ਕਰੁਨਾ। ਦਾਸ ਦੀਨ ਨੇ ਕਜਾ ਹੈ ਕਰਨਾ' ॥੩੮॥

ਬਿਧੀ ਚੰਦ ਬਹੁਤ ਪ੍ਰਸੰਨ ਸੀ ਤੇ ਉਸ ਨੇ ਚਰਨ ਕੰਵਲਾਂ ਨੂੰ ਪਰਸ ਕੇ ਬੰਦਨਾ ਕੀਤੀ ਤੇ ਕਿਹਾ, "ਇਹ ਸਾਰੀ ਆਪ ਜੀ ਦੀ ਹੀ ਕਿਰਪਾ ਹੈ, ਗਰੀਬ ਸੇਵਕ ਨੇ ਕੀ ਕਰਨਾ ਹੈ" ॥੩੮॥

ਬਸਨ ਬਿਭੂਖਨ ਧਨ ਗਨ ਲਜਾਯੋ। ਸ਼੍ਰੀ ਸਤਿਗੁਰ ਕੇ ਅੱਗ੍ਰ ਟਿਕਾਯੋ।
ਘੋਰੇ ਚਪਲ ਸਕਲ ਦਰਸਾਇਵ। ਅਰਪੇ ਪਗ ਪੰਕਜ ਲਪਟਾਇਵ ॥ ੩੯॥

ਜਿਹੜੇ ਬਸਤਰ, ਗਹਿਣੇ ਅਤੇ ਧਨ ਬਹੁਤ ਲਿਆਂਦਾ ਸੀ, ਉਹ ਸਾਰੇ ਸਤਿਗੁਰੂ ਜੀ ਦੇ ਅੱਗੇ ਟਿਕਾ ਦਿੱਤੇ। ਚੰਚਲ ਘੋੜੇ ਸਾਰੇ ਵਿਖਾਏ ਤੇ ਚਰਨ ਕੰਵਲ ਨਾਲ ਜੁੜ ਕੇ ਸਾਰੇ ਅਰਪਣ ਕਰ ਦਿੱਤੇ ॥੩੯॥

ਗਹਿ ਭੁਜ ਪ੍ਰਭੁ ਨਿਜ ਕੰਠ ਲਗਾਯੋ। ਬ੍ਰਹਮਗਜਾਨ ਮਨ ਬਿਖੈ ਟਿਕਾਯੋ।
ਅਧਿਕ ਪ੍ਰਸੰਨ ਹੋਇ ਢਿਗ ਰਾਖੈਂ। ਨਿਜ ਮਨ ਬਾਤ ਤਾਂਹਿ ਸੋ ਭਾਖੈਂ ॥ ੪੦॥

ਗੁਰੂ ਜੀ ਨੇ ਬਾਂਹ ਤੋਂ ਫੜ ਕੇ ਆਪਣੇ ਗਲ ਨਾਲ ਲਾ ਲਿਆ ਤੇ ਬ੍ਰਹਮ-ਗਿਆਨ ਨੂੰ ਮਨ ਵਿਚ ਟਿਕਾ ਦਿੱਤਾ। ਬਹੁਤ ਪ੍ਰਸੰਨ ਹੋ ਕੇ ਪਾਸ ਰੱਖਦੇ ਸਨ, ਆਪਣੇ ਮਨ ਦੀ ਗੱਲ ਉਸ ਨਾਲ ਕਰਦੇ ਸਨ ॥੪੦॥

ਇਸ ਪ੍ਰਕਾਰ ਦਿਨ ਗੁਰੂ ਬਿਤਾਵੈਂ। ਗੁਰਸਿੱਖੀ ਮਗ ਬਹੁ ਬਿਦਤਾਵੈਂ।
ਤੀਰ ਸਤੱਦ੍ਰਵ ਜਾਇ ਨਿਹਾਰੈਂ। ਜਲ ਨਿਰਮਲ ਕੀ ਸਿਫਤਿ ਉਚਾਰੈਂ॥ ੪੧॥

ਇਸ ਪ੍ਰਕਾਰ ਗੁਰੂ ਜੀ ਦਿਨ ਬਤੀਤ ਕਰਦੇ ਸਨ, ਗੁਰਸਿੱਖੀ ਮਾਰਗ ਨੂੰ ਬਹੁਤ ਪ੍ਰਗਟ ਕਰ ਰਹੇ ਸਨ। ਸਤਲੁਜ ਦੇ ਕੰਢੇ ਜਾ ਕੇ ਵੇਖਦੇ ਸਨ ਤੇ ਨਿਰਮਲ ਜਲ ਦੀਆਂ ਸਿਫਤਾਂ ਕਰਦੇ ਸਨ॥੪੧॥

ਪਾਵਸ ਰਿਤੁ ਜਗ ਮਹਿਂ ਪ੍ਰਗਟਾਈ। ਚਹੁੰਦਿਸ਼ਿ ਸਘਨ ਘਟਾ ਘੁਰਿ ਆਈ।
ਬਰਣ ਬਰਣ ਕੇ ਜਲਧਰ ਬਰਖਹਿਂ। ਮਿਟੀ ਤਪਤ ਜੰਤੂ ਜਨ ਹਰਖਹਿਂ॥੪੨॥

ਬਰਸਾਤ ਰੁੱਤ ਜੱਗ ਵਿਚ ਪ੍ਰਗਟ ਹੋਈ, ਚਾਰੇ ਪਾਸੇ ਸੰਘਣੀਆਂ ਘਟਾਵਾਂ ਘਿਰ ਕੇ ਆ ਗਈਆਂ, ਰੰਗ-ਬਰੰਗੇ ਬੱਦਲ ਵਰਸ਼ਾ ਕਰ ਰਹੇ ਸਨ, ਗਰਮੀ ਮਿਟ ਗਈ ਜੀਵ ਜੰਤੂ ਬਹੁਤ ਪ੍ਰਸੰਨ ਹੋਏ॥੪੨॥

ਨੀਰ ਨਵੀਨ ਨਦੀ ਮਹਿਂ ਚਲੈ। ਕੂਲਨਿ ਕੋ ਢਾਹਤਿ, ਜਨੁ ਗਿਲੈ।
ਤ੍ਰਿਣ ਕਾਸ਼ਟ ਸੰਚਯ ਬਹੁ ਬਹੈਂ। ਜਲ ਜੰਤੂ ਉਛਲਤਿ ਸੁਖ ਲਹੈਂ॥ ੪੩॥

ਨਦੀ ਵਿਚ ਨਵਾਂ ਪਾਣੀ ਚਲ ਰਿਹਾ ਸੀ, ਕਿਨਾਰਿਆਂ ਨੂੰ ਢਾਹੁੰਦਾ ਮਾਨੋਂ ਨਿਗਲੀ ਜਾਂਦਾ ਹੈ। ਘਾਹ ਤੇ ਲਕੜਾਂ ਗਿਲੀਆਂ ਹੋ ਕੇ ਬਹੁਤ ਵਹਿ ਰਹੀਆਂ ਸਨ। ਜਲ ਜੰਤੂ ਉੱਛਲ-ਉੱਛਲ ਕੇ ਸੁੱਖ ਪ੍ਰਾਪਤ ਕਰ ਰਹੇ ਸਨ॥੪੩॥

ਘਨਘੋਰਨ ਤੇ ਮੋਰਨ ਸ਼ੋਰ। ਸੁਨੀਅਤਿ ਕੀਰਤਪੁਰਿ ਚਹੁੰ ਓਰ।
ਬਿਨਾ ਧੂਲ ਤੇ ਸੈਲ ਬਿਸਾਲੇ। ਖਰੇ ਤਰੋਵਰ ਫਲਤਿ ਰਸਾਲੇ॥ ੪੪॥

ਘਟਾਵਾਂ ਨੂੰ ਗਜਦੀਆਂ ਸੁਣ ਕੇ ਮੋਰ ਸ਼ੋਰ ਮਚਾਉਂਦੇ ਸਨ, ਕੀਰਤਪੁਰ ਵਿਚ ਚਾਰੇ ਪਾਸੇ ਆਵਾਜ਼ਾਂ ਸੁਣਦੀਆਂ ਸਨ। ਸਾਰੇ ਪਹਾੜ ਧੂੜ ਤੋਂ ਬਗੈਰ ਹੋ ਗਏ ਸਨ, ਖੜੇ ਦਰੱਖਤ ਬੜੇ ਰਸੀਲੇ ਫਲ ਰਹੇ ਸਨ॥੪੪॥

ਭਾਂਤਿ ਭਾਂਤਿ ਕੀ ਸ਼ੋਭਾ ਹੋਤਿ। ਸਤਿਗੁਰੁ ਹੇਰਤਿ ਅਨੰਦ ਉਦੋਤ।
ਹਰਿਆਵਲ ਹੋਈ ਸਭਿ ਰਵਨੀ। ਇੰਦ੍ਰ ਬਧੂ ਜੁਤਿ ਦੇਖਤਿ ਅਵਨੀ॥ ੪੫॥

ਭਾਂਤ-ਭਾਂਤ ਦੀ ਸ਼ੋਭਾ ਹੋ ਰਹੀ ਸੀ, ਸਤਿਗੁਰੂ ਜੀ ਵੇਖ ਕੇ ਬੜੇ ਅਨੰਦਿਤ ਹੋ ਜਾਂਦੇ ਸਨ। ਸਾਰੇ ਸੁੰਦਰ ਹਰਿਆਵਲ ਹੋ ਗਈ। ਚੀਚ ਵਹੁਟੀਆਂ ਸਹਿਤ ਧਰਤੀ ਦਿਖਾਈ ਦਿੰਦੀ ਸੀ॥੪੫॥

ਸਾਵਣ ਅਰੁ ਭਾਦ੍ਰੋਂ ਜੁਗ ਮਾਸ। ਕੀਰਤਪੁਰਿ ਮੈਂ ਕਰਹਿਂ ਬਿਲਾਸ।
ਸ਼ਬਦ ਕੀਰਤਨ ਹੋਇ ਸਦਾਈ। ਸੁਨਿ ਸੁਨਿ ਸਿੱਖਨਿ ਗੁਰਮਤਿ ਭਾਈ॥੪੬॥

ਸਾਵਣ ਅਤੇ ਭਾਦੋਂ ਦੇ ਮਹੀਨੇ, ਕੀਰਤਪੁਰ ਵਿਚ ਬੜਾ ਅਨੰਦ ਵਿਲਾਸ ਕਰਦੇ ਸਨ। ਸਦਾ ਹੀ ਸ਼ਬਦ ਕੀਰਤਨ ਹੁੰਦਾ ਸੀ, ਸੁਣ-ਸੁਣ ਕੇ ਸਿੱਖਾਂ ਨੂੰ ਗੁਰਮਤਿ ਚੰਗੀ ਲੱਗਦੀ ਸੀ॥੪੬॥

*ਅੱਠਵੀਂ ਰਾਸ ਦਾ ਪੈਂਤੀਵਾਂ ਅਧਿਆਇ ਸਮਾਪਤ ਹੋਇਆ॥੩੫॥*

☆☆☆

# ਅਧਿਆਇ ਛੱਤੀਵਾਂ

## *ਸ੍ਰੀ ਗੁਰਦਿੱਤਾ ਜੀ ਨੇ ਮੋਈ ਗਊ ਜਿਵਾਈ*

ਦੋਹਰਾ- ਪਾਵਸ ਬਰਖਾ ਅਧਿਕ ਹ੍ਵੈ ਸਰਿਤਾ ਸੈਲਨ ਸੈਲ।
ਸ੍ਰੀ ਹਰਿਗੋਵਿੰਦ ਬਹੁ ਕਰੈਂ, ਨੀਚੇ ਊਚੇ ਗੈਲ॥ ੧॥

ਬਰਸਾਤ ਵਿਚ ਵਰਖਾ ਜ਼ਿਆਦਾ ਹੋਣ ਕਰਕੇ ਨਦੀ ਦਾ ਪਾਣੀ ਬਹੁਤ ਚੜ੍ਹਿਆ ਸੀ ਤੇ ਸ੍ਰੀ ਹਰਿਗੋਬਿੰਦ ਜੀ ਪਹਾੜਾਂ ਦੀ ਸੈਰ ਬਹੁਤ ਕਰਦੇ ਸਨ, ਹੇਠਾਂ ਉਪਰ ਨਦੀ ਦੇ ਨਾਲ-ਨਾਲ ਚਲਦੇ ਸਨ॥੧॥

ਚੌਪਈ- ਪਾਵਸ ਇਸੀ ਪ੍ਰਕਾਰ ਬਿਤਾਈ। ਸਰਦ ਸੁੰਦਰੀ ਰਿਤੁ ਪੁਨ ਆਈ।
ਭਏ ਸੇਤ ਘਨ ਜਲ ਕੋ ਛੋਰਿ। ਬਿਮਲ ਅਕਾਸ਼ ਭਯੋ ਚਹੁੰ ਓਰ॥ ੨॥

ਬਰਸਾਤ ਏਸੇ ਪ੍ਰਕਾਰ ਬਤੀਤ ਕੀਤੀ ਫਿਰ ਸੁੰਦਰ ਸਰਦ ਰੁਤ ਆ ਗਈ, ਘਣੇ ਜਲ ਨੂੰ ਛੱਡ ਕੇ ਸਾਰੇ ਸਫੇਦੀ ਛਾ ਗਈ, ਚਾਰੇ ਪਾਸੇ ਅਕਾਸ਼ ਬਹੁਤ ਨਿਰਮਲ ਹੋ ਗਿਆ॥੨॥

ਕਬਿ ਕਬਿ ਸ੍ਰੀ ਗੁਰਦਿੱਤਾ ਚਰੈਂ। ਵਹਿਰ ਅਖੇਰ ਬ੍ਰਿਤਿ ਕੋ ਕਰੈਂ।
ਬਾਂਛਤਿ ਲੇਤਿ ਸੰਗ ਅਸਵਾਰ। ਬਿਚਰਹਿਂ ਜਹਿਂ ਕਹਿਂ ਬਿਪਨ ਮਝਾਰ॥ ੩॥

ਕਦੀ-ਕਦੀ ਸ੍ਰੀ ਗੁਰਦਿੱਤਾ ਜੀ ਘੋੜੇ ਉੱਤੇ ਸਵਾਰ ਹੋ ਕੇ ਜੰਗਲ ਵਿਚ ਸ਼ਿਕਾਰ ਖੇਡਣ ਜਾਂਦੇ ਸਨ। ਆਪਣੇ ਨਾਲ ਆਪਣੀ ਮਰਜ਼ੀ ਦੇ ਸਵਾਰ ਲੈ ਜਾਂਦੇ ਸਨ। ਵਣ ਵਿਚ ਜਿਥੇ ਕਿਥੇ ਫਿਰਦੇ ਸਨ॥੩॥

ਸ੍ਰੀ ਹਰਿਗੋਵਿੰਦ ਥਿਰਤਾ ਗਹੀ। ਬਹੁਰ ਵਹਿਰ ਬਹੁ ਗਮਨਹਿਂ ਨਹੀਂ।
ਕਰਨਿ ਅਖੇਰ ਅਰੂਢਨ ਬਾਜ। ਤਜਯੋ ਰਾਖਬੋ ਸ੍ਵਾਨ ਰੁ ਬਾਜ਼॥ ੪॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਸਥਿਰਤੀ ਫੜੀ ਸੀ, ਉਹ ਬਾਹਰ ਬਹੁਤਾ ਫਿਰਦੇ ਨਹੀਂ ਸਨ। ਸ਼ਿਕਾਰ ਖੇਡਣ ਵਾਸਤੇ ਘੋੜੇ ਤੇ ਚੜ੍ਹ ਜਾਂਦੇ ਸਨ ਕੁੱਤਿਆਂ ਅਤੇ ਬਾਜ਼ਾਂ ਨੂੰ ਰਖਣਾ ਛੱਡ ਦਿੱਤਾ ਸੀ॥੪॥

ਜੁਗਮ ਸਮੈ ਸੁਭ ਸਭਾ ਲਗਾਵੈਂ। ਸ਼ਬਦ ਰਬਾਬੀ ਸੁੰਦਰ ਗਾਵੈਂ।
ਸਿਖ ਸੰਗਤਿ ਚਹੁੰਦਿਸ਼ਿ ਤੇ ਆਇ। ਲਜਾਇ ਉਪਾਇਨ ਕੇ ਸਮੁਦਾਇ॥੫॥

ਦੋਵੇਂ ਵੇਲੇ ਸ਼ੁਭ ਸਭਾ ਲਾਉਂਦੇ ਸਨ ਤੇ ਰਬਾਬੀ ਸੁੰਦਰ ਸ਼ਬਦ ਗਾਉਂਦੇ ਸਨ। ਸਿੱਖ ਸੰਗਤ ਚਾਰੇ ਪਾਸਿਆਂ ਤੋਂ ਆਉਂਦੀ ਸੀ ਤੇ ਸਾਰੇ ਉਪਹਾਰ ਲਿਆ ਕੇ ਅਰਪਣ ਕਰਦੇ ਸਨ॥੫॥

ਅਰਪਹਿਂ, ਦਰਸ ਕਰਹਿਂ ਬਡ ਭਾਗੇ। ਚਰਨ ਸਪਰਸ਼ਹਿਂ ਪ੍ਰੇਮ ਸੁ ਪਾਗੇ।
ਸੁਨਹਿਂ ਬਚਨ ਸਿਮਰਹਿਂ ਸਤਿਨਾਮੁ। ਪਾਇ ਸ਼੍ਰੇਯ ਕੋ ਗਮਨਹਿਂ ਧਾਮੁ॥੬॥

ਉਪਹਾਰ ਅਰਪਣ ਕਰਕੇ ਵੱਡੇ ਭਾਗਾਂ ਵਾਲੇ ਦਰਸ਼ਨ ਕਰਦੇ ਸਨ, ਤੇ ਪ੍ਰੇਮ ਵਿਚ ਭਿੱਜੇ ਚਰਨ ਸਪਰਸ਼ ਕਰਦੇ ਸਨ। ਗੁਰੂ ਜੀ ਦੇ ਬਚਨ ਸੁਣਦੇ ਸਨ ਤੇ ਸਤਿਨਾਮ ਦਾ ਸਿਮਰਨ ਕਰਦੇ ਸਨ ਤੇ ਮੁਕਤੀ ਪਾ ਕੇ ਆਪਣੇ ਘਰਾਂ ਨੂੰ ਜਾਂਦੇ ਸਨ॥੬॥

'ਮਹਾਂ ਜੰਗ ਹੋਯਹੁ ਬਹੁ ਅਰੇ। ਕਾਬਲ ਆਦਿਕ ਕੇ ਨਰ ਮਰੇ।
ਉਤ ਦਿੱਲੀ ਆਦਿਕ ਪੁਰਿ ਬਾਸੀ। ਲਰੇ ਗੁਰੂ ਸੰਗ ਭਏ ਬਿਨਾਸ਼ੀ॥ ੭॥

ਕਹਿੰਦੇ ਸਨ, 'ਮਹਾਨ ਜੰਗ ਹੋਇਆ, ਬਹੁਤ ਅੜੇ, ਕਾਬਲ ਆਦਿ ਦੇ ਬਹੁਤ ਮਨੁੱਖ ਮਰੇ, ਓਧਰ ਦਿੱਲੀ ਆਦਿ ਨਗਰਾਂ ਦੇ ਵਾਸੀ, ਗੁਰੂ ਜੀ ਨਾਲ ਲੜ ਕੇ ਵਿਨਾਸ਼ ਹੋ ਗਏ॥੭॥

ਗੁਰੂ ਸੂਰਤਾ ਬਿਦਤ ਜਹਾਂਨ। 'ਬਡ ਬਹਾਦੁਰ' ਕਰਹਿਂ ਬਖਾਨ।
ਅਲਪ ਚਮੂੰ ਜਿਨ ਕੇ ਰਹਿ ਪਾਸੀ। ਲਾਖਹੁਂ ਸ਼ੱਤ੍ਰਨਿ ਕਰੇ ਬਿਨਾਸੀ॥ ੮॥

ਗੁਰੂ ਜੀ ਦੀ ਸੂਰਮਗਤੀ ਜਹਾਨ ਵਿਚ ਪ੍ਰਗਟ ਹੈ, "ਵੱਡੇ ਬਹਾਦਰ ਹਨ" ਸਾਰੇ ਕਹਿੰਦੇ ਸਨ। ਬਹੁਤ ਥੋੜ੍ਹੀ ਫੌਜ ਜਿਸ ਪਾਸ ਰਹਿੰਦੀ ਸੀ, ਉਨ੍ਹਾਂ ਨੇ ਲੱਖਾਂ ਵੈਰੀਆਂ ਨੂੰ ਮਾਰ ਦਿੱਤਾ॥੮॥

ਸਿਰ ਪੀਰਨ ਕੇ ਪੀਰ ਬਿਸਾਲਾ। ਬਡ ਮੀਰਨ ਕੇ ਮੀਰ ਸੁ ਚਾਲਾ।
ਸ਼ਾਹੁਜਹਾਂ ਜਿਨ ਸੋਂ ਲਰਿ ਹਾਰੇ। ਅਪਰ ਬਾਪੁਰੇ ਕਹਾਂ ਬਿਚਾਰੇ॥ ੯॥

ਪੀਰਾਂ ਦੇ ਵੱਡੇ ਪੀਰ ਹਨ, ਵੱਡੇ ਮੀਰਾਂ ਦੇ ਸੋਹਣੀ ਰੀਤੀ ਵਾਲੇ ਵੱਡੇ ਮੀਰ ਹਨ। ਸ਼ਾਹਜਹਾਨ ਜਿਨ੍ਹਾਂ ਨਾਲ ਲੜ ਕੇ ਹਾਰ ਗਿਆ ਹੈ, ਹੋਰ ਵੀਚਾਰੇ ਕੀ ਹਨ॥੯॥

ਚਾਰ ਬਾਰ ਕਰਿ ਰਾਰ ਖਪਾਏ। ਜੀਵਤਿ ਕੋ ਨਹਿਂ ਸਦਨ ਪਠਾਏ।
ਬਿਦਤਜੇ ਜਗਤ ਬਿਲੰਦ ਪ੍ਰਸੰਗ। ਮਰੇ ਹਜ਼ਾਰਹੁਂ ਜੋਧਾ ਜੰਗ॥ ੧੦॥

ਚਾਰ ਵਾਰ ਲੜਾਈ ਕਰਕੇ ਸਾਰੇ ਸੂਰਮੇ ਖਪਾ ਦਿੱਤੇ, ਕੋਈ ਵੀ ਜੀਉਂਦਾ ਘਰ ਨਾ ਪਹੁੰਚਿਆ। ਜਗਤ ਵਿਚ ਵੱਡਾ ਪ੍ਰਸੰਗ ਪ੍ਰਗਟ ਹੋਇਆ ਹੈ, ਹਜ਼ਾਰਾਂ ਯੋਧੇ ਜੰਗ ਵਿਚ ਮਾਰੇ ਗਏ ਹਨ॥੧੦॥

ਦੇਸ਼ ਬਿਦੇਸ਼ਨਿ ਬਿਧਵਾ ਤੁਰਕਨਿ। ਰੁਦਤਿ ਘਨੀ ਸਿਰ ਛਾਤੀ ਹਨਿ ਹਨਿ।
ਲਰੇ ਗੁਰੂ ਸੋਂ ਪੀਰ ਜੁ ਪੀਰ। ਕਰਾਮਾਤ ਕਾਮਲ ਬਡ ਮੀਰ॥ ੧੧॥

ਦੇਸ਼ਾਂ ਵਿਦੇਸ਼ਾਂ ਵਿਚ ਤੁਰਕਾਂ ਦੀਆਂ ਇਸਤਰੀਆਂ ਵਿਧਵਾ ਹੋ ਗਈਆਂ ਹਨ। ਉਹ ਛਾਤੀਆਂ ਪਿੱਟ-ਪਿੱਟ ਕੇ ਰੋਂਦੀਆਂ ਹਨ। ਗੁਰੂ ਜੀ ਨਾਲ ਲੜੇ ਹਨ ਜਿਹੜੇ ਪੀਰਾਂ ਦੇ ਪੀਰ ਹਨ ਤੇ ਕਾਮਲ ਕਰਾਮਾਤ ਹੈ ਤੇ ਵੱਡੇ ਮੀਰ ਹਨ॥੧੧॥

ਅਰਜੇ ਸੁ ਮਾਰਜੇ, ਬਚਜੇ ਪਲਾਯੋ। ਹਜ਼ਰਤ ਲਸ਼ਕਰ ਬ੍ਰਿੰਦ ਮਰਾਯੋ।
ਸਭਿ ਦੇਸ਼ਨਿ ਮਹਿਂ ਮੁਗ਼ਲ ਪਠਾਨ। ਸੱਯਦ ਆਦਿ ਸੰਬੰਧੀ ਜਾਨਿ॥ ੧੨॥

ਜਿਹੜਾ ਅੜਿਆ ਸੋ ਮਾਰਿਆ ਗਿਆ, ਜਿਹੜਾ ਭੱਜ ਗਿਆ, ਉਹ ਬਚ ਗਿਆ। ਬਾਦਸ਼ਾਹ ਨੇ ਬਹੁਤ ਫੌਜ ਮਰਵਾਈ ਹੈ। ਸਾਰੇ ਦੇਸ਼ਾਂ ਵਿਚ ਮੁਗ਼ਲ ਪਠਾਣ ਸੱਯਦ ਆਦਿ ਸੰਬੰਧੀਆਂ ਨੂੰ ਜਾ ਪਤਾ ਲਗਦਾ ਹੈ॥੧੨॥

ਮਿਲਿ ਮਿਲਿ ਸਿਫਤ ਘਨੀ ਕੋ ਠਾਨਤਿ। 'ਬਡੇ ਬਹਾਦੁਰ' ਬਹੁਤ ਬਖਾਨਤਿ।
ਅਲਪ ਚਮੂੰ ਜੁਤਿ ਰਹਿਤ ਹਮੇਸ਼ਾ। ਲਾਖਹੁਂ ਆਵਤਿ ਹਤਹਿਂ ਅਸ਼ੇਸ਼ਾ॥ ੧੩॥

ਉਹ ਮਿਲ ਮਿਲ ਕੇ ਬਹੁਤ ਸਿਫਤ ਕਰਦੇ ਹਨ, ਸਾਰੇ ਕਹਿੰਦੇ ਹਨ, 'ਵੱਡੇ ਬਹਾਦਰ' ਹਨ। ਹਮੇਸ਼ਾਂ ਥੋੜ੍ਹੀ ਫੌਜ ਸਮੇਤ ਰਹਿੰਦੇ ਹਨ, ਲੱਖਾਂ ਦੀ ਸੈਨਾ ਆਉਣ ਤੇ ਕਤਲ ਕਰ ਦਿੰਦੇ ਹਨ॥੧੩॥

ਕਿਸ ਕੋ ਸੁਤ ਰੋਵਤਿ ਬਿਲਲਾਵੈ। ਕੋ ਭ੍ਰਾਤਾ ਸਿਮਰਤਿ ਦੁਖ ਪਾਵੈ।
ਚਚਾ ਭਤੀਜਾ ਕਿਤਿਕ ਪੁਕਾਰੈਂ। ਕਿਸ ਕੋ ਪਿਤ ਸੁਤ ਗੁਨਨਿ ਉਚਾਰੈ॥ ੧੪॥

ਕਿਸੇ ਦਾ ਪੁੱਤਰ ਰੋਂਦਾ ਤੇ ਵਿਰਲਾਪ ਕਰਦਾ ਹੈ, ਕੋਈ ਭਰਾ ਨੂੰ ਯਾਦ ਕਰਕੇ ਦੁੱਖ ਪਾਉਂਦਾ ਹੈ। ਕਈ ਚਾਚੇ ਭਤੀਜੇ ਨੂੰ ਪੁਕਾਰਦੇ ਹਨ, ਕਿਸੇ ਦੇ ਪਿਤਾ-ਪੁੱਤਰ ਨੂੰ ਗੁਣੀ ਉਚਾਰਨ ਕਰਦੇ ਹਨ॥੧੪॥

ਦੇਸ਼ ਬਿਦੇਸ਼ ਤੁਰਕ ਤੁਰਕਾਣੀ। ਕੋ ਆਵਤਿ ਕੋ ਜਾਤਿ ਮੁਕਾਣੀ।
ਜਿਤ ਕਿਤ ਗ੍ਰਾਮ ਨਗਰ ਸਮੁਦਾਯਾ। ਸੁਨਤਿ ਸ਼ਬਦ ਗਨ ਰੁਦਨ ਉਠਾਯਾ ॥੧੫॥

ਦੇਸ਼ਾਂ ਵਿਦੇਸ਼ਾਂ ਵਿਚ ਤੁਰਕ ਤੁਰਕਾਣੀਆਂ, ਕੋਈ ਮੁਕਾਣੇ ਆਉਂਦਾ ਹੈ ਤੇ ਕੋਈ ਮੁਕਾਣੇ ਜਾਂਦਾ ਹੈ। ਜਿਥੇ ਕਿਥੇ ਸਾਰੇ ਨਗਰ ਤੇ ਪਿੰਡ ਬਹੁਤਿਆਂ ਦੇ ਰੋਣ ਦੇ ਸ਼ਬਦ ਨੂੰ ਹੀ ਸੁਣਦੇ ਹਨ ॥੧੫॥

ਮਿਲਿ ਮਿਲਿ ਪੀਟਤਿ ਸਿਰ ਮੁਖ ਛਾਤੀ। ਲੇਹਿਂ ਨਾਮ ਗੁਨ ਕਰਿ ਬੱਖਜਾਤੀ।
ਇਮ ਜਗ ਮਹਿਂ ਬਡ ਮਾਚਜੋ ਸ਼ੋਰ। ਭਨਹਿਂ ਬੀਰਤਾ ਸਤਿਗੁਰ ਜ਼ੋਰ ॥ ੧੬ ॥

ਮਿਲ-ਮਿਲ ਕੇ ਸਿਰ, ਮੂੰਹ ਅਤੇ ਛਾਤੀ ਨੂੰ ਪਿਟਦੀਆਂ ਹਨ, ਮਰਨ ਵਾਲੇ ਦਾ ਨਾਮ ਅਤੇ ਗੁਣ ਪ੍ਰਗਟ ਕਰਦੀਆਂ ਹਨ। ਇਸ ਜਗਤ ਵਿਚ ਵੱਡਾ ਸ਼ੋਰ ਮਚਿਆ ਹੈ। ਸਤਿਗੁਰੂ ਜੀ ਦੀ ਬੀਰਤਾ ਅਤੇ ਸ਼ਕਤੀ ਬਾਰੇ ਕਹਿੰਦੇ ਹਨ ॥੧੬॥

ਸੁਨਿ ਸੁਨਿ ਸਿਖ ਸੰਗਤਿ ਹਰਖਾਵੈਂ। ਦੇਸ਼ ਬਿਦੇਸ਼ਨਿ ਤੇ ਚਲਿ ਆਵੈਂ।
ਮਗ ਮਹਿਂ ਸੁਨਤਿ ਆਇ ਬਿਰਤਾਂਤ। ਜਹਿਂ ਕਹਿਂ ਮਿਲਹਿਂ ਕਰਹਿਂ ਨਰ ਬਾਤ ॥੧੭॥

ਸਿੱਖ ਸੰਗਤ ਸੁਣ-ਸੁਣ ਕੇ ਪ੍ਰਸੰਨ ਹੁੰਦੀ ਹੈ, ਦੇਸ਼ਾਂ ਵਿਦੇਸ਼ਾਂ ਤੋਂ ਚਲ ਕੇ ਆਉਂਦੀ ਹੈ। ਰਾਹ ਵਿਚ ਸਾਰਾ ਬਿਰਤਾਂਤ ਸੁਣ ਕੇ ਆਉਂਦੇ ਹਨ ਜਿਥੇ ਕਿਥੇ ਮਿਲ ਕੇ ਮਨੁੱਖ ਗੱਲਾਂ ਕਰਦੇ ਹਨ ॥੧੭॥

ਏਕ ਦਿਵਸ ਬਾਬਾ ਗੁਰਦਿੱਤਾ। ਚਢੇ ਅਖੇਰ ਕਰਨਿ ਦੇ ਚਿੱਤਾ।
ਕੇਤਿਕ ਸਾਥ ਚਲੇ ਅਸਵਾਰ। ਚਪਲ ਤੁਰੰਗਮ ਜ਼ੀਨਨਿ ਡਾਰਿ ॥ ੧੮ ॥

ਇਕ ਦਿਨ ਬਾਬਾ ਗੁਰਦਿੱਤਾ ਜੀ ਚਿੱਤ ਕਰਕੇ ਸ਼ਿਕਾਰ ਖੇਡਣ ਗਏ। ਨਾਲ ਕਈ ਅਸਵਾਰ ਚਲ ਪਏ, ਚੰਚਲ ਘੋੜੇ ਤੇ ਕਾਠੀ ਪਾ ਲਈ ॥੧੮॥

ਸੰਗ ਤੁਫੰਗ ਲਈ ਕਸਿ ਗੋਰੀ। ਉਠਿ ਪ੍ਰਭਾਤਿ ਗਮਨੇ ਬਨ ਓਰੀ।
ਖੋਜਤਿ ਫਿਰਤ ਸਸੇ ਗਨ ਸੂਕਰ। ਮ੍ਰਿਗਨ ਅਨੇਕਨ, ਲੇ ਸੰਗ ਕੂਕਰ ॥ ੧੯ ॥

ਨਾਲ ਗੋਲੀਆਂ ਭਰ ਕੇ ਬੰਦੂਕ ਲੈ ਲਈ, ਸਵੇਰੇ ਉਠ ਕੇ ਜੰਗਲ ਵੱਲ ਚਲੇ ਗਏ। ਖਰਗੋਸ਼ਾਂ ਅਤੇ ਸੂਰਾਂ ਨੂੰ ਲਭਦੇ ਫਿਰਦੇ ਸਨ। ਕੁੱਤਿਆਂ ਨੂੰ ਲੈ ਕੇ ਅਨੇਕਾਂ ਹਿਰਨਾ ਮਗਰ ਲਾਏ ॥੧੯॥

ਗਿਰ ਕੀ ਜਰਨ ਬਿਖੈ ਬਿਚਰੰਤੇ। ਊਚ ਨੀਚ ਥਲ ਚਢਿ ਉਤਰੰਤੇ।
ਫਿਰੇ ਬਹੁਤ ਹੀ ਖੋਜਤਿ ਝਾਰਨ। ਸਥਲ ਬਿਖਮ ਸਮ ਕਰਹਿਂ ਨਿਹਾਰਨ ॥੨੦॥

ਪਹਾੜਾਂ ਦੀਆਂ ਖੱਡਾਂ ਵਿਚ ਫਿਰ ਰਹੇ ਸਨ, ਹੇਠਾਂ ਉਤੇ ਧਰਤੀ ਤੇ ਚੜ੍ਹਦੇ ਉਤਰਦੇ ਸਨ। ਬਹੁਤ ਝਾੜੀਆਂ ਨੂੰ ਖੋਜਦੇ ਰਹੇ, ਟੇਢੇ, ਉੱਚੇ ਨੀਵੇਂ ਤੇ ਪੱਧਰੇ ਥਾਂ ਵੇਖਦੇ ਸਨ ॥੨੦॥

ਗੁਰ ਸੁਤ ਬਿਚਰਤਿ ਭੇ ਬਨ ਮਾਂਹੀ। ਪ੍ਰਾਪਤਿ ਕਿਤਹੁਂ ਅਖੇਰਾ ਨਾਂਹੀ।
ਦਿਵਸ ਚਢਜੋ ਬਡ ਘਾਮ ਉਪੰਨਾ। ਬਿਚਰਤਿ ਰਹੇ ਨ ਕੋ ਮ੍ਰਿਗ ਹੰਨਾ ॥੨੧॥

ਗੁਰੂ ਜੀ ਦੇ ਪੁੱਤਰ ਜੰਗਲ ਵਿਚ ਫਿਰ ਰਹੇ ਸਨ, ਕਿਸੇ ਥਾਂ ਤੋਂ ਵੀ ਸ਼ਿਕਾਰ ਪ੍ਰਾਪਤ ਨਾ ਹੋਇਆ। ਜਦ ਵੱਡਾ ਦਿਨ ਚੜ੍ਹ ਗਿਆ ਤਾਂ ਬਹੁਤ ਗਰਮੀ ਹੋ ਗਈ, ਫਿਰਦੇ ਰਹੇ ਪਰ ਕੋਈ ਮ੍ਰਿਗ ਵੀ ਨਾ ਮਾਰਿਆ ॥੨੧॥

ਦੂਰ ਦੂਰ ਲੋ ਫਿਰੇ ਸਊਰ। ਖੋਜਤਿ ਗਿਰਨਿ ਦਰੀ ਥਲ ਭੂਰ।
ਧੇਨੂ ਚਰਤਿ ਹੁਤੀ ਇਕ ਬਨ ਮੈਂ। ਸੰਘਨੇ ਪਾਤ ਸਮੂਹ ਬ੍ਰਿਛਨਿ ਮੈਂ ॥ ੨੨ ॥

ਸਵਾਰ ਦੂਰ-ਦੂਰ ਤਕ ਫਿਰਦੇ ਰਹੇ, ਪਹਾੜਾਂ ਦੀਆਂ ਕੰਦਰਾ ਤਕ ਲਭਦੇ ਰਹੇ। ਜੰਗਲ ਵਿਚ ਇਕ ਗਾਂ ਚਰ ਰਹੀ ਸੀ, ਉਸ ਦੇ ਨੇੜੇ ਤੇੜੇ ਬੜੇ ਸੰਘਣੇ ਪਤਿਆਂ ਵਾਲੇ ਬ੍ਰਿਛ ਸਨ॥੨੨॥

ਇਕ ਅਸਵਾਰ ਫਿਰਤ ਨੇ ਹੇਰੀ। ਜਾਨੀ ਗਈ ਨ ਦੂਰ ਬਡੇਰੀ।
ਉਰ ਮਹਿਂ ਲਖ੍ਯੋ ਸੁ ਪਾੜ੍ਹਾ ਮਹਾਂ। ਸ੍ਰਿੰਗਨਿ ਸਹਿਤ ਚਰਤਿ ਹੈ ਇਹਾਂ॥੨੩॥

ਇਕ ਅਸਵਾਰ ਫਿਰਦੇ ਨੇ ਵੇਖੀ, ਬਹੁਤ ਦੂਰ ਹੋਣ ਕਰਕੇ ਉਹ ਜਾਣ ਨਾ ਸਕਿਆ, ਹਿਰਦੇ ਵਿਚ ਸਮਝਿਆ ਕਿ ਉਹ ਵੱਡਾ ਪਾੜ੍ਹਾ ਹੈ। ਸਿੰਗਾਂ ਸਹਿਤ ਏਥੇ ਚਰ ਰਿਹਾ ਹੈ॥੨੩॥

ਬ੍ਯਾਕੁਲ ਹੁਤੋ ਘਾਮ ਤੇ ਸੋਇ। ਬਿਚਰਤਿ ਅਧਿਕ ਥਕਤਿ ਪੁਨ ਹੋਇ।
ਇਨ ਕਾਰਨ ਤੇ ਨਹਿਨ ਪਛਾਨੀ। ਦੇਖਤਿ ਸ਼੍ਰਿੰਗ ਮਿਰਗ ਲਿਯ ਜਾਨੀ॥੨੪॥

ਉਹ ਗਰਮੀ ਕਰਕੇ ਬੜਾ ਵਿਆਕੁਲ ਹੋਇਆ ਸੀ, ਸਾਰੇ ਜੰਗਲ ਵਿਚ ਫਿਰਦਿਆਂ ਬਹੁਤ ਥੱਕ ਗਿਆ ਸੀ। ਇਸ ਕਾਰਨ ਉਸ ਪਾਸੋਂ ਪਛਾਣੀ ਨਾ ਗਈ। ਸਿੰਗ ਵੇਖ ਕੇ ਉਸ ਨੇ ਹਿਰਨ ਸਮਝਿਆ॥੨੪॥

ਨਹਿਂ ਤਿਸ ਕੇ ਚਲਿ ਪਹੁੰਚ੍ਯੋ ਨੇਰ। 'ਭਾਜ ਨ ਜਾਇ ਮੋਹਿ ਕੋ ਹੇਰਿ'।
ਥਿਰ੍ਯੋ ਦੂਰ ਤੇ ਤੁਪਕ ਚਲਾਈ। ਲਾਗੀ ਸੀਸ ਬਿਖੈ ਤਬਿ ਜਾਈ॥੨੫॥

ਉਸ ਦੇ ਨੇੜੇ ਚਲ ਕੇ ਨਾ ਪਹੁੰਚਿਆ, ਉਹ ਸਮਝਦਾ ਸੀ, "ਮੈਨੂੰ ਵੇਖ ਕੇ ਭੱਜ ਨਾ ਜਾਵੇ।" ਦੂਰ ਖੜੇ ਹੋ ਕੇ ਬੰਦੂਕ ਚਲਾਈ ਤੇ ਉਹ ਗਾਂ ਦੇ ਸਿਰ ਵਿਚ ਜਾ ਲੱਗੀ॥੨੫॥

ਤਤਛਿਨ ਧੇਨੁ ਗਿਰੀ ਉਥਲਾਇ। ਪ੍ਰਾਨ ਨਾਸ਼ ਹੋਏ ਲਗਿ ਘਾਇ।
ਤੁਰੰਗ ਧਵਾਇ ਜਾਇ ਕਰਿ ਹੇਰੀ। ਮਰੀ ਗਊ ਉਥਲੀ ਤਿਸ ਬੇਰੀ॥੨੬॥

ਗਾਂ ਤੁਰਤ ਉਲਟ ਕੇ ਡਿੱਗ ਪਈ ਤੇ ਜ਼ਖਮ ਲੱਗਣ ਨਾਲ ਉਸ ਦੇ ਪ੍ਰਾਣ ਨਿਕਲ ਗਏ। ਘੋੜਾ ਭਜਾ ਕੇ ਜਾ ਕੇ ਵੇਖੀ, ਉਥੇ ਮਰੀ ਹੋਈ ਗਾਂ ਉਲਟੀ ਹੋ ਕੇ ਪਈ ਸੀ॥੨੬॥

ਮਹਾਂ ਪਾਪ ਤੇ ਪਾਯੋ ਤ੍ਰਾਸ। 'ਮੁਝ ਕਰ ਤੇ ਭਾ ਧੇਨੁ ਬਿਨਾਸਿ'।
ਇਤਨੇ ਮਹਿਂ ਗਊਅਨਿ ਚਰਵਾਰਾ। ਆਇ ਬਿਲੋਕ੍ਯੋ ਪਾਤਕ ਭਾਰਾ॥੨੭॥

ਮਹਾਂ ਪਾਪ ਹੋਣ ਕਰਕੇ ਬਹੁਤ ਡਰ ਗਿਆ, "ਮੇਰੇ ਹੱਥੋਂ ਗਾਂ ਮਰ ਗਈ ਹੈ।" ਏਨੇ ਵਿਚ ਗਊਆਂ ਨੂੰ ਚਾਰਨ ਵਾਲਾ ਚਰਵਾਹਾ ਆ ਗਿਆ। ਆ ਕੇ ਉਸ ਨੇ ਵੱਡਾ ਗੁਨਾਹ ਵੇਖਿਆ॥੨੭॥

ਤਿਸ ਭਟ ਸੰਗ ਲਰਨ ਬਹੁ ਲਗ੍ਯੋ। ਊਚ ਪੁਕਾਰ ਕਰੀ ਰਿਸ ਪਗ੍ਯੋ।
ਸ਼ੋਰ ਉਠਾਇ ਜ਼ੋਰ ਕੋ ਜਬੈ। ਕਿਤਿਕ ਪਹਾਰੀ ਮਿਲਿਗੇ ਤਬੈ॥੨੮॥

ਉਸ ਸੂਰਮੇ ਨਾਲ ਉਹ ਬਹੁਤ ਲੜਨ ਲੱਗਾ ਤੇ ਉੱਚੀ-ਉੱਚੀ ਬੋਲ ਕੇ ਗੁੱਸਾ ਪ੍ਰਗਟ ਕੀਤਾ। ਜਦ ਬਹੁਤ ਜ਼ੋਰ ਨਾਲ ਸ਼ੋਰ ਮਚਾਇਆ ਤਾਂ ਉਥੇ ਬਹੁਤ ਪਹਾੜੀਏ ਇਕੱਠੇ ਹੋ ਗਏ॥੨੮॥

ਗਹਿ ਸੋ ਲਿਯੋ ਕਰਹਿਂ ਬਲ ਭਾਰੀ। ਅਨਿਕ ਪ੍ਰਕਾਰ ਨਿਕਾਰਹਿਂ ਗਾਰੀ।
'ਧੇਨੁ ਲੇਹਿਂ, ਤੌ ਛੋਰਨ ਕਰੈਂ। ਨਾਂਹਿ ਤ ਬੰਧਹਿਂ ਘਰ ਮਹਿਂ ਧਰੈਂ'॥੨੯॥

ਭਾਰੀ ਬਲ ਨਾਲ ਉਸ ਨੂੰ ਫੜ ਲਿਆ ਤੇ ਅਨੇਕ ਪ੍ਰਕਾਰ ਦੀਆਂ ਗਾਲ੍ਹਾਂ ਕੱਢਦੇ ਸਨ। 'ਗਾਂ ਲਵਾਂਗੇ ਤਦ ਹੀ ਛਡਾਂਗੇ, ਨਹੀਂ ਤਾਂ ਬੰਨ੍ਹ ਕੇ ਘਰ ਵਿਚ ਰੱਖ ਲਵਾਂਗੇ'॥੨੯॥

ਪਰਜੋ ਰੌਰ ਪੁਨ ਔਰ ਸਊਰ। ਸੁਨਿ ਸੁਨਿ ਆਇ ਨਿਕਟਿ ਜੇ ਦੂਰ।
ਸ੍ਰੀ ਗੁਰਦਿੱਤੇ ਜਬਿ ਸੁਧਿ ਪਾਈ। ਗਏ ਤੁਰਤ ਤਹਿਂ ਤੁਰੰਗ ਧਵਾਈ॥ ੩੦॥

ਜਦ ਰੌਲਾ ਪਿਆ ਤਾਂ ਹੋਰ ਸਵਾਰ ਆ ਗਏ, ਜਿਹੜੇ ਦੂਰ ਵੀ ਸੀ ਉਹ ਵੀ ਸੁਣ-ਸੁਣ ਕੇ ਨੇੜੇ ਆ ਗਏ। ਜਦ ਸ੍ਰੀ ਗੁਰਦਿੱਤੇ ਨੂੰ ਖਬਰ ਮਿਲੀ ਤਾਂ ਉਹ ਘੋੜਾ ਭਜਾ ਕੇ ਤੁਰਤ ਉਥੇ ਪਹੁੰਚਿਆ॥੩੦॥

ਪਾਤਕ ਘੋਰ ਬਿਲੋਕਜੋ ਜਾਇ। ਅਧਿਕ ਕੋਹੀਆਂ ਸ਼ੋਰ ਮਚਾਇ।
ਹਯ ਕੇ ਸਹਿਤ ਸੁਭਟ ਕੋ ਗਹਜੋ। ਬਹੁ ਝਿਰਕਤਿ ਅਪਰਾਧੀ ਲਹਜੋ॥ ੩੧॥

ਵੱਡਾ ਘੋਰ ਪਾਪ ਜਾ ਕੇ ਵੇਖਿਆ, ਤੇ ਪਹਾੜੀਆਂ ਨੇ ਬਹੁਤ ਸ਼ੋਰ ਮਚਾਇਆ ਹੋਇਆ ਸੀ। ਘੋੜੇ ਦੇ ਨਾਲ ਸੂਰਮੇ ਨੂੰ ਫੜਿਆ ਹੋਇਆ, ਅਪਰਾਧੀ ਸਮਝ ਕੇ ਬਹੁਤ ਝਿੜਕ ਰਹੇ ਸਨ॥੩੧॥

ਮ੍ਰਿਦੁਲ ਬਾਕ ਗੁਰ ਪੁੱਤ੍ਰ ਸੁਨਾਯੋ। 'ਬਿਨ ਜਾਨੇ ਬਡ ਦੋਸ਼ ਕਮਾਯੋ।
ਸਭਿ ਤਜਿ ਦੇਹੁ, ਲਰੇ ਕਜਾ ਹੋਇ। ਮ੍ਰਿਤਕ ਭਈ ਅਬਿ ਜਿਯੇ ਨ ਕੋਇ' ॥੩੨॥

ਗੁਰੂ ਜੀ ਦੇ ਪੁੱਤਰ ਨੇ ਬੜਾ ਕੋਮਲ ਬਚਨ ਸੁਣਾਇਆ, "ਜਾਣੇ ਬਗੈਰ ਵੱਡਾ ਦੋਸ਼ ਕਮਾਇਆ ਹੈ, ਸਾਰੇ ਇਸ ਨੂੰ ਛੱਡ ਦੇਵੋ, ਲੜਨ ਨਾਲ ਕੀ ਹੋਵੇਗਾ ਇਹ ਹੁਣ ਮਰ ਗਈ ਹੈ, ਹੁਣ ਇਸ ਨੂੰ ਕੋਈ ਵੀ ਜੀਵਤ ਨਹੀਂ ਕਰ ਸਕਦਾ" ॥੩੨॥

ਸੁਨਤਿ ਪਹਾਰੀ ਬਾਕ ਉਚਾਰੇ। 'ਤੁਮ ਗੁਰ ਸੁਤ ਅਜ਼ਮਤ ਕੋ ਧਾਰੇ।
ਗਊ ਮਰੀ ਕੋ ਦੇਹੁ ਜਿਵਾਇ। ਨਿਜ ਚਾਕਰ ਕੋ ਲੇਹੁ ਛੁਡਾਇ॥ ੩੩॥

ਇਹ ਸੁਣ ਕੇ ਪਹਾੜੀਆਂ ਨੇ ਬਚਨ ਉਚਾਰੇ, "ਤੁਸੀਂ ਗੁਰੂ ਜੀ ਦੇ ਪੁੱਤਰ ਹੋ ਤੇ ਕਰਾਮਾਤ ਧਾਰਨ ਕੀਤੀ ਹੈ, ਇਸ ਮਰੀ ਹੋਈ ਗਾਂ ਨੂੰ ਜੀਵਤ ਕਰ ਦੇਵੋ ਤੇ ਆਪਣੇ ਨੌਕਰ ਨੂੰ ਛੁਡਵਾ ਲਵੋ॥੩੩॥

ਜੇ ਬਲ ਕਰੋ ਪੁਕਾਰੂ ਜੈ ਹੈਂ। ਨਿਜ ਰਾਜੇ ਕੇ ਨਿਕਟਿ ਕਹੈਂ ਹੈਂ।
ਵਧਹਿ ਫਸਾਦ ਬਿਸਾਲ ਅਗਾਰੀ। ਇਹੁ ਪਾਤਕ ਨਹਿਂ ਸਕਹਿਂ ਸਹਾਰੀ' ॥੩੪॥

ਜੇ ਬਲ ਵਰਤੋਗੇ ਤਾਂ ਜਾ ਕੇ ਪੁਕਾਰ ਕਰਾਂਗੇ ਤੇ ਆਪਣੇ ਰਾਜੇ ਦੇ ਪਾਸ ਜਾ ਕੇ ਕਹਾਂਗੇ। ਅੱਗੇ ਜਾ ਕੇ ਬਹੁਤ ਫਸਾਦ ਵਧੇਗਾ, ਇਹ ਪਾਪ ਨਹੀਂ ਸਹਾਰ ਸਕਾਂਗੇ" ॥੩੪॥

ਕਠਨ ਬਾਤ ਗੁਰ ਪੁੱਤ੍ਰ ਬਿਚਾਰੈ। ਮਰੀ ਗਊ ਜੇ ਅਬੈ ਜਿਵਾਰੈਂ।
ਇਹ ਬੀ ਬਾਤ ਨ ਆਛੀ ਹੋਇ। ਪਿਤਾ ਰਿਸੈ ਹੈਂ ਸੁਨੈਂ ਜਿ ਸੋਇ॥ ੩੫॥

ਗੁਰੂ ਪੁੱਤਰ ਨੇ ਵਿਚਾਰ ਕੀਤੀ ਕਿ ਗੱਲ ਬਹੁਤ ਕਠਨ ਹੈ, "ਜੇ ਮੈਂ ਹੁਣ ਮਰੀ ਗਊ ਨੂੰ ਜੀਵਤ ਕਰ ਦਿੰਦਾ ਹਾਂ, ਇਹ ਵੀ ਚੰਗੀ ਗੱਲ ਨਹੀਂ ਹੋਵੇਗੀ, ਪਿਤਾ ਜੀ ਸੁਣ ਗੁੱਸਾ ਕਰਨਗੇ॥੩੫॥

'ਕਸ਼ਟ ਅਨੇਕ ਦੇਹਿ ਪਰ ਝਾਲੈਂ। ਅਜ਼ਮਤ ਨਹੀਂ ਜਨਾਇਂ ਬਿਸਾਲੈਂ'।
ਇਹੁ ਮਤ ਹੈ ਗੁਰ ਘਰ ਕੋ ਸਦਾ। ਜਰਹਿਂ ਅਜਰ, ਬਿਦਤਾਇਂ ਨ ਕਦਾ॥੩੬॥

"ਉਨ੍ਹਾਂ ਨੇ ਸਰੀਰ ਉਤੇ ਅਨੇਕਾਂ ਕਸ਼ਟ ਝਲ ਲਏ ਹਨ, ਪਰ ਕਦੀ ਵਿਸ਼ਾਲ ਕਰਾਮਾਤ ਨਹੀਂ ਜਤਾਈ ਹੈ।" ਇਹ ਗੁਰੂ ਘਰ ਦਾ ਸਦਾ ਮੱਤ ਰਿਹਾ ਹੈ, ਨਾ ਜਰੇ ਜਾਣ ਵਾਲੇ ਨੂੰ ਵੀ ਜਰਦੇ ਹਨ, ਪਰ ਕਦੀ ਵੀ ਪ੍ਰਗਟ ਨਹੀਂ ਕਰਦੇ॥੩੬॥

ਕਰਾਮਾਤ ਨਹਿਂ ਆਪ ਲਗਾਵੈਂ। ਜੋ ਲਗਾਇ ਤਿਸ ਦੇਖਿ ਰਿਸਾਵੈਂ।
ਜੇ ਅਬਿ ਗਊ ਨ ਜੀਵਤਿ ਇਹਾਂ। ਇਕ ਤੋ ਪਾਪ ਹੋਤਿ ਹੈ ਮਹਾਂ॥ ੩੭॥

ਆਪ ਕਦੀ ਵੀ ਕਰਾਮਾਤ ਨਹੀਂ ਲਾਉਂਦੇ ਹਨ, ਜੋ ਵੀ ਲਾਉਂਦਾ ਹੈ, ਉਸ ਨੂੰ ਵੇਖ ਕੇ ਗੁੱਸਾ ਕਰਦੇ ਹਨ। ਜੇ ਏਥੇ ਗਾਂ ਨੂੰ ਜੀਉਂਦਾ ਨਹੀਂ ਕਰਦਾ ਹਾਂ, ਇਕ ਤਾਂ ਮਹਾਨ ਪਾਪ ਹੋਵੇਗਾ॥੩੭॥

ਦੁਤੀਏ ਜੈ ਹੈਂ ਕਰੈਂ ਪੁਕਾਰ। ਅਪਜਸ ਬਿਥਰੈਗੋ ਸੰਸਾਰ।
ਇਸ ਕੋ ਨਾਮ ਨ ਲੈ ਹੈ ਕੋਈ। ਹਮਰੀ ਦਿਸ਼ਾ ਅਰੋਪਹਿ ਸੋਈ॥ ੩੮॥

ਦੂਸਰਾ ਜੋ ਇਹ ਜਾ ਕੇ ਪੁਕਾਰ ਕਰਨਗੇ ਤੇ ਸੰਸਾਰ ਵਿਚ ਅਪਜਸ ਫੈਲੇਗਾ। ਇਸ ਦਾ ਕੋਈ ਵੀ ਨਾਂ ਨਹੀਂ ਲਵੇਗਾ, ਸਾਡੇ ਉਤੇ ਹੀ ਸਾਰੇ ਦੋਸ਼ ਲਾਉਣਗੇ॥੩੮॥

ਰਣ ਤੇ ਸ਼ਾਂਤਿ ਬ੍ਰਿਤੀ ਅਬਿ ਭਏ। ਸੁਨਹਿਂ ਬਿਖੇਰਾ ਤੇ ਰਿਸ ਲਏ।
ਠਾਂਢੇ ਭੁਏ ਕਰੇ ਥਿਰ ਲੋਚਨ। ਅਨਿਕ ਭਾਂਤਿ ਕੀ ਸੋਚਤਿ ਸੋਚਨ॥ ੩੯॥

ਗੁਰੂ ਜੀ ਨੇ ਰਣ ਛੱਡ ਕੇ ਹੁਣ ਸ਼ਾਤ ਬ੍ਰਿਤੀ ਧਾਰਨ ਕੀਤੀ ਹੈ, ਇਹ ਬਿਖੇੜਾ ਸੁਣਨਗੇ ਤਾਂ ਗੁੱਸਾ ਕਰਨਗੇ। ਖੜੇ ਹੋ ਗਏ ਤੇ ਨੈਣਾਂ ਨੂੰ ਸਥਿਰ ਕਰ ਲਿਆ ਤੇ ਅਨੇਕ ਪ੍ਰਕਾਰ ਦੀਆਂ ਸੋਚਾਂ ਸੋਚਣ ਲੱਗੇ॥੩੯॥

ਕਰਹਿਂ ਕਹਾਂ ਅਸਮੰਜਸ ਬਨੇ। ਦੋਨਹੁ ਬਿਧੀ ਕਹਿਰ ਹੁਇ ਘਨੇ।
ਸੁਰਭੀ ਮਰੀ ਪਾਪ ਹੈ ਭਾਰਾ। ਕਰਾਮਾਤ ਦੈਂ, ਦੋਸ਼ ਉਦਾਰਾ॥ ੪੦॥

ਕੀ ਕਰੀਏ ਅਣਬਣ ਬਣਦੀ ਹੈ, ਦੋਹਾਂ ਵਿਧੀਆਂ ਨਾਲ ਵੱਡਾ ਕਹਿਰ ਹੁੰਦਾ ਹੈ। ਗਾਂ ਮਰੀ ਦਾ ਵੀ ਭਾਰੀ ਪਾਪ ਹੈ, ਜੇ ਕਰਾਮਾਤ ਕਰੀਏ ਵੱਡਾ ਦੋਸ਼ ਲੱਗਦਾ ਹੈ॥੪੦॥

ਥਿਰੇ ਰਹੇ ਤਹਿਂ ਕੇਤਿਕ ਕਾਲਾ। ਰਿਦੈ ਬਿਚਾਰਨ ਕਰਹਿਂ ਬਿਸਾਲਾ।
ਝਗਰਤਿ ਖਰੇ ਸੰਬੂਹ ਪਹਾਰੀ। ਅਪਨੇ ਪਰ ਕੇ ਭੇ ਨਰ ਝਾਰੀ॥ ੪੧॥

ਕਾਫੀ ਦੇਰ ਉਥੇ ਖੜੇ ਰਹੇ, ਤੇ ਹਿਰਦੇ ਵਿਚ ਬਹੁਤ ਵਿਚਾਰ ਕਰਦੇ ਸਨ। ਸਾਰੇ ਪਹਾੜੀ ਖੜੇ ਝਗੜਾ ਕਰ ਰਹੇ ਸਨ, ਆਪਣੇ ਮਨੁੱਖ ਤੇ ਪਰਾਏ ਪਹਾੜੀਏ ਰਲ ਕੇ ਵੱਡਾ ਇਕੱਠ ਹੋ ਗਿਆ॥੪੧॥

*ਅੱਠਵੀਂ ਰਾਸ ਦਾ ਛੱਤੀਵਾਂ ਅਧਿਆਇ ਸਮਾਪਤ ਹੋਇਆ॥੩੬॥*

# ਅਧਿਆਇ ਸੈਂਤੀਵਾਂ

*ਸ੍ਰੀ ਬਾਬਾ ਗੁਰਦਿੱਤਾ ਜੀ ਦਾ ਸਮਾਉਣਾ*

ਦੋਹਰਾ- ਸ੍ਰੀ ਗੁਰਦਿੱਤੇ ਸੰਗ ਮਹਿਂ ਸੁਭਟ ਹੁਤੇ ਤਿਸ ਥਾਨ।
ਹਾਥ ਜੋਰਿ ਬੋਲੇ ਸਕਲ 'ਗੁਰ ਸੁਤ ਸੁਨਹੁ ਸੁਜਾਨ! ॥ ੧॥

ਸ੍ਰੀ ਗੁਰਦਿੱਤਾ ਜੀ ਨਾਲ ਉਸ ਸਮੇਂ ਸੂਰਮੇਂ ਵੀ ਸਨ, ਉਹ ਸਾਰੇ ਹੱਥ ਜੋੜ ਕੇ ਬੋਲੇ, 'ਹੇ ਚਤੁਰ ਗੁਰੂ ਪੁੱਤਰ ਜੀ! ਸੁਣੋ॥੧॥

ਚੌਪਈ- ਮਰੀ ਗਊ ਤੇ ਦੋਸ਼ ਘਨੇਰੇ। ਜੇ ਜੀਵਹਿ ਹੁਇ ਕੁਸ਼ਲ ਬਡੇਰੇ।
ਜਤੇਂ ਕਤੇਂ ਕਰਿ ਦੀਜਹਿ ਇਸ ਪ੍ਰਾਨ। ਸਭਿ ਦਿਸ਼ਿ ਤੇ ਕਲਹਾ ਹੁਇ ਹਾਨ॥੨॥

ਮਰੀ ਗਾਂ ਦਾ ਬੜਾ ਵੱਡਾ ਦੋਸ਼ ਹੈ, ਜੇ ਜੀਵਤ ਹੋ ਜਾਵੇਗੀ ਤਾਂ ਬਹੁਤ ਚੰਗਾ ਹੋ ਜਾਵੇਗਾ। ਜਿਵੇਂ ਕਿਵੇਂ ਕਰਕੇ ਇਸ ਨੂੰ ਪ੍ਰਾਣ ਦੇ ਦੇਵੋ, ਸਾਰਿਆਂ ਪਾਸਿਆਂ ਤੋਂ ਕਲੇਸ਼ ਦਾ ਨਾਸ ਹੋ ਜਾਵੇਗਾ॥੨॥

ਪਾਤਕ ਮਿਟਹਿ ਪੁੰਨ ਅਧਿਕਾਈ। ਪਸਰਹਿ ਕੀਰਤਿ ਬਿਮਲ ਸਦਾਈ।
ਨਰ ਆਦਿਕ ਜੇ ਅਪਰ ਜਿਵਾਵਨ। ਸੁਨਿ ਸਤਿਗੁਰ ਤਬਿ ਹੋਇਂ ਰਿਸਾਵਨ ॥੩॥

ਪਾਪ ਵੀ ਮਿਟ ਜਾਵੇਗਾ ਤੇ ਵੱਡਾ ਪੁੰਨ ਵੀ ਹੋਵੇਗਾ, ਤੇ ਸਾਰੇ ਸਦਾ ਲਈ ਸ੍ਰੇਸ਼ਟ ਕੀਰਤੀ ਪਸਰੇਗੀ। ਮਨੁੱਖ ਆਦਿ ਜਿਹੜੇ ਹੋਰਨਾਂ ਨੂੰ ਜਿਵਾਉਣਾ ਹੈ, ਤਦ ਸਤਿਗੁਰੂ ਜੀ ਸੁਣ ਕੇ ਗੁੱਸੇ ਹੁੰਦੇ ਹਨ॥੩॥

ਇਸ ਤੇ ਪੁੰਨ ਅਧਿਕ ਕੋ ਜਾਨਿ। ਸ੍ਰੀ ਪ੍ਰਭੁ ਨਹੀਂ ਕੋਪ ਕੋ ਠਾਨਿ।
ਇੱਤਜਾਦਿਕ ਸਭਿਹੁਂਨਿ ਸੁਨਾਯ। ਗੁਰ ਸੁਤ ਸੁਨਤਿ ਰਿਦੇ ਹੁਇ ਆਯੋ ॥੪॥

ਇਸ ਨਾਲ ਵਾਧੂ ਪੁੰਨ ਨੂੰ ਜਾਣੋ, ਸ੍ਰੀ ਪ੍ਰਭੂ ਜੀ ਗੁੱਸਾ ਨਹੀਂ ਕਰਨਗੇ।'' ਇਤਿਆਦਿ ਸਾਰਿਆਂ ਨੇ ਸੁਣਾਇਆ। ਗੁਰੂ ਜੀ ਪੁੱਤਰ ਇਹ ਸੁਣ ਕੇ ਹਿਰਦੇ ਵਿਚ ਪਸੀਜ ਗਏ॥੪॥

'ਅਬਿ ਤੋ ਆਛੀ ਅਹੈ ਜਿਵਾਵਨ। ਸਹਿਤ ਪੁੰਨ ਅਰੁ ਰਾਰ ਮਿਟਾਵਨ।
ਪਿਤਾ ਕੋਪ ਕੋ ਲੇਹਿਂ ਸਹਾਰਿ। ਜਥਾ ਕਹੈਂ ਸੋ ਕਰਿ ਹੈਂ ਕਾਰ' ॥੫॥

ਸੋਚਿਆ, 'ਹੁਣ ਤਾਂ ਇਹ ਗਾਂ ਜੀਵਤ ਕਰਨ ਵਾਲੀ ਗੱਲ ਹੀ ਚੰਗੀ ਹੈ, ਪੁੰਨ ਸਹਿਤ ਝਗੜਾ ਮਿੱਟ ਜਾਵੇਗਾ। ਪਿਤਾ ਜੀ ਦੇ ਗੁੱਸੇ ਨੂੰ ਸਹਾਰ ਲਵਾਂਗਾ, ਜਿਵੇਂ ਕਹਿਣਗੇ ਉਸ ਤਰ੍ਹਾਂ ਹੀ ਕੰਮ ਕਰਾਂਗਾ' ॥੫॥

ਇਮ ਉਰ ਲਜਾਇ ਤੁਰੰਗਮ ਛੋਰਿ। ਉਤਰਿ ਗਏ ਮ੍ਰਿਤੁ ਧੇਨੁ ਓਰ।
ਨੀਮ ਤਰੋਵਰ ਕੀ ਨਵਲਾ ਸੀ। ਹਾਥ ਗਹੀ ਪਹੁੰਚੇ ਗੋ ਪਾਸੀ॥ ੬॥

ਇਸ ਤਰ੍ਹਾਂ ਹਿਰਦੇ ਵਿਚ ਲਿਆ ਕੇ ਘੋੜੇ ਨੂੰ ਛੱਡ ਕੇ ਉੱਤਰ ਗਏ ਤੇ ਮਰੀ ਹੋਈ ਗਾਂ ਵੱਲ ਗਏ। ਨਿੰਮ ਦੇ ਬ੍ਰਿਛ ਦੀ ਇਕ ਨਵੀਂ ਟਾਹਣੀ ਲਈ ਤੇ ਉਸ ਨੂੰ ਹੱਥ ਵਿਚ ਫੜ ਕੇ ਗਾਂ ਦੇ ਪਾਸ ਪਹੁੰਚ ਗਏ॥੬॥

ਛਰੀ ਲਗਾਇ ਗਊ ਕੇ ਗਾਤ। ਸ੍ਰੀ ਮੁਖ ਤੇ ਬੋਲੇ ਇਸ ਭਾਂਤਿ।
'ਉਠਹੁ ਮਾਤ ! ਅਬਿ ਨਿੰਦ੍ਰਾ ਤਜਾਗਹੁ। ਪੂਰਬ ਸਮ ਚਰਿਬੇ ਤ੍ਰਿਣ ਲਾਗਹੁ' ॥੭॥

ਗਾਂ ਦੇ ਅੰਗਾਂ ਨੂੰ ਟਾਹਣੀ ਲਾ ਕੇ ਸ੍ਰੀ ਮੁੱਖ ਤੋਂ ਇਸ ਪ੍ਰਕਾਰ ਬੋਲੇ, ''ਉਠੋ ਮਾਤਾ ਜੀ ! ਹੁਣ ਨੀਂਦ ਛੱਡੋ, ਪਹਿਲਾਂ ਵਾਂਗ ਘਾਹ ਚਰਨ ਲਗੋ'' ॥੭॥

ਸੁਭਟ ਸਕਲ ਅਰੁ ਖਰੇ ਪਹਾਰੀ। ਮਰੀ ਧੇਨੁ ਸੋ ਕਰਤਿ ਨਿਹਾਰੀ।
ਗੁਰੂ ਪੁੱਤ੍ਰ ਜਬਿ ਬਾਕ ਬਖਾਨੇ। ਤਤਛਿਨ ਉਠੀ ਸੁ ਪ੍ਰਥਮ ਸਮਾਨੇ॥ ੮॥

ਸਾਰੇ ਸੂਰਬੀਰ ਤੇ ਜਿਹੜੇ ਪਹਾੜੀ ਖੜੇ ਸਨ, ਮਰੀ ਹੋਈ ਗਾਂ ਵੱਲ ਵੇਖ ਰਹੇ ਸਨ। ਗੁਰੂ ਪੁੱਤਰ ਨੇ ਜਦ ਬਚਨ ਕੀਤਾ ਤਾਂ ਤੁਰਤ ਉਠੀ ਤੇ ਪਹਿਲਾਂ ਵਾਂਗ ਹੋ ਗਈ॥੮॥

ਤ੍ਰਿਣਨਿ ਹਰਿਤ ਕੋ ਚਰਨੇ ਲਾਗੀ। ਦੇਖਿ ਸਭਿਨਿ ਬੁਧਿ ਬਿਸਮੈ ਪਾਗੀ।
ਹਰਖਤਿ ਹੋਏ ਹਾਂਕ ਸੰਭਾਰੀ। ਲੈ ਗਮਨੇ ਜਹਿਂ ਸੁਰਭੀ ਸਾਰੀ॥ ੯॥

ਹਰੇ-ਹਰੇ ਘਾਹ ਨੂੰ ਚਰਨ ਲੱਗੀ, ਇਹ ਵੇਖ ਕੇ ਸਾਰਿਆਂ ਦੀਆਂ ਬੁਧੀਆਂ ਹੈਰਾਨੀ ਵਿਚ ਭਿੱਜ ਗਈਆਂ। ਪ੍ਰਸੰਨ ਹੋ ਕੇ ਹਿੱਕ ਕੇ ਸੰਭਾਲ ਲਈ ਤੇ ਲੈ ਕੇ ਚਲੇ ਗਏ ਜਿਥੇ ਸਾਰੀਆਂ ਗਾਈਆਂ ਚਰ ਰਹੀਆਂ ਸਨ॥੯॥

ਕਰਿ ਬੰਦਨ ਕੇ ਸੁਜਸੁ ਉਚਾਰਤਿ। ਗਏ ਗੁਰੂ ਮਹਿਮਾ ਉਰ ਧਾਰਤਿ।
ਗੁਰਸੁਤ ਚਢੇ ਤੁਰੰਗਮ ਚਲੇ। ਸੁਭਟ ਸੰਗ ਗਮਨੇ ਸਭਿ ਮਿਲੇ॥ ੧੦॥

ਬੰਦਨਾ ਕਰਕੇ ਸ੍ਰੇਸ਼ਟ ਜੱਸ ਉਚਾਰਨ ਕਰਦੇ ਸਨ, ਹਿਰਦੇ ਵਿਚ ਗੁਰੂ ਜੀ ਦੀ ਮਹਿਮਾ ਧਾਰ ਕੇ ਚਲੇ ਗਏ। ਗੁਰੂ-ਪੁੱਤਰ ਘੋੜੇ ਤੇ ਚੜ੍ਹ ਕੇ ਚਲ ਪਏ ਤੇ ਸਾਰੇ ਸੂਰਮੇ ਨਾਲ ਮਿਲ ਕੇ ਚਲ ਪਏ॥੧੦॥

ਬਿਸਮਤਿ ਮਤਿ ਕੀਰਤਪੁਰਿ ਆਏ। ਉਤਰਿ ਤੁਰੰਗ, ਸਥਾਨ ਲਗਾਏ।
ਦਿਨ ਮੱਧਜਾਨ ਭਯੋ ਤਿਹ ਕਾਲਾ। ਭੋਜਨ ਕਰਿ ਮਨ ਭਾਇ ਬਿਸਾਲਾ॥੧੧॥

ਹੈਰਾਨੀ ਭਰੀ ਮੱਤ ਲੈ ਕੇ ਕੀਰਤਪੁਰ ਆਏ, ਉਤਰ ਕੇ ਘੋੜੇ ਅਸਤਬਲ ਵਿਚ ਬੰਨ੍ਹ ਦਿੱਤੇ। ਉਸ ਸਮੇਂ ਦਿਨ ਦੀ ਦੁਪਹਿਰ ਹੋ ਗਈ ਸੀ, ਮਨਭਾਉਂਦਾ ਭੋਜਨ ਛਕਿਆ॥੧੧॥

ਟਿਕੇ ਸਥਾਨ ਅਪਨਿ ਸਭਿ ਜਾਈ। ਸਤਿਗੁਰ ਸੁਨਯੋ ਅਸਨ ਅਬਿ ਖਾਈ।
ਗਯੋ ਜੁ ਸੰਗ ਸੁ ਬੀਰ ਬੁਲਾਯੋ। ਨਿਕਟਿ ਆਇ ਪਿਖਿ ਬਾਕ ਅਲਾਯੋ॥੧੨॥

ਸਾਰੇ ਜਾ ਕੇ ਆਪਣੇ-ਆਪਣੇ ਸਥਾਨਾਂ ਤੇ ਟਿੱਕ ਗਏ, ਸਤਿਗੁਰੂ ਜੀ ਨੇ ਸੁਣਿਆ ਕਿ ਭੋਜਨ ਹੁਣੇ ਹੀ ਖਾਧਾ ਹੈ। ਜਿਹੜੇ ਨਾਲ ਗਏ ਸਨ ਉਨ੍ਹਾਂ ਵਿਚੋਂ ਇਕ ਸੂਰਮੇ ਨੂੰ ਬੁਲਾਇਆ ਤੇ ਨੇੜੇ ਆਉਂਦਾ ਵੇਖ ਕੇ ਬਚਨ ਕੀਤਾ॥੧੨॥

'ਆਜ ਕਹਾਂ ਤੁਮ ਸਮਾਂ ਬਿਤਾਯੋ?। ਬਿਚਰਤਿ ਵਹਿਰ ਅਸਨ ਅਬਿ ਖਾਯੋ।
ਸਗਰੀ ਸਾਚੀ ਦੇਹੁ ਬਤਾਇ। ਕੂਰ ਕਹੈਂ ਤੌ ਦੋਸ਼ ਲਗਾਇ॥ ੧੩॥

'ਅੱਜ ਤੁਸੀਂ ਕਿਥੇ ਸਮਾਂ ਬਤੀਤ ਕੀਤਾ ਹੈ, ਬਾਹਰ ਫਿਰਦੇ ਰਹੇ ਹੋ ਤੇ ਭੋਜਨ ਹੁਣ ਛਕਿਆ ਹੈ। ਸਾਰੀ ਗੱਲ ਸੱਚੋ-ਸੱਚ ਦੱਸ ਦੇਵੋ, ਜੇ ਝੂਠ ਕਹੇਂਗਾ ਤਾਂ ਤੇਰੇ ਤੇ ਦੋਸ਼ ਲਗੇਗਾ'॥੧੩॥

ਸੁਨਤਿ ਸੁਭਟ ਕੰਪਯੋ ਸਭਿ ਗਾਤ। ਲਗਯੋ ਬਤਾਵਨ ਸਾਚੀ ਬਾਤ।
ਕਹੌਂ ਕੂਰ, ਤੌ ਜਾਨੈਂ ਸਾਰੀ। ਮੁਝ ਪ੍ਰਤਿ ਦੈ ਹੈਂ ਸ੍ਰਾਪ ਉਚਾਰੀ॥ ੧੪॥

ਇਹ ਸੁਣ ਕੇ ਸੂਰਮੇ ਦਾ ਸਾਰਾ ਸਰੀਰ ਕੰਬ ਗਿਆ, ਸੱਚੀ ਗੱਲ ਦੱਸਣ ਲੱਗਾ। ਸੋਚਣ ਲੱਗਾ ਕਿ ਜੇ ਝੂਠ ਕਹਾਂਗਾ ਤਾਂ ਸਾਰੀ ਗੱਲ ਜਾਣ ਲੈਣਗੇ ਤੇ ਮੇਰੇ ਬਾਰੇ ਸਰਾਪ ਉਚਾਰਨ ਕਰ ਦੇਣਗੇ॥੧੪॥

'ਅਚਰਜ ਆਜ, ਗਊ ਮਰਿ ਗਈ। ਜਾਨੇ ਬਿਨਾ ਮਾਰਿ ਭਟ ਦਈ।
ਆਇ ਕੋਹੀਆਂ ਸ਼ੋਰ ਮਚਾਯੋ। ਸ੍ਰੀ ਗੁਰਦਿੱਤਾ ਸੁਨਿ ਤਬਿ ਆਯੋ॥ ੧੫॥

'ਅੱਜ ਬਹੁਤ ਅਸਚਰਜ ਗੱਲ ਹੋਈ ਹੈ, ਇਕ ਗਾਂ ਮਰ ਗਈ, ਸੂਰਮੇ ਨੇ ਜਾਣਨ ਤੋਂ ਬਗੈਰ ਮਾਰ ਦਿੱਤੀ। ਪਹਾੜੀਆਂ ਨੇ ਆ ਕੇ ਸ਼ੋਰ ਮਚਾ ਦਿੱਤਾ, ਸ੍ਰੀ ਗੁਰਦਿੱਤਾ ਜੀ ਫਿਰ ਸੁਣ ਕੇ ਆਏ॥੧੫॥

ਮਹਾਂ ਦੋਸ਼ ਗੋ ਘਾਤ ਪਛਾਨਾ। ਭਨੇ ਸਭਿਨਿ ਕੇ ਦੀਨਸਿ ਪ੍ਰਾਨਾ।
ਝਗਰਾ ਪਰਯੋ ਰਹਯੋ ਤਿਸ ਥਾਨ। ਯਾਂਤੇ ਆਯੋ ਦਿਨ ਮੱਧਜਾਨ॥ ੧੬॥

ਗਾਂ ਮਾਰਨ ਨੂੰ ਵੱਡਾ ਪਾਪ ਜਾਣਿਆ, ਸਾਰਿਆਂ ਦੇ ਕਹਿਣ ਤੇ ਗਾਂ ਨੂੰ ਪ੍ਰਾਣ ਦੇ ਦਿੱਤੇ। ਉਸ ਥਾਂ ਬਹੁਤ ਝਗੜਾ ਪਿਆ ਰਿਹਾ, ਇਸ ਕਰਕੇ ਦੁਪਹਿਰ ਹੋ ਗਈ'॥੧੬॥

ਸ੍ਰੀ ਸਤਿਗੁਰ ਸੁਨਿ ਧਰ ਕਰਿ ਮੋਨ। ਰਿਸ ਉਰ ਕੀਨਿ, ਨ ਜਾਨੀ ਕੌਨ।
ਚਾਰ ਘਟੀ ਸੁਨਿ ਫੇਰ ਬਿਤਾਈ। ਡੇਢ ਜਾਮ ਦਿਨ ਰਹਯੋ ਤਦਾਈ॥ ੧੭॥

ਇਹ ਸੁਣ ਕੇ ਸ੍ਰੀ ਸਤਿਗੁਰੂ ਜੀ ਨੇ ਚੁੱਪ ਧਾਰਨ ਕਰ ਲਈ, ਹਿਰਦੇ ਵਿਚ ਗੁੱਸਾ ਕੀਤਾ ਹੈ ਕਿ ਨਹੀਂ, ਕਿਸੇ ਨੇ ਨਾ ਜਾਣਿਆ। ਇਹ ਸੁਣ ਕੇ ਚਾਰ ਘੜੀਆਂ ਬਤੀਤ ਕੀਤੀਆਂ, ਤਦ ਦਿਨ ਡੇਢ ਪਹਿਰ ਬਾਕੀ ਰਹਿ ਗਿਆ॥੧੭॥

ਜਾਨਿ ਸੁਚੇਤ ਹੋਨ ਕੋ ਕਾਲ। ਆਇ ਸਮੀਪ ਸਪੁੱਤ੍ਰ ਬਿਸਾਲ।
ਕਰਿ ਬੰਦਨ ਕੋ ਖਰੇ ਅਗਾਰੀ। ਤੇਵਰ ਪਿਤਾ ਕੀ ਅਪਰ ਨਿਹਾਰੀ॥ ੧੮॥

ਸੁਚੇਤ ਹੋਣ ਦਾ ਸਮਾਂ ਜਾਣ ਕੇ ਆਪਣੇ ਵੱਡੇ ਪੁੱਤਰ ਦੇ ਪਾਸ ਆਏ। ਉਹ ਬੰਦਨਾ ਕਰਕੇ ਸਾਹਮਣੇ ਖੜਾ ਹੋ ਗਿਆ ਤੇ ਆਪਣੇ ਪਿਤਾ ਜੀ ਦੇ ਤੇਵਰ ਉਸ ਕੁਝ ਹੋਰ ਹੀ ਵੇਖੇ॥੧੮॥

ਠਟਤਿ ਰਹੇ ਥਿਰਤਾ ਧਰਿ ਅੰਗ। ਨੈਨ ਕਮਲ ਸ਼ੰਕਤਿ, ਚਿਤ ਭੰਗ।
ਸੁਤ ਬਿਸਾਲ ਪਰ ਕੋਪ ਬਿਸਾਲ। ਸਤਿਗੁਰ ਬਦਨ ਦ੍ਰਿਗਨਿ ਕਰਿ ਲਾਲ॥੧੯॥

ਅੰਗਾਂ ਵਿਚ ਸਥਿਰਤਾ ਧਾਰ ਕੇ ਖੜੇ ਰਹੇ, ਕੰਵਲ ਨੈਣ ਸ਼ੰਕੇ ਵਿਚ ਪਏ ਹਨ ਤੇ ਚਿੱਤ ਉਦਾਸ ਹੈ। ਵੱਡੇ ਪੁੱਤਰ ਤੇ ਵੱਡਾ ਗੁੱਸਾ ਹੈ। ਸਤਿਗੁਰੂ ਜੀ ਦਾ ਚਿਹਰਾ ਤੇ ਨੈਣ ਲਾਲ ਹੋ ਗਏ॥੧੯॥

ਬੋਲੇ 'ਕਰਨਿ ਲਗੇ ਅਬਿ ਨੀਕੀ। ਹਰਿ ਗੁਰ ਸੰਤਨਿ ਲਗੇ ਜੁ ਫੀਕੀ।
ਜਿਸ ਕ੍ਰਿਤ ਕੋ ਸੁਜਨ ਨ ਸਨਮਾਨੈਂ। ਸੁਮਤਿਵੰਤ ਸੋ ਕਬਹੁੰ ਨ ਠਾਨੈ॥ ੨੦॥

ਫਿਰ ਬੋਲੇ, 'ਹੁਣ ਚੰਗੀ ਗੱਲ ਕਰਨ ਲੱਗੇ ਹੋ, ਜਿਹੜੀ ਪ੍ਰਭੂ, ਗੁਰੂ ਜੀ ਅਤੇ ਸੰਤਾਂ ਨੂੰ ਬਹੁਤ ਮਾੜੀ ਲੱਗਦੀ ਹੈ। ਜਿਸ ਕ੍ਰਿਤ ਨੂੰ ਸ੍ਰੇਸ਼ਟ ਲੋਕ ਸਨਮਾਨ ਨਹੀਂ ਦਿੰਦੇ ਹਨ, ਬੁਧੀਵਾਨ ਵਿਅਕਤੀ ਇਹ ਕੰਮ ਕਦੇ ਨਹੀਂ ਕਰਦਾ ਹੈ॥੨੦॥

ਆਨਿ ਪਰੇ ਸਭਿ ਸਹੈਂ ਸਰੀਰ। ਨਹੀਂ ਛੋਰਤੇ ਧਾਰਤਿ ਧੀਰ।
ਸੀਸ ਦੇਹਿਂ ਪਰ ਨਹੀਂ ਜਨਾਵੈਂ। ਪ੍ਰਭੁ ਦਰਗਾਹ ਸੁ ਆਦਰ ਪਾਵੈਂ॥ ੨੧॥

ਜਿਹੜੀ ਬਿਪਤਾ ਆ ਪੈਂਦੀ ਹੈ, ਉਹ ਸਾਰੇ ਸਰੀਰ ਝਲਦੇ ਹਨ, ਦਿਲ ਨਹੀਂ ਛੱਡਦੇ ਧੀਰਜ ਧਾਰਨ ਕਰਦੇ ਹਨ, ਸਿਰ ਅਤੇ ਸਰੀਰ ਤੇ ਨਹੀਂ ਜਤਾਉਂਦੇ ਹਨ, ਉਹ ਪ੍ਰਭੂ ਦੀ ਦਰਗਾਹ ਵਿਚ ਆਦਰ ਪਾਉਂਦੇ ਹਨ॥੨੧॥

ਅਟਲਰਾਇ ਯਾਂਤੇ ਤਜਿ ਪ੍ਰਾਨਾ। ਤੂੰ ਅਬਿ ਲੌ ਸਮੁਝਯੋ ਨ ਸਯਾਨਾ।
ਇਮ ਤੋ ਕਰਨਿ ਸਦਾ ਨਹਿਂ ਆਛੀ। ਪੁਨ ਹਮ ਅਛਤ ਕਹਾਂ ਚਿਤ ਬਾਂਛੀ? ॥੨੨॥

ਇਸ ਕਰਕੇ ਅਟਲ ਰਾਇ ਪ੍ਰਾਣ ਛੱਡ ਗਿਆ ਸੀ, ਤੂੰ ਏਨਾ ਸਿਆਣਾ ਹੋ ਕੇ ਵੀ ਹੁਣ ਤਕ ਸਮਝਿਆ ਨਹੀਂ ਹੈਂ। ਇੰਝ ਕਰਨਾ ਸਦਾ ਹੀ ਚੰਗਾ ਨਹੀਂ ਹੈ, ਫਿਰ ਸਾਡੇ ਹੁੰਦਿਆਂ ਇਸ ਤਰ੍ਹਾਂ ਕਰਨਾ ਕਿਉਂ ਚਿੱਤ ਵਿਚ ਚਾਹਿਆ ਹੈ ?॥੨੨॥

ਚਹਤਿ ਗੁਰਨ ਤੇ ਅਧਿਕ ਬਡਾਈ। ਅਜਰ ਨ ਜਰਹੁ ਜਹਾਨ ਜਨਾਈ।
ਕਰਿ ਅਜ਼ਮਤ ਦੇ ਸੁਰਭੀ ਪ੍ਰਾਨਾ। ਗ਼ਨੀ ਗਰੀਬ ਸੁਨਹਿਂ ਜਬਿ ਕਾਨਾ॥ ੨੩॥

ਗੁਰੂ ਨਾਲੋਂ ਵੱਡੀ ਵਡਿਆਈ ਲੈਣਾ ਚਾਹੁੰਦੇ ਹੋ, ਨਾ ਜਰੇ ਜਾਣ ਵਾਲੇ ਨੂੰ ਨਾ ਜਰਨਾ, ਇਸ ਜਗਤ ਨੂੰ ਜਤਾਉਂਦੇ ਹੋ। ਕਰਾਮਾਤ ਕਰਕੇ ਗਾਂ ਨੂੰ ਪ੍ਰਾਣ ਦਿੱਤੇ ਹਨ। ਅਮੀਰ ਗਰੀਬ ਜਦ ਕੰਨ ਨਾਲ ਸੁਣਨਗੇ॥੨੩॥

ਮ੍ਰਿਤਕ ਭਏ ਕੋ ਹਮ ਢਿਗ ਲਜਾਵਹਿਂ। ਕਰਹਿਂ ਜਾਚਨਾ ਜਥਾ ਜਿਵਾਵਹਿਂ।
ਸ਼ਾਹੁ ਆਦਿ ਸਭਿਹਿਨਿ ਜਗ ਮਰਨਾ। ਨਦੀ ਪ੍ਰਵਾਹਿ ਜਥਾ ਇਹੁ ਥਿਰ ਨਾ॥੨੪॥

ਜਿਹੜਾ ਵੀ ਮਰ ਜਾਇਆ ਕਰੇਗਾ ਉਸ ਨੂੰ ਸਾਡੇ ਪਾਸ ਲਿਆਉਣਗੇ, ਮੰਗ ਕਰਨਗੇ ਕਿ ਉਸ ਗਾਂ ਵਾਂਗ ਅਸੀਂ ਜੀਵਤ ਕਰ ਦੇਈਏ। ਬਾਦਸ਼ਾਹ ਆਦਿ ਸਭ ਨੇ ਜੱਗ ਵਿਚ ਮਰਨਾ ਹੈ, ਨਦੀ ਦੇ ਪ੍ਰਵਾਹ ਵਾਂਗ ਏਥੇ ਕੋਈ ਵੀ ਸਥਿਰ ਨਹੀਂ ਹੈ॥੨੪॥

ਕੌਨ ਕੌਨ ਕੋ ਹਮ ਜੀਵਾਵੈਂ। ਕਿਸ ਕੀ ਬਯ ਦੇ ਕਿਸਹਿ ਉਠਾਵੈਂ?
ਇਸ ਕੋ ਭੀ ਕੁਛ ਜਤਨ ਬਿਚਾਰਾ?। ਲਿਯੋ ਬਿਚਾਰ ਤ ਕਰੋ ਉਚਾਰਾ॥੨੫॥

ਕਿਸ ਕਿਸ ਨੂੰ ਅਸੀਂ ਜੀਵਾਵਾਂਗੇ, ਕਿਸ ਦੀ ਉਮਰ ਦੇ ਕੇ ਕਿਸ ਨੂੰ ਉਠਾਵਾਂਗੇ? ਇਸ ਦਾ ਵੀ ਕੋਈ ਯਤਨ ਵੀਚਾਰਿਆ ਹੈ? ਵਿਚਾਰ ਲਵੋ ਤੇ ਉਚਾਰਨ ਕਰੋ॥੨੫॥

ਜੇ ਇਮ ਕਰਨੀ ਹੀ ਮਨ ਭਾਵੈ। ਹਮਰੇ ਅਛਤ ਹਟਯੋ ਨਹਿਂ ਜਾਵੈ।
ਤੌ ਇਕ ਮਯਾਨ ਜੁਗਮ ਸ਼ਮਸ਼ੇਰ। ਮੇਯ ਨ ਸਕਹਿਂ ਸਮੁਝਿ ਲਿਹੁ ਹੇਰਿ॥੨੬॥

ਜੇ ਇਸ ਤਰ੍ਹਾਂ ਕਰਨੀ ਹੀ ਮਨ ਨੂੰ ਭਾਉਂਦੀ ਹੈ ਤੇ ਸਾਡੇ ਜੀਉਂਦਿਆਂ ਰੁਕਿਆ ਨਹੀਂ ਜਾਂਦਾ ਹੈ, ਤਾਂ ਫਿਰ ਇਕ ਮਿਆਨ ਵਿਚ ਦੋ ਤਲਵਾਰਾਂ ਸਮਾ ਨਹੀਂ ਸਕਦੀਆਂ, ਵੇਖ ਕੇ ਸਮਝ ਲਵੋ॥੨੬॥

ਜੇ ਤੁਮ ਰਹਹੁ ਤ ਹਮ ਤਜਿ ਪ੍ਰਾਨਾ। ਹਮ ਜਿ ਰਹੈਂ ਤੁਮ ਕਰਹੁ ਪਯਾਨਾ।
ਇਸ ਬਿਧਿ ਕਰੇ ਬਿਨਾ ਨਹਿਂ ਬਨੈ। ਇਕ ਰਾਖਹਿ ਇਕ ਤਯਾਗਹਿ ਤਨੈ॥੨੭॥

ਜੇ ਤੂੰ ਰਹਿਣਾ ਹੈ ਤਾਂ ਅਸੀਂ ਪ੍ਰਾਣ ਛੱਡ ਦਿੰਦੇ ਹਾਂ, ਜੇ ਅਸੀਂ ਰਹਿਣਾ ਹੈ ਤਾਂ ਤੁਸੀਂ ਚਲੇ ਜਾਵੋ। ਇਸ ਵਿਧੀ ਅਨੁਸਾਰ ਕਰਨ ਤੋਂ ਬਗੈਰ ਬਣਨੀ ਨਹੀਂ ਹੈ। ਇਕ ਸਰੀਰ ਰੱਖੇ, ਇਕ ਸਰੀਰ ਤਿਆਗੇ"॥੨੭॥

ਸ੍ਰੀ ਗੁਰਦਿੱਤੇ ਦ੍ਵੈ ਕਰ ਬੰਦਿ। ਹੁਤੇ ਨ ਹਰਖ ਨ ਸ਼ੋਕ ਬਿਲੰਦ।
ਇਕ ਰਸ ਬ੍ਰਿਤੀ ਜਿਨਹੁੰ ਕੀ ਅਹੈ। ਬ੍ਰਹਮ ਗਯਾਨ ਦ੍ਰਿੜ੍ਹਤਾ ਚਿਤ ਰਹੈ॥੨੮॥

ਸ੍ਰੀ ਗੁਰਦਿੱਤੇ ਨੇ ਦੋਵੇਂ ਹੱਥ ਜੋੜੇ, ਜਿਨ੍ਹਾਂ ਨੂੰ ਨਾ ਕੋਈ ਖੁਸ਼ੀ ਸੀ ਤੇ ਨਾ ਕੋਈ ਗ਼ਮੀ ਸੀ। ਜਿਨ੍ਹਾਂ ਦੀ ਬਿਰਤੀ ਇਕ ਰਸ ਰਹਿੰਦੀ ਸੀ, ਜਿਨ੍ਹਾਂ ਦੇ ਚਿੱਤ ਵਿਚ ਸਦਾ ਬ੍ਰਹਮ-ਗਿਆਨ ਦ੍ਰਿੜ੍ਹ ਸੀ॥੨੮॥

ਸ੍ਰੀ ਸਤਿਗੁਰੂ ਪਿਤਾ ਸਮਰੱਥ। ਭੰਜਨ ਘੜਨ ਸਕਲ ਜਿਨ ਹੱਥ।
ਬਚਨ ਅਮੋਘ ਜਿਨਹੁੰ ਕੇ ਸਦਾ। ਬ੍ਰਹਮ ਅਸਤ੍ਰ ਜਿਮ ਮਿਟਹਿਂ ਨ ਕਦਾ॥੨੯॥

ਸ੍ਰੀ ਗੁਰਦਿੱਤਾ ਜੀ ਨੇ ਸੋਚਿਆ, "ਸ੍ਰੀ ਸਤਿਗੁਰੂ ਪਿਤਾ ਜੀ ਹਰ ਪ੍ਰਕਾਰ ਸਮਰੱਥ ਹਨ, ਬਣਾਉਣਾ, ਢਾਹੁਣਾ ਸਭ ਕੁਝ ਉਨ੍ਹਾਂ ਦੇ ਹੱਥ ਵਿਚ ਹੈ। ਜਿਨ੍ਹਾਂ ਦੇ ਬਚਨ ਸਦਾ ਹੀ ਅਮੋਘ ਹਨ, ਜਿਵੇਂ ਬ੍ਰਹਮ ਅਸਤਰ (ਮੰਤਰ ਪੜ੍ਹਕੇ ਚਲਾਏ ਜਾਣ ਵਾਲਾ ਅਸਤਰ) ਦਾ ਵਾਰ ਕਦੀ ਖਾਲੀ ਨਹੀਂ ਜਾਂਦਾ ਹੈ॥੨੯॥

ਬਿਨ ਸੰਸੈ ਮਾਨਯੋ ਹੀ ਬਨੈ। ਇਸ ਮਹਿਂ ਭਲੋ ਆਪਨੋ ਜਨੈ।
ਇਮ ਬਿਚਾਰ ਕਰਿ ਠਾਨੀ ਨਮੋ। ਤੀਨ ਪ੍ਰਕਰਮਾ ਦੇ ਤਿਹ ਸਮੋਂ॥੩੦॥

ਕਿਸੇ ਸ਼ੰਕੇ ਦੇ ਬਗੈਰ ਮੰਨਣਾ ਹੀ ਬਣਦਾ ਹੈ, ਇਸ ਵਿਚ ਆਪਣਾ ਹੀ ਭਲਾ ਦਿੱਸਦਾ ਹੈ।" ਇਸ ਤਰ੍ਹਾਂ ਵਿਚਾਰ ਕਰਕੇ ਨਮਸਕਾਰ ਕੀਤੀ ਤੇ ਤਿੰਨ ਪਰਿਕਰਮਾਂ ਕੀਤੀਆਂ॥੩੦॥

ਧਰੇ ਮੋਨ ਕੋ ਕੀਨਸਿ ਪਯਾਨ। ਛਰੀ ਧਰੀ ਕਰ ਖਰੀ ਮਹਾਨ।
ਕਿਹ ਸੋਂ ਮਿਲੇ ਨ ਬੋਲਨ ਕੀਨਿ। ਚਲਨਿ ਪ੍ਰਲੋਕ ਬਿਖੇ ਚਿਤ ਦੀਨਿ॥੩੧॥

ਤੇ ਚੁੱਪ ਧਾਰ ਕੇ ਚਲੇ ਗਏ ਤੇ ਅਤਿ ਸੁਹਣੀ ਛੜੀ ਹੱਥ ਵਿਚ ਫੜ ਲਈ। ਕਿਸੇ ਨੂੰ ਨਾ ਮਿਲਿਆ, ਨਾ ਬੋਲਿਆ, ਪ੍ਰਲੋਕ ਚਲਣ ਬਾਰੇ ਚਿੱਤ ਵਿਚ ਧਾਰਨ ਕਰ ਲਿਆ॥੩੧॥

ਜੋ ਮਗ ਮਿਲਹਿ ਚਲੇ ਜਿਹ ਸਮੇ। ਹਾਥ ਜੋਰਿ ਨਰ ਠਾਨਤਿ ਨਮੋ।
ਕਿਸ ਕੀ ਦਿਸ਼ਿ ਨ ਬਿਲੋਚਨ ਲਾਏ। ਜਾਹਿਂ ਏਕ ਰਸ ਸਹਿਜ ਸੁਭਾਏ॥੩੨॥

ਜਿਸ ਸਮੇਂ ਚਲੇ ਜੋ ਵੀ ਰਾਹ ਵਿਚ ਮਿਲਿਆ, ਹੱਥ ਜੋੜ ਕੇ ਮਨੁੱਖ ਨਮਸਕਾਰ ਕਰਦੇ ਸਨ, ਪਰ ਉਨ੍ਹਾਂ ਨੇ ਕਿਸੇ ਵਲ ਵੀ ਆਪਣੀਆਂ ਅੱਖਾਂ ਨਾ ਕੀਤੀਆਂ। ਇਕ ਰਸ ਸਹਿਜ ਸੁਭਾਅ ਤੁਰੇ ਜਾਂਦੇ ਸਨ॥੩੨॥

ਦੇਖਿ ਦੇਖਿ ਬਿਸਮੈ ਸਭਿ ਕੋਈ। ਬ੍ਰਿਤਿ ਉਦਾਸ ਸਭਿਹਿਨਿ ਤੇ ਹੋਈ।
ਕੀਰਤਪੁਰਿ ਤੇ ਵਹਿਰ ਪਜਾਨੇ। ਅਲਪ ਸੈਲ ਪਰ ਚਢਿਬੋ ਠਾਨੇ॥ ੩੩॥

ਵੇਖ-ਵੇਖ ਕੇ ਸਭ ਹੈਰਾਨ ਹੋ ਰਹੇ ਸਨ, ਸਾਰਿਆਂ ਤੇ ਬ੍ਰਿਤੀ ਉਦਾਸ ਹੋ ਗਈ। ਕੀਰਤਪੁਰ ਤੋਂ ਬਾਹਰ ਚਲੇ ਗਏ, ਇਕ ਛੋਟੀ ਪਹਾੜੀ ਉਤੇ ਚੜ੍ਹ ਗਏ॥੩੩॥

ਜਾਇ ਇਕਾਕੀ, ਦਾਸ ਨ ਸੰਗ। ਸਨੇ ਸਨੇ ਚਲਿ ਚਢੇ ਉਤੰਗ।
ਬੁੱਢਨ ਸ਼ਾਹੁ ਸਥਾਨ ਨਿਹਾਰਾ। ਤਿਸ ਤੇ ਕੁਛਕ ਅੰਤਰਾ ਧਾਰਾ॥ ੩੪॥

ਇਕੱਲੇ ਗਏ, ਕੋਈ ਸੇਵਕ ਨਾਲ ਨਹੀਂ ਸੀ, ਹੌਲੀ-ਹੌਲੀ ਪਹਾੜੀ ਦੇ ਉਪਰ ਚੜ੍ਹ ਗਏ। ਬੁੱਢਣ ਸ਼ਾਹ ਦਾ ਸਥਾਨ, ਵੇਖਿਆ, ਉਸ ਤੋਂ ਕੁਝ ਫਰਕ ਧਾਰਨ ਕੀਤਾ॥੩੪॥

ਛਰੀ ਧਰਾ ਪਰ ਧਰੀ ਗਡਾਈ। ਅਵਲੋਕਤਿ ਭੇ ਸੁੰਦਰ ਥਾਈਂ।
ਉਰ ਕੁਟੰਬ ਕੋ ਰਾਗ ਨ ਠਾਨਾ। ਨੌਕਾ ਮੇਲ ਸਕਲ ਜਗ ਜਾਨਾਂ॥ ੩੫॥

ਛੜੀ ਨੂੰ ਧਰਤੀ ਦੇ ਵਿਚ ਗੱਡ ਦਿੱਤਾ ਤੇ ਸੁੰਦਰ ਸਥਾਨਾਂ ਨੂੰ ਵੇਖਣ ਲੱਗੇ ਹਿਰਦੇ ਵਿਚੋਂ ਪਰਿਵਾਰ ਦੇ ਸਾਰੇ ਮੋਹ ਨੂੰ ਤਿਆਗ ਦਿੱਤਾ। ਬੇੜੀ ਦੇ ਪੂਰ ਵਾਂਗ ਜਗਤ ਨੂੰ ਜਾਣਿਆ॥੩੫॥

ਅਤਿ ਸਪੁੱਤ੍ਰ ਜੋ ਹੈ ਹਰਿਰਾਇ। ਮਿਲਿਨਿ ਹੇਤੁ ਨਹਿਂ ਕਿਛੁ ਮਨ ਲਜਾਇ।
ਸੁਤ ਸਮ ਅਪਰ ਪ੍ਰੇਮ ਕਿਸ ਮਾਂਹੂ। ਜਿਸ ਕੋ ਸਿਮਰ ਮਿਲਹਿਂ ਕਰਿ ਪਾਹੂ॥੩੬॥

ਅਤਿ ਪਿਆਰੇ ਪੁੱਤਰ ਜਿਹੜੇ ਸ੍ਰੀ ਹਰਿਰਾਇ ਜੀ ਹਨ, ਉਨ੍ਹਾਂ ਨੂੰ ਮਿਲਣ ਵਾਸਤੇ ਮਨ ਵਿਚ ਕੁਝ ਨਾ ਲਿਆਏ, ਪੁੱਤਰ ਬਰਾਬਰ ਹੋਰ ਕਿਸ ਨਾਲ ਪ੍ਰੇਮ ਸੀ, ਜਿਸ ਨੂੰ ਯਾਦ ਕਰਕੇ ਪਾਸ ਬੁਲਾ ਕੇ ਮਿਲਦੇ ਹੁੰਦੇ ਸਨ॥੩੬॥

ਆਸਤਰਨ ਕੋ ਅਪਨੇ ਹਾਥ। ਸੁੰਦਰ ਕਰਜੋ ਕੁਸ਼ਾ ਕੇ ਸਾਥ।
ਤਬਿ ਤਨ ਪਰ ਤੇ ਬਸਤ੍ਰ ਉਤਾਰਾ। ਕਰਿ ਦੂਹਰ ਸਿਹਜਾ ਤ੍ਰਿਣ ਡਾਰਾ॥੩੭॥

ਸੁੰਦਰ ਦਭ ਵਿਛਾ ਕੇ ਆਪਣੇ ਹੱਥਾਂ ਨਾਲ ਆਸਣ ਵਿਛਾਇਆ, ਫਿਰ ਤਨ ਤੋਂ ਕਪੜਾ ਉਤਾਰਿਆ ਤੇ ਦੂਹਰਾ ਕਰਕੇ ਘਾਹ ਦੀ ਸੇਜ ਉਤੇ ਵਿਛਾ ਦਿੱਤਾ॥੩੭॥

ਬ੍ਰਿਤਿ ਸੰਕੋਚ ਬੈਠਿ ਤਬਿ ਗਏ। ਨਿਜ ਸਰੂਪ ਮਹਿਂ ਥਿਰਤਾ ਲਏ।
ਮੂੰਦਿ ਬਿਲੋਚਨ ਪੌਢੇ ਫੇਰ। ਦੁਤੀ ਬਸਤ੍ਰ ਲੇ ਮੁਖ ਪਰ ਗੇਰ॥ ੩੮॥

ਫਿਰ ਬ੍ਰਿਤੀ ਸੰਕੋਚ ਕੇ ਬੈਠ ਗਏ ਤੇ ਨਿਜੀ ਸਰੂਪ ਵਿਚ ਸਥਿਰਤਾ ਪਾ ਲਈ। ਅੱਖਾਂ ਮੀਟ ਲੰਮੇ ਪੈ ਗਏ। ਦੂਸਰਾ ਵਸਤਰ ਮੂੰਹ ਤੇ ਲੈ ਲਿਆ॥੩੮॥

ਜੋਗ ਸ਼ਕਤਿ ਕਰਿ ਖੈਂਚੇ ਪ੍ਰਾਨ। ਸਭਿ ਤਨ ਤੇ ਸਵਧਾਨੀ ਠਾਨਿ।
ਤਾਤਕਾਲ ਤਨ ਛੋਰਿ ਸਿਧਾਰੇ। ਜਿਮ ਪੰਨਗ ਕੰਚੁਰੀ ਨਿਜ ਡਾਰੇ॥ ੩੯॥

ਜੋਗ ਸ਼ਕਤੀ ਕਰਕੇ ਆਪਣੇ ਪ੍ਰਾਣ ਖਿੱਚ ਲਏ, ਸਾਰੇ ਸਰੀਰ ਤੇ ਸਾਵਧਾਨੀ ਧਾਰਨ ਕੀਤੀ। ਤੁਰੰਤ ਸਰੀਰ ਛੱਡ ਕੇ ਚਲੇ ਗਏ, ਜਿਵੇਂ ਸੱਪ ਆਪਣੀ ਕੁੰਜ ਲਾਹ ਦਿੰਦਾ ਹੈ॥੩੯॥

ਗਏ ਸੁਖੈਨ ਤਜੀ ਤਬਿ ਕਾਯਾਂ। ਹਰਖ ਸੋਗ ਨਹਿਂ ਭਯੋ ਕਦਾਯਾ।
ਨਈ ਬੈਸ ਮਹਿਂ ਤਨ ਤਰੁਨਾਈ। ਜਿਮ ਜੋਗੀ ਮਾਯਾ ਤਜਿ ਜਾਈ॥ ੪੦॥

ਬੜੇ ਸੌਖੇ ਢੰਗ ਨਾਲ ਆਪਣੀ ਕਾਇਆ ਛੱਡ ਕੇ ਚਲੇ ਗਏ, ਜਿਨ੍ਹਾਂ ਨੇ ਕਦੀ ਵੀ ਖੁਸ਼ੀ ਗਮੀ ਨਹੀਂ ਜਾਣੀ ਸੀ। ਛੋਟੀ ਉਮਰ ਸੀ ਤੇ ਸਰੀਰ ਹਾਲੇ ਜਵਾਨ ਸੀ, ਜਿਵੇਂ ਜੋਗੀ ਮਾਇਆ ਨੂੰ ਛੱਡ ਕੇ ਚਲੇ ਜਾਂਦਾ ਹੈ॥੪੦॥

*ਅੱਠਵੀਂ ਰਾਸ ਦਾ ਸੈਂਤੀਵਾਂ ਅਧਿਆਇ ਸਮਾਪਤ ਹੋਇਆ॥੩੭॥*

## ਅਧਿਆਇ ਅਠੱਤੀਵਾਂ

*ਬਾਬਾ ਗੁਰਦਿੱਤਾ ਜੀ ਪ੍ਰਲੋਕ ਗਮਨ*

ਦੋਹਰਾ- ਲਹਿ ਸੁਧ ਤੂਰਨ ਸੁਰ ਸਰਬ ਚਢੇ ਬਿਮਾਨ ਪਯਾਨ।
ਗੁਰੂ ਸੁਤ ਕੇ ਤਨ ਤਜਨ ਤੇ ਆਏ ਮੰਗਲ ਠਾਨਿ॥ ੧॥

ਇਹ ਖਬਰ ਪਾ ਕੇ ਸਾਰੇ ਦੇਵਤੇ ਤੁਰਤ ਬਿਬਾਣਾਂ ਤੇ ਚੜ੍ਹ ਕੇ ਚਲ ਪਏ। ਗੁਰੂ-ਪੁੱਤਰ ਦੇ ਤਨ ਛੱਡਣ ਤੇ ਬਹੁਤ ਪ੍ਰਸੰਨਤਾ ਧਾਰ ਕੇ ਆਏ॥੧॥

ਚੌਪਈ- ਜੈ ਜੈ ਮੁਖ ਤੇ ਸ਼ਬਦ ਉਚਾਰੇ। ਕੁਸਮਾਂਜੁਲ ਕੋ ਭਰਿ ਭਰਿ ਡਾਰੇ।
ਅਨਿਕ ਅਪਸਰਾ ਹਰਿਖਤਿ ਨਾਚਹਿਂ। ਗਾਵਹਿਂ ਗੀਤ ਮਧੁਰ ਸੁਰ ਰਾਚਹਿਂ॥੨॥

ਦੇਵਤੇ ਮੁੱਖ ਤੋਂ ਜੈ-ਜੈ ਸ਼ਬਦ ਉਚਾਰਨ ਕਰਦੇ ਸਨ ਤੇ ਕੁਸਮ ਦੇ ਫੁੱਲਾਂ ਦੇ ਬੁੱਕ ਭਰ-ਭਰ ਸੁਟਦੇ ਸਨ। ਅਨੇਕਾਂ ਅਪਸਰਾਵਾਂ ਪ੍ਰਸੰਨ ਹੋ ਕੇ ਨੱਚਦੀਆਂ ਸਨ, ਬੜੀ ਮਿੱਠੀ ਆਵਾਜ਼ ਵਿਚ ਗਾਉਂਦੀਆਂ ਸਨ॥੨॥

ਸਭਿਨਿ ਸੁਰਨਿ ਅਭਿਬੰਦਨ ਕੀਨਿ। ਕਹਜੋ 'ਕਰਹੁ ਪ੍ਰਸਥਾਨ ਪ੍ਰਬੀਨ!'
ਸਭਿ ਦੇਵਨ ਕੋ ਬਡ ਉਤਸਾਹੂ। ਸ਼ੁਭ ਆਗਵਨ ਜਾਨਿ ਕੈ ਪਾਹੂ॥ ੩॥

ਸਾਰੇ ਦੇਵਤਿਆਂ ਨੇ ਅਭਿਨੰਦਨ ਕੀਤਾ, ਕਹਿੰਦੇ ਸਨ, "ਹੇ ਚਤੁਰ! ਛੇਤੀ ਚਲੋ।" ਸਾਰੇ ਦੇਵਤਿਆਂ ਵਿਚ ਵੱਡਾ ਉਤਸ਼ਾਹ ਸੀ, ਸ਼ੁਭ ਆਉਣਾ ਜਾਣ ਕੇ ਪਾਸ ਆਉਂਦੇ ਸਨ॥੩॥

ਖਸ਼ਟਮ ਗੁਰ ਕੋ ਸੁਭਟ ਸਪੂਤ। ਸਪਤਮ ਗੁਰ ਕੋ ਪਿਤ ਮਤਿ ਪੂਤ।
'ਧੰਨਜ ਧੰਨਜ' ਕਹਿ ਕਰਿ ਲੈ ਗਏ। ਸਾਜਿ ਆਰਤੀ ਦਰਸਤਿ ਭਏ॥੪॥

ਛੇਵੇਂ ਗੁਰੂ ਸਾਹਿਬ ਦਾ ਸੂਰਬੀਰ ਪੁੱਤਰ ਹੈ, ਪਵਿੱਤਰ ਬੁੱਧੀ ਵਾਲੇ ਸਤਵੇਂ ਗੁਰੂ ਜੀ ਦੇ ਪਿਤਾ ਹਨ। ਧੰਨ-ਧੰਨ ਕਹਿ ਕੇ ਲੈ ਗਏ ਤੇ ਆਰਤੀ ਉਤਾਰ ਕੇ ਦਰਸ਼ਨ ਕਰਦੇ ਸਨ॥੪॥

ਸਭਿ ਸੁਰ ਗਮਨੇ ਜਾਇਂ ਪਿਛਾਰੀ। ਗੁਰ ਸੁਤ ਦਿਪਹਿ ਬਿਮਾਨ ਅਗਾਰੀ।
ਤੇਜ ਸਹਿਤ ਸੂਰਜ ਜਨੁ ਜਾਈ। ਗੀਰਬਾਨ ਉਡਗਨ ਸਮੁਦਾਈ॥ ੫॥

ਸਾਰੇ ਦੇਵਤੇ ਪਿੱਛੇ ਪਿੱਛੇ ਜਾ ਰਹੇ ਸਨ, ਗੁਰੂ-ਪੁੱਤਰ ਦਾ ਬਿਬਾਣ ਸਭ ਤੋਂ ਅੱਗੇ ਚਮਕਦਾ ਸੀ। ਵੱਡਾ ਤੇਜ ਸੀ, ਜਿਵੇਂ ਸੂਰਜ ਜਾ ਰਿਹਾ ਹੋਵੇ, ਦੇਵਤੇ ਤੇ ਤਾਰੇ ਇਕੱਠੇ ਹੋ ਕੇ ਜਾ ਰਹੇ ਸਨ॥੫॥

ਜਹਿਂ ਜਹਿਂ ਸ਼ਕਤਿ ਸੁਰਨਿ ਕੀ ਜਾਵਨਿ। ਤਹਿਂ ਲੌ ਸਭਿਹਿਨਿ ਕੀਨਿ ਪੁਚਾਵਨ।
ਕਰਿ ਕਰਿ ਬੰਦਨ ਹਟੇ ਪਿਛਾਰੀ। ਗੁਰ ਸੁਤ ਗਮਨਜੋ ਜਾਤਿ ਅਗਾਰੀ॥ ੬॥

ਜਿਥੋਂ-ਜਿਥੋਂ ਤਕ ਦੇਵਤਿਆਂ ਵਿਚ ਜਾਣ ਦੀ ਸ਼ਕਤੀ ਸੀ, ਉਥੋਂ ਤਕ ਸਾਰਿਆਂ ਨੇ ਪਹੁੰਚਾ ਦਿੱਤਾ। ਫਿਰ ਬੰਦਨਾ ਕਰ-ਕਰ ਪਿੱਛੇ ਹਟਦੇ ਜਾਂਦੇ ਸਨ। ਗੁਰੂ-ਪੁੱਤਰ ਅਗੇ ਜਾ ਰਿਹਾ ਸੀ॥੬॥

ਸਭਿ ਸੁਰ ਪੁਰਿ ਕੋ ਹੇਰਤਿ ਜਾਇਂ। ਅਤਿ ਅਨੰਦ ਕੋ ਰਿਦੇ ਸਮਾਇਂ।
ਪੁਨ ਗੁਰਪਰਿ ਲੌ ਪਹੁੰਚਜੋ ਜਾਈ। ਮਿਲੇ ਸਭਿਨਿ ਸੋਂ ਬੰਦਨ ਗਾਈ॥ ੭॥

ਸਭ ਦੇਵ ਪੁਰੀਆਂ ਨੂੰ ਵੇਖਦੇ ਜਾਂਦੇ ਸਨ, ਹਿਰਦੇ ਵਿਚ ਅਤਿ ਅਨੰਦ ਸਮਾਇਆ ਹੋਇਆ ਸੀ। ਫਿਰ ਗੁਰਪੁਰੀ ਤਕ ਪਹੁੰਚ ਗਏ ਤੇ ਸਾਰਿਆਂ ਨੂੰ ਬੰਦਨਾ ਕਰਕੇ ਮਿਲੇ॥੭॥

ਅੱਚੁਤ ਪਦ ਮਹਿਂ ਜਾਇ ਬਿਰਾਜੇ। ਜਿਨ ਕੇ ਨਾਮ ਲੇਤਿ ਅਘ ਭਾਜੇਂ।
ਇਤ ਕੀਰਤਪੁਰਿ ਮਹਿਂ ਜੇ ਦਾਸ। ਸੇਵਾ ਹੇਤੁ ਰਹਤਿ ਨਿਤ ਪਾਸ॥ ੮॥

ਅਟਲ ਪਦਵੀ ਵਿਚ ਜਾ ਕੇ ਬਿਰਾਜ ਗਏ, ਜਿਨ੍ਹਾਂ ਦਾ ਨਾਂ ਲੈਣ ਨਾਲ ਹੀ ਪਾਪ ਦੂਰ ਹੁੰਦੇ ਹਨ। ਏਧਰ ਕੀਰਤਪੁਰ ਵਿਚ ਜਿਹੜੇ ਸੇਵਕ ਸਨ। ਉਹ ਸੇਵਾ ਵਾਸਤੇ ਸਦਾ ਸ੍ਰੀ ਗੁਰਦਿੱਤਾ ਜੀ ਦੇ ਪਾਸ ਰਹਿੰਦੇ ਸਨ॥੮॥

ਲਗੇ ਬਿਲੋਕਨਿ ਦ੍ਰਿਸ਼ਟਿ ਨ ਆਵੈਂ। ਇਤ ਉਤ ਖੋਜਤਿ ਕਹੂੰ ਨ ਪਾਵੈਂ।
ਬੂਝਤਿ ਬਿਚਰਤਿ ਜਹਿਂ ਕਹਿਂ ਜਾਇ। ਜਿਨਹੁਂ ਪਿਖੇ ਤਿਨ ਦੀਨਿ ਬਤਾਇ॥੯॥

ਉਹ ਸਾਰੇ ਵੇਖਣ ਲੱਗੇ, ਕਿਤੇ ਨਜ਼ਰ ਨਹੀਂ ਸੀ ਆਉਂਦੇ, ਏਧਰ ਓਧਰ ਲਭਦੇ ਸਨ, ਪਰ ਕਿਤੇ ਵੀ ਲਭਦੇ ਨਹੀਂ ਸਨ। ਜਿੱਥੇ ਕਿਥੇ ਜਾ ਕੇ ਪੁੱਛਦੇ ਫਿਰਦੇ ਸਨ। ਜਿਨ੍ਹਾਂ ਨੇ ਵੇਖਿਆ ਸੀ, ਉਨ੍ਹਾਂ ਨੇ ਦੱਸ ਦਿੱਤਾ॥੯॥

ਪੁਰਿ ਤੇ ਵਹਿਰ ਗਏ ਗਿਰ ਓਰ। ਏਕਾਕੀ ਸਭਿ ਸੰਗੀ ਛੋਰਿ।
ਸੁਨਤਿ ਦਾਸ ਹਿਤ ਸੇਵਾ ਧਾਏ। ਹਮਹੁ ਪ੍ਰਤੀਖਤਿ ਹ੍ਵੈਂ ਕਿਤ ਥਾਏਂ॥ ੧੦॥

ਨਗਰੀ ਤੋਂ ਬਾਹਰ ਪਹਾੜਾਂ ਵਾਲੇ ਪਾਸੇ ਗਏ ਹਨ, ਇਕੱਲੇ ਸਨ ਤੇ ਸਭ ਸਾਥੀਆਂ ਨੂੰ ਛੱਡ ਗਏ ਸਨ। ਇਹ ਸੁਣ ਕੇ ਸੇਵਕ ਸੇਵਾ ਵਾਸਤੇ ਦੌੜੇ, ਸਾਡਾ ਕਿਸੇ ਥਾਂ ਇੰਤਜ਼ਾਰ ਕਰ ਰਹੇ ਹੋਣਗੇ॥੧੦॥

ਉਤਹੂੰ ਗਏ ਸੁ ਬੂਝਤਿ ਦਾਸ। ਚਢੇ ਉਤੰਗ ਥਾਨ ਤਿਸ ਪਾਸ।
ਜਾਇ ਬਿਲੋਕੋ ਪੌਢਨ ਕਰੇ। 'ਕਹਾਂ ਕੀਨਿ ਅਵਨੀ ਪਰ ਪਰੇ? ॥ ੧੧॥

ਸੇਵਕ ਪੁਛਦੇ ਉਸ ਪਾਸੇ ਵੱਲ ਗਏ ਤੇ ਉਸ ਦੇ ਲਾਗੇ ਇਕ ਉੱਚੇ ਸਥਾਨ ਉਤੇ ਚੜ੍ਹੇ। ਜਾ ਕੇ ਵੇਖਿਆ ਲੇਟੇ ਹੋਏ ਸਨ, "ਇਹ ਕੀ ਕੀਤਾ ਹੈ ਧਰਤ ਤੇ ਪਏ ਹਨ ?॥੧੧॥

ਸਦਨ ਪ੍ਰਯੰਕ ਛੋਰਿ ਕਰਿ ਆਏ। ਹਮ ਕਿਸਹੂੰ ਕੋ ਸੰਗ ਨ ਲਜਾਏ'।
ਕਰਿ ਤੂਰਨਤਾ ਨਿਕਟਿ ਸੁ ਜਾਇ। ਲਗੇ ਬਿਲੋਕਨ ਸ੍ਵਾਸ ਨ ਆਇ॥ ੧੨॥

ਘਰੋਂ ਪਲੰਘ ਛੱਡ ਕੇ ਆਏ ਹਨ, ਸਾਨੂੰ ਕਿਸੇ ਨੂੰ ਵੀ ਆਪਣੇ ਨਾਲ ਨਹੀਂ ਲਿਆਏ ਹਨ।" ਛੇਤੀ ਕਰਕੇ ਨੇੜੇ ਪਹੁੰਚ ਗਏ, ਵੇਖਣ ਲੱਗੇ ਸਵਾਸ ਨਹੀਂ ਸੀ ਆਉਂਦਾ॥੧੨॥

ਬਿਸਮੇ ਬਹੁਰੋ ਹਾਥ ਲਗਾਯੋ। ਚਰਨ ਪਲੋਟਤਿ ਚਹਤਿ ਜਗਾਯੋ।
ਨਿਸ਼ਚੈ ਭਈ ਜਬੈ ਉਰ ਮਾਂਹੀ। ਧਾਇ ਆਇ ਇਕ ਸਤਿਗੁਰ ਪਾਹੀ॥ ੧੩॥

ਬਾਅਦ ਵਿਚ ਹੱਥ ਲਾ ਕੇ ਬਹੁਤ ਹੈਰਾਨ ਹੋਏ, ਚਰਨ ਪਲੋਸ ਕੇ ਜਗਾਉਣਾ ਚਾਹੁੰਦੇ ਸਨ। ਜਦ ਹਿਰਦੇ ਵਿਚ ਨਿਸਚਾ ਹੋ ਗਿਆ ਤਾਂ ਦੌੜਦੇ ਗੁਰੂ ਜੀ ਪਾਸ ਆਏ॥੧੩॥

ਊਚੀ ਕੂਕ ਨਿਕਟਿ ਹੁਇ ਮਾਰੀ। ਨਿਕਸੀ ਨੈਨਨ ਤੇ ਜਲ ਧਾਰੀ।
ਬੂਝਨ ਕੀਨਿ 'ਕਹਾਂ ਤੁਝ ਭਯੋ?। ਕਯੋਂ ਰੋਦਨ ਤੁਮ ਐਸੋ ਕਿਯੋ?' ॥ ੧੪ ॥

ਪਾਸ ਜਾ ਕੇ ਉੱਚੀ ਦਿੱਤੀ ਕੂਕ ਮਾਰੀ ਤੇ ਅੱਖਾਂ ਵਿਚੋਂ ਜਲ ਵਹਿ ਤੁਰਿਆ। ਗੁਰੂ ਜੀ ਨੇ ਪੁਛਿਆ, "ਕਿੱਥੇ ਕੀ ਹੋਇਆ ਹੈ ? ਤੁਸੀਂ ਇਸ ਤਰ੍ਹਾਂ ਕਿਉਂ ਰੋਂਦੇ ਹੋ"?॥੧੪॥

ਸੁਨਿ ਗੁਰ ਤੇ ਬੋਲਯੋ ਤਬਿ ਦਾਸ। 'ਪੁੱਤ੍ਰ ਆਪ ਕੇ ਬਡ ਗੁਨਰਾਸ।
ਊਚੇ ਥਲ ਪਰ ਕੁਸ਼ਾ ਡਸਾਈ। ਪੌਢੇ ਪ੍ਰਾਨ ਨਹੀਂ ਬਿਚ ਪਾਈ' ॥ ੧੫ ॥

ਗੁਰੂ ਜੀ ਪਾਸੋਂ ਇਸ ਤਰ੍ਹਾਂ ਸੁਣ ਕੇ ਦਾਸ ਬੋਲਿਆ, "ਆਪ ਜੀ ਦਾ ਵੱਡਾ ਪੁੱਤਰ ਗੁਣਾਂ ਦੀ ਰਾਸ ਸੀ। ਉੱਚੇ ਸਥਾਨ ਤੇ ਜਾ ਕੇ ਦਭ ਵਿਛਾਈ ਹੈ ਲੰਮੇ ਪਏ ਹਨ ਤੇ ਪ੍ਰਾਣ ਨਹੀਂ ਬਚੇ ਹਨ" ॥੧੫॥

ਸੁਨਿ ਕਰਿ ਸਭਿ ਤੇ ਅੰਤਰਜਾਮੀ। ਉਠੇ ਤੁਰਤ ਸੇਵਕ ਅਨੁਗਾਮੀ।
'ਚਲਹੁ ਕੌਨ ਥਲ ਮੈਂ ਮ੍ਰਿਤ ਹੋਏ?'। ਇਮ ਸਤਿਗੁਰ ਗਮਨੇ ਸਭਿ ਜੋਏ ॥੧੬॥

ਅੰਤਰਜਾਮੀ ਗੁਰੂ ਜੀ ਨੇ ਸਾਰਿਆਂ ਪਾਸੋਂ ਸੁਣ ਕੇ ਤੁਰਤ ਉਠੇ ਤੇ ਸੇਵਕ ਨੂੰ ਅੱਗੇ ਲਾ ਲਿਆ, "ਚਲੋ ਕਿਸ ਸਥਾਨ ਤੇ ਮ੍ਰਿਤੂ ਹੋਈ ਹੈ ?" ਇਸ ਤਰ੍ਹਾਂ ਸਤਿਗੁਰੂ ਸਭ ਨੂੰ ਵੇਖ ਕੇ ਚਲੇ ਗਏ॥੧੬॥

ਅੰਤਹ ਪੁਰਿ ਗੁਰ ਕੇ ਸੁਧਿ ਗਈ। ਸੁਨਤਿ ਬਾਤ ਸਗਰੀ ਰੁਦਨਈ।
ਪਰਯੋ ਰੌਰ ਕੀਰਤਪੁਰਿ ਮਾਂਹੀ। ਸੁਨਿ ਸੁਨਿ ਸ਼ੋਕ ਵਧਯੋ ਲਘ ਨਾਂਹੀ ॥ ੧੭ ॥

ਗੁਰੂ ਜੀ ਦੇ ਮਹਿਲਾਂ ਵਿਚ ਜਦ ਖਬਰ ਗਈ, ਇਹ ਗੱਲ ਸੁਣ ਕੇ ਸਾਰੇ ਰੋਣ ਲੱਗ ਗਏ। ਸਾਰੇ ਕੀਰਤਪੁਰ ਵਿਚ ਰੌਲਾ ਪੈ ਗਿਆ, ਸੁਣ-ਸੁਣ ਕੇ ਦੁਖ ਵਧਿਆ ਘਟਿਆ ਨਹੀਂ॥੧੭॥

ਬਿਧੀਚੰਦ ਆਦਿਕ ਨਰ ਬ੍ਰਿੰਦ। ਸੰਗ ਲਏ ਸ੍ਰੀ ਹਰਿਗੋਵਿੰਦ।
ਉਤਲਾਵਤਿ ਪਹੁਚੇ ਤਿਸ ਥਾਨ। ਪਿਖਯੋ ਪੁੱਤ੍ਰ ਪੌਢਯੋ ਬਿਨ ਪ੍ਰਾਨ ॥ ੧੮ ॥

ਬਿਧੀ ਚੰਦ ਆਦਿ ਜਿਹੜੇ ਸਮੂਹ ਮਨੁੱਖ ਸਨ, ਸ੍ਰੀ ਹਰਿਗੋਬਿੰਦ ਜੀ ਨੇ ਆਪਣੇ ਨਾਲ ਲਏ। ਬੜੀ ਛੇਤੀ ਉਸ ਸਥਾਨ ਤੇ ਜਾ ਕੇ ਪਹੁੰਚੇ, ਵੇਖਿਆ ਪੁੱਤਰ ਪ੍ਰਾਣ ਰਹਿਤ ਪਿਆ ਹੈ॥੧੮॥

ਨਰ ਅਪਰਨ ਸਮ ਸ਼ੋਕ ਉਪਾਯੋ। 'ਕਹੁ ਨੰਦਨ ਕਿਮ ਕਹਾਂ ਸਿਧਾਯੋ ?।
ਸੁਭਟ ਸਿਖ ਹੈਂ ਸੰਗ ਜਿਤੇਕ। ਰੋਦਤਿ ਕਰਤਿ ਪੁਕਾਰ ਅਨੇਕ ॥ ੧੯ ॥

ਹੋਰ ਮਨੁੱਖਾਂ ਵਾਂਗ ਦੁੱਖ ਮਨਾਇਆ, "ਕਹੋ ਪੁੱਤਰ ਕਿਥੇ ਚਲੇ ਗਿਆ ਹੈਂ।" ਜਿੰਨੇ ਵੀ ਸੂਰਮੇ ਸਿੱਖ ਨਾਲ ਸਨ, ਅਨੇਕ ਪ੍ਰਕਾਰ ਕਹਿ-ਕਹਿ ਕੇ ਰੋ ਰਹੇ ਸਨ॥੧੯॥

ਤਰੁਨ ਬੈਸ ਮਹਿਂ ਕਾਲ ਨ ਕਾਲ। ਰਾਵਰ ਕਹਾਂ ਗਏ ਕਰਿ ਖਯਾਲ'।
ਸੁਨਿ ਕੀਰਤ ਪੁਰਿ ਕੇ ਨਰ ਨਾਰੀ। ਧਾਇ ਪਹੂੰਚੇ ਕਾਜ ਬਿਸਾਰੀ ॥ ੨੦ ॥

ਜਵਾਨੀ ਦੀ ਉਮਰ ਮੌਤ ਦਾ ਸਮਾ ਨਹੀਂ ਹੈ, ਆਪ ਜੀ ਖਿਆਲ ਕਰਕੇ ਕਿੱਥੇ ਚਲੇ ਗਏ ਹੋ।" ਕੀਰਤਪੁਰ ਦੇ ਸਾਰੇ ਇਸਤਰੀ ਪੁਰਖ ਸੁਣ ਕੇ ਸਾਰੇ ਕੰਮ ਵਿਸਾਰ ਕੇ ਭੱਜ-ਭੱਜ ਕੇ ਪਹੁੰਚੇ॥੨੦॥

ਸਭਿ ਰੋਦਤਿ ਅਰੁ ਬੰਦਨ ਕਰੈਂ। ਗੁਰ ਸਿਮਰਹਿਂ ਸ਼ੋਕ ਸੁ ਚਿਤ ਧਰੈਂ।
ਆਇ ਨਾਨਕੀ ਅਰੁ ਮਰਵਾਹੀ। ਮੁਖ ਕੋ ਦੇਖਿ ਦੇਖਿ ਬਿਲਲਾਹੀਂ॥ ੨੧ ॥

ਸਭ ਰੋਂਦੇ ਸਨ ਤੇ ਬੰਦਨਾ ਕਰਦੇ ਸਨ। ਗੁਰੂ ਜੀ ਯਾਦ ਕਰਕੇ ਦੁੱਖ ਨੂੰ ਚਿੱਤ ਵਿਚ ਧਾਰਨ ਕਰਦੇ ਸਨ। ਮਾਤਾ ਨਾਨਕੀ ਜੀ ਅਤੇ ਮਾਤਾ ਮਰਵਾਹੀ ਜੀ ਵੀ ਆਏ, ਉਹ ਮੁਖ ਨੂੰ ਵੇਖ-ਵੇਖ ਵਿਲਕਦੇ ਸਨ॥੨੧॥

'ਅਹੋ ਪੁੱਤ੍ਰ ਜੋਧਾ! ਸਭਿ ਲਾਇਕ!। ਗੁਰ ਸੁਤ ਜੇਸ਼ਟ ਗਨ ਸੁਖਦਾਇਕ।
ਬਦਨ ਪ੍ਰਸੰਨ ਸਦੀਵ ਬਿਲੋਕੈਂ। ਕਾਰਨ ਕਵਨ ਗਵਨ ਪਰਲੋਕੈਂ?' ॥ ੨੨ ॥

'ਕਹਿੰਦੀਆਂ ਸਨ, "ਹੇ ਯੋਧਾ ਪੁੱਤਰ! ਤੂੰ ਹਰ ਤਰ੍ਹਾਂ ਨਾਲ ਲਾਇਕ ਹੈਂ, ਗੁਰੂ ਜੀ ਦਾ ਜੇਠਾ ਪੁੱਤਰ ਵੱਡਾ ਸੁਖ ਦੇਣ ਵਾਲਾ ਹੈਂ। ਸਦਾ ਹੀ ਚਿਹਰੇ ਨੂੰ ਪ੍ਰਸੰਨ ਵੇਖਦੇ ਸੀ, ਕਿਸ ਕਾਰਨ ਪਰਲੋਕ ਚਲਾ ਗਿਆ ਹੈਂ?" ॥੨੨॥

ਸ੍ਰੀ ਹਰਿ ਰਾਇ ਪਿਤਾ ਕੋ ਦੇਖਿ। ਅਰੁ ਰੋਦਤਿ ਪਰਿਵਾਰ ਵਿਸ਼ੇਖ।
ਅਲਪ ਬੈਸ ਮਹਿਂ ਮੁਖ ਮੁਰਝਾਯੋ। ਕਹੈਂ ਬਦਨ ਕੁਛ ਬਾਕ ਨ ਆਯੋ॥ ੨੩ ॥

ਸ੍ਰੀ ਹਰਿ ਰਾਇ ਜੀ ਆਪਣੇ ਪਿਤਾ ਜੀ ਨੂੰ ਵੇਖ ਕੇ ਅਤੇ ਸਾਰੇ ਪਰਿਵਾਰ ਨੂੰ ਰੋਂਦਾ ਵੇਖ ਕੇ ਛੋਟੀ ਉਮਰ ਹੋਣ ਕਰਕੇ, ਉਨ੍ਹਾਂ ਦਾ ਚਿਹਰਾ ਮੁਰਝਾ ਗਿਆ। ਮੂੰਹ ਵਿਚੋਂ ਕੁਝ ਕਹਿੰਦੇ ਸਨ, ਪਰ ਗੱਲ ਨਹੀਂ ਸੀ ਆਉਂਦੀ॥੨੩॥

ਹਿਤ ਸਸਕਾਰਨ ਸੌਜ ਮੰਗਾਈ। ਚੰਦਨ ਭਾਰ ਲਜਾਇ ਸਮੁਦਾਈ।
ਤਿਲ, ਜਵ, ਘ੍ਰਿਤ ਆਦਿ ਸਭਿ ਆਨੈਂ। ਕਰਤਿ ਕਾਰ ਸਭਿ ਰੋਦਨ ਠਾਨੈਂ॥੨੫ ॥

ਸਸਕਾਰ ਵਾਸਤੇ ਸਮੱਗਰੀ ਮੰਗਵਾਈ, ਚੰਦਨ ਦੀਆਂ ਲਕੜਾਂ ਲਿਆਂਦੀਆਂ ਗਈਆਂ। ਤਿਲ ਜੌਂ ਅਤੇ ਘਿਉ ਆਦਿ ਸਭ ਲਿਆਂਦੇ, ਕੰਮ ਕਰਦੇ ਵੀ ਸਾਰੇ ਰੋਂਦੇ ਸਨ॥੨੫॥

ਛਰੀ ਖਰੀ ਗੁਰ ਖਰੀ ਨਿਹਾਰੀ। 'ਰਹਨਿ ਦੇਹੁ ਇਹ ਤਰੁ ਹੁਇ ਭਾਰੀ'।
ਕਹਿ ਕਰਿ ਚੰਦਨ ਚਿਖ ਬਨਵਾਇ। ਕ੍ਰਿਯਾ ਹੇਤੁ ਥਿਰ ਸ੍ਰੀ ਹਰਿਰਾਇ॥੨੬ ॥

ਜਿਹੜੀ ਸੋਟੀ ਲੈ ਕੇ ਗਏ ਸਨ, ਉਸ ਨੂੰ ਗੁਰੂ ਜੀ ਨੇ ਖੜੀ ਕੀਤੀ ਵੇਖਿਆ। ਕਹਿਣ ਲੱਗੇ, 'ਇਹਨੂੰ ਰਹਿਣ ਦੇਵੋ, ਇਹ ਭਾਰੀ ਦਰੱਖਤ ਹੋਵੇਗਾ।' ਕਹਿ ਕੇ ਚੰਦਨ ਦੀ ਚਿਖਾ ਬਣਵਾਈ, ਕਿਰਿਆ ਵਾਸਤੇ ਸ੍ਰੀ ਹਰਿਰਾਇ ਜੀ ਠਹਿਰੇ॥੨੬॥

ਦੇਖਤਿ ਕਹਿ ਸ਼ਨਾਨ ਕਰਵਾਇਵ। ਨਏ ਬਸਤ੍ਰ ਤਨ ਮਹਿਂ ਪਹਿਰਾਇਵ।
ਬਹੁਰ ਚਿਖਾ ਪਰ ਦੇਹਿ ਧਰਾਈ। ਪਾਵਕ ਸ੍ਰੀ ਹਰਿਰਾਇ ਲਗਾਈ॥ ੨੭ ॥

ਵੇਖਦਿਆਂ ਕਹਿ ਕੇ ਇਸ਼ਨਾਨ ਕਰਵਾਇਆ ਤੇ ਸਰੀਰ ਉਤੇ ਨਵੇਂ ਕਪੜੇ ਪਵਾਏ। ਫਿਰ ਚਿਖਾ ਦੇ ਉਤੇ ਧਰ ਦਿੱਤਾ, ਅੱਗ ਸ੍ਰੀ ਹਰਿ ਰਾਇ ਜੀ ਨੇ ਲਾਈ॥੨੭॥

ਬਿਧਿ ਸਮੇਤ ਸਸਕਾਰਨ ਕੀਨੇ। ਸਭਿਨਿ ਬਿਲੋਚਨ ਜਲ ਭਰਿ ਲੀਨੇ।
ਕਹਿ ਕਰਿ ਬਹੁ ਕਰਾਹ ਕਰਿਵਾਯੋ। ਨਰ ਕੋ ਗਨ ਉਠਾਇ ਕਰਿ ਲਜਾਯੋ॥੨੮ ॥

ਵਿਧੀਆਂ ਸਮੇਤ ਸਸਕਾਰ ਕੀਤਾ, ਸਾਰਿਆਂ ਨੇ ਅੱਖਾਂ ਵਿਚ ਜਲ ਭਰ ਲਿਆ। ਕਹਿ ਕੇ ਬਹੁਤ ਕੜਾਹ ਪ੍ਰਸਾਦਿ ਤਿਆਰ ਕਰਵਾਇਆ, ਬਹੁਤ ਮਨੁੱਖ ਕੜਾਹ ਪ੍ਰਸਾਦਿ ਚੁੱਕ ਕੇ ਲਿਆਏ॥੨੮॥

ਸਭਿਨਿ ਬਾਪਕਾ ਕੀਨਿ ਸ਼ਨਾਨ। ਪੁਨ ਬੈਠੇ ਗੁਰ ਲਗਯੋ ਦਿਵਾਨ।
ਪੰਚਾਂਮ੍ਰਿਤ ਸੁ ਦਯੋ ਬਰਤਾਇ। ਸਭਿ ਸੁਨਾਇ ਸ੍ਰੀ ਬਦਨ ਅਲਾਇ॥ ੨੯ ॥

ਸਾਰਿਆਂ ਨੇ ਬਾਉਲੀ ਵਿਚ ਇਸ਼ਨਾਨ ਕੀਤਾ, ਫਿਰ ਗੁਰੂ ਜੀ ਨੇ ਬੈਠ ਕੇ ਦੀਵਾਨ ਲਾਇਆ। ਕੜਾਹ ਪ੍ਰਸ਼ਾਦਿ ਵਰਤਾ ਦਿੱਤਾ, ਸਾਰਿਆ ਨੂੰ ਸੁਣਾ ਕੇ ਗੁਰੂ ਜੀ ਨੇ ਆਪਣੇ ਮੁੱਖ ਤੋਂ ਕਿਹਾ॥੨੯॥

'ਧਰਹਿ ਕਾਮਨਾ ਜੋ ਸਿਖ ਆਵੈ। ਕਰਹਿ ਤਿਹਾਵਲ ਇਤ ਅਰਪਾਵੈ।
ਸ਼ਰਧਾ ਸਹਿਤ ਦਰਸ ਕੋ ਪਾਇ। ਮਨ ਬਾਂਛਤਿ ਪੂਰਵਹਿ ਸਮੁਦਾਇ॥ ੩੦॥

'ਕਾਮਨਾ ਧਾਰ ਕੇ ਜਿਹੜਾ ਸਿੱਖ ਏਥੇ ਆਏ, ਕੜਾਹ ਪ੍ਰਸ਼ਾਦਿ ਕਰਵਾ ਕੇ ਏਥੇ ਅਰਪਣ ਕਰੇ, ਸ਼ਰਧਾ ਸਹਿਤ ਉਸਨੂੰ ਦਰਸ਼ਨ ਹੋਣਗੇ ਤੇ ਸਾਰੀਆ ਮੂੰਹ ਮੰਗੀਆਂ ਮੁਰਾਦਾਂ ਪੂਰੀਆਂ ਹੋਣਗੀਆਂ॥੩੦॥

ਨੀਮ ਤਰੋਵਰ ਹੋਇ ਬਿਲੰਦ। ਸ੍ਰੀ ਗੁਰਦਿੱਤੇ ਦਰਸ ਮਨਿੰਦ।
ਕਰਹਿ ਬੰਦਨਾ ਦੇਖਹਿ ਨੈਨ। ਸਕਲ ਕਾਮਨਾ ਪ੍ਰਾਪਤਿ ਐਨ॥ ੩੧॥

ਇਹ ਨਿੰਮ ਦਾ ਦਰੱਖਤ ਬਹੁਤ ਵੱਡਾ ਹੋਵੇਗਾ, ਇਹ ਸ੍ਰੀ ਗੁਰਦਿੱਤੇ ਦੇ ਦਰਸ਼ਨਾਂ ਬਰਾਬਰ ਹੋਵੇਗਾ। ਅੱਖਾਂ ਨਾਲ ਵੇਖ ਕੇ ਜਿਹੜਾ ਬੰਦਨਾ ਕਰੇ, ਉਸ ਦੇ ਘਰ ਸਾਰੀਆਂ ਕਾਮਨਾਵਾਂ ਆ ਜਾਣਗੀਆਂ॥੩੧॥

ਨਿਤਪ੍ਰਤਿ ਇਹਾਂ ਤਿਹਾਵਲ ਆਇ। ਤ੍ਰਿਪਤਹਿਂ ਸਿਖ ਸੰਗਤਿ ਸਭਿ ਖਾਇ।
ਦੇਸ਼ ਬਿਦੇਸ਼ੀ ਜੋ ਚਲਿ ਆਵੈ। ਇਸ ਥਲ ਤੇ ਸੁ ਤਿਹਾਵਲ ਖਾਵੈ॥ ੩੨॥

ਨਿਤਾਪ੍ਰਤੀ ਏਥੇ ਕੜਾਹ ਪ੍ਰਸ਼ਾਦਿ ਆਵੇਗਾ, ਸਭ ਸਿੱਖ ਸੰਗਤ ਖਾ ਕੇ ਤ੍ਰਿਪਤ ਹੋਵੇਗੀ। ਦੇਸ਼ਾਂ ਵਿਦੇਸ਼ਾਂ ਤੋਂ ਜਿਹੜੇ ਚਲ ਕੇ ਆਉਣਗੇ, ਇਸ ਥਾਂ ਤੇ ਆ ਕੇ ਉਹ ਕੜਾਹ ਪ੍ਰਸ਼ਾਦਿ ਖਾਣਗੇ॥੩੨॥

ਪੁੰਨ ਸਥਾਨ ਮਹਾਨ ਬਨੈ ਹੈ। ਦਰਸ਼ਨ ਤੇ ਕਲਮਲ ਬਿਨਸੈ ਹੈਂ।
ਸੇਵੇ ਉਰ ਨਿਰਮਲ ਬਨ ਜਾਇ। ਭਗਤਿ ਗਜਾਨ ਗੁਰ ਸਿੱਖੀ ਪਾਇ॥ ੩੩॥

ਫਿਰ ਇਹ ਮਹਾਨ ਸਥਾਨ ਬਣੇਗਾ, ਦਰਸ਼ਨਾਂ ਨਾਲ ਸਾਰੇ ਪਾਪ ਦੂਰ ਹੋਣਗੇ। ਸੇਵਾ ਕਰਨ ਨਾਲ ਹਿਰਦਾ ਨਿਰਮਲ ਹੋ ਜਾਵੇਗਾ, ਭਗਤੀ, ਗਿਆਨ ਤੇ ਗੁਰਸਿੱਖੀ ਪਾਵੇਗਾ॥੩੩॥

ਬਰਖਾ ਮਹਾਂ ਅੰਧੇਰੀ ਜੋਇ। ਤਊ ਤਿਹਾਵਲ ਇਸ ਥਲ ਹੋਇ'।
ਇੱਤਜਾਦਿਕ ਮਹਿਮਾ ਕਹਿ ਥਾਨ। ਉਠਤਿ ਭਏ ਸ੍ਰੀ ਗੁਰ ਭਗਵਾਨ॥ ੩੪॥

ਬੇਸ਼ਕ ਵਰਖਾ ਜਾਂ ਹਨੇਰੀ ਹੋਵੇ, ਫਿਰ ਵੀ ਇਸ ਥਾਂ ਕੜਾਹ ਪ੍ਰਸ਼ਾਦਿ ਹੋਵੇਗਾ' ਇੱਤਆਦਿ ਉਸ ਥਾਂ ਦੀ ਮਹਿਮਾ ਕਹੀ, ਫਿਰ ਗੁਰੂ ਭਗਵਾਨ ਜੀ ਉਠ ਪਏ॥੩੪॥

ਅਸ਼ਟ ਘਾਟ ਸੱਤਰਾ ਸੈ ਸੰਮਤ। ਅੱਸੂ ਮਾਸ ਸੁਦੀ ਦਸਮੀ ਥਿਤ।
ਕਰਿ ਸਭਿ ਕ੍ਰਿਯਾ ਗੁਰੂ ਚਲਿ ਆਏ। ਸ੍ਰੀ ਗੁਰਦਿੱਤਾ ਜੋਤਿ ਸਮਾਏ॥ ੩੫॥

ਸੰਮਤ ੧੬੯੨ ਨੂੰ ਅੱਸੂ ਸੁਦੀ ਦਸਵੀਂ ਨੂੰ ਗੁਰੂ ਜੀ ਸਭ ਪ੍ਰਕਾਰ ਦੀ ਕਿਰਿਆ ਕਰਕੇ ਆ ਗਏ। ਸ੍ਰੀ ਗੁਰਦਿੱਤਾ ਜੀ ਜੋਤੀ ਜੋਤ ਸਮਾ ਗਏ॥੩੫॥

ਗੁਰ ਕੀ ਗਤਿ ਕਿਛੁ ਜਾਇ ਨ ਜਾਨੀ। ਬਿਸਮਤ ਮਤਿ ਸਭਿ ਤੂਸ਼ਨਿ ਠਾਨੀ।
ਪੀਛੇ ਆਇ ਚਲੀ ਗਨ ਨਾਰੀ। ਆਦਿ ਨਾਨਕੀ ਪੁਰਿ ਜੁ ਮਝਾਰੀ॥ ੩੬॥

ਗੁਰੂ ਜੀ ਦੀ ਗਤੀ ਕੁਝ ਜਾਣੀ ਨਹੀਂ ਜਾਂਦੀ ਹੈ, ਸਾਰਿਆਂ ਦੀਆਂ ਬੁਧੀਆਂ ਹੈਰਾਨ ਸਨ ਤੇ ਸਾਰਿਆਂ ਨੇ ਚੁੱਪ ਧਾਰਨ ਕੀਤੀ ਸੀ। ਪਿੱਛੇ ਬਹੁਤ ਇਸਤਰੀਆਂ ਚਲ ਕੇ ਆਈਆਂ। ਮਾਤਾ ਨਾਨਕੀ ਜੀ ਆਦਿ ਜਿਹੜੀਆ ਹੋਰ ਨਗਰ ਵਿਚ ਰਹਿੰਦੀਆਂ ਸਨ॥੩੬॥

ਅਧਿਕ ਬ੍ਰਿਲਾਪ ਕਰਤਿ ਸੋ ਆਵੈਂ। ਸਿਮਰਿ ਸਿਮਰਿ ਗੁਨ ਕੂਕ ਸੁਨਾਵੈਂ।
ਹੋਤਿ ਸ਼ਬਦ ਬਡ ਕਰਤਿ ਪੁਕਾਰਾ। 'ਤਰੁਨ ਬੈਸ ਪਰਲੋਕ ਸਿਧਾਰਾ'॥ ੩੭॥

ਉਹ ਬਹੁਤ ਵਿਰਲਾਪ ਕਰਦੀਆਂ ਆਉਂਦੀਆਂ ਸਨ, ਯਾਦ ਕਰ-ਕਰ ਕੇ ਚੀਕਾਂ ਮਾਰਦੀਆਂ ਸਨ। ਜਿਸ ਸ਼ਬਦ ਦੀ ਸਭ ਤੋਂ ਵੱਧ ਪੁਕਾਰ ਹੋ ਰਹੀ ਸੀ ਉਹ ਸੀ, "ਜਵਾਨ ਉਮਰ ਵਿਚ ਹੀ ਪਰਲੋਕ ਚਲੇ ਗਏ"॥੩੭॥

ਧੀਰਮੱਲ ਨਿਜ ਮਾਤ ਸਮੇਤ। ਅੰਤ ਦਰਸ ਨਹਿਂ ਆਇ ਨਿਕੇਤ।
ਬਿਛੁਰੇ ਰਹੈਂ ਸੁ ਜਾਨੀ ਪਰੈ। ਨਹੀਂ ਮੇਲ ਹਮ ਸੋਂ ਕਬਿ ਧਰੈ'॥ ੩੮॥

ਧੀਰਮੱਲ ਜਿਹੜਾ ਆਪਣੀ ਮਾਤਾ ਸਮੇਤ ਰਹਿੰਦਾ ਹੈ ਉਹ ਅੰਤ ਸਮੇਂ ਦੇ ਦਰਸ਼ਨ ਕਰਨ ਨਹੀਂ ਆਇਆ ਹੈ, ਵਿਛੜੇ ਹੀ ਰਹਿਣਗੇ, ਇਹ ਜਾਣ ਪੈਂਦਾ ਹੈ" ਉਹ ਸਾਡੇ ਨਾਲ ਕਦੇ ਵੀ ਮੇਲ ਨਹੀਂ ਕਰੇਗਾ॥੩੮॥

ਇੱਤਯਾਦਿਕ ਬੋਲਤਿ ਚਲਿ ਆਈ। ਵਧਯੋ ਸ਼ੋਕ ਸਭਿ ਕੇ ਸਮੁਦਾਈ।
'ਗੁਰਸੁਤ ਲਾਇਕ ਮਰਯੋ ਅਚਾਨਕ। ਕਹਾਂ ਭਯੋ, ਜਾਨੈਂ ਸ੍ਰੀ ਨਾਨਕ'॥ ੩੯॥

ਇਤਿਆਦਿ ਬੋਲਦੀਆਂ ਸੰਗਤਾਂ ਚਲੀਆਂ ਆਉਂਦੀਆਂ ਸਨ, ਸਾਰਿਆਂ ਨੂੰ ਹੀ ਬੜਾ ਦੁੱਖ ਸੀ। 'ਗੁਰੂ ਜੀ ਦਾ ਬੜਾ ਲਾਇਕ ਪੁੱਤਰ ਸੀ, ਅਚਾਨਕ ਮਰ ਗਿਆ ਹੈ, ਕੀ ਹੋਇਆ, ਸ੍ਰੀ ਗੁਰੂ ਨਾਨਕ ਜੀ ਜਾਣਦੇ ਹਨ॥੩੯॥

ਸਦਨ ਪ੍ਰਵੇਸ਼ੇ ਸਗਰੇ ਆਇ। ਆਦਿ ਨਾਨਕੀ ਮਨ ਦੁਖ ਪਾਇ।
ਤ੍ਰਿਯ ਤੇ ਪੂਰਨ ਭੇ ਘਰ ਸਾਰੇ। 'ਗੁਜ਼ਰਯੋ ਅਚਰਜ' ਰੁਦਤਿ ਪੁਕਾਰੇ॥ ੪੦॥

ਸਾਰੀਆਂ ਆ ਕੇ ਘਰ ਦੇ ਅੰਦਰ ਦਾਖਲ ਹੋ ਗਈਆਂ, ਮਾਤਾ ਨਾਨਕੀ ਆਦਿ ਮਨ ਵਿਚ ਦੁੱਖ ਪਾਉਂਦੀਆਂ ਸਨ। ਇਸਤਰੀਆਂ ਨਾਲ ਸਾਰਾ ਘਰ ਭਰਿਆ ਸੀ। "ਅਸਚਰਜ ਗੁਜ਼ਰਿਆ ਹੈ" ਸਾਰੀਆਂ ਰੋ-ਰੋ ਕੇ ਪੁਕਾਰ ਕਰ ਰਹੀਆਂ ਸਨ॥੪੦॥

*ਅਠਵੀਂ ਰਾਸ ਦਾ ਅਠੱਤੀਵਾਂ ਅਧਿਆਇ ਸਮਾਪਤ ਹੋਇਆ॥੩੮॥*

## ਅਧਿਆਇ ਉਣਤਾਲੀਵਾਂ

*ਧੀਰ ਮੱਲ ਕਠੋਰਤਾ*

ਦੋਹਰਾ- ਕੀਰਤ ਪੁਰਿ ਕੀ ਨਾਰਿ ਸਭਿ ਮਿਲੀ ਆਨਿ ਸਮੁਦਾਇ।
ਮਿਲਿ ਮਿਲਿ ਰੋਦਤਿ ਸ਼ਬਦ ਕੋ ਊਚੇ ਰੋਰ ਉਠਾਇ॥ ੧॥

ਕੀਰਤਪੁਰ ਦੀਆਂ ਸਾਰੀਆਂ ਇਸਤਰੀਆਂ ਇਕੱਠੀਆਂ ਹੋ ਕੇ ਮਿਲੀਆਂ ਤੇ ਮਿਲ-ਮਿਲ ਕੇ ਬੜੀ ਉੱਚੀ ਸ਼ਬਦ ਚੁੱਕ ਕੇ ਰੋਲਾ ਮਚਾ ਦਿੱਤਾ॥੧॥

ਚੌਪਈ- ਪੁਰਿਜਨ ਸਗਰੇ ਗੁਰ ਢਿਗ ਆਏ। ਬੈਠੇ ਸਭਾ ਬਿਲੰਦ ਲਗਾਏ।
'ਅਚਰਜ ਭਯੋ ਅਚਾਨਕ ਏਹ। ਨਹਿਂ ਜਾਨੀ ਇਮ ਤਨ ਤਜਿ ਦੇਹਿਂ॥੨॥

ਨਗਰ ਦੇ ਸਾਰੇ ਲੋਕ ਗੁਰੂ ਜੀ ਪਾਸ ਆਏ, ਤੇ ਵੱਡੀ ਸਭਾ ਲਾ ਕੇ ਬੈਠ ਗਏ। ਕਹਿੰਦੇ ਸਨ, "ਇਹ ਅਚਾਨਕ ਅਸਚਰਜ ਹੋਇਆ ਹੈ ਇਸ ਤਰ੍ਹਾਂ ਸਰੀਰ ਛੱਡਣਾ ਕਦੀ ਨਹੀਂ ਜਾਣਿਆ ਹੈ"॥੨॥

ਤਰੁਨ ਬੈਸ ਬਹੁ ਮ੍ਰਿਦੁਲ ਸੁਭਾਊ। ਸੁਖਦ ਸਭਿਨਿ ਦੁਖਦਾਯ ਨ ਕਾਊ।
ਸਾਦਰ ਪੁਰਿ ਮਹਿਂ ਲੋਕ ਬਸਾਏ। ਬੂਝਤਿ ਕੁਸ਼ਲ ਸਦਾ ਅਪਨਾਏ॥ ੩॥

ਜੁਆਨ ਉਮਰ ਸੀ ਤੇ ਬੜਾ ਮਿੱਠਾ ਸੁਭਾਅ ਸੀ, ਸਭ ਨੂੰ ਸੁੱਖ ਦਿੰਦੇ ਸਨ, ਕਿਸੇ ਨੂੰ ਦੁਖੀ ਨਹੀਂ ਕਰਦੇ ਸਨ। ਬੜੇ ਆਦਰ ਨਾਲ ਨਗਰ ਵਿਚ ਲੋਕਾਂ ਨੂੰ ਵਸਾਇਆ, ਸਦਾ ਅਪਨਾ ਕੇ ਹਰ ਇਕ ਦੀ ਸੁਖ ਸਾਂਦ ਪੁੱਛਦੇ ਸਨ॥੩॥

ਉਰ ਉਦਾਰ ਜਾਚਹਿ ਜਿਮ ਕੋਈ। ਹਟਿ ਕਰਿ ਛੂਛ ਨ ਗਮਨਤੇ ਸੋਈ॥
ਨਹਿਂ ਬਿਕਾਰ ਮਨ, ਸ਼ਾਂਤਿ ਸਰੂਪ। ਮਹਾਂ ਸੁਸ਼ੀਲ ਪ੍ਰਸੰਨ ਅਨੂਪ॥ ੪॥

ਹਿਰਦਾ ਬੜਾ ਖੁਲ੍ਹਾ ਸੀ, ਜਿਵੇਂ ਵੀ ਕੋਈ ਮੰਗਦਾ ਸੀ, ਕੋਈ ਵੀ ਖਾਲੀ ਵਾਪਸ ਨਹੀਂ ਸੀ ਜਾਂਦਾ। ਮਨ ਵਿਚ ਕੋਈ ਵਿਕਾਰ ਨਹੀਂ ਸੀ ਸ਼ਾਂਤ ਸਰੂਪ ਸੀ, ਮਹਾਂ ਸੁਸ਼ੀਲ ਤੇ ਅਨੂਪਮ ਪ੍ਰਸੰਨ ਰਹਿੰਦੇ ਸਨ॥੪॥

ਸ੍ਰੀ ਕਰਤਾਰਪੁਰੇ ਰਣ ਠਾਨਤਿ। ਅੱਗ੍ਰ ਸਭਿਨਿ ਤੇ ਹੁਇ ਰਿਪੁ ਹਾਨਤਿ।
ਜੋਧਾ ਅਧਿਕ ਬਾਨ ਬਡ ਮਾਰੇ। ਅਰੇ ਅਗਾਰੀ ਸੋ ਨਰ ਹਾਰੇ॥ ੫॥

ਸ੍ਰੀ ਕਰਤਾਰਪੁਰ ਵਿਚ ਜੰਗ ਕੀਤੀ, ਸਾਰਿਆਂ ਦੇ ਅੱਗੇ ਹੋ ਕੇ ਵੈਰੀ ਨੂੰ ਮਾਰਦੇ ਸਨ। ਵੱਡਾ ਯੋਧਾ ਸੀ ਤੇ ਵੱਡੇ ਬਾਣ ਮਾਰਦਾ ਸੀ ਜਿਹੜਾ ਵੀ ਉਸ ਅੱਗੇ ਅੜਦਾ ਸੀ, ਉਹ ਹਾਰ ਜਾਂਦਾ ਸੀ॥੫॥

ਇੱਤਯਾਦਿਕ ਗੁਨ ਭਨਹਿਂ ਸੁਨਾਵਹਿਂ। ਸ੍ਰੀ ਸਤਿਗੁਰ ਦੇ ਧੀਰ ਬਤਾਵਹਿਂ।
'ਹੁਕਮ ਸੱਤਿ ਪਰਮੇਸ਼ਰ ਕੇਰਾ। ਕੌਨ ਸਮ੍ਰੱਥ ਦੇਇ ਤਿਸ ਫੇਰਾ॥ ੬॥

ਇੱਤਆਦਿ ਗੁਣ ਕਹਿੰਦੇ ਅਤੇ ਸੁਣਾਉਂਦੇ ਸਨ, ਸ੍ਰੀ ਸਤਿਗੁਰੂ ਜੀ ਧੀਰਜ ਦੇ ਕੇ ਦੱਸਦੇ ਸਨ, "ਸੱਚੇ ਪਰਮੇਸ਼ਰ ਦਾ ਹੁਕਮ ਸੀ, ਕੌਣ ਸਮਰੱਥ ਹੈ, ਜਿਹੜਾ ਉਸ ਦੇ ਹੁਕਮ ਨੂੰ ਮੋੜ ਦੇਵੇ॥੬॥

ਸਭਿਹਿਨਿ ਕੇ ਸਿਰ ਭਾਵੀ ਬਲੀ। ਸਿਰ ਧਾਰਤਿ ਨਿਤ ਬੁਰੀ ਕਿ ਭਲੀ।
ਭਾਣਾ ਮਾਨਹਿਂ ਹਰਖਤਿ ਰਹੈਂ। ਨਹੀਂ ਤਰਕ ਪ੍ਰਭੁ ਕੀ ਦਿਸ਼ਿ ਕਹੈਂ॥ ੭॥

ਸਾਰਿਆਂ ਦੇ ਸਿਰ ਤੇ ਭਾਵੀ ਬਲੀ ਹੈ, ਸਦਾ ਸਿਰ ਤੇ ਧਾਰਨ ਕਰਦੇ ਹਾਂ ਭਾਵੇਂ ਬੁਰੀ ਹੋਵੇ ਭਾਵੇਂ ਚੰਗੀ। ਭਾਣਾ ਮੰਨ ਕੇ ਪ੍ਰਸੰਨ ਰਹਿੰਦੇ ਹਾਂ, ਕਦੀ ਵੀ ਪ੍ਰਭੂ ਵਾਲੇ ਪਾਸੇ ਤਰਕ ਨਹੀਂ ਕਹਿੰਦੇ ਹਾਂ॥੭॥

ਇਹੁ ਸੰਤਨ ਕੇ ਮਤਿ ਬੀਚਾਰ। ਗ੍ਰਹਣ ਕਰਜੋ ਨੀਕੇ ਨਿਰਧਾਰ।
ਇੱਤਯਾਦਿਕ ਕਹਿ ਬਾਕ ਗੁਸਾਂਈ। ਸਭਿ ਕੋ ਧੀਰ ਦੀਨਿ ਹਿਤਵਾਈ॥ ੮॥

ਇਹ ਸੰਤਾਂ ਦਾ ਮੱਤ ਤੇ ਵਿਚਾਰ ਹੈ, ਚੰਗਾ ਸਮਝ ਕੇ ਗ੍ਰਹਿਣ ਕੀਤਾ ਹੈ" ਇੱਤਆਦਿ ਬਚਨ ਗੁਰੂ ਜੀ ਨੇ ਕਹੇ, ਸਾਰਿਆਂ ਨੂੰ ਪ੍ਰੇਮ ਕਰਕੇ ਧੀਰਜ ਦਿੱਤਾ॥੮॥

ਪੁਨ ਅੰਤਹਿਪੁਰ ਦਾਸ ਪਠਾਏ। ਊਚੇ ਰੋਦਤਿ ਸਕਲ ਹਟਾਏ।
'ਮਾਨਹੁ ਹਿਤ ਕਰਿ ਪ੍ਰਭੁ ਕਾ ਭਾਣਾ। ਜਿਸ ਅਧੀਨ ਸਭਿ ਆਵਣ ਜਾਣਾ'॥੯॥

ਫਿਰ ਘਰ ਆਪਣੇ ਸੇਵਕਾਂ ਨੂੰ ਭੇਜਿਆ, ਜਿਹੜੇ ਉੱਚੀ ਰੋਂਦੇ ਸੀ ਸਭ ਨੂੰ ਹਟਾਇਆ। "ਪ੍ਰੇਮ ਕਰਕੇ ਪ੍ਰਭੂ ਦਾ ਭਾਣਾ ਮੰਨੋ ਜਿਸ ਅਧੀਨ ਹੀ ਸਭ ਦਾ ਆਉਣਾ ਜਾਣਾ ਹੈ"॥੯॥

ਪੁਨ ਸਗਰੇ ਸਨਬੰਧਨ ਪਾਸ। ਸੁਧ ਭੇਜੀ ਤੂਰਨ ਗਨ ਦਾਸ।
ਧੀਰਮੱਲ ਢਿਗ ਪ੍ਰਥਮ ਪਠਾਯੋ। ਬ੍ਰਿਧ ਸਾਹਿਬ ਕੇ ਸਦਨ ਪੁਚਾਯੋ॥ ੧੦॥

ਫਿਰ ਸਾਰਿਆਂ ਸੰਬੰਧੀਆਂ ਪਾਸ ਖਬਰ ਭੇਜੀ, ਤੁਰਤ ਸੇਵਕ ਚਲੇ ਗਏ। ਧੀਰਮਲ ਪਾਸ ਸਭ ਤੋਂ ਪਹਿਲਾਂ ਭੇਜਿਆ ਤੇ ਬਾਬਾ ਬੁੱਢਾ ਜੀ ਦੇ ਘਰ ਸੁਨੇਹਾ ਪਹੁੰਚਾਇਆ॥੧੦॥

ਰਾਇ ਜੋਧ ਰੂਪੇ ਢਿਗ ਗਯੋ। ਆਦਿ ਵਟਾਲੇ ਕਹਿ ਕਰਿ ਦਯੋ।
ਸ੍ਰੀ ਕਰਤਾਰ ਪੁਰੇ ਮਹਿਂ ਜਾਇ। ਧੀਰਮੱਲ ਕੋ ਕਹੀ ਸੁਨਾਇ॥ ੧੧॥

ਰਾਇ ਜੋਧ ਤੇ ਰੂਪੇ ਪਾਸ ਸੇਵਕ ਗਏ, ਵਟਾਲੇ ਆਦਿ ਕਹਿ ਕੇ ਸੁਨੇਹਾ ਭੇਜ ਦਿੱਤਾ। ਸ੍ਰੀ ਕਰਤਾਰਪੁਰ ਵਿਚ ਜਾ ਕੇ, ਧੀਰਮਲ ਨੂੰ ਜਾ ਕੇ ਕਿਹਾ॥੧੧॥

'ਸ੍ਰੀ ਗੁਰਦਿੱਤਾ ਜੋਤਿ ਸਮਾਯੋ। ਸਤਿਗੁਰ ਤੁਮ ਕੋ ਬੋਲਿ ਪਠਾਯੋ।
ਜੇਸ਼ਟ ਪੁੱਤ੍ਰ ਚਲਹੁ ਤਤਕਾਲ। ਤੁਮ ਕੋ ਉਚਿਤ ਕ੍ਰਿਯਾ ਸੁਭ ਢਾਲ॥ ੧੨॥

ਸੇਵਕ ਨੇ ਜਾ ਕੇ ਕਿਹਾ, "ਸ੍ਰੀ ਗੁਰਦਿੱਤਾ ਜੀ ਜੋਤੀ ਜੋਤ ਸਮਾ ਗਏ ਹਨ, ਸਤਿਗੁਰੂ ਜੀ ਨੇ ਤੁਹਾਨੂੰ ਬੁਲਾਇਆ ਹੈ, ਤੁਸੀਂ ਜੇਠੇ ਪੁੱਤਰ ਹੋ ਤੁਰਤ ਚਲੋ, ਤੁਹਾਨੂੰ ਹੀ ਸਭ ਪ੍ਰਕਾਰ ਦੀ ਕ੍ਰਿਆ ਕਰਨੀ ਬਣਦੀ ਹੈ॥੧੨॥

ਲੇ ਕਰਿ ਚਲਹੁ ਗ੍ਰਿੰਥ ਨਿਜ ਸਾਥ। ਪਾਠ ਕਰਾਵਨ ਚਾਹਤਿ ਨਾਥ।
ਬਿਲਮ ਨ ਧਰਹੁ ਗੁਰੂ ਫੁਰਮਾਯੋ'। ਇਮ ਸੇਵਕ ਸਭਿ ਹੁਕਮ ਸੁਨਾਯੋ॥ ੧੩॥

ਸ੍ਰੀ ਗ੍ਰੰਥ ਸਾਹਿਬ ਨੂੰ ਆਪਣੇ ਨਾਲ ਲੈ ਕੇ ਚਲੋ, ਗੁਰੂ ਜੀ ਪਾਠ ਕਰਵਾਉਣਾ ਚਾਹੁੰਦੇ ਹਨ। ਗੁਰੂ ਜੀ ਨੇ ਫੁਰਮਾਇਆ ਹੈ ਦੇਰ ਨਾ ਕਰੋ।" ਇਸ ਤਰ੍ਹਾਂ ਸੇਵਕ ਨੇ ਸਾਰਾ ਹੁਕਮ ਸੁਣਾਇਆ॥੧੩॥

ਧੀਰਮੱਲ ਤਬਿ ਰਿਦੈ ਬਿਚਾਰੀ। ਪਿਤ ਪਹੁਚਯੋ ਪਰਲੋਕ ਮਝਾਰੀ।
'ਕੋ ਕਾਰਨ ਭਾ?' ਬੂਝਯੋ ਦਾਸ। 'ਸੰਕਟ ਕੌਨ ਭਯੋ ਤਨ ਤਾਸ॥ ੧੪॥

ਧੀਰਮਲ ਫਿਰ ਹਿਰਦੇ ਵਿਚ ਵਿਚਾਰ ਕੀਤੀ, "ਪਿਤਾ ਜੀ ਤਾਂ ਪਰਲੋਕ ਵਿਚ ਪਹੁੰਚ ਗਏ ਹਨ। ਕੀ ਕਾਰਨ ਹੋਇਆ?" ਉਸ ਦਾਸ ਨੂੰ ਪੁੱਛਿਆ, ਉਨ੍ਹਾਂ ਦੇ ਸਰੀਰ ਨੂੰ ਕੀ ਸੰਕਟ ਵਾਪਰਿਆ ਹੈ॥੧੪॥

ਕਹਾਂ ਅਚਾਨਕ ਤਜਯੋ ਸਰੀਰ?। ਭਈ ਕੌਨ ਐਸੀ ਤਨ ਪੀਰ'।
ਤਬਿ ਪ੍ਰਸੰਗ ਸਭਿ ਦਾਸ ਸੁਨਾਯੋ। 'ਧੇਨੁ ਜਿਵਾਇ ਸਦਨ ਕੋ ਆਯੋ॥ ੧੫॥

ਅਚਾਨਕ ਸਰੀਰ ਕਿਉਂ ਛੱਡ ਦਿੱਤਾ ਹੈ? ਸਰੀਰ ਵਿਚ ਐਸੀ ਕਿਹੜੀ ਪੀੜ ਹੋਈ ਹੈ।" ਤਦ ਦਾਸ ਨੇ ਸਾਰਾ ਪ੍ਰਸੰਗ ਸੁਣਾਇਆ, "ਇਕ ਗਾਂ ਨੂੰ ਜੀਵਤ ਕਰਕੇ ਘਰ ਨੂੰ ਆਏ ਸਨ॥੧੫॥

ਸੁਨੇ ਭਨੇ ਕੁਛ ਗੁਰ ਸੋਂ ਬੈਨ। ਤਤਛਿਨ ਗਮਨਯੋ ਤਜਿ ਕਰਿ ਐਨ।
ਅਲਪ ਸੈਲ ਪਰ ਚਢਿ ਕਰਿ ਥਿਰੇ। ਆਸਤਰਨ ਕੁਸ਼ ਕੇ ਪਰ ਪਰੇ॥ ੧੬॥

ਗੁਰੂ ਜੀ ਨਾਲ ਕੋਈ ਗੱਲਬਾਤ ਹੋਈ ਹੈ ਤੇ ਘਰ ਛੱਡ ਕੇ ਚਲੇ ਗਏ ਹਨ। ਇਕ ਛੋਟੀ ਪਹਾੜੀ ਤੇ ਚੜ੍ਹ ਕੇ ਬੈਠ ਗਏ ਤੇ ਦਭ ਦਾ ਆਸਣ ਵਿਛਾ ਕੇ ਲੰਮੇ ਪੈ ਗਏ॥੧੬॥

ਤਨ ਕੋ ਤਯਾਗਿ ਗਏ ਪਰਲੋਕ। ਸੁਨਤਿ ਸਭਿਨਿ ਕੇ ਉਪਜਯੋ ਸ਼ੋਕ'।
ਧੀਰਮਲ ਤਬਿ ਸੁਨਤਿ ਬਖਾਨੀ। 'ਗੁਰ ਕੀ ਗਤਿ ਮੈਂ ਪੂਰਬ ਜਾਨੀ॥ ੧੭॥

ਤੇ ਸਰੀਰ ਛੱਡ ਕੇ ਪਰਲੋਕ ਚਲੇ ਗਏ ਹਨ। ਇਹ ਸੁਣ ਕੇ ਸਭ ਨੂੰ ਬਹੁਤ ਦੁੱਖ ਹੋਇਆ ਹੈ।" ਇਹ ਸੁਣ ਕੇ ਫਿਰ ਧੀਰਮਲ ਨੇ ਕਿਹਾ, 'ਗੁਰੂ ਜੀ ਦੀ ਗਤੀ ਮੈਂ ਪਹਿਲਾਂ ਹੀ ਜਾਣ ਲਈ ਸੀ॥੧੭॥

ਸੁਤ ਪੌਤ੍ਰਨਿ ਕੋ ਮੋਹ ਨ ਲੇਸ਼। ਜਜੋਂ ਮਨ ਭਾਵਤਿ ਕਰਤਿ ਅਸ਼ੇਸ਼।
ਅਟਲਰਾਇ ਕੋ ਤਿਮ ਤਨ ਤਜਾਗਾ। ਨਹਿੰ ਅਨੁਰਾਗ ਬਿਲੰਬ ਨ ਲਾਗਾ॥੧੮॥ .

ਪੁੱਤਰ ਪੋਤਰਿਆਂ ਵਾਸਤੇ ਰਤੀ ਭਰ ਵੀ ਮੋਹ ਨਹੀਂ ਹੈ, ਜਿਵੇਂ ਮਨ ਨੂੰ ਭਾਉਂਦਾ ਹੈ, ਉਸ ਤਰ੍ਹਾਂ ਹੀ ਕਰਦੇ ਹਨ। ਅਟਲ ਰਾਇ ਨੇ ਵੀ ਇਸ ਤਰ੍ਹਾਂ ਸਰੀਰ ਛੱਡਿਆ, ਕੋਈ ਪ੍ਰੇਮ ਨਹੀਂ, ਕੁਝ ਦੇਰ ਨਾ ਲੱਗੀ॥੧੮॥

ਮੋ ਸੋਂ ਰਹੈਂ ਸਦਾ ਰੁਖ ਫੇਰੇ। ਨਿਜ ਬੁਧਿ ਬਲ ਤੇ ਭਲ ਬਿਧਿ ਹੇਰੇ।
ਰਹੌਂ ਸੰਗ ਤੇ ਨਹਿੰ ਕੱਲਜਾਨ। ਯਾਂਤੇ ਤਜਾਗਿ ਰਹਜੋ ਇਸ ਥਾਨ॥ ੧੯॥

ਮੇਰੇ ਨਾਲੋਂ ਸਦਾ ਉਲਟ ਰੁਖ ਰੱਖਦੇ ਹਨ, ਨਿਜੀ ਬੁੱਧੀ ਬਲ ਨਾਲ ਮੈਂ ਭਲੀ ਪ੍ਰਕਾਰ ਨਾਲ ਵੇਖ ਲਏ ਹਨ। ਉਨ੍ਹਾਂ ਦੇ ਕੋਲ ਰਹਿਣ ਨਾਲ ਮੇਰਾ ਕਲਿਆਣ ਨਹੀਂ ਹੈ, ਏਸੇ ਕਰਕੇ ਉਨ੍ਹਾਂ ਨੂੰ ਛੱਡ ਕੇ ਏਥੇ ਰਹਿ ਰਿਹਾ ਹਾਂ॥੧੯॥

ਪਿਤਾ ਹਮਾਰੇ ਜੰਗ ਮਝਾਰ। ਹਤਿ ਸ਼ੱਤ੍ਰਨਿ ਨਿਤ ਰਹਿ ਅਨੁਸਾਰਿ।
ਅਵਗੁਨ ਕੌਨ ਹੁਤੋ ਤਿਨ ਮਾਂਹੀ। ਜਗ ਮੈਂ ਜਿਯਨਿ ਦਿਯੋ ਜੋ ਨਾਂਹੀ॥ ੨੦॥

ਮੇਰੇ ਪਿਤਾ ਜੀ ਜੰਗ ਦੇ ਵਿਚ, ਉਨ੍ਹਾਂ ਦੀ ਆਗਿਆ ਅਨੁਸਾਰ ਰਹਿ ਕੇ ਨਿਤ ਵੈਰੀਆਂ ਨੂੰ ਮਾਰਦੇ ਰਹੇ ਹਨ। ਉਨ੍ਹਾਂ ਵਿਚ ਕਿਹੜਾ ਔਗੁਣ ਸੀ ਜਿਹੜਾ ਉਨ੍ਹਾਂ ਨੂੰ ਜੱਗ ਵਿਚ ਜੀਉਣ ਨਹੀਂ ਦਿੱਤਾ ਹੈ॥੨੦॥

ਧੇਨੁ ਜਿਵਾਇ ਪੁੰਨ ਕੋ ਠਾਨਾ। ਤਿਨਹੁ ਜਾਨਿ ਤਜਵਾਇਵ ਪ੍ਰਾਨਾ।
ਮੈਂ ਅਬਿ ਜਾਉਂ ਕਹਾਂ ਇਹ ਜੋਗ। ਕਹਾਂ ਕਹੈਂਗੇ ਪਿਖਿ ਸਭਿ ਲੋਗ॥ ੨੧॥

ਗਾਂ ਜੀਵਤ ਕਰਕੇ ਪੁੰਨ ਕੀਤਾ ਹੈ, ਇਹ ਜਾਣ ਕੇ ਉਨ੍ਹਾਂ ਦੇ ਪ੍ਰਾਣ ਹੀ ਛੁੜਵਾ ਦਿੱਤੇ ਹਨ। ਮੈਂ ਹੁਣ ਜਾਵਾਂ, ਇਹ ਮੇਰੇ ਯੋਗ ਨਹੀਂ ਹੈ, ਸਾਰੇ ਲੋਕ ਵੇਖ ਕੇ ਕੀ ਕਹਿਣਗੇ॥੨੧॥

ਜਿਨਹੁਂ ਬਾਕ ਕਹਿ ਮਮ ਪਿਤ ਹਤਜੋ। ਮੋ ਸੰਗ ਕਹਾਂ ਭਲੋ ਅਬਿ ਚਿਤਜੋ।
ਲਰਤਿ ਸ਼ਾਹੁ ਸੋਂ ਸਕਲ ਬਿਗਾਰਾ। ਲਾਖਹੁਂ ਲਸ਼ਕਰ ਤੁਰਕਨਿ ਮਾਰਾ॥ ੨੨॥

ਜਿਨ੍ਹਾਂ ਬਚਨ ਕਹਿ ਕੇ ਮੇਰੇ ਪਿਤਾ ਜੀ ਨੂੰ ਮਾਰਿਆ ਹੈ, ਮੇਰੇ ਨਾਲ ਉਹ ਹੁਣ ਕੀ ਭਲਾ ਚਿਤਵਣਗੇ। ਬਾਦਸ਼ਾਹ ਨਾਲ ਲੜ ਕੇ ਸਭ ਕੁਝ ਵਿਗਾੜ ਦਿੱਤਾ ਹੈ, ਲੱਖਾਂ ਦਾ ਤੁਰਕਾਂ ਦਾ ਲਸ਼ਕਰ ਮਾਰਿਆ ਹੈ॥੨੨॥

ਸ੍ਰੀ ਕਰਤਾਰਪੁਰਾ ਧਨ ਧਾਮ। ਤਜਿ ਗਮਨੇ ਬਹੁ ਕਰਿ ਸੰਗ੍ਰਾਮ।
ਉਰ ਬਿਚਾਰ ਅਪਨੀ ਬੁਧਿ ਭਲੇ। ਲਿਖਿ ਮੈਂ ਪਠਜੋ ਸ਼ਾਹੁ ਜਿਮ ਮਿਲੇ॥ ੨੩॥

ਸ੍ਰੀ ਕਰਤਾਰਪੁਰ ਧਨ ਧਾਮ ਹੈ, ਵੱਡੀ ਲੜਾਈ ਲੜ ਕੇ ਛੱਡ ਕੇ ਚਲੇ ਗਏ ਹਨ। ਮੈਂ ਆਪਣੀ ਬੁਧੀ ਵਿਚ ਭਲੀ ਪ੍ਰਕਾਰ ਵਿਚਾਰ ਕਰਕੇ, ਬਾਦਸ਼ਾਹ ਨੂੰ ਲਿਖ ਕੇ ਭੇਜ ਦਿੱਤਾ ਹੈ, ਜਿਵੇਂ ਬਾਦਸ਼ਾਹ ਨਾਲ ਮੇਲ ਮਿਲਾਪ ਰਹੇ॥੨੩॥

ਹੋਤਿ ਉਪਾਧਿ ਅਨੇਕ ਪ੍ਰਕਾਰਾ। ਕਰੀ ਸੰਧਿ ਸਭਿ ਕਾਜ ਸਵਾਰਾ।
ਨਤੁ ਪੁਰਿ ਬਡਿਨਿ ਬਸਾਇਵ ਜੇਤੋ। ਤੁਰਕੇਸ਼ੁਰ ਅਪਨਾਇ ਸੁ ਲੇਤੋ॥ ੨੪॥

ਅਨੇਕ ਪ੍ਰਕਾਰ ਦੇ ਉਪੱਦਰ ਹੁੰਦੇ ਹਨ, ਸੰਧੀ ਕਰਕੇ ਸਭ ਕਾਰਜ ਸਵਾਰ ਲਿਆ ਹੈ। ਨਹੀਂ ਤਾਂ ਏਡਾ ਵੱਡਾ ਜਿਹੜਾ ਸ਼ਹਿਰ ਵਸਾਇਆ ਸੀ ਹੁਣ ਬਾਦਸ਼ਾਹ ਇਸ ਤੇ ਕਬਜ਼ਾ ਕਰ ਲੈਂਦਾ॥੨੪॥

ਸਭਿ ਧਨ ਧਾਮ ਨਗਰ ਕੋ ਰਾਖਾ। ਨਿਜ ਬੁਧਿ ਬਲ ਤੇ ਮੈਂ ਕਰਿ ਕਾਂਖਾ।
ਅਬਿ ਮੈਂ ਜਾਉਂ ਬਿਗਰ ਸਭਿ ਜਾਵੈ। ਗੁਰ ਢਿਗ ਤੇ ਕੁਛ ਹਾਥ ਨ ਆਵੈ॥੨੫॥

ਨਗਰ ਦਾ ਸਾਰਾ ਧਨ ਧਰਮ (ਧਨ ਅਤੇ ਘਰ) ਰਖਿਆ ਹੈ, ਨਿਜੀ ਬੁਧੀ ਬਲ ਨਾਲ ਮੰਗ ਕੀਤੀ ਹੈ। ਹੁਣ ਜੇ ਮੈਂ ਕੀਰਤਪੁਰ ਜਾਵਾਂਗਾ ਤਾਂ ਮੇਰੀ ਬਾਦਸ਼ਾਹ ਨਾਲ ਵਿਗੜ ਜਾਵੇਗੀ, ਗੁਰੂ ਜੀ ਪਾਸੋਂ ਕੁਝ ਵੀ ਮੇਰੇ ਹੱਥ ਆਉਣ ਵਾਲਾ ਨਹੀਂ ॥੨੫॥

ਕੋ ਜਾਨੈ ਕਿਸ ਦੈ ਹੈਂ ਗਾਦੀ। ਲੈ ਹੈ ਕੌਨ ਕਰਹਿ ਮੁਦ ਸ਼ਾਦੀ।
ਯਾਂਤੇ ਮੈਂ ਨਹਿਂ ਜੈਬੇ ਜੋਗ। ਬਰਜਹਿਂ ਮੋਹਿ ਮੁਸਾਹਿਬ ਲੋਗ ॥ ੨੬ ॥

ਕੌਣ ਜਾਣਦਾ ਹੈ ਕਿ ਕਿਸ ਨੂੰ ਗੱਦੀ ਦੇਣਗੇ, ਕੌਣ ਲੈ ਕੇ ਅਨੰਦ ਧਾਰਨ ਕਰੇਗਾ। ਇਸ ਕਰਕੇ ਮੈਂ ਉਥੇ ਜਾਣ ਦੇ ਯੋਗ ਨਹੀਂ ਹਾਂ, ਬਾਦਸ਼ਾਹ ਦੇ ਮੁਸਾਹਿਬ ਲੋਕ ਮੈਨੂੰ ਰੋਕਦੇ ਹਨ" ॥੨੬॥

ਸੁਨਤਿ ਦਾਸ ਤਿਸ ਮਾਤਾ ਪਾਸ। ਗਯੋ ਤਬੈ ਜਹਿਂ ਬੀਚ ਅਵਾਸ।
ਸਰਬ ਪ੍ਰਸੰਗ ਸੁਨਾਵਨਿ ਕਰਯੋ। ਧੀਰਮਲ ਕੋ ਕਹ੍ਯੋ ਉਚਰਯੋ॥ ੨੭॥

ਇਹ ਸੁਣ ਕੇ ਸੇਵਕ ਉਸ ਦੀ ਮਾਤਾ ਪਾਸ ਗਿਆ, ਜਿਥੇ ਘਰ ਵਿਚ ਉਹ ਰਹਿੰਦੇ ਸਨ। ਉਨ੍ਹਾਂ ਨੂੰ ਸਾਰਾ ਪ੍ਰਸੰਗ ਸੁਣਾਇਆ, ਜੋ ਧੀਰਮਲ ਨੇ ਕਿਹਾ ਸੀ, ਉਹ ਵੀ ਉਚਾਰਨ ਕੀਤਾ॥੨੭॥

ਨੇਤੀ ਸੁਨਤਿ ਦਹਲ ਉਰ ਭਯੋ। ਰਿਦੈ ਬਿਖਾਦ ਬਹੁਤ ਉਪਜਯੋ।
ਬੈਠਿ ਭੂਮ ਪਰ ਰੋਦਨ ਠਾਨਾ। ਪਤਿ ਹਤਿ ਤੇ ਕਿਯ ਸ਼ੋਕ ਮਹਾਨਾ॥ ੨੮ ॥

ਧੀਰਮਲ ਦੀ ਮਾਤਾ ਜੀ ਸੁਣ ਕੇ ਹਿਰਦੇ ਵਿਚ ਬਹੁਤ ਘਬਰਾ ਗਏ, ਹਿਰਦੇ ਵਿਚ ਬੜਾ ਦੁਖ ਉਤਪੰਨ ਹੋਇਆ। ਧਰਤੀ ਤੇ ਬੈਠ ਕੇ ਰੋਣ ਲੱਗ ਗਈ, ਪਤੀ ਜੀ ਦੇ ਮਰਨ ਤੇ ਬਹੁਤ ਸ਼ੋਕ ਕੀਤਾ॥੨੮॥

ਸੁਨਿ ਪੁਰਿ ਤ੍ਰਿਯ ਪਹੁੰਚੀ ਸਮੁਦਾਈ। ਮਿਲਿ ਮਿਲਿ ਰੋਦਨ ਸ਼ਬਦ ਉਠਾਈ।
ਸਗਰੇ ਮਾਨਵ ਤਬਿ ਬਿਸਮਾਏ। ਧੀਰਮੱਲ ਕੇ ਨਿਕਟ ਸਿਧਾਏ॥ ੨੯॥

ਇਹ ਸੁਣ ਕੇ ਨਗਰ ਦੀਆਂ ਸਾਰੀਆਂ ਨਾਰੀਆਂ ਪਹੁੰਚ ਗਈਆਂ, ਮਿਲ-ਮਿਲ ਕੇ ਰੋਣ ਦੀ ਆਵਾਜ਼ ਚੁਕਦੀਆਂ ਸਨ। ਸਾਰੇ ਮਨੁੱਖ ਤਦ ਹੈਰਾਨ ਹੋਏ ਤੇ ਧੀਰਮਲ ਦੇ ਪਾਸ ਗਏ॥੨੯॥

ਚਤੁਰ ਘਟੀ ਲਗਿ ਮਿਲਿ ਮਿਲਿ ਗਏ। ਗੁਰ ਸੁਤ ਗੁਨ ਗਨ ਸਿਮਰਤਿ ਭਏ।
ਜਬਹਿ ਇਕਾਕੀ ਨਿਸ ਮਹਿਂ ਹੋਵਾ। ਨੇਤੀ ਜਾਇ ਪੁੱਤ੍ਰ ਕੋ ਜੋਵਾ॥ ੩੦॥

ਚਾਰ ਘੜੀਆਂ ਤਕ ਮਿਲ-ਮਿਲ ਕੇ ਗਏ, ਗੁਰੂ-ਪੁੱਤਰ ਦੇ ਬਹੁਤ ਗੁਣ ਯਾਦ ਕਰਦੇ ਸਨ। ਜਦ ਰਾਤ ਨੂੰ ਇਕਾਂਤ ਹੋਈ ਤਾਂ ਧੀਰਮਲ ਦੀ ਮਾਂ ਆਪਣੇ ਪੁੱਤਰ ਨੂੰ ਜਾ ਕੇ ਮਿਲੀ॥੩੦॥

ਤਿਹ ਸਮੁਝਾਵਨ ਕੋ ਤਬਿ ਕਹ੍ਯੋ। 'ਸੁਨਹੁ ਪੁੱਤ੍ਰ ਕ੍ਯਾ ਚਿਤ ਮੈਂ ਚਹ੍ਯੋ।
ਚਲਿਬੋ ਕੀਰਤਪੁਰਿ ਬਨਿ ਆਵੈ॥ ਇਹਾਂ ਰਹਨ ਅਬਿ ਕ੍ਯੋਂ ਤੁਮ ਭਾਵੈ॥੩੧॥

ਉਸ ਨੂੰ ਸਮਝਾਉਣ ਵਾਸਤੇ ਕਿਹਾ, "ਹੇ ਪੁੱਤਰ! ਸੁਣੋ, ਚਿੱਤ ਵਿਚ ਕੀ ਚਾਹੁੰਦੇ ਹੋ। ਹੁਣ ਤੁਹਾਡਾ ਕੀਰਤਪੁਰ ਜਾਣਾ ਬਣਦਾ ਹੈ, ਏਥੇ ਰਹਿਣਾ ਹੁਣ ਕਿਉਂ ਤੁਹਾਨੂੰ ਚੰਗਾ ਲੱਗਦਾ ਹੈ॥੩੧॥

ਸੁਤ ਜੇਸ਼ਟ ਤੇ ਹੋਤਿ ਬਿਧਾਨ। ਬਹੁਰ ਪਾਗ ਲੈਬੋ ਮਨ ਜਾਨਿ।
ਨਿਕਟਿ ਪਿਤਾਮੇ ਕੇ ਚਲਿ ਲੀਜੈ। ਇਮ ਨੀਕੋ ਨਿਜ ਰਿਦੈ ਲਖੀਜੈ॥ ੩੨॥

ਜੇਠੇ ਪੁੱਤਰ ਪਾਸੋਂ ਹੀ ਸਾਰਾ ਵਿਧਾਨ ਹੁੰਦਾ ਹੈ, ਫਿਰ ਪੱਗ ਲਵੇਂਗਾ ਇਹ ਵੀ ਮਨ ਵਿਚ ਜਾਣੋ। ਆਪਣੇ ਪਿਤਾਮੇ ਦੇ ਪਾਸ ਚਲ ਕੇ ਰਹੋ, ਇਸ ਗੱਲ ਨੂੰ ਚੰਗੀ ਤਰ੍ਹਾਂ ਹਿਰਦੇ ਵਿਚ ਸਮਝੋ॥੩੨॥

ਨਾਂਹਿ ਤ ਪਾਗ ਨ ਪਾਵੈਂ ਹਾਥ। ਨਿਰਨੇ ਕਰਿ ਹੇਰਹੁ ਮਤਿ ਸਾਥ।
ਬਡੇ ਪੁੱਤ੍ਰ ਕੋ ਸਭਿ ਅਧਿਕਾਰ। ਗੁਰਤਾ ਆਦਿਕ ਲਖਹੁ ਉਦਾਰ॥ ੩੩॥

ਨਹੀਂ ਤਾਂ ਪੱਗ ਤੇਰੇ ਹੱਥ ਨਹੀਂ ਆਉਣੀ ਹੈ, ਨਿਰਨੇ ਕਰਕੇ ਆਪਣੀ ਬੁੱਧੀ ਦੇ ਨਾਲ ਸਮਝੋ। ਵੱਡੇ ਪੁੱਤਰ ਦੇ ਸਭ ਅਧਿਕਾਰ ਹੁੰਦੇ ਹਨ, ਗੁਰਤਾ ਆਦਿ ਨੂੰ ਚੰਗੀ ਤਰ੍ਹਾਂ ਸਮਝੋ ॥੩੩॥

ਸਭਿ ਤੇ ਛੂਛੇ ਹੀ ਰਹਿ ਜੈ ਹੈਂ। ਪੁਨ ਸੰਗਤਿ ਤੇ ਕਿਮ ਪੁਜਵੈ ਹੈਂ।
ਸੁਨਤਿ ਧੀਰਮੱਲ ਗਿਰਾ ਬਖਾਨੀ। 'ਮੈਂ ਤੋ ਉਰ ਨਿਰਨੈ ਕਰਿ ਜਾਨੀ ॥ ੩੪ ॥

ਸਭ ਤੋਂ ਖਾਲੀ ਹੀ ਰਹਿ ਜਾਵੇਂਗਾ, ਫਿਰ ਸੰਗਤ ਤੋਂ ਕਿਵੇਂ ਪੂਜਾ ਕਰਵਾਏਂਗਾ।" ਇਹ ਸੁਣ ਕੇ ਧੀਰਮਲ ਨੇ ਕਿਹਾ, "ਮੈਂ ਤਾਂ ਹਿਰਦੇ ਵਿਚ ਨਿਰਨੇ ਕਰ ਕੇ ਜਾਣ ਲਿਆ ਹੈ ॥੩੪॥

ਗੁਰ ਤੇ ਕਛੂ ਹਾਥ ਨਹਿਂ ਐ ਹੈ। ਮੋ ਪਰ ਤਰਕਨ ਅਨਿਕ ਉਠੈ ਹੈਂ।
ਤਹਾਂ ਗਏ ਤੇ ਗ੍ਰਿੰਥ ਮੰਗਾਇ। ਤਬਿ ਹਮ ਛੂਛੇ ਹੀ ਰਹਿ ਜਾਇਂ॥ ੩੫ ॥

ਗੁਰੂ ਪਾਸੋਂ ਮੇਰੇ ਕੁਝ ਵੀ ਹੱਥ ਨਹੀਂ ਆਉਣਾ ਹੈ, ਮੇਰੇ ਉੱਤੇ ਅਨੇਕਾਂ ਤਰਕ ਉਠੇ ਹਨ, ਉਥੇ ਜਾਣ ਨਾਲ ਗ੍ਰੰਥ ਸਾਹਿਬ ਮੰਗਵਾਉਂਦੇ ਹਨ, ਤਦ ਗ੍ਰੰਥ ਤੋਂ ਬਗੈਰ ਖਾਲੀ ਹੀ ਰਹਿ ਜਾਵਾਂਗੇ ॥੩੫॥

ਗ੍ਰਿੰਥ ਸਾਹਿਬ ਨਿਕਟਿ ਤੇ ਗੁਰ ਮੈਂ ਅਹੌਂ। ਸਭਿ ਸੰਗਤਿ ਤੇ ਪੂਜਾ ਲਹੌਂ।
ਕਿਯੋ ਗੁਰੂ ਕੇ ਗੁਰ ਨਹਿ ਬਨੌਂ। ਤਿਨ ਢਿਗ ਜਾਉਂ ਨ ਮੈਂ, ਸਚ ਭਨੌਂ॥ ੩੬ ॥

ਗ੍ਰੰਥ ਸਾਹਿਬ ਪਾਸ ਰੱਖ ਕੇ ਮੈਂ ਗੁਰੂ ਬਣਿਆ ਹਾਂ, ਸਭ ਸੰਗਤ ਤੋਂ ਪੂਜਾ ਲੈਂਦਾ ਹਾਂ। ਗੁਰੂ ਦਾ ਕੀਤਾ ਹੋਇਆ ਗੁਰੂ ਨਹੀਂ ਬਣਾਂਗਾ, ਮੈਂ ਉਨ੍ਹਾਂ ਪਾਸ ਨਹੀਂ ਜਾਵਾਂਗਾ, ਮੈਂ ਸੱਚ ਕਹਿੰਦਾ ਹਾਂ ॥੩੬॥

ਤੁਵ ਚਿਤ ਮੈਂ ਜੇ ਪਹੁੰਚਨਿ ਤਹਾਂ। ਗਮਨਹੁ ਪ੍ਰਾਤੀ, ਮੈਂ ਥਿਰ ਇਹਾਂ।
ਕਰਨਿ ਉਚਿਤ ਅਰੁ ਕਹਿਬੇ ਜੋਗ। ਕਰਹੁ ਜਾਇ ਨੀਕੇ ਜਿਮ ਹੋਗ ॥ ੩੭ ॥

ਜੇ ਤੇਰੇ ਚਿੱਤ ਵਿਚ ਉਥੇ ਪਹੁੰਚਣ ਦਾ ਖਿਆਲ ਹੈ, ਸਵੇਰੇ ਚਲੇ ਜਾਵੋ ਮੈਂ ਤਾਂ ਏਥੇ ਹੀ ਰਹਾਂਗਾ। ਕਰਨ ਉਚਿਤ ਅਤੇ ਕਹਿਣ ਯੋਗ, ਉਥੇ ਜਾ ਕੇ ਕਰੋ, ਜਿਵੇਂ ਵੀ ਚੰਗਾ ਹੋਵੇ" ॥੩੭॥

ਇਮ ਤਯਾਰ ਹੋਈ ਤਬਿ ਨੇਤੀ। ਬਡ ਨੰਦਨ ਕੀ ਮਸਲਤ ਸੇਤੀ।
ਉਠਿ ਪ੍ਰਭਾਤਿ ਸਜੰਦਨ ਜੁਰਿਵਾਯੋ। ਕਰ ਤੂਰਨ ਥਿਰ ਪੰਥ ਚਲਾਯੋ॥ ੩੮ ॥

ਇਸ ਤਰ੍ਹਾਂ ਧੀਰਮਲ ਦੇ ਮਾਤਾ ਜੀ ਤਿਆਰ ਹੋ ਗਏ, ਜਿਵੇਂ ਵੱਡੇ ਪੁੱਤਰ ਦੀ ਸਲਾਹ ਸੀ। ਸਵੇਰੇ ਉਠ ਕੇ ਰੱਥ ਜੁੜਵਾਇਆ ਤੇ ਤੁਰਤ ਕੀਰਤਪੁਰ ਦੇ ਰਸਤੇ ਪੈ ਗਈ ॥੩੮॥

ਸਗਰੋ ਮਗ ਉਲੰਘਿ ਸੋ ਗਈ। ਕੀਰਤ ਪੁਰੇ ਪ੍ਰਵੇਸ਼ਿਤਿ ਭਈ।
ਅਧਿਕ ਸ਼ੋਕ ਤੇ ਰੁਦਤਿ ਪੁਕਾਰਤਿ। ਗੁਰ ਘਰ ਮੈਂ ਪ੍ਰਾਪਤਿ ਦੁਖਿਆਰਤਿ ॥੩੯॥

ਸਾਰਾ ਰਸਤਾ ਲੰਘ ਕੇ ਚਲੇ ਗਈ ਤੇ ਕੀਰਤਪੁਰ ਵਿਚ ਜਾ ਦਾਖਲ ਹੋਈ। ਬਹੁਤ ਦੁੱਖ ਨਾਲ ਰੋਂਦੀ ਅਤੇ ਪੁਕਾਰਦੀ ਸੀ। ਗੁਰੂ ਘਰ ਵਿਚ ਮੈਂ ਦੁਖਿਆਰੀ ਪਹੁੰਚੀ ਹਾਂ ॥੩੯॥

ਜੁਗ ਸਾਸਨ ਸੋਂ ਮਿਲਿ ਕਰਿ ਰੋਈ। 'ਅੰਤ ਸਮੈਂ ਪਤਿ ਨਹਿਂ ਅਵਿਲੋਈ'।
ਕਿਤਿਕ ਦੇਰ ਮਹਿਂ ਧੀਰਜ ਧਾਰੀ। ਧੀਰਮੱਲ ਕੀ ਗਾਥ ਉਚਾਰੀ॥ ੪੦ ॥

ਦੋਵਾਂ ਸੱਸਾਂ ਨਾਲ ਮਿਲ ਕੇ ਰੋਈ, "ਅੰਤ ਸਮੇਂ ਮੈਂ ਪਤੀ ਨੂੰ ਨਹੀਂ ਵੇਖ ਸਕੀ। ਕਾਫੀ ਦੇਰ ਬਾਅਦ ਧੀਰਜ ਧਾਰਨ ਕੀਤਾ ਤੇ ਧੀਰਮਲ ਦੀ ਗਾਥਾ ਉਚਾਰਨ ਕੀਤੀ ॥੪੦॥

ਜਿਮ ਜਿਮ ਕਹਜੋ ਨ ਆਵਨ ਕੀਨਿ। ਦਾਸੀ ਕੋ ਸੁਨਾਇ ਸਭਿ ਦੀਨਿ।
ਸੋ ਚਲਿ ਗਈ ਗੁਰੂ ਕੇ ਤੀਰ। ਧੀਰ ਮੱਲ ਕੀ ਭਨੀ ਅਧੀਰ॥ ੪੧॥

ਜਿਵੇਂ-ਜਿਵੇਂ ਧੀਰਮਲ ਨੂੰ ਕਿਹਾ ਹੈ ਨਹੀਂ ਆਇਆ ਹੈ, ਦਾਸੀ ਨੂੰ ਸਭ ਕੁਝ ਸੁਣਾ ਦਿੱਤਾ। ਫਿਰ ਦਾਸੀ ਚਲ ਕੇ ਗੁਰੂ ਜੀ ਦੇ ਪਾਸ ਪਹੁੰਚੀ ਤੇ ਧੀਰਮਲ ਦੀ ਅਧੀਰਤਾਈ ਬਾਰੇ ਕਿਹਾ॥੪੧॥

ਸੁਨਿ ਸਤਿਗੁਰੁ ਤੂਸ਼ਨ ਹੀ ਰਹੇ। ਕੁਟਿਲ ਮਹਾਂ ਪ੍ਰਿਥੀਆ ਸਮ ਲਹੇ।
ਗੁਰ ਸੁਤ ਕੀ ਜੁ ਕ੍ਰਿਆ ਸਮੁਦਾਈ। ਸਾਦਰ ਸ੍ਰੀ ਹਰਿਰਾਇ ਕਰਾਈ॥ ੪੨॥

ਇਹ ਸੁਣ ਸਤਿਗੁਰੂ ਜੀ ਚੁੱਪ ਹੀ ਰਹੇ, ਮਹਾਨ ਕੁਟਲ ਪ੍ਰਿਥੀਏ ਵਾਂਗ ਜਾਣਿਆ। ਗੁਰੂ-ਪੋਤਰ ਦੀ ਜੋ ਸਾਰੀ ਕ੍ਰਿਆ ਕਰਨੀ ਬਣਦੀ ਸੀ, ਉਹ ਸਾਰੀ ਸ੍ਰੀ ਹਰਿਰਾਇ ਜੀ ਨੇ ਬੜੇ ਆਦਰ ਨਾਲ ਕਰਵਾਈ॥੪੨॥

*ਅੱਠਵੀਂ ਰਾਸ ਦਾ ਉਣਤਾਲੀਵਾਂ ਅਧਿਆਇ ਸਮਾਪਤ ਹੋਇਆ॥੩੯॥*

# ਅਧਿਆਇ ਚਾਲੀਵਾਂ

*ਰਾਇ ਜੋਧ ਆਦਿ ਸਿੱਖਾਂ ਦਾ ਆਉਣਾ*

ਦੋਹਰਾ- ਅਪਰ ਜਹਾਂ ਕਹਿਂ ਸੁਧ ਗਈ ਸੁਨਿ ਸੁਨਿ ਸਭਿ ਬਿਸਮਾਇਂ।
ਭਏ ਤਯਾਰ ਆਗਵਨ ਹਿਤ ਸਨਬੰਧੀ ਸਮੁਦਾਇ॥ ੧॥

ਹੋਰ ਜਿਥੇ-ਜਿਥੇ ਵੀ ਖ਼ਬਰ ਪਹੁੰਚੀ ਸੁਣ-ਸੁਣ ਕੇ ਸਭ ਹੈਰਾਨ ਹੋਏ ਸਾਰੇ ਸੰਬੰਧੀ ਇਕੱਠੇ ਹੋ ਕੇ ਆਉਣ ਵਾਸਤੇ ਤਿਆਰ ਹੋ ਗਏ॥੧॥

ਬਸਹਿ ਗ੍ਰਾਮ ਰਮਦਾਸ ਕੇ, ਬ੍ਰਿਧ ਕੋ ਪੁੱਤ੍ਰ ਸੁਭਾਗ।
ਸੁਨਿ ਤਯਾਰੀ ਤੂਰਨ ਕਰੀ ਗੁਰ ਦਿਸ਼ਿ ਆਵਨ ਲਾਗ॥ ੨॥

ਰਮਦਾਸ ਪਿੰਡ ਵਿਚ ਬਾਬਾ ਬੁੱਢਾ ਜੀ ਦਾ ਸ੍ਰੇਸ਼ਟ ਭਾਗਾਂ ਵਾਲਾ ਪੁੱਤਰ ਭਾਨਾ ਰਹਿੰਦਾ ਸੀ, ਸੁਣ ਕੇ ਤੁਰਤ ਤਿਆਰੀ ਕਰ ਲਈ, ਗੁਰੂ ਜੀ ਵਾਲੇ ਪਾਸੇ ਆਉਣ ਲੱਗਾ॥੨॥

ਚੌਪਈ- ਚਲਯੋ ਵਟਾਲੇ ਕੇ ਮਗ ਆਯੋ। ਰਾਮੈ ਸੰਗ ਮਿਲਯੋ ਸਭਿ ਗਾਯੋ।
ਕਰਤਿ ਸ਼ੋਕ ਸੋ ਭੀ ਹੁਇ ਤਯਾਰ। ਗਮਨ ਕੀਨਿ ਪਿਖਿ ਭਈ ਸਕਾਰ॥੩॥

ਚਲ ਕੇ ਵਟਾਲੇ ਦੇ ਰਸਤੇ ਆਇਆ ਤੇ ਰਾਮੇ ਨੂੰ ਮਿਲ ਕੇ ਸਾਰਾ ਹਾਲ ਸੁਣਾਇਆ। ਉਹ ਵੀ ਦੁਖ ਮੰਨ ਕੇ ਨਾਲ ਤਿਆਰ ਹੋ ਗਏ ਤੇ ਜਦ ਸਵੇਰ ਹੋਈ ਤਾਂ ਚਲ ਪਏ॥੩॥

ਸ੍ਰੀ ਕੀਰਤਿਪੁਰਿ ਪਹੁੰਚੇ ਆਈ। ਸਤਿਗੁਰ ਸੋਂ ਮਿਲਿ ਗ੍ਰੀਵ ਨਿਵਾਈ।
ਰਾਮੇ ਸਹਿਤ ਬੈਠਿ ਤਬਿ ਗਏ। ਬਾਤ ਕਰਤਿ ਗੁਰ ਸੁਤ ਕੀ ਭਏ॥ ੪॥

ਸ੍ਰੀ ਕੀਰਤਪੁਰ ਆ ਕੇ ਪਹੁੰਚ ਗਏ, ਸਤਿਗੁਰੂ ਜੀ ਨੂੰ ਮਿਲ ਕੇ ਬੰਦਨਾ ਕੀਤੀ। ਰਾਮੇ ਸਹਿਤ ਫਿਰ ਬੈਠ ਗਏ ਤੇ ਗੁਰੂ ਜੀ ਦੇ ਪੁੱਤਰ ਦੀ ਗੱਲ ਕਰਨ ਲੱਗੇ॥੪॥

ਹਰੀਚੰਦ, ਭਾਗਣ ਅਰੁ ਦ੍ਵਾਰਾ। ਇਹ ਸਭਿ ਗੇ ਪਰਲੋਕ ਮਝਾਰਾ।
ਸਾਹਿਬਜ਼ਾਦੇ ਭੱਲੇ ਤੇਹਣ। ਸੁਨਤਿ ਸ਼ੋਕ ਕੀਨਸਿ ਜੁਤਿ ਗੇਹਣ॥ ੫॥

ਹਰੀਚੰਦ, ਭਾਗਣ ਅਤੇ ਭਾਈ ਦ੍ਵਾਰਾ ਇਹ ਸਾਰੇ ਪਰਲੋਕ ਵਿਚ ਚਲੇ ਗਏ ਸਨ। ਭਲੇ ਅਤੇ ਤ੍ਰੇਹਣਾਂ ਦੇ ਜਿਹੜੇ ਸਾਹਿਬਜ਼ਾਦੇ ਸਨ, ਉਹ ਵੀ ਸੁਣ ਕੇ ਬਹੁਤ ਦੁਖੀ ਹੋਏ ਤੇ ਆਪਣੀਆਂ ਇਸਤਰੀਆਂ ਸਹਿਤ ਚਲ ਪਏ॥੫॥

ਮਿਲਿ ਆਪਸ ਮਹਿਂ ਦੋਨਹੁਂ ਚਲੇ। ਸਨੇ ਸਨੇ ਮਗ ਉਲੰਘਤਿ ਭਲੇ।
ਪੂਰਬ ਪਹੁਚੇ ਪੁਰਿ ਕਰਤਾਰਾ। ਨਿਸਾ ਪਰੀ ਲਖਿ ਕੀਨਿ ਉਤਾਰਾ॥ ੬॥

ਦੋਵੇਂ ਆਪਸ ਵਿਚ ਮਿਲ ਕੇ ਚਲ ਪਏ, ਹੌਲੀ-ਹੌਲੀ ਸਾਰਾ ਪੈਂਡਾ ਲੰਘ ਆਏ। ਪਹਿਲਾਂ ਉਹ ਕਰਤਾਰਪੁਰ ਪਹੁੰਚੇ ਤੇ ਰਾਤ ਪਈ ਵੇਖ ਕੇ ਉਤਾਰਾ ਕਰ ਲਿਆ॥੬॥

ਧੀਰ ਮੱਲ ਸੈਂ ਮੇਲਾ ਭਯੋ। ਅਪਨਿ ਪ੍ਰਸੰਗ ਸਗਲ ਕਹਿ ਦਿਯੋ।
'ਮੈਂ ਨਹਿਂ ਗਯੋ ਤਿਨਹੁਂ ਕੇ ਪਾਹੀ। ਸ਼ਾਹੁ ਸੰਗ ਮਿਲਿ ਰਹੁਂ ਪੁਰਿ ਮਾਂਹੀ॥ ੭॥

ਧੀਰ ਮੱਲ ਨਾਲ ਮੇਲ ਹੋ ਗਿਆ, ਉਸਨੇ ਆਪਣਾ ਸਾਰਾ ਪ੍ਰਸੰਗ ਕਹਿ ਸੁਣਾਇਆ, "ਮੈਂ ਉਨ੍ਹਾਂ ਦੇ ਪਾਸ ਨਹੀਂ ਗਿਆ ਹਾਂ, ਬਾਦਸ਼ਾਹ ਦੇ ਨਾਲ ਮਿਲ ਕੇ ਨਗਰ ਵਿਚ ਰਹਿ ਰਿਹਾ ਹਾਂ॥੭॥

ਮਿਲੇ ਸੁਨੈ ਬਿਗਰਹਿ ਤਤਕਾਲਾ। ਸਕਲ ਖਸੋਟਹਿ, ਧਨ, ਪੁਰਿ, ਸ਼ਾਲਾ।
ਜਹਾਂ ਜਾਨ ਤੇ ਹੁਇ ਉਤਪਾਤ। ਕਜੋਂ ਕਰਿ ਸਕਹਿ ਸੁਮਤਿ ਸੋ ਬਾਤ॥ ੮॥

ਜਦ ਬਾਦਸ਼ਾਹ ਇਹ ਸੁਣੇਗਾ ਕਿ ਮੈਂ ਸ੍ਰੀ ਗੁਰੂ ਜੀ ਨੂੰ ਮਿਲਿਆ ਹਾਂ ਤਾਂ ਉਹ ਤੁਰਤ ਨਾਰਾਜ਼ ਹੋ ਜਾਵੇਗਾ, ਧਨ ਨਗਰ ਅਤੇ ਘਰ ਸਭ ਖੋਹ ਲਵੇਗਾ। ਜਿਥੇ ਜਾਣ ਨਾਲ ਵਿਗਾੜ ਹੁੰਦਾ ਹੈ, ਇਹ ਸ੍ਰੇਸ਼ਟ ਬੁੱਧੀ ਦੀ ਗੱਲ ਕਿਵੇਂ ਕਰ ਸਕੀਏ॥੮॥

ਉਚਿਤ ਨ ਤੁਮ ਕੋ ਭੀ ਤਹਿਂ ਜਾਨਾ। ਸੁਨਹਿ ਸ਼ਾਹੁ ਰਿਸ ਧਰਹਿ ਮਹਾਨਾ।
ਮੁਸ਼ਕਲ ਬਨੈਂ ਰਹਨਿ ਘਰ ਮਾਹੀ। ਮੁਲਖ ਮਾਲਕੀ ਤੁਰਕਨਿ ਪਾਹੀ' ॥ ੯॥

ਤੁਹਾਡਾ ਵੀ ਉਥੇ ਜਾਣਾ ਉਚਿਤ ਨਹੀਂ, ਬਾਦਸ਼ਾਹ ਸੁਣ ਕੇ ਬਹੁਤ ਕ੍ਰੋਧ ਧਾਰਨ ਕਰੇਗਾ, ਫਿਰ ਘਰ ਵਿਚ ਰਹਿਣਾ ਮੁਸ਼ਕਲ ਬਣ ਜਾਵੇਗਾ ਇਸ ਮੁਲਕ ਦੀ ਮਾਲਕੀ ਤੁਰਕਾਂ ਪਾਸ ਹੈ" ॥੯॥

ਸੁੰਦਰ, ਪਰਮਾਨੰਦ ਤਬਿ ਕਹਯੋ। 'ਹਮ ਤੋ ਸੁਨਯੋ ਸ਼ਾਹੁ ਹਟਿ ਰਹਯੋ।
ਸ੍ਰੀ ਨਾਨਕ ਕੀ ਗਾਦੀ ਜਾਨੀ। ਬਾਰ ਬਾਰ ਤਬਿ ਬੰਦਨ ਠਾਨੀ॥ ੧੦॥

ਸੁੰਦਰ ਅਤੇ ਪਰਮਾਨੰਦ ਨੇ ਫਿਰ ਕਿਹਾ, "ਅਸੀਂ ਤਾਂ ਸੁਣਿਆ ਹੈ, ਬਾਦਸ਼ਾਹ ਨੇ ਦੁਸ਼ਮਣੀ ਛੱਡ ਦਿੱਤੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਜਾਣੀ ਹੈ ਤੇ ਬਾਰ-ਬਾਰ ਉਸ ਬੰਦਨਾ ਕੀਤੀ ਹੈ॥੧੦॥

ਕਹਯੋ ਬਿਦਤ 'ਅਬਿ ਤੇ ਗੁਰ ਸੰਗ। ਬਿਗਰੌਂ ਕਬੀ ਨ ਕਰਿ ਹੌਂ ਜੰਗ'।
ਸੁਨਤਿ ਧੀਰਮੱਲ ਤਬਹਿ ਬਤਾਯੋ। 'ਮੈਂ ਲਿਖਿ ਕਰਿ ਤਹਿਂ ਪੱਤ੍ਰ ਪਠਾਯੋ॥੧੧॥

ਪ੍ਰਗਟ ਤੌਰ ਤੇ ਕਿਹਾ ਹੈ, "ਹੁਣ ਗੁਰੂ ਜੀ ਦੇ ਨਾਲ ਕਦੀ ਵਿਗਾੜਾਂਗਾ ਨਹੀਂ ਤੇ ਕਦੀ ਵੀ ਜੰਗ ਨਹੀਂ ਕਰਾਂਗਾ।" ਇਹ ਸੁਣ ਕੇ ਧੀਰ ਮੱਲ ਨੇ ਦੱਸਿਆ, "ਮੈਂ ਉਨ੍ਹਾਂ ਨੂੰ ਇਕ ਚਿੱਠੀ ਲਿਖ ਕੇ ਭੇਜੀ ਸੀ॥੧੧॥

ਸੰਧਿ ਕਰਨਿ ਕੋ ਆਸ਼ੈ ਜਿਸ ਮਹਿਂ। ਸੁਨਿ ਹਜ਼ਰਤ ਹਰਖਯੋ, ਉਰ ਰਿਸ ਮਹਿਂ।
ਤਊ ਲੋਕ ਜੇ ਅਹੈਂ ਨਰੇਸ਼। ਰਹੀਐ ਇਨ ਤੇ ਡਰਤਿ ਹਮੇਸ਼॥ ੧੨॥

ਜਿਸ ਵਿਚ ਮੇਲ ਕਰਨ ਤੇ ਆਸ਼ੇ ਹਨ, ਸੁਣ ਕੇ ਬਾਦਸ਼ਾਹ ਪ੍ਰਸੰਨ ਹੋਇਆ, ਜਿਸ ਦੇ ਹਿਰਦੇ ਵਿਚ ਰੋਸ ਹੈ। ਫਿਰ ਵੀ ਜਿਹੜੇ ਇਹ ਬਾਦਸ਼ਾਹ ਲੋਕ ਹੁੰਦੇ ਹਨ, ਇਹਨਾਂ ਪਾਸੋਂ ਹਮੇਸ਼ਾਂ ਡਰ ਕੇ ਰਹਿਣਾ ਚਾਹੀਦਾ ਹੈ॥੧੨॥

ਕਿਤਹੂੰ ਕੀ ਰਿਸ ਕਹੂੰ ਨਿਕਾਰੈਂ। ਯਾਂਤੇ ਰਹਨਿ ਬਨੈ ਅਨੁਸਾਰੈ'।
ਸੁੰਦਰ ਕਹ੍ਯੋ 'ਨ ਹਮ ਤੇ ਬਨੈ। ਇਤਿਕ ਗ਼ਮੀ ਮੈਂ ਮਿਲੈਂ ਨ ਭਨੈਂ॥ ੧੩ ॥

ਕਿਸੇ ਦਾ ਗੁੱਸਾ ਕਿਸੇ ਹੋਰ ਤੇ ਕੱਢ ਦਿੰਦੇ ਹਨ। ਇਸ ਕਰਕੇ ਉਨ੍ਹਾਂ ਦੀ ਆਗਿਆ ਅਨੁਸਾਰ ਰਹਿਣਾ ਬਣਦਾ ਹੈ।' ਸੁੰਦਰ ਕਹਿਣ ਲੱਗਾ 'ਸਾਥੋਂ ਨਹੀਂ ਇਹ ਬਣਦਾ, ਏਨੇ ਦੁਖ ਵਿਚ ਮਿਲ ਕੇ ਕੁਝ ਨਾ ਕਹੀਏ॥੧੩॥

ਵਧੇ ਬਖੇਰੇ ਮਿਲਤੇ ਰਹੇ। ਹਮਹਿ ਕਬਹਿ ਨਹਿ ਕਿਛੁ ਕਿਨ ਕਹੇ।
ਆਪ ਗੁਰੂ ਲਰਿ ਕਰਿ ਬਹੁਬੇਰੇ। ਬਸੇ ਬਿਚਰਤੇ ਲਵਪੁਰਿ ਨੇਰੇ॥ ੧੪ ॥

ਬਖੇੜੇ ਵੱਧਣ ਤੇ ਵੀ ਮਿਲਦੇ ਰਹੇ ਹਾਂ। ਸਾਨੂੰ ਕਦੇ ਵੀ ਕਿਸੇ ਨੇ ਕੁਝ ਨਹੀਂ ਕਿਹਾ ਹੈ। ਆਪ ਗੁਰੂ ਜੀ ਬਹੁਤ ਵਾਰ ਲੜਾਈ ਕਰਕੇ ਲਾਹੌਰ ਦੇ ਨੇੜੇ ਵਿਚਰਦੇ ਅਤੇ ਵੱਸਦੇ ਰਹੇ ਹਨ॥੧੪॥

ਕਲਪਹਿਂ ਤ੍ਰਾਸ ਜਿਤਿਕ ਤੂੰ ਅਬੈ। ਸੁਨ੍ਯੋ ਨ ਦੇਖ੍ਯੋ ਪੂਰਬ ਕਬੈ।
ਹਮ ਤੇ ਹੋਤਿ ਪ੍ਰਭਾਤਿ ਜ਼ਰੂਰ। ਪਹੁੰਚਹਿਂ ਤੂਰਨ ਜਾਇ ਹਜ਼ੂਰ' ॥ ੧੫ ॥

ਜਿੰਨੇ ਡਰ ਨਾਲ ਤੂੰ ਹੁਣ ਐਵੇਂ ਕਲਪਣਾ ਕਰ ਰਿਹਾ ਹੈਂ, ਅਸੀਂ ਪਹਿਲਾਂ ਕਿਤੇ ਸੁਣਿਆ ਨਾ ਵੇਖਿਆ ਹੈ। ਅਸੀਂ ਤਾਂ ਸਵੇਰ ਹੁੰਦਿਆਂ ਜ਼ਰੂਰ ਤੁਰਤ ਗੁਰੂ ਜੀ ਦੀ ਹਜ਼ੂਰੀ ਵਿਚ ਪਹੁੰਚਾਂਗੇ' ॥੧੫॥

ਸੁਨਿ ਸੁੰਦਰ, ਤੇ ਤੂਸ਼ਨਿ ਹੋਯੋ। ਗਾਢੋ ਭਾਵ ਗੁਰੂ ਮਹਿ ਜੋਯੋ।
ਸਰਬ ਭਾਂਤਿ ਸੇਵਾ ਕਰਿਵਾਈ। ਨਿਸ ਮਹਿਂ ਰਚੀ ਅਪਰ ਚਤੁਰਾਈ॥ ੧੬ ॥

ਸੁੰਦਰ ਪਾਸੋਂ ਇਸ ਤਰ੍ਹਾਂ ਸੁਣ ਕੇ ਧੀਰਮਲ ਚੁੱਪ ਹੋ ਗਿਆ, ਗੁਰੂ ਜੀ ਦੇ ਪ੍ਰੇਮ ਵਿਚ ਉਨ੍ਹਾਂ ਨੂੰ ਗਾੜ੍ਹਿਆ ਵੇਖਿਆ। ਸਰਬ ਪ੍ਰਕਾਰ ਸੇਵਾ ਕਰਵਾਈ ਤੇ ਰਾਤ ਸਮੇਂ ਇਕ ਹੋਰ ਚਤੁਰਾਈ ਦੀ ਰਚਨਾ ਕੀਤੀ॥੧੬॥

ਦਾਤੂ ਸੁਤ ਕੋ ਨਜਾਰੋ ਕਰਿ ਕੈ। ਸਮੁਝਾਯੋ ਬਹੁ ਰੀਤਿ ਉਚਰਿਕੈ।
ਕਰਿ ਲੀਨੋ ਅਪਨੇ ਅਨੁਸਾਰਿ। ਸੁੰਦਰ, ਪਰਮਾਨੰਦ ਤੇ ਪਾਰਿ ॥ ੧੭ ॥

ਦਾਤੂ ਦੇ ਪੁੱਤਰ ਨੂੰ ਵੇਖ ਕਰਕੇ ਬਹੁਤ ਰੀਤਿਆਂ ਨਾਲ ਉਚਾਰਨ ਕਰਕੇ ਸਮਝਾਇਆ। ਉਸ ਨੂੰ ਆਪਣੇ ਅਨੁਸਾਰ ਕਰ ਲਿਆ ਤੇ ਸੁੰਦਰ ਤੇ ਪਰਮਾਨੰਦ ਤੋਂ ਪਾੜ ਲਿਆ॥੧੭॥

ਰਾਖ੍ਯੋ ਅਪਨੇ ਸਦਨ ਟਿਕਾਇ। ਨਹਿਂ ਕੀਰਤਪੁਰਿ ਕੋ ਤਬਿ ਆਇ।
ਸ੍ਰੀ ਗੁਰ ਅਮਰ ਅੰਸ ਚਲਿ ਆਏ। ਮਿਲੇ ਪਰਸਪਰ ਸੀਸ ਨਿਵਾਏ॥ ੧੮ ॥

ਆਪਣੇ ਘਰ ਵਿਚ ਹੀ ਟਿਕਾਅ ਕੇ ਰਖਿਆ, ਉਹ ਫਿਰ ਕੀਰਤਪੁਰ ਨੂੰ ਨਾ ਆਇਆ। ਸ੍ਰੀ ਗੁਰੂ ਅਮਰਦਾਸ ਦੀ ਵੰਸ ਦੇ ਲੋਕ ਚਲ ਕੇ ਆ ਗਏ ਤੇ ਆ ਕੇ ਆਪਸ ਵਿਚ ਸਿਰ ਨਿਵਾ ਕੇ ਮਿਲੇ॥੧੮॥

ਰਾਇ ਜੋਧ ਸੁਤ ਭ੍ਰਾਤ ਸਮੇਤ। ਸੰਗ ਭਾਰਜਾ ਚਲਿਬੇ ਹੇਤੁ।
ਹੋਇ ਤਯਾਰ ਤਤਛਿਨ ਚਢਿ ਆਯੋ।ਰੂਪਾ ਨਿਕਟਿ ਬੁਲਾਇ ਮੰਗਾਯੋ॥ ੧੯ ॥

ਰਾਇ ਜੋਧ, ਪੁੱਤਰ ਅਤੇ ਭਰਾ ਸਮੇਤ ਤੇ ਨਾਲ ਆਪਣੀ ਪਤਨੀ ਨੂੰ ਵੀ ਚਲਣ ਵਾਸਤੇ ਲੈ ਲਿਆ ਤੇ ਤਿਆਰ ਹੋ ਕੇ ਝਟ ਸਵਾਰ ਹੋ ਕੇ ਆ ਗਏ ਤੇ ਰੂਪੇ ਨੂੰ ਸੁਨੇਹਾ ਭੇਜ ਕੇ ਆਪਣੇ ਪਾਸ ਬੁਲਾ ਲਿਆ॥੧੯॥

ਭਾ ਪ੍ਰਲੋਕ ਸੱਧੂ ਸਿੱਖ ਕੇਰਾ। ਜੀਤ੍ਯੋ ਜਨਮ, ਨ ਭਵਜਲ ਫੇਰਾ।
ਕ੍ਰਮ ਕ੍ਰਮ ਪੰਥ ਉਲੰਘਨ ਕੀਨੋ। ਡੇਰਾ ਵਹਿਰ ਆਨਿ ਕਰਿ ਦੀਨੋ॥ ੨੦ ॥

ਰੂਪੇ ਦਾ ਪਿਤਾ ਸੱਧੂ ਸਿੱਖ ਪ੍ਰਲੋਕ ਚਲੇ ਗਿਆ ਸੀ, ਇਹ ਜਨਮ ਉਸ ਜਿੱਤ ਲਿਆ ਤੇ ਭਵਜਲ ਦੀ ਫੇਰੀ ਖਤਮ ਹੋ ਗਈ ਸੀ। ਹੌਲੀ-ਹੌਲੀ ਸਾਰਾ ਪੈਂਡਾ ਲੰਘ ਆਏ, ਨਗਰ ਦੇ ਬਾਹਰ ਆ ਕੇ ਡੇਰਾ ਲਾ ਲਿਆ॥੨੦॥

ਸੁਭਟ ਸੈਂਕਰੇ ਸੰਗ ਸੁਹਾਏ। ਬ੍ਰਿੰਦ ਸਭਾਸਦ ਕਰਿ ਇਕ ਥਾਏਂ।
ਜਹਿਂ ਬੈਠ ਜਗਦੀਸ਼ ਗੁਸਾਈਂ। ਧਰਤਿ ਸ਼ੋਕ ਨ੍ਰਿਪ ਨਰ ਸਮੁਦਾਈ ॥੨੧॥

ਸੈਂਕੜੇ ਸੂਰਬੀਰ ਨਾਲ ਸੋਭ ਰਹੇ ਸਨ। ਵੱਡੀ ਸਭਾ ਬੁਲਾ ਕੇ ਮਾਲਕ ਸਤਿਗੁਰੂ ਜੀ ਜਿਥੇ ਇਕ ਥਾਂ ਬੈਠੇ ਸਨ ਉਥੇ ਰਾਜੇ ਰੰਕ ਸਭ ਨੇ ਇਕੱਠੇ ਹੋ ਕੇ ਸੋਗ ਧਾਰਨ ਕੀਤਾ ਸੀ॥੨੧॥

ਪਹੁਚੇ ਜਾਇ ਗੁਰੂ ਕੇ ਤੀਰ। ਲਗਜੋ ਦਿਵਾਨ ਅੱਗ੍ਰ ਨਰ ਭੀਰ।
ਫਰਸ਼ ਦਰਾਜ਼ ਭਯੋ ਅਵਿਲੋਕਾ। ਦਿਸ਼ਿ ਦੋਨਹੁਂ ਮੈਂ ਭਾ ਵਧਿ ਸ਼ੋਕਾ॥੨੨॥

ਉਹ ਜਾ ਕੇ ਗੁਰੂ ਜੀ ਪਾਸ ਪਹੁੰਚ ਗਏ, ਦੀਵਾਨ ਲੱਗਾ ਸੀ ਤੇ ਮਨੁੱਖਾਂ ਦੀ ਬਹੁਤ ਭੀੜ ਸੀ। ਇਹ ਵੇਖਿਆ ਕਿ ਬਹੁਤ ਦੂਰ ਤਕ ਵਿਛਾਉਣੇ ਵਿਛੇ ਹੋਏ ਸਨ, ਦੋਵੇਂ ਪਾਸੀਂ ਬਹੁਤ ਵੱਡਾ ਸ਼ੋਕ ਵਧਿਆ ਹੋਇਆ ਸੀ॥੨੨॥

ਚਰਨ ਸਰੋਜ ਗੁਰੂ ਕੇ ਬੰਦੇ। ਬੈਠਾਰੇ ਸਨਮਾਨ ਬਿਲੰਦੇ।
ਜੋਧਰਾਇ ਕਰ ਜੋਰਿ ਬਖਾਨਾ। 'ਸ੍ਰੀ ਗੁਰਦਿੱਤਾ ਪਰਮ ਸੁਜਾਨਾ॥੨੩॥

ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ ਤੇ ਗੁਰੂ ਜੀ ਨੇ ਵੱਡਾ ਸਨਮਾਨ ਦੇ ਕੇ ਬੈਠਾਏ। ਜੋਧ ਰਾਇ ਨੇ ਹੱਥ ਜੋੜ ਕੇ ਕਿਹਾ, 'ਸ੍ਰੀ ਗੁਰਦਿੱਤਾ ਜੀ ਪਰਮ ਚਤੁਰ ਸਨ॥੨੩॥

ਕਾਰਨ ਕੌਨ ਭਯੋ ਦੁਖਿਯਾਰਾ?। ਜਿਸ ਤੇ ਪਹੁੰਚੇ ਸੁਰਗ ਮਝਾਰਾ।
ਕਹਾਂ ਅਚਾਨਕ ਅਸ ਗਤਿ ਹੋਈ?। ਪੂਰਬ ਸੁਨੀ ਨਹੀਂ ਹਮ ਕੋਈ'॥੨੪॥

ਕੀ ਦੁਖਦਾਇਕ ਕਾਰਨ ਹੋਇਆ ਹੈ? ਜਿਸ ਕਰਕੇ ਸਵਰਗ ਵਿਚ ਪਹੁੰਚ ਗਏ ਹਨ। ਅਚਾਨਕ ਐਸੀ ਕਿਹੜੀ ਗਤ ਹੋਈ? ਪਹਿਲਾਂ ਤਾਂ ਅਸੀਂ ਐਸੀ ਗੱਲ ਨਹੀਂ ਸੁਣੀ ਹੈ'॥੨੪॥

ਭਾਨਾ ਆਦਿ ਸੁਨਨਿ ਸਭਿ ਬੈਸੇ। ਸ੍ਰੀ ਹਰਿਗੋਵਿੰਦ ਉਚਰਯੋ ਐਸੇ।
'ਜੇ ਮ੍ਰਿਤੁ ਕੇ ਕਾਰਨ ਹੈਂ ਨਾਨਾ। ਸੋ ਸਭਿ ਜਾਨਹੁਂ, ਕੀਨਿ ਬਹਾਨਾ॥੨੫॥

ਬਾਬਾ ਭਾਨੋ ਸਾਹਿਬ ਆਦਿ ਸਾਰੇ ਸੁਣਨ ਵਾਸਤੇ ਬੈਠੇ ਸਨ, ਸ੍ਰੀ ਹਰਿਗੋਬਿੰਦ ਜੀ ਨੇ ਇਸ ਤਰ੍ਹਾਂ ਕਿਹਾ, "ਜੇ ਮ੍ਰਿਤੂ ਦੇ ਅਨੇਕਾਂ ਕਾਰਨ ਹਨ ਤਾਂ ਸਭ ਜਾਣੋ ਇਹ ਵੀ ਬਹਾਨਾ ਹੀ ਬਣਿਆ ਹੈ॥੨੫॥

ਜਿਮ ਪੂਰਬ ਹੁਇ ਲਿਖਤਿ ਲਿਲਾਰਾ। ਤਿਸ ਅਨੁਸਾਰ ਰਹਤਿ ਜਗੁ ਸਾਰਾ।
ਜਿਯਬੋ ਜੇਤਿਕ ਬਰਖ ਮਹੀਨਾ। ਦਿਵਸ ਪਹਿਰ ਘਟਿਕਾ ਲਗਿ ਚੀਨਾ॥੨੬॥

ਜਿਵੇਂ ਪਹਿਲਾਂ ਮੱਥੇ ਤੇ ਲਿਖਿਆ ਹੋਵੇ, ਉਸ ਅਨੁਸਾਰ ਹੀ ਸਾਰਾ ਜਗ ਰਹਿੰਦਾ ਹੈ। ਜਿੰਨੇ ਸਾਲ ਮਹੀਨੇ, ਦਿਨ, ਪਹਿਰ ਘੜੀਆਂ ਹੁੰਦੀਆਂ ਹਨ, ਉਸ ਸਮੇਂ ਤਕ ਮਨੁੱਖ ਜੀਉਂਦਾ ਹੈ॥੨੬॥

ਜੇਤਿਕ ਸ੍ਵਾਸ ਲੇਨਿ ਹੈਂ ਲਿਖੇ। ਤੇਤਿਕ ਲੇਤਿ, ਜਿਯਤਿ ਤਿਨ ਬਿਖੈ।
ਬਹੁਰ ਨ ਹੋਵੈ ਅਲਪ ਉਦਾਰਾ। ਕਰਨੈ ਹਾਰ ਨ ਭੂਲਨ ਹਾਰਾ॥੨੭॥

ਜਿੰਨੇ ਸਵਾਸ ਲੈਣੇ ਲਿਖੇ ਹਨ, ਉਨੇ ਹੀ ਲੈਂਦਾ ਹੈ ਤੇ ਉਨ੍ਹਾਂ ਦੇ ਵਿਚ ਹੀ ਜੀਉਂਦਾ ਹੈ। ਫਿਰ ਬਾਅਦ ਵਿਚ ਘਟ ਵੱਧ ਨਹੀਂ ਹੋ ਸਕਦਾ। ਕਰਨੇਹਾਰ ਪ੍ਰਭੂ ਭੁਲਣਹਾਰ ਨਹੀਂ ਹੈ॥੨੭॥

ਸੋ ਛਿਨ ਟਪਹਿ ਨ ਕਰਹਿ ਉਪਾਯਾ। ਕਰਹਿ ਭਰਮ ਤੇ ਮੋਹਤਿ ਮਾਯਾ।
ਯਾਂਤੇ ਲਖਹੁ ਨ ਕਾਰਨ ਕੋਈ। ਜੋ ਬਿਧਿ ਕਰਤਿ ਸਹਹਿ ਸਿਰ ਸੋਈ॥ ੨੮॥

ਉਹ ਛਿਣ ਟਪਦਾ ਨਹੀਂ, ਭਾਵੇਂ ਉਪਾਅ ਵੀ ਕਰੀਏ, ਭਰਮ ਅਤੇ ਮੋਹ ਮਾਇਆ ਦੀ ਆਪ ਹੀ ਰਚਨਾ ਕਰਦਾ ਹੈ। ਇਸ ਕਰਕੇ ਕੋਈ ਵੀ ਕਾਰਨ ਨਾ ਸਮਝੋ, ਜਿਸ ਤਰ੍ਹਾਂ ਉਹ ਕਰਦਾ ਹੈ, ਉਸ ਤਰ੍ਹਾਂ ਅਸੀਂ ਸਿਰਾਂ ਤੇ ਸਹਿੰਦੇ ਹਾਂ॥੨੮॥

ਕ੍ਰਿਤ ਪਰਮੇਸੁਰ ਕੀ ਸਭਿ ਜਾਨੈ। ਕਰਹਿ ਅਪਰ, ਇਹ ਮੂਰਖ ਮਾਨੈਂ।
ਦੂਖ ਸੁਖ ਦੇਨਹਾਰ ਕਰਤਾਰਾ। ਅਪਰ ਨਹੀਂ ਕੋ ਜਗਤ ਮਝਾਰਾ॥ ੨੯॥

ਦੁਖ-ਸੁਖ ਆਦ ਸਭ ਪਰਮੇਸ਼ਰ ਦੀ ਹੀ ਕਿਰਤ ਜਾਣੋ, ਮੂਰਖ ਇਹ ਮੰਨਦੇ ਹਨ ਕਿ ਸੁਖ ਦੁਖ ਕੋਈ ਹੋਰ ਦੇ ਰਿਹਾ ਹੈ। ਦੁਖ ਸੁਖ ਦੇਣ ਵਾਲਾ ਕਰਤਾਰ ਹੈ ਜਗਤ ਵਿਚ ਹੋਰ ਕੋਈ ਨਹੀਂ ਹੈ॥੨੯॥

ਹਤਨ ਜਿਵਾਵਨ ਅਪਰੈ ਕੌਨ? ਸਕਲ ਸੰਤ ਜਾਨਤਿ ਹੈਂ ਤੌਨ।
ਜਿਮ ਕੇਹਰਿ ਕੋ ਲਾਠੀ ਹਾਨਹਿਂ। ਹਤਨਹਾਰ ਪਰ ਦ੍ਰਿਸ਼ਟੀ ਠਾਨਹਿਂ॥ ੩੦॥

ਮਾਰ ਜਿਵਾਲਣ ਵਾਲਾ ਹੋਰ ਕੌਣ ਹੈ ? ਸਾਰੇ ਸੰਤ ਇਸ ਤਰ੍ਹਾਂ ਜਾਣਦੇ ਹਨ। ਜਿਵੇਂ ਜੇ ਸ਼ੇਰ ਨੂੰ ਲਾਠੀ ਮਾਰੀਏ ਤਾਂ ਉਹ ਮਾਰਨ ਵਾਲੇ ਨੂੰ ਘੂਰਦਾ ਹੈ॥੩੦॥

ਜੇ ਕੂਕਰ ਕੋ ਮਾਰਤਿ ਕੋਈ। ਦੋਸ਼ ਲਸ਼ਟਕਾ ਜਾਨਤਿ ਸੋਈ।
ਮੁਖ ਪਸਾਰ ਤਿਸ ਕੋ ਗਹਿ ਲੇਤਿ। ਹਤਨਹਾਰ ਕੋ ਤਯਾਗ ਸੁ ਦੇਤਿ॥ ੩੧॥

ਜੇ ਕੁੱਤੇ ਨੂੰ ਕੋਈ ਸੋਟੀ ਮਾਰਦਾ ਹੈ, ਤਾਂ ਉਹ ਸੋਟੀ ਦਾ ਦੋਸ਼ ਸਮਝਦਾ ਹੈ। ਮੂੰਹ ਖੋਲ੍ਹ ਕੇ ਸੋਟੀ ਨੂੰ ਫੜ ਲੈਂਦਾ ਹੈ ਤੇ ਮਾਰਨ ਵਾਲੇ ਨੂੰ ਛੱਡ ਦਿੰਦਾ ਹੈ॥੩੧॥

ਸ੍ਵਾਨ ਦ੍ਰਿਸ਼ਟਿ ਇਹੁ ਮਨਮੁਖ ਧਾਰੈ। ਕਲਪਹਿ ਨਰਨ ਬਿਖੈ, ਇਹ ਮਾਰੈ।
ਇਹੁ ਮੁਝ ਕੋ ਦੇਵਤਿ ਸੁਖ ਆਛੈ। ਇਹੁ ਨਰ ਦੁਖਦ ਮੋਹਿ ਇਮ ਬਾਛੈ॥ ੩੨॥

ਮਨਮੁਖ ਮਨੁੱਖ ਕੁਤੇ ਵਾਲੀ ਦ੍ਰਿਸ਼ਟੀ ਧਾਰਨ ਕਰਦਾ ਹੈ, ਪੁਰਸ਼ਾਂ ਵਿਚ ਕਲਪਦਾ ਹੈ ਕਿ ਇਹ ਮੈਨੂੰ ਮਾਰਦੇ ਹਨ। ਇਹ ਮੈਨੂੰ ਚੰਗੇ ਸੁਖ ਦਿੰਦੇ ਹਨ, ਇਹ ਮਨੁੱਖ ਮੈਨੂੰ ਦੁੱਖ ਦਿੰਦਾ ਹੈ, ਇਸ ਤਰ੍ਹਾਂ ਸਮਝਦਾ ਹੈ॥੩੨॥

ਸ਼ੇਰ ਦ੍ਰਿਸ਼ਟਿ ਗੁਰਮੁਖ ਨਿਤ ਧਾਰੈਂ। ਸੁਖਦ ਦੁਖਦ ਜਾਨਹਿਂ ਕਰਤਾਰੈ।
ਰਾਗ ਦ੍ਵੈਖ ਇਸ ਤੇ ਨਹਿਂ ਹੋਤਿ। ਲਖਹਿਂ ਪ੍ਰਮੇਸ਼ੁਰ ਸ਼ਾਂਤਿ ਉਦੋਤਿ॥ ੩੩॥

ਸ਼ੇਰ ਦੀ ਦ੍ਰਿਸ਼ਟੀ ਸਦਾ ਗੁਰਮੁਖ ਧਾਰਦੇ ਹਨ, ਦੁੱਖ ਸੁਖ ਉਹ ਕਰਤਾਰ ਵਲੋਂ ਦਿੱਤੇ ਸਮਝਦੇ ਹਨ। ਪ੍ਰੇਮ ਦ੍ਵੈਖ ਇਸ ਤੋਂ ਨਹੀਂ ਹੁੰਦਾ ਹੈ ਪ੍ਰਮੇਸ਼ਰ ਨੂੰ ਉਹ ਸ਼ਾਂਤੀ ਦਾ ਪ੍ਰਕਾਸ਼ ਸਮਝਦੇ ਹਨ॥੩੩॥

ਸ੍ਵਾਨ ਦ੍ਰਿਸ਼ਟਿ ਮਹਿਂ ਅਨਿਕ ਬਿਕਾਰ। ਜਿਨ ਤੇ ਪੁਨ ਪੁਨ ਪਰਹਿ ਸੰਸਾਰ।
ਰਾਇ ਜੋਧ ! ਤੁਮ ਸਮਝਹੁ ਐਸੇ। ਸ਼੍ਰੀ ਗੁਰਦਿੱਤੇ ਕੀ ਬਿਧਿ ਤੈਸੇ॥ ੩੪॥

ਕੁੱਤੇ ਵਾਲੀ ਦ੍ਰਿਸ਼ਟੀ ਵਿਚ ਅਨੇਕਾਂ ਹੀ ਵਿਕਾਰ ਹਨ, ਜਿਸ ਕਾਰਨ ਬਾਰ-ਬਾਰ ਸੰਸਾਰ ਵਿਚ ਆਉਂਦਾ ਹੈ। ਹੇ ਰਾਇ ਜੋਧ! ਤੁਸੀਂ ਇਸ ਤਰ੍ਹਾਂ ਸਮਝੋ, ਸ੍ਰੀ ਗੁਰਦਿੱਤਾ ਜੀ ਇਸ ਵਿਧੀ ਅਨੁਸਾਰ ਪ੍ਰਭੂ ਵਿਚ ਸਮਾ ਗਏ ਹਨ॥੩੪॥

ਜਿਮ ਪ੍ਰਭੁ ਚਹੈ ਹੋਇ ਤਿਮ ਸਾਚੀ। ਕ੍ਰਿਯਾ ਅਪਰ ਕੀ ਜਾਨਹ ਕਾਚੀ'।
ਸੁਨਤਿ ਜੋਧ ਬੋਲਯੋ ਦ੍ਰਿਗ ਬਾਰੀ। 'ਸ਼੍ਰੀ ਪ੍ਰਭੂ ਜੀ! ਇਹੁ ਸਾਚ ਉਚਾਰੀ॥ ੩੫॥

ਜਿਵੇਂ ਪ੍ਰਭੂ ਜੀ ਚਾਹੁੰਦੇ ਹਨ, ਉਸ ਤਰ੍ਹਾਂ ਹੀ ਸੱਚੋ ਸੱਚ ਹੁੰਦਾ ਹੈ, ਹੋਰ ਸਾਰੀਆਂ ਕ੍ਰਿਆਵਾਂ ਨੂੰ ਕਚੀਆਂ ਜਾਣੋ।'' ਇਹ ਸੁਣਕੇ ਅੱਖਾਂ ਵਿਚ ਜਲ ਭਰ ਕੇ ਰਾਇ ਜੋਧ ਬੋਲਿਆ, ''ਹੇ ਸ੍ਰੀ ਪ੍ਰਭੂ ਜੀ ! ਤੁਸੀਂ ਇਹ ਸੱਚੀ ਗੱਲ ਉਚਾਰਨ ਕੀਤੀ ਹੈ॥੩੫

ਕ੍ਰਿਪਾ ਆਪ ਕੀ ਜਿਸ ਪਰ ਹੋਇ। ਇਹ ਮਾਰਗ ਕੋ ਬੂਝੈ ਸੋਇ'।
ਸੁਨਤਿ ਸਭਾ ਸਭਿ ਆਂਸੂ ਗੇਰਤਿ। ਗੁਰ ਸੁਤ ਸਿਮਰਤਿ ਧਰਨੀ ਹੇਰਤਿ॥੩੬॥

ਜਿਸ ਉੱਤੇ ਆਪ ਜੀ ਦੀ ਕਿਰਪਾ ਹੋਵੇ, ਉਹ ਹੀ ਇਸ ਮਾਰਗ ਨੂੰ ਜਾਣ ਸਕਦਾ ਹੈ। ਇਹ ਸੁਣ ਕੇ ਸਭਾ ਵਿਚ ਸਭ ਨੇ ਹੰਝੂ ਕੇਰੇ ਗੁਰੂ-ਪੁੱਤਰ ਨੂੰ ਯਾਦ ਕਰਕੇ ਧਰਤੀ ਵੱਲ ਵੇਖਦੇ ਸਨ॥੩੬॥

ਸਭਿ ਕੇ ਮਨ ਮੈਂ ਸ਼ੋਕ ਬਿਸਾਲਾ। ਰਹੇ ਮੋਨ ਕਰਿ ਕੇਤਿਕ ਕਾਲਾ।
ਜੁਗ ਘਟਿਕਾ ਮਹਿਂ ਗੁਰੂ ਉਚਾਰਾ। 'ਅਬਿ ਬਿਸਰਾਮ ਲੇਹੁ ਸੁਖ ਧਾਰਾ'॥੩੭॥

ਸਾਰਿਆਂ ਦੇ ਮਨ ਵਿਚ ਵੱਡਾ ਸ਼ੋਕ ਸੀ, ਕਾਫੀ ਸਮੇਂ ਤਕ ਉਹ ਚੁੱਪ ਰਹੇ। ਦੋ ਘੜੀਆਂ ਬਾਅਦ ਗੁਰੂ ਜੀ ਨੇ ਉਚਾਰਨ ਕੀਤਾ, ''ਹੁਣ ਵਿਸਰਾਮ ਕਰਕੇ ਸੁੱਖ ਧਾਰਨ ਕਰੋ''॥੩੭॥

ਜਥਾ ਜੋਗ ਸੇਵਾ ਕੇ ਹੇਤੁ। ਕਹਿ ਗੁਰ ਕਰੇ ਮਸੰਦ ਸੁਚੇਤ।
ਤ੍ਰਿਣ ਦਾਨਾ ਹਯ ਹੇਤੁ ਨਿਹਾਰੀ। ਖਰੇ ਹੋਇ ਲੀਨੀ ਸੁਧ ਸਾਰੀ॥੩੮॥

ਯਥਾ ਯੋਗ ਸੇਵਾ ਕਰਨ ਵਾਸਤੇ ਗੁਰੂ ਜੀ ਨੇ ਸਾਰੇ ਮਸੰਦਾਂ ਨੂੰ ਸੁਚੇਤ ਕਰ ਦਿੱਤਾ। ਘਾਹ, ਦਾਣੇ ਅਤੇ ਨਿਹਾਰੀਆ ਘੋੜਿਆ ਨੂੰ ਦਿੱਤੀਆ ਤੇ ਖੜੇ ਹੋ ਕੇ ਸਾਰੀ ਖ਼ਬਰ ਸਾਰ ਲਈ॥੩੮॥

ਸਭਿ ਡੇਰੇ ਹਿਤ ਦੇਗ ਪੁਚਾਈ। ਕੀਨੇ ਖਾਨ ਪਾਨ ਸਮੁਦਾਈ।
ਬ੍ਰਿੰਦ ਮਸੰਦ ਹੁਤੇ ਜੇ ਦੇਸ਼। ਲੇ ਲੇ ਸੰਗਤਿ ਆਦਿ ਅਸ਼ੇਸ਼॥੩੯॥

ਸਭ ਡੇਰੇ ਵਾਸਤੇ ਲੰਗਰ ਪਹੁੰਚਾਇਆ ਤੇ ਸਾਰਿਆਂ ਨੇ ਮਿਲ ਕੇ ਭੋਜਨ ਛਕਿਆ। ਜਿਹੜੇ ਦੇਸ਼ ਵਿਚ ਸਮੂਹ ਮਸੰਦ ਸਨ, ਉਹ ਸਾਰੇ ਸੰਗਤਾਂ ਨੂੰ ਲੈ-ਲੈ ਕੇ ਆ ਰਹੇ ਸਨ॥੩੯॥

ਗੁਰ ਸੁਤ ਕੀ ਸੁਧ ਜਹਿਂ ਜਹਿਂ ਗਈ। ਸੁਨਿ ਸੁਨਿ ਤੂਰਨ ਆਵਤਿ ਭਈ।
ਗੁਰੂ ਸੁਤਾ ਵੀਰੋ ਚਲਿ ਆਈ। ਰੋਵਤਿ ਊਚੇ ਕਹਿ ਕਹਿ 'ਭਾਈ'॥੪੦॥

ਗੁਰੂ-ਪੁੱਤਰ ਦੀ ਖ਼ਬਰ ਜਿਥੇ ਜਿਥੇ ਗਈ, ਉਹ ਸੰਗਤਾਂ ਸੁਣ-ਸੁਣ ਕੇ ਤੁਰਤ ਆ ਰਹੀਆਂ ਸਨ। ਗੁਰੂ ਜੀ ਦੀ ਪੁੱਤਰੀ ਵੀਰੋ ਵੀ ਚਲ ਕੇ ਆਈ ਉੱਚੀ-ਉੱਚੀ ਰੋ ਕੇ 'ਭਾਈ ਭਾਈ' ਕਹਿੰਦੀ ਸੀ॥੪੦॥

ਜੋਧ ਰਾਇ ਕੀ ਰੋਦਤਿ ਦਾਰਾ। ਤ੍ਰਿਯ ਗਨ ਸ਼ਬਦ ਭਰਜੋ ਪੁਰਿ ਸਾਰਾ।
ਜਨੁ ਕਰੁਨਾਰਸ ਕਟਕ ਬਟੋਰਾ। ਘਾਲਜੋ ਡੇਰਾ ਸ਼ੋਰ ਨ ਥੋਰਾ॥੪੧॥

ਜੋਧ ਰਾਇ ਦੀ ਪਤਨੀ ਵੀ ਰੋਂਦੀ ਸੀ, ਇਸਤਰੀਆਂ ਨੇ ਮਿਲ ਕੇ ਬਹੁਤ ਉੱਚੀ ਆਵਾਜ਼ ਵਿਚ ਰੋਈਆਂ, ਜਿਹੜੀ ਆਵਾਜ਼ ਸਾਰੇ ਨਗਰ ਵਿਚ ਸੁਣਾਈ ਦਿੱਤੀ। ਮਾਨੋਂ ਕਰੁਨਾਰਸ ਕਰੋੜਾਂ ਦੀ ਗਿਣਤੀ ਵਿਚ ਇਕੱਠਾ ਹੋ ਗਿਆ ਹੋਵੇ, ਸਾਰੇ ਡੇਰੇ ਵਿਚ ਬਹੁਤ ਉੱਚੀ ਰੋਲਾ ਮਚਿਆ ਹੋਇਆ ਸੀ॥੪੧॥

ਸਤਿਗੁਰ ਦੇ ਦੇ ਧੀਰ ਹਟਾਈ। ਹਿਤ ਬਰਜਨ ਦਾਸੀ ਸੁ ਪਠਾਈ।
ਤਊ ਅਧਿਕ ਪ੍ਰਿਯ ਸਭਹਿਨਿ ਕੇਰਾ। ਰੁਦਤਿ ਸਰਬ ਹੀ ਸ਼ੋਕ ਘਨੇਰਾ॥੪੨॥

ਸਤਿਗੁਰੂ ਜੀ ਨੇ ਧੀਰਜ ਦੇ ਕੇ ਰੋਕ ਦਿੱਤਾ ਤੇ ਵਰਜਣ ਵਾਸਤੇ ਦਾਸੀਆਂ ਨੂੰ ਭੇਜਿਆ ਫਿਰ ਵੀ ਸਭ ਦਾ ਬਹੁਤ ਪਿਆਰਾ ਸੀ, ਵੱਡਾ ਦੁੱਖ ਹੋਣ ਕਰਕੇ ਸਾਰੇ ਹੀ ਰੋਂਦੇ ਸਨ॥੪੨॥

*ਅੱਠਵੀਂ ਰਾਸ ਦਾ ਚਾਲੀਵਾਂ ਅਧਿਆਇ ਸਮਾਪਤ ਹੋਇਆ॥੪੦॥*

# ਅਧਿਆਇ ਇਕਤਾਲੀਵਾਂ

## ਸ੍ਰੀ ਹਰਿਰਾਇ ਜੀ ਦੀ ਦਸਤਾਰ ਬੰਦੀ

ਦੋਹਰਾ- ਨਰ ਨਾਰੀ ਨਿਤ ਪ੍ਰਤਿ ਨਏ ਕੀਰਤਪੁਰ ਮਹਿੰ ਆਇ।
ਸਨਬੰਧੀ ਸਿਖ ਸੰਗਤਾਂ ਰੋਦਤਿ ਸ਼ੋਕ ਬਧਾਇ॥ ੧॥

ਨਿਤ ਨਵੇਂ ਇਸਤਰੀ ਪੁਰਸ਼ ਕੀਰਤਪੁਰ ਵਿਚ ਆਉਂਦੇ ਸਨ, ਸੰਬੰਧੀ ਸਿੱਖ ਸੰਗਤਾਂ ਬੜਾ ਦੁੱਖ ਵਧਾ ਕੇ ਰੋਂਦੀਆਂ ਸਨ॥੧॥

ਚੌਪਈ- ਅਲਪ ਬੈਸ ਮਹਿੰ ਸ੍ਰੀ ਹਰਿਰਾਇ। ਕ੍ਰਿਯਾ ਪਿਤਾ ਹਿਤ ਕਰਹਿੰ ਬਨਾਇ।
ਬੀਨ ਪੁਸ਼ਪ ਸੁਰਸਰਿ ਪਹੁੰਚਾਏ। ਅਪਰ ਜਥੋਚਿਤ ਬਿਧੀ ਕਰਾਏ॥ ੨॥

ਸ੍ਰੀ ਹਰਿਰਾਇ ਸਾਹਿਬ ਦੀ ਹਾਲੇ ਉਮਰ ਬਹੁਤ ਛੋਟੀ ਸੀ, ਆਪਣੇ ਪਿਤਾ ਜੀ ਵਾਸਤੇ ਉਹ ਬੜੇ ਆਦਰ ਨਾਲ ਕ੍ਰਿਆ ਕਰਦਾ ਸੀ। ਫੁੱਲ ਚੁਣ ਕੇ ਗੰਗਾ ਵਿਖੇ ਪਹੁੰਚਾਏ, ਹੋਰ ਸਭ ਕੁਝ ਆਪਣੀ ਮਰਜ਼ੀ ਅਨੁਸਾਰ ਕਰਵਾਇਆ॥੨॥

*ਨੋਟ : ਗੁਰੂ ਘਰ ਵਿਚ ਵੈਦਕ ਲੌਕਿਕ ਰੀਤੀਆਂ ਬੰਦ ਹੋ ਚੁੱਕੀਆਂ ਸਨ ਇਸ ਲਈ ਫੁੱਲ ਗੰਗਾ ਭੇਜਣੇ ਠੀਕ ਨਹੀਂ ਜਾਪਦੇ। ਫੁੱਲ ਕੀਰਤਪੁਰ ਹੀ ਸਤਿਲੁਜ ਵਿਚ ਪਾਏ ਗਏ ਸਨ। ਤਦ ਤੋਂ ਇਹ ਰਿਵਾਜ ਸਿੱਖਾਂ ਵਿਚ ਜਾਰੀ ਰਿਹਾ ਹੈ।*

ਦਿਵਸ ਤੀਨ ਦਸ ਜਬਹਿ ਬਿਤਾਏ। ਭਯੋ ਸਮਾਜ ਮਨੁਜ ਸਮੁਦਾਏ।
ਜਹਿੰ ਲੌ ਪਹੁੰਚਿ ਆਇਬੇ ਕੇਰੀ। ਮਿਲੀ ਸੰਗਤੈਂ ਆਨਿ ਘਨੇਰੀ॥ ੩॥

ਜਦ ਤੇਰਾ ਦਿਨ ਬਤੀਤ ਕੀਤੇ ਤਾਂ ਸਾਰਾ ਸਮਾਜ ਇਕੱਠਾ ਹੋਇਆ ਭਾਵ ਬਹੁਤ ਪੁਰਸ਼ਾਂ ਦਾ ਇਕੱਠ ਹੋਇਆ। ਜਿਥੋਂ ਤਕ ਆਉਣ ਦੀ ਪਹੁੰਚ ਸੀ, ਬਹੁਤ ਸੰਗਤ ਆ ਕੇ ਇਕੱਠੀ ਹੋਈ॥੩॥

ਜੋਧਰਾਇ ਅਰ ਸਾਹਿਬ ਭਾਨਾ। ਸ੍ਰੀ ਹਰਿਗੋਵਿੰਦ ਸੰਗ ਬਖਾਨਾ।
'ਸ੍ਰੀ ਗੁਰਦਿੱਤੇ ਕੇ ਜੁਗ ਨੰਦ। ਧੀਰਮਲ ਹੈ ਬੈਸ ਬਿਲੰਦ॥ ੪॥

ਜੋਧ ਰਾਇ ਅਤੇ ਭਾਨਾ ਸਾਹਿਬ ਨੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਕਿਹਾ 'ਸ੍ਰੀ ਗੁਰਦਿੱਤੇ ਦੇ ਦੋ ਪੁੱਤਰ ਹਨ, ਧੀਰਮਲ ਉਮਰ ਵਿਚ ਵੱਡਾ ਹੈ॥੪॥

ਸੋ ਨਹਿੰ ਚਲਿ ਕੀਰੰਤਿ ਪੁਰਿ ਆਵਾ। ਤੁਟਯੋ ਸਭਿਨਿ ਤੇ, ਕਜਾ ਲਖਿ ਪਾਵਾ।
ਪਿਤ ਪਰਲੋਕ ਭਯੋ ਅਸ ਸਮਾਂ। ਆਇ ਨ ਪਹੁੰਚਯੋ ਕੀਨਿ ਨ ਗ਼ਮਾਂ॥੫॥

ਉਹ ਚਲ ਕੇ ਕੀਰਤਪੁਰ ਨਹੀਂ ਆਇਆ ਹੈ, ਸਾਰਿਆਂ ਨਾਲੋਂ ਟੁੱਟ ਗਿਆ ਹੈ, ਉਸ ਨੇ ਕੀ ਸਮਝਿਆ ਹੈ। ਐਸਾ ਸਮਾਂ ਹੋਵੇ ਕਿ ਪਿਤਾ ਜੀ ਪਰਲੋਕ ਚਲੇ ਗਏ ਹੋਣ, ਆ ਕੇ ਪਹੁੰਚਿਆ ਨਹੀਂ ਤੇ ਅਫ਼ਸੋਸ ਵੀ ਨਹੀਂ ਕੀਤਾ ਹੈ॥੫॥

ਦੇਨੀ ਬਨੈ ਅਬੈ ਦਸਤਾਰ। ਕੋ ਗਾਫ਼ਰ ਨੇ ਕੀਨਿਸ ਢਾਰ।
ਪੁਰਿ ਕਰਤਾਰ ਦੇਨਿ ਕੋ ਜਾਇ। ਅਪਰ ਨਹੀਂ ਕੋ ਬਨੈਂ ਉਪਾਇ॥ ੬॥

ਉਸ ਨੂੰ ਦਸਤਾਰ ਦੇਣੀ ਬਣਦੀ ਹੈ, ਆਪ ਜੀ ਨੇ ਕੀ ਰੀਤੀ ਕੀਤੀ ਹੈ। ਕੋਈ ਕਰਤਾਰਪੁਰ ਵਿਖੇ ਦਸਤਾਰ ਦੇਣ ਜਾਵੇ ਹੋਰ ਕੋਈ ਉਪਾਅ ਨਹੀਂ ਬਣਦਾ ਹੈ॥੩॥

ਤਿਸ ਤੇ ਸ੍ਰੀ ਹਰਿਰਾਇ ਛੁਟੇਰੇ। ਧੀਰ ਸ਼ੀਲ ਗੁਨ ਬਿਖੈ ਬਡੇਰੇ।
ਅਸਮੰਜਸ ਲਖਿਜਤਿ ਸ੍ਰੀ ਗੁਰ ਜੀ! ਤਊ ਹਮਾਰੀ ਸੁਨੀਅਹਿ ਅਰਜ਼ੀ॥ ੭॥

ਸ੍ਰੀ ਹਰਿਰਾਇ ਜੀ ਉਸ ਤੋਂ ਛੋਟੇ ਹਨ, ਧੀਰਜ ਅਤੇ ਸ਼ੀਲਤਾ ਵਰਗੇ ਗੁਣਾਂ ਵਿਚ ਵੱਡੇ ਹਨ। ਹੇ ਗੁਰੂ ਜੀ! ਇਹ ਨਾਮੁਨਾਸਿਬ ਗੱਲ ਸਮਝੋ। ਫਿਰ ਵੀ ਸਾਡੀ ਬੇਨਤੀ ਸੁਣੋ॥੭॥

ਅਰੁ ਹਮ ਲਖਜੇ ਚਹੈਂ ਤੁਵ ਮਰਜ਼ੀ। ਲਘੁ ਪਰ ਹੀ ਪ੍ਰਸੰਨ ਹੈਂ ਹਰਿਜੀ।
ਦੇਨੀ ਬਨੈ ਇਨੈ੍ ਦਸਤਾਰ। ਬਡਿਆਈ ਕੇ ਉਚਿਤ ਉਦਾਰ॥ ੮॥

ਅਤੇ ਅਸੀਂ ਤੁਹਾਡੀ ਮਰਜ਼ੀ ਵੇਖਣਾ ਚਾਹੁੰਦੇ ਹਾਂ, ਛੋਟੇ ਉਤੇ ਹੀ ਪ੍ਰਭੂ ਜੀ ਪ੍ਰਸੰਨ ਹਨ। ਇਨ੍ਹਾਂ ਨੂੰ ਹੀ ਦਸਤਾਰ ਦੇਣੀ ਬਣਦੀ ਹੈ, ਵਡਿਆਈ ਦੇ ਪੱਖੋਂ ਇਹ ਉੱਤਮ ਰੂਪ ਵਿਚ ਉਚਿਤ ਹਨ॥੮॥

ਮੁਖ ਪ੍ਰਸੰਨ ਰਹਿ ਬਿਕਸਜੋ ਸਦਾ। ਧੀਰਜ ਸਹਿਤ ਗਹੀਰ ਸੁ ਰਿਦਾ।
ਸਭਿ ਸੋਂ ਬੋਲਤਿ ਮ੍ਰਿਦੁਲ ਸੁਭਾਊ। ਮਤਸਰ ਆਦਿ ਕੁਤਰਕ ਨ ਕਾਊ'॥੯॥

ਸਦਾ ਹੀ ਪ੍ਰਸੰਨ ਰਹਿੰਦੇ ਹਨ ਅਤੇ ਚਿਹਰਾ ਖਿੜਿਆ ਰਹਿੰਦਾ ਹੈ ਧੀਰਜ ਸਹਿਤ ਹਿਰਦਾ ਬਹੁਤ ਗਹਿਰਾ ਹੈ। ਸਭ ਨਾਲ ਬੋਲਦੇ ਹਨ, ਬੜਾ ਮਿੱਠਾ ਸੁਭਾਅ ਹੈ, ਹੰਕਾਰ ਆਦਿ ਤੇ ਕਿਸੇ ਪ੍ਰਕਾਰ ਦਾ ਵੀ ਤਰਕ ਨਹੀਂ ਹੈ'॥੯॥

ਸੁਨਿ ਸਤਿਗੁਰ ਦੋਨੋਂ ਸਮੁਝਾਏ। 'ਬਡ ਬਡਿਆਈ ਉਚਿਤ ਸੁਹਾਏ।
ਸਭਿ ਕੁਟੰਬ ਤੇ ਇਨ ਕੇ ਭਾਗ। ਜਾਨੇ ਪਰੈਂ ਬਡੇ ਅਬਿ ਜਾਗਿ॥ ੧੦॥

ਸਤਿਗੁਰੂ ਜੀ ਨੇ ਸੁਣ ਦੋਵਾਂ ਨੂੰ ਸਮਝਾਇਆ, "ਵੱਡੀ ਵਡਿਆਈ ਉਚਿਤ ਨੂੰ ਹੀ ਸੋਭਦੀ ਹੈ, ਸਭ ਪਰਿਵਾਰ ਤੋਂ ਇਨ੍ਹਾਂ ਦੇ ਭਾਗ ਵੱਡੇ ਜਾਣ ਪੈਂਦੇ ਹਨ ਜਿਹੜੇ ਹੁਣ ਜਾਗ ਪਏ ਹਨ॥੧੦॥

ਬਡੋ ਗੁਰਨਿ ਸੰਗ ਪ੍ਰਿਥੀਆ ਦ੍ਵੈਸ਼ੀ। ਨਹਿੰ ਸੁਧਰਜੋ ਬਯ ਬਿਤੀ ਅਸ਼ੇਸ਼ੀ।
ਤਥਾ ਧੀਰਮੱਲ ਮਤਸਰ ਧਰਿ ਧਰਿ। ਹੋਹਿ ਅਧੀਰਜ ਹੇਰਹਿ ਜਰਿ ਜਰਿ॥੧੧॥

ਵੱਡੇ ਗੁਰੂ ਸਾਹਿਬ ਨਾਲ ਪ੍ਰਿਥੀਆ ਈਰਖਾ ਕਰਦਾ ਸੀ, ਉਹ ਸੁਧਰਿਆ ਨਹੀਂ ਸੀ, ਸਾਰੀ ਉਮਰ ਬੀਤ ਗਈ ਸੀ। ਉਸ ਤਰ੍ਹਾਂ ਹੀ ਧੀਰਮੱਲ ਹੰਕਾਰ ਧਾਰ-ਧਾਰ ਕੇ ਧੀਰਜ ਰਹਿਤ ਹੋ ਜਾਵੇਗਾ ਤੇ ਸੜ ਬਲ ਕੇ ਵੇਖੇਗਾ॥੧੧॥

ਤਿਸੀ ਮਨਿੰਦ ਖੋਟ ਬਹੁ ਬੋਵੈ। ਗੁਰ ਘਰ ਤੇ ਨਜਾਰੋ ਤਿਮ ਹੋਵੈ।
ਸ਼੍ਰੀ ਪਰਮੇਸ਼ੁਰ ਇਮ ਹੀ ਭਾਵੈ। ਸਭਿ ਮਹਿਂ ਹਰੀਰਾਇ ਬਡਿਆਵੈ॥ ੧੨॥

ਉਸੇ ਵਾਂਗ ਖੋਟ ਬਹੁਤ ਬੀਜੇਗਾ, ਗੁਰੂ ਘਰ ਤੋਂ ਉਸ ਤਰ੍ਹਾਂ ਵੱਖਰਾ ਰਹੇਗਾ। ਸ੍ਰੀ ਪਰਮੇਸ਼ਰ ਨੂੰ ਇਸ ਤਰ੍ਹਾਂ ਹੀ ਭਾਉਂਦਾ ਹੈ, ਸਾਰਿਆਂ ਵਿਚ ਹਰੀ ਰਾਇ ਨੂੰ ਵਡਿਆਉਣਗੇ॥੧੨॥

ਨਹੀਂ ਅਪਰ ਕੇ ਹੈ ਕੁਛ ਹਾਥ। ਕਰਹਿ ਕਰਾਵਹਿ ਸ੍ਰੀ ਜਗਨਾਥ।
ਆਜ ਲਗਹਿ ਸਗਰੋ ਦਰਬਾਰਾ। ਬੈਠਾਰਹੁ ਇਨ ਸਭਾ ਮਝਾਰਾ॥ ੧੩॥

ਹੋਰ ਕਿਸੇ ਦੇ ਕੁਝ ਵੀ ਹੱਥ ਵੱਸ ਨਹੀਂ ਹੈ, ਕਰਦਾ ਕਰਵਾਉਂਦਾ ਸਭ ਕੁਝ ਵਾਹਿਗੁਰੂ ਆਪ ਹੈ। ਅਜ ਸਾਰਾ ਦਰਬਾਰ ਲਗੇਗਾ। ਇਸ ਨੂੰ ਸਭਾ ਦੇ ਵਿਚ ਬਿਠਾਓ॥੧੩॥

ਦਿਹੁ ਦਸਤਾਰ ਬੰਧਾਵਨਿ ਕੀਜੈ। ਬਡਿਆਵਹੁ ਸਭਿ ਮਹਿਂ ਦਿਖਰੀਜੈ'।
ਸੁੰਦਰ ਪਰਮਾਨੰਦ ਤਬਿ ਆਏ। ਸਾਦਰ ਅਪਨੇ ਨਿਕਟਿ ਬਿਠਾਏ॥ ੧੪॥

ਦਸਤਾਰ ਦੇ ਕੇ ਬੰਨ੍ਹਵਾਓ, ਵਡਿਆਵੋ ਤੇ ਸਭ ਵਿਚ ਵਿਖਾਓ।'' ਫਿਰ ਸੁੰਦਰ ਤੇ ਪਰਮਾਨੰਦ ਆਦੇ, ਬੜੇ ਆਦਰ ਨਾਲ ਗੁਰੂ ਜੀ ਨੇ ਉਨ੍ਹਾਂ ਨੂੰ ਆਪਣੇ ਪਾਸ ਬਿਠਾਇਆ॥੧੪॥

ਬੂਝੇ 'ਦਾਤੂ ਸੁਤ ਨਹਿਂ ਆਯੋ? ਕਹਾਂ ਕਾਜ ਜਿਸ ਮਹਿਂ ਬਿਰਮਾਯੋ'।
ਸੁਨਿ ਗੁਰ ਤੇ ਸਭਿ ਬਿਖੈ ਬਤਾਵਾ। ਧੀਰਮੱਲ ਜਿਮ ਚਹਤਿ ਹਟਾਵਾ॥੧੫॥

ਗੁਰੂ ਜੀ ਨੇ ਪੁਛਿਆ ਕਿ ਦਾਤੂ ਦਾ ਪੁੱਤਰ ਨਹੀਂ ਆਇਆ ਹੈ ? ਕਿਸ ਕਾਰਜ ਵਿਚ ਭਰਮੇ ਹੋਏ ਹਨ।'' ਉਨ੍ਹਾਂ ਗੁਰੂ ਜੀ ਪਾਸੋਂ ਸੁਣ ਕੇ ਸਾਰਿਆਂ ਦੇ ਵਿਚ ਦੱਸਿਆ, ਧੀਰਮੱਲ ਜਿਵੇਂ ਰੋਕਣਾ ਚਾਹੁੰਦਾ ਸੀ॥੧੫॥

'ਹਮ ਨੇ ਕਪਟ ਜਾਨਿ ਤਿਹ ਲੀਨਿ। ਕਹਜੋ ਬਹੁਤ ਨਹਿ ਮਾਨਜੋ, ਚੀਨ।
ਨਿਸ ਮਹਿਂ ਦਾਤੂ ਸੁਤ ਸਮੁਝਾਯੋ। ਚਤੁਰਾਈ ਛਲ ਸਾਥ ਹਟਾਯੋ॥ ੧੬॥

''ਅਸੀਂ ਉਸ ਦਾ ਕਪਟ ਜਾਣ ਲਿਆ ਸੀ, ਉਸ ਨੂੰ ਬਹੁਤ ਕਿਹਾ, ਪਰ ਉਹ ਨਾ ਮੰਨਿਆ, ਜਾਪਦਾ ਹੈ ਰਾਤ ਸਮੇਂ ਉਸ ਦਾਤੂ ਦੇ ਪੁੱਤਰ ਨੂੰ ਸਮਝਾਇਆ ਹੈ ਤੇ ਚਤੁਰਾਈ ਅਤੇ ਛੱਲ ਨਾਲ ਰੋਕ ਲਿਆ ਹੈ॥੧੬॥

ਨਿਕਟਿ ਆਪਨੇ ਰਾਖਜੋ ਤਾਂਹਿ। ਮੁਝ ਤੇ ਬਿਨ ਕਿਹ ਕੇ ਢਿਗ ਜਾਹਿਂ।
ਬਡੋ ਪੁੱਤ੍ਰ ਮੈਂ ਉਚਿਤ ਬਡਾਈ। ਨਿਕਟਿ ਗ੍ਰਿੰਥ ਤੇ ਲਈ ਗੁਰਾਈ॥ ੧੭॥

ਇਸ ਕਰਕੇ ਉਸ ਨੂੰ ਆਪਣੇ ਪਾਸ ਹੀ ਰਖਿਆ ਹੈ, ''ਮੇਰੇ ਬਗੈਰ ਕਿਸ ਦੇ ਪਾਸ ਜਾਵੇਂਗੇ। ਮੈਂ ਵੱਡਾ ਪੁੱਤਰ ਹਾਂ, ਮੇਰੀ ਵਡਿਆਈ ਯੋਗ ਹੈ, ਗ੍ਰੰਥ ਸਾਹਿਬ ਪਾਸ ਰੱਖ ਕੇ ਮੈਂ ਗੁਰਿਆਈ ਲਈ ਹੈ॥੧੭॥

ਅਹੈ ਪਿਤਾਮਾ ਕੇਤਿਕ ਦਿਨ ਕੇ। ਮੈਂ ਪੁਜਾਵਾਵੋਂ ਪੁਨ ਗੁਰ ਬਨਿ ਕੇ।
ਕੋਨ ਹਟਾਇ ਸਕੈ ਗੁਰਿਆਈ। ਗ੍ਰਿੰਥ ਪ੍ਰਤਾਪ ਸਾਥ ਮੈਂ ਪਾਈ॥ ੧੮॥

ਇਹ ਪਿਤਾਮਾ ਕਿੰਨੇ ਦਿਨ ਰਹਿਣਾ ਹੈ, ਮੈਂ ਫਿਰ ਗੁਰੂ ਬਣ ਕੇ ਆਪਣੀ ਪੂਜਾ ਕਰਵਾਵਾਂਗਾ। ਮੈਨੂੰ ਗੁਰਿਆਈ ਤੋਂ ਕੌਣ ਹਟਾ ਸਕਦਾ ਹੈ ਗ੍ਰੰਥ ਸਾਹਿਬ ਦੇ ਪ੍ਰਤਾਪ ਨਾਲ ਮੈਂ ਗੁਰਿਆਈ ਪਾਈ ਹੈ॥੧੮॥

ਇੱਤਜਾਦਿਕ ਬਾਕਨਿ ਕੋ ਕਹੈ। ਗਰਬ ਬਿਸਾਲ ਰਿਦੈ ਜਿਸ ਅਹੈ'।
ਸੁਨਿ ਭਾਨਾ ਸਾਹਿਬ ਤੇ ਆਦਿ। ਕਪਟ ਜਾਨਿ ਤਿਸ ਭੇ ਬਿਸਮਾਦ॥ ੧੯॥

ਇੱਤਆਦਿ ਕਈ ਗੱਲਾਂ ਕੀਤੀਆਂ ਜਿਸ ਦੇ ਹਿਰਦੇ ਵਿਚ ਬੜਾ ਵੱਡਾ ਹੰਕਾਰ ਹੈ।'' ਇਹ ਸੁਣ ਕੇ ਭਾਨਾ ਸਾਹਿਬ ਆਦਿ ਉਸ ਦੇ ਐਸੇ ਕਪਟ ਨੂੰ ਜਾਣ ਕੇ ਬਹੁਤ ਹੈਰਾਨ ਹੋਏ॥੧੯॥

'ਦੇਖਹੁ ਕਹਾਂ ਦ੍ਵੈਸ਼ ਉਪਜਾਯੋ। ਮਨਮਤਿ ਤੇ ਨਿਜ ਗੁਰੂ ਬਨਾਯੋ'।
ਇਮ ਸੁਨਿ ਕੈ ਨਿਸ਼ਚੈ ਸਭਿ ਧਾਰਾ। 'ਸ੍ਰੀ ਹਰਿਰਾਇ ਦੇਹਿਂ ਦਸਤਾਰਾ॥੨੦॥

''ਵੇਖੋ ਕਿਥੋਂ ਈਰਖਾ ਉਤਪੰਨ ਕੀਤੀ ਹੈ, ਮਨਮਤਿ ਨਾਲ ਆਪਣੇ ਆਪ ਨੂੰ ਗੁਰੂ ਬਣਾ ਲਿਆ ਹੈ।'' ਇਸ ਤਰ੍ਹਾਂ ਸੁਣ ਕੇ ਸਭ ਨੇ ਨਿਸ਼ਚਾ ਧਾਰਨ ਕੀਤਾ, ''ਸ੍ਰੀ ਹਰਿਰਾਇ ਜੀ ਨੂੰ ਦਸਤਾਰ ਦੇਣੀ ਚਾਹੀਦੀ ਹੈ॥੨੦॥

ਅੰਤਰ ਵਹਿਰ ਪ੍ਰਗਟ ਤਬਿ ਭਈ। 'ਬਡਿਆਈ ਲਘੁ ਸੁਤ ਕਹੁ ਦਈ'।
ਜਾਮ ਦਿਵਸ ਚਢਿਬੇ ਲਗਿ ਮਸਲਤ। ਇਮ ਕਹਿ ਉਠੇ ਸੁਨਤਿ ਭੇ ਹਰਖਤਿ॥੨੧॥

ਅੰਦਰ ਬਾਹਰ ਸਭ ਪ੍ਰਗਟ ਹੋ ਗਿਆ, ਵਡਿਆਈ ਛੋਟੇ ਪੁੱਤਰ ਨੂੰ ਦਿੱਤੀ ਹੈ।'' ਇਹ ਪਹਿਰ ਦਿਨ ਚੜ੍ਹਨ ਤਕ ਸਲਾਹ ਹੁੰਦੀ ਰਹੀ, ਇੰਝ ਕਹਿ ਕੇ ਉੱਠੇ ਤੇ ਸੁਣ ਕੇ ਬਹੁਤ ਪ੍ਰਸੰਨ ਹੋਏ॥੨੧॥

ਖਾਨ ਪਾਨ ਸਭਿਹਿਨਿ ਤਬਿ ਕੀਨਿ। ਬਰਤਹਿ ਦੇਗ ਰਾਤ ਦਿਨ ਦੀਨ।
ਢਰੇ ਦੁਪਹਿਰੇ ਠਾਨਤਿ ਤਜਾਰੀ। ਸੁਧ ਮਸੰਦ ਲਹਿ ਸੰਗਤਿ ਸਾਰੀ॥ ੨੨॥

ਫਿਰ ਸਭ ਨੇ ਖਾਣ ਪੀਣ ਕੀਤਾ, ਗਰੀਬਾਂ ਨੂੰ ਰਾਤ ਦਿਨ ਲੰਗਰ ਵਰਤਦਾ ਸੀ। ਢਲਦੀ ਦੁਪਹਿਰ ਨੂੰ ਤਿਆਰੀ ਕਰ ਲਈ। ਮਸੰਦਾਂ ਨੇ ਸਾਰੀ ਸੰਗਤ ਦੀ ਖਬਰਸਾਰ ਲਈ॥੨੨॥

ਫਰਸ਼ ਬਿਸਾਲ ਹੇਤੁ ਛਿਰਕਾਇਵ। ਸਭਾ ਸਥਾਨ ਸੁੱਧ ਕਰਿਵਾਇਵ।
ਜਾਜਮ ਅਰੁ ਸ਼ਤਿਰੰਜੀ ਸੰਗ। ਅਵਨੀ ਤਲ ਛਾਦਜੇ ਬਹੁ ਰੰਗ॥ ੨੩॥

ਵਿਸ਼ਾਲ ਫਰਸ਼ ਵਿਛਾਉਣ ਵਾਸਤੇ ਛਿੜਕਾ ਕੀਤਾ ਤੇ ਸਭਾ ਦੇ ਸਥਾਨ ਨੂੰ ਠੀਕ ਕਰਵਾਇਆ। ਰੰਗਦਾਰ ਛਾਪੇ ਹੋਏ ਬਸਤਰ ਧਰਤੀ ਤੇ ਵਿਛਾਏ ਗਏ ਤੇ ਧਰਤੀ ਦਾ ਤਲ ਨੂੰ ਬਹੁਤ ਰੰਗਾਂ ਨਾਲ ਢਕਿਆ ਗਿਆ॥੨੩॥

ਜਾਮ ਦਿਵਸ ਜਬਿ ਰਹਜੋ ਨਿਹਾਰੇ। ਸ੍ਰੀ ਹਰਿਗੋਵਿੰਦ ਤਹਾਂ ਸਿਧਾਰੇ।
ਸ਼ੋਭਤਿ ਪੌਤ੍ਰ ਸਾਥ ਹਰਿਰਾਇ। ਹਾਥ ਗਹੇ ਮ੍ਰਿਦੁ ਪਹੁੰਚੇ ਜਾਇ॥ ੨੪॥

ਜਦ ਇਕ ਪਹਿਰ ਦਿਨ ਰਹਿੰਦਾ ਵੇਖਿਆ ਤਾਂ ਸ੍ਰੀ ਹਰਿਗੋਬਿੰਦ ਜੀ ਓਧਰ ਚੱਲੇ। ਗੁਰੂ ਜੀ ਆਪਣੇ ਪੋਤਰੇ ਸ੍ਰੀ ਹਰਿਰਾਇ ਜੀ ਨਾਲ ਬੜੇ ਸ਼ੋਭ ਰਹੇ ਸਨ। ਪੋਤਰੇ ਦੇ ਨਰਮ ਹੱਥ ਨੂੰ ਫੜ ਕੇ, ਉਥੇ ਜਾ ਪਹੁੰਚੇ॥੨੪॥

ਅਤਿ ਸੁੰਦਰ ਮਸਨੰਦ ਡਸਾਈ। ਤਿਸ ਪਰ ਥਿਰੇ ਜਾਇ ਗੋਸਾਈਂ।
ਚਮਰ ਦਾਰ ਲੇ ਚਮਰ ਢੁਰਾਏ। ਪਠੇ ਮੇਵਰੇ ਸਕਲ ਬੁਲਾਏ॥ ੨੫॥

ਬਹੁਤ ਸੁੰਦਰ ਸਿੰਘਾਸਣ ਡੁਹਾਇਆ ਗਿਆ, ਉਸ ਉਤੇ ਜਾ ਕੇ ਗੁਰੂ ਜੀ ਬੈਠ ਗਏ। ਸੋਨੇ ਦੇ ਬਣੇ ਹੋਏ ਚੌਰ ਹਿਲ ਰਹੇ ਸਨ। ਸੇਵਕ ਭੇਜ ਕੇ ਸਾਰੇ ਅਰਦਾਸੀਏ ਬੁਲਾ ਲਏ॥੨੫॥

ਸੁਭਟ ਪੰਚ ਸੈ ਲੇਕਰਿ ਸੰਗ। ਆਇਵ ਜੋਧਰਾਇ ਮੁਦ ਅੰਗ।
ਪ੍ਰਥਮ ਸਭਿਨਿ ਤੇ ਪਹੁੰਚਜੋ ਭਾਨਾ। ਸਕਲ ਸਬੰਧਨਿ ਆਵਨ ਠਾਨਾ॥ ੨੬॥

ਪੰਜ ਸੋ ਯੋਧੇ ਨਾਲ ਲੈ ਕੇ, ਜੋਧ ਰਾਇ ਬੜੇ ਪ੍ਰਸੰਨ ਹੋ ਕੇ ਆਏ। ਸਾਰਿਆਂ ਤੋਂ ਪਹਿਲਾਂ ਬਾਬਾ ਬੁੱਢਾ ਜੀ ਦਾ ਪੁੱਤਰ ਬਾਬਾ ਭਾਨਾ ਸਾਹਿਬ ਪਹੁੰਚਿਆ ਤੇ ਸਾਰੇ ਸੰਬੰਧੀ ਆ ਗਏ॥੨੬॥

ਰੂਪਾ ਆਇ ਚਰਨ ਗੁਰ ਲਾਗਾ। ਪਰਮਾਨੰਦ ਸੁੰਦਰ ਬਡ ਭਾਗਾ।
ਜੇਤਿਕ ਪਹੁਚੇ ਨਿਕਟਿ ਮਸੰਦ। ਲੇ ਲੇ ਸੰਗ ਸੰਗਤਾਂ ਬ੍ਰਿੰਦ॥ ੨੭॥

ਭਾਈ ਰੂਪ ਆ ਕੇ ਗੁਰੂ ਜੀ ਦੇ ਚਰਨਾਂ ਨੂੰ ਲੱਗ ਗਿਆ, ਪਰਮਾਨੰਦ, ਸੁੰਦਰ ਸਾਰੇ ਵੱਡੇ ਭਾਗਾਂ ਵਾਲੇ ਸਨ। ਜਿੰਨੇ ਮਸੰਦ ਪਹੁੰਚੇ ਸਨ, ਉਹ ਬਹੁਤ ਸੰਗਤਾਂ ਨੂੰ ਨਾਲ ਲੈ-ਲੈ ਕੇ ਆਏ ਸਨ॥੨੭॥

ਲਗਜੋ ਦਿਵਾਨ ਮਹਾਨ ਸਥਾਨਾ। ਖਰੇ ਜਿ ਕੰਚਨ ਦੰਡਨ ਪਾਨਾ।
ਭਾਟ ਨਕੀਬ ਗਾਵਤੇ ਜਸੁ ਕੋ। ਸਭਿਨਿ ਪ੍ਰੇਮ ਤੇ ਪਾਇ ਦਰਸ ਕੋ॥ ੨੮॥

ਬੜੇ ਵੱਡੇ ਸਥਾਨ ਤੇ ਦੀਵਾਨ ਲੱਗ ਗਿਆ ਸੇਵਕ ਸੋਨੇ ਦੇ ਡੰਡੇ ਲੈ ਕੇ ਖੜੇ ਹੋ ਗਏ। ਭਾਟ ਤੇ ਨਕੀਬ ਜੱਸ ਗਾਉਂਦੇ ਸਨ, ਸਾਰਿਆਂ ਨੇ ਪ੍ਰੇਮ ਨਾਲ ਦਰਸ਼ਨ ਕੀਤੇ॥੨੮॥

ਭਾਨਾ ਅਧਿਕ ਪ੍ਰੇਮ ਰਸ ਪਾਗਜਾ। ਉਠਤਿ ਭਯੋ ਲੇ ਪ੍ਰਭੁ ਕੀ ਆਗਜਾ।
ਸ੍ਰੀ ਹਰਿਰਾਇ ਸੀਸ ਦਸਤਾਰ। ਕਰੀਹ ਬੰਧਾਵਨ ਹਾਥ ਉਭਾਰਿ॥ ੨੯॥

ਬਾਬਾ ਭਾਨਾ ਵੱਡੇ ਪ੍ਰੇਮ ਰਸ ਵਿਚ ਭਿੱਜਾ ਸੀ, ਉਹ ਗੁਰੂ ਜੀ ਦੀ ਆਗਿਆ ਲੈ ਕੇ ਉਠ ਪਿਆ। ਸ੍ਰੀ ਹਰਿਰਾਇ ਜੀ ਦੇ ਸਿਰ ਤੇ ਹੱਥ ਉਪਰ ਉਠਾ ਕੇ ਪੱਗ ਬੰਨ੍ਹਣ ਲੱਗਾ ॥੨੯॥

ਸਤਿਗੁਰ ਨਿਜ ਕਰ ਸੰਗ ਸੁਧਾਰਤਿ। ਨਭ ਮਹਿਂ ਜੈਜੈਕਾਰ ਉਚਾਰਤਿ।
ਸ੍ਰੀ ਗੁਰ ਅਮਰਦਾਸ ਕੀ ਅੰਸੁ। ਦਈ ਪਾਗ ਸੁੰਦਰ ਅਵਿਤੰਸ਼॥ ੩੦॥

ਸਤਿਗੁਰੂ ਜੀ ਆਪਣੇ ਹੱਥਾਂ ਨਾਲ ਪੱਗ ਨੂੰ ਸੰਵਾਰਦੇ ਸਨ। ਆਕਾਸ਼ 'ਤੇ ਦੇਵਤੇ ਜੈ-ਜੈ ਕਾਰ ਉਚਾਰ ਰਹੇ ਸਨ। ਸ੍ਰੀ ਗੁਰੂ ਅਮਰਦਾਸ ਜੀ ਦੀ ਅੰਸ਼ ਵਲੋਂ ਬਾਬਾ ਸੁੰਦਰ ਜੀ ਨੇ ਪੱਗ ਦਿੱਤੀ ਸੀ॥੩੦॥

ਪੁਨਿਹ ਮਸੰਦਨਿ ਅਰਪੀ ਸਭਿਹੂੰ। ਜੋਧਰਾਇ ਭਾ ਦੇਵਤਿ ਤਬਿਹੂੰ।
ਸਨਬੰਧੀ ਅਰੁ ਸੰਗਤਿ ਕੇਰ। ਅਰਪਤਿ ਸਗਰੇ ਲਾਗਜੋ ਢੇਰ॥ ੩੧॥

ਫਿਰ ਸਾਰੇ ਮਸੰਦਾਂ ਨੇ ਪੱਗਾਂ ਅਰਪਣ ਕੀਤੀਆਂ, ਜੋਧ ਰਾਇ ਨੇ ਵੀ ਤਦ ਪੱਗੜੀ ਦਿੱਤੀ। ਸੰਬੰਧੀਆਂ ਅਤੇ ਸਾਰੀ ਸੰਗਤ ਨੇ ਪੱਗਾਂ ਅਰਪਣ ਕੀਤੀਆਂ ਤੇ ਪੱਗਾਂ ਦਾ ਇਕ ਵੱਡਾ ਢੇਰ ਲੱਗ ਗਿਆ॥੩੧॥

ਬਾਜਨਿ ਲਗੇ ਪੌਰ ਸ਼ਦਿਆਨੇ। ਸੁਜਸੁ ਕਬਿੱਤਨ ਭਾਟ ਬਖਾਨੇ।
ਸ਼ੋਕ ਨਸਾਇ ਕੀਨਿ ਉਤਸਾਹੂ। ਆਨੰਦ ਭਾ ਸਭਿ ਕੇ ਉਰ ਮਾਂਹੂ॥ ੩੨॥

ਦਰਵਾਜ਼ੇ ਤੇ ਖੁਸ਼ੀ ਦੇ ਵਾਜੇ ਵੱਜਣ ਲੱਗੇ, ਭੱਟ ਕਬਿਤਾਂ ਵਿਚ ਸ੍ਰੇਸ਼ਟ ਜੱਸ ਕਹਿ ਰਹੇ ਸਨ। ਸ਼ੋਕ ਨੂੰ ਦੂਰ ਕਰਕੇ ਬਹੁਤ ਉਤਸ਼ਾਹ ਭਰ ਗਏ ਤੇ ਸਾਰਿਆਂ ਦੇ ਹਿਰਦੇ ਵਿਚ ਅਨੰਦ ਛਾ ਗਿਆ॥੩੨॥

ਸ੍ਰੀ ਹਰਿਰਾਇ ਹਾਥ ਤੇ ਦਾਨ। ਮੰਗਤਿ ਜਨਿਨਿ ਦਿਵਾਇਂ ਮਹਾਨ।
ਬਾਦਿਤ ਸਗਲ ਬਜਾਵਨ ਹਾਰੇ। ਲੇ ਬਖਸ਼ੀਸ਼ ਅਸੀਸ ਉਚਾਰੇ॥ ੩੩॥

ਸ੍ਰੀ ਹਰਿ ਰਾਇ ਜੀ ਦੇ ਹੱਥੋਂ ਦਾਨ ਮੰਗਦੇ ਸਨ, ਉਨ੍ਹਾਂ ਦੇ ਮਾਤਾ ਜੀ ਮਹਾਨ ਦਾਨ ਦਿਵਾ ਰਹੇ ਸਨ। ਸਾਰੇ ਵਾਜੇ ਵਜਾਉਣ ਵਾਲੇ, ਬਖਸ਼ੀਸ਼ ਲੈ ਕੇ ਅਸੀਸਾਂ ਦਿੰਦੇ ਸਨ॥੩੩॥

ਹਯਨਿਂ ਆਦਿਕਨਿ ਦਾਸ ਬਿਸਾਲੇ। ਬਸਤ੍ਰ ਬਿਭੂਖਨ ਲੇ ਧਨ ਜਾਲੇ।
ਸਗਰੇ ਸ੍ਰੀ ਹਰਿਰਾਇ ਸਰਾਹੈਂ। 'ਗੁਰ ਪੌਤ੍ਰ ਇਹੁ ਭਾਗ ਮਹਾਂ ਹੈਂ'॥ ੩੪॥

ਘੋੜਿਆਂ ਆਦਿ ਦੇ ਜਿਹੜੇ ਵੱਡੀ ਗਿਣਤੀ ਵਿਚ ਸੇਵਕ ਸਨ, ਉਹ ਸਾਰੇ ਕਪੜੇ, ਗਹਿਣੇ ਅਤੇ ਧਨ ਲੈ ਰਹੇ ਸਨ। ਸਾਰੇ ਸ੍ਰੀ ਹਰਿਰਾਇ ਸਾਹਿਬ ਦੀ ਬਹੁਤ ਸ਼ਲਾਘਾ ਕਰਦੇ ਸਨ। ਗੁਰੂ ਜੀ ਦਾ ਇਹ ਪੋਤਰਾ ਮਹਾਨ ਭਾਗਾਂ ਵਾਲਾ ਹੈ॥੩੪॥

ਅਦਭੁਤ ਸ਼ੋਭਾ ਪਾਇ ਰਹੇ ਹੈਂ। ਗੁਰਤਾ ਪਦ ਜਨੁ ਆਜ ਲਹੇ ਹੈਂ।
ਔਚਕ ਸਭਿਨਿ ਰਿਦੈ ਫੁਰਿ ਆਈ। 'ਜਾਨੀ ਪਰੈ ਪਾਇ ਗੁਰਿਆਈ'॥ ੩੫॥

ਸ੍ਰੀ ਹਰਿ ਰਾਇ ਜੀ ਅਦਭੁਤ ਸ਼ੋਭਾ ਪਾ ਰਹੇ ਹਨ, ਮਾਨੋਂ ਗੁਰਤਾ ਪਦਵੀ ਅੱਜ ਹੀ ਲੈ ਲਈ ਹੈ। ਅਚਾਨਕ ਸਾਰਿਆਂ ਦੇ ਹਿਰਦੇ ਵਿਚ ਇਹ ਗੱਲ ਫੁਰ ਆਈ, "ਜਾਪਦਾ ਹੈ, ਇਹ ਗੁਰਿਆਈ ਪਾਉਣਗੇ"॥੩੫॥

ਇਮ ਮੰਗਲ ਕਰਿ ਸ਼ੋਕ ਨਸਾਵਾ। ਅੰਤਰ ਵਹਿਰ ਪ੍ਰਮੋਦ ਵਧਾਵਾ।
ਦੇਤਿ ਅਸੀਸਾਂ ਸ੍ਰੀ ਹਰਿਰਾਇ। ਧੀਰ ਮਲ ਕੀ ਨਿੰਦ ਅਲਾਇ॥ ੩੬॥

ਇਸ ਤਰ੍ਹਾਂ ਮੰਗਲ ਕਰਕੇ ਦੁਖ ਨੂੰ ਦੂਰ ਕੀਤਾ, ਅੰਦਰ ਬਾਹਰ ਪ੍ਰਸੰਸਾ ਵੱਧ ਗਈ। ਸਾਰੇ ਸ੍ਰੀ ਹਰਿਰਾਇ ਜੀ ਨੂੰ ਅਸੀਸਾਂ ਦਿੰਦੇ ਸਨ ਤੇ ਧੀਰ ਮੱਲ ਦੀ ਨਿੰਦਿਆ ਕਰਦੇ ਸਨ॥੩੬॥

*ਅੱਠਵੀਂ ਰਾਸ ਦਾ ਇਕਤਾਲੀਵਾਂ ਅਧਿਆਇ ਸਮਾਪਤ ਹੋਇਆ॥੪੧॥*

# ਅਧਿਆਇ ਬਤਾਲੀਵਾ

*ਕੀਰਤ ਪੁਰ ਦੀਵਾਲੀ ਦਾ ਮੇਲਾ*

ਦੋਹਰਾ- **ਇਸ ਪ੍ਰਕਾਰ ਸ੍ਰੀ ਸਤਿਗੁਰੂ ਕੇਤਿਕ ਦਿਵਸ ਬਿਤਾਇ।**
**ਸਭਾ ਲਗਾਇ ਬਿਰਾਜ ਹੀ ਗਾਵਹਿਂ ਸ਼ਬਦ ਸੁਨਾਇ॥ ੧॥**

ਇਸ ਤਰ੍ਹਾਂ ਸਤਿਗੁਰੂ ਜੀ ਨੇ ਕਈ ਦਿਨ ਬਤੀਤ ਕੀਤੇ ਸਭਾ ਲਾ ਕੇ ਬਿਰਾਜ ਜਾਂਦੇ ਸਨ ਤੇ ਰਬਾਬੀ ਸ਼ਬਦਾ ਦਾ ਗਾਇਣ ਕਰਕੇ ਸੁਣਾਉਂਦੇ ਸਨ॥੧॥

ਚੌਪਈ- **ਕੇਤਿਕ ਸੰਗਤਿ ਲਿਏ ਮਸੰਦ। ਕਰਿ ਕਰਿ ਬੰਦਨ ਜੁਗ ਕਰ ਬੰਦਿ।**
**ਹੁਕਮ ਪਾਇ ਨਿਜ ਸਦਨ ਸਿਧਾਰੇ। ਜਹਾਂ ਕਹਾਂ ਗੁਰ ਸੁਜਸੁ ਉਚਾਰੇ॥੨॥**

ਬਹੁਤ ਸੰਗਤ ਨੂੰ ਮਸੰਦ ਲੈ-ਲੈ ਕੇ ਆਉਂਦੇ ਸਨ ਤੇ ਉਹ ਦੋਵੇਂ ਹੱਥ ਜੋੜ ਕੇ ਬੰਦਨਾ ਕਰਦੇ ਸਨ। ਹੁਕਮ ਪਾ ਕੇ ਆਪਣੇ ਘਰ ਚਲੇ ਜਾਂਦੇ ਸਨ ਤੇ ਜਿਥੇ ਕਿਥੇ ਗੁਰੂ ਜੀ ਦਾ ਸ੍ਰੇਸ਼ਟ ਜੱਸ ਵਰਣਨ ਕਰਦੇ ਸਨ॥੨॥

**ਕੇਤਿਕ ਸਤਿਗੁਰ ਕੇ ਢਿਗ ਰਹੇ। ਦੀਪਮਾਲ ਕੋ ਮੇਲਾ ਲਹੇ।**
**'ਥੋਰੇ ਦਿਵਸ ਅਹੈਂ ਤਿਸ ਮਾਂਹਿ। ਸੋ ਕਰਿ ਕੈ ਨਿਜ ਘਰ ਕੋ ਜਾਂਹਿ'॥੩॥**

ਕਈ ਸਿੱਖ ਸਤਿਗੁਰੂ ਜੀ ਦੇ ਪਾਸ ਹੀ ਰਹਿ ਜਾਂਦੇ ਸਨ। ਦੀਵਾਲੀ ਦਾ ਮੇਲਾ ਵੇਖਣਾ ਚਾਹੁੰਦੇ ਸਨ। ਕਹਿੰਦੇ ਸਨ, "ਉਸ ਵਿਚ ਥੋੜ੍ਹੇ ਦਿਨ ਹੀ ਬਾਕੀ ਰਹਿੰਦੇ ਹਨ। ਸੋ ਮੇਲਾ ਕਰਕੇ ਫਿਰ ਆਪਣੇ ਘਰਾਂ ਨੂੰ ਜਾਵਾਂਗੇ"॥੩॥

**ਕਬਿ ਕਬਿ ਸਤਿਗੁਰ ਚਢਹਿਂ ਤੁਰੰਗ। ਦੇਖਹਿਂ ਸਤੁਦ੍ਰਵ ਤੀਰ ਤਰੰਗ।**
**ਮੰਦ ਮੰਦ ਹਯ ਪੰਥ ਚਲਾਵੈਂ। ਕੂਲਹਿ ਕੂਲ ਬਿਲੋਕਤਿ ਜਾਵੈਂ॥ ੪॥**

ਕਦੀ-ਕਦੀ ਸਤਿਗੁਰੂ ਜੀ ਘੋੜੇ ਉਤੇ ਚੜ੍ਹਦੇ ਸਨ ਤੇ ਸਤਲੁਜ ਦੇ ਕਿਨਾਰੇ ਖੜੇ ਹੋ ਕੇ ਲਹਿਰਾਂ ਨੂੰ ਵੇਖਦੇ ਸਨ। ਹੌਲੀ-ਹੌਲੀ ਘੋੜੇ ਨੂੰ ਰਾਹ ਵਿਚ ਚਲਾਉਂਦੇ ਸਨ, ਕਿਨਾਰੇ-ਕਿਨਾਰੇ ਵੇਖਦੇ ਜਾਂਦੇ ਸਨ॥੪॥

**ਨੈਤ੍ਰ ਤੁੰਗ ਕੇ ਸੈਲਨਿ ਤਰੇ। ਸੈਲ ਕਰਤਿ ਸੁੰਦਰ ਥਲ ਫਿਰੇ।**
**ਅਲਪ ਉਤੰਗਨਿ ਥਲ ਕੋ ਹੇਰਹਿਂ। ਕਬਿਹੂੰ ਕੰਦਰਾ ਮਹਿਂ ਹਯ ਪ੍ਰੇਰਹਿਂ॥੫॥**

ਕਈ ਵਾਰ ਨੈਣਾ ਦੇਵੀ ਦੇ ਟਿਲੇ ਦੇ ਥੱਲੇ ਸੈਰ ਕਰਦੇ, ਸੁੰਦਰ ਸਥਾਨਾਂ ਤੇ ਫਿਰਦੇ ਸਨ। ਉੱਚੇ ਨੀਵੇਂ ਸਥਾਨਾਂ ਨੂੰ ਵੇਖਦੇ ਸਨ। ਕਦੀ ਘੋੜੇ ਨੂੰ ਪ੍ਰੇਰ ਕੇ ਖੱਡਾਂ ਵਿਚ ਲੈ ਜਾਂਦੇ ਸਨ॥੫॥

**ਕਹਿ ਭਾਨੇ ਕਹੁ ਸੰਗ ਚਢਾਵੈਂ। ਚਢਹਿ ਜੋਧ ਆਨੰਦ ਉਪਜਾਵੈਂ।**
**ਕਿਤ ਬੈਸਹਿਂ ਥਲ ਨੀਕੋ ਜਾਨਿ। ਲਗਹਿ ਸਭਿਨਿ ਕੋ ਤਹਾਂ ਦਿਵਾਨ॥੬॥**

ਬਾਬੇ ਭਾਨੇ ਨੂੰ ਕਹਿ ਕੇ ਘੋੜੇ ਤੇ ਚੜ੍ਹਾ ਕੇ ਆਪਣੇ ਨਾਲ ਲੈ ਜਾਂਦੇ ਸਨ। ਜੋਧ ਰਾਇ ਵੀ ਘੋੜੇ ਤੇ ਚੜ੍ਹ ਕੇ ਬੜੇ ਪ੍ਰਸੰਨ ਹੁੰਦੇ ਸਨ। ਕਿਤੇ ਚੰਗਾ ਸਥਾਨ ਵੇਖ ਕੇ ਬੈਠ ਜਾਂਦੇ ਸਨ, ਉਥੇ ਹੀ ਸਾਰਿਆਂ ਦਾ ਦੀਵਾਨ ਲੱਗ ਜਾਂਦਾ ਸੀ॥੬॥

**ਬਿਧੀਚੰਦ ਬਹੁ ਕਾਰ ਸਭਾਰੀ। ਗੁਰੂ ਸਦਨ ਕੀ ਠਾਨਹਿ ਸਾਰੀ।**
**ਦਿਨਪ੍ਰਤਿ ਦੇਗ ਹੋਹਿ ਅਧਿਕਾਈ। ਸਿਖ ਸੰਗਤਿ ਅਚਵਹਿਂ ਸਮੁਦਾਈ॥੭॥**

ਬਿਧੀ ਚੰਦ ਨੇ ਬਹੁਤ ਕਾਰ ਸੰਭਾਲੀ ਹੈ, ਗੁਰੂ ਘਰ ਦਾ ਸਾਰਾ ਕੰਮ ਕਾਜ ਉਹੀ ਕਰਦਾ ਸੀ। ਰੋਜ਼ ਵੱਡਾ ਲੰਗਰ ਚਲਦਾ ਸੀ, ਸਿੱਖ ਸੰਗਤ ਇਕੱਠੀ ਹੋ ਕੇ ਭੋਜਨ ਛੱਕਦੀ ਸੀ॥੭॥

ਆਵਹਿਂ ਜਾਹਿਂ ਸਮੂਹ ਹਮੇਸ਼। ਤ੍ਰਿਪਤਹਿਂ ਭੋਜਨ ਦੇਗ ਅਸ਼ੇਸ਼।
ਨਾਨਾ ਭਾਂਤਿ ਬਨਹਿ ਰਸ ਸ੍ਵਾਦ। ਮਿਲਹਿਂ ਸੰਤ ਸਿਖ ਭਨਿ ਸੰਬਾਦ॥ ੮ ॥

ਸਮੂਹ ਲੋਕ ਹਮੇਸ਼ਾਂ ਆਉਂਦੇ ਜਾਂਦੇ ਸਨ, ਲੰਗਰ ਛੱਕ ਕੇ ਤ੍ਰਿਪਤ ਹੁੰਦੇ ਸਨ। ਨਾਨਾ ਪ੍ਰਕਾਰ ਦਾ ਸਵਾਦੀ ਭੋਜਨ ਬਣਦਾ ਸੀ, ਸੰਤ ਸਿੱਖ ਮਿਲ ਕੇ ਵਾਰਤਾਲਾਪ ਕਰਦੇ ਸਨ॥੮॥

ਸਤਿਗੁਰ ਸਭਾ ਲਗਾਵਹਿਂ ਜਬਿ ਹੂੰ। ਦਰਸਹਿਂ ਲਘੁ ਦੀਰਘ ਮਿਲਿ ਸਭਿਹੂੰ।
ਹਾਥ ਜੋਰਿ ਗੁਰ ਮੁਖ ਤੇ ਬੈਨ। ਸੁਨਹਿਂ ਭਗਤਿ ਆਤਮ ਰਸ ਐਨ॥ ੯ ॥

ਜਦ ਸਤਿਗੁਰੂ ਜੀ ਸਭਾ ਲਾਉਂਦੇ ਸਨ, ਸਾਰੇ ਵੱਡੇ ਛੋਟੇ ਲੋਕ ਮਿਲ ਕੇ ਦਰਸ਼ਨ ਕਰਦੇ ਸਨ। ਹੱਥ ਜੋੜ ਕੇ ਗੁਰੂ ਜੀ ਦੇ ਮੁੱਖ ਤੋਂ ਬਚਨ ਸੁਣਦੇ ਸਨ ਤੇ ਭਗਤੀ ਭਰਪੂਰ ਆਤਮਰਸ ਦੇ ਘਰ ਚਲੇ ਜਾਂਦੇ ਸਨ॥੯॥

ਗੁਰਮਤਿ ਕੋ ਪ੍ਰਾਪਤਿ ਗਨ ਹੋਇ। ਮਨ ਬਾਂਛਤਿ ਪੂਰਹਿਂ ਸਭਿ ਕੋਇ।
ਦੀਪਮਾਲ ਦਿਨ ਨੇਰੇ ਜਾਨਿ। ਮੇਲਾ ਆਵਨਿ ਲਗਜੋ ਮਹਾਨ॥ ੧੦ ॥

ਬਹੁਤ ਗੁਰਮਤਿ ਨੂੰ ਪ੍ਰਾਪਤ ਕਰਦੇ ਸਨ, ਸਾਰੇ ਮੂੰਹ ਮੰਗੀਆਂ ਮੁਰਾਦਾਂ ਪਾਉਂਦੇ ਸਨ। ਦੀਵਾਲੀ ਦਾ ਦਿਨ ਨੇੜੇ ਜਾਣ ਕੇ, ਮੇਲੇ ਵਾਸਤੇ ਬਹੁਤ ਸੰਗਤਾਂ ਆਉਣ ਲੱਗੀਆਂ॥੧੦॥

ਸਫਲ ਜਨਮ ਨਿਜ ਕਰਿਬੇ ਹੇਤੁ। ਲਈ ਉਪਾਇਨ ਤਜੇ ਨਿਕੇਤ।
ਬਹੁ ਦਿਨ ਕੀ ਸੰਚੀ ਗੁਰ ਕਾਰ। ਕੇਤਿਕ ਲੇ ਪਹੁਚੇ ਦਰਬਾਰ॥ ੧੧ ॥

ਆਪਣਾ ਜਨਮ ਸਫਲ ਕਰਨ ਵਾਸਤੇ, ਉਪਹਾਰ ਲੈ ਕੇ ਆਪਣੇ ਘਰਾਂ ਨੂੰ ਛੱਡ ਦਿੰਦੇ ਸਨ। ਬਹੁਤ ਦਿਨਾਂ ਦੀ ਗੁਰੂ ਜੀ ਲਈ ਕਾਰ ਭੇਟ ਇਕੱਠੀ ਕਰਕੇ ਲੈ ਕੇ ਦਰਬਾਰ ਵਿਚ ਪਹੁੰਚ ਜਾਂਦੇ ਸਨ॥੧੧॥

ਗਾਵਤਿ ਸੁਨਤਿ ਸਿੱਖ ਗੁਰਬਾਨੀ। ਮਗ ਮਹਿਂ ਚਲਤਿ ਬਿਕਾਰਨ ਹਾਨੀ।
ਚਹੁੰਦਿਸ਼ਿ ਤੇ ਉਮਡੇ ਨਰ ਨਾਰੀ। ਚਲਿ ਪਹੁਚੇ ਕਾਬਲ ਕੰਧਾਰੀ॥ ੧੨ ॥

ਸਿੱਖ ਗੁਰਬਾਣੀ ਗਾਉਂਦੇ ਅਤੇ ਸੁਣਦੇ ਸਨ, ਰਾਹ ਵਿਚ ਚਲਦਿਆਂ ਹੀ ਵਿਕਾਰ ਦੂਰ ਹੋ ਜਾਂਦੇ ਸਨ। ਚਾਰੇ ਪਾਸਿਆਂ ਤੋਂ ਇਸਤਰੀ ਪੁਰਸ਼ ਉਮਡ ਕੇ ਆ ਗਏ। ਕਾਬਲੀ ਕੰਧਾਰੀ ਵੀ ਚਲ ਕੇ ਪਹੁੰਚ ਗਏ॥੧੨॥

ਖੁਰਾਸਾਨ ਅਰੁ ਬਲਖ ਬੁਖਾਰਾ। ਧੰਨੀ ਘੇਪ ਪਿਸ਼ੌਰ ਉਦਾਰਾ।
ਪੁਰਿ ਮੁਲਤਾਨ ਆਦਿ ਕਸ਼ਮੀਰ। ਸਭਿ ਦੇਸ਼ਨਿ ਤੇ ਆਇ ਬਹੀਰ॥ ੧੩ ॥

ਖੁਰਾਸਾਨ ਅਤੇ ਬਲਖ ਬੁਖਾਰਾ, ਫਤਹਿ ਜੰਗ ਤੇ ਪਿੰਡੀ ਘੇਪ ਦਾ ਇਲਾਕਾ ਤੇ ਪਿਸ਼ੌਰ ਦੇ ਬੜੇ ਉੱਤਮ ਲੋਕ ਮੁਲਤਾਨ ਨਗਰ ਆਦਿ ਕਸ਼ਮੀਰ ਦੇ ਇਲਾਕੇ ਦੇ ਲੋਕ, ਸਾਰੇ ਵਹੀਰਾਂ ਬੰਨ੍ਹ ਕੇ ਦਰਸ਼ਨਾਂ ਵਾਸਤੇ ਆਏ॥੧੩॥

ਠੱਠਾ ਭੱਖਰ ਪੁਰਿ ਗੁਜਰਾਤ। ਦੱਖਣ ਪੂਰਬ ਜਸੁ ਅਵਦਾਤ।
ਕਹਿਂ ਲਗਿ ਗਿਨੀਅਹਿ ਦੇਸ਼ ਬਿਦੇਸ਼। ਸੰਗਤਿ ਪਹੁੰਚੀ ਆਇ ਵਿਸ਼ੇਸ਼॥੧੪॥

ਠੱਠਾ ਭੱਖਰ ਅਤੇ ਗੁਜਰਾਤ ਨਗਰ, ਦੱਖਣ ਪੂਰਬ ਵਿਚ ਉੱਜਲ ਜੱਸ ਫੈਲਿਆ ਸੀ। ਕਿਥੋਂ ਤਕ ਦੇਸ਼ ਵਿਦੇਸ਼ ਗਿਣੀਏ, ਬਹੁਤ ਸੰਗਤ ਆ ਕੇ ਪਹੁੰਚ ਗਈ॥੧੪॥

ਦੀਪਮਾਲ ਕੋ ਦਿਨ ਜਬਿ ਆਯੋ। ਕਹਿ ਸਤਿਗੁਰ ਬਡ ਫਰਸ਼ ਕਰਾਯੋ।
ਨਿਕਸਿ ਵਹਿਰ ਗੁਰ ਸਭਾ ਲਗਾਈ। ਚਵਰ ਢਰਤਿ ਚਾਰੂ ਚਪਲਾਈ॥ ੧੫॥

ਜਦ ਦੀਵਾਲੀ ਦਾ ਦਿਨ ਆਇਆ, ਗੁਰੂ ਜੀ ਨੇ ਕਹਿ ਕੇ ਵੱਡਾ ਫਰਸ਼ ਵਿਛਵਾਇਆ। ਬਾਹਰ ਨਿਕਲ ਕੇ ਗੁਰੂ ਜੀ ਨੇ ਸਭਾ ਲਾਈ। ਸੁੰਦਰ ਚੌਰ ਬੜੀ ਚੰਚਲਤਾ ਨਾਲ ਏਧਰ ਓਧਰ ਫਿਰ ਰਿਹਾ ਸੀ॥੧੫॥

ਭ੍ਰਾਤ ਸਮੇਤ ਜੋਧ ਅਵਨੀਪ। ਬੈਠਯੋ ਬੰਦਨ ਠਾਨਿ ਸਮੀਪ।
ਕੰਚਨ ਦੰਡਧਾਰ ਤਹਿਂ ਖਰੇ। ਭਾਟ ਨਕੀਬ ਗੁਰੂ ਜਸੁ ਕਰੇ॥ ੧੬॥

ਭਰਾ ਸਮੇਤ ਰਾਜਾ ਰਾਇ ਜੋਧ ਵੀ ਬੰਦਨਾ ਕਰਕੇ ਪਾਸ ਬੈਠ ਗਿਆ, ਸੋਨੇ ਦੇ ਡੰਡੇ ਧਾਰੀ ਵੀ ਉਥੇ ਖੜੇ ਸਨ ਤੇ ਭਟ ਨਕੀਬ ਗੁਰੂ ਜੀ ਦਾ ਜੱਸ ਗਾ ਰਹੇ ਸਨ॥੧੬॥

ਸਗਲ ਦੇਸ਼ ਤੇ ਸੰਗਤਿ ਆਈ। ਅਨਿਕ ਉਪਾਇਨ ਅਦਭੁਤ ਲਜਾਈ।
ਖਰੋ ਮੇਵਰੋ ਹਿਤ ਅਰਦਾਸ। ਲੇਤਿ ਅਕੋਰਨ ਅਰਪਤਿ ਪਾਸ॥ ੧੭॥

ਸਾਰੇ ਦੇਸ਼ ਤੋਂ ਸੰਗਤ ਆਈ, ਅਨੇਕ ਪ੍ਰਕਾਰ ਦੇ ਅਦਭੁਤ ਉਪਹਾਰ ਲੈ ਕੇ ਆਏ। ਅਰਦਾਸੀਆ ਅਰਦਾਸ ਕਰਨ ਵਾਸਤੇ ਖੜਾ ਹੋਇਆ ਤੇ ਸੰਗਤਾਂ ਨੇ ਉਪਹਾਰਾਂ ਨੂੰ ਆਪਣੇ ਪਾਸ ਲੈ ਕੇ ਅਰਪਣ ਕੀਤਾ॥੧੭॥

ਦਰਬ ਬਿਭੂਖਨ ਬਸਤ੍ਰ ਅਜਾਇਬ। ਉਚਿਤ ਪਹਿਰਬੇ ਸਤਿਗੁਰ ਸਾਹਿਬ।
ਭੇਟਨ ਕੇ ਅੰਬਾਰ ਅਗਾਰੀ। ਲਗੇ ਸਕਲ ਵਸਤੂ ਮੁਲ ਭਾਰੀ॥ ੧੮॥

ਧਨ, ਗਹਿਣੇ ਅਤੇ ਅਜੀਬ ਪ੍ਰਕਾਰ ਦੇ ਵਸਤਰ ਸਨ, ਉਹ ਸਤਿਗੁਰੂ ਜੀ ਦੇ ਪਹਿਨਣ ਦੇ ਯੋਗ ਸਨ। ਭੇਟਾਵਾਂ ਦੇ ਅੱਗੇ ਅੰਬਾਰ ਲੱਗ ਗਏ ਸਾਰੀਆਂ ਵਸਤੂਆਂ ਬਹੁਤ ਕੀਮਤੀ ਲਗਦੀਆਂ ਸਨ॥੧੮॥

ਸੁੰਦਰ ਪਰਮਾਨੰਦ ਢਿਗ ਹੇਰੇ। ਚਿਤਵਤਿ ਵਧਯੋ ਪ੍ਰਤਾਪ ਵਧੇਰੇ।
ਪੀਰੀ ਮੀਰੀ ਜੁਗਲ ਬਿਸਾਲਾ। ਬਰਤੀ ਭਲੇ, ਰਿਪੁਨਿ ਘਰ ਘਾਲਾ॥ ੧੯॥

ਸੁੰਦਰ, ਪਰਮਾਨੰਦ ਪਾਸ ਬੈਠੇ ਵੇਖ ਰਹੇ ਸਨ, ਸੋਚਦੇ ਸਨ ਕਿ ਪ੍ਰਤਾਪ ਬਹੁਤ ਵਧਿਆ ਹੈ, ਪੀਰੀ ਮੀਰੀ ਦੋਵੇਂ ਵਿਸ਼ਾਲ ਹਨ। ਭਲੀ ਵਰਤੀ ਹੈ, ਵੈਰੀਆਂ ਨੂੰ ਮਾਰਿਆ ਹੈ॥੧੯॥

ਸ੍ਰੀ ਅਰਜਨ ਸੁਤ ਜੋਧਾ ਬਲੀ। ਜਗ ਬਿਸਤੀਰਿਤਿ ਕੀਰਤਿ ਭਲੀ।
ਇਮ ਸਾਹਿਬਜ਼ਾਦੇ ਚਹੁੰ ਘਰ ਕੇ। ਕਰਹਿਂ ਬਿਚਾਰਨਿ ਗੁਰ ਸਤਿਗੁਰ ਕੇ॥੨੦॥

ਸ੍ਰੀ ਅਰਜਨ ਦੇਵ ਜੀ ਦੇ ਪੋਤਰ ਵੱਡੇ ਬਲਵਾਨ ਹਨ, ਜਗਤ ਵਿਚ ਇਨ੍ਹਾਂ ਦੀ ਭਲੀ ਕੀਰਤੀ ਫੈਲੀ ਹੈ। ਇਸ ਤਰ੍ਹਾਂ ਚਾਰ ਘਰਾਂ ਦੇ ਸਾਹਿਬਜ਼ਾਦੇ, ਸਤਿਗੁਰੂ ਦੇ ਗੁਣਾਂ ਤੇ ਵਿਚਾਰ ਕਰਦੇ ਸਨ॥੨੦॥

ਚਹੁੰ ਦਿਸ਼ਿ ਮਹਿਂ ਦਰਸਹਿਂ ਨਰ ਨਾਰੀ। ਕਰ ਜੋਰਤਿ ਅਰੁ ਬੰਦਨ ਧਾਰੀ।
ਮਨੋ ਕਾਮਨਾ ਸਭਿਹਿਨਿ ਕੇਰੀ। ਅੰਤਰਜਾਮੀ ਪੁਰਹਿਂ ਘਨੇਰੀ॥ ੨੧॥

ਚਾਰੇ ਪਾਸੇ ਇਸਤਰੀ ਪੁਰਸ਼ ਦਰਸ਼ਨ ਕਰ ਰਹੇ ਸਨ, ਹੱਥ ਜੋੜ ਕੇ ਬੰਦਨਾ ਧਾਰਦੇ ਸਨ। ਸਾਰਿਆਂ ਦੀਆਂ ਮਨੋਂਕਾਮਨਾਵਾਂ ਅੰਤਰਜਾਮੀ ਗੁਰੂ ਜੀ ਪੂਰੀਆਂ ਕਰਦੇ ਸਨ॥੨੧॥

ਸੁਤ ਬਿਤ ਆਦਿ ਚਾਹ ਜੇ ਆਏ। ਕਰਿ ਬੰਦਨ ਪਾਏ ਸਮੁਦਾਏ।
ਇਮ ਪ੍ਰਬਿਰਤ ਕੇ ਪੂਰਹਿਂ ਕਾਮ। ਅਹੈਂ ਸੰਤ ਜਿਨ ਚਿਤ ਨਿਸ਼ਕਾਮ॥ ੨੨॥

ਪੁੱਤਰ ਅਤੇ ਪਤਨੀ ਦੀ ਜਿਹੜੇ ਆਸ ਲੈ ਕੇ ਆਏ ਸਨ, ਉਹ ਸਾਰੇ ਬੰਦਨਾ ਕਰਕੇ ਚਰਨਾਂ ਤੇ ਡਿੱਗ ਪੈਂਦੇ ਸਨ। ਇਸ ਤਰ੍ਹਾਂ ਪ੍ਰਵਿਰਤੀ ਦੇ ਸਾਰੇ ਕੰਮ ਪੂਰੇ ਕਰਦੇ ਸਨ, ਜਿਹੜੇ ਸੰਤ ਸਨ, ਉਨ੍ਹਾਂ ਦੇ ਚਿੱਤ ਨਿਸ਼ਕਾਮ ਸਨ॥੨੨॥

ਸਿੱਖੀ ਬਖਸ਼ਹਿ ਭਗਤਿ ਉਪਾਵੈਂ। ਆਤਮ ਗ੍ਯਾਨ ਸੁਰਸ ਕੋ ਪਾਵੈਂ।
ਸਭਾ ਮਝਾਰ ਹਜ਼ਾਰਹੁ ਥਿਰੇ। ਚਹੁ ਦਿਸ਼ਿ ਮਹਿ ਸਮੂਹ ਨਰ ਖਰੇ॥ ੨੩॥

ਸਿੱਖੀ ਬਖਸ਼ ਕੇ ਭਗਤੀ ਉਤਪੰਨ ਕਰਦੇ ਸਨ ਤੇ ਆਤਮ-ਗਿਆਨ ਉੱਤਮ ਰਸ ਪਾਉਂਦੇ ਸਨ। ਸਭਾ ਵਿਚ ਹਜ਼ਾਰਾਂ ਸਿੱਖ ਬੈਠੇ ਸਨ ਚਾਰੇ ਪਾਸੇ ਸਮੂਹ ਮਨੁੱਖ ਖੜੇ ਸਨ॥੨੩॥

ਪਿਖਹਿਂ ਸਰੂਪ ਹੋਹਿਂ ਬਲਿਹਾਰੀ। ਦੀਰਘ ਦਰਸ਼ਨ ਦੁਖਨ ਬਿਦਾਰੀ।
ਮੁੱਖਜ ਮਸੰਦ ਕਿਧੌਂ ਸਿਖ ਆਏ। ਗੁਰ ਸੁਤ ਹਿਤ ਕੀ ਬਾਤ ਚਲਾਏ॥ ੨੪॥

ਸਰੂਪ ਵੇਖ ਕੇ ਬਲਿਹਾਰੀ ਜਾਂਦੇ ਸਨ, ਵੱਡੇ ਦਰਸ਼ਨ ਦੁਖਾਂ ਨੂੰ ਦੂਰ ਕਰਦੇ ਸਨ। ਮੁਖੀ ਮਸੰਦ ਜਾਂ ਸਿੱਖ ਆਏ, ਗੁਰੂ-ਪੁੱਤਰ ਦੇ ਪ੍ਰੇਮ ਦੀ ਗੱਲ ਚਲਾਉਂਦੇ ਸਨ॥੨੪॥

ਅਰਪਹਿਂ ਹਾਥ ਜੋਰਿ ਦਸਤਾਰ। ਊਪਰ ਧਰਿ ਧਰਿ ਦਰਬ ਉਦਾਰ।
ਸਤਿਗੁਰ ਨਿਕਟਿ ਬਿਠਾਇਵ ਪੋਤਾ। ਆਤਮ ਗ੍ਯਾਨ ਮਹਾਨ ਜਿ ਪੋਤਾ॥੨੫॥

ਹੱਥ ਜੋੜ ਕੇ ਦਸਤਾਰ ਅਰਪਣ ਕਰਦੇ ਸਨ ਤੇ ਵਾਧੂ ਧਨ ਰੱਖਦੇ ਸਨ। ਸਤਿਗੁਰੂ ਜੀ ਆਪਣੇ ਪੋਤੇ ਨੂੰ ਪਾਸ ਬਿਠਾਉਂਦੇ ਸਨ ਜਿਹੜਾ ਆਤਮ-ਗਿਆਨ ਦਾ ਜਹਾਜ਼ ਸੀ॥੨੫॥

ਬਹੁ ਆਦਰ ਤੇ ਕਰਹਿਂ ਸਨੇਹੂ। ਜਾਨਹਿਂ ਹਮ ਪਾਛੈ ਗੁਰ ਏਹੂ।
ਅਜਰ ਜਰਨ ਆਦਿਕ ਗੁਨ ਭਾਰੇ। ਜਿਨ ਮਹਿਂ ਲਖੀਜਤ ਹੈਂ ਸ਼ੁਭ ਸਾਰੇ॥੨੬॥

ਬੜੇ ਆਦਰ ਨਾਲ ਪਿਆਰ ਕਰਦੇ ਸਨ, ਜਾਣਦੇ ਸਨ, ਸਾਡੇ ਪਿੱਛੋਂ ਇਹੋ ਗੁਰੂ ਹੋਵੇਗਾ। ਨਾ ਜਰੇ ਜਾਣ ਵਾਲੇ ਨੂੰ ਜਰਨ ਦੇ ਭਾਰੀ ਗੁਣ ਹਨ। ਜਿਨ੍ਹਾਂ ਵਿਚ ਸਾਰੇ ਸ਼ੁਭ ਗੁਣ ਦਿਖਾਈ ਦਿੰਦੇ ਹਨ॥੨੬॥

ਨਿਕਟਿ ਸੁਹਾਵਤਿ ਹੇਰਤਿ ਬ੍ਰਿੰਦ। ਬੈਸ ਅਲਪ ਮੁਖ ਸੁੰਦਰ ਚੰਦ।
ਗੁਰਮੁਖ ਸਿਖ ਅਨੁਮਾਨ ਕਰੰਤੇ। ਗੁਰਤਾ ਉਚਿਤ ਬਿਦਤ ਗੁਨਵੰਤੇ॥੨੭॥

ਪਾਸ ਬੈਠੇ ਸ਼ੋਭ ਰਹੇ ਸਨ, ਸਾਰੇ ਲੋਕ ਵੇਖ ਰਹੇ ਸਨ, ਛੋਟੀ ਉਮਰ, ਮੁੱਖ ਚੰਦ ਵਰਗਾ ਸੁੰਦਰ ਹੈ। ਗੁਰਮੁਖ ਸਿੱਖ ਅਨੁਮਾਨ ਲਾਉਂਦੇ ਸਨ, ਇਨ੍ਹਾਂ ਵਾਸਤੇ ਗੁਰਤਾ ਯੋਗ ਹੈ, ਬੜੇ ਗੁਣਵਾਨ ਦਿਖਾਈ ਦੇ ਰਹੇ ਹਨ॥੨੭॥

ਜਾਨੀ ਪਰਹਿ ਗੁਰੂ ਤੇ ਪਾਛੈ। ਤਖਤ ਬਿਰਾਜਹਿੰਗੇ ਦੁਤਿ ਆਛੈ।
ਕਹਿਂ ਲਗਿ ਕਹੌਂ ਮੇਲ ਕੀ ਬਾਤ। ਦਰਸਹਿਂ ਕਰਹਿਂ ਸੁਜਸੁ ਅਵਦਾਤ॥੨੮॥

ਗੁਰੂ ਜੀ ਤੋਂ ਪਿਛੋਂ ਪਤਾ ਲੱਗ ਜਾਵੇਗਾ, ਤਖਤ ਉਤੇ ਬੈਠੇ ਬਹੁਤ ਸੁਹਾਵਣੇ ਲਗਣਗੇ। ਮੇਲੇ ਦੀ ਗੱਲ ਕਿਥੋਂ ਤਕ ਕਹਾਂ, ਦਰਸ਼ਨ ਕਰਕੇ ਸ੍ਰੇਸ਼ਟ ਜੱਸ ਪ੍ਰਗਟ ਕਰਦੇ ਸਨ॥੨੮॥

ਮਨਭਾਵਤਿ ਕੀਰਤਪੁਰਿ ਰਹੈਂ। ਬਹੁਰ ਗਮਨ ਨਿਜ ਘਰ ਕੋ ਚਹੈਂ।
ਗੁਰ ਤੇ ਹੋਇ ਬਿਸਰਜਨਿ ਭਲੇ। ਨਿਜ ਨਿਜ ਦੇਸ਼ ਬ੍ਰਿੰਦ ਸਿਖ ਚਲੇ॥੨੯॥

ਮਨ-ਇੱਛਤ ਸਮੇਂ ਤਕ ਕੀਰਤਪੁਰ ਵਿਚ ਰਹਿੰਦੇ ਸਨ, ਬਾਅਦ ਵਿਚ ਆਪਣੇ ਘਰ ਨੂੰ ਜਾਣਾ ਚਾਹੁੰਦੇ ਸਨ। ਗੁਰੂ ਜੀ ਤੋਂ ਭਲੀ ਪ੍ਰਕਾਰ ਵਿਦਾ ਹੋਏ, ਆਪਣੇ-ਆਪਣੇ ਦੇਸ਼ ਵੱਲ ਸਾਰੇ ਸਿੱਖ ਚਲ ਪਏ॥੨੯॥

ਜਾਨਿ ਜੋਧ ਕੋ ਪ੍ਰੇਮ ਬਿਸਾਲਾ। ਰਾਖ੍ਯੋ ਅਪਨੇ ਨਿਕਟਿ ਕ੍ਰਿਪਾਲਾ।
ਤਿਮ ਭਾਈ ਰੂਪਾ ਢਿਗ ਰਹ੍ਯੋ। ਦਰਸ਼ਨ ਕੋ ਅਨੰਦ ਨਿਤ ਲਹ੍ਯੋ॥ ੩੦॥

ਰਾਇ ਜੋਧ ਦਾ ਵਿਸ਼ਾਲ ਪ੍ਰੇਮ ਜਾਣਕੇ, ਕ੍ਰਿਪਾਲੂ ਗੁਰੂ ਜੀ ਨੇ ਉਸ ਨੂੰ ਆਪਣੇ ਪਾਸ ਰਖਿਆ। ਉਸ ਤਰ੍ਹਾਂ ਭਾਈ ਰੂਪਾ ਵੀ ਪਾਸ ਰਿਹਾ, ਨਿਤ ਦਰਸ਼ਨਾਂ ਦਾ ਅਨੰਦ ਲੈਂਦੇ ਸਨ॥੩੦॥

ਭਾਨੇ ਕੋ ਕਰਿ ਮ੍ਰਿਦੁਲ ਦਿਲਾਸਾ। ਰਾਖਤਿ ਭਏ ਗੁਰੂ ਨਿਜ ਪਾਸਾ।
ਅਪਰ ਸਿੱਖ ਪ੍ਰੇਮੀ ਬਹੁ ਰਹੇ। ਜਿਨਹੁੰ ਪਰਮਪਦ ਬਾਂਛਤਿ ਅਹੇ॥ ੩੧॥

ਬਾਬੇ ਭਾਨੇ ਨੂੰ ਮਿਠਾ ਦਿਲਾਸਾ ਦੇ ਕੇ ਗੁਰੂ ਜੀ ਨੇ ਆਪਣੇ ਪਾਸ ਰਖਿਆ। ਹੋਰ ਕਈ ਸਿੱਖ ਪ੍ਰੇਮੀ ਵੀ ਪਾਸ ਰਹੇ, ਜਿਨ੍ਹਾਂ ਨੂੰ ਪਰਮਪਦ ਪ੍ਰਾਪਤ ਦੀ ਚਾਹਤ ਸੀ॥੩੧॥

ਗੁਰ ਸੰਗਤਿ ਤੇ ਹਤਿ ਅੱਗ੍ਯਾਨ। ਸਿੱਖੀ ਉਪਜੈ ਰਿਦੈ ਮਹਾਨ।
ਅਨਿਕ ਬਿਕਾਰਨ ਕੋ ਪਰਹਰਿ ਕੈ। ਰਿਦੈ ਮੁਕਰ ਕਹੁ ਨਿਰਮਲ ਕਰਿ ਕੈ॥੩੨॥

ਗੁਰ ਸੰਗਤ ਦੀ ਅਗਿਆਨਤਾ ਦੂਰ ਕਰਕੇ ਹਿਰਦੇ ਵਿਚ ਮਹਾਨ ਸਿੱਖੀ ਪ੍ਰਗਟ ਹੁੰਦੀ ਸੀ। ਹੋਰ ਸਾਰੇ ਵਿਕਾਰਾਂ ਨੂੰ ਛੱਡ ਕੇ ਹਿਰਦੇ ਰੂਪ ਸ਼ੀਸ਼ੇ ਨੂੰ ਨਿਰਮਲ ਕਰਦੇ ਸਨ॥੩੨॥

ਅਪਰ ਸਰੂਪ ਜਾਨਿ ਕਰਿ ਲੇਤਿ। ਮਨ ਕੋ ਰੋਕਤਿ ਹੋਇ ਸੁਚੇਤ।
ਬਿਧਿ ਪ੍ਰਪੰਚ ਕੋ ਕੂਰਾ ਜਾਨਹਿਂ। ਯਾਂਤੇ ਰਾਗ ਦ੍ਵੈਖ ਜੁਗ ਹਾਨਹਿਂ॥ ੩੩॥

ਹੋਰ ਸਰੂਪ ਜਾਣ ਕੇ ਪ੍ਰਾਪਤ ਕਰਦੇ ਸਨ ਤੇ ਮਨ ਤੇ ਕਾਬੂ ਕਰਕੇ ਸੁਚੇਤ ਹੋ ਜਾਂਦੇ ਸਨ। ਵਿਧਾਤਾ ਦੇ ਸੰਸਾਰ ਨੂੰ ਝੂਠਾ ਜਾਣਦੇ ਸਨ, ਇਸ ਕਰਕੇ ਪ੍ਰੇਮ ਅਤੇ ਦਵੈਖ ਦੋਵਾਂ ਨੂੰ ਦੂਰ ਕਰ ਲੈਂਦੇ ਸਨ॥੩੩॥

ਇਹ ਦੋਨਹੁ ਜਬਿ ਮਨ ਤੇ ਹਨੇ। ਮਤਸਰ ਆਦਿ ਕੌਨ ਤਬਿ ਜਨੇ।
ਸਤਿ, ਸੰਤੋਖ, ਸ਼ਾਂਤਿ ਜਬਿ ਨਿਪਜੈਂ। ਸੁਗਮ ਗ੍ਯਾਨ ਕੋ ਰਸ ਉਰ ਉਪਜੈ॥੩੪॥

ਇਹ ਦੋਵੇਂ ਜਦ ਮਨ ਤੋਂ ਦੂਰ ਹੋ ਜਾਂਦੇ ਹਨ, ਹੰਕਾਰ ਆਦਿ ਨੂੰ ਫਿਰ ਕੌਣ ਪਛਾਣਦਾ ਹੈ। ਸਤ, ਸੰਤੋਖ ਅਤੇ ਸ਼ਾਂਤੀ ਜਦ ਉਪਜਦੀ ਹੈ ਤੇ ਆਸਾਨੀ ਨਾਲ ਗਿਆਨ ਦਾ ਰਸ ਹਿਰਦੇ ਵਿਚ ਪ੍ਰਗਟ ਹੁੰਦਾ ਹੈ॥੩੪॥

ਸਿੱਧ ਅਸ਼ਟਦਸ਼ ਔਚਕ ਆਇ। ਥਿਰੈਂ ਅਗਾਰੀ ਮਨ ਬਿਰਮਾਇ।
ਨਿਜ ਨਿਜ ਸ਼ਕਤਿ ਜਨਾਵਹਿਂ ਸੋਇ। ਜਿਮ ਚਾਹਹਿਂ ਸੋ ਤਤਛਿਨ ਹੋਇ॥੩੫॥

ਅਠਾਰਾਂ ਸਿਧੀਆਂ ਅਚਾਨਕ ਆ ਜਾਂਦੀਆਂ ਹਨ, ਅੱਗੇ ਆ ਕੇ ਖਲੋ ਜਾਂਦੀਆਂ ਹਨ ਤੇ ਮਨ ਨੂੰ ਭਰਮਾਉਂਦੀਆਂ ਹਨ। ਆਪਣੀ-ਆਪਣੀ ਸ਼ਕਤੀ ਜਤਾਉਂਦੀਆਂ ਹਨ, ਜਿਵੇਂ ਚਾਹੁੰਦੇ ਹਨ ਤੁਰਤ ਹੋ ਜਾਂਦਾ ਹੈ॥੩੫॥

ਨਭ ਕੋ ਚਢਨ, ਪਤਾਲ ਸਿਧਾਵਨ। ਮੇਰੁ ਮਨਿੰਦ ਸਰੀਰ ਬਨਾਵਨਿ।
ਅਣੁ ਤੇ ਅਣੁ ਤਤਛਿਨ ਬਨਿ ਜਾਵਨਿ। ਗੁਪਤਹਿਂ ਬਿਦਤਹਿਂ ਜਿਮ ਮਨ ਭਾਵਨ॥੩੬॥

ਅਕਾਸ਼ ਤੇ ਚੜ੍ਹ ਜਾਂਦੀਆਂ ਹਨ ਤੇ ਪਾਤਾਲ ਵਿਚ ਚਲੀਆਂ ਜਾਂਦੀਆਂ ਹਨ। ਸੁਮੇਰ ਪਰਬਤ ਵਾਂਗ ਸਰੀਰ ਬਣਾ ਦਿੰਦੀਆਂ ਹਨ, ਛੋਟੇ ਤੋਂ ਛੋਟਾ ਤੁਰਤ ਬਣ ਜਾਂਦੀਆਂ ਹਨ। ਗੁਪਤ-ਪ੍ਰਗਟ ਜਿਵੇਂ ਮਨ ਚਾਹੁੰਦਾ ਹੈ, ਉਸ ਤਰ੍ਹਾਂ ਹੋ ਜਾਂਦੀਆਂ ਹਨ॥੩੬॥

ਤਿਨ ਕੋ ਗੁਰ ਸਿਖ ਨਹਿਂ ਸਨਮਾਨਹਿਂ। ਅੰਤਰ ਬ੍ਰਿਤੀ ਮਹਾਂ ਸੁਖ ਠਾਨਹਿਂ।
ਨਿਸ ਦਿਨ ਠਾਢੀ ਰਹਤਿ ਅਗਾਰੀ। ਅਸ ਗੁਰਮਤਿ ਅਤਿ ਚਿਤ ਹਿਤਕਾਰੀ॥੩੭॥

ਉਨ੍ਹਾਂ ਨੂੰ ਗੁਰੂ ਦੇ ਸਿੱਖ ਸਨਮਾਨ ਨਹੀਂ ਦਿੰਦੇ ਹਨ, ਅੰਤਰ ਬ੍ਰਿਤੀ ਕਰਕੇ ਮਹਾਨ ਸੁੱਖ ਪ੍ਰਾਪਤ ਕਰਦੇ ਹਨ। ਦਿਨ ਰਾਤ ਅੱਗੇ ਖੜੀ ਰਹਿੰਦੀ ਹੈ, ਇਸ ਤਰ੍ਹਾਂ ਗੁਰਮਤਿ ਚਿੱਤ ਵਿਚ ਹਿਤ ਵਾਲੀ ਹੈ॥੩੭॥

ਰਹੈਂ ਸਿੱਖ ਗੁਰ ਢਿਗ ਬਡ ਭਾਗੇ। ਪਗ ਪੰਕਜ ਕੇ ਪ੍ਰੇਮਹਿ ਪਾਗੇ।
ਸੱਤਿਨਾਮ ਜਾਚਹਿਂ ਕਰਿ ਅਰਜ਼ੀ। ਅਜਰ ਜਰਨ ਬਰਤਹਿਂ ਗੁਰ ਮਰਜ਼ੀ॥ ੩੮ ॥

ਵੱਡੇ ਭਾਗਾਂ ਵਾਲੇ ਸਿੱਖ ਗੁਰੂ ਜੀ ਪਾਸ ਰਹਿੰਦੇ ਹਨ, ਜਿਹੜੇ ਗੁਰੂ ਜੀ ਦੇ ਚਰਨ ਕੰਵਲਾਂ ਦੇ ਪ੍ਰੇਮ ਵਿਚ ਭਿੱਜੇ ਹੋਏ ਹਨ। ਬੇਨਤੀਆਂ ਕਰਕੇ ਸਤਿਨਾਮ ਮੰਗਦੇ ਹਨ। ਨਾ ਜਰੇ ਜਾਣ ਵਾਲੇ ਨੂੰ ਜਰਨ ਦੀ ਗੁਰੂ ਜੀ ਦੀ ਮਰਜ਼ੀ ਵਰਤਦੇ ਹਨ॥੩੮॥

ਐਸੇ ਸਿੱਖ ਰਹੈਂ ਗੁਰ ਪਾਸ। ਅਪਰ ਮੇਲ ਸਭਿ ਗਯੋ ਅਵਾਸ॥
ਪਾਇ ਕਾਮਨਾ ਸੁਜਸੁ ਉਚਾਰੈਂ। ਦੇਸ਼ ਬਿਦੇਸ਼ਨਿ ਮਹਿਂ ਬਿਸਤਾਰੈਂ॥ ੩੯ ॥

ਐਸੇ ਸਿੱਖ ਗੁਰੂ ਜੀ ਪਾਸ ਰਹਿੰਦੇ ਹਨ, ਹੋਰ ਸਾਰੇ ਸੰਬੰਧੀ ਆਪਣੇ-ਆਪਣੇ ਘਰਾਂ ਨੂੰ ਚਲੇ ਗਏ। ਕਾਮਨਾਵਾਂ ਪਾਉਂਦੇ ਸਨ ਤੇ ਸ੍ਰੇਸ਼ਟ ਜੱਸ ਉਚਾਰਨ ਕਰਦੇ ਸਨ ਤੇ ਦੇਸ਼ਾਂ ਵਿਦੇਸ਼ਾਂ ਵਿਚ ਫੈਲਾਉਂਦੇ ਸਨ॥੩੯॥

*ਅੱਠਵੀਂ ਰਾਸ ਦਾ ਬਤਾਲੀਵਾਂ ਅਧਿਆਇ ਸਮਾਪਤ ਹੋਇਆ॥੪੨॥*

## *ਅਧਿਆਇ ਤਰਤਾਲੀਵਾਂ*

*ਸ੍ਰੀ ਤੇਗ ਬਹਾਦਰ ਜੀ ਦੀ ਗੰਭੀਰਤਾ*

*ਦੋਹਰਾ*- ਥਿਰਹਿਂ ਗੁਰੂ ਸਭਿ ਸਭਾ ਮਹਿਂ ਸ਼ਬਦ ਸੁਨਹਿਂ ਬਿਚ ਰਾਗ।
ਜਿਨ ਤੇ ਮਨ ਪਾਵਨ ਬਨੈ, ਉਪਜੈ ਪ੍ਰਭੁ ਅਨੁਰਾਗ॥ ੧ ॥

ਗੁਰੂ ਜੀ ਸਭਾ ਵਿਚ ਬੈਠਦੇ ਸਨ ਤਾਂ ਰਾਗਾਂ ਵਿਚ ਗਾਏ ਹੋਏ ਸ਼ਬਦ ਸੁਣਦੇ ਸਨ, ਜਿਨ੍ਹਾਂ ਨਾਲ ਮਨ ਪਵਿੱਤਰ ਹੁੰਦਾ ਸੀ ਤੇ ਪ੍ਰਭੂ ਨਾਲ ਪਿਆਰ ਪੈਦਾ ਹੁੰਦਾ ਸੀ॥੧॥

*ਚੌਪਈ*- ਭਗਤਿ, ਗਜਾਨ, ਬੈਰਾਗ, ਬਿਬੇਕ। ਨਿਰਗੁਨ ਸਗੁਨ ਕੀ ਆਤਮ ਟੇਕ॥
ਇੱਤਜਾਦਿਕ ਚਰਚਾ ਸੰਗ ਭਾਨੇ। ਸੁਨਤਿ ਜੋਧ ਸਤਿਗੁਰੂ ਬਖਾਨੇ॥ ੨ ॥

ਭਗਤੀ, ਗਿਆਨ, ਵੈਰਾਗ, ਵਿਵੇਕ, ਵਿਚਾਰ, ਨਿਰਗੁਣ ਸਰਗੁਣ ਦਾ ਮੂਲ ਇਕ ਆਤਮਕ ਟੇਕ ਹੈ। ਇੱਤਆਦਿ ਚਰਚਾ ਬਾਬੇ ਭਾਨੇ ਨਾਲ ਕਰਦੇ ਸਨ। ਰਾਇ ਜੋਧ ਦੇ ਸੁਣਦਿਆਂ ਸਤਿਗੁਰੂ ਜੀ ਕਹਿੰਦੇ ਸਨ॥੨॥

ਰੂਪੇ ਆਦਿ ਸਿੱਖ ਬਹੁ ਸੁਨੈਂ। ਗੁਰ ਉਪਦੇਸ਼ ਰਿਦੈ ਪੁਨ ਗੁਨੈਂ।
ਸਤਿਸੰਗਤਿ ਕੀ ਪੰਗਤਿ ਹੋਤਿ। ਬ੍ਰਹਮਗਜਾਨ ਕੋ ਰਿਦੈ ਉਦੋਤਿ॥ ੩ ॥

ਰੂਪਾ ਆਦਿ ਬਹੁਤ ਸਿੱਖ ਸੁਣਦੇ ਸਨ। ਗੁਰੂ ਜੀ ਦੇ ਉਪਦੇਸ਼ ਨੂੰ ਫਿਰ ਹਿਰਦੇ ਵਿਚ ਗੁਣਦੇ ਸਨ। ਸਤਸੰਗਤ ਦੀ ਪੰਗਤ ਲਗਦੀ ਸੀ ਤੇ ਬ੍ਰਹਮ ਗਿਆਨ ਨੂੰ ਹਿਰਦੇ ਵਿਚ ਪ੍ਰਗਟ ਕਰਦੇ ਸਨ॥੩॥

ਮੁਕਤਿ ਉਚਿਤ ਨਰ ਭਏ ਅਨੇਕ। ਗੁਰ ਪ੍ਰਤਾਪ ਤੇ ਪਾਇ ਬਿਬੇਕ।
ਬਿਤੀ ਸਰਦ, ਹਿਮ ਰਿਤੁ ਪੁਨ ਆਈ। ਪਾਰਾ ਪਰਹਿ ਜਗਤ ਅਧਿਕਾਈ॥ ੪ ॥

ਮੁਕਤੀ ਜੋਗ ਅਨੇਕਾਂ ਮਨੁੱਖ ਹੋ ਗਏ, ਗੁਰੂ ਪ੍ਰਤਾਪ ਨਾਲ ਗਿਆਨ ਪ੍ਰਾਪਤ ਕਰਦੇ ਸਨ। ਅੱਸੂ ਕੱਤਕ ਦੇ ਮਹੀਨੇ ਬੀਤ ਗਏ ਤੇ ਫਿਰ ਮੱਘਰ ਪੋਹ ਦੇ ਮਹੀਨੇ ਆ ਗਏ ਤੇ ਪਾਲਾ ਬਹੁਤ ਪੈਣ ਲੱਗ ਗਿਆ ॥੪॥

ਕੀਰਤਪੁਰਿ ਹੀ ਸਤਿਗੁਰ ਬਾਸੇ। ਭਏ ਸ਼ਾਂਤਿ ਚਿਤ ਸੁਜਸੁ ਪ੍ਰਕਾਸ਼ੇ।
ਸ਼ੱਤ੍ਰੂ ਤੁਰਕ ਲਾਖਹੁਂ ਰਣ ਮਾਰੇ। ਅਰੇ ਆਇ ਸਗਰੇ ਸੋ ਹਾਰੇ॥ ੫॥

ਸਤਿਗੁਰੂ ਜੀ ਕੀਰਤਪੁਰ ਵਿਚ ਹੀ ਰਹਿੰਦੇ ਸਨ, ਸ਼ਾਂਤ ਚਿੱਤ ਤੇ ਸ੍ਰੇਸ਼ਟ ਜੱਸ ਪ੍ਰਕਾਸ਼ਮਾਨ ਹੁੰਦਾ ਸੀ। ਤੁਰਕ ਵੈਰੀ ਲੱਖਾਂ ਦੀ ਗਿਣਤੀ ਵਿਚ ਯੁੱਧ ਵਿਚ ਮਾਰੇ, ਜਿਹੜੇ ਸਾਹਮਣੇ ਆ ਕੇ ਅੜੇ ਉਹ ਸਾਰੇ ਹਾਰ ਗਏ॥੫॥

ਸ੍ਰੀ ਹਰਿਰਾਇ ਸੰਗ ਬਹੁ ਨੇਹੂ। ਮ੍ਰਿਦੁਲ ਬਾਕ ਤੇ ਕਰਤਿ ਅਛੇਹੂ।
ਨਿਸ ਦਿਨ ਨਿਜ ਸਮੀਪ ਹੀ ਰਾਖੈਂ। ਪ੍ਰਿਥਕ ਹੋਨ ਕੋ ਕਬਹੁਂ ਨ ਕਾਂਖੈਂ॥ ੬॥

ਸ੍ਰੀ ਹਰਿ ਰਾਇ ਨਾਲ ਬਹੁਤ ਪਿਆਰ ਹੈ, ਮਿੱਠੇ ਬਚਨ ਬੋਲ ਕੇ ਬਹੁਤ ਪ੍ਰਸੰਨ ਕਰਦੇ ਹਨ। ਰਾਤ ਦਿਨ ਪਾਸ ਹੀ ਰਖਦੇ ਹਨ, ਵੱਖ ਹੋਣਾ ਕਦੇ ਵੀ ਨਹੀਂ ਚਾਹੁੰਦੇ ਹਨ॥੬॥

ਸਦਨ ਥਿਰਹਿਂ ਤੋ ਬੈਠਹਿਂ ਤੀਰ। ਜੇ ਕਰਿ ਚਢਹਿਂ ਕਬਹਿ ਗੁਰ ਧੀਰ।
ਹਯ ਚਢਾਇ ਕਰਿ ਸੰਗ ਲਿਜਾਵੈਂ। ਸਿਵਕਾ ਚਢੈਂ ਤ ਸਾਥ ਚਢਾਵੈਂ॥ ੭॥

ਘਰ ਵਿਚ ਬੈਠਦੇ ਹਨ ਤਾਂ ਪਾਸ ਰੱਖਦੇ ਹਨ, ਜੇ ਕਦੇ ਗੁਰੂ ਜੀ ਘੋੜੇ ਦੀ ਸਵਾਰੀ ਕਰਦੇ ਸਨ, ਤਾਂ ਘੋੜੇ ਤੇ ਚੜ੍ਹਾ ਕੇ ਨਾਲ ਹੀ ਲੈ ਜਾਂਦੇ ਹਨ ਜੇ ਪਾਲਕੀ ਵਿਚ ਬੈਠਦੇ ਹਨ ਤਾਂ ਨਾਲ ਹੀ ਚੜ੍ਹਾ ਲੈਂਦੇ ਹਨ॥੭॥

ਸਤੁਦ੍ਰਵ ਕੂਲ ਸੈਲ ਕੋ ਜਾਇਂ। ਕੈ ਸੈਲਨਿ ਕੇ ਸ਼ਿਖਰ ਸਿਧਾਇਂ।
ਹੇਰਤਿ ਕਬਹੁਂ ਕੰਦਰਾ ਬਿਚਰਤਿ। ਸ੍ਰੀ ਹਰਿਰਾਇ ਸੰਗ ਰਹਿਂ ਜਿਤ ਕਿਤ॥ ੮॥

ਸਤਲੁਜ ਦਰਿਆ ਦੇ ਕਿਨਾਰੇ ਸੈਲ ਵਾਸਤੇ ਜਾਂਦੇ ਹਨ। ਕਈ ਵਾਰ ਪਹਾੜਾਂ ਦੀਆਂ ਚੋਟੀਆਂ ਤੇ ਚੜ੍ਹ ਜਾਂਦੇ ਹਨ। ਕਈ ਵਾਰ ਪਹਾੜਾਂ ਦੀਆਂ ਖੱਡਾਂ ਵੇਖਦੇ ਫਿਰਦੇ ਹਨ। ਸ੍ਰੀ ਹਰਿਰਾਇ ਜੀ ਜਿਥੇ ਕਿਥੇ ਨਾਲ ਰਹਿੰਦੇ ਹਨ॥੮॥

ਸੁੰਦਰ ਬਸਤ ਅਨਿਕ ਪਹਿਰਾਵੈਂ। ਭਾਂਤਿ ਭਾਂਤਿ ਭੂਖਨਿ ਬਨਿਵਾਵੈਂ।
ਪਹਿਰਾਵੈਂ ਕਰਿ ਪ੍ਰੇਮ ਘਨੇਰੇ। ਸ਼ੋਭਤਿ ਸ੍ਰੀ ਹਰਿਰਾਇ ਬਡੇਰੇ॥ ੯॥

ਅਨੇਕ ਪ੍ਰਕਾਰ ਦੇ ਸੁੰਦਰ ਵਸਤਰ ਪਵਾਉਂਦੇ ਹਨ, ਕਈ ਪ੍ਰਕਾਰ ਦੇ ਗਹਿਣੇ ਬਣਵਾਉਂਦੇ ਹਨ ਤੇ ਬੜਾ ਪ੍ਰੇਮ ਕਰਕੇ ਪਹਿਨਾਉਂਦੇ ਹਨ। ਸ੍ਰੀ ਹਰਿਰਾਇ ਜੀ ਨੂੰ ਉਹ ਬਹੁਤ ਵੱਧਦੇ ਹਨ॥੯॥

ਸੂਰਜ ਮਲ ਬੈਠਹਿਂ ਬਹੁ ਪਾਸ। ਨਾਂਹਿ ਤ ਅਪਨੇ ਬਸੈ ਅਵਾਸ।
ਕਬਿ ਕਬਿ ਆਵਹਿਂ ਤੇਗ ਬਹਾਦਰ। ਕਰਹਿਂ ਸਭਿਨਿ ਤੇ ਇਨ ਬਹੁ ਆਦਰ॥੧੦॥

ਸੂਰਜ ਮਲ ਬਹੁਤ ਪਾਸ ਬੈਠਦਾ ਸੀ, ਨਹੀਂ ਤਾਂ ਆਪਣੇ ਘਰ ਵਿਚ ਰਹਿੰਦਾ ਸੀ। ਕਦੀ-ਕਦੀ ਤੇਗ ਬਹਾਦਰ ਜੀ ਆਉਂਦੇ ਸਨ, ਸਾਰਿਆਂ ਨਾਲੋਂ ਇਨ੍ਹਾਂ ਦਾ ਬਹੁਤ ਆਦਰ ਕਰਦੇ ਸਨ॥੧੦॥

ਨਹਿਂ ਬੋਲਹਿਂ ਬਹੁ ਧਾਰਹਿਂ ਮੋਨ। ਜਗ ਬਿਵਹਾਰ ਨ ਜਾਨਹਿਂ ਕੋਨ।
ਅੰਤਰ ਬ੍ਰਿਤੀ ਮਸਤ ਕੀ ਨਜਾਈ। ਸਭਿ ਜਾਨਹਿਂ, ਇਹ ਲਖਹਿ ਨ ਕਾਈ॥੧੧॥

ਬਹੁਤ ਘੱਟ ਬੋਲਦੇ ਸਨ, ਜ਼ਿਆਦਾ ਚੁੱਪ ਹੀ ਰਹਿੰਦੇ ਸਨ, ਜਗਤ ਦੇ ਵਿਹਾਰਾਂ ਨੂੰ ਨਹੀਂ ਜਾਣਦੇ ਸਨ ਕਿ ਕੀ ਹਨ। ਮਸਤਾਂ ਵਾਂਗ ਅੰਤਰ ਬ੍ਰਿਤੀ ਹੀ ਰਖਦੇ ਸਨ, ਸਭ ਜਾਣਦੇ ਸਨ ਕਿ ਸ੍ਰੀ ਤੇਗ ਬਹਾਦਰ ਜੀ ਕਿਸੇ ਦੀ ਪ੍ਰਵਾਹ ਨਹੀਂ ਕਰਦੇ ਸਨ॥੧੧॥

ਸ੍ਰੀ ਹਰਿਗੋਵਿੰਦ ਹੋਇ ਇਕੰਤ। ਕਿਧੋਂ ਬਹੁਤ ਨਰ ਮਹਿ ਭਗਵੰਤ।
ਬਾਸਰ ਬੀਸ ਪਚੀਸਨਿ ਬਿਖੈ। ਜਬਿ ਚਿਤ ਹੁਇ ਪਿਤ ਦਰਸ਼ਨ ਪਿਖੈਂ॥੧੨॥

ਜਦ ਸ੍ਰੀ ਹਰਿਗੋਬਿੰਦ ਇਕਾਂਤ ਵਿਚ ਹੁੰਦੇ ਸਨ ਜਾਂ ਬਹੁਤ ਮਨੁੱਖਾਂ ਵਿਚ ਬੈਠਦੇ ਤਾਂ ਵੀਹ ਪੰਝੀ ਦਿਨਾਂ ਬਾਅਦ ਜਦ ਚਿੱਤ ਚਾਹੁੰਦਾ ਸੀ ਤਾਂ ਪਿਤਾ ਜੀ ਦੇ ਦਰਸ਼ਨ ਕਰਦੇ ਸਨ॥੧੨॥

ਸਨੈ ਸਨੈ ਚਲਿ ਪਾਇਨਿ ਧਰਤਿ। ਲਾਜ ਸਹਿਤ ਦ੍ਰਿਗ ਨੀਚੇ ਕਰਤਿ।
ਗੁਰ ਪਗ ਪੰਕਜ ਬੰਦਹਿਂ ਜਾਇ। ਹਾਥ ਜੋਰਿ ਕਰਿ ਗ੍ਰੀਵ ਨਿਵਾਇ॥੧੩॥

ਹੌਲੀ-ਹੌਲੀ ਚਲ ਕੇ ਪੈਰ ਧਰਦੇ ਸਨ ਤੇ ਸ਼ਰਮ ਨਾਲ ਨੈਣ ਨੀਵੇਂ ਰਖਦੇ ਹਨ। ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕਰਦੇ ਸਨ ਤੇ ਹੱਥ ਜੋੜ ਕੇ ਸਿਰ ਨਿਵਾਉਂਦੇ ਸਨ॥੧੩॥

ਪੁੱਤ੍ਰ ਸਧੀਰਜ ਪਿਖਿ ਗੰਭੀਰ। ਸਾਦਰ ਬੋਲਿ ਬਿਠਾਵਹਿਂ ਤੀਰ।
ਕਬਿਹੂੰ ਜ਼ਾਨੂ ਲੇਤਿ ਉਚਾਇ। 'ਬੈਠਹੁ ਨਿਕਟਿ' ਸਥਾਨ ਬਤਾਇਂ॥੧੪॥

ਪੁੱਤਰ ਨੂੰ ਗੰਭੀਰ ਵੇਖਕੇ ਧੀਰਜ ਦਿੰਦੇ ਸਨ, ਆਦਰ ਨਾਲ ਬੋਲ ਕੇ ਪਾਸ ਬਿਠਾਉਂਦੇ ਸਨ। ਕਈ ਵਾਰ ਗੋਡੇ ਤੋਂ ਫੜ ਕੇ ਚੁੱਕ ਲੈਂਦੇ ਸਨ ਤੇ ਕਹਿੰਦੇ ਸਨ "ਮੇਰੇ ਪਾਸ ਏਥੇ ਬੈਠੋ" ਤੇ ਥਾਂ ਵੀ ਦੱਸ ਦਿੰਦੇ ਸਨ॥੧੪॥

ਕਬਿਹੂੰ ਗਹਿ ਕਰਿ ਭੁਜਾ ਬਿਠਾਵੈਂ॥ ਸਨਮਾਨਹਿਂ ਸੁਤ ਕੌ ਦਰਸਾਵੈਂ।
ਪਿਖਹਿ ਨਾਨਕੀ ਕਬਿ ਘਰ ਮਾਂਹੀ। ਆਦਰ ਦੇਤਿ ਬਿਠਾਵੈਂ ਤਾਂਹੀ॥੧੫॥

ਕਈ ਵਾਰ ਬਾਂਹ ਤੋਂ ਫੜ ਕੇ ਬਿਠਾ ਲੈਂਦੇ ਸਨ, ਪੁੱਤਰ ਨੂੰ ਬੜੇ ਸਨਮਾਨ ਨਾਲ ਦਰਸ਼ਨ ਦਿੰਦੇ ਸਨ। ਜਦ ਕਦੀ ਮਾਤਾ ਨਾਨਕੀ ਜੀ ਘਰ ਵਿਚ ਵੇਖਦੇ ਸਨ ਤਾਂ ਆਦਰ ਦੇ ਕੇ ਬਿਠਾਉਂਦੇ ਸਨ॥੧੫॥

ਰਿਦੈ ਬਿਚਾਰੈ 'ਇਹ ਸੁਤ ਮੇਰੋ। ਲਖਹਿ ਨ ਜਗ ਬਿਵਹਾਰ ਬਡੇਰੋ।
ਕਿਹ ਸੋਂ ਪਜਾਰ ਨ ਬੈਠਹਿ ਬੋਲਹਿ। ਨਹੀਂ ਚਤਰ ਮਤ ਏਕਲ ਡੋਲਹਿ॥੧੬॥

ਹਿਰਦੇ ਵਿਚ ਵਿਚਾਰਦੇ ਸਨ, "ਇਹ ਮੇਰਾ ਪੁੱਤਰ ਜਗਤ ਦੇ ਵਿਹਾਰਾਂ ਨੂੰ ਸਮਝਦਾ ਨਹੀਂ ਹੈ। ਕਿਸੇ ਨਾਲ ਪਿਆਰ ਨਹੀਂ ਤੇ ਬੈਠ ਕੇ ਕਿਸੇ ਨਾਲ ਬੋਲਦੇ ਵੀ ਨਹੀਂ, ਬੁੱਧੀ ਵੀ ਚਤੁਰ ਨਹੀਂ ਹੈ, ਇਕੱਲਾ ਹੀ ਫਿਰਦਾ ਹੈ॥੧੬॥

ਘਰ ਮਹਿਂ ਬੈਠਿ ਇਕਾਂਕੀ ਰਹੈ। ਕਿਹ ਮਸੰਦ ਸੋਂ ਮੇਲ ਨ ਲਹੈ।
ਪੱਖ ਪਾਤ ਕਾਹੂੰ ਸੰਗ ਨਾਂਹੀ। ਲੈਬੋ ਦੈਬੋ ਕਰੈ ਨ ਕਾਂਹੀ॥੧੭॥

ਘਰ ਵਿਚ ਇਕੱਲਾ ਬੈਠਾ ਰਹਿੰਦਾ ਹੈ, ਕਿਸੇ ਮਸੰਦ ਨਾਲ ਮੇਲ ਨਹੀਂ ਕਰਦਾ ਹੈ। ਕਿਸੇ ਨਾਲ ਵੀ ਪੱਖ-ਪਾਤ ਨਹੀਂ ਕਰਦਾ, ਕਿਸੇ ਨਾਲ ਵੀ ਲੈਣ ਦੇਣ ਨਹੀਂ ਕਰਦਾ ਹੈ॥੧੭॥

ਸ੍ਰੀ ਗੁਰਦਿੱਤਾ ਜਾਨਹਿ ਸਾਰਾ। ਸਭਿ ਘਰ ਕੋ ਬਿਵਹਾਰ ਸੰਭਾਰਾ।
ਤਿਸ ਕੋ ਭੀ ਆਦਰ ਨਹਿਂ ਏਤੋ। ਮਮ ਲਘੁ ਸੁਤ ਕੋ ਠਾਨਤਿ ਜੇਤੋ॥੧੮॥

ਸ੍ਰੀ ਗੁਰਦਿੱਤਾ ਸਭ ਕੁਝ ਜਾਣਦਾ ਸੀ, ਸਾਰੇ ਘਰ ਦਾ ਕਾਰ ਵਿਹਾਰ ਉਸ ਸੰਭਾਲਿਆ ਸੀ। ਉਸ ਦਾ ਵੀ ਏਨਾ ਆਦਰ ਨਹੀਂ ਸੀ, ਮੇਰੇ ਛੋਟੇ ਪੁੱਤਰ ਨੂੰ ਜਿੰਨਾ ਆਦਰ ਮਿਲਦਾ ਹੈ॥੧੮॥

ਸੋ ਪਰਲੋਕ ਗਏ ਅਬਿ ਪਾਛੈ। ਸੂਰਜਮਲ ਜਾਨਤਿ ਮਤਿ ਆਛੈ।
ਘਰ ਕੀ ਕਾਰ ਕਰਤਿ ਸਭਿ ਭਾਵਤਿ। ਅਪਨਿ ਪਿਤਾ ਕੋ ਭਲੇ ਰਿਝਾਵਤਿ॥੧੯॥

ਉਹ ਪਰਲੋਕ ਚਲਾ ਗਿਆ ਹੈ ਤੇ ਪਿਛੋਂ ਸਭ ਕੁਝ ਸੂਰਜ ਮੱਲ ਚੰਗੀ ਤਰ੍ਹਾਂ ਜਾਣਦਾ ਹੈ। ਘਰ ਦੀ ਸਾਰੀ ਕਾਰ ਕਰਦਾ ਸਭ ਨੂੰ ਚੰਗਾ ਲੱਗਦਾ ਹੈ ਤੇ ਆਪਣੇ ਪਿਤਾ ਜੀ ਨੂੰ ਭਲੀ ਪ੍ਰਕਾਰ ਪ੍ਰਸੰਨ ਕਰਦਾ ਹੈ॥੧੯॥

ਅਣੀਰਾਇ ਕੀ ਬਾਤ ਕਹਾਂ ਹੈ। ਜਨਮਤਿ ਹੀ ਜੋ ਮਸਤ ਮਹਾਂ ਹੈ।
ਗੁਰੂ ਪ੍ਰਸੰਨ ਪੌਤ੍ਰ ਪਰ ਰਹੈਂ। ਨਿਸਦਿਨ ਪ੍ਰੀਤਿ ਸਹਿਤ ਹੀ ਲਹੈਂ॥ ੨੦॥

ਅਣੀਰਾਇ ਦੀ ਗੱਲ ਹੀ ਕੀ ਹੈ, ਜਿਹੜਾ ਜਨਮ ਤੋਂ ਹੀ ਮਹਾਂ ਮਸਤ ਰਹਿੰਦਾ ਹੈ। ਗੁਰੂ ਜੀ ਪੋਤਰੇ ਤੇ ਪ੍ਰਸੰਨ ਰਹਿੰਦੇ ਹਨ, ਦਿਨ ਰਾਤ ਪ੍ਰੀਤ ਸਹਿਤ ਹੀ ਵੇਖਦੇ ਹਨ॥੨੦॥

ਮਮ ਸੁਤ ਕੋ ਆਦਰ ਕਤੋਂ ਕਰੈਂ। ਇਹ ਕੁਛ ਭੇਦ ਨ ਜਾਨਯੋ ਪਰੈ।
ਰਿਦੈ ਬਿਚਾਰਤਿ ਦਿਨਨਿ ਬਿਤੰਤਿ। ਬੂਝਹੁਂ ਕਬਹਿ ਕੰਤ ਭਗਵੰਤ॥ ੨੧॥

ਮੇਰੇ ਪੁੱਤਰ ਦਾ ਆਦਰ ਕਿਉਂ ਕਰਦੇ ਹਨ ? ਇਹ ਭੇਦ ਕੁਝ ਜਾਣਿਆ ਨਹੀਂ ਜਾਂਦਾ। ਹਿਰਦੇ ਵਿਚ ਵਿਚਾਰਦਿਆਂ ਦਿਨ ਬਤੀਤ ਕਰਦੀ ਹੈ। ਸੋਚਦੀ ਹੈ ਕਿ ਕਦੀ ਮਾਲਕ ਸਤਿਗੁਰੂ ਪਾਸੋਂ ਪੁਛਾਂਗੀ॥੨੧॥

ਇਕ ਬਾਸਰ ਸਤਿਗੁਰ ਘਰ ਮਾਂਹੀ। ਬੈਠੀ ਹੁਤੀ ਨਾਨਕੀ ਪਾਹੀ।
ਤੇਗ ਬਹਾਦਰ ਤਬਿ ਚਲਿ ਆਏ। ਪਿਤ ਗੁਰ ਦਰਸ ਕਰਨਿ ਲਲਚਾਏ॥੨੨॥

ਇਕ ਦਿਨ ਸਤਿਗੁਰੂ ਜੀ ਘਰ ਵਿਚ ਹੀ ਸਨ, ਸ੍ਰੀ ਨਾਨਕੀ ਜੀ ਉਨ੍ਹਾਂ ਦੇ ਪਾਸ ਹੀ ਬੈਠੀ ਸੀ। ਫਿਰ ਸ੍ਰੀ ਤੇਗ ਬਹਾਦਰ ਚਲ ਕੇ ਆ ਗਿਆ। ਗੁਰੂ ਪਿਤਾ ਜੀ ਦੇ ਦਰਸ਼ਨ ਕਰਨੇ ਚਾਹੁੰਦਾ ਸੀ॥੨੨॥

ਸਾਦਰ ਨਿਕਟਿ ਬਿਠਾਵਨ ਕੀਨਿ। ਬੰਦਨ ਕਰਤਿ ਗਹੀ ਭੁਜ ਪੀਨ।
ਬੈਠੇ ਤਰੇ ਬਿਲੋਚਨ ਕਰੇ। ਪਿਤਾ ਨਿਕਟਿ ਨਹਿਂ ਊਚ ਨਿਹਰੇਂ॥ ੨੩॥

ਗੁਰੂ ਜੀ ਨੇ ਬੜੇ ਆਦਰ ਨਾਲ ਪਾਸ ਬਿਠਾ ਲਿਆ ਤੇ ਬੰਦਨਾ ਕਰਦੇ ਦੀ ਹੀ ਬਾਂਹ ਫੜ ਲਈ। ਸ੍ਰੀ ਤੇਗ ਬਹਾਦਰ ਜੀ ਅੱਖਾਂ ਨੀਵੀਆਂ ਕਰਕੇ ਬੈਠ ਗਏ, ਪਿਤਾ ਜੀ ਪਾਸ ਬੈਠ ਕੇ ਅੱਖਾਂ ਉਚੀਆਂ ਨਹੀਂ ਸਨ ਕਰਦੇ॥੨੩॥

ਲਖਿ ਆਵਕਾਸ਼ ਇਕਾਂਕੀ ਕੰਤ। ਕਹਤਿ ਨਾਨਕੀ 'ਸੁਨਿ ਭਗਵੰਤ!।
ਸਭਿ ਤੇ ਲਘੁ ਨੰਦਨ ਇਹੁ ਮੇਰੋ। ਜਿਸ ਕੋ ਸੁਧ ਸੁਭਾਵ ਬਡੇਰੋ॥ ੨੪॥

ਆਪਣੇ ਪਤੀ ਜੀ ਨੂੰ ਇਕੱਲਾ ਜਾਣ ਕੇ, ਪੁੱਛਣ ਦਾ ਸਮਾਂ ਜਾਣਿਆ ਤਾਂ ਸ੍ਰੀ ਨਾਨਕੀ ਜੀ ਨੇ ਕਿਹਾ, "ਹੇ ਪ੍ਰਭੂ ਜੀ! ਸੁਣੋ, ਇਹ ਮੇਰਾ ਪੁੱਤਰ ਸਭ ਤੋਂ ਛੋਟਾ ਹੈ, ਜਿਸ ਦਾ ਸੁਭਾਵ ਬੜਾ ਸਿਧਾ ਸਾਧਾ ਹੈ॥੨੪॥

ਪੁੱਤ੍ਰ ਆਪ ਕੇ ਅਪਰ ਬਡੇਰੇ। ਚਿਤ ਜਾਨਤਿ ਬਿਵਹਾਰ ਘਨੇਰੇ।
ਘਰ ਕੇ ਕਾਰ ਸੰਭਾਰਨ ਕਰੇ। ਲੇਨਿ ਰੁ ਦੇਨਿ ਜਥੋਚਿਤ ਧਰੇ॥ ੨੫॥

ਹੋਰ ਆਪ ਜੀ ਦੇ ਵੱਡੇ ਪੁੱਤਰ ਹਨ, ਜਿਹੜੇ ਚਿੱਤ ਵਿਚ ਸਾਰੇ ਕਾਰ ਵਿਹਾਰ ਜਾਣਦੇ ਹਨ। ਘਰ ਦੇ ਸਾਰੇ ਕਾਰ ਵਿਹਾਰ ਨੂੰ ਸੰਭਾਲਦੇ ਹਨ। ਲੈਣਾ ਦੇਣਾ ਜਿਵੇਂ ਚਿੱਤ ਵਿਚ ਧਾਰਨ ਕਰਦੇ ਹਨ॥੨੫॥

ਸਰਬ ਪ੍ਰਕਾਰਨਿ ਚਹਤਿ ਬਡਾਈ। ਮਿਲਹਿਂ ਮਸੰਦ ਜਿਨਹੁ ਸਮੁਦਾਈ।
ਇਹ ਮਮ ਸੁਤ ਨਹਿਂ ਜਾਨਤਿ ਕੋਈ। ਰਹਤਿ ਇਕਾਂਕੀ ਤੂਸ਼ਨਿ ਹੋਈ॥੨੬॥

ਸਭ ਪ੍ਰਕਾਰ ਵਡਿਆਈ ਚਾਹੁੰਦੇ ਹਨ, ਜਿਨ੍ਹਾਂ ਨੂੰ ਬਹੁਤ ਮਸੰਦ ਆ ਕੇ ਮਿਲਦੇ ਹਨ। ਮੇਰੇ ਪੁੱਤਰ ਨੂੰ ਕੋਈ ਵੀ ਨਹੀਂ ਜਾਣਦਾ ਹੈ ਇਹ ਹਮੇਸ਼ਾ ਇਕੱਲਾ ਅਤੇ ਚੁੱਪ ਰਹਿੰਦਾ ਹੈ॥੨੬॥

ਤੁਮ ਸਨਮਾਨਹੁ ਸਭਿ ਤੇ ਘਨੋ। ਕਾਰਨ ਕਹਾਂ ਸੁਮਤਿ ਲਖਿ ਮਨੋ।
ਮੁਝ ਮਨ ਸੰਸੈ ਹੋਤਿ ਸਦਾਈ। ਰਹੀ ਬਿਚਾਰ ਨ ਜਾਨੋ ਜਾਈ॥ ੨੭॥

ਤੁਸੀਂ ਇਸਦਾ ਸਭ ਨਾਲੋਂ ਜ਼ਿਆਦਾ ਸਨਮਾਨ ਕਰਦੇ ਹੋ, ਇਸ ਦਾ ਕੀ ਕਾਰਨ ਹੈ ? ਕੀ ਆਪ ਜੀ ਨੇ ਇਸ ਦੀ ਕੋਈ ਚੰਗੀ ਮੱਤ ਮਨ ਵਿਚ ਸਮਝੀ ਹੈ। ਮੇਰੇ ਮਨ ਵਿਚ ਇਹ ਸਦਾ ਹੀ ਸੰਸਾ ਹੁੰਦਾ ਹੈ ਵਿਚਾਰ ਕਰਦੀ ਰਹਿੰਦੀ ਹਾਂ, ਪਰ ਜਾਣਿਆ ਨਹੀਂ ਜਾਂਦਾ॥੨੭॥

ਕ੍ਰਿਪਾ ਕਰਹੁ ਅਬਿ ਸਾਚ ਬਤਾਵਹੁ। ਕਿਮ ਸਨਮਾਨਹੁ ਭੇਵ ਸੁਝਾਵਹੁ।
ਸੁਨਿ ਕਰਿ ਸ੍ਰੀ ਮੁਖ ਤੇ ਮੁਸਕਾਏ। ਸੁਤ ਕੀ ਦਿਸ਼ਾ ਬਿਲੋਚਨ ਲਾਏ॥ ੨੮॥

ਕਿਰਪਾ ਕਰਕੇ ਹੁਣ ਸੱਚ ਦੱਸ ਦੇਵੋ, ਕਿਵੇਂ ਸਨਮਾਨ ਕਰਦੇ ਹੋ ਇਹ ਭੇਦ ਦੱਸੋ।'' ਇਹ ਸੁਣ ਕੇ ਗੁਰੂ ਜੀ ਮੁੱਖ ਤੋਂ ਮੁਸਕਰਾਏ ਤੇ ਪੁੱਤਰ ਵਾਲੇ ਪਾਸੇ ਆਪਣੀ ਦ੍ਰਿਸ਼ਟੀ ਲਾਈ॥੨੮॥

ਪਿਖਿ ਸ੍ਰੀ ਹਰਿਗੋਵਿੰਦ ਬਖਾਨਾ। 'ਕਹਾਂ ਭੋਲੀਏ! ਭੇਵ ਪਛਾਨਾ।
ਅਜਰ ਜਰਨ ਉਰ ਧੀਰ ਧੁਰੰਧਰ। ਇਸ ਮਨਿੰਦ ਨ ਅਪਰ ਜਗ ਅੰਦਰ ॥੨੯॥

ਵੇਖ ਕੇ ਸ੍ਰੀ ਹਰਿਗੋਬਿੰਦ ਜੀ ਨੇ ਕਿਹਾ, "ਹੇ ਭੋਲੀਏ, ਤੂੰ ਇਹ ਭੇਦ ਕਿਵੇਂ ਪਛਾਣਿਆ ਹੈ। ਇਹ ਨਾ ਜਰੇ ਜਾਣ ਵਾਲੇ ਨੂੰ ਜਰਨ ਵਾਲੇ ਹਿਰਦੇ ਦੇ ਧੀਰਜਵਾਨ ਤੇ ਸਾਰੇ ਸ਼ੁਭ ਗੁਣਾਂ ਦੇ ਧਾਰਨ ਕਰਨ ਵਾਲੇ ਹਨ। ਇਸ ਵਰਗਾ ਜੱਗ ਵਿਚ ਹੋਰ ਕੋਈ ਨਹੀਂ ਹੈ॥੨੯॥

ਇਕ ਤੋ ਇਹ ਗੁਨ ਮਾਨਨ ਠੋਰ। ਸੁਨਹੁ ਦੁਸਰੋ ਕਾਰਨ ਔਰ।
ਇਸ ਕੇ ਪੁੱਤ੍ਰ ਹੋਹਿ ਬਲਵੰਡ। ਤੇਜ਼ ਪ੍ਰਚੰਡ ਭੰਡ ਖਲ ਖੰਡ॥ ੩੦॥

ਇਕ ਤਾਂ ਇਸ ਗੁਣ ਕਰਕੇ ਸਤਿਕਾਰ ਯੋਗ ਹਨ ਤੇ ਸੁਨਹੁ ਦੂਸਰਾ ਕਾਰਨ ਹੋਰ ਵੀ ਹੈ, ਇਸ ਦੇ ਘਰ ਬੜਾ ਵੱਡਾ ਬਲਵਾਨ ਪੁੱਤਰ ਪੈਦਾ ਹੋਵੇਗਾ, ਜਿਸ ਦਾ ਪ੍ਰਚੰਡ ਤੇਜ਼ ਹੋਵੇਗਾ ਤੇ ਸਮੂਹ ਦੁਸ਼ਟਾਂ ਦਾ ਨਾਸ਼ਕ ਹੋਵੇਗਾ॥੩੦॥

ਰੁੰਡ ਮੁੰਡ ਬਡ ਸ਼ੱਤ੍ਰ ਬਿਹੰਡ। ਘਾਲਹਿ ਸੰਘਰ ਘੋਰ ਘਮੰਡ।
ਜਗਤ ਗੁਰੂ ਸ੍ਰੀ ਨਾਨਕ ਕੇਰਾ। ਨਾਮ ਕਰਹਿ ਉੱਜਲ ਬਹੁਤੇਰਾ॥ ੩੧॥

ਵੈਰੀਆਂ ਦਾ ਰੁੰਡ ਮੁੰਡ ਕਰਕੇ ਨਾਸ਼ ਕਰੇਗਾ, ਬਹੁਤ ਵਡੀਆਂ ਜੰਗਾਂ ਕਰਕੇ ਘੋਰ ਸੰਘਰਸ਼ ਕਰੇਗਾ। ਜਗਤ ਗੁਰੂ ਸ੍ਰੀ ਨਾਨਕ ਦੇਵ ਜੀ ਦਾ ਨਾਮ ਬਹੁਤ ਉੱਜਲ ਕਰੇਗਾ॥੩੧॥

ਮਹਾਂ ਪੁਰਖ ਬਡ ਤੇਜ ਅਮੰਦ। ਦੇਗ਼ ਤੇਗ਼ ਕੇ ਧਨੀ ਬਿਲੰਦ।
ਗੁਰਨਿ ਪ੍ਰਤਾਪ ਬਿਸਾਲ ਵਧਾਵਹਿ। ਚਹੁਕੁੰਟਨਿ ਪਰ ਛਾਯਾ ਛਾਵਹਿ॥ ੩੨॥

ਵੱਡੇ ਤੇਜ ਵਾਲਾ ਮਹਾਂਪੁਰਖ ਹੋਵੇਗਾ ਤੇ ਦੇਗ ਤੇਗ ਦਾ ਵੱਡਾ ਧਨੀ ਹੋਵੇਗਾ। ਗੁਰੂ ਸਾਹਿਬਾਨ ਦੇ ਪ੍ਰਤਾਪ ਨੂੰ ਬਹੁਤ ਵਧਾਵੇਗਾ ਤੇ ਚਾਰੇ ਕੂਟਾਂ ਵਿਚ ਛਾ ਜਾਵੇਗਾ॥੩੨॥

ਤਿਨ ਕੇ ਜਨਮ ਹੋਨਿ ਕਰਿ ਘਰ ਮੈਂ। ਮਾਨਨੀਯ ਇਹ ਸਭਿ ਸੁਰ ਨਰ ਮੈਂ।
ਇਸ ਕਾਰਨ ਕਰਿ ਬਡੇ ਸਭਿਨਿ ਤੇ। ਕਰਿ ਆਦਰ ਮ੍ਰਿਦੁ ਕੋ ਹਮ ਭਨਤੇ ॥੩੩॥

ਉਨ੍ਹਾਂ ਦੇ ਘਰ ਵਿਚ ਜਨਮ ਹੋਣ ਕਰਕੇ ਇਹ ਸਭ ਦੇਵਤਿਆਂ ਅਤੇ ਮਨੁੱਖਾਂ ਵਿਚ ਆਦਰਯੋਗ ਹੋ ਜਾਣਗੇ। ਇਸ ਕਾਰਨ ਕਰਕੇ ਇਹ ਸਭ ਤੋਂ ਵੱਡੇ ਹਨ, ਇਸ ਲਈ ਅਸੀਂ ਬੜਾ ਆਦਰ ਦੇ ਕੇ ਬਹੁਤ ਮਿੱਠੇ ਤੇ ਕੋਮਲ ਬਚਨ ਬੋਲਦੇ ਹਾਂ'' ॥੩੩॥

ਸੁਨਿਤ ਅਨੰਦ ਨਾਨਕੀ ਹੋਈ। ਬੰਦਨ ਕੀਨਿ ਬੰਦਿ ਕਰ ਦੋਈ।
ਸੁਤ ਕੋ ਸੁਤ ਗੁਨ ਨਿਧ ਹੁਇ ਸੁਨਜੋ। ਬਨਹਿ ਸਾਚ ਇਨ ਕੋ, ਕਿਮ ਭਨਜੋ ॥੩੪॥

ਇਹ ਸੁਣ ਕੇ ਸ੍ਰੀ ਨਾਨਕੀ ਬਹੁਤ ਪ੍ਰਸੰਨ ਹੋਈ ਤੇ ਦੋਵੇਂ ਹੱਥ ਜੋੜ ਕੇ ਬੰਦਨਾ ਕੀਤੀ। ਪੁੱਤਰ ਦਾ ਪੁੱਤਰ ਗੁਣਾਂ ਦਾ ਖ਼ਜ਼ਾਨਾ ਹੋਵੇਗਾ ਇਹ ਸੁਣਿਆ ਤੇ ਸੋਚਿਆ, ਇਨ੍ਹਾਂ ਦਾ ਕਿਹਾ ਸੱਚਾ ਹੋਵੇਗਾ, ਜਿਵੇਂ ਇਨ੍ਹਾਂ ਕਿਹਾ ਹੈ॥੩੪॥

ਅਤਿ ਪ੍ਰਤਾਪ ਜੁਤਿ ਬਲੀ ਬਿਸਾਲਾ। ਸਕਲ ਦਿਸ਼ਾ ਮਹਿਂ ਕਰਹਿ ਉਜਾਲਾ।
ਅਧਿਕ ਬਿਭੂਤਿ ਮੋਹਿ ਘਰ ਆਵਹਿ। ਪੌਤ੍ਰਾ ਸਭਿ ਸਮਾਜ ਬਿਰਧਾਵਹਿ ॥੩੫॥

ਅਤਿ ਪ੍ਰਤਾਪ ਸਹਿਤ ਮਹਾਂ ਬਲੀ ਹੋਵੇਗਾ ਤੇ ਸਾਰੇ ਪਾਸੇ ਉਜਾਲਾ ਕਰੇਗਾ। ਮੇਰੇ ਘਰ ਵਿਚ ਬਹੁਤ ਧਨ ਦੌਲਤ ਆਵੇਗੀ, ਪੋਤਰਾ ਸਭ ਸਾਜ਼ੋ-ਸਾਮਾਨ ਵਧਾਵੇਗਾ॥੩੫॥

ਜਬਿ ਤੇ ਸੁਧਿ ਸਤਿਗੁਰੂ ਸੁਨਾਈ। ਭਈ ਪ੍ਰਫੁੱਲਿਤ ਅੰਗ ਨ ਮਾਈ।
ਰਹੀ ਪ੍ਰਤੀਖਤਿ ਭਈ ਅਨੰਦ। ਹੋਹਿ ਪੌਤ੍ਰ ਕਬਿ ਬਾਂਹਿ ਬਿਲੰਦ॥ ੩੬ ॥

ਜਦ ਤੋਂ ਸਤਿਗੁਰੂ ਜੀ ਨੇ ਇਹ ਖ਼ਬਰ ਸੁਣਾਈ, ਮਾਤਾ ਨਾਨਕੀ ਜੀ ਬਹੁਤ ਪ੍ਰਸੰਨ ਹੋਏ ਤੇ ਅੰਗਾਂ ਵਿਚ ਨਹੀਂ ਸੀ ਸਮਾਉਂਦੇ ਅਨੰਦਿਤ ਹੋਈ ਇੰਤਜ਼ਾਰ ਕਰਦੀ ਰਹੀ, ਮਹਾਂਬਲੀ ਪੋਤਰਾ ਕਦ ਪੈਦਾ ਹੋਵੇ॥੩੬॥

ਜਬਿ ਜਨਮੈਂ ਦਸਮੇ ਪਤਿਸ਼ਾਹੂ। ਦੇਖਿ ਅਨੰਦਤਿ ਬਹੁ ਮਨ ਮਾਂਹੂ।
ਪਤਿ ਕੇ ਬਚ ਸਿਮਰਤ ਹੀ ਰਹੀ। ਜਜੋਂ ਜਜੋਂ ਵਧਿ ਪ੍ਰਤਾਪ ਭਾ ਮਹੀ॥ ੩੭ ॥

ਜਦ ਦਸਵੇਂ ਪਾਤਸ਼ਾਹ ਦਾ ਜਨਮ ਹੋਇਆ, ਵੇਖ ਕੇ ਮਨ ਵਿਚ ਬਹੁਤ ਪ੍ਰਸੰਨ ਹੋਈ ਆਪਣੇ ਪਤੀ ਜੀ ਦੇ ਬਚਨਾਂ ਨੂੰ ਯਾਦ ਕਰਦੀ ਰਹੀ ਜਿਵੇਂ-ਜਿਵੇਂ ਧਰਤੀ ਤੇ ਪ੍ਰਤਾਪ ਵਧੇ॥੩੭॥

ਸ੍ਰੀ ਗੁਰ ਤੇਗ ਬਹਾਦਰ ਤਬੈ। ਦ੍ਵੈ ਘਟਕਾ ਬੈਠੇ ਸੁਨਿ ਸਬੈ।
ਬੰਦਨ ਕਰਿ ਨਿਜ ਥਾਨ ਪਧਾਰੇ। ਪੌਢਿ ਕੀਨਿ ਬਿਸਰਾਮ ਸੁਖਾਰੇ॥ ੩੮ ॥

ਤਦ ਸ੍ਰੀ ਗੁਰੂ ਤੇਗ ਬਹਾਦਰ ਜੀ ਸਭ ਕੁਝ ਸੁਣ ਕੇ ਦੋ ਘੜੀਆਂ ਬੈਠੇ। ਬੰਦਨਾ ਕਰਕੇ ਆਪਣੇ ਸਥਾਨ ਤੇ ਚਲੇ ਗਏ ਤੇ ਲੰਮੇ ਪੈ ਕੇ ਸੁੱਖ ਨਾਲ ਆਰਾਮ ਕੀਤਾ॥੩੮॥

*ਅੱਠਵੀਂ ਰਾਸ ਦਾ ਤਰਤਾਲੀਵਾਂ ਅਧਿਆਇ ਸਮਾਪਤ ਹੋਇਆ॥੪੩॥*

## *ਅਧਿਆਇ ਚਤਾਲੀਵਾਂ*

*ਬਿਧੀ ਚੰਦ, ਸੁੰਦਰਸ਼ਾਹ ਪ੍ਰਲੋਕ*

ਦੋਹਰਾ- ਰਾਇ ਜੋਧ ਰਾਮਾ ਰਹਜੌ ਧਰਮਾ ਸਤਿਗੁਰ ਤੀਰ।
ਸਾਹਿਬ ਭਾਨਾ ਤਤਬਿਤਾ ਅਪਰ ਕਿਤਿਕ ਸਿਖ ਭੀਰ॥ ੧ ॥

ਰਾਇ ਜੋਧ, ਰਾਮਾ ਤੇ ਧਰਮਾ ਸਤਿਗੁਰੂ ਜੀ ਦੇ ਪਾਸ ਰਹੇ, ਬਾਬਾ ਭਾਨਾ ਸਾਹਿਬ ਆਤਮ ਵੇਤਾ ਤੇ ਕਈ ਹੋਰ ਸਿੱਖ ਵੀ ਗੁਰੂ ਜੀ ਪਾਸ ਰਹੇ॥੧॥

ਚੌਪਈ- ਪਰਮਾਨੰਦ ਅਰੁ ਸੁੰਦਰ ਰਹਜੇ। ਗੁਰ ਸਮੀਪਤਾ ਕੋ ਸੁਖ ਲਹਜੇ।
ਬਾਕ ਬਿਲਾਸ ਅਨਿਕ ਬਿਧਿ ਹੋਤਿ। ਭਗਤਿ ਗਜਾਨ ਕੋ ਅਨੰਦ ਉਦੋਤ ॥੨॥

ਪਰਮਾਨੰਦ ਅਤੇ ਸੁੰਦਰ ਵੀ ਰਹੇ, ਗੁਰੂ ਜੀ ਦੇ ਨੇੜੇ ਰਹਿ ਕੇ ਸੁਖ ਪਾਇਆ ਅਨੇਕ ਪ੍ਰਕਾਰ ਦੇ ਵਾਕ ਵਿਲਾਸ ਹੁੰਦੇ ਸਨ। ਭਗਤੀ ਗਿਆਨ ਨਾਲ ਅਨੰਦ ਵਧਦਾ ਸੀ॥੨॥

ਨਾਨਾ ਪ੍ਰਸ਼ਨ ਗੁਰੂ ਸੰਗ ਕਰੈਂ। ਸੁਨਹਿੰ ਭਲੇ ਉਰ ਆਨੰਦ ਧਰੈਂ।
ਬਿਧੀ ਚੰਦ ਗੁਰ ਸੇਵ ਕਮਾਵੈ। ਸੁਭਟ ਤੁਰੰਗਨਿ ਕੀ ਸੁਧ ਪਾਵੈ॥ ੩ ॥

ਕਈ ਪ੍ਰਕਾਰ ਦੇ ਸਵਾਲ ਗੁਰੂ ਜੀ ਪਾਸੋਂ ਪੁੱਛਦੇ ਸਨ ਤੇ ਭਲੀ ਪ੍ਰਕਾਰ ਉੱਤਰ ਸੁਣ ਕੇ ਹਿਰਦੇ ਵਿਚ ਬਹੁਤ ਅਨੰਦ ਧਾਰਨ ਕਰਦੇ ਸਨ। ਬਿਧੀ ਚੰਦ ਗੁਰੂ ਜੀ ਦੀ ਸੇਵਾ ਕਮਾਉਂਦਾ ਸੀ, ਸੂਰਮਿਆਂ ਅਤੇ ਘੋੜਿਆਂ ਦੀ ਖਬਰ ਲੈਂਦਾ ਸੀ॥੩॥

ਲੇਨਿ ਦੇਨਿ ਕੋ ਬਡ ਬਿਵਹਾਰ। ਚਲਹਿ ਦੇਗ ਅਨਤੋਟ ਅਹਾਰ।
ਗੁਰ ਕੇ ਅੰਤਹਿਪੁਰ ਪਹੁੰਚਾਵਨ। ਬਸਤ੍ਰ ਬਿਭੂਖਨ ਜੋ ਮਨ ਭਾਵਨ॥੪॥

ਲੈਣ ਦੇਣ ਦਾ ਵੱਡਾ ਵਿਹਾਰ ਚਲਦਾ ਸੀ, ਲੰਗਰ ਚਲਦਾ ਸੀ ਤੇ ਅਤੁੱਟ ਭੋਜਨ ਵਰਤਦਾ ਸੀ। ਗੁਰੂ ਜੀ ਦੇ ਮਹਿਲਾਂ ਵਿਚ ਵੀ ਪਹੁੰਚਾਉਂਦੇ ਸਨ, ਵਸਤਰ ਅਤੇ ਗਹਿਣੇ ਜੋ ਮਨ ਨੂੰ ਭਾਉਂਦੇ ਸਨ, ਉਹ ਵੀ ਭੇਜਦੇ ਸਨ॥੪॥

ਗੁਰ ਮਰਜ਼ੀ ਕੋ ਲਖਿ ਇਕ ਬੇਰ। ਤਿਸੀ ਰੀਤਿ ਬਰਤਹਿੰ ਨਿਤ ਹੇਰਿ।
ਲਾਲਚੰਦ ਨਿਜ ਨੰਦਨ ਭਾਯੋ। ਨਿਸ ਦਿਨ ਗੁਰ ਸੇਵਾ ਮਹਿੰ ਲਾਯੋ॥੫॥

ਇਕ ਵਾਰ ਗੁਰੂ ਜੀ ਦੀ ਮਰਜ਼ੀ ਨੂੰ ਸਮਝ ਕੇ, ਉਸ ਤਰ੍ਹਾਂ ਹੀ ਨਿਤ ਵੇਖ ਕੇ ਵਰਤਦਾ ਸੀ। ਆਪਣੇ ਪੁੱਤਰ ਲਾਲ ਚੰਦ ਨੂੰ ਦਿਨ ਰਾਤ ਗੁਰੂ ਜੀ ਦੀ ਸੇਵਾ ਵਿਚ ਲਾ ਦਿੱਤਾ॥੫॥

ਜਨਮ ਮਰਨ ਨਿਤ ਭਵਜਲ ਫੇਰਾ। ਸਿੱਖੀ ਮਗ ਚਲਿ ਸਕਲ ਨਿਬੇਰਾ।
ਰਣ ਕੋ ਕਰਤਿ ਰਿਪੁਨਿ ਕਹੁ ਜੇਤਾ। ਆਨੰਦ ਲਹਜੋ ਮਹਾਂ ਤਤਬੇਤਾ॥੬॥

ਜਨਮ ਮਰਨ ਨਿਤ ਇਸ ਦੁਨੀਆਂ ਵਿਚ ਆਉਣਾ ਜਾਣਾ, ਸਿੱਖੀ ਮਾਰਗ ਤੇ ਚਲ ਕੇ ਸਭ ਖਤਮ ਕਰ ਦਿੱਤਾ। ਯੁੱਧ ਕਰਕੇ ਵੈਰੀਆਂ ਨੂੰ ਜਿੱਤ ਕੇ ਬੜਾ ਅਨੰਦ ਲਿਆ ਤੇ ਤਤ੍ਹ ਨੂੰ ਮਹਾਨ ਜਾਣਨ ਵਾਲੇ ਬਣੇ॥੬॥

ਚਿਰੰਕਾਲ ਗੁਰ ਭਗਤਿ ਕਮਾਈ। ਦਰਸ਼ਨ ਠਾਨਤਿ ਬੈਸ ਬਿਤਾਈ।
ਸ੍ਰੀ ਮੁਖਬਾਕ ਸੁਨਤਿ ਸੁਖੁ ਮਾਨਿ। ਕਰੇ ਕ੍ਰਿਤਾਰਥ ਦ੍ਰਿਗ ਅਰੁ ਕਾਨ॥੭॥

ਬਹੁਤ ਦੇਰ ਤਕ ਗੁਰੂ ਜੀ ਦੀ ਭਗਤੀ ਦੀ ਕਮਾਈ ਕੀਤੀ ਤੇ ਗੁਰੂ ਜੀ ਦੇ ਦਰਸ਼ਨ ਕਰਕੇ ਉਮਰ ਬਤੀਤ ਕੀਤੀ। ਗੁਰੂ ਜੀ ਦੇ ਮੁੱਖ ਵਾਕ ਸੁਣ ਸੁਖ ਮਾਣਿਆ ਤੇ ਨੈਣਾਂ ਅਤੇ ਕੰਨਾ ਨੂੰ ਕ੍ਰਿਤਾਰਥ ਕੀਤਾ॥੭॥

ਸਫਲ ਸੀਸ ਪਦਬੰਦਨ ਧਰਤਿ। ਤਿਮ ਹਾਥਨਿ ਤੇ ਸੇਵਾ ਕਰਤਿ।
ਗੁਰ ਕਾਰਜ ਮਹਿੰ ਇਤ ਉਤ ਚਲੇ। ਕੀਨਸਿ ਚਰਨ ਕ੍ਰਿਤਾਰਥ ਭਲੇ॥੮॥

ਗੁਰੂ ਜੀ ਦੇ ਚਰਨਾਂ ਕੰਵਲਾਂ ਤੇ ਸਿਰ ਧਰ ਕੇ ਆਪਣੇ ਸੀਸ ਨੂੰ ਸਫਲ ਕਰਦਾ ਸੀ, ਉਸ ਤਰ੍ਹਾਂ ਹੀ ਹੱਥਾਂ ਨਾਲ ਸੇਵਾ ਕਰਦਾ ਸੀ। ਗੁਰੂ ਜੀ ਦੇ ਕੰਮ-ਕਾਜ ਵਿਚ ਏਧਰ ਉਧਰ ਜਾਂਦਾ ਸੀ, ਜਿਸ ਨਾਲ ਭਲੀ ਪ੍ਰਕਾਰ ਆਪਣੇ ਚਰਨਾਂ ਨੂੰ ਵੀ ਕ੍ਰਿਤਾਰਥ ਕਰਦਾ ਸੀ॥੮॥

ਸੇਵਤਿ ਸਗਰੀ ਬੈਸ ਬਿਤਾਈ। ਧੰਨ ਜਨਮ ਕਰਿ ਕੈ ਗਤਿ ਪਾਈ।
ਭਯੋ ਬ੍ਰਿੱਧ ਗੁਰ ਦਰਸ ਨਿਹਾਰਤਿ। ਸਰਬ ਪ੍ਰਕਾਰ ਸ਼ਕਤਿ ਕੋ ਧਾਰਤਿ॥੯॥

ਉਸ ਤਰ੍ਹਾਂ ਸੇਵਾ ਕਰਦਿਆਂ ਹੀ ਸਾਰੀ ਉਮਰ ਬਤੀਤ ਕੀਤੀ, ਜਨਮ ਧੰਨ ਕਰਕੇ ਸੁੰਦਰ ਗਤੀ ਪਾਈ। ਗੁਰੂ ਜੀ ਦੇ ਦਰਸ਼ਨ ਕਰਦੇ ਬਿਧ ਹੋ ਗਏ ਤੇ ਸਰਬ ਪ੍ਰਕਾਰ ਦੀ ਸ਼ਕਤੀ ਧਾਰਨ ਕੀਤੀ॥੯॥

ਅੰਤ੍ਰਜਾਮਤਾ ਆਦਿਕ ਭਈ। ਗੁਰ ਕ੍ਰਿਪਾਲ ਤੇ ਗਤਿ ਮਤਿ ਲਈ।
ਸਗਲ ਆਰਬਲ ਬਿਤੀ ਪਛਾਨੀ। ਅੰਤ ਗਤੀ ਅਪਨੀ ਮਨ ਜਾਨੀ॥ ੧੦॥

ਅੰਤਰਜਾਮਤਾ ਪ੍ਰਾਪਤ ਕੀਤੀ ਤੇ ਕ੍ਰਿਪਾਲੂ ਗੁਰੂ ਜੀ ਪਾਸੋਂ ਮੋਖ ਦੀ ਰੀਤੀ ਲਈ। ਜਦ ਇਹ ਪਛਾਣਿਆ ਕਿ ਸਾਰੀ ਉਮਰ ਭੋਗ ਲਈ ਹੈ ਤੇ ਆਪਣੀ ਅੰਤਮਗਤੀ ਨੂੰ ਮਨ ਵਿਚ ਜਾਣ ਲਿਆ॥੧੦॥

ਸੁੰਦਰ ਸ਼ਾਹੁ ਸੰਗ ਤਕਰਾਰ। ਪਹੁੰਚਨਿ ਤਿਸ ਕੇ ਨਿਕਟਿ ਪਧਾਰਿ।
ਚਿਤ ਮੈਂ ਸਮੁਝਿ ਗੁਰੂ ਢਿਗ ਆਇਵ। ਹਾਥ ਜੋਰ ਕਰਿ ਬਿਨੈ ਅਲਾਇਵ ॥੧੧॥

ਸੁੰਦਰ ਸ਼ਾਹ ਨਾਲ ਜੋ ਇਕਰਾਰ ਕੀਤਾ ਸੀ, ਉਸ ਦੇ ਪਾਸ ਪਹੁੰਚਣ ਬਾਰੇ ਸੋਚਿਆ। ਚਿੱਤ ਵਿਚ ਸਮਝ ਕੇ ਗੁਰੂ ਜੀ ਪਾਸ ਆਇਆ ਤੇ ਹੱਥ ਜੋੜ ਕੇ ਬੇਨਤੀ ਕੀਤੀ॥੧੧॥

ਲਾਲਚੰਦ ਕੋ ਪਾਸ ਬਿਠਾਇ 'ਸਭਿ ਕਿਛੁ ਆਪ ਲਖਹੁ ਸੁਖਦਾਇ।
ਤਊ ਬੂਝਿਬੇ ਹੇਤੁ ਗੁਸਾਈ! ਕਹੌਂ, ਬੈਸ ਮਮ ਸਕਲ ਬਿਤਾਈ॥ ੧੨॥

ਲਾਲ ਚੰਦ ਨੂੰ ਪਾਸ ਬਿਠਾ ਕੇ ਕਿਹਾ, 'ਹੇ ਸੁਖਦਾਇਕ ਗੁਰੂ ਜੀ! ਤੁਸੀਂ ਸਭ ਕੁਝ ਜਾਣਦੇ ਹੋ ਫਿਰ ਵੀ ਹੇ ਮਾਲਕ! ਤੁਹਾਨੂੰ ਦੱਸਣ ਵਾਸਤੇ ਮੈਂ ਕਹਿੰਦਾ ਹਾਂ ਕਿ ਮੇਰੀ ਸਾਰੀ ਉਮਰ ਹੁਣ ਬੀਤ ਗਈ ਹੈ॥੧੨॥

ਅੰਤ ਸਮਾ ਪਹੁੰਚਜੋ ਅਬਿ ਆਇ। ਤਜੋਂ ਦੇਹਿ ਤੁਮਰੇ ਗੁਨ ਗਾਇ।
ਇਸ ਮਹਿਂ ਏਕ ਹੇਤੁ ਹੈ ਔਰ। ਸੁੰਦਰ ਸ਼ਾਹੁ ਬਸਹਿ ਜਿਸ ਠੌਰ॥ ੧੩॥

ਹੁਣ ਅੰਤ ਸਮਾਂ ਆ ਪਹੁੰਚਿਆ ਹੈ, ਤੁਹਾਡੇ ਗੁਣ ਗਾਇਣ ਕਰਕੇ ਇਸ ਸਰੀਰ ਨੂੰ ਛੱਡ ਦੇਵਾਂਗਾ। ਇਸ ਵਿਚ ਇਕ ਹੋਰ ਹੇਤ ਹੈ। ਸੁੰਦਰ ਸ਼ਾਹ ਜਿਸ ਥਾਂ ਵੱਸਦਾ ਹੈ॥੧੩॥

ਹੁਕਮ ਆਪ ਕੋ ਲੇ ਤਹਿਂ ਜਾਊਂ। ਤਹਿਂ ਤਨ ਤਜਿ ਪਰਲੋਕ ਸਿਧਾਊਂ।
ਕਰਿ ਆਯੋ ਤਿਹ ਸੋਂ ਤਕਰਾਰ। ਮਿਲ ਦੋਨਹੁਂ ਇਕ ਥਲ ਨਿਰਧਾਰ॥ ੧੪॥

ਆਪ ਜੀ ਦਾ ਹੁਕਮ ਲੈ ਕੇ ਉਥੇ ਜਾਵਾਂਗਾ, ਉਥੇ ਸਰੀਰ ਛੱਡ ਕੇ ਪਰਲੋਕ ਨੂੰ ਚਲਾ ਜਾਵਾਂਗਾ। ਉਸ ਦੇ ਨਾਲ ਮੈਂ ਇਕਰਾਰ ਕਰ ਆਇਆ ਹਾਂ, ਦੋਵੇਂ ਇਕ ਥਾਂ ਮਿਲ ਕੇ ਸਰੀਰ ਛੱਡਾਂਗੇ॥੧੪॥

ਏਕ ਸਮੇ ਤਜਿ ਦੋਨਹੁਂ ਦੇਹਿ। ਗਮਨਹਿਂ ਸ੍ਰੀ ਸਤਿਗੁਰ ਕੇ ਗ੍ਰੇਹ।
ਸੋ ਅਬਿ ਚਹੌਂ ਕਰਜੋ ਮੈਂ ਸਾਚਾ। ਪਹੁੰਚਨਿ ਮਹਿਂ ਤਹਿਂ ਚਿਤ ਹਿਤ ਰਾਚਾ ॥੧੫॥

ਇਕੋ ਸਮੇਂ ਦੋਵੇਂ ਸਰੀਰ ਛੱਡਾਂਗੇ ਤੇ ਸਤਿਗੁਰੂ ਜੀ ਦੇ ਘਰ ਵਿਚ ਚਲੇ ਜਾਵਾਂਗੇ। ਇਸ ਲਈ ਇਸ ਸਮੇਂ ਮੈਂ ਆਪਣੇ ਇਕਰਾਰ ਨੂੰ ਸੱਚਾ ਕਰਨਾ ਚਾਹੁੰਦਾ ਹਾਂ, ਉਥੇ ਪਹੁੰਚਣਾ ਮੇਰੇ ਚਿੱਤ ਵਿਚ ਰਚਿਆ ਹੋਇਆ ਹੈ"॥੧੫॥

ਸ੍ਰੀ ਹਰਿਗੋਵਿੰਦ ਸੁਨਿ ਮੁਸਕਾਏ। 'ਨਿਜ ਤਯਾਰੀ ਕਰਿ ਹਮ ਢਿਗ ਆਏ।
ਕਹਜੋ ਬਾਕ ਸੋ ਸਾਚ ਕਰੀਜੈ। ਸੁੰਦਰ ਸ਼ਾਹੁ ਮਿਲਹੁ ਸੰਗ ਲੀਜੈ॥ ੧੬॥

ਸ੍ਰੀ ਹਰਿਗੋਬਿੰਦ ਜੀ ਸੁਣ ਕੇ ਮੁਸਕਰਾਏ, "ਆਪਣੀ ਤਿਆਰੀ ਕਰਕੇ ਸਾਡੇ ਪਾਸ ਆਇਆ ਹੈਂ। ਜੋ ਇਕਰਾਰ ਕੀਤਾ ਹੈ, ਉਸ ਨੂੰ ਸੱਚਾ ਕਰੋ, ਸੁੰਦਰ ਸ਼ਾਹ ਨੂੰ ਮਿਲ ਕੇ ਨਾਲ ਲੈ ਲਵੋ॥੧੬॥

ਇਕਠੇ ਹੁਇ ਗੁਰ ਸਦਨ ਸਿਧਾਰੋ। ਮ੍ਰਿਖਾ ਜਗਤ ਕੇ ਮੇਲ ਬਿਚਾਰੋ।
ਬਿਧੀ ਚੰਦ ਬੰਦਤਿ ਕਰ ਬੰਦਿ। ਲਾਲਚੰਦ ਦੇਖਜੋ ਢਿਗ ਨੰਦ॥ ੧੭॥

ਇਕੱਠੇ ਹੋ ਕੇ ਗੁਰੂ ਘਰ ਵਿਚ ਪਹੁੰਚ ਜਾਵੇ, ਮਿਥਿਆ ਜਗਤ ਦਾ ਮੇਲ ਵਿਚਾਰੇ। ਬਿਧੀ ਚੰਦ ਨੇ ਹੱਥ ਜੋੜ ਕੇ ਬੰਦਨਾ ਕੀਤੀ ਤੇ ਆਪਣੇ ਪੁੱਤਰ ਲਾਲ ਚੰਦ ਵੱਲ ਵੇਖਿਆ॥੧੭॥

ਸੋ ਸਤਿਗੁਰ ਕੇ ਪਾਇਨਿ ਪਾਯੋ। ਸੇਵ ਕਰਨਿ ਨਿਸ਼ਕਪਟ ਸਿਖਾਯੋ।
'ਭੁਗਤਿ ਮੁਕਤਿ ਦੋਨਹੁ ਗੁਰ ਪਾਸ। ਨਹਿਂ ਤਜਾਗਹੁ ਨਿਤ ਰਹੋ ਅਵਾਸ॥੧੮॥

ਉਸ ਨੂੰ ਸਤਿਗੁਰੂ ਦੇ ਪੈਰੀਂ ਪਾਇਆ ਤੇ ਨਿਸ਼ਕਪਟ ਸੇਵਾ ਕਰਨੀ ਸਿਖਾਈ ਤੇ ਕਿਹਾ, "ਭਗਤੀ ਮੁਕਤੀ ਦੋਵੇਂ ਸਤਿਗੁਰੂ ਜੀ ਦੇ ਪਾਸ ਹਨ, ਇਨ੍ਹਾਂ ਨੂੰ ਕਦੀ ਵੀ ਨਾ ਛੱਡੋ ਤੇ ਸਦਾ ਇਨ੍ਹਾਂ ਦੇ ਘਰ ਵਿਚ ਰਹੋ॥੧੮॥

ਜੋ ਆਇਸੁ ਦੇਂ ਤੂਰਨ ਕਰੀਅਹਿ। ਗੁਰ ਕਾਰਜ ਕੋ ਬਿਲਮ ਨ ਧਰੀਅਹਿ'।
ਸ੍ਰੀ ਹਰਿਗੋਵਿੰਦ ਗਹਿ ਕਰਿ ਬਾਂਹੂ। ਦਈ ਧੀਰ 'ਤੁਮ ਸਮ ਇਸ ਚਾਹੂ॥੧੯॥

ਜੋ ਵੀ ਗੁਰੂ ਜੀ ਆਗਿਆ ਦੇਣ ਉਸ ਨੂੰ ਤੁਰਤ ਕਰੋ, ਗੁਰੂ ਜੀ ਦੇ ਕਾਰਜ ਵਾਸਤੇ ਕਦੀ ਦੇਰ ਨਾ ਲਾਈਏ।" ਸ੍ਰੀ ਗੁਰੂ ਜੀ ਨੇ ਬਾਂਹ ਫੜ ਕੇ ਧੀਰਜ ਦਿੱਤਾ, "ਤੇਰੇ ਵਾਂਗ ਇਸ ਨੂੰ ਚਾਹਾਂਗਾ॥੧੯॥

ਤੋਰ ਮੋਰ ਮਹਿ ਭੇਦ ਨ ਕੋਈ। ਗੁਰ ਸਿਖ ਨਾਮ ਰਹੇ ਅਬਿ ਦੋਈ।
ਰੂਪ ਏਕ ਮੇਰੇ ਸੰਗ ਭਯੋ। ਗੁਰ ਘਰ ਕਾਜ ਬਹੁਤ ਤੈਂ ਕਿਯੋ॥ ੨੦॥

ਤੇਰੇ ਮੇਰੇ ਵਿਚ ਕੋਈ ਭੇਦ ਨਹੀਂ ਹੈ, ਹੁਣ ਦੋਵਾਂ ਗੁਰਸਿੱਖਾਂ ਦਾ ਨਾਮ ਰਹੇਗਾ। ਇਕ ਰੂਪ ਮੇਰੇ ਸੰਗ ਹੋ ਗਿਆ ਹੈ। ਤੂੰ ਗੁਰੂ ਘਰ ਦੇ ਬਹੁਤ ਕਾਰਜ ਕੀਤੇ ਹਨ॥੨੦॥

ਆਗੇ ਲਾਲਚੰਦ ਅਬਿ ਸੇਵਹਿ। ਹਮ ਪਾਛੇ ਗੁਰਤਾ ਜੋ ਲੇਵਹਿ।
ਸਦਾ ਸਾਂਝ ਤੇਰੀ ਪੁਸ਼ਤੈਨੀ। ਨਿਬਹੈ ਗੁਰ ਘਰ ਸੰਗ ਸੁਖੈਨੀ'॥ ੨੧॥

ਅੱਗੇ ਤੋਂ ਹੁਣ ਲਾਲ ਚੰਦ ਸੇਵਾ ਕਰੇਗਾ, ਸਾਡੇ ਪਿੱਛੋਂ ਜਿਹੜਾ ਵੀ ਗੁਰਤਾ ਲਵੇਗਾ, ਤੇਰੀ ਵੰਸ਼ ਨਾਲ ਸਦਾ ਸਾਂਝ ਰਖੇਗਾ, ਗੁਰੂ ਘਰ ਨਾਲ ਤੁਹਾਡੀ ਸੌਖੀ ਨਿਭੇਗੀ"॥੨੧॥

ਇੱਤਯਾਦਿਕ ਕਹਿ ਕਰਯੋ ਬਿਸਰਜਨ। ਬਾਰ ਬਾਰ ਹੇਰਤਿ ਕਰਿ ਅਰਜ਼ਨ।
ਚਰਨ ਸਰੋਜ ਨਮੋ ਕਰਿ ਚਲਯੋ। ਕਮਲ ਬਿਲੋਚਨ ਤੇ ਜਲ ਢਲਯੋ॥੨੨॥

ਇੱਤਆਦਿ ਕਹਿ ਕੇ ਵਿਦਾ ਕੀਤਾ, ਬਾਰ-ਬਾਰ ਬੇਨਤੀਆਂ ਕਰਕੇ ਵੇਖਦਾ ਸੀ। ਗੁਰੂ ਜੀ ਦੇ ਚਰਨ ਕੰਵਲਾਂ ਤੇ ਨਮਸਕਾਰ ਕਰਕੇ ਚਲ ਪਿਆ ਤੇ ਕੰਵਲ ਨੈਣਾਂ ਵਿਚੋਂ ਜਲ ਵਹਿ ਤੁਰਿਆ॥੨੨॥

ਸਾਹਿਬ ਭਾਨੇ ਆਦਿ ਘਨੇਰੇ। ਜੋਧਰਾਇ ਸੋਂ ਮਿਲਿ ਤਿਸ ਬੇਰੇ।
ਲੇ ਕਰਿ ਖੁਸ਼ੀ ਸਭਿਨਿ ਤੇ ਚਾਲਾ। ਰੋਗ ਨ, ਸੋਗ ਨ, ਬਜੋਗ ਨ, ਰਾਲਾ॥੨੩॥

ਬਾਬਾ ਭਾਨਾ ਸਾਹਿਬ ਆਦਿ ਜੋਧ ਰਾਇ ਉਸ ਸਮੇਂ ਮਿਲੇ। ਸਾਰਿਆਂ ਪਾਸੋਂ ਖੁਸ਼ੀ ਲੈ ਕੇ ਚਲ ਪਿਆ, ਨਾ ਰੋਗ, ਨਾ ਸੋਗ, ਨਾ ਵਿਛੋੜਾ ਆਦਿ ਕਿਣਕਾ ਭਰ ਵੀ ਨਹੀਂ ਸੀ॥੨੩॥

ਸ੍ਰੀ ਹਰਿਗੋਵਿੰਦ ਮੂਰਤਿ ਸੁੰਦਰ। ਕਰੀ ਟਿਕਾਵਨਿ ਤਬਿ ਉਰ ਅੰਦਰ।
ਪ੍ਰੇਮ ਮਹਾਤਮ ਸ੍ਰੀ ਗੁਰ ਕੇਰਾ। ਭਏ ਗਜਾਨ ਭੀ ਰਹਯੋ ਬਡੇਰਾ॥ ੨੪॥

ਸ੍ਰੀ ਹਰਿਗੋਬਿੰਦ ਜੀ ਦੀ ਸੁੰਦਰ ਮੂਰਤ ਆਪਣੇ ਹਿਰਦੇ ਅੰਦਰ ਟਿਕਾ ਲਈ। ਗੁਰੂ ਜੀ ਦੇ ਪ੍ਰੇਮ ਦਾ ਮਹਾਤਮ ਕਰਕੇ ਵੱਡਾ ਗਿਆਨ ਵੀ ਪ੍ਰਾਪਤ ਹੋ ਗਿਆ॥੨੪॥

ਗਯੋ ਤੁਰਤ ਹੀ ਤੈਨੈ ਦੇਸ਼। ਜਹਿਂ ਸਿਖ ਸੁੰਦਰ ਸ਼ਾਹੁ ਵਿਸ਼ੇਸ਼।
ਜਿਮ ਜੋਗੀਸ਼ੁਰ ਲਾਇ ਸਮਾਧਿ। ਬਿਧੀਚੰਦ ਕੋ ਰਹ੍ਯੋ ਅਰਾਧਿ॥ ੨੫॥

ਤੁਰਤ ਉਸ ਦੇਸ਼ ਚਲਾ ਗਿਆ, ਜਿਥੇ ਸੁੰਦਰ ਸ਼ਾਹ ਸਿੱਖ ਵਿਸ਼ੇਸ਼ ਤੌਰ ਤੇ ਰਹਿੰਦਾ ਸੀ। ਜਿਵੇਂ ਜੋਗੀਆਂ ਦਾ ਈਸ਼ਵਰ ਸਮਾਧੀ ਲਾਉਂਦਾ ਹੈ, ਉਸ ਤਰ੍ਹਾਂ ਉਹ ਬਿਧੀ ਚੰਦ ਦੀ ਆਰਾਧਨਾ ਕਰ ਰਿਹਾ ਸੀ॥੨੫॥

ਸਿਮਰਨ ਸੱਤਿਨਾਮ ਮੁਖ ਅੰਤਰ। ਗੁਰੂ ਪਰਾਇਨ ਬੈਠਿ ਨਿਰੰਤਰ।
ਕਹ੍ਯੋ ਜਾਇ 'ਉਠੀਅਹਿ ਮਮ ਪਜਾਰੇ! ਚਲਿ ਆਯੋ ਇਤ ਹੇਤੁ ਤੁਹਾਰੇ॥੨੬॥

ਮੁਖ ਵਿਚ ਸਤਿਨਾਮ ਦਾ ਸਿਮਰਨ ਕਰਦਾ ਸੀ। ਗੁਰੂ ਜੀ ਦੀ ਆਸ ਤੇ ਸਦਾ ਬੈਠਾ ਰਹਿੰਦਾ ਸੀ। ਬਿਧੀ ਚੰਦ ਨੇ ਜਾ ਕੇ ਕਿਹਾ, "ਮੇਰੇ ਪਿਆਰੇ! ਉਠੀਏ, ਮੈਂ ਦੇਖੋ ਤੇਰੇ ਵਾਸਤੇ ਚਲ ਕੇ ਆਇਆ ਹਾਂ॥੨੬॥

ਜੋ ਤਕਰਾਰ ਤੋਹਿ ਸੰਗ ਕੀਨੋਂ। ਪਹੁੰਚ੍ਯੋ ਆਨਿ ਸਮਾ ਸੋ ਚੀਨੋਂ।
ਜਬਹਿ ਸ਼੍ਰੋਨ ਮਹਿਂ ਸ਼ਬਦ ਪ੍ਰਵੇਸ਼ਾ। ਛਭ੍ਯੋ ਰਿਦਾ ਜਿਹ ਸ਼ਾਂਤਿ ਵਿਸ਼ੇਸ਼ਾ॥੨੭॥

ਜਿਹੜਾ ਇਕਰਾਰ ਤੇਰੇ ਨਾਲ ਕੀਤਾ ਸੀ, ਇਹ ਵੇਖੋ ਉਹ ਸਮਾਂ ਆ ਗਿਆ ਹੈ।" ਜਦ ਕੰਨਾਂ ਵਿਚ ਇਸ ਸ਼ਬਦ ਨੇ ਪ੍ਰਵੇਸ਼ ਕੀਤਾ ਤਾਂ ਹਿਰਦਾ ਵਿਸ਼ੇਸ਼ ਤੌਰ ਤੇ ਸ਼ਾਂਤ ਹੋ ਗਿਆ॥੨੭॥

ਕਮਲ ਬਿਲੋਚਨ ਖੋਲਿ ਵਿਲੋਕਾ। ਆਗੇ ਖਰੇ ਗੁਰੂ, ਹਤਿ ਸ਼ੋਕਾ।
ਪਗ ਪੰਕਜ ਪਰ ਸੀਸ ਨਿਵਾਯੋ। ਧੂਲ ਲੀਨਿ ਮੁਖ ਚਖ ਪਰ ਲਾਯੋ॥ ੨੮॥

ਕੰਵਲ ਨੈਣ ਖੋਲ੍ਹ ਕੇ ਵੇਖਿਆ, ਅੱਗੇ ਦੁੱਖ ਨੂੰ ਦੂਰ ਕਰਨ ਵਾਲੇ ਉਸ ਦੇ ਗੁਰੂ ਖੜੇ ਸਨ। ਚਰਨ ਕੰਵਲਾਂ ਤੇ ਸਿਰ ਨਿਵਾਇਆ ਤੇ ਧੂੜ ਲੈ ਕੇ ਮੂੰਹ ਤੇ ਅੱਖਾਂ ਤੇ ਲਾਈ॥੨੮॥

'ਧੰਨ ਭਾਗ ਮੈਂ ਭਯੋ ਕ੍ਰਿਤਾਰਥ। ਪਹੁੰਚਿ ਦੂਰ ਤੇ ਕਰ੍ਯੋ ਸਕਾਰਥ।
ਰਹ੍ਯੋ ਪ੍ਰਤੀਖਿਤਿ ਤੁਮ ਆਗਵਨੂ। ਥਿਰ੍ਯੋ ਧਜਾਨ ਧਰਿ ਮੈਂ ਇਕ ਭਵਨੁ॥੨੯॥

ਕਹਿਣ ਲੱਗਾ, "ਧੰਨ ਭਾਗ, ਮੈਂ ਕ੍ਰਿਤਾਰਥ ਹੋ ਗਿਆ ਹਾਂ, ਤੁਸੀਂ ਦੂਰ ਤੋਂ ਪਹੁੰਚ ਕੇ ਮੇਰੇ ਤੇ ਕਿਰਪਾ ਕੀਤੀ ਹੈ। ਤੁਹਾਡੇ ਆਉਣ ਦੀ ਇੰਤਜ਼ਾਰ ਕਰਦਾ ਰਿਹਾ ਹਾਂ, ਧਰਤੀ ਤੇ ਇਕ ਭਵਨ ਵਿਚ ਧਿਆਨ ਸਥਿਰ ਹੋ ਗਿਆ ਸੀ॥੨੯॥

ਬਚਨ ਸੰਭਾਰ ਆਪ ਹੋ ਆਏ। ਅੰਤ ਸਮੈ ਨਿਜ ਸਾਥ ਮਿਲਾਏ'।
ਬੈਠ੍ਯੋ ਬਿਧੀਚੰਦ ਤਬਿ ਭਾਖਾ। 'ਪੂਰਨ ਕੀਨਿ ਤੋਹਿ ਅਬਿ ਕਾਂਖਾ॥ ੩੦॥

ਬਚਨ ਸੰਭਾਲ ਕੇ ਆਪ ਆਏ ਹੋ, ਅੰਤ ਸਮੇਂ ਆਪਣੇ ਨਾਲ ਮਿਲਾਇਆ ਹੈ।" ਬਿਧੀ ਚੰਦ ਨੇ ਬੈਠ ਕੇ ਕਿਹਾ, "ਤੇਰੀ ਖਾਹਿਸ਼ ਹੁਣ ਪੂਰੀ ਕੀਤੀ ਹੈ॥੩੦॥

ਭੌਤਕ ਤਨੁ ਅੰਤ ਇਸ ਹੇਰਾ। ਮ੍ਰਿਤੁ ਸਮਾ ਮੇਰਾ ਅਰੁ ਤੇਰਾ।
ਇਸੀ ਹੇਤੁ ਮੈਂ ਤੂਰਨ ਆਵਾ। ਚਾਹਤਿ ਤੋ ਕਹੁ ਸੰਗ ਰਲਾਵਾ॥ ੩੧॥

ਇਸ ਭੌਤਕ ਤਨ ਦਾ ਅੰਤ ਵੇਖਿਆ ਹੈ, ਮੇਰੀ ਤੇਰੀ ਮੌਤ ਦਾ ਸਮਾਂ ਆ ਗਿਆ ਹੈ। ਇਸੇ ਕਰਕੇ ਮੈਂ ਤੁਰਤ ਆਇਆ ਹਾਂ, ਤੈਨੂੰ ਆਪਣੇ ਨਾਲ ਰਲਾਉਣਾ ਚਾਹੁੰਦਾ ਹਾਂ॥੩੧॥

ਸ੍ਰੀ ਨਾਨਕ ਕੋ ਲੇ ਕਰਿ ਨਾਮੂ। ਰਿਦੈ ਧਰਹੁ ਮੂਰਤਿ ਅਭਿਰਾਮੂ।
ਤਨ ਕਹੁ ਤਜਾਗਹੁ ਚਲਹੁ ਸੁਖੈਨ। ਪਹੁੰਚਹੁ ਸਾਦਰ ਸਤਿਗੁਰ ਐਨ॥ ੩੨॥

ਸ੍ਰੀ ਨਾਨਕ ਜੀ ਦਾ ਨਾਂ ਲੈ ਕੇ, ਹਿਰਦੇ ਵਿਚ ਉਨ੍ਹਾਂ ਦੀ ਸੁੰਦਰ ਮੂਰਤ ਧਾਰਨ ਕਰੋ। ਤਨ ਨੂੰ ਛੱਡ ਦੇਵੋ ਤੇ ਸੁਖੀ ਹੋ ਕੇ ਚਲੋ ਤੇ ਆਦਰ ਨਾਲ ਸਤਿਗੁਰੂ ਜੀ ਦੇ ਘਰ ਪਹੁੰਚੋ॥੩੨॥

ਏਕ ਜਾਮ ਅਬਿ ਬੈਸ ਹਮਾਰੀ। ਤੈਸੇ ਜਾਨਹੁ ਰਹੀ ਤੁਮਾਰੀ।
ਉਠਹੁ ਸ਼ਨਾਨ ਠਾਨਿ ਕੁਛ ਡਾਸਹੁ। ਬਿਨਾ ਤ੍ਰਾਸ ਗੁਰ ਆਸ ਹੁਲਾਸਹੁ ॥੩੩॥

ਇਕ ਪਹਿਰ ਹੁਣ ਮੇਰੀ ਉਮਰ ਰਹਿੰਦੀ ਹੈ, ਉਸ ਤਰ੍ਹਾਂ ਹੀ ਤੁਹਾਡੀ ਵੀ ਇਕ ਪਹਿਰ ਹੀ ਰਹਿੰਦੀ ਹੈ। ਉਠੋ ਇਸ਼ਨਾਨ ਕਰਕੇ ਕੁਝ ਵਿਛਾਓ ਤੇ ਡਰ ਛੱਡ ਕੇ ਗੁਰੂ ਜੀ ਦੀ ਆਸ ਤੇ ਅਨੰਦ ਕਰੋ"॥੩੩॥

ਸੁਨਿ ਅਨੰਦ ਕਰਿ ਸੁੰਦਰਸ਼ਾਹੂ। ਵਧੀ ਚੌਪ, ਚਲਿ ਬੇਗੁਰ ਪਾਹੂ।
ਉਠਿ ਦੋਨੋ ਤਬਿ ਨਿਰਮਲ ਪਾਨੀ। ਕਰਿ ਸ਼ਨਾਨ ਪਾਵਨਤਾ ਠਾਨੀ॥ ੩੪॥

ਇਹ ਸੁਣ ਅਨੰਦ ਕਰਕੇ ਸੁੰਦਰ ਸ਼ਾਹ ਦੀ ਚਾਹਤ ਵਧੀ, ਪੈਰਾਂ ਤੋਂ ਬਗੈਰ ਚਲਾਂਗੇ। ਉਠ ਕੇ ਫਿਰ ਦੋਵਾਂ ਨੇ ਨਿਰਮਲ ਪਾਣੀ ਵਿਚ ਇਸ਼ਨਾਨ ਕੀਤਾ ਤੇ ਪਵਿੱਤਰ ਹੋਏ॥੩੪॥

ਕੁਸ਼ ਕੇ ਆਸਤਰਨ ਜੁਗ ਕੀਨੇ। ਕੁਛਕ ਫਰਕ ਸੋਂ ਦੋਨ ਅਸੀਨੇ।
ਸ੍ਰੀ ਹਰਿਗੋਵਿੰਦ ਸੁਜਸੁ ਉਚਾਰਾ। 'ਨਿਜ ਦਾਸਨਿ ਪਰ ਦਯਾਲੁ ਉਦਾਰਾ॥੩੫॥

ਦੱਭ ਦੇ ਦੋ ਵਿਛਾਉਣੇ ਵਿਛਾਏ ਤੇ ਥੋੜ੍ਹੇ ਫਰਕ ਤੇ ਦੋਵੇਂ ਲੰਮੇ ਪੈ ਗਏ। ਸ੍ਰੀ ਹਰਿਗੋਬਿੰਦ ਜੀ ਦਾ ਸ੍ਰੇਸ਼ਟ ਜੱਸ ਉਚਾਰਨ ਕੀਤਾ, "ਤੁਸੀਂ ਆਪਣੇ ਦਾਸਾਂ ਉਤੇ ਬੜੀ ਦਿਆਲਤਾ ਕਰਦੇ ਹੋ॥੩੫॥

ਲੋਕ ਪ੍ਰਲੋਕ ਸਹਾਇਕ ਭਾਰੇ। ਸੇਵਕ ਅਪਨਿ ਹਜ਼ਾਰਹੁੰ ਤਾਰੇ'।
ਬਚਨ ਬਿਲਾਸ ਏਵ ਕੁਛ ਕਰੇ। ਪੁਨ ਦ੍ਰਿਗ ਮੂੰਦਿ ਧਿਆਨ ਕੋ ਧਰੇ॥ ੩੬॥

ਲੋਕ ਪ੍ਰਲੋਕ ਵਿਚ ਵੱਡੇ ਸਹਾਇਕ ਬਣਦੇ ਹੋ, ਆਪਣੇ ਹਜ਼ਾਰਾਂ ਸੇਵਕਾਂ ਨੂੰ ਤਾਰਿਆ ਹੈ।" ਬਚਨ ਬਿਲਾਸ ਕੁਝ ਇਸ ਤਰ੍ਹਾਂ ਕੀਤੇ, ਫਿਰ ਅੱਖਾਂ ਬੰਦ ਕਰਕੇ ਧਿਆਨ ਧਾਰਨ ਕੀਤਾ॥੩੬॥

ਨਿਜ ਨਿਜ ਬਦਨ ਛਾਦਿ ਪੁਨ ਲੀਨੇ। ਆਸਤਰਨ ਪਰ ਪੌਢਨ ਕੀਨੇ।
ਤਜ ਸੁਖੇਨ ਪ੍ਰਾਨ ਪਨ ਦੋਨ। ਮੰਗਲ ਭਯੋ ਦੇਵਤਨਿ ਭੌਨ॥ ੩੭॥

ਆਪਣੇ ਮੂੰਹ ਫਿਰ ਢੱਕ ਲਏ ਤੇ ਵਿਛਾਉਣੇ ਤੇ ਲੇਟ ਗਏ। ਫਿਰ ਦੋਹਾਂ ਨੇ ਸੌਖੇ ਹੀ ਪ੍ਰਾਣ ਛੱਡ ਦਿੱਤੇ ਤੇ ਦੇਵਤਿਆਂ ਦੇ ਭਵਨ ਵਿਚ ਬਹੁਤ ਖੁਸ਼ੀਆਂ ਮਨਾਈਆਂ ਗਈਆਂ॥੩੭॥

ਹਿਤ ਆਦਰ ਕੇ ਆਗੇ ਆਇ। ਦੋਨਹੁ ਲੀਨਿ ਬਿਮਾਨ ਚਢਾਇ।
ਜੈ ਜੈ ਸ਼ਬਦ ਉਚਾਰਤਿ ਭਏ। ਸਤਿਗੁਰ ਪੁਰਿ ਕੋ ਤਤਛਿਨ ਗਏ। ੩੮॥

ਉਹ ਆਦਰ ਵਾਸਤੇ ਅੱਗੇ ਆਏ, ਤੇ ਦੋਹਾਂ ਨੂੰ ਬਿਬਾਣਾਂ ਤੇ ਚੜ੍ਹਾ ਲਿਆ। ਜੈ-ਜੈ ਸ਼ਬਦ ਉਚਾਰਦੇ ਪਏ ਸਨ ਤੇ ਸਤਿਗੁਰ ਪੁਰੀ ਨੂੰ ਤੁਰਤ ਚਲੇ ਗਏ॥੩੮॥

ਤਪਤ ਸ੍ਵਰਨ ਸਮ ਤਨ ਕੌ ਬਰਨ। ਦਿੱਬ ਬਸਨ ਧਾਰੇ ਆਭਰਨ।
ਜਾਇ ਗੁਰੂ ਪੁਰਿ ਇਸਥਿਤ ਭਏ। ਬੰਦਨ ਆਦਿ ਜਥੋਚਿਤ ਕਿਏ॥ ੩੯॥

ਤਪਾਏ ਸੋਨੇ ਵਰਗਾ ਸਰੀਰ ਦਾ ਰੰਗ ਹੋ ਗਿਆ, ਰੂਹਾਨੀ ਕਪੜੇ ਤੇ ਗਹਿਣੇ ਪਾ ਲਏ। ਗੁਰੂ ਨਗਰੀ ਵਿਚ ਜਾ ਬਿਰਾਜੇ ਤੇ ਯਥਾਚਿਤ ਬੰਦਨਾ ਆਦਿ ਕੀਤੀ॥੩੯॥

ਇਸ ਪ੍ਰਕਾਰ ਗੁਰ ਕੇ ਸਿਖ ਭਾਰੀ। ਕਾਂਯਾਂ ਤਜਾਗਨਿ ਕੀਨਿ ਸੁਖਾਰੀ।
ਦੇਊ ਗ੍ਰਾਮ ਤੇ ਤਬਿ ਨਰ ਆਏ। ਦੋਨਹੁ ਬਿਨਾ ਪ੍ਰਾਨ ਦਰਸਾਏ॥ ੪੦॥

ਇਸ ਤਰ੍ਹਾਂ ਗੁਰੂ ਜੀ ਦੇ ਭਾਰੀ ਸਿੱਖਾਂ ਨੇ, ਸੌਖੇ ਢੰਗ ਨਾਲ ਹੀ ਸਰੀਰ ਛੱਡ ਦਿੱਤਾ। ਦੇਊ ਨਗਰ ਤੋਂ ਫਿਰ ਕੁਝ ਆਦਮੀ ਆਏ, ਦੋਵਾਂ ਨੂੰ ਪ੍ਰਾਣ ਰਹਿਤ ਵੇਖਿਆ॥੪੦॥

ਦਫਨ ਕਰਜੋ ਤਿਨ ਸੁੰਦਰ ਸ਼ਾਹੂ। ਪੂਜਨ ਹੇਤੁ ਥਾਨ ਕਰਿ ਤਾਂਹੂ।
ਤੈਸੇ ਬਿਧੀਚੰਦ ਕੋ ਦਾਹਾ। ਅਬਿ ਲੌ ਮਾਨਹਿਂ, ਬਾਂਛਤਿ ਪਾਹਾ॥ ੪੧॥

ਉਨ੍ਹਾਂ ਨੇ ਸੁੰਦਰ ਸ਼ਾਹ ਨੂੰ ਦਫਨ ਕਰ ਦਿੱਤਾ ਤੇ ਪੂਜਾ ਵਾਸਤੇ ਉਥੇ ਸਥਾਨ ਬਣਾ ਲਿਆ, ਉਸ ਤਰ੍ਹਾਂ ਹੀ ਬਿਧੀ ਚੰਦ ਦਾ ਸਸਕਾਰ ਕਰ ਦਿੱਤਾ, ਹੁਣ ਜਿਹੜੇ ਮੰਨਦੇ ਹਨ, ਮਨ ਦੀਆਂ ਮੁਰਾਦਾਂ ਪਾਉਂਦੇ ਹਨ॥੪੧॥

*ਅੱਠਵੀਂ ਰਾਸ ਦਾ ਚਤਾਲੀਵਾਂ ਅਧਿਆਇ ਸਮਾਪਤ ਹੋਇਆ॥੪੪॥*

## ਅਧਿਆਇ ਪੰਜਤਾਲੀਵਾਂ

*ਸ੍ਰੀ ਹਰਿਰਾਇ ਜੀ ਦੇ ਜਾਮੇ ਨਾਲ ਫੁੱਲ ਟੁੱਟਾ*

ਦੋਹਰਾ- ਸ੍ਰੀ ਹਰਿਗੋਵਿੰਦ ਚੰਦ ਜੀ ਬਿਰਹ ਬਿਧੀਚੰਦ ਪਾਇ।
ਬਹੁ ਉਦਾਸ ਉਰ ਮਹਿਂ ਰਹੈਂ ਭੇਵ ਨ ਕਹੂ ਜਨਾਇਂ॥ ੧॥

ਸ੍ਰੀ ਹਰਿਗੋਬਿੰਦ ਜੀ ਨੇ ਬਿਧੀ ਚੰਦ ਦੇ ਵਿਛੋੜੇ ਨੂੰ ਬੜਾ ਮਹਿਸੂਸ ਕੀਤਾ। ਹਿਰਦੇ ਵਿਚ ਬੜੇ ਉਦਾਸ ਰਹਿੰਦੇ ਸਨ, ਪਰ ਕਿਸੇ ਨੂੰ ਭੇਦ ਨਹੀਂ ਜਤਾਉਂਦੇ ਸਨ॥੧॥

ਚੌਪਈ- ਲਾਲ ਚੰਦ ਕੋ ਰਾਖਹਿਂ ਪਾਸਾ। ਬਹੁ ਭਾਂਤਨਿ ਤੇ ਦੇਤਿ ਦਿਲਾਸਾ।
ਬਿਧੀਚੰਦ ਪਾਛੇ ਦਸਤਾਰ। ਬੰਧਿਵਾਈ ਮ੍ਰਿਦੁ ਬਾਕ ਉਚਾਰਿ॥ ੨॥

ਲਾਲ ਚੰਦ ਨੂੰ ਪਾਸ ਰਖਦੇ ਸਨ ਤੇ ਉਸ ਨੂੰ ਬਹੁਤ ਪ੍ਰਕਾਰ ਦਿਲਾਸਾ ਦਿੰਦੇ ਸਨ। ਬਿਧੀ ਚੰਦ ਤੋਂ ਬਾਅਦ ਉਸਨੂੰ ਬੜੇ ਮਿੱਠੇ ਬਚਨ ਬੋਲ ਕੇ ਦਸਤਾਰ ਬੰਨ੍ਹਵਾਈ॥੨॥

ਤਿਸ ਬਿਧਿ ਹੀ ਦੀਨਸਿ ਬਡਿਆਈ। ਲੇ ਹਰਖਜੋ, ਗੁਰ ਸੇਵ ਕਮਾਈ।
ਕਰਨ ਕਾਰ ਪਰ ਤਿਸਹੀ ਲਾਯਹੁ। ਬਡੇ ਮਸੰਦਨਿ ਸੰਗ ਮਿਲਾਯਹੁ॥ ੩॥

ਉਸ ਤਰ੍ਹਾਂ ਹੀ ਵਡਿਆਈ ਦਿੱਤੀ, ਲੈ ਕੇ ਬਹੁਤ ਪ੍ਰਸੰਨ ਹੋਇਆ ਗੁਰੂ ਜੀ ਦੀ ਸੇਵਾ ਕਮਾਉਂਦਾ ਸੀ। ਘਰ ਦੀ ਕਾਰ ਕਰਨ ਤੇ ਉਸ ਨੂੰ ਹੀ ਲਾਇਆ ਤੇ ਵੱਡੇ-ਵੱਡੇ ਮਸੰਦਾਂ ਦੇ ਨਾਲ ਮਿਲਾਇਆ॥੩॥

ਏਕ ਦਿਵਸ ਸ੍ਰੀ ਹਰਿਗੋਵਿੰਦ। ਪਹੁਚ ਉਪਬਨ ਪਿਖਿਨਿ ਬਿਲੰਦ।
ਖਰੇ ਜਹਾਂ ਬਹੁ ਤਰੁਵਰੁ ਜਾਤੀ। ਚੰਪਕ, ਰਾਇ ਬੇਲ ਬਹੁ ਭਾਂਤੀ॥ ੪॥

ਇਕ ਦਿਨ ਸ੍ਰੀ ਗੁਰੂ ਹਰਿਗੋਬਿੰਦ ਜੀ, ਬਾਗ ਨੂੰ ਵੇਖਣ ਵਾਸਤੇ ਪਹੁੰਚੇ। ਜਿਥੇ ਬਹੁਤ ਦਰੱਖਤ ਖੜੇ ਸਨ, ਚੰਪਕ ਰਾਏ ਵੇਲਾਂ ਬਹੁਤ ਭਾਂਤ ਦੀਆਂ ਸਨ॥੪॥

ਆਰੂ, ਆਮਰੂਦ, ਤਰੁ ਅੰਬ। ਨਿੰਬੂ ਕਦਲੀ ਖਰੇ ਕਦੰਬ।
ਦਾਰਮ, ਸੇਉ, ਫਾਰਸੇ, ਖਿਰਨੀ। ਫੂਲਨ ਡਾਰੀ ਬਹੁ ਬਿਧਿ ਬਰਨੀ॥ ੫॥

ਆੜੂ, ਅਮਰੂਦ, ਅੰਬ, ਨਿੰਬੂ, ਕੇਲੇ ਅਤੇ ਕਦੰਬ ਦੇ ਪੇੜ ਖੜੇ ਸਨ। ਅਨਾਰ, ਸੇਬ, ਫਾਲਸੇ ਅਤੇ ਖਿਰਨੀ ਦੇ ਪੌਦੇ ਮੌਜੂਦ ਸਨ ਤੇ ਡਾਹਣੀਆਂ ਰੰਗ ਬਰੰਗੇ ਫੁੱਲਾਂ ਨਾਲ ਭਰੀਆਂ ਸਨ॥੫॥

*ਨੋਟ : ਕਦੰਬ ਇਕ ਅਜਿਹਾ ਬ੍ਰਿਛ ਹੈ ਜਿਸ ਨੂੰ ਗੋਲ ਗੋਲ ਖੇਨੂੰ ਵਰਗੇ ਫੁੱਲ ਪੈਂਦੇ ਹਨ. ਖਿਰਨੀ ਨਿਮੋਲੀ ਦੀ ਸ਼ਕਲ ਦੇ ਮਿੱਠੇ ਫਲ ਵਾਲਾ ਇਕ ਬ੍ਰਿਛ ਹੈ।*

ਕਠਲ, ਬਠਲ, ਨੌਰੰਗੀ ਸੁੰਦਰ। ਇੱਤਜਾਦਿਕ ਤਰੁ ਉਪਬਨ ਅੰਦਰ।
ਰਾਇ ਜੋਧ ਅਰੁ ਭਾਨਾ ਸੰਗ। ਵਹਿਰ ਉਤਰਿ ਤਜਿ ਦਏ ਤੁਰੰਗ॥ ੬॥

ਕਟਹਰ, ਢੇਊ ਅਤੇ ਸੁੰਦਰ ਨੌਰੰਗੀ ਦੇ ਪੌਦੇ ਸਨ, ਇੱਤਆਦਿ ਬਾਗ ਵਿਚ ਬਹੁਤ ਪ੍ਰਕਾਰ ਦੇ ਬ੍ਰਿਛ ਸਨ। ਰਾਇ ਜੋਧ ਅਤੇ ਬਾਬਾ ਭਾਨਾ ਜੀ ਨਾਲ ਸਨ। ਬਾਗ ਤੋਂ ਬਾਹਰ ਹੀ ਘੋੜਿਆਂ ਨੂੰ ਛੱਡ ਦਿੱਤਾ ਸੀ।

ਅੰਤਰ ਬਰੇ ਤਰੋਵਰ ਹੇਰਹਿਂ। ਪੁਸ਼ਪ ਪੁਸ਼ਪ ਪਰ ਦ੍ਰਿਸ਼ਟੀ ਪ੍ਰੇਰਹਿਂ।
ਕਰੈਂ ਸਰਾਹਨਿ 'ਇਹ ਬਰ ਬਿਕਸਜੋ'। 'ਇਸ ਕੋ ਟੋਰ ਉਚੇਰੇ ਨਿਕਸਜੋ'॥੭॥

ਬਾਗ ਦੇ ਅੰਦਰ ਵੜ ਕੇ ਦਰੱਖਤਾਂ ਨੂੰ ਵੇਖਿਆ, ਵੱਖ-ਵੱਖ ਫੁੱਲ ਦ੍ਰਿਸ਼ਟੀ ਨੂੰ ਆਪਣੇ ਵਲ ਪ੍ਰੇਰਦੇ ਸਨ। ਗੁਰੂ ਜੀ ਸਲਾਘਾ ਕਰਦੇ ਸਨ, "ਇਹ ਬਹੁਤ ਵਧੀਆ ਖਿੜਿਆ ਹੈ" "ਇਸ ਦਾ ਸਿੱਟਾ ਬਹੁਤ ਉੱਚਾ ਨਿਕਲਿਆ ਹੈ"॥੭॥

'ਇਸ ਕੋ ਸੁੰਦਰ ਬਰਨ ਬਿਸਾਲਾ'। 'ਇਹ ਆਛੋ ਸੋਹੈ ਵਿਚ ਮਾਲਾ'।
'ਚਾਰ ਪਾਂਖੁਰੀ ਇਸ ਕੀ ਸੋਹਤਿ'। 'ਆਕ੍ਰਿਤ ਮਹਾਂ ਬਨੀ ਮਨ ਮੋਹਤਿ'॥ ੮॥

"ਇਸ ਦਾ ਰੰਗ ਬਹੁਤ ਸੁੰਦਰ ਹੈ" "ਇਹ ਮਾਲਾ ਵਿਚ ਬਹੁਤ ਫਬੇਗਾ।" "ਇਸ ਦੀਆਂ ਚਾਰ ਪੰਖੜੀਆਂ ਬਹੁਤ ਸੋਭਦੀਆਂ ਹਨ।" "ਇਸ ਦੀ ਸ਼ੋਭਾ ਮਨ ਨੂੰ ਮੋਹਿਤ ਕਰਨ ਵਾਲੀ ਬਣੀ ਹੈ"॥੮॥

ਸ੍ਰੀ ਹਰਿਰਾਇ ਸੁ ਕਛੁਕ ਪਿਛੇਰੇ। ਹੁਤੇ ਤੁਰੰਗ ਪੰਥ ਕੇ ਨੇਰੇ।
ਰੁਕਜੋ ਪੌਰ ਉਪਬਨ ਕੋ ਤਬੈ। ਕਹਿ ਕਰ ਕੀਨੇ ਬਰਜਨ ਸਬੈ॥ ੯॥

ਸ੍ਰੀ ਹਰਿ ਰਾਇ ਜੀ ਕੁਝ ਪਿੱਛੇ ਰਹਿ ਗਏ, ਜਿਥੇ ਰਾਹ ਦੇ ਨੇੜੇ ਘੋੜੇ ਬੰਨ੍ਹੇ ਹੋਏ ਸਨ। ਉਨ੍ਹਾਂ ਘੋੜਿਆਂ ਨਾਲ ਦਰਵਾਜ਼ਾ ਰੁਕਿਆ ਹੋਇਆ ਸੀ। ਕਹਿ ਕੇ ਸਾਰਿਆਂ ਨੂੰ ਵਰਜ ਦਿੱਤਾ॥੯॥

ਸਗਰੇ ਮਗ ਤ ਦੂਰ ਹਟਾਏ। ਤਬੈ ਪ੍ਰਵੇਸ਼ਨ ਕੋ ਚਲਿ ਆਏ।
ਅਲਪ ਬੈਸ ਮਹਿਂ ਲਖਿ ਕਰਿ ਸਾਰੇ। ਲਰਹਿਂ ਨ ਹਯ ਇਤ ਉਤਹਿ ਨਿਵਾਰੇ॥੧੦॥

ਸਾਰੇ ਰਸਤੇ ਤੋਂ ਦੂਰ ਹਟਾ ਦਿੱਤੇ, ਤਦ ਸ੍ਰੀ ਹਰਿ ਰਾਇ ਜੀ ਚਲ ਕੇ ਬਾਗ ਦੇ ਅੰਦਰ ਆਏ। ਸਾਰਿਆਂ ਨੇ ਸ੍ਰੀ ਹਰਿ ਰਾਇ ਜੀ ਨੂੰ ਛੋਟੀ ਉਮਰ ਦੇ ਜਾਣ ਕੇ ਘੋੜੇ ਪਰੇ ਕਰ ਦਿੱਤੇ ਤਾਂਕਿ ਉਹ ਆਪਸ ਵਿਚ ਲੜ ਨਾ ਪੈਣ॥੧੦॥

ਰੱਛਕ ਦਾਸ ਜਿਨਹੁ ਕੇ ਸੰਗ। ਹੁਤੇ ਅਰੋਹਨ ਬਲੀ ਤੁਰੰਗ।
ਯਾਂਤੇ ਸਭਿ ਕਹੁ ਦਏ ਹਟਾਇ। ਉਤਰੇ ਆਪ ਤਬਹਿ ਹਰਿਰਾਇ॥ ੧੧॥

ਰਖਵਾਲੇ ਸੇਵਕ ਜਿਨ੍ਹਾਂ ਦੇ ਨਾਲ ਸਨ, ਉਹ ਬੜੇ ਬਲਵਾਨ ਘੋੜਿਆਂ ਤੇ ਸਵਾਰ ਸਨ। ਇਸ ਕਰਕੇ ਸਾਰਿਆਂ ਨੂੰ ਕਹਿ ਕੇ ਹਟਾ ਦਿੱਤਾ। ਫਿਰ ਸ੍ਰੀ ਹਰਿ ਰਾਇ ਜੀ ਵੀ ਘੋੜੇ ਤੋਂ ਉਤਰ ਆਏ॥੧੧॥

ਸ਼ਤਪਾਲਨ ਕੋ ਸੂਖਮ ਜਾਮਾ। ਨਿਤ ਪ੍ਰਤਿ ਪਹਿਰਹਿਂ ਬਹੁ ਅਭਿਰਾਮਾ।
ਸੁੰਦਰ ਪਰਜੋ ਸਿਕੰਧ ਦੁਕੂਲ। ਮਨਹੁਂ ਮ੍ਰਿਦੁਲਤਾ ਕੋ ਤਨ ਮੂਲ॥ ੧੨॥

ਉਨ੍ਹਾਂ ਨੇ ਸੌ ਪੱਲਿਆ ਵਾਲਾ ਬੜਾ ਸੂਖਮ ਜਾਮਾ ਪਾਇਆ ਹੋਇਆ ਸੀ, ਉਹ ਸਦਾ ਹੀ ਬਹੁਤ ਸੁੰਦਰ ਜਾਮਾ ਪਹਿਣਦੇ ਸਨ। ਮੋਢੇ ਤੇ ਸੁੰਦਰ ਦੁਪੱਟਾ ਰਖਿਆ ਹੋਇਆ ਸੀ, ਮਾਨੋ ਕੋਮਲਤਾ ਨੇ ਮੂਲ ਤਨ ਧਾਰਨ ਕੀਤਾ ਹੋਵੇ॥੧੨॥

ਮਿਲੈਂ ਪਿਤਾਮਾ ਕੇ ਸੰਗ ਜਾਈ। ਯਾਂਤੇ ਚਾਲ ਚਲਤਿ ਚਪਲਾਈ।
ਬਾਯੂ ਬੇਗ ਚਲਨ ਤੇ ਪਰਸਜੋ। ਸ਼ਤ ਪਾਲਨ ਜਾਮੇ ਕੋ ਸਰਸਜੋ॥ ੧੩॥

ਉਹ ਛੇਤੀ ਨਾਲ ਆਪਣੇ ਪਿਤਾਮਾ ਜੀ ਨੂੰ ਜਾ ਕੇ ਮਿਲਣਾ ਚਾਹੁੰਦੇ ਸਨ, ਇਸ ਕਰਕੇ ਤੁਰਨ ਦੀ ਚਾਲ ਬਹੁਤ ਤੇਜ਼ ਕਰ ਦਿੱਤੀ। ਹਵਾ ਤੇਜ਼ ਚਲਣ ਨਾਲ ਸੌ ਪੱਲਿਆਂ ਵਾਲਾ ਜਾਮਾ ਫੈਲ ਗਿਆ॥੧੩॥

ਪਸਰਜੋ ਘਨੋ ਛਿੱਪ੍ਰ ਚਲਿ ਜਾਹੀਂ। ਸੁੰਦਰ ਫੂਲ ਹੁਤੋ ਮਗ ਮਾਂਹੀ।
ਸੋ ਜਾਮੇ ਲਗਿ ਅਟਕਤਿ ਟੂਟਾ। ਐਂਚਨ ਕਰੇ ਸ਼ਾਖ ਤੇ ਛੂਟਾ॥ ੧੪॥

ਜਾਮਾ ਬਹੁਤ ਫੈਲਿਆ ਹੋਇਆ ਸੀ, ਤੇ ਛੇਤੀ-ਛੇਤੀ ਚਲ ਕੇ ਜਾ ਰਹੇ ਸਨ। ਰਾਹ ਦੇ ਵਿਚ ਬਹੁਤ ਸੁੰਦਰ ਫੁੱਲ ਲੱਗੇ ਹੋਏ ਸਨ। ਇਕ ਫੁਲ ਜਾਮੇ ਨਾਲ ਅਟਕ ਕੇ ਟੁੱਟ ਗਿਆ। ਜਾਮਾ ਖਿੱਚਣ ਨਾਲ ਟਾਹਣੀ ਨਾਲੋਂ ਲੱਥ ਗਿਆ॥੧੪॥

ਟੂਟਜੋ ਪੁਸ਼ਪ ਰਹਜੋ ਤਹਿਂ ਪਰਜੋ। ਸ੍ਰੀ ਹਰਿਰਾਇ ਬੇਗ ਤਿਮ ਧਰਜੋ।
ਮਿਲਿਨਿ ਪਿਤਾਮੇ ਕੋ ਚਿਤ ਚਾਹੀ। ਕਹਾਂ ਰਹੇ, ਜਬਿ ਲਗਿ ਕਹਿਂ ਨਾਂਹੀ॥੧੫॥

ਟੁੱਟ ਕੇ ਫੁੱਲ ਉਥੇ ਪਿਆ ਰਹਿ ਗਿਆ, ਸ੍ਰੀ ਹਰਿਰਾਇ ਜੀ ਨੇ ਪਹਿਲਾਂ ਵਾਂਗ ਹੀ ਛੇਤੀ-ਛੇਤੀ ਕਦਮ ਧਰੇ। ਪਿਤਾਮੇ ਨੂੰ ਮਿਲਣ ਵਾਸਤੇ ਚਿੱਤ ਚਾਹੁੰਦਾ ਸੀ। ਜਦ ਤਕ ਸ੍ਰੀ ਹਰਿਗੋਬਿੰਦ ਜੀ ਇਹ ਨਾ ਕਹਿਣ ਕਿ ਸ੍ਰੀ ਹਰਿ ਰਾਇ ਜੀ ਕਿਥੇ ਰਹੇ॥੧੫॥

ਸੰਗ ਦਾਸ ਤਿਮ ਗਮਨਤਿ ਗਏ। ਸਤਿਗੁਰ ਨਿਕਟਿ ਪਹੂਚਤਿ ਭਏ।
ਸਨੇ ਸਨੇ ਫਿਰ ਉਪਬਨ ਸੈਲ। ਸ੍ਰੀ ਹਰਿਗੋਬਿੰਦ ਸਿਖ ਬਹੁ ਗੈਲ॥ ੧੬॥

ਸੇਵਕ ਵੀ ਉਸ ਤਰ੍ਹਾਂ ਨਾਲ ਭੱਜੇ ਗਏ ਤੇ ਸਤਿਗੁਰੂ ਜੀ ਦੇ ਨੇੜੇ ਪਹੁੰਚ ਗਏ। ਹੌਲੀ-ਹੌਲੀ ਫਿਰ ਬਾਗ਼ ਦੀ ਸੈਰ ਕਰਨ ਲੱਗੇ ਸ੍ਰੀ ਹਰਿਗੋਬਿੰਦ ਜੀ ਦੇ ਨਾਲ ਬਹੁਤ ਸਿੱਖ ਉਨ੍ਹਾਂ ਦੇ ਪਿੱਛੇ-ਪਿੱਛੇ ਆ ਰਹੇ ਸਨ॥੧੬॥

ਸੁੰਦਰ ਰਵਸ਼ ਸਖੰਡਲ ਘਨੇ। ਹਾਥ ਪ੍ਰਬੀਨਨਿ ਕੇ ਲਗਿ ਬਨੇ।
ਤਿਨ ਪਰ ਚਲੇ ਜਾਂਹਿ ਸਭਿ ਆਗੇ। ਗਮਨਹਿਂ ਭੀਰ ਲਾਰ ਕੋ ਲਾਗੇ॥ ੧੭॥

ਬਾਗ਼ ਦੀਆਂ ਸੜਕਾਂ ਬਹੁਤ ਸੁੰਦਰ ਸਨ ਤੇ ਬਹੁਤ ਖੜੇ ਬਣੇ ਹੋਏ ਸਨ, ਜਿਹੜੇ ਚਤੁਰ ਹੱਥਾਂ ਨਾਲ ਬਣੇ ਸਨ। ਉਨ੍ਹਾਂ ਉਤੇ ਸਾਰੇ ਅੱਗੇ-ਅੱਗੇ ਚਲੇ ਜਾ ਰਹੇ ਸਨ। ਚਲਦਿਆਂ ਕਤਾਰ ਵਿਚ ਭੀੜ ਲੱਗ ਗਈ॥੧੭॥

ਪਿਖਜੋ ਤਰੋਵਰ ਸੁੰਦਰ ਛਾਯਾ। ਬੈਠਨ ਹੇਤੁ ਰਿਦਾ ਬਿਸਮਾਯਾ।
ਹੁਤੀ ਸਘਨ ਬਹੁ ਤਿਸ ਕੇ ਤਰੇ। ਫਰਸ਼ ਕਰਾਇ ਬੈਠਿਬੋ ਕਰੇ॥ ੧੮॥

ਇਕ ਦਰੱਖਤ ਦੀ ਸੁੰਦਰ ਛਾਂ ਵੇਖੀ, ਬੈਠਣ ਵਾਸਤੇ ਚਿੱਤ ਕੀਤਾ। ਉਸ ਦੇ ਥੱਲੇ ਬਹੁਤ ਸੰਘਣੀ ਥਾਂ ਸੀ। ਵਿਛਾਉਣੇ ਵਿਛਾ ਕੇ ਉਥੇ ਬੈਠ ਗਏ॥੧੮॥

ਅਨਿਕ ਭਾਂਤਿ ਕੀ ਬਾਤਨਿ ਕਰਤੇ। ਤ੍ਰਿਣ ਸਬਜ਼ੀ ਚਹੁਂ ਓਰ ਨਿਹਰਿਤੇ।
ਕਿਤਿਕ ਸਮੈ ਮਹਿਂ ਉਠਿ ਕਰਿ ਚਾਲੇ। ਸ੍ਰੀ ਹਰਿਰਾਇ ਨਿਕਟਿ ਹੈਂ ਨਾਲੇ॥੧੯॥

ਅਨੇਕ ਪ੍ਰਕਾਰ ਦੀਆਂ ਗੱਲਾਂ ਕਰਦੇ ਸਨ, ਹਰੇ ਘਾਹ ਨੂੰ ਚਾਰੇ ਪਾਸੇ ਵੇਖਦੇ ਸਨ, ਕੁਝ ਸਮੇਂ ਬਾਅਦ ਉੱਠ ਕੇ ਚਲ ਪਏ, ਸ੍ਰੀ ਹਰਿ ਰਾਇ ਜੀ ਪਾਸ ਹੀ ਉਨ੍ਹਾਂ ਦੇ ਨਾਲ ਸਨ॥੧੯॥

ਸਨੈ ਸਨੈ ਜਿਮ ਆਗੇ ਗਏ। ਤਿਸ ਪ੍ਰਕਾਰ ਹਟਿ ਆਵਤਿ ਭਏ।
ਟੂਟਯੋ ਪਰਯੋ ਪੁਸ਼ਪ ਜਿਸ ਥਾਈਂ। ਤਹਾਂ ਪਹੂੰਚਤਿ ਭੇ ਜਗ ਸਾਈਂ॥ ੨੦॥

ਹੌਲੀ-ਹੌਲੀ ਜਿਸ ਤਰ੍ਹਾਂ ਅੱਗੇ ਗਏ ਸੀ, ਉਸ ਤਰ੍ਹਾਂ ਹੀ ਹੌਲੀ-ਹੌਲੀ ਹੁਣ ਵਾਪਸ ਆ ਰਹੇ ਸਨ। ਜਿਥੇ ਫੁੱਲ ਟੁੱਟ ਕੇ ਪਿਆ ਸੀ, ਸਤਿਗੁਰੂ ਜੀ ਉਸ ਥਾਂ ਪਹੁੰਚ ਗਏ॥੨੦॥

ਪ੍ਰਥਮ ਗਏ ਦੇਖਯੋ ਬਿਧਿ ਭਲੇ। ਹਤੇ ਸਰਾਹਯੋ ਸੁੰਦਰ ਖਿਲੇ।
ਜਬਹਿ ਬਿਲੋਕਯੋ ਟੂਟੇ ਪਰਯੋ। ਸਤਿਗੁਰ ਬਾਕ ਉਚਾਰਨ ਕਰਯੋ॥ ੨੧॥

ਪਹਿਲਾਂ ਜਾ ਕੇ ਭਲੀ ਪ੍ਰਕਾਰ ਵੇਖਿਆ ਤੇ ਸ਼ਲਾਘਾ ਕੀਤੀ ਕਿ ਬਹੁਤ ਸੁੰਦਰ ਫੁੱਲ ਖਿੜੇ ਹਨ। ਜਦ ਇਕ ਟੁੱਟੇ ਹੋਏ ਫੁੱਲ ਨੂੰ ਵੇਖਿਆ ਤੇ ਸਤਿਗੁਰੂ ਜੀ ਨੇ ਬਚਨ ਕੀਤੇ॥੨੧॥

'ਸ਼ਾਖਾ ਲਗਯੋ ਹਤੋ ਹਮ ਹੇਰਾ। ਅਬਿ ਇਹ ਕਿਹ ਤੋਰਯੋ ਛਿਤ ਗੇਰਾ?
ਉਪਮਾ ਮੁਖ ਪ੍ਰਸੰਨ ਕੀ ਪਾਵਤਿ। ਖਿਰੀ ਪਾਂਖਰੀ ਹਤੋ ਸੁਹਾਵਤਿ॥ ੨੨॥

"ਟਾਹਣੀ ਨੂੰ ਲਗਿਆ ਹੋਇਆ ਇਹ ਫੁੱਲ ਅਸੀਂ ਵੇਖਿਆ ਹੈ, ਇਸ ਨੂੰ ਹੁਣ ਕਿਸੇ ਨੇ ਤੋੜ ਕੇ ਧਰਤੀ ਤੇ ਡੇਗ ਦਿੱਤਾ ਹੈ? ਪ੍ਰਸੰਨ ਮੁਖੜੇ ਦੀ ਉਪਮਾ ਪੰਖੜੀਆਂ ਸੀ। ਖਿੜੀਆਂ ਬੜੀ ਸ਼ੋਭਾ ਪਾ ਰਹੀਆਂ ਸਨ॥੨੨॥

ਸ਼ਾਖਾ ਸਹਿਤ ਤਰੋਵਰ ਅਵਨੀ। ਨਿਜ ਛਬਿ ਤੇ ਦਿਖਰਾਵਤਿ ਰਵਨੀ।
ਅਬਿ ਛਿਨ ਛਿਨ ਪ੍ਰਤਿ ਇਹ ਕਮਲਾਵਤਿ। ਸ਼ੋਕ ਸਹਿਤ ਮੁਖ ਸਮਤਾ ਪਾਵਤਿ॥੨੩॥

ਸ਼ਾਖਾਂ ਸਹਿਤ ਇਹ ਦਰੱਖਤ ਧਰਤੀ ਤੇ ਆਪਣੀ ਛਵੀ ਦੀ ਸੁੰਦਰਤਾ ਵਿਖਾ ਰਿਹਾ ਸੀ। ਹੁਣ ਹੌਲੀ-ਹੌਲੀ ਇਹ ਕੁਮਲਾ ਜਾਵੇਗਾ, ਇਕ ਦੁਖੀ ਮੁਖੜੇ ਦੀ ਬਰਾਬਰੀ ਪਾਵੇਗਾ॥੨੩॥

ਕਾਰਜ ਕਹਾਂ ਸਰਯੋ ਇਸ ਤੋਰੇ। ਧਰਨੀ ਪਰਯੋ ਭਈ ਦੁਤਿ ਹੋਰੇ।
ਇਮ ਸਤਿਗੁਰ ਕਹਿ ਬਹੁ ਤਿਸ ਬੇਰੇ। ਬੂਝਨ ਹੇਤੁ ਨਰਨ ਮੁਖ ਹੇਰੇ॥ ੨੪॥

ਇਸ ਨੂੰ ਤੋੜਨ ਨਾਲ ਕਿਹੜਾ ਕਾਰਜ ਸਰਿਆ ਹੈ, ਧਰਤੀ ਤੇ ਪਿਆ ਹੈ ਤੇ ਆਭਾ ਹੋਰ ਹੋ ਗਈ ਹੈ।" ਇਸ ਤਰ੍ਹਾਂ ਉਸ ਸਮੇਂ ਸਤਿਗੁਰੂ ਜੀ ਨੇ ਬਹੁਤ ਕਿਹਾ, ਫਿਰ ਪੁੱਛਣ ਵਾਸਤੇ ਮਨੁੱਖਾਂ ਦੇ ਚਿਹਰਿਆਂ ਵੱਲ ਵੇਖਿਆ॥੨੪॥

ਹੁਤੇ ਸੰਗ ਸੋ ਕਿਨਹੁ ਨ ਜਾਨਾ। ਟੂਟਨ ਕਾਰਨ ਨਹੀਂ ਬਖਾਨਾ।
ਜਬਿ ਸਭਿਹਿਨਿ ਮੁਖ ਤੂਸ਼ਨਿ ਠਾਨੇ। ਸ੍ਰੀ ਹਰਿਰਾਇ, ਦਾਸ ਤਿਨ ਜਾਨੇ॥੨੫॥

ਤੁਸੀਂ ਨਾਲ ਸੀ ਕਿਸੇ ਨੇ ਵੀ ਨਹੀਂ ਜਾਣਿਆ ਹੈ, ਟੁੱਟਣ ਦਾ ਕਾਰਨ ਨਹੀਂ ਦੱਸਿਆ ਹੈ।" ਜਦ ਸਾਰਿਆਂ ਨੇ ਮੁਖ ਵਿਚ ਚੁੱਪ ਧਾਰਨ ਕਰ ਲਈ, ਸ੍ਰੀ ਹਰਿਰਾਇ ਦੇ ਉਸ ਦਾਸ ਨੂੰ ਪਤਾ ਸੀ ਜਿਹੜਾ ਉਨ੍ਹਾਂ ਦੇ ਨਾਲ ਸੀ॥੨੫॥

ਹਾਥ ਜੋਰਿ ਸਭਿ ਹੇਤੁ ਸੁਨਾਏ। 'ਸ੍ਰੀ ਹਰਿਰਾਇ ਚਲਤਿ ਉਤਲਾਏ।
ਦੀਰਘ ਜਾਮਾ ਅਟਕਯੋ ਯਾ ਸੋਂ। ਪਰਯੋ ਟੂਟ ਧਰ ਤੂਰਨਤਾ ਸੋਂ'॥ ੨੬॥

ਹੱਥ ਜੋੜ ਕੇ ਸਭ ਵਾਸਤੇ ਸੁਣਾਇਆ, "ਸ੍ਰੀ ਹਰਿ ਰਾਇ ਜੀ ਬਹੁਤ ਤੇਜ ਚਲ ਰਹੇ ਸਨ, ਵੱਡਾ ਜਾਮਾ ਇਸ ਟਹਿਣੀ ਨਾਲ ਅਟਕ ਗਿਆ ਤੇ ਫੁੱਲ ਤੁਰੰਤ ਟੁੱਟ ਕੇ ਧਰਤੀ ਤੇ ਡਿੱਗ ਪਿਆ"॥੨੬॥

ਸੁਨਿ ਸ੍ਰੀ ਮੁਖ ਤੇ ਸੁਮਤਿ ਬਤਾਵੈਂ। 'ਜੇ ਦੀਰਘ ਜਾਮਾ ਗਰ ਪਾਵੈ।
ਕਯੋਂ ਨ ਸੰਕੋਚਿ ਸੰਭਾਰਿ ਚਲੰਤੇ? ਜਿਹ ਪਸਰਤਿ ਗਨ ਬਿਘਨ ਪਰੰਤੇ' ॥੨੭॥

ਇਹ ਸੁਣ ਕੇ ਗੁਰੂ ਜੀ ਆਪਣੇ ਮੁੱਖ ਤੋਂ ਸ੍ਰੇਸ਼ਟ ਮੱਤ ਦੱਸੀ, 'ਜੇ ਵੱਡਾ ਜਾਮਾ ਗਲ ਵਿਚ ਪਾਉਂਦੇ ਹੋ ਤਾਂ ਕਿਉਂ ਸੰਕੋਚ ਕੇ ਸੰਭਾਲ ਕੇ ਨਹੀਂ ਚਲਦੇ ਹੋ? ਜਿਸ ਦੇ ਫੈਲਣ ਨਾਲ ਵਿਘਨ ਪੈਂਦਾ ਹੈ' ॥੨੭॥

ਸੁਨੀ ਪਿਤਾਮੇ ਕੀ ਇਮ ਬਾਨੀ। ਸ੍ਰੀ ਹਰਿਰਾਇ ਬੰਦਨਾ ਠਾਨੀ।
ਤੁਰਤ ਸੰਕੋਚਯੋ ਜਾਮਾ ਗਰ ਕੋ। ਕਰਯੋ ਸੰਵਾਰਨ ਪਾਇ ਸੁ ਕਰ ਕੋ ॥੨੮॥

ਜਦ ਆਪਣੇ ਦਾਦਾ ਜੀ ਦੇ ਇਸ ਤਰ੍ਹਾਂ ਦੇ ਬਚਨ ਸੁਣੇ ਤਾਂ ਸ੍ਰੀ ਹਰਿ ਰਾਇ ਜੀ ਨੇ ਬੰਦਨਾ ਕੀਤੀ, ਤੁਰਤ ਗਲ ਦੇ ਜਾਮੇ ਨੂੰ ਇਕੱਠਾ ਕਰਕੇ ਹੱਥ ਪਾ ਕੇ ਸੰਵਾਰਿਆ ॥੨੮॥

ਤਬਿ ਤੇ ਮਾਨਯੋ ਬਚਨ ਭਲੇ ਹੈਂ। ਜਬਿ ਲੌ ਜਿਏ ਨ ਛੋਰਿ ਚਲੇ ਹੈਂ।
ਸ਼ਤਪਾਲਨ ਕੋ ਜਾਮਾਂ ਪਾਵੈਂ। ਚਲਨ ਸਮੈਂ ਕਰ ਤੇ ਸੁਕਚਾਵੈਂ ॥ ੨੯॥

ਤਦ ਤੋਂ ਮੰਨ ਲਿਆ ਕਿ ਇਹ ਭਲਾ ਬਚਨ ਹੈ, ਜਦ ਤਕ ਜੀਉਂਦੇ ਰਹੇ ਜਾਮੇ ਨੂੰ ਖੁਲ੍ਹਾ ਛੱਡ ਕੇ ਨਾ ਚਲੇ। ਸੌ ਪੱਲਿਆਂ ਵਾਲਾ ਜਾਮਾ ਪਾਉਂਦੇ ਸਨ ਤੇ ਚਲਣ ਲੱਗੇ ਹੱਥ ਨਾਲ ਸੰਕੋਚ ਲੈਂਦੇ ਸਨ ॥੨੯॥

ਸੀਖ ਪਿਤਾਮੇ ਕੀ ਨ ਬਿਸਾਰੀ। ਸ੍ਰੀ ਹਰਿਰਾਇ ਪ੍ਰਤੱਗਯਾ ਧਾਰੀ।
ਜਿਮ ਸ੍ਰੀ ਨਾਨਕ ਸੇਵਤਿ ਰਹੇ। ਗੁਰ ਅੰਗਦ ਬਡ ਰੁਜ ਦੁਖ ਸਹੇ ॥ ੩੦॥

ਆਪਣੇ ਦਾਦਾ ਜੀ ਦੀ ਸਿੱਖਿਆ ਨੂੰ ਨਾ ਵਸਾਰਿਆ, ਸ੍ਰੀ ਹਰਿ ਰਾਇ ਜੀ ਨੇ ਇਹ ਪ੍ਰਤੱਗਿਆ ਕਰ ਲਈ। ਜਿਵੇਂ ਗੁਰੂ ਅੰਗਦ ਦੇਵ ਜੀ ਗੁਰੂ ਨਾਨਕ ਦੇਵ ਜੀ ਦੀ ਸੇਵਾ ਕਰਦੇ ਰਹੇ ਤੇ ਵੱਡੇ ਰੋਗ ਦੇ ਦੁੱਖ ਬਰਦਾਸ਼ਤ ਕਰਦੇ ਰਹੇ ॥੩੦॥

ਸਰਬ ਰੀਤਿ ਕਰਿ ਸਮਰਥ ਭਏ। ਰੁਜ ਤਨ ਕੋ ਨ ਮਿਟਾਵਨਿ ਕਿਏ।
ਤਿਮ ਸ੍ਰੀ ਅਮਰਦਾਸ ਤਿਨ ਆਗੇ। ਦੁਸ਼ਕ੍ਰਿਤ ਸੇਵਾ ਮਹਿਂ ਨਿਤ ਲਾਗੇ ॥੩੧॥

ਸਰਬ ਰੀਤੀਆਂ ਨਾਲ ਸਮਰੱਥ ਹੋ ਗਏ, ਪਰ ਆਪਣੇ ਤਨ ਦਾ ਰੋਗ ਨਾ ਹਟਾਇਆ। ਉਸ ਤਰ੍ਹਾਂ ਹੀ ਸ੍ਰੀ ਅਮਰਦਾਸ ਉਨ੍ਹਾਂ ਦੇ ਅੱਗੇ ਮੁਸ਼ਕਲ ਸੇਵਾ ਵਿਚ ਲੱਗੇ ਰਹੇ ॥੩੧॥

ਏਕ ਸਮੈਂ ਗਹਿ ਤਿਨ ਕੀ ਬਾਹੂੰ। ਸ੍ਰੀ ਅੰਗਦ ਗਮਨੇ ਮਗ ਮਾਂਹੂੰ।
ਸਹਿਜ ਸੁਭਾਇਕ ਬਾਕ ਕਹੰਤੇ। ਅਪਨਿ ਬਰੋਬਰ ਲਿਯੇ ਚਲੰਤੇ ॥ ੩੨॥

ਇਕ ਸਮੇਂ ਉਨ੍ਹਾਂ ਦੀ ਬਾਂਹ ਫੜ ਕੇ, ਗੁਰੂ ਅੰਗਦ ਦੇਵ ਰਾਹੇ ਰਾਹ ਚਲ ਪਏ। ਸਹਿਜ ਸੁਭਾਅ ਉਨ੍ਹਾਂ ਨਾਲ ਬਚਨ ਕਰਦੇ, ਆਪਣੀ ਬਰਾਬਰ ਲੈ ਕੇ ਚਲ ਪਏ ॥੩੨॥

ਦੁਤੀ ਬਾਂਹੁ ਲਟਕਤਿ ਅਰ ਹਾਲਤਿ। ਜਬਿ ਮਗ ਬਿਖੇ ਚਰਨ ਕੋ ਡਾਲਤਿ।
ਏਕ ਬਾਰ ਭੁਜ ਅਧਿਕ ਹਿਲਾਈ। ਗੁਰ ਅੰਗਦ ਤੇ ਭੀ ਅਗੁਵਾਈ ॥ ੩੩॥

ਦੂਸਰੀ ਬਾਂਹ ਲਮਕਦੀ ਅਤੇ ਹਿਲਦੀ ਸੀ, ਜਦ ਚਲਦੇ ਸਮੇਂ ਪੈਰ ਪੁਟਦੇ ਸਨ। ਇਕ ਵਾਰ ਬਾਂਹ ਜ਼ਿਆਦਾ ਹਿਲ ਗਈ ਤੇ ਗੁਰੂ ਅੰਗਦ ਦੇਵ ਜੀ ਦੇ ਅੱਗੇ ਹੋ ਗਈ ॥੩੩॥

ਦੇਖਤਿ ਦਹਿਲਯੋ ਰਿਦਾ ਘਨੇਰਾ। ਭਈ ਅਵੱਗਯਾ ਇਹੁ ਕਰ ਮੇਰਾ।
ਗੁਰ ਆਗੇ ਹੋਯੋ ਬਡ ਹਾਲਾ। ਉਚਿਤ ਪਿਛਾਰੀ ਰਹਿਬੇ ਵਾਲਾ ॥ ੩੪॥

ਇਹ ਵੇਖ ਕੇ ਹਿਰਦਾ ਬਹੁਤ ਡਰ ਗਿਆ। ਸੋਚਣ ਲੱਗੇ ਕਿ ਮੇਰੀ ਬਾਂਹ ਪਾਸੋਂ ਇਕ ਵੱਡੀ ਅਵੱਗਿਆ ਹੋ ਗਈ ਹੈ, ਬਾਂਹ ਬਹੁਤੀ ਹਿੱਲ ਕੇ ਗੁਰੂ ਜੀ ਦੇ ਅੱਗੇ ਹੋ ਗਈ ਹੈ, ਇਸ ਦਾ ਪਿੱਛੇ ਰਹਿਣਾ ਹੀ ਉਚਿਤ ਸੀ॥੩੪॥

ਅਬਿ ਇਸਕੋ ਤਜਾਗਨਿ ਬਨਿ ਆਵੈ। ਛੇਦਨ ਕਰਿ ਗੇਰਨ ਹੀ ਭਾਵੈ।
ਸ੍ਰੀ ਅੰਗਦ ਦਿਸ਼ਿ ਬਹੁਰ ਬਿਚਾਰੇਂ। ਉੱਗ੍ਰ ਕਰਮ ਪਿਖਿ ਕੋਪ ਨ ਧਾਰੇਂ॥ ੩੫॥

ਹੁਣ ਇਸ ਬਾਂਹ ਨੂੰ ਤਿਆਗ ਦੇਣਾ ਹੀ ਬਣਦਾ ਹੈ, ਵੱਢ ਕੇ ਡੇਗ ਦੇਣੀ ਚਾਹੁੰਦੇ ਸਨ। ਬਾਅਦ ਵਿਚ ਸ੍ਰੀ ਅੰਗਦ ਜੀ ਬਾਰੇ ਵਿਚਾਰ ਕਰਦੇ ਸਨ ਉਨ੍ਹਾਂ ਨੇ ਇਹ ਭੈੜਾ ਕਰਮ ਵੇਖ ਗੁੱਸਾ ਨਹੀਂ ਧਾਰਨ ਕੀਤਾ ਹੈ॥੩੫॥

ਯਾਂਤੇ ਨਹਿਂ ਛੇਦਨ ਸ਼ੁਭ ਰੀਤੇ। ਤਜਾਗਨ ਕਰੌਂ ਬਾਂਹਿ ਨਿਜ ਜੀਤੇ।
ਤਜੌਂ ਅਪਨਪੌ ਇਸ ਤੇ ਅਬੈ। ਕਾਰ ਨ ਕਰੌਂ ਇਸੀ ਤੇ ਕਬੈ॥ ੩੬॥

ਇਸ ਕਰਕੇ ਸਾਰੀਆਂ ਰੀਤੀਆਂ ਕਰਕੇ ਇਸ ਨੂੰ ਕੱਟਣਾ ਨਹੀਂ ਚਾਹੀਦਾ, ਬਾਂਹ ਨੂੰ ਹੀ ਆਪਣੇ ਜੀਅ ਤੋਂ ਛੱਡ ਦੇਵੇ। ਇਸ ਨੂੰ ਆਪਣੇ ਪਾਸੋਂ ਹੁਣ ਛੱਡ ਦਿੰਦਾ ਹਾਂ, ਇਸ ਹੱਥ ਨਾਲ ਹੁਣ ਕੋਈ ਕੰਮ ਨਹੀਂ ਕਰਾਂਗਾ॥੩੬॥

ਨਹਿਂ ਅਬਿ ਪੋਖਨ ਕਬਿਹੂੰ ਕਰੌਂ। ਬਨਹਿ ਸੁਕਾਵਨ ਇਮ ਪਰਹਰੌਂ।
ਅਸ ਬਿਚਾਰ ਕਰਿ ਛਾਤੀ ਲਾਇ। ਨਿਸ ਦਿਨ ਰਾਖੀ ਤਹਾਂ ਟਿਕਾਇ॥ ੩੭॥

ਇਸ ਦੀ ਮੈਂ ਹੁਣ ਕਦੀ ਦੇਖ-ਭਾਲ ਨਹੀਂ ਕਰਾਂਗਾ, ਜਿਵੇਂ ਬਾਂਹ ਸੁਕ ਗਈ ਹੁੰਦੀ ਹੈ, ਇਸ ਤਰ੍ਹਾਂ ਛੱਡ ਦੇਵਾਂਗਾ।" ਇਸ ਤਰ੍ਹਾਂ ਵਿਚਾਰ ਕੇ ਬਾਂਹ ਨੂੰ ਛਾਤੀ ਨਾਲ ਲਾ ਲਿਆ, ਰਾਤ ਦਿਨ ਉਥੇ ਹੀ ਟਿਕਾ ਕੇ ਰਖਦੇ ਸਨ॥੩੭॥

ਬਿਨ ਹਾਲੇ ਇਕ ਥਲ ਜਬਿ ਰਹੀ। ਸੁਸ਼ਕ ਭਈ ਪੁਨ ਪੋਖੀ ਨਹੀਂ।
ਇੱਤਜਾਦਿਕ ਪ੍ਰਣ ਗੁਰ ਘਰ ਕੇਰੇ। ਨਹੀਂ ਨੇਮ ਕਰਿ ਗਿਰੇ ਪਿਛੇਰੇ॥ ੩੮॥

ਹਿੱਲਣ ਤੋਂ ਬਗੈਰ ਜਦ ਇਕ ਥਾਂ ਰਹੀ, ਸੁੱਕ ਗਈ ਫਿਰ ਦੇਖ ਭਾਲ ਨਾ ਕੀਤੀ। ਇੱਤਿਆਦਿ ਗੁਰੂ ਘਰ ਵਿਚ ਕਈ ਪ੍ਰਣ ਹੋ ਕੇ ਫਿਰ ਪਿੱਛੇ ਨਹੀਂ ਹੱਟਦੇ ਸਨ॥੩੮॥

ਤਿਮ ਹੀ ਪ੍ਰਣ ਧਾਰਯੋ ਹਰਿਰਾਇ। ਸੀਖ ਪਿਤਾਮੇ ਤੇ ਜਬਿ ਪਾਇ।
ਸ਼ਤਪਾਲਨ ਹੀ ਪਹਿਰਹਿਂ ਜਾਮਾ। ਸੂਖਮ ਬਸਤ੍ਰ ਸਜਹਿ ਅਭਿਰਾਮਾ॥ ੩੯॥

ਉਸ ਤਰ੍ਹਾਂ ਹੀ ਸ੍ਰੀ ਹਰਿ ਰਾਇ ਜੀ ਨੇ ਪ੍ਰਣ ਧਾਰਨ ਕੀਤਾ, ਆਪਣੇ ਦਾਦਾ ਜੀ ਤੋਂ ਜਦ ਇਹ ਸਿੱਖਿਆ ਪਾਈ। ਸੋ ਪੱਲਿਆਂ ਵਾਲਾ ਜਾਮਾ ਪਾਉਂਦੇ ਸਨ ਤੇ ਸੂਖਮ ਕੱਪੜੇ ਬੜੇ ਸੁੰਦਰ ਸੱਜਦੇ ਸਨ॥੩੯॥

ਚਲਿਬੇ ਸਮੈਂ ਨ ਕਰ ਤੇ ਛੋਰੈਂ। ਕਰ ਧਰਿ ਸੁਕਚਾਵਤਿ ਚਹੁੰ ਓਰੈ।
ਇਮ ਸ੍ਰੀ ਹਰਿਗੋਵਿੰਦ ਸੁਨਾਇ। ਅਪਨ ਸਥਾਨ ਬਿਰਾਜੇ ਆਇ॥ ੪੦॥

ਚਲਦੇ ਸਮੇਂ ਹੱਥ ਨਾਲ ਛੱਡਦੇ ਨਹੀਂ ਸਨ। ਹੱਥ ਪਾ ਕੇ ਚਾਰੇ ਪਾਸਿਆਂ ਤੋਂ ਸੰਕੋਚ ਲੈਂਦੇ ਸਨ। ਇਸ ਤਰ੍ਹਾਂ ਸ੍ਰੀ ਹਰਿਗੋਬਿੰਦ ਜੀ ਸੁਣਾ ਕੇ ਆਪਣੇ ਥਾਂ ਆ ਗਏ॥੪੦॥

ਖਾਨ ਪਾਨ ਕਰਿ ਕੈ ਬਿਸਰਾਮੇ। ਸੇਵਾ ਕਰਹਿਂ ਸਿੱਖ ਸ਼ੁਭ ਕਾਮੇ।
ਕੇਤਿਕ ਦਿਨ ਇਮ ਭਏ ਬਿਤਾਇ। ਕਰਹਿਂ ਉਧਾਰਨ ਜਨ ਸਮੁਦਾਇ॥ ੪੧॥

ਖਾ ਪੀ ਕੇ ਵਿਸ਼ਰਾਮ ਕੀਤਾ, ਸਿੱਖ ਸੇਵਾ ਕਰਕੇ ਸ਼ੁਭ ਕੰਮ ਕਰਦੇ ਸਨ। ਕਈ ਦਿਨ ਇਸ ਤਰ੍ਹਾਂ ਹੀ ਬਤੀਤ ਕੀਤੇ। ਆਮ ਲੋਕਾਂ ਦਾ ਉਧਾਰ ਕਰਦੇ ਸਨ॥੪੧॥

*ਅੱਠਵੀਂ ਰਾਸ ਦਾ ਪੰਜਤਾਲੀਵਾਂ ਅਧਿਆਇ ਸਮਾਪਤ ਹੋਇਆ॥੪੫॥*

# ਅਧਿਆਇ ਛਤਾਲੀਵਾਂ

*ਮਾਤਾ ਨਾਨਕੀ ਜੀ ਤੇ ਮਾਤਾ ਮਰਵਾਹੀ ਜੀ*

ਦੋਹਰਾ-ਅਲਪ ਬੈਸ ਮਹਿਂ ਸੁਮਤਿ ਕਰਿ ਪ੍ਰਣ ਠਾਨਜੋ ਹਰਿਰਾਇ।
ਬਾਕ ਪਿਤਾਮੇ ਕੇ ਸੁਨੇ ਰਾਖੇ ਰਿਦੇ ਟਿਕਾਇ॥ ੧॥

ਛੋਟੀ ਉਮਰ ਵਿਚ ਹੀ ਸ੍ਰੇਸ਼ਟ ਮੱਤ ਕਰਕੇ ਸ੍ਰੀ ਹਰਿ ਰਾਇ ਜੀ ਨੇ ਪ੍ਰਣ ਕਰ ਲਿਆ। ਆਪਣੇ ਦਾਦਾ ਜੀ ਦੇ ਬਚਨ ਸੁਣ ਕੇ ਆਪਣੇ ਹਿਰਦੇ ਵਿਚ ਟਿਕਾ ਕੇ ਰੱਖੇ॥੧॥

ਚੌਪਈ-ਸ੍ਰੀ ਹਰਿਗੋਵਿੰਦ ਪੌਤ੍ਰ ਨਿਹਾਰਾ। ਬਚਨ ਆਪਨੇ ਕੇ ਅਨੁਸਾਰਾ।
ਜਬਿ ਕਬਿ ਦੇਖਹਿਂ ਕਰ ਸੋਂ ਜਾਮਾ। ਗਮਨਤਿ ਸੰਕੋਚਤਿ ਅਭਿਰਾਮਾ॥੨॥

ਸ੍ਰੀ ਹਰਿਗੋਬਿੰਦ ਜੀ ਨੇ ਆਪਣੇ ਪੋਤੇ ਨੂੰ ਵੇਖਿਆ ਕਿ ਉਹ ਸਾਡੇ ਬਚਨਾਂ ਦੀ ਆਗਿਆ ਅਨੁਸਾਰ ਹੈ, ਜਦ ਕਦੀ ਵੇਖਦੇ ਸਨ, ਹੱਥ ਨਾਲ ਜਾਮਾ ਸੰਕੋਚ ਕੇ ਚਲਦੇ ਸਨ॥੨॥

ਦੀਰਘ ਛੋਰ ਨ ਕਬਿਹੂੰ ਚਾਲੇ। ਪਹਿਰਹਿਂ ਸੂਖਮ ਜਿਹ ਸੋਂ ਪਾਲੇ।
ਗੁਰ ਪ੍ਰਸੰਨਤਾ ਕਰਿਬੇ ਲਾਗੇ। ਨਿਕਟਿ ਬਿਠਾਵਹਿਂ ਉਰ ਅਨੁਰਾਗੇ॥੩॥

ਜਾਮੇ ਨੂੰ ਖੁਲ੍ਹਾ ਛੱਡ ਕੇ ਕਦੇ ਵੀ ਨਹੀ ਸੀ ਚਲਦੇ, ਸੂਖਮ ਜਾਮਾ ਪਾਉਂਦੇ ਸੀ ਜਿਸਦੇ ਸੋ ਪੱਲੇ ਹੁੰਦੇ ਸਨ। ਗੁਰੂ ਜੀ ਨੂੰ ਪ੍ਰਸੰਨ ਕਰਨ ਲੱਗੇ, ਉਹ ਹਿਰਦੇ ਵਿਚ ਬੜੇ ਪ੍ਰਸੰਨ ਹੋ ਕੇ ਪਾਸ ਬਿਠਾਉਂਦੇ ਸਨ॥੩॥

ਦਿਨ ਪ੍ਰਤਿ ਅਧਿਕ ਹੋਤਿ ਰੁਖ਼ ਜਾਵੈ। ਮ੍ਰਿਦਲ ਬਾਕ ਕਹਿ ਅਨੰਦ ਉਪਾਵੈਂ।
ਸਿਖ ਸੰਗਤਿ ਸਭਿਹਿਨਿ ਲਖਿ ਲੀਨਸਿ। ਪੌਤ੍ਰੇ ਪਰ ਕਰੁਨਾ ਮਨ ਭੀਨਸਿ॥੪॥

ਦਿਨ ਪ੍ਰਤਿ ਉਨ੍ਹਾਂ ਵੱਲ ਹੋਰ ਰੁਖ ਵਧਾਉਂਦੇ ਸਨ, ਕੋਮਲ ਬਚਨ ਕਹਿ ਕੇ ਅਨੰਦ ਉਪਜਾਉਂਦੇ ਸਨ। ਸਿੱਖ ਸੰਗਤ ਸਭ ਨੇ ਜਾਣ ਲਿਆ, ਪੋਤਰੇ ਵਾਸਤੇ ਬੜੀ ਕਿਰਪਾ ਮਨ ਵਿਚ ਭਿੱਜੀ ਹੋਈ ਹੈ॥੪॥

ਸੂਰਜਮਲ ਪਿਤ ਆਸ਼ੈ ਚੀਨਾ। ਸ੍ਰੀ ਹਰਿਰਾਇ ਚਹੈਂ ਗੁਰ ਕੀਨਾ।
ਨਿਜ ਜਨਨੀ ਸੰਗ ਗਾਥ ਬੁਝਾਈ। 'ਦਈ ਚਹਿਤਿ ਪੌਤੇ ਬਡਿਆਈ'॥੫॥

ਸੂਰਜ ਮੱਲ ਨੇ ਆਪਣੇ ਪਿਤਾ ਜੀ ਦੇ ਆਸ਼ੇ ਨੂੰ ਜਾਣਿਆ, ਕਿ ਇਹ ਹਰਿ ਰਾਇ ਜੀ ਨੂੰ ਗੁਰੂ ਬਣਾਉਣਾ ਚਾਹੁੰਦੇ ਹਨ। ਆਪਣੀ ਮਾਤਾ ਜੀ ਨੂੰ ਜਾ ਕੇ ਸਾਰੀ ਗਾਥਾ ਸੁਣਾਈ, "ਇਹ ਆਪਣੇ ਪੋਤਰੇ ਨੂੰ ਵਡਿਆਈ ਦੇਣਾ ਚਾਹੁੰਦੇ ਹਨ"॥੫॥

ਤਬਾ ਨਾਨਕੀ ਸੁਧਿ ਸੁਨਿ ਪਾਈ। ਮਰਵਾਹੀ ਜੁਤਿ ਚਿਤ ਦੁਚਿਤਾਈ।
ਕਰਹਿ ਬਿਚਾਰ ਕਹਾਂ ਇਹੁ ਭਾਵੈ। ਸੁਤ ਤਜਿ ਪੌਤ੍ਰਹਿ ਕੋ ਬਡਿਆਵੈਂ॥੬॥

ਉਸ ਤਰ੍ਹਾਂ ਮਾਤਾ ਨਾਨਕੀ ਜੀ ਵੀ ਇਹ ਖਬਰ ਸੁਣੀ। ਮਾਤਾ ਮਰਵਾਹੀ ਸਮੇਤ ਚਿੱਤ ਵਿਚ ਚਿੰਤਾ ਹੋਈ। ਵਿਚਾਰ ਕਰਦੀਆਂ ਸਨ, ਕੀ ਇਹ ਚੰਗੀ ਗੱਲ ਹੈ ਕਿ ਪੁੱਤਾ ਨੂੰ ਛੱਡ ਕੇ ਪੋਤਰੇ ਨੂੰ ਵਡਿਆਉਂਦੇ ਹਨ॥੬॥

ਗੁਨ ਗਨ ਸਹਿਤ ਸਦਾ ਅਨੁਸਾਰੀ। ਪਿਤਾ ਅੱਗ੍ਰ ਕੁਛ ਨਹਿਂ ਹੰਕਾਰੀ।
ਪ੍ਰਥਮ ਗੁਰਨਿ ਨਿਜ ਪੁੱਤ੍ਰ ਨ ਦੀਨਿ। ਨਹਿਂ ਅਪਨੇ ਅਨੁਸਾਰੀ ਚੀਨਿ॥੭॥

ਬਹੁਤ ਗੁਣਾਂ ਸਮੇਤ ਸਦਾ ਗੁਰੂ ਜੀ ਦੀ ਆਗਿਆ ਅਨੁਸਾਰ ਰਹਿੰਦੇ ਹਨ, ਪਿਤਾ ਜੀ ਦੇ ਸਾਹਮਣੇ ਕਿਸੇ ਪ੍ਰਕਾਰ ਦਾ ਹੰਕਾਰ ਨਹੀਂ ਕਰਦੇ। ਪਹਿਲੇ ਗੁਰੂ ਸਾਹਿਬਾਨ ਨੇ ਆਪਣੇ ਪੁੱਤਰਾਂ ਨੂੰ ਗੱਦੀ ਨਹੀਂ ਦਿੱਤੀ ਹੈ, ਕਿਉਂਕਿ ਉਨ੍ਹਾਂ ਨੂੰ ਆਪਣੀ ਆਗਿਆ ਅਨੁਸਾਰ ਨਹੀਂ ਜਾਣਿਆ ਹੈ॥੭॥

ਸਿਰੀਚੰਦ ਅਰੁ ਲਖਮੀਦਾਸ। ਪਿਤ ਸੇਵਾ ਨਹਿਂ ਕੀਨਿ ਹੁਲਾਸ।
ਤਿਮ ਹੀ ਦਾਸੂ ਦਾਤੂ ਸੁਨੇ। ਪਿਤ ਅਨੁਸਾਰੀ ਨਾਂਹਿ ਨ ਬਨੇ॥ ੮॥

ਸਿਰੀਚੰਦ ਅਤੇ ਲਖਮੀਦਾਸ ਨੇ ਪ੍ਰਸੰਨ ਹੋ ਕੇ ਆਪਣੇ ਪਿਤਾ ਜੀ ਦੀ ਸੇਵਾ ਨਹੀਂ ਕੀਤੀ ਸੀ। ਇਸ ਤਰ੍ਹਾਂ ਹੀ ਦਾਸੂ ਅਤੇ ਦਾਤੂ ਬਾਰੇ ਸੁਣਿਆ ਹੈ ਕਿ ਉਹ ਆਪਣੇ ਪਿਤਾ ਜੀ ਦੇ ਆਗਿਆਕਾਰੀ ਨਾ ਬਣੇ॥੮॥

ਮੋਹਨ ਅਪਰ ਮੋਹਰੀ ਦੋਇ। ਤਿਸ ਬਿਧਿ ਹੀ ਤਿਨ ਕੀ ਗਤਿ ਜੋਇ।
'ਸਭਿ ਤੇ ਊਚੇ ਪਿਤਾ ਹਮਾਰੇ। ਜਗ ਜਾਚਕ, ਗੁਰ ਏਕ ਦਤਾਰੇ॥ ੯॥

ਮੋਹਨ ਅਤੇ ਮੋਹਰੀ ਦੋਵੇਂ, ਉਸ ਵਿਧੀ ਅਨੁਸਾਰ ਉਨ੍ਹਾਂ ਦੀ ਵੀ ਉਹੋ ਹਾਲਤ ਹੋਈ, "ਸਭ ਤੋਂ ਉੱਚਾ ਸਾਡਾ ਪਿਤਾ ਹੈ, ਸਭ ਜੱਗ ਮੰਗਤਾ ਤੇ ਗੁਰੂ ਜੀ ਇਕ ਦਾਤੇ ਹਨ॥੯॥

ਹਮ ਉੱਤਮ ਸਭਿ ਤੇ ਬਡਿ ਭਾਗੇ'। ਇਮ ਹੰਕਾਰ ਨ ਸੇਵਾ ਲਾਗੇ।
'ਲੋਕਨਿ ਮਹਿਂ ਬਹੁ ਰਹੈ ਬਡਾਈ'। ਯਾਂਤੇ ਗੁਰੂ ਗਿਰਾ ਨ ਕਮਾਈ॥ ੧੦॥

ਅਸੀਂ ਸਭ ਤੋਂ ਉੱਤਮ ਤੇ ਵੱਡੇ ਭਾਗਾਂ ਵਾਲੇ ਹਾਂ, ਇਸ ਤਰ੍ਹਾਂ ਹੰਕਾਰ ਕਰਕੇ ਉਹ ਸੇਵਾ ਵਿਚ ਨਾ ਲੱਗੇ, "ਲੋਕਾਂ ਵਿਚ ਬਹੁਤ ਵਡਿਆਈ ਮਿਲਦੀ ਸੀ।" ਇਸ ਕਰਕੇ ਗੁਰੂ ਜੀ ਦੀ ਆਗਿਆ ਨੂੰ ਨਾ ਕਮਾਇਆ॥੧੦॥

ਮਮ ਸੁਤ ਤੇਗ ਬਹਾਦਰ ਨੀਕੋ। ਪਿਤ ਆਗਜਾ ਮਹਿਂ ਉੱਜਲ ਜੀਕੋ।
ਰਹਿ ਮਰਜੀ, ਨਹਿਂ ਅਰਜੀ ਕਹੈ। ਗੁਰ ਕੇ ਕਰਜੋ ਪਿਖਤਿ ਮੁਦ ਲਹੈ॥ ੧੧॥

ਮੇਰਾ ਪੁੱਤਰ ਤੇਗ ਬਹਾਦਰ ਬਹੁਤ ਚੰਗਾ ਹੈ, ਪਿਤਾ ਜੀ ਦੀ ਆਗਿਆ ਵਿਚ ਉਸ ਦਾ ਉਜਲ ਜੀਅ ਹੈ। ਸਦਾ ਉਨ੍ਹਾਂ ਦੀ ਮਰਜ਼ੀ ਵਿਚ ਰਹਿੰਦਾ ਹੈ, ਕੋਈ ਬੇਨਤੀ ਵੀ ਨਹੀਂ ਕਰਦਾ ਹੈ, ਗੁਰੂ ਜੀ ਦੇ ਕੀਤੇ ਨੂੰ ਵੇਖ ਕੇ ਬਹੁਤ ਪ੍ਰਸੰਨ ਹੁੰਦਾ ਹੈ॥੧੧॥

ਅਪਰ ਬਿਕਾਰ ਆਦਿ ਹੰਕਾਰ। ਇਨ ਕੇ ਲੇਸ਼ ਨ ਰਿਦੈ ਮਝਾਰ।
ਆਪ ਸਰਾਹਤਿ ਭੇ ਬਹੁ ਬਾਰੀ। 'ਹੁਇ ਬਿਸਾਲ ਇਹੁ ਧੀਰਜ ਧਾਰੀ'॥੧੨॥

ਹੋਰ ਵਿਕਾਰ ਹੰਕਾਰ ਆਦਿ, ਉਸ ਦੇ ਹਿਰਦੇ ਵਿਚ ਲੇਸ ਬਰਾਬਰ ਵੀ ਨਹੀਂ ਹੈ। ਆਪ ਬਹੁਤ ਵਾਰ ਸ਼ਲਾਘਾ ਕਰਦੇ ਹਨ, ਕਹਿੰਦੇ ਹਨ, "ਇਹ ਧੀਰਜਧਾਰੀ ਵੱਡਾ ਮਹਾਂਪੁਰਸ਼ ਹੋਵੇਗਾ"॥੧੨॥

ਬਹੁਰ ਬਚਨ ਸ਼ੁਭ ਕਹਜੋ ਸੁਨਾਈ। 'ਇਸ ਕੇ ਸੁਤ ਹ੍ਵੈ ਗੁਨ ਸਮੁਦਾਈ'।
ਰਿਦੈ ਕਹਾਂ ਅਬਿ ਕੰਤ ਬਿਚਾਰਾ। ਚਹੈ ਦੈਨ ਪਦ, ਪੌਤ੍ਰ ਉਦਾਰਾ॥ ੧੩॥

ਫਿਰ ਕਈ ਸ਼ੁਭ ਬਚਨ ਕਹਿ ਕੇ ਸੁਣਾਏ ਹਨ, "ਇਸ ਦੇ ਪੁੱਤਰ ਵਿਚ ਮਹਾਨ ਗੁਣ ਹੋਣਗੇ। ਹੁਣ ਸਵਾਮੀ ਨੇ ਆਪਣੇ ਹਿਰਦੇ ਵਿਚ ਕੀ ਵਿਚਾਰਿਆ ਹੈ, ਇਹ ਵੱਡੀ ਪਦਵੀ ਆਪਣੇ ਪੋਤਰੇ ਨੂੰ ਦੇਣ ਲੱਗੇ ਹਨ॥੧੩॥

ਇੱਤ੍ਯਾਦਿਕ ਤਰਕਤਿ ਉਰ ਮਾਂਹੀ। ਤਿਮ ਚਿਤਵਤਿ ਚਿਤ ਨਿਤ ਮਰਵਾਹੀ।
ਸੂਰਜਮਲ ਕੋ ਦੇਖਿ ਬਿਚਾਰੈ। 'ਇਹੁ ਗੁਰ ਸੁਤ ਸਭਿ ਕਾਜ ਸੰਭਾਰੈ॥ ੧੪॥

ਇੱਤਆਦਿ ਮਨ ਵਿਚ ਤਰਕ ਹਨ, ਇਸ ਤਰ੍ਹਾਂ ਹੀ ਮਾਤਾ ਮਰਵਾਹੀ ਜੀ ਮਨ ਵਿਚ ਸਦਾ ਚਿੰਤਾ ਕਰਦੇ ਰਹਿੰਦੇ ਹਨ। ਸੂਰਜ ਮੱਲ ਨੂੰ ਵੇਖ ਕੇ ਵਿਚਾਰ ਕਰਦੇ ਹਨ, 'ਗੁਰੂ ਜੀ ਦਾ ਇਹ ਪੁੱਤਰ ਸਾਰੇ ਕੰਮ ਸੰਭਾਲਦਾ ਹੈ॥੧੪॥

ਪਿਤ ਆਇਸੁ ਮਹਿਂ ਬਰਤਨ ਹਾਰਾ। ਦੇਸ਼ਨਿ ਦੇਸ਼ ਮਸੰਦ ਉਦਾਰਾ।
ਲੈਬੋ ਦੇਬੋ ਕਾਜ ਬਿਸਾਲੇ। ਸਗਰੇ ਕਰਤਿ ਸੁਮਤਿ ਕੇ ਨਾਲੇ॥ ੧੫॥

ਪਿਤਾ ਜੀ ਦੀ ਆਗਿਆ ਵਿਚ ਰਹਿਣ ਵਾਲਾ ਹੈ, ਦੇਸ਼ਾਂ ਵਿਦੇਸ਼ਾਂ ਦੇ ਜਿਹੜੇ ਵੱਡੇ-ਵੱਡੇ ਮਸੰਦ ਹਨ, ਉਨ੍ਹਾਂ ਨਾਲ ਲੈਣ ਦੇਣ ਦਾ ਵੱਡਾ ਕਾਰਜ ਕਰਦਾ ਹੈ। ਸਾਰੇ ਕੰਮ ਸ੍ਰੇਸ਼ਟ ਬੁਧੀ ਨਾਲ ਕਰਦਾ ਹੈ॥੧੫॥

ਦੇਗ਼ ਖਰਚ ਆਦਿਕ ਗੁਰ ਘਰ ਕੇ। ਸਕਲ ਚਲਾਵਤਿ ਹੈ ਬੁਧਿ ਕਰਿਕੇ।
ਜਗ ਗੁਰ ਇਸ ਕੀ ਦਿਸ਼ਿ ਨਹਿਂ ਦੇਖਾ। ਚਹੈਂ ਪੋਤ੍ਰ ਕੋ ਕਰਜੋ ਵਿਸ਼ੇਖਾ ॥੧੬॥

ਲੰਗਰ ਅਤੇ ਗੁਰੂ ਘਰ ਦੇ ਸਾਰੇ ਖਰਚੇ ਨੂੰ, ਚੰਗੀ ਬੁੱਧੀ ਕਰਕੇ ਚਲਾਉਂਦਾ ਹੈ। ਜਗਤ ਗੁਰੂ ਜੀ ਨੇ ਇਸ ਵਲ ਨਹੀਂ ਵੇਖਿਆ ਹੈ। ਆਪਣੇ ਪੋਤਰੇ ਨੂੰ ਬਹੁਤ ਚਾਹੁੰਦੇ ਹਨ' ॥੧੬॥

ਇੱਤਜਾਦਿਕ ਗੁਰ ਘਰਨੀ ਦੌਨ। ਚਿਤਵਹਿਂ ਗੁਰਤਾ ਨਿਜ ਨਿਜ ਭੌਨ।
ਸਮੈਂ ਪਾਇ ਸ੍ਰੀ ਹਰਿ ਗੋਵਿੰਦ। ਅੰਤਹਿ ਪੁਰ ਮਹਿਂ ਆਇ ਅਨੰਦ॥ ੧੭॥

ਇੱਤਆਦਿ ਗੁਰੂ ਜੀ ਦੀਆਂ ਦੋਵੇਂ ਪਤਨੀਆਂ ਆਪਣੇ-ਆਪਣੇ ਘਰ ਵਿਚ ਗੁਰਤਾ ਲਿਆਉਣੀ ਚਾਹੁੰਦੀਆਂ ਹਨ। ਸਮਾਂ ਪਾ ਕੇ ਸ੍ਰੀ ਗੁਰੂ ਹਰਿਗੋਬਿੰਦ ਜੀ, ਆਪਣੇ ਮਹਿਲਾ ਵਿਚ ਬੜੇ ਅਨੰਦ ਨਾਲ ਆਏ॥੧੭॥

ਨਿਜ ਸੁਤ ਹੇਤੁ ਕਹਹਿ ਮਰਵਾਹੀ। 'ਉਚਿਤ ਬਾਤ ਕੀਜਹਿ ਚਿਤ ਚਾਹੀ।
ਸੂਰਜ ਮਲ ਬਡਿਆਈ ਜੋਗ। ਬਡੋ ਪੁੱਤ੍ਰ ਇਹੁ ਸੁਮਤਿ ਸੰਜੋਗ॥ ੧੮॥

ਸ੍ਰੀ ਮਰਵਾਹੀ ਜੀ ਆਪਣੇ ਪੁੱਤਰ ਵਾਸਤੇ ਕਹਿਣ ਲੱਗੇ, "ਚਿੱਤ ਵਿਚ ਚਾਹ ਕੇ ਯੋਗ ਗੱਲ ਕਰੋ। ਸੂਰਜ ਮਲ ਵਡਿਆਈ ਦੇਣ ਯੋਗ ਹੈ, ਵੱਡਾ ਪੁੱਤਰ ਇਹ ਸ੍ਰੇਸ਼ਟ ਮੱਤ ਸਹਿਤ ਹੈ॥੧੮॥

ਸ੍ਰੀ ਗੁਰਦਿੱਤਾ ਹੁਤੇ ਬਡੇਰੋ। ਗੁਰਤਾ ਉਚਿਤ ਸਭਿਨਿ ਸੁਭ ਹੇਰੋ।
ਪ੍ਰਾਨ ਅੰਤ ਔਚਕ ਤਿਨ ਹੋਵਾ। ਦੀਰਘ ਅਚਰਜ ਨਰ ਗਨ ਜੋਵਾ॥ ੧੯॥

ਸ੍ਰੀ ਗੁਰਦਿੱਤਾ ਵੱਡਾ ਸੀ, ਗੁਰਤਾ ਦੇ ਯੋਗ ਉਸ ਨੂੰ ਸਭ ਨੇ ਜਾਣਿਆ ਸੀ। ਉਨ੍ਹਾਂ ਦੇ ਪ੍ਰਾਣਾਂ ਦਾ ਅਚਾਨਕ ਅੰਤ ਹੋ ਗਿਆ, ਵੱਡਾ ਅਸਚਰਜ ਸਭ ਲੋਕਾਂ ਨੇ ਵੇਖਿਆ॥੧੯॥

ਅਬਿ ਸੂਰਜਮਲ ਸੁਮਤਿ ਬਿਲੰਦ। ਅਹੈ ਆਪ ਕੋ ਦੀਰਘ ਨੰਦ।
ਤਿਸ ਕੇ ਹੋਤਿ ਅਪਰ ਨਹਿਂ ਲਾਇਕ। ਬਨਹੁ ਆਪ ਬਡਿਆਈ ਦਾਯਕ ॥੨੦॥

ਹੁਣ ਸੂਰਜ ਮੱਲ ਸ੍ਰੇਸ਼ਟ ਬੁੱਧੀ ਵਾਲਾ ਹੈ, ਇਹੀ ਹੁਣ ਆਪ ਜੀ ਦਾ ਵੱਡਾ ਪੁੱਤਰ ਹੈ। ਉਸ ਦੇ ਬਰਾਬਰ ਹੋਰ ਕੋਈ ਲਾਇਕ ਨਹੀਂ ਹੈ, ਆਪ ਜੀ ਦੀ ਵਡਿਆਈ ਜੋਗ ਉਹੀ ਬਣਦਾ ਹੈ॥੨੦॥

ਜੇਸ਼ਟ ਪੋਤ੍ਰ ਗ੍ਰਿੰਥ ਲੇ ਰਾਖਾ। 'ਮੈਂ ਹੌਂ ਗੁਰੁ' ਸੰਗਤਿ ਮਹਿਂ ਭਾਖਾ।
ਕਪਟ ਆਪ ਤੇ ਕਰ ਤਹਿਂ ਰਹਜੇ। ਤੁਮ ਅਧੀਨ ਹ੍ਵੈ ਨਹਿਂ ਪਦ ਲਹਜੇ॥੨੧॥

ਵੱਡੇ ਪੋਤਰੇ ਨੇ ਗ੍ਰੰਥ ਲੈ ਕੇ ਰੱਖ ਲਿਆ ਹੈ, 'ਮੈਂ ਗੁਰੂ ਹਾਂ' ਸੰਗਤ ਵਿਚ ਕਿਹਾ ਹੈ। ਉਹ ਆਪ ਨਾਲ ਵੱਡਾ ਕਪਟ ਕਰ ਰਿਹਾ ਹੈ, ਤੁਹਾਡੇ ਅਧੀਨ ਹੋ ਕੇ ਉਸ ਪਦਵੀ ਨਹੀਂ ਲਈ ਹੈ॥੨੧॥

ਅੰਸ਼ ਗੁਰੂ ਅੰਗਦ ਕੀ ਜੋਇ। ਆਵਤਿ ਹੁਤੇ ਆਪ ਢਿਗ ਸੋਇ।
ਕਰਿ ਸਨਮਾਨ ਕਪਟ ਕੋ ਧਾਰਿ। ਕਰਜੋ ਸਥਾਪਨ ਤਿਹ ਸੋਂ ਪਜਾਰਿ ॥੨੨॥

ਜਿਹੜੀ ਗੁਰੂ ਅੰਗਦ ਦੇਵ ਜੀ ਦੀ ਅੰਸ਼ ਹੈ, ਉਹ ਤੁਹਾਡੇ ਪਾਸ ਆ ਰਿਹਾ ਸੀ, ਉਸ ਦਾ ਸਨਮਾਨ ਕਰਕੇ ਤੇ ਕਪਟ ਧਾਰ ਕੇ ਉਸ ਨਾਲ ਪਿਆਰ ਸਥਾਪਨ ਕੀਤਾ॥੨੨॥

ਰਾਵਰਿ ਢਿਗ ਨਹਿਂ ਆਵਨ ਦੀਨਿ। ਰਾਖਯੋ ਅਪਨੇ ਨਿਕਟਿ ਪ੍ਰਬੀਨ।
ਸੰਗਤਿ ਮਹਿਂ ਕਹਿਵਾਵਨ ਕਾਰਨ। ਧੀਰਮੱਲ ਗੁਰਕਰਹਿ ਉਚਾਰਨ॥ ੨੩॥

ਆਪ ਜੀ ਦੇ ਪਾਸ ਹੀ ਨਹੀਂ ਆਉਣ ਦਿੱਤਾ ਤੇ ਉਸ ਨੂੰ ਆਪਣੇ ਪਾਸ ਹੀ ਰੱਖ ਲਿਆ ਹੈ। ਸੰਗਤ ਵਿਚ ਕਹਿਵਾਉਣ ਕਾਰਨ, ਧੀਰ ਮੱਲ ਆਪਣੇ ਆਪ ਨੂੰ ਗੁਰੂ ਕਹਿੰਦਾ ਹੈ॥੨੩॥

ਇੱਤਯਾਦਿਕ ਛਲ ਬਲ ਬਹੁ ਧਰੈ। ਸੰਗਤਿ ਤੇ ਪੁਜਵਾਵਨ ਕਰੈ।
ਪਾਸ ਗ੍ਰਿੰਥ ਤੇ ਜਾਨੀ ਪਰਿ ਹੈ। ਬਹੁ ਧਨ ਪੂਜਾ ਕੋ ਤਹਿਂ ਚਰਿ ਹੈ॥ ੨੪॥

ਇੱਤਆਦਿ ਬਹੁਤ ਛਲ ਵਲ ਧਾਰਨ ਕਰਦਾ ਹੈ ਤੇ ਸੰਗਤ ਪਾਸੋਂ ਆਪਣੀ ਪੂਜਾ ਕਰਵਾਉਂਦਾ ਹੈ। ਗ੍ਰੰਥ ਪਾਸ ਹੋਣ ਕਰਕੇ ਇਹ ਜਾਣ ਪੈਂਦਾ ਹੈ ਕਿ ਪੂਜਾ ਦਾ ਬਹੁਤ ਧਨ ਉਹ ਇਕੱਠਾ ਕਰ ਰਿਹਾ ਹੈ॥੨੪॥

ਇਮ ਆਪਨ ਕਰਿ ਲੀਨਿ ਗੁਜਾਰਾ। ਤੁਮਰੇ ਅਛਤ ਰਹਯੋ ਹੁਇ ਨਜਾਰਾ।
ਪੋਤ੍ਰਾ ਅਲਪ ਅਹੈ ਹਰਿ ਰਾਇ। ਲਘੁ ਬਯ, ਸਮਰਥ ਬਿਨਾ ਲਖਾਇ॥ ੨੫॥

ਇਸ ਤਰ੍ਹਾਂ ਆਪਣਾ ਗੁਜ਼ਾਰਾ ਕਰ ਲਵੇਗਾ, ਤੁਹਾਡੇ ਨਾਲੋਂ ਵਖਰਾ ਰਹੇਗਾ। ਦੂਸਰਾ ਪੋਤਰਾ ਹਰਿ ਰਾਇ ਬਹੁਤ ਛੋਟੀ ਉਮਰ ਹੈ, ਸਮਰੱਥਾ ਬਗੈਰ ਦਿਖਾਈ ਦਿੰਦਾ ਹੈ॥੨੫॥

ਸੋ ਤੁਮ ਪਾਸ ਰਹਯੋ ਤਿਹ ਧਰਿਕੈ। ਨਿਜ ਭ੍ਰਾਤਾ ਕੋ ਸੰਗ ਪ੍ਰਹਰਿ ਕੈ।
ਨਿਸ ਦਿਨ ਸੰਗਤਿ ਰਾਵਰ ਕੇਰੀ। ਕਰਤਿ ਰਹਿਤ ਸੁਭਿ ਰੁਖ ਕੋ ਹੇਰੀ॥ ੨੬॥

ਉਹ ਹਿਤ ਧਾਰ ਕੇ ਤੁਹਾਡੇ ਪਾਸ ਰਿਹਾ ਹੈ, ਆਪਣੇ ਭਰਾ ਦਾ ਸਾਥ ਛੱਡ ਦਿੱਤਾ ਹੈ। ਦਿਨ ਰਾਤ ਆਪ ਜੀ ਦੇ ਸ਼ੁਭ ਰੁਖ ਨੂੰ ਵੇਖ ਕੇ ਆਪ ਜੀ ਦੀ ਸੰਗਤ ਕਰਦਾ ਰਹਿੰਦਾ ਹੈ॥੨੬॥

ਤਿਸ ਪਰ ਆਪ ਪ੍ਰਸੰਨਤਾ ਧਾਰਤਿ। ਹੇਰਤਿ ਸਗਰੇ ਲੋਕ ਉਚਾਰਤਿ।
ਗੁਰਤਾ ਗਦੀ ਦੇਹਿਂ ਬਿਠਾਇ। ਸਭਿ ਤੇ ਹਰੀਰਾਇ ਬਡਿਆਇ॥ ੨੭॥

ਉਸ ਉਤੇ ਆਪ ਜੀ ਪ੍ਰਸੰਨਤਾ ਧਾਰਦੇ ਹੋ, ਸਾਰੇ ਲੋਕ ਵੇਖ ਕੇ ਉਚਾਰਨ ਕਰਦੇ ਹਨ, ਇਸ ਨੂੰ ਗੁਰਤਾ ਗੱਦੀ ਤੇ ਬਿਠਾਉਣਗੇ, ਸਭ ਤੋਂ ਹਰਿਰਾਇ ਵਡਿਆਈ ਪ੍ਰਾਪਤ ਕਰ ਲਵੇਗਾ॥੨੭॥

ਸੁਨਿ ਸੁਨਿ ਚਿਤ ਮੈਂ ਹ੍ਵੈ ਦੁਚਿਤਾਈ। ਮਮ ਸੁਤ ਸਭਿ ਲਾਇਕ ਬਨਿ ਆਈ।
ਗਾਦੀ ਉਚਿਤ ਲੇਨਿ ਕੇ ਏਹ। ਸੁਤ ਤਜਿ ਕਿਮ ਪੋਤ੍ਰੇ ਕੋ ਦੇਹਿ॥ ੨੮॥

ਇਹ ਸੁਣ-ਸੁਣ ਕੇ ਚਿੱਤ ਵਿਚ ਚਿੰਤਾ ਹੁੰਦੀ ਹੈ, ਮੇਰੇ ਪੁੱਤਰ ਨੂੰ ਗੁਰਿਆਈ ਸਭ ਤਰ੍ਹਾਂ ਲਾਇਕ ਬਣਦੀ ਹੈ। ਇਹੋ ਗੱਦੀ ਲੈਣ ਦੇ ਯੋਗ ਹੈ, ਪੁੱਤਰ ਨੂੰ ਛੱਡ ਕੇ ਕਿਵੇਂ ਪੋਤਰੇ ਨੂੰ ਗੁਰਿਆਈ ਦੇਵੋਗੇ॥੨੮॥

ਮੁਝ ਮਨ ਸੰਸੈ ਹੋਤਿ ਬਿਸਾਲਾ। ਯਾਂਤੇ ਬੂਝਤਿ ਹੌਂ ਇਸ ਕਾਲਾ।
ਇੱਤਯਾਦਿਕਿ ਮਰਵਾਹੀ ਬੈਨ। ਸੁਨਿ ਸਤਿਗੁਰ ਉਰ ਕਰੁਨਾ ਐਨ॥ ੨੯॥

ਮੇਰਾ ਮਨ ਵੱਡੇ ਸ਼ੰਕੇ ਵਿਚ ਹੈ, ਇਸ ਕਰਕੇ ਇਸ ਸਮੇਂ ਪੁੱਛ ਰਹੀ ਹਾਂ'' ਇਤਿਆਦਿ ਸ੍ਰੀ ਮਰਵਾਹੀ ਜੀ ਦੇ ਬਚਨ ਸੁਣ ਕੇ ਸਤਿਗੁਰੂ ਜੀ ਦਾ ਹਿਰਦਾ ਕਿਰਪਾ ਨਾਲ ਭਰ ਗਿਆ॥੨੯॥

ਕਹਜੋ 'ਨ ਚਿੰਤਾ ਕੀਜੈ ਕੋਈ। ਗੁਰੂ ਸੁਤਨਿ ਕੋ ਕਮੀ ਨ ਹੋਈ।
ਸਭਿ ਜਗ ਸਿਖ ਸੰਗਤਿ ਸੁਖ ਪਾਵਹਿ। ਗੁਰ ਕੀ ਕਾਰ ਇਨਹੁ ਅਰਪਾਵਹਿ ॥੩੦॥

ਉਨ੍ਹਾਂ ਬਚਨ ਕੀਤਾ, "ਕਿਸੇ ਪ੍ਰਕਾਰ ਦੀ ਚਿੰਤਾ ਨਾ ਕਰੋ, ਗੁਰੂ ਪੁੱਤਰਾਂ ਨੂੰ ਕਿਸੇ ਪ੍ਰਕਾਰ ਦੀ ਕਮੀ ਨਹੀਂ ਰਹੇਗੀ। ਸਾਹਿਬਜ਼ਾਦਿਆਂ ਪਾਸੋਂ ਸਭ ਜਗ ਦੀ ਸਿੱਖ ਸੰਗਤ ਸੁਖ ਪਾਵੇਗੀ। ਗੁਰੂ ਜੀ ਦੀ ਕਾਰ ਇਨ੍ਹਾਂ ਨੂੰ ਅਰਪਣ ਕਰਨਗੇ ॥੩੦॥

ਅਰੁ ਜੋ ਚਾਹਤਿ ਅਧਿਕ ਬਡਾਈ। ਪੂਰਬ ਕੀ ਹੁਇ ਜਾਂਹਿ ਕਮਾਈ।
ਉਚਿਤ ਜੁ ਸ੍ਰੀ ਨਾਨਕ ਮਸਨੰਦ। ਸੋ ਬੈਠਹਿਗੋ ਭਾਗ ਬਿਲੰਦ॥ ੩੧॥

ਅਤੇ ਜੋ ਜ਼ਿਆਦਾ ਵਡਿਆਈ ਚਾਹੁੰਦਾ ਹੈ, ਉਸ ਨੇ ਪਿਛਲੇ ਜਨਮ ਦੀ ਕਮਾਈ ਕੀਤੀ ਹੁੰਦੀ ਹੈ। ਜਿਹੜਾ ਵੀ ਗੁਰੂ ਦੇਵ ਜੀ ਦੀ ਗੱਦੀ ਦੇ ਲਾਇਕ ਹੋਵੇਗਾ, ਉਹੀ ਵੱਡੇ ਭਾਗਾਂ ਵਾਲਾ ਗੱਦੀ ਤੇ ਬੈਠੇਗਾ॥੩੧॥

ਇਹੁ ਕਿਸਹੂੰ ਕੇ ਕਰ ਮਹਿਂ ਨਾਂਹੀ। ਕਰੇ ਜਤਨ ਨਹਿਂ ਪ੍ਰਾਪਤਿ ਪਾਹੀ।
ਪੁੱਤ੍ਰ ਆਦਿ ਸਨਬੰਧੀ ਸਾਰੇ। ਹੋਇਂ ਸਖਾ ਸੇਵਕ ਉਰ ਪਜਾਰੇ॥ ੩੨॥

ਇਹ ਕਿਸੇ ਦੇ ਹੱਥ ਵਿਚ ਨਹੀਂ, ਬਹੁਤ ਯਤਨ ਕਰਨ ਨਾਲ ਵੀ ਪ੍ਰਾਪਤ ਨਹੀਂ ਹੁੰਦੀ ਹੈ। ਪੁੱਤਰ ਆਦਿ ਜਿਹੜੇ ਸਾਰੇ ਸੰਬੰਧੀ ਹਨ, ਮਿੱਤਰ ਸੇਵਕ ਸਾਰੇ ਪਿਆਰੇ ਹੁੰਦੇ ਹਨ॥੩੨॥

ਅਜਰ ਜਰਨ ਕੋ ਪਾਵੈ ਸੋਈ। ਪ੍ਰਭੁ ਕੀ ਕ੍ਰਿਪਾ ਜਾਸ ਪਰ ਹੋਈ।
ਛਲ ਬਲ ਆਦਿ ਸੁਮਤਿ ਬਹੁ ਕਰਨੀ। ਜਤਨ ਅਨੇਕਨਿ ਬਹੁ ਬਿਧਿ ਬਰਨੀ॥੩੩॥

ਜਿਹੜਾ ਨਾ ਜਰੇ ਜਾਣ ਵਾਲੇ ਨੂੰ ਵੀ ਜਰਦਾ ਹੈ, ਉਹੀ ਗੱਦੀ ਪਾਉਂਦਾ ਹੈ, ਜਿਸ ਤੇ ਪ੍ਰਭੂ ਦੀ ਮਿਹਰ ਹੈ, ਉਸ ਨੂੰ ਅਸੀਂ ਦੇਵਾਂਗੇ, ਛਲ ਵਲ ਆਦਿ ਕਰਕੇ ਸ੍ਰੇਸ਼ਟ ਬੁੱਧੀ ਕਰਨੀ, ਅਨੇਕਾਂ ਜਤਨ ਕਰਕੇ ਬਹੁਤ ਵਿਧੀਆਂ ਨਾਲ ਵਰਣਨ ਕਰਦੇ ਹਨ॥੩੩॥

ਇਹ ਕਿਸਹੂੰ ਕੇ ਹਾਥ ਨ ਆਵੈ। ਕਰਹਿ ਖੋਟ ਜੋ ਤਸ ਫਲ ਪਾਵੈ'।
ਇਮ ਕਹਿਕੈ ਪਤਿਬ੍ਰਤਾ ਸੁ ਦਾਰਾ। ਸਮੁਝਾਈ ਮ੍ਰਿਦੁ ਬਾਕ ਉਚਾਰਾ॥ ੩੪॥

ਪਰ ਚਤੁਰਾਈ ਨਾਲ ਇਹ ਕਿਸੇ ਦੇ ਹੱਥ ਵੀ ਨਹੀਂ ਆਉਂਦੀ ਹੈ, ਜਿਹੜਾ ਖੋਟ ਕਰਦਾ ਉਹ ਉਸ ਤਰ੍ਹਾਂ ਦਾ ਹੀ ਫਲ ਪਾ ਲੈਂਦਾ ਹੈ।" ਇਸ ਤਰ੍ਹਾਂ ਕਹਿ ਕੇ ਪਤੀਬ੍ਰਤਾ ਇਸਤਰੀ ਨੂੰ ਕੋਮਲ ਬਚਨ ਕਹਿ ਕੇ ਸਮਝਾਇਆ॥੩੪॥

ਤਊ ਇਕਮਨਾ ਭਈ ਨ ਸੋਈ। ਸੁਤ ਦਿਸ਼ਿ ਤੇ ਚਿੰਤਾ ਚਿਤ ਪੋਈ।
'ਪੌਤ੍ਰ ਸਕਲ ਵਸਤੁ ਕੋ ਲੇਤਿ। ਸੁਤ ਬੈਠੇ ਕਹੁ ਕਜੋਂ ਨਹਿਂ ਦੇਤਿ'॥ ੩੫॥

ਫਿਰ ਵੀ ਉਹ ਸ਼ਾਂਤ ਨਾ ਹੋਈ, ਪੁੱਤਰ ਵਾਲੇ ਪਾਸੋਂ ਚਿੱਤ ਚਿੰਤਾ ਵਿਚ ਪਰੋਇਆ ਸੀ ਤੇ ਆਪਣੇ ਆਪ ਨੂੰ ਕਹਿੰਦੀ ਸੀ, "ਪੋਤਰਿਆਂ ਨੇ ਸਾਰੀਆਂ ਵਸਤਾਂ ਲੈ ਲਈਆਂ ਹਨ, ਪੁੱਤਰ ਖਾਲੀ ਬੈਠੇ ਹਨ, ਉਨ੍ਹਾਂ ਨੂੰ ਕਿਉਂ ਨਹੀਂ ਦਿੰਦੇ ਹਨ"॥੩੫॥

ਜਬਿ ਕਬਿ ਗੁਰ ਦਰਸ਼ਨ ਕੋ ਪਾਇ। ਇਸ ਪ੍ਰਸੰਗ ਕੋ ਦੇਤਿ ਚਲਾਇ।
'ਮਨ ਮੇਰੋ ਨਹਿਂ ਥਿਰਤਾ ਪਾਵੈ। ਤਜਹਿਂ ਪੁੱਤ੍ਰ ਪੌਤ੍ਰਾ ਬਡਿਆਵੈ'॥ ੩੬॥

ਜਦ ਕਦੀ ਗੁਰੂ ਜੀ ਦੇ ਦਰਸ਼ਨ ਪਾਉਂਦੀ ਸੀ, ਇਸ ਪ੍ਰਸੰਗ ਨੂੰ ਫਿਰ ਚਲਾ ਦਿੰਦੀ ਸੀ, "ਮੇਰਾ ਮਨ ਧੀਰਜ ਨਹੀਂ ਪਾਉਂਦਾ ਹੈ, ਪੁੱਤਰ ਨੂੰ ਛੱਡ ਕੇ ਪੋਤਰੇ ਨੂੰ ਵਡਿਆਈ ਦਿੰਦੇ ਹੋ"॥੩੭॥

ਮ੍ਰਿਦੁ ਬਾਕਨਿ ਕਹਿ ਦੇ ਗੁਰ ਧੀਰ। 'ਸਕਲ ਵਸਤੁ ਹੈ ਤੁਮਰੇ ਤੀਰ।
ਤੁਵ ਸੁਤ ਕੋ ਨ ਕਮੀ ਕਿਸ ਰੀਤਿ। ਨਿਸ਼ਚੇ ਧਰਹੁ ਆਪਨੇ ਚੀਤ॥ ੩੭॥

"ਤੇਰੇ ਪੁੱਤਰ ਨੂੰ ਕਿਸੇ ਵੀ ਰੀਤ ਅਨੁਸਾਰ ਘਾਟ ਨਹੀਂ ਹੈ, ਆਪਣੇ ਚਿੱਤ ਵਿਚ ਨਿਸ਼ਚਾ ਧਾਰਨ ਕਰੋ। ਕੋਮਲ ਬਚਨ ਬੋਲ ਕੇ ਗੁਰੂ ਜੀ ਨੇ ਧੀਰਜ ਦਿੱਤਾ। ਸਾਰੀਆਂ ਵਸਤਾਂ ਤੇਰੇ ਪਾਸ ਹਨ॥੩੭॥

ਹੇ ਸੁਮਤੇ! ਨਹਿਂ ਸੰਸੈ ਧਰੀਅਹਿ। ਗੁਰ ਸੁਤ ਸਭਿ ਕੇ ਪੂਜ ਬਿਚਰੀਅਹਿ।
ਮਾਨਹਿਂਗੇ ਸਿਖ ਸੰਗਤਿ ਸਾਰੇ। ਅਰਪਹਿਂਗੇ ਸੁਭ ਵਸਤੁ ਉਦਾਰੇ॥ ੩੮॥

ਸ੍ਰੇਸ਼ਟ ਮੱਤ ਧਾਰਨ ਕਰੋ, ਸ਼ੰਕੇ ਨਾ ਧਾਰਨ ਕਰੋ, ਇਹ ਵਿਚਾਰ ਕਰੋ ਕਿ ਗੁਰੂ ਪੁੱਤਰ ਸਭ ਦੇ ਪੂਜਣਯੋਗ ਹਨ। ਸਭ ਸੰਗਤ ਇਨ੍ਹਾਂ ਨੂੰ ਮੰਨੇਗੀ, ਤੇ ਬਹੁਤ ਸ਼ੁਭ ਵਸਤਾਂ ਅਰਪਣ ਕਰਨਗੇ"॥੩੮॥

*ਅੱਠਵੀਂ ਰਾਸ ਦਾ ਛਤਾਲੀਵਾਂ ਅਧਿਆਇ ਸਮਾਪਤ ਹੋਇਆ॥੪੬॥*

# ਅਧਿਆਇ ਸੰਤਾਲੀਵਾਂ

*ਸ੍ਰੀ ਆਨੰਦ ਜੀ ਦੇ ਦਰਸ਼ਨ*

ਦੋਹਰਾ-ਸ੍ਰੀ ਸਤਿਗੁਰ ਜੋਧਾ ਬਲੀ ਬਸਿ ਭਗਤਨਿ ਕੇ ਨੀਤ।
ਇਕ ਦਿਨ ਬੈਠੇ ਸਭਾ ਮਹਿਂ ਦਰਸਹਿਂ ਸਿਖ ਮੁਦ ਚੀਤ॥ ੧॥

ਸ੍ਰੀ ਸਤਿਗੁਰੂ ਜੀ ਬੜੇ ਬਲਵਾਨ ਯੋਧਾ ਸਨ, ਪਰ ਸਦਾ ਭਗਤਾਂ ਦੇ ਵੱਸ ਵਿਚ ਰਹਿੰਦੇ ਸਨ। ਇਕ ਦਿਨ ਸਭਾ ਵਿਚ ਬੈਠੇ ਸਨ ਤੇ ਸਿੱਖ ਦਰਸ਼ਨ ਕਰਕੇ ਚਿੱਤ ਵਿਚ ਪ੍ਰਸੰਨ ਹੋ ਰਹੇ ਸਨ॥੧॥

ਚੌਪਈ-ਕਿਨਹੂ ਖਬਰ ਆਇ ਤਬਿ ਦੀਨਿ। 'ਗੋਇੰਦਵਾਲ ਬਾਸ ਜਿਨ ਕੀਨਿ।
ਭੱਲਜਨ ਕੀ ਕੁਲ ਭਗਤਿ ਬਿਸਾਲਾ। ਸਿੱਖੀ ਕੀ ਪ੍ਰਕਾਸ਼ ਸਭਿ ਕਾਲਾ॥੨॥

ਕਿਸੇ ਨੇ ਆ ਕੇ ਫਿਰ ਖਬਰ ਦਿੱਤੀ, ਗੋਇੰਦਵਾਲ ਵਿਚ ਜਿਨ੍ਹਾਂ ਵਾਸ ਕੀਤਾ ਹੈ, ਭਲਿਆਂ ਦੀ ਕੁਲ ਵੱਡੀ ਭਗਤੀ ਵਾਲੀ ਹੈ ਤੇ ਸਦਾ ਹੀ ਜਿਨ੍ਹਾਂ ਨੇ ਸਿੱਖੀ ਦਾ ਪ੍ਰਕਾਸ਼ ਕੀਤਾ ਹੈ॥੨॥

ਸ੍ਰੀ ਗੁਰ ਅਮਰਦਾਸ ਕੀ ਅੰਸ। ਸੁਤ ਪੌਤ੍ਰ ਨਾਤੀ ਬਡ ਬੰਸ।
ਮੋਹਨ ਅਪਰ ਮੋਹਰੀ ਜੇਈ। ਭਾ ਪਰਲੋਕ ਦੇਹ ਤਜਿ ਸੇਈ॥ ੩॥

ਸ੍ਰੀ ਗੁਰੂ ਅਮਰਦਾਸ ਦੀ ਅੰਸ਼, ਪੁੱਤ ਪੋਤ੍ਰੇ, ਦੋਹਤ੍ਰੇ ਵੱਡੀ ਵੰਸ਼ ਹੈ। ਮੋਹਨ ਅਤੇ ਮੋਹਰੀ ਜਿਹੜੇ ਸਨ, ਉਹ ਸਰੀਰ ਛੱਡ ਕੇ ਪਰਲੋਕ ਚਲੇ ਗਏ ਹਨ॥੩॥

ਸੰਤ ਮਨੋਹਰ ਦਾਸ ਬਿਸਾਲਾ। ਸੋ ਭੀ ਪਹੁੰਚਤਿ ਭਾ ਹਰਿਸ਼ਾਲਾ'।
ਸੁਨਿਕੈ ਸ੍ਰੀ ਗੁਰ ਹਰਿਗੋਵਿੰਦ। 'ਹਰਿ ਪੁਰਿ ਜਾਇ ਬਸੇ ਇਹ ਬ੍ਰਿੰਦ'॥੪॥

ਸੰਤ ਮਨੋਹਰ ਦਾਸ ਬਹੁਤ ਮਹਾਨ ਸੀ, ਉਹ ਵੀ ਸੱਚਖੰਡ ਪਹੁੰਚ ਗਿਆ ਹੈ।" ਸ੍ਰੀ ਗੁਰੂ ਹਰਿਗੋਬਿੰਦ ਜੀ ਇਹ ਸੁਣ ਕੇ ਕਿ 'ਸਾਰੇ ਹੀ ਸੱਚਖੰਡ ਵਿਚ ਜਾ ਵੱਸੇ ਹਨ'॥੪॥

ਅਪਰ ਨਰਨ ਸਮ ਸ਼ੋਕ ਕਰਜੇ ਹੈ। ਰੁਚਿਰ ਬਿਲੋਚਨ ਨੀਰ ਭਰਜੇ ਹੈ।
ਪੌਂਛਤਿ ਹੈਂ ਰੁਮਾਲ ਕੇ ਸਾਥ। ਵਹਿਰ ਦ੍ਵਾਰ ਤੇ ਨਿਕਸੇ ਨਾਥ॥ ੫॥

ਗੁਰੂ ਜੀ ਨੇ ਹੋਰ ਲੋਕਾਂ ਵਾਂਗ ਦੁਖ ਮਨਾਇਆ ਤੇ ਅੱਖਾਂ ਵਿਚ ਜਲ ਭਰ ਆਇਆ। ਰੁਮਾਲ ਦੇ ਨਾਲ ਪੂੰਝਦੇ ਸਨ ਤੇ ਬਾਹਰ ਦਰਵਾਜ਼ੇ ਤੇ ਗੁਰੂ ਜੀ ਨਿਕਲੇ॥੫॥

ਬੈਠੇ ਅਪਰ ਨਰਨ ਸਮ ਸੋਇ। ਸੁਨਿ ਸੁਨਿ ਆਇ ਗਏ ਸਭਿ ਕੋਇ।
ਥਿਰਿ ਸਭਿ ਮਹਿਂ ਤਬਿ ਗੁਰੂ ਅਗਾਧ। ਧਰੇ ਮੋਨਤਾ ਲਗੀ ਸਮਾਧਿ॥ ੬॥

ਹੋਰ ਮਨੁੱਖਾਂ ਵਾਂਗ ਬੈਠੇ ਸਨ, ਸੁਣ-ਸੁਣ ਕੇ ਸਭ ਲੋਕ ਆ ਗਏ। ਅਗਾਧ ਗੁਰੂ ਜੀ ਫਿਰ ਸਭ ਦੇ ਵਿਚ ਬੈਠ ਗਏ, ਚੁਪ ਧਾਰਨ ਕਰ ਲਈ ਤੇ ਸਮਾਧੀ ਲੱਗ ਗਈ॥੬॥

ਦੁਇ ਘਟਿਕਾ ਆਸਨ ਥਿਰ ਰਹੇ। ਲੋਚਨ ਮੁੰਦ ਨ ਤਨ ਸੁਧ ਅਹੇ।
ਰਹੇ ਅਡੋਲ ਅੰਗ ਤਿਸ ਕਾਲ। ਪੁਨ ਖੋਲੇ ਦ੍ਰਿਗ ਰੁਚਿਰ ਬਿਸਾਲ॥ ੭॥

ਦੋ ਘੜੀਆਂ ਆਸਣ ਤੇ ਬੈਠੇ ਰਹੇ, ਨੈਣ ਬੰਦ ਸਨ ਤੇ ਸਰੀਰ ਦੀ ਕੋਈ ਸੋਝੀ ਨਹੀਂ ਸੀ। ਉਸ ਸਮੇਂ ਅੰਗ ਅਡੋਲ ਰਹੇ, ਬਾਅਦ ਵਿਚ ਸੁੰਦਰ ਨੈਣਾਂ ਨੂੰ ਖੋਲ੍ਹਿਆ॥੭॥

'ਵਾਹੁਵਾਹੁ' ਮੁਖ ਤੇ ਤਬਿ ਕਹਯੋ। 'ਦਾਸ ਮਨੋਹਰ ਬਡ ਪਦ ਲਹਯੋ'।
ਬੂਝਨ ਕੋ ਸਭਿਹੂੰਨਿ ਸੁਨਾਯੋ। 'ਕੌਨ ਕਰਮ ਤਪ ਫਲ ਤਿਨ ਪਾਯੋ?' ॥ ੮॥

'ਵਾਹੁ ਵਾਹੁ' ਤਦ ਮੁੱਖ ਤੋਂ ਕਿਹਾ, "ਮਨੋਹਰ ਦਾਸ ਨੇ ਵੱਡੀ ਪਦਵੀ ਪ੍ਰਾਪਤ ਕੀਤੀ ਹੈ।" ਸ੍ਰੀ ਗੁਰੂ ਜੀ ਪੁੱਛਣ ਲਈ ਸਭ ਨੂੰ ਸੁਣਾ ਕੇ ਬੋਲੇ, "ਕਿਸ ਕਰਮ ਤੇ ਉਸ ਤਪ ਫਲ ਪਾਇਆ ?"॥੮॥

ਕਸ਼ਮੀਰੀ ਇੱਕ ਸਿੱਖਜ ਬਿਸਾਲਾ। ਗੁਰ ਢਿਗ ਰਹੈ ਸੁ ਨਾਮ ਕਮਾਲਾ।
ਤਿਨ ਕਰ ਜੋਰਿ ਕਹਯੋ 'ਸੁਨਿ ਸੁਾਮੀ! ਸਭਿ ਕਿਛ ਜਾਨਹੁਂ ਅੰਤਰਜਾਮੀ॥ ੯॥

ਇਕ ਕਸ਼ਮੀਰੀ ਉੱਤਮ ਸਿੱਖ ਸੀ, ਗੁਰੂ ਜੀ ਪਾਸ ਰਹਿੰਦਾ ਸੀ ਤੇ ਉਸ ਦਾ ਨਾਂ ਕਮਾਲਾ ਸੀ। ਉਸ ਨੇ ਹੱਥ ਜੋੜ ਕੇ ਕਿਹਾ, "ਹੇ ਸਵਾਮੀ ਜੀ! ਸੁਣੋ, ਤੁਸੀਂ ਅੰਤਰਜਾਮੀ ਹੋ ਸਭ ਕੁਝ ਜਾਣਦੇ ਹੋ॥੯॥

ਤਊ ਦਾਸ ਕੇ ਗੁਨ ਬਿਦਤਾਵਨ। ਬੂਝਤਿ ਹੋ, ਮੈਂ ਕਰੌਂ ਸੁਨਾਵਨਿ।
ਸ੍ਰੀ ਗੁਰੁ ਅਰਜਨ ਕੋ ਲੇ ਗੋਦ। ਰਹਯੋ ਖਿਲਾਵਤ ਪਾਇ ਪ੍ਰਮੋਦ॥ ੧੦॥

ਫਿਰ ਵੀ ਆਪਣੇ ਸੇਵਕਾਂ ਦੇ ਗੁਣ ਪ੍ਰਗਟ ਕਰਨ ਲਈ ਪੁੱਛਦੇ ਹੋ, ਮੈਂ ਇਹ ਸੁਣਾਉਂਦਾ ਹਾਂ, ਉਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਆਪਣੀ ਗੋਦ ਵਿਚ ਲੈ ਕੇ, ਬੜਾ ਪ੍ਰਸੰਨ ਹੋ ਕੇ ਭੋਜਨ ਖਵਾਉਂਦਾ ਰਿਹਾ ਹੈ॥੧੦॥

ਇਕ ਤੌ ਇਹੁ ਸੁਭ ਕਰਮ ਮਹਾਨਾ। ਅਪਰ ਸੁਨਹੁ ਜੋ ਤਿਸ ਕ੍ਰਿਤ ਠਾਨਾ।
ਗੁਰ ਅਮਰ ਜੀ ਸੇਵਨ ਕਰੇ। ਪੂਰਨਮਾਸ਼ੀ ਮੇਲਾ ਭਰੇ॥ ੧੧॥

ਇਕ ਤਾਂ ਇਹ ਮਹਾਨ ਸ਼ੁਭ ਕਰਮ ਹੈ, ਹੋਰ ਸੁਣੋ, ਜਿਹੜੀ ਉਨ੍ਹਾਂ ਨੇ ਕ੍ਰਿਤ ਕੀਤੀ ਹੈ। ਗੁਰੂ ਅਮਰਦਾਸ ਜੀ ਦੀ ਸੇਵਾ ਕਰਦਾ ਸੀ। ਜਦ ਪੂਰਨਮਾਸ਼ੀ ਦਾ ਵੱਡਾ ਮੇਲਾ ਭਰਦਾ ਸੀ॥੧੧॥

ਤਬਹਿ ਪ੍ਰੀਤ ਧਰਿ ਕਰਹਿ ਅਹਾਰਾ। ਅਨਿਕ ਪ੍ਰਕਾਰਨ ਕੇ ਕਰਿ ਤਯਾਰਾ।
ਸ੍ਰੀ ਗੁਰ ਅਮਰ ਕੇਰ ਸੰਤਾਨ। ਤਿਨਹਿ ਅਚਾਵਹਿ ਕਰਿ ਕਰਿ ਮਾਨ॥ ੧੨॥

ਤਦ ਪ੍ਰੀਤ ਧਾਰ ਭੋਜਨ ਤਿਆਰ ਕਰਵਾਉਂਦਾ ਸੀ ਤੇ ਅਨੇਕ ਪ੍ਰਕਾਰ ਦੇ ਭੋਜਨ ਬਣਦੇ ਸਨ। ਜਿਹੜੀ ਗੁਰੂ ਅਮਰਦਾਸ ਜੀ ਦੀ ਸੰਤਾਨ ਸੀ, ਉਨ੍ਹਾਂ ਨੂੰ ਬੜੇ ਮਾਣ ਨਾਲ ਭੋਜਨ ਛਕਾਉਂਦਾ ਸੀ॥੧੨॥

ਮਨ ਭਾਵਤਿ ਦੇ ਮੋਦ ਪ੍ਰਬੀਨ। ਪੁਨ ਪਹਿਰਾਵਹਿ ਬਸਤ੍ਰ ਨਵੀਨ।
ਤਿਨ ਕੌ ਸੇਵਹਿ ਅਨਿਕ ਪ੍ਰਕਾਰੇ। ਕਰਹਿ ਕੀਰਤਨ ਜਾਇ ਚੁਬਾਰੇ॥ ੧੩॥

ਚਤੁਰ ਪੁਰਸ਼ ਮਨ-ਭਾਉਂਦੇ ਭੋਜਨ ਖਵਾ ਕੇ ਪ੍ਰਸੰਨ ਹੁੰਦਾ ਸੀ, ਫਿਰ ਨਵੇਂ ਕਪੜੇ ਪਵਾਉਂਦਾ ਸੀ। ਉਨ੍ਹਾਂ ਦੀ ਅਨੇਕ ਪ੍ਰਕਾਰ ਨਾਲ ਸੇਵਾ ਕਰਦਾ ਸੀ ਤੇ ਚੁਬਾਰੇ ਤੇ ਚੜ੍ਹ ਕੇ ਕੀਰਤਨ ਕਰਦਾ ਸੀ॥੧੩॥

ਕਬਹਿ ਬਾਵਲੀ ਬੈਠਹਿ ਆਇ॥ ਆਸਾਵਾਰ ਸ਼ਬਦ ਜੁਤਿ ਗਾਇ।
ਗੁਰੂ ਅਮਰ ਸੰਤਤਿ ਕੇ ਪਾਸ। ਕਰਿ ਗੁਰ ਭਗਤਿ, ਮਨੋਹਰਦਾਸ॥ ੧੪॥

ਕਦੀ ਬਾਉਲੀ ਤੇ ਆ ਕੇ ਬੈਠ ਜਾਂਦਾ ਸੀ ਤੇ ਆਸਾ ਦੀ ਵਾਰ ਦਾ ਸ਼ਬਦਾਂ ਸਹਿਤ ਗਾਇਣ ਕਰਦਾ ਸੀ। ਗੁਰੂ ਅਮਰਦਾਸ ਦੀ ਸੰਤਾਨ ਦੇ ਪਾਸ ਆ ਕੇ ਮਨੋਹਰ ਦਾਸ ਗੁਰੂ ਭਗਤੀ ਕਰਦਾ ਸੀ॥੧੪॥

ਇਨ ਸ਼ੁਭ ਕਰਮਨਿ ਕੌ ਫਲ ਹੋਵਾ। ਲਹਜੋ ਮਹਾਂ ਪਦ, ਜੋ ਤੁਮ ਜੋਵਾ।
ਕਹੇ ਆਪ ਕੇ ਹਮ ਨੇ ਜਾਨਜੋ। ਇਸ ਪ੍ਰਕਾਰ ਤਪ ਤਿਸ ਨੇ ਠਾਨਜੋ॥੧੫॥

ਇਨ੍ਹਾਂ ਸਾਰੇ ਕਰਮਾਂ ਦਾ ਫਲ ਹੋਇਆ ਹੈ, ਮਹਾਂ ਪਦਵੀ ਪ੍ਰਾਪਤ ਕੀਤੀ ਹੈ ਜਿਹੜੀ ਤੁਸੀਂ ਵੇਖੀ ਹੈ। ਆਪ ਜੀ ਦੇ ਕਹੇ ਤੇ ਅਸੀਂ ਜਾਣਿਆ। ਇਸ ਪ੍ਰਕਾਰ ਉਸ ਨੇ ਤਪ ਕੀਤਾ ਸੀ'॥੧੫॥

ਇਮ ਸੁਨਿਕੈ ਸ਼੍ਰੀ ਹਰਿਗੋਵਿੰਦ। ਬੋਲੇ ਬਾਕ ਸੁਨਾਵਤਿ ਬ੍ਰਿੰਦ।
'ਸ਼੍ਰੀ ਗੁਰ ਅਮਰਦਾਸ ਸੰਤਾਨ। ਹਮ ਨਹਿੰ ਸੇਵੇ ਕਬਿ ਨਿਜ ਪਾਨ॥ ੧੬॥

ਇਸ ਤਰ੍ਹਾਂ ਸੁਣ ਕੇ ਸ੍ਰੀ ਹਰਿਗੋਬਿੰਦ ਜੀ ਨੇ ਸਾਰਿਆਂ ਨੂੰ ਸੁਣਾ ਕੇ ਬਚਨ ਕੀਤਾ, "ਸ੍ਰੀ ਗੁਰੂ ਅਮਰਦਾਸ ਦੀ ਸੰਤਾਨ ਦੀ ਅਸੀਂ ਕਦੀ ਵੀ ਹੱਥਾਂ ਨਾਲ ਸੇਵਾ ਨਹੀਂ ਕੀਤੀ ਹੈ॥੧੬॥

ਕਰ ਸੌਂ ਟਹਿਲ ਨ ਹਮ ਤੇ ਹੋਈ। ਦੇਤਿ ਮਹਾਂ ਪਦਵੀ ਕੋ ਜੋਈ।
ਜਬਿ ਤੇ ਤੁਰਕਨਿ ਕੀਨਿ ਬਖੇਰਾ। ਤਬਿ ਤੇ ਗੋਇੰਦਵਾਲ ਨ ਹੇਰਾ॥ ੧੭॥

ਸਾਡੇ ਹੱਥਾਂ ਤੋਂ ਇਹ ਟਹਿਲ ਸੇਵਾ ਨਹੀਂ ਹੋਈ ਹੈ, ਜਿਹੜੀ ਸੇਵਾ ਮਹਾਨ ਪਦਵੀ ਦਿੰਦੀ ਹੈ। ਜਦ ਤੋਂ ਤੁਰਕਾਂ ਨਾਲ ਝਗੜਾ ਕੀਤਾ ਹੈ ਤਦ ਤੋਂ ਗੋਇੰਦਵਾਲ ਨਹੀਂ ਵੇਖਿਆ ਹੈ॥੧੭॥

ਸ਼੍ਰੀ ਗੁਰ ਅਮਰਦਾਸ ਸੰਤਾਨ। ਕਿਮ ਹਮ ਸੇਵਾ ਕਰਹਿਂ ਮਹਾਨ।
ਤਿਸ ਪੁਰਿ ਹਮ ਤੇ ਜਾਇ ਨ ਜਾਈ। ਚਿਰੰਕਾਲ ਭਾ ਖ਼ਬਰ ਨ ਪਾਈ॥ ੧੮॥

ਸ੍ਰੀ ਗੁਰੂ ਅਮਰਦਾਸ ਜੀ ਦੀ ਸੰਤਾਨ ਦੀ ਕਿਵੇਂ ਅਸੀਂ ਮਹਾਨ ਸੇਵਾ ਕਰੀਏ। ਉਸ ਨਗਰ ਵਿਚ ਸਾਥੋਂ ਜਾਇਆ ਨਹੀਂ ਜਾਣਾ, ਬੜੀ ਦੇਰ ਤੋਂ ਕੋਈ ਖਬਰ ਨਹੀਂ ਪਾਈ ਹੈ॥੧੮॥

ਹਮ ਕੌ ਰਹੇ ਜੁ ਬਿਘਨ ਬਿਸਾਲਾ। ਤੁਰਕਨਿ ਸੰਗ ਜੰਗ ਸਭਿ ਕਾਲਾ'।
ਭਾਈ ਗੜ੍ਹੀਆ ਸੰਤ ਪ੍ਰਬੀਨ। ਤਿਸ ਕੀ ਦਿਸ਼ਾ ਬਿਲੋਕਨ ਕੀਨਿ॥ ੧੯॥

ਸਾਡੇ ਨਾਲ ਵਿਸ਼ਾਲ ਵਿਘਨ ਪਏ ਰਹੇ ਹਨ, ਸਭ ਸਮੇਂ ਤੁਰਕਾਂ ਨਾਲ ਜੰਗ ਕਰਦੇ ਰਹੇ ਹਾਂ।" ਭਾਈ ਗੜ੍ਹੀਆ ਬੜਾ ਉੱਤਮ ਸੰਤ ਹੈ, ਗੁਰੂ ਜੀ ਨੇ ਉਸ ਵੱਲ ਵੇਖਿਆ॥੧੯॥

ਕਹਜੋ ਤਾਂਹਿ ਸੋਂ 'ਤੁਮ ਅਬਿ ਜਾਵਹੁ। ਕਹਿ ਅਨੰਦ ਕੋ ਇਹ ਠਾਂ ਲਜਾਵਹੁ।
ਸਿਵਕਾ ਲੇ ਕਰਿ ਸੰਗ ਸਿਧਾਵਹੁ। ਗੋਇੰਦਵਾਲ ਜਾਇ ਦਰਸਾਵਹੁ॥੨੦॥

ਉਸ ਨੂੰ ਕਿਹਾ, "ਤੁਸੀਂ ਹੁਣ ਜਾਵੋ, ਬਾਬਾ ਅਨੰਦ ਜੀ ਨੂੰ ਕਹਿ ਕੇ ਏਥੇ ਲਿਆਵੋ। ਪਾਲਕੀ ਲੈ ਕੇ ਨਾਲ ਜਾਵੋ, ਤੇ ਗੋਇੰਦਵਾਲ ਜਾ ਕੇ ਉਨ੍ਹਾਂ ਦੇ ਦਰਸ਼ਨ ਕਰੋ॥੨੦॥

ਇਮ ਅਨੰਦ ਕੇ ਸੰਗ ਬਖਾਨਉ। 'ਕਰਹੁ ਕ੍ਰਿਪਾ ਬਿਘਨੈ ਗਨ ਹਾਨਉ।
ਦਰਸ਼ਨ ਦੀਜੈ ਬਿਰਦ ਸੰਭਾਰਹੁ। 'ਆਵਹੁ ਇਹ ਠਾਂ ਬਿਲਮ ਬਿਸਾਰਹੁ' ॥੨੧॥

ਸ੍ਰੀ ਅਨੰਦ ਜੀ ਨੂੰ ਨਾਲ ਆਉਣ ਵਾਸਤੇ ਇਸ ਤਰ੍ਹਾਂ ਕਹੋ, "ਕਿਰਪਾ ਕਰਕੇ ਸਾਡੇ ਵਿਘਨਾਂ ਨੂੰ ਦੂਰ ਕਰੋ। ਦਰਸ਼ਨ ਦੇਵੋ ਤੇ ਆਪਣੇ ਧਰਮ ਨੂੰ ਸੰਭਾਲੋ ਤੇ ਇਸ ਥਾਂ ਕਿਸੇ ਦੇਰ ਤੋਂ ਬਗੈਰ ਆਵੋ"॥੨੧॥

ਲਿਖੀ ਪੱਤ੍ਰਿਕਾ ਦੀਨਸਿ ਹਾਥ। ਗਮਨਜੋ ਲੀਨਿ ਪਾਲਕੀ ਸਾਥ।
ਸਨੈ ਸਨੈ ਪਰਿ ਗੋਇੰਦਵਾਲ। ਮਿਲਜੋ ਆਇ ਗੜ੍ਹੀਆ ਤਿਸ ਕਾਲ॥੨੨॥

ਚਿੱਠੀ ਲਿਖ ਕੇ ਹੱਥ ਵਿਚ ਦੇ ਦਿੱਤੀ ਤੇ ਸੰਤ ਗੜ੍ਹੀਆ ਪਾਲਕੀ ਨਾਲ ਲੈ ਕੇ ਚਲੇ ਗਿਆ। ਹੌਲੀ-ਹੌਲੀ ਚਲ ਕੇ ਗੜ੍ਹੀਆ ਗੋਇੰਦਵਾਲ ਪਹੁੰਚ ਗਿਆ ਤੇ ਉਸ ਸਮੇਂ ਜਾ ਕੇ ਬਾਬਾ ਅਨੰਦ ਨੂੰ ਮਿਲ ਪਿਆ॥੨੨॥

ਪਦ ਅਰਬਿੰਦ ਅਨੰਦ ਕੇ ਬੰਦੇ। ਦਈ ਪੱਤ੍ਰਿਕਾ ਪਠੀ ਬਿਲੰਦੇ।
ਲਿਖੀ ਪ੍ਰੇਮ ਕਰਿ ਬਾਂਚੀ ਜਬੈ। ਮਗਨ ਅਨੰਦ ਅਨੰਦ ਸੁ ਤਬੈ॥ ੨੩॥

ਬੜੇ ਪ੍ਰੇਮ ਨਾਲ ਹੱਥ ਜੋੜ ਕੇ ਬਾਬਾ ਅਨੰਦ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ ਤੇ ਜਿਹੜੀ ਮਹਾਨ ਚਿੱਠੀ ਭੇਜੀ ਸੀ, ਉਹ ਅਨੰਦ ਜੀ ਨੂੰ ਦਿੱਤੀ। ਜਦ ਬੜੇ ਪ੍ਰੇਮ ਨਾਲ ਲਿਖੀ ਹੋਈ ਚਿੱਠੀ ਪੜ੍ਹੀ ਤਾਂ ਬਾਬਾ ਅਨੰਦ ਜੀ ਅਨੰਦ ਵਿਚ ਮਗਨ ਹੋ ਗਏ॥੨੩॥

ਗੁਰੁ ਲੀਲਾ ਕੇ ਚਲਿਤ ਬਿਚਾਰੇ। ਆਪਨ ਪੌ ਦੁਰਾਇ ਬਿਵਹਾਰੇ।
ਅਪਰ ਨਰਨ ਕੇ ਕਰਹਿਂ ਸਮਾਨ। ਕਰਤਾ ਹਰਤਾ ਸਰਬ ਜਹਾਨ॥ ੨੪॥

ਗੁਰੂ ਜੀ ਦੀ ਲੀਲ੍ਹਾ ਦੇ ਚਰਿਤਰਾਂ ਤੇ ਵਿਚਾਰ ਕੀਤੀ, "ਆਪਣੇ ਆਪ ਨੂੰ ਲੁਕਾ ਕੇ ਦੂਸਰੇ ਮਨੁੱਖਾਂ ਵਰਗੇ ਵਿਹਾਰ ਕਰਦੇ ਹਨ, ਜਿਹੜੇ ਆਪ ਸਾਰੇ ਜਹਾਨ ਦੇ ਕਰਤਾ ਹਰਤਾ ਹਨ॥੨੪॥

ਜਿਸ ਕੀ ਮਾਯਾ ਮਹਾਂ ਅਪਾਰ। ਜਿਸ ਕੋ ਕਬਿ ਕਿਨ ਲਹਜੋ ਨ ਪਾਰ।
ਤਿਨ ਕੋ ਅਬਿ ਦਰਸ਼ਨ ਮੈਂ ਪਾਊਂ। ਧੰਨਜ ਜਨਮ ਅਪਨੋ ਕਰਿ ਆਊਂ ॥੨੫॥

ਜਿਸ ਦੀ ਆਗਿਆ ਅਪਰ ਅਪਾਰ ਹੈ, ਜਿਸ ਦਾ ਕਦੀ ਵੀ ਕਿਸੇ ਨੇ ਪਾਰਾਵਾਰ ਨਹੀਂ ਪਾਇਆ ਹੈ। ਉਨ੍ਹਾਂ ਦੇ ਹੁਣ ਮੈਂ ਦਰਸ਼ਨ ਕਰਾਂਗਾ ਤੇ ਆਪਣਾ ਜਨਮ ਧੰਨ ਕਰ ਆਵਾਂਗਾ"॥੨੫॥

ਲੇ ਅਪਨੇ ਸੰਗ ਮਾਨਵ ਬ੍ਰਿੰਦ। ਭਯੋ ਤਯਾਰ ਚਲਿਬੇ ਆਨੰਦ।
ਚਢੇ ਪਾਲਕੀ ਆਵਤਿ ਭਏ। ਗੜ੍ਹੀਆ ਅਪਰ ਲੋਕ ਸੰਗ ਲਏ॥ ੨੬॥

ਆਪਣੇ ਨਾਲ ਬਹੁਤ ਮਨੁੱਖਾਂ ਨੂੰ ਲੈ ਕੇ, ਬਾਬਾ ਅਨੰਦ ਜੀ ਚਲਣ ਵਾਸਤੇ ਤਿਆਰ ਹੋ ਗਿਆ। ਪਾਲਕੀ ਚੜ੍ਹ ਕੇ ਆਉਂਦੇ ਪਏ ਸਨ, ਭਾਈ ਗੜ੍ਹੀਆ ਤੇ ਹੋਰ ਲੋਕਾਂ ਨੂੰ ਨਾਲ ਲੈ ਲਿਆ॥੨੬॥

ਪਹੁੰਚੇ ਨਿਕਟਿ ਜਬਹਿ ਸੁਧ ਲਏ। ਸ੍ਰੀ ਗੁਰ ਹਰਿਗੁਬਿੰਦ ਤਬਿ ਗਏ।
ਮਿਲੇ ਜਾਇ ਕਰਿ ਦੂਰਿ ਅਗਾਰੇ। ਤੂਸ਼ਨ ਧਰੇ ਹਟਾਇ ਕਹਾਰੇ॥ ੨੭॥

ਜਦ ਖਬਰ ਮਿਲੀ ਕਿ ਨੇੜੇ ਪਹੁੰਚ ਗਏ ਹਨ ਤਾਂ ਸ੍ਰੀ ਗੁਰੂ ਹਰਿਗੋਬਿੰਦ ਜੀ ਅੱਗੇ ਹੋ ਕੇ ਲੈਣ ਵਾਸਤੇ ਗਏ। ਦੂਰ ਜਾ ਕੇ ਅੱਗੇ ਹੋ ਕੇ ਮਿਲੇ। ਚੁਪ ਧਾਰ ਕੇ ਕਹਾਰ ਨੂੰ ਹਟਾ ਦਿੱਤਾ॥੨੭॥

ਅਪਨ ਕੰਧ ਸਿਵਕਾ ਸੁ ਉਠਾਈ। ਤਿਸੀ ਰੀਤਿ ਚਾਲੇ ਅਗਵਾਈ।
ਮਾਨ ਬਢਾਵਨਿ ਹੇਤੁ ਕ੍ਰਿਪਾਲਾ। ਧਰੇ ਕੰਧ ਪਰ ਮਗ ਮਹਿਂ ਚਾਲਾ॥ ੨੮॥

ਆਪਣੇ ਮੋਢੇ ਤੇ ਪਾਲਕੀ ਨੂੰ ਚੁੱਕ ਲਿਆ ਤੇ ਉਸੇ ਰੀਤੀ ਨਾਲ ਅੱਗੇ ਚਲ ਪਏ। ਕ੍ਰਿਪਾਲੂ ਗੁਰੂ ਜੀ ਨੇ ਮਾਣ ਵਧਾਉਣ ਖਾਤਰ, ਆਪਣੇ ਮੋਢੇ ਤੇ ਪਾਲਕੀ ਚੁੱਕ ਲਈ ਤੇ ਰਾਹੇ ਰਾਹ ਚਲ ਪਏ॥੨੮॥

ਜਾਨਯੋ ਜਬੈ ਅਨੰਦ ਜੀ ਐਸੇ। 'ਭਏ ਸੂਤ ਅਰਜਨ ਕੇ ਜੈਸੇ।
ਨਿੰਮ੍ਰੀ ਹੋਨਿ ਹੇਰਿ ਗਤਿ ਮਨ ਕੀ। ਇਮ ਹੀ ਰੀਤਿ ਪੁਰਾਤਨ ਇਨ ਕੀ' ॥੨੯॥

ਜਦ ਅਨੰਦ ਜੀ ਨੇ ਇਸ ਤਰ੍ਹਾਂ ਜਾਣਿਆ, "ਜਿਵੇਂ ਸ੍ਰੀ ਕ੍ਰਿਸ਼ਨ ਅਰਜਨ ਦੇ ਰਥਵਾਹੀ ਹੋ ਗਏ ਸਨ। ਗੁਰੂ ਜੀ ਦੇ ਮਨ ਦੇ ਨੀਵੇਂ ਹੋਣ ਦੀ ਹਾਲਤ ਵੇਖੀ, ਤਾਂ ਇਹ ਸਮਝ ਗਏ ਇਹ ਇਨ੍ਹਾਂ ਦੀ ਪੁਰਾਤਨ ਰੀਤ ਹੈ" ॥੨੯॥

ਤਬਿ ਹੀ ਕੂਦ ਪਾਲਕੀ ਤਜਾਗੀ। ਮਿਲੇ ਪਰਸਪਰ ਅਤਿ ਅਨੁਰਾਗੀ।
'ਜਗ ਕੇ ਨਰਨ ਬੰਚਨਾ ਕਰਿ ਹੋ। ਅਤਿ ਪ੍ਰਤਾਪ ਧਰਿ ਸਭਿ ਤੇ ਦੁਰਹੋ' ॥੩੦॥

ਤਦ ਛਾਲ ਮਾਰ ਕੇ ਪਾਲਕੀ ਛੱਡ ਦਿੱਤੀ ਤੇ ਆਪਸ ਵਿਚ ਬੜੇ ਪਿਆਰ ਨਾਲ ਮਿਲੇ। "ਸਾਨੂੰ ਸੰਸਾਰੀ ਜੀਵਾਂ ਨੂੰ ਠੱਗਦੇ ਹੋ, ਵੱਡਾ ਪ੍ਰਤਾਪ ਧਾਰਨ ਕਰਕੇ ਸਭ ਤੋਂ ਲੁੱਕਦੇ ਹੋ" ॥੩੦॥

ਇਮ ਉਚਰਤਿ ਗ੍ਰਿਹ ਮਹੁਂ ਲੇ ਆਏ। ਰੁਚਿਰ ਪ੍ਰਯੰਕ ਬਿਛਾਵਨਿ ਛਾਏ।
ਕਰਿ ਪੂਜਾ ਸਨਮਾਨ ਬਿਠਾਏ। ਮ੍ਰਿਦੁਲ ਮਧੁਰ ਮੁਖ ਬਾਕ ਅਲਾਏ॥ ੩੧॥

ਇਸ ਤਰ੍ਹਾਂ ਕਹਿੰਦੇ ਘਰ ਵਿਚ ਲੈ ਆਏ, ਸੁੰਦਰ ਪਲੰਘ ਵਿਛਾਇਆ ਤੇ ਪੂਜਾ ਕਰਕੇ ਬੜੇ ਸਨਮਾਨ ਨਾਲ ਬਿਠਾਏ। ਮੁੱਖ ਤੋਂ ਬੜੇ ਮਿੱਠੇ ਤੇ ਕੋਮਲ ਬਚਨ ਕੀਤੇ॥੩੬॥

'ਬਿਹਾ ਤੁਮਾਰੋ ਭਾ ਚਿਰਕਾਲਾ। ਨਹੀਂ ਮਿਲੇ ਮਨ ਪ੍ਰੇਮ ਬਿਸਾਲਾ।
ਤਬਿ ਕੇ ਸੇਵਾ ਤੇ ਰਹਿ ਗਏ। ਕਬਹੁਂ ਭਈ ਨਹਿਂ, ਕਾਂਖਾ ਕਿਏ॥ ੩੨॥

'ਤੁਹਾਡੇ ਪਾਸੋਂ ਬਹੁਤ ਦੇਰ ਦੇ ਵਿਛੜੇ ਹੋਏ ਹਾਂ, ਤੁਸੀਂ ਮਿਲੇ ਨਹੀਂ, ਮਨ ਵਿਚ ਵਿਸ਼ਾਲ ਪ੍ਰੇਮ ਹੈ। ਤਦ ਦੇ ਸੇਵਾ ਕਰਨ ਤੋਂ ਰਹਿ ਗਏ ਹਾਂ। ਕਦੀ ਵੀ ਦਰਸ਼ਨ ਕਰਨ ਦੀ ਇੱਛਾ ਨਹੀਂ ਕੀਤੀ ਹੈ॥੩੨॥

ਜਬਿ ਕੇ ਬਿਛੁਰੇ ਸੁਖ ਨਹਿਂ ਪਾਇਵ। ਬਾਦ ਦੁੰਦ ਨਿਤ ਤੁਰਕ ਉਠਾਇਵ।
ਹਮ ਕੋ ਆਪ ਜਾਨਤੇ ਕੈਸੇ? ਕਰੁਨਾ ਕਰਹੁ ਬਤਾਵਹੁ ਤੈਸੇ'॥ ੩੩॥

ਜਦ ਤੋਂ ਵਿਛੜੇ ਹਾਂ ਸੁੱਖ ਨਹੀਂ ਪਾਇਆ ਹੈ, ਤੁਰਕ ਨਿਤ ਕੋਈ ਨਾ ਕੋਈ ਝਗੜਾ ਖੜਾ ਕਰ ਰੱਖਦੇ ਹਨ। ਸਾਨੂੰ ਆਪ ਕਿਸ ਤਰ੍ਹਾਂ ਜਾਣਦੇ ਹੋ, ਕਿਰਪਾ ਕਰਕੇ ਉਸ ਤਰ੍ਹਾਂ ਦੱਸੋ' ॥੩੩॥

ਸੁਨਤਿ ਅਨੰਦ, ਅਨੰਦ ਬਿਸਾਲੇ। ਪ੍ਰੇਮ ਮਗਨ ਹ੍ਵੈ ਕਹਤਿ ਉਤਾਲੇ।
'ਸ੍ਰੀ ਗੁਰ ਨਾਨਕ ਅੰਗਦ ਰੂਪ। ਤ੍ਰਿਤੀਏ ਸ੍ਰੀ ਗੁਰ ਅਮਰ ਅਨੂਪ॥ ੩੪॥

ਇਹ ਸੁਣ ਬਾਬਾ ਅਨੰਦ ਜੀ, ਅਨੰਦ ਨਾਲ ਭਰ ਗਏ ਤੇ ਪ੍ਰੇਮ ਵਿਚ ਮਗਨ ਹੋ ਕੇ ਉਤਾਵਲੇ ਹੋ ਕੇ ਕਹਿਣ ਲੱਗੇ, 'ਸ੍ਰੀ ਗੁਰੂ ਨਾਨਕ ਦੇਵ ਜੀ, ਅੰਗਦ ਜੀ ਦਾ ਰੂਪ ਹੋ ਗਏ, ਤੀਸਰੇ ਸ੍ਰੀ ਗੁਰੂ ਅਮਰਦਾਸ ਜੀ ਅਨੂਪਮ ਸਨ॥੩੪॥

ਸਤਿਗੁਰ ਰਾਮਦਾਸ ਸ੍ਰੀ ਅਰਜਨ। ਹਰਿਗੁਬਿੰਦ ਖਸ਼ਟਮ ਤੁਮ ਤਿਨ ਤਨ।
ਪਾਰ ਬ੍ਰਹਮ ਕੀ ਜੋਤਿ ਗਹੀਲਾ। ਧਰਿ ਮਾਯਾ ਤਨ ਠਾਨਤਿ ਲੀਲਾ॥ ੩੫॥

ਫਿਰ ਸਤਿਗੁਰੂ ਰਾਮਦਾਸ ਤੇ ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਹਰਿਗੋਬਿੰਦ ਜੀ ਤੁਸੀਂ ਛੇਵਾਂ ਸਰੂਪ ਹੋ। ਪਾਰਬ੍ਰਹਮ ਵਾਹਿਗੁਰੂ ਜੀ ਦੀ ਮਹਾਨ ਜੋਤ ਹੋ। ਸਰੀਰ ਧਾਰ ਕੇ ਮਾਇਆ ਦੁਆਰੇ ਲੀਲ੍ਹਾ ਕਰਦੇ ਹੋ॥੩੫॥

ਕਰਹੁ ਚਰਿੱਤ੍ਰ ਬਚਿੱਤ੍ਰ ਉਦਾਰੇ। ਨਰ ਹੇਰਤਿ ਭ੍ਰਮਤਿ ਹੈਂ ਸਾਰੇ।
ਜਿਮ ਨਟ ਬਾਜ਼ੀ ਪਾਇ ਦਿਖਾਵੈ। ਅਚਰਜ ਕੋ ਦਿਖਾਇ ਭਰਮਾਵੈ॥ ੩੬॥

ਬੜੇ ਵੱਡੇ-ਵੱਡੇ ਵਚਿੱਤਰ ਚਰਿਤਰ ਕਰਦੇ ਹੋ, ਮਨੁੱਖ ਵੇਖ ਕੇ ਭਰਮਾਂ ਵਿਚ ਪੈ ਜਾਂਦੇ ਹਨ। ਜਿਵੇਂ ਨਟ ਬਾਜ਼ੀ ਪਾ ਕੇ ਵਿਖਾਉਂਦਾ ਹੈ। ਅਸਚਰਜ ਕੌਤਕ ਕਰਕੇ ਭਰਮਾਉਂਦੇ ਹੋ॥੩੬॥

ਪੁਨ ਤਿਹ ਸੇਵਕ ਨਿਕਟ ਜਮੂਰਾ। ਸੋ ਨਹਿਂ ਭਰਮਹਿ ਜਾਨਹਿ ਕੂਰਾ।
ਤਜੋਂ ਨਿਜ ਦਾਸਨਿ ਕਰੁਨਾ ਧਰੋ। ਸੋ ਜਾਨੈਂ ਜੈਸੀ ਬਿਧਿ ਕਰੋ॥ ੩੭॥

ਫਿਰ ਤੁਹਾਡੇ ਸੇਵਕ ਤੁਹਾਡੇ ਪਾਸ ਜਮੂਰੇ ਵਾਂਗ ਰਹਿੰਦੇ ਹਨ, ਉਹ ਭਰਮਦੇ ਨਹੀਂ ਝੂਠ ਜਾਣਦੇ ਹਨ। ਇਸ ਤਰ੍ਹਾਂ ਆਪਣੇ ਸੇਵਕਾਂ ਤੇ ਕਿਰਪਾ ਕਰਦੇ ਹੋ, ਜੋ ਜਾਣਦੇ ਹਨ, ਜੈਸੀ ਵਿਧੀ ਨਾਲ ਕਰਦੇ ਹੋ॥੩੭॥

ਹਮ ਜਾਨਹਿ ਮਾਯਾ ਤੇ ਪਰੈ। ਤੁਮ ਅਲੰਬ ਹੋਇ ਜਗ ਕੋ ਕਰੈ।
ਨਿਰਬਿਕਾਰ, ਗੁਨਹੀਨ, ਅਲੇਪ। ਤੁਮਰੇ ਮਹਿਂ ਵਿਸਤਾਰ ਸੰਛੇਪ॥ ੩੮॥

ਅਸੀਂ ਜਾਣਦੇ ਹਾਂ ਕਿ ਤੁਸੀਂ ਮਾਇਆ ਤੋਂ ਪਰੇ ਹੋ, ਆਪ ਦੇ ਆਸਰੇ ਹੋ ਕੇ ਮਾਇਆ ਜਗਤ ਨੂੰ ਰਚਦੀ ਹੈ। ਤੁਸੀਂ ਨਿਰਵਿਕਾਰ, ਰਜ, ਤਮ, ਸਤੋ ਗੁਣ ਤੋਂ ਰਹਿਤ ਅਤੇ ਅਲੇਪ ਹੋ। ਜਗਤ ਦਾ ਸੰਖੇਪ ਅਤੇ ਵਿਸਤਾਰ ਆਪ ਵਿਚ ਹੀ ਹੈ॥੩੮॥

ਸਭਿ ਮਹਿਂ ਬਜਾਪਕ ਸਭਿ ਤੇ ਨਜਾਰੇ। ਸਾਖੀ ਰੂਪ ਬਸਹਿ ਜਗ ਸਾਰੇ।
ਕਰਤਾ ਭਰਤਾ ਹਰਤਾ ਏਕ। ਬਿਧ ਪ੍ਰਪੰਚ ਕੇ, ਜਲਧਿ ਬਿਬੇਕ!॥ ੩੯॥

ਸਭ ਵਿਚ ਵਿਆਪਕ ਹੋ ਤੇ ਸਭ ਤੋਂ ਵੱਖਰੇ ਹੋ, ਸਾਖੀ ਰੂਪ ਸਾਰਾ ਜੱਗ ਵੱਸਦਾ ਹੈ। ਕਰਤਾ, ਭਰਤਾ, ਹਰਤਾ ਇੱਕ ਹੈ, ਵਿਧਾਤਾ ਦੇ ਰਚੇ ਪ੍ਰਪੰਚ ਦੇ ਗਿਆਨ ਦੇ ਸਾਗਰ ਹੋ॥੩੯॥

ਤੁਮ ਬਿਨ ਅਪਰ ਨ ਦੂਸਰ ਮਾਨੈਂ। ਸਭ ਕੋ ਜਾਨੋ ਇਮ ਹਮ ਜਾਨੈ।
ਅਦਭੁਤ ਕਹਜੋ ਨ ਜਾਇ ਚਰਿੱਤ੍ਰ। ਕਹਨਿ ਸੁਨਨ ਤੇ ਹੋਇ ਪਵਿੱਤ੍ਰ॥ ੪੦॥

ਤੁਹਾਡੇ ਬਗੈਰ ਹੋਰ ਕਿਸੇ ਦੂਸਰੇ ਨੂੰ ਨਹੀਂ ਮੰਨਦੇ ਹਾਂ, ਸਭ ਨੂੰ ਜਾਣਦੇ ਹੋ, ਇਸ ਤਰ੍ਹਾਂ ਅਸੀਂ ਜਾਣਦੇ ਹਾਂ। ਤੁਹਾਡੇ ਅਦਭੁਤ ਚਰਿੱਤਰ ਕਹੇ ਨਹੀਂ ਜਾਂਦੇ, ਕਹਿ ਸੁਣ ਕੇ ਪਵਿੱਤਰ ਹੁੰਦੇ ਹਾਂ'॥੪੦॥

ਇਮ ਅਨੰਦ ਤੇ ਸੁਨਿ ਕਰਿ ਕਾਨੇ। ਸ੍ਰੀ ਗੁਰ ਹਰਿਗੋਬਿੰਦ ਮੁਸਕਾਨੇ।
'ਤੁਮ ਅਨੰਦ ਹੋ, ਲਹਜੋ ਅਨੰਦ। ਸੁਜਸੁ ਬਿਲੰਦ ਸੰਪੂਰਨ ਚੰਦ'॥ ੪੧॥

ਇਸ ਤਰ੍ਹਾਂ ਅਨੰਦ ਜੀ ਪਾਸੋਂ ਕੰਨ ਨਾਲ ਸੁਣ ਕੇ, ਸ੍ਰੀ ਗੁਰੂ ਹਰਿਗੋਬਿੰਦ ਜੀ ਮੁਸਕਰਾਏ ਤੇ ਕਿਹਾ, ''ਤੁਸੀਂ ਅਨੰਦ ਹੋ ਤੁਹਾਡੇ ਦਰਸ਼ਨ ਕਰਕੇ ਅਨੰਦ ਲਿਆ ਹੈ, ਪੂਰਨਮਾਸ਼ੀ ਦੇ ਚੰਦ ਵਾਂਗ ਤੁਹਾਡਾ ਸ੍ਰੇਸ਼ਟ ਜੱਸ ਬਹੁਤ ਉੱਚਾ ਹੈ''॥੪੧॥

ਪੁਨ ਸਭਿ ਸੰਗਤਿ ਮਹਿਂ ਨਰ ਫੇਰਾ। 'ਸਭਿ ਅਕੋਰ ਆਨਹੁਂ ਇਸ ਬੇਰਾ।
ਸ੍ਰੀ ਅਨੰਦ ਕੀ ਪੂਜ ਚਢਾਵਹੁ। ਫਲ ਅਨੰਦ ਹੀ ਜਿਸ ਤੇ ਪਾਵਹੁ'॥ ੪੨॥

ਫਿਰ ਸਾਰੀ ਸੰਗਤ ਵਿਚ ਇਕ ਮਨੁੱਖ ਨੂੰ ਫੇਰਿਆ, ''ਇਸ ਸਮੇਂ ਭੇਟਾਵਾਂ ਲਿਆਵੋ ਤੇ ਅਨੰਦ ਜੀ ਨੂੰ ਪੂਜ ਕੇ ਅੱਗੇ ਚੜ੍ਹਾ ਦੇਵੋ, ਜਿਸ ਤੋਂ ਅਨੰਦ ਦਾ ਹੀ ਫਲ ਪ੍ਰਾਪਤ ਕਰੋਗੇ''॥੪੨॥

ਸੁਨਿ ਗੁਰ ਆਗਜਾ ਕੋ ਸਭਿ ਆਏ। ਅਨਿਕ ਉਪਾਇਨ ਕੋ ਅਰਪਾਏ।
ਮਾਯਾ ਬ੍ਰਿੰਦ ਚਢੀ ਕੋ ਹੇਰਿ। ਕਹ੍ਯੋ ਅਨੰਦ ਭਗਤ ਜੀ ਫੇਰ॥ ੪੩॥

ਗੁਰੂ ਜੀ ਦੀ ਆਗਿਆ ਸੁਣ ਕੇ ਸਭ ਆਏ ਤੇ ਅਨੇਕ ਪ੍ਰਕਾਰ ਦੇ ਉਪਹਾਰ ਅਰਪਣ ਕੀਤੇ। ਬਹੁਤ ਮਾਇਆ ਚੜ੍ਹੀ ਵੇਖ ਕੇ ਫਿਰ ਅਨੰਦ ਭਗਤ ਜੀ ਨੇ ਕਿਹਾ॥੪੩॥

'ਯਹਿ ਪੂਜਾ ਸਭਿ ਤੁਮਹਿਂ ਸੁਹਾਤਿ। ਜਗੁ ਗੁਰ ਸਮਰਥ ਹੋ ਸਭਿ ਭਾਂਤਿ।
ਰੂਪ ਦਰਿੱਦ੍ਰ ਹਮਹਿ ਦਿਖ ਪਰੈ। ਨਹਿਂ ਕਬਹੂੰ ਕਰ ਛੂਵਨਿ ਕਰੈਂ॥ ੪੪॥

"ਇਹ ਪੂਜਾ ਸਭ ਤੁਹਾਨੂੰ ਸ਼ੋਭਦੀ ਹੈ, ਤੁਸੀਂ ਸਭ ਪ੍ਰਕਾਰ ਜਗਤ ਦੇ ਸਮਰੱਥ ਗੁਰੂ ਹੋ। ਇਹ ਮਾਇਆ ਸਾਨੂੰ ਦਲਿੱਦਰ ਦਾ ਰੂਪ ਦਿੱਸਦੀ ਹੈ, ਅਸੀਂ ਕਦੀ ਵੀ ਇਸ ਨੂੰ ਹੱਥ ਨਹੀਂ ਲਾਉਂਦੇ"॥੪੪॥

ਸੁਨਿ ਗੁਰ ਭਨ੍ਯੋ 'ਅਬਹਿ ਇਹੁ ਲੀਜੈ। ਨਿਜ ਕਰ ਤੇ ਕਿਸਹੂੰ ਬਖ਼ਸ਼ੀਜੈ'।
ਤਬਿ ਅਨੰਦ ਨਹਿਂ ਬਾਕ ਹਟਾਯੋ। ਮਾਨ ਸਿੰਘ ਕੋ ਨਿਕਟ ਬੁਲਾਯੋ॥ ੪੫॥

ਇਹ ਸੁਣ ਕੇ ਗੁਰੂ ਜੀ ਨੇ ਕਿਹਾ, "ਹੁਣ ਇਹ ਲੈ ਲਵੋ, ਆਪਣੇ ਹੱਥਾਂ ਨਾਲ ਕਿਸੇ ਨੂੰ ਬਖਸ਼ ਦੇਵੋ।" ਤਦ ਬਾਬਾ ਅਨੰਦ ਜੀ ਨੇ ਆਪਣਾ ਬਚਨ ਵਾਪਸ ਲੈ ਲਿਆ ਤੇ ਮਾਨ ਸਿੰਘ ਨੂੰ ਆਪਣੇ ਪਾਸ ਬੁਲਾਇਆ॥੪੫॥

ਧਨ ਦੇ ਕਰਿ ਸਮੁਝਾਇ ਸੁਨਾਯਹੁ। 'ਹੇ ਸੁਤ ! ਬਿਤ ਲਿਹੁ ਭੋਗ ਭੁਗਾਯਹੁ।
ਸੁਖ ਪਾਵਹੁ ਤੁਮ ਲੇਖ ਸੁ ਮਾਥੇ। ਮਨ ਭਾਵਤਿ ਭੋਗਹੁ ਧਨ ਸਾਥੈ'॥ ੪੬॥

ਧਨ ਦੇ ਕੇ ਸਮਝਾ ਕੇ ਸੁਣਾਇਆ, "ਹੇ ਪੁੱਤਰ ! ਧਨ ਲੈ ਕੇ ਭੋਗ ਭੁਗਾਓ, ਆਪਣੇ ਮੱਥੇ ਦੇ ਲੇਖ ਅਨੁਸਾਰ ਸੁਖ ਪਾਵੋ, ਧਨ ਨਾਲ ਮਨ-ਭਾਉਂਦੀ ਜ਼ਿੰਦਗੀ ਭੋਗੋ"॥੪੬॥

ਕੇਤਿਕ ਦਿਨ ਰਾਖੇ ਪਨ ਪਾਸ। ਭਾਂਤਿ ਭਾਂਤਿ ਕੇ ਬਾਕ ਪ੍ਰਕਾਸ਼।
ਸੁਨਿ ਕਹਿ, ਬਿਦਾ ਭਏ ਜੁ ਅਨੰਦ। ਕਰੇ ਪਰਸਪਰ ਮਹਦ ਅਨੰਦ॥ ੪੭॥

ਗੁਰੂ ਜੀ ਨੇ ਫਿਰ ਉਨ੍ਹਾਂ ਨੂੰ ਕਈ ਦਿਨ ਆਪਣੇ ਪਾਸ ਰਖਿਆ ਤੇ ਕਈ ਪ੍ਰਕਾਰ ਦੇ ਬਚਨਾਂ ਦਾ ਪ੍ਰਕਾਸ਼ ਕੀਤਾ। ਸੁਣ ਕਹਿ ਕੇ ਅਨੰਦ ਜੀ ਵਿਦਾ ਹੋ ਗਏ, ਆਪਸ ਵਿਚ ਸਦਾ ਵੱਡਾ ਅਨੰਦ ਕਰਦੇ ਰਹਿੰਦੇ ਸਨ॥੪੭॥

ਹਿਤ ਅਸਵਾਰੀ ਸਿਵਕਾ ਦੀਨਿ। ਪੁਨ ਭਾਈ ਗੜ੍ਹੀਆ ਸੰਗ ਕੀਨਿ।
ਗੋਇੰਦਵਾਲ ਜਾਇ ਪਹੁੰਚਾਏ। ਸਭਿ ਸੋਂ ਮਿਲਿ ਗੁਰ ਸੁਜਸੁ ਅਲਾਏ॥ ੪੮॥

ਸਵਾਰੀ ਵਾਸਤੇ ਪਾਲਕੀ ਦਿੱਤੀ, ਫਿਰ ਭਾਈ ਗੜ੍ਹੀਏ ਨੂੰ ਨਾਲ ਭੇਜਿਆ। ਗੋਇੰਦਵਾਲ ਜਾ ਕੇ ਪਹੁੰਚਾ ਦਿੱਤੇ ਤੇ ਸਾਰਿਆਂ ਨੂੰ ਮਿਲ ਕੇ ਗੁਰੂ ਜੀ ਦਾ ਸ੍ਰੇਸ਼ਟ ਜੱਸ ਕੀਤਾ॥੪੮॥

ਅਬਿ ਲਗਿ ਧਰੀ ਪਾਲਕੀ ਸੋਈ। ਹੇਰਿ ਨਮੋ ਠਾਨਹਿ ਸਭਿ ਕੋਈ।
ਸ੍ਰੀ ਗੁਰ ਹਰਿਗੋਵਿੰਦ ਜੀ ਦੀਨਿ। ਗੋਇੰਦਵਾਲ ਧਰੀ ਦੁਤਿ ਭੀਨ॥ ੪੯॥

ਹੁਣ ਤਕ ਉਹ ਪਾਲਕੀ ਉਥੇ ਧਰੀ ਹੋਈ ਹੈ, ਸਭ ਕੋਈ ਵੇਖ ਕੇ ਬੰਦਨਾ ਕਰਦਾ ਹੈ। ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਦਿੱਤੀ ਸੀ। ਗੋਇੰਦਵਾਲ ਵਿਚ ਉਹ ਸੁੰਦਰ ਪਾਲਕੀ ਪਈ ਹੈ॥੪੯॥

*ਅੱਠਵੀਂ ਰਾਸ ਦਾ ਸੰਤਾਲੀਵਾਂ ਅਧਿਆਇ ਸਮਾਪਤ ਹੋਇਆ॥੪੭॥*

❖❖❖

# ਅਧਿਆਇ ਅੱਠਤਾਲੀਵਾਂ

## ਬਾਬਕ ਰਬਾਬੀ ਪ੍ਰਲੋਕ ਗਮਨ

ਦੋਹਰਾ-ਸ੍ਰੀ ਹਰਿਗੋਵਿੰਦ ਸਤਿਗੁਰ ਇਸ ਬਿਧਿ ਸਮੈਂ ਬਿਤਾਇ।
ਸਿਖ ਸੰਗਤਿ ਆਵਹਿ ਅਨਿਕ ਮਨ ਬਾਂਛਤਿ ਕੋ ਪਾਇ॥ ੧॥

ਸ੍ਰੀ ਗੁਰੂ ਹਰਿਗੋਬਿੰਦ ਜੀ ਇਸ ਵਿਧੀ ਅਨੁਸਾਰ ਸਮਾਂ ਬਤੀਤ ਕਰ ਰਹੇ ਸਨ। ਅਨੇਕ ਸਿੱਖ ਸੰਗਤ ਆਉਂਦੀ ਤੇ ਮੂੰਹ ਮੰਗੀਆਂ ਮੁਰਾਦਾਂ ਪਾਉਂਦੀ ਸੀ॥੧॥

ਚੌਪਈ- ਬਾਬਕ ਹੁਤੋ ਅਗਾਰੀ ਗਾਵੈ। ਸਦਾ ਕੀਰਤਨ ਕਰਤਿ ਸੁਨਾਵੈ।
ਭਾਂਤਿ ਭਾਂਤਿ ਕੇ ਰਾਗਨਿ ਸਾਥ। ਕਰਹਿ ਰਿਝਾਵਨ ਸਤਿਗੁਰ ਨਾਥ॥੨॥

ਇਕ ਬਾਬਕ ਨਾਮੀ ਰਬਾਬੀ ਸੀ, ਜਿਹੜਾ ਗੁਰੂ ਜੀ ਦੇ ਅੱਗੇ ਗਾਇਣ ਕਰਦਾ ਸੀ। ਸਦਾ ਕੀਰਤਨ ਕਰਕੇ ਸੁਣਾਉਂਦਾ ਸੀ। ਭਾਂਤ-ਭਾਂਤ ਦੇ ਰਾਗਾਂ ਵਿਚ ਗਾਇਣ ਕਰਦਾ ਸੀ ਤੇ ਸਤਿਗੁਰੂ ਜੀ ਨੂੰ ਬਹੁਤ ਪ੍ਰਸੰਨ ਕਰਦਾ ਸੀ॥੨॥

ਅੰਤ ਸਮਾਂ ਪਹੁੰਚਯੋ ਤਬਿ ਆਈ। ਜਾਨਿ ਲਈ ਤਬਿ ਮ੍ਰਿਤੁ ਨਿਯਰਾਈ।
ਸ੍ਰੀ ਹਰਿਗੋਵਿੰਦ ਢਿਗ ਚਲਿ ਆਯੋ। ਪ੍ਰਾਨ ਅੰਤ ਬਿਰਤੰਤ ਸੁਨਾਯੋ॥ ੩॥

ਤਦ ਉਸ ਦਾ ਅੰਤ ਸਮਾਂ ਆ ਗਿਆ, ਇਹ ਜਾਣ ਲਿਆ ਕਿ ਮੌਤ ਨੇੜੇ ਆ ਗਈ ਹੈ। ਸ੍ਰੀ ਹਰਿਗੋਬਿੰਦ ਜੀ ਦੇ ਪਾਸ ਚਲ ਕੇ ਆਇਆ ਤੇ ਪ੍ਰਾਣਾਂ ਦੇ ਅੰਤ ਬਾਰੇ ਬ੍ਰਿਤਾਂਤ ਸੁਣਾਇਆ॥੩॥

'ਕਰਹੁ ਖੁਸ਼ੀ ਸਤਿਗੁਰੂ ਬਿਸਾਲਾ। ਗਮਨੌਂ ਮੈਂ ਪਰਲੋਕ ਸੁਖਾਲਾ।
ਅਪਨਿ ਸਮੀਪੀ ਸਦਾ ਰਖੀਜੈ। ਇਹੀ ਆਸ ਮਮ ਰਿਦੈ ਪੁਰੀਜੈ॥ ੪॥

'ਹੇ ਸਤਿਗੁਰੂ ਜੀ ਵਿਸ਼ਾਲ ਖੁਸ਼ੀਆਂ ਬਖਸ਼ੋ ਤਾਂਕਿ ਮੈਂ ਆਸਾਨੀ ਨਾਲ ਪਰਲੋਕ ਚਲੇ ਜਾਵਾਂ। ਸਦਾ ਆਪਣੇ ਪਾਸ ਰਖੋ, ਇਹ ਮੇਰੇ ਹਿਰਦੇ ਦੀ ਆਸ ਪੂਰੀ ਕਰੋ॥੪॥

ਸ੍ਰੀ ਨਾਨਕ ਜੀ ਢਿਗ ਮਰਦਾਨਾ। ਸਦਾ ਰਾਗ ਕੋ ਕਰਤਿ ਸੁਜਾਨਾ।
ਇਸ ਜਗ ਮਹਿਂ ਭਾ ਬਡ ਬੱਖਜਾਤ। ਪਾਯੋ ਸੁਜਸੁ ਬਡੋ ਅਵਿਦਾਤ॥ ੫॥

ਸ੍ਰੀ ਗੁਰੂ ਨਾਨਕ ਜੀ ਦੇ ਪਾਸ ਮਰਦਾਨਾ ਸੀ, ਉਹ ਸਦਾ ਗੁਰੂ ਜੀ ਪਾਸ ਰਾਗ ਦਾ ਗਾਇਣ ਕਰਦਾ ਸੀ। ਇਸ ਜਗਤ ਵਿਚ ਬਹੁਤ ਪ੍ਰਸਿੱਧ ਹੋਇਆ ਹੈ। ਉਸਨੇ ਵੱਡਾ ਉੱਜਲ ਨਿਰਮਲ ਜੱਸ ਪ੍ਰਾਪਤ ਕੀਤਾ॥੫॥

ਜਿਮ ਬਾਵਨ ਕੋ ਲੇ ਕਰਿ ਸੰਗ। ਹਾਥ ਲਸ਼ਟਕਾ ਵਧੀ ਉਤੰਗ।
ਤਿਮ ਰਾਵਰਿ ਕੀ ਸੰਗਤਿ ਪਾਇ। ਹਮ ਆਦਿਕ ਜਗ ਮਹਿਂ ਬਿਦਤਾਇ॥੬॥

ਜਿਵੇਂ ਬਾਵਨ ਅਵਤਾਰ ਨੂੰ ਨਾਲ ਲੈ ਕੇ, ਉਸ ਦੇ ਹੱਥ ਦੀ ਸੋਟੀ ਬੜੀ ਉੱਚੀ ਵਧੀ, ਤਿਵੇਂ ਆਪ ਜੀ ਦੀ ਸੰਗਤ ਪਾ ਕੇ, ਅਸੀਂ ਆਦਿ ਜਗ ਵਿਚ ਪ੍ਰਸਿੱਧ ਹੋਏ ਹਾਂ॥੬॥

ਭਲੇ ਭਾਗ ਤੇ ਭਏ ਭਲੇਰੇ। ਸਦਾ ਗੁਰੂ ਕੇ ਦਰਸ਼ਨ ਹੇਰੇ'।
ਸੁਨਿ ਸ੍ਰੀ ਹਰਿਗੋਵਿੰਦ ਬਖਾਨਾ। 'ਕਰਜੋ ਪ੍ਰਮੇਸੁਰ ਆਵਨ ਜਾਨਾ॥ ੭॥

ਚੰਗੇ ਭਾਗਾਂ ਕਰਕੇ ਭਲੇ ਰਾਹ ਪਏ ਹਾਂ, ਸਦਾ ਗੁਰੂ ਜੀ ਦੇ ਦਰਸ਼ਨ ਕਰਦੇ ਰਹੇ ਹਾਂ।" ਇਹ ਸੁਣ ਕੇ ਗੁਰੂ ਜੀ ਨੇ ਬਚਨ ਕੀਤੇ, "ਦੁਨੀਆਂ ਵਿਚ ਆਉਣਾ ਜਾਣਾ ਪ੍ਰਮੇਸ਼ਰ ਦੇ ਹੱਥ ਹੈ॥੭॥

ਨਿਜ ਨਿਜ ਸਮੈਂ ਪਯਾਨਹਿ ਸਾਰੇ। ਅਪਨੀ ਵਾਰੀ ਧੀਰ ਨ ਧਾਰੇ।
ਆਵਨ ਧੰਨ ਅਹੈ ਤਿਨ ਕੇਰਾ। ਸਿਮਰਜੋ ਸੱਤਿਨਾਮ ਸਭਿ ਬੇਰਾ॥ ੮॥

ਆਪਣੇ-ਆਪਣੇ ਸਮੇਂ ਸਾਰੇ ਚਲੇ ਜਾਂਦੇ ਹਨ, ਆਪਣੀ ਵਾਰੀ ਧੀਰਜ ਨਹੀਂ ਧਾਰਨ ਕਰਦੇ ਹਨ। ਉਨ੍ਹਾਂ ਦਾ ਆਉਣਾ ਜਾਣਾ ਧੰਨ ਹੈ, ਜਿਨ੍ਹਾਂ ਹਰ ਸਮੇਂ ਸਤਿਨਾਮ ਸਿਮਰਨ ਕੀਤਾ ਹੈ॥੮॥

ਸਤਿਗੁਰ ਕੀ ਸੇਵਾ ਮਹਿਂ ਲਾਗੇ। ਕੀਰਤ ਕਰਹਿਂ ਸੁਨਹਿਂ ਬਡਭਾਗੇ।
ਇਸ ਕੇ ਸਮ ਅਪਰ ਨ ਕਲਿ ਕਾਲ। ਹਰਤਾ ਪਾਤਕ, ਬਿਘਨ ਬਿਸਾਲ॥ ੯॥

ਸਤਿਗੁਰੂ ਜੀ ਦੀ ਸੇਵਾ ਵਿਚ ਲੱਗੇ ਹਨ, ਕੀਰਤਨ ਕਰਦੇ ਹਨ, ਵੱਡੇ ਭਾਗਾਂ ਵਾਲੇ ਸੁਣਦੇ ਹਨ। ਕਲਿਜੁਗ ਦੇ ਸਮੇਂ ਵਿਚ ਇਸ ਦੇ ਬਰਾਬਰ ਹੋਰ ਕੁਝ ਨਹੀਂ ਹੈ। ਪਾਪ ਅਤੇ ਵੱਡੇ ਵਿਘਨ ਦੂਰ ਹੁੰਦੇ ਹਨ॥੯॥

ਕਲਮਲ ਮਲ ਮਨ ਪਟ ਕੋ ਲਾਗੀ। ਬਿਸ਼ਿਯਨ ਕੀ ਕਾਰਖ ਸੋਂ ਪਾਗੀ।
ਚਹੈਂ ਨਿਵਾਰਨ ਇਸ ਕੋ ਜੇਈ। ਸਤਿਸੰਗਤਿ ਮਹਿਂ ਮਿਲਿ ਕਰਿ ਤੇਈ॥ ੧੦॥

ਪਾਪਾਂ ਦੀ ਮੈਲ ਮਨ ਦੀ ਤਹਿ ਨੂੰ ਲੱਗਦੀ ਹੈ ਤੇ ਵਿਸ਼ਿਆਂ ਦੀ ਕਾਲਖ ਨਾਲ ਭਿੱਜ ਜਾਂਦੀ ਹੈ। ਜਿਹੜੇ ਇਸ ਨੂੰ ਦੂਰ ਕਰਨਾ ਚਾਹੁੰਦੇ ਹਨ ਉਨ੍ਹਾਂ ਨੂੰ ਸਤਿਸੰਗਤ ਵਿਚ ਜਾ ਕੇ ਮਿਲਣਾ ਚਾਹੀਦਾ ਹੈ॥੧੦॥

ਸੱਤਿਨਾਮ ਜਲ ਕੋ ਤਹਿਂ ਲੇਯ। ਧੋਵਨ ਕਿਰਤਨ ਭਲੇ ਕਰੇਯ।
ਉੱਜਲ ਮਨ ਕੋ ਕਰਹਿਂ ਸੁਜਾਨ। ਚਢਹਿ ਰੰਗ ਗੂਢੋ ਤਤਗ੍ਯਾਨ॥ ੧੧॥

ਸਤਿਨਾਮ ਰੂਪੀ ਜਲ ਨੂੰ ਲੈ ਕੇ, ਉਹ ਕੀਰਤਨ ਕਰਕੇ ਭਲੀ ਪ੍ਰਕਾਰ ਇਸ ਮੈਲ ਨੂੰ ਚੰਗੀ ਤਰ੍ਹਾਂ ਧੋ ਲੈਂਦਾ ਹੈ। ਉੱਜਲ ਮਨ ਨੂੰ ਚਤੁਰ ਬਣਾ ਲੈਂਦਾ ਹੈ ਤੇ ਉਸ ਉਤੇ ਤਤ੍ਵਗਿਆਨ ਦਾ ਗੂੜ੍ਹਾ ਰੰਗ ਚੜ੍ਹ ਜਾਂਦਾ ਹੈ॥੧੧॥

ਕਬਹੁਂ ਨ ਉਤਰੈ ਸਦਾ ਨਵੀਨ। ਇਸ ਬਿਧਿ ਕੀ ਬੁਧਿ ਅਧਿਕ ਪ੍ਰਬੀਨ।
ਯਾਂਤੇ ਬਾਬਕ ਤੂੰ ਚਿਤ ਜਾਨਹੁ। ਅੰਤ ਸਮੇਂ ਲੈ ਨਾਮ ਬਖਾਨਹੁ॥ ੧੨॥

ਉਹ ਰੰਗ ਫਿਰ ਕਦੀ ਨਹੀਂ ਉਤਰਦਾ ਤੇ ਸਦਾ ਨਵਾਂ ਰਹਿੰਦਾ ਹੈ, ਇਸ ਤਰ੍ਹਾਂ ਦੀ ਬੁੱਧੀ ਜ਼ਿਆਦਾ ਉੱਤਮ ਹੁੰਦੀ ਹੈ। ਇਸ ਕਰਕੇ ਬਾਬਕ ਤੂੰ ਚਿੱਤ ਵਿਚ ਜਾਣ ਲਵੇਂ ਤੇ ਅੰਤ ਸਮੇਂ ਨਾਮ ਜਪ ਲਵੇਂ॥੧੨॥

ਰਹਜੋ ਕਰਤਿ ਕਿਰਤਨ ਕੋ ਨੀਤ। ਸਕਲੇ ਤਣ ਨ ਲਲਚੀਤ।
ਪਿਤਾ ਤਹਿ ਆਛੀ ਗਤਿ ਪਾਈ। ਤਿਮ ਹੀ ਤੁਮ ਕੋ ਹੁਇ ਸੁਖਦਾਈ॥ ੧੩॥

ਸਦਾ ਕੀਰਤਨ ਕਰਦਾ ਰਿਹਾ ਹੈਂ, ਆਪਣੀ ਕਲਾ ਵਿਚ ਸੰਪੂਰਣ ਹੈਂ, ਫਿਰ ਵੀ ਤੂੰ ਕਦੇ ਵੀ ਲਾਲਚ ਨਹੀਂ ਕੀਤਾ ਹੈ। ਤੇਰੇ ਪਿਤਾ ਜੀ ਨੇ ਚੰਗੀ ਗਤ ਪਾਈ ਹੈ, ਉਸ ਤਰ੍ਹਾਂ ਹੀ ਤੈਨੂੰ ਵੀ ਸੁਖਦਾਈ ਮੋਖ ਪ੍ਰਾਪਤ ਹੋਵੇਗਾ"॥੧੩॥

ਇਮ ਸੁਨਿ ਕੈ ਗੁਰ ਪਦ ਅਰਬਿੰਦ। ਕਰੇ ਸਪਰਸ਼ਨ ਪੁੰਨ ਬਿਲੰਦ।
'ਲੋਕ ਪ੍ਰਲੋਕ ਸਹਾਇਕ ਅਹੋ। ਨਹੀਂ ਅਪਰ ਕੋ ਹਮ ਨੇ ਲਹੋ'॥ ੧੪॥

ਇਹ ਸੁਣ ਕੇ ਗੁਰੂ ਜੀ ਦੇ ਚਰਨ ਕੰਵਲਾਂ ਤੇ ਬੰਦਨਾ ਕੀਤੀ: ਫਿਰ ਵੀ ਚੰਗੀ ਤਰ੍ਹਾਂ ਚਰਨਾਂ ਤੇ ਸਪਰਸ਼ ਕੀਤਾ ਤੇ ਕਿਹਾ, "ਤੁਸੀਂ ਮੇਰੇ ਲੋਕ ਪਰਲੋਕ ਵਿਚ ਸਹਾਇਕ ਹੋ, ਅਸੀਂ ਹੋਰ ਕਿਸੇ ਨੂੰ ਨਹੀਂ ਸਮਝਿਆ ਹੈ"॥੧੪॥

ਨਿਜ ਸੁਤ ਕੋ ਪਾਯੋ ਸ਼ਰਣਾਈ। 'ਪ੍ਰਤਿਪਾਰਹੁ ਮਮ ਸਮ ਇਸ ਤਾਂਈ।
ਹਮ ਰਾਵਰਿ ਕੇ ਅਹੈਂ ਸਦੀਵੇ। ਪਸ਼ਤਨ ਲਗੋਂ ਰਬਾਬੀ ਥੀਵੇ'॥ ੧੫॥

ਆਪਣੇ ਪੁੱਤਰ ਨੂੰ ਸ਼ਰਨ ਵਿਚ ਪਾਇਆ ਤੇ ਕਿਹਾ, "ਇਸ ਦੀ ਵੀ ਮੇਰੇ ਵਾਂਗ ਪਾਲਣਾ ਕਰੋ। ਅਸੀਂ ਆਪ ਜੀ ਦੇ ਸਦਾ ਲਈ ਹੋ ਗਏ ਹਾਂ, ਪੁਸ਼ਤਾਂ ਤੋਂ ਰਬਾਬੀ ਚਲੇ ਆਉਂਦੇ ਹਾਂ॥੧੫॥

ਸੁਨਿ ਸਤਿਗੁਰ ਪੁਨ ਧੀਰਜ ਦੀਨਿ। 'ਹੋਇ ਇਸੀ ਬਿਧਿ' ਕਹਿਬੋ ਕੀਨਿ।
'ਰਹੈ ਰਬਾਬੀ ਨੰਦਨ ਤੇਰੋ। ਲਹੈ ਰਾਗ ਕੋ ਭੇਵ ਬਡੇਰੋ॥ ੧੬॥

ਸਤਿਗੁਰੂ ਜੀ ਨੇ ਸੁਣ ਕੇ ਫਿਰ ਧੀਰਜ ਦਿੱਤਾ, "ਇਸ ਤਰ੍ਹਾਂ ਹੀ ਹੋਵੇਗਾ" ਗੁਰੂ ਜੀ ਨੇ ਕਹਿ ਦਿੱਤਾ, "ਤੇਰਾ ਪੁੱਤਰ ਰਬਾਬੀ ਰਹੇਗਾ, ਰਾਗਾਂ ਦੇ ਵੱਡੇ ਭੇਦ ਸਮਝ ਜਾਵੇਗਾ॥੧੬॥

ਹਮ ਪਾਛੈ ਗੁਰ ਘਰ ਮਹਿਂ ਰਹੈ। ਖਾਨ ਪਾਨ ਤੁਮ ਸਮ ਹੀ ਲਹੈ।
ਇਹ ਭੀ ਚਿੰਤ ਨ ਚਿਤ ਮਹਿਂ ਕਰੀਏ। ਅੰਤ ਸਮਾਂ ਸਤਿਨਾਮ ਸਿਮਰੀਏ॥੧੭॥

ਸਾਡੇ ਬਾਅਦ ਵਿਚ ਵੀ ਗੁਰੂ ਘਰ ਵਿਚ ਰਹੇਗਾ, ਖਾਣ ਪੀਣ ਤੇਰੇ ਵਾਂਗ ਹੀ ਪ੍ਰਾਪਤ ਕਰੇਗਾ। ਇਹ ਵੀ ਚਿੱਤ ਵਿਚ ਚਿੰਤਾ ਨਾ ਕਰੋ ਤੇ ਅੰਤ ਸਮੇਂ ਸਤਿਨਾਮ ਦਾ ਸਿਮਰਨ ਕਰੋ॥੧੭॥

ਥਿਰ ਚਿਤ ਹ੍ਵੈ ਕੈ ਸਦਨ ਪਧਾਰੋ। ਪੌਢਹੁ, ਬਸਨ ਬਦਨ ਪਰ ਧਾਰੋ।
ਤਜਾਗਨਿ ਕਰਹੁ ਸੁਖੈਨ ਸਰੀਰ। ਪੁੱਤ੍ਰ ਬਿਠਾਇ ਆਪਨੇ ਤੀਰ॥ ੧੮॥

ਸਥਿਰ ਚਿੱਤ ਹੋ ਕੇ ਆਪਣੇ ਘਰ ਜਾਵੋ, ਲੰਮੇ ਪੈ ਕੇ ਕਪੜਾ ਮੂੰਹ ਉੱਤੇ ਲੈ ਲਵੋ ਤੇ ਆਸਾਨੀ ਨਾਲ ਸਰੀਰ ਨੂੰ ਛੱਡ ਜਾਵੋ, ਤੇ ਪੁੱਤਰ ਨੂੰ ਆਪਣੇ ਪਾਸ ਬਿਠਾ ਲਵੋ"॥੧੮॥

ਸੁਨਿ ਆਇਸੁ ਸਤਿਗੁਰ ਤੇ ਚਲਜੋ। ਜਾਤੀ ਮਲਕ ਸੰਗ ਪੁਨ ਮਿਲਜੋ।
ਮ੍ਰਿਦੁਲ ਬਾਕ ਕਹਿ 'ਪੈਰੀ ਪਾਨਾ। ਮੈਂ ਅਬਿ ਅਪਨੋ ਕਰੌਂ ਪਯਾਣਾ॥ ੧੯॥

ਸਤਿਗੁਰੂ ਪਾਸੋਂ ਆਗਿਆ ਸੁਣ ਕੇ ਚਲ ਪਿਆ, ਫਿਰ ਜਾਤੀ ਮਲਕ ਨੂੰ ਮਿਲਿਆ। ਕੋਮਲ ਬਚਨ ਕਹੇ, "ਪੈਰੀਂ ਪੈਂਦਾ ਹਾਂ, ਮੈਂ ਹੁਣ ਪਰਲੋਕ ਚਲਿਆ ਹਾਂ॥੧੯॥

ਹੁਤੇ ਹਮਾਰੇ ਭਾਗ ਬਿਲੰਦ। ਜਿਸ ਤੇ ਢਿਗ ਸ੍ਰੀ ਹਰਿ ਗੋਬਿੰਦ'।
ਜਾਤੀ ਮਲਕ ਕਹਜੋ 'ਤੁਵ ਧੰਨ। ਅੰਤ ਸਮੈ ਕਰਿ ਗੁਰੂ ਪ੍ਰਸੰਨ॥ ੨੦॥

ਸਾਡੇ ਵੱਡੇ ਭਾਗ ਸਨ, ਜਿਸ ਦੇ ਪਾਸ ਸ੍ਰੀ ਗੁਰੂ ਹਰਿਗੋਬਿੰਦ ਜੀ ਸਨ।" ਜਾਤੀ ਮਲਕ ਨੇ ਕਿਹਾ, "ਤੂੰ ਧੰਨ ਹੈਂ, ਆਪਣੇ ਅੰਤ ਸਮੇਂ ਗੁਰੂ ਜੀ ਨੂੰ ਪ੍ਰਸੰਨ ਕੀਤਾ ਹੈ॥੨੦॥

ਚਲਜੋ ਚਹੈਂ ਪਰਲੋਕ ਮਝਾਰਾ। ਜਹਿਂ ਕੋ ਗਮਨ ਸਭਿਨਿ ਸਿਰ ਧਾਰਾ।
ਮੈਂ ਤਨ ਤਜਾਗੋਂ ਦੇਰਿ ਨ ਕੋਈ। ਕੇਤਿਕ ਦਿਵਸਨਿ ਆਯੂ ਹੋਈ'॥ ੨੧॥

ਪਰਲੋਕ ਵਿਚ ਜਾਣਾ ਚਾਹੁੰਦੇ ਹੋ, ਜਿਥੇ ਜਾਣਾ ਸਭ ਨੇ ਆਪਣੇ ਸਿਰਾਂ ਤੇ ਧਾਰਨ ਕੀਤਾ ਹੈ। ਮੇਰੇ ਸਰੀਰ ਛੱਡਣ ਵਿਚ ਵੀ ਹੁਣ ਕੋਈ ਦੇਰ ਨਹੀਂ ਹੈ, ਕੁਝ ਦਿਨਾਂ ਦੀ ਉਮਰ ਬਾਕੀ ਬਚੀ ਹੈ"॥੨੧॥

ਪੁਨ ਬਾਬਕ ਸਤਿਸੰਗਤਿ ਸਾਰੀ। ਮਿਲਿ ਮਿਲਿ ਭਲੇ ਬੰਦਨਾ ਧਾਰੀ।
ਲੇ ਸਭਿਹਿਨਿ ਤੇ ਖੁਸ਼ੀ ਬਿਸਾਲਾ। ਲੇ ਸੁਤ ਸੰਗ ਸਦਨ ਕੋ ਚਾਲਾ॥ ੨੨॥

ਫਿਰ ਬਾਬਕ ਨੇ ਸਾਰੀ ਸਤਿਸੰਗਤ ਨੂੰ ਮਿਲ-ਮਿਲ ਕੇ ਭਲੀ ਪ੍ਰਕਾਰ ਬੰਦਨਾ ਕੀਤੀ। ਸਾਰਿਆਂ ਪਾਸੋਂ ਵਿਸ਼ਾਲ ਖੁਸ਼ੀ ਲੈ ਕੇ ਆਪਣੇ ਪੁੱਤਰ ਨੂੰ ਲੈ ਕੇ ਘਰ ਨੂੰ ਚਲਾ ਗਿਆ॥੨੨॥

ਆਇ ਭਾਰਜਾ ਬਹੁ ਸਮੁਝਾਈ। 'ਹਮਰੇ ਸਿਰ ਪਰ ਨਿਤ ਗੁਰ ਸਾਂਈ।
ਕਿਸੀ ਬਾਤ ਕੋ ਨਾਂਹਿ ਅੰਦੇਸ਼ਾ। ਦੁਹ ਲੋਕਨ ਕੇ ਕਟੇ ਕਲੇਸ਼ਾ॥ ੨੩।

ਜਦ ਪਤਨੀ ਆਈ ਤਾਂ ਉਸ ਨੂੰ ਬਹੁਤ ਸਮਝਾਇਆ, 'ਸਾਡੇ ਸਿਰ ਤੇ ਸਦਾ ਮਾਲਕ ਗੁਰੂ ਜੀ ਹਨ। ਕਿਸੇ ਗੱਲ ਦਾ ਕੋਈ ਡਰ ਨਹੀਂ ਹੈ ਇਹ ਦੋਵਾਂ ਲੋਕਾਂ ਭਾਵ ਲੋਕ ਪਰਲੋਕ ਦੇ ਕਲੇਸ਼ ਕੱਟ ਦਿੰਦੇ ਹਨ'॥੨੩॥

ਦੋਇ ਜਾਮ ਨਿਜ ਧਾਮ ਬਿਤਾਏ। ਪੁਨ ਮੁਖ ਕੀ ਦੁਤਿ ਕਛੁ ਕੁਮਲਾਏ।
ਜਾਨਜੋ ਪ੍ਰਾਨ ਅੰਤ ਅਬਿ ਹ੍ਵੈ ਹੈ। ਸੱਤਿਨਾਮ ਸਿਮਰਤਿ ਗੁਨ ਗੈਹੈ॥ ੨੪॥

ਦੋ ਪਹਿਰ ਆਪਣੇ ਘਰ ਵਿਚ ਬਤੀਤ ਕੀਤੇ, ਫਿਰ ਚਿਹਰੇ ਦੀ ਚਮਕ ਕੁਝ ਕੁਮਲਾ ਗਈ, ਇਹ ਜਾਣ ਗਿਆ ਕਿ ਪ੍ਰਾਣਾਂ ਦਾ ਹੁਣ ਅੰਤ ਹੋ ਜਾਵੇਗਾ, ਸਤਿਨਾਮ ਦਾ ਸਿਮਰਨ ਕਰਦਾ ਗੁਣ ਗਾ ਰਿਹਾ ਸੀ॥੨੪॥

ਪਰਜੋ, ਬਦਨ ਪਰ ਬਸਨ ਸੁ ਪਾਯੋ। ਤਤਛਿਨ ਤਨ ਕੋ ਛੋਰਿ ਸਿਧਾਯੋ।
ਅਪਰ ਜਿ ਹੁਤੇ ਡੂਮ ਕੀ ਜਾਤਿ। ਸਕਲ ਬੁਲਾਏ ਕਹਿ ਮ੍ਰਿਦੁ ਬਾਤ॥ ੨੫॥

ਮੁਖ ਉਤੇ ਕਪੜਾ ਲੈ ਕੇ ਲੰਮਾ ਪੈ ਗਿਆ, ਤੁਰਤ ਸਰੀਰ ਨੂੰ ਛੱਡ ਕੇ ਚਲਾ ਗਿਆ। ਹੋਰ ਜਿਹੜੇ ਡੂਮ ਜਾਤੀ ਦੇ ਲੋਕ ਸਨ, ਮਿੱਠੇ ਬਚਨ ਕਰਕੇ ਸਾਰੇ ਬੁਲਾ ਲਏ ਸਨ॥੨੫॥

ਸੈਨਾ ਮਹਿ ਜੇ ਤੁਰਕ ਹਕਾਰੇ। ਸਭਿ ਚਲਿ ਆਏ ਬਾਬਕ ਦ੍ਵਾਰੇ।
ਕ੍ਰਿਯਾ ਮ੍ਰਿਤਕ ਕੀ ਜੇਤਿਕ ਹੋਇ। ਤਾਕੇ ਸੁਤ ਕਰਿਵਾਈ ਸੋਇ॥ ੨੬॥

ਗੁਰੂ ਦੀ ਸੈਨਾ ਵਿਚੋਂ ਜਿਹੜੇ ਤੁਰਕ ਸਨ ਉਨ੍ਹਾਂ ਨੂੰ ਵੀ ਬੁਲਾਇਆ ਸੀ, ਉਹ ਵੀ ਸਾਰੇ ਚਲ ਕੇ ਬਾਬਕ ਦੇ ਦਵਾਰੇ ਤੇ ਪਹੁੰਚ ਗਏ, ਮ੍ਰਿਤਕ ਦੀ ਜਿੰਨੀ ਵੀ ਕ੍ਰਿਆ ਹੁੰਦੀ ਹੈ ਉਸ ਦੇ ਪੁੱਤਰ ਨੇ ਸਾਰੀ ਕਰਵਾਈ॥੨੬॥

ਊਪਰ ਪਾਯੋ ਰੁਚਿਰ ਦੁਸ਼ਾਲਾ। ਲੇ ਨਿਕਸੇ ਬਾਹਿਰ ਤਤਕਾਲਾ।
ਕਬਰ ਖਨਾਇ ਧਰਜੋ ਤਿਸ ਮਾਂਹੀ। ਦਫਨਾਯਹੁ ਜਸੁ ਭਾਖਹਿ ਤਾਂਹੀ॥੨੭॥

ਉਪਰ ਸੁੰਦਰ ਦੁਸ਼ਾਲਾ ਪਾਇਆ ਤੇ ਤੁਰਤ ਬਾਹਰ ਲੈ ਕੇ ਨਿਕਲ ਗਏ। ਕਬਰ ਪੁੱਟ ਕੇ ਉਸ ਵਿਚ ਧਰ ਦਿੱਤਾ, ਉਸ ਦਾ ਜੱਸ ਕਰਕੇ ਦਫਨ ਕਰ ਦਿੱਤਾ॥੨੭॥

*ਨੋਟ : ਗੁਰੂ ਜੀ ਦਾ ਪੂਰਨ ਸਿੱਖ ਹੋਣ ਕਰਕੇ ਮਰਦਾਨੇ ਦਾ ਸਸਕਾਰ ਕੀਤਾ ਸੀ, ਇਸ ਤਰ੍ਹਾਂ ਹੀ ਬਾਬਕ ਵੀ ਗੁਰੂ ਜੀ ਦਾ ਪੂਰਨ ਵਿਸ਼ਵਾਸੀ ਸੀ, ਗੁਰੂ ਜੀ ਉਸ ਦੇ ਲੋਕ ਪਰਲੋਕ ਦੇ ਸਹਾਇਕ ਸਨ, ਇਸ ਲਈ ਉਸ ਦਾ ਵੀ ਸਸਕਾਰ ਕੀਤਾ ਗਿਆ ਸੀ, ਕੀਰਤਪੁਰ ਵਿਚ ਉਸਦੀ ਕਬਰ ਦਾ ਕਿਤੇ ਵੀ ਨਿਸ਼ਾਨ ਨਹੀਂ ਹੈ।*

ਗੁਰ ਪ੍ਰਸੰਨ ਕਰਿ ਅੰਤ ਸਮੈਂ ਇਹ। ਸ਼ੁਭ ਗਤਿ ਪਾਈ ਸੰਸੇ ਕੋ ਨਹਿ।
ਇਸ ਪ੍ਰਕਾਰ ਕਰਿ ਤਾਂਹਿ ਚਲਾਨਾ। ਪੀਛੇ ਕ੍ਰਿਯਾ ਕਰੀ ਕੁਲ, ਨਾਂਨਾ॥੨੮॥

ਅੰਤ ਸਮੇਂ ਗੁਰੂ ਜੀ ਨੂੰ ਪ੍ਰਸੰਨ ਕਰਕੇ ਉਸ ਨੇ ਸ਼ੁਭ ਗਤੀ ਪਾਈ ਤੇ ਕਿਸੇ ਪ੍ਰਕਾਰ ਦਾ ਸ਼ੰਕਾ ਨਾ ਰਿਹਾ, ਇਸ ਪ੍ਰਕਾਰ ਚਲਾਣਾ ਕਰਕੇ ਬਾਅਦ ਵਿਚ ਵੱਖ-ਵੱਖ ਪ੍ਰਕਾਰ ਦੀਆਂ ਕ੍ਰਿਆਵਾਂ ਕੀਤੀਆਂ ਗਈਆਂ॥੨੮॥

ਕੇਤਿਕ ਦਿਵਸ ਬਿਤੇ ਜਬਿ ਮਰੇ। ਤਿਸ ਕੇ ਪੁੱਤ੍ਰਨਿ ਸਭਿ ਬਿਧਿ ਕਰੇ।
ਤਬਿ ਸਤਿਗੁਰੂ ਆਛੇ ਦਿਨ ਜਾਨਿ। ਬਿਨਾ ਕੀਰਤਨ ਰਹਤਿ ਦਿਵਾਨ॥੨੯॥

ਜਦ ਮਰੇ ਨੂੰ ਕਈ ਦਿਨ ਬੀਤ ਗਏ, ਉਸ ਦੇ ਪੁੱਤਰ ਨੇ ਸਭ ਵਿਧੀਆਂ ਅਨੁਸਾਰ ਰਸਮਾਂ ਕੀਤੀਆਂ। ਫਿਰ ਸਤਿਗੁਰੂ ਜੀ ਨੇ ਇਕ ਚੰਗਾ ਦਿਨ ਜਾਣਿਆ ਕਿਉਂਕਿ ਦੀਵਾਨ ਕੀਰਤਨ ਤੋਂ ਬਗੈਰ ਰਹਿੰਦਾ ਸੀ॥੨੯॥

ਧਨ ਦਸਤਾਰ ਬਿਸਾਲ ਦੁਸ਼ਾਲਾ। ਦੇ ਕਰਿ ਬਿੱਪ੍ਰ ਹਾਥ ਤਬਿ ਘਾਲਾ।
ਚਤੁਰ ਸੁਤਨਿ ਕੋ ਦੇਕਰਿ ਧੀਰ। 'ਇਹ ਸਭਿ ਬਿਨਸਨ ਹਾਰ ਸਰੀਰ॥ ੩੦॥

ਤਦ ਗੁਰੂ ਜੀ ਨੇ ਧਨ, ਦਸਤਾਰ ਅਤੇ ਵੱਡਾ ਦੁਸ਼ਾਲਾ ਬ੍ਰਾਹਮਣ ਦੇ ਹੱਥ ਦੇ ਕੇ ਭੇਜਿਆ। ਬਾਬਕ ਦੇ ਚਤੁਰ ਪੁੱਤਰ ਨੂੰ ਧੀਰਜ ਦਿੱਤਾ, "ਇਹ ਸਭ ਵਿਨਸਾਨ ਨਾਸ਼ ਹੋਣ ਵਾਲੇ ਹਨ॥੩੦॥

ਅਬਿ ਇਹੁ ਸਿਰੋਪਾਉ ਗੁਰ ਦੀਨਾ। ਸਿਰ ਪਰ ਬੰਧਹੁ ਪਾਗ ਨਵੀਨਾ।
ਸ਼ੋਕ ਤਜਹੁ ਅਰੁ ਭਜਹੁ ਸੁ ਨਾਮੁ। ਗੁਰ ਕੋ ਸੇਵ ਬਸਹੁ ਨਿਜ ਧਾਮ॥ ੩੧॥

ਹੁਣ ਇਹ ਸਿਰੋਪਾ ਗੁਰੂ ਜੀ ਨੇ ਦਿੱਤਾ ਹੈ ਤੇ ਸਿਰ ਤੇ ਨਵੀਂ ਪੱਗ ਬੰਨ੍ਹੋ। ਦੁੱਖ ਛੱਡੋ ਤੇ ਪ੍ਰਭੂ ਦਾ ਨਾਮ ਜਪੋ, ਗੁਰੂ ਜੀ ਦੀ ਸੇਵਾ ਕਰਦੇ ਆਪਣੇ ਘਰ ਵਿਚ ਵੱਸੋ॥੩੧॥

ਊਪਰ ਸੁੰਦਰ ਲੇਹੁ ਦੁਸ਼ਾਲਾ। ਕਰਹੁ ਕੀਰਤਨ ਸਭਾ ਬਿਸਾਲਾ'।
ਸੁਨਿਕੈ ਬਾਕ ਦੇਖਿ ਗੁਰ ਦਯਾ। ਮਨ ਤੇ ਸ਼ੋਕ ਸਭਿਨਿ ਤਜਿ ਦਯਾ॥ ੩੨॥

ਉਪਰ ਸੁੰਦਰ ਦੁਸ਼ਾਲਾ ਲੈ ਕੇ, ਸਭਾ ਵਿਚ ਵਿਸ਼ਾਲ ਕੀਰਤਨ ਕਰੋ' ਇਹ ਬਚਨ ਸੁਣਕੇ ਤੇ ਗੁਰੂ ਜੀ ਦੀ ਦਇਆ ਵੇਖ ਕੇ ਮਨ ਤੋਂ ਸਾਰਾ ਸ਼ੋਕ ਛੱਡ ਦਿੱਤਾ॥੩੨॥

ਸਿਰ ਪਰ ਬਾਂਧੀ ਪਾਗ ਬਨਾਇ। ਆਛੇ ਬਸਤ੍ਰ ਪਹਿਰਿ ਹਰਿਖਾਇ।
ਲੇ ਕਰਿ ਸਾਜ ਪਿਤਾ ਸਮ ਗਏ। ਸਭਾ ਬਿਖੈ ਗੁਰ ਦਰਸ਼ਨ ਲਿਏ॥ ੩੩॥

ਸਿਰ ਉਤੇ ਚੰਗੀ ਤਰ੍ਹਾਂ ਪੱਗ ਬੰਨ੍ਹੀ ਤੇ ਚੰਗੇ ਕਪੜੇ ਪਾ ਕੇ ਪ੍ਰਸੰਨ ਹੋ ਗਿਆ। ਸਾਜ ਲੈ ਕੇ ਪਿਤਾ ਜੀ ਵਾਂਗ ਗਿਆ ਤੇ ਸਭਾ ਵਿਚ ਜਾ ਕੇ ਗੁਰੂ ਜੀ ਦੇ ਦਰਸ਼ਨ ਕੀਤੇ॥੩੩॥

ਖਰੇ ਹੋਇ ਕੈ ਕਰੀ ਕਲ੍ਯਾਨ। 'ਗੁਰ ਸਾਹਿਬ ਸੋਢੀ ਸੁਲਤਾਨ।
ਸ੍ਰੀ ਗੁਰ ਰਾਮਦਾਸ ਕੋ ਪੋਤਾ। ਦੀਨ ਦੁਨੀ ਥੰਭਿ ਭਾਰ ਖਲੋਤਾ॥ ੩੪॥

ਖੜੇ ਹੋ ਕੇ ਗੁਰੂ ਜੀ ਦੀ ਉਸਤਤਿ ਕੀਤੀ, "ਗੁਰੂ ਸਾਹਿਬ ਸੋਢੀ ਸੁਲਤਾਨ ਹਨ, ਸ੍ਰੀ ਗੁਰੂ ਰਾਮਦਾਸ ਜੀ ਦੇ ਪੋਤੇ ਹਨ, ਦੀਨ ਦੁਨੀਆਂ ਇਸ ਥੰਭੇ ਦੇ ਭਾਰ ਤੇ ਖਲੋਤੀ ਹੈ॥੩੪॥

ਸ੍ਰੀ ਅਰਜਨ ਸੁਤ ਜੋਧਾ ਬਲੀ। ਤੁਰਕ ਮਾਰ ਕਰਿ ਕੀਰਤਿ ਭਲੀ।
ਪੀਰੀ ਮੀਰੀ ਕੋ ਬਡ ਥੰਭਾ। ਪਿਖਿ ਪ੍ਰਾਕ੍ਰਮ ਸਭਿ ਜਗਤ ਅਚੰਭਾ॥ ੩੫॥

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪੁੱਤਰ ਵੱਡਾ ਮਹਾਂਬਲੀ ਜੋਧਾ ਹੈ, ਤੁਰਕ ਮਾਰ ਕੇ ਭਲੀ ਕੀਰਤੀ ਪਾਈ ਹੈ। ਪੀਰੀ ਮੀਰੀ ਦਾ ਵੱਡਾ ਥੰਮ੍ਹ ਹੈ। ਇਨ੍ਹਾਂ ਦਾ ਪ੍ਰਾਕਰਮ ਵੇਖ ਕੇ ਸਾਰਾ ਜਹਾਨ ਹੈਰਾਨ ਰਹਿ ਗਿਆ ਹੈ॥੩੫॥

ਮੁਗਲਸਖਾਨ ਜੰਗ ਕਰਿ ਮਾਰਜੋ। ਅਬਦੁਲ ਖਾਂ ਜੁਤਿ ਚਮੂ ਸੰਘਾਰਜੋ।
ਲਲਾਬੇਗ ਸਹਿ ਕੰਬਰ ਘਾਤੀ। ਸ਼ਾਹੁ ਜਹਾਂ ਕੀ ਦਾਹਸਿ ਛਾਤੀ॥ ੩੬॥

ਮੁਖਲਸ ਖਾਨ ਨੂੰ ਜੰਗ ਕਰਕੇ ਮਾਰਿਆ ਸੀ, ਅਬਦੁਲ ਖਾਂ ਨੂੰ ਸੈਨਾ ਸਮੇਤ ਹੀ ਵਿਨਾਸ਼ ਕਰ ਦਿੱਤਾ ਸੀ, ਲਲਾਬੇਗ ਕੰਬਰ ਬੇਗ ਸਹਿਤ ਮਾਰਿਆ ਸੀ, ਸ਼ਾਹ ਜਹਾਨ ਦੀ ਛਾਤੀ ਸਾੜ ਦਿੱਤੀ॥੩੬॥

ਲੂਣਹਰਾਮੀ ਪੈਂਦਾ ਘਾਯੋ। ਪ੍ਰਤਿਪਾਲਕ ਸੋ ਲਰਿਬੇ ਆਯੋ।
ਅਰਜੋ ਨ ਸ਼ੱਤ੍ਰੂ ਸਕਲ ਹੀ ਮਾਰੇ। ਮੋਨ ਸ਼ਾਹੁ ਭਾ ਮਾਨੀ ਹਾਰੇ॥ ੩੭॥

ਲੂਣਹਰਾਮੀ ਪੈਂਦੇ ਨੂੰ ਮਾਰਿਆ, ਜਿਹੜਾ ਆਪਣੇ ਪਾਲਣਹਾਰੇ ਨਾਲ ਲੜਨ ਆਇਆ ਸੀ। ਕੋਈ ਵੀ ਵੈਰੀ ਨਾ ਅੜਿਆ, ਸਾਰੇ ਹੀ ਮਾਰ ਦਿੱਤੇ। ਬਾਦਸ਼ਾਹ ਚੁੱਪ ਹੋ ਗਿਆ ਤੇ ਹੰਕਾਰੀ ਨੇ ਆਪਣੀ ਹਾਰ ਮੰਨ ਲਈ॥੩੭॥

ਕੋ ਕੋ ਗੁਨ ਰਾਵਰ ਕੇ ਕਹੈਂ। ਸ਼ੇਸ਼ ਸਾਰਦਾ ਅੰਤ ਨ ਲਹੈਂ।
ਗੁਰ ਜਸੁ ਕਹਿ ਬੈਠੇ ਦਰਬਾਰ। ਲਗੇ ਕੀਰਤਨ ਕਰਨਿ ਉਦਾਰ॥ ੩੮॥

ਆਪ ਜੀ ਦੇ ਕਿਹੜੇ-ਕਿਹੜੇ ਗੁਣ ਨੂੰ ਕਹੀਏ, ਸ਼ੇਸ਼ਨਾਗ ਤੇ ਸ਼ਾਰਦਾ ਵੀ ਇਨ੍ਹਾਂ ਦਾ ਅੰਤ ਨਹੀਂ ਪਾ ਸਕਦੇ।" ਗੁਰੂ ਜੀ ਦਾ ਜੱਸ ਕਹਿ ਕੇ ਦਰਬਾਰ ਵਿਚ ਬੈਠ ਗਿਆ ਤੇ ਉੱਤਮ ਕੀਰਤਨ ਕਰਨ ਲੱਗਾ॥੩੮॥

ਭਾਂਤਿ ਭਾਂਤਿ ਕੇ ਰਾਗਨਿ ਗਾਇ। ਸਭਾ ਸਹਿਤ ਗੁਰੁ ਲਏ ਰਿਝਾਇ।
ਕਰੀ ਮੌਜ ਤਿਨ ਕੌ ਤਤਕਾਲਾ। ਰਿਦੈ ਅਨੰਦਤਿ ਭਏ ਬਿਸਾਲਾ॥ ੩੯॥

ਭਾਂਤ-ਭਾਂਤ ਦੇ ਰਾਗ ਗਾਉਂਦਾ ਸੀ, ਸਭਾ ਸਹਿਤ ਗੁਰੂ ਜੀ ਨੂੰ ਪ੍ਰਸੰਨ ਕਰ ਲਿਆ। ਤੁਰਤ ਉਨ੍ਹਾਂ ਦੇ ਮਨ ਮੋਹ ਲਏ ਤੇ ਹਿਰਦੇ ਵਿਚ ਬਹੁਤ ਪ੍ਰਸੰਨ ਹੋ ਗਏ॥੩੯॥

ਇਸੀ ਭਾਂਤਿ ਨਿਜ ਪਿਤ ਕੀ ਨਜਾਈ। ਲਗੇ ਕੀਰਤਨ ਕਰਨਿ ਬਨਾਈ।
ਨਿਤ ਆਵਹਿਂ ਗੁਰ ਕੇ ਦਰਬਾਰ। ਚੌਂਕੀ ਕਰਤੇ ਸੰਝ ਸਕਾਰ॥ ੪੦॥

ਇਸ ਤਰ੍ਹਾਂ ਆਪਣੇ ਪਿਤਾ ਜੀ ਵਾਂਗ, ਚੰਗੀ ਤਰ੍ਹਾਂ ਕੀਰਤਨ ਕਰਨ ਲੱਗ ਗਿਆ। ਸਦਾ ਗੁਰੂ ਜੀ ਦੇ ਦਰਬਾਰ ਵਿਚ ਆਉਂਦਾ ਸੀ ਤੇ ਸ਼ਾਮ ਸਵੇਰੇ ਚੌਂਕੀ ਭਰਦਾ ਸੀ॥੪੦॥

*ਅੱਠਵੀਂ ਰਾਸ ਦਾ ਅੱਠਤਾਲੀਵਾਂ ਅਧਿਆਇ ਸਮਾਪਤ ਹੋਇਆ॥੪੮॥*

## ਅਧਿਆਇ ਉਣੰਜਵਾਂ

*ਜਾਤੀ ਮਲਕ ਪ੍ਰਤਿ ਉਪਦੇਸ਼*

ਦੋਹਰਾ- ਇਸ ਪ੍ਰਕਾਰ ਸ੍ਰੀ ਸਤਿਗੁਰੂ ਸਮਾ ਬਿਤਾਵਨ ਕੀਨਿ।
ਨੰਮ੍ਰੀ ਸ੍ਰੀ ਹਰਿਰਾਇ ਪਿਖਿ ਕਰਹਿਂ ਸਨੇਹ ਨਵੀਨ॥ ੧॥

ਇਸ ਪ੍ਰਕਾਰ ਸ੍ਰੀ ਸਤਿਗੁਰੂ ਜੀ ਨੇ ਸਮਾਂ ਬਤੀਤ ਕੀਤਾ। ਸ੍ਰੀ ਹਰਿਰਾਇ ਜੀ ਨੂੰ ਵੇਖ ਕੇ ਨਿੰਮ੍ਰ ਹੋ ਜਾਂਦੇ ਤੇ ਨਵੀਨ ਪਿਆਰ ਕਰਦੇ ਸਨ॥੧॥

ਚੌਪਈ- ਅਪਨਿ ਸਮਾਂ ਤਨ ਤਜਨ ਪਛਾਨਾ। ਬੀਤਤਿ ਬਾਸਰ ਹੁਇ ਨਿਯਰਾਨਾ।
ਗੁਰਤਾ ਦਈ ਚਹੈਂ ਨਿਜ ਪੋਤੇ। ਲਖਿ ਕਰਿ ਧੀਰ ਆਦਿ ਗੁਨ ਪੋਤੇ॥੨॥

ਆਪਣਾ ਸਰੀਰ ਛੱਡਣ ਦਾ ਸਮਾਂ ਪਛਾਣਿਆ, ਉਮਰ ਦੇ ਦਿਨ ਬੀਤ ਗਏ ਤੇ ਤਨ ਛੱਡਣ ਦਾ ਸਮਾਂ ਨੇੜੇ ਹੁੰਦਾ ਪਛਾਣਿਆ। ਆਪਣੇ ਪੋਤਰੇ ਨੂੰ ਗੁਰਗੱਦੀ ਦੇਣੀ ਚਾਹੁੰਦੇ ਸਨ, ਆਪਣੇ ਪੋਤਰੇ ਵਿਚ ਧੀਰਜ ਆਦਿ ਗੁਣਾਂ ਦਾ ਜਹਾਜ਼ ਵੇਖਿਆ ਹੈ॥੨॥

ਦਿਨ ਪ੍ਰਤਿ ਦਾਨ ਦੇਤਿ ਦਿਜ ਦੀਨ। ਦਰਬ ਜਵਾਹਿਰ ਕੀਮਤਿ ਪੀਨ।
ਬਰਨ ਬਰਨ ਕੇ ਬਸਤ੍ਰ ਨਵੀਨ। ਬਲੀ ਤੁਰੰਗ ਪਾਇ ਕਰਿ ਜ਼ੀਨ॥ ੩॥

ਦਿਨ ਪ੍ਰਤਿ ਬ੍ਰਾਹਮਣਾਂ ਅਤੇ ਗ਼ਰੀਬਾਂ ਨੂੰ ਦਾਨ ਦਿੰਦੇ ਹਨ, ਭਾਰੀ ਮੁਲ ਦੇ ਹੀਰੇ ਜਵਾਹਰਾਤ ਵੰਡਦੇ ਹਨ। ਰੰਗ-ਬਰੰਗੇ ਨਵੇਂ ਕਪੜੇ ਤੇ ਬਲਵਾਨ ਘੋੜੇ ਕਾਠੀਆਂ ਪਾ ਕੇ ਦਿੰਦੇ ਹਨ॥੩॥

ਗੁਰ ਕਰ ਤੇ ਪੂਰਬ ਖਰ ਧਾਰਾ। ਕਰਵਾਰਨ ਕੀ ਬਹੀ ਉਦਾਰਾ।
ਜਿਸਹਿ ਪਾਇ ਕਾਇਰ ਬਹਿ ਗਏ। ਤਰ ਕਰਿ ਸੂਰ ਸੁਰਗ ਕੋ ਗਏ॥ ੪॥

ਗੁਰੂ ਜੀ ਹੱਥਾਂ ਨਾਲ ਜਿਵੇਂ ਪਹਿਲੇ ਤਿਖੀਆਂ ਤਲਵਾਰਾਂ ਦੀ ਧਾਰਾ ਬਹੁਤ ਵਗੀ ਸੀ, ਜਿਸ ਨੂੰ ਪਾ ਕੇ ਕਾਇਰ ਮਾਰੇ ਗਏ ਸਨ ਤੇ ਸੂਰਮੇ ਤਰ ਕੇ ਸਵਰਗਾਂ ਨੂੰ ਚਲੇ ਗਏ ਸਨ॥੪॥

ਤਥਾ ਦਾਨ ਧਾਰਾ ਗੁਰ ਕਰ ਕੀ। ਨਿਸ ਦਿਨ ਚਲੀ ਜਾਤਿ ਇਕਸਰ ਕੀ।
ਦੀਨਨਿ ਕੋ ਦਾਰਿਦ ਬਹਿ ਗਯੋ। ਦਸਹੂੰ ਦਿਸ਼ਿ ਜਸੁ ਤੇ ਭਰਿ ਗਯੋ॥ ੫॥

ਉਸ ਤਰ੍ਹਾਂ ਹੀ ਗੁਰੂ ਜੀ ਦੀ ਦਾਨ ਦੀ ਧਾਰਾ ਰਾਤ ਦਿਨ ਇਕਸਾਰ ਚਲੀ ਜਾਂਦੀ ਸੀ। ਗ਼ਰੀਬਾਂ ਦਾ ਦਲਿਦਰ ਜਾਂਦਾ ਰਿਹਾ, ਤੇ ਦਸੇ ਦਿਸ਼ਾਵਾਂ ਜੱਸ ਨਾਲ ਭਰ ਗਈਆਂ॥੫॥

ਅਧਿਕ ਦਾਰਿਦੀ ਜੇ ਚਲਿ ਆਵੈਂ। ਪਹਿਰ ਬਿਭੂਖਨ ਤੁਰੰਗ ਨਚਾਵੈਂ।
ਜਬਿ ਅਪਨੇ ਘਰਿ ਪਹੁੰਚਹਿਂ ਜਾਇ। ਸਨਬੰਧੀ ਜੇ ਹੈਂ ਸਮੁਦਾਇ॥ ੬॥

ਜਿਹੜੇ ਬਹੁਤੇ ਗ਼ਰੀਬ ਚਲ ਕੇ ਆਉਂਦੇ ਸਨ, ਉਹ ਗਹਿਣੇ ਪਾ ਕੇ ਘੋੜੇ ਨਚਾਉਂਦੇ ਸਨ। ਜਦ ਆਪਣੇ ਘਰ ਜਾ ਕੇ ਪਹੁੰਚਦੇ ਸਨ ਤੇ ਜਿਹੜੇ ਸਾਕ ਸੰਬੰਧੀ ਸਨ॥੬॥

ਤਿਨ ਤੇ ਤੁਰਤ ਨ ਹੋਇ ਚਿਨਾਰੀ। ਦੇਖਿ ਬੇਸ਼ ਕੋ ਦੇਹਿਂ ਬਿਸਾਰੀ।
ਕੇਤਿਕ ਸੈਨ ਬਨਾਇ ਸਿਧਾਵੈਂ। ਬਡੇ ਮੋਲ ਪਟ ਤੁਰੰਗ ਲਿਜਾਵੈਂ॥ ੭॥

ਉਨ੍ਹਾਂ ਪਾਸੋਂ ਤੁਰਤ ਨਹੀਂ ਸੀ ਪਹਿਚਾਣੇ ਜਾਂਦੇ, ਭੇਸ ਨੂੰ ਵੇਖ ਕੇ ਵਿਸਾਰ ਦਿੰਦੇ ਸਨ। ਕਈਆਂ ਨੂੰ ਸੈਨਕ ਬਣਾ ਕੇ ਭੇਜ ਦਿੰਦੇ ਸਨ। ਵੱਡੇ ਮੁੱਲ ਦੇ ਕਪੜੇ ਅਤੇ ਘੋੜੇ ਲੈ ਕੇ ਜਾਂਦੇ ਸਨ॥੭॥

ਤਿਨਹੁਂ ਹੇਰ ਕਰਿ ਜੇ ਲਘੁ ਗ੍ਰਾਮ। ਭਾਜਾਹਿਂ ਤਜਾਗ ਭਰੇ ਧਨੁ ਧਾਮੁ।
ਤਿਨ ਸੋਂ ਊਚੇ ਕਹੈਂ ਸੁਨਾਇ। 'ਹਮ ਕੋ ਦੇਖਤਿ ਨਹੀਂ ਪਲਾਇ॥ ੮॥

ਤਿਨ੍ਹਾਂ ਨੂੰ ਵੇਖ ਕੇ ਜਿਹੜੇ ਛੋਟੇ ਪਿੰਡਾਂ ਦੇ ਲੋਕ ਸਨ, ਉਹ ਧਨ ਨਾਲ ਭਰੇ ਘਰ ਛੱਡ ਕੇ ਭੱਜ ਜਾਂਦੇ ਸਨ। ਉਨ੍ਹਾਂ ਨੂੰ ਉੱਚੀ ਦਿੱਤੀ ਕਹਿ ਕੇ ਸੁਣਾਉਂਦੇ ਸਨ, "ਸਾਨੂੰ ਵੇਖ ਕੇ ਨਾ ਭੱਜੋ॥੮॥

ਸ੍ਰੀ ਹਰਿਗੋਵਿੰਦ ਜੋਧਾ ਭਾਰੀ। ਹਮ ਤਿਸ ਕੇ ਚਲ ਜਾਹਿਂ ਭਿਖਾਰੀ'।
ਜੋ ਜਿਸ ਸਮੈਂ ਆਇ ਜਸੁ ਕਹੈ। ਦਰਬ ਤੁਰੰਗ ਬਸਨ ਕੋ ਲਹੈ॥ ੯॥

ਸ੍ਰੀ ਗੁਰੂ ਹਰਿਗੋਬਿੰਦ ਜੀ ਵੱਡੇ ਭਾਰੀ ਜੋਧੇ ਹਨ, ਅਸੀਂ ਉਨ੍ਹਾਂ ਦੇ ਪਾਸ ਭਿਖਾਰੀ ਬਣ ਕੇ ਗਏ ਸੀ।" ਜਿਹੜਾ ਵੀ ਜਿਸ ਸਮੇਂ ਆ ਕੇ ਜੱਸ ਕਹਿੰਦਾ ਸੀ, ਧਨ, ਘੋੜੇ ਅਤੇ ਵਸਤਰਾਂ ਨੂੰ ਲੈਂਦਾ ਸੀ॥੯॥

ਅਵਦੁਲ ਨੱਥਾ ਰਣ ਕੀ ਵਾਰ। ਕਰੀ ਬਨਾਵਨਿ ਸਕਲ ਸੁਧਾਰਿ।
ਜਿਮ ਸੰਘਰ ਘਾਲਜੋ ਘਮਸਾਨ। ਮਾਰੇ ਸੱਯਦ ਮੁਗ਼ਲ ਪਠਾਨ॥ ੧੦॥

ਅਬਦੁਲ ਨੱਥਾ ਢਾਡੀ ਨੇ ਗੁਰੂ ਜੀ ਦੇ ਚਾਰੇ ਯੁੱਧਾਂ ਦੀ ਵਾਰ ਚੰਗੀ ਤਰ੍ਹਾਂ ਸਵਾਰ ਕੇ ਬਣਾਈ ਹੈ। ਜਿਵੇਂ ਘਮਸਾਣ ਦੇ ਯੁੱਧ ਹੋਏ ਹਨ ਤੇ ਸੱਯਦ ਮੁਗਲ ਤੇ ਪਠਾਣ ਮਾਰੇ ਸਨ॥੧੦॥

*ਨੋਟ : ਇਹ ਹੋ ਸਕਦਾ ਹੈ ਕਵੀ ਜੀ ਨੇ ਉਸ ਵਾਰ ਤੋਂ ਵੀ ਕੁਝ ਮਸਾਲਾ ਲਿਆ ਹੋਵੇ, ਉਹ ਵਾਰ ਹੁਣ ਉਪਲਬਧ ਨਹੀਂ ਹੈ, ਇਸ ਬਾਰੇ ਖੋਜ ਕਰਨ ਦੀ ਲੋੜ ਹੈ।*

ਫਤੇ ਲਈ ਹਤਿ ਕਰਿ ਤੁਰਕਾਨਾ। ਹਨੇ ਡੰਕ ਰਣਜੀਤ ਨਿਸ਼ਾਨਾ।
ਗੁਰ ਆਗੇ ਥਿਰ ਹੋਇ ਸੁਨਾਈ। ਸੁਨਿ ਕਰ ਦਾਨ ਦੀਨ ਸਮੁਦਾਈ॥ ੧੧ ॥

ਤੁਰਕਾਂ ਨੂੰ ਮਾਰ ਕੇ ਫਤਹਿ ਪ੍ਰਾਪਤ ਕੀਤੀ, ਰਣ ਦੀ ਜਿੱਤ ਦੇ ਡੰਕੇ ਤੇ ਨਿਸ਼ਾਨ ਵਜਾ ਕੇ ਤੁਰਕ ਮਾਰੇ ਹਨ। ਗੁਰੂ ਜੀ ਦੇ ਅੱਗੇ ਖਲੋ ਕੇ ਵਾਰ ਸੁਣਾਉਂਦੇ ਹਨ। ਗੁਰੂ ਜੀ ਸੁਣ ਕੇ ਸਭ ਨੂੰ ਦਾਨ ਦਿੰਦੇ ਹਨ॥੧੧॥

ਗਜ ਤੁਰੰਗ ਊਪਰ ਸੁਭ ਜ਼ੀਨ। ਕੰਚਨ ਕੰਕਨ ਜਟਤਿ ਨਵੀਨ।
ਸੁੰਦਰ ਬਸਤ੍ਰ ਬਰਨ ਬਹੁ ਕੇਰੇ। ਦਿਯੋ ਸੰਗ ਬਹੁ ਦਰਬ ਘਨੇਰੇ॥ ੧੨ ॥

ਹਾਥੀ ਘੋੜਿਆਂ ਉਪਰ ਕਾਠੀਆਂ ਪਾ ਕੇ ਜਿਹੜੀਆਂ ਨਵੇਂ ਸੋਨੇ ਦੇ ਕੰਗਣਾਂ ਨਾਲ ਜੜੀਆਂ ਸਨ ਤੇ ਭਿੰਨ-ਭਿੰਨ ਰੰਗਾਂ ਦੇ ਸੁੰਦਰ ਵਸਤਰ ਤੇ ਨਾਲ ਬਹੁਤ ਧਨ ਦਿੰਦੇ ਸਨ॥੧੨॥

ਫੁਰਮਾਯਹੁ 'ਸਿਖ ਸੰਗਤਿ ਮਾਂਹੀ। ਕਰਹੁ ਸੁਨਾਵਨਿ ਮੁਦ ਉਪਜਾਈ।
ਤੁਮ ਕੋ ਦੈ ਹੈਂ ਦਰਬ ਘਨੇਰਾ। ਸੁਨਹਿ ਪੰਥ ਚਾਲਹਿ ਜਗੁ ਮੇਰਾ' ॥ ੧੩ ॥

ਗੁਰੂ ਜੀ ਨੇ ਫੁਰਮਾਇਆ, "ਇਹ ਵਾਰ ਸਿੱਖ ਸੰਗਤ ਵਿਚ ਸੁਣਾ ਕੇ ਪ੍ਰਸੰਨਤਾ ਉਤਪੰਨ ਕਰੋ, ਤੁਹਾਨੂੰ ਬਹੁਤ ਧਨ ਦੇਵਾਂਗੇ, ਇਸ ਵਾਰ ਨੂੰ ਸੁਣ ਕੇ ਜੱਗ ਵਿਚ ਮੇਰਾ ਪੰਥ ਚਲੇ" ॥੧੩॥

ਇਸਤੇ ਆਦਿ ਦਾਨ ਬਿਧਿ ਨਾਨਾ। ਕਰਹਿਂ ਨਿਤਾ ਪ੍ਰਤਿ ਗੁਰੂ ਮਹਾਨਾ।
ਦੂਰ ਦੇਸ਼ ਤੇ ਜਾਚਕ ਆਵੈਂ। ਸੁਨਿ ਸੁਨਿ ਜਸੁ ਨਿਜ ਘਰ ਤੇ ਧਾਵੈਂ॥ ੧੪ ॥

ਇਸ ਤੇ ਆਦਿ ਵੀ ਕਈ ਪ੍ਰਕਾਰ ਦਾਨ ਦਿੰਦੇ ਸਨ, ਮਹਾਨ ਗੁਰੂ ਜੀ ਨਿਤਾਪ੍ਰਤੀ ਦਾਨ ਕਰਦੇ ਸਨ। ਦੂਰ-ਦੂਰ ਦੇ ਦੇਸ਼ਾਂ ਤੋਂ ਮੰਗਤੇ ਆਉਂਦੇ ਸਨ, ਜੱਸ ਸੁਣ-ਸੁਣ ਕੇ ਆਪਣੇ ਘਰਾਂ ਤੋਂ ਭੱਜ ਉਠਦੇ ਸਨ॥੧੪॥

ਲੇਤਿ ਦਾਨ ਕੋ ਜਸੁ ਉਪਜਾਇ। ਦੇਤਿ ਅਸੀਸਨਿ ਸ੍ਰੀ ਗੁਰ ਰਾਇ।
ਇਕ ਦਿਨ ਬੈਠੇ ਸਭਾ ਮਝਾਰੀ। ਜਾਤੀ ਮਲਕ ਬਿੱਪ੍ਰ ਗੁਨ ਭਾਰੀ॥ ੧੫ ॥

ਦਾਨ ਲੈ ਕੇ ਜੱਸ ਕਰਦੇ ਸਨ, ਤੇ ਗੁਰੂ ਜੀ ਨੂੰ ਅਸੀਸਾਂ ਦਿੰਦੇ ਸਨ। ਇਕ ਦਿਨ ਗੁਰੂ ਜੀ ਸਭਾ ਵਿਚ ਬੈਠੇ ਸਨ, ਜਾਤੀ ਮਲਕ ਬ੍ਰਾਹਮਣ ਜਿਹੜਾ ਭਾਰੀ ਗੁਣਾਂ ਦਾ ਮਾਲਕ ਸੀ॥੧੫॥

ਸਤਿਗੁਰ ਘਰ ਕੋ ਪ੍ਰੋਹਤ ਅਹੈ। ਆਯੁਧਧਾਰੀ ਹ੍ਵੈ ਢਿਗ ਰਹੈ।
ਰਣ ਮਹਿਂ ਕੀਨੇ ਪ੍ਰਾਕ੍ਰਮ ਭਾਰੇ। ਸ਼ੱਤ੍ਰੂ ਤੁਰਕ ਅਨੇਕ ਸੰਘਾਰੇ॥ ੧੬ ॥

ਉਹ ਸਤਿਗੁਰੂ ਜੀ ਦੇ ਘਰ ਦਾ ਪ੍ਰੋਹਤ ਸੀ, ਸ਼ਸਤਰਧਾਰੀ ਹੋ ਕੇ ਗੁਰੂ ਜੀ ਦੇ ਨਾਲ ਰਿਹਾ ਸੀ। ਰਣਖੇਤਰ ਵਿਚ ਵੱਡੇ-ਵੱਡੇ ਕਾਰਨਾਮੇ ਕੀਤੇ ਸਨ ਤੇ ਅਨੇਕਾਂ ਹੀ ਵੈਰੀ ਤੁਰਕਾਂ ਨੂੰ ਮਾਰਿਆ ਸੀ॥੧੬॥

ਪੂਰਬ ਗੁਰ ਢਿਗ ਸਿੰਘਾ ਨਾਮ। ਸੋ ਭੀ ਲਰਤ ਰਹਯੋ ਰਣ ਧਾਮ।
ਤਿਸ ਪੀਛੈ ਇਹੁ ਭਾ ਸਵਧਾਨ। ਚਢਹਿ ਤੁਰੰਗ ਬੀਰ ਬਲਵਾਨ॥ ੧੭ ॥

ਪਹਿਲਾਂ ਗੁਰੂ ਜੀ ਪਾਸ ਇਕ ਸਿੰਘਾ ਨਾਮ ਦਾ ਬ੍ਰਾਹਮਣ ਵੱਡਾ ਯੋਧਾ ਸੀ, ਉਹ ਵੀ ਰਣਖੇਤਰ ਵਿਚ ਲੜਦਾ ਰਿਹਾ ਸੀ। ਉਸ ਤੋਂ ਪਿਛੋਂ ਇਹ ਜਾਤੀ ਮਲਕ ਵੱਡਾ ਸੂਰਮਾ ਹੋਇਆ, ਇਹ ਬੀਰ ਬਲਵਾਨ ਘੋੜੇ ਉਤੇ ਚੜ੍ਹਦਾ ਸੀ॥੧੭॥

ਦਯਾ ਰਾਮ ਉਪਜਯੋ ਇਸ ਨੰਦ। ਦਸਮ ਗੁਰੂ ਢਿਗ ਰਹੈ ਅਨੰਦ।
ਰਣ ਕੋ ਕਰਹਿ ਕਥਾ ਤਬਿ ਆਵੈ। ਸ਼ੱਤ੍ਰੂ ਪਹਾਰੀ ਲਰ ਕਰਿ ਘਾਵੈ॥ ੧੮ ॥

ਦਇਆ ਰਾਮ ਨਾਂ ਦਾ ਉਸ ਦੇ ਘਰ ਪੁੱਤਰ ਪੈਦਾ ਹੋਇਆ, ਉਹ ਦਸਮ ਗੁਰੂ ਜੀ ਪਾਸ ਬੜੇ ਅਨੰਦ ਨਾਲ ਰਿਹਾ। ਜਦ ਕਦੀ ਲੜਾਈ ਛਿੜਦੀ ਸੀ ਤਾਂ ਆਉਂਦਾ ਸੀ, ਪਹਾੜੀ ਵੈਰੀਆਂ ਨੂੰ ਲੜ ਕੇ ਮਾਰ ਦਿੰਦਾ ਸੀ॥੧੮॥

ਜਾਤੀ ਮਲਕ ਜਾਨਿ ਨਿਜ ਅੰਤ। ਗਯੋ ਜਹਾਂ ਬੈਠੇ ਭਗਵੰਤ।
ਹਾਥ ਜੋਰਿ ਕਰਿ ਅਪਨਿ ਪ੍ਰਸੰਗ। ਭਨਜੇ ਸਕਲ ਹੀ ਗੁਰ ਕੇ ਸੰਗ॥ ੧੯ ॥

ਜਾਤੀ ਮਲਕ ਆਪਣਾ ਅੰਤ ਦਾ ਸਮਾਂ ਜਾਣ ਗਿਆ, ਉਥੇ ਚਲੇ ਗਿਆ ਜਿਥੇ ਭਗਵੰਤ ਗੁਰੂ ਜੀ ਬੈਠੇ ਸਨ। ਹੱਥ ਜੋੜ ਕੇ ਆਪਣਾ ਪ੍ਰਸੰਗ ਸੁਣਾਇਆ ਤੇ ਸਾਰੀ ਗੱਲ ਗੁਰੂ ਜੀ ਨਾਲ ਕੀਤੀ॥੧੯॥

'ਕਰਹੁ ਖਸ਼ੀ ਮੋ ਪਰ ਇਸ ਕਾਲ। ਪ੍ਰਾਨ ਅੰਤ ਹੁਇ ਚਹਤਿ ਉਤਾਲ।
ਪ੍ਰੋਹਤ ਮੈਂ ਹੌਂ ਰਾਵਰ ਕੇਰਾ। ਚਹੌਂ ਦਾਨ 'ਬ੍ਰਹਮ ਗਜਾਨ' ਬਡੇਰਾ॥ ੨੦ ॥

ਉਸ ਨੇ ਕਿਹਾ, "ਇਸ ਸਮੇਂ ਮੇਰੇ ਤੇ ਖੁਸ਼ੀਆਂ ਕਰੋ, ਪ੍ਰਾਣਾ ਦਾ ਛੇਤੀ ਹੀ ਅੰਤ ਹੋਇਆ ਚਾਹੁੰਦਾ ਹਾਂ। ਮੈਂ ਆਪ ਜੀ ਦਾ ਪ੍ਰੋਹਤ ਹਾਂ, ਦਾਨ ਵਿਚ ਵੱਡਾ 'ਬ੍ਰਹਮ ਗਿਆਨ' ਚਾਹੁੰਦਾ ਹਾਂ॥੨੦॥

ਜਿਸ ਤੇ ਬਹੁਰ ਜਨਮ ਨਹਿਂ ਧਾਰੌਂ। ਕਰਮਫਾਸ ਸਗਰੀ ਨਿਰਵਾਰੌਂ।
ਅਸ ਸਰੂਪ ਮੁਹਿ ਦਿਹੁ ਸਮੁਝਾਈ। ਜਿਸ ਹਿਤ ਜੋਗੀ ਕਰਤਿ ਉਪਾਈ॥ ੨੧ ॥

ਜਿਸ ਨਾਲ ਦੁਬਾਰਾ ਜਨਮ ਨਾ ਧਾਰਨ ਕਰਾਂ, ਕਰਮ ਫਾਸ ਸਾਰੀ ਹੀ ਦੂਰ ਕਰ ਲਵਾਂ, ਐਸਾ ਸਰੂਪ ਮੈਨੂੰ ਸਮਝਾ ਦੇਵੋ, ਜਿਸ ਵਾਸਤੇ ਜੋਗੀ ਉਪਾਅ ਕਰਦੇ ਹਨ॥੨੧॥

ਮਨ ਬਿਸਰਾਮ ਪਾਇ ਨਹਿਂ ਧਾਵੈ। ਨਿਜ ਅਨੰਦ ਕੇ ਬਿਖੈ ਸਮਾਵੈ'।
ਇਮ ਸੁਨਿ ਕੈ ਪ੍ਰੋਹਤ ਕੋ ਆਸ਼ੈ। ਸ਼੍ਰੀ ਮੁਖ ਤੇ ਗੁਰ ਬਾਕ ਪ੍ਰਕਾਸ਼ੈਂ॥ ੨੨ ॥

ਮਨ ਵਿਸ਼ਰਾਮ ਪਾਵੇ, ਭਜਦਾ ਨਾ ਫਿਰੇ, ਆਪਣੇ ਨਿਜੀ ਅਨੰਦ ਵਿਚ ਸਮਾ ਜਾਵੇ।" ਪ੍ਰੋਹਤ ਦਾ ਇਸ ਤਰ੍ਹਾਂ ਦਾ ਆਸ਼ਾ ਸੁਣ ਕੇ, ਗੁਰੂ ਜੀ ਨੇ ਆਪਣੇ ਮੁੱਖ ਤੋਂ ਬਚਨ ਕੀਤੇ॥੨੨॥

'ਜਾਤੀ ਮਲਕ! ਧੰਨ ਤੁਮ ਅਹੋ। ਤਨ ਹੰਤਾ ਕੋ ਤਯਾਗਨ ਚਹੋ।
ਦੁਬਿਧਾ ਮਹਿਂ ਮਨ ਬਿਗਰਜੋ ਸਦਾ। ਇਕਤਾ ਮਹਿਂ ਪ੍ਰਾਪਤਿ ਨਹਿਂ ਕਦਾ॥੨੩ ॥

"ਹੇ ਜਾਤੀ ਮਲਕ! ਤੂੰ ਧੰਨ ਹੈਂ, ਸਰੀਰ ਦੇ ਹੰਕਾਰ ਨੂੰ ਛੱਡਣਾ ਚਾਹੁੰਦਾ ਹੈਂ, ਦੁਬਿਧਾ ਵਿਚ ਮਨ ਸਦਾ ਵਿਗੜਿਆ ਰਹਿੰਦਾ ਹੈ ਤੇ ਕਦੇ ਵੀ ਇਕਾਗਰ ਨਹੀਂ ਹੁੰਦਾ ਹੈ॥੨੩॥

ਨਿਜ ਸਰੂਪ 'ਤਨ ਕੋ' ਨਹਿਂ ਜਾਨਿ। ਜਨਮਤਿ ਅਰੁ ਇਹ ਬਿਨਸਨ ਵਾਨ।
ਬਾਲਕ ਤਰੁਨ ਬ੍ਰਿੱਧ ਹੁਇ ਜਾਇ। ਅਹੈ ਪ੍ਰਨਾਮੀ ਏਵ ਉਪਾਇ॥ ੨੪ ॥

ਆਪਣਾ ਸਰੂਪ, ਆਪਣੇ ਸਰੀਰ ਨੂੰ ਨਾ ਜਾਣੋ, ਇਹ ਸਰੀਰ ਤਾਂ ਜੰਮਦਾ ਤੇ ਮਰਦਾ ਰਹਿੰਦਾ ਹੈ। ਬਾਲਕ ਜਵਾਨ ਹੋ ਕੇ ਫਿਰ ਬੁੱਢਾ ਹੋ ਜਾਂਦਾ ਹੈ। ਘਟਣ ਵਧਣ ਵਾਲਾ ਇੰਝ ਉਤਪਤੀ ਅਤੇ ਵਿਨਾਸ਼ ਵਾਲਾ ਹੈ॥੨੪॥

ਤਵ ਸਰੂਪ ਮਹਿਂ ਇਹੁ ਸਭਿ ਨਾਂਹਿ। ਸਦਾ ਏਕ ਰਸ ਜਾਨਹੁ ਤਾਂਹਿ।
ਤਨ ਤੇ ਸੂਖਮ ਅਹੈਂ ਰਿਖੀਕੀ। ਤਿਨ ਕੀ ਗਤਿ ਜਾਨਹੁ ਬਿਧਿ ਨੀਕੀ॥ ੨੫ ॥

ਤੇਰੇ ਸਰੂਪ ਵਿਚ ਇਹ ਸਭ ਕੁਝ ਨਹੀਂ ਹੈ, ਤੁਸੀਂ ਸਦਾ ਉਸ ਨੂੰ ਇਕ ਰਸ ਜਾਣਿਆ ਹੈ। ਤਨ ਤੋਂ ਸੂਖਮ ਇਹ ਇੰਦਰੀਆਂ ਹਨ, ਉਨ੍ਹਾਂ ਦੀ ਗਤੀ ਚੰਗੀ ਵਿਧੀ ਨਾਲ ਜਾਣੋ॥੨੫॥

ਇਹ ਭੀ ਨਹਿਂ ਸਰੂਪ ਨਿਜ ਜਾਨਹੁ। ਇਕ ਤੇ ਪ੍ਰਿਥਕ ਪ੍ਰਿਥਕ ਇਨ ਮਾਨਹੁ।
ਸਭਿ ਕੋ ਇਕ ਸੁਭਾਵ ਨਹਿਂ ਅਹੈ। ਦੇਖਹਿਂ, ਸੁਨਹਿਂ, ਗੰਧ, ਰਸੁ ਲਹੈਂ॥ ੨੬॥

ਇਸ ਨੂੰ ਵੀ ਆਪਣਾ ਨਿਜੀ ਸਰੂਪ ਨਾ ਜਾਣੋ, ਇਕ ਤੋਂ ਵੱਖ-ਵੱਖ ਇਨ੍ਹਾਂ ਨੂੰ ਮੰਨੋ। ਸਾਰਿਆਂ ਦਾ ਇਕ ਸੁਭਾਵ ਨਹੀਂ ਹੁੰਦਾ ਹੈ। ਵੇਖਦਾ, ਸੁਣਦਾ ਅਤੇ ਸੁੰਘਣ ਦਾ ਰਸ ਲੈਂਦਾ ਹੈ॥੨੬॥

ਤੁਵ ਸਰੂਪ ਮਹਿਂ ਇਹੁ ਕੁਛ ਨਾਂਹੀ। ਇਨ ਤੇ ਪਰੈ ਲਖਹੁ ਉਰ ਮਾਂਹੀ।
ਜੋ ਸੰਕਲਪ ਵਿਕਲਪ ਉਠਾਵੈ। ਦੌਰਤਿ ਜਾਤਿ ਤੁਰਤ ਹਟਿ ਆਵੈ॥ ੨੭॥

ਤੇਰੇ ਸਰੂਪ ਵਿਚ ਇਹ ਕੁਝ ਨਹੀਂ ਹੈ, ਇਨ੍ਹਾਂ ਤੋਂ ਪਰ੍ਹੇ ਮਨ ਵਿਚ ਸਮਝੋ। ਜੋ ਸੰਕਲਪ ਅਤੇ ਵਿਕਲਪ ਉਠਾਵੇ, ਉਹ ਦੌੜ ਜਾਂਦੇ ਹਨ ਤੇ ਤੁਰਤ ਹਟ ਜਾਂਦੇ ਹਨ॥੨੭॥

ਇਹੁ ਰਿਖੀਕ ਤੇ ਸੂਖਮ ਮਨ ਹੈ। ਸ਼ੁੱਧ ਅਸ਼ੁੱਧ ਹੋਤਿ, ਬੁਧਿ ਭਨਿ ਹੈ।
ਮਨ ਤੇ ਥੂਲ ਪ੍ਰਾਨ ਜੇ ਅਹੈਂ। ਸੋ ਭੀ ਆਵਨ ਜਾਨੋ ਲਹੈਂ॥ ੨੮॥

ਇਨ੍ਹਾਂ ਇੰਦਰੀਆਂ ਤੋਂ ਸੂਖਮ ਮਨ ਹੈ, ਕਦੇ ਮੈਲਾ ਤੇ ਕਦੇ ਸਾਫ ਹੁੰਦਾ ਰਹਿੰਦਾ ਹੈ। ਮਨ ਤੇ ਸਥੂਲ ਜਿਹੜੇ ਪ੍ਰਾਣ ਹਨ, ਸੋ ਵੀ ਆਉਂਦੇ ਜਾਂਦੇ ਵੇਖਦੇ ਹਾਂ॥੨੮॥

ਖਟ ਬਿਕਾਰ ਇਹ ਤੀਨਹੁੰ ਮਾਨੀ। 'ਜਨਮ ਮਰਨ' ਤਨ ਮਹਿਂ ਹੁਇਂ ਜਾਨੀ।
'ਛੁਧਾ, ਪਿਪਾਸਾ' ਪ੍ਰਾਣ ਧਰੰਤੇ। 'ਹਰਖ, ਸ਼ੋਕ' ਮਨ ਕੇ ਲਖਿਯੰਤੇ॥ ੨੯॥

ਇਨ੍ਹਾਂ ਤਿੰਨਾਂ ਵਿਚ ਭਾਵ ਸਰੀਰ, ਪ੍ਰਾਣ ਤੇ ਮਨ ਵਿਚ ਛੇ ਵਿਕਾਰ ਮੰਨੇ ਹਨ। 'ਜਨਮ ਮਰਨ' ਤਨ ਵਿਚ ਹੋਇਆ ਜਾਣੋ, 'ਭੁੱਖ ਪਿਆਸ' ਪ੍ਰਾਣ ਧਾਰਨ ਕਰਦੇ ਹਨ, 'ਦੁਖ-ਸੁਖ' ਮਨ ਨੂੰ ਸਮਝੋ॥੨੯॥

ਇਨ ਤੇ ਭੀ ਸੂਖਮ ਤਵ ਰੂਪ। ਖਸ਼ਟ ਬਿਕਾਰਨਿ ਪ੍ਰਿਥਕ ਅਨੂਪ।
ਸਦਾ ਅਚਲ ਨਹਿਂ ਆਵਤਿ ਜਾਇ। ਮਨ ਆਦਿਕ ਪ੍ਰੇਰਕ ਸਮੁਦਾਇ॥ ੩੦॥

ਇਨ੍ਹਾਂ ਨਾਲੋਂ ਵੀ ਸੂਖਮ ਤੇਰਾ ਸਰੂਪ ਹੈ। ਛੇ ਵਿਕਾਰਾਂ ਭਾਵ ਜਨਮ ਮਰਨ, ਭੁੱਖ ਪਿਆਸ ਤੇ ਦੁਖ ਸੁਖ ਤੋਂ ਵੱਖਰਾ ਅਨੁਪਮ ਹੈ। ਸਦਾ ਅਚੱਲ ਨਹੀਂ ਆਉਂਦਾ ਜਾਂਦਾ ਹੈ, ਮਨ ਆਦਿ ਸਾਰਿਆਂ ਨੂੰ ਪ੍ਰੇਰਦੇ ਹਨ॥੩੦॥

ਮਨ ਕੀ ਗਤਾਗਤੀ ਜੋ ਲਖੈ। ਸਭਿ ਤੇ ਨਜਾਰੋ ਸਭਿ ਕੇ ਬਿਖੈ।
ਜਾਨਨੀਯ ਜੋ ਬੁਧਿ ਤੇ ਅਹੈ। ਬਿਸ਼ੈ ਰਿਖੀਕਨਿ ਕੋ ਨਹਿਂ ਲਹੈ॥ ੩੧॥

ਮਨ ਦੀ ਗਤੀ ਨੂੰ ਜਿਹੜਾ ਸਮਝਦਾ ਹੈ, ਉਹ ਸਭ ਤੋਂ ਵੱਖਰਾ ਤੇ ਸਭ ਦੇ ਵਿਚ ਹੁੰਦਾ ਹੈ, ਜਿਹੜੀ ਬੁਧੀ ਕਰਕੇ ਜਾਣਨਯੋਗ ਹੈ, ਇੰਦਰੀਆਂ ਦੇ ਵਿਸ਼ੇ ਨੂੰ ਨਹੀਂ ਵੇਖਦਾ ਹੈ॥੩੧॥

ਸਭਿ ਤੇ ਨਿਕਟਿ ਸਭਿਨਿ ਤੇ ਦੂਰ। ਸਚਿਦਾਨੰਦ ਰਹਯੋ ਭਰਪੂਰ।
ਜਿਸ ਅਲੰਬ ਕੋ ਲਹਿ ਸਮੁਦਾਇ। ਜੜ੍ਹ ਸਭਿ ਜੇ ਚੇਤਨ ਹੁਇ ਜਾਇਂ॥ ੩੨॥

ਸਭ ਦੇ ਨੇੜੇ ਹੈ ਤੇ ਸਭ ਤੋਂ ਦੂਰ ਹੈ। ਸਚਿਦਾਨੰਦ ਭਰਪੂਰ ਰਹਿੰਦਾ ਹੈ, ਜਿਸ ਆਸਰੇ ਨੂੰ ਸਾਰੇ ਵੇਖਦੇ ਹਨ, ਸਭ ਜੜ੍ਹ ਹਨ ਜੋ ਚੇਤਨ ਹੋ ਜਾਵੇ॥੩੨॥

ਸੋ ਸਰੂਪ ਤੂੰ ਅਪਨੋ ਜਾਨਿ। ਨਿਰਬਿਕਾਰ ਅਬਿਨਾਸ਼ੀ ਮਾਨ।
ਆਤਮ ਸੋਂ ਸਬੰਧ ਬੁਧਿ ਪਾਇ। ਨਹੀਂ ਵਾਸਤਵ, ਕਲਪਤਿ ਗਾਇ॥ ੩੩॥

ਉਹ ਸਰੂਪ ਤੂੰ ਆਪਣਾ ਜਾਣੋ, ਨਿਰਵਿਕਾਰ, ਨਾਸ਼ ਰਹਿਤ ਮੰਨੋ। ਆਤਮਾ ਨਾਲ ਬੁੱਧੀ ਦਾ ਸੰਬੰਧ ਹੋ ਜਾਂਦਾ ਹੈ, ਉਹ ਸੰਬੰਧ ਵਾਸਤਵ ਨਹੀਂ ਕਲਪਤ ਹੈ॥੩੩॥

ਬੁਧਿ ਸੋਂ ਮਨ ਸਬੰਧ ਹੁਇ ਜਾਵੈ। ਮਨ ਸੋਂ ਇੰਦ੍ਰੀ ਤਿਮ ਹੀ ਪਾਵੈ।
ਇੰਦ੍ਰੈ ਸੰਗ ਪਦਾਰਥ ਹੋਇ। ਜਾਨਜੋ ਪਰੈ ਜਗਤ ਹੈ ਜੋਇ॥ ੩੪॥

ਬੁਧੀ ਨਾਲ ਮਨ ਦਾ ਸੰਬੰਧ ਹੋ ਜਾਂਦਾ ਹੈ, ਮਨ ਤੋਂ ਇੰਦਰੀਆਂ ਉਸ ਤਰ੍ਹਾਂ ਹੀ ਸੋਝੀ ਪਾ ਲੈਂਦੀਆਂ ਹਨ। ਇੰਦਰੀਆਂ ਦਾ ਸੰਗ ਪਦਾਰਥਾਂ ਨਾਲ ਹੋ ਜਾਂਦਾ ਹੈ। ਇਸ ਤਰ੍ਹਾਂ ਜਿਹੜਾ ਜਗਤ ਹੈ ਜਾਣਿਆ ਜਾਂਦਾ ਹੈ॥੩੪॥

ਇੰਦ੍ਰੈ ਤੇ ਮਨ ਲੇਹੁ ਹਟਾਇ। ਉਰ ਅੰਤਰ ਹੀ ਰਾਖ ਟਿਕਾਇ।
ਮਿਟਹਿ ਜਗਤ, ਆਤਮ ਸੋਂ ਮਿਲੈ। ਥਿਰਤਾ ਲਹੈ ਬਹੁਰ ਨਹਿਂ ਚਲੈ॥ ੩੫॥

ਇੰਦਰੀਆਂ ਤੋਂ ਮਨ ਹਟਾ ਲਵੇ, ਹਿਰਦੇ ਅੰਦਰ ਹੀ ਟਿਕਾਅ ਕੇ ਰਖੇ, ਜਗਤ ਤੋਂ ਹਟ ਕੇ ਆਤਮਾ ਨਾਲ ਮਿਲੇ, ਫਿਰ ਉਹ ਸਥਿਰਤਾ ਪ੍ਰਾਪਤ ਕਰ ਲੈਂਦਾ ਹੈ, ਫਿਰ ਨਹੀਂ ਚਲਦਾ ਹੈ'॥੩੪॥

ਇਮ ਸ਼੍ਰੀ ਹਰਿਗੋਬਿੰਦ ਬਖਾਨਾ। ਦਿਜ ਉਰ ਅੰਤਰ ਕੀਨਸਿ ਧਜਾਨਾ।
ਗੁਰੂ ਕ੍ਰਿਪਾ ਤੇ ਖੁਲ੍ਹੇ ਕਪਾਟ। ਰਾਗ ਦ੍ਵੈਸ਼ ਕੋ ਨਾਸਜੋ ਠਾਟ॥ ੩੬॥

ਇਸ ਤਰ੍ਹਾਂ ਸ੍ਰੀ ਹਰਿਗੋਬਿੰਦ ਜੀ ਨੇ ਕਿਹਾ, ਬ੍ਰਾਹਮਣ ਨੇ ਹਿਰਦੇ ਅੰਦਰ ਧਿਆਨ ਲਾਇਆ। ਗੁਰੂ ਜੀ ਦੀ ਕਿਰਪਾ ਨਾਲ ਕਪਾਟ ਖੁਲ੍ਹ ਗਏ ਤੇ ਪ੍ਰੇਮ ਦ੍ਵੈਸ ਦਾ ਨਾਸ ਹੋ ਗਿਆ॥੩੬॥

ਦੁਬਿਧਾ ਕੀ ਸਾਂਕਰ ਛੁਟਿ ਗਈ। ਬ੍ਰਿਤੀ, ਸਰੂਪ ਬਿਖੈ ਥਿਰ ਭਈ।
ਅਪਨਿ ਰਿਦੈ ਮਹਿਂ ਅਚਰਜ ਜਾਨਾ। ਪ੍ਰਾਪਤਿ ਰਸ ਭਾ ਅਨੰਦ ਮਹਾਨਾ॥੩੭॥

ਦੁਬਿਧਾ ਦੀ ਸੰਗਲੀ ਖੁਲ੍ਹ ਗਈ, ਬ੍ਰਿਤੀ ਸਰੂਪ ਵਿਖੇ ਸਥਿਰ ਹੋ ਗਈ। ਆਪਣੇ ਹਿਰਦੇ ਵਿਚ ਅਸਚਰਜ ਜਾਣਿਆ ਤੇ ਅਨੰਦ ਦਾ ਮਹਾਨ ਰਸ ਪ੍ਰਾਪਤ ਹੋਇਆ॥੩੭॥

ਨੇਤ੍ਰ ਮੂੰਦ ਕਰਿ ਕੇਤਿਕ ਕਾਲ। ਲਖਜੋ ਰਿਦੈ ਮਹਿਂ ਅਦਭੁਤ ਖਜਾਲ।
ਬਹੁਰ ਗੁਰੂ ਬੈਠੇ ਢਿਗ ਹੇਰੇ। ਬੰਦਨ ਕਰਿ ਗੁਨ ਜਾਨਿ ਬਡੇਰੇ॥ ੩੮॥

ਕਾਫੀ ਸਮੇਂ ਤੱਕ ਅੱਖਾਂ ਬੰਦ ਕਰਕੇ, ਹਿਰਦੇ ਵਿਚ ਅਦਭੁਤ ਖਿਆਲ ਵੇਖਿਆ। ਫਿਰ ਗੁਰੂ ਜੀ ਪਾਸ ਬੈਠੇ ਵੇਖੇ। ਬੰਦਨਾ ਕਰਕੇ ਗੁਰੂ ਜੀ ਨੂੰ ਬਹੁਤ ਮਹਾਨ ਜਾਣਿਆ॥੩੮॥

ਮਹਿਮਾ ਕਹੀ 'ਨ ਤੁਮ ਸਮ ਆਨ। ਕੋ ਉਪਮਾ ਮੈਂ ਕਰੌਂ ਬਖਾਨ।
ਅਪਨੋ ਜਾਨਿ ਗਜਾਨ ਮੁਝ ਦੀਨਿ। ਜਿਸ ਕੋ ਜੋਗੀ ਸਕਹਿਂ ਨ ਚੀਨ'॥੩੯॥

ਫਿਰ ਗੁਰੂ ਜੀ ਦੀ ਮਹਿਮਾ ਕੀਤੀ, 'ਤੁਹਾਡੇ ਵਰਗਾ ਹੋਰ ਕੋਈ ਨਹੀਂ ਹੈ, ਤੁਹਾਡੀ ਮੈਂ ਕੀ ਉਪਮਾ ਬਿਆਨ ਕਰਾਂ। ਆਪਣਾ ਜਾਣ ਕੇ ਮੈਨੂੰ ਗਿਆਨ ਦਿੱਤਾ ਹੈ, ਜਿਸ ਨੂੰ ਜੋਗੀ ਵੀ ਪਛਾਣ ਨਹੀਂ ਸਕਦੇ'॥੩੯॥

*ਅੱਠਵੀਂ ਰਾਸ ਦਾ ਉਣੰਜਵਾਂ ਅਧਿਆਇ ਸਮਾਪਤ ਹੋਇਆ॥੪੯॥*

# ਅਧਿਆਇ ਪੰਜਾਹਵਾਂ

*ਸਿੱਖ ਸੰਗਤ ਆਈ*

ਦੋਹਰਾ-ਇਸ ਬਿਧਿ ਪ੍ਰਾਪਤਿ ਗ੍ਯਾਨ ਕੋ ਅੰਤ ਸਮਾਂ ਢਿਗ ਚੀਨਿ।
ਗਮਨਜੋ ਸ੍ਰੀ ਗੁਰ ਕੇ ਨਿਕਟਿ ਦਯਾਰਾਮ ਸੰਗ ਲੀਨਿ॥ ੧॥

ਇਸ ਵਿਧੀ ਨਾਲ ਗਿਆਨ ਪ੍ਰਾਪਤ ਕਰਕੇ, ਅੰਤ ਸਮਾਂ ਨੇੜੇ ਆਇਆ ਵੇਖਕੇ ਗੁਰੂ ਜੀ ਦੇ ਪਾਸ ਗਿਆ ਤੇ ਦਇਆ ਰਾਮ ਨੂੰ ਆਪਣੇ ਨਾਲ ਲੈ ਲਿਆ॥੧॥

ਚੌਪਈ-'ਸ੍ਰੀ ਪ੍ਰਭੁ ! ਮੈਂ ਅਬਿ ਤਜੌਂ ਸਰੀਰ। ਦਯਾਰਾਮ ਸੁਤ ਤੁਮਰੇ ਤੀਰ।
ਗਹਿ ਭੁਜ ਕੋ ਰਾਖਹੁ ਨਿਜ ਪਾਸ। ਅਲਪ ਬੈਸ ਇਸ ਕੀ, ਸੁਖਰਾਸ ! ॥੨॥

ਜਾ ਕੇ ਕਿਹਾ, ''ਹੇ ਪ੍ਰਭੂ ਜੀ ! ਮੈਂ ਹੁਣ ਸਰੀਰ ਛੱਡ ਜਾਵਾਂਗਾ, ਦਇਆ ਰਾਮ ਪੁੱਤਰ ਤੁਹਾਡੇ ਪਾਸ ਰਹੇਗਾ। ਇਸ ਦੀ ਬਾਂਹ ਫੜ ਕੇ ਆਪਣੇ ਪਾਸ ਰੱਖੋ, ਹੇ ਸੁੱਖਾਂ ਦੀ ਰਾਸ ! ਇਸ ਦੀ ਉਮਰ ਹਾਲੇ ਬਹੁਤ ਛੋਟੀ ਹੈ॥੨॥

ਇਕ ਅਲੰਬ ਰਾਵਰ ਕੋ ਅਹੈ। ਨਹੀਂ ਅਪਰ ਕੋ ਜਾਚਨ ਲਹੈ'।
ਸਤਿਗੁਰ ਕਹ੍ਯੋ 'ਹੋਹਿ ਬਡਭਾਗਾ। ਰਹੈ ਸਦਾ ਗੁਰ ਘਰ ਸੰਗ ਲਾਗਾ॥੩॥

ਇਸ ਨੂੰ ਇਕ ਆਪ ਜੀ ਦਾ ਹੀ ਆਸਰਾ ਹੈ, ਇਹ ਹੋਰ ਕਿਸੇ ਪਾਸੋਂ ਜਾ ਕੇ ਨਹੀਂ ਮੰਗੇਗਾ।'' ਸਤਿਗੁਰੂ ਜੀ ਨੇ ਕਿਹਾ, ''ਇਹ ਵੱਡੇ ਭਾਗਾਂ ਵਾਲਾ ਹੋਵੇਗਾ, ਇਹ ਸਦਾ ਗੁਰੂ ਘਰ ਨਾਲ ਲੱਗਾ ਰਹੇਗਾ॥੩॥

ਦਸਮ ਗੁਰੂ ਹੋਵੈਂ ਜਿਸ ਕਾਲਾ। ਦੇਗ਼ ਤੇਗ਼ ਕੇ ਧਨੀ ਬਿਸਾਲਾ।
ਮਚਹਿ ਘੋਰ ਸੰਘਰ ਭਟ ਲਰੈਂ। ਤਬਿ ਇਹੁ ਸ਼ਸਤ੍ਰ ਜੁਧ ਮਹਿਂ ਕਰੈ॥੪॥

ਜਿਸ ਸਮੇਂ ਦਸਵੇਂ ਗੁਰੂ ਸਾਹਿਬ ਹੋਣਗੇ, ਜਿਹੜੇ ਦੇਗ਼ ਤੇਗ਼ ਦੇ ਵੱਡੇ ਸੂਰਬੀਰ ਹੋਣਗੇ, ਬਹੁਤ ਘੋਰ ਸੰਘਰਸ਼ ਹੋਣਗੇ ਤੇ ਸੂਰਬੀਰ ਲੜਨਗੇ, ਤਦ ਇਹ ਸ਼ਸਤਰ ਧਾਰ ਕੇ ਯੁੱਧ ਕਰੇਗਾ॥੪॥

ਤਿਨਕੇ ਸੰਗ ਸਦਾ ਸੁਖ ਪਾਵੈ। ਜਸ ਬਿਦਤਹਿ ਜਗ ਮਹਿਂ ਨਰ ਗਾਵੈਂ'।
ਜਾਤੀ ਮਲਕ ਸੁਨਤਿ ਹਰਖਾਯੋ। ਕਰਿ ਸਦਨ ਕੋ ਬਦਨ ਸਿਧਾਯੋ॥੫॥

ਉਨ੍ਹਾਂ ਦੇ ਨਾਲ ਸਦਾ ਸੁਖ ਪਾਵੇਗਾ, ਇਸ ਦਾ ਜੱਸ ਜੱਗ ਵਿਚ ਪ੍ਰਸਿੱਧ ਹੋਵੇਗਾ ਤੇ ਮਨੁੱਖ ਗਾਉਣਗੇ।'' ਜਾਤੀ ਮਲਕ ਸੁਣ ਕੇ ਬਹੁਤ ਪ੍ਰਸੰਨ ਹੋਇਆ ਤੇ ਬੰਦਨਾ ਕਰਕੇ ਘਰ ਨੂੰ ਚਲੇ ਗਿਆ॥੫॥

ਕਰਿ ਸ਼ਨਾਨ ਪਾਵਨ ਹੁਇ ਗਯੋ। ਕੁਸ਼ ਪਰ ਪੌਢਿ ਪ੍ਰਾਨ ਤਜਿ ਦਯੋ।
ਸੁਨਿ ਸਤਿਗੁਰ ਬਹੁ ਮਨੁਜ ਪਠਾਏ। ਦਾਹਨ ਕੋ ਚੰਦਨ ਸਮੁਦਾਏ॥੬॥

ਇਸ਼ਨਾਨ ਕਰਕੇ ਪਵਿੱਤਰ ਹੋ ਗਿਆ ਤੇ ਦੱਭ ਦੇ ਵਿਛਾਉਣੇ ਤੇ ਲੇਟ ਕੇ ਪ੍ਰਾਣ ਛੱਡ ਦਿੱਤੇ। ਸਤਿਗੁਰੂ ਜੀ ਨੇ ਸੁਣ ਕੇ ਬਹੁਤ ਮਨੁੱਖ ਭੇਜੇ ਤੇ ਦਾਹ ਸੰਸਕਾਰ ਕਰਨ ਵਾਸਤੇ ਚੰਦਨ ਦੀ ਬਹੁਤ ਲੱਕੜੀ ਇਕੱਠੀ ਕੀਤੀ॥੬॥

ਜਵ, ਤਿਲ, ਘ੍ਰਿਤ ਆਦਿਕ ਸਭਿ ਲ੍ਯਾਇ। ਰਚੀ ਚਿਤਾ ਪਿਖਿ ਪਾਵਨ ਥਾਇਂ।
ਦਯਾ ਰਾਮ ਸਭਿ ਕੀਨਿ ਬਿਧਾਨ। ਕਰ੍ਯੋ ਭਸਮ ਤਨ ਪਿਤਾ ਸੁ ਠਾਨਿ॥੭॥

ਜਵੀ, ਤਿਲ, ਘਿਉ ਆਦਿ ਸਭ ਲਿਆਏ, ਪਵਿੱਤਰ ਸਥਾਨ ਵੇਖ ਕੇ ਚਿਤਾ ਚਿਣੀ। ਦਇਆ ਰਾਮ ਨੇ ਸਾਰਾ ਵਿਧਾਨ ਕੀਤਾ ਤੇ ਆਪਣੇ ਪਿਤਾ ਜੀ ਦੇ ਸਰੀਰ ਨੂੰ ਭਸਮ ਦੀ ਢੇਰੀ ਕਰ ਦਿੱਤਾ॥੭॥

ਗੁਰਪੁਰਿ ਕੋ ਪਹੁੰਚਯੋ ਸੁਖ ਪਾਇ। ਗੁਰ ਕੀ ਮਹਿਮਾ ਅਲਖ ਲਖਾਇ।
ਜਥਾ ਜੋਗ ਜੋ ਕ੍ਰਿਯਾ ਪਿਛਾਰੀ। ਕ੍ਰਮਕ੍ਰਮ ਤੇ ਤਿਸ ਨੰਦ ਸੁਧਾਰੀ॥ ੮॥

ਸੁਖ ਪਾ ਕੇ ਗੁਰੂ ਪੁਰੀ ਵਿਚ ਪਹੁੰਚ ਗਿਆ, ਗੁਰੂ ਜੀ ਦੀ ਮਹਿਮਾ ਅਲਖ ਹੈ, ਸਮਝੀ ਨਹੀਂ ਜਾ ਸਕਦੀ। ਯਥਾ ਯੋਗ ਜੋ ਕ੍ਰਿਆ ਬਾਅਦ ਵਿਚ ਕਰਨੀ ਸੀ, ਪੈਰ-ਪੈਰ ਤੇ ਉਸ ਦੇ ਪੁੱਤਰ ਨੇ ਸੁਧਾਰ ਕੇ ਕੀਤੀ॥੮॥

ਦਿਨ ਤ੍ਰੋਦਸ ਜਬਿ ਹੀ ਬਿਤਿ ਗਏ। ਭੋਜਨ ਦਿਜਨਿ ਬ੍ਰਿੰਦ ਕੋ ਦਏ।
ਜਾਤੀ ਮਲਕ ਹੇਤੁ ਵਥੁ ਆਨ। ਸੇਜਾਦਿਕ ਦੀਨੀ ਕਰਿ ਦਾਨ॥ ੯॥

ਜਦ ਤੇਰਾਂ ਦਿਨ ਬੀਤ ਗਏ ਤਾਂ ਬਹੁਤ ਬ੍ਰਾਹਮਣਾਂ ਨੂੰ ਭੋਜਨ ਖੁਵਾਇਆ। ਜਾਤੀ ਮਲਕ ਵਾਸਤੇ, ਦਇਆ ਰਾਮ ਨੇ ਕੱਪੜੇ ਬਿਸਤਰੇ ਆ ਕੇ ਦਾਨ ਕੀਤੇ॥੯॥

ਤਬਿ ਸਤਿਗੁਰ ਭੇਜੀ ਦਸਤਾਰ। ਪਠਜੋ ਦੁਸ਼ਾਲਾ ਮੋਲ ਉਦਾਰ।
ਅਧਿਕ ਦਰਬ ਤਿਹ ਸੰਗ ਪਠਾਯੋ। ਦਯਾ ਰਾਮ ਕੋ ਬਹੁ ਹਰਿਖਾਯੋ॥ ੧੦॥

ਤਦ ਸਤਿਗੁਰੂ ਜੀ ਨੇ ਦਸਤਾਰ ਭੇਜੀ, ਤੇ ਬੜਾ ਕੀਮਤੀ ਦੁਸ਼ਾਲਾ ਭੇਜਿਆ। ਬਹੁਤ ਧਨ ਉਸ ਦੇ ਨਾਲ ਦਿੱਤਾ ਤੇ ਦਇਆ ਰਾਮ ਨੂੰ ਬਹੁਤ ਪ੍ਰਸੰਨ ਕੀਤਾ॥੧੦॥

ਸ਼ੋਕ ਦੂਰ ਕਰਿ ਆਵਨ ਲਾਗਯੋ। ਸਤਿਗੁਰ ਨਿਕਟਿ ਰਹੈ ਰਸੁ ਪਾਗਯੋ।
ਪੁਨ ਕੇਤਿਕ ਦਿਨ ਭਏ ਬਿਤੀਤ। ਨਿਜ ਤਨ ਤਜਨ ਬਿਚਾਰਤਿ ਚੀਤ॥੧੧॥

ਸ਼ੋਕ ਦੂਰ ਕਰਕੇ ਫਿਰ ਗੁਰੂ ਜੀ ਪਾਸ ਆਉਣ ਲੱਗਾ, ਸਤਿਗੁਰੂ ਜੀ ਦੇ ਰਸ ਵਿਚ ਭਿੱਜਾ, ਉਨ੍ਹਾਂ ਦੇ ਪਾਸ ਰਹਿਣ ਲੱਗਾ। ਫਿਰ ਗੁਰੂ ਜੀ ਨੇ ਕਈ ਦਿਨ ਬਤੀਤ ਕੀਤੇ, ਆਪਣੇ ਸਰੀਰ ਨੂੰ ਛੱਡਣ ਬਾਰੇ ਚਿਤ ਵਿਚ ਵਿਚਾਰ ਕੀਤੀ॥੧੧॥

ਗੁਰਤਾ ਗਾਦੀ ਸ੍ਰੀ ਹਰਿਰਾਇ। ਚਹੈਂ ਕਿਤਿਕ ਦਿਨ ਆਗੇ ਪਾਇ।
ਜਿਸਤੇ ਕੋ ਨਹਿੰ ਕਰਹਿ ਬਿਖੇਰਾ। ਅਲਪ ਬੈਸ ਪੌਤ੍ਰਾ ਨਿਜ ਹੇਰਾ॥ ੧੨॥

ਗੁਰਤਾ ਗੱਦੀ ਸ੍ਰੀ ਹਰਿਰਾਇ ਨੂੰ ਦੇਣੀ ਚਾਹੁੰਦੇ ਸਨ, ਕਈ ਦਿਨ ਅੱਗੇ ਪਾ ਦਿੱਤੇ, ਜਿਸ ਤੇ ਕੋਈ ਬਖੇੜਾ ਨਾ ਕਰੇ, ਆਪਣੇ ਪੋਤਰੇ ਨੂੰ ਛੋਟੀ ਉਮਰ ਦਾ ਵੇਖਿਆ॥੧੨॥

ਇਕ ਤੌ ਧੀਰਮਲ ਬਡ ਖੋਟਾ। ਨਹਿੰ ਤ੍ਰਿਸਕਾਰਹਿ ਲਖਿ ਕਰਿ ਛੋਟਾ।
ਜਿਮ ਦਾਤੂ ਸੁਤ ਲਿਯ ਪਖ ਧਾਰੇ। ਤਥਾ ਮਸੰਦ ਨ ਲੇਹਿ ਬਿਗਾਰੇ॥ ੧੩॥

ਇਕ ਤਾਂ ਧੀਰਮਲ ਬੜਾ ਖੋਟਾ ਸੀ, ਉਹ ਛੋਟਾ ਸਮਝ ਕੇ ਤਿਰਸਕਾਰੇਗਾ, ਜਿਵੇਂ ਦਾਤੂ ਦੇ ਪੁੱਤਰ ਨੇ ਆਪਣੇ ਪੱਖ ਵਿਚ ਕਰ ਲਿਆ ਹੈ, ਉਸ ਤਰ੍ਹਾਂ ਉਹ ਮਸੰਦਾਂ ਨੂੰ ਨਾ ਵਿਗਾੜ ਲਵੇ॥੧੩॥

ਸਿਖ ਸੰਗਤਿ ਸਭਿ ਦੇਸ਼ ਬੁਲਾਇ। ਸਭਿਹਿਨਿ ਮੈਂ ਬਿਠਾਇ ਹਰਿਰਾਇ।
ਗੁਰਤਾ ਗਾਦੀ ਦੇਨੀ ਕਰੈਂ। ਇਮ ਬਿਚਾਰ ਸ੍ਰੀ ਸਤਿਗੁਰ ਧਰੈਂ॥ ੧੪॥

ਸਾਰੇ ਦੇਸ਼ ਦੀ ਸਿੱਖ ਸੰਗਤ ਬੁਲਾ ਕੇ ਤੇ ਸਾਰਿਆਂ ਵਿਚ ਸ੍ਰੀ ਹਰਿਰਾਇ ਜੀ ਨੂੰ ਬਿਠਾ ਕੇ ਗੁਰਤਾ ਗੱਦੀ ਦੇਈਏ। ਇਹ ਵਿਚਾਰ ਸ੍ਰੀ ਸਤਿਗੁਰੂ ਜੀ ਨੇ ਧਾਰਨ ਕੀਤੇ॥੧੪॥

ਦਿਯੋ ਹੁਕਮ ਜੋ ਨਿਕਟਿ ਲਿਖਾਰੀ। 'ਹੈਂ ਮਸੰਦ ਗਨ ਦੇਸ਼ ਮਝਾਰੀ।
ਲਿਖਹੁ ਹੁਕਮ ਨਾਮੇ ਸਭਿ ਆਵੈਂ। ਸੰਗ ਸੰਗਤਾਂ ਅਪਨੇ ਲਜਾਵੈਂ' ॥ ੧੫ ॥

ਜਿਹੜਾ ਲਿਖਾਰੀ ਨੇੜੇ ਬੈਠਾ ਸੀ, ਉਸ ਨੂੰ ਹੁਕਮ ਦਿੱਤਾ, ''ਦੇਸ਼ ਵਿਚ ਬਹੁਤ ਮਸੰਦ ਹਨ, ਉਨ੍ਹਾਂ ਸਾਰਿਆਂ ਨੂੰ ਹੁਕਮਨਾਮੇ ਲਿਖੋ, ਸਭ ਮਸੰਦ ਆਉਣ ਤੇ ਸਿੱਖ ਸੰਗਤਾਂ ਨੂੰ ਆਪਣੇ ਨਾਲ ਲਿਆਉਣ ॥੧੫॥

ਸੁਨਿ ਆਗਜਾ ਕਹੁ ਦੇਸ਼ ਬਿਦੇਸ਼। ਲਿਖਿ ਲਿਖ ਭੇਜੇ ਚਾਰ ਅਸ਼ੇਸ਼।
ਹੁਤੇ ਦੂਰ ਸੇ ਪ੍ਰਥਮ ਬੁਲਾਏ। ਧਨੀ ਮਸੰਦ ਬਿਲੰਦ ਸਬਾਏ॥ ੧੬ ॥

ਗੁਰੂ ਜੀ ਦੀ ਆਗਿਆ ਸੁਣ ਕੇ ਦੇਸ਼ਾਂ ਵਿਦੇਸ਼ਾਂ ਵਿਚ ਹੁਕਮਨਾਮੇ ਲਿਖ ਲਿਖ ਕੇ ਵਿਸ਼ੇਸ਼ ਦੂਤ ਭੇਜੇ। ਜਿਹੜੇ ਦੂਰ ਸਨ ਉਨ੍ਹਾਂ ਨੂੰ ਪਹਿਲਾਂ ਬੁਲਾਇਆ। ਜਿਹੜੇ ਧਨੀ ਮਸੰਦ ਸਨ, ਉਨ੍ਹਾਂ ਸਭ ਨੂੰ ਬੁਲਾਇਆ ॥੧੬॥

ਜਾਇ ਹੁਕਮਨਾਮੇ ਜਬਿ ਦਏ। ਪਠਿ ਮਸੰਦ ਸਭਿ ਤਯਾਰੀ ਕਏ।
ਲੇ ਕਰਿ ਸੰਗ ਸੰਗਤਾਂ ਬ੍ਰਿੰਦ। ਅਰ ਲੇ ਗੁਰ ਕੀ ਕਾਰ ਬਿਲੰਦ॥ ੧੭ ॥

ਜਦ ਜਾ ਕੇ ਹੁਕਮਨਾਮੇ ਦਿੱਤੇ ਤਾਂ ਸਭ ਮਸੰਦਾਂ ਨੇ ਪੜ੍ਹ ਕੇ ਤਿਆਰੀ ਕੀਤੀ, ਬਹੁਤ ਸਿੱਖ ਸੰਗਤਾਂ ਨਾਲ ਲੈ ਕੇ ਤੇ ਗੁਰੂ ਜੀ ਵਾਸਤੇ ਬਹੁਤ ਕਾਰ ਭੇਟ ਲਈ ॥੧੭॥

ਕ੍ਰਮ ਕਰਿ ਪੰਥ ਉਲੰਘਤਿ ਆਏ। ਕੀਰਤ ਪੁਰਿ ਗੁਰ ਜਹਾਂ ਸੁਹਾਏ।
ਬ੍ਰਿੰਦ ਅਕੋਰਨਿ ਅਰਪੈਂ ਆਗੇ। ਨੰਮ੍ਰੀ ਹੋਇ ਚਰਨ ਗੁਰ ਲਾਗੇ॥ ੧੮ ॥

ਚਲਦੇ-ਚਲਦੇ ਸਾਰਾ ਪੈਂਡਾ ਲੰਘ ਕੇ ਆ ਗਏ, ਤੇ ਕੀਰਤਪੁਰ ਆ ਪਹੁੰਚੇ ਜਿਥੇ ਗੁਰੂ ਜੀ ਸ਼ੋਭਾ ਪਾ ਰਹੇ ਸਨ। ਬਹੁਤ ਉਪਹਾਰ ਅੱਗੇ ਅਰਪਣ ਕੀਤੇ ਤੇ ਸਨਿਮਰ ਹੋ ਕੇ ਗੁਰੂ ਜੀ ਦੇ ਚਰਨਾਂ ਨਾਲ ਲੱਗ ਗਏ ॥੧੮॥

ਬਲਖ ਬੁਖਾਰਾ ਆਦਿਕ ਪੁਰਿ ਗਨ। ਪਸ਼ਚਮ ਦਿਸ਼ਿ ਤੇ ਪਹੁੰਚੇ ਨਰ ਗਨ।
ਸੰਗ ਮਸੰਦ ਲਏ ਮੁਲਤਾਨੀ। ਸਿਖ ਗਨ ਅਨਿਕ ਉਪਾਇਨ ਆਨੀ॥ ੧੯ ॥

ਬਲਖ ਬੁਖਾਰਾ ਆਦਿ ਜਿਹੜੇ ਨਗਰ ਸਨ, ਪੱਛਮ ਵਾਲੇ ਪਾਸੇ ਤੋਂ ਬਹੁਤ ਨਰ ਇਕੱਠੇ ਹੋ ਕੇ ਪਹੁੰਚੇ। ਨਾਲ ਮੁਲਤਾਨੀ ਮਸੰਦ ਲਏ, ਸਾਰੇ ਸਿੱਖਾਂ ਨੇ ਅਨੇਕ ਉਪਹਾਰ ਲਿਆਂਦੇ ॥੧੯॥

ਦੱਖਣ ਦਿਸ਼ਿ ਤੇ ਆਦਿ ਉਜੈਨ। ਚਲਿ ਪਹੁੰਚੇ ਗੁਰ ਦਰਸ਼ਨ ਲੈਨ।
ਅੰਗ ਬੰਗ ਆਦਿਕ ਜੇ ਦੇਸ਼। ਕੌਨ ਗਨਹਿ ਪਹੁਚੇ ਸੁ ਅਸ਼ੇਸ਼॥ ੨੦ ॥

ਦੱਖਣ ਵਾਲੇ ਪਾਸੇ, ਉਜੈਨ ਆਦਿ ਤੋਂ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਬਹੁਤ ਸਿੱਖ ਆਏ। ਅੰਗ ਬੰਗ ਆਦਿਕ ਜਿਹੜੇ ਦੇਸ਼ ਹਨ, ਉਨ੍ਹਾਂ ਦੀ ਕੌਣ ਗਿਣਤੀ ਕਰੇ ਜਿਹੜੇ ਮਨੁੱਖ ਵਿਸ਼ੇਸ਼ ਤੌਰ ਤੇ ਪਹੁੰਚੇ ॥੨੦॥

ਵਸਤੁ ਅਨੂਠੀ ਮੋਲ ਬਡੇਰੀ। ਦੁਰਲਭ ਲੇ ਆਏ ਤਿਸ ਬੇਰੀ।
ਅਨਿਕ ਪ੍ਰਕਾਰਨ ਬਸਤ੍ਰ ਅਜਾਇਬ। ਅਰਪਹਿਂ ਦਰਸ ਕਰਹਿਂ ਗੁਰ ਸਾਹਿਬ ॥੨੧ ॥

ਅਨੂਠੀਆਂ ਵਸਤਾਂ ਜਿਨ੍ਹਾਂ ਦਾ ਮੁੱਲ ਬਹੁਤ ਸੀ ਤੇ ਦੁਰਲੱਭ ਸਨ, ਤਿਸ ਸਮੇਂ ਅਜਿਹੀਆਂ ਵਸਤਾਂ ਲੈ ਕੇ ਆਏ। ਅਨੇਕ ਪ੍ਰਕਾਰ ਦੇ ਅਜੀਬ ਬਸਤਰ ਸਨ, ਗੁਰੂ ਸਾਹਿਬ ਦੇ ਦਰਸ਼ਨ ਕਰਕੇ ਅਰਪਣ ਕਰਦੇ ਸਨ ॥੨੧॥

ਤਿਮ ਪੂਰਬ ਕੇ ਚਲਿ ਕਰਿ ਆਏ। ਢਾਕਾ ਆਦਿ ਦੇਸ਼ ਸਮੁਦਾਏ।
ਪੁਰਿ ਪਟਣੇ ਆਦਿਕ ਸਿਖ ਜੇਈ। ਲਏ ਉਪਾਇਨ ਪਹੁਚੇ ਤੇਈ॥ ੨੨ ॥

ਉਸ ਤਰ੍ਹਾਂ ਹੀ ਪੂਰਬ ਵਾਲੇ ਪਾਸੇ ਤੋਂ ਚਲ ਕੇ ਆਏ, ਢਾਕਾ ਆਦਿ ਦੇਸ਼ਾਂ ਦੇ ਸਿੱਖ ਇਕੱਠੇ ਹੋ ਕੇ ਆਏ। ਫਿਰ ਪਟਨੇ ਆਦਿ ਨਗਰਾਂ ਦੇ ਜਿਹੜੇ ਸਿੱਖ ਸਨ, ਉਪਹਾਰ ਲੈ ਕੇ ਉਥੇ ਪਹੁੰਚ ਗਏ॥੨੨॥

ਤਿਮ ਪਰਬਤ ਬਾਸੀ ਚਲਿ ਆਏ। ਸਤਿਗੁਰ ਹਰਿ ਗੁਬਿੰਦ ਦਰਸਾਏ।
ਕੀਰਤਿ ਪਰਿ ਕੇ ਚਹੁੰ ਦਿਸ਼ ਡੇਰੇ। ਆਨਿ ਸੰਗਤਾਂ ਕੀਨਿ ਘਨੇਰੇ॥ ੨੩ ॥

ਉਸ ਤਰ੍ਹਾਂ ਹੀ ਪਰਬਤ ਵਾਸੀ ਚਲ ਕੇ ਆ ਗਏ ਤੇ ਆ ਕੇ ਸਤਿਗੁਰੂ ਹਰਿਗੋਬਿੰਦ ਜੀ ਦੇ ਦਰਸ਼ਨ ਕੀਤੇ। ਸ਼ਹਿਰ ਕੀਰਤਪੁਰ ਦੇ ਚਾਰੇ ਪਾਸੇ ਡੇਰੇ ਲਾ ਲਏ, ਬਹੁਤ ਸੰਗਤਾਂ ਆ ਕੇ ਇੱਕਠੀਆਂ ਹੋ ਗਈਆਂ॥੨੩॥

ਬੇਦੀ, ਤ੍ਰੇਹਣ, ਭੱਲੇ ਜੇਈ। ਅਨੁਸਾਰੀ ਗੁਰ ਪਹੁਚੇ ਤੇਈ।
ਜੰਗਲ ਦੇਸ਼ ਸੰਗਤਾਂ ਸੰਗ। ਭਗਤੂ ਰਾਜੇ ਰਿਦੈ ਗੁਰ ਰੰਗ॥ ੨੪ ॥

ਬੇਦੀ, ਤ੍ਰੇਹਣ ਤੇ ਭੱਲੇ ਜਿਹੜੇ ਸਨ, ਜਿਹੜੇ ਗੁਰੂ ਜੀ ਦੇ ਅਨੁਸਾਰੀ ਸਨ ਉਹ ਵੀ ਆ ਪਹੁੰਚੇ। ਮਾਲਵੇ ਦੇਸ਼ ਵਿਚੋਂ ਸੰਗਤਾਂ ਦੇ ਨਾਲ ਭਗਤੂ ਹਿਰਦੇ ਨੂੰ ਗੁਰੂ ਦੇ ਰੰਗ ਵਿਚ ਰੰਗ ਕੇ ਗਿਆ॥੨੪॥

ਤਿਮ ਭਾਈ ਬਹਿਲੋ ਚਲਿ ਆਯੋ। ਸੰਗ ਅਨੇਕ ਗੁਰੂ ਸਿਖ ਲਯਾਯੋ।
ਇੱਤਯਾਦਿਕ ਜੇ ਗਯਾਨੀ ਭਏ। ਗੁਰ ਤੇ ਮੰਜੀ ਪਦ ਕੋ ਲਏ॥ ੨੫ ॥

ਉਸ ਤਰ੍ਹਾਂ ਭਾਈ ਬਹਿਲੋ ਚਲ ਕੇ ਆ ਗਿਆ ਤੇ ਆਪਣੇ ਨਾਲ ਬਹੁਤ ਗੁਰੂ ਸਿੱਖ ਲਿਆਇਆ। ਇੱਤਆਦਿ ਜਿਹੜੇ ਗਿਆਨੀ ਸਨ, ਜਿਨ੍ਹਾਂ ਗੁਰੂ ਜੀ ਤੋਂ ਮੰਜੀ ਦੀ ਪਦਵੀ ਪ੍ਰਾਪਤ ਕੀਤੀ ਸੀ॥੨੫॥

ਸੋ ਸਭਿ ਆਏ ਗੁਰ ਕੇ ਦ੍ਵਾਰੇ। ਭਈ ਭੀਰ ਬਹੁ ਪੁਰਿ ਪਰਵਾਰੇ।
ਦਰਸ਼ਨ ਕਰਹਿੰ ਅਕੋਰ ਚਢਾਵੈਂ। ਮਨ ਬਾਂਛਿਤ ਸਿਖ ਸੰਗਤਿ ਪਾਵੈਂ॥ ੨੬ ॥

ਉਹ ਸਾਰੇ ਗੁਰੂ ਜੀ ਦੇ ਦ੍ਵਾਰੇ ਤੇ ਆਏ, ਨਗਰ ਵਿਚ ਆਲੇ-ਦੁਆਲੇ ਬਹੁਤ ਭੀੜ ਲੱਗ ਗਈ। ਉਪਹਾਰ ਚੜ੍ਹਾ ਕੇ ਦਰਸ਼ਨ ਕਰਦੇ ਸਨ ਤੇ ਸਿੱਖ ਸੰਗਤਾਂ ਮੂੰਹ ਮੰਗੀਆਂ ਮੁਰਾਦਾਂ ਪਾਉਂਦੀਆਂ ਸਨ॥੨੬॥

ਮੱਦ੍ਰ ਦੇਸ਼ ਲਵਪੁਰਿ ਤੇ ਆਦਿ। ਸਿਖ ਆਏ ਦੇਖੇ ਅਹਿਲਾਦ।
ਪ੍ਰਥਮ ਗੁਰਨਿ ਤੇ ਮੰਜੀ ਲਹੇ। ਪੰਚਹੁੰ ਤੇ, ਜੀਵਤਿ ਜੇ ਰਹੇ॥ ੨੭ ॥

ਪੰਜਾਬ ਲਾਹੌਰ ਆਦਿ ਤੋਂ ਬਹੁਤ ਵੱਡੀ ਗਿਣਤੀ ਵਿਚ ਸਿੱਖਾਂ ਨੇ ਆ ਕੇ ਆਨੰਦ ਮੰਗਲ ਵੇਖਿਆ। ਜਿਨ੍ਹਾਂ ਪਹਿਲਾਂ ਪੰਜਾਂ ਗੁਰੂ ਸਾਹਿਬਾਨ ਤੋਂ ਮੰਜੀ ਦੀ ਪਦਵੀ ਲਈ ਸੀ, ਉਨ੍ਹਾਂ ਵਿਚੋਂ ਜਿਹੜੇ ਜੀਉਂਦੇ ਰਹੇ ਉਹ ਵੀ ਪਹੁੰਚ ਗਏ॥੨੭॥

ਸੋ ਸਭਿ ਆਏ ਚਿਤਵਤਿ ਐਸੇ। ਗਰੁ ਨੈ ਕਰੇ ਏਕਠੇ ਕੈਸੇ ?।
ਕਿਨਹੂੰ ਕਯੋਂਹੁੰ ਨ ਜਾਨੀ ਬात। ਸੁਨਿ ਸੁਨਿ ਹੁਕਮ ਪਹੁੰਚਿ ਅਵਦਾਤ॥ ੨੮ ॥

ਸੋ ਸਾਰੇ ਇਸ ਤਰ੍ਹਾਂ ਸੋਚਦੇ ਆਏ, ਗੁਰੂ ਜੀ ਨੇ ਕਿਉਂ ਇਸ ਤਰ੍ਹਾਂ ਇਕੱਠੇ ਕੀਤੇ ਹਨ ? ਕਿਸੇ ਨੇ ਕਿਸੇ ਤਰ੍ਹਾਂ ਵੀ ਗੱਲ ਨਾ ਜਾਣੀ, ਸੁਣ-ਸੁਣ ਹੁਕਮ ਸਾਰੇ ਸ੍ਰੇਸ਼ਟ ਸਿੱਖ ਪਹੁੰਚਦੇ ਜਾਂਦੇ ਸਨ॥੨੮॥

ਦੇਸ਼ ਦੁਆਬਾ ਪੁਨਹਿ ਪੁਆਧ। ਪੁਰਿ ਗ੍ਰਾਮਨਿ ਤੇ ਸੁਨਿ ਸਿਖ ਸਾਧ।
ਆਨ ਪਹੂੰਚੇ ਸਤਿਗੁਰ ਪੁਰਿ ਮੈਂ। ਪੂਰਵਹਿਂ ਕਰਹਿਂ ਕਾਮਨਾ ਉਰ ਮੈਂ॥ ੨੯ ॥

ਦੇਸ਼ ਦੁਆਬਾ ਅਤੇ ਪੁਆਧ ਦੇਸ਼ ਦੇ ਨਗਰਾਂ ਤੇ ਗ੍ਰਾਮਾਂ ਦੇ ਸਿੱਖ ਸੁਣ ਕੇ ਆ ਕੇ ਗੁਰੂ ਜੀ ਦੀ ਨਗਰੀ ਵਿਚ ਪਹੁੰਚ ਗਏ। ਜਿਹੜੀਆਂ ਵੀ ਕਾਮਨਾਵਾਂ ਹਿਰਦੇ ਵਿਚ ਧਾਰਨ ਕਰਦੇ ਸਨ, ਉਨ੍ਹਾਂ ਨੂੰ ਪੂਰੀਆਂ ਕਰਦੇ ਸਨ॥੨੯॥

ਪੁਨ ਸਤਿਗੁਰ ਦਾਸੀ ਸਮੁਝਾਈ। ਪਠੀ ਨੁਖਾ ਢਿਗ ਸਗਲ ਸੁਨਾਈ।
'ਧੀਰਮੱਲ ਨਿਜ ਸੁਤ ਕੋ ਆਨਹੁ। ਮਿਲਹਿ ਸਭਿਨਿ ਸੋਂ ਹੁਕਮ ਬਖਾਨਹੁ' ॥੩੦॥

ਫਿਰ ਸਤਿਗੁਰੂ ਜੀ ਨੇ ਇਕ ਦਾਸੀ ਨੂੰ ਸਮਝਾਇਆ, ਉਸ ਨੂੰ ਸਭ ਕੁਝ ਸੁਣਾ ਆਪਣੀ ਵੱਡੀ ਨੂੰਹ ਪਾਸ ਭੇਜਿਆ ਤੇ ਕਿਹਾ, "ਧੀਰਮੱਲ ਆਪਣੇ ਪੁੱਤਰ ਨੂੰ ਲਿਆਵੇ, ਸਾਰਿਆਂ ਨੂੰ ਆ ਕੇ ਮਿਲੇ ਇਹ ਹੁਕਮ ਦੇਵੇ" ॥੩੦॥

ਸੁਨਿ ਗਮਨੀ ਤਬਿ ਪੁਰਿ ਕਰਤਾਰ। ਸੁਤ ਸੋਂ, ਜਾਇ ਮਿਲੀ ਹਿਤ ਧਾਰਿ।
ਧੀਰਮੱਲ ਕੋ ਬਹੁ ਸਮੁਝਾਯੋ। 'ਅਬਿ ਗਮਨਹੁ ਤੁਝ ਗੁਰੂ ਬੁਲਾਯੋ ॥ ੩੧॥

ਉਹ ਸੁਣ ਕੇ ਧੀਰਮੱਲ ਦੀ ਮਾਂ ਕਰਤਾਰਪੁਰ ਗਈ, ਪੁੱਤਰ ਨੂੰ ਬਹੁਤ ਹਿਤ ਧਾਰ ਕੇ ਮਿਲੀ। ਧੀਰਮੱਲ ਨੂੰ ਉਸ ਬਹੁਤ ਸਮਝਾਇਆ, ਹੁਣ ਜਾਵੇ ਗੁਰੂ ਜੀ ਨੇ ਬੁਲਾਇਆ ਹੈ॥੩੧॥

ਸ੍ਰੀ ਹਰਿ ਰਾਇ ਅਨੁਜ ਹੈ ਤੇਰੋ। ਤਿਸ ਪਰ ਗੁਰ ਕੋ ਰੁਖ਼ ਬਹੁਤੇਰੋ।
ਲਖੀ ਜਾਇ ਅਰੁ ਬਿਦਤੀ ਬਾਤ। ਤਿਸ ਕੋ ਗੁਰਤਾ ਦੇਂ ਅਵਦਾਤ॥ ੩੨॥

ਸ੍ਰੀ ਹਰਿ ਰਾਇ ਤੇਰਾ ਛੋਟਾ ਭਰਾ ਹੈ, ਉਸ ਉਤੇ ਗੁਰੂ ਜੀ ਦੀ ਬਹੁਤ ਕ੍ਰਿਪਾ ਹੈ, ਜੇ ਸਮਝਿਆ ਜਾਵੇ ਤਾਂ ਗੱਲ ਪ੍ਰਗਟ ਹੈ, ਉਸ ਨੂੰ ਉੱਤਮ ਗੁਰਤਾ ਦੇਣਗੇ॥੩੨॥

ਤੂੰ ਜੇ ਨਿਕਟਿ ਰਹੈਂ ਅਨੁਸਾਰੀ। ਜੇਸ਼ਟ ਭ੍ਰਾਤ ਮਹਾਂ ਮਤਿ ਧਾਰੀ।
ਉਚਿਤ ਅਹੈ ਗਾਦੀ ਪਰ ਬੈਠਨਿ। ਸਿਖ ਸੰਗਤਿ ਸਭਿ ਕੀਨਿ ਇਕੈਠਨਿ॥੩੩॥

ਜੇ ਤੂੰ ਉਸ ਦੇ ਅਨੁਸਾਰ ਹੋ ਕੇ ਰਹੇਂਗਾ, ਤਾਂ ਤੂੰ ਵੱਡਾ ਭਾਰੀ ਮਹਾਨ ਬੁੱਧੀ ਵਾਲਾ ਹੈਂ। ਉਚਿਤ ਇਹੋ ਹੈ ਕਿ ਤੂੰ ਗੱਦੀ ਉਤੇ ਬੈਠੇਂ, ਸਿੱਖ ਸੰਗਤ ਸਭ ਇਕੱਠੀ ਕੀਤੀ ਹੈ॥੩੩॥

ਪ੍ਰਿਥਕ ਰਹਨਿ ਤੁਝ ਕਜੋਂ ਬਨਿ ਆਵੈ। ਗੁਰ ਤੇ ਗੁਰਤਾ ਕਜੋਂ ਨਹਿੰ ਪਾਵੈ?'।
ਇੱਤਜਾਦਿਕ ਸਮੁਝਾਇ ਘਨੇਰਾ। ਧੀਰਮੱਲ ਸੁਨਿ ਕਰਿ ਤਿਸ ਬੇਰਾ॥ ੩੪॥

ਵੱਖ ਰਹਿਣਾ ਤੈਨੂੰ ਕਿਉਂ ਚੰਗਾ ਲੱਗਦਾ ਹੈ, ਗੁਰੂ ਜੀ ਤੋਂ ਗੁਰਤਾ ਕਿਉਂ ਨਹੀਂ ਪਾਉਂਦਾ ਹੈਂ ?" ਇੱਤਆਦਿ ਬਹੁਤ ਸਮਝਾਇਆ, ਧੀਰ ਮੱਲ ਉਸ ਸਮੇਂ ਸੁਣ ਕੇ ਬੋਲਿਆ॥੩੪॥

'ਮੋ ਢਿਗ ਅਹੈ ਗ੍ਰਿੰਥ ਬਡਿਆਈ। ਤਿਸੀ ਜ਼ੋਰ ਲਜੋਂ ਗੁਰਤਾ ਪਾਈ।
ਅਹੈ ਬਡਿਨ ਕੀ ਬਡੀ ਨਿਸ਼ਾਨੀ। ਸਿਖ ਸੰਗਤਿ ਅਸ ਕੋ ਨਹਿਂ ਮਾਨੀ॥ ੩੫॥

ਮੇਰੇ ਪਾਸ ਗ੍ਰੰਥ ਦੀ ਵਡਿਆਈ ਹੈ, ਉਸ ਦੇ ਜ਼ੋਰ ਨਾਲ ਮੈਂ ਗੁਰਤਾ ਪਾ ਲਈ ਹੈ। ਇਹ ਵੱਡਿਆਂ ਦੀ ਵੱਡੀ ਨਿਸ਼ਾਨੀ ਹੈ, ਸਿੱਖ ਸੰਗਤ ਇਸ ਨੂੰ ਕਿਉਂ ਨਹੀਂ ਮੰਨੇਗੀ॥੩੫॥

ਰਹਜੋ ਪ੍ਰਥਮ ਹੀ ਪ੍ਰਿਥਕ ਇਸੀ ਤੇ। ਲੇ ਨ ਸਕੇ ਕੋ ਗ੍ਰਿੰਥ ਜਿਸੀ ਤੇ।
ਤੁਰਕੇਸ਼ੁਰ ਸੋਂ ਮਮ ਬਨਿਆਈ। ਪੁਰਿ ਰਾਖੋਂ ਅਸਵਾਰ ਚਢਾਈ॥ ੩੬॥

ਮੈਂ ਪਹਿਲਾਂ ਵੀ ਇਸੇ ਕਰਕੇ ਵੱਖ ਰਿਹਾ ਹਾਂ, ਜਿਸ ਪਾਸੋਂ ਕੋਈ ਵੀ ਗ੍ਰੰਥ ਲੈ ਨਹੀਂ ਸਕੇਗਾ। ਤੁਰਕਾਂ ਦੇ ਬਾਦਸ਼ਾਹ ਨਾਲ ਮੇਰੀ ਬਣਦੀ ਹੈ, ਨਗਰ ਵਿਚ ਅਸਵਾਰ ਚੜ੍ਹਾ ਕੇ ਰੱਖਾਂਗਾ॥੩੬॥

ਦੇਉਂ ਨੌਕਰੀ ਬਿਗਰੈ ਨਾਂਹੀ। ਸੁਖ ਸੋਂ ਬਸੋਂ ਸਦਾ ਪੁਰਿ ਮਾਂਹੀ'।
ਇਮ ਸੁਨਿ ਪੁਨ ਨੇਤੀ ਸਮੁਝਾਯੋ। 'ਤੂੰ ਬੁਧਿਵਾਨ ਕਰਹਿਂ ਮਨ ਭਾਯੋ॥ ੩੭॥

ਤਨਖਾਹ ਦੇਵਾਂਗਾ ਤਾਂਕਿ ਬਾਦਸ਼ਾਹ ਨਾਲ ਨਾ ਵਿਗੜੇ, ਸਦਾ ਨਗਰ ਵਿਚ ਸੁੱਖ ਨਾਲ ਵੱਸਾਂਗਾ।'' ਇਹ ਸੁਣ ਕੇ ਧੀਰਮੱਲ ਦੀ ਮਾਤਾ ਜੀ ਨੇ ਫਿਰ ਸਮਝਾਇਆ, ''ਤੂੰ ਬੁਧੀਵਾਨ ਹੈਂ ਮਨ-ਭਾਉਂਦੀ ਕਰਦਾ ਹੈਂ॥੩੭॥

ਤਊ ਬਿਚਾਰ ਹੇਰਿ ਮਨ ਮਾਹੀ। ਬਿਗਰਹਿ ਕਹਾਂ ਗਏ ਗੁਰ ਪਾਹੀ।
ਗ੍ਰਿੰਥ ਨ ਛੀਨਹਿਂ ਤ੍ਰਾਸ ਜਿ ਧਰਿਹੋ। ਨਹਿਂ ਨਿਜ ਸੰਗ ਲਿਜਾਵਨ ਕਰਿਹੋ॥੩੮॥

ਫਿਰ ਵੀ ਮਨ ਵਿਚ ਵਿਚਾਰ ਕੇ ਵੇਖੋ, ਗੁਰੂ ਜੀ ਪਾਸ ਜਾਣ ਨਾਲ ਕੀ ਵਿਗੜੇਗਾ। ਗ੍ਰੰਥ ਨਾ ਖੋਹ ਲੈਣ ਜੇ ਹਿਰਦੇ ਵਿਚ ਡਰ ਧਾਰਨ ਕਰਦੇ ਹੋ ਤਾਂ ਆਪਣੇ ਨਾਲ ਨਾ ਲੈ ਕੇ ਜਾਵੇ॥੩੮॥

ਜੇ ਗੁਰ ਕ੍ਰਿਪਾ ਤੋਹਿ ਪਰ ਧਾਰਹਿਂ। ਗੁਰਤਾ ਗਾਦੀ ਪਰ ਬੈਠਾਰਹਿਂ।
ਬਨਹਿ ਬਾਤ ਤੈ ਸਭਿ ਬਿਧਿ ਤੇਰੀ। ਜਿਤ ਕਿਤ ਪੂਜਾ ਹੋਇ ਘਨੇਰੀ॥੩੯॥

ਜੇ ਗੁਰੂ ਜੀ ਤੇਰੇ ਉਪਰ ਕਿਰਪਾ ਧਾਰਨਗੇ, ਤੈਨੂੰ ਗੁਰਤਾ ਗੱਦੀ ਤੇ ਬੈਠਾਉਣਗੇ, ਫਿਰ ਸਾਰੀਆਂ ਵਿਧੀਆਂ ਅਨੁਸਾਰ ਤੇਰੀ ਗੱਲ ਬਣ ਜਾਵੇਗੀ, ਜਿੱਥੇ ਕਿੱਥੇ ਤੇਰੀ ਬਹੁਤ ਪੂਜਾ ਹੋਵੇਗੀ॥੩੯॥

ਜੇ ਤੁਵ ਅਨੁਜ ਪਾਇ ਬਡਿਆਈ। ਤਊ ਭਲੀ ਜਾਨਹੁ ਮਨ ਭਾਈ।
ਤੋਹਿ ਚਚੇ ਜੇ ਗੁਰੁਤਾ ਪਾਵਹਿਂ। ਰਿਸਹਿਂ ਗੁਰੂ ਤੇ ਦੁਹਿ ਨ ਬਿਠਾਵਹਿਂ॥੪੦॥

ਜੇ ਤੇਰਾ ਛੋਟਾ ਭਰਾ ਵਡਿਆਈ ਪਾ ਲਵੇਗਾ, ਉਸਨੂੰ ਵੀ ਭਲੀ ਪ੍ਰਕਾਰ ਮਨ-ਭਾਉਂਦੀ ਗੱਲ ਜਾਣੋ। ਤੇਰੇ ਚਾਚੇ ਜੇ ਗੁਰਤਾ ਪਾਉਣਗੇ ਤਾਂ ਗੁਰੂ ਜੀ ਨਾਰਾਜ਼ ਹੋ ਕੇ ਤੁਹਾਨੂੰ ਦੋਹਾਂ ਨੂੰ ਗੱਦੀ ਤੇ ਨਹੀਂ ਬਿਠਾਉਣਗੇ॥੪੦॥

ਯਾਂਤੇ ਸਮੁਝਿ ਚਲੋ ਗੁਰ ਪਾਸ। ਅਪਨਾ ਭਲਾ ਕਰੋ ਨਿਰਜਾਸ।
ਅਨਗਨ ਸੰਗਤਿ ਤਹਿਂ ਚਲਿ ਆਈ। ਨਿਕਟਿ ਪਿਤਾਮੇ ਲੇਹੁ ਪੁਜਾਈ॥੪੧॥

ਇਸ ਕਰਕੇ ਸਮਝ ਕੇ ਗੁਰੂ ਜੀ ਦੇ ਪਾਸ ਚਲੋ ਤੇ ਜਾ ਕੇ ਆਪਣਾ ਭਲਾ ਨਿਰਧਾਰਤ ਕਰੋ। ਅਣਗਿਣਤ ਸੰਗਤ ਉਥੇ ਚਲ ਕੇ ਆਈ ਹੈ, ਹੁਣ ਆਪਣੇ ਪਿਤਾਮੇ ਭਾਵ ਸ੍ਰੀ ਗੁਰੂ ਹਰਿਗੋਬਿੰਦ ਜੀ ਪਾਸ ਪਹੁੰਚ ਜਾਵੋ॥੪੧॥

ਫੇਰ ਨ ਫੇਰਿ ਸਕੈਗੋ ਕੋਊ। ਅਬਿ ਜੇ ਹੇਰਿ ਲੇਹਿਂਗੇ ਜੋਊ॥
ਗਾਦੀ ਦੇਹਿਂ ਕਿਧੌਂ ਨਹਿਂ ਦੇਹਿਂ। ਨਿਜ ਪੁਜਵਾਵਨ ਬੈਠਿ ਕਰੇਹਿਂ॥੪੨॥

ਫੇਰ ਉਸ ਨੂੰ ਕੋਈ ਵੀ ਨਹੀਂ ਫੇਰ ਸਕੇਗਾ, ਹੁਣ ਉਹ ਤੈਨੂੰ ਵੇਖ ਲੈਣਗੇ। ਗੱਦੀ ਦੇਣ ਜਾਂ ਨਾ ਦੇਣ, ਆਪਣੇ ਆਪ ਉਥੇ ਪਹੁੰਚ ਕੇ ਬੈਠੋ'' ॥੪੨॥

ਇਮ ਸੁਨਿ ਕਰਿ ਹੋਯਹੁ ਤਬਿ ਤਯਾਰ। ਭਈ ਸਕਾਰ ਭਯੋ ਅਸਵਾਰ।
ਤੁਰਨ ਮਗ ਚਲਿ ਆਇ ਪਹੂੰਚਾ। ਜਹਾਂ ਬਿਰਾਜਹਿ ਸਤਿਗੁਰ ਊਚਾ॥੪੩॥

ਇਹ ਸੁਣ ਕੇ ਤਦ ਤਿਆਰ ਹੋ ਗਿਆ, ਸਵੇਰ ਹੋਈ ਤਾਂ ਘੋੜੇ ਤੇ ਅਸਵਾਰ ਹੋ ਗਿਆ, ਤੁਰਤ ਰਾਹ ਵਿਚ ਚਲ ਕੇ ਆ ਗਿਆ, ਜਿਥੇ ਮਹਾਨ ਸਤਿਗੁਰੂ ਜੀ ਬਿਰਾਜਮਾਨ ਸਨ॥੪੩॥

*ਅੱਠਵੀਂ ਰਾਸ ਦਾ ਪੰਜਾਹਵਾਂ ਅਧਿਆਇ ਸਮਾਪਤ ਹੋਇਆ॥੫੦॥*

# ਅਧਿਆਇ ਇਕਵੰਜਵਾਂ

## ਧੀਰਮੱਲ ਦਾ ਅਭਿਮਾਨ

ਦੋਹਰਾ-ਸ੍ਰੀ ਹਰਿਗੋਵਿੰਦ ਨਿਕਟਿ ਹ੍ਵੈ ਧੀਰ ਮੱਲ ਕਰ ਬੰਦਿ।
ਬੰਦਨ ਕਰਿ ਅਰਬਿੰਦ ਪਦ ਬੈਠ੍ਯੋ ਮਾਨ ਬਿਲੰਦ॥ ੧ ॥

ਸ੍ਰੀ ਹਰਿਗੋਬਿੰਦ ਜੀ ਦੇ ਪਾਸ ਹੋ ਕੇ ਧੀਰਮੱਲ ਨੇ ਹੱਥ ਜੋੜ ਕੇ ਚਰਨ ਕੰਵਲਾਂ ਤੇ ਬੰਦਨਾ ਕੀਤੀ, ਤੇ ਵੱਡੇ ਹੰਕਾਰ ਨਾਲ ਬੈਠ ਗਿਆ॥੧॥

ਚੌਪਈ-ਸਤਿਗੁਰ ਕਹ੍ਯੋ 'ਕੁਸ਼ਲ ਸੋਂ ਅਹੈਂ?। ਪੁਰਿ ਕਰਤਾਰ ਰਹਨਿ ਸ਼ੁਭ ਚਹੈਂ?'।
ਹਾਥ ਜੋਰਿ ਕਰ ਗਿਰਾ ਬਖਾਨੀ। 'ਤੁਮਰੇ ਪੁਰਿ ਕੀ ਰੱਛਾ ਠਾਨੀ॥ ੨ ॥

ਸਤਿਗੁਰੂ ਜੀ ਨੇ ਕਿਹਾ, ''ਠੀਕ ਠਾਕ ਹੈਂ, ਕਰਤਾਰਪੁਰ ਵਿਚ ਰਹਿਣਾ ਸ਼ੁਭ ਚਾਹੁੰਦਾ ਹੈਂ?'' ਹੱਥ ਜੋੜ ਕੇ ਬੋਲਿਆ, ''ਤੁਹਾਡੇ ਨਗਰ ਦੀ ਰੱਖਿਆ ਕਰ ਰਿਹਾ ਹਾਂ॥੨॥

ਕਰਿ ਕੈ ਸੰਧਿ ਸ਼ਾਹੁ ਕੈ ਸੰਗ। ਰਿਸ ਨਿਵਾਰ ਕਰਿ ਰਾਖ੍ਯੋ ਰੰਗ'।
ਸੁਨਤਿ ਕਪਟ ਕੀ ਬਾਤ ਬਡੇਰੀ। 'ਆਛੋ ਕਰ੍ਯੋ!' ਕਹ੍ਯੋ ਤਿਸ ਬੇਰੀ॥ ੩ ॥

ਬਾਦਸ਼ਾਹ ਦੇ ਨਾਲ ਸੁਲਾਹ ਕਰਕੇ, ਉਸਦਾ ਗੁੱਸਾ ਦੂਰ ਕਰਕੇ ਉਸ ਨੂੰ ਆਪਣੇ ਰੰਗ ਵਿਚ ਰਖਿਆ ਹੈ।'' ਕਪਟੀ ਦੀ ਵੱਡੀ ਗੱਲ ਸੁਣ ਕੇ ਗੁਰੂ ਜੀ ਨੇ ਕਿਹਾ, ''ਚੰਗਾ ਕੀਤਾ ਹੈ''॥੩॥

ਡੇਰਾ ਕਰਿ ਤਬਿ ਨਿਸਾ ਬਿਤਾਈ। ਹੁਤੋ ਫਾਗ ਹੋਰੀ ਨਿਯਰਾਈ।
ਨੇਰੇ ਪੁਰਿ ਗ੍ਰਾਮਨ ਕੋ ਮੇਲਾ। ਆਯੋ ਦਰਸ਼ਨ ਕਰਨਿ ਸੁਹੇਲਾ॥ ੪ ॥

ਡੇਰਾ ਕਰਕੇ ਫਿਰ ਰਾਤ ਬਤੀਤ ਕੀਤੀ। ਫਗਣ ਦਾ ਮਹੀਨਾ ਸੀ ਹੋਲੀ ਨੇੜੇ ਆ ਗਈ। ਨਜ਼ਦੀਕੀ ਪਿੰਡਾਂ ਅਤੇ ਨਗਰਾਂ ਦੇ ਲੋਕ ਇਕੱਠੇ ਹੋ ਕੇ ਗੁਰੂ ਜੀ ਦੇ ਦਰਸ਼ਨ ਕਰਨ ਆਏ॥੪॥

ਗੁਰ ਕੀ ਕਾਰ ਕਿਤਿਕ ਲੇ ਆਏ। ਢਿਗ ਢਿਗ ਕੋ ਮੇਲਾ ਸਮੁਦਾਏ।
ਖੇਲਤਿ ਫਾਗ ਸੰਗਤਾਂ ਸਾਰੀ। ਰੰਗ, ਗੁਲਾਲ, ਅੰਬੀਰਨਿ ਡਾਰੀ॥ ੫ ॥

ਕਈ ਗੁਰੂ ਜੀ ਦੀ ਕਾਰ ਭੇਟ ਲੈ ਕੇ ਆਏ, ਨੇੜੇ-ਨੇੜੇ ਦੇ ਲੋਕਾਂ ਦਾ ਮੇਲਾ ਇਕੱਠਾ ਹੋ ਗਿਆ। ਸਾਰੀਆਂ ਸੰਗਤਾਂ ਹੋਲੀ ਖੇਡਦੀਆਂ ਸਨ। ਕਈ ਪ੍ਰਕਾਰ ਦੇ ਰੰਗ, ਗੁਲਾਲ ਅਤੇ ਖੁਸ਼ਬੂਦਾਰ ਧੂੜਾ ਇਕ ਦੂਸਰੇ ਤੇ ਸੁੱਟਦੇ ਸਨ॥੫॥

ਗਾਵਹਿਂ ਸ਼ਬਦ ਅਨੰਦ ਬਿਲੰਦੈ। ਸਤਿਗੁਰ ਕੋ ਸਥਾਨ ਦਰਬੰਦੈ।
ਸ਼੍ਰੀ ਹਰਿਗੋਵਿੰਦ ਆਗਜਾ ਦੀਨਿ। 'ਪੂਰਨਮਾਸ਼ੀ ਮਹਿਂ ਦਿਨ ਤੀਨ॥ ੬ ॥

ਬੜੇ ਅਨੰਦ ਨਾਲ ਸ਼ਬਦ ਗਾਉਂਦੇ ਸਨ, ਕਿਉਂਕਿ ਸਤਿਗੁਰੂ ਜੀ ਦੇ ਸਥਾਨ ਦਾ ਦਰਵਾਜ਼ਾ ਬੰਦ ਸੀ। ਸ੍ਰੀ ਹਰਿਗੋਬਿੰਦ ਜੀ ਨੇ ਆਗਿਆ ਕੀਤੀ ਸੀ, ''ਪੂਰਨਮਾਸ਼ੀ ਵਿਚ ਤਿੰਨ ਦਿਨ ਰਹਿੰਦੇ ਹਨ॥੬॥

ਤਿਸ ਦਿਨ ਹ੍ਵੈ ਹੈ ਦਰਸ ਹਮਾਰਾ। ਇਤਨੈ ਕਰਹੁ ਮੰਗਲਾ ਚਾਰਾ।
ਏਕਮ ਦੂਜ ਰਹੈ ਪੁਨ ਮੇਲਾ। ਸਦਨ ਜਾਇਂ ਸਭਿ ਫੇਰ ਸੁਹੇਲਾ॥ ੭ ॥

ਉਸ ਦਿਨ ਸਾਡੇ ਦਰਸ਼ਨ ਹੋਣਗੇ, ਏਨੇ ਦਿਨ ਮੰਗਲਾਚਾਰ ਕਰੋ। ਏਕਮ ਦੂਜ ਤਕ ਫਿਰ ਮੇਲਾ ਰਹੇਗਾ, ਫਿਰ ਸੁਖੀ ਸੁਖੀ ਆਪਣੇ ਘਰਾਂ ਨੂੰ ਜਾਵੋ" ॥੭॥

ਨਿਕਟਿ ਦੂਰ ਕੇ ਨਰ ਸਭਿ ਰੋਕੇ। ਸੁਨਤਿ ਮੁਦਤਿ ਗੁਰ ਚਹਤਿ ਬਿਲੋਕੇ।
ਸੰਗਤਿ ਬਿਖੈ ਮੇਵਰੋ ਸਾਰੇ। ਹੁਕਮ ਗੁਰੂ ਕੋ ਊਚ ਉਚਾਰੇ॥ ੮॥

ਨੇੜੇ ਦੂਰ ਦੇ ਸਭ ਮਨੁੱਖਾਂ ਨੂੰ ਰੋਕਿਆ। ਗੁਰੂ ਜੀ ਦਾ ਹੁਕਮ ਸੁਣਕੇ ਪ੍ਰਸੰਨ ਹੋਏ, ਪਰ ਗੁਰੂ ਜੀ ਦੇ ਦਰਸ਼ਨਾਂ ਨੂੰ ਲੋਚਦੇ ਰਹੇ। ਸੰਗਤ ਵਿਚ ਸਾਰੇ ਅਰਦਾਸੀਏ, ਗੁਰੂ ਜੀ ਦੇ ਹੁਕਮਾਂ ਨੂੰ ਬੜੀ ਉੱਚੀ-ਉੱਚੀ ਸੁਣਾਉਂਦੇ ਸਨ॥੮॥

ਧੀਰਮੱਲ ਸੁਨਿਕੈ ਚਿਤਵੰਤਾ। ਰੁਖ਼ ਨਹਿਂ ਕਰਹਿਂ ਗੁਰੂ ਭਗਵੰਤਾ।
ਕਿਸੁ ਪੁੱਤ੍ਰ ਕੋ ਗੁਰਤਾ ਦੈ ਹੈਂ। ਕੈ ਮਮ ਅਨੁਜ ਮਹਾਂ ਪਦ ਪੈਹੈ॥ ੯॥

ਧੀਰਮੱਲ ਸੁਣ ਕੇ ਫ਼ਿਕਰਮੰਦ ਹੋਇਆ, ਭਗਵੰਤ ਗੁਰੂ ਜੀ ਮੇਰੇ ਵੱਲ ਰੁਖ਼ ਨਹੀਂ ਕਰਦੇ। ਕਿਸੇ ਪੁੱਤਰ ਨੂੰ ਗੁਰਤਾ ਦੇਣਗੇ ਜਾਂ ਮੇਰਾ ਛੋਟਾ ਭਰਾ ਇਹ ਮਹਾਂ ਪਦਵੀ ਪਾਵੇਗਾ॥੯॥

ਕਹੇ ਮਾਤ ਕੇ 'ਮੈਂ ਚਲਿ ਆਯੋ। ਸੰਗਤਿ ਬਿਖੈ ਅਨਾਦਰ ਪਾਯੋ।
ਪੂਜਾ ਅਲਪ ਹੋਇ ਹੈ ਮੇਰੀ। ਐਸੀ ਰੀਤਿ ਲੇਹਿਂ ਜਬਿ ਹੇਰੀ॥ ੧੦॥

ਆਪਣੀ ਮਾਤਾ ਜੀ ਨੂੰ ਕਹਿਣ ਲੱਗਾ, "ਮੈਂ ਤਾਂ ਚਲ ਕੇ ਆ ਗਿਆ ਹਾਂ, ਪਰ ਸੰਗਤ ਵਿਚ ਬੜਾ ਅਨਾਦਰ ਪਾਇਆ ਹੈ। ਮੇਰੀ ਬਹੁਤ ਘੱਟ ਪੂਜਾ ਹੁੰਦੀ ਹੈ, ਐਸੀ ਰੀਤੀ ਪਾ ਕੇ ਜਦ ਵੇਖੀ ਹੈ॥੧੦॥

ਗੁਰਤਾ ਦੇਹਿਂ ਤ ਮਮ ਰਹਿ ਆਵੈ। ਦੇਨੀ ਮੋਹੂ ਕਉ ਬਨਿ ਆਵੈ।
ਬਡੇ ਪੁੱਤ੍ਰ ਕੋ ਪੁੱਤ੍ਰ ਬਡੇਰੋ। ਬਿਦਤ ਬਾਤ ਸਭ ਲਖਹਿਂ ਘਨੇਰੋ॥ ੧੧॥

ਮੈਨੂੰ ਗੁਰਤਾ ਦੇਣ ਤਦ ਮੇਰੀ ਰਹਿ ਆਉਂਦੀ ਹੈ, ਗੁਰਤਾ ਮੈਨੂੰ ਹੀ ਦੇਣੀ ਬਣਦੀ ਹੈ। ਵੱਡੇ ਪੁੱਤਰ ਦਾ ਵੱਡਾ ਪੁੱਤਰ ਹਾਂ, ਪ੍ਰਗਟ ਗੱਲ ਹੈ, ਜਿਸ ਨੂੰ ਸਭ ਚੰਗੀ ਤਰ੍ਹਾਂ ਸਮਝਦੇ ਹਨ॥੧੧॥

ਤਊ ਰਚੋਂ ਮੈਂ ਕੁਛ ਚਤੁਰਾਈ। ਜਿਸ ਤੇ ਸੰਗਤਿ ਲਖਹਿ ਬਡਾਈ।
ਪ੍ਰਥਮ ਪਿਤਾਮੇ ਤੇ ਪੁਜਾਵਾਵੋਂ। ਥਿਰਿ ਮੰਜੀ ਪਰ ਹੁਇ ਦਿਖਰਾਵੋਂ ॥ ੧੨॥

ਫਿਰ ਵੀ ਮੈਂ ਕੁਝ ਚਤੁਰਾਈ ਕਰਾਂਗਾ, ਜਿਸ ਨਾਲ ਸੰਗਤ ਮੇਰੀ ਵਡਿਆਈ ਨੂੰ ਸਮਝ ਲਵੇਗੀ। ਪਹਿਲਾਂ ਪਿਤਾਮੇ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਦੀਵਾਨ ਵਿਚ ਆਉਣ ਤੋਂ ਪਹਿਲਾਂ ਮੈਂ ਆਪਣੀ ਪੂਜਾ ਕਰਵਾਵਾਂਗਾ, ਮੰਜੀ ਤੇ ਬੈਠ ਕੇ ਦਿਖਾਵਾਂਗਾ" ॥੧੨॥

ਗੁਰੂ ਅਛਤ ਜੇ ਲੇਉਂ ਅਕੋਰ। ਪਿਖਿ ਕਰਿ ਸਿਖ ਬੰਦਹਿਂ ਕਰਿ ਜੋਰਿ।
ਸਦਾ ਰਹੈਂਗੇ ਪੁਨ ਅਨੁਸਾਰੀ। ਪੂਜਾ ਕਰਹਿਂ ਸਦੀਵ ਹਮਾਰੀ॥ ੧੩॥

ਗੁਰੂ ਜੀ ਦੇ ਮੌਜੂਦ ਹੁੰਦਿਆਂ ਉਪਹਾਰ ਲਵਾਂਗਾ, ਵੇਖ ਕੇ ਸਿੱਖ ਹੱਥ ਜੋੜ ਕੇ ਬੰਦਨਾ ਕਰਨਗੇ, ਫਿਰ ਸਦਾ ਮੇਰੀ ਆਗਿਆ ਅਨੁਸਾਰ ਰਹਿਣਗੇ ਤੇ ਸਦਾ ਹੀ ਮੇਰੀ ਪੂਜਾ ਕਰਨਗੇ॥੧੩॥

ਗੁਰ ਨਿਕਸੈਂਗੇ ਪਰਸੋਂ ਬਾਹਿਰ। ਮੈਂ ਹੁਇ ਪ੍ਰਾਤਿ ਥਿਰੋਂ ਬਿਚ ਜ਼ਾਹਿਰ।
ਬ੍ਰਿੰਦ ਉਪਾਇਨ ਆਨੀ ਸਭੈ। ਹੇਰਿ ਹੇਰਿ ਅਰਪਹਿੰਗੇ ਤਬੈ॥ ੧੪॥

ਗੁਰੂ ਜੀ ਪਰਸੋਂ ਬਾਹਰ ਨਿਕਲਣਗੇ, ਮੈਂ ਸਵੇਰ ਹੁੰਦਿਆਂ ਜ਼ਾਹਰਾ ਤੌਰ ਤੇ ਦੀਵਾਨ ਲਾ ਕੇ ਬੈਠ ਜਾਵਾਂਗਾ। ਸਾਰੇ ਸਿੱਖ ਬਹੁਤ ਉਪਹਾਰ ਲੈ ਕੇ ਆਉਣਗੇ, ਵੇਖ-ਵੇਖ ਕੇ ਸਭ ਅਰਪਣ ਕਰਨਗੇ॥੧੪॥

ਗੁਰ ਸਮ ਬਨ ਕੈ ਦੇਉਂ ਦਿਖਾਈ। ਜਿਸ ਤੇ ਮਾਨਤਿ ਰਹੈ ਸਦਾਈ।
ਸੰਗ ਮਸੰਦਨਿ ਮਸਲਤ ਕੀਨਿ। ਤਿਨਹੁਂ ਸਰਾਹਜੋ 'ਤੂੰ ਮਤਿ ਪੀਨ' ॥੧੫॥

ਗੁਰੂ ਸਮਾਨ ਬਣ ਕੇ ਵਿਖਾਈ ਦੇਵਾਂਗਾ, ਜਿਸ ਕਰਕੇ ਸਦਾ ਹੀ ਮੈਨੂੰ ਮੰਨਦੇ ਰਹਿਣਗੇ। ਆਪਣੇ ਪੱਖੀ ਮਸੰਦਾਂ ਨਾਲ ਸਲਾਹ ਕੀਤੀ, ਉਨ੍ਹਾਂ ਵੀ ਸ਼ਲਾਘਾ ਕੀਤੀ, "ਤੂੰ ਬੜਾ ਬੁਧੀਵਾਨ ਹੈਂ" ॥੧੫॥

ਸਦਾ ਸੰਗ ਤਿਸ ਕੇ ਸੋ ਰਹੈਂ। ਗੁਰ ਬਿਗਰਹਿਂ ਤਿਮਹੀ ਨਿਤ ਕਹੈਂ।
'ਲਾਖਹੁਂ ਸੰਗਤਿ ਅਬਿ ਚਲਿ ਆਈ। ਦੇਸ਼ਨਿ ਕੇ ਮਸੰਦ ਸਮੁਦਾਈ॥ ੧੬॥

ਉਹ ਸਦਾ ਉਸ ਦੇ ਨਾਲ ਰਹਿੰਦੇ ਸਨ। ਗੁਰੂ ਜੀ ਨਾਲ ਜਿਵੇਂ ਵਿਗਾੜ ਹੋਵੇ ਤਿਵੇਂ ਹੀ ਨਿੱਤ ਸਲਾਹ ਦਿੰਦੇ ਰਹਿੰਦੇ ਸਨ। "ਲੱਖਾਂ ਦੀ ਗਿਣਤੀ ਵਿਚ ਹੁਣ ਸੰਗਤ ਚਲ ਕੇ ਆਈ ਹੈ, ਬਹੁਤ ਦੇਸ਼ਾਂ ਦੇ ਮਸੰਦ ਇਕੱਠੇ ਹੋਏ ਹਨ॥੧੬॥

ਅਬਿਕੈ ਦੇਖੈਂ ਤੋਹਿ ਪ੍ਰਤਾਪੂ। ਪੁਨਹਿ ਭੇਟ ਲੇ ਪਹੁੰਚਹਿਂ ਆਪੂ'।
ਨਿਸ ਮੈਂ ਇਮ ਨਿਸ਼ਚੈ ਕਰਿ ਸੋਏ। ਜਾਗੇ ਸਕਲ ਪ੍ਰਾਤਿ ਕੇ ਹੋਏ॥ ੧੭॥

ਹੁਣ ਸਾਰੇ ਤੇਰੇ ਪ੍ਰਤਾਪ ਨੂੰ ਵੇਖਣਗੇ, ਫਿਰ ਭੇਟਾ ਲੈ ਕੇ ਆਪ ਹੀ ਪਹੁੰਚ ਜਾਇਆ ਕਰਨਗੇ।" ਰਾਤ ਨੂੰ ਇਸ ਤਰ੍ਹਾਂ ਨਿਸ਼ਚਾ ਕਰਕੇ ਸੁੱਤਾ ਤੇ ਸਵੇਰ ਹੋਣ ਤੇ ਜਾਗ ਪਿਆ॥੧੭॥

ਮੁੱਠਾ ਚਮਰ ਸੇਵਕਨਿ ਦੀਨਿ। ਬਡੋ ਪਖੰਡ ਰਚਨ ਤਬਿ ਕੀਨਿ।
ਬੀਚ ਬਜ਼ਾਰ ਫਰਸ਼ ਕਰਿਵਾਯੋ। ਰੰਗ ਅਨੇਕ ਬਿਸਾਲ ਸੁਹਾਯੋ॥ ੧੮॥

ਇਕ ਚੌਰ ਸੇਵਕ ਨੂੰ ਦਿੱਤਾ, ਫਿਰ ਵੱਡੇ ਪਖੰਡ ਦੀ ਤਦ ਰਚਨਾ ਕੀਤੀ। ਬਾਜ਼ਾਰ ਵਿਚ ਵਿਛਾਉਣੇ ਵਿਛਾ ਕੇ ਫਰਸ਼ ਕਰਵਾਇਆ। ਅਨੇਕ ਪ੍ਰਕਾਰ ਦੇ ਸੁੰਦਰ ਰੰਗਦਾਰ ਵਿਛਾਉਣੇ ਬਹੁਤ ਸ਼ੋਭਦੇ ਸਨ॥੧੮॥

ਪਹਿਰਜੋ ਆਪ ਗਰੇ ਤਬਿ ਜਾਮਾ। ਬਹੁ ਸੂਖਮ ਦੀਰਘ ਅਭਿਰਾਮਾ।
ਕੰਚਨ ਦੰਡ ਚਮਰ ਸਿਰ ਫੇਰੈ। ਭੂਖਨ ਪਹਿਰੇ ਦਿਪਤਿ ਘਨੇਰੈ॥ ੧੯॥

ਆਪਣੇ ਗੱਲ ਫਿਰ ਵੱਡਾ ਜਾਮਾ ਪਾ ਲਿਆ, ਜਿਹੜਾ ਬੜਾ ਸੂਖਮ ਤੇ ਬੜਾ ਸੁੰਦਰ ਸੀ। ਸੋਨੇ ਦੇ ਮੁੱਠੀ ਵਾਲਾ ਸਿਰ ਤੇ ਚੌਰ ਫੇਰਦੇ ਸਨ, ਜਿਹੜੇ ਗਹਿਣੇ ਪਹਿਣੇ ਹੋਏ ਸਨ, ਉਹ ਬਹੁਤ ਚਮਕਦੇ ਸਨ॥੧੯॥

ਜਿਗਾ ਆਦਿ ਤੇ ਸ਼ੋਭਾ ਪਾਏ। ਗਯੋ ਆਪ ਜਹਿਂ ਫਰਸ਼ ਕਰਾਏ।
ਦੀਰਘ ਸੁੰਦਰ ਡਸਿ ਮਸਨੰਦ। ਧਰਜੋ ਏਕ ਉਪਧਾਨੁ ਬਿਲੰਦ॥ ੨੦॥

ਕਲਗੀ ਆਦਿ ਨਾਲ ਬੜੀ ਸ਼ੋਭਾ ਪਾ ਰਿਹਾ ਸੀ, ਉਥੇ ਆਪ ਪਹੁੰਚ ਗਿਆ ਜਿਥੇ ਫਰਸ਼ ਕਰਵਾਇਆ ਸੀ। ਵੱਡਾ ਸੁੰਦਰ ਸਿੰਘਾਸਣ ਡਾਹਿਆ ਗਿਆ, ਇਕ ਵੱਡੇ ਸਰਹਾਣੇ ਨੂੰ ਧਰਿਆ ਗਿਆ॥੨੦॥

ਤਿਸ ਪਰ ਬੈਠਜੋ ਮੋਦ ਉਪਾਇ। ਚਹੁੰਦਿਸ਼ਿ ਦਾਸ ਖਿਰੇ ਸਮੁਦਾਇ।
'ਸ੍ਰੀ ਸਤਿਗੁਰ ਤੁਮ ਅੰਤਰਜਾਮੀ'। ਕਰਹਿਂ ਕੁਸ਼ਾਮਤ ਕਹਿ ਕਹਿ 'ਸ੍ਵਾਮੀ' ॥੨੧॥

ਉਸ ਆਸਣ ਉਤੇ ਬਹੁਤ ਪ੍ਰਸੰਨ ਹੋ ਕੇ ਬੈਠ ਗਿਆ, ਚਾਰੇ ਪਾਸੇ ਸੇਵਕ ਇਕੱਠੇ ਹੋ ਕੇ ਬੈਠ ਗਏ ਤੇ ਕਹਿਣ ਲੱਗੇ, "ਸ੍ਰੀ ਸਤਿਗੁਰੂ ਜੀ ਤੁਸੀਂ ਅੰਤਰਜਾਮੀ ਹੋ" ਤੇ 'ਸਵਾਮੀ' ਕਹਿ-ਕਹਿ ਕੇ ਖੁਸ਼ਾਮਦਾਂ ਕਰਦੇ ਸਨ॥੨੧॥

ਸਿਰ ਊਪਰ ਚੰਦੋਆ ਬਨਜੋ। ਰੇਸ਼ਮ ਡੋਰੈਂ ਚਹੁੰ ਦਿਸ਼ ਤਨਜੋ।
ਬਿਚਰਤਿ ਇਤ ਉਤ ਸਿਖ ਸਮੁਦਾਏ। ਕਰਜੋ ਬਿਲੋਕਨਿ ਮੇਲ ਜੁ ਆਏ ॥੨੨॥

ਸਿਰ ਦੇ ਉਪਰ ਚੰਦੋਆ ਤਾਣਿਆ ਹੋਇਆ ਸੀ, ਰੇਸ਼ਮ ਦੀਆਂ ਡੋਰਾਂ ਨਾਲ ਚਾਰੇ ਪਾਸੇ ਬੰਨ੍ਹਿਆ ਹੋਇਆ ਸੀ। ਸਾਰੇ ਸਿੱਖ ਇਕੱਠੇ ਹੋ ਕੇ ਏਧਰ ਓਧਰ ਫਿਰਦੇ ਸਨ, ਜਿਹੜੇ ਮੇਲੇ ਵਿਚ ਆਏ ਸਨ, ਉਨ੍ਹਾਂ ਨੇ ਵੀ ਵੇਖਿਆ॥੨੨॥

ਸਿੱਖਜ ਓਪਰੇ ਅਰੁ ਅਨੁਜਾਨੇ। 'ਗੁਰ ਗੁਰ' ਕਰਤਿ ਬੰਦਨਾ ਠਾਨੇ।
ਨਿਜ ਨਿਜ ਡੇਰੇ ਮਹਿਂ ਤਬਿ ਜਾਇ। ਕਿਤਿਕ ਉਪਾਇਨ ਲਜਾਏ ਧਾਇ॥੨੩॥

ਓਪਰੇ ਅਤੇ ਅਣਜਾਣੇ ਸਿੱਖ, ''ਗੁਰੂ ਗੁਰੂ' ਕਹਿ ਕੇ ਬੰਦਨਾ ਕਰਦੇ ਸਨ। ਆਪਣੇ-ਆਪਣੇ ਡੇਰਿਆਂ ਵਿਚ ਫਿਰ ਜਾ ਕੇ, ਕਈ ਪ੍ਰਕਾਰ ਦੇ ਉਪਹਾਰ ਲੈ ਕੇ ਭੱਜੇ ਆਏ॥੨੩॥

ਖਰੋ ਮੇਵਰੋ ਭਯੋ ਅਗਾਰੀ। ਲੈ ਧਨ ਕੋ ਅਰਦਾਸ ਉਚਾਰੀ।
ਇਕ ਕੋ ਦਿਖਿ ਦੂਸਰ ਲੈ ਆਯੋ। ਅਰਪਹਿਂ ਗੁਰ ਕੇ ਸਮ ਲਖਿ ਪਾਯੋ॥੨੪॥

ਅਰਦਾਸੀਆ ਅੱਗੇ ਖੜਾ ਸੀ, ਉਹ ਧਨ ਲੈ ਕੇ ਅਰਦਾਸ ਉਚਾਰਨ ਕਰਦਾ ਸੀ। ਇਕ ਨੂੰ ਵੇਖ ਕੇ ਦੂਸਰੇ ਲੈ ਆਉਂਦੇ ਸਨ, ਗੁਰੂ ਜੀ ਦੇ ਬਰਾਬਰ ਸਮਝ ਕੇ ਧਨ ਅਰਪਣ ਕਰਦੇ ਸਨ॥੨੪॥

ਦੇਖਾ ਦੇਖੀ ਬਹੁ ਸਿਖ ਆਏ। ਅਰਪਨ ਕਰਜੋ ਦਰਬ ਸਮੁਦਾਏ।
ਚਹੁਦਿਸ਼ਿ ਮਹਿਂ ਬਹੁ ਨਰ ਪਰਵਾਰੇ। ਇਕ ਆਵੈਂ ਇਕ ਜਾਹਿਂ ਸਿਧਾਰੇ॥੨੫॥

ਵੇਖਾ-ਵੇਖੀ ਬਹੁਤ ਸਿੱਖ ਆਏ, ਸਾਰਿਆਂ ਨੇ ਧਨ ਅਰਪਣ ਕੀਤਾ। ਚਾਰੇ ਪਾਸੇ ਬਹੁਤ ਨਰ ਪਰਵਾਰਾਂ ਸਹਿਤ ਟਿਕੇ ਸਨ, ਇਕ ਆਉਂਦਾ ਸੀ, ਇਕ ਚਲਾ ਜਾਂਦਾ ਸੀ॥੨੫॥

ਸਵਾਜਾਮ ਦਿਨ ਜਬਿ ਲੌ ਚਰਜੋ। ਬੈਠਜੋ ਆਪ ਪੁਜਾਵਨਿ ਕਰਜੋ।
ਸੰਗ ਮਸੰਦ ਜਿ ਦਰਬ ਸੰਭਾਰੈਂ। ਮਹਿਮਾ ਸਿੱਖਜਨਿ ਮਹਿਂ ਬਿਸਤਾਰੈਂ॥੨੬॥

ਸਵਾ ਪਹਿਰ ਜਦ ਦਿਨ ਚੜ੍ਹ ਗਿਆ, ਬੈਠ ਕੇ ਆਪਣੀ ਪੂਜਾ ਕਰਵਾਈ। ਜਿਹੜੇ ਨਾਲ ਮਸੰਦ ਸਨ ਉਹ ਧਨ ਸੰਭਾਲੀ ਜਾਂਦੇ ਸਨ ਤੇ ਸਿੱਖਾਂ ਵਿਚ ਮਹਿਮਾ ਵਿਸਥਾਰ ਕਰਦੇ ਸਨ॥੨੬॥

'ਸਤਿਗੁਰ ਦੇਹਿਂ ਇਸੈ ਗੁਰਿਆਈ। ਬਹੁ ਸਨਮਾਨਿਤ ਲੀਨਿ ਬੁਲਾਈ।
ਬਡੋ ਪੁੱਤ੍ਰ ਕੋ ਪੁੱਤ੍ਰ ਬਡੇਰੋ। ਗੁਨ ਗਨ ਸਹਿਤ ਉਚਿਤ ਇਹੁ ਹੇਰੋ॥੨੭॥

ਤੇ ਕਹਿੰਦੇ ਸਨ, ''ਸਤਿਗੁਰੂ ਜੀ ਇਸ ਨੂੰ ਗੁਰਿਆਈ ਦੇਣਗੇ, ਬੜਾ ਸਨਮਾਨ ਕਰਕੇ ਬੁਲਾ ਲਿਆ ਹੈ। ਇਹ ਵੱਡੇ ਪੁੱਤਰ ਦਾ ਵੱਡਾ ਪੁੱਤਰ ਹੈ। ਬਹੁਤ ਗੁਣਾਂ ਸਹਿਤ ਇਸ ਨੂੰ ਉਚਿਤ ਵੇਖਿਆ ਹੈ॥੨੭॥

ਪੂਜਨੀਯ ਸਭਿ ਜਗ ਕੋ ਜਾਨਜੋ। ਨਿਜ ਪਾਛੈ ਯਾਂਤੇ ਗੁਰ ਠਾਨਜੋ।
ਸੁਨਿ ਸਿਖ ਜੇ ਅਨਜਾਨ ਮਹਾਨੇ। ਅਰਪਹਿਂ ਧਨ ਕੋ ਬੰਦਨ ਠਾਨੇ॥੨੮॥

ਇਸ ਨੂੰ ਸਭ ਜੱਗ ਦੇ ਪੂਜਨੀਕ ਜਾਣਿਆ ਹੈ, ਆਪਣੇ ਪਿੱਛੋਂ ਇਸ ਨੂੰ ਗੁਰੂ ਬਣਾਉਣ ਦਾ ਇਰਾਦਾ ਕੀਤਾ ਹੈ। ਜਿਹੜੇ ਮਹਾਨ ਅਣਜਾਣ ਸਿੱਖ ਸਨ, ਉਹ ਸੁਣ ਕੇ ਬੰਦਨਾ ਕਰਕੇ ਧਨ ਅਰਪਣ ਕਰਦੇ ਸਨ॥੨੮॥

ਸਵਾਜਾਮ ਥਿਰ ਹ੍ਵੈ ਪੁਨ ਗਯੋ। ਖਾਨ ਪਾਨ ਸਭਿ ਠਾਨਤਿ ਭਯੋ।
ਕਰਿ ਬਿਸਰਾਮ ਦੁਪਹਿਰਾ ਢਰਜੋ। ਨਿਕਟਿ ਗੁਰੂ ਕਿਨ ਜਾਇ ਉਚਰਜੋ॥੨੯॥

ਸਵਾ ਪਹਿਰ ਬੈਠ ਕੇ ਫਿਰ ਚਲਾ ਗਿਆ, ਅੰਨ ਪਾਣੀ ਛਕਿਆ। ਵਿਸ਼ਰਾਮ ਕਰਕੇ ਜਦ ਦੁਪਹਿਰ ਢਲ ਗਈ, ਤਾਂ ਕਿਸੇ ਨੇ ਗੁਰੂ ਜੀ ਪਾਸ ਜਾ ਕੇ ਉਚਾਰਨ ਕੀਤਾ॥੨੯॥

'ਧੀਰਮਲ ਮੰਜੀ ਕੋ ਲਾਇ। ਗੁਰਿਆਈ ਕੋ ਤੌਰ ਬਨਾਇ।
ਬੈਠਿ ਪ੍ਰਾਤਿ ਤੇ ਬੀਚ ਬਜ਼ਾਰ। ਪੁਜਵਾਯੋ, ਧਨ ਚਢਜੋ ਉਦਾਰ॥ ੩੦॥

"ਧੀਰਮੱਲ ਨੇ ਮੰਜੀ ਲਾਈ ਹੈ ਤੇ ਗੁਰੂ ਦਾ ਤੌਰ ਤਰੀਕਾ ਬਣਾਇਆ ਹੈ। ਸਵੇਰ ਤੋਂ ਹੀ ਬਾਜ਼ਾਰ ਵਿਚ ਬੈਠ ਕੇ ਆਪਣੇ ਆਪ ਨੂੰ ਪੁਜਾਇਆ ਹੈ ਤੇ ਬਹੁਤ ਧਨ ਚੜ੍ਹਿਆ ਹੈ॥੩੦॥

ਸਿੱਖ ਸੈਂਕਰੇ ਥਿਰ ਭੇ ਪਾਸਾ। ਲੇਹਿਂ ਉਪਾਇਨ ਕਰਿ ਅਰਦਾਸ।
ਸਵਾਜਾਮ ਲਗਿ ਮੇਲਾ ਰਹਜੋ। 'ਇਹ ਗੁਰ ਹੁਇ' ਸਭਿਹਿਨਿ ਮਹਿਂ ਕਹਜੋ॥੩੧॥

ਸੈਂਕੜੇ ਸਿੱਖ ਪਾਸ ਬੈਠੇ ਹਨ, ਅਰਦਾਸੀਏ ਉਪਹਾਰ ਲੈ ਕੇ ਅਰਦਾਸ ਕਰਦੇ ਹਨ। ਸਵਾ ਪਹਿਰ ਤਕ ਮੇਲਾ ਲੱਗਾ ਰਿਹਾ ਹੈ, ਇਹ ਹੁਣ ਗੁਰੂ ਹੋ ਗਏ ਹਨ ਅਰਦਾਸੀਆ ਸਭ ਨੂੰ ਕਹਿ ਰਿਹਾ ਸੀ॥੩੧॥

ਸਜਾਨੇ ਸਿੱਖ ਮਸੰਦ ਜਿ ਸਜਾਨੇ। ਸੋ ਨਹਿਂ ਗਏ ਹਾਸ ਕੋ ਠਾਨੇ।
ਤੀਨਹੁ ਪੁੱਤ੍ਰ ਸੁ ਪੌਤ੍ਰ ਦੋਇ। ਜਿਸ ਗੁਰ ਥਾਪਹਿਂ ਸੋ ਗੁਰ ਹੋਇ॥ ੩੨॥

ਸਿਆਣੇ ਸਿੱਖ ਤੇ ਜਿਹੜੇ ਸਿਆਣੇ ਮਸੰਦ ਸਨ, ਉਹ ਨਹੀਂ ਗਏ ਸਨ ਤੇ ਹੱਸਦੇ ਸਨ। ਤਿੰਨੇ ਪੁੱਤਰ ਤੇ ਦੋਵੇਂ ਪੋਤਰੇ, ਇਨ੍ਹਾਂ ਵਿਚੋਂ ਜਿਸ ਨੂੰ ਵੀ ਗੁਰੂ ਜੀ ਆਪ ਥਾਪਣਗੇ ਉਹੋ ਗੁਰੂ ਹੋਵੇਗਾ॥੩੨॥

ਬਿਨ ਥਾਪਹਿਂ ਹਮ ਮਾਨੈਂ ਨਾਂਹੀ। ਨਹਿਂ ਪਹੁਚੇ ਇਮ ਲਖਿ ਮਨ ਮਾਂਹੀ'।
ਸੁਨਿ ਸਤਿਗੁਰ ਕੈ ਹੋਯੋ ਛੋਭ। ਜਾਨਜੋ ਧੀਰਮੱਲ ਬਡ ਲੋਭ॥ ੩੩॥

ਗੁਰੂ ਜੀ ਵਲੋਂ ਗੁਰਗੱਦੀ ਥਾਪਣ ਤੋਂ ਬਗੈਰ ਅਸੀਂ ਮੰਨਾਂਗੇ ਨਹੀਂ, ਮਨ ਵਿਚ ਇਸ ਤਰ੍ਹਾਂ ਜਾਣ ਕੇ ਅਸੀਂ ਨਹੀਂ ਪਹੁੰਚੇ ਹਾਂ" ਇਹ ਸੁਣ ਕੇ ਸਤਿਗੁਰੂ ਜੀ ਗੁੱਸੇ ਵਿਚ ਆ ਗਏ। ਉਹ ਸਮਝ ਗਏ ਕਿ ਧੀਰਮੱਲ ਬੜਾ ਲੋਭੀ ਹੈ॥੩੩॥

ਬੇ ਮਿਰਜਾਦ ਕਰਤਿ ਇਹੁ ਰਹਜੋ। ਸ੍ਰੀ ਗੁਰ ਗ੍ਰਿੰਥ ਕਪਟ ਕਰਿ ਲਹਜੋ।
ਅਬਹਿ ਹਕਾਰਜੋ ਕਾਰਨ ਔਰ। ਬਨ ਗੁਰ ਬੈਠਜੋ ਹੈ ਇਸ ਠੌਰ॥ ੩੪॥

ਇਹ ਬੇਮਰਯਾਦਾ ਕਰਦਾ ਰਿਹਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਕਪਟ ਕਰਕੇ ਆਪਣੇ ਪਾਸ ਰੱਖ ਲਿਆ ਹੈ। ਹੁਣ ਕਿਸੇ ਹੋਰ ਕਾਰਨ ਕਰਕੇ ਬੁਲਾਇਆ ਹੈ, ਉਹ ਹੁਣ ਇਸ ਥਾਂ ਗੁਰੂ ਬਣ ਕੇ ਬੈਠ ਗਿਆ ਹੈ॥੩੪॥

ਨਿਕਟਿ ਦਾਸ ਕੋ ਕਹਜੋ ਸੁਨਾਇ। 'ਅਬਿ ਕੇ ਜੇ ਬੈਠਹਿ ਕਿਸ ਥਾਇਂ।
ਕਰਹੁ ਨਿਰਾਦਰ ਦੇਹੁ ਉਠਾਇ। ਪੁਰਿ ਤੇ ਵਹਿਰ ਕਰਹੁ ਸਹਿਸਾਇ'॥ ੩੫॥

ਨਾਲ ਖੜੇ ਸੇਵਕ ਨੂੰ ਗੁਰੂ ਜੀ ਨੇ ਸੁਣਾ ਕੇ ਕਿਹਾ, "ਹੁਣ ਜੇ ਕਿਸੇ ਥਾਂ ਬੈਠੇ ਬੇਇੱਜ਼ਤੀ ਕਰਕੇ ਉਠਾ ਦੇਵੋ ਤੇ ਝਟ ਨਗਰ ਵਿਚੋਂ ਬਾਹਰ ਕੱਢ ਦੇਵੋ"॥੩੫॥

ਇਮ ਦਾਸਨਿ ਸੋਂ ਹੁਕਮ ਬਖਾਨਾ। ਰਹਜੋ ਜਾਮ ਦਿਨ ਭੇ ਸਵਧਾਨਾ।
ਧੀਰਮੱਲ ਪ੍ਰਾਤੀ ਜਿਮ ਬੈਸਾ। ਸਜਿ ਤਨ ਬੇਸ ਬਨਾਯਹੁ ਤੈਸਾ॥ ੩੬॥

ਇਸ ਤਰ੍ਹਾਂ ਸੇਵਕਾਂ ਨੂੰ ਹੁਕਮ ਕਰ ਦਿੱਤਾ, ਜਦ ਪਹਿਰ ਦਿਨ ਰਹਿ ਗਿਆ ਤਾਂ ਉਹ ਸਾਵਧਾਨ ਹੋ ਗਏ। ਧੀਰਮੱਲ ਜਿਵੇਂ ਸਵੇਰੇ ਬੈਠਾ ਸੀ, ਸਜ ਧਜ ਕੇ ਉਸ ਨੇ ਵੈਸਾ ਹੀ ਭੇਸ ਧਾਰਨ ਕਰ ਲਿਆ॥੩੬॥

ਤਿਸੀ ਥਾਨ ਪਰ ਬੈਠਜੋ ਆਨਿ। ਬਡ ਮਸਨੰਦ ਡਸਾਵਨਿ ਥਾਨ।
ਨਿਜ ਪਰ ਚਮਰ ਫਿਰਾਵਨ ਕਰਿਹੀ। ਲੋਭ ਦਰਬ ਕੋ ਦੀਰਘ ਧਰਿਹੀ॥ ੩੭॥

ਤੇ ਉਸੇ ਸਥਾਨ ਤੇ ਆ ਕੇ ਬੈਠ ਗਿਆ ਤੇ ਉਸ ਸਥਾਨ ਤੇ ਵੱਡਾ ਸਰਹਾਣਾ ਧਰ ਦਿੱਤਾ। ਆਪਣੇ ਉਤੇ ਚੌਰ ਫਿਰਵਾਉਣ ਲੱਗਾ, ਧਨ ਦਾ ਲੋਭ ਬਹੁਤ ਧਾਰਨ ਕੀਤਾ ਸੀ॥੩੭॥

ਰਿਦੈ ਪ੍ਰਮੋਦਤਿ ਮੈਂ ਗੁਰ ਬਨਯੋ। ਸਭਿ ਸੰਗਤਿ ਮਹਿਂ ਜੇ ਅਬਿ ਮਨਯੋ।
ਬਹੁਰ ਨ ਮੇਰੀ ਪੂਜਾ ਜਾਇ। ਚਹੁੰਦਿਸ਼ਿ ਕੇ ਸਿਖ ਪਿਖਿ ਸਮੁਦਾਇ॥ ੩੮॥

ਹਿਰਦੇ ਵਿਚ ਬਹੁਤ ਪ੍ਰਸੰਨ ਸੀ, ਮੈਂ ਗੁਰੂ ਬਣਿਆ ਹਾਂ, ਸਾਰੀ ਸੰਗਤ ਵਿਚ ਜੇ ਹੁਣ ਮੰਨਿਆ ਗਿਆ, ਫਿਰ ਮੇਰੀ ਪੂਜਾ ਨਹੀਂ ਜਾਵੇਗੀ। ਚਾਰੇ ਪਾਸਿਆਂ ਦੇ ਸਿੱਖ ਇਕੱਠੇ ਹੋ ਕੇ ਵੇਖ ਲੈਣਗੇ॥੩੮॥

ਇਸਤੇ ਆਦਿਕ ਰਿਦੈ ਬਿਚਾਰਤਿ। ਅਨਿਕ ਬਿਧਿਨਿ ਕੇ ਦੰਭ ਪਸਾਰਤਿ।
ਇਤਨੇ ਮਹਿਂ ਸਤਿਗੁਰ ਕੇ ਦਾਸ। ਬੈਠਯੋ ਸੁਨਿ ਪਹੁੰਚੇ ਤਿਸ ਪਾਸ॥ ੩੯॥

ਇਸ ਤਰ੍ਹਾਂ ਆਦਿ ਹਿਰਦੇ ਵਿਚ ਵਿਚਾਰ ਕਰਦਾ ਹੈ, ਅਨੇਕ ਪ੍ਰਕਾਰ ਦੇ ਪਖੰਡ ਪਸਾਰਦਾ ਹੈ। ਇੰਨੇ ਵਿਚ ਸਤਿਗੁਰੂ ਜੀ ਦੇ ਸੇਵਕ ਆ ਗਏ, ਬੈਠਾ ਸੁਣ ਕੇ ਉਸ ਦੇ ਪਾਸ ਪਹੁੰਚ ਗਏ॥੩੯॥

ਸੰਗ ਮਸੰਦ ਅਪਰ ਨਰ ਜੇਈ। ਦਈ ਗਾਰ ਅਰੁ ਮਾਰੇ ਤੇਈ।
ਕੇਤਿਕ ਕੀ ਪਗਿਆ ਗਿਰ ਪਰੀ। ਕਿਤਿਕ ਪਲਾਇ ਗਏ ਤਿਸ ਘਰੀ॥ ੪੦॥

ਨਾਲ ਮਸੰਦ ਤੇ ਹੋਰ ਜਿਹੜੇ ਮਨੁੱਖ ਸਨ, ਉਨ੍ਹਾਂ ਨੂੰ ਬਹੁਤ ਗਾਲ੍ਹਾਂ ਦਿੱਤੀਆਂ ਅਤੇ ਮਾਰਿਆ। ਕਈਆਂ ਦੀਆਂ ਪੱਗਾਂ ਲੱਥ ਗਈਆਂ, ਕਈ ਉਸ ਸਮੇਂ ਭੱਜ ਗਏ॥੪੦॥

ਛੀਨ ਚਮਰ ਸੋ ਦਯੋ ਬਗਾਇ। ਦੂਰ ਕਰਯੋ ਉਪਧਾਨੁ ਉਠਾਇ।
ਤਰਜਿ ਤਰਜਿ ਬਹੁ ਬਰਜਨ ਕਰੇ। ਮਰਾ ਕਿਤਿਕ ਜਨ ਕੇ ਕਰ ਧਰੇ॥ ੪੧॥

ਚੌਰ ਖੋਹ ਕੇ ਵਗਾਹ ਕੇ ਮਾਰਿਆ ਤੇ ਸਰਹਾਣਾ ਚੁੱਕ ਕੇ ਦੂਰ ਸੁੱਟ ਦਿੱਤਾ। ਤਾੜਨਾ ਕਰਕੇ ਬਹੁਤ ਵਰਜਿਆ। ਹੱਥ ਨਾਲ ਫੜ ਕੇ ਕਈ ਮਨੁੱਖਾਂ ਨੂੰ ਕੁਟਿਆ ਮਾਰਿਆ॥੪੧॥

'ਸਤਿਗੁਰ ਅਛਤ, ਆਪ ਬਨ ਬੈਠੇ। ਠਗਹੁ ਸਿੱਖ ਹਿਤ ਦਰਬ ਇਕੈਠੇ।
ਬਹੁਰ ਜਿ ਬੈਠਹੁ ਕਰਹੁ ਪਖੰਡ। ਮੁਸ਼ਕੈਂ ਬਾਂਧਿ ਦੇਹਿਂ ਬਹੁ ਦੰਡ॥ ੪੨॥

ਉਨ੍ਹਾਂ ਕਿਹਾ, "ਸਤਿਗੁਰੂ ਜੀ ਦੀ ਮੌਜੂਦਗੀ ਵਿਚ ਆਪ ਗੁਰੂ ਬਣ ਬੈਠਾ ਹੈਂ, ਸਿੱਖਾਂ ਨੂੰ ਠੱਗ ਕੇ ਧਨ ਇਕੱਠਾ ਕਰਦਾ ਹੈਂ। ਫਿਰ ਜੇ ਬੈਠ ਕੇ ਪਖੰਡ ਕੀਤਾ ਤਾਂ ਮੁਸ਼ਕਾਂ ਬੰਨ੍ਹ ਕੇ ਬਹੁਤ ਸਜ਼ਾ ਦੇਵਾਂਗੇ॥੪੨॥

ਹੁਕਮ ਗੁਰੂ ਕੋ ਮਿਟਿ ਹੈ ਨਾਂਹੀ। ਸੰਕਟ ਸਹਹੁ ਕੈਦ ਕੇ ਮਾਂਹੀ'।
ਇੱਤ੍ਯਾਦਿਕ ਬਹੁ ਕਰਿ ਅਪਮਾਨਾ। ਧੀਰਮਲ ਸੋਂ ਬਹੁਰ ਬਖਾਨਾ॥ ੪੩॥

ਗੁਰੂ ਜੀ ਦਾ ਹੁਕਮ ਮਿਟ ਨਹੀਂ ਸਕਦਾ, ਕੈਦ ਵਿਚ ਪੈ ਕੇ ਦੁੱਖ ਬਰਦਾਸ਼ਤ ਕਰੇਂਗਾ।" ਇੱਤਆਦਿ ਬਹੁਤ ਅਪਮਾਨ ਕੀਤਾ, ਫਿਰ ਧੀਰਮਲ ਨੂੰ ਕਿਹਾ॥੪੩॥

'ਜੇ ਨਿਜ ਭਲਾ ਚਹੋ ਚਢਿ ਜਾਵਹੁ। ਨਤੁ ਅਪਮਾਨ ਕਸ਼ਟ ਕੋ ਪਾਵਹੁ।
ਹੁਕਮ ਗੁਰੂ ਕੋ:-ਥਿਰ ਨਹਿਂ ਰਹੀਯਹਿ। ਅਬਿ ਹੀ ਉਠਿ ਮਾਰਗ ਕੋ ਲਹੀਯਹਿ' ॥੪੪॥

"ਜੇ ਆਪਣਾ ਭਲਾ ਚਾਹੁੰਦੇ ਹੋ ਤਾਂ ਘੋੜੇ ਤੇ ਚੜ੍ਹ ਕੇ ਚਲੇ ਜਾਵੋ, ਨਹੀਂ ਤਾਂ ਬਹੁਤ ਅਪਮਾਨ ਅਤੇ ਕਸ਼ਟ ਨੂੰ ਪਾਵੇਂਗਾ। ਗੁਰੂ ਜੀ ਦਾ ਹੁਕਮ ਹੈ, ਏਥੇ ਨਾ ਰਹੋ, ਹੁਣ ਉੱਠ ਕੇ ਰਸਤਾ ਫੜੋ"॥੪੪॥

*ਅੱਠਵੀਂ ਰਾਸ ਦਾ ਇਕਵੰਜਵਾਂ ਅਧਿਆਇ ਸਮਾਪਤ ਹੋਇਆ॥੫੧॥*

# ਅਧਿਆਇ ਬਵੰਜਵਾਂ

## ਹੋਲੀ ਖੇਡਣਾ

ਦੋਹਰਾ-ਅਧਿਕ ਨਿਰਾਦਰ ਪਾਇ ਕੈ ਧੀਰਮੱਲ ਦੁਖ ਹੀਯ।
ਸਭਿ ਸੰਗਤਿ ਮੈਂ ਬਿਦਤ ਭੇ ਬੇਮ੍ਰਿਜਾਦ ਜਿਮ ਕੀਯ॥ ੧॥

ਬਹੁਤ ਨਿਰਾਦਰ ਪਾ ਕੇ ਧੀਰ ਮੱਲ ਬਹੁਤ ਦੁੱਖੀ ਹੋਇਆ। ਸਾਰੀ ਸੰਗਤ ਵਿਚ ਇਹ ਪ੍ਰਗਟ ਹੋ ਗਿਆ, ਜਿਵੇਂ ਉਸ ਨੇ ਬੇਮਰਯਾਦਾ ਕੀਤੀ ਸੀ॥੧॥

ਚੌਪਈ-ਸੁਨਿ ਕਰਿ ਸੰਗਤਿ ਮਹਿਂ ਸਿੱਖ ਸਜਾਨੇ। 'ਪ੍ਰਿਥੀਏ ਸਮ ਕੈ ਕਪਟ ਮਹਾਨੇ।
ਅਪਨੋ ਜਾਨਿ ਛਿਮਾ ਗੁਰ ਧਰੈਂ। ਇਹੁ ਤਿਨ ਤੇ ਕੁਛ ਤ੍ਰਾਸ ਨ ਕਰੈ॥੨॥

ਸੰਗਤ ਵਿਚ ਸਿਆਣੇ ਸਿੱਖ ਸੁਣ ਕੇ ਕਹਿਣ ਲੱਗੇ, "ਪ੍ਰਿਥੀਏ ਵਾਂਗ ਇਹ ਮਹਾਨ ਕਪਟੀ ਹੈ। ਆਪਣਾ ਜਾਣ ਕੇ ਗੁਰੂ ਜੀ ਖਿਮਾ ਧਾਰਨ ਕਰਦੇ ਹਨ, ਇਹ ਉਨ੍ਹਾਂ ਦਾ ਥੋੜ੍ਹਾ ਵੀ ਡਰ ਨਹੀਂ ਮੰਨਦਾ ਹੈ॥੨॥

ਪਾਤੀ ਲਿਖਤਿ ਰਿਪੁਨਿ ਸੋਂ ਰਹ੍ਯੋ। ਗੁਰ ਪ੍ਰਤਾਪ ਕੋ ਨੈਕ ਨ ਲਹ੍ਯੋ।
ਬਹੁਰ ਸੰਗ ਨਹਿਂ ਆਵਨਿ ਕੀਨਾ। ਗ੍ਰਿੰਥ ਦੁਰਾਇ ਸਦਨ ਮਹਿਂ ਲੀਨਾ॥੩॥

ਗੁਰੂ ਜੀ ਦੇ ਵੈਰੀਆਂ ਨੂੰ ਚਿੱਠੀਆਂ ਲਿਖਦਾ ਰਿਹਾ ਹੈ, ਗੁਰੂ ਜੀ ਦੇ ਪ੍ਰਤਾਪ ਨੂੰ ਰਤਾ ਵੀ ਨਹੀਂ ਸਮਝਿਆ ਹੈ। ਫਿਰ ਗੁਰੂ ਜੀ ਦੇ ਨਾਲ ਨਹੀਂ ਆਇਆ ਹੈ, ਗ੍ਰੰਥ ਸਾਹਿਬ ਨੂੰ ਘਰ ਦੇ ਵਿਚ ਲੁਕਾ ਰਖਿਆ ਹੈ॥੩॥

ਤਊ ਨ ਸਤਿਗੁਰ ਰਿਸ ਉਰ ਭਏ। ਅਪਨੋ ਜਾਨਿ ਛਿਮਾ ਕਰਿ ਗਏ।
ਅਬਿ ਕਯੋਂ ਹੂੰ ਕਰਿ ਨਿਕਟਿ ਹਕਾਰਾ। ਨਿਸ਼ਡਰ ਹ੍ਵੈ ਪਖੰਡ ਇਹ ਧਾਰਾ॥੪॥

ਫਿਰ ਵੀ ਗੁਰੂ ਜੀ ਨੇ ਹਿਰਦੇ ਵਿਚ ਗੁੱਸਾ ਧਾਰਨ ਨਹੀਂ ਕੀਤਾ ਹੈ। ਆਪਣਾ ਜਾਣ ਕੇ ਮੁਆਫ ਕਰ ਗਏ। ਹੁਣ ਜਿਵੇਂ ਕਿਵੇਂ ਕਰ ਕੇ ਪਾਸ ਬੁਲਾਇਆ ਹੈ, ਨਿਡਰ ਹੋ ਕੇ ਇਹ ਪਖੰਡ ਧਾਰਨ ਕੀਤਾ ਹੈ॥੪॥

ਕੋ ਜਾਨੈ ਗੁਰ ਕਹਾਂ ਰਜਾਇ। ਕਹਾਂ ਕਰਹਿਂ ਨਹਿਂ ਜਾਨੀ ਜਾਇ'।
ਇੱਤ੍ਯਾਦਿਕ ਸਭਿ ਬਿਖੈ ਬ੍ਰਿਤੰਤ। ਕਹੈਂ ਸੁਨੈਂ ਬਹੁ ਸਿੱਖ ਮਿਲੰਤਿ॥੫॥

ਕੌਣ ਜਾਣਦਾ ਹੈ ਕਿ ਗੁਰੂ ਜੀ ਦੀ ਕੀ ਰਜ਼ਾ ਹੈ, ਕੁਝ ਵੀ ਕਰੀਏ ਗੁਰੂ ਜੀ ਦੇ ਦਿਲ ਦੀ ਗੱਲ ਜਾਣੀ ਨਹੀਂ ਜਾ ਸਕਦੀ।" ਇੱਤਆਦਿ ਸਭ ਵਿਚ ਬਿਰਤਾਂਤ ਚਲ ਰਿਹਾ ਸੀ, ਬਹੁਤ ਸਿੱਖ ਮਿਲ ਕੇ ਕਹਿੰਦੇ ਸੁਣਦੇ ਸਨ॥੫॥

ਧੀਰਮੱਲ ਇਮ ਲਖਿ ਅਪਮਾਨਾ। ਚਿੰਤਾ ਸਲਿਤਾ ਬਹ੍ਯੋ ਮਹਾਨਾ।
ਨਹਿਂ ਅੰਤਰ ਪੁਨ ਪ੍ਰਵਿਸ਼੍ਯੋ ਆਇ। ਵਹਿਰ ਜਾਇ ਹਯ ਲੀਨਿ ਮੰਗਾਇ॥੬॥

ਧੀਰਮੱਲ ਇਸ ਤਰ੍ਹਾਂ ਅਪਮਾਨ ਵੇਖ ਕੇ ਚਿੰਤਾ ਦੀ ਨਦੀ ਵਿਚ ਬੜਾ ਡੂੰਘਾ ਵਹਿ ਗਿਆ। ਫਿਰ ਘਰ ਦੇ ਅੰਦਰ ਦਾਖਲ ਨਾ ਹੋਇਆ, ਬਾਹਰ ਜਾ ਕੇ ਘੋੜਾ ਮੰਗਵਾ ਲਿਆ॥੬॥

ਚਢਿ ਏਕਲ ਹੀ ਤੁਰਤ ਪਯਾਨਾ। ਖਰੋ ਜਾਇ ਕੋਸਕ ਇਕ ਥਾਨਾ।
ਸਰਬ ਸਮਾਜ ਹਕਾਰਨ ਕੀਨਿ। ਪਛੁਤਾਵਤਿ ਤਹਿਂ ਮੇਲ ਸੁ ਲੀਨਿ॥੭॥

ਇਕੱਲਾ ਹੀ ਚੜ੍ਹ ਕੇ ਤੁਰਤ ਚਲਾ ਗਿਆ, ਇਕ ਕੋਹ ਤੇ ਜਾ ਕੇ ਇਕ ਥਾਂ ਖੜਾ ਹੋ ਗਿਆ। ਸਾਰੇ ਮਨੁੱਖਾਂ ਨੂੰ ਬੁਲਾ ਲਿਆ, ਉਨ੍ਹਾਂ ਨਾਲ ਮਿਲ ਕੇ ਪਛੁਤਾਉਂਦਾ ਸੀ॥੭॥

ਦੁਖੀ ਹੋਇ ਭਾ ਸਲਿਤਾ ਪਾਰ। ਗਿਨਤੀ ਅਨਗਨ ਮਨਹਿ ਮਝਾਰ।
ਮੈਂ ਜਨਨੀ ਭਾਖੇ ਚਲਿ ਆਯੋ। ਜਿਸ ਤੇ ਮਹਾਂ ਅਨਾਦਰ ਪਾਯੋ॥ ੮॥

ਦੁਖੀ ਹੋ ਕੇ ਦਰਿਆ ਪਾਰ ਕੀਤਾ, ਮਨ ਵਿਚ ਅਨੇਕਾਂ ਗਿਣਤੀਆਂ ਗਿਣਦਾ ਸੀ। ਮੈਂ ਮਾਤਾ ਜੀ ਦੇ ਕਹਿਣ 'ਤੇ ਚਲ ਕੇ ਆ ਗਿਆ ਸੀ, ਜਿਸ ਕਾਰਨ ਮਹਾਨ ਅਨਾਦਰ ਪਾਇਆ ਹੈ॥੮॥

ਪੂਰਬ ਕੋ ਜਾਨਤਿ, ਕੋ ਨਾਹੀ। ਭਯੋ ਕੁਜਸੁ ਅਬਿ ਸਭਿ ਦਿਸ਼ ਮਾਂਹੀ।
ਦੂਰ ਦੂਰ ਕੇ ਹੁਤੇ ਮਸੰਦ। ਸੰਗ ਸੰਗਤਾਂ ਜਿਨ ਕੇ ਬ੍ਰਿੰਦ॥ ੯॥

ਪਹਿਲਾਂ ਤਾਂ ਕੋਈ ਜਾਣਦਾ ਸੀ ਤੇ ਕੋਈ ਨਹੀਂ ਸੀ ਜਾਣਦਾ, ਹੁਣ ਸਾਰੇ ਪਾਸੇ ਨਿੰਦਿਆ ਹੋਈ ਹੈ। ਦੂਰ-ਦੂਰ ਦੇ ਮਸੰਦ ਹਨ, ਜਿਨ੍ਹਾਂ ਨਾਲ ਅਨੇਕਾਂ ਸੰਗਤਾਂ ਹਨ॥੯॥

ਭਾ ਤ੍ਰਿਸਕਾਰ ਸਕਲ ਨੇ ਜਾਨਾ। ਬਿਗਰਿ ਗਯੋ ਮਮ ਕਾਜ ਮਹਾਨਾ।
ਜਿਸ ਤੇ ਪੂਜਾ ਹੋਇ ਨ ਮੇਰੀ। ਦਿਯੋ ਨਿਕਾਰਿ ਕਹੌਂ ਇਸ ਬੇਰੀ॥ ੧੦॥

ਮੇਰਾ ਨਿਰਾਦਰ ਹੋਇਆ ਸਾਰਿਆਂ ਨੇ ਜਾਣਿਆ ਹੈ, ਮੇਰਾ ਮਹਾਨ ਕਾਰਜ ਵਿਗੜ ਗਿਆ ਹੈ, ਜਿਸ ਨਾਲ ਮੇਰੀ ਪੂਜਾ ਨਹੀਂ ਹੋਵੇਗੀ, ਕਹਿੰਦੇ ਹਨ ਇਸ ਵਾਰ ਕੱਢ ਦਿੱਤਾ ਹੈ॥੧੦॥

ਇੱਤਜਾਦਿਕ ਤਿਸ ਕੋ ਪਛੁਤਾਵਾ। ਕਹੌਂ ਕਹਾਂ ਲਗਿ ਜੋ ਦੁਖ ਪਾਵਾ।
ਰਿਦੈ ਬਿਸੂਰਤ ਪੁਰਿ ਕਰਤਾਰ। ਬਹਯੋ ਜਾਇ ਬਹੁ ਚਿੰਤ ਮਝਾਰ॥ ੧੧॥

ਇੱਤਆਦਿ ਸੋਚ ਕੇ ਪਛਤਾਇਆ, ਕਿਥੋਂ ਤਕ ਕਹਾਂ, ਜਿੰਨਾ ਉਸ ਦੁਖ ਪਾਇਆ। ਹਿਰਦੇ ਵਿਚ ਦੁਖ ਨਾਲ ਝੁਰਦਾ ਹੋਇਆ ਕਰਤਾਰਪੁਰ ਪਹੁੰਚ ਗਿਆ, ਵੱਡੀ ਚਿੰਤਾ ਵਿਚ ਵਹਿੰਦਾ ਜਾਂਦਾ ਸੀ॥੧੧॥

ਕੀਰਤਪੁਰਿ ਮਹਿਂ ਲਾਖਹੁਂ ਦਾਸ। ਸੰਗ ਮਸੰਦ ਸੰਗਤਾਂ ਰਾਸ।
ਧੀਰਮਲ ਕੋ ਕਪਟ ਕੁਢਾਲੀ। ਸਭਿ ਮਹਿਂ ਬਿਦਤੀ ਕਿਯ ਜੁ ਕੁਚਾਲੀ॥੧੨॥

ਕੀਰਤਪੁਰ ਵਿਚ ਲੱਖਾਂ ਸੇਵਕ ਸਨ, ਮਸੰਦਾਂ ਦੇ ਨਾਲ ਬਹੁਤ ਸੰਗਤਾਂ ਆਈਆਂ ਸਨ। ਧੀਰਮੱਲ ਦਾ ਕੋਝਾ ਕਪਟ ਜਿਹੜਾ ਉਸ ਪੁੱਠੀ ਚਾਲ ਕਰਕੇ ਕੀਤਾ ਸੀ, ਸਭ ਵਿਚ ਪ੍ਰਗਟ ਹੋ ਗਿਆ॥੧੨॥

ਤੀਨਹੁਂ ਸਤਿਗੁਰੂ ਕੇ ਸੁਤ ਧੀਰ। ਗੁਨ ਗਨ ਸਹਿਤ ਸੁ ਲਾਇਕ ਬੀਰ।
ਸਭਿ ਸ੍ਰੀ ਗੁਰ ਕੀ ਦਿਸ਼ਾ ਨਿਹਾਰੈਂ। ਸੇਵਾ ਬਿਖੈ ਨੰਮ੍ਰਤਾ ਧਾਰੈਂ॥ ੧੩॥

ਸਤਿਗੁਰੂ ਜੀ ਦੇ ਤਿੰਨੇ ਪੁੱਤਰ ਧੀਰਜਵਾਨ ਸਨ, ਬਹੁਤ ਗੁਣਾਂ ਸਹਿਤ ਜਿਹੜੇ ਬੜੇ ਲਾਇਕ ਅਤੇ ਸੂਰਬੀਰ ਸਨ। ਸਾਰੇ ਗੁਰੂ ਜੀ ਵੱਲ ਵੇਖ ਰਹੇ ਸਨ ਤੇ ਸੇਵਾ ਵਿਚ ਨਿੰਮ੍ਰਤਾ ਧਾਰਨ ਕਰਦੇ ਸਨ॥੧੩॥

'ਦੇਖਹਿਂ ਗੁਰੂ ਕਹਾਂ ਕ੍ਰਿਤ ਕਰੈਂ। ਰਿਦੈ ਪ੍ਰਤੀਖਤਿ ਸੰਸੈ ਧਰੈਂ।'
ਸਤਿਗੁਰ ਕੇ ਰੁਖ਼ ਜਾਨਯੋ ਪਰੈ। ਲਘੁ ਪੌਤ੍ਰੇ ਪਰ ਕਰੁਨਾ ਢਰੈਂ॥ ੧੪॥

ਕਹਿੰਦੇ ਸਨ, "ਵੇਖਦੇ ਹਾਂ ਗੁਰੂ ਜੀ ਕੀ ਕ੍ਰਿਤ ਕਰਦੇ ਹਨ, ਹਿਰਦੇ ਵਿਚ ਇੰਤਜ਼ਾਰ ਕਰਕੇ ਸ਼ੰਕੇ ਧਾਰਨ ਕਰਦੇ ਹਾਂ"। ਸਤਿਗੁਰੂ ਜੀ ਦਾ ਰੁਖ ਜਾਣ ਪੈਂਦਾ ਹੈ, ਉਨ੍ਹਾਂ ਛੋਟੇ ਪੋਤਰੇ ਉੱਤੇ ਕਿਰਪਾ ਧਾਰਨ ਕੀਤੀ ਹੈ॥੧੪॥

ਇਹ ਬਡ ਢੀਠ ਆਪ ਗੁਰ ਬਨਜੋ। ਬਹੁਰ, ਨਿਕਟਿ ਕੁਛ ਨਾਂਹਿ ਨ ਗਿਨਜੋ।
ਪ੍ਰਿਥੀਏ ਸਮ ਅਬਿ ਭਯੋ ਨਿਰਾਲਾ। ਰਹਜੋ ਨ ਮੇਲ ਗੁਰੂ ਘਰ ਨਾਲਾ ॥ ੧੫ ॥

ਇਹ ਧੀਰਮੱਲ ਵੱਡਾ ਢੀਠ ਆਪ ਹੀ ਗੁਰੂ ਬਣ ਬੈਠਾ ਹੈ, ਉਸ ਨੇ ਇਹ ਨਹੀਂ ਸੋਚਿਆ ਕਿ ਮੇਰੇ ਪਾਸ ਤਾਂ ਕੁਝ ਵੀ ਹੈ ਨਹੀਂ ਭਾਵ ਮੈਂ ਗੁਰੂ ਸ਼ਕਤੀ ਤੋਂ ਖਾਲੀ ਹਾਂ। ਪ੍ਰਿਥੀਏ ਵਾਂਗ ਹੁਣ ਵੱਖਰਾ ਹੋ ਗਿਆ ਹੈ, ਗੁਰੂ ਘਰ ਨਾਲ ਕੋਈ ਮੇਲ ਨਹੀਂ ਰਿਹਾ ਹੈ॥੧੫॥

ਜਾਨੀ ਪਰੈ ਬਿਗਾਰ ਉਠੈ ਹੈ। ਗੁਰ ਸੰਗ ਦ੍ਵੈਤ ਅਧਿਕ ਉਪਜੈ ਹੈ।
ਤੁਰਕਨ ਸੋਂ ਮੇਲੀ ਬਹੁ ਬਨਜੋ। ਪਦ ਊਚੋ ਸੁ ਮਨੋਰਥ ਹਨਜੋ ॥ ੧੬ ॥

ਜਾਣ ਪੈਂਦਾ ਹੈ ਵਿਗਾੜ ਪੈਦਾ ਹੋਵੇਗਾ, ਗੁਰੂ ਜੀ ਨਾਲ ਜ਼ਿਆਦਾ ਈਰਖਾ ਕਰੇਗਾ। ਤੁਰਕਾਂ ਦਾ ਵੱਡਾ ਮੇਲੀ ਬਣਿਆ ਹੈ, ਜਿਹੜਾ ਉੱਚੀ ਪਦਵੀ ਦਾ ਮਨੋਰਥ ਹੈ, ਉਸ ਤੋਂ ਦੂਰ ਹੋਇਆ ਹੈ" ॥੧੬॥

ਇੱਤਜਾਦਿਕ ਬਹੁ ਆਪਸ ਮਾਂਹੀ। ਸਿੱਖ ਮਸੰਦ ਕਹੈਂ 'ਧਿਕ ਤਾਂਹੀ'।
ਇਮ ਦਿਨ ਦੋਨਹੁ ਬਹੁਰ ਬਿਤਾਏ। ਖੇਲਤਿ ਹੋਰੀ ਮਿਲਿ ਹੁਲਸਾਏ ॥ ੧੭ ॥

ਇੱਤਆਦਿ ਆਪਸ ਵਿਚ ਗੱਲਾਂ ਕਰਦੇ ਸਨ, ਸਿੱਖ ਮਸੰਦ ਕਹਿੰਦੇ ਸਨ "ਉਸ ਨੂੰ ਧਿਰਕਾਰ ਹੈ" ਇਸ ਤਰ੍ਹਾਂ ਦੋਵੇਂ ਦਿਨ ਬਤੀਤ ਕੀਤੇ ਤੇ ਹੋਲੀ ਖੇਡ ਕੇ ਬਹੁਤ ਪ੍ਰਸੰਨ ਹੋਏ॥੧੭॥

ਗਾਵੈਂ ਸ਼ਬਦ ਮੋਦ ਚਹੁੰ ਕੋਦ। ਬਰਸਤਿ ਰੰਗ, ਗੁਲਾਲ ਪਯੋਦ।
ਫਾਗ ਦਜੋਸ ਕੋ ਕੀਨਸਿ ਤਜਾਰੀ। ਨਿਕਸਨ ਕੀਨਿ ਵਹਿਰ ਗੁਰ ਭਾਰੀ ॥੧੮॥

ਬਹੁਤ ਪ੍ਰਸੰਨ ਹੋ ਕੇ ਚਾਰੇ ਪਾਸੇ ਸ਼ਬਦ ਗਾਇਣ ਕਰਦੇ ਸਨ। ਗੁਲਾਲ ਦਾ ਰੰਗ ਬੱਦਲ ਵਾਂਗ ਬਰਸਾਉਂਦੇ ਸਨ। ਫਾਗ ਦਿਵਸ ਦੀ ਤਿਆਰੀ ਕੀਤੀ ਤੇ ਭਾਰੀ ਗੁਰੂ ਜੀ ਬਾਹਰ ਨਿਕਲੇ॥੧੮॥

ਫਰਸ਼ ਬਿਸਾਲ ਕਰਾਯਹੁ ਚਾਰੂ। ਸੁਭਟ ਮਿਲੇ ਸਭਿ ਆਯੁਧ ਧਾਰੂ।
ਪੁਨ ਸੁੰਦਰ ਮਸਨੰਦ ਬਿਲੰਦ। ਕਰੀ ਡਸਾਵਨ ਰੰਗ ਅਮੰਦ॥ ੧੯ ॥

ਵਿਛਾਉਣੇ ਵਿਛਾ ਕੇ ਬਹੁਤ ਵਿਸ਼ਾਲ ਫਰਸ਼ ਤਿਆਰ ਕਰਵਾਇਆ, ਸਾਰੇ ਸੂਰਮੇ ਸ਼ਸਤਰ ਧਾਰ ਕੇ ਮਿਲੇ, ਫਿਰ ਇਕ ਸੁੰਦਰ ਵੱਡਾ ਸਿੰਘਾਸਣ ਮੰਗਵਾਇਆ ਤੇ ਉਸ ਰੰਗਦਾਰ ਸਿੰਘਾਸਣ ਨੂੰ ਰੰਗਦਾਰ ਵਿਛਾਉਣਿਆਂ ਤੇ ਡਾਹ ਦਿੱਤਾ॥੧੯॥

ਪੁਨ ਉਪਧਾਨੁ ਮਹਾਨੋ ਆਨਾ। ਗਿਰਦਾ ਬਸਤ੍ਰ ਬਰਣ ਬਰ ਨਾਨਾ।
ਸਭਾ ਬਿਸਾਲ ਰਾਖਿ ਮੈਦਾਨਾ। ਫੂਲਨ ਮਾਲਾ ਰਚਤਿ ਸੁਜਾਨਾ॥ ੨੦॥

ਫਿਰ ਇਕ ਵੱਡਾ ਸੁੰਦਰ ਸਿਰਹਾਣਾ ਲਿਆਂਦਾ, ਜਿਸ ਦੇ ਦੁਆਲੇ ਕਈ ਪ੍ਰਕਾਰ ਦੇ ਸ੍ਰੇਸ਼ਟ ਵਸਤਰ ਕਈ ਰੰਗਾਂ ਦੇ ਲੱਗੇ ਹੋਏ ਸਨ। ਸਭਾ ਬਹੁਤ ਵੱਡੀ ਹੈ, ਵਿਚ ਮੈਦਾਨ ਰਖਿਆ ਹੋਇਆ ਹੈ। ਫੁੱਲਾਂ ਦੇ ਬਹੁਤ ਸੁੰਦਰ ਹਾਰ ਬਣਾਏ ਹੋਏ ਹਨ॥੨੦

ਪੋਸ਼ਿਸ਼ ਬਿਸਦ ਮਹਿਦ ਬਪੁ ਪਾਈ। ਨਿਕਸੇ ਚਾਚਰ ਹੇਤੁ ਗੁਸਾਈਂ।
ਕੰਚਨ ਦੰਡ ਧਰੇ ਜਿਨ ਹਾਥ। ਦਿਸ ਦਾਂਏਂ ਆਗੇ ਕੁਛ, ਨਾਥ॥ ੨੧॥

ਅਤਿ ਉੱਜਲ ਸਰੀਰ ਤੇ ਪੋਸ਼ਾਕ ਪਾ ਕੇ, ਗੁਰੂ ਜੀ ਹੋਲੀ ਵਾਸਤੇ ਬਾਹਰ ਨਿਕਲੇ, ਜਿਨ੍ਹਾਂ ਨੇ ਸੋਨੇ ਦੇ ਡੰਡੇ ਹੱਥ ਵਿਚ ਫੜੇ ਹੋਏ ਹਨ, ਉਹ ਚੋਬਦਾਰ ਗੁਰੂ ਜੀ ਦੇ ਸੱਜੇ ਅਤੇ ਅੱਗੇ ਹਨ॥੨੧॥

ਸੁੰਦਰ ਚਮਰ ਢੁਰਾਵਤਿ ਪਾਛੈ। ਗਹਜੋ ਹਾਥ ਭਾਨੇ ਕਹੁ ਆਛੈ।
ਮੰਦ ਮੰਦ ਮੁਸਕਾਵਤਿ ਆਏ। ਕਮਲ ਬਿਲੋਚਨ ਕੋ ਬਿਕਸਾਏ॥ ੨੨॥

ਸੁੰਦਰ ਚੌਰ ਪਿੱਛੇ ਫੇਰ ਰਹੇ ਹਨ, ਬਾਬੇ ਬਾਨੇ ਦਾ ਹੱਥ ਚੰਗੀ ਤਰ੍ਹਾਂ ਫੜਿਆ ਹੈ। ਮਾੜੇ ਮਾੜੇ ਮੁਸਕਰਾਉਂਦੇ ਆਏ ਤੇ ਕੰਵਲ ਨੈਣਾਂ ਨੂੰ ਖੇੜਿਆ॥੨੨॥

ਸਵਾ ਗਿਲਸ਼ਤ ਸਭਿਨਿ ਤੇ ਊਚੇ। ਬੋਲਤਿ ਦਿਪਤ ਦਸਨ ਦੁਤਿ ਸੂਚੇ।
ਭੁਜਦੰਡਨਿ ਜਨੁ ਸੁੰਡ ਪ੍ਰਚੰਡੇ। ਜਿਨ ਤੇ ਖੰਡ ਖੰਡ ਰਿਪੁ ਦੰਡੇ॥ ੨੩॥

ਸਵਾ ਗਿੱਠ ਸਭ ਤੋਂ ਉੱਚੇ ਹਨ, ਜਦ ਬੋਲਦੇ ਹਨ ਤਾਂ ਸੁੰਦਰ ਦੰਦ ਸੁੱਚੇ ਮੋਤੀਆਂ ਵਾਂਗ ਚਮਕਦੇ ਹਨ। ਬਾਂਹਾਂ ਹਾਥੀ ਦੀ ਸੁੰਡ ਵਰਗੀਆਂ ਹਨ, ਜਿਨ੍ਹਾਂ ਨਾਲ ਵੈਰੀਆਂ ਨੂੰ ਕੱਟ-ਕੱਟ ਕੇ ਰੱਖ ਦਿੱਤਾ॥੨੩॥

ਮੁਕਤਾ ਮਾਲ ਬਿਸਾਲ ਸੁਹਾਈ। ਬੀਚ ਬੈਡੂਰਜ ਬਹੁ ਛਬਿ ਪਾਈ।
ਆਯੁਧ ਬਿਨਾ ਆਇ ਥਿਰ ਭਏ। ਚਹੁਦਿਸ਼ਿ ਤੇ ਨੰਮ੍ਰੀ ਥਿਰ ਥਿਏ॥ ੨੪॥

ਮੋਤੀਆਂ ਦੀ ਮਾਲਾ ਵਿਸ਼ਾਲ ਸ਼ੋਭਦੀ ਹੈ, ਲਸਨੀਆਂ ਨੇ ਵਿਚ ਬੜੀ ਸ਼ੋਭਾ ਪਾਈ ਹੈ, ਹਥਿਆਰਾਂ ਤੋਂ ਬਗੈਰ ਆ ਕੇ ਬੈਠ ਗਏ। ਚਾਰੇ ਪਾਸੇ ਸੰਗਤ ਸਨਿੰਮਰ ਹੋ ਕੇ ਬੈਠ ਗਈ॥੨੪॥

ਸੁਨਿ ਸੁਨਿ ਸੁਧਿ ਸਿਖ ਬ੍ਰਿੰਦ ਮਸੰਦ। ਆਏ ਧਰੇ ਅਕੋਰ ਬਿਲੰਦ।
ਅਨਿਕ ਸੰਗਤਾਂ ਦੇਸ਼ਨਿ ਦੇਸ਼। ਬਹੁ ਮੋਲੀ ਲੇ ਵਸਤੁ ਅਸ਼ੇਸ਼॥ ੨੫॥

ਇਸ ਬਾਰੇ ਖਬਰ ਸੁਣ-ਸੁਣ ਕੇ ਬਹੁਤ ਸਿੱਖ ਅਤੇ ਮਸੰਦ ਆਏ ਤੇ ਆ ਕੇ ਉਨ੍ਹਾਂ ਨੇ ਬਹੁਤ ਉਪਹਾਰ ਅੱਗੇ ਧਰੇ। ਹੋਰ ਦੇਸ਼ਾਂ ਦੀਆਂ ਜਿਹੜੀਆਂ ਅਨੇਕ ਸੰਗਤਾਂ ਸਨ, ਉਹ ਬਹੁਤ ਕੀਮਤੀ ਵਸਤੂਆਂ ਲੈ ਕੇ ਆਈਆਂ॥੨੫॥

ਅਰਨ ਬਰਣ ਅਰੁ ਪੀਤ ਬਿਸਾਲੇ। ਕੇਤਿਕ ਪਿਚਕਾਰੀ ਜੁਤਿ ਚਾਲੇ।
ਅਲਤਾ ਬ੍ਰਿੰਦ ਗੁਲਾਲ ਅੰਬੀਰ। ਲੇ ਕਰਿ ਪਹੁੰਚਤਿ ਭੇ ਸਿਖ ਤੀਰ॥ ੨੬॥

ਲਾਲ ਪੀਲੇ ਵਿਸ਼ਾਲ ਰੰਗ ਸਨ, ਕਈ ਪਿਚਕਾਰੀਆਂ ਲੈ ਕੇ ਚਲਦੇ ਸਨ। ਬਹੁਤ ਗੁਲਾਲ ਤੇ ਸੁਗੰਧਤ ਧੂੜ ਲੈ ਕੇ ਕਈ ਸਿੱਖ ਪਾਸ ਪਹੁੰਚ ਰਹੇ ਸਨ॥੨੬॥

ਪ੍ਰਥਮੈ ਚਰਨ ਸਰੋਜਨ ਬੰਦਹਿਂ। ਆਗੇ ਧਰਹਿਂ ਅਕੋਰ ਬਿਲੰਦਹਿਂ।
ਉਡਤਿ ਗੁਲਾਲ ਘਟਾ ਜਨੁ ਹੋਈ। ਰੰਗ, ਬੂੰਦ ਬਰਖਤਿ ਹੈ ਸੋਈ॥ ੨੭॥

ਪਹਿਲਾ ਚਰਨ ਕੰਵਲਾ ਤੇ ਬੰਦਨਾ ਕਰਦੇ ਸਨ, ਫਿਰ ਅੱਗੇ ਉਪਹਾਰ ਧਰਦੇ ਸਨ, ਗੁਲਾਲ ਉਡਦਾ ਸੀ, ਮਾਨੋਂ ਘਟਾ ਚੜ੍ਹ ਆਈ ਸੀ। ਰੰਗ ਦੀਆਂ ਮਾਨੋਂ ਬੂੰਦਾਂ ਬਰਸ ਰਹੀਆਂ ਸਨ॥੨੭॥

ਜਨੁ ਸੰਧਯਾ ਮਿਲਿਬੇ ਕਹੁ ਆਈ। ਹਰਿ ਗੋਬਿੰਦ ਮੁਖ, ਚੰਦ ਸੁਹਾਈ।
ਮਿਲਜੇ ਗੁਲਾਬ ਗੁਲਾਲ ਉਡੰਤਾ। ਖੇਲਤਿ ਹੋਰੀ ਸ੍ਰੀ ਜਗਕੰਤਾ॥ ੨੮॥

ਮਾਨੋਂ ਸ਼ਾਮ ਮਿਲਣ ਵਾਸਤੇ ਆਈ ਹੈ, ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਮੁਖੜਾ ਚੰਦ ਵਾਂਗ ਸ਼ੋਭਦਾ ਸੀ। ਗੁਲਾਬ ਗੁਲਾਲ ਮਿਲ ਕੇ ਉਡਦਾ ਸੀ। ਜਗਤ ਦੇ ਮਾਲਕ ਹੋਲੀ ਖੇਡ ਰਹੇ ਸਨ॥੨੮॥

ਛੁਟਤਿ ਅੰਬਰੀਨ ਮੂਠ ਬਡੇਰੀ। ਦੁਹਿਂ ਦਿਸ਼ਿ ਹ੍ਵੈ ਕਰਿ ਹੇਲੋ ਗੇਰੀ।
ਹੋਲੀ ਖੇਲ ਛੁਟਤਿ ਪਿਚਕਾਰੀ। ਭਰਿ ਭਰਿ ਮੂਠ ਸਾਮੁਹੇ ਡਾਰੀ॥ ੨੯॥

ਸੁਗੰਧਤ ਰੰਗ ਦੀਆਂ ਮੁੱਠਾਂ ਭਰ-ਭਰ ਕੇ ਸੁੱਟਦੇ ਸਨ, ਦੋਵੇਂ ਪਾਸੇ ਹੱਲਾ ਕਰਕੇ ਰੰਗ ਸੁੱਟੇ। ਹੋਲੀ ਖੇਡਦੇ ਸਨ, ਪਿਚਕਾਰੀਆਂ ਛੱਡਦੇ ਸਨ ਤੇ ਰੰਗ ਦੀਆਂ ਮੁੱਠਾਂ ਭਰ-ਭਰ ਸਾਹਮਣੇ ਸੁੱਟਦੇ ਸਨ॥੨੯॥

ਬ੍ਰਿੰਦ ਮਸੰਦ ਸੰਗਤਾਂ ਸੰਗ। ਖੇਲਤਿ ਫਾਗ ਡਾਰਿ ਬਹੁ ਰੰਗ।
ਦੇਖਤਿ ਸਭਿ ਮਨ ਮੁਦਤਿ ਬਿਸਾਲਾ। ਪਰਜੋ ਬਦਨ ਪਰ ਜਮਜੋ ਗੁਲਾਲਾ ॥੩੦॥

ਬਹੁਤ ਮਸੰਦ ਸੰਗਤਾਂ ਨਾਲ, ਬਹੁਤ ਰੰਗ ਸੁੱਟ ਕੇ ਹੋਲੀ ਖੇਡਦੇ ਸਨ। ਵੇਖ ਕੇ ਸਾਰੇ ਮਨ ਬਹੁਤ ਪ੍ਰਸੰਨ ਹੁੰਦੇ ਸਨ, ਚਿਹਰਿਆਂ ਤੇ ਪੈ ਕੇ ਗੁਲਾਲ ਜੰਮ ਗਿਆ ਸੀ ॥੩੦॥

ਸਭਿ ਕੇ ਬਰਣ ਲਾਲ ਹੁਇ ਗਏ। ਚਿੱਤ੍ਰਤਿ ਬਸਤ੍ਰ ਬਚਿੱਤ੍ਰਤਿ ਭਏ।
ਇਮ ਸਤਿਗੁਰ ਬਹੁ ਕਰੇ ਬਿਲਾਸਾ। ਸਿੱਖ ਮਸੰਦ ਮਿਲੇ ਗਨ ਦਾਸਾ ॥ ੩੧ ॥

ਸਾਰਿਆਂ ਦੇ ਰੰਗ ਲਾਲ ਹੋ ਗਏ, ਕੱਪੜੇ ਚਿਤਰੇ ਹੋਏ ਵਚਿਤਰ ਲੱਗਦੇ ਸਨ। ਇਸ ਤਰ੍ਹਾਂ ਸਤਿਗੁਰੂ ਜੀ ਨੇ ਬਹੁਤ ਵਿਲਾਸ ਕੀਤੇ, ਸਿੱਖ ਮਸੰਦ ਅਤੇ ਬਹੁਤ ਸੇਵਕ ਮਿਲੇ ॥੩੧॥

ਰਿਦੇ ਮੁਦਿਤਿ ਸਭਿ ਕੇ ਹੁਇ ਰਹੇ। ਕੁਸ਼ਲ ਪ੍ਰਸ਼ਨ ਸਭਿਹਿਨਿ ਸੋਂ ਕਹੇ।
ਬ੍ਰਿੰਦ ਮਸੰਦ ਜਿ ਸਿਖ ਪਰਧਾਨੇ। ਕਰ ਜੋਰਤਿ ਨਿਜ ਸ਼੍ਰੇਜ ਬਖਾਨੇ ॥ ੩੨ ॥

ਸਾਰਿਆਂ ਦੇ ਹਿਰਦੇ ਬਹੁਤ ਪ੍ਰਸੰਨ ਹੋਏ ਰਹੇ, ਗੁਰੂ ਜੀ ਨੇ ਸਾਰਿਆਂ ਪਾਸੋਂ ਸੁਖ-ਸਾਂਦ ਪੁੱਛੀ। ਬਹੁਤ ਮਸੰਦ ਤੇ ਜਿਹੜੇ ਪ੍ਰਧਾਨ ਸਿੱਖ ਹਨ, ਹੱਥ ਜੋੜ ਕੇ ਆਪਣੇ ਕਲਿਆਣ ਬਾਰੇ ਕਹਿੰਦੇ ਸਨ ॥੩੨॥

ਮਹਾਂ ਦਿਵਾਨ ਲਗਜੋ ਦੁਤਿ ਪਾਵਤਿ। ਸ਼ਬਦ ਰਬਾਬੀ ਸੁੰਦਰ ਗਾਵਤਿ।
ਗੁਰ ਸਿੱਖਨ ਕੋ ਮੇਲ ਸੁਹੇਲਾ। ਦੁਹਿ ਲੋਕਨ ਕੇ ਜਹਿਂ ਮੁਦ ਮੇਲਾ ॥ ੩੩ ॥

ਮਹਾਨ ਲੱਗਾ ਹੋਇਆ ਦੀਵਾਨ ਬੜੀ ਸ਼ੋਭਾ ਪਾ ਰਿਹਾ ਸੀ। ਰਬਾਬੀ ਸੁੰਦਰ ਸ਼ਬਦ ਗਾ ਰਹੇ ਸਨ। ਗੁਰਸਿੱਖਾਂ ਨੂੰ ਬੜਾ ਸੁਖਦਾਇਕ ਮੇਲ ਹੋਇਆ ਸੀ, ਜਿਹੜਾ ਮੇਲਾ ਦੋਹਾਂ ਲੋਕਾਂ ਵਿਚ ਪ੍ਰਸੰਨਤਾ ਦੇਣ ਵਾਲਾ ਸੀ ॥੩੩॥

ਦਰਸ਼ਨ ਦੇਖਿ ਦੇਖਿ ਬਲਿਹਾਰੀ। ਅਧਿਕ ਪ੍ਰੇਮ ਤੇ ਸੁਖਦ ਉਦਾਰੀ।
ਸਵਾਪਹਿਰ ਸਤਿਗੁਰ ਤਹਿਂ ਥਿਰੇ। ਦਾਸ ਅਨੇਕ ਉਧਾਰਨਿ ਕਰੇ ॥ ੩੪ ॥

ਗੁਰੂ ਜੀ ਦੇ ਦਰਸ਼ਨ ਕਰ ਕਰ ਬਲਿਹਾਰ ਜਾਂਦੇ ਸਨ, ਅਧਿਕ ਪ੍ਰੇਮ ਤੇ ਵੱਡਾ ਸੁਖ ਪ੍ਰਾਪਤ ਕਰਦੇ ਸਨ। ਗੁਰੂ ਜੀ ਉਥੇ ਸਵਾ ਪਹਿਰ ਬੈਠੇ, ਅਨੇਕ ਸੇਵਕਾਂ ਦਾ ਉਧਾਰ ਕੀਤਾ ॥੩੪॥

ਕ੍ਰਿਪਾ ਦ੍ਰਿਸ਼ਟਿ ਦਾਸਨਿ ਪਰ ਡਾਰਤਿ। ਬਹੁਰ ਉਠਨਿ ਕੀ ਇੱਛਾ ਧਾਰਤਿ।
ਪੂਰ ਕਾਮਨਾ ਕਰਿ ਸਭਿ ਕੇਰੀ। ਅੰਤਰ ਸਦਨ ਗਏ ਤਿਸ ਬੇਰੀ ॥ ੩੫ ॥

ਆਪਣੇ ਸੇਵਕਾਂ ਤੇ ਕ੍ਰਿਪਾ-ਦ੍ਰਿਸ਼ਟੀ ਪਾਉਂਦੇ ਸਨ, ਫਿਰ ਉਠਣ ਦੀ ਇੱਛਾ ਧਾਰਨ ਕੀਤੀ। ਸਭ ਦੀ ਕਾਮਨਾ ਪੂਰੀ ਕੀਤੀ, ਉਸ ਸਮੇਂ ਅੰਦਰ ਘਰ ਵਿਚ ਚਲੇ ਗਏ ॥੩੫॥

ਕਰਿ ਸ਼ਨਾਨ ਪੋਸ਼ਿਸ਼ ਲੇ ਔਰ। ਬੈਠਤਿ ਭੇ ਸੋਢੀ ਸਿਰਮੌਰ।
ਖਾਨ ਪਾਨ ਕਰਿ ਨਿਸਾ ਬਿਤਾਈ ਜਾਮ ਰਹੀ ਜਾਗੇ ਗੋਸਾਈਂ ॥ ੩੬ ॥

ਇਸ਼ਨਾਨ ਕਰਕੇ ਹੋਰ ਪੁਸ਼ਾਕਾ ਲਿਆ ਤੇ ਸ਼੍ਰੋਮਣੀ ਸੋਢੀ ਬੈਠ ਗਏ। ਖਾ ਪੀ ਕੇ ਰਾਤ ਬਤੀਤ ਕੀਤੀ, ਜਦ ਪਹਿਰ ਰਾਤ ਰਹਿ ਗਈ ਤਾਂ ਗੁਰੂ ਜੀ ਜਾਗ ਪਏ ॥੩੬॥

ਏਕ ਦਿਵਸ ਪੁਨ ਅਵਰ ਬਿਤਾਯੋ। ਤਿਥੀ ਦੂਜ ਕੋ ਸਮਿਯੋ ਆਯੋ।
'ਬੀਚ ਬਜ਼ਾਰ ਸਥੰਡਲ ਊਚੇ। ਰਚਹੁ ਫਰਸ਼ ਦੀਰਘ, ਨਰ ਮੂਚੇ ॥ ੩੭ ॥

ਇਸ ਤਰ੍ਹਾਂ ਹੋਰ ਦਿਨ ਬਤੀਤ ਕੀਤੇ, ਤੇ ਦੂਜ ਦੀ ਤਿਥੀ ਦਾ ਸਮਾਂ ਆ ਗਿਆ। ਤਾਂ ਗੁਰੂ ਜੀ ਨੇ ਫੁਰਮਾਇਆ, "ਬਾਜ਼ਾਰ ਵਿਚ ਉਚੇ ਥੜੇ ਬਣਾਓ ਤੇ ਸੁੰਦਰ ਵਿਛਾਉਣੇ ਵਿਛਾ ਕੇ ਵੱਡਾ ਫਰਸ਼ ਤਿਆਰ ਕਰੋ॥੩੭॥

ਤਨਹੁ ਚਾਨਣੀ ਚਾਰਹੁਂ ਕੋਨ। ਤਰੇ ਚੰਦੋਵਾ ਬਾਂਧਹੁ ਤੋਨ।
ਸਰਬ ਸਮਾਜ ਸੁ. ਚਾਰੁ ਨਵੀਨ। ਤਯਾਰੀ ਕਰਹੁ ਬਿਲਮ ਤੇ ਹੀਨ ॥ ੩੮ ॥

ਚਾਰੇ ਕੋਨਿਆਂ ਤੇ ਚਾਨਣੀਆਂ ਤਾਣੋ ਤੇ ਉਨ੍ਹਾਂ ਦੇ ਥੱਲੇ ਚੰਦੋਆ ਬੰਨ੍ਹੋ। ਸਾਰਾ ਸਾਮਾਨ ਸੁੰਦਰ ਅਤੇ ਨਵਾਂ ਹੋਵੇ ਤੇ ਤੁਰਤ ਕਿਸੇ ਦੇਰ ਬਗੈਰ ਤਿਆਰੀ ਕਰੋ" ॥੩੮॥

ਇਸ ਪ੍ਰਕਾਰ ਦਾਸਨਿ ਕੇ ਸਾਥ। ਹੁਕਮ ਬਖਾਨਯੋ ਜਗ ਗੁਰ ਨਾਥ।
'ਕਰਹੁ ਸੁਨਾਵਨਿ ਸਭਿ ਕੇ ਡੇਰੇ। ਆਇ ਸੰਪੂਰਨ ਸਭਾ ਸ ਹੇਰੇਂ ॥ ੩੯ ॥

ਇਸ ਪ੍ਰਕਾਰ ਸੇਵਕਾਂ ਦੇ ਨਾਲ, ਜਗ ਦੇ ਨਾਥ ਗੁਰੂ ਜੀ ਨੇ ਹੁਕਮ ਫੁਰਮਾਇਆ, "ਸਭ ਡੇਰਿਆਂ ਵਿਚ ਇਹ ਸੁਣਾ ਦੇਵੋ, ਉਹ ਸਾਰੇ ਆ ਕੇ ਸਭਾ ਨੂੰ ਵੇਖਣ" ॥੩੯॥

*ਅੱਠਵੀਂ ਰਾਸ ਦਾ ਬਵੰਜਵਾਂ ਅਧਿਆਇ ਸਮਾਪਤ ਹੋਇਆ ॥੫੨॥*

# ਅਧਿਆਇ ਤਰਵੰਜਵਾਂ

*ਸ੍ਰੀ ਹਰਿਰਾਇ ਜੀ ਨੂੰ ਗੁਰਿਆਈ*

ਦੋਹਰਾ-ਸੁਨਿ ਕੈ ਫਿਰਯੋ ਨਕੀਬ ਤਬਿ ਸਿਖ ਸੰਗਤ ਕੇ ਮਾਂਹਿ।
ਰਾਇਜੋਧ ਕੌ ਸੁਧ ਦਈ, ਅਪਰ ਸਭਿਨਿ ਕੇ ਪਾਹਿ॥ ੧॥

ਇਹ ਸੁਣ ਕੇ ਨਕੀਬ ਸਾਰੀ ਸਿੱਖ ਸੰਗਤ ਵਿਚ ਫਿਰਿਆ। ਰਾਇ ਜੋਧ ਨੂੰ ਖਬਰ ਦਿੱਤੀ, ਤੇ ਹੋਰ ਸਾਰਿਆਂ ਦੇ ਪਾਸ ਗਿਆ॥੧॥

ਚੌਪਈ- 'ਆਜ ਲਗਹਿ ਗੁਰ ਕੋ ਦਰਬਾਰ। ਸਗਰੇ ਆਵਹੁ ਸਭਾ ਮਝਾਰ।
ਰਾਉ ਰੰਕ ਸੰਗਤਿ ਕੇ ਸਾਰੇ। ਆਇ ਲਹੈਂ ਦਰਸ਼ਨ ਸੁਖ ਸਾਰੇ' ॥ ੨ ॥

"ਅੱਜ ਗੁਰੂ ਜੀ ਦਾ ਦਰਬਾਰ ਲਗੇਗਾ, ਸਾਰੇ ਹੀ ਸਭਾ ਦੇ ਵਿਚ ਆਵੋ। ਰਾਜੇ ਰੰਕ ਤੇ ਸਾਰੀ ਸਿੱਖ ਸੰਗਤ ਆ ਕੇ ਦਰਸ਼ਨ ਕਰਕੇ ਸੁਖ ਪ੍ਰਾਪਤ ਕਰਨ" ॥੨॥

ਕੀਰਤਪੁਰਿ ਕੇ ਚਹੁਂਦਿਸ਼ਿ ਡੇਰੇ। ਗਨ ਮਸੰਦ ਜੁਤਿ ਸਿੱਖਨਿ ਕੇਰੇ।
ਸਭਿਹਿਨਿ ਕੋ ਸੁਧ ਕਹੀ ਪੁਕਾਰ। 'ਸੁਨਿ ਪਹੁਂਚਹੁ ਗੁਰ ਕੇ ਦਰਬਾਰ' ॥੩ ॥

ਕੀਰਤਪੁਰ ਦੇ ਚਾਰੇ ਪਾਸੇ ਡੇਰੇ ਲੱਗੇ ਸਨ, ਬਹੁਤ ਮਸੰਦ ਸਿੱਖਾਂ ਸਹਿਤ ਉਥੇ ਠਹਿਰੇ ਸਨ। ਸਾਰਿਆਂ ਨੂੰ ਪੁਕਾਰ ਕੇ ਖਬਰ ਦਿੱਤੀ, "ਸੁਣ ਕੇ ਗੁਰੂ ਜੀ ਦੇ ਦਰਬਾਰ ਵਿਚ ਪਹੁੰਚੋ" ॥੩॥

ਬੀਚ ਬਜ਼ਾਰ ਸਥੰਡਲ ਚਾਰੁ। ਊਪਰ ਫਰਸ਼ ਭਯੋ ਦਿਸ਼ਿ ਚਾਰੁ।
ਸੇਤੁ ਚਾਂਦਨੀ ਕਰੀ ਲਗਾਵਨਿ। ਤਨਯੋ ਬਿਤਾਨ ਮਹਾਨ ਸੁਹਾਵਨ ॥੪ ॥

ਬਜ਼ਾਰ ਦੇ ਵਿਚ ਸੁੰਦਰ ਬੜੇ ਬਣੇ ਹਨ. ਉਸ ਦੇ ਉਪਰ ਚਾਰੇ ਪਾਸੇ ਵਿਛਾਉਣੇ ਵਿਛਾ ਕੇ ਫਰਸ਼ ਤਿਆਰ ਕੀਤਾ ਹੈ। ਸਫੇਦ ਚਾਂਦਨੀਆਂ ਲਗਾਈਆਂ ਗਈਆਂ ਹਨ ਤੇ ਮਹਾਨ ਸੁਹਾਵਣੀਆਂ ਚਾਨਣੀਆਂ ਤਾਣੀਆਂ ਗਈਆਂ ਹਨ॥੪॥

ਝਾਲਰ ਜ਼ਰੀ ਝਲਕਤੀ ਝੂਲਤਿ। ਕੁਸਮ ਜ਼ਰੀ ਕੇ ਜਥਾ ਪ੍ਰਫੁਲਤਿ।
ਰੇਸ਼ਮ ਡੋਰਨ ਤੇ ਬਹੁ ਤਨਜੋ। ਬਹੁਤ ਮੋਲ ਕੇ ਸੁੰਦਰ ਬਨਜੋ॥ ੫॥

ਜ਼ਰੀ ਦੀਆਂ ਝਾਲਰਾਂ ਝੂਮ ਕੇ ਝਲਕਦੀਆਂ ਹਨ, ਜਿਵੇਂ ਜ਼ਰੀ ਦੇ ਕੁਸਮ ਖਿੜੇ ਹੋਣ। ਰੇਸ਼ਮ ਦੀਆਂ ਡੋਰਾਂ ਨਾਲ ਤਾਣੇ ਗਏ ਹਨ, ਬਹੁਤ ਕੀਮਤੀ ਸੁੰਦਰ ਬਣਾਏ ਗਏ ਹਨ॥੫॥

ਦਿਪਤਿ ਅਮੰਦ ਦੀਹ ਮਸਲੰਦ। ਧਰਿ ਊਪਰ ਉਪਧਾਨੁ ਬਿਲੰਦ।
ਲਗਜੋ ਮੋਲ ਬਹੁ ਸ਼ੋਭਤਿ ਆਛੇ। ਕਾਰੀਗਰਨਿ ਕੀਨਿ ਮਨ ਬਾਂਛੇ॥ ੬॥

ਸੋਹਣੀ ਚਮਕ ਹੈ, ਤੇ ਬੜੀ ਵੱਡੀ ਗੱਦੀ ਹੈ, ਧਰਤੀ ਦੇ ਉਪਰ ਵੱਡਾ ਸਿੰਘਾਸਣ ਹੈ। ਉਸ ਉਤੇ ਬਹੁਤ ਮੁੱਲ ਖਰਚ ਆਇਆ ਹੈ ਜਿਹੜਾ ਚੰਗਾ ਸ਼ੋਭਦਾ ਹੈ, ਕਾਰੀਗਰਾਂ ਨੇ ਮਨ-ਭਾਉਂਦਾ ਬਣਾਇਆ ਹੈ॥੬॥

ਭਯੋ ਤਯਾਰ ਸੁਧ ਜਬੈ ਸੁਨਾਈ। ਉਠਿ ਪ੍ਰਭੁ ਗਮਨ ਕਰਜੋ ਤਿਸ ਥਾਈਂ।
ਸ੍ਰੀ ਹਰਿਰਾਇ ਸੰਗ ਨਿਜ ਲੀਨਿ। ਮ੍ਰਿਦੁਲ ਸਰੂਪ ਸੁ ਬੈਸ ਨਵੀਨ॥ ੭॥

ਜਦ ਨਕੀਬ ਨੇ ਇਹ ਖਬਰ ਸੁਣਾਈ ਤਾਂ ਸਭ ਤਿਆਰ ਹੋ ਗਏ, ਉੱਠ ਕੇ ਪ੍ਰਭੂ ਜੀ ਵੀ ਉਸ ਥਾਂ ਪਹੁੰਚ ਗਏ। ਸ੍ਰੀ ਹਰਿ ਰਾਇ ਜੀ ਨੂੰ ਆਪਣੇ ਨਾਲ ਲਿਆ। ਬੜਾ ਕੋਮਲ ਸਰੂਪ ਹੈ ਤੇ ਉਮਰ ਨਵੀਂ ਹੈ॥੭॥

ਸੂਰਜ ਮਲ, ਸ੍ਰੀ ਤੇਗ ਬਹਾਦਰ। ਕਰੇ ਹਕਾਰਨ ਤਿਹਠਾਂ ਸਾਦਰ।
ਅਣੀਰਾਇ ਜੁਤਿ ਸਭਿ ਚਲਿ ਆਏ। ਨਿਜ ਨਿਜ ਦਾਸ ਸੰਗ ਸਮੁਦਾਏ॥ ੮॥

ਸੂਰਜ ਮਲ, ਸ੍ਰੀ ਤੇਗ ਬਹਾਦਰ ਬੜੇ ਆਦਰ ਨਾਲ ਉਥੇ ਬੁਲਾਏ। ਅਣੀਰਾਇ ਸਹਿਤ ਸਭ ਚਲ ਕੇ ਆਏ, ਆਪਣੇ ਆਪਣੇ ਸੇਵਕ ਸਾਰਿਆਂ ਨੇ ਨਾਲ ਲੈ ਲਏ॥੮॥

ਭਾਨਾ ਸਾਹਿਬ ਬ੍ਰਿਧ ਕੀ ਅੰਸ਼। ਜੋ ਹੋਏ ਸਿੱਖੀ ਅਵਿਤੰਸ਼।
ਲੇ ਕਰਿ ਸਾਥ ਨਾਥ ਤਹਿਂ ਗਏ। ਬੰਦਤਿ ਗਾਦੀ ਬੈਠਤਿ ਭਏ॥ ੯॥

ਬਾਬਾ ਭਾਨਾ ਸਾਹਿਬ, ਬਾਬਾ ਬੁੱਢਾ ਜੀ ਦੀ ਅੰਸ਼ ਵਿਚੋਂ ਹਨ, ਜਿਹੜੇ ਸਿੱਖੀ ਵਿਚ ਸ਼੍ਰੋਮਣੀ ਹੋਏ ਹਨ। ਉਨ੍ਹਾਂ ਨੂੰ ਵੀ ਗੁਰੂ ਜੀ ਆਪਣੇ ਨਾਲ ਲੈ ਕੇ ਗਏ। ਗੱਦੀ ਨੂੰ ਬੰਦਨਾ ਕਰਕੇ ਬੈਠ ਗਏ॥੯॥

ਚਮਰ ਚਾਰੁ ਚੰਚਲ ਚਤੁਰਾਈ। ਢੋਰਤਿ ਹੰਸਨਿ ਸਮਤਾ ਪਾਈ।
ਸੂਰਜਮੁਖੀ ਲੀਨਿ ਨਿਜ ਖਰੇ। ਜਨੁ ਸੂਰਜ ਦੂਸਰ ਬਿਧਿ ਕਰੇ॥ ੧੦॥

ਸੁੰਦਰ ਚੰਚਲ ਚੌਰ ਬੜੀ ਚਤੁਰਾਈ ਨਾਲ ਝੁਰਦਾ ਹੰਸ ਵਾਂਗ ਉਡਾਰੀਆਂ ਮਾਰ ਰਿਹਾ ਹੈ। ਸੇਵਕ ਆਪਣੇ-ਆਪਣੇ ਗੋਲ ਪੱਖੇ ਲੈ ਕੇ ਖੜੇ ਸਨ ਜਿਨ੍ਹਾਂ ਉਤੇ ਸੂਰਜ ਦੀ ਸ਼ਕਲ ਜ਼ਰੀ ਅਤੇ ਤਿਲੇ ਨਾਲ ਉਕਰੀ ਹੋਈ ਸੀ, ਮਾਨੋਂ ਸੂਰਜ ਨੇ ਦੂਸਰੀ ਵਿਧੀ ਕੀਤੀ ਹੋਵੇ॥੧੦॥

ਰਾਇਜੋਧ ਤਬਿ ਚਲਿ ਕਰਿ ਆਯਹੁ। ਸੁਭਟ ਸਮੂਹਨਿ ਕੋ ਸੰਗ ਲਯਾਯੋ।
ਚਰਨ ਸਰੋਜਨਿ ਕੋ ਕਰਿ ਨਮੋ। ਨਿਕਟਿ ਹੋਇ ਬੈਠਜੋ ਤਿਹ ਸਮੋ॥ ੧੧॥

ਫਿਰ ਰਾਇ ਜੋਧ ਚਲ ਕੇ ਆਇਆ, ਸਾਰੇ ਸੂਰਬੀਰਾਂ ਨੂੰ ਨਾਲ ਲੈ ਕੇ ਆਇਆ। ਚਰਨ ਕੰਵਲਾਂ ਨੂੰ ਨਮਸਕਾਰ ਕਰਕੇ, ਉਸ ਸਮੇਂ ਗੁਰੂ ਜੀ ਦੇ ਨੇੜੇ ਹੋ ਕੇ ਬੈਠ ਗਿਆ॥੧੧॥

ਗੁਰ ਘਰ ਕੇ ਜੋਧਾ ਗਨ ਭਾਰੇ। ਸਭਿ ਚਲਿ ਆਏ ਆਯੁਧ ਧਾਰੇ।
ਜੋ ਜਿਸ ਦੇਸ਼ ਮਸੰਦ ਬਿਲੰਦ। ਸੰਗ ਸੰਗਤਾਂ ਲੈ ਕਰਿ ਬ੍ਰਿੰਦ॥ ੧੨॥

ਗੁਰੂ ਘਰ ਦੇ ਵੱਡੇ ਭਾਰੀ ਜੋਧੇ ਸਾਰੇ ਸ਼ਸਤਰ ਧਾਰ ਕੇ ਚਲ ਕੇ ਆ ਗਏ। ਜਿਹੜਾ ਵੀ ਜਿਸ ਦੇਸ਼ ਵਿਚ ਵੱਡਾ ਮਸੰਦ ਸੀ, ਉਹ ਆਪਣੀਆਂ-ਆਪਣੀਆਂ ਵੱਡੀਆਂ ਸੰਗਤਾਂ ਲੈ ਕੇ ਆਇਆ॥੧੨॥

ਪਹੁੰਚਤਿ ਭੇ ਸਭਿ ਸਭਾ ਮਝਾਰੇ। ਕਰਿ ਕਰਿ ਨਮੋ ਸੁ ਦਰਸ਼ ਨਿਹਾਰੇ।
ਪੁਰਿ ਕੇ ਪੰਚ ਜਿ ਨਰ ਪਰਧਾਨ। ਸਰਬ ਹਕਾਰੇ ਕਰਿ ਸਨਮਾਨ॥ ੧੩॥

ਸਾਰੇ ਸਭਾ ਵਿਚ ਪਹੁੰਚ ਗਏ, ਨਮਸਕਾਰ ਕਰ-ਕਰ ਦਰਸ਼ਨ ਕਰਦੇ ਸਨ। ਨਗਰ ਦੇ ਪੰਚ ਜਿਹੜੇ ਪ੍ਰਧਾਨ ਮਨੁੱਖ ਸਨ, ਸਾਰਿਆਂ ਨੂੰ ਬੜਾ ਸਨਮਾਨ ਕਰਕੇ ਬੁਲਾਇਆ॥੧੩॥

ਸੁੰਦਰ ਪਰਮਾਨੰਦ ਅਨੰਦਤਿ। ਬੈਠੇ ਆਇ ਗੁਰੂ ਕੋ ਬੰਦਤਿ।
ਚੋਬਦਾਰ ਲੇ ਕੰਚਨ ਆਸੇ। ਖਰੇ ਭਏ ਗਨ ਅੱਗ੍ਰਜ ਪਾਸੇ॥ ੧੪॥

ਸੁੰਦਰ, ਪਰਮਾਨੰਦ ਵੀ ਬੜੇ ਅਨੰਦਿਤ ਹੋ ਕੇ ਗੁਰੂ ਜੀ ਨੂੰ ਬੰਦਨਾ ਕਰਕੇ ਆ ਬੈਠੇ। ਚੋਬਦਾਰ ਸੋਨੇ ਦੇ ਡੰਡੇ ਲੈ ਕੇ ਸਾਰੇ ਅਗਲੇ ਪਾਸੇ ਖੜੇ ਹੋ ਗਏ॥੧੪॥

ਚਹੁੰਦਿਸ਼ਿ ਮਹਿਂ ਦਿਵਾਨ ਭਰਿ ਗਯੋ। ਸਭਿ ਸਮਾਜ ਤਹਿਂ ਆਵਤਿ ਭਯੋ।
ਸ਼ਬਦ ਰਬਾਬੀ ਇਕ ਦਿਸ਼ਿ ਗਾਵੈਂ। ਚਾਰਨ, ਭਾਟ ਕਬਿੱਤ ਸੁਨਾਵੈਂ॥ ੧੫॥

ਚਾਰੇ ਪਾਸੇ ਦੀਵਾਨ ਭਰ ਗਿਆ, ਸਾਰਾ ਸਾਮਾਨ ਓਥੇ ਆ ਗਿਆ। ਇਕ ਪਾਸੇ ਰਬਾਬੀ ਸ਼ਬਦ ਗਾ ਰਹੇ ਸਨ। ਬੰਸਾਵਲੀ ਉਚਾਰਨ ਵਾਲੇ ਅਤੇ ਭਾਟ ਕਬਿੱਤ ਸੁਣਾ ਰਹੇ ਸਨ॥੧੫॥

ਤੀਨਹੁਂ ਪੁੱਤ੍ਰ ਬਿਠਾਏ ਤੀਰ। ਸ੍ਰੀ ਗੁਰ ਹਰਿਗੁਵਿੰਦ ਬਰ ਬੀਰ।
ਪੈਸੇ ਪੰਚ ਨਾਲਿਯਰ ਏਕ। ਕਹਿ ਮੰਗਵਾਯੋ ਜਲਧਿ ਬਿਬੇਕ॥ ੧੬॥

ਤਿੰਨਾਂ ਪੁੱਤਰਾਂ ਨੂੰ ਆਪਣੇ ਪਾਸ ਬਿਠਾਇਆ, ਸ੍ਰੀ ਗੁਰੂ ਹਰਿਗੋਬਿੰਦ ਜੀ ਸ੍ਰੇਸ਼ਟ ਸੂਰਬੀਰ ਹਨ। ਪੰਜ ਪੈਸੇ ਤੇ ਇਕ ਨਾਰੀਅਲ, ਗੁਰੂ ਜੀ ਨੇ ਕਹਿ ਕੇ ਮੰਗਵਾ ਲਿਆ॥੧੬॥

ਸਾਹਿਬ ਭਾਨੇ ਸਭਿ ਬਿਧਿ ਜਾਨੀ। ਪਠਜੇ ਦਾਸ ਤਯਾਰੀ ਨਿਜ ਠਾਨੀ।
ਕੇਸਰ ਚੰਦਨ ਕੌ ਘਸਵਾਇ। ਕਲਗ਼ੀ ਜਿਗਾ ਲਈ ਮੰਗਵਾਇ॥ ੧੭॥

ਭਾਨਾ ਸਾਹਿਬ ਨੇ ਸਾਰੀ ਵਿਧੀ ਜਾਣ ਲਈ, ਸੇਵਕ ਭੇਜ ਕੇ ਆਪਣੀ ਤਿਆਰੀ ਕੀਤੀ, ਕੇਸਰ ਚੰਦਨ ਨੂੰ ਘਸਵਾਇਆ ਤੇ ਕਲਗੀ ਤੇ ਜਿਗਾ ਮੰਗਵਾ ਲਈ॥੧੭॥

ਸ੍ਰੀ ਹਰਿਗੋਵਿੰਦ ਦੇਖਿ ਬਖਾਨਾ। 'ਉਠਹੁ ਪ੍ਰਥਮ ਅਬਿ ਸਾਹਿਬ ਭਾਨਾ!'
ਇਮ ਕਹਿ ਆਪ ਉਠੇ ਗੁਰ ਪੂਰੇ। ਪੌਤ੍ਰ ਬਿਲੋਕਤਿ ਸ੍ਰੀ ਮੁਖ ਰੂਰੇ॥ ੧੮॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਵੇਖ ਕੇ ਕਿਹਾ, "ਹੇ ਭਾਨਾ ਸਾਹਿਬ! ਹੁਣ ਤੁਸੀਂ ਸਭ ਤੋਂ ਪਹਿਲਾਂ ਉਠੋ।" ਇਸ ਤਰ੍ਹਾਂ ਕਹਿ ਕੇ ਪੂਰੇ ਗੁਰੂ ਜੀ ਆਪ ਉੱਠੇ ਤੇ ਆਪਣੇ ਪੋਤਰੇ ਦੇ ਸੁੰਦਰ ਮੁਖ ਵੱਲ ਵੇਖਿਆ॥੧੮॥

ਤੀਨ ਪ੍ਰਦਛਨਾ ਫਿਰ ਕਰਿ ਦੀਨਿ। ਪੈਸੇ ਪੰਚ ਨਾਲਿਯਰ ਲੀਨਿ।
ਖਰੇ ਹੋਇ ਧਰਿ ਭੇਟ ਅਗਾਰੀ। ਹਾਥ ਜੋਰਿ ਕਰਿ ਬੰਦਨ ਧਾਰੀ॥ ੧੯॥

ਤਿੰਨ ਪ੍ਰਦੱਖਣਾ ਫਿਰ ਕੇ ਕੀਤੀਆਂ ਤੇ ਪੰਜ ਪੈਸੇ ਤੇ ਨਾਰੀਅਲ ਲਿਆ। ਖੜੇ ਹੋ ਕੇ ਅੱਗੇ ਧਰ ਕੇ ਭੇਟ ਕਰ ਦਿੱਤੇ ਤੇ ਹੱਥ ਜੋੜ ਕੇ ਬੰਦਨਾ ਕੀਤੀ॥੧੯॥

ਪੁਨ ਸਾਹਿਬ ਭਾਨੇ ਕਿਯ ਟੀਕਾ। ਕੀਨਸਿ ਕੁਲ ਸੋਢੀ ਮਹਿਂ ਨੀਕਾ।
ਪੁਨ ਸਭਿ ਸੋਂ ਗੁਰ ਕਹੀ ਸੁਨਾਇ। 'ਮਮ ਸਮ ਅਬਿ ਜਾਨਹੁ ਹਰਿਰਾਇ' ॥੨੦॥

ਫਿਰ ਬਾਬਾ ਭਾਨਾ ਸਾਹਿਬ ਨੇ ਸ੍ਰੀ ਗੁਰੂ ਹਰਿ ਰਾਇ ਜੀ ਨੂੰ ਤਿਲਕ ਲਾਇਆ ਤੇ ਸੋਢੀਆਂ ਦੀ ਕੁੱਲ ਵਿਚ ਸ੍ਰੇਸ਼ਟ ਬਣਾ ਦਿੱਤਾ। ਫਿਰ ਗੁਰੂ ਜੀ ਨੇ ਸਾਰਿਆਂ ਨੂੰ ਕਹਿ ਕੇ ਸੁਣਾਇਆ, "ਮੇਰੇ ਵਾਂਗ ਹੁਣ ਸ੍ਰੀ ਹਰਿ ਰਾਇ ਜੀ ਨੂੰ ਗੁਰੂ ਜਾਣੋ" ॥੨੦॥

ਸਗਲ ਮਸੰਦਨਿ ਪਿਖਿ ਸੁਨਿ ਬੈਨ। ਅਦਭੁਤ ਰਸ ਤੇ ਫੁੱਲਜਤਿ ਨੈਨ।
'ਦੇਹਿ ਅੰਤ ਗੁਰ ਕੋ ਪਹਿਚਾਨਜੋ। ਜਿਸ ਤੇ ਤਖਤ ਦੇਨਿ ਕੋ ਠਾਨਜੋ॥੨੧॥

ਸਾਰੇ ਮਸੰਦਾਂ ਦੇ ਬਚਨ ਸੁਣੇ ਅਤੇ ਵੇਖ ਕੇ, ਅਦਭੁਤ ਰਸ ਨਾਲ ਨੈਣ ਖਿੜ ਗਏ। ਉਨ੍ਹਾਂ ਕਿਹਾ, "ਗੁਰੂ ਜੀ ਦੇ ਸਰੀਰ ਦੇ ਅੰਤ ਨੂੰ ਪਹਿਚਾਣਿਆ ਹੈ, ਜਿਸ ਕਰਕੇ ਹੁਣ ਤਖਤ ਦੇ ਦਿੱਤਾ ਹੈ॥੨੧॥

ਪਰਮੇਸੁਰ ਕੀ ਅਚਰਜ ਬਾਤ। ਦੇਖਹੁ ਕਹਾਂ ਭਈ ਬੱਖਜਾਤ।
ਗੁਰਤਾ ਉਚਿਤੈ ਸ੍ਰੀ ਗੁਰਦਿੱਤਾ। ਪ੍ਰਥਮ ਪ੍ਰਲੋਕ ਪੰਥ ਕੋ ਲਿੱਤਾ॥ ੨੨॥

ਪ੍ਰਮੇਸ਼ਰ ਦੀ ਅਸਚਰਜ ਗੱਲ ਹੈ, ਵੇਖੋ ਕਿਥੇ ਜਾ ਕੇ ਪ੍ਰਗਟ ਹੋਈ ਹੈ। ਸ੍ਰੀ ਗੁਰਦਿੱਤਾ ਜੀ ਗੁਰਤਾ ਦੇ ਉਚਿਤ ਸਨ, ਉਨ੍ਹਾਂ ਪਹਿਲਾਂ ਹੀ ਪ੍ਰਲੋਕ ਦਾ ਰਾਹ ਲੈ ਲਿਆ ਹੈ॥੨੨॥

ਬਡ ਪੌਤ੍ਰੇ ਕੀਨਸਿ ਕ੍ਰਿਤ ਖੋਟੇ। ਮਾਲਿਕ ਤਖਤ, ਸਭਿਨਿ ਤੇ ਛੋਟੇ।
ਤੀਨਹੁਂ ਸੁਤ ਢਿਗ ਬੈਠੇ ਰਹੇ। ਸ੍ਰੀ ਹਰਿਰਾਇ ਪਰਮਪਦ ਲਹੇ' ॥ ੨੩॥

ਵੱਡੇ ਪੋਤਰੇ ਨੇ ਖੋਟੀ ਕ੍ਰਿਤ ਕੀਤੀ ਹੈ ਤੇ ਤਖ਼ਤ ਦਾ ਮਾਲਕ ਸਭ ਤੋਂ ਛੋਟੇ ਨੂੰ ਬਣਾਇਆ ਹੈ। ਤਿੰਨੇ ਪੁੱਤਰ ਪਾਸ ਬੈਠੇ ਰਹਿ ਗਏ ਹਨ ਤੇ ਸ੍ਰੀ ਹਰਿਰਾਇ ਜੀ ਨੇ ਪਰਮ ਪਦਵੀ ਪ੍ਰਾਪਤ ਕਰ ਲਈ ਹੈ" ॥੨੩॥

ਇਮ ਕਹਿ ਸਕਲ ਮਸੰਦ ਸੁ ਸੰਗਤਿ। ਉਠੇ ਸੁ ਭੇਟ ਦੇਨਿ ਤਜਿ ਪੰਗਤਿ।
ਕੀਨਿ ਤਿਲਕ ਕੇਸਰ ਬਰ ਚੰਦਨ। ਹਾਥ ਜੋਰਿ ਕਰਿ ਠਾਨੀ ਬੰਦਨ॥ ੨੪॥

ਇਸ ਤਰ੍ਹਾਂ ਕਹਿ ਕੇ ਸਾਰੇ ਮਸੰਦ ਅਤੇ ਸੰਗਤ ਉਠੀ ਤੇ ਪੰਗਤ ਛੱਡ ਕੇ ਭੇਟ ਦੇਣ ਵਾਸਤੇ ਉੱਠੇ। ਕੇਸਰ ਚੰਦਨ ਦੇ ਤਿਲਕ ਨੇ ਸ੍ਰੇਸ਼ਟ ਪੂਜਣਯੋਗ ਬਣਾ ਦਿੱਤਾ, ਸਾਰਿਆਂ ਨੇ ਹੱਥ ਜੋੜ ਕੇ ਬੰਦਨਾ ਕੀਤੀ॥੨੪॥

ਪ੍ਰਥਮ ਉਪਾਇਨ ਸਾਹਿਬ ਭਾਨਾ। ਹੀਰੇ ਜੜਤੀ ਜਿਗਾ ਮਹਾਨਾ।
ਮੁਕਤਾਗੁੱਛਨਿ ਕਲਗੀ ਸੰਗ। ਧਰੀ ਸੀਸ ਪਰ ਦਿਪਤਿ ਉਤੰਗ॥ ੨੫॥

ਪਹਿਲਾ ਉਪਹਾਰ ਭਾਨਾ ਸਾਹਿਬ ਨੇ ਦਿੱਤਾ। ਹੀਰੇ ਜੜੀ ਮਹਾਨ ਜਿਗ੍ਹਾ ਪਹਿਨਾਈ। ਮੋਤੀਆਂ ਦੇ ਗੁੱਛਿਆਂ ਨਾਲ ਭਰੀ ਕਲਗੀ ਨੂੰ ਦਸਤਾਰ ਉਤੇ ਲਾ ਦਿੱਤਾ, ਜਿਹੜੀ ਬਹੁਤ ਚਮਕਦੀ ਸੀ॥੨੫॥

ਚੰਚਲ ਬਾਜੀ ਬਾਜ਼ ਬਿਸਾਲਾ। ਅਰਪਨ ਕਰਤਿ ਭਯੋ ਤਤਕਾਲਾ।
ਬ੍ਰਿੰਦ ਮਸੰਦ ਬਿਲੋਕਨਿ ਕੀਨਿ। ਜਥਾ ਜੋਗ ਭੇਟਨਿ ਸਭਿ ਦੀਨਿ॥ ੨੬॥

ਇਕ ਚੰਚਲ ਘੋੜਾ ਅਤੇ ਸੁੰਦਰ ਬਾਜ ਤੁਰਤ ਅਰਪਣ ਕਰ ਦਿੱਤਾ। ਸਭ ਮਸੰਦਾਂ ਨੇ ਦਰਸ਼ਨ ਕੀਤੇ। ਯਥਾ-ਯੋਗ ਸਭ ਨੇ ਭੇਟਾ ਦਿੱਤੀ॥੨੬॥

ਧਨ ਪਟ ਭੂਖਨ ਚਪਲ ਤੁਰੰਗ। ਅਰਪਿ ਅਰਪਿ ਬੰਦਹਿਂ ਕਰ ਬੰਦਿ।
ਸਤਿਗੁਰ ਕੋ ਚਲਿਬੋ ਪਰਲੋਕ। ਯਾਂਤੇ ਸਭਿ ਕੇ ਚਿਤ ਮਹਿਂ ਸ਼ੋਕ॥ ੨੭॥

ਧਨ, ਰੇਸ਼ਮ ਦੇ ਕਪੜੇ, ਗਹਿਣੇ ਅਤੇ ਚੰਚਲ ਘੋੜੇ ਅਰਪਣ ਕਰ ਕਰ ਕੇ ਹੱਥ ਜੋੜ ਕੇ ਬੰਦਨਾ ਕਰਦੇ ਸਨ। ਹੁਣ ਸਤਿਗੁਰੂ ਜੀ ਪਰਲੋਕ ਚਲੇ ਜਾਣਗੇ, ਇਸ ਕਰਕੇ ਸਾਰਿਆਂ ਦੇ ਚਿੱਤ ਵਿਚ ਸ਼ੋਕ ਸੀ॥੨੭॥

ਅਭਿਖੇਕਨ ਪਿਖਿ ਸ੍ਰੀ ਹਰਿਰਾਇ। ਰਿਦੈ ਅਨੰਦ ਬਿਲੰਦੇ ਪਾਇ।
ਬਹੁਤ ਬਿਚਾਰਿ ਸੋਚਤੇ ਸੋਚਨਿ। ਕਰਹਿਂ ਬਿਲੋਕਨਿ ਜੁਗ ਭਵਮੋਚਨ॥ ੨੮॥

ਸੰਗਤ ਨੇ ਸ੍ਰੀ ਹਰਿ ਰਾਇ ਜੀ ਨੂੰ ਤਿਲਕ ਦੇਣਾ ਵੇਖ ਕੇ, ਹਿਰਦੇ ਵਿਚ ਬੜਾ ਅਨੰਦ ਪਾਇਆ। ਬਹੁਤ ਵਿਚਾਰ ਕੇ ਸੋਚਾਂ ਸੋਚਦੇ ਸਨ ਤੇ ਸੰਸਾਰ ਤੋਂ ਛੁਡਵਾਉਣ ਵਾਲੇ ਦੋਹਾਂ ਭਾਵ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੇ ਗੁਰੂ ਹਰਿ ਰਾਇ ਸਾਹਿਬ ਜੀ ਵੱਲ ਵੇਖਦੇ ਸਨ॥੨੮॥

ਤਿਸਛਿਨ ਸ੍ਰੀ ਹਰਿਰਾਇ ਅਗਾਰੀ। ਲਗੇ ਅੰਬਾਰ ਸੁ ਵਸਤੁ ਉਦਾਰੀ।
ਰਾਇਜੋਧ ਤਬਿ ਪੰਚ ਤੁਰੰਗ। ਦਈ ਵਸਤੁ ਅਰ ਕੁਛ ਧਨ ਸੰਗ॥ ੨੯॥

ਤੁਰਤ ਹੀ ਸ੍ਰੀ ਹਰਿ ਰਾਇ ਜੀ ਦੇ ਅੱਗੇ ਉੱਤਮ ਵਸਤਾਂ ਦੇ ਅੰਬਾਰ ਲੱਗ ਗਏ। ਰਾਇ ਜੋਧ ਨੇ ਉਸ ਸਮੇਂ ਪੰਜ ਘੋੜੇ ਤੇ ਹੋਰ ਕਈ ਵਸਤਾਂ ਧਨ ਸਹਿਤ ਦਿੱਤੀਆਂ॥੨੯॥

ਭਗਤੂ, ਬਹਿਲੋ, ਰੂਪਾ ਆਦਿ। ਗੁਰ ਕ੍ਰਿਤ ਹੇਰਿ ਭਏ ਅਹਿਲਾਦ।
ਸਭਿਹਿਨਿ ਉਠ ਕਰਿ ਗ੍ਰੀਵ ਨਿਵਾਈ। ਅਰਪਿ ਉਪਾਇਨ ਕੋ ਸਮੁਦਾਈ॥ ੩੦॥

ਭਗਤੂ, ਬਹਿਲੋ, ਰੂਪਾ ਆਦਿ ਗੁਰੂ ਜੀ ਦੀ ਕ੍ਰਿਤ ਵੇਖ ਕੇ ਬਹੁਤ ਪ੍ਰਸੰਨ ਹੋਏ। ਸਾਰਿਆਂ ਨੇ ਉਠ ਕੇ ਸਿਰ ਨਿਵਾਏ, ਤੇ ਸਾਰਿਆਂ ਨੇ ਉਪਹਾਰ ਅਰਪਣ ਕੀਤੇ॥੩੦॥

ਸਭਿਹਿਨਿ ਗੁਰ ਕੀ ਆਗਜਾ ਮਾਨੇ। ਸ੍ਰੀ ਹਰਿਰਾਇ ਗੁਰੂ ਸਮ ਜਾਨੇ।
ਤਤਛਿਨ ਜੋਤਿ ਦਿਪੀ ਅਧਿਕਾਈ। ਬਦਨ ਸਦਨ ਦੁਤਿ ਰਹਜੋ ਸੁਹਾਈ॥੩੧॥

ਸਾਰਿਆਂ ਨੇ ਗੁਰੂ ਜੀ ਦੀ ਆਗਿਆ ਮੰਨੀ ਤੇ ਸ੍ਰੀ ਹਰਿ ਰਾਇ ਜੀ ਨੂੰ ਗੁਰੂ ਸਮਾਨ ਜਾਣਿਆ। ਤੁਰਤ ਗੁਰੂ ਹਰਿਰਾਇ ਜੀ ਦੀ ਜੋਤ ਬਹੁਤ ਪ੍ਰਕਾਸ਼ਮਈ ਹੋ ਗਈ। ਸ਼ੋਭਾ ਦਾ ਘਰ ਸ੍ਰੀ ਗੁਰੂ ਹਰਿ ਰਾਇ ਜੀ ਦਾ ਮੁੱਖ ਵੱਡੀ ਸ਼ੋਭਾ ਪਾ ਰਿਹਾ ਸੀ॥੩੧॥

ਅਤਿ ਸਮਰਥਤਾ ਪ੍ਰਾਪਤਿ ਭਈ। ਹਤਨਿ ਤ੍ਰਿਲੋਕੀ ਅਰੁ ਉਪਜਈ।
ਇਮ ਦੇ ਕਰਿ ਗੁਰਤਾ ਬਡਿਆਈ। ਸ੍ਰੀ ਸਤਿਗੁਰੂ ਅਨੰਦ ਉਪਾਈ॥ ੩੨॥

ਅਤਿ ਸਮਰੱਥਤਾ ਪ੍ਰਾਪਤ ਹੋਈ। ਤ੍ਰਿਲੋਕੀ ਨੂੰ ਮਾਰਨ ਜਵਾਲਣ ਦੀ ਤਾਕਤ ਪ੍ਰਗਟ ਹੋ ਗਈ। ਇਸ ਤਰ੍ਹਾਂ ਗੁਰਤਾ ਦੀ ਵਡਿਆਈ ਦੇ ਕੇ ਸ੍ਰੀ ਸਤਿਗੁਰੂ ਜੀ ਨੇ ਬੜਾ ਅਨੰਦ ਪਾਇਆ॥੩੨॥

ਸਭਿ ਮਸੰਦ ਅਰੁ ਸੰਗਤ ਬਿਖੈ। ਗੁਰੂ ਬਨਾਇ ਪੌਤ੍ਰ ਦਿਸ਼ਿ ਪਿਖੈਂ।
ਕ੍ਰਿਪਾ ਕਰਤਿ ਬਹੁ ਪ੍ਰੇਮ ਉਪਾਵੈਂ। ਸਭਿ ਕੋ ਕਹਿ ਕਹਿ ਅੱਗ੍ਰ ਨਿਵਾਵੈਂ॥ ੩੩॥

ਸਾਰੇ ਮਸੰਦਾਂ ਅਤੇ ਸੰਗਤ ਵਿਚ ਗੁਰੂ ਬਣਾ ਕੇ ਪੋਤਰੇ ਵੱਲ ਵੇਖਦੇ ਸਨ। ਕ੍ਰਿਪਾ ਕਰਕੇ ਬਹੁਤ ਪ੍ਰੇਮ ਉਪਜਾਉਂਦੇ ਸਨ, ਸਾਰਿਆਂ ਨੂੰ ਅੱਗੇ ਸਿਰ ਨਿਵਾਉਣ ਵਾਸਤੇ ਕਹਿੰਦੇ ਸਨ॥੩੩॥

ਭਾਟ ਨਕੀਬ ਸੁਜਸੁ ਕੋ ਕਹੈਂ। ਦਰਬ ਬਿਭੂਖਲ ਬਖਸ਼ਿਸ਼ ਲਹੈਂ।
ਧਨ ਗਨ ਦੀਨਿ ਰਬਾਬੀ ਗਾਵਤਿ। ਬਿੱਪ੍ਰ ਆਦਿ ਸਗਰੇ ਬਿਤ ਪਾਵਤਿ॥ ੩੪॥

ਭਾਟ ਨਕੀਬ ਸ੍ਰੇਸ਼ਟ ਜੱਸ ਕਹਿੰਦੇ ਸਨ, ਧਨ, ਗਹਿਣੇ ਬਖਸ਼ਿਸ਼ ਵਜੋਂ ਲੈਂਦੇ ਸਨ। ਗਾਇਣ ਕਰਦੇ ਰਬਾਬੀਆਂ ਨੂੰ ਵੀ ਬਹੁਤ ਧਨ ਦਿੰਦੇ ਸਨ, ਬ੍ਰਾਹਮਣ ਆਦਿ ਸਾਰੇ ਧਨ ਪਾਉਂਦੇ ਸਨ॥੩੪॥

ਇਮ ਉਤਸਾਹਿ ਬਿਸਾਲ ਭਯੋ ਹੈ। ਸਪਤਮ ਗੁਰ ਬਡ ਤਖ਼ਤ ਲਿਯੋ ਹੈ।
ਜਥਾ ਜੋਗ ਕਰਿ ਹਰਿਗੋਬਿੰਦ। ਬਿਦਤ ਬ੍ਰਿੰਦ ਮਹਿਂ ਕੀਨਿ ਬਿਲੰਦ॥ ੩੫॥

ਇਸ ਤਰ੍ਹਾਂ ਵਿਸ਼ਾਲ ਉਤਸ਼ਾਹ ਹੋਇਆ ਹੈ, ਸੱਤਵੇਂ ਗੁਰੂ ਜੀ ਨੇ ਵੱਡਾ ਤਖਤ ਲਿਆ ਹੈ। ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਯਥਾ ਯੋਗ ਕਰਕੇ ਸਾਰਿਆਂ ਵਿਚ ਸ੍ਰੀ ਗੁਰੂ ਹਰਿਰਾਇ ਜੀ ਨੂੰ ਪ੍ਰਗਟ ਤੇ ਉੱਚਾ ਕੀਤਾ ਹੈ॥੩੫॥

ਪੁਨ ਉਠਿ ਕਰਿ ਗਮਨੇ ਨਿਜ ਥਾਨ। ਪੌਤ੍ਰਾ ਸੰਗ ਲੀਨਿ ਗਹਿ ਪਾਨ।
ਜਾਇ ਪ੍ਰਵੇਸ਼ੇ ਸੁਭ ਘਰ ਮਾਂਹਿ। ਬੈਠਿ ਪ੍ਰਯੰਕ ਬਿਠਾਏ ਪਾਹਿ॥ ੩੬॥

ਫਿਰ ਉੱਠ ਕੇ ਆਪਣੇ ਸਥਾਨ ਤੇ ਚਲੇ ਗਏ, ਪੋਤਰੇ ਦਾ ਹੱਥ ਫੜ ਕੇ ਆਪਣੇ ਨਾਲ ਲੈ ਗਏ। ਸਾਰੇ ਜਾ ਕੇ ਘਰ ਵਿਚ ਪ੍ਰਵੇਸ਼ ਕਰ ਗਏ, ਪਲੰਘ ਉੱਤੇ ਬੈਠ ਕੇ ਆਪਣੇ ਪਾਸ ਬਿਠਾ ਲਏ॥੩੬॥

ਸੰਗਤਿ ਅਰੁ ਮਸੰਦ ਉਠਿ ਚਾਲੇ। ਸਭਿਹਿਨਿ ਕੇ ਉਰ ਛੁਭਤਿ ਬਿਸਾਲੇ।
'ਸਤਿਗੁਰ ਤਨ ਤਜਾਗਨ ਕੋ ਚਹਾ। ਤੌ ਇਹ ਕ੍ਰਿਤ ਕਰੀ ਸਭਿ ਮਹਾਂ'॥ ੩੭॥

ਸੰਗਤ ਅਤੇ ਮਸੰਦ ਵੀ ਉੱਠ ਕੇ ਚਲ ਪਏ, ਸਾਰਿਆਂ ਦੇ ਹਿਰਦੇ ਬਹੁਤ ਘਬਰਾਏ ਹੋਏ ਸਨ। ਉਹ ਸੋਚਦੇ ਸਨ, "ਸਤਿਗੁਰੂ ਜੀ ਹੁਣ ਸਰੀਰ ਛੱਡਣਾ ਚਾਹੁੰਦੇ ਹਨ, ਇਸ ਕਰਕੇ ਇਹ ਮਹਾਨ ਕ੍ਰਿਤ ਕੀਤੀ ਹੈ"॥੩੭॥

ਮਿਲਿ ਮਿਲਿ ਆਪਸ ਮਹਿਂ ਬਹੁ ਕਹੈਂ। 'ਲਘੁ ਪੌਤ੍ਰੇ ਗੁਰਤਾ ਸਭਿ ਲਹੈ।
ਤੀਨੋ ਪੁੱਤ੍ਰ ਛੂਛ ਹੀ ਰਹੇ। ਜੇਸ਼ਟ ਪੌਤ੍ਰਾ ਕਛੂ ਨ ਲਹੇ॥ ੩੮॥

ਆਪਸ ਵਿਚ ਮਿਲ-ਮਿਲ ਕੇ ਬਹੁਤ ਕਹਿੰਦੇ ਸਨ, "ਛੋਟੇ ਪੋਤਰੇ ਨੇ ਗੁਰਤਾ ਲੈ ਲਈ ਹੈ। ਤਿੰਨੇ ਪੁੱਤਰ ਖਾਲੀ ਰਹੇ ਹਨ, ਜੇਠੇ ਪੋਤਰੇ ਨੇ ਕੁਝ ਨਹੀਂ ਲਿਆ॥੩੮॥

ਗੁਰ ਤਨ ਤਜਨਿ ਬਿਲੰਬ ਨ ਹੋਈ'। ਆਦਿ ਕੁਟੰਬ ਲਖਯੋ ਸਭਿ ਕੋਈ।
ਤੇਜ ਬਿਸਾਲ ਜਿਨਹੁਂ ਬਿਰਧਾਯਹੁ। ਪੀਰੀ ਮੀਰੀ ਤਖਤ ਬਨਾਯਹੁ॥ ੩੯॥

ਗੁਰੂ ਜੀ ਦੇ ਸਰੀਰ ਛੱਡਣ ਵਿਚ ਹੁਣ ਦੇਰ ਨਹੀਂ ਲਗੇਗੀ।" ਸਾਰੇ ਪਰਿਵਾਰ ਆਦਿ ਨੇ ਸਮਝ ਲਿਆ। ਜਿਨ੍ਹਾਂ ਨੇ ਵਿਸ਼ਾਲ ਤੇਜ ਵਧਾਇਆ ਹੈ ਤੇ ਪੀਰੀ ਮੀਰੀ ਦਾ ਤਖਤ ਬਣਾਇਆ ਹੈ॥੩੯॥

*ਅੱਠਵੀਂ ਰਾਸ ਦਾ ਤਰਵੰਝਵਾਂ ਅਧਿਆਇ ਸਮਾਪਤ ਹੋਇਆ॥੫੩॥*

# ਅਧਿਆਇ ਚਰਵੰਝਵਾਂ

*ਸ੍ਰੀ ਸੂਰਜ ਮਲ ਤੇ ਮਾਤਾ ਮਰਵਾਹੀ ਜੀ*

ਦੋਹਰਾ-ਸੁਧ ਕੇ ਸੁਨਤਿ ਕੁਟੰਬ ਸਭਿ ਚਿੰਤਾ ਕੇ ਬਸਿ ਹੋਇ।
ਬਹੁਤ ਬਿਸੂਰਤਿ ਦੁਖੀ ਮਨ ਬਿੱਪ੍ਰੀ ਦੁਹਿਬਿਧਿ ਜੋਇ॥ ੧॥

ਇਹ ਖਬਰ ਸੁਣ ਕੇ ਸਾਰਾ ਪਰਿਵਾਰ ਚਿੰਤਾ ਦੇ ਵੱਸ ਵਿਚ ਹੋ ਗਿਆ। ਬਹੁਤ ਦੁਖੀ ਹੋ ਕੇ ਮਨ ਮੁਰਝਾ ਗਿਆ ਜਦ ਦੋਵੇਂ ਗੱਲਾਂ ਭਾਵ ਪੋਤਰੇ ਨੂੰ ਗੁਰਿਆਈ ਦੇਣਾ ਅਤੇ ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਜੋਤੀ ਜੋਤਿ ਸਮਾਉਣਾ ਪ੍ਰਤਿਕੂਲ ਵੇਖਿਆ॥੧॥

ਚੌਪਈ-ਭਈ ਛੁਭਤਿ ਉਰ, ਸੁਨਿ ਮਰਵਾਹੀ। ਜਿਸ ਕੋ ਹਿਤ ਹੋਯੋ ਕਿਮ ਨਾਂਹੀ।
'ਮੋਹਿ ਪੁੱਤ੍ਰ ਉਚਤੀ ਸਭਿ ਬਾਤ। ਧਾਰਤਿ ਗੁਨਨਿ ਰਿਦਾ ਅਵਦਾਤ' ॥ ੨ ॥

ਮਰਵਾਹੀ ਇਹ ਸੁਣ ਕੇ ਹਿਰਦੇ ਵਿਚ ਬਹੁਤ ਘਬਰਾ ਗਈ, ਜਿਸ ਦੇ ਮਤਲਬ ਦੀ ਗੱਲ ਕੋਈ ਵੀ ਨਹੀਂ ਹੋਈ ਸੀ। ਸੋਚਦੀ ਸੀ, "ਇਹ ਸਾਰੀ ਗੱਲ ਮੇਰੇ ਪੁੱਤਰ ਵਾਸਤੇ ਉਚਿਤ ਸੀ ਜਿਸ ਨੇ ਸਾਰੇ ਗੁਣ ਧਾਰਨ ਕੀਤੇ ਹਨ ਤੇ ਹਿਰਦਾ ਬੜਾ ਉੱਜਲ ਹੈ" ॥੨॥

ਲਖਿ ਅਵਕਾਸ਼ ਗੁਰੂ ਢਿਗ ਆਈ। ਬੈਠਿ ਆਪਨੀ ਬ੍ਰਿਥਾ ਸੁਨਾਈ।
'ਮੋ ਸੁਤ ਮਹਿਂ ਕਹਾ ਅਵਗੁਨ ਜਾਨਾ ?। ਜਿਸ ਤੇ ਰਾਖਹੁ ਛੂਛ ਸੁਜਾਨਾ ! ॥੩ ॥

ਗੁਰੂ ਜੀ ਦਾ ਸਥਾਨ ਵੇਖ ਕੇ ਉਨ੍ਹਾਂ ਦੇ ਪਾਸ ਆਈ ਤੇ ਬੈਠ ਕੇ ਆਪਣੀ ਸਾਰੀ ਵਿਥਿਆ ਸੁਣਾਈ, "ਮੇਰੇ ਪੁੱਤਰ ਵਿਚ ਕੀ ਔਗੁਣ ਜਾਣਿਆ ਹੈ ? ਜਿਸ ਕਰਕੇ ਆਪ ਜੀ ਨੇ ਉਸ ਨੂੰ ਖਾਲੀ ਭਾਵ ਗੁਰਤਾ ਰਹਿਤ ਰਖਿਆ ਹੈ ॥੩॥

ਰਾਵਰ ਕੇ ਅਨੁਸਾਰੀ ਸਦਾ। ਮਾਨਤਿ ਰਹਜੋ ਹੁਕਮ ਜਦ ਕਦਾ।
ਜਿਸ ਕੋ ਚਿਤ ਸੇਵਾ ਮਹਿਂ ਰਹਜੋ। ਅੰਤ ਸਮੈ ਲੌ ਕੁਛ ਨਹਿਂ ਲਹਜੋ ॥ ੪ ॥

ਉਹ ਸਦਾ ਹੀ ਆਪ ਜੀ ਦੀ ਆਗਿਆ ਅਨੁਸਾਰ ਰਿਹਾ ਹੈ, ਜਦ ਕਦੇ ਵੀ ਆਪ ਜੀ ਦਾ ਹੁਕਮ ਮੰਨਦਾ ਰਿਹਾ ਹੈ। ਜਿਸ ਦਾ ਚਿੱਤ ਸਦਾ ਸੇਵਾ ਵਿਚ ਲੱਗਾ ਰਿਹਾ ਹੈ, ਅੰਤ ਸਮੇਂ ਤਕ ਕੁਝ ਨਹੀਂ ਲਿਆ ਹੈ ॥੪॥

ਕਹਾਂ ਕਰਹਿਂਗੇ ਰਾਵਰਿ ਪਾਛੇ। ਕਿਮ ਗੁਜ਼ਰਾਨ ਚਲਾਵੈਂ ਆਛੇ।
ਘਰ ਕੇ ਖਰਚ ਅਨੇਕ ਪ੍ਰਕਾਰਾ। ਅਬਿ ਲੌ ਆਪਿ ਲੇਤਿ ਸਭਿ ਸਾਰਾ ॥ ੫ ॥

ਆਪ ਜੀ ਦੇ ਪਿੱਛੋਂ ਕੀ ਕਰਾਂਗੇ, ਕਿਵੇਂ ਚੰਗਾ ਗੁਜ਼ਾਰਾ ਚਲਾਵੇਗਾ। ਘਰ ਦਾ ਖਰਚ ਅਨੇਕ ਪ੍ਰਕਾਰ ਦਾ ਹੈ, ਹੁਣ ਤਕ ਆਪ ਹੀ ਸਾਰਾ ਖਰਚ ਕਰਦੇ ਰਹੇ ਹੋ ॥੫॥

ਜਗ ਗੁਰ ਸਭਿ ਤੇ ਅਹੋ ਬਡੇਰੇ। ਦੇਤਿ ਉਪਾਇਨ ਲੋਕ ਘਨੇਰੇ।
ਪੁੱਤ੍ਰ ਆਪ ਕੇ ਜੇ ਇਮ ਰਹੈਂ। ਦੇਖਹਿਂ ਨਰ ਤਬਿ ਕਹਾ ਜਸ ਕਹੈਂ ॥ ੬ ॥

ਜਗਤ ਗੁਰੂ ਸਭ ਤੋਂ ਵੱਡੇ ਹਨ, ਲੋਕ ਬਹੁਤ ਉਪਹਾਰ ਦਿੰਦੇ ਹਨ। ਜੇ ਆਪ ਜੀ ਦੇ ਪੁੱਤਰ ਇਸ ਤਰ੍ਹਾਂ ਰਹੇ ਤਾਂ ਲੋਕ ਵੇਖ ਕੇ ਕੀ ਜੱਸ ਕਰਨਗੇ ॥੬॥

ਪਰਹਿ ਮੰਦ ਇਨ ਕੀ ਗੁਜ਼ਰਾਨ। ਤਬਿ ਇਹ ਕਹਾਂ ਕ੍ਰਿਤਿ ਕੋ ਠਾਨਿ।
ਅਬਿ ਲੌ ਸੀਖੇ ਨਹਿਂ ਕੁਛ ਕਰਿਬੋ। ਪਿਤਾ ਸਮ੍ਰੱਥ ਉਦਾਰ ਬਿਚਰਿਬੋ ॥੭ ॥

ਇਨ੍ਹਾਂ ਦਾ ਗੁਜ਼ਾਰਾ ਮੰਦਾ ਪੈ ਜਾਵੇਗਾ, ਤਦ ਇਹ ਕਿਹੜੀ ਕਿਰਤ ਨੂੰ ਕਰਨਗੇ। ਹੁਣ ਤਕ ਕੁਝ ਵੀ ਕਰਨਾ ਸਿੱਖੇ ਨਹੀਂ ਹਨ। ਸਮਰਥ ਪਿਤਾ ਜੀ ਬੜੀ ਖੁਲ੍ਹ-ਦਿਲੀ ਨਾਲ ਵਿਚਰਦੇ ਸਨ ॥੭॥

ਇਹ ਮਾਲਿਕ ਥੇ ਪੁੱਤ੍ਰ ਤੁਮਾਰੇ। ਸਭਿ ਬਿਧਿ ਛੂਛੇ ਰਾਖਿ ਲਚਾਰੇ।
ਕਹਾਂ ਕਰਹਿਂ ਅਬਿ ਦੇਹੁ ਬਤਾਇ। ਜਥਾ ਜੀਵਕਾ ਏਹ ਚਲਾਇਂ ॥ ੮ ॥

ਇਹ ਤੁਹਾਡੇ ਪੁੱਤਰ ਮਾਲਕ ਸਨ, ਸਭ ਵਿਧੀਆਂ ਨਾਲ ਖਾਲੀ ਰੱਖ ਕੇ ਗਰੀਬ ਬਣਾ ਦਿੱਤੇ ਹਨ। ਇਹ ਹੁਣ ਕੀ ਕਰਨਗੇ ਸਾਨੂੰ ਦੱਸ ਦੇਵੋ, ਜਿਸ ਤਰ੍ਹਾਂ ਇਹ ਆਪਣਾ ਗੁਜ਼ਾਰਾ ਕਰਨ ॥੮॥

ਪੌਤ੍ਰਾ ਮਾਲਿਕ ਆਪ ਬਨਾਯਹੁ। ਗੁਰਤਾ ਦੇ ਕਰਿ ਬਹੁ ਬਿਦਤਾਯਹੁ।
ਰਚੇ ਸ਼ਰੀਕਨਿ ਕੋ ਮਨ ਜਾਨਹਿ। ਕਿਮ ਹਰਿਰਾਇ ਪ੍ਰੇਮ ਕੋ ਠਾਨਹਿ ॥ ੯ ॥

ਪੋਤਰੇ ਨੂੰ ਆਪ ਜੀ ਨੇ ਮਾਲਕ ਬਣਾ ਦਿੱਤਾ ਹੈ, ਗੁਰਤਾ ਦੇ ਕੇ ਬਹੁਤ ਪ੍ਰਸਿੱਧ ਕੀਤਾ ਹੈ, ਉਹ ਚਾਚਿਆਂ ਨੂੰ ਮਨ ਵਿਚ ਸ਼ਰੀਕ ਜਾਣਨਗੇ, ਸ੍ਰੀ ਹਰਿਰਾਇ ਜੀ ਕਿਵੇਂ ਪ੍ਰੇਮ ਕਰਨਗੇ" ॥੯॥

ਸੁਨਿ ਸ੍ਰੀ ਹਰਿਗੋਵਿੰਦ ਬਖਾਨੀ। 'ਕਜੋਂ ਚਿੰਤਾ ਚਿਤ ਕੀਨਿ ਮਹਾਨੀ।
ਮਤਸਰ ਆਦਿ ਤਜਾਗ ਉਰ ਦੀਜੈ। ਨਹੀਂ ਛੋਭ ਕੋ ਮਨ ਮਹਿਂ ਕੀਜੈ॥੧੦॥

ਇਹ ਸੁਣ ਕੇ ਸ੍ਰੀ ਹਰਿਗੋਬਿੰਦ ਜੀ ਨੇ ਕਿਹਾ, "ਕਿਉਂ ਚਿੱਤ ਵਿਚ ਏਨੀ ਮਹਾਨ ਚਿੰਤਾ ਕਰਦੀ ਹੈਂ। ਹਿਰਦੇ ਦੇ ਹੰਕਾਰ ਨੂੰ ਤਿਆਗ ਦੇਵੇ, ਮਨ ਵਿਚ ਕਿਸੇ ਪ੍ਰਕਾਰ ਵੀ ਵਿਆਕੁਲ ਨਾ ਹੋਵੇ॥੧੦॥

ਗੁਰ ਕੇ ਸਿੱਖ ਜਿ ਸਿਦਕ ਕਮਾਵੈਂ। ਤਿਨ ਪਰਵਾਹਿ ਨ, ਸਭਿ ਕਿਛ ਪਾਵੈਂ।
ਦੁਹਿਂ ਲੋਕਨ ਕੇ ਸੁਖ ਕੋ ਲੇਤਿ। ਕਮੀ ਨ ਕੋਈ ਰਹੈ ਨਿਕੇਤ॥ ੧੧॥

ਗੁਰੂ ਦਾ ਸਿੱਖ ਜਿਹੜਾ ਸਿਦਕ ਕਮਾਉਂਦਾ ਹੈ, ਉਸ ਨੂੰ ਕਿਸੇ ਗੱਲ ਦੀ ਪ੍ਰਵਾਹ ਨਹੀਂ ਰਹਿੰਦੀ ਸਭ ਕੁਝ ਪਾਉਂਦਾ ਹੈ, ਉਹ ਦੋਵਾਂ ਲੋਕਾਂ ਦਾ ਸੁੱਖ ਲੈਂਦਾ ਹੈ ਤੇ ਘਰ ਵਿਚ ਕੋਈ ਘਾਟ ਨਹੀਂ ਰਹਿ ਜਾਂਦੀ ਹੈ॥੧੧॥

ਇਹੁ ਗੁਰ ਕੇ ਸੁਤ ਸਭਿ ਕਿਛ ਲਾਇਕ। ਸਕਲ ਸੰਗਤਾਂ ਚਰਨ ਮਨਾਇਕ।
ਇਨ ਕੋ ਕਹਾਂ ਰਹੈ ਪਰਵਾਹੂ। ਸਰਬ ਪਦਾਰਥ ਹੈ ਘਰ ਮਾਂਹੂ॥ ੧੨॥

ਇਹ ਗੁਰੂ ਦੇ ਪੁੱਤਰ ਸਭ ਕੁਝ ਦੇ ਲਾਇਕ ਹਨ, ਸਾਰੀਆਂ ਸੰਗਤਾਂ ਇਨ੍ਹਾਂ ਦੇ ਚਰਨਾਂ ਦੀ ਪੂਜਾ ਕਰਨਗੀਆਂ। ਇਨ੍ਹਾਂ ਨੂੰ ਕਿਸੇ ਗੱਲ ਦੀ ਪ੍ਰਵਾਹ ਨਹੀਂ ਰਹੇਗੀ, ਸਾਰੇ ਪਦਾਰਥ ਘਰ ਵਿਚ ਹੋਣਗੇ॥੧੨॥

ਗੁਰਤਾ ਕੀ ਦੀਰਘ ਬਡਿਆਈ। ਸੋ ਪ੍ਰਭੁ ਕੇ ਕਰ ਅਹੈ ਸਦਾਈ।
ਜੋ ਲਾਯਕ ਸੋਈ ਇਸ ਪਾਵੈ। ਨਹਿ ਉਪਾਇ ਤੇ ਕਿਮ ਬਨਿ ਆਵੈ॥ ੧੩॥

ਗੁਰਤਾ ਦੀ ਵੱਡੀ ਵਡਿਆਈ ਹੈ, ਉਹ ਸਦਾ ਪ੍ਰਭੂ ਦੇ ਆਪਣੇ ਹੱਥਾਂ ਵਿਚ ਹੈ। ਜਿਹੜਾ ਇਸ ਦੇ ਲਾਇਕ ਹੈ, ਸੋਈ ਪਾਉਂਦਾ ਹੈ, ਕੋਈ ਉਪਾਅ ਕਰਨ ਨਾਲ ਇਹ ਹੱਥ ਨਹੀਂ ਆਉਂਦੀ ਹੈ॥੧੩॥

ਸੁਤ ਪੋਤ੍ਰੇ ਆਦਿਕ ਪ੍ਰਿਯ ਜੋਇ। ਨਹੀਂ ਸਮਰਥ ਲੇਯਬੇ ਕੋਇ।
ਪ੍ਰਥਮ ਗੁਰਨਿ ਕੋ ਚਿਤਵੈਂ ਨਾਹੀਂ। ਸਕਲ ਕੁਟੰਬ ਹੁਤੇ ਤਿਨ ਪਾਹੀ॥ ੧੪॥

ਪੁੱਤ ਪੋਤਰੇ ਆਦਿ ਜਿਹੜੇ ਪਿਆਰੇ ਹਨ, ਸਮਰੱਥਾ ਦੇ ਬਗੈਰ ਕੋਈ ਵੀ ਨਹੀਂ ਲੈ ਸਕਦਾ ਹੈ। ਪਹਿਲਿਆਂ ਗੁਰੂ ਸਾਹਿਬਾਨ ਨੂੰ ਯਾਦ ਨਹੀਂ ਕਰਦੇ ਹੋ, ਸਾਰਾ ਪਰਿਵਾਰ ਉਨ੍ਹਾਂ ਦੇ ਪਾਸ ਹੁੰਦਾ ਸੀ॥੧੪॥

ਦੇਖਜੋ ਉਚਿਤ ਦਾਸ ਕੋ ਦਈ। ਪ੍ਰਿਯ ਸਨਬੰਧੀ ਕਿਨਹੁਂ ਨ ਲਈ'।
ਸੁਨਿ ਮਰਵਾਹੀ ਰਿਸ ਉਰ ਭਾਰੀ। 'ਕਰਹਿਂ ਬਾਰਤਾ ਟਾਰਨਵਾਰੀ॥ ੧੫॥

ਜੋ ਸੇਵਕ ਨੂੰ ਉਚਿਤ ਵੇਖਿਆ ਤਾਂ ਉਸ ਨੂੰ ਗੁਰਗੱਦੀ ਦੇ ਦਿੱਤੀ, ਕਿਸੇ ਵੀ ਪਿਆਰੇ ਸੰਬੰਧੀ ਨੇ ਪ੍ਰਾਪਤ ਨਾ ਕੀਤੀ।" ਇਹ ਸੁਣ ਕੇ ਸ੍ਰੀ ਮਰਵਾਹੀ ਦਿਲ ਵਿਚ ਬਹੁਤ ਗੁੱਸੇ ਵਿਚ ਭਰ ਗਈ। "ਇਹ ਤਾਂ ਟਾਲਣ ਵਾਲੀ ਗੱਲ ਕਰਦੇ ਹਨ॥੧੫॥

ਇਨ ਕੋ ਤਨ ਤਜਾਗਨਿ ਕੋ ਸਮੈ। ਪਾਛੇ ਕੌਨ ਮਾਨਿ ਹੈ ਹਮੈਂ।
ਪਤਿ ਪਰ ਹੀ ਹਮਰੋ ਭਰਵਾਸਾ। ਇਨ ਤੇ ਭੀ ਅਬਿ ਭਏ ਨਿਰਾਸਾ॥ ੧੬॥

ਇਨ੍ਹਾਂ ਦੇ ਸਰੀਰ ਛੱਡਣ ਦਾ ਸਮਾਂ ਆ ਗਿਆ ਹੈ, ਪਿੱਛੋਂ ਸਾਨੂੰ ਕਿਸ ਉਤੇ ਮਾਣ ਹੈ। ਪਤੀ ਉਤੇ ਹੀ ਸਾਨੂੰ ਭਰਵਾਸਾ ਹੈ, ਇਨ੍ਹਾਂ ਤੋਂ ਵੀ ਹੁਣ ਸਾਨੂੰ ਨਿਰਾਸ਼ਾ ਹੋਈ ਹੈ॥੧੬॥

ਪਤਿ ਕੇ ਜੀਵਤਿ ਵਹਿਰ ਸਿਧਾਊਂ। ਕੈ ਅਬਿ ਵਸਤੁ ਇਨ੍ਹੋ ਤੇ ਪਾਊਂ।
ਇਮ ਬਿਚਾਰਿ ਚਿਤ ਮਹਿਂ ਉਪਜਾਈ। ਗੁਰੂ ਨਿਕਟਿ ਤੇ ਉਠਿ ਕਰਿ ਆਈ॥੧੭॥

ਪਤੀ ਦੇ ਜੀਊਂਦਿਆਂ ਬਾਹਰ ਚਲੀ ਜਾਵਾਂ ਜਾਂ ਹੁਣ ਅਸਲ ਵਸਤੂ ਇਨ੍ਹਾਂ ਤੋਂ ਪਾਵਾਂ।" ਇਸ ਤਰ੍ਹਾਂ ਚਿੱਤ ਵਿਚ ਚਿੰਤਾ ਉਪਜਾਈ ਤੇ ਗੁਰੂ ਜੀ ਪਾਸੋਂ ਉਠ ਕੇ ਆ ਗਈ॥੧੭॥

ਨਿਜ ਘਰ ਮਹਿਂ ਸਭਿ ਤਜਾਰੀ ਕੀਨਿ। ਸੂਰਜਮਲ ਬੁਲਾਇ ਢਿਗ ਲੀਨਿ।
'ਸੁਨਹੁ ਪੁੱਤ੍ਰ ! ਅਬਿ ਕਜਾ ਹਮ ਕਾਜੂ। ਕਰੇ ਨਿਰਾਸ ਗੁਰੂ ਮਹਾਰਾਜੂ॥੧੮॥

ਆਪਣੇ ਘਰ ਵਿਚ ਸਭ ਤਿਆਰੀ ਕੀਤੀ ਤੇ ਸੂਰਜ ਮੱਲ ਨੂੰ ਆਪਣੇ ਪਾਸ ਬੁਲਾ ਲਿਆ, ਤੇ ਕਿਹਾ, "ਹੇ ਪੁੱਤਰ ! ਸੁਣੋ, ਹੁਣ ਸਾਡਾ ਏਥੇ ਕੀ ਕੰਮ ਹੈ, ਗੁਰੂ ਮਹਾਰਾਜ ਨੇ ਨਿਰਾਸ਼ ਕਰ ਦਿੱਤਾ ਹੈ॥੧੮॥

ਇਨਕੋ ਤਨ ਜਬਿ ਲਗ ਥਿਰ ਅਹੈ। ਤਬਿ ਲੌ ਇਹਾਂ ਰਹਨਿ ਹਮ ਲਹੈਂ।
ਪੁਨ ਹਰਿਰਾਇ ਮਾਲਕੀ ਲੀਨਿ। ਕਿਮ ਕੁਛ ਦੇਇ ਸ਼ਰੀਕਾ ਚੀਨ॥ ੧੯॥

ਇਨ੍ਹਾਂ ਦਾ ਸਰੀਰ ਜਦ ਤਕ ਸਥਿਰ ਹੈ, ਤਦ ਤਕ ਅਸੀਂ ਏਥੇ ਰਹਾਂਗੇ। ਫਿਰ ਸ੍ਰੀ ਹਰਿਰਾਇ ਮਾਲਕੀ ਲੈ ਲੈਣਗੇ, ਸ਼ਰੀਕਾ ਜਾਣ ਕੇ ਕਿਵੇਂ ਕੁਝ ਦੇਣਗੇ। ੧੯॥

ਬਡੇ ਪੌਤ੍ਰ ਨੇ ਪੁਰਿ ਕਰਤਾਰ। ਛਲ ਕਰਿ ਲੀਨੋ ਸਰਬ ਸੰਭਾਰ।
ਤਹਾਂ ਗ੍ਰੰਥ ਸਾਹਿਬ ਭੀ ਰਾਖਜੋ। ਨਹੀਂ ਪਿਤਾਮੇ ਕੋ ਢਿਗ ਕਾਂਖਜੋ॥ ੨੦॥

ਵੱਡੇ ਪੋਤਰੇ ਨੇ ਛਲ ਕਰਕੇ ਸਾਰਾ ਕਰਤਾਰਪੁਰ ਸੰਭਾਲ ਲਿਆ ਹੈ, ਉਥੇ ਗ੍ਰੰਥ ਸਾਹਿਬ ਵੀ ਰਖਿਆ ਹੈ, ਪਿਤਾਮੇ ਪਾਸ ਰਹਿਣਾ ਨਹੀਂ ਚਾਹਿਆ ਹੈ॥੨੦॥

ਤੁਮ ਨਿਤ ਨਿਕਟਿ ਰਹੇ ਕਜਾ ਪਾਯੋ ?। ਯਾਂਤੇ ਅਬੈ ਰਹਨਿ ਨਹਿਂ ਭਾਯੋ।
ਚਲਹੁ ਜੀਵਕਾ ਕੁਛ ਕਿਤ ਕਰੀਏ। ਇਨ ਤੇ ਆਸ ਨ ਉਰ ਕੁਛ ਧਰੀਏ' ॥੨੧॥

ਤੂੰ ਸਦਾ ਇਨ੍ਹਾਂ ਦੇ ਪਾਸ ਰਿਹਾ ਹੈਂ, ਕੀ ਪਾਇਆ ਹੈ, ਇਸ ਕਰਕੇ ਹੁਣ ਰਹਿਣਾ ਚੰਗਾ ਨਹੀਂ ਲਗਦਾ ਹੈ। ਚਲੋ ਕਿਸੇ ਸਥਾਨ ਤੇ ਜਾ ਕੇ ਰੋਜ਼ੀ ਕਮਾਈਏ, ਇਨ੍ਹਾਂ ਉਤੇ ਕਿਸੇ ਪ੍ਰਕਾਰ ਦੀ ਵੀ ਆਸ ਨਾ ਧਾਰਨ ਕਰੀਏ' ॥੨੧॥

ਇੱਤਜਾਦਿਕ ਸੁਤ ਕੋ ਸਮੁਝਾਯੋ। ਉਠਿ ਚਲਿਬੋ ਚਿਤ ਮਹਿਂ ਤਬਿ ਭਾਯੋ।
ਵਸਤੁ ਸਕਟ ਪਰ ਸਭਿ ਲਦਵਾਈ। 'ਹਮ ਨਹਿਂ ਬਾਸਹਿਂ' ਸਭਿਨਿ ਸੁਨਾਈ॥੨੨॥

ਇੱਤਆਦਿ ਪੁੱਤਰ ਨੂੰ ਸਮਝਾਇਆ, ਉੱਠ ਕੇ ਚਲਣਾ ਫਿਰ ਚਿੱਤ ਵਿਚ ਚੰਗਾ ਲੱਗਾ। ਛਕੜੇ ਉੱਤੇ ਸਭ ਵਸਤਾਂ ਲਦਵਾ ਲਈਆਂ, 'ਅਸੀਂ ਏਥੇ ਨਹੀਂ ਵੱਸਾਂਗੇ' ਸਭ ਨੂੰ ਸੁਣਾਇਆ॥੨੨॥

ਨਿਜ ਸਜੰਦਨ ਜੁਰਿਵਾਇ ਮੰਗਾਯੋ। ਚਪਲ ਤੁਰੰਗ ਪੁੱਤ੍ਰ ਹਿਤ ਆਯੋ।
ਦਾਸੀ ਬਹਿਲ ਬਿਖੈ ਚਢਿਵਾਇ। ਸਭਿ ਸਮਾਜ ਨਿਜ ਸੰਗ ਲਵਾਇ॥੨੩॥

ਆਪ ਰੱਥ ਮੰਗਵਾ ਕੇ ਜੁੜਵਾਏ, ਚੰਚਲ ਘੋੜਾ ਪੁੱਤਰ ਵਾਸਤੇ ਆਇਆ। ਦਾਸੀਆਂ ਨੂੰ ਗੜਬਹਿਲ ਵਿਚ ਚੜ੍ਹਾ ਲਿਆ ਤੇ ਸਾਰਾ ਸਾਮਾਨ ਆਪਣੇ ਨਾਲ ਲਵਾ ਲਿਆ॥੨੩॥

ਨਿਕਸੇ ਕੀਰਤਪੁਰਿ ਕੋ ਛੋਰਿ। ਦੌਰੇ ਦਾਸ ਗਏ ਗੁਰੂ ਓਰ।
ਨਿਕਟਿ ਹੋਇ ਅਰਦਾਸ ਉਚਾਰੀ। 'ਕਰਸਿ ਮਾਤ ਸੂਰਜ ਮਲ ਤਜਾਰੀ॥੨੪॥

ਕੀਰਤਪੁਰ ਛੱਡ ਕੇ ਬਾਹਰ ਨਿਕਲੇ, ਦਾਸ ਭੱਜ ਕੇ ਗੁਰੂ ਜੀ ਪਾਸ ਗਏ। ਪਾਸ ਜਾ ਕੇ ਬੇਨਤੀ ਕੀਤੀ, "ਮਾਤਾ ਮਰਵਾਹੀ ਜੀ ਅਤੇ ਸ੍ਰੀ ਸੂਰਜ ਮੱਲ ਨੇ ਕੀਰਤਪੁਰ ਛੱਡਣ ਦੀ ਤਿਆਰੀ ਕਰ ਲਈ ਹੈ॥੨੪॥

ਨਿਕਸਿ ਗਏ ਪੁਰਿ ਵਹਿਰ ਨਿਹਾਰੇ। ਕੋ ਜਾਨੇ ਕਿਸ ਥਾਨ ਸਿਧਾਰੇ'।
ਸੁਨਿ ਗੁਰ ਹਰਿਗਵਿੰਦ ਤਬਿ ਕਹਤੇ। ਭਾਨੇ ਸਾਹਿਬ ਕੋ ਢਿਗ ਲਹਤੇ॥੨੫॥

ਨਗਰ ਵਿਚੋਂ ਬਾਹਰ ਨਿਕਲਦੇ ਵੇਖੇ ਹਨ, ਪਤਾ ਨਹੀਂ ਕਿਸ ਥਾਂ ਗਏ ਹਨ।" ਇਹ ਸੁਣ ਕੇ ਸ੍ਰੀ ਗੁਰੂ ਹਰਿਗੋਬਿੰਦ ਨੇ ਭਾਨੇ ਸਾਹਿਬ ਨੂੰ ਜਦ ਆਪਣੇ ਪਾਸ ਵੇਖਿਆ ਤਾਂ ਕਿਹਾ॥੨੫॥

'ਗਮਨਹੁ ਤੂਰਨ ਕਰਹੁ ਬਹੋਰਨ। ਸਮੁਝਾਵਹੁ ਆਨਹੁ ਕਰਿ ਮੋਰਨ'।
ਸੁਨਤਿ ਗਯੋ ਤਤਛਿਨ ਤਹਿਂ ਭਾਨਾ। ਰੋਕਿ ਅਗਾਰੀ ਬਾਕ ਬਖਾਨਾ॥ ੨੬॥

"ਤੁਰਤ ਜਾਵੋ ਤੇ ਉਨ੍ਹਾਂ ਨੂੰ ਮੋੜ ਲਿਆਵੋ, ਸਮਝਾ ਕੇ ਮੋੜ ਕੇ ਲੈ ਆਵੋ।" ਇਹ ਸੁਣ ਕੇ ਬਾਬਾ ਭਾਨਾ ਜੀ ਤੁਰਤ ਉਥੇ ਚਲੇ ਗਿਆ, ਅੱਗੇ ਜਾ ਕੇ ਰੋਕ ਕੇ ਬਚਨ ਕੀਤਾ॥੨੬॥

'ਸੁਨਹੁ ਮਾਤ! ਜਬਿ ਲਗਿ ਗੁਰ ਤਨ ਹੈ। ਤੁਮਰੋ ਗਮਨ ਕਹੂੰ ਨਹਿ ਬਨਿ ਹੈ।
ਏਕ ਬਾਕ ਤੇ ਸਭਿ ਕੁਛ ਹੋਇ। ਅਸ ਪਤਿ ਕੋ ਸੇਵਨ ਸੁਭ ਜੋਇ॥ ੨੭॥

"ਹੇ ਮਾਤਾ ਜੀ! ਸੁਣੋ, ਜਦ ਤਕ ਗੁਰੂ ਜੀ ਦਾ ਸਰੀਰ ਹੈ, ਤੁਹਾਡਾ ਕਿਤੇ ਜਾਣਾ ਵੀ ਨਹੀਂ ਬਣਦਾ ਹੈ। ਉਨ੍ਹਾਂ ਦੇ ਇਕ ਵਾਕ ਨਾਲ ਹੀ ਸਭ ਕੁਝ ਹੋ ਜਾਂਦਾ ਹੈ। ਐਸੇ ਪਤੀ ਦੀ ਸੇਵਾ ਕਰਨਾ ਹੀ ਸ਼ੁਭ ਹੈ॥੨੭॥

ਸੂਰਜਮਲ ਭੀ ਤਿਨ ਸੁਤ ਪਜਾਰੇ। ਸਭਿ ਕਿਛ ਦੈ ਹੈਂ ਰਖੈਂ ਸੁਖਾਰੇ।
ਪ੍ਰਿਯ ਬਾਕਨਿ ਕੋ ਕਹਤਿ ਹਮੇਸ਼। ਸਤਿਗੁਰ ਕਰੁਨਾ ਕਰਤਿ ਵਿਸ਼ੇਸ਼॥ ੨੮॥

ਸੂਰਜ ਮੱਲ ਵੀ ਉਨ੍ਹਾਂ ਦੇ ਪਿਆਰੇ ਪੁੱਤਰ ਹਨ, ਸਭ ਕੁਝ ਦੇ ਕੇ ਸੁਖੀ ਰੱਖਣਗੇ। ਸਦਾ ਪਿਆਰੇ ਬਚਨ ਕਹਿੰਦੇ ਹਨ, ਸਤਿਗੁਰੂ ਜੀ ਵਿਸ਼ੇਸ਼ ਤੌਰ ਤੇ ਕਿਰਪਾ ਕਰਦੇ ਹਨ॥੨੮॥

ਤਿਨ ਸੋਂ ਰੂਠਨਿ ਨਹਿ ਬਨਿ ਆਵੈ। ਭੂਤ ਭਵਿੱਖਜ ਜੁ ਸਭਿ ਲਖਿ ਪਾਵੈਂ।
ਅਬਿਹ ਵਸਹੁ ਪਰਵਾਰ ਕਿ ਬੀਚ। ਕਯੋਂ ਮਾਨਤਿ ਹੋ ਰਿਸ ਮਨ ਬੀਚ॥ ੨੯॥

ਉਨ੍ਹਾਂ ਨਾਲ ਰੁਸਣਾ ਨਹੀਂ ਬਣਦਾ ਹੈ, ਭੂਤ ਭਵਿੱਖ ਨੂੰ ਜੋ ਸਮਝਦੇ ਹਨ। ਹੁਣ ਪਰਿਵਾਰ ਦੇ ਵਿਚ ਵਸੋ, ਮਨ ਵਿਚ ਕਿਉਂ ਰੋਸ ਮੰਨਦੇ ਹੋ॥੨੯॥

ਸੁਤ ਕੀ ਕੁਸ਼ਲ ਬੰਸ ਬਿਰਧਾਵਨ। ਇਹ ਚਿਤ ਚਹੁ ਪਤਿ ਤੇ ਕਰਿ ਪਾਵਨ।
ਸਭਿ ਕੇ ਮਨ ਕੀ ਜਾਨਹਿਂ ਸ੍ਵਾਮੀ। ਛਪਹਿ ਨਹੀਂ ਕੁਛ, ਅੰਤਰਜਾਮੀ'॥ ੩੦॥

ਪੁੱਤਰ ਦੀ ਸੁਖੀ-ਸੁਖੀ ਵੰਸ ਵਧੇ, ਇਹ ਚਿੱਤ ਵਿਚ ਚਾਹ ਕੇ ਪਤੀ ਪਾਸੋਂ ਪਾਵੋ। ਸਵਾਮੀ ਜੀ ਸਾਰਿਆਂ ਦੇ ਮਨ ਦੀ ਜਾਣਦੇ ਹਨ। ਅੰਤਰਜਾਮੀ ਗੁਰੂ ਜੀ ਪਾਸੋਂ ਕੁਝ ਵੀ ਲੁਕਿਆ ਨਹੀਂ ਹੈ'॥੩੦॥

ਸੁਨਿ ਮਰਵਾਹੀ ਬਾਕ ਬਖਾਨਾ। 'ਅਬਿ ਸੂਰਜ ਮਲ ਬੈਸ ਮਹਾਨਾ॥
ਚਹੀਯਤਿ ਗੁਰਤਾ ਇਸ ਕੋ ਲਈ। ਕੋ ਅਵਗੁਨ ਪਿਖਿ ਨਾਹਿਨ ਦਈ?॥੩੧॥

ਇਹ ਸੁਣ ਕੇ ਮਾਤਾ ਮਰਵਾਹੀ ਜੀ ਨੇ ਕਿਹਾ, "ਹੁਣ ਸੂਰਜ ਮੱਲ ਦੀ ਵੱਡੀ ਉਮਰ ਹੈ, ਇਸ ਲਈ ਗੁਰਤਾ ਲੈਣੀ ਚਾਹੁੰਦੀ ਹਾਂ, ਕਿਹੜਾ ਔਗੁਣ ਵੇਖ ਕੇ ਇਸ ਨੂੰ ਗੁਰਤਾ ਨਹੀਂ ਦਿੱਤੀ ਹੈ?॥੩੧॥

ਲਿਯੇ ਭ੍ਰਾਤ ਬਡ ਕੇ ਸੁਤ ਟੀਕਾ। ਪਤਿ ਪੀਛੈ ਵਧਿ ਜਾਇ ਸ਼ਰੀਕਾ।
ਕਿਮ ਇਹ ਬਸਨ ਦੇਹਿੰ ਨਿਜ ਨੇਰੇ। ਅਬਹਿ ਨ ਪ੍ਰਾਪਤਿ ਜੇ ਸੁਤ ਮੇਰੇ' ॥੩੨॥

ਵੱਡੇ ਭਰਾ ਦੇ ਪੁੱਤਰ ਨੂੰ ਤਿਲਕ ਲਾਇਆ ਹੈ, ਪਤੀ ਦੇ ਬਾਅਦ ਬਹੁਤ ਸ਼ਰੀਕਾ ਵੱਧ ਜਾਵੇਗਾ, ਇਹ ਕਿਵੇਂ ਨੇੜੇ ਵੱਸਣ ਦੇਣਗੇ, ਜੇ ਹੁਣ ਮੇਰੇ ਪੁੱਤਰ ਨੂੰ ਗੁਰਤਾ ਪ੍ਰਾਪਤ ਨਹੀਂ ਹੋਈ ਹੈ"॥੩੨॥

ਸੁਨਿ ਭਾਨੇ ਸੁਭ ਬੈਨ ਬਖਾਨੇ। 'ਪਾਵਹੁ ਨਿਕਟਿ ਕਿ ਦੂਰ ਪਯਾਨੇ?।
ਰਹਹੁ ਸਮੀਪ ਕਰਹੁ ਨਿਜ ਬਿਨੈ। ਚਿਤ ਬਾਂਛਤਿ ਸਭਿ ਹੀ ਤਬਿ ਬਨੈ' ॥੩੩॥

ਬਾਬੇ ਭਾਨੇ ਨੇ ਸੁਣ ਕੇ ਸ਼ੁਭ ਬਚਨ ਕਹੇ, "ਨੇੜੇ ਰਹਿ ਕੇ ਕੁਝ ਪਾਵੇਗੇ ਕਿ ਦੂਰ ਜਾ ਕੇ? ਨੇੜੇ ਰਹੋ ਤੇ ਆਪਣੀ ਬੇਨਤੀ ਕਰੋ, ਮੂੰਹ ਮੰਗੀਆਂ ਫਿਰ ਸਭ ਮੁਰਾਦਾਂ ਮਿਲ ਜਾਣਗੀਆਂ" ॥੩੩॥

ਇੱਤਯਾਦਿਕ ਕਹਿ ਬਹੁ ਸਮੁਝਾਈ। ਲਯਾਇ ਬਹੋਰਿ  ਬਿਨੈ ਬਹੁ ਗਾਈ।
ਮਰਵਾਹੀ ਨਿਜ ਸਦਨ ਸਿਧਾਰੀ। ਧਰੀ ਵਸਤੁ ਲੇ ਲੇ ਪੁਨ ਸਾਰੀ॥ ੩੪॥

ਇੱਤਆਦਿ ਕਹਿ ਕੇ ਬਹੁਤ ਸਮਝਾਇਆ, ਬਹੁਤ ਬੇਨਤੀ ਕਰਕੇ ਮੋੜ ਲਿਆਏ। ਮਾਤਾ ਮਰਵਾਹੀ ਜੀ ਆਪਣੇ ਘਰ ਚਲੇ ਗਏ, ਫਿਰ ਸਾਰੀਆਂ ਵਸਤਾਂ ਲੈ ਲੈ ਕੇ ਧਰ ਦਿੱਤੀਆਂ॥੩੪॥

ਸੂਰਜ ਮਲ ਕੋ ਲੇ ਸੰਗ ਭਾਨਾ। ਸ੍ਰੀ ਹਰਿਗੋਵਿੰਦ ਨਿਕਟਿ ਪਯਾਨਾ।
ਪਹੁੰਚਿ ਬੰਦਨਾ ਕੀਨਿ ਅਗਾਰੀ। ਭਾਨੇ ਸਗਰੀ ਬਾਤ ਉਚਾਰੀ॥ ੩੫॥

ਬਾਬਾ ਭਾਨਾ ਜੀ ਸੂਰਜ ਮੱਲ ਨੂੰ ਆਪਣੇ ਨਾਲ ਲੈ ਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਪਾਸ ਆਏ। ਪਹੁੰਚ ਕੇ ਅੱਗੇ ਜਾ ਕੇ ਬੰਦਨਾ ਕੀਤੀ ਤੇ ਬਾਬਾ ਭਾਨਾ ਜੀ ਨੇ ਸਾਰੀ ਗੱਲ ਉਚਾਰਨ ਕੀਤੀ॥੩੫॥

'ਮਹਾਂਰਾਜ! ਰਾਵਰ ਕੇ ਪਾਛੈ। ਪ੍ਰਿਥਕ ਜੀਵਕਾ ਇਹ ਸਭਿ ਬਾਂਛੈ'।
ਨਿਕਟਿ ਖਰੇ ਸੁਤ ਓਰ ਨਿਹਾਰਾ। ਸ੍ਰੀ ਹਰਿਗੋਵਿੰਦ ਬਾਕ ਉਚਾਰਾ॥ ੩੬॥

"ਮਹਾਰਾਜ! ਆਪ ਜੀ ਦੇ ਪਿਛੋਂ, ਇਹ ਸਾਰੇ ਪਹਿਲਾਂ ਰੋਜ਼ੀ ਮੰਗਦੇ ਹਨ।" ਪਾਸ ਖੜੇ ਪੁੱਤਰ ਵੱਲ ਵੇਖਿਆ ਤੇ ਸ੍ਰੀ ਹਰਿਗੋਬਿੰਦ ਜੀ ਨੇ ਬਚਨ ਕੀਤੇ॥੩੬॥

'ਕਹੁ ਸੂਰਜਮਲ! ਕਯਾ ਚਿਤ ਅਹੈ? ਗੁਰੂ ਬਨਨ ਕੋ ਮਨ ਮਹਿੰ ਚਹੈਂ?'।
ਹਾਥ ਜੋਰਿ ਥਿਰ ਸਮੁਖ ਬਖਾਨਾ। 'ਮੈਂ ਨ ਮਨੋਰਥ ਮਨ ਇਮ ਠਾਨਾ॥ ੩੭॥

"ਹੇ ਸੂਰਜ ਮੱਲ! ਕਹੋ, ਚਿੱਤ ਵਿਚ ਕੀ ਚਾਹੁੰਦਾ ਹੈਂ? ਗੁਰੂ ਬਣਨ ਨੂੰ ਮਨ ਵਿਚ ਚਾਹੁੰਦਾ ਹੈਂ?" ਸੂਰਜ ਮੱਲ ਨੇ ਹੱਥ ਜੋੜ ਕੇ ਸਾਹਮਣੇ ਹੋ ਕੇ ਕਿਹਾ, "ਮੈਂ ਤਾਂ ਐਸਾ ਮਨੋਰਥ ਮਨ ਵਿਚ ਨਹੀਂ ਧਾਰਨ ਕੀਤਾ ਹੈ॥੩੭॥

ਜੇ ਪ੍ਰਸੰਨਤਾ ਅਪਨੀ ਠਾਨਹੁ। ਮੁਝ ਕੋ ਦੇਨੋ ਉਚਿਤੈ ਜਾਨਹੁ।
ਤੌ ਸਿੱਖੀ ਅਪਨੀ ਮੁਝ ਦੀਜੈ। ਗੁਰਤਾ ਭਾਰ ਨ ਸਹੌਂ ਲਖੀਜੈ' ॥ ੩੮॥

ਜੇ ਆਪਣੀ ਪ੍ਰਸੰਨਤਾ ਕਰੋ, ਤੇ ਮੈਨੂੰ ਕੁਝ ਦੇਣਾ ਉਚਿਤ ਜਾਣਦੇ ਹੋ ਤਾਂ ਮੈਨੂੰ ਆਪਣੀ ਸਿੱਖੀ ਬਖਸ਼ੋ, ਗੁਰਤਾ ਭਾਰ ਨਹੀਂ ਬਰਦਾਸ਼ਤ ਕਰ ਸਕਾਂਗਾ, ਇਹ ਸਮਝ ਲਵੋ"॥੩੮॥

ਸੁਨਤਿ ਪ੍ਰਸੰਨ ਕ੍ਰਿਪਾਨਿਧਿ ਹੋਏ। ਸੋ ਪ੍ਰਸੰਨ ਹੁਇ ਸੁਤ ਅਵਿਲੋਏ।
'ਸਾਧ ਸਾਧ ਤੈਂ ਸਭਿ ਕਿਛ ਲੀਨਾ। ਗੁਰਤਾ ਆਦਿਕ ਜੋ ਵਧੁ ਪੀਨਾ॥ ੩੯॥

ਇਹ ਸੁਣ ਕਿਰਪਾਨਿਧ ਗੁਰੂ ਜੀ ਪ੍ਰਸੰਨ ਹੋ ਗਏ, ਪੁੱਤਰ ਨੂੰ ਵੇਖ ਕੇ ਏਨੇ ਪ੍ਰਸੰਨ ਹੋਏ ਕਿ ਬੋਲੇ, "ਸ਼ਾਬਾਸ਼-ਸ਼ਾਬਾਸ਼ ਤੂੰ ਸਭ ਕੁਝ ਲੈ ਲਿਆ ਹੈ। ਗੁਰਤਾ ਆਦਿ ਪਦਾਰਥ ਜਿਹੜੇ ਵੱਡੇ ਭਾਰੀ ਹਨ॥੩੯॥

ਸਿੱਖੀ ਕੇ ਅਧੀਨ ਹੈਂ ਸਾਰੀ। ਬਧਹਿ ਬੰਸੁ ਬਹੁ ਤੋਹਿ ਅਗਾਰੀ।
ਗੁਰਤਾ ਭੀ ਪ੍ਰਾਪਤੀ ਹੁਇ ਜੈ ਹੈ। ਅਧਿਕ ਬਡਾਈ ਕੋ ਤਬਿ ਪੈਂ ਹੈਂ॥ ੪੦॥

ਇਹ ਸਾਰੇ ਸਿੱਖੀ ਦੇ ਅਧੀਨ ਹਨ, ਅੱਗੇ ਜਾ ਕੇ ਤੇਰਾ ਵੰਸ਼ ਬਹੁਤ ਵਧੇਗਾ, ਗੁਰਤਾ ਵੀ ਪ੍ਰਾਪਤ ਹੋ ਜਾਵੇਗੀ, ਫਿਰ ਬਹੁਤ ਵਡਿਆਈ ਨੂੰ ਪਾਵੋਗੇ॥੪੦॥

ਚਲਹਿ ਪੰਥ ਮੇਰੋ ਜਗ ਭਾਰੀ। ਸੋ ਸਭਿ ਪੂਜਾ ਕਰਹਿਂ ਤੁਮਾਰੀ।
ਕਿਸੂ ਵਸਤੂ ਕੀ ਕਮੀ ਨ ਹੋਇ। ਅਸ ਨਿਜ ਬੰਸ ਤੋਹਿ ਜਗ ਜੋਇ॥ ੪੧॥

ਜੱਗ ਵਿਚ ਮੇਰਾ ਵੱਡਾ ਪੰਥ ਚਲੇਗਾ, ਉਹ ਸਾਰੇ ਤੁਹਾਡੀ ਪੂਜਾ ਕਰਨਗੇ, ਕਿਸੇ ਵਸਤੂ ਦੀ ਘਾਟ ਨਹੀਂ ਰਹਿ ਜਾਵੇਗੀ, ਇਸ ਤਰ੍ਹਾਂ ਤੇਰਾ ਵੰਸ਼ ਜੱਗ ਵਿਚ ਹੋਵੇਗਾ॥੪੧॥

ਸਿੱਖੀ ਜਾਚਨ ਤੇ ਸਭਿ ਪਾਈ। ਤੋਹਿ ਬੰਸ ਕੀ ਵਧਹਿ ਬਡਾਈ'।
ਗੁਰੂ ਪਿਤਾ ਕੇ ਸੁਨਿ ਕਰਿ ਬੈਨ। ਬੰਦਨ ਕੀਨਿ ਨੀਚ ਕਰਿ ਨੈਨ॥ ੪੨॥

ਸਿੱਖੀ ਮੰਗ ਕੇ ਤੂੰ ਸਭ ਕੁਝ ਪਾ ਲਿਆ ਹੈ, ਤੇਰੇ ਵੰਸ਼ ਦੀ ਬੜੀ ਵਡਿਆਈ ਵਧੇਗੀ।" ਗੁਰੂ ਪਿਤਾ ਜੀ ਦੇ ਬਚਨ ਸੁਣ ਕੇ, ਨੈਣ ਨੀਵੇਂ ਕਰਕੇ ਬੰਦਨਾ ਕੀਤੀ॥੪੨॥

ਸਕਲ ਬਾਕ ਜਨਨੀ ਸੰਗ ਕਹੇ। ਸੁਨਿ ਕਛੁ ਰਿਸ ਉਰ ਹਾਨੀ ਲਹੇ।
ਨਿਸ਼ਫਲ ਬਾਕ ਨ ਇਨਕੇ ਹੋਇਂ। ਇਹੁ ਬਿਸਵਾਸ ਸਦਾ ਮਨ ਭੋਇ॥ ੪੩॥

ਫਿਰ ਸਾਰੇ ਬਚਨ ਆਪਣੀ ਮਾਤਾ ਜੀ ਨੂੰ ਸੁਣਾਏ, ਇਹ ਸੁਣ ਕੇ ਉਸ ਦੇ ਹਿਰਦੇ ਵਿਚੋਂ ਕੁਝ ਗੁੱਸਾ ਦੂਰ ਹੋਇਆ। ਇਨ੍ਹਾਂ ਦੇ ਕਹੇ ਬਚਨ ਕਦੇ ਨਿਸਫਲ ਨਹੀਂ ਹੁੰਦੇ ਹਨ, ਇਹ ਵਿਸ਼ਵਾਸ ਸਦਾ ਮਨ ਵਿਚ ਧਾਰਨ ਕੀਤਾ ਸੀ॥੪੩॥

*ਅੱਠਵੀਂ ਰਾਸ ਦਾ ਚਰਵੰਝਵਾਂ ਅਧਿਆਇ ਸਮਾਪਤ ਹੋਇਆ॥੫੪॥*

## *ਅਧਿਆਇ ਪਚਵੰਞਵਾਂ*

*ਮਾਤਾ ਨਾਨਕੀ ਜੀ ਦੀ ਬੇਨਤੀ*

ਦੋਹਰਾ- ਇਮ ਮਰਵਾਹੀ ਧੀਰ ਕੁਛ ਰਹੀ ਪਾਇ ਘਰ ਮਾਂਹਿ।
ਤਊ ਅਧਿਕ ਚਿੰਤਾ ਰਿਦੈ, ਜਰੀ ਜਾਤਿ ਸੋ ਨਾਂਹਿ॥ ੧॥

ਇਸ ਤਰ੍ਹਾਂ ਮਾਤਾ ਮਰਵਾਹੀ ਜੀ ਘਰ ਵਿਚ ਕੁਝ ਪਾ ਕੇ ਧੀਰਜਵਾਨ ਰਹੀ। ਫਿਰ ਵੀ ਹਿਰਦੇ ਵਿਚ ਬਹੁਤ ਚਿੰਤਾ ਸੀ, ਉਹ ਚਿੰਤਾ ਜਰੀ ਨਹੀਂ ਸੀ ਜਾਂਦੀ॥੧॥

ਚੌਪਈ- ਕ੍ਰੂਰ ਬਿਸੂਰਤਿ:- ਬਿੱਪ੍ਰ ਹੋਵਾ। ਛੂਛਾ ਅਪਨਿ ਪੁੱਤ੍ਰ ਕੋ ਜੋਵਾ।
ਗੁਰਤਾ ਲਹੀ ਸ਼ਰੀਕ, ਬਿਚਾਰੈ। ਹਮ ਨਿਰਬਲ ਹੁਇਂ, ਸੋ ਬਲ ਧਾਰੈ॥ ੨॥

ਬਹੁਤ ਘਬਰਾ ਗਈ ਕਿ ਉਲਟੀ ਗੱਲ ਹੋਈ ਹੈ, ਆਪਣੇ ਪੁੱਤ ਨੂੰ ਖਾਲੀ ਵੇਖਿਆ। ਇਹ ਵਿਚਾਰ ਕੀਤੀ ਕਿ ਗੁਰਤਾ ਸ਼ਰੀਕ ਨੇ ਪ੍ਰਾਪਤ ਕੀਤੀ ਹੈ, ਅਸੀਂ ਨਿਰਬਲ ਹੋ ਗਏ ਹਾਂ, ਉਨ੍ਹਾਂ ਨੇ ਬਲ ਧਾਰਨ ਕਰ ਲਿਆ ਹੈ॥੨॥

ਕੰਤ ਸ਼ਰੀਰ ਕਿਤਿਕ ਦਿਨ ਕੇਰਾ। ਵਧਹਿ ਉਤਾਇਲ ਪੀਛੈ ਭੇਰਾ।
ਨਿਸ ਦਿਨ ਗਿਨਹਿ ਗਟੀ ਇੱਤਯਾਦਿ। ਸੋਚਤਿ ਸੋਚਨਿ ਹੁਇ ਬਿਸਮਾਦਿ॥੩॥

ਪਤੀ ਦਾ ਸਰੀਰ ਕਿੰਨੇ ਦਿਨ ਤਕ ਹੈ, ਬਾਅਦ ਵਿਚ ਬਹੁਤ ਝਗੜਾ ਵਧੇਗਾ। ਦਿਨ ਰਾਤ ਇੱਤਆਦਿ ਗਿਣਤੀਆਂ ਗਿਣਦੀ ਰਹਿੰਦੀ ਸੀ, ਤੇ ਸੋਚਦੀ-ਸੋਚਦੀ ਹੈਰਾਨ ਹੋ ਜਾਂਦੀ ਸੀ॥੩॥

ਕਹਾਂ ਹੁਤੀ, ਅਬਿ ਕਯਾ ਹੁਇ ਜੈ ਹੈ। ਕੰਤ ਪ੍ਰਭੂ ਬਿਨ ਕਿਮ ਸੁਖ ਐਹੈ।
ਇੱਤਯਾਦਿਕ ਬ੍ਰਿਤੰਤ ਮਰਵਾਹੀ। ਸੁਨਹੁ ਨਾਨਕੀ ਜਿਮ ਚਿਤ ਚਾਹੀ॥੪॥

ਕਿਥੇ ਸੀ, ਹੁਣ ਕੀ ਹੋ ਜਾਵੇਗਾ, ਕੰਤ ਪ੍ਰਭੂ ਬਗੈਰ ਕਿਵੇਂ ਸੁੱਖ ਪ੍ਰਾਪਤ ਹੋਵੇਗਾ। ਇੱਤਆਦਿ ਮਾਤਾ ਮਰਵਾਹੀ ਜੀ ਦਾ ਬ੍ਰਿਤਾਂਤ ਸੀ। ਹੁਣ ਮਾਤਾ ਨਾਨਕੀ ਜੀ ਬਾਰੇ ਸੁਣੋ, ਜਿਵੇਂ ਉਹ ਚਿੱਤ ਵਿਚ ਚਾਹੁੰਦੀ ਸੀ॥੪॥

ਅਤਿ ਚਿੰਤਾਤੁਰ ਭਈ ਬਿਚਾਰੀ। ਐਚਕ ਕਹਾਂ ਕੰਤ ਕ੍ਰਿਤ ਕਾਰੀ।
ਪੁੱਤ੍ਰ ਗਰੀਬ ਨ ਜਾਨੈ ਕਾਊ। ਸਦਾ ਮਸਤ ਜਿਮ ਸਰਲ ਸੁਭਾਊ॥ ੫॥

ਵਿਚਾਰੀ ਬਹੁਤ ਫਿਕਰਮੰਦ ਹੋ ਗਈ, ਅਚਾਨਕ ਪਤੀ ਦੇਵ ਨੇ ਕੀ ਕ੍ਰਿਤ ਕਰ ਦਿੱਤੀ ਹੈ। ਮੇਰਾ ਪੁੱਤਰ ਗਰੀਬ ਹੈ, ਕੁਝ ਨਹੀਂ ਜਾਣਦਾ ਹੈ। ਜਿਵੇਂ ਸਰਲ ਸੁਭਾਵ ਹੈ ਸਦਾ ਮਸਤ ਰਹਿੰਦਾ ਹੈ॥੫॥

ਜਗ ਕੇ ਚਤੁਰਾਈ ਬਿਵਹਾਰੇ। ਕਬਿ ਨ ਆਜ ਲਗਿ ਅੰਗੀਕਾਰੇ।
ਕਿਸ ਮਸੰਦ ਸੌਂ ਮੇਲ ਨ ਠਾਨਾ। ਆਵਤਿ ਦਰਬ ਜਿਨਹੁਂ ਕੇ ਪਾਨਾਂ॥ ੬॥

ਜਗਤ ਦੀ ਚਤੁਰਾਈ ਦੇ ਵਿਵਹਾਰ, ਅੱਜ ਤਕ ਕਦੀ ਵੀ ਅੰਗੀਕਾਰ ਨਹੀਂ ਕੀਤੇ ਹਨ। ਕਿਸੇ ਮਸੰਦ ਨਾਲ ਮੇਲ ਨਹੀਂ ਕੀਤਾ, ਜਿਨ੍ਹਾਂ ਦੇ ਹੱਥਾਂ ਤੋਂ ਧਨ ਆਉਂਦਾ ਹੈ॥੬॥

ਸਿਖ ਸੰਗਤਿ ਕੋ ਜਾਨਹਿ ਭੇਵ। ਮਸਤਕ ਟੇਕਹਿ ਸਮ ਗੁਰ ਦੇਵ।
ਨਾਂਹਿ ਤ ਏਕਾਕੀ ਬਹੁ ਬੈਸੇ। ਨਹਿਂ ਜਾਨਹਿਂ ਘਰ ਕੀ ਕ੍ਰਿਤ ਕੈਸੇ॥ ੭॥

ਸੰਗਤ ਵਿਚ ਕੋਈ ਵਿਰਲਾ ਸਿੱਖ ਭੇਦ ਜਾਣਦਾ ਹੈ ਤੇ ਗੁਰਦੇਵ ਵਾਂਗ ਮੱਥਾ ਟੇਕਦਾ ਹੈ। ਨਹੀਂ ਤਾਂ ਇਕੱਲਾ ਹੀ ਬੈਠਾ ਰਹਿੰਦਾ ਹੈ। ਕਿਸੇ ਤਰ੍ਹਾਂ ਵੀ ਘਰ ਦੀ ਕ੍ਰਿਤ ਨਹੀਂ ਜਾਣਦਾ ਹੈ॥੭॥

ਇੱਤਯਾਦਿਕ ਬਹੁ ਰਿਦੇ ਬਿਚਾਰ। ਗੁਰ ਆਵਹਿਂ ਜਬਿ ਕਰਨਿ ਅਹਾਰ।
ਬੈਠਹਿ ਤਬਿ ਸਮੀਪ ਸੋ ਆਇ। ਚਿਤ ਕੋ ਸੰਕਟ ਦੇਤਿ ਸੁਨਾਇ॥ ੮॥

ਇੱਤਆਦਿ ਬਹੁਤ ਹਿਰਦੇ ਵਿਚ ਵਿਚਾਰ ਕੀਤੀ, ਗੁਰੂ ਜੀ ਜਦ ਭੋਜਨ ਕਰਨ ਆਉਂਦੇ ਸਨ ਤੇ ਫਿਰ ਆ ਕੇ ਪਾਸ ਬੈਠ ਜਾਂਦੀ ਸੀ ਤੇ ਚਿੱਤ ਦੇ ਸੰਕਟ ਨੂੰ ਸੁਣਾ ਦਿੰਦੀ ਸੀ॥੮॥

'ਹੁਤੋ ਆਸਰਾ ਏਕ ਹਮਾਰੇ। ਕ੍ਰਿਪਾ ਕਰਤਿ ਬਖਸ਼ਤਿ ਸੁਖ ਸਾਰੇ।
ਕਿਸੂ ਵਸਤੁ ਕੀ ਚਿੰਤ ਨ ਬਯਾਪੇ। ਸਕਲ ਪਦਾਰਥ ਦੀਨਸਿ ਆਪੇ॥ ੯॥

''ਸਾਡਾ ਇਕ ਆਸਰਾ ਸੀ, ਕਿਰਪਾ ਕਰਕੇ ਸਾਰੇ ਸੁੱਖ ਬਖਸ਼ਦੇ ਸੀ, ਕਿਸੇ ਵਸਤੂ ਦੀ ਵੀ ਚਿੰਤਾ ਨਹੀਂ ਵਿਆਪਕ ਹੁੰਦੀ ਸੀ, ਸਾਰੇ ਪਦਾਰਥ ਆਪੇ ਦਿੰਦੇ ਸੀ॥੯॥

ਪੀਛੇ ਕਹਾਂ ਕਰਹਿ ਸੁਤ ਮੇਰੋ। ਜਿਨਹੁਂ ਨ ਜਗ ਮਹਿਂ ਕੁਛ ਕ੍ਰਿਤ ਕੇਰੋ।
ਉਦਾਸੀਨ ਬ੍ਰਿਤਿ ਰਹੈ ਇਕਾਕੀ। ਮਿਲਿਬੋ ਮੁਲਾਕਤ ਨਹਿਂ ਕਾਂਕੀ॥ ੧੦॥

ਤੁਹਾਡੇ ਪਿਛੋਂ ਮੇਰਾ ਪੁੱਤਰ ਕੀ ਕਰੇਗਾ, ਜਿਸ ਨੇ ਜੱਗ ਵਿਚ ਕਦੇ ਵੀ ਕੋਈ ਕ੍ਰਿਤ ਨਹੀਂ ਕੀਤੀ ਹੈ। ਉਦਾਸ ਬ੍ਰਿਤੀ ਹੈ ਤੇ ਸਦਾ ਇਕੱਲਾ ਰਹਿੰਦਾ ਹੈ, ਕਿਸੇ ਨੂੰ ਮਿਲਕੇ ਮੁਲਾਕਾਤ ਵੀ ਨਹੀਂ ਕਰਦਾ ਹੈ॥੧੦॥

ਲਖਹੁ ਆਪ ਭੀ ਤਾਂਹਿ ਸੁਭਾਊ। ਹੇਤੁ ਜੀਵਕਾ ਕਾਰਨ ਕਾਊ।
ਛੂਛੇ ਛੋਰਿ ਚਹਹੁ ਨਮ ਚਾਲੇ। ਕਹਹੁ ਸੁ ਕਿਸ ਕੇ ਲਾਗਹਿਂ ਪਾਲੇ॥ ੧੧॥

ਆਪ ਜੀ ਵੀ ਉਸ ਦਾ ਸੁਭਾਅ ਜਾਣਦੇ ਹੋ, ਰੋਜ਼ੀ ਵਾਸਤੇ ਕੋਈ ਕਾਰਨ ਚਾਹੀਦਾ ਹੈ। ਖਾਲੀ ਛੱਡ ਕੇ ਤੁਸੀਂ ਚਲੇ ਜਾਣਾ ਚਾਹੁੰਦੇ ਹੋ, ਦੱਸੋ ਇਹ ਕਿਸ ਦੇ ਪੱਲੇ ਲੱਗੇ॥੧੧॥

ਦਈ ਸ਼ਰੀਕਨਿ ਕੋ ਬਡਿਆਈ। ਤਿਨ ਕੇ ਸੰਗ ਨ ਕਿਮ ਬਨਿ ਆਈ।
ਇਕ ਪੋਤ੍ਰੇ ਗੁਰ ਗ੍ਰਿੰਥ ਸੰਭਾਰਾ। ਦੂਤੀ ਆਪਨੇ ਥਲ ਬੈਠਾਰਾ॥ ੧੨॥

ਸ਼ਰੀਕਾਂ ਨੂੰ ਵਡਿਆਈ ਦੇ ਦਿੱਤੀ ਹੈ, ਉਨ੍ਹਾਂ ਦੇ ਨਾਲ ਕਿਸੇ ਤਰ੍ਹਾਂ ਵੀ ਨਹੀਂ ਬਣੇਗੀ। ਇਕ ਪੋਤਰੇ ਨੇ ਗੁਰੂ ਗ੍ਰੰਥ ਸਾਹਿਬ ਸੰਭਾਲਿਆ ਹੈ, ਦੂਸਰੇ ਨੂੰ ਆਪਣੇ ਥਾਂ ਬਿਠਾ ਦਿੱਤਾ ਹੈ'॥੧੨॥

ਸ੍ਰੀ ਹਰਿਗੋਵਿੰਦ ਕਹਿ ਸਮੁਝਾਈ। 'ਚਿਤ ਮਹਿਂ ਚਿੰਤਾ ਕਰਹੁ ਨ ਕਾਈ।
ਗੁਰ ਸੁਤ ਪੂਜਨੀਯ ਜਗ ਕੇਰੇ। ਦੇਹਿਂ ਉਪਾਇਨ ਸਿੱਖ ਘਨੇਰੇ॥ ੧੩॥

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਕਹਿ ਕੇ ਸਮਝਾਇਆ, "ਚਿੱਤ ਵਿਚ ਕੋਈ ਚਿੰਤਾ ਨਾ ਕਰੋ। ਜਗਤ ਵਿਚ ਗੁਰੂ ਪੁੱਤਰ ਪੂਜਨੀਕ ਹਨ। ਸਿੱਖ ਬਹੁਤ ਉਪਹਾਰ ਦੇਣਗੇ॥੧੩॥

ਇਨ ਕੇ ਆਸ਼੍ਰਿਤ ਹ੍ਵੈਂ ਨਰ ਬ੍ਰਿੰਦਾ। ਖਾਨ ਪਾਨ ਗੁਜ਼ਰਾਨ ਬਿਲੰਦਾ।
ਬਹੁਤਨਿ ਕੇ ਦਾਤਾ ਇਹੁ ਹੋਵੈਂ। ਸੇਵਹਿਂ ਸਿੱਖ ਭਲੇ ਨਿਜ ਜੋਵਹਿਂ॥ ੧੪॥

ਇਨ੍ਹਾਂ ਦੇ ਆਸਰੇ ਬਹੁਤ ਮਨੁੱਖ ਹੋਣਗੇ, ਖਾਣ-ਪੀਣ ਵੱਡਾ ਗੁਜ਼ਾਰਾ ਹੋਵੇਗਾ। ਬਹੁਤਿਆਂ ਦੇ ਇਹ ਦਾਤਾ ਹੋਣਗੇ, ਸਿੱਖ ਆਪਣਾ ਭਲਾ ਜਾਣ ਕੇ ਇਨ੍ਹਾਂ ਦੀ ਸੇਵਾ ਕਰਨਗੇ"॥੧੪॥

ਇਸ ਬਿਧਿ ਬਹੁ ਪ੍ਰਕਾਰ ਸਮੁਝਾਵੈਂ। ਤਊ ਨਾਨਕੀ ਧੀਰ ਨ ਪਾਵੈ।
ਨਿਸ ਦਿਨ ਬੀਤੇ ਗਿਨਤਜੌਂ ਗਿਨਤੀ। ਚਿਤ ਤੇ ਕਰਹਿ ਗੁਰੁਨਿ ਸੋਂ ਬਿਨਤੀ॥੧੫॥

ਇਸ ਪ੍ਰਕਾਰ ਬਹੁਤ ਵਿਧੀਆਂ ਨਾਲ ਸਮਝਾਇਆ। ਫਿਰ ਵੀ ਮਾਤਾ ਨਾਨਕੀ ਜੀ ਨੇ ਧੀਰਜ ਨਾ ਧਾਰਨ ਕੀਤਾ। ਦਿਨ ਰਾਤ ਬੀਤਣ ਨਾਲ ਗਿਣਤੀਆਂ ਗਿਣਦੀ ਸੀ ਤੇ ਚਿੱਤ ਵਿਚ ਗੁਰੂ ਜੀ ਪਾਸ ਬੇਨਤੀਆਂ ਕਰਦੀ ਸੀ॥੧੫॥

'ਸ੍ਰੀ ਨਾਨਕ ਜੀ ਬਨਹੁ ਸਹਾਈ। ਮਮ ਸੁਤ ਕੋ ਹੋਵਹਿ ਬਡਿਆਈ।
ਅਹੋ ਨਿਮਾਨਨਿ ਕੇ ਤੁਮ ਮਾਨ। ਸਦਾ ਨਿਤਾਂਨਨਿ ਕੇ ਬਡ ਤਾਨ॥ ੧੬॥

'ਹੇ ਸ੍ਰੀ ਗੁਰੂ ਨਾਨਕ ਦੇਵ ਜੀ! ਸਾਡੇ ਸਹਾਇਕ ਬਣੋ, ਮੇਰੇ ਪੁੱਤਰ ਦੀ ਵਡਿਆਈ ਹੋਵੇ। ਤੁਸੀਂ ਹੀ ਇਸ ਨਿਮਾਣੀ ਦਾ ਮਾਣ ਹੋ, ਤੇ ਸਦਾ ਵੱਡੇ ਨਿਤਾਣਿਆਂ ਦੇ ਤਾਣ ਹੁੰਦੇ ਹੋ॥੧੬॥

ਬਧਿ ਚਤੁਰਾਈ ਕੇਰਿ ਸਹਾਇ। ਨਿਜ ਨਿਜ ਹਿਤ ਸਭਿ ਕਰਹਿਂ ਉਪਾਇ।
ਮਮ ਸੁਤ ਸਭਿ ਬਾਤਨ ਤੇ ਹੀਨ। ਮਸਤ ਸੁਭਾਵ, ਨ ਕਛੂ ਪ੍ਰਬੀਨ॥ ੧੭॥

ਵਧ ਚਤੁਰਾਈ ਦੇ ਕੇ ਸਹਾਇਤਾ ਕਰੇ, ਆਪਣੇ-ਆਪਣੇ ਹਿਤ ਵਾਸਤੇ ਸਾਰੇ ਉਪਾਅ ਕਰਦੇ ਹਨ। ਮੇਰਾ ਪੁੱਤਰ ਸਾਰੀਆਂ ਗੱਲਾਂ ਤੋਂ ਖਾਲੀ ਹੈ ਮਸਤ ਸੁਭਾਅ ਹੈ ਤੇ ਬਹੁਤਾ ਚਤੁਰ ਵੀ ਨਹੀਂ ਹੈ॥੧੭॥

ਇਮ ਦਿਨ ਕੇਤਿਕ ਜਬਹਿ ਬਿਤਾਏ। ਸ੍ਰੀ ਹਰਿਰਾਇ ਸੁ ਗੁਰਤਾ ਪਾਏ।
ਕਹਤਿ ਨਿਤਾਪ੍ਰਤਿ ਪ੍ਰਭੁ ਕੇ ਸਾਥ। ਚਿਤਵਿ ਨਾਨਕੀ ਚਿੰਤਾ ਗਾਥ॥ ੧੮॥

ਇਸ ਤਰ੍ਹਾਂ ਜਦ ਕਾਫੀ ਦਿਨ ਬਤੀਤ ਕੀਤੇ, ਸ੍ਰੀ ਹਰਿਰਾਇ ਜੀ ਨੇ ਗੁਰਤਾ ਪ੍ਰਾਪਤ ਕਰ ਲਈ। ਤਾਂ ਮਾਤਾ ਨਾਨਕੀ ਜੀ ਸਦਾ ਗੁਰੂ ਜੀ ਨਾਲ ਆਪਣੀ ਚਿੰਤਾ ਦੀ ਗਾਥਾ ਕਰਦੀ ਰਹੀ॥੧੮॥

ਭੂਰ ਬਿਸੂਰਤਿ ਰਿਦੈ ਦੁਖਾਰੀ। ਕੁਛ ਬਸ ਚਲੈ ਨ, ਹੋਤਿ ਲਚਾਰੀ।
ਉਰ ਤਪਤਾਇ ਅਜੋਗ ਬਿਚਾਰੈ। 'ਅਸ ਗੁਰ ਕੇ ਸੁਤ ਸ਼ਕਤਿ ਨ ਧਾਰੈਂ?॥੧੯॥

ਬਹੁਤ ਘਬਰਾਈ ਹੋਈ ਸੀ, ਤੇ ਦਿਲੋਂ ਦੁਖੀ ਸੀ, ਕੁਝ ਵੱਸ ਨਹੀਂ ਸੀ ਚਲਦਾ, ਬੜੀ ਲਾਚਾਰ ਹੋ ਗਈ ਸੀ। ਹਿਰਦਾ ਤਪਦਾ ਸੀ ਤੇ ਅਜੋਗ ਵਿਚਾਰਦੀ ਸੀ, "ਇਸ ਤਰ੍ਹਾਂ ਗੁਰੂ ਜੀ ਦਾ ਪੁੱਤਰ ਸ਼ਕਤੀ ਨਹੀਂ ਧਾਰਨ ਕਰ ਸਕੇਗਾ? ॥੧੯॥

ਪੌਤ੍ਰੇ ਸਰਬ ਭਾਂਤਿ ਬਡਿਆਏ। ਰਖਿ ਛੂਛੇ ਸਭਿ ਨੰਦ ਬਿਠਾਏ'।
ਇਕ ਦਿਨ ਮਹਿਂ ਸ੍ਰੀ ਹਰਿਗੋਵਿੰਦ। ਹਿਤ ਅਹਾਰ ਕੇ ਬਾਹੁ ਬਿਲੰਦ॥ ੨੦॥

ਪੋਤਰੇ ਨੂੰ ਸਰਬ ਭਾਤ ਵਡਿਆਈ ਦੇ ਦਿੱਤੀ ਹੈ ਤੇ ਸਾਰੇ ਪੁੱਤਰਾਂ ਨੂੰ ਖਾਲੀ ਰਖਿਆ ਹੈ।" ਇਕ ਦਿਨ ਸ੍ਰੀ ਹਰਿਗੋਬਿੰਦ ਜੀ, ਮਹਾਂਬਲੀ ਭੋਜਨ ਛੱਕਣ ਵਾਸਤੇ ਆਏ॥੨੦॥

ਰਿਦੈ ਅਨੰਦਤਿ ਚਲਿ ਕਰਿ ਆਏ। ਦੀਰਘ ਦਰਸ਼ਨ ਦੁਤੀ ਸੁਹਾਏ।
ਕੁੰਜਰ ਮਦ ਬਿਲੰਦ ਜੁਤਿ ਜੈਸੇ। ਗਮਨਤਿ, ਸ਼ੋਭਾ ਪ੍ਰਾਪਤਿ ਤੈਸੇ॥ ੨੧॥

ਹਿਰਦੇ ਵਿਚ ਬਹੁਤ ਪ੍ਰਸੰਨ ਚਲ ਕੇ ਆ ਗਏ, ਮਹਾਨ ਡੀਲ-ਡੋਲ ਵਾਲਾ ਸਰੀਰ ਜਿਵੇਂ ਹਾਥੀ ਬਹੁਤ ਮਸਤੀ ਸਮੇਤ ਹੋਵੇ। ਉਨ੍ਹਾਂ ਦੇ ਚਲਦਿਆਂ ਦੀ ਅਜਿਹੀ ਸ਼ੋਭਾ ਸੀ॥੨੧॥

ਬੈਠੇ ਆਸਨ ਪਰ ਸ਼ੁਭ ਥਾਨ। ਥਾਰ ਪਰੋਸਜੋ ਅਸਨ ਮਹਾਨ।
ਸੂਖਮ ਚਾਵਰ ਅਨਿਕ ਪ੍ਰਕਾਰੇ। ਸੂਪਕਾਰ ਬੁਧਿ ਸਾਥ ਸੁਧਾਰੇ॥ ੨੨॥

ਇਕ ਸ਼ੁਭ ਸਥਾਨ ਵਿਖੇ ਆਸਣ ਤੇ ਬੈਠ ਗਏ। ਥਾਲ ਵਿਚ ਮਹਾਨ ਭੋਜਨ ਪਰੋਸਿਆ। ਅਨੇਕ ਪ੍ਰਕਾਰ ਦੇ ਸੂਖਮ ਚਾਵਲ ਸਨ, ਲਾਂਗਰੀ ਨੇ ਚੰਗੀ ਬੁਧੀ ਨਾਲ ਬੜੇ ਸੁਧਾਰ ਕੇ ਲਿਆਂਦੇ॥੨੨॥

ਮਧੁਰ, ਸਲਵਣ, ਤੁਰਸ਼ ਚਰਪਰੇ। ਪਾਇਸ ਆਦਿ ਅਹਾਰ ਜਿ ਕਰੇ।
ਪਾਨ ਪਖਾਰਿ ਪਾਨਿ ਕੇ ਸਾਥ। ਅਚਵਨ ਕਰਨਿ ਲਗੇ ਜਬਿ ਨਾਥ॥ ੨੩॥

ਮਿੱਠੇ, ਲੂਣ ਵਾਲੇ ਅਤੇ ਖੱਟੇ ਚਟਪਟੇ ਪਦਾਰਥ ਭੋਜਨ ਕਰਨ ਵਾਸਤੇ ਲਿਆਂਦੇ। ਪਾਣੀ ਦੇ ਨਾਲ ਹੱਥ ਧੋ ਕੇ ਜਦ ਗੁਰੂ ਜੀ ਭੋਜਨ ਛੱਕਣ ਲੱਗੇ॥੨੩॥

ਲਖਿ ਅਵਕਾਸ਼ ਨਾਨਕੀ ਆਈ। ਬੈਠੀ ਅਭਿਬੰਦਨ ਕਰਿ ਸਾਂਈਂ।
ਸਨੈ ਸਨੈ ਗੁਰ ਅਚਹਿਂ ਅਹਾਰਾ। ਹਾਥ ਜੋਰਿ ਪਤਿ ਸਾਥ ਉਚਾਰਾ॥ ੨੪॥

ਤਦ ਮੌਕਾ ਵੇਖ ਕੇ ਸ੍ਰੀ ਨਾਨਕੀ ਜੀ ਉਨ੍ਹਾਂ ਦੇ ਪਾਸ ਆਈ, ਆਪਣੇ ਮਾਲਕ ਨੂੰ ਬੰਦਨਾ ਕਰਕੇ ਬੈਠ ਗਈ। ਹੌਲੀ-ਹੌਲੀ ਗੁਰੂ ਜੀ ਭੋਜਨ ਛੱਕ ਰਹੇ ਸਨ। ਸ੍ਰੀ ਨਾਨਕੀ ਜੀ ਨੇ ਹੱਥ ਜੋੜ ਕੇ ਆਪਣੇ ਪਤੀ ਨੂੰ ਕਿਹਾ॥੨੪॥

'ਸੁਨਹੁ ਗ਼ਰੀਬ ਨਿਵਾਜ! ਸੁ ਅਰਜ਼ੀ। ਮੋਹਿ ਬਤਾਵਹੁ ਆਪਨ ਮਰਜ਼ੀ।
ਸਭਿ ਤੇ ਲਘੁ ਨੰਦਨ ਇਹ ਮੇਰੋ। ਇਸ ਦਿਸ਼ਿ ਤੇ ਸ਼ੰਸ਼ੇ ਬਹੁਤੇਰੋ॥ ੨੫॥

'ਹੇ ਗਰੀਬ ਨਿਵਾਜ! ਸੁਣੋ, ਮੇਰੀ ਇਕ ਬੇਨਤੀ ਹੈ, ਮੈਨੂੰ ਆਪਣੀ ਮਰਜ਼ੀ ਦੱਸੋ। ਇਹ ਮੇਰਾ ਸਭ ਤੋਂ ਛੋਟਾ ਪੁੱਤਰ ਹੈ, ਇਸ ਬਾਰੇ ਮੇਰੇ ਬਹੁਤ ਸ਼ੰਕੇ ਹਨ॥੨੫॥

ਕਹਾਂ ਭਵਿੱਖਜਤ ਮੈਂ ਇਹੁ ਕਰਿ ਹੈ?। ਬੁਧਿ ਬਿਵਹਾਰ ਏਕ ਨਹਿਂ ਧਰਿ ਹੈ।
ਕਿਤ ਇਹ ਜਾਇ ਬਸੈ ਕਿਸ ਥਾਨ ?। ਕਿਮ ਠਾਨਹਿ ਅਪਨੀ ਗੁਜ਼ਰਾਨ ?॥੨੬॥

ਇਹ ਭਵਿੱਖ ਵਿਚ ਕੀ ਕਰੇਗਾ? ਬੁਧੀ ਦੇ ਵਿਵਹਾਰ ਇਕ ਵੀ ਨਹੀਂ ਜਾਣਦਾ ਹੈ। ਇਹ ਕਿਸ ਥਾਂ ਜਾ ਕੇ ਵਸੇ, ਅਸੀਂ ਕਿਵੇਂ ਆਪਣਾ ਗੁਜ਼ਾਰਾ ਕਰੀਏ ?॥੨੬॥

ਦਈ ਸ਼ਕਤਿ ਅਰੁ ਦੋਨੋ ਨਗਰੀ। ਪੋਤ੍ਰ ਭਏ ਮਾਲਿਕ ਵਧੁ ਸਗਰੀ।
ਸੋ ਗ਼ਰੀਬ ਤੁਮ ਜਾਨਜੋ ਨਾਂਹੀ। ਲਘੁ ਨੰਦਨ ਸ਼ਕਤਿ ਨ ਜਿਸ ਮਾਂਹੀ॥੨੭॥

ਸ਼ਕਤੀ ਵੀ ਦੇ ਦਿੱਤੀ ਹੈ ਅਤੇ ਦੋਵਾਂ ਨਗਰੀਆਂ ਦੇ ਪੋਤਰੇ ਮਾਲਕ ਹੋ ਗਏ ਹਨ। ਇਸ ਗਰੀਬ ਨੂੰ ਤੁਸੀਂ ਜਾਣਿਆ ਨਹੀਂ, ਛੋਟਾ ਪੁੱਤਰ ਹੈ, ਜਿਸ ਵਿਚ ਕੋਈ ਸ਼ਕਤੀ ਨਹੀਂ ਹੈ॥੨੭॥

ਕਰਹਿ ਬਿਰੋਧ ਧੀਰਮਲ ਭਾਰਾ। ਪ੍ਰਵਿਸ਼ਨਿ ਦੇਯ ਨ ਪੁਰਿ ਕਰਤਾਰਾ।
ਕੀਰਤਿ ਪੁਰਿ ਕੇ ਸਹਿਤ ਸੁ ਗਾਦੀ। ਸ੍ਰੀ ਹਰਿਰਾਇ ਪਾਇ ਸੁਖ ਸ਼ਾਦੀ॥੨੮॥

ਧੀਰਮੱਲ ਭਾਰੀ ਵਿਰੋਧ ਕਰਦਾ ਹੈ, ਉਹ ਕਰਤਾਰਪੁਰ ਦੀ ਨਗਰੀ ਵਿਚ ਦਾਖਲ ਨਹੀਂ ਹੋਣ ਦੇਵੇਗਾ, ਕੀਰਤਪੁਰ ਸਹਿਤ ਗੱਦੀ, ਸ੍ਰੀ ਹਰਿਰਾਇ ਪਾ ਕੇ ਸੁਖ ਨਾਲ ਪ੍ਰਸੰਨ ਹੋ ਗਿਆ ਹੈ॥੨੮॥

ਸੂਰਜਮਲ ਕੋ ਬਾਕ ਬਖਾਨਾ। ਤਿਸ ਕੋ ਬਰਧਹਿ ਬੰਸ ਮਹਾਨਾ।
ਗੁਰਤਾ ਭੀ ਕਬਹੁਂ ਕਿ ਤਵ ਬੰਸ। ਪਾਵਹਿ ਗੋ ਦਾਰਿਦ ਬਿਧੁੰਸ॥ ੨੯॥

ਸੂਰਜ ਮੱਲ ਨੂੰ ਬਚਨ ਕਰ ਦਿੱਤਾ ਹੈ ਕਿ ਉਸ ਦਾ ਵੰਸ਼ ਮਹਾਨ ਵਧੇਗਾ। ਗੁਰਤਾ ਵੀ ਕਦੀ ਉਸ ਵੰਸ਼ ਵਿਚ ਆ ਜਾਵੇਗੀ ਤੇ ਉਨ੍ਹਾਂ ਦੀ ਸਾਰੀ ਗਰੀਬੀ ਦਾ ਨਾਸ਼ ਹੋ ਜਾਵੇਗਾ॥੨੯॥

ਮਮ ਸੁਤ ਕੋ ਕਿਮ ਦੇਤਿ ਨ ਗੁਰਤਾ?। ਤੁਮਰੇ ਅਨੁਸਾਰੀ ਨਿਤ ਬਰਤਾ।
ਗਨ ਬਿਕਾਰ ਹੰਕਾਰ ਜਿ ਆਦਿ। ਧਰਹਿ ਨ ਕਬਿਹੂੰ, ਕਰਹਿ ਪ੍ਰਮਾਦਿ॥੩੦॥

ਮੇਰੇ ਪੁੱਤਰ ਨੂੰ ਕਿਉਂ ਗੁਰਤਾ ਨਹੀਂ ਦਿੱਤੀ ਹੈ, ਉਹ ਸਦਾ ਤੁਹਾਡੀ ਆਗਿਆ ਅਨੁਸਾਰ ਰਿਹਾ ਹੈ, ਜਿੰਨੇ ਵੀ ਵਿਕਾਰ ਸਮੂਹ ਹਨ, ਹੰਕਾਰ ਆਦਿ ਉਹ ਕਦੇ ਵੀ ਭੁੱਲ ਕੇ ਵੀ ਧਾਰਨ ਨਹੀਂ ਕਰਦਾ ਹੈ॥੩੦॥

ਬਿਨ ਗੁਰਤਾ ਕੀ ਸ਼ਕਤਿ ਬਿਹੀਨ। ਮਮ ਸੁਤ ਕੋ ਕੋ ਸਕਹਿ ਨ ਚੀਨ।
ਕੌਨ ਸਿੱਖ ਚਲਿ ਕਰਿ ਢਿਗ ਆਵੈ। ਕੋ ਅਰਪਹਿ ਭੇਟਨਿ ਕੋ ਲਜਾਵੈ॥੩੧॥

ਗੁਰਤਾ ਬਿਨਾਂ ਅਤੇ ਸ਼ਕਤੀ ਰਹਿਤ, ਮੇਰੇ ਪੁੱਤਰ ਨੂੰ ਕੋਈ ਵੀ ਸਮਝ ਨਹੀਂ ਸਕੇਗਾ। ਕਿਹੜਾ ਸਿੱਖ ਚਲ ਕੇ ਉਸ ਦੇ ਪਾਸ ਆਵੇਗਾ। ਕੌਣ ਭੇਟ ਲਿਆ ਕੇ ਅਰਪਣ ਕਰੇਗਾ॥੩੧॥

ਮਰੌਂ ਬਿਸੂਰਤ ਦੇਖਤਿ ਨੰਦਨ। ਬਨਹਿਂ ਸ਼ਰੀਕੀ ਸਭਿ ਜੱਗ ਬੰਦਨ।
ਤਿਨ ਕੈ ਸਕਲ ਪਦਾਰਥ ਆਵੈਂ। ਹਮ ਬੈਠੇ ਤਿਨ ਓਰ ਤਕਾਵੈਂ॥ ੩੨॥

ਆਪਣੇ ਪੁੱਤਰ ਨੂੰ ਵੇਖਦੀ ਦੁਖੀ ਹੋ ਕੇ ਮਰਾਂਗੀ, ਸਾਡੇ ਸ਼ਰੀਕ ਸਾਰੇ ਜਗਤ ਦੇ ਪੂਜਨੀਕ ਬਣਨਗੇ। ਉਨ੍ਹਾਂ ਦੇ ਘਰ ਸਾਰੇ ਪਦਾਰਥ ਆਉਣਗੇ, ਅਸੀਂ ਬੈਠੇ ਉਨ੍ਹਾਂ ਵੱਲ ਤਕਦੇ ਰਹਾਂਗੇ॥੩੨॥

ਅਸ ਸੁਤ ਪਰ ਕਜੌਂ ਦਯਾ ਨ ਧਰਿਤੇ। ਨਿਜ ਸਮ ਜਗ ਗੁਰੁ ਕਜੌਂ ਨਹਿ ਕਰਤੇ'।
ਸੁਨਹਿਂ ਗੁਰੂ ਭੋਜਨ ਕੋ ਖਾਹਿਂ। ਚਿਤਵਹਿਂ 'ਇਸ ਭਰਵਾਸਾ ਨਾਂਹਿ' ॥ ੩੩ ॥

ਐਸੇ ਪੁੱਤਰ ਤੇ ਕਿਉਂ ਦਇਆ ਧਾਰਨ ਨਹੀਂ ਕਰਦੇ ਹੋ, ਆਪਣੇ ਵਾਂਗ ਜਗਤ ਦਾ ਗੁਰੂ ਕਿਉਂ ਨਹੀਂ ਬਣਾਉਂਦੇ" ਗੁਰੂ ਜੀ ਭੋਜਨ ਛੱਕਦੇ ਸੁਣ ਰਹੇ ਸਨ ਤੇ ਮਨ ਵਿਚ ਸੋਚ ਰਹੇ ਸਨ, 'ਇਸ ਨੂੰ ਭਰੋਸਾ ਨਹੀਂ ਹੈ'॥੩੩॥

ਤ੍ਰਿਪਤਿ ਹੋਇ ਪੁਨ ਪਾਨੀ ਲੀਨਿ। ਪਾਨ ਪਖਾਰਿ ਚੁਰੇ ਕੋ ਕੀਨਿ।
ਕਹਜੋ ਬਾਕ 'ਧੀਰਜ ਕੋ ਧਾਰਿ। ਨਿਜ ਸੁਤ ਸਭਿ ਲਾਇਕ ਨਿਰਧਾਰਿ ॥੩੪॥

ਗੁਰੂ ਜੀ ਨੇ ਭੋਜਨ ਖਾ ਕੇ ਤ੍ਰਿਪਤ ਹੋ ਕੇ ਫਿਰ ਪਾਣੀ ਲਿਆ ਤੇ ਪਾਣੀ ਪੀ ਕੇ ਚੁਲੀ ਕੀਤੀ। ਫਿਰ ਕਿਹਾ, "ਧੀਰਜ ਧਾਰਨ ਕਰੋ, ਆਪਣੇ ਪੁੱਤਰ ਨੂੰ ਸਭ ਪ੍ਰਕਾਰ ਲਾਇਕ ਸਮਝੋ॥੩੪॥

ਬਿਨ ਗੁਰਤਾ ਗੁਰ ਹੀ ਸਮ ਸੋਇ। ਪੂਜਨ ਉਚਿਤ ਲਖਹਿ ਸਭਿ ਕੋਇ'।
ਸੁਨਤਿ ਨਾਨਕੀ ਨੈਨਨਿ ਨੀਰ। ਰੁਦਤਿ ਬੋਲਤੀ ਸਤਿਗੁਰ ਤੀਰ॥ ੩੫ ॥

ਗੁਰਤਾ ਬਗੈਰ ਉਹ ਗੁਰੂ ਦੇ ਬਰਾਬਰ ਹੋਵੇਗਾ, ਉਸ ਦੀ ਪੂਜਾ ਕਰਨਾ ਸਭ ਲੋਕ ਚੰਗਾ ਸਮਝਣਗੇ।" ਇਹ ਸੁਣਕੇ ਸ੍ਰੀ ਨਾਨਕੀ ਦੇ ਨੈਣਾਂ ਵਿਚ ਜਲ ਵਹਿ ਤੁਰਿਆ, ਰੋ ਕੇ ਗੁਰੂ ਜੀ ਪਾਸ ਕਹਿਣ ਲੱਗੀ॥੩੫॥

ਗਦ ਗਦ ਗਿਰਾ ਦੁਖੀ ਬਹੁ ਹੋਈ। 'ਪਰਾਲਬਧ ਹਮ ਸੁਖ ਨਹਿਂ ਕੋਈ।
ਅਟਲਰਾਇ ਸੁਤ ਜਿਯੋ ਨ ਜਾਨਿ। ਕਹੇ ਆਪ ਕੇ ਤਜਾਗੇ ਪ੍ਰਾਨ॥ ੩੬ ॥

ਗਲਾ ਭਰ ਆਇਆ ਤੇ ਬਹੁਤ ਦੁਖੀ ਹੋਈ, "ਸਾਡੇ ਭਾਗਾਂ ਵਿਚ ਕੋਈ ਸੁੱਖ ਨਹੀਂ ਹੈ। ਮੇਰਾ ਪੁੱਤਰ ਅਟਲ ਰਾਇ ਜਾਣ ਕੇ ਨਾ ਜੀਵਿਆ, ਆਪ ਜੀ ਦੇ ਹੁਕਮ ਕਰਨ ਤੇ ਉਸ ਪ੍ਰਾਣ ਤਿਆਗ ਦਿੱਤੇ॥੩੬॥

ਤੈਸੀ ਗਤਿ ਕੁਛ ਜਾਨੀ ਜਾਇ। ਤੇਗ ਬਹਾਦੁਰ ਅਬਿ ਦੁਖ ਪਾਇ।
ਮੁਝ ਸਮੇਤ ਜਿਯ ਸਕਹਿ ਕਿ ਨਾਂਹੀ। ਕਰਜੋ ਅਨਾਦਰ,ਸਹਜੋ ਨ ਜਾਹੀ ॥੩੭॥

ਉਸ ਤਰ੍ਹਾਂ ਦੀ ਕੁਝ ਗਤੀ ਜਾਣ ਪੈਂਦੀ ਹੈ, ਸ੍ਰੀ ਤੇਗ ਬਹਾਦਰ ਹੁਣ ਬਹੁਤ ਦੁਖ ਪਾਵੇਗਾ। ਮੇਰੇ ਸਮੇਤ ਜੀਅ ਸਕੇਗਾ ਕਿ ਨਹੀਂ, ਜਿਹੜਾ ਅਨਾਦਰ ਕੀਤਾ ਹੈ ਉਹ ਬਰਦਾਸ਼ਤ ਨਹੀਂ ਹੋ ਸਕੇਗਾ॥੩੭॥

ਤੁਮਰੇ ਤਨ ਤਜਾਗਨਿ ਕੇ ਆਗੇ। ਮਰਿ ਹੈਂ ਹਮ ਦੋਨਹੁਂ ਦੁਖ ਪਾਗੇ।
ਹੁਇ ਨਹਿਂ ਸਕਹਿਂ ਸ਼ਰੀਕ ਅਧੀਨ। ਯਾਂਤੇ ਮਰਿਬੋ ਨੀਕੇ ਚੀਨਿ॥ ੩੮ ॥

ਤੁਹਾਡੇ ਸਰੀਰ ਛੱਡਣ ਤੋਂ ਪਹਿਲਾਂ, ਅਸੀਂ ਦੋਵੇਂ ਦੁੱਖ ਨਾਲ ਭਰ ਕੇ ਮਰ ਜਾਵਾਂਗੇ। ਅਸੀਂ ਸ਼ਰੀਕਾਂ ਅਧੀਨ ਨਹੀਂ ਹੋ ਸਕਾਂਗੇ, ਇਸ ਕਰਕੇ ਅਸੀਂ ਮਰਨਾ ਚੰਗਾ ਸਮਝਿਆ ਹੈ॥੩੮॥

ਤੁਮ ਪਾਛੇ ਮਰਿ ਹੈਂ ਨਹਿਂ ਆਛੇ। ਸੰਧਯਾ ਪ੍ਰਾਤਿ ਮਰਨ ਅਬਿ ਬਾਂਛੇ'।
ਇੱਤਯਾਦਿਕ ਬਹੁ ਕੀਨਿ ਉਚਾਰੀ। ਸੁਨਿ ਗੁਰ ਕਾਇਲ ਭੇ ਤਿਸ ਬਾਰੀ ॥੩੯॥

ਤੁਹਾਡੇ ਪਿੱਛੋਂ ਮਰਨਾ ਠੀਕ ਨਹੀਂ ਹੈ, ਸ਼ਾਮ ਸਵੇਰੇ ਹੁਣ ਮਰਨਾ ਹੀ ਚਾਹੁੰਦੇ ਹਾਂ।" ਇੱਤਆਦਿ ਬਹੁਤ ਉਚਾਰਨ ਕੀਤਾ, ਇਹ ਸੁਣ ਕੇ ਉਸ ਸਮੇਂ ਗੁਰੂ ਜੀ ਕਾਇਲ ਹੋ ਗਏ॥੩੯॥

'ਬਹੁ ਪਰਿਵਾਰ ਜਾਨਿ ਜੰਜਾਰ। ਨਹਿਂ ਸਮੁਝਤਿ ਇਹ ਰਿਦੈ ਮਝਾਰਿ'।
ਹੁਤੋ ਰੁਮਾਲ ਪੋਂਛਤੇ ਹਾਥ। ਸੋ ਇਕਠੋ ਕਰਿ ਕੈ ਤਬਿ ਨਾਥ॥ ੪੦ ॥

"ਪਰਿਵਾਰ ਦਾ ਬਹੁਤ ਜੰਜਾਲ ਜਾਣਕੇ, ਇਹ ਹਿਰਦੇ ਵਿਚ ਸਮਝਦੀ ਨਹੀਂ ਹੈ।" ਗੁਰੂ ਜੀ ਰੁਮਾਲ ਨਾਲ ਹੱਥ ਪੂੰਝ ਰਹੇ ਸਨ, ਉਸ ਰੁਮਾਲ ਨੂੰ ਗੁਰੂ ਜੀ ਨੇ ਫਿਰ ਤਹਿ ਲਾ ਕੇ ਇਕੱਠਾ ਕਰ ਲਿਆ॥੪੦॥

ਝੋਰੀ ਬਿਖੈ ਡਾਰਿ ਸੋ ਦੀਨਿ। ਕੁਛਕ ਕੋਪ ਤੇ ਬੋਲਨਿ ਕੀਨਿ।
'ਚਹਤਿ ਰਹਤਿ ਜਿਹ ਕਹਤਿ ਬਿਸਾਲਾ। ਸੋ ਗੁਰਤਾ ਲੀਜਹਿ ਇਸ ਕਾਲਾ ॥੪੧ ॥

ਤੇ ਉਹ ਰੁਮਾਲ ਸ੍ਰੀ ਨਾਨਕੀ ਜੀ ਦੀ ਝੋਲੀ ਵਿਚ ਪਾ ਦਿੱਤਾ ਤੇ ਕੁਝ ਗੁੱਸੇ ਹੋ ਕੇ ਬੋਲੇ, "ਜਿਸ ਗੁਰਤਾ ਨੂੰ ਚਾਹੁੰਦੀ ਰਹਿੰਦੀ ਹੈਂ ਅਤੇ ਉਸ ਬਾਰੇ ਬਹੁਤ ਕਹਿੰਦੀ ਹੈਂ, ਉਹ ਗੁਰਤਾ ਏਸੇ ਸਮੇਂ ਲੈ ਲਵੇ॥੪੧॥

ਹਮ ਕੋ ਕਾਇਲ ਕਰਿ ਤੈਂ ਲੀਨਿ। ਸੰਕਟ ਸਹਿਤ ਹੋਇ ਜਸੁ ਪੀਨ।
ਗੁਰਤਾ ਪਾਇ ਕਸ਼ਟ ਕੋ ਧਾਰਹਿਂ। ਅਨਿਕ ਬਖੇਰੇ ਉਠਹਿਂ ਨ ਟਾਰਹਿਂ॥ ੪੨ ॥

ਤੂੰ ਸਾਨੂੰ ਕਾਇਲ ਕਰ ਲਿਆ ਹੈ, ਸੰਕਟ ਸਹਿਤ ਬਹੁਤ ਵੱਡਾ ਜੱਸ ਹੋਵੇਗਾ। ਗੁਰਤਾ ਪਾ ਕੇ ਕਸ਼ਟ ਧਾਰਨ ਕਰੇਗਾ, ਅਨੇਕਾਂ ਬਖੇੜੇ ਉਠਣਗੇ, ਨਹੀਂ ਹਟਾ ਸਕੇਗਾ॥੪੨॥

ਸਹਿ ਸਰੀਰ ਪਰ ਬਿਘਨ ਅਨੇਕ। ਤਵ ਸੁਤ ਰਾਖਹਿ ਗੁਰਤਾ ਟੇਕ।
ਪੁਨ ਪੌਤ੍ਰਾ ਤੁਵ ਹੁਇ ਗੁਰ ਭਾਰੀ। ਸਹਹਿ ਕਸ਼ਟ ਜੇ ਅਨਿਕ ਪ੍ਰਕਾਰੀ' ॥੪੩ ॥

ਆਪਣੇ ਸਰੀਰ ਉੱਤੇ ਅਨੇਕਾਂ ਵਿਘਨ ਸਹਾਰੇਗਾ, ਫਿਰ ਤੇਰਾ ਪੁੱਤਰ ਗੁਰਤਾ ਦਾ ਆਧਾਰ ਰਖੇਗਾ। ਫਿਰ ਤੇਰਾ ਪੋਤਰਾ ਵੱਡਾ ਗੁਰੂ ਹੋਵੇਗਾ, ਜਿਹੜਾ ਅਨੇਕ ਪ੍ਰਕਾਰ ਦੇ ਕਸ਼ਟ ਬਰਦਾਸ਼ਤ ਕਰੇਗਾ" ॥੪੩॥

ਸੁਨਤਿ ਨਾਨਕੀ ਝੋਰੀ ਪਾਇ। ਸੋ ਰੁਮਾਲ ਲੀਨੋ ਤਨੁ ਲਾਇ।
ਹਾਥ ਬੰਦਿ ਗੁਰ ਦਿਸ਼ਿ ਕਰਿ ਬੰਦਨ। ਨਿਸ਼ਚੈ ਕੀਨਿ 'ਹੋਇ ਗੁਰ ਨੰਦਨ' ॥੪੪ ॥

ਇਹ ਸੁਣ ਕੇ ਮਾਤਾ ਨਾਨਕੀ ਜੀ ਨੇ ਝੋਲੀ ਵਿਚ ਪਏ ਰੁਮਾਲ ਨੂੰ ਆਪਣੇ ਸਰੀਰ ਦੇ ਨਾਲ ਲਾ ਲਿਆ। ਹੱਥ ਜੋੜ ਕੇ ਗੁਰੂ ਜੀ ਵੱਲ ਬੰਦਨਾ ਕੀਤੀ, ਨਿਸ਼ਚਾ ਕੀਤਾ, 'ਪੁੱਤਰ ਗੁਰੂ ਬਣੇਗਾ' ॥੪੪॥

ਸਦਨ ਆਪਨੇ ਬੈਠੀ ਜਾਇ। ਸੁਤਿ ਸੋਂ ਸਰਬ ਪ੍ਰਸੰਗ ਸੁਨਾਇ।
ਨਹਿਂ ਮਨ ਕੁਛ ਸ੍ਰੀ ਤੇਗ ਬਹਾਦਰ। ਇਕ ਰਸ ਬ੍ਰਿਤੀ ਅਨਾਦਰ ਸਾਦਰ ॥੪੫ ॥

ਆਪਣੇ ਘਰ ਜਾ ਕੇ ਬੈਠ ਗਏ ਤੇ ਆਪਣੇ ਪੁੱਤਰ ਨੂੰ ਸਾਰਾ ਪ੍ਰਸੰਗ ਸੁਣਾਇਆ। ਸ੍ਰੀ ਗੁਰੂ ਤੇਗ ਬਹਾਦਰ ਦੇ ਮਨ ਵਿਚ ਕੁਝ ਨਹੀਂ ਸੀ, ਆਦਰ, ਅਨਾਦਰ ਵਿਚ ਉਨ੍ਹਾਂ ਦੀ ਬ੍ਰਿਤੀ ਇਕ ਰਸ ਰਹਿੰਦੀ ਸੀ॥੪੫॥

*ਅੱਠਵੀਂ ਰਾਸ ਦਾ ਪਚਵੰਞਵਾਂ ਅਧਿਆਇ ਸਮਾਪਤ ਹੋਇਆ॥੫੫॥*

## *ਅਧਿਆਇ ਛਪਵੰਞਵਾਂ*

*ਸ੍ਰੀ ਹਰਿਰਾਇ ਜੀ ਨੂੰ ਵਰ*

ਦੋਹਰਾ-ਇਸ ਪ੍ਰਕਾਰ ਸ੍ਰੀ ਸਤਿਗੁਰੂ ਦੇ ਦੇ ਕਰਿ ਬਰ ਸਾਰ।
ਕੀਨਿ ਬਿਲੰਬ ਅਨੰਦ ਜੁਤਿ ਅਪਨੋ ਸਰਬ ਪ੍ਰਵਾਰ॥ ੧॥

ਇਸ ਪ੍ਰਕਾਰ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਸ੍ਰੇਸ਼ਟ ਵਰ ਦੇ ਕੇ ਤੁਰਤ ਆਪਣੇ ਸਾਰੇ ਪਰਿਵਾਰ ਨੂੰ ਅਨੰਦ ਸਹਿਤ ਕਰ ਲਿਆ॥੧॥

ਚੌਪਈ- ਗੁਰ ਤਨ ਤਜਿਬੇ ਕੋ ਬਡ ਰੌਰਾ। ਮਿਲਿ ਮਿਲਿ ਕਰਹਿਂ ਬੈਠਿ ਬਹੁ ਠੌਰਾ।
ਆਪ ਅਛਤ ਹੀ ਸਭਿ ਸਮੁਝਾਏ। ਜਥਾ ਜੋਗ ਪਦ ਕੋ ਗਨ ਪਾਏ॥੨॥

ਗੁਰੂ ਜੀ ਦੇ ਸਰੀਰ ਛੱਡਣ ਦਾ ਵੱਡਾ ਰੌਲਾ ਮਚਿਆ ਹੋਇਆ ਸੀ। ਆਪ ਜੀ ਨੇ ਸਾਹਮਣੇ ਹੋ ਕੇ ਸਭ ਨੂੰ ਸਮਝਾਇਆ। ਸਾਰਿਆਂ ਨੇ ਆਪੋ ਆਪਣੀ ਯੋਗਤਾ ਦੀ ਪਦਵੀ ਨੂੰ ਪਾਇਆ॥੨॥

ਰਿਦਾ ਸ਼ਾਂਤਿ ਬਰ ਲੇ ਕਰਿ ਹੋਵਾ। ਤਊ ਚਲਨਿ ਗੁਰ ਕੋ ਢਿਗ ਜੋਵਾ।
ਪਰਜੋ ਸਰਬ ਪਰਿਵਾਰ ਖਭਾਰੂ। ਸੋਚਤਿ ਸੋਚਨ, ਸੰਕਟ ਭਾਰੂ॥ ੩॥

ਵਰ ਪ੍ਰਾਪਤ ਕਰਕੇ ਹਿਰਦਾ ਸ਼ਾਂਤ ਹੋ ਗਿਆ, ਫਿਰ ਵੀ ਗੁਰੂ ਜੀ ਪਾਸ ਚਲ ਕੇ ਜਾਂਦੇ ਸਨ। ਸਾਰਾ ਪਰਿਵਾਰ ਮੁਸੀਬਤ ਅਤੇ ਘਬਰਾਹਟ ਵਿਚ ਪਿਆ ਸੀ। ਸੋਚ-ਸੋਚ ਕੇ ਭਾਰੀ ਸੰਕਟ ਵਧਦਾ ਜਾਂਦਾ ਸੀ॥੩॥

ਕਿਸ ਕੋ ਸੁਧ ਕਹਾ ਹੋਇ ਪਿਛਾਰੀ। ਹੁਤੇ ਸਮਰਥ ਲੇਤਿ ਸੰਭਾਰੀ।
ਅਲਪ ਬੈਸ ਮਹਿਂ ਤਖਤ ਬਿਠਾਯੋ। ਅਪਰ ਨਹੀਂ ਕੋਊ ਬਡਿਆਯੋ॥੪॥

ਕਿਸੇ ਨੂੰ ਕੀ ਪਤਾ ਸੀ ਕਿ ਬਾਅਦ ਵਿਚ ਕੀ ਹੋਵੇਗਾ, ਗੁਰੂ ਜੀ ਸਮਰੱਥ ਸਨ ਸੰਭਾਲ ਲੈਂਦੇ ਸਨ। ਸ੍ਰੀ ਹਰਿਰਾਇ ਜੀ ਨੂੰ ਛੋਟੀ ਉਮਰ ਵਿਚ ਹੀ ਤਖਤ ਤੇ ਬਿਠਾ ਦਿੱਤਾ। ਹੋਰ ਕਿਸੇ ਨੂੰ ਵਡਿਆਈ ਨਾ ਦਿੱਤੀ॥੪॥

ਸ਼ਾਹੁ ਸੰਗ ਨਹਿਂ ਮੇਲ, ਬਿਖੇਰਾ। ਸੋ ਪੁਰਸ਼ਾਰਥ ਕਰਹਿ ਬਡੇਰਾ।
ਇੱਤਜਾਦਿਕ ਬਹੁ ਰਹੇ ਬਿਚਾਰ। ਨਿਜ ਨਿਜ ਤਕਹਿਂ ਅਲੰਬ ਉਦਾਰ॥੫॥

ਬਾਦਸ਼ਾਹ ਨਾਲ ਮੇਲ ਨਹੀਂ ਹੈ, ਬਖੇੜਾ ਹੈ, ਉਹ ਵੱਡੇ ਪ੍ਰਾਕਰਮ ਕਰਦੇ ਸਨ। ਇੱਤਆਦਿ ਬਹੁਤ ਵਿਚਾਰ ਕਰਦੇ ਰਹੇ, ਆਪਣਾ-ਆਪਣਾ ਸਾਰੇ ਉੱਤਮ ਆਸਰਾ ਤਕਦੇ ਸਨ॥੫॥

ਇਕ ਦਿਨ ਨਰ ਸਰੂਪ ਧਰਿ ਆਏ। ਬੰਦਨ ਗੀਰਬਾਨ ਸਮੁਦਾਏ।
ਅਗਨਿ, ਪਰੋਗਮ, ਸੁਰਪਤਿ ਆਦਿ। ਦਰਸ਼ਨ ਦੇਖਿ ਭਏ ਅਹਿਲਾਦ॥੬॥

ਇਕ ਦਿਨ ਦੇਵਤੇ ਨਰ ਦਾ ਸਰੂਪ ਧਾਰ ਕੇ ਆ ਗਏ, ਸਾਰੇ ਦੇਵਤਿਆਂ ਨੇ ਮਿਲ ਕੇ ਬੰਦਨਾ ਕੀਤੀ। ਅਗਨੀ, ਆਗੂ ਦੇਵਤੇ ਇੰਦਰ ਆਦਿ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਏ॥੬॥

ਪਦ ਅਰਬਿੰਦ ਬੰਦਨਾ ਧਾਰੀ। ਗੁਰੂ ਇਕਾਕੀ ਸੰਗ ਉਚਾਰੀ।
'ਹੇ ਪ੍ਰਭੁ! ਜਗ ਕੇ ਕਾਜ ਸੁਧਾਰੇ। ਸੰਤ ਉਬਾਰਿ ਦੁਸ਼ਟ ਗਨ ਮਾਰੇ॥੭॥

ਚਰਨ ਕੰਵਲਾਂ ਤੇ ਬੰਦਨਾ ਕੀਤੀ ਤੇ ਇਕਾਂਤ ਵਿਚ ਗੁਰੂ ਜੀ ਨੂੰ ਕਿਹਾ, "ਹੇ ਪ੍ਰਭੂ! ਤੁਸੀਂ ਜਗਤ ਦੇ ਕਾਰਜ ਸੁਧਾਰੇ ਹਨ, ਸੰਤਾਂ ਨੂੰ ਬਚਾ ਕੇ ਬਹੁਤ ਦੁਸ਼ਟਾਂ ਨੂੰ ਮਾਰਿਆ ਹੈ॥੭॥

ਮਹਾਂ ਪ੍ਰਤਾਪ ਸਹਿਤ ਰਣ ਘਾਲੇ। ਮਨਮੁਖ ਦੁਖ ਲਹਿ, ਸਿੱਖ ਸੁਖਾਲੇ।
ਅਬਹਿ ਸੁਰਨ ਕੋ ਦੇਹੁ ਅਨੰਦ। ਚਲਹੁ ਆਪਨੀ ਪੁਰੀ, ਮੁਕੰਦ!'॥੮॥

ਮਹਾਨ ਪ੍ਰਤਾਪ ਸਹਿਤ ਯੁੱਧ ਵਿਚ ਮਾਰਿਆ ਹੈ, ਮਨਮੁੱਖਾਂ ਨੇ ਦੁਖ ਪਾਇਆ ਹੈ ਤੇ ਸਿੱਖ ਸੁਖੀ ਹੋਏ ਹਨ। ਹੁਣ ਦੇਵਤਿਆਂ ਨੂੰ ਵੀ ਅਨੰਦ ਦੇਵੋ, ਹੇ ਮੁਕਤੀ ਦਾਤੇ! ਹੁਣ ਆਪਣੀ ਪੁਰੀ ਵਿਚ ਚਲੋ'॥੮॥

ਸ੍ਰੀ ਹਰਿਗੋਵਿੰਦ ਤਬਹਿ ਉਚਾਰਾ। 'ਹਮ ਕੀਨੋ ਹੈ ਪੂਰਬ ਤਜਾਰਾ।
ਅਬਿ ਪਰਲੋਕ ਗਮਨ ਬਨਿ ਆਯੋ। ਗਾਦੀ ਸ੍ਰੀ ਹਰਿਰਾਇ ਬਿਠਾਯੋ॥੯॥

ਸ੍ਰੀ ਹਰਿਗੋਬਿੰਦ ਜੀ ਨੇ ਫਿਰ ਕਿਹਾ, "ਅਸੀਂ ਤਾਂ ਪਹਿਲਾਂ ਹੀ ਤਿਆਰੀ ਕੀਤੀ ਹੈ। ਹੁਣ ਪਰਲੋਕ ਜਾਣਾ ਬਣਦਾ ਹੈ, ਗੱਦੀ ਤੇ ਸ੍ਰੀ ਹਰਿਰਾਇ ਨੂੰ ਬਿਠਾ ਦਿੱਤਾ ਹੈ॥੯॥

**ਕਾਰਜ ਅਪਰ ਸਰਬ ਕਰਿ ਲੀਨੇ। ਆਨਿ ਅਬਹਿ ਤੁਮ ਦਰਸ਼ਨ ਦੀਨੇ।**
**ਅਤਿ ਸੁੰਦਰ ਆਗਵਨ ਤੁਮਾਰਾ। ਦੈਬੋ ਬਰ ਸਚ ਸ੍ਰਾਪ ਉਦਾਰਾ॥ ੧੦॥**

ਹੋਰ ਸਾਰੇ ਕਾਰਜ ਕਰ ਲਏ ਹਨ, ਤੁਸੀਂ ਹੁਣ ਆ ਕੇ ਦਰਸ਼ਨ ਦਿੱਤੇ ਹਨ। ਤੁਹਾਡਾ ਆਉਣਾ ਅਤੀ ਸੁੰਦਰ ਹੈ, ਤੁਹਾਡਾ ਦਿੱਤਾ ਵਰ ਸਰਾਪ ਉੱਤਮ ਰੂਪ ਵਿਚ ਸੱਚ ਹੁੰਦਾ ਹੈ॥੧੦॥

**ਸਫਲ ਸੁ ਪਾਵਨ ਦਰਸ ਬਿਸਾਲੇ। ਕਰਤਿ ਜਗਤ ਸਭਿ ਕੀ ਪ੍ਰਤਿਪਾਲੇ।**
**ਆਸ਼੍ਰਿਤ ਸਕਲ ਤੁਮਾਰੇ ਅਹੈਂ। ਸੇਵਤਿ ਜੋ ਸੁ ਕਾਮਨਾ ਲਹੈਂ॥ ੧੧॥**

ਤੁਹਾਡੇ ਦਰਸ਼ਨ ਕਰਨੇ ਸਫਲ ਅਤੇ ਸ੍ਰੇਸ਼ਟ ਪਵਿੱਤਰ ਹਨ, ਜਗਤ ਵਿਚ ਸਭ ਦੀ ਪਾਲਣਾ ਕਰਦੇ ਹੋ। ਸਾਰੇ ਤੁਹਾਡੇ ਆਸਰੇ ਰਹਿੰਦੇ ਹਨ, ਜੋ ਸੇਵਾ ਕਰਦੇ, ਉਨ੍ਹਾਂ ਦੀਆਂ ਕਾਮਨਾਵਾਂ ਪੂਰੀਆਂ ਹੁੰਦੀਆਂ ਹਨ'॥੧੧॥

**ਸੁਨਿ ਸੁਰ ਗਨ ਅਪਨੀ ਬਡਿਆਈ। ਕਹਜੋ 'ਮ੍ਰਿਜਾਦਾ ਰਖਹੁ ਗੁਸਾਈ!**
**ਦਈ ਆਪ ਕੀ ਬਹੁ ਉਚਿਤਾਈ। ਪਰੇ ਭੀਰ ਤੁਮ ਹੋਹੁ ਸਹਾਈ॥ ੧੨॥**

ਸਾਰਿਆਂ ਦੇਵਤਿਆਂ ਆਪਣੀ ਵਡਿਆਈ ਸੁਣ ਕੇ ਕਿਹਾ, "ਹੇ ਮਾਲਕ, ਮਰਯਾਦਾ ਰਖੋ, ਇਹ ਸਾਰੀ ਉਚਤਾਈ ਆਪ ਜੀ ਦੀ ਹੀ ਦਿੱਤੀ ਹੋਈ ਹੈ, ਜਦ ਵੀ ਭੀੜ ਪਵੇ ਤੁਸੀਂ ਸਹਾਇਕ ਹੁੰਦੇ ਹੋ॥੧੨॥

**ਜਬਿ ਕਬਿ ਸੰਕਟ ਕਟੇ ਹਮਾਰੇ। ਬਲੀ ਬਿਲੰਦ ਸੁ ਦ੍ਵੈਖੀ ਮਾਰੇ।**
**ਨਿਸ਼ਕੰਟਕ ਕਰਿ ਰਾਜ ਬਿਠਾਏ। ਉਸਤਤਿ ਕਰਤਿ ਭਏ ਸਮੁਦਾਏ॥ ੧੩॥**

ਜਦ ਕਦ ਸਾਡੇ ਸੰਕਟ ਕੱਟਦੇ ਹੋ, ਵੱਡੇ-ਵੱਡੇ ਬਲੀ ਅਤੇ ਦ੍ਵੈਖੀ ਵੀ ਸਾਰੇ ਮਾਰ ਦਿੱਤੇ ਹਨ। ਬੇਫਿਕਰ ਕਰਕੇ ਰਾਜ ਤੇ ਬਿਠਾ ਦਿੱਤੇ। ਸਾਰੇ ਤੁਹਾਡੀ ਉਸਤਤਿ ਕਰਦੇ ਹਨ॥੧੩॥

*ਸੁਰੇਵਾਚ॥ ਭੁਜੰਗ ਪ੍ਰਯਾਤ ਛੰਦ॥*

**'ਸਦਾ ਦੇਵ ਪਾਲੇ, ਬਿਨੈ ਆਪ ਮਾਨੇ। ਸਹਾਈ ਬਨੋ, ਬ੍ਰਿੰਦ ਦੋਖੀਨਿ ਹਾਨੇ।**
**ਮਹਾਰਾਜ! ਰਾਜਾਨਿ ਰਾਜਾਧਿਰਾਜੇ! ਮਹਾਂ ਤੇਜ ਧਾਰੀ, ਕਰੋ ਸੰਤ ਕਾਜੇ॥ ੧੪॥**

ਦੇਵਤਿਆਂ ਨੇ ਕਿਹਾ, ਸਦਾ ਦੇਵਤਿਆਂ ਦੀ ਪਾਲਣਾ ਕਰਦੇ ਹੋ, ਸਾਡੀ ਬੇਨਤੀ ਮੰਨਦੇ ਹੋ, ਸਹਾਇਕ ਬਣਦੇ ਹੋ, ਬਹੁਤ ਦੋਖਾਂ ਨੂੰ ਦੂਰ ਕਰਦੇ ਹੋ। ਵੱਡੇ ਮਹਾਰਾਜ ਹੋ, ਰਾਜਿਆਂ ਦੇ ਵੀ ਜੋ ਰਾਜੇ ਹਨ, ਉਨ੍ਹਾਂ ਦੇ ਵੀ ਆਪ ਮਹਾਰਾਜੇ ਹੋ। ਮਹਾਂ ਤੇਜ ਧਾਰਨ ਕੀਤਾ ਹੈ ਤੇ ਸੰਤਾਂ ਦੇ ਸਾਰੇ ਕੰਮ ਕਰਦੇ ਹੋ॥੧੪॥

**ਜਗੰਨਾਥ ਮਾਧੋ, ਸਰੂਪੰ ਛਬੀਲਾ। ਕਰੋ ਲੋਕ ਮੈਂ ਮਾਨਵੀ ਚਾਰੁ ਲੀਲਾ।**
**ਨਯੋ ਪੰਥ ਸਿੱਖੀ ਬਿਥਾਰੀ ਮੁਕੰਦਾ! ਬਿਕਾਰੰ ਬਿਹੀਨਾ, ਕੁਬੰਧੰ ਨਿਕੰਦਾ॥੧੫॥**

ਹੇ ਮਾਧੋ! ਤੁਸੀਂ ਜਗਤ ਦੇ ਨਾਥ ਹੋ, ਤੁਹਾਡਾ ਛੈਲ ਛਬੀਲਾ ਸਰੂਪ ਹੈ, ਇਹ ਲੋਕ ਵਿਚ ਮਾਨਵੀ ਸਰੂਪ ਧਾਰ ਕੇ ਸੁੰਦਰ ਲੀਲ੍ਹਾ ਕਰ ਰਹੇ ਹੋ। ਹੇ ਮੁਕਤੀ ਦਾਤੇ! ਨਵੇਂ ਪੰਥ ਸਿੱਖੀ ਦਾ ਵਿਸਥਾਰ ਕੀਤਾ ਹੈ, ਵਿਕਾਰਾਂ ਰਹਿਤ ਕੀਤਾ, ਖੋਟੇ ਬੰਧਨਾਂ ਨੂੰ ਕੱਟਣ ਵਾਲੇ ਹੋ॥੧੫॥

**ਭਈ ਬੁੱਧਿ ਮੰਦੰ ਕਲੀ ਕਾਲ ਜਾਨੀ। ਲਿਯੋ ਬੇਦ ਸਾਰੰ ਰਚੀ ਚਾਰੁ ਬਾਨੀ।**
**ਪਠੰਤੇ ਸੁਨੰਤੇ ਹਨੰਤੇ ਕਲੰਕਾ। ਲਹੈਂ ਮੋਖ ਕੋ ਅੰਤੁਕੈ ਨ ਅਤੰਕਾ॥ ੧੬॥**

ਕਲਿਜੁਗ ਵਿਚ, ਲੋਕਾਂ ਦੀ ਮਾੜੀ ਬੁੱਧੀ ਹੋ ਗਈ ਜਾਣੀ ਤੇ ਵੇਦਾਂ ਦਾ ਸਾਰ ਲੈ ਕੇ ਸੁੰਦਰ ਬਾਣੀ ਰਚੀ ਹੈ। ਪੜ੍ਹ ਕੇ, ਸੁਣ ਕੇ ਕਲੰਕਾਂ ਦਾ ਨਾਸ਼ ਹੁੰਦਾ ਹੈ, ਮੁਕਤੀ ਪ੍ਰਾਪਤ ਕਰਦੇ ਹਨ ਤੇ ਜਮ ਦਾ ਡਰ ਨਹੀਂ ਰਹਿੰਦਾ ਹੈ॥੧੬॥

ਭਏ ਬੰਸ ਬੇਦੀ ਬਿਖੈ ਸੰਤ ਮੰਤਾ। ਦਿਯੋ ਸੱਤਿਨਾਮੁ ਮਹਾਂ ਮੰਤ੍ਰ ਜੰਤਾ।
ਨਵੋ ਖੰਡ ਮਾਂਹੀ ਕਰੀ ਕਿੱਤ ਮੰਡੰ। ਗੁਰੂ ਰੂਪ ਹੋਏ ਮਤੰ ਖੰਡ ਖੰਡੰ॥ ੧੭॥

ਬੇਦੀ ਬੰਸ ਵਿਚ ਸ਼ਾਂਤੀ ਦੀ ਮੱਤ ਵਾਲੇ ਹੋਏ ਹਨ, ਜੀਵਾਂ ਨੂੰ ਸਤਿਨਾਮ ਦਾ ਮਹਾਂ ਮੰਤਰ ਦਿੱਤਾ ਹੈ। ਨੌਵਾਂ ਖੰਡਾਂ ਵਿਚ ਕੀਰਤੀ ਅਸਥਾਪਨ ਕੀਤੀ ਹੈ। ਗੁਰੂ ਰੂਪ ਹੋ ਕੇ ਹੰਕਾਰ ਨਾਲ ਭਰਿਆਂ ਨੂੰ ਟੋਟੇ-ਟੋਟੇ ਕੀਤਾ ਹੈ॥੧੭॥

ਅਰਜੋ ਕੋ ਨ ਆਗੇ ਕਰਾਮਾਤ ਭਾਰੇ। ਜਸੰ ਚਾਰੁ ਫੈਲਾ, ਜਪੈਂ ਨਾਮ ਸਾਰੇ।
ਮਹਾਂ ਮੋਹ ਸੌਂਡੀ ਰਿਦੈ ਕਾਨਨੋ ਮੈਂ। ਬਡੋ ਬਾਕ ਸ਼ੇਰੰ ਤੁਮਾਰੋ ਜਨੋ ਮੈਂ॥ ੧੮॥

ਕੋਈ ਵੀ ਅੱਗੇ ਨਾ ਅੜਿਆ ਭਾਰੀ ਕਰਾਮਾਤ ਹੈ, ਸੁੰਦਰ ਜੱਸ ਫੈਲਿਆ ਤੇ ਸਾਰੇ ਨਾਮ ਜਪਦੇ ਹਨ। ਲੋਕਾਂ ਦੇ ਹਿਰਦੇ ਰੂਪੀ ਵਣ ਵਿਚ ਮਹਾਂ ਮੋਹ ਰੂਪੀ ਹਾਥੀ ਨੂੰ ਆਪ ਜੀ ਦੀ ਬਾਣੀ ਵੱਡੇ ਸ਼ੇਰ ਵਾਂਗ ਹੈ॥੧੮॥

ਕਈ ਕੋਟ ਦਾਸਾਨਿ ਕੋ ਪਾਰ ਕੀਨੋ। ਖਟੰ ਰੂਪ ਧਾਰੇ ਭਲੋ ਪੰਥ ਦੀਨੋ।
ਗੁਰੂ ਸਿੱਖ ਕੈ ਨੇਰ ਜਾਵੈ ਨ ਦੂਤੰ। ਧਰੈ ਧਯਾਨ ਕੋ, ਹੋਹਿ ਸੋ ਬੁੱਧਿ ਪੂਤੰ॥ ੧੯॥

ਕਈ ਕਰੋੜਾਂ ਦਾਸਾਂ ਨੂੰ ਪਾਰ ਕੀਤਾ ਹੈ, ਛੇਵਾਂ ਰੂਪ ਧਾਰ ਕੇ ਭਲਾ ਮਾਰਗ ਦਿੱਤਾ ਹੈ। ਗੁਰੂ ਸਿੱਖ ਦੇ ਨੇੜੇ ਜਮ ਦਾ ਦੂਤ ਨਹੀਂ ਜਾਂਦਾ ਹੈ, ਧਿਆਨ ਧਾਰਨ ਨਾਲ ਪਵਿੱਤਰ ਬੁੱਧੀ ਵਾਲਾ ਹੋ ਜਾਂਦਾ ਹੈ॥੧੯॥

ਰਿਪੂ ਸੰਗ ਜੰਗੰ ਕਰੇ ਅੰਗ ਭੰਗੰ। ਬਿਜੈ ਲੀਨਿ ਭਾਰੀ ਸੁਧਾਰੇ ਅਤੰਗੰ।
ਨਮੋ ਪਾਦ ਕੰਜੰ, ਕ੍ਰਿਪਾਲੰ ਸਰੂਪੰ! ਮੁਕੰਦੰ, ਸੁਛੰਦੰ, ਅਨੰਦੰ, ਅਨੂਪੰ॥ ੨੦॥

ਵੈਰੀ ਨਾਲ ਜੰਗ ਕਰਕੇ ਉਨ੍ਹਾਂ ਦੇ ਅੰਗ ਕੱਟ ਦਿੱਤੇ, ਭਾਰੀਆਂ ਜਿੱਤਾਂ ਪ੍ਰਾਪਤ ਕੀਤੀਆਂ ਤੇ ਡਰ ਪਾ ਕੇ ਸਾਰੇ ਸੁਧਾਰ ਦਿੱਤੇ। ਹੇ ਕ੍ਰਿਪਾਲੂ ਸਰੂਪ! ਤੁਹਾਡੇ ਚਰਨ ਕੰਵਲਾਂ ਤੇ ਨਮਸਕਾਰ ਹੈ। ਤੁਸੀਂ ਮੁਕਤੀ ਦਾਤੇ ਹੋ, ਆਪਣੀ ਇੱਛਾ ਅਨੁਸਾਰ ਚਲਣ ਵਾਲੇ ਹੋ, ਅਨੰਦ ਦੇਣ ਵਾਲੇ ਹੋ ਅਤੇ ਅਨੂਪਮ ਹੋ॥੨੦॥

ਸਦਾ ਜੈ, ਸਦਾ ਜੈ, ਸਦਾ ਜੈ, ਤੁਮਾਰੀ। ਗੁਰੂ ਰੂਪ ਸਾਰੇ ਨਮੋ ਹੈ ਹਮਾਰੀ।
ਮਨੋਕਾਮਨਾ ਪੂਰ ਦਾਸਾਨਿ ਕੇਰੀ। ਕਰੋ ਦੇਵ ਬਿੰਦ੍ਰਾਨ ਰੱਛਾ ਬਡੇਰੀ॥ ੨੧॥

ਤੁਹਾਡੀ ਸਦਾ ਜੈ, ਸਦਾ ਜੈ, ਸਦਾ ਜੈ ਹੋਵੇ, ਸਾਰੇ ਗੁਰੂ ਸਰੂਪਾਂ ਨੂੰ ਸਾਡੀ ਨਮਸਕਾਰ ਹੈ। ਆਪਣੇ ਸੇਵਕਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਦੇ ਹੋ। ਸਾਰੇ ਦੇਵਤਿਆਂ ਦੀ ਵੱਡੀ ਰਖਿਆ ਕਰਦੇ ਹੋ॥੨੧॥

ਦੋਹਰਾ- ਇਮ ਅਸ਼ਟਕ ਸੁਰ ਸਰਬ ਕਰਿ ਉਰ ਮਹਿਂ ਆਨੰਦ ਪਾਇ।
ਦਰਸ਼ਨ ਪਰਸਨ ਸਰਸਹੀ ਗਮਨੇ ਪੁਨ ਸਮੁਦਾਇ॥ ੨੨॥

ਇਸ ਤਰ੍ਹਾਂ ਅੱਠ ਪਦਾਂ ਦੀ ਉਸਤਤਿ ਕਰਕੇ ਸਾਰੇ ਦੇਵਤਿਆਂ ਨੇ ਹਿਰਦੇ ਵਿਚ ਬਹੁਤ ਅਨੰਦ ਪਾਇਆ। ਦਰਸ਼ਨ ਪਰਸਨ ਕਰਕੇ ਪ੍ਰਫੁਲਤ ਹੋ ਕੇ ਸਾਰੇ ਚਲੇ ਗਏ॥੨੨॥

ਚੌਪਈ- ਇਕ ਕੋਸ਼ਠ ਸਤਿਗੁਰੂ ਕਰਾਯੋ। ਨਾਮ ਪਤਾਲਪੁਰੀ ਤਿਸ ਗਾਯੋ।
ਹੋਨਿ ਪ੍ਰਵੇਸ਼ ਤਿਸੀ ਮਹਿ ਚਾਹਾ। ਸਭਿਹਿਨਿ ਕੋ ਬੁਲਾਇ ਕਰਿ ਪਾਹਾ॥੨੩॥

ਸਤਿਗੁਰੂ ਜੀ ਨੇ ਇਕ ਮਕਾਨ ਬਣਵਾਇਆ ਤੇ ਉਸ ਦਾ ਨਾਂ ਪਾਤਾਲਪੁਰੀ ਰੱਖ ਦਿੱਤਾ। ਸਾਰਿਆਂ ਨੂੰ ਪਾਸ ਬੁਲਾ ਕੇ ਉਸ ਮਕਾਨ ਵਿਚ ਪ੍ਰਵੇਸ਼ ਹੋਣਾ ਚਾਹਿਆ॥੨੩॥

ਆਪ ਜਾਨਿ ਪਰਲੋਕ ਮਝਾਰੇ। ਜੁਤਿ ਕੁਟੰਬ ਸਭਿ ਸੰਗ ਉਚਾਰੇ।
ਪੂਰਬ ਸ੍ਰੀ ਹਰਿਰਾਇ ਸਮੀਪ। ਬੈਠਜੋ ਆਨਿ ਜੋਧ ਅਵਨੀਪ॥ ੨੪॥

ਗੁਰੂ ਜੀ ਆਪ ਪਰਲੋਕ ਜਾਣਾ ਚਾਹੁੰਦੇ ਸਨ, ਪਰਿਵਾਰ ਸਮੇਤ ਸਭ ਨਾਲ ਉਚਾਰਨ ਕੀਤਾ। ਪਹਿਲਾਂ ਸ੍ਰੀ ਹਰਿ ਰਾਇ ਜੀ ਆ ਕੇ ਪਾਸ ਬੈਠ ਗਏ, ਫਿਰ ਰਾਜਾ ਜੋਧ ਪਾਸ ਆ ਕੇ ਬੈਠ ਗਿਆ॥੨੪॥

ਗੁਰ ਘਰਨੀ ਦੋਨਹੁਂ ਸੁਨਿ ਆਈ। ਛੁਭਤਿ ਰਿਦਾ ਅੱਸ਼੍ਰੂਨ ਬਹਾਈ।
ਬ੍ਰਿੰਦ ਮਸੰਦ ਬਿਲੰਦੈ ਆਏ। ਸਿਖ ਸੰਗਤਿ ਇਕਠੀ ਸਮੁਦਾਏ॥ ੨੫॥

ਇਹ ਸੁਣ ਕੇ ਗੁਰੂ ਜੀ ਦੀਆਂ ਦੋਵੇਂ ਪਤਨੀਆਂ ਵੀ ਆ ਗਈਆਂ। ਉਨ੍ਹਾਂ ਦਾ ਹਿਰਦਾ ਬਹੁਤ ਘਬਰਾਇਆ ਹੋਇਆ ਸੀ ਤੇ ਹੰਝੂ ਵਹਾ ਰਹੀਆਂ ਸਨ। ਵੱਡੇ-ਵੱਡੇ ਮਸੰਦ ਬਹੁਤ ਆਏ, ਸਾਰੀ ਸਿੱਖ ਸੰਗਤ ਇਕੱਠੀ ਹੋ ਗਈ॥੨੫॥

ਸਭਿ ਸੋਂ ਊਚ ਉਚਾਰਿ ਸੁਨਾਯੋ। 'ਹਮ ਸੋਂ ਕਹਹੁ ਜਥਾ ਜਿਸ ਭਾਯੋ।
ਹਮਰੀ ਤਯਾਰੀ ਹੈ ਪਰਲੋਕ। ਧਰਹੁ ਅਨੰਦ, ਨ ਕੀਜਹਿ ਸ਼ੋਕ'॥ ੨੬॥

ਸਾਰਿਆਂ ਨੂੰ ਉੱਚੀ ਆਵਾਜ਼ ਵਿਚ ਸੁਣਾਇਆ, "ਜਿਸ ਤਰ੍ਹਾਂ ਵੀ ਕਿਸੇ ਨੂੰ ਚੰਗਾ ਲੱਗਦਾ ਹੈ, ਉਸ ਤਰ੍ਹਾਂ ਹੀ ਸਾਨੂੰ ਕਹੋ। ਸਾਡੀ ਪਰਲੋਕ ਜਾਣ ਦੀ ਤਿਆਰੀ ਹੈ, ਅਨੰਦ ਧਾਰਨ ਕਰੋ, ਸ਼ੋਕ ਨਾ ਕਰੋ'॥੨੬॥

ਸੁਨਤਿ ਸਭਿਨਿ ਕੇ ਮਨ ਮੁਰਝਾਏ। ਸ਼ੀਘ੍ਰ ਬਿਲੋਚਨ ਜਲ ਭਰਿ ਆਏ।
ਬਦਨ ਸਦਨ ਦੁਤਿ ਜਿਮ ਅਰਬਿੰਦ। ਕਰੇ ਪ੍ਰੇਮ ਕੋ ਹੇਰਤਿ ਬ੍ਰਿੰਦ॥ ੨੭॥

ਇਹ ਸੁਣ ਕੇ ਸਾਰਿਆਂ ਦੇ ਮਨ ਮੁਰਝਾ ਗਏ, ਛੇਤੀ ਹੀ ਉਨ੍ਹਾਂ ਦੇ ਨੈਣਾਂ ਵਿਚ ਜਲ ਭਰ ਆਇਆ। ਜਲ ਤੋਂ ਬਗੈਰ ਜਿਵੇਂ ਕੰਵਲ ਦੇ ਫੁੱਲ ਦੀ ਚਮਕ ਹੁੰਦੀ ਹੈ। ਸਾਰੇ ਇਸ ਤਰ੍ਹਾਂ ਗੁਰੂ ਜੀ ਨੂੰ ਬੜੇ ਪ੍ਰੇਮ ਨਾਲ ਵੇਖ ਰਹੇ ਸਨ॥੨੭॥

ਬੋਲਨਿ ਕੇ ਸਮਰਥ ਨਹਿਂ ਹੋਏ। ਇਕ ਟਕ ਗੁਰ ਸਰੂਪ ਕਹੁ ਜੋਏ।
ਥਿਰੇ ਹਜ਼ਾਰਹੁਂ ਤੂਸ਼ਨਿ ਧਾਰੇ। ਬਿਸਮਤਿ ਰਿਦੈ ਕਸ਼ਟ ਜਿਨ ਭਾਰੇ॥ ੨੮॥

ਉਹ ਬੋਲਣ ਦੇ ਸਮਰੱਥ ਨਾ ਹੋਏ, ਇਕ ਟਕ ਗੁਰੂ ਜੀ ਦੇ ਸਰੂਪ ਨੂੰ ਵੇਖੀ ਜਾਂਦੇ ਸਨ। ਹਜ਼ਾਰਾਂ ਲੋਕ ਮੋਨ ਧਾਰ ਕੇ ਬੈਠੇ ਸਨ। ਹੈਰਾਨ ਬੈਠੇ ਸਨ, ਜਿਨ੍ਹਾਂ ਦੇ ਹਿਰਦਿਆਂ ਵਿਚ ਭਾਰੀ ਕਸ਼ਟ ਸੀ॥੨੮॥

ਸਭਿ ਦਿਸ਼ਿ ਦੇਖਿ ਬਹੁਰ ਗੁਰ ਕਹਜੋ। 'ਇਸ ਮਹਿਂ ਕਹਾ ਅਚਰਜ ਤੁਮ ਲਹਜੋ?।
ਸਲਿਤਾ ਸਮ ਜਗ ਕੋ ਪਰਵਾਹਾ। ਥਿਰਹਿ ਨ ਕੋਊ, ਸਭਿ ਚਲਿ ਜਾਹਾ॥੨੯॥

ਸਭ ਪਾਸੇ ਵੇਖ ਕੇ ਫਿਰ ਗੁਰੂ ਜੀ ਨੇ ਕਿਹਾ, "ਇਸ ਵਿਚ ਤੁਸੀਂ ਕੀ ਅਸਚਰਜ ਵੇਖਿਆ ਹੈ? ਦਰਿਆ ਵਾਂਗ ਜਗਤ ਦਾ ਪ੍ਰਵਾਹ ਚਲਦਾ ਹੈ। ਇਥੇ ਕੋਈ ਵੀ ਨਹੀਂ ਰਹੇਗਾ, ਸਾਰੇ ਚਲੇ ਜਾਣਗੇ॥੨੯॥

ਜੇ ਅਨਹੋਤ ਹੋਤਿ ਕੋ ਹੇਰੇ। ਉਚਿਤ ਸੋਚਿਬੋ ਲਖਹੁ ਬਡੇਰੇ।
ਇਹੁ ਤੋ ਸਦਾ ਹੋਤਿ ਹੀ ਆਈ। ਕਰਹੁ ਬਿਚਾਰਨਿ, ਥਿਰ ਕਿਹ ਪਾਈ?॥੩੦॥

ਜੇ ਕਿਸੇ ਅਣਹੋਣੀ ਨੂੰ ਹੁੰਦਾ ਵੇਖੋ ਤਦ ਤਾਂ ਸੋਚਣ ਲਾਇਕ ਇਹ ਵੱਡੀ ਗੱਲ ਸਮਝੋ। ਪਰ ਇਹ ਤਾਂ ਸਦਾ ਹੁੰਦੀ ਆਈ ਹੈ, ਇਹ ਵਿਚਾਰ ਕਰੋ ਕਿ ਥਿਰਤਾ ਕਿਸ ਨੇ ਪਾਈ ਹੈ?॥੩੦॥

ਮਹਾਂ ਸਮਰਥ ਬੁੱਧਿ ਬਲ ਕੇਰੇ। ਥਿਰਜੋ ਨ ਜਗ ਕੋ, ਭਏ ਘਨੇਰੇ।
ਯਾਂਤੇ ਕਹਹੁ ਸੁ ਨਿਜ ਨਿਜ ਕਾਂਖਾ। ਅੰਤ ਸਮਾ ਹਮ ਅਪਨੋ ਭਾਖਾ'॥ ੩੧॥

ਮਹਾਂ ਸਮਰੱਥ ਤੇ ਵੱਡੀ ਬੁੱਧੀ ਬਲ ਵਾਲੇ, ਕੋਈ ਵੀ ਜੱਗ ਵਿਚ ਟਿਕਿਆ ਨਹੀਂ ਹੈ, ਬਹੁਤ ਹੋਏ ਹਨ। ਇਸ ਕਰਕੇ ਆਪਣੀ-ਆਪਣੀ ਇੱਛਾ ਬਾਰੇ ਕਹੋ, ਅਸੀਂ ਆਪਣੇ ਅੰਤ ਸਮੇਂ ਬਾਰੇ ਕਹਿ ਦਿੱਤਾ ਹੈ"॥੩੧॥

ਸ੍ਰੀ ਹਰਿਰਾਇ ਸੰਗ ਪੁਨ ਕਹਜੈ। 'ਜਥਾਜੋਗ ਕਰਿਬੋ ਜਿਮ ਲਹਜੋ।
ਸੋ ਤੁਮ ਕਰਹੁ ਸਦਾ ਉਪਦੇਸ਼। ਕਾਟਹੁ ਸਿੱਖਜਨਿ ਕੇਰ ਕਲੇਸ਼॥ ੩੨॥

ਫਿਰ ਸ੍ਰੀ ਹਰਿਰਾਇ ਜੀ ਨੂੰ ਕਿਹਾ, ''ਜਿਵੇਂ ਵੇਖਦੇ ਹੋ ਯਥਾਯੋਗ ਕਰੋ। ਇਸ ਕਰਕੇ ਤੁਸੀਂ ਸਦਾ ਉਪਦੇਸ਼ ਦੇਵੋ ਤੇ ਸਿੱਖਾਂ ਦੇ ਕਲੇਸ਼ ਦੂਰ ਕਰੋ॥੩੨॥

ਹਮ ਸਮ ਜਾਗਹੁ ਪਾਛਲਿ ਰਾਤੀ। ਸੋਚ ਸ਼ਨਾਨ ਕਰਹੁ ਤਿਸ ਭਾਂਤੀ।
ਆਤਮ ਗਜਾਨ ਰਿਦੈ ਮਹਿੰ ਰਾਖਨਿ। ਭਗਤਿ ਉਪਾਸਨ ਕੀਜਹਿ ਭਾਖਨ॥੩੩॥

ਸਾਡੇ ਵਾਂਗ ਪਿਛਲੀ ਰਾਤ ਜਾਗੋ ਤੇ ਉਸ ਪ੍ਰਕਾਰ ਸੋਚ ਇਸ਼ਨਾਨ ਕਰੋ। ਆਤਮ ਗਿਆਨ ਨੂੰ ਹਿਰਦੇ ਵਿਚ ਰੱਖਣ ਲਈ ਭਗਤੀ ਦੀ ਉਪਾਸ਼ਨਾ ਉਚਾਰਣ ਕਰੋ॥੩੩॥

ਜਿਸ ਤੇ ਹੁਇ ਮਿਰਜਾਦ ਭਲੇਰੀ। ਸੋ ਕਰਤੂਤ ਉਚਿਤ ਹੈ ਤੇਰੀ।
ਅਪਰ ਜਿ ਬੂਝਨਿ ਕੋ ਕੁਛ ਚਾਹੋ। ਮਨ ਕੀ ਬਾਤ ਕਹਹੁ ਹਮ ਪਾਹੇ॥ ੩੪॥

ਜਿਸ ਨਾਲ ਭਲੀ ਪ੍ਰਕਾਰ ਮਰਯਾਦਾ ਹੋਵੇ, ਉਹ ਕਰਨਾ ਤੁਹਾਡਾ ਉਚਿਤ ਕਾਰਜ ਹੈ। ਹੋਰ ਜੇ ਕੁਝ ਪੁੱਛਣਾ ਚਾਹੁੰਦੇ ਹੋ ਤਾਂ ਆਪਣੇ ਮਨ ਦੀ ਗੱਲ ਸਾਡੇ ਪਾਸ ਕਹੋ॥੩੪॥

ਧਰਹੁ ਧੀਰ ਅਬਿ ਸ਼ੋਕ ਨ ਕਰੀਅਹਿ। ਸੰਗਤਿ ਸਹਿਤ ਮਸੰਦ ਸੰਭਰੀਅਹਿ।
ਬਰਤਹੁ ਜਥਾ ਜੋਗ ਸਭਿ ਸੰਗ। ਮਮ ਸਮਾਨ ਹੈ ਤੇਰੋ ਅੰਗ॥ ੩੫॥

ਧੀਰਜ ਧਾਰਨ ਕਰੋ ਤੇ ਹੁਣ ਸ਼ੋਕ ਨਾ ਕਰੋ, ਸੰਗਤ ਸਹਿਤ ਮਸੰਦਾਂ ਨੂੰ ਸੰਭਾਲੋ। ਸਾਰਿਆਂ ਨਾਲ ਯਥਾਯੋਗ ਵਰਤਾਓ ਕਰੋ, ਮੇਰੇ ਵਰਗਾ ਤੁਹਾਡਾ ਸਰੀਰ ਹੈ''॥੩੫॥

ਸੁਨਤਿ ਪਿਤਾਮੇ ਕੀ ਸੁਭ ਬਾਨੀ। ਸ੍ਰੀ ਹਰਿਰਾਇ ਸੁ ਬਿਨੈ ਬਖਾਨੀ।
'ਤੁਰਕ ਮੁਲਖਪਤਿ ਸ਼ੱਤ੍ਰੂ ਹਮਾਰੇ। ਸੈਨਾ ਕੋਸ਼ ਆਦਿ ਮਹਿੰ ਭਾਰੇ॥ ੩੬॥

ਆਪਣੇ ਪਿਤਾਮੇ ਦੀ ਸਾਰੀ ਗੱਲ ਸੁਣ ਕੇ, ਸ੍ਰੀ ਗੁਰੂ ਹਰਿਰਾਇ ਜੀ ਨੇ ਬੇਨਤੀ ਕੀਤੀ, ''ਤੁਰਕਾਂ ਦਾ ਬਾਦਸ਼ਾਹ ਸਾਡਾ ਵੈਰੀ ਹੈ, ਸੈਨਾ ਅਤੇ ਧਨ ਵਿਚ ਸਾਡੇ ਨਾਲੋਂ ਵੱਡਾ ਹੈ॥੩੬॥

ਤਿਨ ਸੋਂ ਕਹਾਂ ਕਰਹਿਂ ਬਖਜਾਤੀ ?। ਕੌਨ ਸਥਾਨ ਬਨਹਿਂ ਰਿਪੁ ਘਾਤੀ ?।
ਇਸ ਪੁਰਿ ਬਸਿ, ਕੈ ਅਪਰ ਸਥਾਨ। ਘਾਲੋਂ ਤੁਰਕਨਿ ਸੋਂ ਘਮਸਾਨ? ॥ ੩੭॥

ਉਨ੍ਹਾਂ ਨਾਲ ਪ੍ਰਗਟ ਰੂਪ ਵਿਚ ਕਿਥੇ ਟੱਕਰ ਲਈਏ ? ਕਿਹੜਾ ਸਥਾਨ ਵੈਰੀਆਂ ਨੂੰ ਮਾਰਨ ਵਾਸਤੇ ਬਣਾਈਏ ? ਇਸ ਨਗਰ ਵਿਚ ਵਸੀਏ ਕਿ ਕਿਸੇ ਹੋਰ ਸਥਾਨ ਤੇ ਚਲੇ ਜਾਈਏ, ਜਿਥੇ ਜਾ ਕੇ ਤੁਰਕਾਂ ਨਾਲ ਘਮਸਾਣ ਦਾ ਯੁੱਧ ਕਰਾਂ ?॥੩੭॥

ਕਰੌਂ ਲਥੇਰ ਪਥੇਰ ਬਿਸਾਲਾ। ਪਰਹਿ ਜੰਗ, ਰਿਪੁ ਹਤਹਿਂ ਕਰਾਲਾ'।
ਸੁਨਤਿ ਸਭਾ ਸਭਿ ਅਦਭੁਤ ਭਏ। 'ਦੇਖਹੁ ਕਹਾਂ ਸੁਮਤਿ ਇਨ ਖਿਏ॥ ੩੮॥

ਵਿਸ਼ਾਲ ਬਲ ਕਰਕੇ ਇਨ੍ਹਾਂ ਨੂੰ ਮਿੱਟੀ ਵਿਚ ਮਿਲਾ ਦੇਵਾਂਗਾ, ਜੰਗ ਪਵੇ ਵੈਰੀ ਨੂੰ ਵਿਕਰਾਲ ਰੂਪ ਵਿਚ ਮਾਰਾਂਗਾ।'' ਇਹ ਸੁਣ ਕੇ ਸਾਰੀ ਸਭਾ ਹੈਰਾਨ ਰਹਿ ਗਈ। ਕਹਿੰਦੇ ਸਨ, 'ਵੇਖੋ ਕਿੰਨੀ ਸ੍ਰੇਸ਼ਟ ਬੁੱਧੀ ਵਾਲੇ ਹੋ ਗਏ ਹਨ॥੩੮॥

ਅਲਪ ਬੈਸ ਬ੍ਰਿੱਧਨਿ ਸਮ ਬੋਲੇ। ਭੇ ਸਮਰਥ ਗੁਰਿਆਈ ਕੋ ਲੇ'।
ਸਤਿਗੁਰ ਪੌਤ੍ਰੇ ਕੋ ਮੁਖ ਦੇਖਿ। ਹੋਇ ਪ੍ਰਸੰਨ ਸੁ ਬੀਰ ਪਰੇਖਿ॥ ੩੯॥

ਛੋਟੀ ਉਮਰ ਹੈ, ਪਰ ਵੱਡੀ ਉਮਰ ਦੇ ਵਿਅਕਤੀਆਂ ਵਾਂਗ ਬੋਲਦੇ ਹਨ, ਗੁਰਿਆਈ ਲੈ ਕੇ ਹਰ ਤਰ੍ਹਾਂ ਸਮਰੱਥ ਹੋ ਗਏ ਹਨ। ਸਤਿਗੁਰੂ ਜੀ ਆਪਣੇ ਪੋਤਰੇ ਦੇ ਮੁੱਖ ਵੱਲ ਵੇਖ ਕੇ ਬਹੁਤ ਪ੍ਰਸੰਨ ਹੋਏ, ਉਨ੍ਹਾਂ ਨੂੰ ਵੱਡਾ ਸੂਰਮਾ ਜਾਣਿਆ॥੩੯॥

ਕਹਜੋ ਤਬੈ 'ਤੁਮ ਕਬਹੁੰ ਨ ਲਰੋ। ਸ਼ੱਤ੍ਰੁਨਿ ਦਿਸ਼ਿ ਤੇ ਸ਼ਾਂਤੀ ਧਰਹੁ।
ਕਿਸ ਬਿਧਿ ਤੇ ਨਹਿੰ ਕਰਹੁ ਬਿਖੇਰਾ। ਨਹੀਂ ਸੰਭਾਰਹੁ ਬੈਰ ਬਡੇਰਾ॥ ੪੦॥

ਤਦ ਸਤਿਗੁਰੂ ਜੀ ਨੇ ਕਿਹਾ, "ਤੁਸੀਂ ਕਦੀ ਵੀ ਲੜਾਈ ਨਾ ਕਰੋ, ਵੈਰੀਆਂ ਵਾਲੇ ਪਾਸੇ ਸ਼ਾਂਤੀ ਧਾਰਨ ਕਰੋ। ਕਿਸੇ ਵਿਧੀ ਅਨੁਸਾਰ ਵੀ ਝਗੜਾ ਨਾ ਕਰੋ ਤੇ ਵੱਡੇ ਵੈਰ ਨੂੰ ਨਾ ਸੰਭਾਲੋ॥੪੦॥

ਸੈਨਾ ਦੋ ਸੈ ਦੋਇ ਹਜ਼ਾਰ। ਰਾਖਹੁ ਸੰਗ ਸੁਚੇਤੀ ਧਾਰਿ।
ਨਹੀਂ ਕਦਾਚਿਤ ਰਣ ਕੋ ਚਾਹੋ। ਭੋਗਹੁ ਅਨੰਦ ਬੈਠਿ ਘਰ ਮਾਂਹੋ'॥ ੪੧॥

ਬਾਈ ਸੌ ਦੀ ਗਿਣਤੀ ਵਿਚ ਸੈਨਾ ਰੱਖੋ, ਉਨ੍ਹਾਂ ਨੂੰ ਬੜੇ ਸੁਚੇਤ ਹੋ ਕੇ ਆਪਣੇ ਨਾਲ ਰੱਖੋ। ਕਦੀ ਵੀ ਯੁੱਧ ਕਰਨਾ ਨਾ ਚਾਹੋ, ਘਰ ਵਿਚ ਬੈਠ ਕੇ ਅਨੰਦ ਭੋਗੋ"॥੪੧॥

ਸ੍ਰੀ ਹਰਿਰਾਇ ਕਹਜੋ ਸੁਨਿ ਫੇਰ। 'ਜੇ ਰਿਪੁ ਲੈ ਕਰਿ ਸੈਨ ਘਨੇਰ।
ਚਢਿ ਆਵੈ ਹਮ ਪਰ ਬਲ ਧਰੈ। ਭਰਹਿ ਗਰਬ ਤੇ ਜੇ ਲਰਿ ਪਰੈ॥ ੪੨॥

ਸ੍ਰੀ ਗੁਰੂ ਹਰਿ ਰਾਇ ਜੀ ਨੇ ਇਹ ਸੁਣ ਕੇ ਫਿਰ ਕਿਹਾ, "ਜੇ ਵੈਰੀ ਬਹੁਤ ਵੱਡੀ ਸੈਨਾ ਲੈ ਕੇ ਚੜ੍ਹ ਕੇ ਆ ਜਾਵੇ ਤੇ ਸਾਡੇ ਉਤੇ ਬਲ ਧਾਰਨ ਕਰੇ ਤੇ ਹੰਕਾਰ ਨਾਲ ਭਰ ਕੇ ਜੇ ਲੜ ਪਵੇ॥੪੨॥

ਤਬਿ ਕਹਾ ਕਰਹਿੰ ਹੁਕਮ ਸੋ ਕਰੋ? ਹੋਇ ਅਵੱਸ਼ਜਕ ਰਣ, ਉਰ ਧਰੋਂ'।
ਸੁਨਿ ਕ੍ਰਿਪਾਲ ਸੁਭ ਬਾਕ ਬਖਾਨਾ। 'ਜੋ ਤੁਮ ਪਰ ਜਢਿ ਕਰਹਿ ਪਯਾਨਾ॥੪੩॥

ਫਿਰ ਅਸੀਂ ਕੀ ਕਰੀਏ, ਉਹ ਹੁਕਮ ਕਰੋ? ਫਿਰ ਤਾਂ ਅਵੱਸ਼ ਲੜਾਈ ਨੂੰ ਹਿਰਦੇ ਵਿਚ ਧਾਰਨ ਕਰਾਂਗਾ।" ਕ੍ਰਿਪਾਲੂ ਸਤਿਗੁਰੂ ਜੀ ਨੇ ਸੁਣ ਕੇ ਬਚਨ ਕੀਤਾ, "ਜਿਹੜਾ ਵੀ ਮੂਰਖ ਤੁਹਾਡੇ ਤੇ ਚੜ੍ਹਾਈ ਕਰਕੇ ਆਵੇਗਾ॥੪੩॥

ਸੋ ਨਹਿੰ ਆਵਨ ਪਾਵਹਿ ਕੈਸੇ। ਨਿਫਲ ਪਰਹਿ ਘਨ ਧੁੰਦਹਿ ਜੈਸੇ।
ਓਰੇ ਸਮ ਗਰਿ ਹੈਂ ਮਗ ਮਾਂਹੀ। ਤੁਮ ਲੌ ਪ੍ਰਾਪਤਿ ਹੋਵਹਿੰ ਨਾਂਹੀ॥ ੪੪॥

ਉਹ ਕਿਸੇ ਤਰ੍ਹਾਂ ਵੀ ਤੁਹਾਡੇ ਪਾਸ ਨਹੀਂ ਪਹੁੰਚ ਸਕੇਗਾ, ਉਹ ਧੁੰਦ ਦੇ ਬੱਦਲਾਂ ਵਾਂਗ ਅਸਫਲ ਰਹੇਗਾ। ਗੜੇ ਵਾਂਗ ਰਾਹ ਵਿਚ ਹੀ ਗਲ ਜਾਵੇਗਾ, ਤੁਹਾਡੇ ਤਕ ਪਹੁੰਚ ਨਹੀਂ ਸਕੇਗਾ॥੪੪॥

ਇਹ ਬਰ ਤੁਮ ਕੋ ਅਨ ਮਿਟ ਜਾਨਹੁ। ਬੈਠੇ ਸਦਾ ਅਨੰਦ ਕੋ ਠਾਨਹੁ'।
ਸੁਨਿ ਕਰਿ ਸ੍ਰੀ ਹਰਿਰਾਇ ਅਨੰਦੇ। ਚਰਨ ਪਿਤਾਮੇ ਕੇ ਜੁਗ ਬੰਦੇ॥ ੪੫॥

ਇਹ ਵਰ ਜਿਹੜਾ ਤੁਹਾਨੂੰ ਦਿੱਤਾ ਹੈ ਇਸ ਨੂੰ ਪੱਕਾ ਜਾਣੋ, ਇਹ ਕਦੇ ਵੀ ਮਿਟੇਗਾ ਨਹੀਂ। ਸਦਾ ਅਨੰਦ ਧਾਰ ਕੇ ਬੈਠੇ ਰਹੋ।" ਇਹ ਸੁਣ ਕੇ ਸ੍ਰੀ ਹਰਿ ਰਾਇ ਜੀ ਬਹੁਤ ਪ੍ਰਸੰਨ ਹੋਏ ਤੇ ਆਪਣੇ ਪਿਤਾਮੇ ਦੇ ਦੋਵਾਂ ਚਰਨ ਕੰਵਲਾਂ ਤੇ ਬੰਦਨਾ ਕੀਤੀ॥੪੫॥

*ਅੱਠਵੀਂ ਰਾਸ ਦਾ ਛਪਵੰਜਵਾਂ ਅਧਿਆਇ ਸਮਾਪਤ ਹੋਇਆ॥੫੬॥*

❖❖❖

# ਅਧਿਆਇ ਸਤਵੰਜਵਾਂ

## *ਸ੍ਰੀ ਗੁਰ ਹਰਿਗੋਵਿੰਦ ਸੱਚ ਖੰਡ ਗਮਨ*

ਦੋਹਰਾ-ਸਾਹਿਬ ਭਾਨੇ ਸੋਂ ਕਹਜੋ 'ਤੁਮ ਨਿਜ ਨੰਦਨ ਆਨਿ।
ਸ੍ਰੀ ਹਰਿਰਾਇ ਸਮੀਪਿ ਰਖਿ ਸਦਾ ਰਹੈ ਸੁਖ ਠਾਨਿ॥ ੧॥

ਫਿਰ ਸਤਿਗੁਰੂ ਜੀ ਨੇ ਭਾਨੇ ਸਾਹਿਬ ਨੂੰ ਕਿਹਾ, "ਤੁਸੀ ਆਪਣੇ ਪੁੱਤਰ ਨੂੰ ਲਿਆਵੋ ਜਿਹੜਾ ਸਦਾ ਸੁੱਖ ਪਾ ਕੇ ਸ੍ਰੀ ਹਰਿਰਾਇ ਜੀ ਦੇ ਪਾਸ ਰਹੇ॥੧॥

ਚੌਪਈ- ਰਮਦਾਸ ਕੇ ਗ੍ਰਾਮ ਮਝਾਰੇ। ਤਨ ਕੋ ਤਜਾਗਹੁ ਤਹਾਂ ਸੁਖਾਰੇ'।
ਰਾਇ ਜੋਧ ਸੋਂ ਬਹੁਰ ਬਖਾਨਾ। 'ਹਮ ਪਾਛੈ ਅਵਿਲੋਕ ਬਿਧਾਨਾ॥ ੨॥

ਤੇ ਰਮਦਾਸ ਨਗਰ ਵਿਚ ਜਾ ਕੇ ਸੌਖੇ ਢੰਗ ਨਾਲ ਆਪਣੇ ਸਰੀਰ ਨੂੰ ਛੱਡ ਦੇਵੇ'। ਫਿਰ ਰਾਇ ਜੋਧ ਨੂੰ ਕਿਹਾ,"ਸਾਡੇ ਜੋਤੀ ਜੋਤ ਸਮਾਉਣ ਦੀ ਰੀਤੀ ਵੇਖਣ ਤਕ ਏਥੇ ਰਹੋ॥੨॥

ਪੁਨ ਕਾਂਗੜ ਕੋ ਜਾਹੁ ਸੁਖਾਰੇ। ਭੋਗਹੁ ਪਰਾਲਬਧ ਤਨ ਧਾਰੇ।
ਅੰਤ ਸਮੈ ਹਮ ਹੋਹਿਂ ਸਹਾਇ। ਸੱਤਿਨਾਮ ਸਿਮਰਹੁ ਲਿਵਲਾਇ॥ ੩॥

ਫਿਰ ਆਰਾਮ ਨਾਲ ਕਾਂਗੜ ਚਲੇ ਜਾਵੋ, ਤੇ ਸਰੀਰ ਧਾਰੀ ਆਪਣੀ ਉਮਰ ਭੋਗੋ। ਅੰਤ ਸਮੇਂ ਅਸੀਂ ਤੁਹਾਡੀ ਸਹਾਇਤਾ ਕਰਾਂਗੇ, ਲਿਵ ਲਾ ਕੇ ਸਤਿਨਾਮ ਦਾ ਸਿਮਰਨ ਕਰੋ॥੩॥

ਤਿਮ ਹੀ ਰੂਪਾ ਨਿਜ ਘਰ ਰਹੈ। ਅੰਤ ਪਰਮ ਪਦ ਕੋ ਇਹੁ ਲਹੈ।
ਕਰਹੁ ਦੇਗ ਗੁਰ ਹਿਤ ਬਰਤਾਵਹੁ। ਸਿੱਖੀ ਕੋ ਕਮਾਇ ਸੁਖ ਪਾਵਹੁ॥੪॥

ਉਸ ਤਰ੍ਹਾਂ ਹੀ ਰੂਪਾ ਆਪਣੇ ਘਰ ਵਿਚ ਰਹੇ, ਅੰਤ ਵਿਚ ਇਹ ਪਰਮ ਪਦਵੀ ਪ੍ਰਾਪਤ ਕਰੇਗਾ। ਲੰਗਰ ਚਲਾਵੇ ਗੁਰੂ ਹਿਤ ਗਰੀਬਾਂ ਨੂੰ ਭੋਜਨ ਛਕਾਓ, ਸਿੱਖੀ ਦੀ ਕਮਾਈ ਕਰਕੇ ਸੁੱਖ ਪਾਵੇ॥੪॥

ਤੁਮ ਦੋਨਹੁ ਕੀ ਸੰਤਤਿ ਜੋਈ। ਮੇਲੀ ਗੁਰ ਘਰ ਸੋਂ ਨਿਤ ਹੋਈ।
ਪਹੁਚਹਿਂ ਅਨਿਕ ਬਾਰ ਤਿਸ ਦੇਸ਼। ਮਿਲਹਿਂ ਸਦਾ ਸੁਖ ਲਹਹਿਂ ਅਸ਼ੇਸ਼॥੫॥

ਤੁਹਾਡੇ ਦੋਹਾਂ ਦੀ ਜਿਹੜੀ ਸੰਤਾਨ ਹੋਵੇਗੀ, ਉਹ ਸਦਾ ਗੁਰੂ ਘਰ ਨਾਲ ਮੇਲ ਮਿਲਾਪ ਰਖੇਗੀ। ਅਸੀਂ ਅਨੇਕਾਂ ਵਾਰ ਉਥੇ ਪਹੁੰਚਾਂਗੇ, ਸਦਾ ਮਿਲਾਂਗੇ ਤੇ ਵਿਸ਼ੇਸ਼ ਸੁੱਖ ਪ੍ਰਾਪਤ ਕਰੋਗੇ"॥੫॥

ਰੁਦਤਿ ਅਧਿਕ ਗੁਰ ਤਨੁਜਾ ਆਈ। ਪਿਤ ਕੋ ਮੋਹ ਰਿਦੈ ਉਮਗਾਈ।
ਦੇਖਿ ਤਾਂਹਿ ਕੋ ਧੀਰਜ ਦੀਨਾ। 'ਕਯੋਂ ਐਸੇ ਹੋਈ ਮਨ ਦੀਨਾ॥ ੬॥

ਬਹੁਤ ਰੋਂਦੀ ਹੋਈ ਗੁਰੂ ਜੀ ਦੀ ਪੁੱਤਰੀ ਬੀਬੀ ਵੀਰੋ ਆਈ, ਆਪਣੇ ਪਿਤਾ ਜੀ ਦਾ ਮੋਹ ਹਿਰਦੇ ਵਿਚ ਪ੍ਰਗਟ ਹੋਇਆ ਸੀ। ਉਸ ਨੂੰ ਵੇਖ ਕੇ ਧੀਰਜ ਦਿੱਤਾ ਅਤੇ ਕਿਹਾ, "ਕਿਉਂ ਇਸ ਤਰ੍ਹਾਂ ਹੋ ਕੇ ਮਨ ਦੀਨ ਕੀਤਾ ਹੈ॥੬॥

ਸਰਬ ਸੁਖਨਿ ਕੋ ਲਹੈਂ ਸਦੀਵ। ਸੰਤਤਿ ਤੋਰ ਬੀਰ ਬਡ ਥੀਵ।
ਜਸੁ ਕੋ ਲੇਹਿਂ ਰਹੈਂ ਗੁਰ ਸੰਗ। ਧਰਹੁ ਅਨੰਦ ਸ਼ੋਕ ਦੁਖ ਭੰਗਿ'॥ ੭॥

ਸਦਾ ਹੀ ਸਾਰੇ ਸੁਖ ਪ੍ਰਾਪਤ ਕਰੇਂਗੀ, ਤੇਰੀ ਸੰਤਾਨ ਬਹੁਤ ਸੂਰਬੀਰ ਹੋਵੇਗੀ। ਉਹ ਗੁਰੂ ਜੀ ਦਾ ਜੱਸ ਪ੍ਰਾਪਤ ਕਰਦੇ ਰਹਿਣਗੇ। ਅਨੰਦ ਧਾਰਨ ਕਰੋ ਤੇ ਦੁੱਖਾਂ ਨੂੰ ਦੂਰ ਕਰੋ" ॥੭॥

ਬਿਧੀਚੰਦ ਕੋ ਸੁਤ ਮਤਿਵੰਤਾ। ਲਾਲਚੰਦ ਕੋ ਕਹਿ ਭਗਵੰਤਾ।
'ਤੁਵ ਹਿਤ ਸੁਰ ਸਿੰਘ ਗ੍ਰਾਮ ਮਝਾਰੇ। ਭ੍ਰਾਤਮੱਲ ਸੁਭ ਸਦਨ ਸੁਧਾਰੇ ॥ ੮ ॥

ਬਿਧੀ ਚੰਦ ਦਾ ਪੁੱਤਰ ਲਾਲ ਚੰਦ ਬੜਾ ਬੁਧੀਵਾਨ ਸੀ, ਉਸ ਨੂੰ ਗੁਰੂ ਜੀ ਨੇ ਕਿਹਾ "ਤੇਰਾ ਹਿਤ ਸੁਰ ਸਿੰਘ ਪਿੰਡ ਵਿਚ ਹੈ, ਬਿਧੀ ਚੰਦ ਦਾ ਭਰਾ ਸਾਰੇ ਘਰ ਦੀ ਸੰਭਾਲ ਕਰਦਾ ਹੈ ॥੮॥

ਮੂਰਤਿ ਗ੍ਰੰਥ ਸੈਂਚੀਆਂ ਲੈ ਕੈ। ਤਹਿਂ ਮਾਤਾ ਜੁਤਿ ਰਹੁ ਸੁਖ ਪੈ ਕੈ'।
ਪਰਮਾਨੰਦ ਸੁੰਦਰ ਸੋਂ ਕਹ੍ਯੋ। 'ਸਦਨ ਬਸਹੁ ਨਿਜ ਸਭਿ ਸੁਖ ਲਹ੍ਯੋ ॥ ੯ ॥

ਗੁਰੂ ਜੀ ਦੀ ਤਸਵੀਰ ਤੇ ਗੁਰੂ ਗ੍ਰੰਥ ਸਾਹਿਬ ਦੇ ਉਤਾਰੇ ਦੀਆਂ ਸੈਂਚੀਆਂ ਲੈ ਕੇ ਆਪਣੀ ਮਾਤਾ ਜੀ ਪਾਸ ਹਰ ਪ੍ਰਕਾਰ ਦਾ ਸੁਖ ਪਾ ਕੇ ਰਹੋ।" ਫਿਰ ਪਰਮਾਨੰਦ ਅਤੇ ਸੁੰਦਰ ਨੂੰ ਕਿਹਾ, "ਆਪਣੇ ਘਰ ਵਿਚ ਵੱਸ ਕੇ ਸਾਰੇ ਸੁਖ ਪ੍ਰਾਪਤ ਕਰੋ ॥੯॥

ਸ੍ਰੀ ਗੁਰ ਅਮਰ ਅੰਸ ਬਡਭਾਗੀ। ਅਪਰ ਛੁਟਹਿਂ ਤੁਮਰੇ ਸੰਗ ਲਾਗੀ'।
ਬਹੁਰ ਨਾਨਕੀ ਦਿਸ਼ਿ ਕੋ ਦੇਖਿ। ਕਰ੍ਯੋ ਹੁਕਮ ਬਿਧਿ ਸਕਲ ਪਰੇਖਿ ॥੧੦ ॥

ਸ੍ਰੀ ਗੁਰੂ ਅਮਰਦਾਸ ਜੀ ਦੀ ਅੰਸ਼ ਵੱਡੇ ਭਾਗਾਂ ਵਾਲੀ ਹੈ, ਤੁਹਾਡੇ ਨਾਲ ਲੱਗ ਕੇ ਕਈ ਹੋਰਨਾਂ ਦਾ ਵੀ ਛੁਟਕਾਰਾ ਹੋਵੇਗਾ।" ਫਿਰ ਸ੍ਰੀ ਨਾਨਕੀ ਵੱਲ ਵੇਖ ਕੇ ਸਭ ਵਿਧੀਆਂ ਨਾਲ ਪਰਖ ਕੇ ਹੁਕਮ ਕੀਤਾ ॥੧੦॥

'ਹਮਰੀ ਜਨਨੀ ਕੇਰਿ ਸਥਾਨ। ਨਾਮ ਬਕਾਲਾ ਗ੍ਰਾਮ ਸੁ ਜਾਨ।
ਤਹਾਂ ਬਾਸ ਅਬਿ ਕਰਹੁ ਸੁਖਾਰੇ। ਸਮਾ ਉਡੀਕਹੁ ਜਥਾ ਉਚਾਰੇ ॥ ੧੧ ॥

"ਸਾਡੀ ਮਾਤਾ ਜੀ ਗੰਗਾ ਜੀ ਦਾ ਜਿਥੇ ਸਥਾਨ ਹੈ, ਉਸ ਪਿੰਡ ਦਾ ਨਾਮ ਬਕਾਲਾ ਜਾਣੋ, ਹੁਣ ਉਥੇ ਜਾ ਕੇ ਸੁੱਖ ਨਾਲ ਵਸੋ, ਤੇ ਉਹ ਸਮਾਂ ਉਡੀਕੋ ਜਿਵੇਂ ਉਚਾਰਨ ਕੀਤਾ ਹੈ ॥੧੧॥

ਸੁਤ ਕੋ ਸੁਤ ਪ੍ਰਤਾਪ ਜੁਤਿ ਦੇਖਿ। ਤਵ ਸ਼ਰੀਰ ਕੀ ਬੈਸ ਵਿਸ਼ੇਖ।
ਅਨਿਕ ਰੰਗ ਕੋ ਸਮਾਂ ਨਿਹਾਰਿਕੈ। ਪਨ ਆਵਹੁ ਤਨ ਤਜਾਗਨਿ ਕਰਿ ਕੈ' ॥੧੨ ॥

ਆਪਣੇ ਪੁੱਤਰ ਦੇ ਪੁੱਤਰ ਨੂੰ ਪ੍ਰਤਾਪ ਸਹਿਤ ਵੇਖੋ, ਤੇਰੇ ਸਰੀਰ ਦੀ ਬੜੀ ਲੰਮੀ ਉਮਰ ਹੈ। ਅਨੇਕ ਰੰਗਾਂ ਦਾ ਸਮਾਂ ਵੇਖ ਕੇ, ਫਿਰ ਤਨ ਤਿਆਗ ਕੇ ਆ ਜਾਵੇਂ' ॥੧੨॥

ਤਬਿ ਸੂਰਜਮਲ ਦ੍ਰਿਗ ਜਲ ਛੋਰਾ। ਹਾਥ ਜੋਰਿ ਬੋਲ੍ਯੋ ਗੁਰ ਓਰਾ।
'ਮੁਝ ਪ੍ਰਤਿ ਹੁਕਮ ਕਰੋ ਜਿਮ ਰਹੌਂ। ਕਿਹ ਠਾਂ ਜਾਇ ਬਾਸ ਕੋ ਲਹੌਂ? ॥੧੩ ॥

ਤਦ ਸੂਰਜ ਮੱਲ ਨੇ ਅੱਖਾਂ ਵਿਚ ਜਲ ਛੱਡਿਆ ਤੇ ਹੱਥ ਜੋੜ ਕੇ ਗੁਰੂ ਜੀ ਨਾਲ ਬੋਲਿਆ, "ਮੇਰੇ ਵਾਸਤੇ ਵੀ ਹੁਕਮ ਕਰੋ ਜਿਵੇਂ ਰਹਾਂ, ਕਿਥੇ ਜਾ ਕੇ ਵਾਸਾ ਕਰਾਂ ? ॥੧੩॥

ਸ੍ਰੀ ਹਰਿਰਾਇ ਸਮੀਪੀ ਹੋਹਿਂ। ਕਿਧੌਂ ਅਪਰ ਹੀ ਆਗਜ੍ਯਾ ਮੋਹਿ?'।
ਸੁਨਿ ਸੁਤਿਗੁਰ ਸੁਤ ਕੀ ਦਿਸ਼ਿ ਹੇਰੇ। ਕਹ੍ਯੋ ਕਿ 'ਜਥਾ ਭਾਉ ਉਰ ਤੇਰੇ ॥੧੪ ॥

ਸ੍ਰੀ ਹਰਿਰਾਇ ਜੀ ਦੇ ਪਾਸ ਰਹਾਂ ਜਾਂ ਕਿਸੇ ਹੋਰ ਥਾਂ ਰਹਿਣ ਦੀ ਮੈਨੂੰ ਆਗਿਆ ਹੈ ?" ਇਹ ਸੁਣ ਕੇ ਸਤਿਗੁਰੂ ਜੀ ਨੇ ਪੁੱਤਰ ਵੱਲ ਵੇਖਿਆ ਤੇ ਕਿਹਾ, "ਜਿਵੇਂ ਤੇਰਾ ਦਿਲ ਚਾਹੇ ॥੧੪॥

ਤਥਾ ਕਰਹੁ ਬਡ ਬੰਸ ਬਧੈ ਹੈ। ਫਿਰਤਿ ਘਿਰਤਿ ਗੁਰਤਾ ਕੋ ਪੈ ਹੈ।
ਸਿਖ ਸੰਗਤਿ ਮਹਿਂ ਤੁਮਰੋ ਬੰਸ। ਹੋਹਿ ਪੂਜ ਸਭ ਕੇ ਅਵਤੰਸ਼' ॥ ੧੫ ॥

ਉਸ ਤਰ੍ਹਾਂ ਹੀ ਕਰੋ, ਵੱਡਾ ਵੰਸ਼ ਵਧੇਗਾ, ਫਿਰਤ ਘਿਰਤ ਗੁਰਤਾ ਪ੍ਰਾਪਤ ਕਰੇਂਗਾ। ਸਿੱਖ ਸੰਗਤ ਵਿਚ ਤੇਰਾ ਵੰਸ਼ ਸਭ ਤੋਂ ਵੱਧ ਪੂਜਨੀਕ ਹੋਵੇਗਾ'' ॥੧੫॥

*ਨੋਟ : ਫਿਰਤ ਘਿਰਤ ਗੁਰਤਾ ਤੋਂ ਮੁਰਾਦ ਹੈ ਕਿ ਪ੍ਰਭੂ ਵਲੋਂ ਦਿੱਤੀ ਅਸਲੀ ਗੁਰ ਪਦਵੀ ਨਹੀਂ ਪ੍ਰਾਪਤ ਕਰੇਂਗਾ ਪਰ ਸੁਮੱਤ ਦੇਣ ਵਾਲੀ ਮੰਜੀਆਂ ਵਰਗੀ ਗੁਰਮੁਖ ਪਦਵੀ ਪਾਵੇਂਗਾ। ਭਾਵ ਐਵੇਂ ਕਿਵੇਂ ਦੀ ਪਦਵੀ ਹੋਵੇਗੀ ਤੇ ਸੋਢੀ ਵੰਸ਼ ਸਮਝ ਕੇ ਲੋਕ ਪੂਜਾ ਕਰਨਗੇ।*

ਅਣੀਰਾਇ ਰਹਿ ਮਸਤ, ਨ ਬੋਲੇ। ਬ੍ਰਹਮਗਤਾਨ ਮਹਿਂ ਬਿਤੀ ਅਡੋਲੇ।
ਤਿਮ ਸ੍ਰੀ ਤੇਗ ਬਹਾਦਰ ਦੋਏ। ਹਾਥ ਜੋਰਿ ਨਿੰਮ੍ਰੀ ਸਿਰ ਹੋਏ॥ ੧੬॥

ਸ੍ਰੀ ਅਣੀ ਰਾਇ ਮਸਤ ਰਿਹਾ, ਕੁਝ ਨਾ ਬੋਲਿਆ, ਬ੍ਰਹਮ ਗਿਆਨ ਵਿਚ ਅਡੋਲ ਬ੍ਰਿਤੀ ਸੀ। ਉਸ ਤਰ੍ਹਾਂ ਹੀ ਸ੍ਰੀ ਤੇਗ ਬਹਾਦਰ ਜੀ ਸਨ, ਦੋਵਾਂ ਨੇ ਹੱਥ ਜੋੜ ਕੇ ਸਿਰ ਨਿਵਾਇਆ॥੧੬॥

ਪੁਨ ਸੰਗਤ ਅਰੁ ਬ੍ਰਿੰਦ ਮਸੰਦ। ਸ੍ਰੀ ਹਰਿਗੋਵਿੰਦ ਕਹਜੋ ਬਿਲੰਦ।
'ਮਮ ਸਰੂਪ ਅਬਿ ਸ੍ਰੀ ਹਰਿਰਾਇ। ਮਮ ਸਮਾਨ ਹੁਇ ਮੋਦ ਉਪਾਇ॥ ੧੭॥

ਫਿਰ ਸੰਗਤ ਅਤੇ ਸਮੂਹ ਮਸੰਦਾਂ ਨੂੰ ਸ੍ਰੀ ਹਰਿਗੋਬਿੰਦ ਜੀ ਨੇ ਕਿਹਾ, 'ਮੇਰਾ ਸਰੂਪ ਹੁਣ ਸ੍ਰੀ ਹਰਿਰਾਇ ਹੈ, ਬੜੀ ਪ੍ਰਸੰਨਤਾ ਪਾ ਕੇ ਮੇਰੇ ਵਰਗਾ ਹੋਵੇਗਾ॥੧੭॥

ਇਹ ਸਭਿਹਿਨ ਕੋ ਲੇਹਿਂ ਸੰਭਾਰ। ਕਰਹਿਂ ਉਤਾਰਨਿ ਭਵਜਲ ਪਾਰ।
ਸ਼ਰਧਾ ਧਰਹਿਂ ਕਾਮਨਾ ਪਾਵੈਂ। ਜੋ ਤਰਕਹਿਂ ਸਭਿ ਅਪਨਿ ਗਵਾਵੈਂ॥ ੧੮॥

ਇਹ ਸਾਰਿਆਂ ਨੂੰ ਸੰਭਾਲ ਲਵੇਗਾ ਤੇ ਸੇਵਕਾਂ ਨੂੰ ਭਵਜਲ ਤੋਂ ਪਾਰ ਕਰੇਗਾ। ਜਿਹੜਾ ਵੀ ਇਨ੍ਹਾਂ ਉਤੇ ਸ਼ਰਧਾ ਧਾਰਨ ਕਰੇਗਾ ਉਹ ਕਾਮਨਾ ਪਾਵੇਗਾ, ਜਿਹੜੇ ਤਰਕ ਕਰਨਗੇ ਉਹ ਆਪਣੇ ਆਪ ਨੂੰ ਗਵਾ ਲੈਣਗੇ॥੧੮॥

ਲੋਕ ਪ੍ਰਲੋਕ ਦੁਖੀ ਸੋ ਰਹੈਂ। ਸੁਖ ਕੋ ਲੇਸ਼ ਮਾਤ੍ਰ ਨਹਿਂ ਲਹੈਂ।
ਸਭਿ ਸੁਨਿ ਕਰਿ ਤਬਿ ਗ੍ਰੀਵ ਨਿਵਾਈ। 'ਆਪ ਜਥਾ ਆਇਸੁ ਫੁਰਮਾਈ॥੧੯॥

ਉਹ ਲੋਕ ਪਰਲੋਕ ਵਿਚ ਦੁਖੀ ਰਹਿਣਗੇ, ਇਕ ਲੇਸ਼ ਮਾਤਰ ਵੀ ਸੁਖ ਪ੍ਰਾਪਤ ਨਹੀਂ ਕਰਨਗੇ।'' ਸਾਰਿਆਂ ਨੇ ਸੁਣ ਕੇ ਰ ਸਿਰ ਨਿਵਾਇਆ ਤੇ ਕਿਹਾ, ''ਆਪ ਜੀ ਨੇ ਜਿਵੇਂ ਹੁਕਮ ਫੁਰਮਾਇਆ ਹੈ॥੧੯॥

ਸੋ ਸਭਿ ਕੇ ਸਿਰ ਪਰ ਹਿਤਵਾਰੀ। ਮਾਨਹਿਂ ਸਾਦਰ ਆਨੰਦ ਧਾਰੀ।
ਜਿਮ ਸ੍ਰੀ ਅਰਜਨ ਤੇ ਤੁਮ ਲਖੈਂ। ਤਿਮ ਤੁਮ ਤੇ ਇਨ ਕੋ ਸਭਿ ਪਿਖੈਂ॥ ੨੦॥

ਉਹ ਸਾਰਿਆਂ ਦੇ ਭਲੇ ਵਾਲੀ ਗੱਲ ਹੈ, ਬੜੇ ਆਦਰ ਨਾਲ ਆਨੰਦ ਧਾਰ ਕੇ ਮੰਨਾਂਗੇ। ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਆਪ ਜੀ ਨੂੰ ਵੇਖਦੇ ਹਾਂ, ਉਸ ਤਰ੍ਹਾਂ ਹੀ ਆਪ ਜੀ ਬਾਅਦ ਇਨ੍ਹਾਂ ਨੂੰ ਸਾਰੇ ਸਮਝਣਗੇ॥੨੦॥

ਸਪਤਮ ਗੁਰੁ ਸਰੂਪ ਇਹੁ ਹੋਏ। ਗੁਰਤਾ ਦਈ ਤਬਹਿ ਤੇ ਜੋਏ।
ਜਿਸ ਥਲ ਦਿਪਹਿ ਆਪ ਕੀ ਜੋਤਿ। ਤੇਜ ਪ੍ਰਤਾਪ ਉਦਾਰ ਉਦੋਤਿ' ॥ ੨੧॥

ਸਤਵੇਂ ਗੁਰੂ ਸਰੂਪ ਇਹ ਹੋਏ ਹਨ, ਜਦ ਤੋਂ ਗੁਰਤਾ ਦਿੱਤੀ ਹੈ ਤਦ ਤੋਂ ਹੀ ਹੋ ਗਏ ਹਨ। ਜਿਸ ਥਾਂ ਆਪ ਜੀ ਦੀ ਜੋਤ ਦਾ ਪ੍ਰਕਾਸ਼ ਹੋਵੇ ਉਥੇ ਵੱਡੇ ਤੇਜ ਪ੍ਰਤਾਪ ਦਾ ਉੱਤਮ ਪ੍ਰਕਾਸ਼ ਹੈ'' ॥੨੧॥

ਬ੍ਰਿੰਦ ਮਸੰਦ ਬਿਲੰਦ ਬਖਾਨੀ। ਸਭਿ ਸੰਗਤਿ ਬੋਲੀ ਤਬਿ ਬਾਨੀ।
'ਸਿੱਖਜਨਿ ਕੋ ਕਰਤੱਬ ਜੁ ਸਾਰ। ਸ੍ਰੀ ਮੁਖ ਤੇ ਅਬਿ ਕਰਹੁ ਉਚਾਰਿ॥ ੨੨॥

ਸਮੂਹ ਮਸੰਦਾਂ ਨੇ ਫਿਰ ਬੜੀ ਉੱਚੀ ਕਿਹਾ, ਸਭ ਸੰਗਤ ਨੇ ਫਿਰ ਬੋਲ ਕੇ ਕਿਹਾ, ''ਸਿੱਖਾਂ ਦੇ ਕਰਤਬ ਦਾ ਜੋ ਸਾਰ ਹੈ, ਪ੍ਰਭੂ ਜੀ ! ਆਪਣੇ ਮੁੱਖ ਤੋਂ ਉਹ ਉਚਾਰਨ ਕਰੋ॥੨੨॥

ਜਿਸ ਤੇ ਪਰਮਗਤੀ ਕੋ ਪਾਵੈਂ। ਜਨਮ ਮਰਨ ਸੰਤਾਪ ਮਿਟਾਵੈਂ।
ਸੁਨਿ ਕੈ ਰਾਵਰ ਕੋ ਉਪਦੇਸ਼। ਹਤਿ ਬਿਕਾਰ ਸੁਖ ਲਹੈਂ ਅਸ਼ੇਸ਼ ॥ ੨੩ ॥

ਜਿਸ ਕਰਕੇ ਉਹ ਪਰਮਗਤੀ ਪ੍ਰਾਪਤ ਕਰਨ ਤੇ ਜਨਮ ਮਰਨ ਦਾ ਸੰਤਾਪ ਮਿਟ ਜਾਵੇ। ਆਪ ਜੀ ਦੇ ਉਪਦੇਸ਼ ਨੂੰ ਸੁਣ ਕੇ ਵਿਕਾਰਾਂ ਦਾ ਨਾਸ਼ ਕਰਕੇ ਸਾਰੇ ਸੁੱਖ ਪ੍ਰਾਪਤ ਕਰੀਏ ॥੨੩॥

ਇਮ ਸੁਨਿ ਸਭਿ ਸੰਗਤਿ ਕੀ ਬਾਨੀ। ਹਿਤ ਅਪਨੇ ਕਰ ਜੋਰਿ ਬਖਾਨੀ।
ਸ੍ਰੀ ਹਰਿਗੋਵਿੰਦ ਧੀਰ ਵਿਸ਼ੇਸ਼। ਕਹ੍ਯੋ ਸ਼ਬਦ ਦ੍ਵਾਰਾ ਉਪਦੇਸ਼॥ ੨੪ ॥

ਸਾਰੀ ਸੰਗਤ ਦੀ ਇਸ ਤਰ੍ਹਾਂ ਬੇਨਤੀ ਸੁਣਕੇ ਜਿਹੜੀ ਉਨ੍ਹਾਂ ਆਪਣੇ ਹਿਤ ਵਾਸਤੇ ਹੱਥ ਜੋੜ ਕੇ ਕਹੀ ਸੀ। ਸ੍ਰੀ ਹਰਿਗੋਬਿੰਦ ਜੀ ਜਿਹੜੇ ਵਿਸ਼ੇਸ਼ ਧੀਰਜਵਾਨ ਹਨ, ਉਨ੍ਹਾਂ ਸ਼ਬਦ ਦੁਆਰਾ ਉਪਦੇਸ਼ ਕਿਹਾ ॥੨੪॥

*ਸ੍ਰੀ ਮੁਖ ਵਾਕ ॥ ਮਾਰੂ ਮਹਲਾ ੫ ॥*

*ੴ ਸਤਿਗੁਰ ਪ੍ਰਸਾਦਿ ॥*

*ਚਾਦਨਾ ਚਾਦਨੁ ਆਂਗਨਿ ਪ੍ਰਭ ਜੀਉ ਅੰਤਰਿ ਚਾਦਨਾ ॥ ੧ ॥*
*ਆਰਾਧਨਾ ਅਰਾਧਨੁ ਨੀਕਾ ਹਰਿ ਹਰਿ ਨਾਮੁ ਅਰਾਧਨਾ ॥ ੨ ॥*
*ਤਿਆਗਨਾ ਤਿਆਗਨੁ ਨੀਕਾ ਕਾਮੁ ਕ੍ਰੋਧੁ ਲੋਭੁ ਤਿਆਗਨਾ ॥ ੩ ॥*
*ਮਾਗਨਾ ਮਾਗਨੁ ਨੀਕਾ ਹਰਿ ਜਸੁ ਗੁਰ ਤੇ ਮਾਗਨਾ ॥ ੪ ॥*
*ਜਾਗਨਾ ਜਾਗਨੁ ਨੀਕਾ ਹਰਿ ਕੀਰਤਨ ਮਹਿ ਜਾਗਨਾ ॥ ੫ ॥*
*ਲਾਗਨਾ ਲਾਗਨੁ ਨੀਕਾ ਗੁਰ ਚਰਣੀ ਮਨੁ ਲਾਗਨਾ ॥ ੬ ॥*
*ਇਹ ਬਿਧਿ ਤਿਸਹਿ ਪਰਾਪਤੇ ਜਾ ਕੈ ਮਸਤਕਿ ਭਾਗਨਾ ॥ ੭ ॥*
*ਕਹੁ ਨਾਨਕ ਤਿਸੁ ਸਭੁ ਕਿਛੁ ਨੀਕਾ ਜੋ ਪ੍ਰਭ ਕੀ ਸਰਨਾਗਨਾ ॥ ੮ ॥ ੧ ॥ ੪ ॥* (ਪੰਨਾ ੧੦੧੮)

ਪ੍ਰਕਾਸ਼, ਪ੍ਰਕਾਸ਼, ਮਾਲਕ ਪ੍ਰਭੂ ਦਾ ਪ੍ਰਕਾਸ਼ ਹਿਰਦੇ ਦੇ ਵਿਹੜੇ ਵਿਚ ਕਲਿਆਣਕਾਰੀ ਹੈ ॥੧॥
ਸਿਮਰਨ, ਸਿਮਰਨ, ਸੁਆਮੀ ਮਾਲਕ ਦੇ ਨਾਮ ਦਾ ਸਿਮਰਨ ਸ੍ਰੇਸ਼ਟ ਹੈ ॥੨॥
ਤਿਆਗਣਾ, ਸਭ ਤਿਆਗਾਂ ਨਾਲੋਂ ਪਰਮ ਚੰਗਾ ਤਿਆਗ ਹੈ, ਕਾਮ ਕ੍ਰੋਧ ਲੋਭ ਨੂੰ ਤਿਆਗਣਾ ॥੩॥
ਮੰਗਣਾ, ਮੰਗਣਾ, ਸਭ ਤੋਂ ਮਹਾਨ ਚੰਗਾ ਮੰਗਣਾ ਹੈ, ਗੁਰੂ ਜੀ ਪਾਸੋਂ ਹਰੀ ਦਾ ਜੱਸ ਮੰਗਣਾ ॥੪॥
ਜਾਗਣਾ, ਸਭ ਤੋਂ ਸ੍ਰੇਸ਼ਟ ਜਾਗਣਾ ਹੈ, ਹਰੀ ਦਾ ਜੱਸ ਗਾਇਣ ਕਰਨ ਵਿਚ ਜਾਗਣਾ ॥੫॥
ਲਗਣਾ, ਸਭ ਤੋਂ ਚੰਗਾ ਲਗਣਾ ਹੈ, ਚਿੱਤ ਦਾ ਗੁਰੂ ਜੀ ਦੇ ਚਰਨਾਂ ਨਾਲ ਲੱਗਣਾ ॥੬॥
ਕੇਵਲ ਉਸ ਨੂੰ ਹੀ ਇਸ ਜੀਵਨ ਮਾਰਗ ਦੀ ਦਾਤ ਮਿਲਦੀ ਹੈ ਜਿਸ ਦੇ ਮੱਥੇ ਤੇ ਚੰਗੇ ਭਾਗ ਲਿਖੇ ਹਨ ॥੭॥
ਹੇ ਨਾਨਕ ! ਜਿਹੜਾ ਵੀ ਪ੍ਰਭੂ ਦੀ ਸ਼ਰਨ ਲੈਂਦਾ ਹੈ, ਉਸ ਨੂੰ ਹਰ ਇਕ ਚੰਗੀ ਵਸਤੂ ਪ੍ਰਾਪਤ ਹੋ ਜਾਂਦੀ ਹੈ ॥੮॥੧॥੪॥

ਦੋਹਰਾ- 'ਜਿਸ ਨਰ ਕੇ ਬਡਭਾਗ ਜਗ ਇਹ ਮਾਨਹਿ ਉਪਦੇਸ਼।
ਮਮ ਪਦ ਕੋ ਪ੍ਰਾਪਤਿ ਭਲੇ ਤਜਾਗਹਿ ਸਕਲ ਕਲੇਸ਼॥ ੨੫ ॥

ਜੱਗ ਵਿਚ ਜਿਸ ਮਨੁੱਖ ਦੇ ਭਾਗ ਚੰਗੇ ਹਨ, ਉਹ ਇਹ ਉਪਦੇਸ਼ ਮੰਨਦਾ ਹੈ। ਮੇਰੀ ਪਦਵੀ ਨੂੰ ਪ੍ਰਾਪਤ ਕਰ ਲੈਂਦਾ ਹੈ, ਜੋ ਸਾਰੇ ਕਲੇਸ਼ ਭਲੀ ਪ੍ਰਕਾਰ ਤਿਆਗ ਦੇਵੇ ॥੨੫॥

ਚੌਪਈ- ਸਿਖ ਸੰਗਤਿ ਮੇਰੋ ਪਰਵਾਰੂ। ਕਰਹੁ ਅਨੰਦ ਮੰਗਲਾ ਚਾਰੂ।
ਪਠਹੁ ਸ਼ਬਦ ਸਿਮਰਹੁ ਸਤਿਨਾਮੂ। ਮੈ ਗਮਨੌਂ ਅਬਿ ਅਪਨੇ ਧਾਮੂ ॥੨੬॥

ਸਿੱਖ ਸੰਗਤ ਮੇਰਾ ਪਰਿਵਾਰ ਹੈ, ਸੁੰਦਰ ਅਨੰਦ ਮੰਗਲ ਕਰੋ, ਸ਼ਬਦ ਪੜ੍ਹੋ ਤੇ ਸਤਿਨਾਮ ਦਾ ਸਿਮਰਨ ਕਰੋ, ਮੈਂ ਹੁਣ ਆਪਣੇ ਘਰ ਜਾਵਾਂਗਾ ॥੨੬॥

ਕਰਹੁ ਨ ਸ਼ੋਕ ਓਕ ਮਹਿਂ ਕੋਈ। ਥਿਰੀਅਹੁ ਗੁਰੂ ਪਰਾਇਨ ਹੋਈ।
ਸੋ ਪ੍ਯਾਰੋ ਜੋ ਕਹ੍ਯੋ ਕਮਾਵੈ। ਅੰਤ ਸਮੈਂ ਮਮ ਪਦ ਕੋ ਪਾਵੈ॥ ੨੭॥

ਕੋਈ ਵੀ ਆਪਣੇ ਘਰ ਸ਼ੋਕ ਨਾ ਕਰੇ, ਗੁਰੂ ਜੀ ਦੇ ਚਰਨਾਂ ਦਾ ਆਸਰਾ ਲੈ ਕੇ ਸ਼ਾਂਤ ਹੋ ਜਾਈਏ। ਮੈਨੂੰ ਉਹੀ ਪਿਆਰਾ ਹੈ ਜਿਹੜਾ ਮੇਰੇ ਕਹੇ ਦੀ ਕਮਾਈ ਕਰਦਾ ਹੈ, ਅੰਤ ਸਮੇਂ ਮੇਰੀ ਪਦਵੀ ਪ੍ਰਾਪਤ ਕਰ ਲਵੇਗਾ॥੨੭॥

ਸਦਾ ਸਨੇਹ ਕਰਹਿ ਗੁਰਬਾਨੀ। ਪਠਨਿ ਸੁਨਨਿ ਤੇ ਆਨੰਦ ਠਾਨੀ।
ਸੱਤਿਨਾਮ ਸਿਮਰਹੁ ਰੰਗ ਰਾਤੇ। ਦਿਨ ਪ੍ਰਤਿ ਪ੍ਰੇਮ ਅਧਿਕ ਮਨ ਮਾਤੇ ॥੨੮॥

ਸਦਾ ਗੁਰਬਾਣੀ ਨਾਲ ਪਿਆਰ ਕਰੋ, ਪੜ੍ਹ ਸੁਣ ਕੇ ਆਨੰਦ ਮਾਣੋ, ਪ੍ਰਭੂ ਦੇ ਰੰਗ ਵਿਚ ਭਿਜ ਕੇ ਸਤਿਨਾਮ ਦਾ ਸਿਮਰਨ ਕਰੋ, ਦਿਨ ਪ੍ਰਤੀ ਮਨ ਵਿਚ ਅਧਿਕ ਪ੍ਰੇਮ ਕਰਕੇ ਮਸਤ ਹੋ ਜਾਵੋ" ॥੨੮॥

ਇਮ ਸਤਿਗੁਰ ਕਹਿ ਕੈ ਉਪਦੇਸ਼। ਸਭਿ ਕੋ ਧੀਰਜ ਦੀਨਿ ਵਿਸ਼ੇਸ਼।
ਬਚਨ ਪਤਾਲ ਪੁਰੀ ਜਹਿਂ ਕਰ੍ਯੋ। ਕੋਠਾ ਸੁੰਦਰ ਤਹਾਂ ਸੁਧਰ੍ਯੋ॥ ੨੯॥

ਇਸ ਤਰ੍ਹਾਂ ਸਤਿਗੁਰੂ ਜੀ ਨੇ ਕਹਿ ਕੇ ਉਪਦੇਸ਼ ਦਿੱਤਾ ਤੇ ਸਾਰਿਆਂ ਨੂੰ ਵਿਸ਼ੇਸ਼ ਧੀਰਜ ਦਿੱਤਾ। ਜਿਥੇ ਪਾਤਾਲਪੁਰੀ ਵਿਚ ਇਹ ਬਚਨ ਕੀਤਾ ਸੀ, ਉਥੇ ਸੁੰਦਰ ਕੋਠਾ ਸੁਧਾਰ ਕੇ ਬਣਾਇਆ ਸੀ॥੨੯॥

ਚੰਦਨ ਸੰਗ ਲੀਪਬੋ ਠਾਨਾ। ਸਗਲ ਗੰਧਿ ਤੇ ਬਹੁ ਚਰਚਾਨਾ।
ਕੁੰਕਮ ਅਰੁ ਘਨਸਾਰ ਮਿਲਾਏ। ਸਗਰੀ ਕੰਧਨਿ ਕੋ ਮਹਿਕਾਏ॥ ੩੦॥

ਉਸ ਦੀ ਚੰਦਨ ਨਾਲ ਲਿਪਾਈ ਕੀਤੀ ਗਈ, ਸਭ ਪ੍ਰਕਾਰ ਦੀਆਂ ਸੁਗੰਧੀਆਂ ਦਾ ਛਿੜਕਾ ਕੀਤਾ ਗਿਆ। ਕੇਸਰ ਅਤੇ ਕਪੂਰ ਮਿਲਾਏ ਗਏ, ਸਾਰੀਆਂ ਕੰਧਾਂ ਨੂੰ ਮਹਿਕਾਇਆ ਗਿਆ॥੩੦॥

ਫਿ ਫੂਲ ਸੁਗੰਧਤਿ ਰਚਤਿ ਬਿਸਾਲਾ। ਲਰਕਾਰੀ ਚਾਰਹੁਂ ਦਿਸ਼ਿ ਮਾਲਾ।
ਬਹੁ ਪਵਿੱਤ੍ਰਤਾ ਕਰੀ ਬਨਾਇ। ਪੁਨ ਸਗਰੇ ਮਹਿਂ ਕੁਸ਼ਾ ਡਸਾਇ॥ ੩੧॥

ਬਹੁਤ ਸੁਗੰਧੀ ਵਾਲੇ ਫੁੱਲਾਂ ਦੇ ਹਾਰ ਬਣਾਏ ਗਏ ਤੇ ਉਨ੍ਹਾਂ ਹਾਰਾਂ ਨੂੰ ਚਾਰੇ ਪਾਸੇ ਲਟਕਾ ਦਿੱਤਾ। ਬਹੁਤ ਪਵਿੱਤਰਤਾ ਚੰਗੀ ਤਰ੍ਹਾਂ ਕੀਤੀ ਗਈ। ਫਿਰ ਸਾਰੇ ਦੱਭ ਵਿਛਾਈ॥੩੧॥

ਮ੍ਰਿਦੁਲ ਬਿਛੌਨਾ ਭਲੇ ਕਰਾਯੋ। ਘ੍ਰਿਤ ਕੇ ਦੀਪਕ ਅਧਿਕ ਜਗਾਯੋ।
ਤਬਿ ਸਤਿਗੁਰ ਵਿਚ ਸੰਗਤਿ ਸਾਰੀ। ਕ੍ਰਿਪਾ ਦ੍ਰਿਸ਼ਟਿ ਚਹੁੰਦਿਸ਼ਿ ਪਰ ਡਾਰੀ ॥੩੨॥

ਕੋਮਲ ਵਿਛਾਉਣਾ ਭਲੀ ਪ੍ਰਕਾਰ ਵਿਛਾਇਆ। ਘਿਉ ਦੇ ਦੀਵੇ ਬਹੁਤ ਜਗਾਏ ਗਏ। ਤਦ ਸਤਿਗੁਰੂ ਜੀ ਨੇ ਸਾਰੀ ਸੰਗਤ ਵੱਲ ਚਾਰੇ ਪਾਸੇ ਆਪਣੀ ਕਿਰਪਾ-ਦ੍ਰਿਸ਼ਟੀ ਕੀਤੀ॥੩੨॥

ਸਭਿ ਕੁਟੰਬ ਕੋ ਦੀਨਿ ਦਿਲਾਸਾ। 'ਸ਼ੋਕ ਨ ਧਰਹੁ ਅਨੰਦ ਪ੍ਰਕਾਸ਼ਾ'।
ਚਹੁੰਦਿਸ਼ਿ ਤੇ ਨੰਮ੍ਰੀ ਸਭਿ ਕੋਏ। ਕੋਸ਼ਠ ਬਿਖੈ ਪ੍ਰਵੇਸ਼ਨ ਹੋਏ॥ ੩੩॥

ਸਾਰੇ ਪਰਿਵਾਰ ਨੂੰ ਦਿਲਾਸਾ ਦਿੱਤਾ, "ਸ਼ੋਕ ਨਾ ਧਾਰਨ ਕਰੋ, ਅਨੰਦ ਦਾ ਪ੍ਰਕਾਸ਼ ਕਰੋ।" ਚਾਰੇ ਪਾਸੇ ਸਭ ਸਨਿੰਮਰ ਹੋ ਗਏ। ਗੁਰੂ ਜੀ ਫਿਰ ਕੋਠੜੀ ਵਿਚ ਪ੍ਰਵੇਸ਼ ਕਰ ਗਏ॥੩੩॥

ਜੋਧ ਰੁ ਸਾਹਿਬ ਭਾਣਾ ਨੇਰੇ। ਤਿਨ ਸੋਂ ਹੁਕਮ ਕਰਜੋ ਤਿਸ ਬੇਰੇ।
'ਸਪਤ ਦਿਵਸ ਮਹਿਂ ਸ਼੍ਰੀ ਹਰਿਰਾਇ। ਕੋਸ਼ਠ ਕੋ ਦਰ ਖੋਲਹਿ ਆਇ॥ ੩੪॥

ਰਾਇ ਜੋਧ ਤੇ ਭਾਨਾ ਸਾਹਿਬ ਨੇੜੇ ਸਨ, ਉਨ੍ਹਾਂ ਨੂੰ ਉਸ ਸਮੇਂ ਹੁਕਮ ਕੀਤਾ, "ਸੱਤ ਦਿਨ ਬਾਅਦ ਸ੍ਰੀ ਹਰਿਰਾਇ ਜੀ ਆ ਕੇ ਕੋਠੜੀ ਦਾ ਦਰਵਾਜ਼ਾ ਖੋਲ੍ਹੇ॥੩੪॥

ਤਬਿ ਲੌ ਨਹਿ ਸਮੀਪ ਕੋ ਆਵੈ। ਜੋਧਾ ਗਨ ਚਹੁੰ ਦਿਸ਼ਿ ਥਿਰਿ ਥਾਵੈਂ।
ਨਿਸਦਿਨ ਰਾਖਹਿਂ ਸਭਿ ਤਕਰਾਈ। ਕਿਰਤਨ ਕਰਹਿਂ ਸੁਨਹੁ ਮਨ ਲਾਈ' ॥੩੫॥

ਤਦ ਤਕ ਕੋਈ ਨੇੜੇ ਨਾ ਆਵੇ, ਸਾਰੇ ਯੋਧੇ ਚਾਰੇ ਪਾਸੇ ਖੜੇ ਹੋ ਜਾਣ। ਦਿਨ ਰਾਤ ਸਭ ਤਕੜਾਈ ਰੱਖਣ, ਕੀਰਤਨ ਹੋਵੇ ਤੇ ਮਨ ਲਾ ਕੇ ਸੁਣੋ' ॥੩੫॥

ਇਮ ਕਹਿ ਕੋਸ਼ਠ ਮਹਿਂ ਬਰਿ ਗਏ। ਦ੍ਵਾਰ ਕਿਵਾਰ ਅਸੰਜਤਿ ਕਿਏ।
ਸਾਂਕਰ ਲਾਇ ਕਰੇ ਦ੍ਰਿਢ ਸੋਏ। ਬੈਠੇ ਪ੍ਰਭੁ ਇਕਾਂਕੀ ਹੋਏ॥ ੩੬॥

ਇਹ ਕਹਿ ਕੇ ਕੋਠੜੀ ਵਿਚ ਦਾਖਲ ਹੋ ਗਏ, ਕੋਠੜੀ ਦੇ ਦਰਵਾਜ਼ੇ ਬੰਦ ਕਰ ਲਏ। ਸੰਗਲ ਲਾ ਕੇ ਪੱਕੇ ਕਰ ਦਿੱਤੇ, ਪ੍ਰਭੂ ਸਤਿਗੁਰੂ ਜੀ ਇਕਾਂਤ ਵਿਚ ਬੈਠ ਗਏ॥੩੬॥

ਪਦਮਾਸਨ ਕਹੁ ਕਰਿ ਕੈ ਬੈਸੇ। ਸਿੱਧ ਜੋਗ ਜੋਗੀ ਹੁਇ ਜੈਸੇ।
ਜਿਮ ਸ਼੍ਰੀ ਕ੍ਰਿਸ਼ਨ ਜਾਇ ਬਨ ਮਾਂਹੀ। ਜਹਾਂ ਦੂਸਰੋ ਲਖਿਯਤਿ ਨਾਂਹੀ॥ ੩੭॥

ਪਦਮਾਸਨ ਕਰਕੇ ਬੈਠ ਗਏ, ਜਿਵੇਂ ਜੋਗੀ ਸਿੱਧ ਜੋਗ ਕਰਦੇ ਹਨ। ਜਿਵੇਂ ਸ੍ਰੀ ਕ੍ਰਿਸ਼ਨ ਵਣ ਵਿਚ ਜਾ ਕੇ ਬੈਠ ਗਏ ਸਨ ਜਿਥੇ ਕੋਈ ਹੋਰ ਦੂਸਰਾ ਦਿਖਾਈ ਨਹੀਂ ਸੀ ਦਿੰਦਾ॥੩੭॥

ਕਰਿ ਸਮਾਧਿ ਤਨ ਤਜਾਗਿ ਸਿਧਾਰੇ। ਸ਼੍ਰੀ ਹਰਿਗੋਵਿੰਦ ਤਿਸੀ ਪ੍ਰਕਾਰੇ।
ਸਭਿ ਦਿਸ਼ਿ ਤੇ ਮਨ ਰੋਕਨ ਕੀਨਿ। ਇੰਦ੍ਰੈ ਗਨ ਸੰਕੋਚਿ ਕਰਿ ਲੀਨਿ॥ ੩੮॥

ਸਮਾਧੀ ਲਾ ਕੇ ਤਨ ਤਿਆਗ ਕੇ ਚਲੇ ਗਏ ਸਨ, ਸ੍ਰੀ ਹਰਿਗੋਬਿੰਦ ਸਾਹਿਬ ਨੇ ਵੀ ਉਸੇ ਪ੍ਰਕਾਰ, ਸਭ ਪਾਸਿਆਂ ਤੋਂ ਆਪਣੇ ਮਨ ਨੂੰ ਰੋਕ ਲਿਆ। ਸਾਰੇ ਇੰਦਰੇ ਸੰਕੋਚ ਲਏ॥੩੮॥

ਆਤਮ ਰਸ ਮਹਿਂ ਥਿਰੇ ਗੁਸਾਈਂ। ਜਹਾਂ ਦ੍ਵੈਤ ਕੋ ਲੇਸ਼ ਨ ਪਾਈ।
ਖਸ਼ਟ ਦਿਵਸ ਲੌ ਸਾਧਿ ਸਮਾਧਿ। ਥਿਰੇ ਅਚਲ ਹੀ ਰੂਪ ਅਗਾਧ॥ ੩੯॥

ਮਾਲਕ ਪ੍ਰਭੂ ਆਤਮ ਰਸ ਵਿਚ ਸਥਿਰ ਹੋ ਗਏ, ਜਿਥੇ ਦ੍ਵੈਤ ਲੇਸ਼ ਮਾਤਰ ਵੀ ਨਹੀਂ ਰਹਿੰਦੀ ਹੈ। ਛੇ ਦਿਨਾਂ ਤਕ ਸਮਾਧੀ ਲਾਈ ਰੱਖੀ। ਅਗਾਧ ਰੂਪ ਵਿਚ ਅਚਲ ਸਥਿਰ ਹੋ ਗਏ॥੩੯॥

ਸਪਤਮ ਦਿਨ ਕੇ ਅੰਮ੍ਰਿਤ ਵੇਲੇ। ਤਨ ਕੋ ਤਜਾਗਨ ਕੀਨਿ ਸੁਹੇਲੇ।
ਲਾਇ ਕੰਧ ਕੇ ਸੰਗ ਪਿਛਾਰੀ। ਬੈਠੇ ਰਹੇ ਪ੍ਰਭੁ ਤਿਸ ਬਾਰੀ॥ ੪੦॥

ਸਤਵੇਂ ਦਿਨ ਅੰਮ੍ਰਿਤ ਵੇਲੇ, ਆਸਾਨੀ ਨਾਲ ਤਨ ਨੂੰ ਤਿਆਗ ਦਿੱਤਾ। ਆਪਣਾ ਪਿਛਲਾ ਪਾਸਾ ਕੰਧ ਦੇ ਨਾਲ ਲਾ ਕੇ, ਉਸ ਸਮੇਂ ਪ੍ਰਭੂ ਸਤਿਗੁਰੂ ਜੀ ਬੈਠੇ ਰਹੇ॥੪੦॥

*ਅੱਠਵੀਂ ਰਾਸ ਦਾ ਸਤਵੰਜਵਾਂ ਅਧਿਆਇ ਸਮਾਪਤ ਹੋਇਆ॥੫੭॥*

❖❖❖

# ਅਧਿਆਇ ਅਠਵੰਞਵਾਂ

## ਸੱਚ ਖੰਡ ਪ੍ਰਵੇਸ਼

ਦੋਹਰਾ- ਵਹਿਰ ਖਰੇ ਜੋਧਾ ਰਹੈਂ ਨਿਸ ਦਿਨ ਮਹਿਂ ਸਮੁਦਾਇ।
ਚਹੁੰਦਿਸ਼ਿ ਭਜਨ ਅਖੰਡ ਹ੍ਵੈ ਸ਼ਬਦ ਰਾਗ ਜੁਤਿ ਗਾਇ॥ ੧॥

ਬਾਹਰ ਸਾਰੇ ਯੋਧੇ ਇਕੱਠੇ ਹੋ ਕੇ ਦਿਨ ਰਾਤ ਖੜੇ ਰਹੇ। ਚਾਰੇ ਪਾਸੇ ਅਖੰਡ ਭਜਨ ਹੋ ਰਿਹਾ ਸੀ, ਰਾਗਾਂ ਸਹਿਤ ਸ਼ਬਦ ਗਾਇਣ ਕਰ ਰਹੇ ਸਨ॥੧॥

ਚੌਪਈ- ਚਹੁੰਦਿਸ਼ਿ ਕੋਸ਼ਠ ਕੇ ਪਰਵਾਰੇ। ਭਈ ਸੰਗਤਾਂ ਆਨਿ ਹਜ਼ਾਰੇ।
ਭਾਉ ਸਭਿਨਿ ਕੇ ਭਯੋ ਬਿਸਾਲਾ। ਸਿਮਰਹਿਂ ਸਤਿਗੁਰ ਪ੍ਰਭੁ ਕ੍ਰਿਪਾਲਾ॥੨॥

ਕੋਠੜੀ ਦੇ ਚਾਰੇ ਪਾਸੇ, ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਆ ਕੇ ਇਕੱਠੀ ਹੋ ਗਈ, ਸਾਰਿਆਂ ਦੇ ਹਿਰਦਿਆਂ ਵਿਚ ਬਹੁਤ ਪ੍ਰੇਮ ਉਤਪੰਨ ਹੋਇਆ ਸੀ, ਉਹ ਸਾਰੇ ਸਤਿਗੁਰੂ ਕ੍ਰਿਪਾਲੂ ਪ੍ਰਭੂ ਦਾ ਸਿਮਰਨ ਕਰ ਰਹੇ ਸਨ॥੨॥

ਗੁਰ ਆਗਵਨ ਸੁਰਨਿ ਸੁਧ ਪਾਈ। ਬ੍ਰਹਮਾਦਿਕ ਮਨ ਮੋਦ ਬਢਾਈ।
ਗੀਰਬਾਨ ਸਭਿ ਚਢੇ ਬਿਬਾਨ। ਤੂਰਨ ਆਇ ਥਿਰੇ ਅਸਮਾਨ॥ ੩॥

ਜਦ ਗੁਰੂ ਦੇ ਆਉਣ ਦੀ ਦੇਵਤਿਆਂ ਨੂੰ ਖਬਰ ਮਿਲੀ, ਬ੍ਰਹਮਾ ਆਦਿ ਨੇ ਮਨ ਵਿਚ ਬਹੁਤ ਪ੍ਰਸੰਨਤਾ ਵਧਾਈ। ਸਾਰੇ ਦੇਵਤੇ ਬਿਬਾਣਾ ਤੇ ਚੜ੍ਹ ਗਏ ਤੇ ਤੁਰਤ ਆ ਕੇ ਅਕਾਸ਼ ਵਿਚ ਸਥਿਰ ਹੋ ਗਏ॥੩॥

ਕਮਲਾਸਨ ਆਰੂਢਿ ਮਰਾਲਾ। ਚੰਦ੍ਰਚੂੜ ਚਢਿ ਬ੍ਰਿਖਭ ਬਿਸਾਲਾ।
ਲੈ ਕਰਿ ਅਪਨੇ ਗਨ ਸਮੁਦਾਯਾ। ਆਵਤਿ ਭੇ 'ਜੈ' ਸ਼ਬਦ ਅਲਯਾ॥੪॥

ਬ੍ਰਹਮਾ ਹੰਸ ਤੇ ਸਵਾਰ ਹੋ ਗਿਆ ਤੇ ਸ਼ਿਵਜੀ ਵੱਡੇ ਬਲਦ ਉੱਤੇ ਚੜ੍ਹ ਕੇ ਬੈਠ ਗਿਆ, ਉਸ ਨੇ ਆਪਣੇ ਸਾਰੇ ਗਣਾਂ ਨੂੰ ਨਾਲ ਲੈ ਲਿਆ। ਜੈ-ਜੈ ਸ਼ਬਦ ਅਲਾਪਦੇ ਆਉਂਦੇ ਪਏ ਸਨ॥੪॥

ਤਥਾ ਪਾਕਸਾਸਨ ਚਲਿ ਆਯੋ। ਬਾਯੂ, ਬੰਨ੍ਹੀ ਅਨੰਦ ਉਪਾਯੋ॥
ਦ੍ਵਾਦਸ਼ ਦਿਨਕਰ ਮੂਰਤਿ ਧਰੀ। ਆਇ ਨਿਸਾਪਤ ਥਿਰਤਾ ਕਰੀ॥ ੫॥

ਉਸ ਤਰ੍ਹਾਂ ਹੀ ਇੰਦਰ ਚਲ ਕੇ ਆ ਗਿਆ, ਵਾਯੂ ਨੂੰ ਬੰਨ੍ਹ ਕੇ ਅਨੰਦ ਪ੍ਰਾਪਤ ਕੀਤਾ ਹੈ। ਸੂਰਜ ਨੇ ਬਾਰਾਂ ਸੂਰਜਾਂ ਦੀ ਮੂਰਤ ਧਾਰਨ ਕੀਤੀ। ਚੰਦ੍ਰਮਾਂ ਵੀ ਆ ਕੇ ਬੈਠ ਗਿਆ॥੫॥

ਪੌਣ ਉਣੰਜਾ, ਰੁੱਦ੍ਰ ਇਕਾਦਸ਼। ਬ੍ਰਿੰਦ ਅਪਸਰਾਂ, ਨਾਚਤਿ ਹਸਿ ਹਸਿ।
ਬਿੱਦਜਾਧਰ ਕਿੰਨਰ ਚਲਿ ਆਏ। ਗੋਰਖ ਆਦਿ ਸਿੱਧ ਸਮੁਦਾਏ॥ ੬॥

ਉਣੰਜਾ ਪੌਣਾਂ, ਗਿਆਰਾਂ ਸ਼ਿਵਜੀ, ਬਹੁਤ ਅਪੱਸਰਾਵਾਂ ਹੱਸ-ਹੱਸ ਕੇ ਨੱਚਦੀਆਂ ਸਨ। ਵਿਦਿਆਧਰ ਤੇ ਕਿੰਨਰ ਚਲ ਕੇ ਆ ਗਏ। ਗੋਰਖ ਆਦਿ ਸਿੱਧ ਇਕੱਠੇ ਹੋ ਕੇ ਆਏ॥੬॥

ਕਰਤਿ ਮੰਗਲਾ ਚਾਰ ਬਿਲੰਦੇ। ਗੁਰ ਪ੍ਰਲੋਕ ਹੁਇ ਮਿਲਤਿ ਅਨੰਦੇ।
ਜੈ ਜੈ ਕਾਰ ਸਕਲ ਹੀ ਕਰਤੇ। ਹਿਤ ਪੂਜਨ ਸਾਮਿੱਗ੍ਰੀ ਧਰਤੇ॥ ੭॥

ਬੜਾ ਵੱਡਾ ਮੰਗਲਾਚਾਰ ਕਰ ਰਹੇ ਸਨ, ਗੁਰੂ ਜੀ ਪ੍ਰਲੋਕ ਆ ਰਹੇ ਹਨ, ਬੜਾ ਅਨੰਦ ਪਾ ਕੇ ਮਿਲਦੇ ਸਨ। ਜੈ-ਜੈ ਕਾਰ ਸਾਰੇ ਹੀ ਕਰਦੇ ਸਨ। ਪੂਜਣ ਵਾਸਤੇ ਸਮੱਗਰੀਆਂ ਧਰਦੇ ਸਨ॥੭॥

ਇਤਨੇ ਮਹਿਂ ਇਕ ਮਹਾਂ ਬਿਮਾਨ। ਆਯੋ ਜਗਮਗ ਕਰਤਿ ਮਹਾਨ।
ਮੁਕਤਾ ਕੀ ਝਾਲਰ ਲਰਕੰਤੀ। ਮਣਿ ਗਣਿ ਜੋਤਿ ਅਧਿਕ ਚਮਕੰਤੀ॥ ੮॥

ਏਨੇ ਵਿਚ ਇਕ ਬਹੁਤ ਵੱਡਾ ਬਿਬਾਣ ਆ ਗਿਆ, ਉਹ ਮਹਾਨ ਜਗਮਗ-ਜਗਮਗ ਕਰ ਰਿਹਾ ਸੀ। ਮੋਤੀਆਂ ਦੀਆਂ ਝਾਲਰਾਂ ਲਮਕਦੀਆਂ ਸਨ, ਬਹੁਤ ਮਣੀਆਂ ਦੀ ਜੋਤ ਬਹੁਤ ਚਮਕਦੀ ਸੀ॥੮॥

ਸੰਚਿਨ ਕੀਨਿ ਸੁਗੰਧਿ ਮਹਾਨੀ। ਮੁਦਿਤ ਨਾਸਕਾ ਜਿਹ ਤ੍ਰਿਪਤਾਨੀ।
ਪੁਤਲੀ ਚਮਰ ਝੁਲਾਵਹਿਂ ਖਰੀ। ਦੀਪਕ ਗਨ ਮਣਿ ਦੀਪਤਿ ਖਰੀ॥ ੯॥

ਮਹਾਨ ਸੁਗੰਧੀ ਦਾ ਛਿੜਕਾ ਕੀਤਾ ਗਿਆ, ਜਿਸ ਸੁਗੰਧੀ ਨਾਲ ਨਾਸਾਂ ਪ੍ਰਸੰਨ ਹੋ ਕੇ ਤ੍ਰਿਪਤ ਹੋ ਗਈਆਂ, ਪੁਤਲੀਆਂ ਖੜੀਆਂ ਹੋ ਕੇ ਚੌਰ ਝੁਲਾਉਂਦੀਆਂ ਸਨ। ਦੀਪਕ ਅਤੇ ਮਣੀਆਂ ਚਮਕ ਰਹੀਆਂ ਸਨ॥੯॥

ਬਿਚ ਮੰਦਰ ਸੁੰਦਰ ਦਰ ਕਰੇ। ਤਿਸ ਮਹਿਂ ਰਚੇ ਸਥੰਡਲ ਖਰੇ।
ਕੰਚਨ ਚਿੱਤ੍ਰਿਤਿ ਹੀਰਨਿ ਸੰਗ। ਚਮਕਹਿਂ ਚਾਰੂ ਕਲਸ ਉਤੰਗ॥ ੧੦॥

ਘਰ ਵਿਚ ਸੁੰਦਰ ਦਰਵਾਜ਼ੇ ਲਾਏ ਸਨ, ਉਸ ਵਿਚ ਸੁੰਦਰ ਥੜੇ ਬਣਾਏ ਸਨ, ਸੋਨਾ ਹੀਰਿਆਂ ਦੇ ਨਾਲ ਚਿੜ੍ਹਿਆ ਗਿਆ ਸੀ, ਸੁੰਦਰ ਉੱਚੇ ਕਲਸ ਚਮਕ ਰਹੇ ਸਨ॥੧੦॥

ਲਘੁ ਲਘੁ ਅਹੈਂ ਪਤਾਕਾ ਊਚੇ। ਜਿਤ ਚਾਹਤਿ ਤਿਤ ਜਾਹਿਂ ਪਹੂਚੇ।
ਬੇਗਵੰਤ ਬਹੁ ਰਹਜੋ ਪ੍ਰਕਾਸ਼। ਬ੍ਰਹਮਾਦਿਕ ਸੁਰ ਜਹਿਂ ਚਹੁੰ ਪਾਸ॥ ੧੧॥

ਛੋਟੀਆਂ-ਛੋਟੀਆਂ ਉੱਚੀਆਂ ਝੰਡੀਆਂ ਲੱਗੀਆਂ ਹੋਈਆਂ ਸਨ, ਜਿਧਰ ਚਾਹੁੰਦੇ ਸਨ, ਓਧਰ ਹੀ ਜਾ ਪਹੁੰਚਦੇ ਸਨ। ਬਹੁਤ ਤੇਜ ਪ੍ਰਕਾਸ਼ ਹੋ ਰਿਹਾ ਸੀ, ਜਿਥੇ ਬ੍ਰਹਮਾ ਆਦਿ ਦੇਵਤੇ ਚਾਰੇ ਪਾਸੇ ਖੜੇ ਸਨ॥੧੧॥

ਤਿਸ ਪਰ ਸਤਿਗੁਰ ਭਏ ਅਰੋਹਨਿ। ਸ਼ੋਭਾ ਅਧਿਕ ਵਧੀ ਮਨਮੋਹਿਨ।
ਸਿੰਘਾਸਨ ਇਕ ਹੁਤੋ ਡਸਾਯੋ। ਆਸਤਰਨ ਸੁੰਦਰ ਬਰ ਛਾਯੋ॥ ੧੨॥

ਉਸ ਬਿਬਾਣ ਵਿਚ ਸਤਿਗੁਰੂ ਜੀ ਸਵਾਰ ਹੋ ਗਏ, ਉਨ੍ਹਾਂ ਦੀ ਮਨ ਨੂੰ ਮੋਹ ਲੈਣ ਵਾਲੀ ਸ਼ੋਭਾ ਬਹੁਤ ਵਧੀ। ਇਕ ਸਿੰਘਾਸਣ ਡਾਹਿਆ ਗਿਆ ਸੀ, ਬਹੁਤ ਸੁੰਦਰ ਸੇਜ ਵਿਛਾਈ ਸੀ॥੧੨॥

ਦੀਰਘ ਸੁੰਦਰ ਹੈਂ ਉਪਧਾਨੁ। ਬੈਠੇ ਤਿਸ ਪਰ ਜਾਇ ਸੁਜਾਨ।
ਕਮਲਾਸਨ ਹੁਇ ਪੂਰਬ ਨੇਰੇ। ਕੁਸਮਾਂਜੁਲ ਕੋ ਛੋਰਿ ਘਨੇਰੇ॥ ੧੩॥

ਤਕੀਆ ਬਹੁਤ ਵੱਡਾ ਅਤੇ ਸੁੰਦਰ ਸੀ, ਉਸ ਉਤੇ ਜਾ ਕੇ ਗੁਰੂ ਜੀ ਬੈਠ ਗਏ। ਪਹਿਲਾਂ ਬ੍ਰਹਮਾ ਨੇੜੇ ਹੋਏ ਤੇ ਉਨ੍ਹਾਂ ਫੁੱਲਾਂ ਦੇ ਬੁੱਕ ਭਰ-ਭਰ ਕੇ ਬਹੁਤ ਸੁੱਟੇ॥੧੩॥

ਕਲਪ ਬ੍ਰਿੱਛ ਕੀ ਫੂਲਨਿ ਮਾਲਾ। ਪਹਿਰਾਈ ਕਰਿ ਪ੍ਰੇਮ ਬਿਸਾਲਾ।
ਤਿਮ ਚੰਦਨ ਚਰਚਜੋ ਚਹੁੰ ਓਰ। ਸੁਰ ਗਨ ਆਇ ਮਿਲੇ ਕਰ ਜੋਰਿ॥੧੪॥

ਕਲਪ ਬ੍ਰਿੱਛ ਦੇ ਫੁੱਲਾਂ ਦੀ ਮਾਲਾ ਵਿਸ਼ਾਲ ਪ੍ਰੇਮ ਕਰਕੇ ਪਹਿਨਾਈ। ਉਸ ਤਰ੍ਹਾਂ ਹੀ ਚਾਰੇ ਪਾਸੇ ਚੰਦਨ ਦਾ ਛਿੜਕਾ ਕੀਤਾ। ਬਹੁਤ ਦੇਵਤੇ ਆਏ ਤੇ ਹੱਥ ਜੋੜ ਕੇ ਮਿਲੇ॥੧੪॥

ਗਾਵਤਿ ਨਾਚਤਿ ਬਿਬੁਧ ਬਧੂਟੀ। ਭਰਿ ਭਰਿ ਬਹੁ ਕੁਸਮਾਂਜੁਲ ਛੂਟੀ।
ਦੀਪਕ ਥਾਰ ਥਾਰ ਮਹਿਂ ਧਰੇ। ਬਾਰ ਬਾਰ ਦਿਖਰਾਵਨਿ ਕਰੇ॥ ੧੫॥

ਦੇਵ ਇਸਤਰੀਆਂ ਨੱਚਦੀਆਂ ਅਤੇ ਗਾਉਂਦੀਆਂ ਸਨ ਤੇ ਬੁਕ ਭਰ-ਭਰ ਕੇ ਬਹੁਤ ਫੁੱਲ ਸੁੱਟਦੀਆਂ ਸਨ। ਦੀਵੇ ਬਾਲ ਕੇ ਥਾਲ ਵਿਚ ਧਰੇ ਸਨ, ਬਾਰ-ਬਾਰ ਆਰਤੀਆਂ ਕਰਦੀਆਂ ਸਨ॥੧੫॥

ਧੂਪ ਧੁਖਾਇ ਗੰਧਿ ਮਹਿਕਾਵੈਂ। ਅਭਿਖੇਕਹਿਂ, ਜੈ ਸ਼ਬਦ ਸੁਨਾਵੈਂ।
'ਸੁਭ ਆਗਵਨ ਆਪਕੋ ਭਯੋ। ਦੇਵਨ ਕੋ ਅਨੰਦ ਉਪਜਯੋ॥ ੧੬॥

ਧੂਪ ਧੁਖਾਉਂਦੀਆਂ ਸਨ ਤੇ ਸੁਗੰਧੀ ਮਹਿਕਾਉਂਦੀਆਂ ਸਨ। ਫਿਰ ਸੁਗੰਧੀਆਂ ਦਾ ਛਿੜਕਾ ਕਰਕੇ ਜੈ ਸ਼ਬਦ ਸੁਣਾਉਂਦੀਆਂ ਸਨ। 'ਆਪ ਜੀ ਦਾ ਸ਼ੁਭ ਆਗਮਨ ਹੋਇਆ ਹੈ, ਤੁਸੀਂ ਦੇਵਤਿਆਂ ਨੂੰ ਅਨੰਦ ਉਪਜਾਇਆ ਹੈ॥੧੬॥

ਜਗ ਮਹਿਂ ਕਾਰਨ ਕੀਨਿ ਘਨੇਰੇ। ਭਏ ਸਹਾਇਕ ਸੰਤਨਿ ਕੇਰੇ।
ਤੁਰਕ ਤੇਜ ਰਣ ਕਰ ਦਮਨਾਯੋ। ਲਾਖਹੁਂ ਹਤਿ ਕਰਿ ਜਸੁ ਉਪਜਾਯੋ॥੧੭॥

ਤੁਸੀਂ ਜਗਤ ਵਿਚ ਬਹੁਤ ਕਾਰਜ ਕੀਤੇ ਹਨ ਤੇ ਸੰਤਾਂ ਦੀ ਸਹਾਇਤਾ ਕੀਤੀ ਹੈ। ਤੁਰਕਾਂ ਦੇ ਤੇਜ ਨੂੰ ਰਣਖੇਤਰ ਵਿਚ ਦਬਾਇਆ ਹੈ। ਲੱਖਾਂ ਨੂੰ ਮਾਰ ਕੇ ਜੱਸ ਉਪਜਾਇਆ ਹੈ॥੧੭॥

ਭੋ ਪ੍ਰਭੁ! ਰਾਵਰਿ ਕੀਰਤਿ ਪਾਵਨ। ਪਠਹਿਂ ਸੁਨਹਿਂ ਜੇ ਕਰਹਿਂ ਸੁਨਾਵਨ।
ਸੋ ਨਰ ਗੁਰ ਸਿੱਖੀ ਕੋ ਪਾਵੈ। ਜਨਮ ਮਰਨ ਕੇ ਕਸ਼ਟ ਮਿਟਾਵੈਂ॥ ੧੮॥

ਹੇ ਪ੍ਰਭੂ! ਆਪ ਜੀ ਦੀ ਪਵਿੱਤਰ ਕੀਰਤੀ ਹੈ, ਪੜ੍ਹੇ, ਸੁਣੇ ਅਤੇ ਜਿਹੜਾ ਸੁਣਾਏ, ਉਹ ਮਨੁੱਖ ਗੁਰਸਿੱਖੀ ਨੂੰ ਪਾਉਂਦਾ ਹੈ ਤੇ ਉਸ ਦੇ ਜਨਮ ਮਰਨ ਦੇ ਕਸ਼ਟ ਮਿੱਟ ਜਾਂਦੇ ਹਨ'॥੧੮॥

ਸ਼੍ਰੀ ਹਰਿਗੋਵਿੰਦ ਦੇਖਿ ਅਸ਼ੇਖ। ਮ੍ਰਿਦੁ ਬੋਲਤਿ ਦੇ ਧੀਰ ਵਿਸ਼ੇਖ।
ਸੁਨਿ ਸੁਨਿ ਅਨੰਦ ਸੁਰਨਿ ਕੇ ਗਨ ਕੋ। ਫਿਰਿ ਫਿਰਿ ਹੇਰਿ ਪ੍ਰੇਮ ਕਰਿ ਮਨ ਕੋ॥੧੯॥

ਸ੍ਰੀ ਹਰਿਗੋਬਿੰਦ ਜੀ ਨੇ ਇਹ ਵੇਖ ਕੇ, ਮਿੱਠੀ ਤੇ ਕੋਮਲ ਸੁਰ ਵਿਚ ਵਿਸ਼ੇਸ਼ ਧੀਰਜ ਦਿੱਤਾ। ਇਹ ਸੁਣ ਸੁਣ ਕੇ ਸਮੂਹ ਦੇਵਤੇ ਅਨੰਦਿਤ ਹੋ ਗਏ। ਫਿਰ-ਫਿਰ ਵੇਖ ਕੇ ਮਨ ਵਿਚ ਪ੍ਰੇਮ ਕਰਦੇ ਸਨ॥੧੯॥

ਸਘਨ ਅਧਿਕ ਘਨ ਲਾਲੀ ਸੰਗ। ਪਿਖਤਿ ਸੰਗਤਾਂ ਅਚਰਜ ਰੰਗ।
ਸਭਿਹਿਨਿ ਗਗਨ ਬਿਲੋਚਨ ਲਾਏ। ਕੌਤਕ ਹੋਤਿ ਸੁਰਨ ਸਮੁਦਾਏ॥ ੨੦॥

ਗਾੜ੍ਹਾ ਸੰਘਣਾ ਲਾਲ ਰੰਗ ਸੀ, ਸੰਗਤਾਂ ਅਜਚਰਜ ਰੰਗ ਨੂੰ ਵੇਖ ਰਹੀਆਂ ਸਨ। ਸਾਰਿਆਂ ਗੁਰੂ ਜੀ ਵੱਲ ਨੈਣ ਲਾਏ ਸਨ। ਦੇਵਤਿਆਂ ਵਿਚ ਬੜੇ ਕੌਤਕ ਹੋ ਰਹੇ ਸਨ॥੨੦॥

ਸ਼੍ਰੀ ਹਰਿਗੋਵਿੰਦ ਕੋ ਪ੍ਰਸਥਾਨਾ। ਹੇਰਤਿ ਨਭ ਕੋ, ਸਭਿ ਨਰ ਜਾਨਾ।
ਅਰੁਣ ਬਰਣ ਅਸਮਾਨ ਮਹਾਨਾ। ਭਯੋ ਬਿਮਾਨਨਿ ਤੇ, ਪਹਿਚਾਨਾ॥ ੨੧॥

ਸ੍ਰੀ ਹਰਿਗੋਬਿੰਦ ਜੀ ਨੂੰ ਅਕਾਸ਼ ਵੱਲ ਜਾਂਦਿਆਂ ਸਭ ਮਨੁੱਖਾਂ ਨੇ ਜਾਣਿਆ। ਅਕਾਸ਼ ਦਾ ਮਹਾਨ ਲਾਲ ਰੰਗ ਹੋ ਗਿਆ ਸੀ। ਬਿਬਾਣਾਂ ਨੂੰ ਵੇਖ ਕੇ ਪਹਿਚਾਣ ਲਿਆ॥੨੧॥

'ਜੈ ਜੈ' ਊਚੇ ਨਾਦ ਬਖਾਨਾ। ਸਿਮਰਹਿਂ ਸੱਤਿਨਾਮ ਸੁਖਦਾਨਾ।
ਪੁਨ ਊਰਧ ਕੋ ਚਲਜੋ ਬਿਮਾਨ। ਦੇਵਨ ਉਤਸਵ ਕਰਤਿ ਸੁਜਾਨ॥ ੨੨॥

"ਜੈ-ਜੈ" ਬਹੁਤ ਉੱਚੀ ਆਵਾਜ਼ ਵਿਚ ਕਿਹਾ, ਸੁਖਵਾਨ ਸਤਿਨਾਮ ਦਾ ਸਿਮਰਨ ਕਰਦੇ ਸਨ। ਫਿਰ ਉਪਰ ਵੱਲ ਬਿਬਾਣ ਚਲ ਪਿਆ, ਦੇਵਤਿਆਂ ਬਹੁਤ ਉਤਸਵ ਕੀਤਾ॥੨੨॥

ਚਲਹਿਂ ਚਮਰ ਚਾਰਹੁਂ ਦਿਸ਼ਿ ਚਾਰੂ। ਅਨਿਕ ਪ੍ਰਕਾਰ ਉਚਿਤ ਮਹਿਕਾਰੂ।
ਨਾਚਿ ਅਪਸਰਾ ਗਾਨ ਸੁਨਾਵੈਂ। ਪਰਵਾਰਤਿ ਸੁਰ ਸੰਗ ਸਿਧਾਵੈਂ॥ ੨੩॥

ਸੁੰਦਰ ਚੌਰ ਚਾਰੇ ਪਾਸੇ ਚਲ ਰਿਹਾ ਸੀ। ਅਨੇਕ ਪ੍ਰਕਾਰ ਦੀਆਂ ਉਚਿਤ ਸੁਗੰਧੀਆਂ ਮਹਿਕ ਰਹੀਆਂ ਸਨ। ਅੱਪਸਰਾਵਾਂ ਨੱਚ ਕੇ ਗੀਤ ਸੁਣਾਉਂਦੀਆਂ ਸਨ। ਦੇਵਤੇ ਪਰਿਵਾਰਾਂ ਸਹਿਤ ਨਾਲ ਜਾ ਰਹੇ ਸਨ॥੨੩॥

ਮੰਗਲ ਕਰਤਿ ਆਦਿ ਕਮਲਾਸਨ। ਬੰਦਤਿ ਗਮਨਤਿ ਧਰਹਿਂ ਉਪਾਸਨ।
ਸਨੇ ਸਨੇ ਊਰਧ ਚਲਿ ਜਾਹੀਂ। ਬਿਹਸਤਿ ਬੋਲਤਿ ਅਨੰਦ ਉਪਾਹੀਂ॥ ੨੪॥

ਬ੍ਰਹਮਾ ਆਦਿ ਮੰਗਲ ਕਰ ਰਹੇ ਸਨ, ਬੰਦਨਾ ਕਰਦੇ ਜਾਂਦੇ ਸਨ ਤੇ ਉਪਹਾਰ ਅੱਗੇ ਧਰਦੇ ਸਨ। ਹੋਲੀ-ਹੋਲੀ ਉਪਰ ਚਲੇ ਜਾ ਰਹੇ ਸਨ, ਹੱਸ-ਹੱਸ ਕੇ ਬੋਲਦੇ ਸਨ ਤੇ ਅਨੰਦ ਪਾਉਂਦੇ ਸਨ॥੨੪॥

ਸੰਖ ਮ੍ਰਿਦੰਗਨਿ ਕੀ ਧੁਨਿ ਸੰਗ। ਗਮਨਤਿ ਕਰਤੇ ਚਢਹਿਂ ਉਤੰਗ।
ਜੈ ਜੈ ਸ਼ਬਦ ਭਨਹਿਂ ਬਹੁ ਬਾਰੀ। ਸਭਿ ਤੇ ਗੁਰ ਬਿਮਾਨ ਅਗੁਵਾਰੀ॥ ੨੫॥

ਸੰਖ ਤੇ ਨਗਾਰਿਆਂ ਦੀ ਧੁੰਨ ਨਾਲ ਚਲਦੇ ਬਹੁਤ ਉੱਚੇ ਚੜ੍ਹ ਗਏ। ਜੈ-ਜੈ ਸ਼ਬਦ ਬਹੁਤ ਵਾਰੀ ਕਹਿੰਦੇ ਸਨ। ਗੁਰੂ ਜੀ ਦਾ ਬਿਬਾਣ ਸਭ ਤੋਂ ਅੱਗੇ ਸੀ॥੨੫॥

ਜਹਿਂ ਲਗਿ ਪਹੁੰਚਨ ਜਿਹ ਸੁਰ ਸ਼ਕਤਿ। ਤਹਿਂ ਲੌ ਪਹੁੰਚਿ ਸਹਿਤ ਗੁਰ ਭਕਤਿ।
ਜਹਿਂ ਤੇ ਜਾਇ ਨ ਸਕਹਿਂ ਅਗਾਰੀ। ਤਹਿਂ ਤੇ ਹਟਿ ਹਟਿ ਬੰਦਨ ਧਾਰੀ॥੨੬॥

ਦੇਵਤਿਆਂ ਦੀ ਜਿਥੋਂ-ਜਿਥੋਂ ਤਕ ਪਹੁੰਚਣ ਦੀ ਸ਼ਕਤੀ ਸੀ, ਉਥੋਂ ਤਕ ਉਹ ਗੁਰੂ ਜੀ ਨਾਲ ਪਹੁੰਚੇ। ਜਿਥੋਂ ਉਹ ਅੱਗੇ ਨਹੀਂ ਜਾ ਸਕਦੇ ਸਨ, ਉਥੋਂ ਹੀ ਹੱਟ-ਹੱਟ ਕੇ ਬੰਦਨਾ ਕਰਕੇ ਵਾਪਸ ਚਲੇ ਜਾਂਦੇ ਸਨ॥੨੬॥

ਸਾਦਰ ਇਮ ਊਚੇ ਪਹੁੰਚਾਇ। ਹਟਨਿ ਲਗੇ ਪੁਨ ਸੁਰ ਸਮੁਦਾਇ।
ਤੇਜ ਬਿਸਾਲ ਦਿਪਹਿ ਗੁਰ ਕੇਰਾ। ਗਮਨਤਿ ਜਾਤਿ ਬਿਮਾਨ ਅਗੇਰਾ॥੨੭॥

ਇਸ ਤਰ੍ਹਾਂ ਆਦਰ ਨਾਲ ਬਹੁਤ ਉੱਚੇ ਪਹੁੰਚਾ ਦਿੱਤੇ, ਫਿਰ ਦੇਵਤਿਆਂ ਦੇ ਸਮੂਹ ਨੂੰ ਵਾਪਸ ਕਰਨ ਲੱਗੇ, ਗੁਰੂ ਜੀ ਦਾ ਤੇਜ ਬਹੁਤ ਪ੍ਰਕਾਸ਼ਮਈ ਸੀ, ਉਨ੍ਹਾਂ ਦਾ ਬਿਬਾਣ ਅੱਗੇ ਹੀ ਚਲਿਆ ਜਾ ਰਿਹਾ ਸੀ॥੨੭॥

ਤਪ, ਜਨ, ਆਦਿ ਲੋਕ ਕੋ ਛੋਰਿ। ਜਾਤਿ ਬੇਗ ਤੇ ਊਰਧ ਓਰ।
ਬ੍ਰਹਮ ਲੋਕ ਲੋ ਬ੍ਰਹਮਾ ਸੰਗ। ਪੁਨ ਤਹਿਂ ਤੇ ਪ੍ਰਸਥਾਨ ਉਤੰਗ॥ ੨੮॥

ਤਪ ਲੋਕ, ਜਨ ਲੋਕ ਆਦਿ ਲੋਕਾਂ ਨੂੰ ਛੱਡ ਕੇ, ਬਿਬਾਣ ਬੜੀ ਤੇਜ਼ੀ ਨਾਲ ਉਪਰ ਜਾ ਰਿਹਾ ਸੀ। ਬ੍ਰਹਮ ਲੋਕ ਤਕ ਬ੍ਰਹਮਾ ਨਾਲ ਗਿਆ। ਫਿਰ ਉਸ ਸਥਾਨ ਤੋਂ ਉਪਰ ਚਲੇ ਗਏ॥੨੮॥

ਜਾਇ ਬਿਕੁੰਠ ਮਝਾਰ ਪ੍ਰਵੇਸ਼ੇ। ਨਿਜ ਨਿਜ ਪੁਰਿ ਸੁਰ ਪਹੁਚਿ ਅਸ਼ੇਸ਼ੇ।
ਇਸ ਪ੍ਰਕਾਰ ਸਤਿਗੁਰ ਨਿਜ ਥਾਨ। ਪਹੁਚੇ ਜੋਤਿ ਰੂਪ ਭਗਵਾਨ॥ ੨੯॥

ਤੇ ਬਿਕੁੰਠ ਵਿਚ ਜਾ ਕੇ ਪ੍ਰਵੇਸ਼ ਕੀਤਾ, ਸਾਰੇ ਦੇਵਤੇ ਆਪਣੀਆਂ-ਆਪਣੀਆਂ ਪੁਰੀਆਂ ਵਿਚ ਪਹੁੰਚ ਗਏ। ਇਸ ਪ੍ਰਕਾਰ ਸਤਿਗੁਰੂ ਜੀ ਆਪਣੇ ਸਥਾਨ ਤੇ ਪਹੁੰਚ ਗਏ। ਜੋਤ ਰੂਪ ਭਗਵਾਨ ਆਪਣੇ ਧਾਮ ਵਿਚ ਪਹੁੰਚ ਗਏ॥੨੯॥

ਨਿਜ ਕੀਰਤਿ ਜਗ ਮਹਿਂ ਬਿਸਥਾਰ। ਸਿੱਖੀ ਮਗ ਬਿਦਤਾਇ ਉਦਾਰ।
ਦਾਸ ਅਨੇਕ ਉਧਾਰਨ ਕੀਨੇ। ਦੁਹਿਂ ਲੋਕਨਿ ਮਹਿਂ ਸਭਿ ਸੁਖ ਦੀਨੇ॥ ੩੦॥

ਆਪਣੀ ਕੀਰਤੀ ਜੱਗ ਵਿਚ ਵਿਸਥਾਰ ਗਏ, ਸਿੱਖੀ ਮਾਰਗ ਨੂੰ ਵੱਡੀ ਪੱਧਰ ਤੇ ਪ੍ਰਗਟ ਕੀਤਾ। ਅਨੇਕਾਂ ਸੇਵਕਾਂ ਦਾ ਉਧਾਰ ਕੀਤਾ। ਦੋਹਾਂ ਲੋਕਾਂ ਵਿਚ ਸਭ ਨੂੰ ਸੁੱਖ ਦਿੱਤਾ॥੩੦॥

ਸਰਬ ਬਯਾਪੀ ਸਤਿਗੁਰ ਪੂਰੇ। ਜਿਨ ਕੋ ਜ਼ਾਹਰ ਜਗਤਿ ਜ਼ਹੂਰੇ।
ਸਿਮਰ ਹਾਜ਼ਰ ਹੋਹਿਂ ਹਜ਼ੂਰ। ਚਹੁੰ ਚਕ ਮਹਿਂ ਸਿਖ ਇੱਛਾ ਪੂਰਿ॥ ੩੧॥

ਪੂਰਨ ਸਤਿਗੁਰੂ ਜੀ ਸਰਬ-ਵਿਆਪਕ ਹਨ, ਜਿਨ੍ਹਾਂ ਦਾ ਪ੍ਰਕਾਸ਼ ਸਰੂਪ ਜਗਤ ਵਿਚ ਜ਼ਾਹਰ ਹੈ ਤੇ ਜੋ ਯਾਦ ਕੀਤਿਆਂ ਸਾਹਮਣੇ ਆ ਪ੍ਰਗਟ ਹੁੰਦੇ ਹਨ ਤੇ ਚਾਰ ਚੱਕਾਂ ਵਿਚ ਆਪਣੇ ਸਿੱਖਾਂ ਦੀਆਂ ਇੱਛਾਵਾਂ ਪੂਰੀਆਂ ਕਰਦੇ ਹਨ॥੩੧॥

ਸਦਾ ਭਵਿੱਖਜਤ ਮਹਿਂ ਤਿਮ ਰੀਤਿ। ਹੋਤਿ ਬਿਦਤ ਦੇਖਹਿਂ ਚਿਤ ਪ੍ਰੀਤਿ।
ਮਨਸਾ ਪੂਰਹਿਂ ਦਾਸਨ ਕੇਰੀ। ਸਿੱਖਨਿ ਕਰਹਿਂ ਸਹਾਇ ਬਡੇਰੀ॥ ੩੨॥

ਭਵਿੱਖ ਵਿਚ ਵੀ ਸਦਾ ਤੈਸੀ ਰੀਤ ਹੈ, ਜਿਸ ਦੇ ਵੀ ਚਿਤ ਵਿਚ ਪ੍ਰੀਤ ਹੁੰਦੀ ਹੈ, ਉਥੇ ਹੀ ਪ੍ਰਗਟ ਹੋ ਜਾਂਦੇ ਹਨ। ਆਪਣੇ ਸੇਵਕਾਂ ਦੀ ਕਾਮਨਾ ਪੂਰੀ ਕਰਦੇ ਹਨ ਤੇ ਆਪਣੇ ਸਿੱਖਾਂ ਦੀ ਬਹੁਤ ਸਹਾਇਤਾ ਕਰਦੇ ਹਨ। ਭਾਵ ਤਿੰਨਾਂ ਕਾਲਾਂ ਵਿਚ ਸਦਾ ਹਾਜ਼ਰ ਨਾਜ਼ਰ ਹਨ॥੩੨॥

ਅਬਿ ਸੁਨੀਯਹਿ ਗੁਰ ਪਾਛਲ ਗਾਥਾ। ਸ੍ਰੋਤਾ ਹੋਹੁ ਸੁਚੇਤੀ ਸਾਥਾ।
'ਸਪਤ ਦਿਵਸ ਲੌ ਨਿਕਟਿ ਨ ਆਵਹੁ। ਕੋਸ਼ਠ ਦ੍ਵਾਰ ਨ ਹਾਥ ਲਗਾਵਹੁ'॥੩੩॥

ਹੁਣ ਗੁਰੂ ਜੀ ਦੇ ਬਾਅਦ ਦੀ ਗਾਥਾ ਹੇ ਸ੍ਰੋਤਾ ਗਨ ! ਬੜੇ ਸੁਚੇਤ ਹੋ ਕੇ ਸੁਣੋ। ਗੁਰੂ ਜੀ ਨੇ ਜਿਵੇਂ ਫੁਰਮਾਇਆ ਸੀ, "ਸੱਤ ਦਿਨ ਤਕ ਕੋਠੜੀ ਦੇ ਨੇੜੇ ਨਾ ਆਵੋ ਤੇ ਕੋਠੜੀ ਦੇ ਦਰਵਾਜ਼ੇ ਨੂੰ ਹੱਥ ਨਾ ਲਾਵੋ"॥੩੩॥

ਇਮ ਕਹਿ ਸਤਿਗੁਰ ਅੰਤਰ ਬਰੇ। 'ਆਵਹੁ ਪਾਸ ਨਾ' ਬਰਜਨ ਕਰੇ।
ਸਕਲ ਕੁਟੰਬ ਸਹਿਤ ਸਭਿ ਸੰਗਤਿ। ਬੈਠਹਿਂ ਦੂਰ ਦੂਰ ਕਰਿ ਪੰਗਤਿ॥ ੩੪॥

ਇੰਝ ਕਹਿ ਕੇ ਸਤਿਗੁਰੂ ਜੀ ਅੰਦਰ ਪ੍ਰਵੇਸ਼ ਕਰ ਗਏ ਸਨ, 'ਪਾਸ ਨਾ ਆਵੋ' ਉਨ੍ਹਾਂ ਨੇ ਵਰਜ ਦਿੱਤਾ ਸੀ। ਸਾਰੇ ਪਰਿਵਾਰ ਸਹਿਤ ਸਾਰੀ ਸੰਗਤ ਦੂਰ-ਦੂਰ ਪੰਗਤਾਂ ਲਾ ਕੇ ਬੈਠ ਗਈ॥੩੪॥

ਖਸ਼ਟ ਦਿਵਸ ਇਸ ਭਾਂਤਿ ਗੁਜ਼ਾਰੇ। ਸਪਤਮ ਪ੍ਰਾਤੀ ਚਿੰਨ੍ਹ ਨਿਹਾਰੇ।
ਭਯੋ ਅਕਾਸ਼ ਅਰਣ ਬਹੁ ਬਰਣ। ਕੁਛਕ ਪਰੀ ਸਭਿ ਕੇ ਧੁਨਿ ਕਰਣ॥ ੩੫॥

ਛੇ ਦਿਨ ਇਸ ਪ੍ਰਕਾਰ ਗੁਜ਼ਾਰੇ, ਸਤਵੇਂ ਦਿਨ ਸਵੇਰੇ ਚਿੰਨ੍ਹ ਵੇਖੇ। ਸਾਰਾ ਅਕਾਸ਼ ਲਾਲ ਰੰਗ ਦਾ ਹੋਇਆ ਸੀ, ਕੁਝ ਧੁਨਾਂ ਸਭ ਦੇ ਕੰਨਾਂ ਵਿਚ ਪਈਆਂ॥੩੫॥

ਘਟਿਕਾ ਚਤਰ ਜਾਮਨੀ ਰਹੇ। ਗੁਰ ਪ੍ਰਸਥਾਨ ਸਰਬ ਹੀ ਲਹੇ।
ਕਲਮਲਾਇ ਇਤ ਉਤ ਬਹੁ ਫਿਰੈਂ। ਕੋਸ਼ਠ ਨਿਕਟਿ ਨ ਪਹੁੰਚਨ ਪਰੈਂ॥ ੩੬॥

ਚਾਰ ਘੜੀਆਂ ਰਾਤ ਰਹਿੰਦੀ ਸੀ, ਗੁਰੂ ਜੀ ਨੂੰ ਜਾਂਦਿਆਂ ਸਭ ਨੇ ਵੇਖਿਆ। ਘਬਰਾਹਟ ਨਾਲ ਏਧਰ ਉਧਰ ਬਹੁਤ ਫਿਰੇ, ਪਰ ਕੋਠੜੀ ਦੇ ਪਾਸ ਪਹੁੰਚਿਆ ਨਹੀਂ ਸੀ ਜਾਂਦਾ॥੩੬॥

ਜੋਧਾ ਸਨਧਬੱਧ ਬਹੁ ਗਾਢੇ। ਬਰਜਹਿਂ ਸਭਿ ਕੋ ਚਹੁੰਦਿਸ਼ਿ ਠਾਂਢੇ।
'ਸਵਾਜਾਮ ਦਿਨ ਚਢਿਬੇ ਤੁਮੈ। ਹੁਕਮ ਗੁਰੂ ਕੋ ਤਬਿ ਢਿਗ ਨਿਮੈ॥ ੩੭॥

ਹਥਿਆਰਬੰਧ ਯੋਧੇ ਦ੍ਰਿੜ੍ਹ ਖੜੇ ਸਨ, ਚਾਰੇ ਪਾਸੇ ਖਲੋ ਕੇ ਉਹ ਸਭ ਨੂੰ ਰੋਕਦੇ ਸਨ। ਜਦ ਪਹਿਰ ਦਿਨ ਚੜ੍ਹ ਆਵੇਗਾ, ਗੁਰੂ ਜੀ ਦਾ ਹੁਕਮ ਹੈ ਕਿ ਫਿਰ ਪਾਸ ਜਾ ਕੇ ਨਮਸਕਾਰ ਕਰੇ॥੩੭॥

ਸ੍ਰੀ ਹਰਿਰਾਇ ਪ੍ਰਥਮ ਢਿਗ ਜਾਇਂ। ਨਿਜ ਕਰ ਦ੍ਵਾਰ ਕਿਵਾਰਿ ਖੁਲਾਇਂ।
ਤਿਨ ਪਾਛੈ ਦਰਸਹਿ ਸਭਿ ਕੋਇ। ਅਪਰ ਕਾਮਨਾ ਪੂਰਨ ਹੋਇ'॥ ੩੮॥

ਸ੍ਰੀ ਹਰਿਰਾਇ ਜੀ ਪਹਿਲਾਂ ਪਾਸ ਜਾਣ, ਆਪਣੇ ਹੱਥਾਂ ਨਾਲ ਦਰਵਾਜ਼ੇ ਦੇ ਤਖਤਿਆਂ ਨੂੰ ਖੁਲ੍ਹਵਾਉਣ। ਉਸ ਤੋਂ ਬਾਅਦ, ਸਾਰੇ ਦਰਸ਼ਨ ਕਰਨ, ਸਭ ਕਾਮਨਾਵਾਂ ਪੂਰੀਆਂ ਹੋਣਗੀਆਂ''॥੩੮॥

ਇਮ ਸਭਿ ਮਹਿਂ ਬਿਦਤਾਇ ਬ੍ਰਿਤਾਂਤ। ਮਿਲਿ ਕਰਿ ਬੈਠਿ ਕਰਹਿਂ ਬੱਖਜਾਤਿ।
ਸਵਾ ਪਹਿਰ ਦਿਨ ਜਬਿ ਚਢਿ ਆਯੋ। ਸ੍ਰੀ ਹਰਿਰਾਇ ਰਿਦੈ ਲਖਿ ਪਾਯੋ॥੩੯॥

ਇਸ ਤਰ੍ਹਾਂ ਬ੍ਰਿਤਾਂਤ ਸਭ ਵਿਚ ਪ੍ਰਗਟ ਹੋਇਆ, ਮਿਲ ਕੇ ਬੈਠ ਕੇ ਗੱਲਾਂ ਕਰਦੇ ਸਨ। ਸਵਾ ਪਹਿਰ ਜਦ ਦਿਨ ਚੜ੍ਹ ਆਇਆ ਤਾਂ ਸ੍ਰੀ ਗੁਰੂ ਹਰਿਰਾਇ ਜੀ ਨੇ ਆਪਣੇ ਹਿਰਦੇ ਵਿਚ ਸਮਝ ਲਿਆ॥੩੯॥

*ਅੱਠਵੀਂ ਰਾਸ ਦਾ ਅਠਵੰਜਵਾਂ ਅਧਿਆਇ ਸਮਾਪਤ ਹੋਇਆ॥੫੮॥*

## *ਅਧਿਆਇ ਉਣਾਹਠਵਾਂ*

*ਸਤਿਗੁਰੂ ਜੀ ਦੇ ਸਰੀਰ ਦਾ ਸਸਕਾਰ*

ਦੋਹਰਾ-ਸਾਹਿਬ ਭਾਨਾ ਜੋਧ ਪੁਨ ਸੂਰਜ ਮੱਲ ਸੁਜਾਨ।
ਭਾਈ ਰੂਪਾ ਆਦਿ ਸਿਖ ਆਨਿ ਮਸੰਦ ਮਹਾਨ॥ ੧॥

ਭਾਨਾ ਸਾਹਿਬ, ਰਾਇ ਜੋਧ, ਚਤੁਰ ਸੂਰਜ ਮੱਲ, ਭਾਈ ਰੂਪਾ ਆਦਿ ਸਿੱਖ ਅਤੇ ਵੱਡੇ-ਵੱਡੇ ਮਸੰਦ॥੧॥

ਚੌਪਈ- ਥਿਰੁ ਸਮੀਪ ਸ੍ਰੀ ਤੇਗ ਬਹਾਦੁਰ। ਸ੍ਰੀ ਹਰਿਰਾਇ ਸਭਿਨਿ ਮਹਿਂ ਸਾਦਰ।
ਕਹਜੋ 'ਉਠਹੁ ਅਬਿ ਖੋਲਹੁ ਦ੍ਵਾਰਾ। ਜਿਮ ਸ੍ਰੀ ਹਰਗੋਵਿੰਦ ਉਚਾਰਾ॥੨॥

ਸ੍ਰੀ ਤੇਗ ਬਹਾਦਰ ਜੀ ਵੀ ਪਾਸ ਹੀ ਖੜੇ ਸਨ। ਸ੍ਰੀ ਹਰਿਰਾਇ ਜੀ ਸਾਰਿਆਂ ਵਿਚ ਬੜੇ ਆਦਰ ਵਾਲੇ ਹਨ। ਫਿਰ ਸਾਰਿਆਂ ਨੇ ਕਿਹਾ, ''ਉਠੋ ਹੁਣ ਦਰਵਾਜ਼ੇ ਨੂੰ ਖੋਲ੍ਹੋ, ਜਿਵੇਂ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਉਚਾਰਨ ਕੀਤਾ ਸੀ॥੨॥

ਸਵਾਜਾਮ ਅਬਿ ਸਪਤਮ ਦਿਨ ਕੋ। ਕਰਹੁ ਸੰਭਾਰਨਿ ਗੁਰੂ ਬਚਨ ਕੋ।
ਚਤਰ ਘਟੀ ਕੇ ਅੰਮ੍ਰਿਤ ਵੇਲੇ। ਲਖਿ ਲੀਨੇ ਸਭਿ ਚਿੰਨ੍ਹ ਸੁਹੇਲੇ'॥ ੩॥

ਸਤਵੇਂ ਦਿਨ ਦਾ ਹੁਣ ਸਵਾ ਪਹਿਰ ਹੋ ਗਿਆ ਹੈ, ਗੁਰੂ ਜੀ ਦੇ ਬਚਨਾਂ ਨੂੰ ਹੁਣ ਸੰਭਾਲੋ। ਚਾਰ ਘੜੀਆਂ ਦੇ ਅੰਮ੍ਰਿਤ ਵੇਲੇ ਦੇ ਸਾਰੇ ਸੁਖਾਵੇਂ ਚਿੰਨ੍ਹ ਵੇਖ ਲਏ ਹਨ'॥੩॥

ਸੁਨਿ ਸ਼ਨਾਨ ਕਰਿ ਸ੍ਰੀ ਹਰਿਰਾਇ। ਚੀਰ ਸ਼ਰੀਰ ਨਵੀਨੇ ਪਾਇ।
ਜਪੁਜੀ ਪਠਿ ਕਰਿ ਦ੍ਵਾਰ ਅਗਾਰੀ। ਹਾਥ ਜੋਰਿ ਤਬਿ ਬੰਦਨ ਧਾਰੀ॥੪॥

ਇਹ ਸੁਣ ਕੇ ਸ੍ਰੀ ਹਰਿਰਾਇ ਜੀ ਨੇ ਇਸ਼ਨਾਨ ਕੀਤਾ ਤੇ ਸਰੀਰ ਉਤੇ ਨਵੇਂ ਕਪੜੇ ਪਾਏ। ਦਰਵਾਜ਼ੇ ਦੇ ਅੱਗੇ ਜਪੁਜੀ ਸਾਹਿਬ ਦਾ ਪਾਠ ਕੀਤਾ ਤੇ ਫਿਰ ਹੱਥ ਜੋੜ ਕੇ ਦਰਵਾਜ਼ੇ ਸਾਹਮਣੇ ਬੰਦਨਾ ਕੀਤੀ॥੪॥

ਅੰਤਰ ਤੇ ਸ਼ਾਂਕਰ ਖੁਲ੍ਹਿ ਗਈ। ਵਹਿਰ ਇਨਹੁਂ ਤੇ ਧੁਨਿ ਸੁਨਿ ਲਈ।
ਖੋਲ੍ਹੇ ਦ੍ਵਾਰ ਕਿਵਾਰ ਹਟਾਏ। ਲਗੇ ਕੰਧ ਸੋਂ ਗੁਰ ਦਰਸਾਏ॥ ੫॥

ਅੰਦਰੋਂ ਸੰਗਲੀ ਖੁਲ੍ਹ ਗਈ, ਬਾਹਰ ਉਨ੍ਹਾਂ ਨੇ ਉਸ ਸੰਗਲੀ ਦੇ ਖੁਲ੍ਹਣ ਦੀ ਆਵਾਜ਼ ਸੁਣ ਲਈ। ਦਰਵਾਜ਼ਾ ਖੋਲ੍ਹ ਕੇ ਦਰਵਾਜ਼ੇ ਹਟਾ ਦਿੱਤੇ। ਗੁਰੂ ਜੀ ਨੂੰ ਕੰਧ ਨਾਲ ਲੱਗਾ ਵੇਖਿਆ॥੫॥

ਪਦਮਾਸਨ ਕਰਿ ਥਿਰੇ ਗੁਸਾਈਂ। ਲੋਚਨ ਮੁੰਦ੍ਰਿਤਿ ਜੋਗੀ ਨਜਾਈਂ।
ਅੰਤਰ ਬਰਿ ਕਰਿ ਜਾਇ ਨਿਹਾਰੇ। ਸ੍ਵਾਸ ਨ ਆਵਤ ਦੇਹਿ ਮਝਾਰੇ॥ ੬॥

ਮਾਲਕ ਗੁਰੂ ਜੀ ਪਦਮ ਆਸਣ ਲਾ ਕੇ ਬੈਠੇ ਸਨ ਤੇ ਜੋਗੀਆਂ ਵਾਂਗ ਅੱਖਾਂ ਬੰਦ ਸਨ। ਅੰਦਰ ਦਾਖਲ ਹੋ ਕੇ ਵੇਖੇ, ਸਰੀਰ ਦੇ ਵਿਚ ਸਾਹ ਨਹੀਂ ਸੀ ਰਿਹਾ॥੬॥

ਜਾਇ ਤਿਨਹੁ ਅਭਿਬੰਦਨ ਕਰੀ। ਦਿਯੋ ਹੁਕਮ ਸਭਿ ਕੋ ਤਿਸ ਘਰੀ।
'ਚੰਦਨ ਆਦਿ ਸਮਿੱਗ੍ਰੀ ਭਾਰੀ। ਕੀਜਹਿ ਤਯਾਰੀ ਬਿਲਮ ਬਿਸਾਰੀ'॥ ੭॥

ਜਾ ਕੇ ਉਨ੍ਹਾਂ ਨੇ ਅਭਿਨੰਦਨ ਕੀਤੀ ਤੇ ਉਸ ਸਮੇਂ ਸ੍ਰੀ ਗੁਰੂ ਹਰਿਰਾਇ ਜੀ ਨੇ ਸਭ ਨੂੰ ਹੁਕਮ ਕੀਤਾ, "ਚੰਦਨ ਆਦਿ ਭਾਰੀ ਸਮੱਗਰੀ ਲਿਆਵੋ, ਕਿਸੇ ਪ੍ਰਕਾਰ ਦੀ ਢਿੱਲ ਛੱਡ ਕੇ ਤੁਰਤ ਤਿਆਰੀ ਕਰੋ"॥੭॥

ਸ੍ਰੀ ਹਰਿਰਾਇ ਸੁ ਭਾਨਾ ਸਾਦਰ। ਸੂਰਜ ਮਲ ਸ੍ਰੀ ਤੇਗ ਬਹਾਦੁਰ।
ਰਾਇ ਜੋਧ ਪੁਨ ਮੁੱਖਿ ਮਸੰਦ। ਆਇ ਬਿਲੋਕੈਂ ਮਿਲਿ ਕੈ ਬ੍ਰਿੰਦ॥ ੮॥

ਸ੍ਰੀ ਹਰਿ ਰਾਇ ਜੀ, ਬਾਬਾ ਭਾਨਾ ਸਾਹਿਬ, ਸ੍ਰੀ ਸੂਰਜ ਮੱਲ, ਸ੍ਰੀ ਤੇਗ ਬਹਾਦਰ, ਰਾਇ ਜੋਧ ਤੇ ਸਾਰੇ ਮੁਖੀ ਮਸੰਦ ਆਏ ਤੇ ਸਾਰਿਆਂ ਨੇ ਮਿਲ ਕੇ ਵੇਖਿਆ॥੮॥

ਕੁਸ਼ ਆਸਨ ਪਰ ਗੁਰ ਪੌਢਾਏ। ਸਤਦ੍ਰਵ ਕੋ ਸੁਚ ਨੀਰ ਅਨਾਏ।
ਮਿਲਿ ਬਹੁ ਕਰਿਵਾਇਸਿ ਇਸ਼ਨਾਨ। ਮੁਖ ਕੀ ਜੋਤਿ ਸੁ ਜਿਯਤ ਸਮਾਨ॥ ੯॥

ਕੁਸ਼ਾ ਆਸਣ ਤੇ ਗੁਰੂ ਜੀ ਨੂੰ ਲਿਟਾਇਆ ਤੇ ਸਤਿਲੁਜ ਵਿਚੋਂ ਸੁੱਚਾ ਪਾਣੀ ਲਿਆਏ। ਸਾਰਿਆਂ ਨੇ ਮਿਲ ਕੇ ਇਸ਼ਨਾਨ ਕਰਵਾਇਆ। ਗੁਰੂ ਜੀ ਦੇ ਮੁੱਖ ਦੀ ਜੋਤ ਜੀਊਂਦਿਆਂ ਵਰਗੀ ਸੀ॥੯॥

ਸੁੰਦਰ ਸੂਖਮ ਪਟਿ ਪਹਿਰਾਏ। ਨਰ ਬਹੁ ਲਾਗ ਬਿਮਾਨ ਬਨਾਏ।
ਛਾਦਿ ਪਟੰਬਰ ਸੋਂ ਪਸ਼ਮੰਬਰ। ਪਾਇ ਬਹੁਰ ਜ਼ਰੀਅਨਿ ਕੇ ਅੰਬਰ॥ ੧੦॥

ਸੁੰਦਰ ਕੋਮਲ ਕਪੜੇ ਪਵਾਏ ਗਏ, ਬਹੁਤ ਮਨੁੱਖਾਂ ਨੇ ਲੱਗ ਕੇ ਬਿਬਾਣ ਤਿਆਰ ਕੀਤਾ। ਗੁਰੂ ਜੀ ਨੂੰ ਰੇਸ਼ਮੀ ਤੇ ਪਸ਼ਮੀਨੇ ਦੇ ਦੁਸ਼ਾਲਿਆਂ ਨਾਲ ਢੱਕ ਦਿੱਤਾ ਤੇ ਬਹੁਤ ਜ਼ਰੀ ਦੇ ਕਪੜੇ ਪਾਏ॥੧੦॥

ਸਭਿ ਉਪਬਨ ਕੇ ਫੂਲ ਮੰਗਾਏ। ਕਰਿ ਕਰਿ ਮਾਲ ਬਿਸਾਲੀ ਲਯਾਏ।
ਸਭਿ ਬਿਮਾਨ ਕੇ ਚਹੁੰਦਿਸ਼ਿ ਮਾਂਹੀ। ਲਰਕਾਵਨ ਕੀਨੀ ਦੁਤਿ ਜਾਂਹੀ॥ ੧੧॥

ਬਾਗ ਦੇ ਸਾਰੇ ਫੁੱਲ ਮੰਗਵਾਏ, ਵਿਸ਼ਾਲ ਹਾਰ ਪਰੋ-ਪਰੋ ਕੇ ਲਿਆਏ। ਸਾਰੇ ਹਾਰ ਬਿਬਾਣ ਦੇ ਚਾਰੇ ਪਾਸੇ ਲਟਕਾ ਦਿੱਤੇ, ਜਿਹੜੇ ਬੜੇ ਸ਼ੋਭ ਰਹੇ ਸਨ॥੧੧॥

ਪੁਸ਼ਪਨ ਸੋਂ ਛਾਦਜੋ ਤਬਿ ਸਾਰੇ। ਅਨਿਕ ਸੁਗੰਧਨਿ ਪਾਇ ਉਦਾਰੇ।
ਸ਼ਬਦ ਰਬਾਬੀ ਗਾਵਨ ਗਾਵੈਂ। ਮਾਰੂ ਅਰ ਵਡਹੰਸ ਸੁਨਾਵੈ॥ ੧੨॥

ਫਿਰ ਗੁਰੂ ਜੀ ਦੇ ਸਰੀਰ ਨੂੰ ਫੁੱਲਾਂ ਨਾਲ ਢੱਕ ਦਿੱਤਾ, ਜਿਹੜੇ ਅਨੇਕ ਪ੍ਰਕਾਰ ਦੀਆਂ ਸੁਗੰਧੀਆਂ ਵਾਲੇ ਸਨ। ਰਬਾਬੀ ਸ਼ਬਦ ਗਾਇਣ ਕਰ ਰਹੇ ਸਨ। ਮਾਰੂ ਅਤੇ ਵਡਹੰਸ ਰਾਗ ਸੁਣਾ ਰਹੇ ਸਨ॥੧੨॥

ਦੋਨਹੁਂ ਗੁਰ ਪਤਨੀ ਤਬਿ ਆਈ। ਸੰਗ ਨਗਰ ਨਾਰੀ ਸਮੁਦਾਈ।
ਸਤਿਗੁਰ ਕੇ ਗੁਨ ਬਰਨਨ ਕਰਤੀ। ਅੱਸ਼੍ਰੂ ਬਿਲੋਚਨ ਤੇ ਬਹੁ ਢਰਤੀ॥ ੧੩॥

ਫਿਰ ਗੁਰੂ ਦੀਆਂ ਦੋਵੇਂ ਪਤਨੀਆਂ ਆਈਆਂ, ਉਨ੍ਹਾਂ ਦੇ ਨਾਲ ਨਗਰ ਦੀਆਂ ਸਾਰੀਆਂ ਨਾਰੀਆਂ ਸਨ। ਸਤਿਗੁਰੂ ਜੀ ਦੇ ਗੁਣ ਵਰਣਨ ਕਰਦੀਆਂ ਸਨ ਤੇ ਅੱਖਾਂ ਵਿਚੋਂ ਬਹੁਤ ਹੰਝੂ ਸੁਟਦੀਆਂ ਸਨ॥੧੩॥

ਖੁਲ੍ਹੇ ਸੀਸ ਪਰ ਕੇਸ਼ ਬਿਸਾਲੇ। ਆਨਿ ਥਿਰੀ ਤਹਿਂ ਸਭਿ ਇਕ ਨਾਲੇ।
ਸੰਗਤਿ ਆਨਿ ਹਜ਼ਾਰਹੁਂ ਖਰੀ। ਇਕ ਦਿਸ਼ ਅਖਿਲ ਬਾਹਿਨੀ ਥਿਰੀ॥ ੧੪॥

ਸਿਰ ਦੇ ਵਾਲ ਖੁਲ੍ਹੇ ਸਨ, ਸਾਰੀਆਂ ਆ ਕੇ ਇਕ ਥਾਂ ਕਤਾਰ ਵਿਚ ਖੜੀਆਂ ਹੋ ਗਈਆਂ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਆ ਕੇ ਖੜੀ ਸੀ। ਇਕ ਪਾਸੇ ਹਾਥੀ ਘੋੜਿਆਂ ਤੇ ਸਵਾਰ ਗੁਰੂ ਜੀ ਦੀ ਸੈਨਾ ਖੜੀ ਸੀ॥੧੪॥

ਜਯ ਜਯਕਾਰ ਹੋਤਿ ਚਹੁਫੇਰੇ। ਧੰਨ ਗੁਰੂ ਸੁਖ ਦੇਤਿ ਬਡੇਰੇ।
ਨਿਜ ਨਿਜ ਬਾਤਨਿ ਨਰਨਿ ਸੁਨਾਵਹਿਂ। ਜਿਨ ਮਹਿਂ ਸਤਿਗੁਰ ਕੇ ਗੁਨ ਗਾਵਹਿਂ॥੧੫॥

ਚਾਰ-ਚੁਫੇਰੇ ਜੈ-ਜੈ ਕਾਰ ਹੋ ਰਹੀ ਸੀ, ਧੰਨ ਗੁਰੂ ਜੀ ਵੱਡਾ ਸੁਖ ਦਿੰਦੇ ਸਨ। ਸਭ ਮਨੁੱਖ ਆਪਣੀਆਂ-ਆਪਣੀਆਂ ਗੱਲਾਂ ਸੁਣਾਉਂਦੇ ਸਨ, ਜਿਨ੍ਹਾਂ ਵਿਚ ਸਤਿਗੁਰੂ ਜੀ ਦੇ ਗੁਣ ਗਾਉਂਦੇ ਸਨ॥੧੫॥

ਇਕ ਸੁਨਿ ਕਰਹਿ ਸਰਾਹਿਨ ਤਬੈ। ਇਮ ਜਸ ਕੋ ਭਾਖਤਿ ਮਿਲਿ ਸਬੈ।
ਸੰਖ ਅਨੇਕ ਬਜਾਵਨ ਕਰਹਿਂ। ਬਾਦਤਿ ਬ੍ਰਿੰਦ ਬਜਹਿਂ ਧੁਨਿ ਭਰਹਿਂ॥ ੧੬॥

ਇਹ ਸੁਣ ਤਦ ਸ਼ਲਾਘਾ ਕਰਦੇ ਸਨ, ਇਸ ਤਰ੍ਹਾਂ ਸਾਰੇ ਮਿਲ ਕੇ ਜੱਸ ਬਿਆਨ ਕਰਦੇ ਸਨ। ਅਨੇਕਾਂ ਸੰਖ ਵਜਾ ਰਹੇ ਸਨ, ਧੁੰਨੀਆਂ ਨਾਲ ਭਰੇ ਅਨੇਕਾਂ ਵਾਜੇ ਵੱਜ ਰਹੇ ਸਨ॥੧੬॥

ਆਨਿ ਆਨ ਫੂਲਨ ਬਰਖਾਵਹਿਂ। ਨਿਕਟਿ ਹੋਇ ਸਭਿ ਸੀਸ ਨਿਵਾਵਹਿਂ।
ਭੀਰ ਭੂਰ ਹੋਈ ਤਿਹ ਸਮੈਂ। ਥਿਰੇ ਦੂਰ ਕੋ ਤਹਿਂ ਤੇ ਨਮੈਂ॥ ੧੭॥

ਆ ਆ ਕੇ ਫੁੱਲਾਂ ਦੀ ਵਰਖਾ ਕਰਦੇ ਸਨ, ਨੇੜੇ ਹੋ ਕੇ ਸਾਰੇ ਸਿਰ ਨਿਵਾਉਂਦੇ ਸਨ। ਉਸ ਸਮੇਂ ਬਹੁਤ ਭੀੜ ਹੋ ਗਈ, ਦੂਰ ਤੋਂ ਖੜੇ ਹੀ ਸਿਰ ਨਿਵਾਉਂਦੇ ਸਨ॥੧੭॥

ਸੂਰਜਮਲ ਸ੍ਰੀ ਤੇਗ ਬਹਾਦੁਰ। ਰਾਇ ਜੋਧ ਅਰੁ ਭਾਨਾ ਸਾਦਰ।
ਇਨ ਤੇ ਆਦਿਕ ਬ੍ਰਿੰਦ ਮਸੰਦ। ਲਿਯੋ ਉਠਾਇ ਬਿਮਾਨ ਬਿਲੰਦ॥ ੧੮॥

ਸ੍ਰੀ ਸੂਰਜ ਮੱਲ, ਸ੍ਰੀ ਤੇਗ ਬਹਾਦਰ, ਸ੍ਰੀ ਰਾਇ ਜੋਧ ਅਤੇ ਬਾਬਾ ਭਾਨਾ ਸਾਹਿਬ ਅਤੇ ਹੋਰ ਸਮੂਹ ਮਸੰਦ ਆਦਿ ਨੇ ਬਿਬਾਣ ਨੂੰ ਉਪਰ ਚੁੱਕ ਲਿਆ॥੧੮॥

ਧਨ, ਗਨ ਕੰਚਨ ਪੁਸ਼ਪ ਬਨਾਏ। ਬਹੁ ਕਰਿ ਗੋਰਤਿ ਸੋ ਬਰਖਾਏ।
ਸ੍ਰੀ ਹਰਿਰਾਇ ਚਮਰ ਗਹਿ ਹਾਥ। ਕਰਹਿਂ ਢੁਰਾਵਨ ਉਚਿਤਾ ਸਾਥਿ॥ ੧੯॥

ਬਹੁਤ ਧਨ ਤੇ ਸੋਨੇ ਦੇ ਫੁੱਲ ਬਣਾਏ, ਬਹੁਤ ਹੱਥਾਂ ਨਾਲ ਸੁੱਟ ਕੇ ਉਨ੍ਹਾਂ ਦੀ ਵਰਖਾ ਕੀਤੀ। ਸ੍ਰੀ ਗੁਰੂ ਹਰਿ ਰਾਇ ਜੀ, ਆਪਣੇ ਹੱਥ ਵਿਚ ਚੋਰ ਫੜ ਕੇ, ਉੱਚਾ ਹੱਥ ਕਰਕੇ ਫੇਰਦੇ ਸਨ॥੧੯॥

ਆਗੇ ਚਲਤਿ ਰਬਾਬੀ ਗਾਵਤਿ। ਪੌੜੀ ਲਾਇ ਦਰਬ ਕੋ ਪਾਵਤਿ।
ਬਰਖਾਵਤਿ ਪੁਸ਼ਪਨਿ ਕਰਿ ਹੇਮ। ਬੰਦਹਿਂ ਕਰ ਬੰਦਹਿਂ ਹਿਤ ਛੇਮ॥ ੨੦॥

ਅੱਗੇ ਚਲਦੇ ਰਬਾਬੀ ਸ਼ਬਦ ਗਾਇਣ ਕਰ ਰਹੇ ਸਨ, ਪੌੜੀ ਲਾ ਕੇ ਧਨ ਪਾਉਂਦੇ ਸਨ। ਸੋਨੇ ਦੇ ਫੁੱਲਾਂ ਦੀ ਵਰਖਾ ਕਰਦੇ ਸਨ ਤੇ ਹੱਥ ਜੋੜ ਕੇ ਨਮਸਕਾਰਾਂ ਕਰਦੇ ਸਨ॥੨੦॥

ਨਿਕਟਿ ਥਾਨ ਪਿਖਿ ਜਾਇ ਉਤਾਰੇ। ਚਿਖ ਚੰਦਨ ਕੀ ਊਚਿ ਸੁਧਾਰੇ।
ਜਵ, ਤਿਲ, ਘ੍ਰਿਤ ਆਨੇ ਸਮੁਦਾਇ। ਕਾਸ਼ਟ ਕੇ ਅੰਬਾਰ ਲਗਾਇ॥ ੨੧॥

ਨੇੜੇ ਥਾਂ ਵਿਚ ਬਿਬਾਣ ਨੂੰ ਥੱਲੇ ਉਤਾਰ ਦਿੱਤਾ, ਚੰਦਨ ਦੀ ਚਿਖਾ ਸੁਧਾਰ ਕੇ ਬੜੀ ਉੱਚੀ ਬਣਾਈ। ਜੌਂ, ਤਿਲ ਅਤੇ ਬਹੁਤ ਘਿਉ ਲਿਆਂਦਾ ਤੇ ਲੱਕੜ ਦੇ ਅੰਬਾਰ ਲਾ ਦਿੱਤੇ॥੨੧॥

ਬਹੁਰ ਦੇਹਿ ਤਹਿਂ ਧਰੀ ਸੁਧਾਰਿ। ਸੂਰਜ ਮਲ ਕਰ ਲਾਂਬੂ ਧਾਰਿ।
ਕੂਕ ਮਾਰਿ ਕਰਿ ਦੀਯੋ ਲਗਾਇ। ਗੁਰ ਕੇ ਬਿਰਹਿ ਸ਼ੋਕ ਉਪਜਾਇ॥ ੨੨॥

ਬਾਅਦ ਸੁਧਾਰ ਕੇ ਉਸ ਉਪਰ ਗੁਰੂ ਜੀ ਦੇ ਸਰੀਰ ਨੂੰ ਰੱਖ ਦਿੱਤਾ ਤੇ ਸ੍ਰੀ ਸੂਰਜ ਮੱਲ ਨੇ ਆਪਣੇ ਹੱਥਾਂ ਨਾਲ ਲਾਂਬੂ ਲਾਇਆ। ਇਕ ਚੀਕ ਮਾਰ ਕੇ ਅੱਗ ਲਾ ਦਿੱਤੀ, ਗੁਰੂ ਜੀ ਦੇ ਵਿਛੋੜੇ ਦਾ ਸ਼ੋਕ ਉਪਜਾਇਆ॥੨੨॥

ਰੁਦਤਿ ਭਏ ਸਗਰੇ ਨਰ ਨਾਰੀ। ਬਹੁਰ ਕਪਾਲ ਕ੍ਰਿਯਾ ਤਹਿਂ ਧਾਰੀ।
ਸਿਮਰਿ ਸਿਮਰਿ ਸਦ ਗੁਨ ਸੁਖ ਦਾਯਕ। ਰੁਦਤਿ ਸੁਭਟ ਠਾਂਢੇ ਸਭਿ ਪਾਯਕ॥੨੩॥

ਫਿਰ ਸਾਰੇ ਇਸਤਰੀ ਪੁਰਸ਼ ਰੋ ਪਏ, ਫਿਰ ਬਾਅਦ ਵਿਚ ਕਪਾਲ ਕ੍ਰਿਆ ਕੀਤੀ, ਸੁਖਦਾਇਕ ਚੰਗੇ ਗੁਣ ਯਾਦ ਕਰ ਕੇ ਸੂਰਮੇ ਅਤੇ ਸੇਵਕ ਰੋ ਰਹੇ ਸਨ॥੨੩॥

'ਹੇ ਗੁਰ! ਤੁਮਰੇ ਬਿਨਾਂ ਹਮਾਰੀ। ਕੋ ਸੁਧ ਲੇਹਿ ਕਰਹਿ ਪ੍ਰਤਿਪਾਰੀ।
ਕੋ ਆਯੁਧ ਬਿੱਦਜਾ ਸਿਖਰਾਵੈਂ। ਕੋ ਪਰਖੈ ਬਹੁ ਦਰਬ ਦਿਵਾਵੈ॥ ੨੪॥

ਕਹਿੰਦੇ ਸਨ, "ਹੇ ਗੁਰੂ ਜੀ! ਤੁਹਾਡੇ ਬਗੈਰ ਸਾਡੀ ਕੌਣ ਖਬਰ ਲਵੇਗਾ, ਕੌਣ ਸਾਡੀ ਪਾਲਣਾ ਕਰੇਗਾ? ਕੌਣ ਸਾਨੂੰ ਸ਼ਸਤਰ ਵਿਦਿਆ ਸਿਖਾਵੇਗਾ, ਕੌਣ ਸਾਡੀ ਪਰੀਖਿਆ ਲੈ ਕੇ ਧਨ ਦਿਵਾਵੇਗਾ"॥੨੪॥

ਬਹੁਰ ਮਸੰਦ ਰੁਦਤਿ ਹੈਂ ਖਰੇ। 'ਹੇ ਪ੍ਰਭੁ! ਕੋ ਆਦਰ ਹਮ ਕਰੇ?।
ਜਥਾਜੋਗ ਬੈਠਾਵਤਿ ਪਾਸ। ਦਯਾ ਕਰਤਿ ਹੁਇ ਕਾਰਜ ਰਾਸ'॥ ੨੫॥

ਫਿਰ ਖੜੇ ਮਸੰਦ ਰੋ ਰਹੇ ਸਨ, "ਹੇ ਪ੍ਰਭੂ ਜੀ! ਸਾਡਾ ਆਦਰ ਕੌਣ ਕਰੇਗਾ? ਸਾਨੂੰ ਯਥਾਯੋਗ ਕੌਣ ਪਾਸ ਬਿਠਾਵੇਗਾ, ਤੁਹਾਡੀ ਦਇਆ ਕਰਨ ਨਾਲ ਸਾਰੇ ਕਾਰਜ ਸਿੱਧ ਹੋ ਜਾਂਦੇ ਸਨ"॥੨੫॥

ਤਥਾ ਰੁਦਨ ਨਾਰੀ ਬਹੁ ਕਰੈਂ। 'ਹੇ ਪ੍ਰਭੁ ਕੌਨ ਸ਼ਕਤਿ ਅਸ ਧਰੈ?
ਲਾਖਹੁਂ ਤੁਰਕਨ ਕੋ ਸੰਘਾਰਾ। ਆਨਜੋ ਸਭਿ ਪਰਵਾਰਿ ਸੁਖਾਰਾ॥ ੨੬॥

ਉਸ ਤਰ੍ਹਾਂ ਹੀ ਬਹੁਤ ਇਸਤਰੀਆਂ ਰੋਂਦੀਆਂ ਸਨ, 'ਹੇ ਪ੍ਰਭੂ! ਕੌਣ ਐਸੀ ਸ਼ਕਤੀ ਧਾਰਨ ਕਰੇਗਾ ਜਿਹੜਾ ਲੱਖਾਂ ਤੁਰਕਾਂ ਨੂੰ ਮਾਰਿਆ ਫਿਰ ਵੀ ਸਾਰਾ ਪਰਿਵਾਰ ਬੜੇ ਸੁਖ ਨਾਲ ਲੈ ਆਏ ॥੨੬॥

ਗੁਰੂ ਰੂਪ ਜੋਧਾ ਬਲ ਭਾਰੀ। ਪੀਰੀ ਮੀਰੀ ਮਹਾਂ ਸੰਭਾਰੀ।
ਇਕ ਦਿਸ਼ਿ ਸੰਗਤਿ ਪ੍ਰੇਮ ਬਿਸਾਲਾ। ਰੋਦਤਿ ਹੈ ਪਿਖਿ ਚਿਖ ਸਿਖ ਜਾਲਾ ॥੨੭॥

ਤੁਸੀਂ ਗੁਰੂ ਰੂਪ ਵੱਡੇ ਭਾਰੀ ਬਲਵਾਨ ਯੋਧੇ ਸੀ, ਪੀਰੀ ਮੀਰੀ ਮਹਾਨ ਸੰਭਾਲੀ ਹੈ।" ਇਕ ਪਾਸੇ ਸੰਗਤ ਵਿਚ ਬੜਾ ਪ੍ਰੇਮ ਭਰਿਆ ਹੋਇਆ ਸੀ। ਚਿਖਾ ਵੱਲ ਵੇਖ ਸਮੂਹ ਸਿੱਖ ਰੋਂਦੇ ਸਨ॥੨੭॥

ਦਾਸੀ ਦਾਸ ਸੰਬੂਹ ਬ੍ਰਿਲਾਪੂ। ਤਜਹਿ ਬਿਲੋਚਨ ਤੇ ਬਹੁ ਆਪੂ।
ਜਨੁ ਕਰੁਨਾ ਰਸ ਛਾਯੋ ਡੇਰਾ। ਸਤਿਗੁਰ ਬ੍ਰਿਹੁ ਤੇ ਕਸ਼ਟ ਬਡੇਰਾ ॥ ੨੮ ॥

ਦਾਸੀਆਂ ਦਾਸ ਸਭ ਵਿਰਲਾਪ ਕਰ ਰਹੇ ਸਨ ਤੇ ਨੈਣਾਂ ਤੋਂ ਬਹੁਤ ਅੱਥਰੂ ਵਹਾ ਰਹੇ ਸਨ। ਜਿਵੇਂ ਕਰੁਨਾ ਰਸ ਦਾ ਡੇਰਾ, ਛਾ ਗਿਆ ਸੀ, ਸਤਿਗੁਰੂ ਜੀ ਦੇ ਬ੍ਰਿਹਾ ਦਾ ਭਾਰੀ ਕਸ਼ਟ ਸੀ॥੨੮॥

ਭਾਨਾ ਸਾਹਿਬ ਸਭਿ ਸਮੁਝਾਏ। 'ਕਿਮ ਨਾਹਕ ਤੁਮ ਸ਼ੋਕ ਉਪਾਏ।
ਦੀਨਬੰਧੁ ਸ੍ਰੀ ਹਰਿਗੋਵਿੰਦ। ਨਿਤ ਜੀਵਤਿ ਜਿਨ ਸ਼ਕਤਿ ਬਿਲੰਦ॥ ੨੯ ॥

ਭਾਨਾ ਸਾਹਿਬ ਨੇ ਫਿਰ ਸਭ ਨੂੰ ਸਮਝਾਇਆ, "ਕਿਵੇਂ ਤੁਸੀਂ ਫਜ਼ੂਲ ਸ਼ੋਕ ਉਪਜਾਇਆ ਹੈ। ਦੀਨ ਬੰਧੂ ਸ੍ਰੀ ਹਰਿਗੋਬਿੰਦ ਜੀ ਸਦਾ ਜੀਉਂਦੇ ਹਨ, ਜਿਨ੍ਹਾਂ ਵਿਚ ਮਹਾਨ ਸ਼ਕਤੀ ਹੈ॥੨੯॥

ਜੋ ਸਿਮਰੈ ਉਰ ਸ਼ਰਧਾ ਧਰੈ। ਬਿਦਤਿ ਹੋਹਿਂ ਸੋ ਦਰਸ਼ਨ ਕਰੈ।
ਜੋ ਜਾਚਹਿ, ਤਿਸ ਦੇਵਨਹਾਰੇ। ਤਿਨ ਕੋ ਸ਼ੋਕ ਕਹਾਂ ਕੋ ਧਾਰੇ॥ ੩੦॥

ਜਿਹੜਾ ਵੀ ਦਿਲ ਵਿਚ ਸ਼ਰਧਾ ਧਾਰਨ ਕਰਕੇ ਉਨ੍ਹਾਂ ਨੂੰ ਯਾਦ ਕਰਦਾ ਹੈ, ਉਸ ਪਾਸ ਪ੍ਰਗਟ ਹੁੰਦੇ ਹਨ ਤੇ ਉਹ ਦਰਸ਼ਨ ਕਰਦਾ ਹੈ। ਜੋ ਮੰਗੇ, ਉਸ ਨੂੰ ਦੇਵਣਹਾਰ ਹਨ, ਉਨ੍ਹਾਂ ਦਾ ਸ਼ੋਕ ਫਿਰ ਕਿਉਂ ਧਾਰਨ ਕਰਦੇ ਹੋ॥੩੦॥

ਜਾਂਤੇ ਸੰਗਤਿ ਅਰੁ ਪਰਿਵਾਰ। ਨਹਿਂ ਕੀਜੈ ਇਮ ਸ਼ੋਕ ਉਦਾਰ।
ਅਪਰ ਲੋਕ ਜਗ ਕੇ ਹੁਇ ਜੈਸੇ। ਸਤਿਗੁਰ ਨਹੀਂ ਜਾਨਿਯਹਿ ਤੈਸੇ ॥ ੩੧ ॥

ਇਸ ਕਰਕੇ ਸੰਗਤ ਅਤੇ ਪਰਿਵਾਰ, ਉਨ੍ਹਾਂ ਦਾ ਏਡਾ ਵੱਡਾ ਸ਼ੋਕ ਨਾ ਕਰੋ। ਜਿਵੇਂ ਜਗਤ ਦੇ ਹੋਰ ਲੋਕ ਸਤਿਗੁਰੂ ਜੀ ਨੂੰ ਵੈਸਾ ਨਾ ਜਾਣੋ"॥੩੧॥

ਇਸ ਬਿਧਿ ਕਹਿ ਕਰਿ ਸਕਲ ਹਟਾਏ। ਸ੍ਰੀ ਹਰਿਰਾਇ ਸੁ ਪ੍ਰਥਮ ਉਠਾਏ।
ਸੂਰਜਮਲ ਸ੍ਰੀ ਤੇਗ ਬਹਾਦੁਰ। ਇਨਹੁਂ ਉਠਾਇ ਲਿਯੋ ਕਰਿ ਸਾਦਰ॥ ੩੨ ॥

ਇਸ ਵਿਧੀ ਨਾਲ ਕਹਿ ਕੇ ਸਭ ਨੂੰ ਰੋਣ ਤੋਂ ਹਟਾ ਦਿੱਤਾ, ਸ੍ਰੀ ਹਰਿਰਾਇ ਜੀ ਨੂੰ ਸਭ ਤੋਂ ਪਹਿਲਾਂ ਉਠਾਇਆ, ਫਿਰ ਸ੍ਰੀ ਸੂਰਜ ਮੱਲ, ਸ੍ਰੀ ਤੇਗ ਬਹਾਦਰ ਨੂੰ ਬੜਾ ਆਦਰ ਕਰਕੇ ਉਠਾ ਲਿਆ॥੩੨॥

ਹਿਤ ਸ਼ਨਾਨ ਸਗਰੇ ਤਬਿ ਚਾਲੇ। ਕਹਤਿ ਪਰਸਪਰ ਧੀਰ ਬਿਸਾਲੇ।
ਕਰਿ ਮੱਜਨ ਕੋ ਲਾਇ ਦਿਵਾਨਿ। ਸਤਿਗੁਰ ਸ਼ਬਦ ਕੀਨਿ ਸਭਿ ਗਾਨ॥ ੩੩ ॥

ਇਸ਼ਨਾਨ ਵਾਸਤੇ ਫਿਰ ਸਾਰੇ ਚਲ ਪਏ, ਆਪਸ ਵਿਚ ਕਹਿ ਕੇ ਇਕ ਦੂਸਰੇ ਨੂੰ ਧੀਰਜ ਦਿੰਦੇ ਸਨ। ਇਸ਼ਨਾਨ ਕਰਕੇ ਦੀਵਾਨ ਲਾਇਆ ਤੇ ਸਤਿਗੁਰੂ ਜੀ ਦੇ ਸ਼ਬਦਾਂ ਦਾ ਗਾਇਣ ਕੀਤਾ॥੩੩॥

ਪੰਚਾਂਮ੍ਰਿਤ ਅਰਦਾਸ ਅਲਾਇ। ਸਭਿ ਸੰਗਤਿ ਮਹਿਂ ਸੋ ਬਰਤਾਇ।
ਸਭਾ ਸਥਲ ਮਹਿਂ ਪੁਨ ਚਲਿ ਆਏ। ਬੈਠਿ ਬੈਠਿ ਨਿਜ ਥਾਨ ਸਿਧਾਏ॥ ੩੪ ॥

ਕੜਾਹ ਪ੍ਰਸ਼ਾਦਿ ਤਿਆਰ ਕਰਕੇ ਅਰਦਾਸ ਕੀਤੀ ਤੇ ਫਿਰ ਸਾਰੀ ਸੰਗਤ ਵਿਚ ਵਰਤਾ ਦਿੱਤਾ। ਸਾਰੇ ਫਿਰ ਸ੍ਰੇਸ਼ਟ ਤੇ ਚਲ ਕੇ ਆਏ ਤੇ ਉਥੇ ਬੈਠ ਬੈਠ ਕੇ ਆਪਣੇ ਨਿਜੀ ਥਾਵਾਂ ਨੂੰ ਚਲੇ ਗਏ॥੩੪॥

ਸੰਮਤ ਬਿੱਕ੍ਰਮ ਨ੍ਰਿਪ ਕੋ ਕਹੀਅਹਿ। ਸੋਲਹਿਂ ਸਹਸ ਚੇਤ ਸੁਦਿ ਲਹੀਅਹਿ।
ਪੰਚਮ ਸਵਾਜਾਮ ਦਿਨ ਚਰੇ। ਤਨੁ ਗੁਨ ਕੋ ਸਸਕਾਰਨ ਕਰੇ॥ ੩੫॥

ਚੇਤ ਸੁਦੀ ਪੰਚਮੀ ਸੰਮਤ ਸੋਲ੍ਹਾਂ ਸੌ ਬਿਕ੍ਰਮੀ ਸਵਾ ਪਹਿਰ ਦਿਨ ਚੜ੍ਹੇ, ਗੁਰੂ ਜੀ ਦੇ ਸਰੀਰ ਦਾ ਸਸਕਾਰ ਕੀਤਾ॥੩੫॥

ਜੇ ਸਿਖ ਮੁੱਖਿ ਸਭਿਨਿ ਸਮੁਝਾਵੈਂ। ਕਹਿ ਬਹੁ ਭਾਂਤਿਨਿ ਸ਼ੋਕ ਮਿਟਾਵੈਂ।
ਕ੍ਰਿਯਾ ਰੀਤਿ ਸੂਰਜ ਮਲ ਸਾਰੀ। ਕਰਤਿ ਭਯੋ ਬਿਧਿ ਜਥਾ ਉਚਾਰੀ॥ ੩੬॥

ਜੋ ਸਿੱਖ ਮੁਖ ਤੋਂ ਕਹਿ ਕੇ ਸਾਰਿਆਂ ਨੂੰ ਸਮਝਾਵੇ ਤਾਂ ਬਹੁਤ ਭਾਂਤ ਕਹਿ ਕੇ ਸ਼ੋਕ ਮਿਟਾ ਦੇਵੇ। ਗੁਰੂ ਘਰ ਦੀ ਮਰਯਾਦਾ ਸ੍ਰੀ ਸੂਰਜ ਮੱਲ ਨੇ ਕੀਤੀ, ਉਸ ਤਰ੍ਹਾਂ ਹੀ ਕਰਦਾ ਸੀ, ਜਿਸ ਵਿਧੀ ਨਾਲ ਗੁਰੂ ਜੀ ਨੇ ਉਚਾਰਨ ਕੀਤਾ ਸੀ॥੩੬॥

ਪੁਸ਼ਪ ਚੁਨਾਵਨ ਆਦਿਕ ਜੋਇ। ਤ੍ਰੌਦਸ ਦਿਵਸ ਬਿਤਨ ਜਬਿ ਹੋਇ।
ਭੋਜਨ ਅਨਿਕ ਪ੍ਰਕਾਰ ਕਰਾਇ। ਕਈ ਹਜ਼ਾਰਨ ਕੇ ਤ੍ਰਿਪਤਾਇ॥ ੩੭॥

ਫੁਲ ਚੁਣਨ ਆਦਿ ਦੇ ਜੋ ਕਾਰਜ ਸਨ, ਤੇਰਾਂ ਦਿਨ ਜਦ ਬੀਤ ਗਏ ਤਾਂ ਅਨੇਕ ਪ੍ਰਕਾਰ ਦਾ ਭੋਜਨ ਕਰਾਇਆ ਤੇ ਹਜ਼ਾਰਾਂ ਲੋਕਾਂ ਨੂੰ ਵਰਤਾ ਕੇ ਤ੍ਰਿਪਤ ਕੀਤਾ॥੩੭॥

ਸਤਿਗੁਰ ਹੇਤੁ ਦਾਨ ਬਹੁ ਕੀਨੇ। ਸਿਹਜਾ ਬਸਤ੍ਰ ਸ਼ਸਤ੍ਰ ਕੋ ਦੀਨੇ।
ਬਹੁ ਮੋਲੇ ਗਨ ਦਿਏ ਤੁਰੰਗ। ਅਲੰਕਾਰ ਸੁੰਦਰ ਸਰਬੰਗ॥ ੩੮॥

ਸਤਿਗੁਰੂ ਜੀ ਵਾਸਤੇ ਦਾਨ ਬਹੁਤ ਕੀਤਾ, ਬਿਸਤਰੇ, ਕੱਪੜੇ ਅਤੇ ਸ਼ਸਤਰ ਦਿੱਤੇ। ਬਹੁਤ ਕੀਮਤੀ ਘੋੜੇ ਦਿੱਤੇ, ੜੇ ਗਹਿਣਿਆਂ, ਕਪੜਿਆਂ ਅਤੇ ਕਾਠੀਆਂ ਨਾਲ ਬਹੁਤ ਸਜੇ ਹੋਏ ਸਨ॥੩੮॥

ਜਥਾਜੋਗ ਸਭਿ ਹੀ ਕਰਿਵਾਇ। ਨਿਜ ਨਿਜ ਸਦਨ ਗਏ ਸਮੁਦਾਇ।
ਰਾਇ ਜੋਧ ਕਾਂਗੜ ਕੋ ਗਯੋ। ਸੰਗ ਆਪਨੇ ਰੂਪਾ ਲਯੋ॥ ੩੯॥

ਯਥਾਯੋਗ ਸਭ ਕਾਰਜ ਕਰਵਾਏ ਤੇ ਫਿਰ ਸਾਰੇ ਰਿਸ਼ਤੇਦਾਰ ਆਦਿ ਆਪਣੇ-ਆਪਣੇ ਘਰਾਂ ਨੂੰ ਚਲੇ ਗਏ। ਰਾਇ ਜੋਧ ੜ ਨੂੰ ਚਲੇ ਗਿਆ ਤੇ ਉਸ ਨੇ ਆਪਣੇ ਨਾਲ ਭਾਈ ਰੂਪੇ ਨੂੰ ਵੀ ਲੈ ਲਿਆ॥੩੯॥

ਚਿਰੰਕਾਲ ਕੇ ਇਕਠੇ ਹੁਤੇ। ਗਮਨੇ ਸਿਖ ਸੇਵਕ ਜਤ ਕਿਤੇ।
ਸ੍ਰੀ ਹਰਿਰਾਇ ਅੱਗ੍ਰ ਕਰਿ ਨਮੋਂ। ਗੁਰੂ ਸੁਤਨਿ ਸੋਂ ਮਿਲਿ ਤਹ ਸਮੋਂ॥ ੪੦॥

ਬਹੁਤ ਦੇਰ ਤੋਂ ਇਕੱਠੇ ਹੋਏ ਸਨ ਤੇ ਸਿੱਖ ਸੇਵਕ ਜਿਥੇ ਕਿਥੇ ਚਲੇ ਗਏ। ਸ੍ਰੀ ਗੁਰੂ ਹਰਿ ਰਾਇ ਜੀ ਦੇ ਅੱਗੇ ਨਮਸਕਾਰ ਸਨ ਤੇ ਗੁਰੂ ਜੀ ਦੇ ਸਾਰੇ ਪੁੱਤਰਾਂ ਨੂੰ ਮਿਲਦੇ ਸਨ॥੪੦॥

ਜਹਿਂ ਕਹਿਂ ਗਏ ਸਰਬ ਜੇ ਆਏ। ਗੁਰ ਕੀਰਤਿ ਬਸਤੀਰਤਿ ਜਾਏ।
ਧੀਰਮੱਲ ਸੁਨਿ ਨਾਂਹਿ ਨ ਆਯੋ। ਗੁਰੂ ਅਨੁਜ ਭਾ ਕੁਛ ਹਰਖਾਯੋ॥ ੪੧॥

ਸਾਰੇ ਜਿਹੜੇ ਆਏ ਸਨ, ਜਿੱਥੇ ਕਿੱਥੇ ਚਲੇ ਗਏ ਤੇ ਆਪਣੇ ਸਥਾਨਾਂ ਤੇ ਜਾ ਕੇ ਗੁਰੂ ਜੀ ਦੀ ਕੀਰਤੀ ਦਾ ਵਿਸਥਾਰ ਨ। ਧੀਰਮੱਲ ਸੁਣ ਕੇ ਨਹੀਂ ਆਇਆ ਸੀ ਪਰ ਆਪਣੇ ਛੋਟੇ ਭਰਾ ਨੂੰ ਗੁਰੂ ਬਣਿਆ ਜਾਣ ਕੇ ਪ੍ਰਸੰਨ ਹੋਇਆ॥੪੧॥

ਰਿਦੈ ਨਾਨਕੀ ਕੀਨਿ ਬਿਚਾਰਾ। ਸਿਮਰਜੋ ਬਾਕ ਜੁ ਕੰਤ ਉਚਾਰਾ।
ਮਮ ਸੁਤ ਭੀ ਪੈ ਹੈ ਬਡਿਆਈ। ਸਮਾਂ ਪ੍ਰਤੀਖਤਿ ਰਹੁਂ ਕਿਸ ਥਾਈ॥ ੪੨॥

ਮਾਤਾ ਨਾਨਕੀ ਜੀ ਨੇ ਆਪਣੇ ਹਿਰਦੇ ਵਿਚ ਵਿਚਾਰ ਕੀਤੀ, ਉਸ ਬਚਨ ਨੂੰ ਯਾਦ ਕੀਤਾ ਜਿਹੜਾ ਸਵਾਮੀ ਨੇ ਉਚਾਰਨ ਕੀਤਾ ਸੀ। "ਮੇਰਾ ਪੁੱਤਰ ਵੀ ਵਡਿਆਈ ਪਾਵੇਗਾ, ਕਿਸੇ ਥਾਂ ਰਹਿ ਕੇ ਸਮੇਂ ਦਾ ਇੰਤਜ਼ਾਰ ਕਰੋ॥੪੨॥

ਇਹਾਂ ਸ਼ਰੀਕਾ ਵਧਹਿ ਦੁਹੇਲਾ। ਨਹੀਂ ਪਰਸਪਰ ਰਾਖਹਿਂ ਮੇਲਾ।
ਯਾਂਤੇ ਪ੍ਰਿਥਕ ਹੋਨਿ ਭਲ ਮਾਨਾ। ਗ੍ਰਾਮ ਬਕਾਲੇ ਬਸਨ ਸਥਾਨਾ॥ ੪੩ ॥

ਏਥੇ ਦੁਖਦਾਇਕ ਸ਼ਰੀਕਾ ਵਧੇਗਾ, ਆਪਸ ਵਿਚ ਮੇਲ ਨਹੀਂ ਰੱਖਣਗੇ। ਇਸ ਕਰਕੇ ਵੱਖ ਹੋਣਾ ਮੰਨਿਆ, ਬਕਾਲੇ ਪਿੰਡ ਵਿਚ ਵੱਸਣ ਦਾ ਸਥਾਨ ਹੈ॥੪੩॥

ਗੁਰ ਕੀ ਭੀ ਆਇਸੁ ਤਬਿ ਹੋਈ। ਕਰਜੋ ਚਹਤਿ ਅਪਨੇ ਚਿਤ ਸੋਈ।
ਸਕਲ ਸਮਾਜ ਸੰਭਾਰਨਿ ਕਰਜੋ। ਸਦਨ ਬਿਖੈ ਜੇਤਿਕ ਥੋ ਧਰਜੋ॥ ੪੪ ॥

ਗੁਰੂ ਜੀ ਦੀ ਵੀ ਫਿਰ ਆਗਿਆ ਹੋ ਗਈ', ਆਪਣੇ ਚਿੱਤ ਵਿਚ ਉਸ ਤਰ੍ਹਾਂ ਕਰਨਾ ਚਾਹੁੰਦੀ ਸੀ। ਸਾਰਾ ਸਾਮਾਨ ਸੰਭਾਲ ਲਿਆ, ਘਰ ਵਿਚ ਜਿੰਨਾ ਵੀ ਧਰਿਆ ਸੀ॥੪੪॥

ਮਿਲ ਸਭਿ ਸੋਂ ਬਹੁ ਹੋਇ ਦੁਖਾਰੀ। ਹੋਨਿ ਇਕਾਕੀ ਰਿਦੈ [illegible]
ਸੁਤ ਕੋ ਲਿਯੋ ਆਪਨੇ ਸਾਥ। ਸਿਮਰਨ ਕਰਿ ਕੈ ਜਗ ਗੁਰੁ ਨਾਥ॥ ੪੫ ॥

ਸਾਰਿਆਂ ਨੂੰ ਮਿਲ ਕੇ ਬਹੁਤ ਦੁਖੀ ਹੋਈ, ਇਕੱਲੀ ਹੋਣ ਲੱਗੀ ਹਾਂ, ਹਿਰਦੇ ਵਿਚ ਵਿਚਾਰ ਕੀਤੀ। ਜਗਤ ਗੁਰੂ ਮਾਲਕ ਨੂੰ ਯਾਦ ਕਰਕੇ ਆਪਣੇ ਪੁੱਤਰ ਨੂੰ ਨਾਲ ਲੈ ਲਿਆ॥੪੫॥

ਰਹੇ ਹਟਾਇ ਨ ਮਾਨੀ ਕੋਇ। ਤਜਾਰਿ ਕਰਾਈ ਸਜੰਦਨ ਜੋਇ।
ਸਕਟਨਿ ਪਰ ਸਾਮਿੱਗ੍ਰੀ ਧਰਿ ਕੈ। ਨਿਕਸੀ ਘਰ ਤੇ ਦ੍ਰਿਗ ਜਲ ਭਰਿਕੈ॥੪੬॥

ਉਹ ਬਹੁਤ ਰੋਕ ਰਹੇ, ਪਰ ਕਿਸੇ ਦੀ ਵੀ ਨਾ ਮੰਨੀ ਤੇ ਰੱਥ ਨੂੰ ਤਿਆਰ ਕਰਵਾ ਲਿਆ। ਛਕੜੇ ਉੱਤੇ ਸਾਰੀ ਘਰ ਦੀ ਸਮੱਗਰੀ ਧਰ ਲਈ ਤੇ ਘਰ ਵਿਚੋਂ ਅੱਖਾਂ ਵਿਚ ਜਲ ਭਰ ਕੇ ਨਿਕਲ ਪਈ॥੪੬॥

ਸੁਤ ਕੋ ਚਪਲ ਤੁਰੰਗ ਚਢਾਯੋ। ਕੀਰਤਿ ਪੁਰਿ ਛੋਰਨਿ ਮਨ ਭਾਯੋ।
ਪਰੇ ਪੰਥ ਕੋ, ਗਏ ਬਕਾਲੇ। ਤਹਾਂ ਸਦਨ ਚਿਨਵਾਇ ਬਿਸਾਲੇ॥ ੪੭ ॥

ਪੁੱਤਰ ਨੂੰ ਚੰਚਲ ਘੋੜੇ ਤੇ ਚੜ੍ਹਾ ਲਿਆ ਤੇ ਕੀਰਤਪੁਰ ਛੱਡਣ ਨੂੰ ਮਨ ਚਾਹਿਆ। ਰਾਹ ਪੈ ਕੇ ਬਕਾਲੇ ਵਲ ਚਲੇ ਗਏ ਉਥੇ ਸੁੰਦਰ ਵਿਸ਼ਾਲ ਘਰ ਬਣਵਾਏ॥੪੭॥

ਕਰਜੋ ਬਾਸ ਤਹਿਂ ਸਮੋ ਬਿਤਾਵਨ। ਸ੍ਰੀ ਗੁਰ ਤੇਗ ਬਹਾਦਰ ਪਾਵਨ।
ਪੁੱਤ੍ਰ ਬਧੂ ਗੁਜਰੀ ਸੁਖ ਪਾਇ। ਤੀਨਹੁ ਬਸੇ ਜਾਇ ਤਿਸ ਥਾਇਂ॥ ੪੮ ॥

ਸਮਾਂ ਬਤੀਤ ਕਰਨ ਵਾਸਤੇ ਉਥੇ ਵਾਸਾ ਕਰ ਲਿਆ ਤੇ ਪਵਿੱਤਰ ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਪੁੱਤਰ ਦੀ ਪਤਨੀ ਜੀ ਗੁਜਰੀ ਉਥੇ ਸੁਖ ਪਾ ਕੇ ਰਹੇ, ਤਿੰਨੇ ਉਸ ਥਾਂ ਜਾ ਕੇ ਵੱਸ ਗਏ॥੪੮॥

*ਅੱਠਵੀਂ ਰਾਸ ਦਾ ਉਣਾਹਠਵਾਂ ਅਧਿਆਇ ਸਮਾਪਤ ਹੋਇਆ॥੫੯॥*

*ਸ੍ਰੀ ਗੁਰੂ-ਇਤਿਹਾਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ (ਭਾਗ ਦੂਜਾ) ਸਮਾਪਤ ਹੋਇਆ॥*

## *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀ ਜਿਲਦ ਛੇਵੀਂ ਸਮਾਪਤ ਹੋਈ॥*